☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ



## ਚੌਥਾ ਭਾਗ









http://nehklankharshabad.com/




1
੦੪

## ਤਤਕਰਾ


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੦੬ ਚੇਤ ੨੦੧੧ ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਿਹਿ | ਦਿੱਲੀ | ਦਿੱਲੀ | ੦੦੧ |
| ੦੭ ਚੇਤ ੨੦੧੧ ਬਿਕ੍ਰਮੀ | ਬਿਸ਼ਨ ਸਿੰਘ ਦੇ ਗ੍ਰਿਹਿ | ਗੁੜਗਾਉਂ | ਗੁੜਗਾਉਂ | ੦੦੯ |
| ੦੮ ਚੇਤ ੨੦੧੧ ਬਿਕ੍ਰਮੀ | ਹਰਿ ਸੰਗਤ ਨਵਿਤ | ਮੇਰਠ ਛਾਉਣੀ | ਮੇਰਠ | ੦੪੧ |
| ੦੯ ਚੇਤ ੨੦੧੧ ਬਿਕ੍ਰਮੀ | ਹਰਿ ਸੰਗਤ ਨਵਿਤ | ਮੇਰਠ ਛਾਉਣੀ | ਮੇਰਠ | ੦੪੬ |
| ੧੧ ਚੇਤ ੨੦੧੧ ਬਿਕ੍ਰਮੀ | ਹਰਿ ਸੰਗਤ ਨਵਿਤ | ਮੇਰਠ ਛਾਉਣੀ | ਮੇਰਠ | ੦੭੭ |
| ੧੨ ਚੇਤ ੨੦੧੧ ਬਿਕ੍ਰਮੀ | ਹਰਿ ਸੰਗਤ ਨਵਿਤ | ਮੇਰਠ ਛਾਉਣੀ | ਮੇਰਠ | ੦੯੯ |
| ੧੩ ਚੇਤ ੨੦੧੧ ਬਿਕ੍ਰਮੀ | ਰੇਸ਼ਮ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | ਮੇਰਠ | ੧੧੧ |
| ੧੪ ਚੇਤ ੨੦੧੧ ਬਿਕ੍ਰਮੀ | ਗੁਰਦਿਆਲ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | ਮੇਰਠ | ੧੫੧ |
| ੧੪ ਚੇਤ ੨੦੧੧ ਬਿਕ੍ਰਮੀ | ਕੇਹਰ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | ਮੇਰਠ | ੧੫੫ |
| ੧੪ ਚੇਤ ੨੦੧੧ ਬਿਕ੍ਰਮੀ | ਕੇਹਰ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | ਮੇਰਠ | ੧੭੩ |
| ੧੮ ਚੇਤ ੨੦੧੧ ਬਿਕ੍ਰਮੀ | | ਜੇਠੂਵਾਲ | ਅੰਮ੍ਰਿਤਸਰ | ੨੦੪ |
| ੦੧ ਵਿਸਾਖ ੨੦੧੧ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੦੬ |
| ੦੫ ਵਿਸਾਖ ੨੦੧੧ ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਿਹਿ | ਵੈਰੋਵਾਲ | ਅੰਮ੍ਰਿਤਸਰ | ੨੧੫ |
| ੨੫ ਵਿਸਾਖ ੨੦੧੧ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੨੪ |
| ੦੧ ਜੇਠ ੨੦੧੧ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੨੮ |
| ੦੨ ਜੇਠ ੨੦੧੧ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੨੮ |
| ੦੪ ਜੇਠ ੨੦੧੧ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੩੩ |
| ੦੫ ਜੇਠ ੨੦੧੧ ਬਿਕ੍ਰਮੀ | ਗੁਰਪੁਰਬ ਤੇ | ਬੁੱਗੇ | ਅੰਮ੍ਰਿਤਸਰ | ੨੪੧ |
| ੦੬ ਜੇਠ ੨੦੧੧ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੨੭੦ |
| ੦੭ ਜੇਠ ੨੦੧੧ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੨੯੯ |





1
੦੪




| | | | | |
|---|---|---|---|---|
| ੦੮ ਜੇਠ ੨੦੧੧ ਬਿਕ੍ਰਮੀ | ਹੀਰਾ ਘਾਟ ਨਹਿਰ ਦੇ ਕੰਢੇ ਕਲਸੀਆਂ | | ਅੰਮ੍ਰਿਤਸਰ | ੩੨੨ |
| ੦੯ ਜੇਠ ੨੦੧੧ ਬਿਕ੍ਰਮੀ | ਹੀਰਾ ਘਾਟ ਨਹਿਰ ਦੇ ਕੰਢੇ ਕਲਸੀਆਂ | | ਅੰਮ੍ਰਿਤਸਰ | ੩੨੯ |
| ੦੯ ਜੇਠ ੨੦੧੧ ਬਿਕ੍ਰਮੀ | ਚੇਤ ਸਿੰਘ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੩੫੦ |
| ੦੯ ਜੇਠ ੨੦੧੧ ਬਿਕ੍ਰਮੀ | ਮਨੀ ਰਾਮ ਦੇ ਗ੍ਰਿਹਿ | ਸਿਧਵਾਂ | ਅੰਮ੍ਰਿਤਸਰ | ੩੫੨ |
| ੧੦ ਜੇਠ ੨੦੧੧ ਬਿਕ੍ਰਮੀ | ਤੇਜਾ ਸਿੰਘ ਦੇ ਦੇ ਗ੍ਰਿਹਿ | ਭੁੱਚਰ | ਅੰਮ੍ਰਿਤਸਰ | ੩੭੨ |
| ੧੧ ਜੇਠ ੨੦੧੧ ਬਿਕ੍ਰਮੀ | ਸੁਰਜਨ ਸਿੰਘ ਦੇ ਗ੍ਰਿਹਿ | ਭੁੱਚਰ | ਅੰਮ੍ਰਿਤਸਰ | ੩੮੨ |
| ੧੩ ਜੇਠ ੨੦੧੧ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੩੮੬ |
| ੨੧ ਜੇਠ ੨੦੧੧ ਬਿਕ੍ਰਮੀ | ਗੁਰਬਖਸ਼ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੩੯੧ |
| ਪਹਿਲੀ ਹਾੜ ੨੦੧੧ ਬਿਕ੍ਰਮੀ | ਕਾਕਾ ਮਨਜੀਤ ਸਿੰਘ ਦੀ ਸਮਾਧ ਦੀ ਨੀਂਹ ਰੱਖਣ ਸਮੇ | ਜੇਠੂਵਾਲ | ਅੰਮ੍ਰਿਤਸਰ | ੩੯੫ |
| ਪਹਿਲੀ ਹਾੜ ੨੦੧੧ ਬਿਕ੍ਰਮੀ | ਕਾਕਾ ਮਨਜੀਤ ਸਿੰਘ ਦੀ ਸਮਾਧ ਦੀ ਨੀਂਹ ਰੱਖਣ ਸਮੇ | ਜੇਠੂਵਾਲ | ਅੰਮ੍ਰਿਤਸਰ | ੩੯੬ |
| ੦੭ ਹਾੜ ੨੦੧੧ ਬਿਕ੍ਰਮੀ | ਤੇਜ ਭਾਨ ਦੇ ਗ੍ਰਿਹਿ | ਮੇਰਠ ਛਾਉਣੀ | | ੪੦੫ |
| ੧੩ ਹਾੜ ੨੦੧੧ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੪੨੭ |
| ੧੬ ਹਾੜ ੨੦੧੧ ਬਿਕ੍ਰਮੀ | ਬਿਸ਼ਨ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੪੩੨ |
| ੧੭ ਹਾੜ ੨੦੧੧ ਬਿਕ੍ਰਮੀ | ਮਨਜੀਤ ਸਿੰਘ ਦੀ ਸਮਾਧ ਤਿਆਰ ਕਰਨ ਨਿਵਿਤ | | ਅੰਮ੍ਰਿਤਸਰ | ੪੪੯ |
| ੧੮ ਹਾੜ ੨੦੧੧ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੬੬ |
| ੧੯ ਹਾੜ ੨੦੧੧ ਬਿਕ੍ਰਮੀ | ਸਤਿਸੰਗ ਘਰ ਡੇਰਾ ਜੈਮਲ ਸਿੰਘ, ਗੁਰਚਰਨ ਸਿੰਘ | ਬਿਆਸ | ਅੰਮ੍ਰਿਤਸਰ | ੪੭੫ |
| ੧੯ ਹਾੜ ੨੦੧੧ ਬਿਕ੍ਰਮੀ | ਚਰਨ ਸਿੰਘ ਦੇ ਨਿਵਿਤ | ਤਰਨਤਾਰਨ | ਅੰਮ੍ਰਿਤਸਰ | ੪੭੮ |
| ੨੦ ਹਾੜ ੨੦੧੧ ਬਿਕ੍ਰਮੀ | ਪਾਲ ਸਿੰਘ ਦੇ ਗ੍ਰਿਹਿ | ਭਲਾਈ ਪੁਰ | ਅੰਮ੍ਰਿਤਸਰ | ੪੭੯ |
| ੨੧ ਹਾੜ ੨੦੧੧ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈ ਪੁਰ | ਅੰਮ੍ਰਿਤਸਰ | ੪੯੧ |





2
੦੪





| | | | |
|---|---|---|---|
| ੨੨ ਹਾੜ ੨੦੧੧ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੪੯੪ |
| ੧੨ ਭਾਦ੍ਰੋਂ ੨੦੧੧ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੫੦੫ |
| ੧੨ ਭਾਦ੍ਰੋਂ ੨੦੧੧ ਬਿਕ੍ਰਮੀ ਦਿਆਲ ਬਾਗ ਰਾਧਾ ਸਵਾਮੀ ਦੇ ਡੇਰੇ ਆਗਰੇ ਸ਼ਬਦ ਭੇਜਿਆ | ਬੁੱਗੇ ਤੋਂ | ਅੰਮ੍ਰਿਤਸਰ | ੫੦੭ |
| ੧੨ ਭਾਦ੍ਰੋਂ ੨੦੧੧ ਬਿਕ੍ਰਮੀ ਰਾਸ਼ਟਰਪਤੀ ਰਾਜਿੰਦਰ ਪ੍ਰਸ਼ਾਦ ਨੂੰ ਦਿੱਲੀ ਸ਼ਬਦ ਭੇਜਿਆ | | | ੫੧੦ |
| ੧੨ ਭਾਦ੍ਰੋਂ ੨੦੧੧ ਬਿਕ੍ਰਮੀ ਗੁਰਚਰਨ ਸਿੰਘ ਨੂੰ ਸ਼ਬਦ ਭੇਜਿਆ ਬਿਆਸ | | | ੫੧੩ |
| ੧੨ ਭਾਦ੍ਰੋਂ ੨੦੧੧ ਬਿਕ੍ਰਮੀ ਸੰਤ ਲਾਭ ਸਿੰਘ ਨੂੰ ਸ਼ਬਦ ਭੇਜਿਆ ਤੇ ਉਤਰ ਮੰਗਿਆ | | | ੫੧੪ |
| ੧੨ ਭਾਦ੍ਰੋਂ ੨੦੧੧ ਬਿਕ੍ਰਮੀ ਮੁਹੰਮਦ ਦੀਨ ਸ਼ਾਹ ਮਸਤਾਨਾ ਪਾਕਿਸਤਾਨ ਸ਼ਬਦ ਭੇਜਿਆ | | | ੫੧੬ |
| ੧੪ ਭਾਦ੍ਰੋਂ ੨੦੧੧ ਬਿਕ੍ਰਮੀ ਮਾਤਾ ਬਿਸ਼ਨ ਕੌਰ | ਜੇਠੂਵਾਲ | ਅੰਮ੍ਰਿਤਸਰ | ੫੧੮ |
| ੧੪ ਭਾਦ੍ਰੋਂ ੨੦੧੧ ਬਿਕ੍ਰਮੀ ਦਿੱਲੀ ਲਾਲ ਕਿਲ੍ਹੇ ਜਾਣ ਵਾਸਤੇ ਗੁਰਮੁਖਾਂ ਦੇ ਨਾਮ ਲਿਖਤ ਵਿਚ ਆਏ | ਜੇਠੂਵਾਲ | ਅੰਮ੍ਰਿਤਸਰ | ੫੨੦ |
| ੧੪ ਭਾਦ੍ਰੋਂ ੨੦੧੧ ਬਿਕ੍ਰਮੀ ਸੰਤ ਲਾਭ ਸਿੰਘ ਨੂੰ ਸ਼ਬਦ ਭੇਜਿਆ | ਜੇਠੂਵਾਲ | ਅੰਮ੍ਰਿਤਸਰ | ੫੨੧ |
| ੧੫ ਭਾਦ੍ਰੋਂ ੨੦੧੧ ਬਿਕ੍ਰਮੀ ਬਿਸ਼ਨ ਸਿੰਘ ਨੂੰ ਗੁੜਗਾਉਂ ਸ਼ਬਦ ਭੇਜਿਆ | | | ੫੨੨ |
| ੧੫ ਭਾਦ੍ਰੋਂ ੨੦੧੧ ਬਿਕ੍ਰਮੀ ਲਛਮਣ ਸਿੰਘ ਨੂੰ ਦਿੱਲੀ ਸ਼ਬਦ ਭੇਜਿਆ | | | ੫੨੨ |
| ਪਹਿਲੀ ਅੱਸੂ ੨੦੧੧ ਬਿਕ੍ਰਮੀ ਤੇਜ ਭਾਨ ਦੇ ਗ੍ਰਹਿ | ਮੇਰਠ ਛਾਉਣੀ | | ੫੨੩ |
| ੦੨ ਅੱਸੂ ੨੦੧੧ ਬਿਕ੍ਰਮੀ ਤੇਜ ਭਾਨ ਦੇ ਗ੍ਰਹਿ | ਮੇਰਠ ਛਾਉਣੀ | | ੫੩੩ |
| ੦੩ ਅੱਸੂ ੨੦੧੧ ਬਿਕ੍ਰਮੀ ਗਾਂਧੀ ਦੇ ਨਵਿਤ | ਰਾਜਘਾਟ | ਦਿੱਲੀ | ੫੪੦ |
| ੦੩ ਅੱਸੂ ੨੦੧੧ ਬਿਕ੍ਰਮੀ ਲਾਲ ਕਿਲ੍ਹੇ ਦੀਵਾਨੇ ਆਮ ਵਿਚ | ਦਿੱਲੀ | | ੫੪੨ |
| ੦੩ ਅੱਸੂ ੨੦੧੧ ਬਿਕ੍ਰਮੀ ਲਛਮਣ ਸਿੰਘ, ਦਰਸ਼ਨ ਸਿੰਘ ਦੇ ਗ੍ਰਹਿ | ਦਿੱਲੀ | | ੫੪੫ |
| ੦੪ ਅੱਸੂ ੨੦੧੧ ਬਿਕ੍ਰਮੀ ਪੰ: ਗੋਸਵਾਮੀ ਗਨੇਸ਼ਦੱਤ ਨਾਲ ਬਚਨ ਬਿਰਲਾ ਮੰਦਰ ਦਿੱਲੀ | | | ੫੫੨ |
| ੦੪ ਅੱਸੂ ੨੦੧੧ ਬਿਕ੍ਰਮੀ ਰਕਾਬ ਗੰਜ ਗੁਰਦੁਵਾਰਾ | ਦਿੱਲੀ | | ੫੫੩ |
| ੦੪ ਅੱਸੂ ੨੦੧੧ ਬਿਕ੍ਰਮੀ ਰਾਸ਼ਟਰਪਤੀ ਭਵਨ ਡਾ ਰਾਜਿੰਦਰ ਪ੍ਰਸਾਦ | ਦਿੱਲੀ | | ੫੫੪ |









| | | | | |
|---|---|---|---|---|
| ੦੪ ਅੱਸੂ ੨੦੧੧ ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਹਿ | ਦਿੱਲੀ | | ੫੫੪ |
| ੦੫ ਅੱਸੂ ੨੦੧੧ ਬਿਕ੍ਰਮੀ | ਬਿਸ਼ਨ ਸਿੰਘ ਦੇ ਸੀਸ ਤੇ ਮੋਰ ਦੇ ਪੰਖਾਂ ਦਾ ਮੁਕਟ ਰੱਖ ਕੇ | ਦਿੱਲੀ ਗੁੜਗਾਉਂ ਵਿਚਕਾਰ | | ੫੫੯ |
| ੦੫ ਅੱਸੂ ੨੦੧੧ ਬਿਕ੍ਰਮੀ | ਬਿਸ਼ਨ ਸਿੰਘ ਦੇ ਗ੍ਰਹਿ | ਗੁੜਗਾਉਂ | | ੫੫੯ |
| ੦੬ ਅੱਸੂ ੨੦੧੧ ਬਿਕ੍ਰਮੀ | ਬਿਸ਼ਨ ਸਿੰਘ ਦੇ ਗ੍ਰਹਿ | ਗੁੜਗਾਉਂ | | ੫੭੨ |
| ੦੭ ਅੱਸੂ ੨੦੧੧ ਬਿਕ੍ਰਮੀ | ੫ ਸ਼ਬਦ ਲਿਖਕੇ ਮਹਿਤਾ ਜੀ ਨੂੰ ਦਿਤੇ | ਦਿਆਲ ਬਾਗ | | ੫੭੪ |
| ੦੭ ਅੱਸੂ ੨੦੧੧ ਬਿਕ੍ਰਮੀ | ਮਹਿਤਾ ਜੀ ਨਾਲ ਸ਼ਬਦ ਦੁਆਰਾ ਬਚਨ | | | ੫੭੫ |
| ੦੭ ਅੱਸੂ ੨੦੧੧ ਬਿਕ੍ਰਮੀ | ਬਾਂਕੇ ਬਿਹਾਰੀ ਮੰਦਰ ਵਿਚ | ਬਿੰਦਰਾਬਨ | | ੫੭੭ |
| ੦੮ ਅੱਸੂ ੨੦੧੧ ਬਿਕ੍ਰਮੀ | ਬਿਸ਼ਨ ਸਿੰਘ ਦੇ ਨਵਿਤ | ਦਿੱਲੀ ਰੇਲਵੇ ਸਟੇਸ਼ਨ | | ੫੭੮ |
| ੦੮ ਅੱਸੂ ੨੦੧੧ ਬਿਕ੍ਰਮੀ | ਚੰਨਣ ਸਿੰਘ ਦੇ ਗ੍ਰਹਿ | ਮੋਦੀ ਨਗਰ | | ੫੭੯ |
| ੦੯ ਅੱਸੂ ੨੦੧੧ ਬਿਕ੍ਰਮੀ | ਕੇਹਰ ਸਿੰਘ ਦੇ ਗ੍ਰਹਿ | ਮੇਰਠ ਛਾਉਣੀ | | ੫੭੯ |
| ੧੦ ਅੱਸੂ ੨੦੧੧ ਬਿਕ੍ਰਮੀ | ਕੇਹਰ ਸਿੰਘ ਦੇ ਗ੍ਰਹਿ ਮਹਿਤਾ ਜੀ ਨੂੰ ਆਗਰੇ ਸ਼ਬਦ ਭੇਜਿਆ | | | ੫੮੩ |
| ੧੦ ਅੱਸੂ ੨੦੧੧ ਬਿਕ੍ਰਮੀ | ਕੇਹਰ ਸਿੰਘ ਦੇ ਗ੍ਰਹਿ | ਮੇਰਠ ਛਾਉਣੀ | | ੫੯੦ |
| ੧੮ ਅੱਸੂ ੨੦੧੧ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੫੯੫ |
| ੧੧ ਕੱਤਕ ੨੦੧੧ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੫੯੯ |
| ੧੧ ਕੱਤਕ ੨੦੧੧ ਬਿਕ੍ਰਮੀ | ਗੁਰਚਰਨ ਸਿੰਘ ਨੂੰ ਤੀਜੀ ਵਾਰ ਸ਼ਬਦ ਭੇਜਿਆ | | | ੬੦੪ |
| ੧੨ ਕੱਤਕ ੨੦੧੧ ਬਿਕ੍ਰਮੀ | ਆਤਮਾ ਸਿੰਘ ਦੇ ਗ੍ਰਹਿ | ਮਲੂਵਾਲ | ਅੰਮ੍ਰਿਤਸਰ | ੬੦੬ |
| ੧੪ ਕੱਤਕ ੨੦੧੧ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੬੧੦ |
| ੧੯ ਕੱਤਕ ੨੦੧੧ ਬਿਕ੍ਰਮੀ | ਜਗਦੀਸ਼ ਸਿੰਘ ਦੇ ਜੋਤੀ ਜੋਤ ਸਮਾਣ ਦੇ ਨਵਿਤ | | | ੬੧੧ |
| ੨੧ ਕੱਤਕ ੨੦੧੧ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੨੦ |
| ੨੭ ਕੱਤਕ ੨੦੧੧ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੬੨੬ |
| ੨੮ ਕੱਤਕ ੨੦੧੧ ਬਿਕ੍ਰਮੀ | ਬੇਬੇ ਵੀਰੋ ਦੇ ਅੰਤਮ ਸਮੇਂ | ਬੁੱਗੇ | ਅੰਮ੍ਰਿਤਸਰ | ੬੩੩ |






4 ੦੪





| | | | | |
|---|---|---|---|---|
| ੦੧ ਮੱਘਰ ੨੦੧੧ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੪੫ |
| ੧੬ ਮੱਘਰ ੨੦੧੧ ਬਿਕ੍ਰਮੀ | ਮਾਤਾ ਰਣਜੀਤ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੫੪ |
| ੧੯ ਮੱਘਰ ੨੦੧੧ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਹਿ | ਭਲਾਈਪੁਰ | ਅੰਮ੍ਰਿਤਸਰ | ੬੫੯ |
| ੧੯ ਮੱਘਰ ੨੦੧੧ ਬਿਕ੍ਰਮੀ | ਸਤਿਗੁਰ ਪ੍ਰਤਾਪ ਸਿੰਘ ਨੂੰ ਸ਼ਬਦ ਭੇਜਿਆ | | ਅੰਮ੍ਰਿਤਸਰ | ੬੬੦ |
| ੨੦ ਮੱਘਰ ੨੦੧੧ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੬੬੫ |
| ੨੧ ਮੱਘਰ ੨੦੧੧ ਬਿਕ੍ਰਮੀ | ਮੰਗਲ ਸਿੰਘ ਦੇ ਗ੍ਰਹਿ | ਪੱਟੀ | ਅੰਮ੍ਰਿਤਸਰ | ੬੬੬ |
| ੨੨ ਮੱਘਰ ੨੦੧੧ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੬੬੯ |
| ਪਹਿਲੀ ਪੋਹ ੨੦੧੧ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੭੪ |
| ੦੫ ਪੋਹ ੨੦੧੧ ਬਿਕ੍ਰਮੀ | ਜਗਦੀਸ਼ ਦੀ ਯਾਦ ਵਿਚ ਦਰਬਾਰ ਦੀ ਨੀਂਹ ਰੱਖਣ ਸਮੇਂ ਉਸ ਦੀਆਂ ਹੱਡੀਆਂ ਤੇ ਭਸਮ ਨੀਂਹ ਵਿਚ ਪਾਈ ਗਈ | | | ੬੭੫ |
| ੦੫ ਪੋਹ ੨੦੧੧ ਬਿਕ੍ਰਮੀ | ਮਹਿਤਾ ਜੀ ਨੂੰ ਦਿਆਲ ਬਾਗ ਸ਼ਬਦ ਭੇਜਿਆ | ਜੇਠੂਵਾਲ | ਅੰਮ੍ਰਿਤਸਰ | ੬੮੩ |
| ੦੫ ਪੋਹ ੨੦੧੧ ਬਿਕ੍ਰਮੀ | ਗੁਰਚਰਨ ਸਿੰਘ ਨੂੰ ਬਿਆਸ ਸ਼ਬਦ ਭੇਜਿਆ | | ਅੰਮ੍ਰਿਤਸਰ | ੬੮੫ |
| ੦੫ ਪੋਹ ੨੦੧੧ ਬਿਕ੍ਰਮੀ | ਸਤਿਗੁਰ ਪ੍ਰਤਾਪ ਸਿੰਘ ਨਾਮਧਾਰੀ ਨੂੰ ਸ਼ਬਦ ਭੇਜਿਆ | ਜੇਠੂਵਾਲ | ਅੰਮ੍ਰਿਤਸਰ | ੬੮੬ |
| ੦੫ ਪੋਹ ੨੦੧੧ ਬਿਕ੍ਰਮੀ | ਰਾਸ਼ਟਰਪਤੀ ਰਾਜਿੰਦਰ ਪ੍ਰਸ਼ਾਦ ਨੂੰ | ਦਿੱਲੀ ਸ਼ਬਦ ਭੇਜਿਆ | | ੬੮੭ |
| ੦੫ ਪੋਹ ੨੦੧੧ ਬਿਕ੍ਰਮੀ | ਜਵਾਹਰ ਲਾਲ ਨਹਿਰੂ ਨੂੰ | ਦਿੱਲੀ ਸ਼ਬਦ ਭੇਜਿਆ | | ੬੮੯ |
| ੦੫ ਪੋਹ ੨੦੧੧ ਬਿਕ੍ਰਮੀ | ਰਾਣਾ ਸੰਗਰੂਰ ਨੂੰ ਸ਼ਬਦ ਭੇਜਿਆ | | ਅੰਮ੍ਰਿਤਸਰ | ੬੯੦ |
| ੦੫ ਪੋਹ ੨੦੧੧ ਬਿਕ੍ਰਮੀ | ਮਹਾਰਾਜਾ ਪਟਿਆਲਾ ਨੂੰ ਸ਼ਬਦ ਭੇਜਿਆ | | ਅੰਮ੍ਰਿਤਸਰ | ੬੯੦ |
| ੦੫ ਪੋਹ ੨੦੧੧ ਬਿਕ੍ਰਮੀ | ਫਰੀਦਕੋਟ ਮਹਾਰਾਜੇ ਨੂੰ ਸ਼ਬਦ ਭੇਜਿਆ | | ਅੰਮ੍ਰਿਤਸਰ | ੬੯੧ |
| ੦੫ ਪੋਹ ੨੦੧੧ ਬਿਕ੍ਰਮੀ | ਕਪੂਰਥਲਾ ਮਹਾਰਾਜੇ ਨੂੰ ਸ਼ਬਦ ਭੇਜਿਆ | | ਅੰਮ੍ਰਿਤਸਰ | ੬੯੧ |
| ੦੫ ਪੋਹ ੨੦੧੧ ਬਿਕ੍ਰਮੀ | ਬਾਬਾ ਮੇਹਰ ਸਿੰਘ ਜਲੰਧਰ ਨੂੰ ਸ਼ਬਦ ਭੇਜਿਆ | | ਅੰਮ੍ਰਿਤਸਰ | ੬੯੨ |






5
੦੪

6
੦੪




| | | | |
|---|---|---|---|
| ੦੫ ਪੋਹ ੨੦੧੧ ਬਿਕ੍ਰਮੀ ਸੰਤ ਲਾਭ ਸਿੰਘ ਨੂੰ ਸੈਦਪੁਰ ਸ਼ਬਦ ਭੇਜਿਆ | | ਅੰਮ੍ਰਿਤਸਰ | ੬੯੨ |
| ੦੫ ਪੋਹ ੨੦੧੧ ਬਿਕ੍ਰਮੀ ਗੁਰਬਖਸ਼ ਸਿੰਘ ਅਡੀਟਰ ਪ੍ਰੀਤ ਲੜੀ ਨੂੰ ਸ਼ਬਦ ਭੇਜਿਆ | | | ੬੯੩ |
| ੦੮ ਪੋਹ ੨੦੧੧ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੯੪ |
| ੦੯ ਪੋਹ ੨੦੧੧ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੯੯ |
| ੨੧ ਪੋਹ ੨੦੧੧ ਬਿਕ੍ਰਮੀ ਮਾਤਾ ਰਣਜੀਤ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੭੦੪ |
| ੨੫ ਪੋਹ ੨੦੧੧ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੭੧੨ |
| ੨੬ ਪੋਹ ੨੦੧੧ ਬਿਕ੍ਰਮੀ ਦਰਬਾਰ ਦੇ ਸੰਪੂਰਨ ਹੋਣ ਤੇ ਜਗਦੀਸ਼ ਸਿੰਘ ਦੀ ਯਾਦ ਵਿਚ | ਜੇਠੂਵਾਲ | ਅੰਮ੍ਰਿਤਸਰ | ੭੧੮ |
| ੨੮ ਪੋਹ ੨੦੧੧ ਬਿਕ੍ਰਮੀ ਬਖਸ਼ੀਸ਼ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੭੬੩ |
| ੨੯ ਪੋਹ ੨੦੧੧ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੭੭੪ |
| ੩੦ ਪੋਹ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੭੮੪ |
| ਪਹਿਲੀ ਮਾਘ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੭੯੨ |
| ੦੨ ਮਾਘ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੮੧੦ |
| ੦੩ ਮਾਘ ੨੦੧੧ ਬਿਕ੍ਰਮੀ ਪ੍ਰਿਥੀਪਾਲ ਸਿੰਘ | ਤਰਨਤਾਰਨ | ਅੰਮ੍ਰਿਤਸਰ | ੮੧੨ |
| ੦੩ ਮਾਘ ੨੦੧੧ ਬਿਕ੍ਰਮੀ ਹਰਨਾਮ ਸਿੰਘ | ਪੰਡੋਰੀ | ਅੰਮ੍ਰਿਤਸਰ | ੮੧੩ |
| ੦੩ ਮਾਘ ੨੦੧੧ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੮੧੬ |
| ੦੫ ਮਾਘ ੨੦੧੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਹਿ | ਬਰਨਾਲਾ | ਅੰਮ੍ਰਿਤਸਰ | ੮੨੨ |
| ੧੦ ਮਾਘ ੨੦੧੧ ਬਿਕ੍ਰਮੀ ਸੂਰਤ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੮੩੬ |
| ੧੧ ਮਾਘ ੨੦੧੧ ਬਿਕ੍ਰਮੀ ਕਾਂਸ਼ੀ ਰਾਮ ਦੇ ਗ੍ਰਹਿ | ਸਨਈਆ | ਗੁਰਦਾਸਪੁਰ | ੮੩੬ |
| ੨੧ ਮਾਘ ੨੦੧੧ ਬਿਕ੍ਰਮੀ ਸੰਤ ਲਾਭ ਸਿੰਘ | ਸੈਦਪੁਰ | ਅੰਮ੍ਰਿਤਸਰ | ੮੪੭ |
| ੦੧ ਫੱਗਣ ੨੦੧੧ ਬਿਕ੍ਰਮੀ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੮੫੮ |
| ੧੧ ਫੱਗਣ ੨੦੧੧ ਬਿਕ੍ਰਮੀ ਸਵਾਮੀ ਸੰਤੋਸ਼ ਦਰਸ਼ਨਾ ਅਨੰਦ | ਬਟਾਲਾ | ਗੁਰਦਾਸਪੁਰ | ੮੬੧ |




6
੦੪

੧੩ ਫੱਗਣ ੨੦੧੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ ਫੈਂਜਪੁਰ ਗੁਰਦਾਸਪੁਰ ੮੮੬
੧੩ ਫੱਗਣ ੨੦੧੧ ਬਿਕ੍ਰਮੀ ਸੰਤ ਰਣਧੀਰ ਸਿੰਘ ਲੁਧਿਆਣਾ ਨੂੰ ਸ਼ਬਦ ਭੇਜਿਆ ੮੯੨





7
੦੪

7
੦੪







ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।



## ❇ ੬ ਚੇਤ ੨੦੧੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹ ਦਿੱਲੀ ❇

ਹਉਮੇ ਰੋਗ ਜਗਤ ਦੁਖਦਾਈ । ਸ੍ਰਿਸ਼ਟ ਸਬਾਈ ਏਕਾ ਤਾਲ ਕਾਲ ਦੁਹਾਈ । ਕੋਈ ਨਾ ਪਾਵੇ ਆਪਣੀ ਸਾਰ, ਦਰ ਦਰ ਪਾਉਂਦੇ ਫਿਰਨ ਦੁਹਾਈ । ਨਾ ਕੋਈ ਜਾਣੇ ਨਰ ਨਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਲਟੀ ਮਤ ਸ੍ਰਿਸ਼ਟ ਰਖਾਈ । ਉਲਟੀ ਮਤ ਜਗਤ ਜਹਾਨ । ਛੁਟਿਆ ਤੀਰ ਰਸਨ ਕਮਾਨ । ਨਾ ਕੋਈ ਝੱਲੇ ਜੀਵ ਕਲਜੁਗ ਨਾਦਾਨ । ਨਾ ਕੋਈ ਫਲੇ ਫੁੱਲੇ, ਬੇਮੁਖ ਜੀਵ ਫਲ ਨਾ ਲੱਗੇ ਕਾਇਆ ਡਾਹਣ । ਦਰਗਹਿ ਸਾਚੀ ਨਾ ਪਾਏ ਕੋਈ ਮੁੱਲੇ, ਧਰਮ ਰਾਏ ਦੇਵੇ ਅੰਤ ਸਜਾਨ । ਅਗਨ ਲੱਗੀ ਰਹੇ ਕਾਇਆ ਝੂਠੇ ਕੁੱਲੇ, ਨਾ ਕੋਈ ਸਕੇ ਪਛਾਣ । ਅੰਤਮ ਅੰਤ ਬੇਮੁਖ ਜੂਠੇ ਝੂਠੇ ਭੁੱਲੇ, ਆਈ ਹਾਰ ਸਰਬ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰੇ ਆਪ ਪਛਾਣ । ਬੇਮੁਖ ਮੂਰਖ ਮੁਗਧ ਅੰਞਾਣਿਆਂ । ਭੁਲਿਆ ਇਕ ਸੱਚਾ ਹਰਿ ਭਗਵਾਨਿਆ । ਨਾ ਖੁਲ੍ਹਿਆ ਦਰ ਚੁੱਕਿਆ ਡਰ, ਨਾ ਮਿਲਿਆ ਨਾਮ ਨਿਧਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਿਟਾਏ ਆਵਣ ਜਾਣਿਆ । ਆਵਣ ਜਾਵਣ ਦਏ ਮਿਟਾ । ਸਾਚੇ ਗੁਰਮੁਖ ਰਹੇ ਅੰਤਮ ਕਲ ਸਾਚੀ ਭਾਲ, ਨਾ ਕਰਾਏ ਕੋਈ ਵਲ ਛਲ, ਜਾਓ ਬਲ ਬਲ, ਦੇਵੇ ਸੱਚਾ ਨਾਮ ਹੋਏ ਸਹਾਏ ਬੇਮੁਖਾਂ ਲਾਹੇ ਖੱਲ, ਵੇਲਾ ਅੰਤ ਨਾ ਜਾਏ ਟਲ ਦੇਵੇ ਹਰਿ ਸਜ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਵਾਰੋ ਵਾਰ ਦਏ ਮਿਟਾ । ਚਾਰ ਕੁੰਟ ਚਾਰ ਦੀਵਾਰ । ਵਾਰੋ ਵਾਰੀ ਹੋਣ ਖਵਾਰ । ਪ੍ਰਭ ਅਬਿਨਾਸ਼ੀ ਮਾਰੇ ਡਾਹਢੀ ਮਾਰ । ਕਲਜੁਗ ਜੀਵਾਂ ਦੋਹੀਂ ਹੱਥੀਂ ਦਈਂ ਹੁਲਾਰ । ਸਾਚੀ ਵੰਡਾ ਆਪੇ ਕਰਦਾ ਆਇਆ ਨਾ ਕੀਆ ਕੋਈ ਉਧਾਰ । ਵਿਚ ਨਵ ਖੰਡਾਂ ਜੋਤ ਹਰਿ ਜੀ ਧਰਦਾ ਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਸਾਰ । ਨੌਂ ਖੰਡ ਨੌਂ ਦਰ । ਹਰਿ ਜੀ ਦਿਸੇ ਨਾ ਕਿਸੇ ਘਰ । ਚਾਰੋਂ ਕੁੰਟ ਆਵੇ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਨੁਹਾਏ ਆਤਮ ਸਾਚੇ ਸਰ । ਗੁਰਮੁਖ ਸਾਚੇ ਹਰਿ ਪਛਾਣ । ਪ੍ਰਗਟ ਹੋਏ ਜੋਤ ਸਰੂਪੀ ਹਰਿ ਭਗਵਾਨ । ਸ੍ਰਿਸ਼ਟ ਸਬਾਈ ਅੰਧ ਕੂਪੀ ਨਾ ਭੁੱਲ ਨਾਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਆਪ ਲਿਖਾਏ, ਭਰਮ ਭੁਲੇਖਾ ਦੂਰ ਕਰਾਏ, ਗੁਰਮੁਖ ਸਾਚੇ ਬਲ ਬਲ ਜਾਣ । ਕਲਜੁਗ ਕੂੜੀ ਰੈਣ ਬੇਮੁਖਾਂ ਖਾਏ ਵੇਲੇ ਅੰਤ, ਬਣ ਗਈ ਭੈਣ ਡੈਣ । ਗੁਰਮੁਖ ਵਿਰਲਾ ਬਚੇ ਸਾਚਾ ਸੰਤ, ਜਿਸ ਤਨ ਸ਼ਬਦ ਪਹਿਨਾਏ

ਸਾਚਾ ਗਹਿਣ । ਸਾਚਾ ਦਰ ਹਰਿ ਖੁਲ੍ਹਾਇਆ, ਗੁਰਮੁਖ ਵਿਰਲੇ ਲਾਹਾ ਲੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਮਾਤ ਜਗਾਏ ਗੁਰਮੁਖਾਂ ਵਖਾਏ ਤੀਜੇ ਨੈਣ । ਤੀਜਾ ਨੈਣ ਨੇਤਰ ਖੋਲ੍ਹੇ । ਪ੍ਰਭ ਅਬਿਨਾਸ਼ੀ ਆਤਮ ਬੋਲੇ । ਬੇਮੁਖਾਂ ਰੱਖੇ ਮਾਇਆ ਪੜਦੇ ਉਹਲੇ । ਗੁਰਮੁਖਾਂ ਉਠਾਏ ਬਿਠਾਏ ਵਿਚ ਸ਼ਬਦ ਸਾਚੇ ਡੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਿਰਪਾ ਕਰ । ਦੇਵੇ ਵਰ ਸਾਚਾ ਹਰਿ, ਆਪ ਰਖਾਏ ਆਪਣੀ ਚਰਨ ਸਰਨ, ਦਰ ਘਰ ਸਾਚੇ ਸਾਚੇ ਗੋਲੇ । ਸਾਚਾ ਗੋਲਾ, ਤਨ ਪਹਿਨਾਏ ਸ਼ਬਦ ਚੋਲਾ । ਰੰਗੇ ਨਾਮ ਰੰਗਣ ਹਰਿ ਜਗਤ ਅਮੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕੰਡਾ ਹੱਥ ਉਠਾਇਆ ਪੂਰੇ ਤੋਲ ਤੋਲਾ । ਸਾਚਾ ਕੰਡਾ ਹੱਥ ਉਠਾਇਆ । ਸ਼ਬਦ ਡੰਡਾ ਇਕ ਰਖਾਇਆ । ਨੌਂ ਖੰਡਾਂ ਪਾਏ ਵੰਡਾਂ ਨਾ ਸਕੇ ਕੋਈ ਬਚਾਏ, ਚਾਰ ਕੁੰਟ ਦਏ ਹਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੰਡੀ ਚਮਕਾਏ ਦਏ ਖਪਾਇਆ । ਚੰਡੀ ਚਮਕੇ ਚਾਰ ਕੁੰਟ, ਕਰੇ ਭੇਖ ਹਰਿ ਬਨਵਾਰਿਆ । ਕਲਜੁਗ ਖੇਲ ਕਰੇ ਅਪਰ ਅਪਾਰਿਆ । ਸਿੰਘ ਆਸਣ ਡੇਰਾ ਲਾਏ, ਮਿਟਾਏ ਠਗ ਚੋਰ ਯਾਰਿਆ । ਖੁਲ੍ਹੜੇ ਆਪਣੇ ਕੇਸ ਰਖਾਏ, ਧਰਤ ਲਿਟਾਏ ਸਰਬ ਸੰਸਾਰਿਆ । ਕਰ ਕਰ ਵੇਸ ਮਾਝੇ ਦੇਸ ਜਗਤ ਭੁਲਾਏ, ਆਉਣ ਦੇਵੇ ਨਾ ਕਿਸੇ ਵਿਚਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਿਆ । ਸਾਚਾ ਭੇਖ ਸਿਰਜਣਹਾਰ ਦਾ । ਕਰੇ ਵੇਸ ਗੁਰਸਿਖ ਪ੍ਰਵੇਸ਼, ਸਾਧਾਂ ਸੰਤਾਂ ਆਪ ਵਿਚਾਰਦਾ । ਇਕੋ ਸੱਚਾ ਨਰ ਨਰੇਸ਼, ਫੜ ਬਾਹੋਂ ਹਰਿ ਜੀ ਤਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਪਾਰ ਕਰਾਏ, ਮੇਲ ਮਿਲਾਵਾ ਹਰਿ ਸਾਚੇ ਕੰਤ ਪਿਆਰ ਦਾ । ਸਤਿਜੁਗ ਤੇਰੀ ਸਚ ਵਿਚਾਰ । ਸਿੰਘ ਆਸਣ
੨ ੦੪ ਬੈਠਾ ਚੋਜ ਕਰੇ ਨਿਰੰਕਾਰ । ਬੇਮੁਖ ਡੁੱਬੇ ਵਹਿੰਦੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਕਰੇ ਅਵਲੜਾ ੨ ੦੪
ਭੇਸ ਮਾਝੇ ਦੇਸ ਨਾ ਕੋਈ ਪਾਏ ਸਾਰ ਨਰ ਨਾਰ । ਨਰ ਨਾਰੀ ਹੋਏ ਅੰਧੇ । ਮਾਇਆਧਾਰੀ ਪਾਪੀ ਗੰਦੇ । ਪ੍ਰਭ ਅਬਿਨਾਸ਼ੀ ਗਲ ਪਾਏ ਸਭ ਦੇ ਫੰਦੇ । ਸੋਹੰ ਸ਼ਬਦ ਧੁਰਦਰਗਾਹੀ ਇਕ ਸਾਚੀ ਦਾਤ ਲਿਆਇਆ, ਗੁਰਮੁਖਾਂ ਆਤਮ ਤੋੜੇ ਜੰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਜਗਾਉਣੀ, ਗੁਰਮੁਖ ਸਾਚੇ ਸੰਤ ਜਨਾਂ ਆਪ ਉਠਾਏ ਧੁਰਦਰਗਾਹੀ ਆਪਣੇ ਕੰਧੇ । ਆਪਣੇ ਕੰਧੇ ਲਏ ਉਠਾ । ਸਾਚਾ ਹਰਿ ਜਿਥੇ ਵਸੇ, ਤੀਜੇ ਨੇਤਰ ਦਏ ਦਿਖਾ । ਚੁਕਾਏ ਜਮ ਕਾ ਡਰ, ਨੁਹਾਏ ਸਾਚੇ ਸਰ, ਅੰਮ੍ਰਿਤ ਝਿਰਨਾ ਦਏ ਝਿਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਤਿਜੁਗ ਪੰਚਮ ਜੇਠ ਮੇਲ ਮਿਲਾਵਾ ਦਏ ਕਰਾ । ਕਲਜੁਗ ਸਤਿਜੁਗ ਦੋਵੇਂ ਭਾਈ । ਕਰੇ ਖੇਲ ਪ੍ਰਭ ਅਬਿਨਾਸ਼ੀ ਧੁਰਦਰਗਾਹੀ । ਸਾਚਾ ਲੇਖਾ ਆਪ ਲਿਖਾਏ, ਦੋਹਾਂ ਅੱਡੋ ਅੱਡੀ ਰਾਹੇ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਏਕਾ ਲਗਾਏ ਤੇਰੇ ਮਸਤਕ ਛਾਹੀ । ਝੂਠੀ ਛਾਹੀ ਲੱਗੇ ਦਾਗ਼ । ਚੋਰੀ ਯਾਰੀ ਕਲਜੁਗ ਵਿਚ ਚਲੀ ਤੇਰੀ ਤ੍ਰਿਸ਼ਨਾ ਆਗ । ਸਾਚਾ ਰਾਹ ਕਿਸੇ ਹੱਥ ਨਾ ਆਇਆ, ਨਾ ਸੋਇਆ ਗਿਆ ਕੋਈ ਜਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸਤਿਜੁਗ ਸਾਚੇ ਮਾਣ ਦਵਾਇਆ ਪਹਿਲੀ ਮਾਘ । ਸਤਿਜੁਗ ਸਾਚੀ ਬਣਤ ਬਣਾਈ । ਸਾਚੀ ਦਾਤ ਪ੍ਰਭ ਝੋਲੀ ਪਾਈ । ਚਰਨ ਪ੍ਰੀਤੀ ਸਾਚਾ ਨਾਤ, ਨਾ ਤੁਟੇ ਨਾ ਕੋਈ ਤੁੜਾਈ । ਮਿਟਾਏ ਗੁਰਮੁਖਾਂ ਅੰਧੇਰੀ ਰਾਤ, ਏਕਾ ਜੋਤ ਹਰਿ ਜਗਾਈ । ਪਿਆਏ ਅੰਮ੍ਰਿਤ ਆਤਮ ਬੂੰਦ ਸਵਾਂਤ, ਸਾਚੀ ਭਿਛਿਆ ਪ੍ਰਭ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਕਰ ਅਵਲੜਾ ਭੇਸ, ਸ੍ਰਿਸ਼ਟ ਸਬਾਈ ਆਪ ਭੁਲਾਈ । ਸਚ ਭੂਮਿਕਾ ਸਚ ਅਸਥਾਨ ਹੈ । ਜਿਥੇ ਵਸੇ ਹਰਿ ਭਗਵਾਨ ਹੈ । ਜੋਤ ਜਗਾਏ ਆਪਣੀ ਆਪ ਮਹਾਨ ਹੈ । ਗੁਰਮੁਖ ਸਾਚੇ ਸੰਤ ਜਨਾਂ, ਦੇਵੇ ਆਪ ਬ੍ਰਹਮ ਗਿਆਨ ਹੈ, ਬੇਮੁਖ ਜੂਠੇ ਝੂਠੇ ਜੀਵਾਂ, ਆਤਮ ਰਖਾਏ ਝੂਠਾ ਮਾਣ ਤਾਣ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਚਲਾਇਆ ਸੋਹੰ ਤੀਰ, ਰਸਨਾ ਖਿਚ ਕਮਾਨ ਹੈ । ਰਸਨ ਤੀਰ ਗਿਆ ਚਲ । ਸ੍ਰਿਸ਼ਟ ਸਬਾਈ ਜਾਏ ਹਲ । ਕਲਜੁਗ ਵੇਲਾ ਅੰਤਮ ਹੋਇਆ ਮਿਟਦਾ ਜਾਏ ਅੱਜ ਕਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤੀਰ ਚਲਾਏ ਗੁਰਸਿਖ ਬਹਾਏ ਧਾਮ ਅਟੱਲ । ਕਲਜੁਗ ਤੇਰੀ ਅੰਤਮ ਵਾਰੀ । ਚਾਰੋਂ ਕੁੰਟ ਹੋਏ ਖੁਆਰੀ । ਲਾੜੀ ਮੌਤ ਮਗਰ ਲਗਾਈ, ਦੇਂਦੀ ਜਾਏ ਘਰ ਘਰ ਬਹਾਰੀ । ਪਹਿਲੀ ਕੂਟ ਹਰਿ ਵਖਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਸਿਕਦਾਰੀ । ਸ਼ਬਦ ਸਵਾਰ ਹਰਿ ਸੁਲਤਾਨ । ਪ੍ਰਭ ਅਬਿਨਾਸ਼ੀ ਵਾਲੀ ਦੋ ਜਹਾਨ । ਮਾਤ ਜੋਤ ਪ੍ਰਗਟਾਏ ਸ਼ਬਦ ਰੱਖੇ ਤੀਰ ਕਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਨਾਮ ਨਿਧਾਨ । ਨਾਮ ਨਿਧਾਨ ਨੌਂ ਨਿਧ ਪਾਨ । ਗੁਰਸਿਖ ਸਾਚੇ ਆਤਮ ਰਸ ਮਾਣ । ਸ਼ਬਦ ਤੀਰ ਆਤਮ ਜਾਏ ਵਿਧ, ਆਪ ਬਣਾਏ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਬਲੀ ਬਲਵਾਨ । ਵਡ ਬਲੀ ਬਲਵਾਨ ਵਿਚ ਸੰਸਾਰ ਹੈ । ਧਰੀ ਜੋਤ ਹਰਿ ਨਿਰੰਕਾਰ, ਪਹਿਲੀ ਵਾਰ ਹੈ । ਬੇਮੁਖ ਮਾਰੇ ਕਰ ਖੁਆਰ, ਨਾ ਪਾਵੇ ਕੋਈ ਸਾਰ ਹੈ । ਗੁਰਮੁਖਾਂ ਦੇਵੇ ਸ਼ਬਦ ਅਧਾਰ, ਬਹਾਏ ਚਰਨ ਸੱਚੇ ਦਵਾਰ ਹੈ । ਖੋਲ੍ਹੇ ਆਤਮ ਦਰ, ਦੇਵੇ ਦਰਸ ਅਪਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਨਿਗਾਹਬਾਨ ਹੈ । ਸ੍ਰਿਸ਼ਟ ਸਬਾਈ ਵੇਖ ਵਿਚਾਰੇ, ਆਤਮ ਬੈਠ ਝਾਤੀ ਮਾਰੇ, ਤਿੰਨਾਂ ਲੋਆਂ ਪਾਵੇ ਸਾਰੇ, ਚੌਦਾਂ ਲੋਕ ਪ੍ਰਭ ਅਬਿਨਾਸ਼ੀ ਰਹੇ ਪੁਕਾਰੇ, ਬੇਮੁਖ ਜੀਵ ਝੂਠੇ ਪੜ੍ਹਨ ਸ਼ਬਦ ਸਲੋਕ । ਹਰਿ ਜੀ ਸਾਚਾ ਨਾ ਕੋਈ ਵਿਚਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ, ਸ੍ਰਿਸ਼ਟ ਸਬਾਈ ਛੋਟੇ ਬਾਲੇ ਤੇਰੇ ਪਿਛੇ ਦੇਵੇ ਝੋਕ । ਛੋਟਾ ਬਾਲਾ ਅੱਗੇ ਲਾਇਆ । ਸਤਿਜੁਗ ਸਾਚਾ ਰਾਹ ਚਲਾਇਆ । ਏਕਾ ਪੜਦਾ ਉਪਰ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਅਨੰਦ ਸਾਚਾ ਧਾਮ ਆਪ ਸੁਹਾਇਆ । ਹਰਿ ਜੋਤ ਇਕ ਅਕਾਰ ਹੈ । ਹਰਿ ਜੋਤ ਸ੍ਰਿਸ਼ਟ ਸਬਾਈ ਪਸਰ ਪਸਾਰ ਹੈ । ਹਰਿ ਜੋਤ ਤਿੰਨਾਂ ਲੋਕਾਂ ਪਾਵੇ ਸਾਰ ਹੈ । ਹਰਿ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਆਈ ਜਾਮਾ ਧਾਰ ਹੈ । ਹਰਿ ਜੋਤ ਹਰਿ ਗੁਣ ਜਾਣ । ਹਰਿ ਜੋਤ ਹਰਿ ਰੰਗ ਪਛਾਣ । ਹਰਿ ਜੋਤ ਵਿਚ ਮਾਤ ਸਚ ਨਿਸ਼ਾਨ । ਹਰਿ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਮਾਤ ਪ੍ਰਗਟਾਏ ਵਡ ਬਲੀ ਬਲਵਾਨ । ਹਰਿ ਜੋਤ ਹਰਿ ਨਿਰੰਕਾਰ । ਹਰਿ ਜੋਤ ਵਿਚ ਮਾਤ ਜੋਤ ਸਰੂਪੀ ਲਿਆ ਅਵਤਾਰ । ਹਰਿ ਜੋਤ ਘਰ ਸਾਚੇ ਵਸੇ, ਕਰੇ ਸਚ ਅਕਾਰ । ਹਰਿ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਕਲਜੁਗ ਪਾਵੇ ਸਾਰ । ਹਰਿ ਜੋਤ ਹਰਿ ਨਿਰਾਲੀ । ਹਰਿ ਜੋਤ ਚਾਰੋਂ ਕੁੰਟ ਦਿਸੇ, ਕੋਈ ਦਰ ਘਰ ਸਰ ਨਾ ਖਾਲੀ । ਹਰਿ ਜੋਤ ਨਰ ਨਰਾਇਣ, ਸ੍ਰਿਸ਼ਟ ਸਬਾਈ ਸਾਚਾ ਮਾਲੀ । ਹਰਿ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਪ੍ਰਗਟਾਈ ਕਲਜੁਗ ਤੇਰੀ ਅੰਤ ਕਰਾਏ ਚਾਲੀ । ਹਰਿ ਜੋਤ ਹਰਿ ਕਾ ਵਾਸ । ਹਰਿ ਜੋਤ ਸਰੂਪੀ ਵਿਚ ਮਾਤ ਪਾਵੇ ਰਾਸ । ਹਰਿ ਜੋਤ ਅੰਤਮ ਅੰਤ ਕਲ ਬੇਮੁਖਾਂ ਕਰੇ ਨਾਸ ।


੩ ੦੪

ਹਰਿ ਜੋਤ ਗੁਰਮੁਖ ਸੰਤ ਜਨਾਂ ਹੋਈ ਰਹੇ ਦਾਸਨ ਦਾਸ । ਹਰਿ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਅੰਤਮ ਆਇਆ, ਸ੍ਰਿਸ਼ਟ ਸਬਾਈ ਆਪ ਕਰਾਏ ਨਾਸ । ਹਰਿ ਜੋਤ ਹਰਿ ਕੀ ਧਾਰ । ਹਰਿ ਜੋਤ ਗੁਰਮੁਖ ਸਾਚੇ ਕਰ ਵਿਚਾਰ । ਹਰਿ ਜੋਤ ਬੇਮੁਖਾਂ ਰੋੜ੍ਹੇ ਵਹਿੰਦੀ ਧਾਰ । ਹਰਿ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਜਗਾਏ ਕਰੇ ਰੁਸ਼ਨਾਏ, ਕਲਜੁਗ ਭੁੱਲੇ ਜੀਵ ਗਵਾਰ । ਹਰਿ ਜੋਤ ਖੇਲ ਅਵਲੜਾ । ਹਰਿ ਜੋਤ ਹਰਿ ਏਕਾ ਏਕ ਵਸੇ ਧਾਮ ਇਕੱਲੜਾ । ਹਰਿ ਜੋਤ ਗੁਰਮੁਖ ਸਾਚੇ ਸੰਤ ਜਨਾਂ, ਆਪ ਫੜਾਏ ਸਾਚਾ ਪਲੜਾ । ਹਰਿ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਆਤਮ ਦਰ ਦਵਾਰ ਅੱਗੇ ਖਲੜਾ । ਹਰਿ ਜੋਤ ਹਰਿ ਨਿਰਾਧਾਰ । ਹਰਿ ਜੋਤ ਕਰੇ ਕਰਾਏ ਸਾਚੀ ਕਾਰ । ਹਰਿ ਜੋਤ ਮਾਤ ਆਏ ਜਾਏ ਵਾਰੋ ਵਾਰ । ਹਰਿ ਜੋਤ ਜੋਤ ਸਰੂਪੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ ਨਾਮ ਰਖਾਏ ਕਲਗੀਧਰ ਅਵਤਾਰ । ਕਲਗੀਧਰ ਹਰਿ ਜਗਦੀਸ਼ । ਸ੍ਰਿਸ਼ਟ ਸਬਾਈ ਜਾਏ ਪੀਸ । ਕਲਜੁਗ ਵੇਲਾ ਅੰਤ ਚੁਕਾਏ, ਪੰਚਮ ਜੇਠ ਨੇੜੇ ਆਏ, ਭੇਵ ਖੁਲ੍ਹਾਏ ਬੀਸ ਇਕੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤੀਰ ਚਲਾਏ, ਮੰਦਰ ਮਸੀਤਾਂ ਸਾਰੇ ਢਾਹੇ, ਨਾ ਕੋਈ ਦੇਵੇ ਬਾਂਗ ਵਿਚ ਮਸੀਤ । ਮੰਦਰ ਮਸੀਤਾਂ ਜਾਣੇ ਢਹਿ । ਸ੍ਰਿਸ਼ਟ ਸਬਾਈ ਮਰਨਾ ਖਹਿ ਖਹਿ । ਪ੍ਰਭ ਅਬਿਨਾਸ਼ੀ ਸਾਚੇ ਸੰਤ ਜਨ ਸਿਰ ਤੇਰੇ ਹੱਥ ਰੱਖੈ । ਕੋਈ ਨਾ ਦੀਸੇ ਰਾਜਾ ਰਾਣਾ, ਤਖ਼ਤੋਂ ਲਾਹੇ ਉਚੇ ਦਰ ਨਾ ਕੋਈ ਬਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਪ੍ਰਗਟਾਈ, ਮਾਝੇ ਦੇਸ ਵੱਜੀ ਵਧਾਈ, ਆਪ ਚਲਾਏ ਸਾਚੀ ਨੈ । ਸਾਚੀ ਨਈਆ ਆਪ ਚਲਾਏ । ਚਾਰ ਕੁੰਟ ਚਾਰ ਵਰਨ ਇਕ ਗੋਤ ਬਣਾਏ । ਸ੍ਰਿਸ਼ਟ ਸਬਾਈ ਭੈਣਾਂ ਭਈਆ, ਆਪਣੇ ਦਰ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਨੀਂਹ ਰਖਾਈ, ਕਲਜੁਗ ਜੂਠੀ ਝੂਠੀ ਦੋਹੀਂ ਹੱਥੀਂ ਦਏ ਪੁਟਾਏ । ਚਾਰ ਵਰਨ ਹਰਿ ਦਏ ਜਣਾਈ । ਜਾਤ ਪਾਤ ਊਚ ਨੀਚ ਲੇਖਾ ਕੋਈ ਨਾਹੀਂ । ਰਾਜਾ ਰਾਣਾ ਸ਼ਾਹ ਸੁਲਤਾਨਾ ਗਰੀਬ ਨਿਮਾਣਾ ਏਕਾ ਥਾਨ ਬਹਾਈ । ਗੁਰਮੁਖ ਸਾਚੇ ਸੰਤ ਜਨਾਂ ਸ਼ਬਦ ਪੜਦਾ ਉਪਰ ਪਾਵੇ, ਦੇਵੇ ਠੰਡੀ ਛਾਂਈਂ । ਰਸਨਾ ਕਹਿਣ ਧੰਨ ਧੰਨ , ਗਾਵਣ ਚਾਈਂ ਚਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਅੰਦਰ ਬੈਠਾ ਗੁਰਮੁਖ ਸਾਚੇ ਸੰਤ ਜਨਾ ਪਾਰ ਕਰਾਵੇ ਫੜ ਕੇ ਦੋਵੇਂ ਬਾਹੀਂ । ਆਓ ਸਰਨ ਸੱਚੀ ਸਰਕਾਰ । ਬਾਹੋਂ ਪਕੜ ਫੜ ਫੜ ਪ੍ਰਭ ਦੇਵੇ ਤਾਰ । ਬੇਮੁਖਾਂ ਡੋਬੇ ਵਹਿੰਦੀ ਧਾਰ । ਕਲਜੁਗ ਸਤਿਜੁਗ ਦੋਵੇਂ ਦਰ ਖਲੋਤੇ ਪਾਏ ਆਪਣੀ ਸਾਰ । ਕਲਜੁਗ ਝੂਠਾ ਦਏ ਦੁਹਾਇਆ, ਸਤਿਜੁਗ ਸਾਚਾ ਮਾਤ ਲਗਾਇਆ, ਪਹਿਲੀ ਮਾਘੀ ਜਨਮ ਦਵਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਭੁੱਲੀ ਫਿਰਦੀ ਨਾ ਕੋਈ ਪਾਵੇ ਸਾਰ । ਮਾਇਆਧਾਰੀ ਹੋਏ ਬੇਹਾਲੇ । ਜੂਠੇ ਝੂਠੇ ਫਲ ਲੱਗੇ ਡਾਲੇ । ਗੁਰਮੁਖ ਏਕਾ ਸ਼ਬਦ ਤਨ ਪਹਿਨਾਏ, ਦੇਵੇ ਸ਼ਬਦ ਦੋਸ਼ਾਲੇ । ਆਤਮ ਝੂਠਾ ਜਨ ਕਢਾਏ, ਸਾਚਾ ਨਾਮ ਵਿਚ ਮਨ ਵਸਾਏ, ਤੋੜੇ ਜਗਤ ਜੰਜ਼ਾਲੇ । ਏਕਾ ਰਾਗ ਕੰਨ ਸੁਣਾਏ, ਸਾਚੀ ਧੁਨ ਇਕ ਉਪਜਾਏ, ਦੀਪਕ ਜੋਤੀ ਆਪੇ ਬਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਆਪ ਜਗਾਈ ਕਰੇ ਰੁਸ਼ਨਾਈ, ਗੁਰਮੁਖ ਸਾਚੇ ਸੰਤ ਜਨਾਂ ਅੰਤਮ ਅੰਤ ਕਲ ਆਪੇ ਭਾਲੇ । ਕਲਜੁਗ ਸਤਿਜੁਗ ਆਏ ਸਚ ਦਰਬਾਰ । ਸਾਚੇ ਆਸਣ ਹਰਿ ਜੀ ਬੈਠਾ, ਦੋਹਾਂ ਸੁਣੇ ਪੁਕਾਰ । ਕਲਜੁਗ ਰੋਵੇ ਧਾਹਾਂ ਮਾਰੇ, ਲੱਖ ਚੁਰਾਸੀ ਹੋਈ ਖੁਆਰੀ ਕੋਈ

ਨਾ ਪਾਵੇ ਸਾਰ । ਔਖੀ ਹੋਈ ਪੰਡ ਚੁੱਕਣੀ ਭਾਰੀ, ਲਾਹ ਸਿਰ ਮੇਰੇ ਤੋਂ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਏ
ਧਰਤ ਮਾਤ ਸੁਣੇ ਤੇਰੀ ਪੁਕਾਰ । ਕਲਜੁਗ ਸਾਚੇ ਸਾਚਾ ਕਰਮ ਕਮਾਇਆ । ਵਡ ਵਡ ਗਿਆਨੀਆਂ ਫੜ ਫੜ ਬਾਹੋਂ ਝੂਠੇ ਧੰਦੇ ਲਾਇਆ । ਕਰਨ
ਗੁਰ ਘਰ ਸੱਚੇ ਬੇਈਮਾਨੀਆਂ, ਝੂਠਾ ਟਿੱਕਾ ਮਸਤਕ ਲਾਇਆ । ਕਲਜੁਗ ਤੇਰੀਆਂ ਆਈਆਂ ਅੰਤ ਨਿਸ਼ਾਨੀਆਂ, ਨਾ ਸਕੇ ਕਿਸੇ ਕੋਈ ਛੁਡਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਮਾਤ ਜਾਮਾ ਪਾਇਆ । ਸਤਿਜੁਗ ਸੋਇਆ ਉਠਿਆ ਜਾਗ । ਪ੍ਰਭ ਅਬਿਨਾਸ਼ੀ ਕਿਰਪਾ
ਕਰ ਦੋਹੀਂ ਹੱਥੀਂ ਫੜ ਮੇਰੀ ਵਾਗ । ਮਾਤਲੋਕ ਜਨਮ ਧਰ, ਗੁਰਸਿਖਾਂ ਧੋਵਾਂ ਅੰਤਮ ਦਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ
ਸ਼ਬਦ ਡੋਰ ਬੰਧਾਏ, ਨਾ ਤੁੱਟੇ ਨਾ ਛੁੱਟੇ ਸਾਚਾ ਤਾਗ । ਸ਼ਬਦ ਡੋਰੀ ਦੇਵੇ ਬੰਨ੍ਹ । ਗੁਰਸਿਖਾਂ ਉਠਾਏ ਆਪਣੇ ਕੰਧ । ਆਤਮ ਸਾਚੀ ਸ਼ਬਦ
ਜੋਤ ਤਨਕ ਲਗਾਏ, ਭਾਂਡਾ ਭਰਮ ਦੇਵੇ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਾਤ ਝੋਲੀ ਪਾਏ, ਕਲਜੁਗ ਬੇਮੁਖ ਕੋਈ ਨਾ
ਲਾਏ ਸੰਨ੍ਹ । ਕਲਜੁਗ ਝੂਠਾ ਜੀਵ ਗਵਾਰੀ । ਮਾਨਸ ਜਨਮ ਗਿਆ ਹਾਰੀ । ਫਿਰ ਨਾ ਆਵੇ ਦੂਜੀ ਵਾਰੀ । ਗੁਰਸਿਖ ਸਾਚੇ ਸਦਾ ਸਦਾ
ਬਲਿਹਾਰੀ । ਚਰਨ ਸਰਨ ਗੁਰ ਜੋ ਆਏ ਕਰੇ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਦੋਏ ਬਹਾਏ, ਲੇਖ ਕਰਾਏ
ਵਾਰੋ ਵਾਰੀ । ਗੁਰਮੁਖਾਂ ਹਰਿ ਦੇਵੇ ਮਾਣ । ਸੋਹੰ ਸ਼ਬਦ ਸੱਚਾ ਨਿਸ਼ਾਨ । ਸਾਚੇ ਤਨ ਆਪ ਵਸਾਏ, ਟਿਕਾਏ ਨਾਮ ਨਿਧਾਨ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੀ ਆਨ । ਕਰਨ ਕਰਾਵਣਹਾਰ ਆਪ ਦਾਤਾਰਿਆ । ਆਵਣ ਜਾਣ ਜਾਣ ਆਵਣ ਖੇਲ ਅਪਰ ਅਪਾਰਿਆ ।
੫ ੦੪ ਅਗਨ ਮੇਘ ਬਰਸੇ ਸਵਣ, ਸ੍ਰਿਸ਼ਟ ਸਬਾਈ ਕਰੇ ਖੁਆਰਿਆ । ਜੋਤ ਸਰੂਪੀ ਧਾਰੇ ਭੇਖ ਜਿਉਂ ਬਲ ਦਵਾਰੇ ਬਾਵਨ, ਆਪਣੇ ਭਾਣੇ ਹਰਿ ਆਪ ੫ ੦੪
ਸਮਾ ਰਿਹਾ । ਕਲਜੁਗ ਅੰਤ ਮਿਟਾਏ ਜਿਉਂ ਰਾਮਾ ਰਾਵਣ, ਤੋੜੇ ਸਰਬ ਹੰਕਾਰਿਆ । ਗੁਰਮੁਖਾਂ ਹੋਵੇ ਸਾਚਾ ਜ਼ਾਮਨ, ਦੇਵੇ ਨਾਮ ਅਪਰ ਅਪਾਰਿਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵਜਾਏ ਡੰਕ, ਚਾਰ ਕੁੰਟ ਆਪ ਸੁਣਾ ਰਿਹਾ । ਸ਼ਬਦ ਡੰਕ ਆਪ ਵਜਾਏ । ਰਾਓ ਰੰਕ
ਰਿਹਾ ਸੁਣਾਏ । ਏਕਾ ਅੰਕ ਸ਼ਬਦ ਜਣਾਏ । ਦਵਾਰ ਬੰਕ ਗੁਰਸਿਖ ਤੇਰੀ ਆਤਮ ਆਪ ਸੁਹਾਏ । ਆਪ ਤਰਾਏ ਜਿਉਂ ਭਗਤ ਜਨਕ, ਆਪਣੇ
ਲੜ ਬੰਧਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਝੇੜਾ, ਦਏ ਉਲਟਾ ਗੇੜਾ, ਆਪੇ ਆਪ ਮਿਟਾਏ । ਆਪ ਮਿਟਾਏ ਜਗਤ
ਝੇੜਾ । ਨਾ ਕੋਈ ਦਿਸੇ ਨਗਰ ਖੇੜਾ । ਧਰਤ ਮਾਤ ਤੇਰਾ ਖੁਲ੍ਹਾ ਕਰਾਏ ਪ੍ਰਭ ਅਬਿਨਾਸ਼ੀ ਸਾਚਾ ਵਿਹੜਾ । ਏਕਾ ਸਾਚੀ ਤਨਕ ਲਗਾਏ, ਸ਼ਬਦ
ਸਰੂਪੀ ਦੇਵੇ ਗੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਈ, ਕਲਜੁਗ ਅੰਤਮ ਆ ਗਿਆ ਨੇੜਾ । ਕਲਜੁਗ ਅੰਤਮ ਰਿਹਾ
ਬੀਤ । ਬੇਮੁਖ ਜੀਆਂ ਝੂਠੀ ਹੋਈ ਨੀਤ । ਏਕਾ ਬਖ਼ਸ਼ੀ ਹਰਿ ਸਾਚੇ, ਸਾਚੀ ਚਰਨ ਪ੍ਰੀਤ । ਗੁਰਮੁਖ ਵਿਰਲਾ ਸੰਤ ਜਨ, ਮਾਨਸ ਜਨਮ ਜਾਏ
ਜਗ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਸਤਿਜੁਗ ਸਾਚੇ ਤੇਰੀ ਸਾਚੀ ਰੀਤ । ਸਤਿਜੁਗ ਸਾਚੇ ਤੇਰੀ ਸਾਚੀ ਰੀਤ ।
ਅੰਤਮ ਕਲਜੁਗ ਆਪ ਮਿਟਾਏ, ਮੰਦਰ ਅੰਦਰ ਨਾ ਕੋਈ ਦਿਸੇ ਮਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੂਮਿਕਾ ਬੈਠ ਅਸਥਾਨ,
ਪਰਖੇ ਸਭ ਦੀ ਨੀਤ । ਆਪ ਮਿਟਾਏ ਝੂਠਾ ਭੇਖ । ਸ੍ਰਿਸ਼ਟ ਸਬਾਈ ਹਰਿ ਜੀ ਵੇਖ । ਦਿਸ ਕੋਈ ਨਾ ਪਾਏ ਔਲੀਆ ਪੀਰ ਸ਼ੇਖ਼ । ਨਾ ਹਦੀਸ

ਕੋਈ ਕਿਸੇ ਪੜ੍ਹਾਏ, ਨਾ ਦਿਸੇ ਕੋਈ ਮੁਸਾਇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਸਾਚਾ ਨਾਇਕ । ਸ਼ੇਖ਼ ਮਸਾਇਕ ਮਿਟਾਏ ਪੀਰ । ਪਹਿਲੀ ਕੁੰਟ ਆਪ ਕਰਾਏ ਅੰਤ ਵਹੀਰ । ਦਸਤਗੀਰ ਸ਼ਾਹ ਹਕੀਰ, ਨਾ ਕੋਈ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਰਿਹਾ ਬਣਾਏ । ਸਾਚੀ ਬਣਤ ਹਰਿ ਬਣਾਏ । ਪੰਚਮ ਜੇਠ ਲਿਖਤ ਲਿਖਾਏ । ਸਾਚੀ ਛੇੜ ਆਪ ਛਿੜਾਏ । ਦੱਸੇ ਸਚ ਧਾਮ ਨਗਰ ਖੇੜਾ, ਜਿਥੇ ਪਹਿਲੋਂ ਅਗਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨਬੇੜਾ ਆਪੇ ਆਪ ਕਰਾਏ । ਆਪ ਮਿਟਾਏ ਦੀਨ ਇਸਲਾਮ । ਪੂਰ ਕਰਾਏ ਆਪਣਾ ਕਾਮ । ਸ੍ਰਿਸ਼ਟ ਸਬਾਈ ਏਕਾ ਨਾਮ ਜਪਾਏ ਪਿਆਏ ਸਾਚਾ ਜਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸੋਹੰ ਸੱਚਾ ਨਾਮ । ਸੋਹੰ ਨਾਮ ਜਗਤ ਵਪਾਰ । ਆਪ ਕਰਾਏ ਹਰਿ ਦਾਤਾਰ । ਸ੍ਰਿਸ਼ਟ ਸਬਾਈ ਰਿਹਾ ਕਰਮ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਹਰਿ ਨਰ ਸੱਚਾ ਅਵਤਾਰ । ਸੁਰਤ ਸ਼ਬਦ ਸ਼ਬਦ ਗਿਆਨ । ਆਤਮ ਘਰ ਨਾ ਕਰੇ ਕੋਈ ਧਿਆਨ । ਜਿਥੇ ਵਸੇ ਸਾਚਾ ਹਰਿ, ਨਾ ਆਇਣ ਦਰ ਪੰਜ ਸ਼ੈਤਾਨ । ਨੁਹਾਉਂਦਾ ਰਹੇ ਸਾਚੇ ਸਰ, ਅੰਮ੍ਰਿਤ ਝਿਰਨਾ ਝਿਰਾਏ ਆਪ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੱਚਾ ਮਿਹਰਵਾਨ । ਆਤਮ ਸਰ ਸਾਚਾ ਸੀਰ । ਗੁਰਸਿਖ ਪੀ ਕੱਢੇ ਹਉਮੇ ਪੀੜ । ਸਦਾ ਸਦਾ ਸਦਾ ਜਗ ਜੀ, ਦੂਈ ਦਵੈਤੀ ਪੜਦਾ ਚੀਰ । ਆਤਮ ਬੀਜ ਸਾਚਾ ਬੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਦੇਵੇ ਸਾਚਾ ਨੀਰ । ਅੰਮ੍ਰਿਤ ਨੀਰ ਨੀਰ ਨਿਰਾਲਾ । ਗੁਰਮੁਖਾਂ ਆਤਮ ਜੋਤੀ ਦੀਪਕ ਜਗਾਏ, ਕਿਰਪਾ ਕਰੇ ਆਪ ਗੋਪਾਲਾ । ਸਾਚਾ ਮੰਦਰ ਤਨ ਸੁਹਾਏ, ਜਿਉਂ ਦੀਪਕ ਗਗਨ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਗੁਰਸਿਖ ਤੇਰੇ ਤਨ ਪਹਿਨਾਏ ਸਾਚੀ ਮਾਲਾ । ਸਾਚੀ ਮਾਲਾ ਤਨ ਸ਼ਿੰਗਾਰ । ਗੁਰਮੁਖ ਸਾਚੇ ਕਰ ਵਿਚਾਰ । ਮਾਝਾ ਦੇਸ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਮਗਰ ਲਗਾਏ ਮਾਰੇ ਵਾਰੋ ਵਾਰ । ਮਾਝਾ ਦੇਸ ਹੋਏ ਵੈਰਾਨਾ । ਪ੍ਰਭ ਅਬਿਨਾਸ਼ੀ ਆਪ ਬੰਨ੍ਹਾਏ ਹੱਥੀਂ ਗਾਨਾ । ਅੰਮ੍ਰਿਤਸਰ ਸਾਚਾ ਘਰ, ਰਾਮਦਾਸ ਸੱਚਾ ਵਾਸ, ਅੰਤਮ ਕਲ ਥੇਹ ਕਰਾਨਾ । ਕੋਇ ਨਾ ਪਾਏ ਝੂਠੀ ਰਾਸ, ਨਾ ਕੋਈ ਖਾਏ ਮਦਿਰਾ ਮਾਸ, ਸਾਚਾ ਹਰਿ ਬੇਮੁਖਾਂ ਨਾ ਕਲ ਪਛਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਹਰਿ ਨਿਰੰਕਾਰ, ਆਪ ਮਿਟਾਏ ਜੂਠਾ ਝੂਠਾ ਜਗਤ ਨਿਸ਼ਾਨਾ । ਜੂਠਾ ਝੂਠਾ ਮਿਟੇ ਨਿਸ਼ਾਨ । ਨਾ ਕੋਈ ਦਿਸੇ ਬੇਈਮਾਨ । ਮਦਿਰਾ ਮਾਸੀ ਪਾਏ ਗਲ ਜਮ ਕੀ ਫਾਸੀ, ਦੇਵੇ ਸਜ਼ਾ ਆਪ ਵਾਲੀ ਦੋ ਜਹਾਨ । ਨਾ ਕਰੇ ਕੋਈ ਬੰਦ ਖਲਾਸੀ, ਦਰ ਘਰ ਸਾਚੇ ਸਚ ਸਰੋਵਰ ਧੀਆਂ ਭੈਣਾਂ ਕਰਨ ਹਾਸੀ, ਜੂਠੇ ਝੂਠੇ ਪੰਡਤ ਪਾਂਧੇ ਕਾਸ਼ੀ ਵੇਦ ਵਿਚਾਰਨ, ਭੇਖ ਧਾਰੇ ਮਾਝੇ ਦੇਸ ਸ੍ਰੀ ਭਗਵਾਨ । ਮਾਝੇ ਦੇਸ ਉਡੇ ਧੂੜ । ਬੇਮੁਖਾਂ ਹਰਿ ਪਾਏ ਜੂੜ । ਗੁਰਸਿਖਾਂ ਆਤਮ ਰੰਗ ਚੜ੍ਹਾਏ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪ ਕਰਾਏ, ਸ਼ਬਦ ਵੇਲਣੇ ਪੀੜੇ ਸਾਚੇ ਬੂੜ । ਮਾਝੇ ਦੇਸ ਕਿਸਮਤ ਮਾੜੀ । ਵੱਢਣੀ ਮਿਲੇ ਨਾ ਕਿਸੇ ਹਾੜੀ । ਹਰਿ ਜੀ ਸਾਚਾ ਦਰ ਖਲੋਤਾ ਆਪੇ ਵੇਖੇ, ਚਾਰੋਂ ਤਰਫ ਦਿਸੇ ਉਜਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਇਆ, ਫੜ ਕੇ ਬਾਹੋਂ ਰਾਹੇ ਪਾਇਆ, ਮਗਰ ਲਗਾਈ ਮੌਤ ਲਾੜੀ । ਮੌਤ ਲਾੜੀ ਰਾਹੇ ਪਾਇਆ । ਸੱਤਰ ਲੱਖ ਦਏ ਚੜ੍ਹਾਇਆ । ਬੇਮੁਖ ਜੀਵ ਸੁੰਵੇ ਤਨ ਮੱਲੀ ਬੈਠੇ, ਗੁਰਦਵਾਰੇ


੬ ੦੪

ਆਤਮ ਸਰਬ ਹੰਕਾਰਿਆ । ਰਾਮਦਾਸ ਤੇਰਾ ਸਾਚਾ ਸਰ ਸਾਚਾ ਘਰ, ਜਿਥੇ ਬੇਮੁਖ ਜੀਵ ਖਾਂਦੇ ਜੋ ਮਦਿਰਾ ਮਾਸ ਵਿਕਾਰੇ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰ ਕਰੇ ਬਿਆਸੋਂ ਪਾਰੇ । ਗੁਰਦਵਾਰੇ ਆਇਣ ਛੱਡ । ਘਰ ਘਰ ਦਿਸਣ ਪਏ ਹੱਡ । ਦੋਹੀਂ ਹੱਥੀਂ
ਰਿਹਾ ਵੱਢ । ਆਪ ਡੁਬਾਏ ਬਿਆਸਾ ਡੂੰਘੀ ਖੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਡਾਏ ਗੁਰਮੁਖਾਂ ਸਾਚੇ ਲਡ । ਬਿਆਸਾ
ਵਗੇ ਸਾਚੀ ਧਾਰ । ਬੇਮੁਖ ਵਹਿੰਦੇ ਜਾਣ ਕੋਈ ਨਾ ਪਾਵੇ ਸਾਰ । ਗੁਰਮੁਖ ਸਾਚੇ ਸੰਤ ਜਨ ਦਰ ਘਰ ਸਾਚੇ ਬਹਿੰਦੇ ਜਾਣ, ਨਿਹਕਲੰਕ ਦਰਸ
ਦਿਖਾਏ ਪ੍ਰਗਟ ਜੋਤ ਕਲਗੀ ਧਰ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਚਰਨ ਆਪ ਉਠਾਏ, ਪਿੰਡ ਭੰਡਾਲ ਆਣ ਟਿਕਾਏ,
ਸੰਤ ਮਨੀ ਸਿੰਘ ਤੇਰੀ ਆਪੇ ਪਾਏ ਸਾਰ । ਪਾਰ ਬਿਆਸਾ ਚਰਨ ਛੁਹਾਏ । ਗੁਰਮੁਖ ਸਾਚੇ ਸੰਗ ਰਲਾਏ । ਏਕਾ ਚਪੂ ਨਾਮ ਲਗਾਏ । ਸ਼ਬਦ
ਨਈਆ ਲਏ ਚੜ੍ਹਾਏ । ਭੈਣਾਂ ਭਈਆ ਗੁਰ ਸੰਗਤ ਦਏ ਬਣਾਏ । ਜਾਤ ਪਾਤ ਨਾ ਕੋਈ ਰੱਖੇ, ਪਿਤਾ ਪੂਤ ਆਪ ਬਣ ਜਾਏ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰ ਬਿਆਸੋਂ ਆਪਣਾ ਡੇਰਾ ਆਪ ਲਾਏ । ਪਾਰ ਬਿਆਸੋਂ ਡੇਰਾ ਲਾ । ਰਾਜੇ ਰਾਣੇ ਲਏ ਜਗਾ । ਜੋਤ ਸਰੂਪੀ
ਦਰਸ ਦਿਖਾ । ਬਾਹੋਂ ਪਕੜ ਆਪਣੀ ਸਰਨ ਲਏ ਲਗਾ । ਮਾਣ ਤਾਣ ਆਨ ਸ਼ਾਨ, ਸਭ ਦਏ ਗਵਾ । ਵਡਾ ਇਕ ਹਰਿ ਸੱਚਾ ਸ਼ਾਹ ਸੁਲਤਾਨ,
ਆਪਣੀ ਚਰਨੀ ਲਏ ਬਹਾ । ਸ਼ਬਦ ਸਰੂਪੀ ਗਲ ਵਿਚ ਪਾਉਂਦਾ ਜਾਏ ਫਾਹ । ਕੋਈ ਨਾ ਕਰੇ ਅੱਗੋਂ ਨਾਂਹ । ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ
ਸੰਤ ਜਨਾਂ, ਦੇਵੇ ਆਪਣੀ ਠੰਡੀ ਛਾਂ । ਰਾਜੇ ਰਾਣੇ ਲਏ ਜਗਾਏ । ਜੋਤ ਸਰੂਪੀ ਦਰਸ ਦਿਖਾਏ । ਪਹਿਰੇਦਾਰ ਨਾ ਕੋਈ ਉਠਾਏ । ਸੁਤਿਆਂ
ਫੜ ਹਰਿ ਅੱਗੇ ਖੜ੍ਹ ਭਰਮ ਚੁਕਾਏ । ਜੇ ਕੋਈ ਮੰਗੇ ਸੱਚਾ ਸੁਖਆਸਣ, ਨਾਮ ਚੋਲੀ ਤਨ ਪਹਿਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਨਰਾਇਣ ਨਰ ਗੁਰਸਿਖਾਂ ਇਛਿਆ ਪੂਰ ਕਰਾਏ । ਰਾਜਾ ਰਾਣਾ ਆਪ ਉਠਾਏ । ਸ਼ਬਦ ਬਬਾਣਾ ਇਕ ਰਖਾਏ । ਵੰਝ ਮੁਹਾਣਾ ਆਪਣੇ
ਹੱਥ ਰਖਾਏ । ਸ਼ਬਦ ਨਿਸ਼ਾਨਾ ਆਤਮ ਦਰ ਸਾਚੇ ਘਰ ਝੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਪ੍ਰਗਟਾਈ ਆਓ
ਚਲ ਸਰਨਾਈ, ਆਤਮ ਤ੍ਰਿਖਾ ਬੁਝਾਓ ਦਰਸ ਪਾਏ । ਉਠੋ ਉਠ ਬਲ ਧਾਰੋ । ਪ੍ਰਭ ਅਬਿਨਾਸ਼ੀ ਸਚ ਵਿਚਾਰੋ । ਕਿਉਂ ਸੁੱਤੇ ਪੈਰ ਪਸਾਰੋ ।
ਮਾਨਸ ਜਨਮ ਆਈ ਹਾਰੋ । ਕੋਈ ਨਾ ਪਾਵੇ ਸਾਚੀ ਸਾਰੋ । ਘਰ ਘਰ ਵੇਖੋ ਪੈਂਦੀ ਕਿਵੇਂ ਮਾਰੋ । ਮਾਤ ਪਿਤ ਨਾ ਕੋਈ ਸੰਭਾਲੇ, ਨਾਰੀਆਂ
ਛੱਡਣ ਸਚ ਭਤਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਖੇਲ ਆਪ ਵਰਤਾਏ, ਆਪਣਾ ਰੰਗ ਕਰੇ ਆਪ ਵਰਤਾਰੋ । ਰਾਜੇ ਰਾਣੇ
ਸੁਰਤ ਸੰਭਾਲ । ਪ੍ਰਭ ਅਬਿਨਾਸ਼ੀ ਲੈਣਾ ਭਾਲ । ਮਾਨਸ ਜਨਮ ਨਾ ਲੈਣਾ ਗਾਲ । ਮੌਤ ਰਾਣੀ ਪਾਉਂਦੀ ਜਾਏ ਗਲ ਵਿਚ ਜਾਲ । ਕੋਈ ਨਾ
ਛੁੱਟੇ ਜੀਵ ਪ੍ਰਾਣੀ, ਆਪਣਾ ਤਣਦੀ ਜਾਏ ਤਾਣ । ਹਾਣੀਆਂ ਛੱਡਣੇ ਪੈਣੇ ਹਾਣੀ, ਨਾ ਮਿਲੇ ਕਿਸੇ ਪਾਣੀ ਨਾ ਰਹੇ ਕਿਸੇ ਸ਼ਾਨ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤੀਰ ਚਲਾਏ, ਚਾਰੋਂ ਕੁੰਟ ਵਹੀਰ ਕਰਾਏ, ਸੁੱਤਾ ਕੋਇ ਨਾ ਰਹੇ ਬਿਰਧ ਬਾਲ ਜਵਾਨ । ਬਿਰਧ ਬਾਲ
ਜਵਾਨਾ ਸ਼ਬਦ ਤੀਰ ਸੱਚਾ ਇਕ ਨਿਸ਼ਾਨਾ । ਅੰਤਮ ਕਲ ਆਪ ਚਲਾਏ, ਸਿੱਧਾ ਰਖਾਏ ਆਪ ਨਿਸ਼ਾਨਾ । ਸਾਧ ਸੰਤ ਜੀਵ ਜੰਤ ਪੀਰ ਫਕੀਰ
ਨਾ ਸਕੇ ਕੋਈ ਉਠਾਏ, ਤੋੜੇ ਮਾਣ ਸਰਬ ਅਭਿਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ, ਸ੍ਰਿਸ਼ਟ ਸਬਾਈ

੭ ੦੪

ਜਾਣੀ ਜਾਣਾ । ਰਾਜੇ ਰਾਣੇ ਚਰਨ ਲਗਾਏ । ਆਪਣਾ ਚਰਨ ਹਰਿ ਉਠਾਏ । ਮਸਤੂਆਣੇ ਜਾ ਛੁਹਾਏ । ਸਾਚੀ ਜੋਤ ਦਰ ਘਰ ਸਾਚੇ ਡਗਮਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਸਾਚੀ ਸਰਨ ਏਕਾ ਥਾਨ ਬਹਾਏ । ਚਾਰ ਵਰਨ ਏਕਾ ਥਾਂ । ਏਕਾ ਪਿਤ ਏਕਾ ਮਾਂ । ਚਾਰ ਵਰਨ ਏਕਾ ਦੇਵੇ ਸ਼ਬਦ ਸਰੂਪੀ ਠੰਡੀ ਛਾਂ । ਚਾਰ ਵਰਨ ਏਕਾ ਰਾਹ ਆਪ ਦਿਖਾਏ ਫੜ ਕੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਸਾਚਾ ਧਾਮ ਸੁਹਾਏ । ਰਾਣਾ ਸੰਗਰੂਰ ਸੇਵ ਕਮਾਏ । ਸਾਚੇ ਲੇਖੇ ਦੇਵੇ ਲਾਏ । ਰਾਣਾ ਸੰਗਰੂਰ ਆਏ ਸਰਨਾਈ । ਆਪਣੀ ਭੁੱਲ ਲਏ ਬਖ਼ਸ਼ਾਈ । ਜੋਤੀ ਜੋਤ ਸਰੂਪ ਹਰਿ, ਸਾਚੇ ਤੋਲ ਰਿਹਾ ਤੁਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੰਗ ਰਲਾਏ ਗੁਰ ਸੰਗਤ ਮੇਲ ਮਿਲਾਏ ਫੜ ਕੇ ਦੋਵੇਂ ਬਾਹੀਂ । ਗੁਰ ਸੰਗਤ ਹਰਿ ਸੰਗ ਰਲਾ । ਸਾਚਾ ਹੁਕਮ ਦਏ ਸੁਣਾ । ਅੱਗੇ ਹਰਿ ਜੀ ਲਏ ਲਾ । ਜਮਨ ਕਿਨਾਰੇ ਡੇਰਾ ਲਾ । ਵਾਲੀ ਹਿੰਦ ਲਏ ਜਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾ । ਵਾਲੀ ਹਿੰਦ ਹਰਿ ਉਠਾਏ । ਜੋਤ ਸਰੂਪੀ ਦਰਸ ਦਿਖਾਏ । ਆਤਮ ਤ੍ਰਿਸ਼ਨਾ ਸਰਬ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਹਨਾ ਕ੍ਰਿਸ਼ਨਾ ਆਤਮ ਦਰ ਦਵਾਰੇ ਨਜ਼ਰੀ ਆਏ । ਵਾਲੀ ਹਿੰਦ ਸ਼ਬਦ ਜਣਾਈ । ਉਠੇ ਉਠ ਉਠ ਰੋਵੇ, ਨਾ ਦਿਸੇ ਸਾਚਾ ਮਾਹੀ । ਆਤਮ ਬੀਜ ਕਵਣ ਬੋਵੇ, ਕੋਈ ਹਾਲੀ ਦਿਸੇ ਨਾਹੀਂ । ਝੂਠੀ ਨੀਂਦ ਜੋ ਜਨ ਸੋਵੇ, ਅੰਤ ਪਛੋਤਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਆਪ ਜਣਾਏ, ਜੋਤ ਸਰੂਪੀ ਦਰਸ ਦਿਖਾਏ, ਭਰਮ ਭੁਲੇਖਾ ਕੋਈ ਰੱਖੇ ਨਾਹੀਂ । ਆਪਣਾ ਦਰਸ ਦਏ ਦਿਖਾਲ । ਆਤਮ ਕਰੇ ਮਾਲੋ ਮਾਲ । ਮਾਇਆ ਰੂਪੀ ਤੋੜੇ ਜਗਤ

੮ ੦੪

ਜੰਜ਼ਾਲ । ਗੁਰਮੁਖ ਸਾਚਾ ਪ੍ਰਭ ਸਾਚਾ ਲੋੜੇ, ਲਾਏ ਫਲ ਸੱਚੇ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਗੁਰਮੁਖ ਸਾਚੇ ਸੰਤ ਜਨ ਲਏ ਸੁਰਤ ਸੰਭਾਲ । ਆਪ ਸੰਭਾਲੇ ਸਭਨੀਂ ਥਾਈਂ । ਮਿਲਣ ਆਉਂਦਾ ਚਾਈਂ ਚਾਈਂ । ਗੁਰਮੁਖ ਸਾਚਾ ਪ੍ਰਭ ਦਰ ਸਾਚੇ ਮਾਣੇ ਠੰਡੀ ਛਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਮਾਤ ਜਗਾਈ , ਦੂਸਰ ਕੋਈ ਦਿਸੇ ਨਾਹੀਂ । ਦੂਸਰ ਕੋਈ ਨਾ ਦਿਸੇ ਹੋਰ । ਘਰ ਘਰ ਬੈਠੇ ਚਾਰੋਂ ਤਰਫ ਠਗ ਚੋਰ । ਆਤਮ ਅੰਧੀ ਆਪਣੇ ਧੰਦੇ ਰਹੀ ਤੋਰ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸੋਹੰ ਸ਼ਬਦ ਆਤਮ ਦੇਵੇ ਬਾਨੀ, ਨੇੜੇ ਕੋਈ ਨਾ ਆਏ ਹਰਾਮ ਖੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਮੋਰ ਤੋਰ । ਜਿਸ ਕੀਆ ਅਕਾਰ ਜਨਮ ਦਵਾਇਆ । ਆਪੇ ਪਾਏ ਸਾਰ ਹਰਿ ਰਘੁਰਾਇਆ । ਪੂਰਬ ਕਰਮ ਲਏ ਵਿਚਾਰ, ਮਾਤ ਕੁੱਖ ਸੁਫਲ ਕਰਾਇਆ । ਆਪ ਬੰਧਾਏ ਸਾਚੀ ਧਾਰ, ਦੁੱਖ ਰੋਗ ਸਰਬ ਮਿਟਾਇਆ । ਫਲੇ ਫੁੱਲੇ ਵਿਚ ਸੰਸਾਰ, ਚਿੰਤਾ ਰੋਗ ਹਰਿ ਗਵਾਇਆ । ਹਰਿ ਦਰ ਕੋਇ ਨਾ ਲੱਗੇ ਮੁੱਲੇ, ਮਾਨਸ ਜਨਮ ਲੇਖੇ ਲਏ ਲਾਇਆ । ਕਲਜੁਗ ਜੀਵ ਸਾਰੇ ਭੁੱਲੇ, ਹਰਿ ਜੀ ਹੱਥ ਕਿਸੇ ਨਾ ਆਇਆ । ਜੂਠੇ ਝੂਠੇ ਫਲੇ ਫੁੱਲੇ ਅੰਤਮ ਹੁੱਲੇ, ਫਲ ਕਿਸੇ ਡਾਹਣ ਨਜ਼ਰ ਨਾ ਆਇਆ । ਗੁਰਸਿਖ ਤੇਰੇ ਭਾਗ ਲਗਾਇਆ ਕੁੱਲੇ, ਸਾਚਾ ਦੇਵੇ ਵਰ ਹਰਿ ਰਘੁਰਾਇਆ । ਪੀ ਪੀ ਅੰਮ੍ਰਿਤ ਆਤਮ ਤ੍ਰਿਸ਼ਨਾ ਭੁੱਖ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਬੀ ਅਮਰਜੀਤ ਨਾਮ ਰਖਾਇਆ, ਛੋਟਾ ਬਾਲਾ ਇਹਦੇ ਪਿੱਛੇ ਲਾਇਆ ।

੮ ੦੪

## ✻ ੭ ਚੇਤ ੨੦੧੧ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹ ਗੁੜਗਾਉਂ ✻

ਚਰਨ ਲਗਣ ਔਖੀ ਘਾਟੀ । ਏਥੇ ਖੁਲ੍ਹਦੀ ਬਜ਼ਰ ਕਪਾਟੀ । ਸਾਚਾ ਮੁਲ ਪੈਂਦਾ ਕਾਇਆ ਝੂਠੀ ਮਾਟੀ । ਦਰ ਘਰ ਸਾਚੇ ਸੱਚੀ ਲੱਗੀ ਰਹੇ ਹਾਟੀ । ਗੁਰਮੁਖ ਵਿਰਲਾ ਚਾਰੋਂ ਕੁੰਟ ਉਠ ਉਠ ਵੇਖੇ, ਖੋਲ੍ਹੇ ਕਿਹੜਾ ਸੱਚੀ ਤਾਕੀ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਵੇਖੇ ਖੇਲ ਜਿਉਂ ਬਾਜੀਗਰ ਨਾਟੀ । ਗੁਰਮੁਖ ਸਾਚੇ ਸੰਤ ਜਨ ਸਾਚਾ ਲਾਹਾ ਗੁਰ ਦਰ ਲੈਣ, ਅੰਮ੍ਰਿਤ ਰਸ ਰਸਨਾ ਰਹੇ ਚਾਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਧਾਗਾ ਹੱਥ ਵਿਚ ਫੜਿਆ ਆਪਣੀ ਹੱਥੀਂ ਸੀਵੇ ਗੁਰਮੁਖਾਂ ਕਾਇਆ ਚੋਲੀ ਪਾਟੀ । ਸੋਹੰ ਧਾਗਾ ਹੱਥ ਵਿਚ ਫੜਿਆ । ਗੁਰਮੁਖਾਂ ਦਿਸੇ ਅੰਦਰ ਵੜਿਆ । ਚੁੱਪ ਚੁਪੀਤਾ ਰਹੇ ਦੜਿਆ । ਆਪੇ ਜਾਣੇ ਜਾਣ ਪਛਾਣੇ, ਜਿਸ ਗੁਰਸਿਖ ਤੇਰਾ ਘਾੜਨ ਘੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਬੰਨ੍ਹੇ ਆਪਣੇ ਸਾਚੇ ਲੜਿਆ । ਸੱਚਾ ਲੜ ਸੱਚਾ ਦਾਮਨ । ਦਰਗਹਿ ਸਾਚੀ ਬਣੇ ਜਾਮਨ । ਗੁਰਸਿਖ ਤੇਰੇ ਪੂਰ ਕਰਾਏ, ਵਿਚ ਮਾਤ ਸਾਰੇ ਕਾਮਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਧਾਰੇ ਭੇਖ । ਗੁਰਸਿਖਾਂ ਅੱਠੇ ਪਹਿਰ ਲਿਖਦਾ ਰਹੇ ਲੇਖ । ਆਪਣਾ ਭੇਵ ਨਾ ਕਿਸੇ ਜਣਾਏ ਨਾ ਜਾਣੇ ਕੋਈ ਰੂਪ ਰੇਖ । ਗੁਰਮੁਖ ਸਾਚੇ ਵਿਚ ਸਮਾਏ, ਗੁਰਸਿਖ ਨੇਤਰ ਲੈਣਾ ਪੇਖ । ਨੇਤਰ ਤੀਜਾ ਦੇਵੇ ਖੋਲ੍ਹ । ਪੰਜਾਂ ਨਾਲ ਨਾ ਕਰਨਾ ਪਏ ਘੋਲ । ਸੋਹੰ ਸ਼ਬਦ ਅੱਠੇ ਪਹਿਰ ਵੱਜਦਾ ਰਹੇ ਢੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚੀ ਰੀਤ ਬਣਾਈ, ਚਰਨ ਪ੍ਰੀਤ ਇਕ ਰਖਾਈ, ਗੁਰਸਿਖਾਂ ਵਿਚ ਰਿਹਾ ਮੌਲ । ਗੁਰਸਿਖ ਗੁਰ ਦਰ ਸੱਚਾ ਰਾਹ । ਗੁਰਸਿਖ ਭੁੱਲੇ, ਗਲ ਵਿਚ ਪਾਏ ਫਾਹ । ਮਦਿਰਾ ਮਾਸ ਮੁਖ ਲਗਾਏ, ਦਰਗਹਿ ਸਾਚੀ ਦਏ ਦੁਰਕਾਏ, ਨਾ ਮਿਲੇ ਕੋਈ ਥਾਂ । ਪ੍ਰਭ ਅਬਿਨਾਸ਼ੀ ਨਾ ਚਰਨ ਬਹਾਏ, ਨਾ ਦੇਵੇ ਕੋਈ ਠੰਡੀ ਛਾਂ । ਗੁਰਸਿਖ ਸਾਚੇ ਸੰਤ ਜਨਾਂ ਆਪਣੀ ਹੱਥੀਂ ਸੀਰ ਪਿਲਾਏ, ਜਿਉਂ ਬਾਲਕ ਪਿਤਾ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਜਪਾਏ ਸੱਚਾ ਨਾਂ । ਗੁਰਮੁਖਾਂ ਦੇ ਮਤ ਆਪ ਸਮਝਾਇੰਦਾ । ਏਕਾ ਸ਼ਬਦ ਹਰਿ ਹਰਿ ਦਿਸਾਇੰਦਾ । ਆਪ ਨਿਭਾਵੇ ਚਰਨ ਨਤ, ਨਾ ਮਾਤ ਕੋਈ ਤੁੜਾਇੰਦਾ । ਗੁਰਸਿਖ ਤੇਰੀ ਆਤਮ ਸਾਚਾ ਵੱਤ, ਸੋਹੰ ਬੀਜ ਹਰਿ ਬਿਜਾਇੰਦਾ । ਰਸਨਾ ਚਰਖਾ ਲੈਣਾ ਕੱਤ, ਸਾਚੇ ਰਾਹੇ ਹਰਿ ਜੀ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਾਲ ਅੰਵਾਣਿਆਂ, ਦੇ ਮਤ ਆਪ ਸਮਝਾਇੰਦਾ । ਗੁਰਸਿਖ ਆਤਮ ਵੇਖ ਵਿਚਾਰ । ਆਉਣਾ ਫੇਰ ਸੱਚੇ ਦਰਬਾਰ । ਏਥੇ ਪੈਂਦੀ ਸ਼ਬਦ ਮਾਰ । ਅੱਠੇ ਪਹਿਰ ਹਰਿ ਜੀ ਸਾਚਾ ਮਗਰ ਲੱਗਾ, ਆਪ ਬੰਧਾਵੇ ਸਾਚੀ ਧਾਰ । ਦੀਪਕ ਜੋਤੀ ਗੁਰਸਿਖ ਜਗੇ, ਜੋਤ ਅਪਰ ਅਪਾਰ । ਆਪ ਬੰਧਾਵੇ ਸੋਹੰ ਸ਼ਬਦ ਸਾਚੇ ਧਾਗੇ, ਨਾ ਤੁਟੇ ਵਿਚ ਸੰਸਾਰ । ਗੁਰਮੁਖ ਭੁੱਲੇ ਪ੍ਰਭ ਪਕੜੇ ਸ਼ਾਹ ਰਗੇ, ਲਿਆਏ ਖਿਚ ਚਰਨ ਦਵਾਰ । ਨਾ ਦਿਸੇ ਕਿਸੇ ਪਿੱਛਾ ਅੱਗੇ, ਸ੍ਰਿਸ਼ਟ ਸਬਾਈ ਰਹੀ ਝੱਖ ਮਾਰ । ਜੋ ਜਨ ਗੁਰ ਚਰਨ ਸਰਨ ਸਾਚੀ ਲੱਗੇ, ਬਾਹੋਂ ਪਕੜ ਕਲ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਆ ਜੰਤ ਆਪੇ ਪਾਏ ਸਾਰ । ਨਾਮ ਨਿਧਾਨ ਨਰ ਨਿਰਵੈਰ ਹੈ । ਗੁਰ ਦਰ ਸਾਚੇ ਘਰ, ਵਰਤੇ ਕਦੇ ਨਾ ਕਹਿਰ ਹੈ । ਮਿਲਦਾ ਸਾਚਾ ਵਰ, ਪ੍ਰਭ ਅਬਿਨਾਸ਼ੀ ਦੇਵੇ ਕਰ ਕਰ ਆਪਣੀ ਮਿਹਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਆਪ ਜਗਾਏ, ਅੱਠੇ ਪਹਿਰ ਕਰੇ ਰੁਸ਼ਨਾਏ, ਚੁਕਾਏ ਮੇਰ ਤੇਰ ਹੈ । ਮੇਰ

੯
੦੪

ਤੇਰ ਜਾਏ ਚੁੱਕ । ਵੇਲਾ ਨੇੜੇ ਆਇਆ ਢੁੱਕ । ਕਲਜੁਗ ਜੂਠੇ ਝੂਠੇ ਜੀਵ ਅੰਤਮ ਜਾਣ ਸੁੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ
ਸਾਚੇ ਸੰਤ ਜਨਾਂ ਆਪਣੀ ਸਰਨ ਬਹਾਏ, ਬੇਮੁਖਾਂ ਮੁਖ ਪਾਏ ਥੁੱਕ । ਸੁਰਤ ਸ਼ਬਦ ਗੁਰ ਧਿਆਨ । ਸੁਰਤ ਸ਼ਬਦ ਨਾਮ ਬਬਾਣ । ਸੁਰਤ ਸ਼ਬਦ
ਦੇਵੇ ਹਰਿ ਭਗਵਾਨ । ਸੁਰਤ ਸ਼ਬਦ ਗੁਰਮੁਖਾਂ ਮੇਲ ਮਿਲਾਨ । ਸੁਰਤ ਸ਼ਬਦ ਆਤਮ ਜੋਤ ਜਗਾਏ ਮਹਾਨ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ । ਸੁਰਤ ਸ਼ਬਦ ਸਹਿਜ ਧੁਨ । ਸੁਰਤ ਸ਼ਬਦ ਖੁਲ੍ਹੇ ਸੁੰਨ । ਸੁਰਤ ਸ਼ਬਦ ਗੁਰਸਿਖਾਂ ਦੇਵੇ ਹਰਿ ਸਾਚਾ ਚੁਣ । ਸੁਰਤ
ਸ਼ਬਦ ਵਿਚ ਮਾਤ, ਗੁਰਸਿਖ ਸਾਚਾ ਗੁਣ । ਸੁਰਤ ਸ਼ਬਦ ਦੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵਿਚਾਰ ਗੁਣ ਅਵਗੁਣ ।
ਸੁਰਤ ਸ਼ਬਦ ਸਚ ਸੱਚਿਆਰੀ । ਸੁਰਤ ਸ਼ਬਦ ਦੇਵੇ ਨਾਮ ਖ਼ੁਮਾਰੀ । ਸੁਰਤ ਸ਼ਬਦ ਹਉਮੇ ਕਟੇ ਤਨ ਬਿਮਾਰੀ । ਸੁਰਤ ਸ਼ਬਦ ਹਰਿ ਦੇਵੇ ਸੱਚੀ
ਉਡਾਰੀ । ਸੁਰਤ ਸ਼ਬਦ ਗੁਰਸਿਖਾਂ ਉਡਾਏ, ਲੈ ਜਾਏ ਤਿੰਨਾਂ ਲੋਆਂ ਬਾਹਰੀ । ਸੁਰਤ ਸ਼ਬਦ ਆਪ ਦਵਾਏ, ਹਰਿ ਨਰ ਸੱਚਾ ਨਿਰੰਕਾਰੀ । ਸੁਰਤ
ਸ਼ਬਦ ਸਾਚੇ ਧਾਮ ਮੇਲ ਮਿਲਾਏ, ਸਾਚੇ ਕੰਤ ਹਰਿ ਸੰਤ ਬਨਵਾਰੀ । ਸੁਰਤ ਸ਼ਬਦ ਗੁਰਮੁਖਾਂ ਹਰਿ ਸਾਚਾ ਦੇਵੇ, ਜੋ ਜਨ ਆਏ ਚਰਨ ਸਰਨ
ਨਿਮਸਕਾਰੀ । ਸੁਰਤ ਸ਼ਬਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਕਿਰਪਾ ਕਰ ਅਪਰ ਅਪਾਰੀ । ਸੁਰਤ ਸ਼ਬਦ ਸਹਿਜ
ਸੁਖ । ਸੁਰਤ ਸ਼ਬਦ ਉਤਰੇ ਭੁੱਖ । ਸੁਰਤ ਸ਼ਬਦ ਮਾਤ ਗਰਭ ਨਾ ਹੋਏ ਉਲਟਾ ਰੁੱਖ । ਸੁਰਤ ਸ਼ਬਦ ਲੱਖ ਚੁਰਾਸੀ ਲੇਖੇ ਲਾਏ ਮਿਟਾਏ ਤ੍ਰਿਸ਼ਨਾ
ਭੁੱਖ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਮਾਤਾ ਕੁੱਖ । ਸੁਰਤ ਸ਼ਬਦ ਭਗਤ ਨਿਸ਼ਾਨਾ । ਸੁਰਤ ਸ਼ਬਦ
੧੦ ੦੪ ਆਤਮ ਦੇਵੇ ਹਰਿ, ਨਾਮ ਸੱਚਾ ਬ੍ਰਹਮ ਗਿਆਨਾ । ਸੁਰਤ ਸ਼ਬਦ ਦੇਵੇ ਹਰਿ ਕਿਰਪਾ ਕਰ, ਗੁਰਸਿਖ ਬਣਾਏ ਚਤੁਰ ਸੁਜਾਨਾ । ਸੁਰਤ ਸ਼ਬਦ ੧੦ ੦੪
ਚੁਕਾਏ ਜਮ ਕਾ ਡਰ, ਵਸਾਏ ਸਾਚੇ ਘਰ, ਮੇਲ ਮਿਲਾਏ ਹਰਿ ਭਗਵਾਨਾ । ਸੁਰਤ ਸ਼ਬਦ ਦੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੜ੍ਹਾਏ
ਏਕਾ ਸ਼ਬਦ ਸੱਚੇ ਬਬਾਣਾ । ਹਰਿ ਖੁਲ੍ਹੜੇ ਕੇਸ ਭੇਖ ਨਿਰਾਲਾ । ਕਲਜੁਗ ਅੰਤਮ ਵੇਸ ਹਰਿ ਗੋਪਾਲਾ । ਭਾਗ ਲੱਗਾ ਮਾਝੇ ਦੇਸ, ਗੁਰਸਿਖਾਂ
ਨੇਤਰ ਲੈਣਾ ਪੇਖ, ਨਾ ਲੈਣਾ ਵਿਚ ਕੋਈ ਦਲਾਲਾ । ਆਪ ਮਿਟਾਏ ਔਲੀਏ ਪੀਰ ਸ਼ੇਖ਼, ਬੇਮੁਖਾਂ ਮੁਖ ਕਰੇ ਕਾਲਾ । ਗੁਰਸਿਖਾਂ ਮਿਟਾਏ ਬਿਧਨਾ
ਲਿਖੀ ਰੇਖ, ਦੇਵੇ ਸ਼ਬਦ ਨਾਮ ਧਨ ਕਰੇ ਮਾਲ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਦੇਵੇ ਵਰ,
ਨਾ ਗੁਰਸਿਖ ਹੋਏ ਕਦੇ ਕੰਗਾਲਾ । ਗੁਰਸਿਖਾਂ ਦੇਵੇ ਆਤਮ ਸੱਚਾ ਨਾਮ ਧਨ । ਆਪ ਮਿਟਾਏ ਦੁੱਖਾਂ ਭੁੱਖਾਂ, ਆਤਮ ਤ੍ਰਿਖਾ ਮਿਟਾਏ ਕਢਾਏ ਝੂਠਾ
ਜਨ । ਕਲਜੁਗ ਉਤਾਰੇ ਮਾਇਆ ਰੂਪੀ ਝੂਠੀ ਵਿਖਾ, ਸ੍ਰਿਸ਼ਟ ਸਬਾਈ ਛਾਣ ਪੁਣ । ਸਾਚਾ ਲੇਖ ਹਰਿ ਜੀ ਲਿਖਾ, ਗੁਰਸਿਖਾਂ ਵਿਚਾਰ ਗੁਣ
ਅਵਗੁਣ । ਸੋਹੰ ਸ਼ਬਦ ਤੀਰ ਤਿਖਾ, ਨਾ ਜਾਣੇ ਕੋਈ ਰਿਖ ਮੁਨ । ਦਰ ਆਇਆਂ ਪਾਏ ਸਾਚੀ ਭਿੱਛਾ, ਆਤਮ ਖੁਲ੍ਹਾਏ ਮੁਨ ਸੁੰਨ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਇਕ ਜਗਾਏ, ਗੁਰਸਿਖ ਤੇਰੀ ਆਤਮ ਇਕ ਉਪਜਾਏ ਸ਼ਬਦ ਧੁਨ । ਸ਼ਬਦ ਧੁਨ ਉਪਜਾਏ ਧੁਨਕਾਰ ।
ਆਪ ਖੁਲ੍ਹਾਏ ਦਸਮ ਦਵਾਰ । ਜਗੇ ਜੋਤ ਅਗੰਮ ਅਪਾਰ । ਏਕਾ ਜੋਤੀ ਗੁਰਸਿਖ ਜਗਾਈ ਤੇਰੀ ਆਤਮ ਸੋਤੀ, ਸੋਹੰ ਫੁੰਕਾਰਾ ਮਾਰ । ਨਾ
ਕੋਈ ਵਰਨ ਨਾ ਕੋਈ ਗੋਤੀ । ਹਰਿ ਜੀ ਸੱਚਾ ਮਾਣਕ ਮੋਤੀ, ਦੁਰਮਤ ਮੈਲ ਜਿਸ ਦਰ ਧੋਤੀ, ਸ੍ਰਿਸ਼ਟ ਸਬਾਈ ਘਰ ਘਰ ਬੈਠੀ ਰੋਤੀ, ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਏ ਸਰਬ ਸਾਰ । ਸ੍ਰਿਸ਼ਟ ਸਬਾਈ ਰਹੀ ਰੋ । ਕਲਜੁਗ ਜੀਵਾਂ ਸਾਚਾ ਨਾਤਾ ਤੁੱਟਾ ਮੋਹ । ਅੰਤਮ ਵੇਲਾ ਕਲਜੁਗ
ਆਇਆ, ਮੌਤ ਡੈਣ ਸਭ ਵਾਲ ਦੇਵੇ ਖੋਹ । ਗੁਰਸਿਖਾਂ ਅੱਗੇ ਹਰਿ ਸੋਹੰ ਸ਼ਬਦ ਰਖਾਇਆ । ਤੱਤੀ ਵਾ ਨਾ ਲੱਗੇ ਕੋ । ਫੜ ਫੜ ਬਾਹੋਂ ਰਾਹੇ
ਪਾਇਆ, ਸਤਿਜੁਗ ਸਾਚਾ ਰਾਹ ਦਿਖਾਇਆ, ਸਾਧਾਂ ਸੰਤਾਂ ਸੰਗ ਰਲਾਇਆ, ਏਕਾ ਨਾਤਾ ਚਰਨ ਰਖਾਇਆ, ਦੂਸਰ ਸਕੇ ਨਾ ਕੋਈ ਛੋਹ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਸਾਚਾ ਬੀਜ ਗੁਰ ਆਤਮ ਰਿਹਾ ਬੋ । ਸਾਚਾ ਬੀਜ ਸਚ ਬਿਜਾਰਾ । ਗੁਰਸਿਖ
ਤੇਰੀ ਆਤਮ ਕੀਨੀ ਵੱਖ, ਬਣਾਇਆ ਇਕ ਸੱਚਾ ਕਿਆਰਾ । ਬੇਮੁਖ ਜੀਵਾਂ ਲਾਉਂਦੇ ਭੱਖ, ਕੋਈ ਨਾ ਪਾਵੇ ਸਾਰਾ । ਪ੍ਰਭ ਅਬਿਨਾਸ਼ੀ ਫੜ ਫੜ
ਕੀਨੇ ਵਖ, ਦਰ ਬਹਿਣ ਨਾ ਦੇਵੇ ਮਦਿਰਾ ਮਾਸੀ ਦੁਸ਼ਟ ਦੁਰਾਚਾਰਾ । ਜਿਨ੍ਹਾਂ ਪੱਲੇ ਬੰਨ੍ਹੇ ਲੱਖ, ਅੰਤਮ ਵੇਲਾ ਨੇੜੇ ਆਇਆ ਵੇਖੋ ਕਿਵੇਂ ਪੈਂਦੀ ਮਾਰਾ ।
ਚਾਰੋਂ ਤਰਫ ਖਾਲੀ ਦਿਸਣ ਸਖ, ਕਿਸੇ ਕੁਛ ਨਾ ਆਏ ਹੱਥ, ਭੈਣਾਂ ਛੱਡਣ ਭਾਈ ਨਾਰਾਂ ਛੱਡਣ ਭਤਾਰਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਿੰਘ ਸਿੰਘਾਸਣ ਬੈਠਾ ਏਕਾ ਸ਼ਬਦ ਤੀਰ ਚਲਾਏ, ਚਾਰ ਕੁੰਟ ਵਹੀਰ ਕਰਾਏ, ਸਾਚਾ ਸੀਰ ਕਿਸੇ ਹੱਥ ਨਾ ਆਏ, ਨਾ ਕੋਈ ਪਾਵੇ ਕਿਸੇ ਸਾਰਾ ।
ਤੀਰ ਨਿਰਾਲਾ ਗਿਆ ਛੁਟ । ਸਤਿਜੁਗ ਪੋਹ ਗਈ ਫੁੱਟ । ਕਲਜੁਗ ਨਾਤਾ ਗਿਆ ਤੁੱਟ । ਜੂਠਾ ਝੂਠਾ ਇਕ ਪਿਆਇਆ ਹਰਿ ਜੀ ਮਾਇਆ
ਰੂਪੀ ਘੁਟ । ਅੱਠੇ ਪਹਿਰ ਖੇਲ ਰਚਾਏ, ਗੁਰਸਿਖਾਂ ਦੀ ਬਣਤ ਬਣਾਏ, ਬੇਮੁਖਾਂ ਜੜ੍ਹ ਰਿਹਾ ਪੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੧੧ ਆਪਣੀ ਰਚਨਾ ਆਪ ਰਚਾਈ, ਨੌਂ ਖੰਡ ਪ੍ਰਿਥਮੀ ਆਪ ਭਵਾਏ ਦੋਹੀਂ ਪਾਸੀਂ ਘੁੱਟ । ਨੌਂ ਖੰਡ ਪ੍ਰਿਥਮੀ ਤਣਿਆ ਤਾਣ । ਸੱਤਾਂ ਦੀਪਾਂ ਕਰੇ ਪਛਾਣ । ੧੧
੦੪ ਜੋਤ ਸਰੂਪੀ ਮਾਰ ਉਡਾਨ । ਨਾ ਕੋਈ ਛੱਡੇ ਰਾਜ ਰਾਜਾਨ । ਮੂੰਹ ਦੇ ਭਾਰ ਡਿੱਗੇ, ਵਡੇ ਵਡੇ ਸ਼ਾਹ ਸੁਲਤਾਨ । ਆਪ ਗਿਰਾਏ ਰਣ ਭੂਮੀ ੦੪
ਸੁੱਤੇ ਨੌਜਵਾਨ । ਲੱਖ ਚੁਰਾਸੀ ਆਪ ਬਣਾਈ ਜੂਠੇ ਝੂਠੇ ਢੱਗੇ, ਲਾਏ ਧਰਮ ਰਾਏ ਦੇ ਅੱਗੇ, ਬੰਦੀਖਾਨੇ ਸਰਬ ਖਪਾਣ । ਗੁਰਸਿਖ ਤੇਰੀ ਆਤਮ
ਸਾਚੀ ਜੋਤ ਜਗੇ, ਦੇਵੇ ਹਰਿ ਸੱਚਾ ਭਗਵਾਨ, ਸ੍ਰਿਸ਼ਟ ਸਬਾਈ ਏਕਾ ਅਗਨ ਲੱਗੇ, ਨਾ ਕੋਈ ਸਕੇ ਹਰਿ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਘਨਕਪੁਰ ਵਾਸੀ ਸ੍ਰਿਸ਼ਟ ਸਬਾਈ ਕਰੇ ਦਾਸੀ, ਜਨ ਭਗਤਾਂ ਕਰੇ ਬੰਦ ਖਲਾਸੀ, ਦਰ ਘਰ ਸਾਚੇ ਆਪ ਕਰਾਏ ਜਾਣ ਪਛਾਣ । ਹੱਡ
ਹੱਡ ਜੋੜ ਜੋੜ, ਅੱਠੇ ਪਹਿਰ ਰਹੇ ਤੋੜ । ਪ੍ਰਭ ਅਬਿਨਾਸ਼ੀ ਵਾਗਾਂ ਮੋੜ । ਤੇਰੀ ਪੈ ਗਈ ਲੋੜ । ਕਾਇਆ ਲੱਗਾ ਝੂਠਾ ਕੋਹੜ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ ਇਕ ਰਿਹਾ ਤੋੜ ਵਿਛੋੜ । ਕਾਇਆ ਦੁੱਖ ਅਗਨ ਪਾਇਆ, ਕੋਈ ਨਾ ਲਏ ਸੌਖਾ ਸਾਹ ।
ਗਲੋਂ ਕਟ ਹਰਿ ਜੀ ਫਾਹ । ਆਪਣੀ ਦਇਆ ਦੇ ਕਮਾ । ਤਨ ਮਨ ਬੱਧਾ ਦੇ ਛੁਡਾ । ਆਤਮ ਜੋਤੀ ਦੀਪਕ ਜਗਾ । ਚਿੰਤਾ ਸੋਗ ਹਰਿ
ਗਵਾ । ਦਰਸ ਅਮੋਘ ਦੇ ਦਿਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨਈਆ ਦੇ ਚੜ੍ਹਾ । ਅੰਮ੍ਰਿਤ ਧਾਰ ਸਹਿਜ ਸੁਖਦਾਈ ਹੈ ।
ਕਾਇਆ ਰੋਗ ਦਏ ਸਰਬ ਗਵਾਈ ਹੈ । ਚਿੰਤਾ ਸੋਗ ਨਾ ਰਹੇ ਰਾਈ ਹੈ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਅੰਮ੍ਰਿਤ ਬੂੰਦ ਮੁਖ ਚੁਆਈ ਹੈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਆਂ ਜੰਤਾਂ ਤੇਰੇ ਹੱਥ ਵਡਿਆਈ ਹੈ । ਰੋਗ ਸੋਗ ਦੇਵੇ ਕਟ । ਆਪ ਮੇਟੇ ਲੱਗੇ ਫੱਟ । ਸ਼ਬਦ ਸਰੂਪੀ
ਉਤੇ ਬੰਨ੍ਹੇ ਸਾਚਾ ਪਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚੀ ਜੋਤ ਜਗਾਏ, ਵਸੇ ਘਟ ਘਟ । ਘਟ ਘਟ ਹਰਿ ਵਸੇਰਾ । ਦੁੱਖਾਂ

ਦਰਦਾਂ ਢਾਹੇ ਡੇਰਾ । ਸੋਹੰ ਸ਼ਬਦ ਰਸਨਾ ਗਾਏ, ਰੋਗ ਸੋਗ ਨਾ ਆਏ ਨੇੜਾ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਕਰੇ ਸਚ ਨਬੇੜਾ । ਕਾਇਆ ਅੰਦਰ ਸਾਚੇ ਮੰਦਰ ਤੋੜੇ ਜੰਦਰ, ਮੁਕਾਏ ਝੂਠਾ ਝੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਸਾਚੇ ਹਰੀ, ਆਪ ਵਸਾਏ ਕਾਇਆ ਨਗਰ ਖੇੜਾ । ਬਹੱਤਰ ਨਾੜੀ ਦਇਆ ਕਮਾਈ । ਤਿੰਨ ਸੌ ਸੱਠ ਹੱਡੀਆਂ ਕਾਇਆ ਵਿਚ ਟਿਕਾਈ । ਆਪੇ ਕਰੇ ਵਖੋ ਵੱਖ, ਆਪੇ ਦੇਵੇ ਜੋੜ ਜੁੜਾਈ । ਨਾ ਕੋਈ ਲੈਂਦਾ ਹਰਿ ਜੀ ਵੱਢੀ, ਸੋਹੰ ਦੇਵੇ ਨਾਮ ਸੱਚੀ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਏਕਾ ਦੇਵੇ ਮਾਣ ਸੱਚੀ ਸਰਨਾਈ । ਆਪ ਮਿਟਾਏ ਆਤਮ ਘੇਰ । ਫੇਰ ਨਾ ਹੋਏ ਦੂਜੀ ਵੇਰ । ਦੁੱਖਾਂ ਢਾਹੇ ਝੂਠਾ ਢੇਰ । ਆਪ ਭੁਲਾਏ ਕਰ ਕਰ ਹੇਰ ਫੇਰ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਸਾਚਾ ਸੀਰ ਪਿਲਾਏ ਕਰੇ ਆਪਣੀ ਮਿਹਰ । ਕਰੇ ਮਿਹਰ ਹਰਿ ਭਗਵਾਨ । ਦੇਵੇ ਜੀਆ ਸਾਚਾ ਦਾਨ । ਅੰਮ੍ਰਿਤ ਘੁੱਟ ਸਾਚਾ ਪੀਆ । ਦੁੱਖ ਦਰਦ ਸਭ ਮਿਟ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਵਾਲੀ ਦੋ ਜਹਾਨ । ਗੁਰਸਿਖਾਂ ਕਰੇ ਹਰਿ ਪਿਆਰ, ਰਿਹਾ ਤਾਰ ਹੈ । ਸਾਚਾ ਮਿਲਿਆ ਹਰਿ ਭਤਾਰ, ਸੁਖੀ ਹੋਈ ਗੁਰਸਿਖ ਨਾਰ ਹੈ । ਦਰ ਘਰ ਸਾਚੇ ਪਾਵੇ ਸਾਰ, ਮਾਨਸ ਜਨਮ ਰਿਹਾ ਸਵਾਰ ਹੈ । ਕਲਜੁਗ ਅੰਤ ਨਾ ਆਏ ਹਾਰ, ਲੱਖ ਚੁਰਾਸੀ ਗੇੜ ਨਿਵਾਰ ਹੈ । ਕਲਜੁਗ ਤਨ ਲੱਗੀ ਲਾਹੇ ਛਾਰ, ਅੰਮ੍ਰਿਤ ਪਿਆਏ ਸੱਚੀ ਧਾਰ ਹੈ । ਗੁਰਸਿਖਾਂ ਅੰਮ੍ਰਿਤ ਮੁਖ ਚੁਆਏ ਪਿਆਏ ਵਾਰੋ ਵਾਰ, ਖੋਲ੍ਹੇ ਦਸਮ ਦਵਾਰ ਹੈ । ਸਾਚੀ ਜੋਤ ਕਰੇ ਰੁਸ਼ਨਾਏ, ਮਿਟਾਏ ਅੰਧ ਅੰਧਿਆਰ ਹੈ । ਬੇਮੁਖ ਜੀਵ ਕਰਨ ਹਾਏ ਹਾਏ, ਨਾ ਮਿਲੇ ਕੋਇ ਥਾਂਏ, ਭੁੱਲੇ ਫਿਰਨ ਸਭੇ ਗਵਾਰ ਹੈ । ਦਰ ਘਰ ਸਾਚੇ ਮਿਲੇ ਨਿਥਾਵਿਆਂ ਥਾਂਏ, ਬਹਾਏ ਠੰਡੀ ਛਾਂਏ । ਪੂਰਬ ਕਰਮ ਰਿਹਾ ਵਿਚਾਰ ਹੈ । ਧੰਨ ਧੰਨ ਜਣੇਂਦੀ ਮਾਏ, ਗੁਰਮੁਖ ਸਾਚੇ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਰੰਗਾਏ, ਦੇਵੇ ਨਾਮ ਸ਼ਬਦ ਸੱਚੀ ਖੁਮਾਰ ਹੈ । ਨਾਮ ਖੁਮਾਰੀ ਸਚ ਅਟਾਰੀ, ਨਾ ਕੋਈ ਦਿਸੇ ਚਾਰ ਦੀਵਾਰੀ । ਏਕਾ ਏਕ ਹਰਿ ਜੀ ਵਸੇ, ਜਗਾਏ ਜੋਤ ਅਪਰ ਅਪਾਰੀ । ਬੇਮੁਖਾਂ ਆਤਮ ਅੰਧੇਰ ਹੋਈ ਜਿਉਂ ਚੰਦ ਮੱਸੇ, ਕਾਇਆ ਹੋਈ ਰੈਣ ਅੰਧਿਆਰੀ । ਗੁਰਮੁਖ ਸਾਚਾ ਦਰ ਘਰ ਸਾਚੇ ਸਦਾ ਸਦ ਵਸੇ, ਮਿਲਿਆ ਹਰਿ ਸੱਚਾ ਭਤਾਰੀ । ਫੜ ਫੜ ਬਾਹੋਂ ਵਸਾਏ ਘਰ, ਹਰਿ ਨਰ ਨਿਰੰਕਾਰੀ । ਹਰਿ ਘਰ ਸੱਚਾ ਟਿਕਾਣਾ । ਲੈ ਜਾਏ ਚੜ੍ਹਾਏ ਸ਼ਬਦ ਬਬਾਣਾ । ਓਥੇ ਕੋਇ ਨਾ ਜਾਏ, ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਸਾਚੇ ਧਾਮ ਬਹਾਏ, ਅੰਮ੍ਰਿਤ ਸਾਚਾ ਜਾਮ ਪਿਆਏ, ਦੇਵੇ ਨਾਮ ਨਿਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਗੁਣਵੰਤ ਹਰਿ ਭਗਵੰਤ, ਜੀਵ ਜੰਤ ਸਾਧ ਸੰਤ, ਆਦਿ ਅੰਤ ਦੇਂਦਾ ਆਇਆ ਮਾਣਾ । ਮਾਣ ਤਾਣ ਹਰਿ ਰਖਾਇੰਦਾ । ਸ਼ਬਦ ਬਬਾਣ ਹਰਿ ਚੜ੍ਹਾਇੰਦਾ । ਇਕ ਉਡਾਨ ਹਰਿ ਕਰਾਇੰਦਾ । ਸਚ ਅਸਥਾਨ ਗੁਰਮੁਖ ਸਾਚੇ ਆਪ ਵਖਾਇੰਦਾ । ਓਥੇ ਛੁੱਟੇ ਪੀਣ ਖਾਣ, ਅੰਮ੍ਰਿਤ ਜਾਮ ਇਕ ਪਿਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਇਕੱਲੜਾ ਵਸੇ ਧਾਮ ਅਵਲੜਾ, ਗੁਰਮੁਖ ਸਾਚੇ ਹਿਰਦੇ ਵਾਚੇ, ਹਰਿ ਜੀ ਤੇਰੇ ਦਰ ਘਰ ਆਤਮ ਨਾਚੇ, ਨਾ ਭੇਵ ਕੋਈ ਰਖਾਇੰਦਾ । ਨਾ ਭੇਵ ਕੋਈ ਰਖਾਇਆ । ਮਾਇਆ ਪਰਦਾ ਹਰਿ ਜੀ ਲਾਹਿਆ । ਜੋਤ ਸਰੂਪੀ ਪ੍ਰਗਟ ਜੋਤ, ਦਰਸ ਅਮੋਘ ਦਿਖਾਇਆ । ਨਾ ਹੋਏ ਕਦੇ ਵਿਜੋਗ, ਸਚ ਸੰਜੋਗ ਧੁਰਦਰਗਾਹੀ ਸਾਚਾ ਲੇਖ ਆਪ ਲਿਖਾਇਆ । ਸਾਚਾ ਰਸ ਲੈਣਾ ਭੋਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਅੰਮ੍ਰਿਤ ਧਾਰ ਗੁਰਸਿਖਾਂ ਪਾ ਸਾਰ ਦੇਵੇ ਮੁਖ ਚੁਆਇਆ । ਅੰਮ੍ਰਿਤ ਧਾਰ ਜਗਤ ਨਿਰਾਲੀ । ਗੁਰਸਿਖਾਂ ਆਤਮ ਦੀਪਕ ਬਾਲੀ । ਚੜ੍ਹਦੀ ਜਾਏ
ਦਿਨੋਂ ਦਿਨ ਗੁਰਸਿਖ ਤੇਰੇ ਮਸਤਕ ਲਾਲੀ । ਆਉਂਦੀ ਜਾਏ ਦਰ ਘਰ ਸਾਚੇ, ਸ਼ਰਮਾਉਂਦੇ ਜਗੇ ਜੋਤ ਭਵਾਨੀ । ਨਿਹਕਲੰਕ ਨਰਾਇਣ ਨਰ ਧਰਨੀ
ਧਰ, ਸਾਚਾ ਹਰਿ ਦੇਵੇ ਵਰ, ਕਿਰਪਾ ਕਰ ਚੁੱਕੇ ਡਰ, ਨੁਹਾਏ ਅੰਮ੍ਰਿਤ ਸਾਚੇ ਸਰ, ਦੇਵੇ ਸੱਚੀ ਨਾਮ ਨਿਸ਼ਾਨੀ । ਦੀਆ ਨਾਮ ਹਰਿ ਧੰਨਵੰਤ ।
ਗੁਰਸਿਖ ਆਏ ਚਲ ਸਰਨਾਈ, ਹਰਿ ਘਰ ਸਾਚੇ ਸੰਤ । ਬੇਮੁਖਾਂ ਹਰਿ ਦਏ ਦੁਰਕਾਈ, ਮਾਇਆ ਪਾਏ ਬੇਅੰਤ । ਆਪਣਾ ਭੇਵ ਰਿਹਾ ਛੁਪਾਈ,
ਨਾ ਮੇਲ ਮਿਲਾਵਾ ਕਿਸੇ ਸਾਚੇ ਕੰਤ । ਗੁਰਮੁਖਾਂ ਬੱਧਾ ਸਾਚਾ ਦਾਅਵਾ, ਪ੍ਰਭ ਅਬਿਨਾਸ਼ੀ ਅੱਗੋਂ ਮਿਲਦਾ ਕਰ ਕੇ ਲੰਮੀਆਂ ਬਾਹਵਾਂ, ਆਣ ਬਾਣ
ਜੁਗਾ ਜੁਗੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਰਿ ਜੋਤ ਸਰੂਪੀ ਸਮਾਏ ਵਿਚ ਜੀਵ ਜੰਤ । ਜੀਅ ਜੰਤ ਜੋਤ ਅਧਾਰੀ । ਸਾਧਾਂ
ਸੰਤਾਂ ਪਾਏ ਸਾਰੀ । ਆਪ ਬਿਠਾਏ ਆਪਣੇ ਚਰਨ ਦਵਾਰੀ । ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਸਾਚਾ ਸੀਰ ਪਿਆਏ, ਬਜ਼ਰ ਕਪਾਟੀ ਚੀਰ ਵਖਾਏ,
ਏਕਾ ਨਾਮ ਤੀਰ ਲਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਆਪ ਮਿਟਾਏ, ਸੰਗ ਮੁਹੰਮਦ ਚਾਰ ਯਾਰੀ । ਸੰਗ ਮੁਹੰਮਦ
ਚਾਰ ਯਾਰ । ਅੰਤਮ ਕਲਜੁਗ ਹੋਣ ਖੁਆਰ । ਡੁੱਬਦੇ ਜਾਣ ਵਹਿੰਦੀ ਧਾਰ । ਕੁਰਾਨ ਅੰਜੀਲ ਕੋਇ ਨਾ ਸੁਣੇ ਪੁਕਾਰ । ਖਾਣੀ ਬਾਣੀ ਕਲਜੁਗ
ਅੰਤਮ ਪਛਤਾਉਣੀ, ਵੇਲੇ ਅੰਤ ਆਈ ਹਾਰ । ਪੁਰਾਨ ਅਠਾਰਾਂ ਵੇਦ ਚਾਰ ਪਾਵੇ ਸਾਰ, ਹੋਏ ਖੁਆਰ ਨਾ ਕੋਇ ਬੰਧੇ ਧਾਰ, ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਏਕਾ ਸ਼ਬਦ ਮਾਤ ਚਲਾਏ, ਤਿੰਨਾਂ ਲੋਕਾਂ ਹਰਿ ਦਏ ਜਣਾਏ, ਆਪ ਰਖਾਏ ਆਪਣੀ ਸੱਚੀ ਧਾਰ । ਏਕਾ ਧਾਰ ਸੱਚੀ ਰਖਾਇੰਦਾ ।
੧੩ ੦੪ ਚਾਰ ਵਰਨ ਸਾਚੀ ਸਰਨ ਖੋਲ੍ਹੇ ਹਰਨ ਫਰਨ ਕਿਰਪਾ ਕਰੇ ਧਰਨੀ ਧਰ, ਜੋ ਜਨ ਚਰਨੀ ਸੀਸ ਨਿਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੧੩ ੦੪
ਅੰਮ੍ਰਿਤ ਸੀਰ ਕੱਢੇ ਹਉਮੇ ਪੀੜ, ਗੁਰਸਿਖਾਂ ਆਤਮ ਸ਼ਾਂਤ ਕਰਾਇੰਦਾ । ਆਤਮ ਸ਼ਾਂਤ ਕਰਾਏ ਸੀਨਾ । ਹਰਿ ਜੀ ਵਡਾ ਦਾਨਾ ਬੀਨਾ । ਅੰਮ੍ਰਿਤ
ਘੁੱਟ ਸਾਚਾ ਪੀਣਾ । ਸਦਾ ਸਦ ਵਿਚ ਮਾਤ ਜਗ ਜੀਣਾ । ਸਚ ਦਾਤ ਹਰਿ ਝੋਲੀ ਪਾਏ, ਗੁਰਸਿਖ ਤੇਰੀ ਡੋਲੀ ਆਪਣੀ ਕੰਧੀਂ ਆਪ ਉਠਾਏ,
ਬਿਠਾਏ ਵਿਚ ਸ਼ਬਦ ਸੱਚੇ ਬਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਅੰਮ੍ਰਿਤ ਧਾਰ ਕਰ ਪਿਆਰ ਪਾਈ ਸਾਰ, ਹੋ ਤਿਆਰ
ਧੁਰਦਰਗਾਹੀ ਆਇਆ ਦਰ ਦਰਬਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤ੍ਰਿਸ਼ਨਾ ਭੁੱਖ ਦਏ ਗਵਾਏ । ਸਚ ਧਾਮ ਸਚ ਦਵਾਰ,
ਮਾਤਲੋਕ ਆਇਆ ਨਰ ਹਰਿ ਹਰਿ ਨਰ ਪਹਿਲੀ ਵਾਰ । ਅਚਰਜ਼ ਖੇਲ ਆਪ ਕਰਾਇਆ । ਜੋਤ ਸਰੂਪੀ ਭੇਖ ਵਟਾਇਆ । ਕਿਸੇ ਹਿੱਸੇ ਨਾ
ਹਰਿ ਜੀ ਆਇਆ । ਏਕਾ ਆਤਮ ਗੁਰਸਿਖ ਤੇਰੀ ਦਿਸੇ, ਦੂਸਰ ਨਾਹੀਂ ਕੋਇ ਥਾਂਇਆ । ਆਪ ਉਤਾਰੇ ਆਤਮ ਝੂਠੀ ਵਿਸੇ, ਅੰਮ੍ਰਿਤ ਦੇਵੇ
ਜਾਮ ਪਿਆਇਆ । ਗੁਰਮੁਖ ਸਾਚੇ ਦਰ ਘਰ ਸਾਚੇ ਨਵਾਇਣ ਸੀਸੇ, ਪ੍ਰਭ ਸਾਚਾ ਦੇਵੇ ਸੀਸ ਛਤਰ ਝੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਅੰਮ੍ਰਿਤ ਦੇਵੇ ਸਾਚਾ ਸੀਰ ਕਾਇਆ ਧੀਰ, ਗੁਰਮੁਖਾਂ ਮੁਖ ਚਵਾਇਆ । ਗੁਰ ਪੂਰਾ ਪੂਰੀ ਵਡਿਆਈ ਹੈ । ਗੁਰ ਪੂਰਾ ਰਸਨਾ ਭੋਗ
ਰਿਹਾ ਲਗਾਈ ਹੈ । ਗੁਰ ਪੂਰਾ ਸੱਚਾ ਸੂਰਾ ਹਾਜ਼ਰ ਹਜ਼ੂਰਾ, ਨਾ ਰੱਖੇ ਭੇਵ ਰਾਈ ਹੈ । ਬੇਮੁਖਾਂ ਦਿਸੇ ਦੂਰਾ, ਰਿਹਾ ਮੁਖ ਛੁਪਾਈ ਹੈ । ਸਰਬ
ਕਲਾ ਨਰ ਹਰਿ ਹਰਿ ਨਰ ਭਰਪੂਰਾ, ਦੇਵੇ ਸ਼ਬਦ ਸੱਚੀ ਵਡਿਆਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੈਣ ਸਬਾਈ ਗੁਰ ਸੰਗਤ

ਰਿਹਾ ਬਣਤ ਬਣਾਈ ਹੈ । ਭਾਗਾਂ ਭਰੀ ਭਿੰਨੜੀ ਰੈਣ । ਗੁਰ ਸੰਗਤ ਸੰਗ ਏਕਾ ਧਾਮ ਵਸੇ, ਵੇਖੇ ਸਾਰੇ ਨੈਣ । ਪ੍ਰਗਟ ਜੋਤ ਰਾਹ ਸਾਚਾ
ਦੱਸੇ, ਗੁਰ ਸੰਗਤ ਬਣਾਏ ਭਾਈ ਭੈਣ । ਬੇਮੁਖ ਦਰ ਤੋਂ ਜਾਇਣ ਨੱਸੇ, ਖਾਏ ਮਾਇਆ ਡੈਣ । ਮਾਇਆ ਰਾਣੀ ਦਰ ਘਰ ਸਾਚੇ ਖਿੜ ਖਿੜ
ਹੱਸੇ, ਬੇਮੁਖਾਂ ਵਹਾਏ ਵਹਿੰਦੇ ਵਹਿਣ । ਝੂਠੀ ਫਾਹੀ ਬੇਮੁਖ ਜੀਵ ਫਸੇ, ਧਰਮ ਰਾਏ ਚੁਕਾਏ ਲੈਣ ਦੇਣ । ਆਤਮ ਤੀਰ ਹਰਿ ਜੀ ਕਸੇ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬਣੇ ਮਾਤ ਪਿਤ ਭੈਣ ਭਾਈ ਸਾਕ ਸੱਜਣ ਸੈਣ । ਸਾਕ ਸੱਜਣ ਸੈਣ ਸਾਚਾ ਮੀਤ । ਅੱਠੇ ਪਹਿਰ ਰਾਖੇ
ਚੀਤ । ਗੁਰਸਿਖ ਸਾਚੇ ਸੰਤ ਜਨਾਂ, ਨਾ ਡੋਲੇ ਕਦੇ ਨੀਤ । ਸਾਚਾ ਦੇਵੇ ਨਾਮ ਧਨਾ, ਕਾਇਆ ਕਰੇ ਠੰਡੀ ਸੀਤ । ਸਾਚਾ ਸ਼ਬਦ ਸੁਣਾਏ ਹਰਿ
ਕੰਨਾਂ, ਇਕ ਸੁਹਾਗੀ ਗੀਤ । ਭਾਂਡਾ ਭਰਮ ਹਰਿ ਭੰਨਾ, ਮਾਨਸ ਜਨਮ ਜਾਣਾ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ
ਜਗਾਏ, ਸਤਿਜੁਗ ਸਾਚਾ ਮਾਤ ਧਰਾਏ, ਕਲਜੁਗ ਝੂਠਾ ਬਾਹਰ ਕਢਾਏ, ਆਪ ਚਲਾਏ ਸਾਚੀ ਰੀਤ । ਸਾਚੀ ਰੀਤ ਜਗਤ ਚਲਾਉਣੀ । ਗੁਰਮੁਖਾਂ
ਲੱਗੀ ਪ੍ਰੀਤ ਤੋੜ ਨਿਭਾਉਣੀ । ਆਪ ਕਰਾਏ ਕਾਇਆ ਠੰਡੀ ਸੀਤ, ਸ਼ਬਦ ਵਸਤ ਵਿਚ ਟਿਕਾਉਣੀ । ਨਾ ਕਿਸੇ ਮੰਦਰ ਨਾ ਮਸੀਤ, ਉਲਟੀ
ਹਰਿ ਜੀ ਏਕਾ ਰੱਖੀ ਰੀਤ, ਗੁਰਮੁਖ ਆਤਮ ਏਕਾ ਧਾਮ, ਏਕਾ ਸ਼ਾਮ, ਹਰਿਆ ਕਰੇ ਸੁੱਕਾ ਚਾਮ, ਸੋਹੰ ਸ਼ਬਦ ਧਾਰ ਬੰਧਾਉਣੀ । ਸੋਹੰ ਸ਼ਬਦ
ਤਿੱਖੀ ਧਾਰ । ਗੁਰ ਪੂਰਾ ਗੁਰਸਿਖੀ ਆਪੇ ਲਏ ਵਿਚਾਰ । ਦਰ ਮੰਗਣ ਸਾਚੇ ਭਿਖੀ, ਸਾਚੀ ਰੇਖ ਹਰਿ ਜੀ ਲਿਖੀ, ਦੇਵੇ ਸਚ ਭੰਡਾਰ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਉਠਾਏ ਡੋਲੀ, ਬਣ ਜਾਏ ਗੋਲੀ, ਸਾਚਾ ਬਣ ਆਪ ਕਹਾਰ । ਗੁਰਮੁਖਾਂ ਡੋਲੀ ਆਪ ਉਠਾਇੰਦਾ ।
੧੪ ਬੇਮੁਖਾਂ ਬੋਲੀ ਹਰਿ ਵਿਆਹਿੰਦਾ । ਤੋਰੀ ਜਾਏ ਹੌਲੀ ਹੌਲੀ, ਸ਼ਬਦ ਡੋਰੀ ਹੱਥ ਫੜਾਇੰਦਾ । ਨਾ ਕੋਈ ਸਰ ਸਰੋਵਰ ਨਾ ਕੋਈ ਕੂੰਆਂ ਬੌਲੀ, ਆਤਮ ੧੪
੦੪ ਤੀਰਥ ਇਸ਼ਨਾਨ ਕਰਾਇੰਦਾ । ਗੁਰਸਿਖ ਤੇਰੀ ਕਾਇਆ ਆਤਮ ਭੋਲੀ, ਪ੍ਰਭ ਹਉਮੈ ਪੀੜ ਗਵਾਇੰਦਾ । ਬਜ਼ਰ ਕਪਾਟੀ ਆਪੇ ਖੋਲ੍ਹੀ, ਪੂਰੇ ਤੋਲ ੦੪
ਗੁਰਸਿਖ ਤੇਰੀ ਆਤਮ ਤੋਲੀ, ਨਾ ਘਾਟ ਕੋਈ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚਾ ਨਾਮ ਏਕਾ ਹੱਟ ਵਿਕਾਇੰਦਾ ।
ਪੁਰਖ ਅਬਿਨਾਸ਼ੀ ਦਇਆ ਕਮਾਇਆ । ਸਾਚਾ ਹੱਟ ਹਰਿ ਖੁਲ੍ਹਾਇਆ । ਨਾ ਕੋਈ ਤੀਰਥ ਨਾ ਕੋਈ ਤਟ, ਨਾ ਕੋਈ ਤਾਲ ਜਲ ਭਰਾਇਆ ।
ਨਾ ਕੋਈ ਬੰਨਾ ਨਾ ਕੋਈ ਵੱਟ, ਵਸੇ ਘਟ ਘਟ ਅੰਮ੍ਰਿਤ ਸਾਚਾ ਆਤਮ ਰਖਾਇਆ । ਬੇਮੁਖ ਜੀਵ ਝੂਠਾ ਖੇਲ ਜਿਉਂ ਬਾਜ਼ੀਗਰ ਨਟ, ਨਾ ਭੇਵ
ਜਾਣੇ ਜਾਣ ਪਛਾਣੇ ਰਿਹਾ ਹਰਿ ਛੁਪਾਇਆ । ਗੁਰਸਿਖ ਤੇਰੀ ਆਤਮ ਲਾਏ ਸੋਹੰ ਸ਼ਬਦ ਸਾਚੀ ਸੱਟ, ਪਰਦਾ ਉਹਲਾ ਦਏ ਚੁਕਾਇਆ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਮਸਤਕ ਧੂੜ ਲਗਾਏ, ਰਸਨਾ ਰਸ ਸਾਚਾ ਲਿਆ ਚੱਟ, ਅਗਿਆਨ ਅੰਧੇਰ ਸਰਬ ਮਿਟਾਇਆ । ਮਿਟੇ
ਅਗਿਆਨ ਅੰਧੇਰ ਜੋਤ ਜਗਾਈਆ । ਨਾ ਕੋਈ ਸੰਞ ਸਵੇਰ, ਏਕਾ ਵੇਰ ਕਰ ਕਰ ਹੇਰ ਫੇਰ, ਦੀਪਕ ਜੋਤੀ ਸੱਚੀ ਆਪ ਟਿਕਾਈਆ । ਪ੍ਰਗਟ
ਹੋ ਸ਼ੇਰ ਦਲੇਰ, ਬੇਮੁਖਾਂ ਮਾਰੇ ਘੇਰ ਘੇਰ । ਲਾੜੀ ਮੌਤ ਮਗਰ ਲਾਈਆ । ਆਪੇ ਛੇੜੇ ਛੇੜ, ਧਰਤ ਮਾਤ ਤੇਰਾ ਖੁਲ੍ਹਾ ਕਰੇ ਵਿਹੜ, ਦਰਗਹਿ
ਸਾਚੀ ਖੇਲ ਰਚਾਈਆ । ਦੋਹਾਂ ਧਿਰਾਂ ਦਾ ਝਗੜਾ ਕਰਿਆ ਨਬੇੜ । ਦੋਹੀਂ ਹੱਥੀਂ ਲਾਏ ਦੋਹਾਂ ਉਖੇੜ । ਮਾਰੇ ਇਕ ਲਫੇੜ, ਆਪਣਾ ਭਾਣਾ
ਨਾ ਕਿਸੇ ਜਣਾਏ, ਮਾਰੇ ਭੇੜ ਭੇੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਚੱਕੀ ਆਪ ਬਣਾਈ । ਕਲਜੁਗ ਸਤਿਜੁਗ ਦੋਵੇਂ ਪੁੜ,

ਸੋਹੰ ਕਿਲੀ ਵਿਚ ਰਖਾਈ । ਪੰਚਮ ਜੇਠ ਦੇਵੇ ਗੇੜਾ, ਬੇਮੁਖਾਂ ਰਿਹਾ ਪਿਸਾਈ । ਦੇਵੇ ਗੇੜਾ ਕਰੇ ਨਬੇੜਾ, ਕੋਇ ਜੀਵ ਰਹਿਣ ਨਾ ਪਾਈ ।
ਵੇਖੇ ਆਪੇ ਛੇੜੇ ਛੇੜਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਰਿਹਾ ਛੁਪਾਈ । ਸਾਚੀ ਖੇਲ ਹਰਿ ਕਰ । ਕਲਜੁਗ ਸਤਿਜੁਗ
ਇਕ ਦੂਜੇ ਦੇ ਉਪਰ ਲਏ ਧਰ । ਆਪੇ ਭੰਨੇ ਭੰਨ ਵਖਾਏ, ਲੱਖ ਚੁਰਾਸੀ ਲਈ ਘੜ । ਆਪੇ ਡੰਨੇ ਡੰਨ ਲਗਾਏ, ਕੋਇ ਨਾ ਸਕੇ ਅੱਗੇ ਅੜ ।
ਗੁਰਸਿਖ ਚੜ੍ਹਾਏ ਸਾਚੇ ਚੰਨੇ, ਦਰ ਦਵਾਰੇ ਅੱਗੇ ਖੜ੍ਹ । ਇਕ ਦੂਜੇ ਨਾਲ ਮਿਲਾਏ ਬੰਨੇ ਨਾਲ ਬੰਨੇ, ਘਨਕਪੁਰ ਵਾਸੀ ਹੀਰਾ ਘਾਟ ਉਪਰ ਖੜ੍ਹ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਪਾਣੀ ਪੀਣ ਨਾ ਦੇਵੇ ਵਿਚ ਥਾਲੀ ਛੰਨੇ, ਕਲਜੁਗ ਜੀਵ ਝੂਠੇ ਜੂਠੇ ਦੇਵੇ ਛੜ । ਆਉਂਦੀ ਜਾਏ
ਪਹਿਲੀ ਹਾੜ । ਏਕਾ ਉਠੇ ਰੁਸਾ ਧਾੜ । ਚਾਰੋਂ ਤਰਫ ਹੋ ਜਾਏ ਵਾੜ । ਧਰਮ ਰਾਏ ਦੀ ਸਚ ਦੁਲਾਰੀ ਮੌਤ ਲਾੜੀ, ਵਿਆਹਵਣ ਆਏ ਬੇਮੁਖ
ਜੀਵ ਸਾਰੇ ਲਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦੋਹੀਂ ਹੱਥੀਂ ਰਿਹਾ ਸਾੜ ਪਾੜ । ਲਾੜੀ ਮੌਤ ਆਈ ਦਰ । ਪ੍ਰਭ
ਅਬਿਨਾਸ਼ੀ ਸਾਚੇ ਘਰ । ਇਕੋ ਦੇ ਦੇ ਸਾਚਾ ਵਰ । ਲੱਖ ਚੁਰਾਸੀ ਪੁਰਖ ਅਬਿਨਾਸ਼ੀ ਮੈਂ ਲਵਾਂ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਅੰਤਮ ਕਲਜੁਗ ਨੇੜੇ ਆਇਆ, ਸਿਰ ਮੇਰੇ ਉਪਰ ਹੱਥ ਧਰ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਲਾੜੀ ਮੌਤ ਭੱਜੀ ਆਈ ਚਾਈਂ ਚਾਈਂ ।
ਫੜ ਕੇ ਬਾਹੋਂ ਲਾੜੀ ਮੌਤ ਵਿਚ ਮਾਤ ਪਾਏ ਰਾਹੀਂ । ਪਹਿਲੀ ਕੂਟ ਇਕ ਵਖਾਣੀ, ਮੱਕਾ ਮਦੀਨਾ ਪਹਿਲੇ ਢਾਹੀਂ । ਉਚ ਮੁਨਾਰਾ ਕੋਈ ਛੱਡੀ
੧੫ ਨਾ । ਦੂਜਾ ਹੁਕਮ ਦੇਵਾਂ ਫੇਰ ਸੁਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਰ ਦੁਰਾਡਾ ਹਰਿ ਜੀ ਵਸੇ, ਆਪਣੇ ਭਾਣੇ ਸ਼ਬਦ ਤੂਰ ਰਿਹਾ ੧੫
੦੪ ਵਜਾ । ਲਾੜੀ ਮੌਤ ਚੜ੍ਹਿਆ ਚਾਅ । ਹਰਿ ਜੀ ਸਾਚੇ ਕਿਰਪਾ ਕਰ, ਮੈਂ ਪਹਿਲਾਂ ਮਾਰਾਂ ਕਿਹੜਾ ਥਾਂ । ਮੁੱਲਾਂ ਮਸੀਤ ਮਾਰ ਮੈਂ ਢਾਹਵਾਂ । ੦੪
ਪੀਰ ਫ਼ਕੀਰ ਔਲੀਏ ਗੌਂਸ ਨਾ ਕੋਈ ਮਾਰੇ ਧੌਂਸ, ਪਾਣੀ ਪੀਣ ਕਿਸੇ ਦੇਵੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਔਧ
ਮੁਕਾਈ, ਵੇਲਾ ਗਿਆ ਕਿਸੇ ਹੱਥ ਨਾ ਆਈ, ਨਾ ਕੋਈ ਫੜੇ ਕਿਸੇ ਬਾਂਹ । ਲਾੜੀ ਮੌਤ ਹੋ ਤਿਆਰ । ਪ੍ਰਭ ਅਬਿਨਾਸ਼ੀ ਜਾਂਦੀ ਵਾਰੀ ਦੇਵੇ
ਦੋ ਹੱਥਾਂ ਦਾ ਇਕ ਪਿਆਰ । ਸਾਚਾ ਵਰ ਝੋਲੀ ਪਾਈਂ, ਨਾ ਸਿਰ ਮੇਰੇ ਤੋਂ ਹੱਥ ਉਠਾਈਂ, ਮੈਂ ਘਰ ਘਰ ਰਵਾਵਾਂ ਨਰ ਨਾਰ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰੀ ਬੇਮੁਖ ਜੀਵਾਂ ਸਾਢੇ ਤਿੰਨ ਹੱਥ ਦੇਵਾਂ ਸੀਆਂ । ਸਾਚੀ ਫੇਰਾਂ ਜਗਤ ਬਹਾਰੀ । ਚਾਰ ਕੁੰਟਾਂ
ਵਾਰੋ ਵਾਰੀ । ਪਹਿਲਾਂ ਮੁਕਾਵਾਂ ਸੰਗ ਮੁਹੰਮਦ ਚਾਰ ਯਾਰੀ । ਦੂਜੀ ਕੂਟੇ ਜਾਵਾਂ, ਮਾਰਾਂ ਬੂਰੇ ਕੱਕੇ । ਜਿਨ੍ਹਾਂ ਕੋਲੋਂ ਸਾਰੇ ਅੱਕੇ । ਚਾਰੋਂ ਤਰਫ
ਪੈਣ ਧੱਕੇ । ਪ੍ਰਭ ਅਬਿਨਾਸ਼ੀ ਧਰਮ ਰਾਏ ਦੇ ਦਵਾਰੇ ਧੱਕੇ । ਨਾ ਕੋਈ ਮਿਲੇ ਕਿਸੇ ਮਦੀਨੇ ਮੱਕੇ । ਘਰ ਘਰ ਰਹਿ ਜਾਣ ਖਾਣੇ ਪੱਕੇ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਖੇਲ ਆਪ ਵਖਾਏ, ਨਾ ਭੇਵ ਕਿਸੇ ਜਣਾਏ, ਨਾ ਦਿਸ ਕਿਸੇ ਆਏ, ਗੁਰਮੁਖ ਸਾਚੇ ਵਿਚ ਸਮਾਏ । ਫੜਿਆਂ
ਹੱਥ ਕਿਸੇ ਨਾ ਆਏ । ਮਾਰ ਉਡਾਰ ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾਏ । ਕਲਜੁਗ ਜੀਆਂ ਆਇਆ ਪਾਸਾ ਹਾਰੀ, ਨਾ ਹੋਏ ਕੋਈ
ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਵੰਡੀ ਵਿਚ ਵਰਭੰਡੀ । ਮੌਤ ਲਾੜੀ ਪਾਈ ਏਕਾ ਸਿਧੀ ਡੰਡੀ । ਨਾ ਫੇਰ ਵਖਾਏ
ਕੰਡੀ । ਪਹਿਲਾਂ ਜਾ ਖੜਕਾਈ ਚੰਡੀ । ਨਾ ਕੋਈ ਦਿਸੇ ਸੁਹਾਗਣ ਨਾਰ, ਘਰ ਘਰ ਦਿਸੇ ਨਾਰ ਰੰਡੀ । ਕਲਜੁਗ ਜੀਵ ਹੋਏ ਖਵਾਰ, ਆਪ

ਮਿਟਾਵੇ ਸਰਬ ਪਖੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਹੱਥ ਰਖਾਇਆ, ਸਭ ਦੀ ਲਾਹੁੰਦਾ ਜਾਏ ਝੰਡੀ । ਫੜਿਆ ਸ਼ਬਦ ਹੱਥ ਹਥੌੜਾ । ਦੂਜਾ ਅਸਵ ਮਾਰੇ ਪੌੜਾ । ਧੁਰਦਰਗਾਹੀ ਆਇਆ ਦੌੜਾ । ਚਿੱਟਾ ਅਸਵ ਸਤ ਸਫ਼ੇਦੀ ਘੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਅੰਮ੍ਰਿਤ ਸਾਚਾ ਜਾਮ ਪਿਆਏ ਨਾ ਮਿੱਠਾ ਨਾ ਕੌੜਾ । ਲਾੜੀ ਮੌਤ ਮਾਤ ਆਈ, ਉਠ ਉਠ ਵੇਖੇ ਸਾਰੇ ਥਾਈਂ । ਪ੍ਰਭ ਅਬਿਨਾਸ਼ੀ ਕਿਰਪਾ ਕਰ ਵਖਾਲ ਦਰ, ਫੜ ਕੇ ਦੋਵੀਂ ਬਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਚੇ ਲੇਖ ਸਰਬ ਲਿਖਾਏ, ਭਰਮ ਭੁਲੇਖਾ ਨਾਹੀਂ । ਭਰਮ ਭੁਲੇਖਾ ਨਾ ਕੋਈ ਰਖਾਉਣਾ । ਜੋ ਲਿਖਾਉਣਾ ਸੋ ਵਰਤਾਉਣਾ । ਰਾਜਾ ਰਾਣਾ ਸਰਬ ਪਛਤਾਉਣਾ । ਨਿਹਕਲੰਕ ਕਿਸੇ ਦਿਸ ਨਾ ਆਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਇਆ ਕਮਾਏ, ਦੇ ਮਤ ਆਪ ਸਮਝਾਉਣਾ । ਹਰਿ ਦੇਵੇ ਸੱਚੀ ਮਤ, ਨਾਮ ਤੱਤ ਆਤਮ ਜਤ, ਸੱਚੀ ਧੀਰ ਰੱਖੇ ਪਤਿ, ਜਾਣੇ ਮਿਤ ਗਤ, ਮਾਨਸ ਜਨਮ ਨਾ ਆਏ ਹਾਰ । ਆਪੇ ਮਾਤ ਪਿਤ, ਆਤਮ ਕਾਇਆ ਦੇਵੇ ਸਿਤ, ਅੰਮ੍ਰਿਤ ਝਿਰਨਾ ਝਿਰਾਏ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਗਾਏ ਨਿਤ ਨਵਿਤ, ਕਰ ਕਰ ਹਿੱਤ, ਗੁਰਮੁਖਾਂ ਬਣੇ ਸਾਚਾ ਮਿਤ, ਕਰਦਾ ਰਹੇ ਸਦਾ ਪਿਆਰ । ਗੁਰਮੁਖ ਜੀਓ ਕਰ ਕਰ ਹੀਆ । ਨਿਰਮਲ ਕਰੋ ਸਾਚਾ ਜੀਆ । ਸਾਚਾ ਬੀਜ ਹਰਿ ਜੀ ਬੀਆ । ਜਿਸ ਦਾ ਨਾ ਕੋਈ ਪੁੱਤਰ ਨਾ ਕੋਈ ਧੀਆ । ਏਕਾ ਵੇਸ ਹਰਿ ਦਰਵੇਸ਼ ਮਾਝੇ ਦੇਸ ਕੀਆ । ਰੱਖੇ ਖੁਲ੍ਹੜੇ ਕੇਸ ਨਰ ਨਰੇਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਰਖਾਏ ਆਪਣੀ ਹੱਥੀਂ ਸਾਚੀ ਨੀਂਹਾ । ਦਿੱਲੀ ਹਰਿ ਜੀ ਦਏ ਦਿਲਾਸਾ । ਆਪੇ ਵੇਖੇ
੧੯ ੦੪ ਖੜ੍ਹ ਤਮਾਸ਼ਾ । ਚਰਨ ਕਰਾਏ ਪਾਰ ਬਿਆਸਾ । ਸਾਚਾ ਕਰੇ ਆਪਣਾ ਵਾਸਾ । ਸੋਹੰ ਸ਼ਬਦ ਚਲਾਏ ਸਵਾਸ ਸਵਾਸਾ । ਗੁਰਮੁਖ ਸਾਚੇ ਸੰਤ ੧੯ ੦੪
ਜਨ, ਆਪ ਬਣਾਏ ਜਿਉਂ ਕੰਚਨ ਪਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਆਪਣਾ ਕਰੇ ਆਪੇ ਵਾਸਾ । ਦਿੱਲੀ ਵੇਖੇ ਵੇਖ ਵਿਚਾਰੇ । ਕਰੇ ਖੇਲ ਹਰਿ ਨਿਰੰਕਾਰੇ । ਅੱਸੂ ਤਿੰਨ ਨੇੜੇ ਆਏ, ਗੁਰਸਿਖਾਂ ਵਾਜਾਂ ਮਾਰੇ । ਬੇਮੁਖਾਂ ਆਤਮ ਹੋਈ ਹੰਕਾਰੇ, ਸੀਨੇ ਪਾੜੇ । ਲੇਖਾ ਲਏ ਗਿਣ ਗਿਣ, ਆਪੇ ਪਰਖੇ ਚੰਗੇ ਮਾੜੇ । ਜੋਤ ਪ੍ਰਗਟਾਏ ਘੜੀ ਘੜੀ ਛਿਨ ਛਿਨ, ਭਰਮ ਭੁਲੇਖੇ ਲਾਹੇ ਸਾਰੇ । ਗੁਰਸਿਖ ਸਾਚੇ ਦਰ ਬਹਾਏ ਦਿਨ ਦਿਹਾੜੇ । ਕਲਜੁਗ ਵੇਲਾ ਨੇੜੇ ਆਏ, ਬੇਮੁਖ ਜੀਵ ਧਰਮ ਰਾਏ ਤੇਰੇ ਬਣਾਏ ਟੱਟੂ ਭਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਕੁੰਡਾ ਆਪੇ ਲਾਹਿਆ, ਸਾਚਾ ਦਰ ਇਕ ਖੁਲ੍ਹਾਇਆ । ਬੇਮੁਖ ਸਾਰੇ ਇਕੋ ਵਾਰ ਏਥੇ ਵਾੜੇ । ਸਾਚਾ ਕੁੰਡਾ ਆਪ ਖੜਕਾ । ਦੋਹੀਂ ਹੱਥੀਂ ਦਰ ਦਿਤਾ ਖੁਲ੍ਹਾ । ਨਾ ਕੋਈ ਵਾਰ ਨਾ ਕੋਈ ਥਿਤ, ਸੁਤਿਆਂ ਜੀਆਂ ਪ੍ਰਭ ਆਪ ਸਵਾਏ, ਨਾ ਬੱਚੇ ਉਠਾਏ ਸੁੱਤੇ ਮਾਂ । ਵੇਲਾ ਅੰਤਮ ਨੇੜੇ ਆਇਆ, ਗੁਰਸਿਖ ਤੇਰਾ ਨਗਰ ਖੇੜਾ ਹਰਿ ਜੀ ਇਕ ਵਸਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸੁੰਞ ਮਸਾਣ ਕਰਾਈ, ਘਰ ਘਰ ਉਡਦੇ ਦਿਸਣ ਕਾਂ । ਸ੍ਰਿਸ਼ਟ ਸਬਾਈ ਹੋਏ ਉਦਾਸੀ । ਵੇਖੋ ਕਿਵੇਂ ਫਿਰਦੇ ਮਦਿਰਾ ਮਾਸੀ । ਕਰੇ ਖੇਲ ਪ੍ਰਭ ਅਬਿਨਾਸ਼ੀ । ਜੂਠੇ ਝੂਠੇ ਦਰ ਘਰ ਸਾਚੇ ਆਇਣ, ਕਰ ਕਰ ਜਾਣ ਹਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਮਾਤ ਪਤਾਲ ਅਕਾਸ਼ੀ । ਮਾਤ ਪਤਾਲ ਅਕਾਸ਼ ਹਰਿ ਪ੍ਰਕਾਸ਼ । ਗੁਰਸਿਖਾਂ ਦੇਵੇ ਸ਼ਬਦ ਸਵਾਸ । ਕਿਰਪਾ ਕਰ ਅਪਰ ਅਪਾਰ । ਆਤਮ ਬੈਠਾ ਪਾਉਂਦਾ ਰਹੇ ਰਾਸ । ਜੋਤ ਜਗਾਏ

ਅਗੰਮ ਅਪਾਰ, ਜੋਤ ਜਗਾਏ ਸ਼ਾਹ ਸ਼ਾਬਾਸ਼, ਆਪਣਾ ਭੇਵ ਆਪ ਖੁਲ੍ਹਾ ਰਿਹਾ । ਗੁਰ ਸੰਗਤ ਹਿਰਦੇ ਰੱਖੇ ਵਾਸ, ਭਰਮ ਭੁਲੇਖੇ ਦੂਰ ਕਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਲਹਿਣਾ ਦੇਣਾ ਆਪ ਚੁਕਾ ਰਿਹਾ । ਲਹਿਣਾ ਦੇਣਾ ਜਾਏ ਜਗਤ ਚੁੱਕ । ਬੇਮੁਖਾਂ ਹਰੇ ਡਾਲ ਜਾਇਣ ਸੁੱਕ । ਅੰਤਮ ਕਲ ਮੁਖ ਪਾਏ ਥੁੱਕ । ਭਾਣਾ ਸਾਚਾ ਹਰਿ ਵਰਤਾਏ, ਨਾ ਸਕੇ ਕਿਸੇ ਕੋਲੋਂ ਰੁਕ । ਬੇਮੁਖਾਂ ਹਰਿ ਆਪ ਮਿਟਾਏ, ਦੂਈ ਦਵੈਤੀ ਕੋਈ ਰਹਿਣ ਨਾ ਪਾਏ, ਧਰਤ ਮਾਤ ਤੇਰੀ ਗੋਦ ਸਵਾਏ, ਜੋ ਮੂੰਹ ਨਾਲ ਪੀਂਦੇ ਹੁੱਕ । ਹੁੱਕਾ ਪੀਂਦੇ ਰਸਨਾ ਗੰਦ । ਬੇਮੁਖ ਲਾਇਣ ਬੱਤੀ ਦੰਦ । ਇਕ ਗਵਾਇਆ ਪਰਮਾਨੰਦ । ਗੁਰਸਿਖ ਉਪਜਾਏ, ਸੋਹੰ ਦਾਤ ਝੋਲੀ ਪਾਏ, ਮਾਤ ਉਪਜਾਏ ਸਤਿਜੁਗ ਸਾਚੇ ਚੰਦ । ਆਪ ਆਪਣੀ ਦਇਆ ਕਮਾਏ, ਆਤਮ ਸਾਚੀ ਜੋਤ ਜਗਾਏ, ਸਾਚਾ ਨਰ ਹਰਿ ਜਨ ਭਗਤਾਂ ਸਦਾ ਬਖ਼ਸ਼ੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਛਾਣ ਪੁਣ, ਪੰਚਮ ਜੇਠ ਵੱਖੋ ਵੱਖ ਕਰਾਏ ਗੰਦ । ਦਿਲੀ ਦਿਲ ਕਰ ਵਿਚਾਰ । ਪ੍ਰਭ ਅਬਿਨਾਸ਼ੀ ਆਇਆ ਜਾਮਾ ਧਾਰ । ਤੇਰੇ ਦਰ ਤੇਰੇ ਘਰ ਚਰਨ ਛੁਹਾਏ, ਬੇਮੁਖ ਸੁੱਤੇ ਗੂੜ੍ਹੀ ਨੀਂਦ ਪੈਰ ਪਸਾਰ । ਅੰਤਮ ਵੇਲਾ ਨੇੜੇ ਆਇਆ, ਵੱਜੇ ਸ਼ਬਦ ਮਾਰ । ਸਾਚਾ ਹੁਕਮ ਹਰਿ ਸੁਣਾਇਆ, ਚੁੱਕਣਾ ਮਿਲੇ ਨਾ ਕਿਸੇ ਬੱਧਾ ਭਾਰ । ਆਪਣਾ ਭਾਣਾ ਆਪਣੇ ਹੱਥ ਰਖਾਇਆ, ਰਾਜੇ ਰਾਣੇ ਕਿਸੇ ਭੇਵ ਨਾ ਪਾਇਆ, ਝੂਠੇ ਬਣੇ ਜਗਤ ਸਿਕਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਪੇ ਆਇਆ, ਤੀਜਾ ਫੇਰ ਚਰਨ ਛੁਹਾਇਆ, ਸਿੰਘ ਆਸਣ ਬੈਠੇ ਜੋਤ ਜਗਾਇਆ, ਵਾਲੀ ਹਿੰਦ ਸੀਸ ਨਿਵਾਏ, ਆਪ ਬਣੇ ਸੱਚੀ ਸਰਕਾਰ । ਬਣੇ ਹਰਿ ਸੱਚੀ ਸਰਕਾਰਾ । ਰਾਓ ਰੰਕਾਂ ਸੱਚਾ ਦਰਬਾਰਾ ।

੧੭ ੦੪ ਵਾਲੀ ਹਿੰਦ ਦੋਏ ਜੋੜ ਕਰੇ ਨਿਮਸਕਾਰਾ । ਹਰਿ ਜੀ ਆਸਣ ਸਚ ਬੈਠਾ, ਪ੍ਰਭ ਮਾਰੇ ਸ਼ਬਦ ਡਾਹਢੀ ਮਾਰਾ । ਆਪੇ ਭੰਨੇ ਕੌੜਾ ਰੀਠਾ, ਕਲਜੁਗ ਅੰਤਮ ਆਈ ਹਾਰਾ । ਗੁਰਸਿਖਾਂ ਆਤਮ ਰੰਗ ਚੜ੍ਹਾਏ ਮਜੀਠਾ, ਸੋਹੰ ਸ਼ਬਦ ਇਕ ਅਪਾਰਾ । ਗੁਰਸਿਖਾਂ ਗੁਰ ਸਾਚਾ ਡੀਠਾ, ਦਿੱਲੀ ਆਏ ਪਹਿਲੀ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਵ ਆਪ ਖੁਲ੍ਹਾਉਣਾ, ਪੰਚਮ ਜੇਠ ਨਾ ਕਰਨਾ ਕੋਈ ਉਧਾਰਾ । ਦਿੱਲੀ ਬੈਠੀ ਦੂਰ ਦੁਰਾਡੀ । ਪ੍ਰਭ ਅਬਿਨਾਸ਼ੀ ਸਭ ਦਾ ਗਾਡੀ । ਧਰਮ ਰਾਏ ਦੇ ਦਰ ਬਹਾਏ ਇਕ ਚੜ੍ਹਾਏ ਗਾਡੀ । ਗੁਰਸਿਖਾਂ ਪ੍ਰਭ ਦਇਆ ਕਮਾਏ, ਅੱਠੇ ਪਹਿਰ ਲਡਾਏ ਲਾਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਸਾਚੇ ਹਰੀ, ਭਰਮ ਭੁਲੇਖੇ ਸਾਰੇ ਕਾਢੀ । ਦੇਣਾ ਸ਼ਬਦ ਜਗਤ ਢੰਡੋਰਾ । ਕਰਨਾ ਨਹੀਂ ਕੋਈ ਚੋਰੀ ਚੋਰਾ । ਗੁਰਸਿਖ ਪੱਲੂ ਤੇਰੇ ਹੱਥ ਫੜਾਏ, ਅੱਗੇ ਅੱਗੇ ਜਾਏ ਤੋਰਾ । ਪਿਛੇ ਹਰਿ ਜੀ ਆਪੇ ਆਏ, ਸ਼ਬਦ ਚੜ੍ਹਿਆ ਘੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਕਤ ਆਪ ਲਿਆਏ, ਪੈਰੀਂ ਪਾਉਣ ਨਾ ਦੇਵੇ ਕਿਸੇ ਆਪਣਾ ਜੋੜਾ । ਦਿੱਲੀ ਤੇਰੇ ਦਿਲ ਦੀ ਆਸ । ਪੂਰੀ ਕਰੇ ਪ੍ਰਭ ਅਬਿਨਾਸ਼ । ਘਟ ਘਟ ਰੱਖੇ ਹਰਿ ਜੀ ਵਾਸ । ਵੇਖੋ ਬੇਮੁਖ ਜੀਵ ਹੁੰਦੇ ਕਿਵੇਂ ਉਦਾਸ । ਗੁਰਮੁਖ ਸਾਚੇ ਸੰਤ ਜਨਾਂ ਸੋਹੰ ਸ਼ਬਦ ਜਪਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਦਾਸਨ ਦਾਸ । ਦਾਸਨ ਦਾਸ ਆਪ ਰਘੁਰਾਈ । ਦੇਵੇ ਨਾਮ ਧਨ ਸੱਚੀ ਵਡਿਆਈ । ਬੇਮੁਖਾਂ ਲੇਖਾ ਆਪ ਚੁਕਾਏ, ਰਹਿਣ ਨਾ ਦੇਵੇ ਕਿਸੇ ਵਡਿਆਈ । ਸਾਚਾ ਹੁਕਮ ਆਪ ਸੁਣਾਏ, ਭੁੱਲ ਨਾ ਜਾਏ ਗੁਰਸਿਖ ਭਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਚਰਨ ਸਰਨਾਈ । ਵਡੀ ਵਡਿਆਈ ੧੭ ੦੪

ਹਰਿ ਕਾ ਨਾਉਂ ਹੈ । ਗੁਰਮੁਖਾਂ ਆਪਣੀ ਗੋਦ ਆਪ ਉਠਾਏ, ਜਿਉਂ ਬਾਲਕ ਪਿਆਰੀ ਮਾਉਂ ਹੈ । ਗੁਰ ਸੰਗਤ ਸਾਰੀ ਸੰਗ ਰਲਾਏ, ਵਿਚ ਫੇਰਾ ਪਾਏ ਗੁੜਗਾਉਂ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਬਿਸ਼ਨ ਤੇਰੇ ਸਾਚੇ ਲੇਖ ਲਿਖਾਏ, ਫੜ ਕੇ ਸਾਚੀ ਬਾਹੋਂ ਹੈ । ਮਨੀ ਸਿੰਘ ਤੇਰੀ ਵਜਦੀ ਰਹੇ ਵਧਾਈ । ਪ੍ਰਭ ਆਪ ਮਿਟਾਏ ਕਲਜੁਗ ਲੱਗੀ ਝੂਠੀ ਛਾਹੀ । ਦਰਸ ਦਿਖਾਇਣ ਘਰ ਘਰ ਜਾਇਣ, ਗੁਰਸਿਖ ਸੋਇਆ ਆਪ ਜਗਾਈ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਏ, ਵੇਖੀ ਵੇਖਾ ਕੋਈ ਗੁਰਸਿਖ ਭੁੱਲ ਨਾ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਆਪਣੀ ਸਰਨਾਈ । ਸੰਤ ਮਨੀ ਸਿੰਘ ਆਤਮ ਸਚ ਵਸੇਰਾ । ਚਾਰੋਂ ਤਰਫ ਹਰਿ ਜੀ ਵਸੇ, ਆਤਮ ਪਾਇਆ ਸਾਚਾ ਘੇਰਾ । ਸਾਚਾ ਲੇਖਾ ਆਪ ਲਿਖਾਇਆ, ਕੀਆ ਅੰਤ ਨਬੇੜਾ । ਜੋਤ ਸਰੂਪੀ ਧਾਰ ਭੇਖਾ, ਦੂਰ ਦੁਰਾਡਾ ਗੁਰਸਿਖ ਬੈਠਾ ਆਤਮ ਜੋਤੀ ਵੇਖਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖ ਲਿਖਾਇਆ, ਸਾਚਾ ਬਣ ਲਿਖਾਰਾ । ਸਾਚਾ ਲੇਖਾ ਆਪ ਲਿਖਾਇਆ । ਸੋਇਆ ਪੂਤ ਆਪ ਉਠਾਇਆ । ਸਾਚੇ ਧਾਗੇ ਨਾਲ ਬੰਧਾਇਆ । ਪਹਿਲੀ ਮਾਘੇ ਸ਼ਬਦ ਸੁਣਾਇਆ । ਫੜੀ ਵਾਗੇ ਤੁਨਕ ਲਗਾਇਆ । ਪੁਰੀ ਘਨਕ ਦਾ ਰਾਹ ਵਖਾਇਆ । ਸਾਚੇ ਰਾਹੇ ਆਪੇ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਕਵਲ ਚਰਨ ਆਪੇ ਖਿਚ ਬਹਾਇਆ । ਚਰਨ ਕਵਲ ਨੈਣ ਮੁਧਾਰੀ । ਖਿਚੀ ਆਵੇ ਵਾਰੋ ਵਾਰੀ । ਪੂਰਬ ਕਰਮ ਰਿਹਾ ਵਿਚਾਰੀ । ਬੇਮੁਖ ਮਾਨਸ ਜਨਮ ਗਏ ਜੂਏ ਹਾਰੀ । ਨਾ ਕੋਈ ਦਿਸੇ ਮੁੱਲਾਂ ਕਾਜ਼ੀ, ਨਾ ਕੋਈ ਦਿਸੇ ਸ਼ਾਹ ਤਾਜ਼ੀ, ਵੇਖੀ ਹੁੰਦੀ ਕਿਵੇਂ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਏਕਾ ਸੱਚਾ ਸੁਤ ਬਣਿਆ ਹਾਜੀ, ਆਇਆ ਘਨਕਪੁਰ ਚਲ ਸੱਚੇ ਘਰ ਬਾਹਰੀ । ਦੇਵੇ ਨਾਮ ਸ਼ਬਦ ਗਿਆਨਿਆ । ਏਕਾ ਦੇਵੇ ਚਰਨ ਧਿਆਨਿਆ । ਕਿਰਪਾ ਕਰ ਨਰ ਹਰਿ, ਦਰ ਸੱਚੇ ਕਰੇ ਪ੍ਰਵਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ, ਸਾਚਾ ਵਰ ਸ਼ਬਦ ਭੰਡਾਰਾ । ਵੰਡੀ ਜਾਏ ਵਾਰੋ ਵਾਰਾ । ਚੱਲ ਕੇ ਆਏ ਹਰਿ ਦਵਾਰਾ । ਗੁਰਸਿਖਾਂ ਪਾਏ ਆਤਮ ਸਾਰਾ । ਬੇਮੁਖਾਂ ਤਨ ਰੱਖੇ ਸਦਾ ਅਫਾਰਾ । ਗੁਰਸਿਖਾਂ ਕੱਢੇ ਜਨ, ਆਪ ਬੰਨ੍ਹਾਏ ਏਕਾ ਮਨ, ਬੇੜਾ ਦੇਵੇ ਬੰਨ੍ਹ, ਆਪ ਲਗਾਏ ਸੱਚੇ ਇਕ ਕਿਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆ, ਗੁਰਸਿਖਾਂ ਮਿਲ ਮੰਗਲ ਗਾਇਆ, ਆਪੇ ਬਣਾਏ ਸਾਚੀ ਨਾਰਾ । ਘਰ ਸਚ ਬਸੰਤ ਖਿੜੀ ਗੁਲਜ਼ਾਰ । ਗੁਰਮੁਖ ਸਾਚੇ ਸੰਤ ਦੁਲਾਰ । ਪ੍ਰਭ ਅਬਿਨਾਸ਼ੀ ਸਾਚਾ ਮਾਲੀ, ਬਣ ਕੇ ਮਾਲਣ ਆਇਆ, ਮਾਤਲੋਕ ਲਿਆ ਅਵਤਾਰ । ਗੁਰਸਿਖ ਹਿਰਦਾ ਦਿਸੇ ਕੋਈ ਨਾ ਖਾਲੀ, ਪ੍ਰਭ ਆਪ ਲਗਾਏ ਸਾਚੇ ਫਲ ਸਾਚੀ ਡਾਲ । ਸਾਚੇ ਫੁੱਲ ਲਿਆਏ ਤੋੜ, ਆਪ ਬਣਾਏ ਆਪਣਾ ਇਕ ਸ਼ਿੰਗਾਰ ਸੋਹਣਾ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰੇ ਏਕਾ ਇਕ ਪਿਆਰ । ਸਤਿਜੁਗ ਤੇਰਾ ਚਿੱਟਾ ਦੁੱਧ । ਗੁਰਸਿਖ ਉਤਮ ਹੋਈ ਬੁੱਧ । ਆਪ ਦਵਾਏ ਅਗਲੀ ਪਿਛਲੀ ਸੁੱਧ । ਪੰਜ ਜੇਠ ਨੇੜੇ ਆਈ, ਚਿੱਟੇ ਅਸਵ ਤੰਗ ਕਸਾਈ, ਮਾਰ ਛਾਲ ਉਤੇ ਬਹੇ ਕੁੱਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਖੇਲ ਰਚਾਈ, ਵੇਖੋ ਪਹਿਲੀ ਕੂਟ ਕਿਵੇਂ ਹੋਵੇ ਯੁੱਧ । ਗੁਰਸਿਖ ਨਿਰਮਲ ਦੁੱਧ ਸਚ ਦਲਾਸਾ । ਸ੍ਰਿਸ਼ਟ ਸਬਾਈ ਅੰਤ ਕਲ ਹੋਏ ਵਿਨਾਸਾ । ਗੁਰਸਿਖਾਂ ਕਲਜੁਗ ਮਿਲਿਆ ਸ਼ਾਹ ਸ਼ਾਬਾਸ਼ਾ । ਗੁਰਮੁਖਾਂ ਸਦ ਦਰ ਦਵਾਰੇ ਰੱਖੇ, ਬੇਮੁਖਾਂ ਦਾ ਵੇਖੇ ਤਮਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾੜੀ ਮੌਤ ਮਗਰ ਲਗਾਈ, ਨਾਲ ਕਾਲਕਾ ਭੈਣ

ਰਲਾਈ, ਇਕੋ ਖੱਪਰ ਇਕੋ ਕਾਸਾ । ਏਕਾ ਕਾਸਾ ਹੱਥ ਫੜਾਏ । ਬੇਮੁਖਾਂ ਦੇ ਮਗਰ ਲਗਾਏ । ਸ਼ਬਦ ਤੀਰ ਇਕ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਰਚਾਏ, ਪਹਿਲੋਂ ਪੀਰ ਫ਼ਕੀਰ ਦਸਤਗੀਰ ਸ਼ਾਹ ਹਕੀਰ ਵਿਚ ਮਾਤ ਟਿਕਾਏ । ਗੁਰਸਿਖ ਤੇਰੇ ਦੁੱਧ ਦੀ ਧਾਰ । ਸਤਿਜੁਗ ਬੰਨ੍ਹੇ ਏਕਾ ਸਾਚੀ ਧਾਰ । ਗੁਰਮੁਖ ਸਾਚੇ ਸੰਤ ਜਨਾਂ ਆਪ ਦੇਵੇ ਨਾਮ ਧਨ, ਕਰ ਕਰ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਆਪ ਪਿਲਾਏ, ਆਪਣੇ ਘਰ ਸੱਚੇ ਦਰਬਾਰ । ਪੀਣਾ ਅੰਮ੍ਰਿਤ ਰਸ ਆਤਮ ਸਾਚਾ ਜਾਣਨਾ । ਅੱਠੇ ਪਹਿਰ ਦੇਵੇ ਤੇਰੀ ਆਤਮ ਸੱਚਾ ਚਾਨਣਾ ਰਸਨਾ ਤੇਰੀ ਸਦਾ ਸਦਾ ਹਰਿ ਗਾਏ, ਏਕਾ ਦੇਵੇ ਬ੍ਰਹਮ ਗਿਆਨਣਾ । ਤੇਰੇ ਲੱਗੇ ਫਲ ਸਾਚੇ ਮੇਵੇ, ਸੱਚਾ ਬਣੇ ਇਕ ਨਿਸ਼ਾਨਣਾ । ਕਰੋੜ ਤੇਤੀਸ ਤੇਰੀ ਸਰਨ ਲਗਾਏ ਦੇਵੀ ਦੇਵੇ, ਸਾਚੀ ਜੋਤ ਕਰੇ ਪ੍ਰਕਾਸ਼ ਕੋਟਨ ਭਾਨਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਰਿ, ਨਾ ਜਾਣੇ ਕੋਈ ਬਾਲ ਅੰਞਾਨਣਾ । ਨਾ ਹਰਿ ਬਾਲ ਨਾ ਬਿਰਧ ਨਾ ਜਵਾਨ । ਇਕੋ ਰੰਗ ਇਕੋ ਸੰਗ ਇਕੋ ਕਸਿਆ ਸਾਚਾ ਤੰਗ, ਫੜਿਆ ਹੱਥ ਤੀਰ ਕਮਾਨ । ਕਿਸੇ ਦਰ ਨਾ ਜਾਏ ਮੰਗੇ ਕੋਈ ਮੰਗ, ਦੇਵਣਹਾਰ ਸਰਬ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਟੇ ਭੁੱਖ ਨੰਗ, ਆਪੇ ਵਸੇ ਅੰਗ ਸੰਗ, ਦੇਵੇ ਦਰਸ ਹਰਿ ਘਰ ਸਾਚੇ ਆਣ । ਅੰਮ੍ਰਿਤ ਪੀਣਾ ਏਕਾ ਏਕ ਘੁਟ । ਲੱਖ ਚੁਰਾਸੀ ਜਾਏ ਛੁਟ । ਸਾਚਾ ਭੰਡਾਰਾ ਹਰਿ ਜੀ ਦੀਆ, ਨਾ ਜਾਏ ਕਦੇ ਨਿਖੁਟ । ਆਤਮ ਜੋਤ ਜਗਾਇਆ, ਅਗਿਆਨ ਅੰਧੇਰ ਦੀਆ ਪੁੱਟ । ਸਾਚਾ ਸ਼ਬਦ ਮਗਰ ਲਗਾਏ, ਪੰਜਾਂ ਚੋਰਾਂ ਬਾਹਰ ਕੱਢੇ ਕੁੱਟ । ਗੁਰਸਿਖ ਸਾਚੇ ਤੇਰਾ ਚੰਦ ਮਾਤ ਚੜ੍ਹਾਇਆ, ਪੰਚਮ ਜੇਠ ਪਹੁ ਜਾਣੀ ਫੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਘੋੜਾ ਆਪਣੇ ਪਾਸ ਮੰਗਾਇਆ, ਦੂਜਾ ਜੋੜਾ ਨਾਲ ਰਲਾਇਆ, ਕਲਗੀ ਤੋੜਾ ਹੱਥ ਰਖਾਇਆ, ਵੇਖੋ ਸ੍ਰਿਸ਼ਟ ਸਬਾਈ ਕਿਵੇਂ ਪੈਂਦੀ ਫੁੱਟ । ਅੰਮ੍ਰਿਤ ਪੀ ਪਿਆਲਾ । ਕਿਰਪਾ ਕਰੇ ਦੀਨ ਦਿਆਲਾ । ਗੁਰਸਿਖ ਆਤਮ ਹੋਈ ਮਾਲੋ ਮਾਲਾ । ਵਿਚ ਮਾਤ ਨਾ ਹੋਏ ਕਦੇ ਕੰਗਾਲਾ । ਵੇਲਾ ਅੰਤ ਅਖੀਰ ਨੇੜੇ ਆਇਆ, ਗੁਰਸਿਖ ਉਠੋ ਮਾਰੋ ਛਾਲਾ । ਪੀਰ ਫ਼ਕੀਰ ਸਰਬ ਮਿਟਾਇਆ, ਗਲ ਵਿਚ ਤੋੜੇ ਪਾਈਆਂ ਮਾਲਾ । ਸਾਚਾ ਨੀਰ ਕਿਸੇ ਹੱਥ ਨਾ ਆਇਆ, ਗੁਰਸਿਖ ਸਾਚੇ ਦਇਆ ਕਮਾਇਆ, ਗੁਰਸਿਖਾਂ ਪਿਆਇਆ ਇਕੋ ਸਚ ਪਿਆਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਜੋਤੀ ਮਾਣਕ ਮੋਤੀ, ਆਪ ਜਗਾਏ ਕਰੇ ਰੁਸ਼ਨਾਏ, ਜਿਉਂ ਖਿਚ ਲਿਆਏ ਵਿਚੋਂ ਪਹਾੜਾਂ ਜੋਤ ਜਵਾਲਾ । ਸ੍ਰਿਸ਼ਟ ਸਬਾਈ ਜਾਏ ਹੱਲ । ਬੇਮੁਖਾਂ ਹਰਿ ਲਾਹੁਣੀ ਖੱਲ । ਝੂਠੀ ਕੁਠਾਲੀ ਗਏ ਗਲ । ਵਾਂਗ ਸਿੱਕੇ ਜਾਇਣ ਢਲ । ਗੁਰਸਿਖਾਂ ਹਰਿ ਆਇਆ ਹਿੱਸੇ, ਇਕੋ ਲਗਾਏ ਸਾਚਾ ਫਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਆਸਣ ਡੇਰਾ ਲਾਇਆ ਵਸੇ ਧਾਮ ਅਚਲ । ਗੁਰਸਿਖ ਤੇਰਾ ਸੱਚਾ ਸਚ ਪ੍ਰਸਾਦਿ । ਕਰਾਉਂਦਾ ਆਏ ਸੰਤ ਮਨੀ ਸਿੰਘ ਪਿਛਲੀ ਤੇਰੀ ਯਾਦ । ਪ੍ਰਭ ਅਬਨਾਸ਼ੀ ਦਇਆ ਕਮਾਏ, ਸਾਚੀ ਸੁਰਤ ਆਪ ਰਖਾਏ, ਹਰਨ ਫਰਨ ਖੁਲ੍ਹਾਏ, ਏਕਾ ਧਾਰ ਚਲਾਏ ਸ਼ਬਦ ਜਣਾਏ ਬੋਧ ਅਗਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਚਲ ਕੇ ਆਏ, ਆਤਮ ਜਾਏ ਸਾਧ । ਪੂਰੇ ਗੁਰ ਕੀਨੀ ਸੇਵਾ । ਮਿਲਿਆ ਫਲ ਸਾਚਾ ਮੇਵਾ । ਘਰ ਆਇਆ ਵਡ ਦੇਵੀ ਦੇਵਾ । ਆਤਮ ਸਾਚਾ ਭੇਵ ਚੁਕਾਏ, ਹਰਿ ਜੀ ਸੱਚੀ ਦਾਤ ਝੋਲੀ ਪਾਏ, ਗਾਓ ਰਸਨਾ ਜਿਹਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ

ਮਾਤ ਜਨਮ ਦਵਾਇਆ, ਤੇਰੇ ਮੱਥੇ ਤਿਲਕ ਲਗਾਇਆ, ਸਾਚਾ ਮੁਖ ਵਿਚ ਰਖਾਇਆ ਥੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਘਾਲ ਪੂਰ ਕਰਾਏ, ਆਪ ਕਰਾਏ ਸੇਵਾ । ਪੂਰੀ ਸੇਵਾ ਪਈ ਘਾਲ । ਆਤਮ ਸਰ ਸਰੋਵਰ ਪ੍ਰਭ ਭਰ ਕੇ ਜਾਏ ਤੇਰਾ ਤਾਲ । ਸਾਚੇ ਤੀਰਥ ਆਪ ਨੁਹਾਏ, ਪਹਿਲੀ ਮਾਰ ਉਠਾਏ ਛਾਲ । ਅੰਮ੍ਰਿਤ ਸੀਰ ਆਪ ਪਿਆਏ, ਚੜ੍ਹਾਏ ਰੰਗ ਗੁਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਤੇਰਾ ਮੁੱਲ ਪਵਾਇਆ ਨਾ ਕੋਈ ਰੱਖੇ ਵਿਚ ਦਲਾਲ । ਗੁਰਸਿਖ ਇਕੋ ਲਾਲ ਅਨਮੁੱਲਾ । ਕੋਈ ਨਾ ਪਾਏ ਸਾਰ, ਨਾ ਕਿਸੇ ਤੋਲ ਹੋਰ ਕੋਈ ਤੁੱਲਾ । ਸਾਚੇ ਘਰ ਭਾਗ ਲਗਾਏ, ਚਲ ਕੇ ਸਾਚਾ ਹਰਿ ਜੀ ਆਇਆ, ਵਸਾਇਆ ਸਾਚਾ ਕੁੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਖੰਡਾ ਹੱਥ ਉਠਾਇਆ, ਵੇਖੋ ਕਿਵੇਂ ਮੇਟ ਮਿਟਾਏ ਵਡ ਮੁਲਾਣੇ ਨਾਲ ਮੁੱਲਾ । ਪਰਮ ਪੁਰਖ ਹਰਿ ਕਿਰਪਾਲ ਹੈ । ਕਿਰਪਾ ਕਰੇ ਦੀਨ ਦਿਆਲ ਹੈ । ਗੁਰਮੁਖਾਂ ਰਿਹਾ ਸੁਰਤ ਸੰਭਾਲ ਹੈ । ਸਾਚੀ ਦੇਵੇ ਦਾਤ, ਕਰਦਾ ਮਾਲੋ ਮਾਲ ਹੈ । ਏਕਾ ਸ਼ਬਦ ਸੱਚੀ ਕਰਾਮਾਤ, ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਭੇ ਚਰਨ ਪ੍ਰੀਤੀ ਨਾਲ ਹੈ । ਗੁਰਸਿਖ ਤੇਰੀ ਆਤਮ ਗਾਂਦੀ । ਸ਼ਬਦ ਡੋਰੀ ਹਰਿ ਏਕਾ ਬਾਂਧੀ । ਗੁਰ ਪੂਰਾ ਵਿਚ ਫਸਾਇਆ ਬਣ ਗਿਆ ਸੱਚਾ ਫਾਂਦੀ । ਹਿਰਦੇ ਵਿਚ ਵਸਾਇਆ, ਢਾਹੀ ਭਰਮਾਂ ਕਾਂਧੀ । ਫੇਰ ਆਪਣਾ ਦਰ ਬੰਦ ਕਰਾਇਆ, ਨਾ ਛੁੱਟੇ ਭਗਤਾਂ ਬਾਂਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਸੁਹੰਜਣੀ ਰੈਣ ਅੱਜ ਆਂਦੀ । ਸੁਹੰਜਣੀ ਰੈਣ ਆਈ ਮਾਤ । ਗੁਰਸਿਖ ਬਣਾਏ ਨਾਲ ਬਰਾਤ । ਸਾਚੀ ਝੋਲੀ ਪਾਈ, ਇਕ ਸ਼ਬਦ ਸੱਚੀ ਦਾਤ । ਗੁਰਸਿਖ ਸਾਚੇ ਤੇਰੇ ਘਰ ਸਾਚੀ ਡੋਲੀ ਆਈ ਬੰਧਾਏ ਚਰਨ ਸੱਚਾ ਨਾਤ ।

੨੦ ੦੪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਪਿਆਏ ਅੰਮ੍ਰਿਤ ਬੂੰਦ ਸਵਾਂਤ । ਸਾਚਾ ਸਿਹਰਾ ਕਰ ਕਰ ਮਿਹਰਾ ਹਰਿ ਜੀ ਆਪ ਗੁੰਦਾਇਆ । ੨੦ ੦੪

ਆਪ ਮਿਟਾਏ ਤੇਰਾ ਮੇਰਾ, ਹੇਰਾ ਫੇਰਾ ਕਰ ਤੇਰੇ ਸੀਸ ਬੰਧਾਇਆ । ਆਪੇ ਢਾਹੇ ਭਰਮਾਂ ਡੇਰਾ, ਪਹਿਲੀ ਵੇਰਾਂ ਸੱਚਾ ਪੱਲਾ ਆਪ ਫੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ੇਰ ਦਲੇਰਾ, ਚਾਰੋਂ ਤਰਫ ਪਾਏ ਸ਼ਬਦ ਘੇਰਾ, ਵੇਲਾ ਵਕਤ ਕਲ ਚੁਕਾਏ, ਅੰਤਮ ਆਇਆ ਨੇੜਾ । ਦਰਗਹਿ ਸਾਚੀ ਆਪ ਰਖਵਾਲਾ, ਗੁਰਸਿਖ ਮਸਤਕ ਚੜ੍ਹਦੀ ਜਾਏ ਲਾਲੀ । ਦੀਪਕ ਜੋਤੀ ਆਪ ਬਿਲੋਏ, ਬੇਮੁਖਾਂ ਪਾਏ ਆਪੇ ਚਾਲੀ । ਚਾਰੋਂ ਤਰਫ ਧਰਮ ਰਾਏ ਦਏ ਸਜ਼ਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪਣੇ ਘਰ ਸੁਰਤ ਸੰਭਾਲੀ । ਭਿੰਨੜੀ ਰੈਣ ਸੰਤ ਵਣਜਾਰੀਏ । ਗੁਰਸਿਖਾਂ ਕਰੇ ਪਿਆਰ, ਦੇਵੇ ਧਾਰ ਇਕ ਅਪਾਰੀਏ । ਮਿਲਿਆ ਹਰਿ ਸੱਚਾ ਭਤਾਰ, ਗੁਰਸਿਖ ਨਾਰ ਸੁਘੜ ਸਿਆਣੀਏ । ਆਪੇ ਪਾਏ ਸਾਚੀ ਸਾਰ, ਲੇਖਾ ਕੋਇ ਨਾ ਮੰਗੇ ਨਾ ਕਰੇ ਕੋਈ ਉਧਾਰੀਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਇਕ ਸੱਚੀ ਵਡਿਆਈ, ਗੁਰਸਿਖਾਂ ਆਤਮ ਜੋਤ ਜਗਾਈ, ਮਿਟਾਈ ਅੰਧ ਅੰਧਿਆਰੀਏ । ਭਿੰਨੜੀ ਰੈਣ ਉਠ ਨੇਤਰ ਖੋਲ੍ਹ । ਪ੍ਰਭ ਅਬਿਨਾਸ਼ੀ ਜੋਤ ਜਗਾਈ, ਗੁਰਸਿਖ ਸਿੱਖ ਗੁਰ ਬੈਠੇ ਕੋਲ ਕੋਲ । ਸਾਰੇ ਰਲ ਮਿਲ ਦਿਉ ਵਧਾਈ । ਸਾਚਾ ਸ਼ਬਦ ਵੱਜੇ ਚਾਰ ਕੁੰਟ ਢੋਲ । ਗੁਰਸਿਖ ਗਾਓ ਚਾਈ ਚਾਈਂ, ਮਿਲਿਆ ਨਾਮ ਜਗਤ ਅਨਮੋਲ । ਫੜ ਕੇ ਤਾਰੇ ਆਪੇ ਬਾਹੀਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕੰਡਾ ਸੋਹੰ ਡੰਡਾ ਹੱਥ ਉਠਾਇਆ ਤੋਲੇ ਪੂਰੇ ਤੋਲ । ਭਿੰਨੜੀ ਰੈਣ ਉਠ ਮਾਰ ਝਾਤੀ । ਪ੍ਰਭ ਅਬਿਨਾਸ਼ੀ ਆਪ ਚੁਕਾਏ ਗੁਰਸਿਖਾਂ ਬਾਕੀ । ਗੁਰਸਿਖ ਆਤਮ ਦਰ ਦਵਾਰ ਖੁਲ੍ਹਾਏ, ਦੋਵੇਂ ਹੱਥੀਂ ਖੋਲ੍ਹੇ ਤਾਕੀ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਰਿ ਦੇਵੇ ਵਰ, ਗੁਰਸਿਖਾਂ ਰਿਹਾ ਪਰਦੇ ਢਾਕੀ । ਭਿੰਨੜੀ ਰੈਣ ਹਰਿ ਦਰ ਆ । ਗੁਰਸਿਖ ਸਾਚੇ ਗੁਰ
ਚਰਨ ਬਹਾਏ, ਬਣਾਏ ਭੈਣ ਭਰਾ । ਏਕਾ ਪੱਲੂ ਹਰਿ ਜੀ ਫੜ, ਸਾਚਾ ਨਾਮ ਲਈਂ ਧਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ
ਜੋਤ ਜਗਾਈ, ਸੰਤ ਮਨੀ ਸਿੰਘ ਦੇਵੇ ਵਡਿਆਈ, ਗੁਰਸਿਖਾਂ ਗੁਰ ਪੂਰਾ ਰਿਹਾ ਮਿਲਾ । ਸਾਚੇ ਸੰਤ, ਸਾਚੀ ਸੇਵ ਕਮਾਈਆ । ਬਣ ਗਈ
ਸਾਚੀ ਬਣਤ, ਮਿਲੀ ਸੱਚੀ ਵਡਿਆਈਆ । ਮਹਿੰਮਾ ਜਗਤ ਅਗਣਤ, ਨਾ ਸਕੇ ਕੋਈ ਗਿਣਾਈਆ । ਮੇਲ ਮਿਲਦਾ ਆਇਆ ਆਦਿ ਅੰਤ,
ਜੁਗਾ ਜੁਗੰਤ ਸਾਧ ਸੰਤ ਹਰਿ ਰਘੁਰਾਈਆ । ਏਕਾ ਸਾਚਾ ਮਿਲਿਆ ਸਾਚਾ ਕੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਚਾਰੋਂ
ਕੁੰਟ ਸਠਅਠ ਦਏ ਦੁਹਾਈਆ । ਸਾਚਾ ਸੰਤ ਆਇਆ ਸਚ ਦਵਾਰੇ । ਅੱਗੋਂ ਮਿਲਿਆ ਏਕਾ ਨਾਮ ਸੱਚੇ ਘਰ ਬਾਹਰੇ । ਆਤਮ ਮਿਟਾਈ ਇਕੋ
ਅੰਧੇਰੀ ਸ਼ਾਮ, ਨਾ ਕੋਈ ਲੱਗਾ ਏਥੇ ਦਾਮ ਕਾਰਜ ਹੋਏ ਪੂਰੇ । ਸੱਚੇ ਧਾਮ ਹਰਿ ਜੀ ਵਸੇ ਸਦ ਹਜ਼ੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚੀ ਲਿਖਤ ਲੇਖ ਕਰਾਏ, ਆਪ ਕਰਾਏ ਅੰਤ ਪੂਰੇ । ਸਾਚੇ ਸੰਤ ਤੇਰੀ ਵਡਿਆਈ । ਸਚ ਦਾਤ ਹਰਿ ਝੋਲੀ ਪਾਈ । ਕਾਇਆ ਚੋਲੀ ਤੇਰੀ
ਆਪਣੀ ਹੱਥੀਂ ਆਪ ਰੰਗਾਈ । ਏਕਾ ਦਿਤੀ ਸ਼ਬਦ ਡੋਲੀ, ਉਪਰ ਦਿਤਾ ਬਿਠਾਈ । ਆਪ ਬਣਾਈ ਵਾਹ ਵਾਹ ਸਾਚੀ ਗੋਲੀ, ਸ੍ਰਿਸ਼ਟ ਸਬਾਈ
ਮਾਰੇ ਤੈਨੂੰ ਇਕੋ ਬੋਲੀ, ਤੇਰੀ ਕਾਇਆ ਆਲੀ ਭੋਲੀ ਪ੍ਰਭ ਅਬਿਨਾਸ਼ੀ ਪੂਰੇ ਤੋਲ ਤੁਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਫੋਲਣ
ਰਿਹਾ ਫੋਲੀ, ਦਿੱਲੀ ਦਿਤੀ ਆਪ ਸੱਚੀ ਵਡਿਆਈਆ । ਗੁਰ ਪੂਰੇ ਦਾ ਚਿੱਟਾ ਬਾਣਾ । ਪੰਚਮ ਜੇਠ ਹਰਿ ਜੀ ਪਾਣਾ । ਸੰਤ ਮਨੀ ਸਿੰਘ ਤੇਰਾ
੨੧ ਲਿਖਿਆ ਲੇਖ, ਪੂਰਾ ਫਿਰ ਵਿਚ ਮਾਤ ਕਰਾਨਾ । ਗੁਰਮੁਖ ਸਾਚੇ ਸੰਤ ਜਨਾਂ ਨੇਤਰ ਲੈਣਾ ਪੇਖ, ਹਰਿ ਜੀ ਧਾਰੇ ਕਿਹੜਾ ਭੇਖ, ਆਪ ਲਿਖਾਏ ੨੧
੦੪ ਸਾਚੇ ਲੇਖ, ਨਾ ਜਾਣੇ ਕੋਈ ਸੁਘੜ ਸਿਆਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੀ ਸਚ ਕੁਆਏ । ਹਰਿ ਜੀ ਆਪਣੇ ੦੪
ਤਨ ਛੁਹਾਏ । ਕਲਜੁਗ ਕਾਲਾ ਸੂਸਾ ਮਿਟਾਏ । ਈਸਾ ਮੂਸਾ ਸੰਗ ਮੁਹੰਮਦ ਪਹਿਲੋਂ ਹਰਿ ਰੁੜ੍ਹਾਏ । ਆਪ ਕਰਾਏ ਰੂਸਾ ਚੀਨਾ ਸੰਗ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁਹੰਮਦੀ ਦੀਨਾ ਵੱਖ ਕੀਨਾ ਧੱਕਾ ਦੋਹੀਂ ਹੱਥੀਂ ਆਪੇ ਲਾਏ । ਸੰਤ ਮਨੀ ਸਿੰਘ ਤੇਰਾ ਚਿੱਟਾ ਤਾਜ । ਪ੍ਰਭ ਅਬਿਨਾਸ਼ੀ
ਸ਼ਬਦ ਉਡਾਇਆ ਇਕੋ ਬਾਜ । ਚਾਰੋਂ ਕੁੰਟ ਉਠ ਉਠ ਵੇਖੇ ਕਿਵੇਂ ਛੁਟਦੇ ਰਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ
ਸੁਣਾਏ, ਰਾਜੇ ਰਾਣਿਆਂ ਸਿਰ ਤੋਂ ਲੱਥੇ ਤਾਜ । ਤਖ਼ਤ ਤਾਜ ਦੇਣਾ ਛੱਡ । ਆਪ ਡੁਬਾਏ ਡੂੰਘੀ ਖੱਡ । ਬੇਮੁਖਾਂ ਹੱਥ ਪੈਰ ਦੋਵੇਂ ਦੇਵੇ ਵੱਢ ।
ਦਰ ਘਰ ਸਾਚੇ ਵਿਚੋਂ ਬਾਹਰ ਕੱਢ । ਗੁਰਮੁਖ ਸਾਚੇ ਸੰਤ ਜਨਾਂ, ਆਪ ਲਡਾਏ ਸਾਚੇ ਲਡ । ਗੁਰਮੁਖ ਸਾਚੇ ਸੰਤ ਤੇਰੀ ਸਚ ਨਿਸ਼ਾਨੀਆਂ ।
ਗੁਰਮੁਖ ਸਾਚੇ ਸੰਤ ਰੰਗਣ ਨਾਮ ਹਰਿ ਚੜ੍ਹਾਨੀਆਂ । ਗੁਰਮੁਖ ਸਾਚੇ ਸੰਤ, ਸਾਚੇ ਕੰਗਣ ਤਨ ਪਹਿਨਾਨਿਆਂ । ਗੁਰਮੁਖ ਸਾਚੇ ਸੰਤ ਦਰ ਘਰ
ਸਾਚੇ ਮੰਗਣ, ਦੇਵੇ ਵਰ ਭਗਵਾਨਿਆਂ । ਗੁਰਮੁਖ ਸਾਚੇ ਸੰਤ ਮੇਲ ਮਿਲਾਵਾ ਸਾਚੇ ਕੰਤ, ਦੇਵੇ ਨਾਮ ਹਰਿ ਨਿਧਾਨਿਆਂ । ਗੁਰਮੁਖ ਸਾਚੇ ਸੰਤ,
ਮਿਲੇ ਵਡਿਆਈ ਵਿਚ ਜੀਵ ਜੰਤ, ਲੱਖ ਚੁਰਾਸੀ ਗੇੜ ਚੁਕਾਨਿਆਂ । ਗੁਰਮੁਖ ਸਾਚੇ ਸੰਤ ਬਣ ਗਈ ਸਾਚੀ ਬਣਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਲਾਈ ਸ਼ਬਦ ਤੀਰ ਸਾਚੀ ਕਾਨੀਆ । ਗੁਰਮੁਖ ਸਾਚੇ ਸੰਤ ਤੇਰਾ ਸਚਾ ਚੇਲਾ । ਗੁਰਮੁਖ ਸਾਚੇ ਸੰਤ ਗੁਰਮੁਖਾਂ ਬਣੇ ਵਿਚ ਆਪ ਵਿਚੋਲਾ ।

ਗੁਰਮੁਖ ਸਾਚੇ ਸੰਤ ਆਪਣੀ ਹੱਥੀਂ ਚੁੱਕਿਆ ਗੁਰਸਿਖਾਂ ਕਾਇਆ ਵਾਲਾ ਡੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਤੇਰੀ ਝੋਲੀ
ਪਾਈ ਦਿਤਾ ਨਾਮ ਅਮੋਲਾ । ਗੁਰਮੁਖ ਸਾਚੇ ਸੰਤ ਸੱਚੀ ਤੇਰੀ ਦਾਤ । ਗੁਰਮੁਖ ਸਾਚੇ ਸੰਤ ਗੁਰਮੁਖਾਂ ਪੁੱਛੇ ਅੰਤਮ ਵਾਤ । ਗੁਰਮੁਖ ਸਾਚੇ ਸੰਤ
ਗੁਰਮੁਖਾਂ ਅੰਮ੍ਰਿਤ ਬੂੰਦ ਪਿਆਏ ਸਵਾਂਤ । ਗੁਰਮੁਖ ਸਾਚੇ ਸੰਤ ਸਾਚੇ ਘਰ ਮਿਲੀ ਵਡਿਆਈ, ਬੈਠਾ ਰਹੇ ਇਕ ਇਕਾਂਤ । ਗੁਰਮੁਖ ਸਾਚੇ ਸੰਤ
ਤੇਰੀ ਚਿੱਟੀ ਚਾਦਰ । ਗੁਰਮੁਖ ਸਾਚੇ ਸੰਤ ਆਦਿ ਅੰਤ ਪ੍ਰਭ ਸਾਚਾ ਕਰਦਾ ਆਇਆ ਆਦਰ । ਗੁਰਮੁਖ ਸਾਚੇ ਸੰਤ ਕਲਜੁਗ ਸਾਚਾ ਮੇਲ ਮਿਲਾਇਆ,
ਮਿਲਿਆ ਕਰਤਾ ਕਾਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਚਰਨ ਬੰਨ੍ਹ ਲਿਆਏ, ਜਿਸ ਫੜਾਇਆ ਤੈਨੂੰ ਨਾਦਰ । ਸਚ ਸੰਤ
ਤੇਰੀ ਸਾਚੀ ਬਾਣੀ । ਪ੍ਰਭ ਅਬਿਨਾਸ਼ੀ ਰਸਨਾ ਬੋਲੇ ਸੁਣੇ ਰਾਤ ਹਾਣੀ । ਆਤਮ ਹਿਰਦੇ ਸਭ ਦੇ ਖੋਲ੍ਹੇ, ਸਾਚੀ ਕਾਇਆ ਤਣੇ ਇਕਾ ਤਾਣੀ ।
ਅੰਦਰ ਬੈਠਾ ਹਰਿ ਜੀ ਬੋਲੇ, ਗੁਰਸਿਖ ਸਾਚੇ ਸੰਤ ਸਾਚੀ ਬਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਨਿਧਾਨ ਚਤੁਰ ਸੁਜਾਨ, ਹਰਿ
ਮਿਹਰਵਾਨ ਦੇਵੇ ਦਾਨ ਕਰ ਧਿਆਨ ਗੁਰਸਿਖਾਂ ਕਰ ਪਛਾਣ, ਬੇਮੁਖ ਭੁੱਲੇ ਜੀਵ ਅੰਞਾਣੀ । ਗੁਰਮੁਖ ਸਾਚੇ ਸੰਤ ਹਰਿ ਦੇਵੇ ਸਤਿ ਸੰਤੋਖੀ ਦਾਤ ।
ਸਤਿ ਸੰਤੋਖੀ ਗੁਰਸਿਖ ਸਾਚੇ ਸੰਤ ਸੋਹੰ ਨਾਮ ਨਿਧਾਨੀ । ਅੰਤਮ ਦਿਤਾ ਸਾਚਾ ਮੋਖ, ਗੁਰਮੁਖ ਸਾਚੇ ਸੰਤ ਆਪ ਗਵਾਏ ਤ੍ਰਿਸ਼ਨਾ ਰੋਗ, ਕਾਇਆ
ਜੂਠੇ ਝੂਠੇ ਸੋਗ, ਆਪ ਚੁਗਾਏ ਸੋਹੰ ਸ਼ਬਦ ਸੱਚੀ ਚੋਗ, ਤ੍ਰਿਸ਼ਨਾ ਭੁੱਖ ਰਹਿਣ ਨਾ ਪਾਏ । ਗੁਰਸਿਖ ਸਾਚੇ ਸੰਤ ਆਪ ਦਿਖਾਏ ਦਰਸ ਅਮੋਘ,
ਆਤਮ ਤ੍ਰਿਸ਼ਨਾ ਸਰਬ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਸ਼ਬਦ ਦੇਵੇ ਜੋਗ, ਕੌਡੀ ਮੁੱਲ ਕੋਈ ਨਾ ਲਏ । ਸਾਚੇ
੨੨ ੦੪ ਸੰਤ ਸਚ ਦੀਬਾਣ । ਗੁਰਸਿਖਾਂ ਕਰਾਏ ਜਾਣ ਪਛਾਣ । ਸੰਤ ਮਨੀ ਸਿੰਘ ਤੇਰਾ ਲੇਖਾ ਹਰਿ ਚੁਕਾਏ, ਸ੍ਰਿਸ਼ਟ ਸਬਾਈ ਸ਼ਬਦ ਸਰੂਪੀ ਲਾਇਆ ੨੨ ੦੪
ਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣਿਆ ਜਾਣੀ ਜਾਣ । ਸੰਤ ਮਨੀ ਸਿੰਘ ਕਲਮ ਚਲਾਈ । ਪ੍ਰਭ ਅਬਿਨਾਸ਼ੀ ਦੇਹ ਤਜਾਈ ।
ਸਾਚੀ ਜੋਤ ਮਾਤ ਪ੍ਰਗਟਾਈ । ਨਿਹਕਲੰਕ ਨਾਉਂ ਧਰਾਈ । ਸ੍ਰਿਸ਼ਟ ਸਬਾਈ ਤਨਕ ਲਗਾਈ । ਦਵਾਰ ਬੰਕ ਆਣ ਸੁਹਾਈ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਸਾਧਾਂ ਸੰਤਾਂ ਪਾਉਂਦਾ ਜਾਂਦਾ ਫਾਹੀ । ਹਰਿ ਸੱਚਾ ਸਚ ਦਰਬਾਰਿਆ । ਸਿੰਘ ਆਸਣ ਡੇਰਾ ਲਾਏ, ਨਰ ਹਰਿ ਹਰਿ
ਮੁਰਾਰਿਆ । ਲੋਕਮਾਤ ਫੇਰਾ ਪਾਏ, ਕਲੰਕ ਨਿਹ ਨਾਉਂ ਰਖਾ ਲਿਆ । ਗੁਰਸਿਖ ਆਤਮ ਡੇਰਾ ਲਾਏ, ਬੇਮੁਖਾਂ ਭੇਵ ਛੁਪਾ ਰਿਹਾ । ਸ਼ਬਦ
ਘੇਰਾ ਇਕ ਰਖਾਏ, ਠਗ ਚੋਰ ਯਾਰ ਦਰ ਦੁਰਕਾਰਿਆ । ਆਤਮ ਦਰ ਨੇਰਨ ਨੇਰਾ ਆਪ ਵਖਾਏ, ਔਖੀ ਘਾਟੀ ਆਪ ਚੜ੍ਹਾ ਰਿਹਾ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਨੇੜੇ ਆਈ ਵਾਟੀ, ਸਾਚਾ ਲੇਖਾ ਆਪ ਲਿਖਾ ਰਿਹਾ । ਅੱਗੇ ਨੇੜੇ ਆਈ ਵਾਟ । ਗੁਰਮੁਖਾਂ ਪੂਰੀ ਹੋਵੇ
ਘਾਟ । ਸਾਚੀ ਜੋਤ ਮਸਤਕ ਜਗਾਏ, ਜਗੇ ਜੋਤ ਵਿਚ ਲਲਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸੰਤ ਜਨਾਂ ਦੁਰਮਤ
ਮੈਲ ਰਿਹਾ ਕਾਟ । ਦੁਰਮਤ ਮੈਲ ਦੇਵੇ ਕਟ । ਦੂਈ ਦਵੈਤੀ ਮਿਟੇ ਫੱਟ । ਪ੍ਰਗਟ ਜੋਤ ਵਸੇ ਘਟ ਘਟ । ਬੇਮੁਖ ਜੀਵ ਝੂਠੇ ਬੰਦਰ, ਖੇਲ
ਜਾਨਣ ਬਾਜ਼ੀਗਰ ਨੱਟ । ਸਾਚਾ ਨਾਮ ਹੱਥ ਨਾ ਆਏ, ਮਾਤਲੋਕ ਜੂਠਿਆਂ ਝੂਠਿਆਂ ਖੋਲ੍ਹੇ ਹੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ
ਕਰ ਗੁਰਸਿਖਾਂ ਸਿਰ ਬੰਨ੍ਹਾਏ ਸ਼ਬਦ ਸਾਚਾ ਪਟ । ਸਾਚਾ ਪਟ ਸੱਚੀ ਪੱਟੀ । ਗੁਰਮੁਖ ਲਾਹਾ ਜਾਣ ਖੱਟੀ । ਏਕਾ ਰਸ ਨਾਮ ਪੂਰਨ ਕਰੇ ਕਾਮ,

ਘਰ ਬਹਿ ਕੇ ਚੱਟੀਂ । ਨਾ ਹੋਏ ਅੰਧੇਰੀ ਸ਼ਾਮ, ਨਾ ਲੱਗੇ ਕੋਈ ਦਾਮ, ਮਿਲਣ ਆਇਆ ਸੱਚਾ ਰਾਮ, ਨੁਹਾਏ ਅੱਠ ਸੱਠ ਤੀਰਥ ਤਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ ਵਸੇ ਘਟ ਘਟੀ । ਅਠ ਸਠ ਤੀਰਥ ਹੋਏ ਖਵਾਰੀ । ਚਾਰੋਂ ਤਰਫ ਜੀਵ ਗਵਾਰੀ । ਬੇਮੁਖਾਂ ਕਾਲਾ ਸੂਸਾ ਤਨ ਪਹਿਨਾਏ, ਲਾੜੀ ਮੌਤ ਮਗਰ ਲਗਾਏ, ਦੇਂਦੀ ਜਾਏ ਬਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰਾਏ ਵਾਰੋ ਵਾਰੀ । ਚਾਰ ਯਾਰੀ ਆਪ ਮੁਕਾਏ । ਅਹਿਮਦ ਮੁਹੰਮਦ ਤੇਰਾ ਵੇਲਾ ਅੰਤ ਲਿਆਏ । ਸਾਚਾ ਲੇਖ ਹਰਿ ਜੀ ਲਿਖਿਆ, ਨਾ ਸਕੇ ਕੋਈ ਮਿਟਾਏ । ਗੁਰਸਿਖਾਂ ਰੱਖੇ ਸਾਇਆ ਹੇਠ, ਅਗਨ ਜੋਤ ਜਗਤ ਲਗਾਏ । ਸਾਚਾ ਹੁਕਮ ਸੁਣਾਉਂਦਾ ਜਾਏ । ਝੂਠਾ ਭੇਖ ਮਿਟਾਉਂਦਾ ਜਾਏ । ਸੰਤ ਮਨੀ ਸਿੰਘ ਤੇਰਾ ਲਿਖਿਆ ਲੇਖ, ਪੂਰ ਕਰਾਉਂਦਾ ਜਾਏ । ਪ੍ਰਭ ਅਬਿਨਾਸ਼ੀ ਧਾਰੇ ਭੇਖ, ਮਾਝੇ ਦੇਸ ਭੁੱਲੇ ਨਰ ਨਰੇਸ਼, ਮਾਇਆ ਪਰਦਾ ਪਾਉਂਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਾਚੇ ਸੰਤ ਜਨਾ, ਫੜ ਫੜ ਬਾਹੋਂ ਦਰ ਘਰ ਲਿਆਏ, ਦਇਆ ਕਮਾਏ ਦਰਸ ਦਿਖਾਏ ਰਾਹੇ ਪਾਉਂਦਾ ਜਾਏ । ਫੜ ਕੇ ਬਾਹੋਂ ਪਾਏ ਡੰਡੀ । ਆਪ ਮਿਟਾਏ ਸਰਬ ਪਖੰਡੀ । ਬੇਮੁਖਾਂ ਆਤਮ ਹੋਈ ਰੰਡੀ । ਘਰ ਘਰ ਬੈਠੇ ਜੀਵ ਘਮੰਡੀ । ਚਾਰੋਂ ਤਰਫ ਚਮਕੇ ਚੰਡੀ । ਗੁਰਸਿਖ ਸਾਚੇ ਸੰਤ ਜਨਾਂ, ਸੋਹੰ ਨਾਮ ਘਰ ਘਰ ਜਾਏ ਵੰਡੀ । ਸਾਚਾ ਹੁਕਮ ਆਪ ਸੁਣਾਏ, ਤਨ ਵਿਚ ਦੇਵੇ ਘੁੱਟ ਘੁੱਟ ਗੰਢੀ । ਵੇਖੋ ਵੇਲਾ ਅੰਤਮ ਆਏ, ਨੌਂ ਖੰਡੀ ਹੁੰਦੀ ਭੰਡੀ ਵਰਭੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਉਠਾਇਆ ਸਾਚੀ ਚੰਡੀ । ਸਾਚੀ ਚੰਡੀ ਚਮਕੇ ਵਿਚ ਮੈਦਾਨ । ਆਪ ਉਠਾਏ ਵਡ ਬਲੀ ਬਲਵਾਨ । ਏਕਾ ਹਿਰਦੇ ਵਾਸ ਰਖਾਏ, ਉਠਣ ਨੌਜਵਾਨ । ਸ਼ਬਦ

੨੩ ੦੪ ਸਰੂਪੀ ਹੁਕਮ ਸੁਣਾਏ, ਬਿਠਾਏ ਵਿਚ ਬਿਬਾਨ । ਏਕਾ ਉਪਰ ਦਏ ਗੇੜਾ, ਧਰਤ ਮਾਤ ਤੇਰਾ ਖੁਲ੍ਹਾ ਵਿਹੜਾ । ਰਣਭੂਮੀ ਸੁੱਤੇ ਬੇਈਮਾਨ । ਆਪ ੨੩ ੦੪

ਮਿਟਾਏ ਜੂਠਾ ਝੂਠਾ ਜਗਤ ਝੇੜਾ, ਮਾਤਲੋਕ ਝੁਲਾਏ ਸੋਹੰ ਸੱਚਾ ਜਗਤ ਨਿਸ਼ਾਨ । ਕੋਈ ਨਾ ਦੀਸੇ ਨਗਰ ਖੇੜਾ, ਗੁਰਸਿਖਾਂ ਬੰਨ੍ਹੇ ਆਪੇ ਬੇੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਬਲ ਵਡ ਬਲਕਾਰਿਆ । ਉਠੇ ਦਲ ਵਡ ਹੰਕਾਰਿਆ । ਅੰਤਮ ਫਲ ਗਿਆ ਪੱਕ, ਸਦੀ ਚੌਧਵੀਂ ਆਈ ਭਾਰਿਆ । ਅਹਿਮਦ ਮੁਹੰਮਦ ਗਿਆ ਥੱਕ, ਅੰਤਮ ਪਾਸਾ ਆਇਆ ਹਾਰਿਆ । ਪ੍ਰਭ ਅਬਿਨਾਸ਼ੀ ਪੁਰੀ ਘਨਕ ਜੋਤ ਜਗਾ ਰਿਹਾ । ਲੱਗੀ ਪਤਾਲੀਂ ਜੜ੍ਹ ਦੋਹੀਂ ਹੱਥੀਂ ਦੇਵੇ ਚੁੱਕ, ਨਾ ਕੋਈ ਅਟਕਾ ਰਿਹਾ । ਫਿਰ ਮਾਰੇ ਬੂਰੇ ਕੱਕੇ, ਸ਼ਬਦ ਕੁਹਾੜਾ ਸਿਰ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਪੋ ਆਪਣੀ ਵਾਰਿਆ । ਆਏ ਦਰ ਮੁਹੰਮਦ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਸਦੀ ਚੌਧਵੀਂ ਅੰਤਮ ਹੋਈ, ਚੜ੍ਹਿਆ ਇਕ ਹੰਕਾਰੀ ਤਾਪ । ਆਤਮ ਮੇਰੀ ਸ਼ਾਂਤ ਕਰਾਈ, ਅੰਤਮ ਕਲਜੁਗ ਪਾਈ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ ਦਇਆ ਕਮਾਏ, ਦਰ ਆਇਆ ਮੁਹੰਮਦ ਸੰਗ ਲੈ ਕੇ ਚਾਰ ਯਾਰ । ਸੰਗ ਮੁਹੰਮਦ ਚਾਰ ਯਾਰੀ । ਦੋਏ ਜੋੜ ਚਰਨ ਕਰਨ ਨਿਮਸਕਾਰੀ । ਅੱਗੋਂ ਉਠੇ ਹਰਿ ਜੀ ਸੱਚਾ ਪੁੱਛੇ ਪਹਿਲੀ ਵਾਰੀ । ਕੀ ਕਰਮ ਵਿਚ ਮਾਤ ਕਮਾਇਆ, ਕੀ ਕੀਤੀ ਕਾਰੀ । ਅੱਗੋਂ ਮੁਹੰਮਦ ਫੇਰ ਸ਼ਰਮਾਇਆ, ਮੈਂ ਭੁੱਲਿਆ ਜੀਵ ਗਵਾਰੀ । ਮੁਹੰਮਦੀ ਦੀਨਾ ਮੈਂ ਦਿਤਾ ਤੇਰੀ ਝੋਲੀ ਡਾਰੀ । ਲਾੜੀ ਮੌਤ ਸਭਨਾਂ ਪਿੱਛੇ ਦੇਵੀਂ ਲਾ, ਇਕੋ ਪਾਈਂ ਸ਼ਬਦ ਫਾਹ, ਧਰਮ ਰਾਏ ਦੇ ਦਰ ਦਈਂ ਬਹਾ, ਬਾਹਰੋਂ ਕੁੰਡਾ ਦਈਂ ਲਾ, ਮੇਰਾ ਵਕਤ ਅੰਤ ਅਖੀਰ ਹੋਇਆ, ਹੁਣ ਆਈ

ਤੇਰੀ ਵਾਰੀ । ਕਰੇ ਮੁਹੰਮਦ ਦਰ ਸਚ ਪੁਕਾਰੇ । ਨਿਹਕਲੰਕ ਕਲ ਜਾਮਾ ਧਾਰੇ । ਕੋਇ ਨਾ ਸੁਣੇ ਕਿਸੇ ਪੁਕਾਰੇ । ਅੱਲਾ ਹੂ ਤੇਰੇ ਮੁਕ ਗਏ ਨਾਅਰੇ । ਆਪਣੀ ਹੱਥੀਂ ਪੁੱਟੇ ਖੂਹ, ਇਕੋ ਧੱਕਾ ਮਾਰੇ । ਨਾ ਕੋਈ ਬਚੇ ਵਿਚ ਪਹਾੜ ਜੰਗਲ ਜੂਹ, ਸਿੰਘ ਸ਼ੇਰ ਸ਼ੇਰ ਜਾਮਾ ਧਾਰੇ । ਸ਼ਬਦ ਸਰੂਪੀ ਚਾਰ ਕੁੰਟ ਲੱਭਦਾ ਫਿਰਦਾ ਜੂਹ, ਕਿਥੇ ਬੈਠੇ ਵਡ ਹੰਕਾਰੇ । ਸੋਹੰ ਸ਼ਬਦ ਖੰਡਾ ਲਿਆ ਮਿਆਨੋ ਧੂ, ਮਾਰੇ ਵਿਚ ਮੈਦਾਨਾ ਹਰਿ ਲਲਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਭੇਵ ਆਪ ਲਿਖਾਏ ਪੰਚਮ ਜੇਠ ਪਹਿਲੀ ਵਾਰੇ । ਅੱਲਾ ਨੂਰ ਇਕ ਅਲਾਹੀਆ । ਅਥਰਬਣ ਵੇਦ ਤੇਰੇ ਹਿੱਸੇ ਇਹੋ ਆਈਆ । ਦਰ ਘਰ ਸਾਚੇ ਆਈ ਸੁਖਦਾਤੇ ਪਰਦਾ ਪਾਈਂ, ਨਿਹਕਲੰਕ ਤੇਰੀ ਸਰਨਾਈਆ । ਬਣੀ ਰਹੀ ਜਗਤ ਕਸਾਈ, ਨਾ ਮਿਲਿਆ ਕਿਸੇ ਸਾਚਾ ਮਾਹੀ, ਕਲਜੁਗ ਦੇਵੇ ਅੰਤ ਦੁਹਾਈਆ । ਨਿਹਕਲੰਕ ਹਰਿ ਜੋਤ ਜਗਾਈ, ਮਾਝੇ ਦੇਸ ਵੱਜੀ ਵਧਾਈ, ਪੁਰੀ ਘਨਕ ਭਾਗ ਲਗਾਈ, ਸ਼ਬਦ ਕਟਾਰ ਹੱਥ ਉਠਾਈਆ । ਆਪੇ ਮਾਰੇ ਸ਼ਬਦ ਮਾਰ, ਚਾਰ ਯਾਰ ਹੋਏ ਖੁਆਰ, ਆਈ ਅੱਲਾ ਰਾਣੀ ਸਚ ਦਰਬਾਰ, ਗਲ ਪੱਲਾ ਪਾ ਰਹੀ ਪੁਕਾਰ, ਪ੍ਰਭ ਅਬਿਨਾਸ਼ੀ ਬਖਸ਼ੀਂ ਕਿਰਪਾ ਧਾਰ, ਤੇਰੇ ਚਰਨ ਸੀਸ ਝੁਕਾਈਆ । ਕਲਜੁਗ ਅੰਤਮ ਵੇਲਾ ਨੇੜੇ ਆਇਆ । ਸਾਚਾ ਰਾਹ ਨਾ ਕਿਸੇ ਵਖਾਇਆ । ਮੱਕਾ ਮਦੀਨਾ ਫੋਲ ਵਖਾਇਆ । ਝੂਠੀ ਇਹ ਜਗਤ ਮਾਇਆ, ਅੰਤਮ ਵੇਲੇ ਹਰਿ ਜੀ ਸਾਚੇ ਕੀਨਾ ਵੱਖ, ਆਪਣਾ ਰੰਗ ਆਪ ਕਰਾਇਆ । ਬੇਮੁਖਾਂ ਘਰ ਲਾਉਂਦਾ ਭੱਖ, ਜੋਤ ਸਰੂਪੀ ਅਗਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਅੱਲਾ ਰਾਣੀ ਆਪਣਾ ਆਪ ਸੁਣਾਇਆ । ਆਈ ਅੱਲਾ ਰਾਣੀ ਹਰਿ ਦਵਾਰ । ਅੱਗੇ ਬੈਠਾ ਭੇਖਾਧਾਰੀ ਹਰਿ ਨਿਰੰਕਾਰ । ਗਲ ਵਿਚ ਪੱਲਾ ਪਾ, ਚਰਨ ਉਪਰ ਸਿਰ ਟਿਕਾ, ਕਰ ਰਹੀ ਪੁਕਾਰ । ਪ੍ਰਭ ਅਬਿਨਾਸ਼ੀ ਵੇਲੇ ਅੰਤ ਕਦੇ ਨਾ ਫੜਾਏ ਆਪਣਾ ਪੱਲਾ, ਦੇਵੇ ਦਰ ਦੁਰਕਾਰ । ਸਿੰਘ ਬਿਸ਼ਨ ਤੇਰਾ ਲੇਖ, ਸਿਰ ਉਹਦੇ ਵਿਚ ਦੇਵੇ ਮਾਰ । ਵੇਖੋ ਹਰਿ ਕਾ ਭਾਣਾ ਸੱਚਾ, ਵੇਖੋ ਕਿਹੜੀ ਕਰੇ ਕਾਰ । ਆਪ ਬਣੇ ਗਰੀਬ ਨਿਮਾਣਿਆਂ ਸੱਚੀ ਸਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਉਠ ਉਠ ਵੇਖੇ, ਕਿਹੜੀ ਬੰਨ੍ਹੇ ਆਪਣੀ ਧਾਰ । ਅੱਲਾ ਰਾਣੀ ਇਕੋ ਵੇਖੇ ਥਾਂ । ਸੌਖਾ ਕੋਈ ਨਾ ਨਿਕਲੇ ਸਾਹ । ਪ੍ਰਭ ਅਬਿਨਾਸ਼ੀ ਪਾਇਆ ਫਾਹ । ਘਨਕਪੁਰ ਵਾਸੀ ਪਿਛੋਂ ਫੜ ਲਏ ਦੋ ਹੱਥਾਂ ਨਾਲ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਖੇਲ ਹਰਿ ਵਰਤਾਏ, ਪਹਿਲੀ ਕੂਟੇ ਖੇਲ ਰਚਾਏ, ਘਰ ਘਰ ਉਡਦੇ ਕਾਂ । ਅੱਲਾ ਰਾਣੀ ਤੇਰਾ ਸੱਚਾ ਨੂਰ । ਘਰ ਸਾਚੇ ਵਿਚ ਹੋਇਆ ਪੂਰ । ਤੇਰਾ ਭਰ ਗਿਆ ਵਾਹਵਾ ਪੂਰ । ਬੇਮੁਖਾਂ ਕਲਜੁਗ ਜੀਵਾਂ ਤੂੰ ਅੰਦਰ ਬੈਠੀ ਰਹੀ ਘੂਰ । ਵੇਖੋ ਕਲਜੁਗ ਅੰਤਮ ਨੇੜੇ ਆਇਆ, ਪ੍ਰਭ ਅਬਿਨਾਸ਼ੀ ਕਰੇ ਤੇਰੇ ਅੰਗ ਚੂਰ ਚੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਕਤ ਨੇੜ ਲਿਆਇਆ, ਜਿਸ ਨੂੰ ਸਿੱਖ ਜਾਨਣ ਦੂਰ । ਅੱਲਾ ਰਾਣੀ ਰੱਖ ਓਟ । ਪ੍ਰਭ ਅਬਿਨਾਸ਼ੀ ਅੱਗੋਂ ਕੱਢੇ ਹਉਮੇ ਖੋਟ । ਦੀਨ ਮੁਹੰਮਦੀ ਕੋਈ ਨਾ ਚੁੱਕੇ, ਆਲ੍ਹਣਿਉਂ ਡਿੱਗੇ ਬੋਟ । ਦਾਣਾ ਪਾਣੀ ਸਭ ਦਾ ਮੁੱਕੇ, ਗਈ ਫੁੱਟ ਪੋਟ । ਕਿਸੇ ਨਾ ਦਿਸੇ ਪਾਣੀ ਹੁੱਕੇ, ਨਾ ਮਿਲੇ ਕਿਸੇ ਰੋਟ । ਚਾਰੋਂ ਤਰਫ ਮੂੰਹ ਵਿਚ ਪੈਣ ਥੁੱਕੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਲਗਾਈ ਏਕਾ ਚੋਟ । ਆਈ ਅੱਲਾ ਰਾਣੀ ਕਰ ਧਿਆਨ । ਅੱਗੋਂ ਵੱਜੇ ਸ਼ਬਦ ਬਾਣ । ਸਾਚਾ ਘਰ ਵਸੇ ਹਰਿ, ਹੋਰ ਦਿਸੇ ਸੁੰਞ ਮਸਾਣ । ਅੰਤਮ ਕਲਜੁਗ ਆਵੇ ਡਰ, ਆਪਣਾ ਆਪ ਗਈ ਹਰ, ਲੱਖ ਚੁਰਾਸੀ ਕੀਨੇ

੨੫ ੦੪ ੨੫ ੦੪

ਜਿਸ ਵੈਰਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਮਿਟਾਏ ਲੇਖੇ ਲਾਏ ਮਿਟਦੀ ਜਾਏ ਕੁਰਾਨ । ਅੱਲਾ ਤੇਰੀ ਮਿਟੇ ਕੁਰਾਨੀ । ਨਾਲੇ ਮੁਕਣ ਸ਼ਾਹ ਦੁਰਾਨੀ । ਅੰਤਮ ਵੇਲਾ ਆਇਆ ਫਾਨੀ । ਇਕੋ ਵੱਜੇ ਸ਼ਬਦ ਕਾਨੀ । ਬੇਮੁਖਾਂ ਹਰਿ ਜੀ ਦਿਸ ਨਾ ਆਏ, ਗੁਰਸਿਖਾਂ ਬਣਿਆ ਆਪੇ ਬਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਆਪੇ ਜਾਨੀ । ਅੱਲਾ ਨੂਰ ਇਕ ਅਕਾਰ । ਅੰਤਮ ਕਲਜੁਗ ਹਰਿ ਸਾਚਾ ਪਾਵੇ ਸਾਰ । ਬੇਮੁਖ ਜੀਵ ਹੋਏ ਗਵਾਰ । ਸ਼ਬਦ ਖੰਡਾ ਹੱਥ ਉਠਾਇਆ, ਰੱਖੀ ਤਿੱਖੀ ਧਾਰ । ਪਹਿਲੀ ਵੰਡ ਆਪ ਕਰਾਇਆ, ਨਾ ਕੀਆ ਕੋਈ ਅਧਾਰ । ਸਾਚਾ ਡੰਡਾ ਆਪ ਲਗਾਇਆ, ਨਾ ਸਿਰ ਰਖਾਇਆ ਕਿਸੇ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਆਸਣ ਸੇਜਾ ਬੈਠਾ ਸਭ ਦੀ ਸੁਣਦਾ ਰਹੇ ਪੁਕਾਰ । ਅੱਲਾ ਰਾਣੀ ਆਈ ਦਰ ਪਿਆਸੀ । ਗੁਰਸਿਖ ਕਰੋ ਰੱਜ ਕੇ ਹਾਸੀ । ਦੋਏ ਜੋੜ ਮੰਗਦੀ ਪ੍ਰਭ ਅਬਿਨਾਸ਼ੀ । ਮੇਰੀ ਝੋਲੀ ਪਾ ਮਦਿਰਾ ਮਾਸੀ । ਮੈਂ ਨਾਲ ਖ਼ੂਨ ਹੱਥ ਰੰਗਦੀ, ਬਣ ਜਾਵਾਂ ਤੇਰੀ ਚਰਨ ਦਾਸੀ । ਦਰ ਘਰ ਸਾਚੇ ਮੂਲ ਨਾ ਸੰਗਦੀ, ਮੈਂ ਮੁਕਾਵਾਂ ਲੱਖ ਚੁਰਾਸੀ । ਮੈਂ ਗੁਰਸਿਖਾਂ ਦਾ ਬੂਹਾ ਅਗਾਂਹ ਨਾ ਲੰਘਦੀ, ਅੱਗੇ ਦਿਸੇ ਘਨਕਪੁਰ ਵਾਸੀ । ਦੂਰ ਖਲੋਤੀ ਦਰਸ ਦਾਨ ਗੁਰਸਿਖ ਤੇਰਾ ਮੰਗਦੀ, ਗਾਇਣ ਸਵਾਸ ਸਵਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਸੇ ਦੂਰ ਦੁਰਾਡਾ, ਗੁਰਸਿਖਾਂ ਘਰ ਆਏ ਮੰਗੇ ਵਰ ਮੇਰੀ ਕਰਾਓ ਬੰਦ ਖ਼ਲਾਸੀ । ਗੁਰਸਿਖਾਂ ਅੱਲਾ ਰਾਣੀ ਰਹੀ ਸੁਣਾ । ਮੇਰੀ ਬਣਤ ਦਿਓ ਬਣਾ । ਔਖਾ ਹੋਇਆ ਆਪਣਾ ਲੇਖਾ ਸਾਚੀ ਗਣਤ ਦਿਓ ਗਿਣਾ । ਔਖਾ ਹੋਇਆ ਭਾਣਾ ਸਹਿਣਾ, ਨਿਹਕਲੰਕ ਕਲ ਆਇਆ ਜਾਮਾ ਪਾ । ਨਾ ਚੁਕਾਇਆ ਜਾਏ ਲਹਿਣਾ ਦੇਣਾ, ਰਿਹਾ ਗਲ ਵਿਚ ਫਾਹੀਆਂ ਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਜਗਾਈ, ਮੈਂ ਗੁਰਸਿਖਾਂ ਦੇ ਦਰ ਤੇ ਆਈ, ਮੇਰੀ ਦਿਓ ਬਾਂਹ ਫੜਾ । ਗੁਰਸਿਖਾਂ ਦੇ ਦਰ ਰਹੀ ਝੱਖ ਮਾਰ । ਦੇਣੀ ਨਾਮ ਦਾਤ, ਮੈਂ ਜਾਵਾਂ ਘਰ ਸਾਚੇ, ਜਿਥੇ ਵਸੇ ਹਰਿ ਨਿਰੰਕਾਰ । ਗੁਰਸਿਖ ਸਾਚੇ ਸੰਤ ਜਨ ਨਹੀਂ ਭਾਂਡੇ ਕਾਚੇ, ਇਹ ਘੜੇ ਹਰਿ ਸੱਚੇ ਘੁਮਿਆਰ । ਸਰਬ ਜੀਆਂ ਦੀ ਆਪੇ ਵਾਚੇ, ਬਹੱਤਰ ਨਾੜੀ ਵਿਚ ਰਾਚੇ, ਗੁਰਸਿਖਾਂ ਰਿਹਾ ਤਾਰ । ਸ਼ਬਦ ਲਿਖਾਏ ਸਾਚੋ ਸਾਚੇ, ਜੋ ਵਰਤਾਏ ਵਿਚ ਸੰਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਸਰਬ ਖੁਆਰ । ਅੱਲਾ ਰਾਣੀ ਗਾਏ ਝੂਠਾ ਗੀਤ । ਹਰਿ ਜੀ ਢਾਹੇ ਸਰਬ ਮਸੀਤ । ਕਲਜੁਗ ਤੇਰੀ ਅੰਤ ਜੂਠੀ ਝੂਠੀ ਮਿਟ ਜਾਏ ਰੀਤ । ਗੁਰਸਿਖ ਸਾਚੇ ਸਾਧ ਸੰਤ ਪ੍ਰਭ ਆਪ ਨਿਭਾਏ ਚਰਨ ਪ੍ਰੀਤ । ਬੇਮੁਖਾਂ ਮਾਇਆ ਪਾਏ ਬੇਅੰਤ, ਸਾਚਾ ਕੰਤ ਉਲਟੀ ਤੇਰੀ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਸ਼ਾਂਤ ਕਰਾਏ, ਅੰਮ੍ਰਿਤ ਸਾਚਾ ਮੁਖ ਚੁਆਏ, ਗੁਰਸਿਖ ਸਾਚੇ ਮਾਨਸ ਜਨਮ ਲਿਆ ਜਗ ਜੀਤ । ਪ੍ਰਭ ਅਬਿਨਾਸ਼ੀ ਮਿਹਰਵਾਨ ਹੈ । ਗੁਰਸਿਖ ਤੇਰੀ ਆਤਮ ਅੰਦਰ ਸਦਾ ਵਸੇ ਹਰਿ ਸੱਚਾ ਨਿਗਾਹਬਾਨ ਹੈ । ਇਕੋ ਹਰਿ ਜੀ ਗੁਰਸਿਖਾਂ ਆਇਆ ਹਿੱਸੇ, ਲੱਖ ਚੁਰਾਸੀ ਖਾਏ ਧੱਕੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੈ । ਕਲਜੁਗ ਵੇਲਾ ਅੰਤ ਲਿਆਏ, ਗੁਰਸਿਖਾਂ ਛਤਰ ਝੁਲਾਏ ਤੇਰੇ ਸੀਸ । ਕਿਰਪਾ ਕਰੇ ਹਰਿ ਜਗਦੀਸ਼ । ਤੇਰੀ ਕੋਈ ਨਾ ਕਰੇ ਰੀਸ । ਸ਼ਬਦ ਮਾਰੇ ਵਿਚ ਤੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰਾ ਮਾਣ ਤਾਣ ਰਖਾਏ, ਏਕਾ ਦਾਨ ਤੇਰੀ ਝੋਲੀ ਪਾਏ, ਨਾ ਕੋਈ ਚੜ੍ਹਾਏ ਨਾ ਕੋਈ ਸ਼ਰਅ ਪੜ੍ਹਾਏ ਹਦੀਸ । ਸ਼ਰਅ ਹਦੀਸ ਨਾ ਕੋਈ ਪੜ੍ਹਾਏ । ਗੁਰਸਿਖ

ਤੇਰੀ ਆਤਮ ਖੁਲ੍ਹਾਇਆ ਦਰ ਕਾਇਆ ਡੋਲੀ, ਨਾ ਕੋਈ ਮੁੱਲ ਚੁਕਾਏ ਲਾਖੇ । ਆਪੇ ਬਣ ਜਾਏ ਤੇਰੇ ਦਰ ਦੀ ਗੋਲੀ, ਕਰੇ ਤੇਰੀ ਰਾਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਫਲ ਤੇਰੇ ਆਤਮ ਡਾਲ ਲਗਾਇਆ, ਪੰਚਮ ਜੇਠ ਨੇੜੇ ਆਇਆ, ਵੇਖੇ ਕਿਵੇਂ ਫੁਟਦੀ ਸ਼ਾਖ਼ੇ । ਭਾਗ ਲਗਾਏ ਤੇਰੀ ਕੁਲ । ਰਸਨਾ ਜਪਿਆ ਨਾਮ ਤੇਰਾ ਪਾਏ ਮੁੱਲ । ਬੇਮੁਖ ਜੀਵ ਸੁੱਤੇ ਪੈਰ ਪਸਾਰ, ਪ੍ਰਭ ਅਬਿਨਾਸ਼ੀ ਗਏ ਭੁੱਲ । ਆਇਆ ਕਲ ਜਾਮਾ ਧਾਰ । ਪਾਏ ਸਾਰ ਨਰ ਨਾਰ । ਨਾ ਕੋਈ ਜਾਣੇ ਬੁਢਾ ਨਰ ਨਾਰ । ਪੂਰੇ ਤੋਲ ਗੁਰਸਿਖ ਤੁਲਾ, ਵੇਖੇ ਹੁੰਦਾ ਜਗਤ ਖੁਆਰ । ਵਹਿੰਦੇ ਜਾਣ ਵਹਿੰਦੀ ਧਾਰ, ਗੁਰਸਿਖਾਂ ਕਰਦਾ ਜਾਏ ਖਬਰਦਾਰ । ਹੋਏ ਸਹਾਏ ਪਹਿਰੇਦਾਰ । ਸ਼ਬਦ ਹਲੂਣਾ ਇਕ ਦੇਵੇ, ਗੁਰਸਿਖ ਨਾ ਸੋਇਆ ਪੈਰ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸਾਚਾ ਹਰੇ, ਦਰ ਘਰ ਆਏ ਰਿਹਾ ਤਾਰ । ਗੁਰਸਿਖ ਸੱਚੇ ਵਣਜਾਰਿਆ । ਪ੍ਰਭ ਅਬਿਨਾਸ਼ੀ ਤੇਰੇ ਉਤੋਂ ਲਾਹੇ ਭਾਰਿਆ । ਆਪ ਉਠਾਇਆ ਘਰ ਬਾਹਰਿਆ । ਰੱਖੇ ਲਾਜ, ਵਟੀ ਤੇਰੀ ਮੇਰੀ ਇਕ ਦਸਤਾਰਿਆ । ਤੇਰਾ ਸਾਜਨ ਰਿਹਾ ਸਾਜ, ਤੇਰੇ ਸਿਰ ਤੇ ਧਰਿਆ ਤਾਜ, ਮਾਰੇ ਸ਼ਬਦ ਇਕ ਅਵਾਜ, ਤਿੰਨਾਂ ਲੋਕਾਂ ਬੂਝ ਬੁਝਾਰਿਹਾ । ਚਾਰ ਕੁੰਟ ਪਏ ਦੁਹਾਏ, ਤੇਰਾ ਪਰਦਾ ਹਰਿ ਜੀ ਲਾਹੇ, ਬੇਮੁਖਾਂ ਘਰ ਘਰ ਲੱਗੀ ਆਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਗ ਆਪਣੀ ਹੱਥੀਂ ਆਪ ਧਵਾ ਰਿਹਾ । ਗੁਰਸਿਖ ਤੇਰਾ ਸ਼ਬਦ ਘੋੜਾ । ਆਪ ਬਣਾਏ ਗੁਰਸਿਖਾਂ ਗੁਰ ਦੋਹਾਂ ਇੱਕਾ ਜੋੜਾ । ਸੰਤ ਮਨੀ ਸਿੰਘ ਸੰਗ ਰਲਾਇਆ, ਸ਼ੇਰ ਸਿੰਘ ਸਿਰ ਹੱਥ ਟਿਕਾਇਆ, ਫੜ ਕੇ ਬਾਹੋਂ ਆਪ ਚੜ੍ਹਾਇਆ ਉਚਾ ਪੌੜਾ । ਧੁਰਦਰਗਾਹੀ ਸਾਚਾ ਮਾਹੀਆ, ਘਰ ਤੇਰੇ ਆਇਆ ਦੌੜਾ ਦੌੜਾ । ਉਚੀ ਪੌੜੀ ਜਾਣਾ ਚੜ੍ਹ, ਰਾਹ ਵਿਚ ਨਾ ਜਾਣਾ ਅੜ । ਬੇਮੁਖ ਜੀਵ ਆਪ ਵਹਾਏ ਵਹਿੰਦੇ ਹੜ੍ਹ । ਗੁਰਮੁਖ ਸਾਚੇ ਨੇਤਰ ਵੇਖਣ, ਬੇਮੁਖ ਜੀਵ ਜਾਇਣ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਫੜ ਬਾਹੋਂ ਪਾਰ ਕਰਾਏ ਬਿਆਸਾ ਕੰਢੇ ਆਪੇ ਖੜ੍ਹ । ਡੂੰਘਾ ਸਾਗਰ ਡੂੰਘੀ ਧਾਰ । ਡੂੰਘੀ ਚੁੱਭੀ ਮਾਰ । ਹਰਿ ਜੀ ਕਰੇ ਵਿਚਾਰ । ਆਤਮ ਡੂੰਘੀ ਕਾਇਆ ਡੂੰਘੀ ਨਾ ਕੋਈ ਪਾਵੇ ਸਾਰ । ਕਵਲ ਮੁਖ ਹੋਈ ਰਹੇ ਮੂੰਧੀ, ਨਾ ਖਿੜੇ ਸੱਚੀ ਗੁਲਜ਼ਾਰ । ਨਾ ਪਾਏ ਕੋਈ ਅੰਮ੍ਰਿਤ ਬੂੰਦੀ, ਨਾ ਆਏ ਆਤਮ ਘਰ ਸੱਚੀ ਬਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਰ ਆਇਆਂ ਜਾਏ ਤਾਰ । ਸਾਚਾ ਘਰ ਤੇਰਾ ਵਸੇ ਗੁਰਸਿਖ । ਵੇਲਾ ਹੱਥ ਨਾ ਆਏ, ਵਡ ਵਡ ਬੈਠੇ ਮੁਨ ਰਿਖ । ਸਾਚਾ ਘਰ ਮੰਗਣ ਕੋਈ ਵਿਰਲਾ ਆਏ, ਏਥੇ ਪਏ ਨਾਮ ਭਿਖ । ਗੁਰਮੁਖਾਂ ਘਾਲ ਪਾਏ ਥਾਂਏ, ਮਿਟਾਏ ਆਤਮ ਤ੍ਰਿਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਗਿਆਨ ਦਵਾਏ, ਗੁਰਸਿਖਾਂ ਲੈਣਾ ਸਿੱਖ । ਆਏ ਦਰ ਹੋਏ ਅਧੀਨ । ਕਿਰਪਾ ਕਰੇ ਹਰਿ ਪ੍ਰਬੀਨ । ਤੀਨੋ ਤਾਪ ਲਏ ਛੀਨ । ਇਕ ਮਨਾਏ ਸ਼ਬਦ ਈਨ । ਰਸਨਾ ਲੈਣਾ ਹਰਿ ਜੀ ਚੀਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਮਝਾਏ, ਗੁਰਸਿਖਾਂ ਕੰਨ ਸੁਣਾਏ, ਇਕ ਅਵਲੜੀ ਬੀਨ । ਵੱਜੇ ਬੀਨ ਰਾਗ ਸਤਿ । ਗੁਰਸਿਖਾਂ ਦੇਵੇ ਹਰਿ ਜੀ ਮਤ । ਸੋਹੰ ਸ਼ਬਦ ਧੀਰਜ ਆਤਮ ਸਾਚਾ ਯਤ । ਅੰਤਮ ਵੇਲੇ ਰੱਖੇ ਪਤਿ । ਸਾਚੇ ਧਾਮ ਆਪ ਬਹਾਏ, ਗੁਰਸਿਖਾਂ ਸਾਚੇ ਸੰਤ ਜਨਾਂ, ਜਿਸ ਉਪਰ ਨਾ ਰੱਖੇ ਕੋਈ ਛੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚਾ ਬੀਜ ਬਿਜਾਏ, ਗੁਰਸਿਖ ਤੇਰੀ ਆਤਮ ਆਇਆ ਸਾਚਾ ਵੱਤ । ਆਤਮ ਸਾਚਾ ਵੱਤ ਬੀਜ ਬਿਜਾਈਆ । ਕਿਰਪਾ ਕਰ ਦੇਵੇ ਤਤ, ਨਾਮ

ਦਾਤ ਝੋਲੀ ਪਾਈਆ । ਰਸਨਾ ਚਰਖਾ ਲੈਣਾ ਕਤ, ਸੋਹੰ ਸ਼ਬਦ ਵਡ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ
ਅੰਤਮ ਕਲ ਆਪੇ ਆਪ ਭੁਲਾਈਆ । ਸੇਵਾ ਸੁਰਤ ਸਰਬ ਸੁਖਦਾਈਆ । ਪ੍ਰਭ ਸਾਚੇ ਲੇਖੇ ਲਾਈਆ । ਘਰ ਸਾਚੇ ਮਿਲੀ ਵਧਾਈਆ । ਗੁਰਸਿਖ
ਗਾਇਣ ਗੀਤ, ਹਰਿ ਸਾਚੇ ਰੰਗ ਰੰਗਾਈਆ । ਹਰਿ ਮਿਲਿਆ ਸਾਚਾ ਮੀਤ, ਆਤਮ ਸੱਚਾ ਹਰਿ ਆਪ ਬੁਝਾਈਆ । ਕਰਨੀ ਇਕ ਸੱਚੀ ਪ੍ਰੀਤ,
ਗੁਰਸਿਖ ਨਾਰ ਹਰਿ ਏਕਾ ਥਾਂ ਵਸਾਈਆ । ਮਾਨਸ ਜਨਮ ਲੀਆ ਜੀਤ, ਹੋਈ ਕਾਇਆ ਠੰਡੀ ਸੀਤ, ਘਰ ਆਇਆ ਹਰਿ ਰਘੁਰਾਈਆ । ਔਖਾ
ਹੋ ਗਿਆ ਪੰਚਾ ਮੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੁਤ ਆਪ ਸੁਹਾਈਆ । ਇਕ ਗੁਰ ਇਕ ਗੋਬਿੰਦ । ਚਰਨ ਲਗਾਏ
ਵਾਲੀ ਹਿੰਦ । ਸੰਤ ਮਨੀ ਸਿੰਘ ਸਾਚੀ ਬਿੰਦ । ਕਰ ਦਰਸ ਉਤਰੀ ਚਿੰਦ । ਸ੍ਰਿਸ਼ਟ ਸਬਾਈ ਕਰੇ ਨਿੰਦ । ਸਾਚੀ ਕਲਮ ਹੱਥ ਫੜਾਈ ।
ਅੱਠੇ ਪਹਿਰ ਰਿਹਾ ਚਲਾਈ । ਸ਼ਬਦ ਆਏ ਵਾਹੋ ਦਾਹੀ, ਨਾ ਥੱਕਣ ਬਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਸ ਰਖਾਈ
ਮੇਰੀ ਆਤਮ ਤ੍ਰਿਖਾ ਬੁਝਾਈਂ । ਸਾਚਾ ਲੇਖ ਲਿਖਾਏ ਬਣ ਲਿਖਾਰਾ । ਸ੍ਰਿਸ਼ਟ ਸਬਾਈ ਹੋਈ ਅੰਧ ਅੰਧਿਆਰਾ । ਆਪ ਲਾਹੀ ਆਤਮ ਵਿਸੇ,
ਜੋਤ ਜਗਾਈ ਅਗੰਮ ਅਪਾਰਾ । ਕਿਸੇ ਨਾ ਆਇਆ ਹਰਿ ਜੀ ਹਿੱਸੇ, ਗੁਰਸਿਖਾਂ ਦਰ ਦਵਾਰੇ ਆਏ, ਆਪਨਾ ਪੱਲੂ ਅੱਗੇ ਡਾਹੇ, ਮੰਗੇ ਇਕ
ਸੱਚਾ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਆਇਆ ਮੰਗਣ, ਤੇਰਾ ਸੱਚਾ ਇਕ ਦਵਾਰਾ । ਸਚ ਪਿਆਰ ਭਿਛਿਆ
੨੭ ਪਾਉਣੀ । ਪੂਰੇ ਹਰਿ ਦੀ ਇਹ ਪੱਕੀ ਹਾੜੀ ਸਾਉਣੀ । ਤੇਰੇ ਆਤਮ ਅੰਮ੍ਰਿਤ ਸਾਚਾ ਤਾਲ ਰਖਾਇਆ, ਇਹ ਕੀਤੀ ਇਕੋ ਰੌਣੀ । ਅੰਮ੍ਰਿਤ ੨੭
੦੪ ਜਲ ਵਿਚ ਭਰਾਇਆ, ਸੋਹੰ ਲਗਾਈ ਸਾਚੀ ਭੌਣੀ । ਆਪਨਾ ਆਪ ਵਿਚ ਛੁਪਾਇਆ ਡੂੰਘੀ ਚੁੱਭੀ ਇਕ ਲਗਾਉਣੀ । ਅੱਗੋਂ ਨੇਤਰ ਹਰਿ ਜੀ ੦੪
ਖੋਲ੍ਹੇ, ਏਕਾ ਮੁਖ ਤਾਂ ਰਖਾਇਆ । ਗੁਰਸਿਖ ਫੜ ਕੇ ਬਾਹੋਂ ਆਪਨੇ ਗਲੇ ਲਗਾਇਆ । ਏਕਾ ਦੇਵੇ ਸਚ ਸਰਨਾਇਆ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਮੰਗਣ ਦਾਨ ਬਣ ਅੰਵਾਣ ਦਰ ਤੇਰੇ ਤੇ ਆਇਆ । ਸਾਚਾ ਦਾਨ ਭਿਛਿਆ ਪਾ, ਪੂਰਨ ਇਛਿਆ ਆਪਨੀ ਅੱਜ ਕਰਾ । ਪ੍ਰਭ
ਕਰਨ ਆਇਆ ਰੱਛਿਆ, ਸਿਰ ਦੇਵੇ ਹੱਥ ਟਿਕਾ । ਸਾਚਾ ਨਾਮ ਪੂਰੀ ਦਾਤ ਨਾ ਪਾਏ ਕੋਈ ਭਿੱਛਿਆ, ਬੈਠੇ ਮੂੰਹ ਛੁਪਾ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਜਗਾਈ, ਤਿੰਨਾਂ ਲੋਕਾਂ ਵੱਜੇ ਵਧਾਈ, ਸਾਧ ਸੰਤ ਧਿਆਉਂਦੇ ਥਾਈਂ ਥਾਈਂ, ਹਰਿ ਜੀ ਦਿਸੇ ਕਿਸੇ ਨਾ ਥਾਂ ।
ਬੈਠੇ ਵਿਚ ਉਜਾੜਾਂ ਕੰਦਰਾਂ । ਹਰਿ ਜੀ ਵਸੇ ਗੁਰਸਿਖ ਨੇਰਾ, ਆਪੇ ਤੋੜੇ ਤੇਰਾ ਵੱਜਾ ਜੰਦਰਾ । ਉਚੇ ਟਿੱਲੇ ਵਡੇ ਕਿਲੇ, ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਭੌਂਦੇ ਫਿਰਨ ਗੋਰਖ ਤੇ ਮਛੰਦਰਾ । ਮੰਗਣ ਆਏ ਹਰਿ ਦਵਾਰਾ । ਏਥੇ ਮਿਲਦਾ ਪ੍ਰੇਮ ਭੰਡਾਰਾ । ਸਿੰਘ ਸ਼ੇਰ ਕੀ ਕਰੇ ਬੇਚਾਰਾ ।
ਸਚ ਧਾਮ ਛਡ ਕੇ ਆਇਆ, ਨਿਹਕਲੰਕ ਬਣ ਕੇ ਆਇਆ, ਗੁਰਸਿਖਾਂ ਕਰੇ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ
ਤੇਰੀ ਆਤਮ ਸੋਇਆ, ਸਿੰਘ ਸ਼ੇਰ ਆਤਮ ਸੇਜਾ ਸਚ ਭਤਾਰਾ । ਨਾ ਕੋਈ ਮੰਗਦਾ ਹੋਰ ਦਵਾਰ । ਸਾਚੀ ਸੇਜਾ ਡੇਰਾ ਲਾਇਆ, ਰਿਹਾ ਪੈਰ
ਪਸਾਰ । ਸਿੱਧਾ ਮੁਖ ਤੇਰੇ ਵੱਲ ਰਖਾਇਆ, ਚਰਨਾਂ ਉਪਰ ਕਰ ਨਿਮਸਕਾਰ । ਤੇਰਾ ਨਾਭ ਕਵਲ ਉਲਟਾਇਆ, ਅੰਮ੍ਰਿਤ ਦੇਵੇ ਬੂੰਦਾਰ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਨੀ ਦਇਆ ਆਪ ਕਮਾਏ, ਗੁਰਸਿਖ ਦੇਵੇ ਸਿਰ ਤੇਰੇ ਉਤੇ ਇਕ ਪਿਆਰ । ਦਿਤਾ ਇਕ ਸੱਚਾ ਪਿਆਰਾ ।

ਕੀਤਾ ਜਗਤ ਸੱਚਾ ਵਿਹਾਰਾ । ਰਸਨਾ ਗਾਇਣ ਨਾਰੀ ਨਾਰਾ । ਬਣਿਆ ਗੁਰ ਪੂਰੇ ਦਾ ਸੱਚਾ ਇਕ ਦਵਾਰਾ । ਸਿਰ ਤੋਂ ਲੱਥਾ ਅਗਲਾ ਪਿਛਲਾ ਭਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਾਤ ਮੰਗਣ ਆਇਆ ਤੇਰੇ ਚਲ ਦਵਾਰਾ । ਸਾਚੀ ਦਾਤ ਤੇਰੀ ਨਾਮ ਤਾੜੀ । ਲਾਜ ਰੱਖੇ ਹਰਿ ਜੀ ਤੇਰੀ ਚਿੱਟੀ ਦਾਹੜੀ । ਇਕ ਨਿਗਾਹ ਗੁਰਸਿਖ ਰਖਾਈਂ ਛੱਤ ਗਗਨ ਪਾੜੀ । ਪ੍ਰਭ ਅਬਿਨਾਸ਼ੀ ਆਇਆ ਚਾਈਂ ਚਾਈਂ, ਸ੍ਰਿਸ਼ਟ ਸਬਾਈ ਹੋਈ ਕਿਸਮਤ ਮਾੜੀ । ਗੁਰਸਿਖ ਸਾਚਾ ਗਲੇ ਲਗਾਇਆ, ਫੜ ਕੇ ਆਪੇ ਬਾਹੀਂ । ਬੇਮੁਖਾਂ ਮਗਰ ਲਗਾਈ ਮੌਤ ਲਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਲਾਜ ਰਖਾਏ, ਜਿਹੜੀ ਚਰਨ ਛੁਹਾਈ ਦਾਹੜੀ । ਬਾਲ ਜਵਾਨੀ ਗਈ ਬੀਤ । ਅਜੇ ਨਾ ਹੋਈ ਕਾਇਆ ਸੀਤ । ਅੰਤਮ ਵੇਲੇ ਹਰਿ ਜੀ ਆਇਆ ਚੀਤ । ਸਾਚਾ ਘਰ ਨਜ਼ਰੀ ਆਇਆ, ਜਿਥੇ ਏਕਾ ਸਾਚੀ ਰੀਤ । ਮਾਨਸ ਜਨਮ ਜਿਸ ਦਵਾਇਆ, ਮਿਲਿਆ ਸਾਚਾ ਮੀਤ । ਆਉਣਾ ਜਾਣਾ ਲੇਖੇ ਲਾਇਆ । ਸਾਧ ਸੰਗਤ ਵਿਚ ਬਹਾਇਆ । ਸਾਧ ਸੰਗਤ ਤੇਰੀ ਧੂੜ, ਇਹਦੇ ਮੱਥੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ, ਸਹਿੰਸਾ ਰੋਗ ਚਿੰਤਾ ਸੋਗ ਆਤਮ ਦੁੱਖ ਮਿਟਾਇਆ । ਸੰਗਤ ਸੰਗ ਮਿਲਿਆ ਮੇਲ । ਆਪ ਛੁਡਾਏ ਧਰਮ ਰਾਏ ਦੀ ਵਿਚੋਂ ਜੇਲ੍ਹ । ਸਾਚੇ ਮਾਰਗ ਪਾਇਆ ਗੁਰਸਿਖਾਂ ਦੇ ਸੰਗ ਰਲਾ ਕੇ, ਬਣ ਜਾਏ ਸੱਜਣ ਸੁਹੇਲ । ਕੌੜੀ ਵੇਲ ਫਲ ਲਗਾਏ, ਦਰ ਘਰ ਸਾਚੇ ਆਏ ਮੁੱਲ ਪਵਾਏ, ਅਚਰਜ ਖੇਲ ਰਿਹਾ ਖੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਲੇਖੇ ਲਾਏ, ਆਤਮ ਸਾਚੀ ਜੋਤ ਜਗਾਏ, ਨਾ ਕੋਈ ਬੱਤੀ ਨਾ ਕੋਈ ਤੇਲ । ਹੋਏ ਨਿਮਾਣੀ ਆਏ ਦਰ । ਅੱਗੇ ਮਿਲਿਆ ਸਾਚਾ ਹਰਿ । ਸਾਚਾ ਦੇਵੇ ਇਕੋ ਵਰ । ਜਾ ਵਸੇ ਸਾਚੇ ਘਰ । ਸਾਚਾ ਘਰ ਸਚ ਸਰੋਵਰ ਸਿੰਘ ਬਿਸ਼ਨ ਤੇਰਾ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਉਣਾ ਜਾਣਾ ਲੇਖੇ ਲਾਇਆ, ਫੜੇ ਨਾਲ ਆਪੇ ਤੇਰੀ ਬਾਂਹ । ਗੁਰਸਿਖ ਤੇਰੇ ਵਡੇ ਭਾਗ । ਸੋਗ ਜਾਏ ਘਰ ਤੇਰੇ ਵਿਚੋਂ ਭਾਗ । ਅੰਮ੍ਰਿਤ ਸਾਚੀ ਬੂੰਦ ਪਿਆਏ, ਆਪ ਬੁਝਾਏ ਲੱਗੀ ਆਗ । ਤੇਰਾ ਮਾਣ ਤਾਣ ਰਖਾਏ, ਆਪ ਫੜਾਏ ਹੱਥੀਂ ਵਾਗ । ਗੁਰਸਿਖ ਤੇਰੀ ਸ਼ਾਨ ਵਧਾਏ, ਅੰਮ੍ਰਿਤ ਸਾਚਾ ਸੀਰ ਛਿੜਕਾਏ, ਲਾਹੇ ਪਿਛਲੇ ਦਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੇ ਦਰ ਬਹਾਏ ਦਇਆ ਕਮਾਏ, ਬੇਮੁਖ ਹੰਸ ਕਾਗ । ਸਾਚਾ ਬੰਸ ਆਪ ਬਣਾਇਆ । ਗੁਰਸਿਖ ਸਾਧ ਸੰਗਤ ਬਣ , ਏਕਾ ਬੰਸ ਗੁਰ ਬਣਾਇਆ । ਗੁਰਸਿਖ ਸਾਚਾ ਮਾਤ ਚੁਣ, ਸਾਚਾ ਰਾਗ ਕੰਨ ਸੁਣਾਇਆ । ਇਕ ਉਪਜਾਏ ਸ਼ਬਦ ਧੁਨ, ਕਿਲੀ ਸਿਤਾਰ ਨਾ ਕੋਇ ਰਖਾਇਆ । ਦੂਰ ਦੁਰਾਡਾ ਰਿਹਾ ਪੁਕਾਰਾਂ ਸੁਣ, ਪਰਦੇ ਉਹਲੇ ਕਾਇਆ ਡੋਲੇ ਜਿਸ ਨੇ ਡੇਰਾ ਲਾਇਆ । ਆਪੇ ਕਰੇ ਛਾਣ ਪੁਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਸਚ ਘਰ ਗਿਆ ਆ । ਆਪਣੀ ਬਣਤ ਜਾਏ ਬਣਾ । ਦਰਗਾਹ ਸਾਚੀ ਹਰਿ ਜੀ ਸਾਚਾ ਦੇਵੇ ਨਾਲ ਰਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਦੇਵੇ ਠੰਡੀਆਂ ਛਾਵਾਂ, ਫੜ ਕੇ ਬਾਹੋਂ ਜਿਉਂ ਪੁੱਤਾਂ ਦੇਵੇ ਲੋਰੀਆਂ ਮਾਂ । ਆਤਮ ਚਿਰੀ ਵਿਛੁੰਨੀ । ਸਿਰੋਂ ਲੱਥੀ ਚਿੱਟੀ ਚੁੰਨੀ । ਮੈਂ ਮਿਲਾਂ ਹਰਿ ਜੀ ਕਿਹੜੇ ਗੁਣੀਂ । ਮੇਰੇ ਗੁਣ ਅਵਗੁਣ ਨਾ ਛਾਣੀ ਨਾ ਪੁਣੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਆਈ ਸਚ ਤੇਰੇ ਦਵਾਰੇ ਇਕ ਪੁਕਾਰ ਸੁਣੀਂ । ਮੇਰੀ ਪੁਕਾਰ ਏਕਾ ਸੁਣ, ਆਤਮ ਆਈ ਦਰ ਨਿਮਾਣੀ । ਅੰਮ੍ਰਿਤ ਪਿਆ ਹਰਿ ਜੀ ਇਕੋ ਸੱਚਾ ਪਾਣੀ । ਸੋਹੰ


੨੮
੦੪

ਸ਼ਬਦ ਦਾਤ ਝੋਲੀ ਪਾ, ਗਾਵਾਂ ਸੱਚੀ ਬਾਣੀ । ਕਲਜੁਗ ਅੰਧੇਰੀ ਰਾਤ ਮਿਟਾ, ਗੁਰਸਿਖ ਸਾਰੇ ਰੰਗ ਰਲਾ, ਇਕੱਠੇ ਹੋਈਏ ਹਾਣੀ ਹਾਣੀ । ਏਕਾ ਰੱਖੀਂ ਠੰਡੀ ਛਾਂ । ਆਪੇ ਬਣ ਜਾਈਂ ਪਿਤਾ ਮੇਰੀ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਚਰਨਾਂ ਦੇਵੀਂ ਸੱਚਾ ਥਾਂ । ਆਈ ਆਤਮ ਸਾਚੇ ਦਰ । ਲੈ ਕੇ ਜਾਏ ਸਾਚਾ ਵਰ । ਖੁਲ੍ਹਾ ਰੱਖੇ ਹਰਿ ਜੀ ਘਰ । ਗੁਰਸਿਖ ਨਾ ਆਵੇ ਤੈਨੂੰ ਡਰ । ਮਾਤਲੋਕ ਨਾ ਜਾਵੇ ਅੰਤਮ ਮਰ । ਕਿਰਪਾ ਕਰੇ ਹਰਿ ਧਰਨੀ ਧਰ । ਆਪ ਨੁਹਾਏ ਅੰਮ੍ਰਿਤ ਸਾਚੇ ਸਰ । ਡੂੰਘਾ ਤਾਲ ਇਕ ਸੁਹਾਇਆ ਕਾਇਆ ਅੰਦਰ, ਸਾਚੇ ਮੰਦਰ ਅੰਮ੍ਰਿਤ ਸਾਚਾ ਰਿਹਾ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਰਿਹਾ ਕਰ । ਆਤਮ ਆਈ ਨਾਲ ਲਿਆਈ ਭਿੰਨੜੀ ਰੈਣ । ਦੋਹਾਂ ਇਕ ਸਲਾਹ ਬਣਾਈ, ਸਾਚਾ ਹਰਿ ਬਣ ਜਾਏ ਸਾਕ ਸੱਜਣ ਸੈਣ । ਸ੍ਰਿਸ਼ਟ ਸਬਾਈ ਆਪ ਤਜਾਈਏ, ਅੰਤਮ ਫੇਰ ਨਾ ਪਾਈਏ ਵੈਣ । ਮਾਤਲੋਕ ਆਉਣਾ ਜਾਣਾ ਲੇਖੇ ਲਾਈਏ, ਦਰਸ਼ਨ ਪਾਈਏ ਹਰਿ ਜੀ ਸਾਚੇ ਨੈਣ । ਪਿਛਲਾ ਲੇਖਾ ਸਰਬ ਚੁਕਾਈਏ, ਭਰਮ ਭੁਲੇਖਾ ਸਾਰਾ ਢਾਹੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਲੈਣ ਦੇਣ । ਪਿਛਲਾ ਲੇਖਾ ਹਰਿ ਚੁਕਾਏ । ਅੱਗੇ ਸਾਚੇ ਮਾਰਗ ਪਾਏ । ਸਾਰੰਗ ਧਰ ਭਗਵਾਨ ਬੀਠਲਾ, ਕਾਇਆ ਵਿਚੋਂ ਭੰਨੇ ਕੌੜਾ ਰੀਠਲਾ, ਉਤੇ ਅੰਮ੍ਰਿਤ ਛਿੜਕੇ ਸੀਤਲਾ, ਇਕ ਰਖਾਏ ਚਰਨ ਪ੍ਰੀਤਲਾ, ਨਾ ਲੱਗੀ ਕੋਈ ਤੋੜ ਤੁੜਾਏ । ਮਾਨਸ ਜਨਮ ਗੁਰਸਿਖ ਸਾਚੇ ਵਿਚ ਜਗਤ ਦੇ ਜੀਤਲਾ, ਲੱਖ ਚੁਰਾਸੀ ਆਪ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮ ਕੀ ਫਾਸੀ ਘਨਕਪੁਰ ਵਾਸੀ ਆਪਣੀ ਹੱਥੀਂ ਗਲੋਂ ਲਾਹੇ । ਜਮ ਕੀ ਫਾਸੀ ਤੁਟਾ ਫਾਹ । ਕਲਜੁਗ ਭੁੱਲਿਆ ਰੁਲਿਆ ਪ੍ਰਭ ਫੜ ਕੇ ਬਾਹੋਂ ਸਾਚੇ

੨੯ ਰਾਹ ਦਿਤਾ ਪਾ । ਅੰਮ੍ਰਿਤ ਆਤਮ ਅਜੇ ਨਾ ਡੁੱਲਿਆ, ਪਿਛਲੀ ਭੁੱਲ ਲਈ ਬਖ਼ਸ਼ਾ । ਗੁਰਮੁਖ ਸਾਚਾ ਵਿਚ ਮਾਤ ਦੇ ਫਲਿਆ ਫੁਲਿਆ, ਗੁਰ ੨੯

੦੪ ਦਰ ਆਏ ਚਰਨੀ ਸੀਸ ਲਿਆ ਝੁਕਾ । ਵਿਚ ਮਾਤ ਪਾਏ ਹਰਿ ਜੀ ਮੁੱਲਿਆ, ਭਾਗ ਲਗਾਏ ਕਾਇਆ ਕੁੱਲਿਆ, ਸਾਚੀ ਦੇਵੇ ਜੋਤ ਜਗਾ । ੦੪

ਕਲਜੁਗ ਜੀਵ ਬੇਮੁਖ ਝੂਠਾ ਜੂਠਾ ਅੰਤਮ ਹੁੱਲਿਆ, ਫਲ ਕਿਸੇ ਡਾਲੇ ਦਿਸੇ ਨਾ । ਗੁਰਸਿਖ ਸਾਚਾ ਪੂਰੇ ਤੋਲ ਤੁਲਿਆ, ਹੋਏ ਨਿਮਾਣਾ ਚਰਨੀ ਡਿੱਗਾ ਮੂੰਹ ਵਿਚ ਰੱਖਿਆ ਘਾਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖੇ ਆਪੇ ਲਏ ਲਾ । ਜੋ ਜਨ ਰਹੇ ਭੁੱਲ ਭੁਲੇਖੇ । ਘਰ ਸਾਚੇ ਆਏ ਵੇਖੀ ਵੇਖੇ । ਪ੍ਰਭ ਲਿਖਦਾ ਰਹੇ ਲੇਖੇ । ਸਾਚੀ ਜੋਤ ਹਰਿ ਜਗਾਈ, ਸਿੰਘ ਸਿੰਘਾਸਣ ਡੇਰਾ ਲਾਈ, ਗੁਰਸਿਖ ਸਾਚਾ ਨੇਤਰ ਪੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਦਏ ਵਡਿਆਈ, ਪਿਛਲੀ ਭੁੱਲ ਦਏ ਬਖ਼ਸ਼ਾਈ, ਆਪੇ ਕੱਢੇ ਭਰਮ ਭੁਲੇਖੇ । ਹਰਿ ਰੱਖੇ ਸ਼ਬਦ ਡੋਰ । ਗੁਰਸਿਖਾਂ ਆਤਮ ਬੈਠਾ ਬੰਨ੍ਹਦਾ ਰਹੇ ਪੰਜ ਚੋਰ । ਦਰ ਘਰ ਸਾਚੇ ਇਹ ਨਾ ਪਾਇਣ ਜੂਠਾ ਝੂਠਾ ਸ਼ੋਰ । ਆਤਮ ਸਾਚੀ ਜੋਤ ਜਗਾਏ ਆਪ ਮਿਟਾਏ ਅੰਧਘੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਦਇਆ ਕਮਾਏ, ਗੁਰ ਸੰਗਤ ਨਾਲ ਰਲਾਏ, ਹੌਲੀ ਹੌਲੀ ਲਏ ਤੋਰ । ਆਪਣੀ ਉਂਗਲ ਲਏ ਫੜਾ । ਪਹਿਲੀ ਪੌੜੀ ਲਏ ਚੜ੍ਹਾ । ਸਚ ਵਖਾਇਆ ਇਕ ਥਾਂ । ਜਿਥੇ ਨਾ ਹੁੰਦੀ ਕਦੇ ਨਾਹ । ਨਾ ਕੋਈ ਧੀ ਨਾ ਕੋਈ ਮਾਂ । ਏਕਾ ਹਰਿ ਜੀ ਸਾਚਾ ਦਿਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਦਾ ਠੰਡੀ ਛਾਂ । ਠੰਡੀ ਛਾਂ ਗੁਰਸਿਖ ਜਾਣਨੀ । ਹਰਿ ਸ਼ਬਦ ਤਾਣੇ ਉਤੇ ਚਾਨਣੀ । ਆਤਮ ਸਾਚੀ ਜੋਤ ਜਗਾਏ, ਕਰੇ ਪ੍ਰਕਾਸ਼ ਕੋਟ ਭਾਨਣੀ । ਆਤਮ ਦੁੱਖਾਂ ਨਾਸ ਕਰਾਏ, ਦੇਵੇ

ਸ਼ਬਦ ਵਡ ਬ੍ਰਹਮ ਗਿਆਨਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆ ਪੂਰ ਕਰਾਏ ਗੁਰਸਿਖਾਂ ਭਾਵਨੀ । ਬਖ਼ਸ਼ੇ
ਚਰਨ ਧਿਆਨ ਨਾਮ ਨਿਧਾਨ ਸ਼ਬਦ ਉਡਾਨ ਹਰਿ ਮਿਹਰਵਾਨ । ਗੁਰਸਿਖ ਬਣਾਏ ਚਤੁਰ ਸੁਜਾਨ । ਆਪ ਮਿਟਾਏ ਜਮ ਕੀ ਕਾਨ । ਸੋਹੰ ਸ਼ਬਦ
ਲਾਏ ਸੱਚੀ ਪਾਨ । ਸਾਚਾ ਨਾਮ ਮਾਲ ਧਨ ਦੋਏ ਜਹਾਨੀ ਬਹਿ ਕੇ ਖਾਨ । ਸਾਚੀ ਡੋਲੀ ਆਪ ਬਹਾਏ, ਹੋਰ ਕਹਾਰ ਨਾ ਕੋਈ ਰਖਾਏ, ਗੁਰਸਿਖ
ਸਾਚੇ ਲਏ ਉਠਾਏ, ਆਪਣੇ ਨਾਲ ਤੋਰੀ ਜਾਏ ਹੌਲੀ ਹੌਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸਰ ਇਸ਼ਨਾਨ ਕਰਾਏ, ਆਪਣਾ
ਘਰ ਆਪ ਵਖਾਏ, ਆਪਣੀ ਹੱਥੀਂ ਬੂਹਾ ਲਾਹੇ, ਨਾ ਕੋਈ ਨੁਹਾਵਣ ਜਾਏ ਅਠਸਠ ਤੀਰਥ ਬੌਲੀ । ਅੱਠ ਸੱਠ ਤੀਰਥ ਹੋਏ ਵੈਰਾਨ । ਮਿਟਦੀ
ਜਾਏ ਨਾਲ ਕੁਰਾਨ । ਏਕਾ ਵੱਜਾ ਸ਼ਬਦ ਬਾਣ । ਚੁੱਕਦੀ ਜਾਏ ਸਭ ਦੀ ਕਾਣ । ਗੰਗਾ ਆਏ ਚਰਨ ਭਗਵਾਨ । ਜਟਾ ਜੂਟ ਰਿਸ਼ੀ ਹਰਿ
ਜੀ ਲਏ ਪਛਾਣ । ਸ਼ਿਵ ਸ਼ੰਕਰ ਵੱਜੀ ਕੰਕਰ ਗੰਗਾ ਚਲੀ ਬੇਮਹਾਨ । ਕਲਜੁਗ ਅੰਤਮ ਨੇੜੇ ਆਇਆ, ਸਾਰੇ ਮੇਟੇ ਮੇਟ ਮਿਟਾਨ । ਹੱਥ ਨਾ
ਆਏ ਸਾਚਾ ਸੀਰਥ, ਮੁਖੀਂ ਪਾਇਣ ਝੂਠਾ ਨੀਰਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਨਾ ਛੱਡਿਆ ਮਾਣ ਤਾਨ । ਗੰਗਾ ਗੋਦਾਵਰੀ
ਗਈ ਲੁੱਟੀ । ਨਿਹਕਲੰਕ ਜੜ੍ਹ ਪੁੱਟੀ । ਅੰਮ੍ਰਿਤ ਮਿਲੇ ਨਾ ਕਿਸੇ ਘੁਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਚੋਗ ਆਪ ਚੁਗਾਵੇ,
ਵੇਲੇ ਅੰਤ ਸਭ ਦੀ ਚੋਗ ਨਿਖੁਟੀ । ਸਭ ਦੀ ਚੋਗ ਗਈ ਨਿਖੁਟ ਵਿਚ ਜਹਾਨ । ਬੇਮੁਖ ਹੋਏ ਮਦਿਰਾ ਮਾਸ ਪੀਣ ਖਾਣ । ਫੇਰ ਕਰਨ ਵਿਚ
ਸਰੋਵਰ ਇਸ਼ਨਾਨ । ਆਤਮ ਅੰਧੇ ਪਾਪੀ ਗੰਦੇ ਝੂਠੇ ਬੰਦੇ ਦੁਰਮਤ ਮੈਲ ਮਲ ਮਲ ਵਿਚ ਤਾਰੀਆਂ ਲਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੩੦ ੦੪ ਨਿਹਕਲੰਕ ਕਲ ਜਾਮਾ ਪਾਇਆ, ਕੋਈ ਨਾ ਸਕੇ ਜੀਵ ਪਛਾਣ । ਝੂਠੀਆਂ ਤਾਰੀਆਂ ਰਹੇ ਲਾ । ਪਾਪਾਂ ਮੈਲ ਰਹੇ ਚੜ੍ਹਾ । ਕੋਈ ਨਾ ਜਪਿਆ ੩੦ ੦੪
ਸਾਚਾ ਜਾਪਾ, ਜਿਹੜਾ ਮਾਰੇ ਤੀਨੋ ਤਾਪਾ, ਦੁਰਮਤ ਮੈਲ ਦਏ ਗੁਆ । ਵੇਲੇ ਅੰਤਮ ਕਲਜੁਗ ਕਾਂਪਾ, ਏਕਾ ਏਕ ਮਿਲੀ ਸਜ਼ਾ । ਮਾਝੇ ਦੇਸ
ਘਰ ਘਰ ਵੇਸ, ਪੰਚਮ ਜੇਠ ਚਿੱਟੀਆਂ ਪਹਿਨੇ ਆਪ ਪੁਸ਼ਾਕਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚਾ ਹਰਿ, ਗੁਰਮੁਖਾਂ
ਖੋਲ੍ਹੇ ਆਪਣੀ ਹੱਥੀਂ ਆਤਮ ਵੱਜੀਆਂ ਤਾਕਾਂ । ਆਤਮ ਤਾਕੀ ਪੜਦਾ ਖੋਲ੍ਹੇ । ਆਪ ਹਟਾਏ ਮਾਇਆ ਉਹਲੇ । ਵਿਚੋਂ ਹਰਿ ਜੀ ਸੱਚਾ ਬੋਲੇ ।
ਏਕਾ ਵਸੇ ਕਾਇਆ ਸਾਚੇ ਚੋਲੇ । ਸਾਚੀ ਚੋਲੀ ਤਨ ਰੰਗਾਈਆ । ਗੁਰ ਚਰਨ ਧੂੜ ਉਤੇ ਆਣ ਛੁਹਾਈਆ । ਵਾਹ ਵਾਹ ਦੁਰਮਤ ਮੈਲ ਗਵਾਈਆ ।
ਸਾਚੀ ਸੁਰਤ ਹਰਿ ਦਵਾਈਆ । ਕਰੇ ਮਿਹਰ ਰੱਖੇ ਰੁਸ਼ਨਾਈਆ । ਭੱਜਾ ਆਵੇ ਵਾਹੋ ਦਾਹੀਆ । ਗੁਰ ਸੰਗਤ ਸੰਗ ਰਲਾਏ, ਇਕੱਠੇ ਕਰਾਏ
ਭੈਣਾਂ ਭਾਈਆ । ਚਿੱਟੇ ਘੋੜੇ ਤੰਗ ਕਸਾਇਆ, ਚੜ੍ਹ ਕੇ ਆਵੇ ਸਾਚਾ ਮਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡਾ ਦਾਤਾ ਸੂਰਬੀਰ,
ਮਾਰੇ ਸ਼ਬਦ ਤੀਰ, ਸਭ ਦੇ ਸੀਨੇ ਰਿਹਾ ਚੀਰ, ਗੁਰਸਿਖਾਂ ਦਰ ਆਏ ਦਇਆ ਕਮਾਏ, ਠੰਡਾਂ ਦੇਵੇ ਪਾਏ ਸਭਨਾਂ ਦਿਸੇ ਵਿਚ ਪ੍ਰਭਾਸ, ਮੇਰਾ ਤੇਰਾ
ਤੇਰਾ ਮੇਰਾ ਹੇਰਾ ਫੇਰਾ ਫੇਰਾ ਹੇਰਾ ਪਹਿਲੀ ਵਾਰਾ ਆਪਣਾ ਆਪ ਚੁਕਾਈਆ । ਆਪੇ ਬਣਿਆ ਸਾਚਾ ਦਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਤੇਰੇ ਆਤਮ ਮੰਡਲ ਜੋਤ ਸਰੂਪੀ ਅੱਠੇ ਪਹਿਰ ਪਾਉਂਦਾ ਰਹੇ ਰਾਸ । ਹਰਿ ਗੋਬਿੰਦ ਏਕਾ ਏਕ ਹੈ । ਗੁਰ ਰੱਖੇ ਗੋਬਿੰਦ ਟੇਕ ਹੈ । ਵਿਚ
ਮਾਤ ਤਨ ਨਾ ਲੱਗੇ ਸੇਕ ਹੈ । ਆਪ ਲਿਖਾਏ ਸ਼ਬਦ ਜਣਾਏ ਸ੍ਰਿਸ਼ਟ ਸਬਾਈ ਲੇਖ ਹੈ । ਹਰਿ ਗੋਬਿੰਦ ਹਰਿ ਭਗਵਾਨ ਹੈ । ਬਣਿਆ ਸਾਚਾ

ਗੁਰ ਸੰਤ ਮਨੀ ਸਿੰਘ ਚਤੁਰ ਸੁਜਾਨ ਹੈ । ਮਿਲਿਆ ਲਿਖਿਆ ਧੁਰ, ਚੜ੍ਹਿਆ ਸ਼ਬਦ ਸੱਚੇ ਬਬਾਣ ਹੈ । ਚਲ ਆਇਆ ਘਨਕਪੁਰ, ਅੱਗੋਂ ਮਿਲੇ ਸ੍ਰੀ ਭਗਵਾਨ ਹੈ । ਦੋਹਾਂ ਮਿਲ ਕੇ ਬਣ ਗਈ ਇਕੋ ਸੁਰ, ਨਾ ਘਰ ਜਾਏ ਤੁਰ, ਹੀਰੇ ਲੱਭਣੇ ਬਾਲ ਨਾਦਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਹੁਕਮ ਸੁਣਾਇਆ ਆਪੇ ਬਣਿਆ ਜਾਣੀ ਜਾਣ ਹੈ , । ਸੰਤ ਮਨੀ ਸਿੰਘ ਕਹਿਣਾ ਮੰਨ, ਅੱਗੋਂ ਕਿਹਾ ਧੰਨ ਧੰਨ । ਮੈਂ ਜਾਵਾਂ ਸੱਚੇ ਸਿੱਖਾਂ ਦੇ ਦਰਬਾਰ, ਫੜੀ ਬਾਹਾਂ ਵਿਚ ਅਕਾਸ਼ਾਂ, ਮਾਤਲੋਕ ਚੜ੍ਹਾਵਾਂ ਚੰਨ । ਨਿਹਕਲੰਕ ਤੇਰੀ ਵਡਿਆਈ, ਮੇਰੀ ਜੋਤ ਮਾਤ ਜਗਾਈ, ਏਕਾ ਸ਼ਬਦ ਕੰਨ ਸੁਣਾਈ, ਮੇਰਾ ਆਤਮ ਗਿਆ ਮੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਸਿਰ ਤੇ ਹੱਥ ਰਖਾਈਂ, ਬੇੜਾ ਮੇਰਾ ਦਈਂ ਬੰਨ੍ਹ । ਅੱਗੋਂ ਹਰਿ ਜੀ ਆਖ ਸੁਣਾਇਆ । ਸੰਤ ਮਨੀ ਸਿੰਘ ਕਿਉਂ ਘਬਰਾਇਆ । ਪ੍ਰਭ ਅਬਿਨਾਸ਼ੀ ਆਪਣਾ ਪੱਲੂ ਤੇਰੇ ਹੱਥ ਫੜਾਇਆ । ਕਲਜੁਗ ਵੇਲਾ ਅੰਤਮ ਆਇਆ । ਮਿਟਦਾ ਜਾਏ ਕਲੂ, ਸ਼ਬਦ ਢੰਡੋਰਾ ਘਰ ਘਰ ਦਏ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਚੜ੍ਹ ਕੇ ਆਏ ਸ਼ਬਦ ਘੋੜ, ਪਹਿਲਾ ਮਾਰੇ ਸਿਰ ਵਿਚ ਪੌੜ, ਕਲਜੁਗ ਨਾ ਦਿਸੇ ਭਾਰਤ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਸੋਇਆ ਪੁਤ ਫੇਰ ਉਠਾਇਆ । ਸ਼ਬਦ ਮਾਰੇ ਇਕ ਉਡਾਰ । ਤਿੰਨਾਂ ਲੋਕਾਂ ਹੋਵੇ ਬਾਹਰ । ਆਵੇ ਜਾਵੇ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਸੇ ਸਾਚੇ ਘਰ । ਹਰਿ ਨਿਰੰਕਾਰ ਨਿਰ ਆਹਾਰਿਆ । ਸੱਚੀ ਸਰਕਾਰ ਜੋਤ ਅਧਾਰਿਆ । ਗੁਰਸਿਖ ਕਰ ਨਿਮਸਕਾਰ ਪਾਵੇ ਸਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸੱਚਾ ਨਾਮ, ਪੂਰਨ ਹੋਵਣ ਜਗਤ ਕਾਮ, ਮੇਲ ਮਿਲਾਵਾ ਸੱਚੇ ਰਾਮ, ਆਪ ਚੜ੍ਹਾਏ ਸਾਚੀ ਨਈਆ । ਸਾਚੀ ਨਈਆ ਇਕ ਚਲਾਈ । ਚਾਰ ਵਰਨ ਲਏ ਬਹਾਈ । ਊਚ ਨੀਚ ਨਾ ਭੇਵ ਕੋਈ ਰਖਾਈ । ਰਾਓ ਰੰਕ ਸ਼ਾਹ ਸੁਲਤਾਨ ਵਡ ਬਲਵਾਨ ਏਕਾ ਬੇੜਾ ਹਰਿ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਤ ਪਾਤ ਵਡ ਕਮਜਾਤ ਝੇੜਾ ਆਪ ਚੁਕਾਈ । ਜਾਤ ਪਾਤ ਹੋਵੇ ਦੂਰ । ਸਤਿਜੁਗ ਤੇਰਾ ਇਕੋ ਬਣੇ ਸੱਚਾ ਪੂਰ । ਨਾ ਕੋਈ ਖਾਏ ਗਊ ਨਿਮਾਣੀ, ਨਾ ਕੋਈ ਵੱਢੇ ਹੱਥੀਂ ਸੂਰ । ਨਾ ਕੋਈ ਵੇਖੇ ਕਿਸੇ ਧੀ ਧਿਆਣੀ, ਗੁਰਮੁਖਾਂ ਆਤਮ ਹੋਏ ਸੁਘੜ ਸਿਆਣੀ, ਵਿਚ ਵਸੇ ਸਾਚਾ ਨੂਰ । ਦਰ ਘਰ ਸਾਚੇ ਭਰਦੇ ਰਹਿਣ ਪਾਣੀ, ਸੋਹੰ ਪੜ੍ਹਦੇ ਰਹਿਣ ਬਾਣੀ, ਸਤਿਜੁਗ ਤੇਰੀ ਸਚ ਨਿਸ਼ਾਨੀ, ਕਲਜੁਗ ਤਪਿਆ ਇਕ ਤੰਦੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਬਾਨੀ, ਅੱਲਾ ਰਾਣੀ ਕੀਤੀ ਕਾਣੀ, ਝੂਠੀ ਤਾਣੀ ਜਿਸ ਨੇ ਤਾਣੀ, ਅੰਤ ਵੇਲੇ ਪੁਣੀ ਛਾਣੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਹਰਿ ਵਰਤਾਇਆ, ਹਾਣੀਆਂ ਛੱਡਣੇ ਹਾਣੀ । ਅੱਲਾ ਤੇਰੀ ਉਖੜੀ ਜੜ੍ਹ । ਕਿਹੜੇ ਚੁਬਾਰੇ ਜਾਏ ਚੜ੍ਹ । ਬੇਮੁਖ ਡਿੱਗੇ ਮੂੰਹ ਦੇ ਭਾਰ, ਹਰਿ ਜੀ ਵੇਖੇ ਖੜ੍ਹ । ਏਕਾ ਸ਼ਬਦ ਮਗਰ ਲਗਾਇਆ, ਵੱਜੇ ਕੜ ਕੜ । ਏਕਾ ਧਾੜ ਦਏ ਉਠਾਇਆ, ਰੂਸਾ ਚੀਨਾ ਸੰਗ ਰਲਾਇਆ ਬਾਹੋਂ ਫੜ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਸੋਹੰ ਡੰਡਾ ਲਾਇਆ, ਕਿਹੜਾ ਅੰਦਰ ਜਾਏ ਵੜ । ਅੱਗੇ ਹਰਿ ਜੀ ਰੱਖੇ ਡੰਡਾ । ਤੇਰਾ ਇਹੋ ਅਗਲਾ ਕੰਢਾ । ਦਾਣਾ ਪਾਣੀ ਆਪ ਮੁਕਾਇਆ, ਰਹਿਣ ਨਾ ਪਾਇਆ ਕੋਈ ਵਿਚ ਵਰਭੰਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਢਾਹੁੰਦਾ ਜਾਏ, ਸਾਚੀ ਬਣਤ ਬਣਾਉਂਦਾ ਜਾਏ, ਗੁਰਸਿਖ ਸੋਏ ਜਗਾਉਂਦਾ ਜਾਏ, ਅੰਮ੍ਰਿਤ ਬੂੰਦ ਸਵਾਂਤ ਪਿਲਾਉਂਦਾ ਜਾਏ, ਅੰਧੇਰੀ

ਰਾਤ ਮਾਰ ਝਾਤ ਆਪ ਹਟਾਉਂਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸੋਹੰ ਸੁਹਾਗੀ ਗੀਤ ਪਰਖੇ ਨੀਤ ਆਪਣੀ ਰਸਨਾ ਆਪ ਸੁਣਾਉਂਦਾ ਜਾਏ । ਨਾ ਕੋਈ ਮੰਦਰ ਨਾ ਕੋਈ ਮਸੀਤ । ਜਿਥੇ ਪਰਖੇ ਗੁਰਸਿਖਾਂ ਨੀਤ । ਦੂਰ ਦੁਰਾਡਾ ਨੈਣ ਮੁਧਾਰੀ, ਲਾਈ ਰੱਖੇ ਇਕਾ ਤਾੜੀ, ਆਪੇ ਜਾਣੇ ਸੱਚੀ ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਪਾਰ ਉਤਾਰੇ, ਜਿਨ੍ਹਾਂ ਲਾਈ ਚਰਨ ਸੱਚੀ ਪ੍ਰੀਤ । ਨਾ ਕੋਈ ਮਸੀਤ ਮੁੱਲਾ ਨਾ ਮੁਲਾਣਾ । ਸਰਬ ਜੀਆਂ ਹਰਿ ਆਪੇ ਜਾਣਾ । ਆਪ ਪਹਿਨਾਏ ਗੁਰਸਿਖਾਂ ਸੋਹੰ ਸ਼ਬਦ ਚਿੱਟਾ ਬਾਣਾ । ਸਾਚੇ ਤਖ਼ਤ ਆਪ ਬਿਰਾਜੇ ਸੱਚਾ ਸ਼ਾਹ ਸੁਲਤਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਜੂਠੇ ਝੂਠੇ ਮਾਇਆ ਲੂਠੇ, ਸੰਗਤ ਸਾਰੀ ਸੰਗ ਰਲਾਈ, ਤੇਰੀ ਆਪੇ ਲਾਹੇ ਮੁਕਾਣਾ । ਤੇਰੀ ਲਾਹੇ ਅੰਤ ਮੁਕਾਣ । ਸਤਿਜੁਗ ਸਾਚੇ ਦੇਵੇ ਮਾਣ । ਜਨਮ ਦਵਾਏ ਹਰਿ ਭਗਵਾਨ । ਮਾਤ ਧਰਾਏ ਗੁਰਸਿਖਾਂ ਸੰਗ ਰਲਾਏ, ਸਾਚਾ ਨਾਤਾ ਆਪ ਬੰਧਾਨ । ਭਿੰਨੜੀ ਰੈਣ ਰੰਗ ਰੰਗਾਏ, ਸਾਚਾ ਸੰਗ ਨਿਭਾਏ, ਤਿੰਨਾਂ ਮਿਲ ਇਕ ਬਣਾਏ ਸ਼ਬਦ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਲੋਕੀ ਨਾਥ ਸਾਚੀ ਗਾਥ ਗੁਰਸਿਖ ਤੇਰਾ ਆਪੇ ਵੇਖੇ ਲਿਖਿਆ ਲੇਖ ਸਾਚੇ ਮਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਰਿਹਾ ਲਿਖਾਏ । ਸ਼ਬਦ ਡੰਡਾ ਰਿਹਾ ਉਠ । ਹਰਿ ਜੀ ਫੜਿਆ ਆਪਣੀ ਮੁੱਠ । ਅੱਲਾ ਰਾਣੀ ਘੇਰੀ ਪਹਿਲੀ ਗੁੱਠ । ਖਾਲੀ ਕਰੇ ਸਭ ਦੇ ਠੁੱਠ । ਆਪ ਲਟਕਾਏ ਧਰਮ ਰਾਏ ਦੇ ਘਰ ਪੁੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਫੇਰ ਮਨਾਏ, ਸੰਤ ਮਨੀ ਸਿੰਘ ਜੋ ਬਣਾਏ, ਘਰ ਸਾਚੇ ਵਿਚੋਂ ਜਿਹੜੇ ਬੈਠੇ ਰੁਠ । ਸ਼ਬਦ ਡੰਡਾ ਲਏ ਬਲਧਾਰ । ਸਭਨਾਂ ਕਰੇ ਖਬਰਦਾਰ । ਨਿਹਕਲੰਕ ਕਲ ਜਾਮਾ ਪਾਇਆ, ਏਕਾ ਹਰਿ ਸੱਚਾ ਸਰਦਾਰ । ਆਪਣਾ ਭੇਵ ਰਿਹਾ ਛੁਪਾਇਆ, ਬੇਮੁਖਾਂ ਮਾਰੇ ਡਾਹਢੀ ਮਾਰ । ਵੇਲਾ ਗਿਆ ਹੱਥ ਨਾ ਆਇਆ, ਕਿਵੇਂ ਸੁੱਤੇ ਪੈਰ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਸਭ ਦੀ ਸਾਰ । ਆਪ ਸੁਹਾਈ ਹਰਿ ਜੀ ਸਾਚੀ ਰੁੱਤ । ਅੱਲਾ ਤੇਰੀ ਪੰਚਮ ਜੇਠ ਵੱਢੇ ਨੱਕ ਗੁੱਤ । ਜੋਤ ਸਰੂਪੀ ਜਾਮਾ ਪਾਇਆ, ਪਾਰਬ੍ਰਹਮ ਪ੍ਰਭ ਅਬਿਨਾਸ਼ੀ ਅਚੁਤ । ਆਪਣੇ ਦਰ ਲਏ ਬਹਾਇਆ, ਬਣਾਏ ਸਾਚੇ ਸੁਤ । ਬੇਮੁਖਾਂ ਦਰ ਬੰਦ ਕਰਾਇਆ, ਸਾਚੇ ਘਰ ਵੜਨ ਨਾ ਪਾਇਆ, ਅੱਗੋਂ ਪੈਂਦੇ ਗੁਰਸਿਖਾਂ ਵਾਲੇ ਸਿਰ ਤੇ ਜੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦੁਰਕਾਇਆ, ਪੰਚਮ ਜੇਠ ਕੋਈ ਨੇੜ ਨਾ ਆਇਆ, ਮੂੰਹ ਵਿਚ ਪਾਏ ਸਭ ਦੇ ਥੁੱਕ । ਨੇਤਰ ਨੀਰ ਨੀਰ ਨਿਰਾਲਾ । ਧੋਇਆ ਕਲਜੁਗ ਦਾਗ ਕਾਲਾ । ਪੂਰਨ ਹੋਈ ਗੁਰਸਿਖ ਘਾਲਾ । ਆਪੇ ਲਾਹੇ ਜੂਠਾ ਝੂਠਾ ਨੇਤਰ ਲੱਗਾ ਜਾਲਾ । ਸ਼ਬਦ ਠੂਠਾ ਹੱਥ ਫੜਾਏ, ਦੱਸੇ ਰਾਹ ਸੁਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸੱਚਾ ਆਪ ਦਲਾਲਾ । ਨੇਤਰ ਨੀਰ ਅੰਮ੍ਰਿਤ ਜਲ । ਸਰ ਕਰਾਏ ਵਡ ਵਡ ਥਲ । ਸਾਚਾ ਧਾਮ ਆਪ ਵਖਾਏ ਦਇਆ ਕਮਾਏ, ਗੁਰਸਿਖ ਓਥੇ ਜਾਣਾ ਚਲ । ਹੇਰਾ ਫੇਰਾ ਦਾ ਰਾਹ ਨਾ ਕੋਈ ਵਖਾਏ, ਆਪਣਾ ਬੇੜਾ ਆਪ ਉਠਾਏ, ਏਕਾ ਦੇਵੇ ਨਾਮ ਉਛੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕਿਆਰੀ ਆਪ ਚਲਾਏ ਸ਼ਬਦ ਸਰੂਪੀ ਸਾਚਾ ਹਲ । ਗੁਰਸਿਖ ਤੇਰਾ ਨੇਤਰ ਨੀਰ । ਬਣ ਜਾਏ ਮਾਤ ਸਾਚਾ ਸੀਰ । ਸਤਿਜੁਗ ਸਾਚੇ ਸੰਤ ਜਨਾਂ, ਮੇਲਾ ਅੰਤ ਅਖੀਰ । ਸਾਚੇ ਸ਼ਬਦ ਸੁਣਾਏ ਹਰਿ ਕੰਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚਲਾਏ ਸ਼ਬਦ ਸਾਚਾ ਤੀਰ । ਨੇਤਰ ਨੀਰ ਵਹਿੰਦੀ ਧਾਰ । ਗੁਰਸਿਖ

੩੨ ੦੪

ਤੇਰਾ ਮੇਰਾ ਸਾਂਝਾ ਦਿਸੇ ਇਕ ਪਿਆਰ । ਗੁਰਸਿਖਾਂ ਗੁਰਮੁਖਾਂ ਮਿਲੇ ਹਰਿ ਜਿਉਂ ਹੀਰ ਰਾਂਝਾ ਯਾਰ । ਸੰਤ ਮਨੀ ਸਿੰਘ, ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਸਾਚਾ ਪਤੀ ਸਾਚੀ ਨਾਰ । ਕਲਜੁਗ ਹੋਣਾ ਅੰਤ ਖੁਆਰ । ਆਪ ਵਿਆਹੇ ਆਪਣਾ ਬੋਲਾ, ਤੇਰੇ ਤਨ ਪਹਿਨਾਏ ਚਿੱਟਾ ਚੋਲਾ
ਉਤੇ ਕੇਸਰ ਛਿਟਕਾਰ । ਮਹਾਰਾਜ ਸ਼ੇਰ ਸਿੰਘ ਸਾਚਾ ਜਾਣੋ ਜਗਤ ਪਛਾਣੋ, ਬੇੜਾ ਕਰ ਜਾਏ ਪਾਰ । ਨੇਤਰ ਨੀਰ ਮਾਣਕ ਮੋਤੀ । ਵੇਖੋ ਕਿਵੇਂ
ਜਗਦੀ ਜੋਤੀ । ਗੁਰਸਿਖ ਗੁਰ ਬਣ ਗਏ ਇਕੋ ਗੋਤੀ । ਦੁਰਮਤ ਮੈਲ ਹਰਿ ਨਰ ਪੂਰੇ ਆਪਣੀ ਹੱਥੀਂ ਧੋਤੀ । ਉਪਜੇ ਸ਼ਬਦ ਅਨਹਦ ਅਨਾਹਦ
ਤੂਰੇ, ਘਰ ਸਾਚੇ ਗੁਰਸਿਖ ਸਵਾਣੀ, ਸਾਚੀ ਰਾਣੀ, ਗੁਰ ਚਰਨ ਬੈਠੀ ਸੁਹਾਣੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਤਨ ਸ਼ਿੰਗਾਰ
ਪਹਿਨਾਏ, ਸ਼ਬਦ ਸੋਹਣਾ ਕੰਗਣ ਤਨ ਪਹਿਨਾਏ, ਸ਼ਬਦ ਕੰਗਣ ਗਲ ਆਪਣੇ ਹਰਿ ਲਟਕਾਏ, ਗੁਰਮੁਖ ਸਾਚੇ ਮਾਣਕ ਮੋਤੀ । ਆਪ ਬਣਾਏ
ਗਲ ਦਾ ਹਾਰ । ਫੇਰ ਬੰਧਾਏ ਤੇਰੀ ਧਾਰ । ਕਲਜੁਗ ਵੇਖੋ ਕਿਵੇਂ ਪੈਂਦੀ ਮਾਰ । ਸਤਿਜੁਗ ਆਇਆ ਵਿਚ ਦਰਬਾਰ । ਗੁਰਮੁਖ ਸਾਚੇ ਸੰਤ
ਜਨਾਂ, ਕਰੇ ਚਰਨ ਨਿਮਸਕਾਰ । ਸਾਚਾ ਵਰ ਹਰਿ ਜੀ ਪਾਇਆ, ਕਿੱਥੇ ਵਸੇ ਕਿੱਥੇ ਹੱਸੇ ਸੱਚਾ ਨਰ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਗੁਰਸਿਖਾਂ ਸੰਗ ਰਲਾਏ ਸਤਿਜੁਗ ਤੇਰੀ ਬਣਤ ਬਣਾਏ, ਆਪ ਬੰਨ੍ਹਾਏ ਤੇਰੀ ਸਾਚੀ ਧਾਰ । ਨੇਤਰ ਨੀਰ ਅੰਮ੍ਰਿਤ ਧਾਰ । ਗੁਰਸਿਖ
ਤੇਰੇ ਨੇਤਰ ਡੁੱਲ੍ਹੀ, ਸਤਿਜੁਗ ਪਾਵੇ ਸਾਚੀ ਸਾਰ । ਆਪ ਰਖਾਏ ਚਰਨ ਤੇਰੀ ਆਤਮ ਨਿਘੀ, ਦੇਵੇ ਏਕਾ ਅੰਮ੍ਰਿਤ ਸਾਚੀ ਧਾਰ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਸਤਿ ਸੰਤੋਖੀ ਅੰਤਮ ਮੋਖੀ ਗਏ ਦੋਖੀ, ਸਚ ਹੋਇਆ ਪਹਿਰੇਦਾਰ । ਨੇਤਰ ਨੀਰ ਮਾਰੇ ਉਛਲ । ਪ੍ਰਭ ਅਬਿਨਾਸ਼ੀ ਸਾਚੀ
੩੩ ੦੪ ਜੋਤੀ ਫਿਰ ਦਰ ਘਰ ਸਾਡੇ ਵਿਚ ਘਲ । ਪਰਦਾ ਉਹਲਾ ਬੜਾ ਰਖਾਇਆ ਨਾ ਕਰ ਵਲ ਛਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ੩੩ ੦੪
ਲੜ ਹੱਥ ਫੜਾਇਆ, ਦਰਸ ਦਿਖਾਏ ਘੜੀ ਘੜੀ ਪਲ ਪਲ । ਨੇਤਰ ਨੀਰ ਵਗੇ ਸਵਣ । ਚਾਰੋਂ ਕੁੰਟ ਗੁਰਸਿਖ ਤੈਨੂੰ ਆਵੇ ਠੰਡੀ ਪਵਣ ।
ਅੱਠੇ ਪਹਿਰ ਦਿਵਸ ਰੈਣ, ਨਾ ਦੇਵੇ ਤੈਨੂੰ ਸਵਣ । ਸਚ ਘਰ ਸਚ ਅਵਤਾਰ ਨਰ, ਨਾ ਵਰਤੇ ਕਦੇ ਕਹਿਰ, ਗੁਰਸਿਖ ਸਾਚੇ ਸੰਤ ਜਨਾਂ ਚਰਨ
ਲਗਾਏ ਦਇਆ ਕਮਾਏ ਬੇਮੁਖ ਖਪਾਏ ਜਿਉਂ ਰਾਮਾ ਰਾਵਨ । ਨੇਤਰ ਨੀਰ ਚਰਨ ਛੁਹਾਇਆ । ਪ੍ਰਭ ਅਬਿਨਾਸ਼ੀ ਲੇਖੇ ਲਾਇਆ । ਜਿਹੜੇ ਰਹੇ
ਭੁਲ ਭੁਲੇਖੇ, ਉਹਦਾ ਫਲ ਇਹ ਖਵਾਇਆ । ਪੰਜ ਜੇਠ ਲਿਖੇ ਸਾਚੇ ਲੇਖੇ, ਨੇਤਰ ਪਰਦਾ ਦੇਵੇ ਲਾਹਿਆ । ਦੂਰ ਦੁਰਾਡਾ ਹਰਿ ਜੀ ਵੇਖੇ, ਕਰਦਾ
ਰਹੇ ਠੰਡੀ ਛਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਦਾਨ ਰੱਖੇ ਮਾਣ ਤਾਣ ਜਗਤ ਜਹਾਨ, ਕਰੇ ਕਰਾਏ ਚਲੇ ਚਲਾਏ
ਜੋ ਮਨ ਭਾਇਆ । ਨੇਤਰ ਨੀਰ ਠੰਡਾ ਠਾਰ ਗੁਰ ਪੂਰਾ ਤੇਰੇ ਚਰਨ ਦਵਾਰ । ਬੈਠਾ ਹਰਿ ਹਾਜ਼ਰ ਹਜ਼ੂਰੇ । ਜਿਹਨੂੰ ਜਾਨਣ ਜੀਵ ਦੂਰੇ, ਇਕ
ਵਜਾਏ ਸ਼ਬਦ ਤੂਰੇ, ਸੁਣੇ ਹਰਿ ਪੁਕਾਰ । ਲੱਖ ਚੁਰਾਸੀ ਆਪੇ ਘੂਰੇ, ਗੁਰਸਿਖ ਬਣਾਏ ਸਾਚੇ ਸੂਰੇ, ਸ਼ਬਦ ਕੁਠਾਲੀ ਲਏ ਗਾਲ । ਕਾਰਜ
ਕਰੇ ਹਰਿ ਜੀ ਪੂਰੇ, ਆਪ ਨੁਹਾਏ ਅੰਮ੍ਰਿਤ ਸੁਹਾਏ ਸਾਚੇ ਤਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤੋੜੇ ਮਾਇਆ ਰਾਣੀ ਤੇਰਾ ਤਣਿਆ
ਜਾਲ । ਬਲਿਹਾਰ ਬਲਿਹਾਰ ਬਲਿਹਾਰਿਆ । ਬਲਿਹਾਰ ਬਲਿਹਾਰ ਗੁਰਸਿਖਾਂ ਖੜਾ ਹਰਿ ਦਵਾਰਿਆ । ਬਲਿਹਾਰ ਬਲਿਹਾਰ ਪਾਵੇ ਸਾਰ ਵਿਚ
ਸੰਸਾਰਿਆ । ਬਲਿਹਾਰ ਬਲਿਹਾਰ ਆਏ ਦਵਾਰ ਜਿਉਂ ਬਾਵਨ ਬਲ ਦਵਾਰਿਆ । ਬਲਿਹਾਰ ਬਲਿਹਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੩੪
੦੪

ਗੁਰਮੁਖ ਸਾਚੇ ਸੰਤ ਜਨਾਂ ਜਿਨ੍ਹਾਂ ਮਿਲਿਆ ਹਰਿ ਨਿਰੰਕਾਰਿਆ । ਬਲਿਹਾਰ ਬਲਿਹਾਰ ਸੰਤ ਸੁਹੇਲਿਆ । ਬਲਿਹਾਰ ਬਲਿਹਾਰ ਗੁਰ ਮਨੀ ਸਿੰਘ, ਸਿੱਖ ਸੰਗਤ ਕੰਤ ਸਾਚੇ ਮੇਲ ਮਿਲਾ ਲਿਆ । ਬਲਿਹਾਰ ਬਲਿਹਾਰ ਹੋਇਆ ਧਨਵੰਤ, ਨਾਲ ਤੇਰੇ ਤਰੀ ਤੇਰੀ ਕੌਰ ਬਲਵੰਤ, ਨਾ ਹੋਏ ਵਕਤ ਦੁਹੇਲਿਆ । ਬਲਿਹਾਰ ਬਲਿਹਾਰ ਪ੍ਰਭ ਅਬਿਨਾਸ਼ੀ ਆਪ ਬਣਾਏ ਬਣਤ, ਅਚਰਜ ਖੇਲ ਵਿਚ ਮਾਤ ਦੇ ਖੇਲਿਆ । ਬਲਿਹਾਰ ਬਲਿਹਾਰ ਦੋਹਾਂ ਲੱਗੇ ਇਕਾ ਸੱਚਾ ਫਲ, ਲਿਖਿਆ ਧੁਰ ਦਰਬਾਰਿਆ । ਬਲਿਹਾਰ ਬਲਿਹਾਰ ਮਿਲਿਆ ਮੇਲ ਹਰਿ ਸੱਚੀ ਸਰਕਾਰ, ਕਲਜੁਗ ਅੰਤਮ ਵੇਲਿਆ । ਬਲਿਹਾਰ ਬਲਿਹਾਰ ਜੋਤ ਸਰੂਪੀ ਹਰਿ ਨਿਰਾਧਾਰ, ਗੁਰਸਿਖ ਤੇਰੀ ਆਤਮ ਕਰੇ ਸਚ ਆਕਾਰ, ਗੁਰ ਸੂਰਾ ਹਾਜ਼ਰ ਹਜ਼ੂਰਾ ਆਪੇ ਬਣੇ ਗੁਰ ਗੁਰ ਚੇਲਿਆ । ਬਲਿਹਾਰ ਬਲਿਹਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖਾਧਾ ਲੇਖੇ ਲਾਇਆ ਜੋ ਖਵਾਇਆ ਅਚਾਰ ਡੇਲਿਆ । ਤੇਰੇ ਡੇਲੇ ਰੋੜੇ ਭੋੜੇ । ਵੇਖੇ ਸ੍ਰਿਸ਼ਟ ਸਬਾਈ ਕਿਵੇਂ ਭੱਜਦੇ ਗੋੜੇ । ਗੁਰਮੁਖ ਚੁੱਕੇ ਹਰਿ ਜੀ ਆਪਣੇ ਸੱਜੇ ਮੋਢੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੀ ਸ੍ਰਿਸ਼ਟੀ ਆਪ ਖਪਾਏ, ਕਲਜੁਗ ਤੇਰੀ ਅੰਧੇਰੀ ਰਾਤ ਮਿਟਾਏ, ਬੇਮੁਖ ਕੋਈ ਰਹਿਣ ਨਾ ਪਾਏ, ਲਾੜੀ ਮੌਤ ਫਿਰੇ ਹਲਕਾਈ, ਏਕਾ ਦਰ ਘਰ ਗੁਰਸਿਖਾਂ ਦੇ ਛੋਡੇ । ਬਲਿਹਾਰ ਬਲਿਹਾਰ ਬਲਿਹਾਰ ਹਰਿ ਸੱਚੀ ਘੋਲ ਘੁਮਾਈਆ । ਬਲਿਹਾਰ ਬਲਿਹਾਰ ਬਲਿਹਾਰ ਗੁਰਸਿਖ ਸਾਚੇ ਤੋਲ ਤੁਲਾਈਆ । ਬਲਿਹਾਰ ਬਲਿਹਾਰ ਬਲਿਹਾਰ ਪ੍ਰਭ ਅਬਿਨਾਸ਼ੀ ਸਾਚੀ ਬੰਧੇ ਧਾਰ ਕਰੇ ਜਗਤ ਵਿਹਾਰ, ਸਤਿਜੁਗ ਸਾਚਾ ਮਾਤ ਧਰਾਈਆ । ਬਲਿਹਾਰ ਬਲਿਹਾਰ ਬਲਿਹਾਰ ਕਰੇ ਆਪਣਾ ਇਕ ਆਕਾਰ, ਕਲਜੁਗ ਮੂੰਹ ਦੇ ਭਾਰ ਸੁਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭਨਾਂ ਰੱਖੇ ਥਾਉਂ ਥਾਈਂਆ । ਬਲਿਹਾਰ ਬਲਿਹਾਰ ਬਲਿਹਾਰ ਗੁਰ ਚਰਨ ਦਵਾਰਿਆ । ਬਲਿਹਾਰ ਬਲਿਹਾਰ ਬਲਿਹਾਰ ਗੁਰਸਿਖ ਤੇਰੀ ਆਤਮ ਸੁੱਤਾ ਪੈਰ ਪਸਾਰਿਆ । ਬਲਿਹਾਰ ਬਲਿਹਾਰ ਬਲਿਹਾਰ ਆਪ ਬਣਾਏ ਲਹਿਜਾ ਫਹਿਜਾ, ਕਲਜੁਗ ਜੀਵ ਭੱਖ ਰਹੇ ਤੇਰੇ ਭੋਜਨ ਭੋਗ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਥੇ ਖਪਾਇਆ ਹੰਕਾਰੀ ਦੁਰਯੋਧਨ ਓਥੇ ਚਰਨ ਫੇਰ ਛੁਹਾ ਰਿਹਾ । ਆਪੇ ਜਾਣੇ ਅਗਾਧ ਬੋਧਾ, ਗੁਰਮੁਖ ਹਿਰਦਾ ਜਿਸ ਨੇ ਸੋਧਾ, ਧਰੀ ਜੋਤ ਕ੍ਰਿਸ਼ਨ ਮੁਰਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰ ਦਵਾਰ ਆਏ ਛੱਡ ਕੇ ਪੁਰੀ ਸੱਚੀ ਹਰਿ ਨਿਰੰਕਾਰਿਆ । ਦਵਾਪਰ ਤੇਰਾ ਅੰਤ ਵਿਚਾਰਿਆ । ਇਹ ਬਣਾਇਆ ਸਾਚਾ ਘਰ, ਜਿਥੇ ਪਏ ਵੇਖਣ ਸ਼ਾਹ ਸ਼ਾਹਕਾਰਿਆ । ਕੌਰੋਂ ਪਾਂਡੋ ਹੋਏ ਜਵਾਨ, ਤੀਰ ਖਿਚਣ ਇਕ ਦੂਜੇ ਨੂੰ ਮਾਰਨ ਵਾਰੋ ਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਣੋ ਹਰਿ ਇਹ ਕ੍ਰਿਸ਼ਨ ਮੁਰਾਰਿਆ । ਕ੍ਰਿਸ਼ਨ ਮੁਰਾਰੀ ਬਣ ਕੇ ਆਇਆ ਹਰਿ ਜੀ ਸ਼ਾਮ । ਪੱਲੇ ਨਾ ਰੱਖੇ ਕੋਈ ਦਾਮ । ਪੂਰੇ ਕਰ ਜਾਏ ਆਪਣੇ ਕਾਮ । ਹਰਿਆ ਕਰਾਏ ਗੁਰਸਿਖਾਂ ਦਾ ਆਪੇ ਚਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਈ ਵੱਜੀ ਵਧਾਈ ਸੁਣੇ ਲੋਕਾਈ ਜਿਉਂ ਤਰੇਤਾ ਰਾਮ ਰਮਈਆ ਨਰ ਨਰਾਇਣ । ਗੁਰਸਿਖ ਨੇਤਰ ਪੇਖ ਆਤਮ ਵੇਖ, ਨਾ ਰਸਨਾ ਸਕੇ ਕਹਿਣ । ਬੇਮੁਖ ਕਲਜੁਗ ਜੀਵ ਧਾਰੀ ਫਿਰਦੇ ਭੇਖ, ਨਾ ਲਿਖੇ ਕੋਈ ਲੇਖ, ਘਰ ਘਰ ਪੈਂਦੇ ਵੇਖੋ ਵੈਣ । ਗੁਰਸਿਖਾਂ ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਕ ਸੱਜਣ ਸੈਣ । ਨਾ ਕੋਈ ਤੀਰ ਨਾ ਕੋਈ ਕਮਾਨ । ਨਾ ਕੋਈ ਯੋਧਾ ਨਾ ਕੋਈ ਬਲਵਾਨ । ਨਾ ਕਿਸੇ ਕੋਲੋਂ ਮੰਗਣ ਜਾਏ ਕੋਈ ਦਾਨ । ਨਾ ਜਾਏ ਕਿਸੇ ਦਰ, ਨਾ ਸਰ ਕਰੇ ਇਸ਼ਨਾਨ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਏਕਾ ਚਿੱਲਾ ਸ਼ਬਦ ਚੜ੍ਹਾਇਆ, ਤ੍ਰੈਲੋਕੀ ਕਿਲ੍ਹਾ ਦੇਵੇ ਢਾਹਿਆ, ਰਸਨਾ ਛੋਡੇ ਤੀਰ ਕਮਾਨ । ਤਿੰਨਾਂ ਲੋਕਾਂ ਬਣੀ ਇਕ ਤ੍ਰੈਲੋਕੀ । ਪ੍ਰਭ ਅਬਿਨਾਸ਼ੀ ਮਾਇਆ ਜਾਲ ਇਕੋ ਪਾਇਆ, ਬੈਠਾ ਸਭ ਨੂੰ ਰੋਕੀ । ਕਲਜੁਗ ਜੀਵ ਅੰਤਮ ਹਰਿ ਜੀ ਸਾਚੇ ਵੇਖੇ, ਅੰਦਰੋਂ ਹੋਈ ਸਭ ਦੀ ਫੋਕੀ । ਏਕਾ ਸਾਚਾ ਖੇਲ ਰਚਾਇਆ, ਛੋਟਾ ਬਾਲਾ ਅੱਗੇ ਲਾਇਆ, ਉਹਦੇ ਪਿੱਛੇ ਸਭ ਨੂੰ ਦੇਵੇ ਝੋਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਤੀਰ ਤਿਖਾ ਆਪਣੀ ਹੱਥੀਂ ਆਪ ਕਰਾਇਆ, ਤਿਖੀ ਰੱਖੀ ਇਹਦੀ ਨੋਕੀ । ਨਾ ਕੋਈ ਫੜਾਏ ਹੱਥ ਕਟਾਰ । ਨਾ ਕੋਈ ਸੱਦੇ ਨਾਲ ਵਡਾ ਸਰਦਾਰ । ਏਕਾ ਏਕ ਹਰਿ ਜੀ ਸੱਚਾ, ਚਾਰੋਂ ਕੁੰਟ ਕਰਦਾ ਜਾਏ ਖ਼ਬਰਦਾਰ । ਜਿਥੇ ਵੇਖੇ ਭਾਂਡੇ ਕਾਚੇ, ਬੇਮੁਖਾਂ ਸ਼ਬਦ ਹਥੌੜਾ ਦੇਵੇ ਮਾਰ । ਜਿਥੇ ਵੇਖੇ ਗੁਰਸਿਖ ਸੱਚਾ, ਏਕਾ ਪੌੜਾ ਦੇਵੇ ਚਾੜ੍ਹ । ਨਾ ਇਹ ਲੰਮਾ ਨਾ ਇਹ ਚੌੜਾ, ਗੁਰਸਿਖਾਂ ਵਖਾਏ ਪਹਿਲੀ ਹਾੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸ੍ਰਿਸ਼ਟ ਸਬਾਈ ਚਬਾਈ ਬੈਠਾ ਆਪਣੀ ਦਾੜ੍ਹ । ਨਾ ਰੋ ਰੌਲਾ ਪਾਈਂ, ਇਹ ਬਣਾਈ ਸਤਿਜੁਗ ਤੇਰੀ ਸੱਚੀ ਭੈਣ । ਸਾਕ ਸੱਜਣ ਸਭ ਤਜਾਈਂ, ਬੇਮੁਖਾਂ ਨੂੰ ਨਾ ਸੰਗ ਰਲਾਈਂ, ਮੰਨੀਂ ਸਾਚਾ ਕਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਤ ਜਗਾਈ, ਫੇਰ ਵਖਾਏ ਖੋਲ੍ਹ ਸੱਚੇ ਨੈਣ । ਸੱਚੇ ਨੈਣਾਂ ਦੇਵੇ ਚਾਨਣ । ਆਤਮ ਉਪਜੇ ਬ੍ਰਹਮ ਗਿਆਨਣ । ਹੋਏ ਤੇਜ ਕੋਟਨ ਭਾਨਣ । ਸਾਚਾ ਦਰ ਹਰਿ ਸਾਚੇ ਮਾਨਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਾਜ ਆਪ ਰਚਾਇਆ, ਕਲਜੁਗ ਸਤਿਜੁਗ ਦੋਵੇਂ ਕੁੜਮ ਕੁੜਮ ਜਾਨਣ । ਵਿਚ ਵਿਚੋਲਾ ਹਰਿ ਜੀ, ਨਾ ਕੋਈ ਰਖਾਇਆ ਪਰਦਾ ਉਹਲਾ, ਇਕ ਲਿਆ ਡੋਲਾ ਕਲਜੁਗ ਨਾਰੀ ਲਏ ਵਿਆਹਿਆ । ਮਾਤਲੋਕ ਵਿਚੋਂ ਬਾਹਰ

੩੫ ੦੪

ਕਢਾਏ, ਸ਼ਬਦ ਸਾਚਾ ਧਰਤ ਮਾਤ ਤੇਰੀ ਗੋਦ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਬਾਣਾ ਸੱਚਾ ਰਾਣਾ ਆਪਣਾ ਭਾਣਾ ਆਪਣੇ ਹੱਥ ਰਖਾਇਆ । ਚਲੇ ਤੀਰ ਸੱਚਾ ਤੁਫੰਗ । ਚਾਰੇ ਕੁੰਟ ਵੇਖੋ ਰੰਗ । ਕਿਵੇਂ ਵਹਿੰਦੀ ਖ਼ੂਨ ਗੰਗ । ਅਸ਼ਟਭੁਜਾ ਪ੍ਰਭ ਦਰ ਮੰਗੇ ਇਹੋ ਮੰਗ । ਹੱਥੀਂ ਮੇਰੇ ਮਹਿੰਦੀ ਲਾਵੀਂ, ਏਕਾ ਦੇਵੀਂ ਸੱਚਾ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਹੁਕਮ ਆਪ ਸੁਣਾਇਆ, ਸੱਚੇ ਰਾਹੇ ਆਪੇ ਪਾਇਆ ਪਹਿਲੀ ਮਾਘੀ ਰਹੇ ਬੈਠਾ ਚਿੱਟੇ ਅਸਵ ਕਸ ਤੰਗ । ਚਿੱਟੇ ਅਸਵ ਤੰਗ ਕਸਾਇਆ । ਸਾਚਾ ਰੰਗ ਹਰਿ ਕਰਾਇਆ । ਸਾਧ ਸੰਗਤ ਸੰਗ ਰਖਾਇਆ । ਆਪ ਵਸੇ ਅੰਗ ਸੰਗ, ਬੇਮੁਖਾਂ ਕਰੇ ਭੰਗ, ਪਹਿਲੀ ਕੂਟ ਜੰਗ ਕਰਾਇਆ । ਬੇਮੁਖ ਸਾਰੇ ਹੋਵਣ ਨੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਅੰਤਮ ਨੇੜੇ ਆਇਆ । ਗੁਰਸਿਖਾਂ ਸ਼ਬਦ ਸਰੂਪੀ ਦੇਵੇ ਦੋਸ਼ਾਲਾ । ਗੁਰਮੁਖ ਸਾਚਾ ਵਿਚ ਲਪੇਟਿਆ ਇਕੋ ਸਾਚਾ ਲਾਲਾ । ਆਪੇ ਬਣੇ ਖੇਵਟ ਖੇਟਿਆ, ਪ੍ਰਭ ਅਬਿਨਾਸ਼ੀ ਦੀਨ ਦਿਆਲਾ । ਏਕਾ ਮਨ ਗੁਰ ਚਰਨ ਭੇਟਿਆ, ਪੂਰਨ ਹੋਈ ਘਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਗੁਰਸਿਖਾਂ ਪ੍ਰਿਤਪਾਲਾ । ਸਾਚਾ ਰੰਗ ਹਰਿ ਮਜੀਠੀ ਰੰਗਿਆ, ਕਰਨੀ ਇਕ ਵਿਚਾਰ । ਬੰਨ੍ਹੀ ਸ਼ਬਦ ਧਾਰ ਦਰ ਘਰ ਸਾਚੇ ਨਾ ਸੰਗਿਆ, ਮਾਨਸ ਜਨਮ ਨਾ ਆਵੇ ਵਾਰੋ ਵਾਰਿਆ, ਲੱਖ ਚੁਰਾਸੀ ਜਾਏ ਹਾਰ । ਨਾ ਕੋਈ ਪਹਿਨਾਏ ਤਨ ਸ਼ਬਦ ਸ਼ਿੰਗਾਰ । ਸੱਚਾ ਕੰਗਣ ਨਾ ਕੋਈ ਦੇਵੇ ਅੰਮ੍ਰਿਤ ਧਾਰ, ਨਾ ਖੁੱਲ੍ਹੇ ਬੰਦ ਕਵਾੜ, ਨਾ ਕੱਢੇ ਵਿਚੋਂ ਮਾਰ ਠਗ ਚੋਰ ਯਾਰ । ਨਾ ਤੋੜੇ ਕੋਈ ਫੰਦਿਆ, ਸ੍ਰਿਸ਼ਟ ਸਬਾਈ ਭਰਿਆ ਆਤਮ ਇਕ ਹੰਕਾਰ । ਦਰ ਘਰ ਘਰ ਰਹੇ ਝਖ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਆਪਣੀ

੩੫ ੦੪

ਕਾਰ । ਗੁਰ ਪ੍ਰਸਾਦਿ ਹਰਿ ਵਰਤਾਇੰਦਾ । ਗੁਰਸਿਖਾਂ ਝੋਲੀ ਪਾਇੰਦਾ । ਵਾਰੋ ਵਾਰੀ ਹਰਿ ਪਿਲਾਇੰਦਾ । ਜਗਤ ਖੁਆਰੀ ਆਪ ਮਿਟਾਇੰਦਾ । ਕਲਜੁਗ ਅੰਤਮ ਭਾਰੀ, ਪ੍ਰਭ ਸਾਚਾ ਰਾਹ ਚਲਾਇੰਦਾ ਗੁਰਮੁਖਾਂ ਦੇਵੇ ਚਰਨ ਪਿਆਰੀ, ਸਚ ਪ੍ਰੀਤੀ ਆਪ ਵਖਾਇੰਦਾ । ਨਾ ਕੋਈ ਰਹੇ ਦਰ ਜੀਵ ਹੰਕਾਰੀ, ਭਰਮ ਭੁਲੇਖੇ ਸਾਰੇ ਲਾਹਿੰਦਾ । ਜੋ ਜਨ ਆਏ ਚਲ ਸੱਚੇ ਦਰਬਾਰੀ, ਪ੍ਰਭ ਤ੍ਰਿਸ਼ਨਾ ਭੁੱਖ ਮਿਟਾਇੰਦਾ । ਸਾਚੀ ਜੋਤ ਜਗੇ ਨਿਰੰਕਾਰੀ, ਨਿਹਕਲੰਕ ਨਾਉਂ ਰਖਾਇੰਦਾ । ਚਾਰੋਂ ਕੁੰਟ ਦਏ ਬਹਾਰੀ, ਬੇਮੁਖਾਂ ਸਿਰ ਖੇਹ ਆਪੇ ਆਪ ਪਾਇੰਦਾ । ਕਲਜੁਗ ਤੇਰੀ ਅੰਤਮ ਇਕੱਠੀ ਵੱਢੇ ਹਾੜੀ, ਧਰਮ ਰਾਏ ਤੇਰੇ ਦਰ ਬਹਾਇੰਦਾ । ਰਾਜੇ ਰਾਣੇ ਆਵਣ ਪਿੱਛੇ ਅਗਾੜੀ, ਨਾ ਕੋਈ ਕਿਸੇ ਅਟਕਾਇੰਦਾ । ਅੰਤਮ ਕਿਸਮਤ ਹੋਈ ਮਾੜੀ, ਕਲਜੁਗ ਝੂਠੀ ਚੋਲੀ ਪਾੜੀ, ਨਾ ਕੋਈ ਜਗਤ ਸਵਾਇੰਦਾ । ਮਗਰ ਲੱਗੀ ਮੌਤ ਲਾੜੀ, ਬੇਮੁਖਾਂ ਨਾਲ ਹਰਿ ਪਰਨਾਇੰਦਾ । ਗੁਰਸਿਖਾਂ ਸ਼ਬਦ ਘੋੜੀ ਰਿਹਾ ਚਾੜ੍ਹੀ, ਵਾਗ ਆਪਨੇ ਹੱਥ ਰਖਾਇੰਦਾ । ਆਪੇ ਰੱਖੇ ਲਾਜ ਗੁਰਸਿਖ ਸੱਚੀ ਤੇਰੀ ਵਾੜੀ, ਕਾਲਾ ਦਾਗ਼ ਕੋਈ ਤਨ ਰਹਿਣ ਨਾ ਪਾਇੰਦਾ । ਬੇਮੁਖਾਂ ਹਰਿ ਜੀ ਪਾਏ ਝਾੜੀ, ਧਰਮ ਰਾਏ ਦਰ ਜਾਏ ਵਾੜੀ, ਨਾ ਕੋਈ ਕਿਸੇ ਛੁਡਾਇੰਦਾ । ਗੁਰਸਿਖਾਂ ਆਤਮ ਜੋਤ ਜਗਾਏ ਵਿਚ ਬਹੱਤਰ ਨਾੜੀ, ਦੀਪਕ ਏਕਾ ਸੱਚਾ ਵਿਚ ਟਿਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਗੁਰ ਪ੍ਰਸਾਦੀ, ਗੁਰ ਪ੍ਰਸਾਦ ਆਪਣੀ ਹੱਥੀਂ ਵਰਤਾਇੰਦਾ । ਸਾਚੇ ਹਾਰ ਗਲ ਲਟਕਾਏ । ਅੱਗੇ ਪਿੱਛੇ ਸੱਜੇ ਖੱਬੇ ਗੁਰਸਿਖਾਂ ਨਾਲ ਬੰਧਾਏ, ਵਿਚ ਖਲੋਤਾ ਹਰਿ ਜੀ ਫੱਬੇ, ਚਾਰੋਂ ਤਰਫ ਗੁਰ ਸੰਗਤ ਸੰਗ ਰਲਾਏ, ਕਲਜੁਗ ਮਿਲਿਆ ਅੰਤਮ ਝੱਬੇ, ਹੌਲੀ ਹੌਲੀ ਧੁਰਦਰਗਾਹੀ ਆਏ ਬਾਹਰ ਵਿਚੋਂ ਪੜਦੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੀ ਸ੍ਰਿਸ਼ਟ ਜੂਹ ਜੰਗਲ ਵਿਚ ਪਹਾੜ, ਗੁਰਸਿਖ ਤੇਰੀ ਆਤਮ ਅੰਦਰ ਆਸਣ ਡੇਰਾ ਲਾਇਆ, ਸੋਹਣਾ ਲਾੜਾ ਆਸਣ ਫੱਬੇ । ਸਾਚੇ ਹਾਰ ਤਨ ਸ਼ਿੰਗਾਰੇ, ਗੁਰਸਿਖ ਵਿਆਹੀ ਸੁਲੱਖਣੀ ਨਾਰ । ਫੜ ਫੜ ਬਾਹੋਂ ਰਿਹਾ ਤਾਰ । ਵੇਖੋ ਕਲਜੁਗ ਅੰਤਮ ਕਿਹੜੀ ਵਰਤੇ ਕਾਰ । ਸ਼ਬਦ ਝੋਲੀ ਦਾਤ ਭਰਾਏ ਸੋਹੰ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰੀ ਧੰਨ ਕਮਾਈ, ਤਿੰਨਾਂ ਲੋਕਾਂ ਮਿਲੇ ਵਡਿਆਈ, ਧਰਤ ਮਾਤ ਤੇਰੀ ਚਰਨੀ ਰਹੀ ਸੀਸ ਝੁਕਾਈ, ਨਿਹਕਲੰਕ ਤੇਰੇ ਆਇਆ ਦਰ ਦੇਣ ਸੱਚਾ ਵਰ, ਸ੍ਰਿਸ਼ਟ ਸਬਾਈ ਜਿਸ ਭੁਲਾਈ । ਸ੍ਰਿਸ਼ਟ ਸਬਾਈ ਵੱਜਾ ਤਾਅਨਾ । ਗੁਰਸਿਖ ਤੇਰੀ ਹੱਥੀਂ ਬੱਧਾ ਗਾਨਾ । ਦਰਗਹਿ ਸਾਚੀ ਮਾਣ ਦਵਾਏ, ਕਿਰਪਾ ਕਰ ਵਾਲੀ ਦੋ ਜਹਾਨਾ । ਓਥੇ ਕੋਈ ਹੋਰ ਨਾ ਜਾਏ, ਜਿਥੇ ਵਸੇ ਨੈਣ ਮੁਧਾਨਾ । ਏਕਾ ਰਾਹ ਗੁਰਸਿਖਾ ਦੱਸੇ, ਸਿੱਧਾ ਰੱਖੇ ਇਕ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਦ ਹਿਰਦੇ ਵਸੇ, ਆਪੇ ਬਣੇ ਜਾਣੀ ਜਾਣਾ । ਹਰਿ ਸਾਚੇ ਤਨ ਸ਼ਿੰਗਾਰਿਆ । ਕਲਜੁਗ ਅੰਤਮ ਜਿਸ ਨੇ ਮਾਰਿਆ । ਮੁਹੰਮਦ ਦੀਨਾ ਕਰੇ ਖੁਆਰਿਆ । ਦਾਨਾ ਬੀਨਾ ਆਪ ਨਿਰੰਕਾਰਿਆ । ਗੁਰਸਿਖਾਂ ਕਰੇ ਠੰਡਾ ਸੀਨਾ, ਅੰਮ੍ਰਿਤ ਮੇਘ ਆਪ ਬਰਸਾ ਰਿਹਾ । ਸਾਚਾ ਅੰਮ੍ਰਿਤ ਨਾਮ ਸਰੋਵਰ ਪੀਣਾ, ਹਰਿ ਸਾਚਾ, ਵੇਖ ਹਰਿ ਆਪੇ ਆਪ ਉਪਜਾ ਰਿਹਾ । ਸੋਹੰ ਦੇਵੇ ਸੱਚਾ ਜਾਪ, ਮਾਰੇ ਤੀਨੋ ਤਾਪ, ਗੁਰਸਿਖ ਲੱਗੇ ਨਾ ਕੋਈ ਪਾਪ, ਚਰਨ ਪ੍ਰੀਤ ਨਿਭਾ ਰਿਹਾ । ਪ੍ਰਗਟ ਹੋਇਆ ਆਪੇ ਆਪ, ਕਲਜੁਗ ਪਾਪੀ ਜਾਏ ਕਾਂਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਨਾ ਕੋਈ ਦਿਸੇ ਵਰਨ ਗੋਤ, ਸ੍ਰਿਸ਼ਟ ਸਬਾਈ ਏਕਾ ਏਕ ਬਣਾ ਰਿਹਾ । ਏਕਾ ਏਕ ਇਕ ਹੋਏ । ਗੁਰਸਿਖ ਤੇਰਾ ਖੋਲ੍ਹੇ ਤੀਜਾ ਲੋਏ । ਹਰਿ ਬਿਨ ਅਵਰ ਨਾ ਦਿਸੇ



੩੬
੦੪

ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਚਰਨ ਸੀਸੇ, ਦੁਰਮਤ ਮੈਲ ਧੋਏ । ਸਾਚੀ ਮਾਲਣ ਤੇਰੇ ਘਰ ਆਈ, ਸਿਰ
ਤੇ ਚੁੱਕੀ ਫੁੱਲਾਂ ਖਾਰੀ । ਤੇਰੀ ਰਿਹਾ ਬਣਤ ਬਣਾਈ, ਗੁਰਸਿਖਾਂ ਲੱਗੇ ਇਹ ਪਿਆਰੀ । ਕਲਜੁਗ ਤੇਰੀ ਅੰਤਮ ਵਾਰੀ, ਅੰਤਮ ਢੇਰੀ ਢਾਹੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰੰਕਾਰੀ ਤਨ ਸ਼ਿੰਗਾਰੀ ਕਿਰਪਾ ਧਾਰੀ ਪਹਿਲੀ ਵਾਰੀ ਦਰ ਦਰਬਾਰੀ, ਨਿਹਕਲੰਕ ਨਰਾਇਣ ਨਰ ਅਵਤਾਰੀ ।
ਗੁਰਮਤ ਹਰਿ ਸਮਝਾਇੰਦਾ । ਮਨਮਤ ਦੂਰ ਕਰਾਇੰਦਾ । ਦੁਰਮਤ ਮੈਲ ਸਰਬ ਗਵਾਇੰਦਾ । ਧੀਰਜ ਯਤ ਇਕ ਰਖਾਇੰਦਾ । ਏਕਾ ਦੇਵੇ ਸੱਚਾ
ਤਤ, ਸੋਹੰ ਸ਼ਬਦ ਨਾਮ ਦਵਾਇੰਦਾ । ਆਪੇ ਰੱਖੇ ਵੇਲੇ ਅੰਤਮ ਪਤਿ, ਧਰਮ ਰਾਏ ਫੰਦ ਕਟਾਇੰਦਾ । ਸਾਚਾ ਬੀਜ ਬੀਜੇ ਆਤਮ ਸਾਚੇ ਵਤ,
ਸਾਚੀ ਦਰਗਹਿ ਸਾਚਾ ਫਲ ਖਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਘਰ ਸਾਚੇ ਬਣ ਕੇ ਆਇਆ
ਸਾਚਾ ਕਾਹਨ । ਸਾਚਾ ਕਾਹਨ ਆਪ ਘਨੱਈਆ । ਜਿਸ ਚਲਾਈ ਸਭ ਦੀ ਨਈਆ । ਚਾਰ ਵਰਨ ਕਰਾਏ ਭੈਣਾਂ ਭਈਆ । ਸ੍ਰਿਸ਼ਟ ਸਬਾਈ
ਲੇਖ ਲਿਖਈਆ । ਨਾ ਕੋਈ ਕਲਮ ਦਵਾਤ, ਨਾ ਕੋਈ ਰੱਖੇ ਕੋਲ ਵਹੀਆ । ਗੁਰਮੁਖ ਸਾਚੇ ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਤਿਜੁਗ ਸਾਚੇ ਤੇਰੀ ਬਣਤ ਆਪ ਬਣਈਆ । ਗੁਰ ਸੰਗਤ ਤੇਰੀ ਸੁਣ ਪੁਕਾਰ । ਪ੍ਰਭ ਅਬਿਨਾਸ਼ੀ ਆਇਆ ਕਿਰਪਾ ਧਾਰ । ਹੋਣ ਵਾਲਾ ਹਰਿ
ਸੱਚਾ, ਸੱਚੇ ਸ਼ਬਦ ਅਸਵਾਰ । ਆਪੇ ਵੇਖੇ ਚਾਰੋਂ ਕੁੰਟ ਬੇਮੁਖ ਜੀਵ ਕੱਚਾ, ਗੁਰਸਿਖਾਂ ਬਾਹੋਂ ਫੜ ਫੜ ਵਿਚੋਂ ਕੱਢੇ ਬਾਹਰ । ਮਹਾਰਾਜ ਸ਼ੇਰ
੩੭ ਸਿੰਘ ਵਿਸ਼ਨੂੰ ਭਗਵਾਨ, ਆਪੇ ਖੇਲ ਆਪਣਾ ਰਚਾ, ਬਚਿਆ ਰਹੇ ਨਾ ਕੋਈ ਬੱਚਾ, ਘਰ ਘਰ ਰੰਡੀ ਹੋਵੇ ਨਾਰ । ਕਲਜੁਗ ਰੰਡੀ ਹੋਈ ਦੁਹਾਗਣ । ੩੭
੦੪ ਮਿਲਿਆ ਹਰਿ ਸੱਚਾ ਨਾ ਕੋਈ ਜਗਤ ਸੁਹਾਗਣ । ਸਾਚਾ ਲੇਖ ਹਰਿ ਲਿਖਾਇਆ, ਪ੍ਰਗਟ ਜੋਤ ਪਹਿਲੀ ਮਾਘਨ । ਸਾਚਾ ਸ਼ਬਦ ਇਕ ਉਪਾਇਆ, ੦੪
ਸੋਹੰ ਜਿਸ ਦਾ ਨਾਮ ਰਖਾਇਆ, ਗੁਰਸਿਖਾਂ ਤਨ ਬੰਨ੍ਹੇ ਤਾਗਣ । ਏਕਾ ਨਾਦ ਆਪ ਵਜਾਇਆ, ਚਾਰ ਕੁੰਟ ਦਏ ਸੁਣਾਇਆ, ਸੁੱਤਾ ਕੋਈ ਰਹਿਣ
ਨਾ ਪਾਇਆ, ਹਰਿ ਜੀ ਸੱਚਾ ਜਾਮਾ ਪਾਇਆ, ਪੁਰੀ ਘਨਕ ਭਾਗ ਲਗਾਇਆ, ਗੁਰਮੁਖਾਂ ਧੋਵੇ ਆਤਮ ਦਾਗ਼ਨ । ਭਰਮ ਭੁਲੇਖਾ ਦੂਰ ਕਰਾਇਆ ।
ਸਾਚਾ ਲੇਖਾ ਆਪ ਲਿਖਾਇਆ, ਵੇਖਾ ਵੇਖੀ ਜਗਤ ਭੁਲਾਇਆ, ਗੁਰਸਿਖਾਂ ਪਕੜੀ ਬੈਠਾ ਦੋ ਹੱਥੀਂ ਆਪੇ ਵਾਗਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਜਿਸ ਜਨ ਨੇਤਰ ਪੇਖਾ ਲੱਖ ਚੁਰਾਸੀ ਗੇੜ ਕਟਾਇਆ । ਆਤਮ ਵੱਜੀ ਸਚ ਵਧਾਈਆ । ਨੌਂ ਨਿਧਾਂ ਅਠਾਰਾਂ ਸਿੱਧਾਂ ਤੇਰੇ ਵਸ ਕਰਾਈਆ ।
ਆਪ ਕਰਾਈ ਸਾਚੀ ਬਿੱਧਾ, ਲੱਖ ਚੁਰਾਸੀ ਜਿਸ ਨੇ ਰਿੱਧਾ, ਆਪਣਾ ਭੱਤਾ ਆਪ ਪਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ
ਸਾਚੇ ਸਿੱਖਾਂ ਸੱਚਾ ਰਾਹ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮਾਰਗ ਪਾਈਆ । ਏਕਾ ਰਾਹ ਲੈਣਾ ਵੇਖ । ਜਗਤ
ਛੱਡਣਾ ਝੂਠਾ ਭੇਖ । ਮਿਟਦੇ ਜਾਣ ਔਲੀਏ ਪੀਰ ਸ਼ੇਖ਼ । ਗੁਰਸਿਖਾਂ ਤਨ ਨਾ ਲੱਗੇ ਸੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਨਰ
ਨਰਾਇਣ ਨਿਰਾਹਾਰ, ਨਿਰਾਧਾਰ ਤਿੰਨਾਂ ਲੋਕਾਂ ਕਰੇ ਅਕਾਰ, ਲੱਖ ਚੁਰਾਸੀ ਪਾਵੇ ਸਾਰ, ਜੋਤ ਸਰੂਪੀ ਏਕਾ ਏਕ ਰੱਖ ਟੇਕ, ਕਰੇ ਬੁੱਧ ਬਬੇਕ,
ਆਤਮ ਦਿਸੇ ਬਜਰ ਕਪਾਟੀ, ਸੋਹੰ ਸ਼ਬਦ ਨਾਲ ਕਰੇ ਛੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਹੱਥੀਂ
ਲਿਖੇ ਲੇਖ । ਆਪੇ ਬਣੇ ਲੇਖ ਲਿਖਾਰਾ । ਗੁਰਸਿਖਾਂ ਕਰ ਆਪ ਪਿਆਰਾ । ਸਾਚਾ ਦੇਵੇ ਨਾਮ ਅਧਾਰਾ । ਜੋ ਜਨ ਮੰਗਣ ਆਏ ਪਹਿਲੀ

ਵਾਰਾ । ਫੇਰ ਨਾ ਭੁਲੇ ਵਿਚ ਸੰਸਾਰਾ । ਆਤਮ ਸਰ ਸਾਚਾ ਖੁਲ੍ਹੇ, ਭਰਿਆ ਰਹੇ ਭੰਡਾਰਾ । ਨਾ ਕੋਈ ਲੈਂਦਾ ਹਰਿ ਜੀ ਮੁੱਲੇ, ਦੇਵੇ ਨਾਮ ਅਪਰ ਅਪਾਰਾ । ਆਪ ਵਸਾਏ ਕਾਇਆ ਕੁੱਲੇ, ਸੱਚਾ ਇਕ ਮੁਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪ ਰਚਾਏ, ਸਾਚੀ ਜੋਤ ਆਪ ਟਿਕਾਏ, ਜੋਤ ਜਗਾਏ ਅਪਰ ਅਪਾਰਾ । ਨਾ ਕੋਈ ਲਵੇ ਹਰਿ ਜੀ ਮੁੱਲ । ਚਰਨੀ ਸੀਸ ਗੁਰਸਿਖ ਨਿਵਾਏ ਬਖ਼ਸ਼ੇ ਪਿਛਲੀ ਭੁੱਲ । ਸਿੱਧਾ ਰਾਹ ਫੇਰ ਵਖਾਏ ਭਾਗ ਲਗਾਏ ਸਾਚੀ ਕੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਅੰਮ੍ਰਿਤ ਸਾਚਾ ਸੀਰ ਪਿਆਏ ਆਪਣੇ ਭਰ ਭਰ ਚੁਲ । ਅੰਮ੍ਰਿਤ ਸੀਰ ਪੀਂਦੇ ਜਾਣਾ । ਤਨ ਸੋਹੰ ਧਾਗੇ ਨਾਲ ਸੀਂਦੇ ਜਾਣਾ । ਦਹਿ ਦਿਸ਼ ਭੌਂਦਾ ਫਿਰੇ ਮਨ, ਗੁਰਮੁਖ ਸਾਚੇ ਗੁਰਚਰਨ ਬਹਿੰਦੇ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਾਮ ਆਪ ਪਿਲਾਏ, ਸਾਚਾ ਦਾਨ ਝੋਲੀ ਪਾਏ, ਦਰਗਹਿ ਸਾਚੀ ਪੀਂਦੇ ਖਾਂਦੇ ਜਾਣਾ । ਅੰਮ੍ਰਿਤ ਸਾਚੀ ਧਾਰ ਠੰਡੀ ਠਾਰ । ਗੁਰਸਿਖਾਂ ਰੋਗ ਗਵਾਏ ਤ੍ਰਿਸ਼ਨਾ ਲਾਹੇ ਅਗਨ ਬੁਖ਼ਾਰ । ਸਾਚਾ ਜੋਗ ਨਾਮ ਦਵਾਏ, ਰੋਗ ਸੋਗ ਫੰਦ ਕਟਾਏ, ਮਾਨਸ ਜਨਮ ਲੇਖੇ ਲਾਏ, ਮਾਤ ਕੁੱਖ ਸੁਫਲ ਕਰਾਏ, ਗਰਭਵਾਸ ਫੇਰ ਨਾ ਹੋਏ ਦੂਜੀ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੁਖ ਚੁਆਏ, ਕਿਰਪਾ ਕਰ ਅਪਰ ਅਪਾਰ । ਸਾਚਾ ਮੇਘ ਹਰਿ ਬਰਸਾਇੰਦਾ । ਗੁਰਮੁਖਾਂ ਤ੍ਰਿਖਾ ਮਿਟਾਇੰਦਾ । ਦਰ ਘਰ ਸਾਚੇ ਮੰਗਣ ਸਾਚੀ ਭਿੱਖਾ, ਹਰਿ ਜੀ ਸਾਚੀ ਝੋਲੀ ਆਪ ਭਰਾਇੰਦਾ । ਸਾਚੀ ਸਿਖਿਆ ਸੋਹੰ ਸ਼ਬਦ ਲੈਣੀ ਸਿਖਾ, ਦੁਰਮਤ ਦੂਈ ਮੈਲ ਪ੍ਰਭ ਸਾਰੀ ਆਪੇ ਲਾਹਿੰਦਾ । ਸਾਚਾ ਲੇਖ ਹਰਿ ਜੀ ਲਿਖਾ, ਨਾ ਕੋਈ ਫੇਰ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆ ਗੁਰਸਿਖਾਂ ਮਾਣ ਦਵਾਇੰਦਾ । ਗੁਰਸਿਖਾਂ ਮਿਲਿਆ ਸਾਚਾ ਮਾਣ । ਘਰ ਚਲ ਆਇਆ ਹਰਿ ਭਗਵਾਨ । ਸੋਹੰ ਦਿਤਾ ਸ਼ਬਦ ਧੁਰਦਰਗਾਹੀ ਆਪ ਬਬਾਣ । ਸਾਚਾ ਦਾਨ ਕਰ ਇਸ਼ਨਾਨ, ਚਰਨ ਧੂੜ ਲਾਣ । ਬੇਮੁਖ ਜੀਵ ਅੰਤਮ ਹੋਏ ਮੂੜ੍ਹ, ਚਾਰੋਂ ਤਰਫ ਪੈਣੇ ਜੂੜ, ਆਪ ਸ਼ਬਦ ਵੇਲਣੇ ਪੀੜੇ ਸਾਚੇ ਬੂੜ, ਗੁਰਸਿਖ ਬਣਾਏ ਚਤੁਰ ਸੁਜਾਨ । ਅੰਮ੍ਰਿਤ ਚਲੇ ਸਚ ਫੁਹਾਰਾ । ਗੁਰਮੁਖਾਂ ਦੇਵੇ ਸਾਚੀ ਧਾਰਾ । ਗੁਰਸਿਖ ਸਾਚੇ ਸੰਤ ਜਨਾਂ ਤੇਰੇ ਹੱਥ ਫੜਾਇਆ ਸੋਹੰ ਆਰਾ । ਦੋਹੀਂ ਹੱਥੀਂ ਖਿਚੀ ਜਾਈਂ, ਸ੍ਰਿਸ਼ਟ ਸਬਾਈ ਆਰਾ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਿਰਦੇ ਹਰਿ ਵਾਸ ਰਖਾਏ, ਤੇਰਾ ਦਾਸ ਆਪ ਬਣ ਜਾਏ, ਸਾਚਾ ਦੇਵੇ ਇਕੋ ਬਲ ਪਿਆਰਾ । ਦੇਵੇ ਬਲ ਵਡਾ ਬਲਕਾਰੀ । ਮਾਰੇ ਵਿਚ ਮੈਦਾਨਾ ਸ਼ਬਦ ਕਟਾਰੀ । ਵੇਖੇ ਹੁੰਦੀ ਜਗਤ ਖੁਆਰੀ । ਨਿਹਕਲੰਕ ਕਲ ਜਾਮਾ ਪਾਇਆ, ਹੋਣ ਵਾਲਾ ਚਿੱਟੇ ਅਸਵ ਅਸਵਾਰੀ । ਸਾਚਾ ਸ਼ਬਦ ਸੰਗ ਰਲਾਇਆ, ਗੁਰ ਸੰਗਤ ਤੇਰਾ ਪੱਲੂ ਆਪਣੇ ਨਾਲ ਬੰਧਾਇਆ, ਨਾ ਛੁੱਟੇ ਅੰਤਮ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਜੀਆ ਦਾਨ ਹੋ ਮਿਹਰਵਾਨ, ਦੋਏ ਜੋੜ ਗੁਰ ਚਰਨ ਸਰਨ ਕਰੋ ਨਿਮਸਕਾਰੀ । ਅੰਮ੍ਰਿਤ ਰਸ ਸਾਚਾ ਚੱਟ, ਕਾਇਆ ਚੋਲੀ ਝੂਠੀ ਮਾਟੀ । ਕਲਜੁਗ ਜੀਵਾਂ ਅੰਤਮ ਪਾਟੀ । ਗੁਰਮੁਖ ਸਾਚੇ ਸੰਤ ਜਨ ਦਰ ਘਰ ਸਾਚੇ ਸਾਚਾ ਲਾਹਾ ਲੈਣ ਸੱਚੀ ਖੱਟੀ । ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਹੱਟ ਖੁਲ੍ਹਾਇਆ, ਤੱਕੜ ਵੱਟਾ ਨਾ ਕੋਈ ਰਖਾਇਆ । ਸੋਹੰ ਸ਼ਬਦ ਉਪਜਾਏ ਗੁਰਸਿਖਾਂ ਦੇ ਹੱਥ ਫੜਾਏ ਬਹਾਏ ਸਾਚੀ ਹੱਟੀ । ਸਾਚੀ ਹੱਟੀ ਸਾਚਾ ਨਤ । ਨਾ ਕੋਈ ਖੇਲ ਬਾਜ਼ੀਗਰ ਨਟ । ਗੁਰਸਿਖਾਂ ਤਨ ਸ਼ਿੰਗਾਰ ਕਰਾਏ, ਆਤਮ ਸਾਚੀ ਜੋਤ


੩੮ ੦੪

ਜਗਾਏ, ਵਸੇ ਘਟ ਘਟ । ਅੰਮ੍ਰਿਤ ਮੇਘ ਆਪ ਵਰਸਾਏ ਜੋਤ ਜਗਾਏ ਲਟ ਲਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ
ਵਿਚ ਮਾਤ ਤੇਰੇ ਘਰ ਸਾਚੇ ਦਰ ਲਾਹਾ ਲਏ ਖਟ । ਗੁਰਮੁਖ ਵਿਰਲੇ ਦਰ ਸਾਚੇ ਲਾਹਾ ਖੱਟਣਾ । ਸੋਹੰ ਸਾਚਾ ਸ਼ਬਦ ਇਕ ਲਗਾਏ ਵੱਟਣਾ ।
ਸਾਚਾ ਸ਼ਬਦ ਸਵਾਸ ਚਲਾਏ, ਏਕਾ ਰਸ ਸਾਚਾ ਚੱਟਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਜੋਤ ਜਗਾਈ, ਭੁਲੀ ਰਹੀ ਸਰਬ
ਲੋਕਾਈ, ਇਕੋ ਦੇਸ ਇਕੋ ਵੇਸ, ਕਰੇ ਕਰ ਆਵੇ ਭੇਸ, ਜਿਸ ਨੂੰ ਲੱਭਦੇ ਫਿਰਨ ਪ੍ਰਗਟ ਹੋਇਆ ਵਿਚ ਪਟਨਾ । ਆਪ ਸਵਾਰੇ ਆਪਣਾ ਕਾਜਾ ।
ਜੋਤ ਪ੍ਰਗਟਾਏ ਪ੍ਰਭ ਦੇਸ ਮਾਝਾ । ਬੇਮੁਖਾਂ ਹਰਿ ਜੀ ਦਿਸ ਨਾ ਆਏ, ਗੁਰਸਿਖਾਂ ਰੱਖੇ ਪ੍ਰਭ ਆਪੇ ਲਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਕਲ ਜੋਤ ਜਗਾਏ, ਸ਼ਬਦ ਰੱਖੇ ਇਕੋ ਤਾਜਾ, ਨਿਹਕਲੰਕ ਜੋਤ ਜਗਾਈ, ਮਾਤ ਕਰਿਆ ਚਾਨਣਾ । ਗੁਰਸਿਖਾਂ ਹਰਿ ਦਏ ਵਧਾਈ,
ਆਤਮ ਦੇਵੇ ਬ੍ਰਹਮ ਗਿਆਨਣਾ । ਆਪੇ ਤਾਰੇ ਫੜਕੇ ਬਾਹੀਂ, ਦਰਗਹਿ ਸਾਚੀ ਹੋਵੇ ਜਾਮਨਾ । ਕਲਜੁਗ ਲੱਗੀ ਝੂਠੀ ਛਾਹੀ, ਆਪਣੀ ਹੱਥੀਂ
ਆਪ ਪੂਰ ਕਰਾਇਆ ਕਾਮਨਾ । ਬੇਮੁਖਾਂ ਗੂੜ੍ਹੀ ਨੀਂਦ ਸਵਾਈ, ਉਤੇ ਮਾਇਆ ਚਾਦਰ ਪਾਏ ਗੁਰਸਿਖਾਂ ਪੂਰਨ ਬੂਝ ਬੁਝਾਈ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਸਾਚਾ ਹਰਿ, ਆਪਣਾ ਭੇਵ ਵਡ ਦੇਵੀ ਦੇਵ ਆਪੇ ਰਿਹਾ ਛੁਪਾਈ । ਨਿਹਕਲੰਕ ਨਿਰਾਹਾਰ ।
ਜੋਤ ਸਰੂਪੀ ਇਕ ਅਕਾਰ । ਸ਼ਬਦ ਰੱਖੇ ਖੰਡਾ ਦੋ ਧਾਰ । ਪਾਉਂਦਾ ਜਾਏ ਵੰਡ ਨੌਂ ਖੰਡਾਂ ਪ੍ਰਿਥਮੀ ਦੇਂਦਾ ਜਾਏ ਸਭ ਨੂੰ ਦੰਡਾਂ, ਮਿਟਾਏ ਭੇਖ ਨੰਗੀਆਂ
ਹੋਈਆਂ ਸਭ ਕੰਡਾਂ, ਨਾ ਕੋਇ ਦੇਵੇ ਕਿਸੇ ਸਹਾਰ । ਬੇਮੁਖਾਂ ਆਤਮ ਹੋਇਆ ਰੰਡਾ, ਘਰ ਘਰ ਜੀਵ ਫਿਰਨ ਘਮੰਡਾ, ਪ੍ਰਭ ਅਬਿਨਾਸ਼ੀ ਹੱਥ
੩੯ ੦੪ ਹਥੌੜਾ ਆਪ ਉਠਾਇਆ । ਸੋਹੰ ਜਿਸ ਦਾ ਨਾਮ ਰਖਾਇਆ । ਕਲਜੁਗ ਤੇਰੇ ਸਿਰ ਵਿਚ ਲਾਇਆ । ਘਰ ਸਾਚੇ ਵਿਚੋਂ ਬਾਹਰ ਕਢਾਇਆ । ੩੯ ੦੪
ਕਲਜੁਗ ਵੇਲਾ ਅੰਤਮ ਆਇਆ । ਤੇਰਾ ਨਾ ਕੋਈ ਦਿਸੇ ਨਗਰ ਖੇੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਰਾ ਭੇਵ ਦਏ
ਖੁਲ੍ਹਾਇਆ । ਸਾਰਾ ਭੇਵ ਆਪ ਖੁਲ੍ਹਾਏ । ਨੌਂ ਖੰਡ ਪ੍ਰਿਥਮੀ ਜੋ ਵਰਤਾਏ । ਸੱਤ ਦੀਪ ਵਡ ਮਹੀਪ, ਖਾਲੀ ਕੋਈ ਰਹਿਣ ਨਾ ਪਾਏ । ਕਲਜੁਗ
ਅੰਤਮ ਚਲਾਏ ਇਕ ਸਾਚੀ ਰੀਤ, ਸੋਹੰ ਸ਼ਬਦ ਸੁਣਾਏ ਸੁਹਾਗੀ ਗੀਤ, ਗੁਰਸਿਖਾਂ ਬੰਨ੍ਹਾਏ ਚਰਨ ਪ੍ਰੀਤ ਨਾ ਕੋਈ ਛੁਡਾਏ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਨ, ਸੱਚਾ ਝੁਲਾਏ ਇਕ ਨਿਸ਼ਾਨ, ਉਤੇ ਲਿਖੇ ਲੇਖ ਮਹਾਨ, ਸਾਚੀ ਧਾਰਾ ਆਪ ਬੰਨ੍ਹਾਏ । ਸਾਚੀ ਧਾਰ ਬੰਨ੍ਹੇ
ਸ੍ਰਿਸ਼ਟ ਸਬਾਈ ਕਰਮ ਵਿਚਾਰ । ਕਲਜੁਗ ਅੰਤਮ ਆਈ ਹਾਰ । ਵਿਚ ਮਾਤ ਡਿੱਗਾ ਮੂੰਹ ਦੇ ਭਾਰ । ਉਤੋਂ ਵੱਜੇ ਸ਼ਬਦ ਮਾਰ । ਲੱਖ ਚੁਰਾਸੀ
ਕੀਤੀ ਮਾਤ ਜਿਸ ਖ਼ਵਾਰ । ਗੁਰਮੁਖਾਂ ਆਤਮ ਹਰਿ ਜੀ ਰੱਖੇ ਭੀਨੀ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰ । ਏਕਾ ਦਾਤ ਵਡ ਕਰਾਮਾਤ ਸਚ ਸੁਗਾਤ
ਹਰਿ ਜੀ ਸਾਚੇ ਦੀਨੀ, ਆਪ ਮਿਟਾਏ ਆਤਮ ਅੰਧੇਰੀ ਰਾਤ । ਗੁਰਸਿਖ ਸਾਚੇ ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ
ਜੋਤ ਜਗਾਏ, ਪ੍ਰਗਟ ਹੋਏ ਸਵਛ ਸਰੂਪੀ ਦਰਸ ਦਿਖਾਏ, ਬੈਠਾ ਇਕ ਇਕਾਂਤ । ਇਕ ਇਕੱਲੜਾ ਵਸੇ ਸਾਚੇ ਥਾਂ, ਨਾ ਫੜੇ ਬੇਮੁਖਾਂ ਬਾਂਹ, ਗੁਰਮੁਖ
ਸਾਚੇ ਸੰਤ ਜਨਾਂ ਆਤਮ ਦਰ ਦਵਾਰੇ ਅੱਗੇ ਹਰਿ ਜੀ ਸਾਚਾ ਖਲ੍ਹੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਨੀ ਦਾਨ, ਗੁਰਸਿਖਾਂ ਦੇਵੇ
ਚਰਨ ਧਿਆਨ ਸੱਚਾ ਇਸ਼ਨਾਨ, ਆਤਮ ਜੋਤ ਜਗਾਏ ਤੇਜ ਰਖਾਏ ਕੋਟਨ ਭਾਨਨਾ । ਹੋਏ ਜੋਤ ਸੱਚੀ ਪ੍ਰਕਾਸ਼ । ਬਾਕੀ ਰਹਿ ਗਏ ਦੋ ਮਾਸ ।

ਗੁਰਸਿਖਾਂ ਕਰੇ ਬੰਦ ਖਲਾਸ । ਆਤਮ ਬੈਠ ਸਾਚੇ ਘਰ, ਹਰਿ ਜੀ ਪਾਵੇ ਸਾਚੀ ਰਾਸ । ਕਲਜੁਗ ਅੰਤਮ ਨੇੜੇ ਆਇਆ, ਗੁਰਸਿਖਾਂ ਕਰੇ ਬੰਦ
ਖਲਾਸ । ਬੇਮੁਖਾਂ ਹਰਿ ਧੱਕਾ ਲਾਇਆ, ਦਰ ਘਰ ਸਾਚੇ ਬੇਮੁਖ ਕੋਈ ਰਹਿਣ ਨਾ ਪਾਇਆ, ਗੁਰਸਿਖਾਂ ਹੋਇਆ ਆਪੇ ਦਾਸ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਆਪ ਰਚਾਇਆ । ਜੋਤ ਸਰੂਪੀ ਜਾਮਾ ਪਾਇਆ । ਪੜਦਾ ਉਹਲਾ ਆਪ ਰਖਾਇਆ । ਰੇਖ ਰੂਪ ਨਾ
ਕੋਈ ਰਖਾਇਆ । ਬੇਮੁਖਾਂ ਹਰਿ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਨਰਾਇਣ
ਨਰ ਧਰਨੀ ਧਰ । ਆਪਣੀ ਕਰਨੀ ਰਿਹਾ ਕਰ । ਗੁਰਸਿਖਾਂ ਦੇਵੇ ਸਾਚਾ ਵਰ, ਆਪ ਖੁਲ੍ਹਾਏ ਆਤਮ ਦਰ । ਸਰਬ ਭੰਡਾਰੇ ਦੇਵੇ ਭਰ ।
ਸਚ ਨੁਹਾਵੇ ਅੰਮ੍ਰਿਤ ਸਾਚੇ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ, ਗੁਰਸਿਖਾਂ ਰਿਹਾ ਬਣਤ ਬਣਾਏ, ਸਾਚਾ
ਭਾਣਾ ਸਿਰ ਤੇ ਜਰ । ਭਾਣਾ ਮੰਨਣਾ ਹਰਿ ਭਗਵਾਨ । ਤਿੰਨਾਂ ਲੋਕਾਂ ਝੁੱਲੇ ਇਕ ਨਿਸ਼ਾਨ । ਜੋਤ ਧਰਾਏ ਸ੍ਰੀ ਭਗਵਾਨ । ਮਾਰੇ ਫੜ ਫੜ
ਹੰਕਾਰੇ ਬੇਮੁਖ ਜੀਵ ਬੇਈਮਾਨ । ਗੁਰਸਿਖਾਂ ਪੈਜ ਸਵਾਰੇ, ਬਣਿਆ ਰਹੇ ਦਰ ਦਰਬਾਨ । ਜੋਤ ਸਰੂਪੀ ਜਾਮਾ ਪਾਇਆ, ਆਪਣਾ ਭੇਵ ਨਾ ਕਿਸੇ
ਵਖਾਇਆ, ਗੁਰਮੁਖ ਸਾਚੇ ਤੇਰੀ ਆਤਮ ਸੇਜਾ ਹਰਿ ਜੀ ਡੇਰਾ ਲਾਇਆ । ਬੇਮੁਖ ਲੱਭਦੇ ਫਿਰਨ ਚਾਰ ਕੁੰਟ ਨਾ ਮਿਲੇ ਵਾਲੀ ਦੋ ਜਹਾਨ । ਨਾ
ਹਰਿ ਨੀਲਾ ਨਾ ਹਰਿ ਕਾਲਾ ਨਾ ਹਰਿ ਪੀਲਾ ਨਾ ਹਰਿ ਲਾਲ ਗੁਲਾਲਾ । ਜੋਤ ਸਰੂਪੀ ਇਕੋ ਜਗੇ ਜੋਤ ਗੁਰਸਿਖ ਕਰੋ ਹੀਲਾ । ਹਰਿ ਬਣਿਆ
੪੦ ਆਪ ਦਲਾਲਾ । ਨਾ ਕੋਈ ਵਰਨ ਨਾ ਕੋਈ ਗੋਤ, ਦੁਰਮਤ ਮੈਲ ਰਿਹਾ ਧੋਤ, ਵਿਚ ਮਾਤ ਧਰ ਜੋਤ, ਸਾਚਾ ਹਰਿ ਦੀਨ ਦਿਆਲਾ । ਮਹਾਰਾਜ ੪੦
੦੪ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਆਤਮ ਵਾਸ ਰਖਾਏ, ਨਾ ਵਸੇ ਕਿਸੇ ਮੰਦਰ ਨਾ ਧਰਮਸਾਲਾ । ਗੁਰਸਿਖ ਤੇਰੀ ਕਾਇਆ ਸੱਚੀ ਧਰਮਸਾਲ । ੦੪
ਜਿਥੇ ਬੈਠਾ ਹਰਿ ਜੀ ਆਤਮ ਜੋਤੀ ਰਿਹਾ ਬਾਲ । ਗੁਰਸਿਖ ਸਾਚੇ ਸੰਤ ਜਨ ਵਿਚ ਮਾਤ ਲੱਖ ਚੁਰਾਸੀ ਵਿਚੋਂ ਲੱਭੇ ਆਪ ਅਨਮੁੱਲੜੇ ਲਾਲ । ਏਕਾ
ਮੁੱਲ ਆਪ ਪਵਾਏ, ਦੂਜਾ ਕੋਈ ਨਾ ਪਰਖਣ ਆਏ, ਆਪੇ ਬਣਿਆ ਵਿਚ ਦਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ
ਇਕ ਚਲਾਏ, ਸਤਿਜੁਗ ਤੇਰੀ ਬਣਤ ਬਣਾਏ, ਮਹਿੰਮਾ ਅਗਣਤ ਗਣੀ ਨਾ ਜਾਏ, ਚਾਰ ਵਰਨ ਦੇ ਵਸੇ ਕੋਲ । ਖਲੋ ਕੇ ਖਿੜ ਖਿੜ ਹੱਸੇ ।
ਸ਼ਬਦ ਤੀਰ ਏਕਾ ਕਸੇ । ਝੂਠੇ ਬਾਣੇ ਝੂਠੇ ਤਾਣੇ ਆਪ ਮਿਟਾਏ, ਕੋਈ ਰਹਿਣ ਨਾ ਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜਾ
ਚਿੱਟਾ ਅਸਵ ਆਇਆ ਕਸੇ । ਹਰਿ ਜੀ ਸਾਚੇ ਤੰਗ ਕਸਾਇਆ । ਸ਼ਬਦ ਘੋੜਾ ਦਰ ਬਹਾਇਆ । ਦੇਣ ਵਰ ਸਾਚੇ ਘਰ ਗੁਰਸਿਖ ਤੇਰੀ ਆਤਮ
ਡੇਰਾ ਲਾਇਆ । ਜਿਸ ਦਾ ਖੁਲ੍ਹਾ ਰਹੇ ਦਰ, ਦੇਂਦਾ ਰਹੇ ਸੱਚਾ ਵਰ, ਚਰਨ ਲਾਗ ਜਾਣਾ ਤਰ, ਪੂਰਨ ਭਾਗ, ਧੋਇਆ ਦਾਗ ਚੁੱਕਿਆ ਡਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਸਾਚਾ ਘਰ ਜਿਸ ਇਕ ਵਖਾਇਆ । ਸਾਚਾ ਘਰ ਇਕ ਵਸੇਰਾ । ਗੁਰਸਿਖਾਂ
ਵਸੇ ਨੇਰਨ ਨੇਰਾ । ਚਾਰੋਂ ਤਰਫ ਸ਼ਬਦ ਘੇਰਾ । ਅੰਤਮ ਵੇਲਾ ਕਲਜੁਗ ਆਇਆ ਆਪੇ ਕਰੇ ਨਬੇੜਾ । ਗੁਰਸਿਖਾਂ ਮਾਣ ਤਾਣ ਰਖਾਇਆ, ਆਪੇ
ਬੰਨ੍ਹੇ ਸਿਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਲਿਖਾਇਆ, ਸ੍ਰਿਸ਼ਟ ਸਬਾਈ ਲੱਗੇ ਇਕ ਉਖੇੜਾ । ਇਕ ਉਖੇੜਾ
ਆਪੇ ਲਾਇਆ । ਮੱਕਾ ਮਦੀਨਾ ਪਹਿਲੇ ਢਾਹਿਆ । ਮੱਕਾ ਮਦੀਨਾ ਜਾਣਾ ਢੱਠ । ਆਪ ਝੁਕਾਏ ਵੱਡਾ ਭੱਠ । ਸ੍ਰਿਸ਼ਟ ਸਬਾਈ ਗਿੜਾਏ ਉਲਟੀ

ਲੱਠ । ਮਾਝਾ ਦੇਸ ਪਾਰ ਬਿਆਸੋਂ ਆਵੇ ਨੱਠ । ਨਿਹਕਲੰਕ ਅੱਗੇ ਮਿਲੇ ਜੋਤ ਸਰੂਪੀ ਪਿੰਡ ਭੰਡਾਲੀ ਕਰੇ ਇਕੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਾਚਾ ਹਾਲੀ ਸਾਚਾ ਪਾਲੀ, ਗੁਰਮੁਖਾਂ ਕਰੇ ਆਪ ਰਖਵਾਲੀ, ਨਾ ਵਸੇ ਕਿਸੇ ਤੀਰਥ ਨਾ ਵਸੇ ਕਿਸੇ ਤਟ । ਨਾ ਕੋਈ ਤੀਰਥ ਨਾ ਕੋਈ ਤਟ । ਹਰਿ ਜੀ ਵਸੇ ਘਟ ਘਟ । ਗੁਰਮੁਖ ਏਕਾ ਝਾਤੀ ਮਾਰ, ਆਪਣੀ ਕਾਇਆ ਮਟ । ਪ੍ਰਭ ਅਬਿਨਾਸ਼ੀ ਖੋਲ੍ਹੀ ਬੈਠਾ ਤਾਕੀ, ਅੱਗੇ ਜੋਤ ਜਗੇ ਲਟ ਲਟ । ਲੇਖਾ ਆਪ ਚੁਕਾਏ, ਗੁਰ ਗੋਬਿੰਦ ਜੋ ਹੋਏ ਤੈਥੋਂ ਆਕੀ । ਨਿਹਕਲੰਕ ਕਲ ਜਾਮਾ ਪਾਇਆ, ਬੇਮੁਖਾਂ ਚੋਲੀ ਸਾਰੀ ਪਾਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਡੰਕ ਸ਼ਬਦ ਸੁਣਾਇਆ । ਚਾਰ ਕੁੰਟ ਡੰਕ ਵਜਾਇਆ । ਉਠੋ ਸਿੱਖੋ ਬਲ ਧਾਰੋ, ਨਿਹਕਲੰਕ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਰੱਖੇ ਭਾਣਾ ਆਪਣੇ ਹੱਥ । ਸ੍ਰਿਸ਼ਟ ਸਬਾਈ ਪਕੜੀ ਨੱਥ । ਚਾਰੋਂ ਕੁੰਟ ਰਿਹਾ ਮੱਥ । ਗੁਰਮੁਖ ਸਾਚੇ ਸੰਤ ਜਨਾਂ, ਬਾਹੋਂ ਪਕੜ ਆਪ ਚੜ੍ਹਾਏ ਸੋਹੰ ਸਾਚੇ ਰਥ । ਕਲਜੁਗ ਅੰਤਮ ਬੇਮੁਖਾਂ ਹਰਿ ਜੀ ਪਾਏ ਨੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਜਗਾਈ ਰਸਨਾ ਕੋਈ ਰਹੇ ਨਾ ਖਾਲੀ, ਮਹਿੰਮਾ ਜਗਤ ਅਕਥ । ਸਚ ਦਰਬਾਰ ਸਚ ਸੁਲਤਾਨ । ਸਚ ਘਰ ਬਾਹਰ ਸਚ ਨਿਸ਼ਾਨ । ਸਚ ਸ਼ਬਦ ਸਚ ਅਸਵਾਰ ਸਚ ਮਿਹਰਵਾਨ । ਸਾਚੀ ਦੇਵੇ ਨਾਮ ਧਾਰ ਵਿਚ ਸੰਸਾਰ, ਕਿਰਪਾ ਕਰ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਾਨ ਦੇਵੇ ਦਾਨ, ਗੁਰਸਿਖ ਬਾਲ ਅੰਞਾਣ, ਬਣਾਏ ਚਤੁਰ ਸੁਜਾਨ ਵਾਲੀ ਦੋ ਜਹਾਨ । ਨਿਹਕਲੰਕ ਵਡ ਬਲੀ ਬਲਵਾਨ । ਕਲਜੁਗ ਵੇਲਾ ਅੰਤਮ ਅੰਤ ਆਪ ਉਠਾਏ ਸੱਤਰ ਲੱਖ ਪਠਾਨ । ਫੜ ਫੜ ਬਾਹੋਂ ਵੱਖ ਕਰਾਏ, ਮਾਝੇ ਦੇਸ ਸਿੱਧੇ ਆਣ । ਮਾਝੇ ਦੇਸ ਭੱਖ ਕਰਾਏ, ਗੁਰਸਿਖ ਸਾਚੇ ਰੱਖ ਵਖਾਏ । ਆਪ ਰਖਾਏ ਆਪਣੀ ਆਣ । ਜੋਤ ਸਰੂਪੀ ਜਾਮਾ ਪਾਇਆ, ਧਾਰੇ ਭੇਖ ਸ੍ਰੀ ਭਗਵਾਨ । ਮਾਝੇ ਦੇਸ ਜੋਤ ਜਗਾਈ । ਬੇਮੁਖਾਂ ਸਾਰ ਕੋਈ ਨਾ ਪਾਈ । ਗੁਰਮੁਖ ਸਾਚੇ ਸੰਤ ਜਨਾਂ ਹਰਿ ਆਪ ਮਿਟਾਏ ਆਤਮ ਤ੍ਰਿਖਾ, ਅੰਮ੍ਰਿਤ ਸੀਰ ਬੂੰਦ ਸਵਾਂਤ ਰਿਹਾ ਪਿਆਈ । ਸਾਚੀ ਦੇਵੇ ਹਰਿ ਜੀ ਸਿਖਾ, ਨਾਲ ਰਖਾਏ ਸੋਹੰ ਸ਼ਬਦ ਤੀਰ ਤਿਖਾ, ਦੁਰਮਤ ਮੈਲ ਰਿਹਾ ਲਾਹੀ । ਕਲਜੁਗ ਤੇਰੀ ਝੂਠੀ ਵਿਖਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰੇ ਬਹਾਈ ਗੁਰਸਿਖਾਂ ਰਿਹਾ ਗਵਾਈ ।



## ❇ ੮ ਚੇਤ ੨੦੧੧ ਬਿਕ੍ਰਮੀ ਮੇਰਠ ਛਾਉਣੀ ਹਰਿ ਸੰਗਤ ਦੇ ਨਵਿਤ ❇

ਵਡ ਬਲੀ ਬਲਵਾਨ ਹਰਿ ਨਿਰੰਕਾਰ, ਏਕਾ ਬਖ਼ਸ਼ੇ ਗੁਰਸਿਖਾਂ ਚਰਨ ਧਿਆਨ, ਦੇਵੇ ਸ਼ਬਦ ਆਪ ਮਹਾਨ ਹੈ । ਆਪ ਮਿਟਾਏ ਆਤਮ ਤ੍ਰਿਖਾ, ਜੋ ਜਨ ਮੰਗਣ ਆਏ ਸਾਚੀ ਭਿਖਾ, ਦੇਵੇ ਨਾਮ ਗੁਣਵੰਤ ਗੁਣ ਨਿਧਾਨ ਹੈ । ਸਾਚੇ ਲੇਖ ਹਰਿ ਜੀ ਲਿਖੇ, ਆਤਮ ਲਾਹੇ ਝੂਠੀ ਵਿਖੇ, ਸੋਹੰ ਸ਼ਬਦ ਤੀਰ ਤਿਖਾ ਰਸਨਾ ਖਿਚ ਚਲਾਏ ਇਕ ਤੀਰ ਕਮਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਵਜਾਏ ਡੰਕ ਸੱਚਾ ਹਰਿ ਸ਼ਾਹ ਸੁਲਤਾਨ ਹੈ । ਸੱਚਾ ਹਰਿ ਗੁਰਮੁਖ ਜਾਣ ਲੈ । ਮਾਤ ਜੋਤ ਸਚ ਧਰਾਈ, ਮਾਝੇ ਦੇਸ ਕਰੇ ਰੁਸ਼ਨਾਈ, ਲੈ ਕੇ ਆਇਆ ਸਾਚੀ ਕਾਨ । ਬੇਮੁਖਾਂ ਰਿਹਾ ਭੁਲਾਈ, ਆਤਮ ਪਰਦਾ ਝੂਠਾ ਪਾਈ, ਹੋਏ ਅੰਧ ਅੰਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਅੰਤਮ ਵੇਲੇ ਇਕ

ਮੁਕਾਨ । ਕਲਜੁਗ ਵੇਲਾ ਅੰਤਮ ਅੰਤ । ਭੁਲੇ ਫਿਰਨ ਜੀਵ ਜੰਤ । ਨਾ ਕੋਈ ਬਣਾਏ ਕਿਸੇ ਬਣਤ । ਮੇਲ ਮਿਲਾਵਾ ਕਿਸੇ ਨਾ ਹੋਇਆ ਗੁਰਮੁਖ ਵਿਰਲਾ ਵਿਚ ਮਾਤ ਆਪ ਜਗਾਇਆ । ਹਰਿ ਜੀ ਸੋਇਆ ਦੁਬਧਾ ਹੋਈ ਨਾਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕਾ ਦਾਤ ਵਡ ਕਰਾਮਾਤ ਸਚ ਸੁਗਾਤ ਗੁਰਸਿਖਾਂ ਝੋਲੀ ਪਾਇਆ । ਆਪ ਪੜ੍ਹਾਏ ਇਕ ਸੱਚੀ ਜਮਾਤ, ਗੁਰਸਿਖਾਂ ਪੜ੍ਹਿਆ ਇਕੋ ਅੱਖਰ । ਲੱਖ ਚੁਰਾਸੀ ਵਿਚੋਂ ਕੀਨਾ ਵੱਖਰ । ਬੇਮੁਖਾਂ ਅੰਤ ਕਲਜੁਗ ਮਾਇਆ ਪਾਈ ਤਨ ਕੀਨਾ ਪੱਥਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਗੁਰਮੁਖਾਂ ਫੜਦਾ ਆਪੇ ਬਾਹੀਂ । ਗੁਰਮੁਖਾਂ ਭਰਮ ਨਿਵਾਰੇ । ਸਰਬ ਜੀਆਂ ਆਪੇ ਪਾਵੇ ਸਾਰੇ । ਆਪ ਜਗਾਏ ਜੋਤ ਅਪਰ ਅਪਾਰੇ । ਕਲਜੁਗ ਵੇਲਾ ਅੰਤਮ ਆਇਆ, ਨਿਹਕਲੰਕ ਕਲ ਜਾਮਾ ਧਾਰੇ । ਗੁਰਮੁਖ ਸਾਚੇ ਸੰਤ ਜਨਾਂ ਅੰਤਮ ਬੇੜਾ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਇਕਾ ਬੈਠਾ ਗੁਰਸਿਖਾਂ ਅਵਾਜਾਂ ਮਾਰੇ । ਆਤਮ ਬੈਠਾ ਤਟ ਗਿਆਨੀ । ਸਾਚੀ ਦੇਵੇ ਸ਼ਬਦ ਨਿਸ਼ਾਨੀ । ਇਕੋ ਮਾਰੇ ਸਾਚਾ ਤੀਰ, ਵੱਜੇ ਗੁਰਮੁਖ ਤੇਰੇ ਹਿਰਦੇ ਕਾਨੀ । ਆਪ ਪਿਆਏ ਅੰਮ੍ਰਿਤ ਸਾਚਾ ਨੀਰ, ਦੂਈ ਦਵੈਤ ਦੇਵੇ ਚੀਰ, ਵੇਲਾ ਅੰਤ ਕਲ ਅਖੀਰ, ਮਿਟਦੇ ਜਾਣ ਪੀਰ ਫਕੀਰ, ਚਾਰੋਂ ਤਰਫ ਪਏ ਵਹੀਰ, ਗੁਰਸਿਖਾਂ ਬਣੇ ਆਪੇ ਬਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਗੁਰ ਸੰਗਤ ਤੇਰੀ ਗਾਂਦੀ । ਗੁਰ ਸੰਗਤ ਹਰਿ ਦੇਵੇ ਮਾਣ । ਦੇਵੇ ਸਾਚਾ ਸ਼ਬਦ ਦਾਨ । ਗੁਰਮੁਖ ਸਾਚੇ ਸੰਤ ਜਨਾਂ ਮੇਲ ਮਿਲਾਏ ਹਰਿ ਮਿਹਰਵਾਨ । ਆਪੇ ਬੈਠਾ ਹਰਿ ਜੀ ਵੇਖੇ, ਕਲਜੁਗ ਜੀਵ ਭਾਂਡੇ ਕਾਚੇ ਵਿਚ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਰਚਾਏ ਵਿਚ ਮਾਤ ਮਹਾਨ । ਗੁਰਮੁਖ ਸਾਚੇ ਲਏ ਰੱਖ, ਹਰਿ ਮਿਹਰਵਾਨ ਹੈ । ਬੇਮੁਖਾਂ ਪਾਏ ਨੱਥ ਫੜੇ ਹੱਥ, ਗੁਰਮੁਖਾਂ ਦੇਵੇ ਮਾਣ ਹੈ । ਗੁਰਮੁਖ ਸਾਚੇ ਨੇਤਰ ਪੇਖ ਆਤਮ ਉਤਾਰੇ ਤ੍ਰਿਖ, ਅੰਮ੍ਰਿਤ ਪਿਆਏ ਬੂੰਦ ਮਹਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਚਰਨ ਰਖਾਏ ਮਾਣ ਤਾਣ ਹੈ । ਕਲਜੁਗ ਤੇਰੀ ਅੰਤਮ ਵਾਰੀ । ਲੱਖ ਚੁਰਾਸੀ ਹੋਈ ਮਾਤ ਖੁਆਰੀ । ਤਟ ਤੀਰਥਾਂ ਬੈਠੇ ਠਗ ਚੋਰ ਯਾਰੀ । ਮਿਟਾਏ ਕਲ ਸਾਚੇ ਸੀਰਥਾ, ਧੀਆਂ ਭੈਣਾਂ ਕਰਨ ਖੁਆਰੀ । ਨਾ ਰਹੇ ਕੋਈ ਸਾਚਾ ਨੀਰਥਾ, ਕਲਜੁਗ ਹੋਏ ਦੁਰਾਚਾਰੀ । ਜੋਤੀ ਜੋਤ ਸਰੂਪ ਹਰਿ, ਧਰਤ ਮਾਤ ਸਾਚੇ ਦਰ ਬਹਾਏ, ਅੰਤਮ ਕਲ ਜਾਮਾ ਧਾਰੀ । ਧਰਤ ਮਾਤ ਦਰ ਪੁਕਾਰੇ । ਕਲਜੁਗ ਜੀਵ ਸਰਬ ਹੰਕਾਰੇ । ਆਤਮ ਅੰਧੇ ਪਾਪੀ ਗੰਦੇ, ਭੁਲਿਆ ਹਰਿ ਦਾਤਾਰੇ । ਮਾਇਆ ਲੱਗੇ ਝੂਠੇ ਧੰਦੇ, ਨਾ ਕੱਢੇ ਕੋਈ ਬਾਹਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਿਰਪਾ ਕਰ ਸਾਚੇ ਹਰਿ, ਮੇਰੇ ਉਤੋਂ ਲਾਹ ਪਾਪਾਂ ਭਾਰੇ । ਧਰਤ ਮਾਤ ਹਰਿ ਦਰ ਸਾਚੇ ਵੈਣ ਪਾਵੇ । ਮੇਲ ਮਿਲਾਵਾ ਪ੍ਰਭ ਅਬਿਨਾਸ਼ੀ, ਤੇਰੇ ਬਿਨਾਂ ਕਿਹੜਾ ਦੁਰਮਤ ਮੈਲ ਬੇਮੁਖਾਂ ਦੀ ਮਾਤ ਧੋਵੇ । ਆਪ ਪਿਆਏ ਅੰਮ੍ਰਿਤ ਸਾਚਾ ਸੀਰ, ਸਾਚਾ ਦੀਪਕ ਹਰਿ ਆਪ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਲੱਗੀ ਛਾਹੀ ਵੇਲੇ ਅੰਤ ਆਪੇ ਸ੍ਰਿਸ਼ਟ ਸਬਾਈ ਮਲ ਮਲ ਧੋਵੇ । ਧਰਤ ਮਾਤ ਆਈ ਦਰ ਅੱਗੇ । ਹਰਿ ਜੀ ਸਾਚੇ ਵਿਚ ਮਾਤ ਲੱਗੀ ਬੜੀ ਅੱਗੇ । ਬੇਮੁਖ ਜੀਵ ਚਾਰੋਂ ਕੁੰਟ ਉਠ ਉਠ ਵੇਖਣ, ਸਾਰੇ ਬੱਧੇ ਏਕਾ ਤੱਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ, ਲਾੜੀ ਮੌਤ ਮਾਤ ਧਰ, ਇਕੋ ਮਾਰ ਮਾਰੇ ਲਾਵੇ ਸਾਰੇ ਅੱਗੇ । ਧਰਤ ਮਾਤ ਸੁਣ ਪੁਕਾਰ । ਨਿਹਕਲੰਕ ਕਲ ਲਿਆ ਅਵਤਾਰ । ਪੁਰੀ ਘਨਕ ਆਇਆ

੪੨
੦੪

ਵਾਰੋ ਵਾਰੀ ਜਾਮਾ ਧਾਰ । ਚਿੱਟੇ ਅਸਵ ਹੋ ਅਸਵਾਰ । ਸਾਚਾ ਡੰਕ ਜਿਸ ਵਜਾਇਆ, ਸ੍ਰਿਸ਼ਟ ਸਬਾਈ ਦਏ ਸੁਣਾਇਆ, ਪੜਦਾ ਉਹਲਾ ਨਾ ਕੋਈ ਰਖਾਇਆ, ਜੋਤ ਸਰੂਪੀ ਜਾਮਾ ਪਾਇਆ, ਗੁਰਸਿਖਾਂ ਆਤਮ ਡੇਰਾ ਲਾਇਆ, ਸਾਚੀ ਜੋਤ ਜਗਾਏ ਅਪਰ ਅਪਾਰ । ਗੁਰਸਿਖਾਂ ਹਰਿ ਘੇਰਾ ਪਾਇਆ, ਸ਼ਬਦ ਸਰੂਪੀ ਮੇਲ ਮਿਲਾਇਆ, ਆਪ ਆਪਣੀ ਕਿਰਪਾ ਧਾਰ । ਏਕਾ ਗੇੜਾ ਦਏ ਦਵਾਇਆ, ਪਹਿਲੀ ਕੂਟ ਦੇ ਸਜਾਇਆ । ਕਲਜੁਗ ਅੰਤਮ ਬੇਮੁਖਾਂ ਪੈਂਦੀ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਦੁੱਖ ਮਿਟਾਏ, ਪੂਰਬ ਕਰਮ ਵਿਚਾਰ । ਧਰਤ ਮਾਤ ਤੇਰੀ ਵੰਡ ਵਖ ਕਰਾਏ । ਗੁਰਸਿਖ ਸਾਚੇ ਲੈਣੇ ਰੱਖ, ਤੇਰੀ ਗੋਦ ਬਹਾਏ । ਤੇਰੀ ਆਤਮ ਉਪਜਾਏ ਸੁਖ, ਬੇਮੁਖ ਹਰਿ ਧਰਮ ਰਾਏ ਦੇ ਦਰ ਬਹਾਏ । ਬਚਿਆ ਕੋਈ ਨਾ ਰਹੇ ਵਿਚ ਮਾਤ ਕੁੱਖ, ਸਾਚਾ ਹਰਿ ਜੀ ਗਏ ਭੁਲਾਏ । ਉਲਟੇ ਦਸ ਮਾਸ ਰਖਾਏ । ਬੇਮੁਖ ਜੂਠੇ ਝੂਠੇ ਕਲਜੁਗ ਅੰਤਮ ਗਏ ਥੱਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਅਮਾਮ ਮਹਿੰਦੀ ਬਣ ਕੇ ਆਇਆ । ਪੱਲੇ ਦਾਮ ਨਾ ਕੋਈ ਲਿਆਇਆ । ਕਰੇ ਕਰਾਏ ਜੋ ਮਨ ਭਾਇਆ । ਭੇਵ ਨਾ ਰੱਖੇ ਕੋਈ ਰਾਇਆ । ਸਤਿਜੁਗ ਸਾਚੇ ਸਾਧਾਂ ਸੰਤਾਂ ਲਏ ਬੁਲਾਇਆ । ਸ਼ਬਦ ਗੰਢ ਦੇਵੇ ਵੰਡ, ਝੋਲੀ ਦਏ ਭਰਾਇਆ । ਆਪੇ ਪਾਏ ਸੀਨੇ ਠੰਡ, ਲੱਗੀ ਪ੍ਰੀਤ ਜਾਏ ਨਿਭਾਇਆ । ਗੁਰ ਪੂਰਾ ਦੇਵੇ ਨਾ ਕਦੇ ਕੰਡ, ਬਾਹੋਂ ਪਕੜ ਪਾਰ ਕਰਾਇਆ । ਬੇਮੁਖਾਂ ਕਰੇ ਖੰਡ ਖੰਡ । ਆਪ ਕਰਾਏ ਵਿਚ ਨੌਂ ਖੰਡਾਂ ਵੰਡ । ਕਲਜੁਗ ਜੀਵ ਦੇਣ ਦੁਹਾਈ, ਰੋਵੇ ਘਰ ਘਰ ਨਾਰ ਰੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਆਪ ਵਰਤਾਇਆ । ਕਲਜੁਗ ਤੇਰੀ ਪਾਈ ਚਾਲ । ਬੇਮੁਖ ਨਾ ਸਕੇ ਮਾਤ ਸੰਭਾਲ । ਸਭ ਦੇ ਭੰਨੇ ਹਰਿ ਜੀ ਡਾਲ । ਲੱਖ ਚੁਰਾਸੀ ਦੇਵੇ ਗਾਲ । ਏਕਾ ਦੀਪਕ ਲਏ ਬਾਲ । ਆਪ ਤਨਾਇਆ ਲੱਖ ਚੁਰਾਸੀ ਜਾਲ । ਵਿਚ ਬੰਨ੍ਹ ਕੇ ਲਿਆਵਾਂ ਸ਼ਬਦ ਡੋਰ ਨਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਤਣਿਆ ਮਾਇਆ ਜਾਲ । ਮਾਇਆ ਜਾਲ ਹਰਿ ਤਣਾਇਆ । ਲੱਖ ਚੁਰਾਸੀ ਵਿਚ ਫਸਾਇਆ । ਸ਼ਬਦ ਡੋਰ ਨਾਲ ਬੰਧਾਇਆ । ਕਲਜੁਗ ਰੋ ਰੋ ਪਾਵੇ ਵੈਣ, ਵੇਲਾ ਅੰਤਮ ਗਿਆ ਕਿਸੇ ਹੱਥ ਨਾ ਆਇਆ । ਆਪਣੇ ਦਰ ਦਏ ਦੁਰਕਾਇਆ । ਏਕਾ ਧੱਕਾ ਦਏ ਲਗਾਏ, ਹਰਿ ਜੀ ਆਪਣਾ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਖਾਏ ਜਿਉਂ ਮੌਤ ਡੈਣ, ਬੇਮੁਖਾਂ ਮਾਨਸ ਜਨਮ ਗਿਆ । ਗੁਰਮੁਖਾਂ ਹਰਿ ਲਿਆ ਵਰ, ਬੇਮੁਖ ਸੁੱਤੇ ਪੈਰ ਪਸਾਰ । ਅੰਤਮ ਕਲਜੁਗ ਪੈਣੀ ਮਾਰ । ਹਰਿ ਜੀ ਆਇਆ ਜਾਮਾ ਧਾਰ । ਬੇਮੁਖ ਡੋਬੇ ਅੱਧਵਿਚਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾ ਲੋਕਾਂ ਪਾਵੇ ਸਾਰ, ਤਿੰਨ ਲੋਕ ਚੌਦਾਂ ਹੱਟ । ਹਰਿ ਜੀ ਵਸੇ ਘਟ ਘਟ । ਦੁਰਮਤ ਮੈਲ ਰਿਹਾ ਕਟ । ਆਪ ਲਪੇਟੇ ਸਾਚੇ ਪੱਟ । ਦੂਈ ਦਵੈਤੀ ਗਏ ਫਟ । ਸਾਚਾ ਲਾਹਾ ਗੁਰਮੁਖ ਸਾਚੇ, ਪ੍ਰਭ ਦਰ ਲੈਣ ਖੱਟ । ਪ੍ਰਭ ਅਬਿਨਾਸ਼ੀ ਆਤਮ ਜੋਤ ਜਗਾਏ ਲਟ ਲਟ । ਆਪ ਬਣੇ ਬਣਾਏ ਸਾਕ ਸੱਜਣ ਸੈਣ, ਸੋਹੰ ਸ਼ਬਦ ਸਾਚਾ ਰਸਨਾ ਲੈਣਾ ਚੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਕਲਜੁਗ ਜੀਆਂ ਅੰਤਮ ਵੇਲੇ ਆਪੇ ਭੰਨੇ ਕਾਇਆ ਝੂਠਾ ਮਟ । ਝੂਠਾ ਮਟ ਦੇਵੇ ਭੰਨ । ਕਲਜੁਗ ਅੰਤਮ ਆਇਆ ਬੇਮੁਖਾਂ ਲਾਏ ਡੰਨ । ਗੁਰਸਿਖਾਂ ਸਾਚਾ ਸ਼ਬਦ ਵਿਚ ਸੁਣਾਏ ਕੰਨ । ਸੋਹੰ ਸ਼ਬਦ ਜਿਸ ਰਸਨਾ ਗਾਇਆ, ਬੇੜਾ ਦੇਵੇ ਬੰਨ੍ਹ । ਸਤਿਜੁਗ ਸਾਚਾ ਮਾਤ ਧਰਾਇਆ, ਬੇੜਾ ਉਠਾਇਆ ਕੰਨ੍ਹ । ਧਰਤ ਮਾਤ ਦੀ ਗੋਦ



੪੩ ੦੪

ਬਿਠਾਇਆ, ਸਾਚਾ ਬਚਨ ਰਿਹਾ ਮੰਨ । ਗੁਰਮੁਖ ਸਾਚੇ ਸੰਗ ਰਲਾਇਆ, ਬੇਮੁਖਾਂ ਦੇਵੇ ਡੰਨ । ਆਤਮ ਮੇਵਾ ਇਕ ਲਗਾਇਆ, ਭਾਂਡਾ ਭਰਮ
ਪ੍ਰਭ ਦਿਤਾ ਭੰਨ । ਕਰੋੜ ਤੇਤੀਸ ਸੁਰਪਤ ਰਾਜਾ ਇੰਦ ਚਰਨ ਟਿਕਾਇਆ । ਨਿੱਕਾ ਬਾਲਾ ਅੱਗੇ ਲਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਿੱਟਾ ਦੋਸ਼ਾਲਾ ਏਕਾ ਏਕ ਗੁਰਮੁਖ ਸਾਚੇ ਤੇਰੀ ਕਾਇਆ ਚੋਲੀ ਉਤੇ ਪਾਇਆ । ਸੁਰਪਤ ਰਾਜਾ ਇੰਦ ਚਰਨ ਦਵਾਰਿਆ । ਹਰਿ ਆਪ ਉਠਾਏ
ਬੰਨ੍ਹੇ ਬੇੜਾ, ਦਰਸ ਦਿਖਾਏ ਕ੍ਰਿਸ਼ਨ ਮੁਰਾਰਿਆ । ਆਪ ਚੜ੍ਹਾਏ ਸਾਚੇ ਚੰਦੇ, ਜਗੇ ਜੋਤ ਅਗੰਮ ਅਪਾਰਿਆ । ਗੁਰਸਿਖ ਜਗਾਏ ਬਣ ਜਾਏ ਪ੍ਰਭ
ਸਾਚੇ ਦੀ ਸਾਚੀ ਬਿੰਦੇ, ਭਰਮ ਭੁਲੇਖਾ ਦੂਰ ਕਰਾ ਰਿਹਾ । ਬੇਮੁਖ ਜੀਵ ਕਲਜੁਗ ਅੰਤਮ ਹੰਕਾਰੇ ਕਰਨ ਨਿੰਦੇ, ਪਰਦਾ ਉਹਲਾ ਇਕ ਰਖਾ ਰਿਹਾ ।
ਪ੍ਰਗਟੀ ਜੋਤ ਹਰਿ ਮਰਗਿੰਦੇ, ਭਾਣਾ ਆਪਣੇ ਹੱਥ ਰਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖੇ ਅੰਤਮ ਕਲ ਗੁਰਮੁਖਾਂ ਆਪ
ਲਿਖਾ ਰਿਹਾ । ਇਕ ਇਕ ਇਕ ਅਕਾਰ ਹੈ । ਦੂਜੇ ਬੰਧੇ ਸ਼ਬਦ ਸਾਚੀ ਧਾਰ ਹੈ । ਤੀਜੇ ਤੀਜਾ ਨੇਤਰ ਖੋਲ੍ਹੇ, ਬੂਝ ਬੁਝਾਏ ਦਸਮ ਦਵਾਰ
ਹੈ । ਚੌਥੇ ਘਰ ਸਾਚੇ ਵਿਚ ਬੋਲੇ, ਗੁਰਮੁਖ ਤੇਰੀ ਆਤਮ ਬੈਠਾ ਸੁੱਤਾ ਪੈਰ ਪਸਾਰ ਹੈ । ਪੰਚਮ ਗੁਰਮੁਖ ਮੁਖੋਂ ਕੋਈ ਨਾ ਬੋਲੇ, ਪ੍ਰਭ ਸੋਹੰ ਸ਼ਬਦ
ਤਨ ਪਹਿਨਾਈ ਸੱਚੀ ਇਕ ਕਟਾਰ ਹੈ । ਛੇਵੇਂ ਘਰ ਪੜਦੇ ਦੇਵੇ ਖੋਲ੍ਹੇ, ਨਾ ਕਰੇ ਕੋਈ ਉਧਾਰ ਹੈ । ਸਤਵੇਂ ਸੱਤਾਂ ਦੀਪਾਂ ਆਪੇ ਕਰੇ ਚੋਹਲੇ,
ਜੋਤ ਹਰਿ ਨਿਰੰਕਾਰ ਹੈ । ਅਠਵੇਂ ਅੱਠੇ ਪਹਿਰ ਰਹਾਏ ਵਿਚ ਕਾਇਆ ਚੋਲੇ, ਨਾ ਜਾਣੇ ਜੀਵ ਗਵਾਰ ਹੈ । ਨਾਵਾਂ ਨਾਵੇਂ ਦਰ ਨਾ ਵਸੇ ਕਿਸੇ
ਘਰ, ਚਾਰ ਕੁੰਟ ਆਵੇ ਡਰ, ਨਾ ਮਿਲੇ ਹਰਿ ਮਿਹਰਵਾਨ ਹੈ । ਦਸਵਾਂ ਦੱਸੇ ਸਾਚਾ ਰਾਹ । ਆਤਮ ਦੇਵੇ ਖੋਟਾ ਭਰਮ ਮਿਟਾ । ਪ੍ਰਭ ਅਬਿਨਾਸ਼ੀ
ਕਿਰਪਾ ਕਰੇ ਦੇਵੇ ਵਰੇ, ਸਾਚਾ ਸ਼ਬਦ ਝੋਲੀ ਪਾ । ਦਸ ਚੇਤ ਦਿਵਸ ਵਿਚਾਰ । ਪ੍ਰਭ ਅਬਿਨਾਸ਼ੀ ਕਰੇ ਸੱਚਾ ਇਹ ਵਿਹਾਰ । ਜਗਤ ਸਾਚੀ
ਬਣਤ ਬਣਾ, ਦੇਵੇ ਚੇਤ ਮਹੀਨੇ ਸਚ ਧਾਰ । ਗੁਰਬਾਣੀ ਦੀ ਨੀਂਹ ਰਖਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ
ਅਵਤਾਰ । ਦਸ ਚੇਤ ਜਾਣਾ ਜਾਗ । ਪ੍ਰਭ ਅਬਿਨਾਸ਼ੀ ਲਾਏ ਭਾਗ । ਇਕ ਸੁਣਾਏ ਸ਼ਬਦ ਰਾਗ । ਕਿਰਪਾ ਕਰੇ ਗੁਰਮੁਖਾਂ ਲਾਹੇ ਪਿਛਲਾ
ਧੋ ਪਾਪਾਂ ਦਾਗ । ਅੰਮ੍ਰਿਤ ਸਾਚਾ ਜਾਮ ਪਿਆਏ, ਆਪ ਬਣਾਏ ਹੰਸ ਕਾਗ । ਆਤਮ ਤ੍ਰਿਖਾ ਹਰਿ ਬੁਝਾਏ, ਲੱਗੀ ਨਾ ਰਹੇ ਤਨ ਵਿਚ ਆਗ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸਾਧ ਸੰਤ ਜੀਵ ਜੰਤ ਲਾਹੁੰਦਾ ਆਇਆ ਪਾਪਾਂ ਦਾਗ । ਸਾਧ ਸੰਤ ਸਚ ਸੁਹੇਲੇ ।
ਜੁਗਾਂ ਜੁਗਾਂ ਦੇ ਵਿਛੜੇ ਦਸਮ ਚੇਤ ਕਰੇ ਮੇਲੇ । ਅਚਰਜ ਖੇਲ ਪਾਰਬ੍ਰਹਮ ਪ੍ਰਭ ਅਬਿਨਾਸ਼ੀ ਵਿਚ ਮਾਤ ਦੇ ਖੇਲੇ । ਲੇਖੇ ਲਾਏ ਮਾਨਸ ਜਨਮ
ਜੋਤ ਜਗਾਏ ਬਿਨ ਬਾਤੀ ਬਿਨ ਤੇਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਕਾਇਆ ਫਲ ਲਗਾਏ ਇਕੋ ਬਾਰ । ਸੱਚਾ
ਫਲ ਜਾਏ ਲੱਗ । ਆਤਮ ਜੋਤੀ ਜਾਏ ਜਗ । ਸ਼ਬਦ ਸਰੂਪੀ ਗੁਰਮੁਖਾਂ ਬੰਨ੍ਹੇ ਤਗ । ਬੇਮੁਖ ਜੀਵ ਕਲਜੁਗ ਮਾਰੇ, ਆਪ ਲਗਾਏ ਧਰਮ ਰਾਏ
ਦੇ ਅੱਗੇ ਵਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਆਪੇ ਪਕੜੇ ਬੇਮੁਖਾਂ ਦੀ ਸ਼ਾਹ ਰਗ । ਸ਼ਾਹ ਰਗ ਪਾਏ ਹੱਥ ।
ਬੇਮੁਖਾਂ ਹਰਿ ਸੋਹੰ ਪਾਏ ਨੱਥ । ਗੁਰਮੁਖ ਚੜ੍ਹਾਏ ਸਾਚੇ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪ੍ਰਗਟਾਈ ਜਿਉਂ
ਰਾਮਾ ਘਰ ਦਸਰਥ । ਰਾਮ, ਰਾਮ ਰੂਪ ਅਵਤਾਰ । ਤ੍ਰੇਤਾ ਜਿਸ ਨੇ ਕੀਆ ਪਾਰ । ਰਾਵਣ ਕੀਆ ਜਿਸ ਖ਼ਵਾਰ । ਨਿਮਾਣਿਆਂ ਪਾਈ ਸਾਰ ।

੪੪ ੦੪

ਜਾਏ ਭੀਲਣੀ ਦਿਤੀ ਤਾਰ । ਚਰਨ ਛੁਹਾਇਆ ਸਾਚੀ ਸਿਲਾ, ਅਹੱਲਿਆ ਉਡੀ ਮਾਰ ਛਾਲ । ਬੈਠਾ ਰਹੇ ਇਕ ਇਕੱਲਾ, ਜੋਤ ਸਰੂਪੀ ਹਰਿ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਮਾਤਲੋਕ ਕਲ ਆਵੇ ਜਾਵੇ ਵਾਰੋ ਵਾਰ । ਦਵਾਪਰ ਆਇਆ ਹਰਿ ਮੁਰਾਰੀ । ਮਾਤਲੋਕ ਖੇਲ ਨਿਆਰੀ । ਸਾਚੀ ਕੀਤੀ ਆਪੇ ਕਾਰੀ । ਹੱਥ ਨਾ ਫੜੇ ਕੋਇ ਕਟਾਰੀ । ਏਕਾ ਕਰੇ ਰਥ ਸਵਾਰੀ । ਫੜ ਹੱਥ ਵਾਗ ਪਿਆਰੀ । ਜਨ ਭਗਤਾਂ ਹੋਇਆ ਚੋਬਦਾਰੀ । ਜੋਤ ਸਰੂਪੀ ਜੋਤ ਹਰਿ, ਆਪੇ ਕਰੇ ਆਪਣੀ ਕਾਰੀ । ਕਲਜੁਗ ਅੰਤਮ ਲਿਆ ਵਿਚਾਰ । ਹਰਿ ਜੀ ਕੀਆ ਖੇਲ ਅਪਾਰ । ਜੋਤ ਸਰੂਪੀ ਜਾਮਾ ਧਾਰ । ਬੇਮੁਖ ਸੁੱਟੇ ਮੂੰਹ ਦੇ ਭਾਰ । ਆਪੇ ਪਾਵੇ ਦੋ ਹੱਥਾਂ ਦਾ ਭਾਰ । ਗੁਰਸਿਖਾਂ ਦੇਵੇ ਇਕ ਪਿਆਰ । ਆਪ ਬਹਾਏ ਸਚ ਦਰਬਾਰ । ਜਿਥੇ ਵਸੇ ਹਰਿ ਨਿਰੰਕਾਰ । ਜੋਤ ਸਰੂਪੀ ਹਰਿ ਵਡਾ ਵਡ ਸ਼ਾਹੋ ਭੂਪੀ, ਖੜੇ ਰਹਿਣ ਦਰ ਦਰਬਾਰ । ਏਕਾ ਦਿਸੇ ਹਰਿ ਸੱਚਾ ਸਤਿ ਸਰੂਪੀ, ਜਨ ਭਗਤਾਂ ਰਿਹਾ ਤਾਰ । ਨਾ ਕੋਈ ਜਗਾਏ ਨਾ ਕੋਈ ਵਖਾਏ ਕਿਸੇ ਰੰਗ ਰੂਪੀ, ਜੋਤ ਸਰੂਪੀ ਹਰਿ ਹਿਰਦੇ ਰਿਹਾ ਵਿਚਾਰ । ਸ੍ਰਿਸ਼ਟ ਸਬਾਈ ਹੋਈ ਅੰਧ ਕੂਪੀ, ਨਾ ਕੋਈ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਏਕਾ ਏਕ ਸੱਚਾ ਨਾਮ ਅਧਾਰ । ਇਕ ਸੱਚਾ ਹਰਿ ਸੁਹਾਨਾ । ਨਾ ਕੋਈ ਜਾਣੇ ਬਿਰਧ ਬਾਲ ਜਵਾਨਾ । ਸਰਬ ਜੀਆਂ ਦੀ ਆਪੇ ਜਾਣੇ ਆਪੇ ਦੇਵੇ ਮਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾਏ ਵਿਚ ਮਾਤ ਸਿੱਖ ਸਿਆਣਾ । ਚਰਨ ਕਵਲ ਜਿਸ ਜਨ ਸੇਵ ਕਮਾਈ । ਮਾਨਸ ਜਨਮ ਲੇਖੇ ਲਾਈ । ਚਰਨ ਕਵਲ ਮਿਲੇ ਵਡਿਆਈ । ਲੱਖ ਚੁਰਾਸੀ ਹਰਿ ਦਏ ਟਿਕਾਈ । ਚਰਨ ਕਵਲ ਗੁਰਮੁਖਾਂ ਹਿਰਦੇ ਰਿਹਾ ਮਵਲ, ਆਤਮ ਜੋਤ ਕਰੇ ਰੁਸ਼ਨਾਈ । ਦੇਵੇ ਮਾਣ ਉਪਰ ਧਵਲ, ਵਿਚ ਮਾਤ ਸੱਚੀ ਵਡਿਆਈ । ਆਪ ਉਲਟਾਏ ਨਾਭ ਕਵਲ, ਅੰਮ੍ਰਿਤ ਬੂੰਦ ਉਤੋਂ ਇਕ ਚੁਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਦੇ ਜਗਾਈ । ਆਤਮ ਜੋਤੀ ਨਿਕਲੇ ਲਾਟ । ਪੂਰਾ ਕਰੇ ਗੁਰਮੁਖ ਤੇਰਾ ਪਿਛਲਾ ਘਾਟ । ਅੱਗੇ ਕਰ ਗੁਰ ਚਰਨ ਵਸੇਰਾ, ਤੇਰੇ ਆਪ ਜਗਾਏ ਏਕਾ ਸੱਚੀ ਜੋਤ ਲਲਾਟ । ਅੰਤਮ ਵੇਲਾ ਆਇਆ ਨੇੜਾ, ਕਲਜੁਗ ਚੋਲਾ ਗਿਆ ਪਾਟ । ਸਤਿਜੁਗ ਸਾਚੇ ਵਿਚ ਮਾਤ ਲਾਇਆ ਡੇਰਾ, ਸੋਹੰ ਸ਼ਬਦ ਰਸਨਾ ਰਸ ਗੁਰਮੁਖ ਸਾਚੇ ਚਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਏ, ਦੂਸਰ ਹੋਰ ਨਾ ਦਿਸੇ ਕੋਇ, ਭਾਗ ਲਗਾਇਆ ਕਾਇਆ ਮਾਟ । ਅੰਮ੍ਰਿਤ ਤੇਰੀ ਧਾਰ, ਰੰਗ ਅਪਾਰਿਆ । ਗੁਰਮੁਖਾਂ ਦੇਵੇ ਕਰ ਪਿਆਰ, ਠੰਡੀ ਠਾਰਿਆ । ਮਾਨਸ ਜਨਮ ਜਾਏ ਸਵਾਰ, ਨਾ ਆਏ ਦੂਜੀ ਵਾਰ ਵਿਚ ਵਰਭੰਡਿਆ । ਆਪ ਬਹਾਏ ਸਚ ਦਰਬਾਰ, ਨਾ ਹੋਵੇ ਕਦੀ ਰੰਡੀਆ । ਗੁਰਮੁਖਾਂ ਲਿਆ ਵਕਤ ਵਿਚਾਰ, ਸੋਹੰ ਫੜੀ ਹੱਥ ਵਿਚ ਡੰਡੀਆਂ । ਸੋਹੰ ਸ਼ਬਦ ਦੇਵੇ ਤਾਰ, ਪ੍ਰਭ ਪਾਈ ਸਾਚੀ ਵੰਡੀਆ । ਗੁਰਮੁਖ ਸਾਚੇ ਸੰਤ ਜਨੋਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਕੇ ਰਾਹੇ ਪਾਏ ਧੁਰਦਰਗਾਹੇ ਨਾ ਦੇਵੇ ਕੰਡੀਆ । ਸੋਹੰ ਕੰਡਾ ਉਠਾਇਆ । ਜਿਸ ਦਾ ਦਿਸੇ ਇਕੋ ਡੰਡਾ, ਵਿੰਗ ਨਾ ਕੋਈ ਵਿਚ ਰਖਾਇਆ । ਗੁਰਮੁਖ ਤੇਰਾ ਅੰਤਮ ਵੇਖੇ ਪਿੰਡਾ, ਜੋਤ ਸਰੂਪੀ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਗਤ ਅਮੋਲਾ ਗੁਰਮੁਖਾਂ ਬਣੇ ਗੋਲਾ ਵਿਚ ਮਾਤ ਦੇ ਆਇਆ । ਸਾਚਾ ਤੋਲ ਹਰਿ ਜੀ ਤੋਲੇ । ਗੁਰਮੁਖਾਂ ਦੇ ਆਤਮ ਬੋਲੇ । ਬੇਮੁਖਾਂ ਦੇ ਪਰਦੇ ਖੋਲ੍ਹੇ । ਗੁਰਮੁਖਾਂ ਦੇਵੇ ਸ਼ਬਦ ਝਕੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਇਆ ਪਰਦਾ


੪੫ ੦੪

ਪਾਇਆ, ਆਤਮ ਅੰਧੇਰ ਜਗਤ ਰਖਾਇਆ, ਆਪੇ ਵਸੇ ਉਹਦੇ ਉਹਲੇ । ਮਾਇਆ ਪੜਦਾ ਪਾ । ਆਪਣਾ ਆਪ ਲਿਆ ਛੁਪਾ । ਕਿਸੇ ਨਾ ਦਿਸੇ ਸੱਚਾ ਥਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਹਿਰਦੇ ਵਸੇ ਦਿਸੇ ਕਿਸੇ ਨਾ ਲੱਗੇ ਭੋਗ ਸਾਚੇ ਸੀਰ । ਆਪੇ ਕੱਢੇ ਵਿੱਚੋਂ ਪੀੜ । ਗੁਰਮੁਖ ਸਾਚੇ ਸੰਤ ਜਨਾਂ, ਅੰਮ੍ਰਿਤ ਆਤਮ ਦੇਵੇ ਸੱਚਾ ਸੀਰ । ਸਾਚਾ ਨਾਮ ਦੇਵੇ ਹਰਿ ਸੋਹੰ ਸ਼ਬਦ ਧਨ ਧਨਾ, ਨਾ ਮਿਲੇ ਕੋਲੋਂ ਕਿਸੇ ਅਮੀਰ ਵਜ਼ੀਰ । ਸਾਚਾ ਸ਼ਬਦ ਸੁਣਾਏ ਹਰਿ ਕੰਨਾ, ਬਜ਼ਰ ਕਪਾਟੀ ਦੇਵੇ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਸਨਾ ਨਾਮ ਜਪਾਏ, ਸੋਹੰ ਸ਼ਬਦ ਦੇਵੇ ਸਾਚੀ ਧੀਰ । ਸੱਚੀ ਧੀਰ ਸਚ ਨਿਸ਼ਾਨਾ । ਆਪ ਚਲਾਏ ਵਾਲੀ ਦੋ ਜਹਾਨਾ । ਨਾ ਸਕੇ ਕੋਈ ਅਟਕਾਏ, ਬੇਮੁਖਾਂ ਲੱਗੇ ਬਾਨਾ । ਚਾਰੋਂ ਕੁੰਟ ਕਰਨ ਹਾਏ ਹਾਏ, ਨਾ ਛੁਡਾਏ ਅੰਤਮ ਮੇਰੀ ਮਾਏ, ਜੂਠਾ ਝੂਠਾ ਹੱਥੀਂ ਬੱਧਾ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਦੇਵੇ ਨਾਮ ਨਿਧਾਨਾ ।

### ✻ ੯ ਚੇਤ ੨੦੧੧ ਬਿਕ੍ਰਮੀ ਮੇਰਠ ਛਾਉਣੀ ਹਰਿ ਸੰਗਤ ਨਵਿਤ ✻

ਹਰਿ ਚਰਨ ਹਰਿ ਹੀ ਜਾਣ । ਹਰਿ ਚਰਨ ਗੁਰਸਿਖ ਸਾਚਾ ਮਾਣ । ਹਰਿ ਚਰਨ ਗੁਰਸਿਖ ਲੱਗ, ਦੁੱਖ ਦਰਦ ਸਭ ਮਿਟ ਜਾਣ । ਹਰਿ ਚਰਨ ਚੁਕੇ ਮਰਨ ਡਰਨ, ਮੇਲ ਮਿਲਾਵਾ ਹਰਿ ਭਗਵਾਨ । ਹਰਿ ਚਰਨ ਸਾਚੀ ਸਰਨ, ਬੰਦ ਖ਼ਲਾਸੀ ਹਰਿ ਕਰਾਨ । ਹਰਿ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣ ਨਿਧਾਨ । ਹਰਿ ਚਰਨ ਅੰਮ੍ਰਿਤ ਧਾਰੇ । ਹਰਿ ਚਰਨ ਗੁਰਮੁਖਾਂ ਆਤਮ ਕਰੇ ਉਜਿਆਰੇ । ਹਰਿ ਚਰਨ ਗੁਰਮੁਖਾਂ ਮਿਟਾਏ ਆਤਮ ਲੱਗੀ ਅਗਨ, ਕਾਇਆ ਕਰੇ ਠੰਡੀ ਠਾਰੇ । ਹਰਿ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਹੋਏ ਜਗਤ ਖੁਆਰੇ । ਹਰਿ ਚਰਨ ਜੋੜ ਜੁੜਈਆ । ਹਰਿ ਚਰਨ ਚਾੜ੍ਹੇ ਗੁਰਮੁਖ ਸਾਚੀ ਨਈਆ । ਹਰਿ ਚਰਨ ਘਰ ਸਾਚੇ ਪੜ, ਬੰਦ ਕਵਾੜ ਪ੍ਰਭ ਆਪ ਖੁਲਈਆ । ਹਰਿ ਚਰਨ ਅੱਗੇ ਸ਼ਬਦ ਕਰੇ ਵਾੜ, ਜਗੇ ਜੋਤ ਬਹੱਤਰ ਨਾੜ, ਜੋਤੀ ਦੀਪਕ ਆਪ ਜਗਈਆ । ਹਰਿ ਚਰਨ ਪਰ੍ਹੇ ਹਟਾਏ ਝੂਠੀ ਧਾੜ, ਪੰਜਾਂ ਚੋਰਾਂ ਚੱਬੇ ਦਾੜ੍ਹ, ਸ਼ਬਦ ਮਾਰੇ ਕਾੜ ਕਾੜ, ਸਾਚਾ ਮਾਰਗ ਆਪ ਦਿਸਈਆ । ਹਰਿ ਚਰਨ ਦੁਰਮਤ ਮੈਲ ਦੇਵੇ ਝਾੜ, ਹਰਿ ਚਰਨ ਬਜ਼ਰ ਕਪਾਟੀ ਦੇਵੇ ਪਾੜ, ਹਰਿ ਚਰਨ ਆਤਮ ਅਗਨ ਬੁਝਾਏ ਤੱਤੀ ਹਾੜ੍ਹ, ਦੇਵੇ ਅੰਮ੍ਰਿਤ ਠੰਡੀ ਠਾਰ, ਜੋਤ ਪ੍ਰਕਾਸ਼ ਕਰੇ ਕੋਟ ਰਵ ਸਸ ਆਤਮ ਜਾਏ ਵਸ, ਗੁਰਮੁਖ ਗੁਰ ਚਰਨ ਆਏ ਨੱਸ, ਆਪੇ ਬਣੇ ਪਿਤਾ ਮਈਆ । ਗੁਰ ਚਰਨ ਸਰਨ ਨਿਰਾਲੀ । ਗੁਰ ਚਰਨ ਮਿਲੇ ਹਰਿ ਧਰਨੀ ਧਰਨ, ਕਰੇ ਮਾਤ ਰਖਵਾਲੀ । ਹਰਿ ਚਰਨ ਚੁੱਕੇ ਮਰਨ ਡਰਨ, ਹਰਿ ਬਣੇ ਸੱਚਾ ਪਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਗੁਰਮੁਖ ਤੇਰੀ ਆਤਮ ਬਲੋਏ, ਆਪ ਮਿਟਾਏ ਕਲਜੁਗ ਰੈਣ ਕਾਲੀ । ਗੁਰ ਚਰਨ ਸਾਚਾ ਚੰਦ । ਗੁਰ ਚਰਨ ਅੰਮ੍ਰਿਤ ਬੂੰਦ ਮੁਖ ਚੁਆਏ, ਖ਼ੁਸ਼ੀ ਕਰਾਏ ਬੰਦ ਬੰਦ । ਗੁਰ ਚਰਨ ਸਾਚਾ ਸੁਖ ਆਪ ਦਵਾਏ, ਇਕ ਵਖਾਏ ਪਰਮਾਨੰਦ । ਗੁਰ ਚਰਨ ਗੁਰਸਿਖ ਤੇਰੀ ਆਪ ਭਰਾਏ, ਆਤਮ ਝੋਲੀ ਹਰਿ ਬਖ਼ਸ਼ੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਪਿਲਾਏ, ਗੁਰਮੁਖਾਂ ਲਗਾਏ ਬੱਤੀ ਦੰਦ । ਅੰਮ੍ਰਿਤ

ਲੱਗੇ ਬੱਤੀ ਦੰਦੀਂ । ਵਿਚੋਂ ਵਾਸਨਾ ਕੱਢੇ ਗੰਦੀ । ਸਾਚਾ ਹਰਿ ਕਿਰਪਾ ਕਰ ਵਿਸ ਲਾਹੇ, ਸੋਹੰ ਰੰਦੇ ਨਾਲ ਜਾਏ ਰੰਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਸਾਚਾ ਮੁਖ ਚੁਆਏ, ਕਾਇਆ ਤ੍ਰਿਸ਼ਨਾ ਭੁੱਖ ਗਵਾਏ, ਆਪ ਕਟਾਏ ਧਰਮ ਰਾਏ ਦੀ ਫੰਦੀ । ਸ਼ਬਦ ਸੱਚਾ ਬਾਣ ਨਿਰਗੁਣਹਾਰ ਦਾ । ਗੁਰਮੁਖ ਵਿਰਲੇ ਪਾਇਣ ਵਿਚ ਜਹਾਨ, ਭੇਵ ਸੱਚੀ ਸਰਕਾਰ ਦਾ । ਚਾਰੋਂ ਕੁੰਟ ਦਿਸਣ ਬੇਈਮਾਨ, ਨਾ ਕੋਈ ਸੁਣੇ ਸ਼ਬਦ ਕਾਨ, ਝੂਠੇ ਕਰਨ ਸਾਰੇ ਕਾਮ, ਆਤਮ ਜੋਤੀ ਗੁਣ ਨਿਧਾਨ, ਸੱਚਾ ਰਾਹ ਨਾ ਕੋਈ ਵਖਾਣਦਾ । ਏਕਾ ਜੋਤ ਹਰਿ ਭਗਵਾਨ, ਦੇਵੇ ਸੱਚਾ ਸ਼ਬਦ ਗਿਆਨ, ਆਪ ਚੁਕਾਏ ਧਰਮ ਰਾਏ ਦੀ ਕਾਨ, ਦਰਗਹਿ ਸਾਚੀ ਸਚ ਘਰ ਆਪ ਵਖਾਇੰਦਾ । ਮੇਲ ਮਿਲਾਵਾ ਹਰਿ ਭਗਵਾਨ, ਮਦਿਰਾ ਮਾਸ ਜੋ ਤਜ ਜਾਣ, ਪੀ ਅੰਮ੍ਰਿਤ ਪ੍ਰਭ ਦਰ ਰਹਿ ਜਾਣ, ਪ੍ਰਭ ਆਤਮ ਤ੍ਰਿਖਾ ਬੁਝਾਇੰਦਾ । ਗੁਰ ਚਰਨ ਆਇਣ ਭੱਜ, ਗੁਰਮੁਖ ਸਾਚੇ ਸਾਚੇ ਥਾਨ ਜਾਣ ਸਜ, ਪ੍ਰਭ ਅਬਿਨਾਸ਼ੀ ਰਿਹਾ ਗੱਜ, ਅੰਤਮ ਵੇਲੇ ਪੜਦੇ ਲਏ ਕਜ, ਸਿਰ ਆਪਣਾ ਹੱਥ ਰਖਾਇੰਦਾ । ਨਾ ਕੋਈ ਕਰੇ ਅਜ ਪਜ, ਜਗਤ ਖੁਆਰੀ ਦੇਣੀ ਤਜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਆਪ ਚੜ੍ਹਾਇੰਦਾ । ਸ਼ਬਦ ਡੋਰ ਹੱਥ ਕਰਤਾਰ । ਚਰਨ ਜੋ ਆਇਣ ਕਰ ਪਿਆਰ । ਪਾਏ ਸਾਰ ਹਰਿ ਨਿਰੰਕਾਰ । ਪ੍ਰਭ ਚਰਨ ਲਗਾਏ ਪਹਿਲੇ ਫੇਰੇ, ਗੁਰਮੁਖ ਉਧਰੇ ਦੂਜੀ ਵਾਰ । ਜੋ ਜਨ ਆਇਣ ਦੌੜੇ, ਪ੍ਰਭ ਅਬਿਨਾਸ਼ੀ ਨਾ ਜਾਣੇ ਮਿੱਠੇ ਕੌੜੇ, ਜੋ ਜਨ ਕਰਨ ਚਰਨ ਸਰਨ ਨਿਮਸਕਾਰ । ਗੁਰਮੁਖ ਤੇਰੀ ਆਤਮ ਏਕਾ ਪ੍ਰੇਮ ਧਾਰ, ਅੰਮ੍ਰਿਤ ਬਰਖੇ ਕ੍ਰਿਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਚਰਨ ਧਿਆਨ ਹਰਿ ਭਗਵਾਨ, ਗੁਰਮੁਖ ਕਰਨ ਵਿਚਾਰ । ਮਦਿਰਾ ਮਾਸ ਰਸਨ ਤਜਾਉਣਾ ਹਉਮੈ ਦੁੱਖੜਾ ਨਾਸ ਕਰਾਉਣਾ । ਹਰਿ ਜੀ ਸਾਚਾ ਪਿੰਡ ਕਾਚਾ, ਆਪਣਾ ਆਪ ਨਿਵਾਸ ਰਖਾਉਣਾ । ਬੇਮੁਖ ਜੀਵ ਦਰ ਦਰ ਜਾਏ ਨਾਚਾ, ਘਰ ਘਰ ਕੋਇ ਨਾ ਮਿਲੇ ਸ਼ਬਦ ਸਾਚੋ ਸਾਚਾ, ਅੰਤਮ ਮਾਤ ਹਲਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਨਿਧਾਨ, ਉਪਜੇ ਏਕਾ ਬ੍ਰਹਮ ਗਿਆਨ, ਸੋਹੰ ਸ਼ਬਦ ਜੋ ਜਨ ਰਸਨਾ ਖਾਣਾ । ਸੋਹੰ ਸ਼ਬਦ ਸਾਚਾ ਜਪ । ਆਪੇ ਮਾਰੇ ਤੀਨੋ ਤਪ । ਨੇੜ ਨਾ ਆਏ ਕੋਈ ਪਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਾਤ ਝੋਲੀ ਪਾਏ, ਗੁਰਮੁਖ ਸਾਚੇ ਸੋਹੰ ਸ਼ਬਦ ਦਿਵਸ ਰੈਣ ਅੱਠੇ ਪਹਿਰ ਰਸਨਾ ਜਪ । ਰਸਨਾ ਜਪ ਉੱਤਮ ਜਾਤੀ । ਆਤਮ ਲਾਏ ਸ਼ਬਦ ਬਾਤੀ । ਦਰਸ ਦੇਵੇ ਸੁਤਿਆਂ ਰਾਤੀ । ਆਪ ਪਿਆਏ ਦਇਆ ਕਮਾਏ, ਗੁਰਮੁਖ ਉਠਾਏ ਬੂੰਦ ਸਵਾਂਤੀ । ਗੁਰਮੁਖ ਸਾਚੇ ਸੰਤ ਜਨਾਂ ਆਤਮ ਡੇਰਾ ਹਰਿ ਜੀ ਲਾਏ, ਅੰਦਰ ਵੇਖੇ ਮਾਰ ਝਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਆਪ ਚੁਕਾਇਆ, ਅੱਗੇ ਫੜ ਕੇ ਰਾਹੇ ਪਾਇਆ, ਕੋਈ ਨਾ ਮੰਗੇ ਅੰਤਮ ਬਾਕੀ । ਗੁਰਮੁਖ ਤੇਰੀ ਧੰਨ ਕਮਾਈ । ਗੁਰ ਪੂਰੇ ਲੇਖੇ ਲਾਈ । ਘਰ ਆਏ ਭਾਗ ਲਗਾਏ । ਪਿਛਲੀ ਮੈਲ ਦੂਰ ਕਰਾਏ । ਜੋ ਲੱਗੀ ਜਨਮ ਜਨਮ ਦੀ ਛਾਹੀ, ਅੰਤਮ ਦੂਰ ਕਰਾਏ । ਆਤਮ ਲੱਗੀ ਪਿਆਸ, ਤ੍ਰਿਸ਼ਨਾ ਅਗਨ ਬੁਝਾਏ । ਏਕਾ ਸ਼ਬਦ ਡੋਰ ਰਖਾਏ, ਆਪ ਉਠਾਏ ਫੜ ਕੇ ਬਾਹੋਂ । ਸੋਹੰ ਸ਼ਬਦ ਰੁਣ ਝੁਣ ਲਗਾਏ, ਏਕਾ ਸੱਚਾ ਰਾਗ ਸੁਣਾਏ, ਗੁਰਮੁਖ ਹੰਸ ਕਾਗ ਬਣਾਏ, ਲਿਆਏ ਸੱਚੇ ਥਾਂਏ । ਆਪਣੇ ਹੱਥ ਵਾਗ ਰਖਾਏ, ਜੋਤ ਸਰੂਪੀ ਜੋਤ ਜਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਠੰਡੀ ਛਾਂਏ । ਭਗਤ ਦਵਾਰ ਲੱਗਾ ਭੋਗ । ਸੋਹੰ ਬਖ਼ਸ਼ੇ ਪ੍ਰਭ ਸਾਚਾ ਜੋਗ । ਸੱਚਾ ਮਾਣ ਤਾਣ ਵਿਚ

ਜਹਾਨ, ਆਪ ਰਖਾਏ ਨਾ ਹੋਏ ਕਦੇ ਵਿਜੋਗ । ਸਾਚੀ ਦਾਤ ਵਡ ਕਰਾਮਾਤ ਬੰਧਾਏ ਨਾਤ ਪੁੱਛੇ ਵਾਤ ਆਤਮ ਕਟੇ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਆਤਮ ਸੀਰ ਪਿਲਾਈਆ, ਮਿਟਾਏ ਅੰਧ ਅੰਧੇਰੀ ਰਾਤ ਏਕਾ ਸਾਚੀ ਜੋਤ । ਜਗੇ ਜੋਤ ਹੋਏ ਪ੍ਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਗੁਰਮੁਖ ਤੇਰੀ ਸਾਚੀ ਰਾਸ । ਅੱਠਾਂ ਤੱਤਾਂ ਕਰੇ ਨਾਸ । ਸਾਚੇ ਵਤਾਂ ਦੇਵੇ ਮਤਾਂ, ਸੋਹੰ ਸ਼ਬਦ ਗਾਓ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਮਿਹਰਵਾਨ ਗੁਣ ਨਿਧਾਨ, ਸਰਬ ਜੀਆਂ ਦਾ ਜਾਣੀ ਜਾਣ, ਗੁਰਮੁਖਾਂ ਹੋਇਆ ਦਾਸ । ਆਪੇ ਹੋਏ ਦਾਸਨ ਦਾਸੀ । ਜੋਤ ਸਰੂਪ ਘਨਕਪੁਰ ਵਾਸੀ । ਆਪ ਕਟਾਏ ਜਮ ਕੀ ਫਾਸੀ । ਬੇਮੁਖ ਜੀਵ ਨਾ ਦਰ ਬਹਾਏ, ਜੋ ਹੋਏ ਮਦਿਰਾ ਮਾਸੀ । ਗੁਰਮੁਖਾਂ ਅੰਤਮ ਸੱਚੀ ਸਰਨਾਏ, ਏਕਾ ਸ਼ਬਦ ਗਿਆਨ ਦਵਾਏ, ਨਾ ਪੰਡਤ ਜਾਨਣ ਜੋ ਬੈਠੇ ਵਿਚ ਕਾਸ਼ੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੁਰਤ ਨਾਮ ਸ਼ਬਦ ਗਿਆਨ, ਜਗਤ ਗਿਆਨ ਸ਼ਬਦ ਉਡਾਨ, ਵਿਚ ਮਾਤ ਪਤਾਲ ਅਕਾਸ਼ੀ । ਗੁਰਸਿਖ ਤੇਰੀ ਸੱਚੀ ਵਡਿਆਈ । ਮਾਤ ਉਡਾਰੀ ਹੋਵੇ ਤਿੰਨਾਂ ਲੋਕਾਂ ਬਾਹਰੀ । ਜਿਥੇ ਜਗੇ ਜੋਤ ਅਪਾਰੀ । ਨਿਹਕਲੰਕ ਨਰਾਇਣ ਨਰ ਅਵਤਾਰੀ । ਸਿੰਘ ਸਿੰਘਾਸਣ ਹਰਿ ਜੀ ਬੈਠੇ, ਅੱਗੇ ਦੋਵੇਂ ਭੁੱਜਾਂ ਪਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣੇ ਚਰਨ ਲਗਾਏ, ਅੰਤਮ ਕਲਜੁਗ ਬੇੜਾ ਪਾਰ ਕਰਾਏ, ਗੁਰਸਿਖ ਗੁਰ ਬਲ ਬਲਿਹਾਰੀ । ਬਲ ਬਲ ਬਲਿਹਾਰੇ ਗੁਰ ਚਰਨ, ਜਿਥੇ ਮਿਲੀ ਸੱਚੀ ਸਰਨ । ਚੁੱਕੇ ਮਰਨ ਡਰਨ, ਖੁਲ੍ਹੇ ਹਰਨ ਫਰਨ । ਕਿਰਪਾ ਕਰੇ ਸਾਚਾ ਹਰੇ, ਘਰ ਆਇਆ ਕਰਨੀ ਕਰਨ । ਗੁਰਮੁਖ ਸਾਚੇ ਸੰਤ ਜਨਾਂ ਸਾਚਾ ਮੇਲ ਮਿਲਾਇਆ ਪੜਦਾ ਲਾਹਿਆ, ਨਾ ਜਾਣੇ ਕੋਈ ਗੋਤ ਵਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਸੀਸ ਤੇਰੇ ਚਵਰ ਕਰਨ । ਕਲਜੁਗ ਅੰਤਮ ਵਾਰ ਰੱਖੀ ਅਵੱਲੜੀ ਚਾਲ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਆਪੇ ਲਏ ਭਾਲ । ਮੇਲ ਮਿਲਾਵਾ ਸਾਚੇ ਕੰਤ, ਵਿਚ ਰੱਖਿਆ ਸ਼ਬਦ ਦਲਾਲ । ਆਪ ਬਣਾਏ ਸਾਚੀ ਬਣਤ, ਦੇਵੇ ਨਾਮ ਸੱਚਾ ਹਰਿ ਸ਼ਬਦ ਧਨ ਮਾਲ । ਮਹਿੰਮਾ ਅਗਾਧ ਬੋਧ ਬੋਧ ਅਗਾਧ ਅਗਣਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰਿਹਾ ਸੁਰਤ ਸੰਭਾਲ । ਸੁਰਤ ਸੰਭਾਲੇ ਪਾਵੇ ਸਾਰ । ਸਾਚਾ ਫਲ ਲਗਾਏ ਗੁਰਸਿਖ ਤੇਰੀ ਕਾਇਆ ਡਾਰ । ਨਾ ਕੋਈ ਝਾੜੇ ਅੱਧਵਿਚਕਾਰ । ਸ਼ਬਦ ਕੁਠਾਲੀ ਹਰਿ ਦਏ ਅੰਚਨ, ਸੋਹੰ ਇਕ ਫੂੰਕਾਰਾ ਮਾਰ । ਆਪ ਬਣਾਏ ਤੇਰੀ ਕਾਇਆ ਕੰਚਨ, ਗਗਨ ਮੰਡਲ ਥਾਲੀ, ਤੇਰੇ ਤਨ ਪਹਿਨਾਏ ਸ਼ਬਦ ਸ਼ਿੰਗਾਰ । ਸਚ ਵਸਤ ਹਰਿ ਜੋਤ, ਗੁਰਮੁਖ ਸਾਚੇ ਵਿਚ ਮਾਤ ਭਾਲੀ, ਹਰਿ ਦੇਵੇ ਇਕ ਸੱਚਾ ਪਿਆਰ । ਬੇਮੁਖ ਜੀਵ ਚਾਰੋਂ ਤਰਫ ਕੱਢਣ ਗਾਲੀਂ, ਨਾ ਕਰੇ ਕੋਈ ਵਿਚਾਰ । ਗੁਰਮੁਖਾਂ ਹਰਿ ਬਣ ਜਾਏ ਆਪੇ ਪਾਲੀ, ਸਾਚਾ ਮਾਲੀ ਕਰੇ ਰਖਵਾਲੀ, ਘਰ ਸਾਚੇ ਖਿੜੀ ਗੁਲਜ਼ਾਰ । ਕਲਜੁਗ ਸਤਿਜੁਗ ਦੋਵੇਂ ਬੈਲ ਬਣਾਏ, ਆਪ ਬਣਿਆ ਸੱਚਾ ਹਾਲੀ, ਗੁਰਮੁਖਾਂ ਆਤਮ ਬੀਜ ਰਿਹਾ ਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਆਪ ਬੰਧਾਏ ਗੁਰਮੁਖ ਤੇਰੀ ਆਤਮ ਸੱਚੀ ਧਾਰ । ਆਪੇ ਬੰਨ੍ਹੇ ਧਾਰ ਰਾਹ ਵਖਾਇੰਦਾ । ਆਪੇ ਪਾਵੇ ਸਾਰ, ਫੜ ਬਾਹੋਂ ਮਗਰ ਲਗਾਇੰਦਾ । ਨਾ ਕਰੇ ਹਰਿ ਵਿਚਾਰ, ਜੋ ਜਨ ਚਰਨੀ ਸੀਸ ਝੁਕਾਇੰਦਾ । ਡੁੱਬਦਾ ਬੇੜਾ ਜਾਏ ਤਾਰ ਵਿਚ ਮੰਝਧਾਰ ਨਾ ਕਿਸੇ ਗੁਰਸਿਖ ਡੁਬਾਇੰਦਾ । ਆਪੇ ਆਪ ਮੇਲ ਮਿਲਾਏ ਸਤਿ ਕਰਤਾਰ, ਗੁਰਸਿਖ ਨਾਰ ਸਾਚੀ ਸੇਜਾ ਹਰਿ ਆਪੇ ਆਪ ਸਵਾਇੰਦਾ ।

੪੯ ੦੪

ਏਕਾ ਰੱਖੇ ਸ਼ਬਦ ਧਾਰ ਨਾ ਵਿਚਾਰ, ਸਾਚੀ ਧੁਨ ਆਪ ਉਪਜਾਇੰਦਾ । ਕਰਦਾ ਰਹੇ ਸੱਚੀ ਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਗੀ ਪ੍ਰੀਤ ਚਰਨ ਤੋੜ ਨਿਭਾਇੰਦਾ । ਨਾ ਕੋਈ ਦਿਸੇ ਉਚ ਮੁਨਾਰਾ । ਜਿਥੇ ਵਸੇ ਹਰਿ ਨਿਰੰਕਾਰਾ । ਕਿਸੇ ਦਿਸੇ ਨਾ ਮੀਤ ਮੁਰਾਰਾ । ਕਿਸੇ ਦਿਸੇ ਨਾ ਮੰਦਰ ਮਸੀਤ, ਨਾ ਮਿਲੇ ਗੁਰਦਵਾਰਾ । ਗੁਰਮੁਖ ਤੇਰੀ ਵਸੇ ਆਤਮ ਅੰਦਰ, ਜਿਹੜਾ ਇਕੋ ਇਕ ਚੁਬਾਰਾ । ਇਹ ਕਾਇਆ ਡੂੰਘੀ ਕੰਦਰ, ਕਲਜੁਗ ਜੀਵ ਭੌਂਦੇ ਬਾਹਰ ਬੰਦਰ, ਨਾ ਕੋਈ ਤੋੜੇ ਆਤਮ ਜੰਦਰ, ਨਾ ਪਾਏ ਕੋਈ ਸਾਰ ਗੋਰਖ ਮਛੰਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਿਰਪਾ ਕਰ, ਸਾਚਾ ਹਰਿ ਆਪੇ ਖੋਲ੍ਹੇ ਦਸਮ ਦਵਾਰਾ । ਖੁਲ੍ਹੇ ਦਸਮ ਦਵਾਰ ਕਰੇ ਲੋ । ਪ੍ਰਭ ਅਬਿਨਾਸ਼ੀ ਅੰਮ੍ਰਿਤ ਸਾਚੀ ਧਾਰ, ਗੁਰਸਿਖ ਤੇਰੀ ਕਵਲ ਨਾਭ ਰਿਹਾ ਚੋ । ਏਕਾ ਕਰ ਚਰਨ ਪਿਆਰ ਸਚ ਵਪਾਰ, ਹਰਿ ਜੀ ਜਾਏ ਪੈਜ ਸੁਆਰ, ਅੰਤਮ ਕਲ ਹੋਰ ਨਾ ਦਿਸੇ ਕੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦੇਵੇ ਵਰ ਕਿਰਪਾ ਕਰ, ਦੁਰਮਤ ਮੈਲ ਪਾਪਾਂ ਲੱਗੀ ਦੇਵੇ ਧੋ । ਦੁਰਮਤ ਮੈਲ ਲਾਹੇ ਦਾਗ । ਆਪ ਬੁਝਾਏ ਤ੍ਰਿਸ਼ਨਾ ਆਗ । ਕਾਇਆ ਕੁੱਲੇ ਲੱਗੇ ਭਾਗ । ਨਾ ਕੋਈ ਲੱਗੇ ਮੁੱਲੇ, ਪ੍ਰਭ ਆਪ ਸੁਣਾਏ ਸੋਹੰ ਸ਼ਬਦ ਸੱਚਾ ਰਾਗ । ਕਲਜੁਗ ਜੀਵ ਰਹੇ ਭੁਲੇ, ਕਿਹੜਾ ਪਕੜੇ ਅੰਤਮ ਵਾਗ । ਜਗਤ ਅੰਧੇਰ ਸਾਰੇ ਰੁਲੇ, ਪਾਣੀ ਪਿਆ ਕਾਇਆ ਚੁੱਲ੍ਹੇ, ਗੁਰਮੁਖ ਵਿਰਲਾ ਵਿਚ ਮਾਤ ਅੰਤਮ ਕਲ ਗਿਆ ਜਾਗ । ਪ੍ਰਭ ਅਬਿਨਾਸ਼ੀ ਦਰ ਦਵਾਰੇ ਵਡ ਭੰਡਾਰੇ ਸਦਾ ਖੁਲ੍ਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਗੁਰਮੁਖ ਝੋਲੀ ਪਾਏ, ਆਪ ਬੰਧਾਏ ਚਰਨ ਨਾਤ । ਚਰਨ ਨਾਤਾ ਲੈਣਾ ਬੰਨ੍ਹ । ਭਾਂਡਾ ਭਰਮ ਲੈਣਾ ਭੰਨ । ਸਾਚਾ ਦੇਵੇ ਹਰਿ ਨਾਮ ਧਨ । ਕੋਈ ਨਾ ਲਾਵੇ ਮਾਤ ਸੰਨ੍ਹ । ਗੁਰਮੁਖ ਆਤਮ ਜਾਏ ਮੰਨ । ਬੇਮੁਖ ਜੀਵ ਹੋਏ ਅੰਨ੍ਹ । ਗੁਰਸਿਖ ਤੇਰੀ ਆਤਮ ਧਾਰ, ਸੱਚੀ ਦਿਸੇ ਜਗਤ ਪਿਆਰ, ਨੇਤਰ ਨੀਰ ਵਗੇ ਛੰਮ ਛੰਮ । ਪ੍ਰਭ ਅਬਿਨਾਸ਼ੀ ਪਾਏ ਸਾਰ, ਕਿਰਪਾ ਧਾਰ ਵੇਖ ਵਿਚਾਰ ਸਰਬ ਨਰ ਨਾਰ, ਲੱਗੀ ਪ੍ਰੀਤ ਤੋੜ ਨਿਭਾਏ ਤੇਰੀ ਗੁਰਮੁਖ ਤਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਦਏ ਮਿਟਾਏ, ਬੇਮੁਖਾਂ ਦਏ ਆਪ ਸਜਾਏ, ਕੋਈ ਨਾ ਲਏ ਕਿਸੇ ਛੁਡਾਇਆ, ਚਾਰੋਂ ਕੁੰਟ ਹੋਏ ਦੁਹਾਇਆ, ਆਪੇ ਲਾਹੇ ਸਭ ਦਾ ਚੰਮ । ਕਲਜੁਗ ਜੀਵ ਵਡ ਗਵਾਰ । ਅੰਤਮ ਬੱਧਾ ਪਾਪਾਂ ਭਾਰ । ਕਲਜੁਗ ਜੂਠੇ ਝੂਠੇ ਮਾਇਆ ਲੂਠੇ, ਮੂਧੇ ਹੋਏ ਠੂਠੇ ਆਤਮ ਭਰਿਆ ਇਕ ਹੰਕਾਰ । ਬੇਮੁਖ ਸਾਰੇ ਪ੍ਰਭ ਦਰ ਤੇ ਰੂਠੇ, ਨਾ ਕਰੇ ਕੋਈ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਖੰਡਾ ਸ਼ਬਦ ਡੰਡਾ, ਮਾਰੇ ਵਿਚ ਵਰਭੰਡਾਂ ਕਰ ਕਰ ਵੰਡਾਂ, ਸੱਤ ਦੀਪਾਂ ਕਰ ਵਿਚਾਰ । ਨੌਂ ਖੰਡ ਦੇਵੇ ਵੰਡ । ਆਪ ਚਲਾਏ ਚੰਡ ਪ੍ਰਚੰਡ । ਬੇਮੁਖਾਂ ਅੰਤਮ ਦੇਵੇ ਕੰਡ । ਪ੍ਰਭ ਆਪ ਮਿਟਾਏ ਕਰੇ ਖੰਡ ਖੰਡ । ਸ਼ਬਦ ਕਟਾਰੀ ਇਕੋ ਲਾਏ, ਸਭ ਦੀਆਂ ਗੰਢਾਂ ਦੇਵੇ ਵੱਢ । ਸਿਰ ਤੇ ਜੂਠਾ ਝੂਠਾ ਪਾਪ ਚੁਕਾਏ, ਬੇਮੁਖਾਂ ਦੇਵੇ ਕੰਡ । ਧਰਮ ਰਾਏ ਦੇ ਦਰ ਬਹਾਏ, ਆਪੇ ਲਾਏ ਡਾਹਢਾ ਦੰਡ । ਉਠਾਏ ਕੰਧਾ ਕਵਾੜ ਖੁਲ੍ਹਾਏ, ਪ੍ਰਭ ਅਬਿਨਾਸ਼ੀ ਗੁਰਮੁਖਾਂ ਦਇਆ ਕਮਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵ ਰਹਿਣ ਨਾ ਦੇਵੇ ਵਿਚ ਬ੍ਰਹਿਮੰਡ । ਧਰਮ ਰਾਏ ਹੋ ਤਿਆਰ । ਪ੍ਰਭ ਅਬਿਨਾਸ਼ੀ ਮਾਤਲੋਕ ਆਇਆ ਜਾਮਾ ਧਾਰ । ਤੇਰਾ ਅੰਤਮ ਫਲ ਕਲਜੁਗ ਪੱਕਾ, ਲੱਖ ਚੁਰਾਸੀ ਹੋਈ ਤਿਆਰ । ਅੰਤਮ ਵੰਡ ਹਰਿ ਜੀ ਪਾਈ, ਅੰਤਮ ਵੇਲੇ ਕਰੇ ਖ਼ਵਾਰ । ਆਪੇ ਪਾਉਂਦਾ ਜਾਏ ਫਾਹੀ, ਬੇਮੁਖਾਂ ਫੜ ਕੇ ਦੋਵੇਂ ਬਾਹੀਂ, ਘਰ

ਤੇਰੇ ਵਿਚ ਦਿਤਾ ਵਾੜ । ਤੂੰ ਅੱਗੋਂ ਕਰੇ ਨਾਹੀ, ਦੱਸੀ ਬੈਠਾ ਇਕ ਘਰ ਬਾਹਰ । ਜਮਦੂਤਾਂ ਨੂੰ ਹੁਕਮ ਸੁਣਾਈ, ਬੈਠਾ ਵੇਖੀਂ ਥਾਉਂ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਸਤਿ ਸਰੂਪੀ ਖੇਲ ਰਚਾਇਆ, ਬੇਮੁਖਾਂ ਜਾਣੇ ਕੋਈ ਨਾਹੀਂ । ਬੇਮੁਖ ਕੀ ਜਾਣੇ ਹਰਿ ਦੀ ਸਾਰ । ਪਾਪਾਂ ਨਦੀ ਏਕਾ ਵਗੇ , ਬੈਠੇ ਡੂੰਘੀ ਚੁੱਭੀ ਮਾਰ । ਏਕਾ ਸ਼ਬਦ ਚੋਟ ਲੱਗੇ, ਚਾਰ ਕੁੰਟ ਹੋਣ ਖ਼ਵਾਰ । ਕਲਜੁਗ ਅੰਤਮ ਤੱਤੀ ਵਾ ਵਗੇ, ਬੇਮੁਖਾਂ ਹਰਿ ਦੇਵੇ ਸਾੜ । ਪਹਿਲੀ ਕੂਟ ਕਰੇ ਸਫਾਈ, ਦੂਜੀ ਕੂਟੇ ਮਾਰੇ ਚਿੱਟੇ ਬੱਗੇ, ਅੰਤਮ ਦੇਵੇ ਬਾਹਰ ਝਾੜ । ਗੁਰਸਿਖ ਤੇਰੀ ਆਤਮ ਜੋਤ ਸਾਚੀ ਜਗੇ, ਪ੍ਰਭ ਅਬਿਨਾਸ਼ੀ ਦੂਈ ਦਵੈਤੀ ਦੇਵੇ ਪੜਦੇ ਪਾੜ । ਜੋਤ ਸਰੂਪੀ ਸਾਚਾ ਹਰਿ, ਦੇਣ ਆਇਆ ਸੱਚਾ ਵਰ, ਪ੍ਰਗਟ ਜੋਤ ਬੈਠਾ ਅੱਗੇ, ਬੇਮੁਖ ਜੀਵ ਰਹੇ ਝਖ ਮਾਰ । ਏਕਾ ਤਨ ਲੱਗੇ ਅੱਗੇ, ਬੇਮੁਖਾਂ ਕੋਇ ਨਾ ਕਰੇ ਕਾਇਆ ਠੰਡੀ ਠਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦੇਵੇ ਸੱਚੀ ਨਾਮ ਦਾਤ ਵਿਚ ਮਾਤ ਪੁੱਛੇ ਵਾਤ ਪੂਰਬ ਕਰਮ ਵਿਚਾਰ । ਪੂਰਬ ਲਹਿਣਾ ਜਿਸ ਜਨ ਲੈਣਾ । ਗੁਰ ਸੰਗਤ ਰਲ ਕੇ ਸਾਚੀ ਬਹਿਣਾ । ਪ੍ਰਭ ਦਰਸ ਦਿਖਾਏ ਤੀਜੇ ਨੈਣਾ । ਦੂਈ ਦਵੈਤੀ ਪਰਦੇ ਲਾਹੇ, ਗੁਰ ਸੰਗਤ ਬਣਾਏ ਭਾਈ ਭੈਣਾਂ । ਏਕਾ ਰੰਗ ਹਰਿ ਰੰਗਾਏ, ਦੂਜਾ ਆਪਣਾ ਸੰਗ ਨਿਭਾਏ, ਜੋ ਚਲੇ ਹਰਿ ਕੇ ਕਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਬਣੇ ਮਾਤ ਪਿਤ, ਕਰੇ ਸਾਚਾ ਹਿਤ ਨਿਤ ਨਵਿਤ, ਰਾਖੇ ਚਿਤ ਵਡਾ ਸਾਕ ਸੱਜਣ ਸੈਣਾ । ਰੱਖਣਾ ਚਿਤ ਚਿਤਾਰਨਾ । ਪ੍ਰਭ ਅਬਿਨਾਸ਼ੀ ਸਾਚਾ ਮਿਤ, ਨਾ ਕਦੇ ਵਿਸਾਰਨਾ । ਨਾ ਕੋਈ ਵੇਲਾ ਵਾਰ ਥਿਤ, ਸੋਹੰ ਸ਼ਬਦ ਸਦ ਰਸਨ ਵਿਚਾਰਨਾ । ਆਪੇ ਬਣੇ ਸਾਚਾ ਮਿਤ, ਕਰੇ ਸਾਚਾ ਹਿੱਤ, ਮਾਨਸ ਜਨਮ ਜਾਣਾ ਜਿੱਤ, ਲੱਖ ਚੁਰਾਸੀ ਗੇੜ ਨਿਵਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲਾ ਕਲਜੁਗ ਨੇੜੇ ਆਇਆ, ਬੇਮੁਖਾਂ ਦਰ ਦੁਰਕਾਰਨਾ । ਪ੍ਰਭ ਸਾਚੇ ਲਾਜ ਰੱਖਣੀ । ਭਾਗ ਲਗਾਏ ਕੁੱਖ ਸੁਲੱਖਣੀ । ਕ੍ਰਿਸ਼ਨਾ ਸ਼ੁਕਲਾ ਪਖ ਦੋਵੇਂ, ਵੇਖੇ ਮਾਰ ਝਾਤੀ ਦਿਸ਼ਾ ਦੱਖਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਰਿਦੇ ਵਸਾਏ, ਕੋਈ ਰਹੇ ਨਾ ਵਿਚ ਮਾਤ ਭੁਲਖਣੀ । ਦੋਏ ਜੋੜ ਅਰਜ਼ ਗੁਜ਼ਾਰੇ, ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਦੇਵੇ ਦਾਨ ਹਰਿ ਭਗਵਾਨ ਨਾ ਹੋਏ ਮਾਤ ਖੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਹਰਿ ਝੋਲੀ ਪਾਏ, ਦੇਵੇ ਸ਼ਬਦ ਨਾਮ ਇਕ ਅਧਾਰੇ । ਨਾਮ ਸ਼ਬਦ ਜਗਤ ਅਧਾਰ । ਗੁਰਮੁਖਾਂ ਬੇੜਾ ਕਰ ਜਾਏ ਪਾਰ । ਆਪ ਮਿਟਾਏ ਦੁੱਖਾਂ ਭੁੱਖਾਂ, ਇਕ ਵਖਾਏ ਸਾਚਾ ਸੁਖਾ, ਡੂੰਘੀ ਭਵਰ ਗੁਰਸਿਖ ਗਹਿਰ ਗਵਰ ਕਰ ਰਿਹਾ ਵਿਚਾਰ । ਮਾਨਸ ਜਨਮ ਜਾਏ ਸਵਰ, ਪ੍ਰਭ ਅਬਿਨਾਸ਼ੀ ਅੰਤਮ ਵੇਲੇ ਗੁਰਸਿਖਾ ਸਿਰ ਕਰੇ ਚਵਰ, ਧਰਮ ਰਾਏ ਨਾ ਕਰੇ ਖ਼ਵਾਰ । ਗੁਰਮੁਖ ਨਾ ਜਾਏ ਮੜ੍ਹੀ ਮਸਾਣ ਨਾ ਬੈਠੇ ਵਿਚ ਕਬਰ, ਆਪ ਲੈ ਜਾਏ ਹਰਿ ਸੱਚੇ ਦਰਬਾਰ । ਸਰਬ ਜੀਆਂ ਹਰਿ ਜਾਣੀ ਜਾਣ, ਕਰੇ ਆਤਮ ਇਕ ਧਿਆਨ, ਸਾਚੀ ਦੇਵੇ ਨਾਮ ਨਿਸ਼ਾਨੀ ਆਪ ਬਹਾਏ ਚਰਨ ਦਵਾਰ । ਸੋਹੰ ਕਾਨੀ ਸਾਚੀ ਬਾਨੀ, ਸਾਚਾ ਰਾਗ ਸਾਚਾ ਰਸ ਪ੍ਰਭ ਦਰ ਮਾਨੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਆਪੇ ਪਾਏ ਸਾਰ । ਸਚ ਦਾਤ ਹਰਿ ਦਰ ਮੰਗੀ । ਗੁਰਮੁਖਾਂ ਆਤਮ ਸਾਚੀ ਰੰਗੀ । ਆਪੇ ਕਟੇ ਗੁਰਸਿਖਾਂ ਘਰ ਘਰ ਜਾਏ ਤੰਗੀ । ਸਾਚੀ ਵਸਤ ਕਿਤੋਂ ਹੱਥ ਨਾ ਆਏ, ਸ੍ਰਿਸ਼ਟ ਸਬਾਈ ਭੁੱਖੀ ਨੰਗੀ । ਅਠਸਠ ਤੀਰਥ ਨੁਹਾਏ ਗੰਗੀ । ਨਾ ਮੈਲ ਕੋਈ ਗਵਾਏ, ਪ੍ਰਭ ਅਬਿਨਾਸ਼ੀ

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਦਾਤ ਇਕੋ ਮੰਗੀ । ਸਾਚਾ ਨਾਮ ਰੰਗ ਚੜ੍ਹਾਏ, ਗੁਰਮੁਖਾਂ ਕਾਇਆ ਚੋਲੀ । ਸੋਹੰ ਸ਼ਬਦ ਸੱਚਾ ਬੋਲ, ਪੂਰੇ ਤੋਲ ਹਰਿ ਜੀ ਤੋਲੀ । ਗੁਰਮੁਖ ਗੁਰਸਿਖ ਸਾਚਾ ਬਣਿਆ ਰਹੇ ਦਰ ਸਾਚੇ ਦੀ ਸਾਚੀ ਗੋਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰਿਆਂ, ਏਕਾ ਲੜ ਹੱਥ ਫੜਾਏ, ਨਾਲ ਤੋਰੀ ਜਾਏ ਹੌਲੀ ਹੌਲੀ । ਆਪਣਾ ਲੜ ਹੱਥ ਫੜਾਇਆ । ਫੜ ਕੇ ਬਾਹੋਂ ਸਿੱਧਾ ਰਾਹ ਇਕ ਵਖਾਇਆ । ਨਿਹਕਲੰਕ ਕਲ ਜਾਮਾ ਪਾਇਆ । ਮਾਝੇ ਦੇਸ ਭਾਗ ਲਗਾਇਆ । ਜਗੀ ਜੋਤ ਕਰੇ ਰੁਸ਼ਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣਾ ਭੇਵ ਵਡ ਦੇਵੀ ਦੇਵ ਸ਼ਬਦ ਸਰਬ ਖੁਲ੍ਹਾਇਆ । ਦੇਵੀ ਦੇਵ ਕਰਨੀ ਸੇਵਾ । ਗੁਰਮੁਖ ਰਸਨਾ ਜਪਣਾ ਜਿਹਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜਾਪ ਜਪਾਏ, ਹਉਮੇ ਵਿਚੋਂ ਪਾਪ ਗਵਾਏ, ਤੀਨੋ ਤਾਪ ਮਾਰ ਮੁਕਾਏ, ਇਕ ਅਕਾਰ ਆਪ ਰਖਾਏ, ਬਿਰਥਾ ਨਾ ਜਾਏ ਗੁਰਸਿਖ ਤੇਰੀ ਸੇਵਾ । ਸੇਵਾ ਤੇਰੀ ਸੱਚਾ ਦਾਨ । ਆਦਿ ਅੰਤ ਜੁਗਾ ਜੁਗੰਤ ਮੰਗੇ ਹਰਿ ਭਗਵਾਨ । ਕਰੇ ਕੋਈ ਸਾਧ ਸੰਤ, ਬਣਦੀ ਰਹੀ ਜਗਤ ਬਣਤ, ਮੇਲ ਹੋਏ ਭਗਤ ਭਗਵੰਤ, ਪ੍ਰਗਟ ਹੋਏ ਵਾਲੀ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਹਰਿ ਜੀ ਸਾਚਾ ਕੰਤ, ਦੇਵੇ ਸਾਚਾ ਦਾਨ ਹਰਿ ਮਿਹਰਵਾਨ । ਹੀਰਾ ਰਤਨ ਅਮੋਲ ਨਾਮ ਅਪਾਰ ਹੈ । ਪੂਰੇ ਰਿਹਾ ਤੋਲ ਤੋਲ, ਹਰਿ ਵਿਚ ਸੰਸਾਰ ਹੈ । ਸਚ ਵਸਤ ਗੁਰਮੁਖਾਂ ਦੇਵੇ ਪ੍ਰਭ ਆਪਣੀ ਗੰਢ ਖੋਲ੍ਹ, ਬੇਮੁਖਾਂ ਦੇਵੇ ਦਰ ਦੁਰਕਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਢੋਲ ਵਜਾਏ ਗੁਰਮੁਖਾਂ ਸਦ ਵਸੇ ਕੋਲ, ਜੋਤ ਸਰੂਪੀ ਆਤਮ ਪਸਰ ਪਸਾਰ ਹੈ । ਚਰਨ ਪ੍ਰੀਤੀ ਸਾਚੀ ਨੀਤੀ ਮਾਨਸ ਜਨਮ ਜਾਓ ਜਗ ਜੀਤੀ, ਦੱਸੇ ਏਕਾ ਸੱਚੀ ਧਾਰ ਹੈ । ਚਰਨ ਕਵਲ ਹਰਿ ਸਰਨਾਈ । ਗੁਰਮੁਖ ਸਾਚੇ ਕਲਜੁਗ ਚਰਨ ਲਾਗ ਅੰਤਮ ਤਰਨ, ਆਪ ਕਟਾਏ ਜਮ ਕੀ ਫਾਹੀ । ਨਾ ਪਛਾਣੇ ਨਾ ਜਾਣੇ ਹਰਿ ਗੋਤ ਵਰਨ, ਨੀਚ ਊਚ ਊਚ ਨੀਚ ਨਾ ਭੇਵ ਰਖਾਈ । ਨਾ ਜਾਣੇ ਰਾਜੇ ਰਾਣੇ ਵਡ ਜਰਵਾਣੇ, ਗਰੀਬ ਨਿਮਾਣੇ ਗਲੇ ਲਗਾਈ । ਜੋ ਜਨ ਚਲੇ ਹਰਿ ਕੇ ਭਾਣੇ, ਆਤਮ ਦੇਵੇ ਹਰਿ ਜੋਤ ਸਵਾਈ । ਕਲਜੁਗ ਜੀਵ ਅੰਧੇ ਕਾਣੇ ਬੇਮੁਹਾਣੇ, ਦਿਸ ਨਾ ਆਵੇ ਹਰਿ ਰਘੁਰਾਈ । ਗੁਰਮੁਖ ਸਾਚੇ ਚਤੁਰ ਸੁਘੜ ਸਿਆਣੇ, ਵੇਖ ਵਖਾਣੇ ਜਨ ਸਾਚੀ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਲੇਖੇ ਲਾਈ । ਗੁਰਮੁਖ ਸਾਚਾ ਚਤੁਰ ਸਿਆਣਾ । ਆਤਮ ਦੀਆ ਸ਼ਬਦ ਬਾਣਾ । ਇਕੋ ਤੀਰ ਹਰਿ ਚਲਾਏ, ਬਜ਼ਰ ਕਪਾਟੀ ਚੀਰ ਵਖਾਏ, ਲੱਗਾ ਸਚ ਨਿਸ਼ਾਨਾ । ਗੁਰਮੁਖਾਂ ਆਤਮ ਪੀੜ ਕਢਾਏ, ਆਤਮ ਸਾਚਾ ਸੀਰ ਪਿਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਵਿਸ਼ਨੂੰ ਭਗਵਾਨ ਆਤਮ ਬਾਤੀ । ਗੁਰਮੁਖਾਂ ਦੇਵੇ ਦਰਸ ਹਰਿ ਵਿਚ ਮਾਤੀ । ਅੰਤਮ ਕਲਜੁਗ ਕਰ ਰਿਹਾ ਤਰਸ, ਪਿਆਏ ਬੂੰਦ ਸਵਾਂਤੀ । ਅੰਮ੍ਰਿਤ ਮੇਘ ਹਰਿ ਜੀ ਰਿਹਾ ਬਰਸ, ਬੈਠਾ ਇਕ ਇਕਾਂਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਨ ਗੁਰਮੁਖਾਂ ਬੰਧਾਏ ਚਰਨ ਨਾਤੀ । ਕਲਜੁਗ ਤੇਰੀ ਅੰਤਮ ਵਾਰੀ । ਗੁਰ ਸੰਗਤ ਤੇਰੀ ਫੁੱਲਾਂ ਖਾਰੀ । ਹਰਿ ਚੁੱਕਦਾ ਜਾਏ ਵਾਰੋ ਵਾਰੀ । ਕਲਜੁਗ ਤੇਰੀ ਤੱਤੀ ਵਾ, ਵਗਦੀ ਚਾਰ ਚੁਫੇਰੇ । ਬੇਮੁਖਾਂ ਮਿਲੇ ਨਾ ਕੋਈ ਥਾਂ, ਪਾਏ ਮਾਇਆ ਘੇਰੇ । ਨਾ ਕੋਈ ਪਛਾਣੇ ਪੁੱਤਾਂ ਮਾਂ, ਹਰਿ ਵਸੇ ਕਿਹੜੇ ਖੇੜੇ । ਅੱਗੇ ਹੋਏ ਕੋਇ ਨਾ ਮਿਲਦਾ , ਕਲਜੁਗ ਜੀਵ ਅੰਤਮ ਵੇਲੇ ਨੇੜੇ । ਬਿਨ ਗੁਰ ਪੂਰੇ ਕੋਈ


੫੧ ੦੪

ਨਾ ਪਕੜੇ ਤੇਰੀ ਬਾਂਹ, ਨਾ ਬਹਾਏ ਸੱਚੇ ਥਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਜਗਾਏ ਹੋਏ ਸਹਾਈ ਦੇਵੇ ਠੰਡੀ ਛਾਂ । ਠੰਡੀ ਛਾਂ ਗੁਰਸਿਖ ਮਾਣ । ਗੁਰਮੁਖਾਂ ਦਇਆ ਕਮਾਏ ਆਪ ਬਿਠਾਏ ਵਿਚ ਸ਼ਬਦ ਬਬਾਣ । ਨਿਹਕਲੰਕ ਕਲ ਜੋਤ ਜਗਾਈ ਵੱਜੀ ਵਧਾਈ ਸੁਣੇ ਲੋਕਾਈ, ਬੇਮੁਖ ਜੀਵ ਸਰਬ ਪਛਤਾਣ । ਗੁਰਮੁਖਾਂ ਹਰਿ ਫੜਦਾ ਬਾਹੀਂ ਚਾਈਂ ਚਾਈਂ, ਦੇਵੇ ਨਾਮ ਅੰਮ੍ਰਿਤ ਧਾਰ । ਅੰਤਮ ਕਲਜੁਗ ਨੇੜੇ ਆਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਪੁਰੀ ਘਨਕ ਹਰਿ ਜਾਮਾ ਪਾਇਆ । ਅਚਰਜ ਖੇਲ ਕਰ ਵਖਾਇਆ । ਰੰਗ ਰੂਪ ਨਾ ਕੋਈ ਰਖਾਇਆ । ਗੁਰਮੁਖ ਤੇਰੇ ਵਿਚ ਸਮਾਇਆ । ਆਤਮ ਜੋਤੀ ਇਕ ਜਗਾਇਆ । ਤਿੰਨਾਂ ਲੋਕਾਂ ਬੂਝ ਬੁਝਾਇਆ । ਚੌਦਾਂ ਲੋਕ ਹੱਟ ਖੁਲ੍ਹਾਇਆ । ਦੁਰਮਤ ਮੈਲ ਦੇਵੇ ਕਟ, ਸਾਚਾ ਰਾਹ ਇਕ ਵਖਾਇਆ । ਵਸੇ ਹਰਿ ਜੀ ਘਟ ਘਟ, ਕਲਜੁਗ ਵੇਖੇ ਤੀਰਥ ਤਟ ਦੂਈ ਦਵੈਤ ਦੇਵੇ ਕਟ, ਸੋਹੰ ਸ਼ਬਦ ਤਨ ਵਸਾਇਆ । ਆਤਮ ਜੋਤ ਜਗੇ ਲਟ ਲਟ, ਕਾਇਆ ਜੀਵ ਝੂਠੇ ਮੱਟ, ਕਰੇ ਖੇਲ ਹਰਿ ਰਘੁਰਾਇਆ । ਬੇਮੁਖ ਜੀਵ ਭੌਂਦੇ ਫਿਰਦੇ ਅਠ ਸਠ ਤੀਰਥ ਤਟ, ਹਰਿ ਜੀ ਸਾਚਾ ਕਿਸੇ ਹੱਥ ਨਾ ਆਇਆ । ਗੁਰਮੁਖ ਸਾਚੇ ਸੰਤ ਜਨ ਪ੍ਰਭ ਦਰ ਲਾਹਾ ਲੈਣ ਖੱਟ, ਸਤਿਜੁਗ ਸਾਚੇ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਾ ਕੋਈ ਰੱਖੇ ਪੜਦਾ, ਉਹਲਾ ਦਏ ਚੁਕਾਇਆ । ਪੜਦਾ ਉਹਲਾ ਦੇਵੇ ਵੱਢ, ਭਰਮ ਭੁਲੇਖਾ ਦੇਵੇ ਕੱਢ । ਸਾਚਾ ਸ਼ਬਦ ਗੁਰਮੁਖ ਤੇਰੇ ਹਿਰਦੇ ਦੇਵੇ ਗੱਡ । ਅੱਠੇ ਪਹਿਰ ਤੇਰੇ ਵਿਚ ਸਮਾਏ, ਜੋਤ ਜਗਾਏ ਹਰਿ ਰਘੁਰਾਏ ਵਾਸ ਰਖਾਏ, ਸੋਹੰ ਸ਼ਬਦ ਪ੍ਰਗਟ ਹੋਏ, ਦੂਈ ਦਵੈਤੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸੱਚਾ ਵਰ ਕਿਰਪਾ ਕਰ, ਵਸੇ ਸਾਚੇ ਘਰ, ਬੇਮੁਖਾਂ ਦਰ ਆਵੇ ਡਰ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਦੇਵੇ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨੁਹਾਏ ਗੁਰਮੁਖ ਸਾਚੇ ਆਤਮ ਸਰ । ਆਤਮ ਸਾਚਾ ਸਰ । ਜੋਤ ਸਰੂਪੀ ਪ੍ਰਭ ਅਬਿਨਾਸ਼ੀ ਕਿਰਪਾ ਕਰ । ਗੁਰਮੁਖ ਤੇਰੇ ਆਤਮ ਵੜ, ਸਾਚੀ ਜੋਤ ਦੇਵੇ ਧਰ, ਨਾ ਕੋਈ ਵੇਖੇ ਅਮੀਰ ਫ਼ਕੀਰ ਹੈ । ਆਪ ਚੁਕਾਏ ਜਮ ਕਾ ਡਰ, ਲੱਖ ਚੁਰਾਸੀ ਕਟੇ ਭੀੜ ਹੈ । ਦਰ ਘਰ ਸਾਚੇ ਦੇਵੇ ਸੱਚਾ ਵਰ, ਨਾ ਮਿਲਿਆ ਕਿਸੇ ਵਜ਼ੀਰ ਹਕੀਰ ਹੈ । ਗੁਰਮੁਖ ਸਾਚਾ ਸਰਨ ਜਾਏ ਪੜ, ਪ੍ਰਭ ਕਰੇ ਸ਼ਾਂਤ ਸਰੀਰ ਹੈ । ਜੋਤ ਸਰੂਪੀ ਗੁਰਮੁਖ ਤੇਰੇ ਆਤਮ ਦਰ ਦਵਾਰੇ ਅੱਗੇ ਖੜ, ਸ਼ਬਦ ਮਾਰੇ ਤੀਰ ਹੈ । ਆਪੇ ਜਾਏ ਤੇਰੇ ਅੰਦਰ ਵੜ, ਕੱਢੇ ਵਿਚੋਂ ਹਉਮੇ ਪੀੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਗੋਤ, ਹਰਿ ਰਘੁਰਾਏ. ਕਰੇ ਰੁਸ਼ਨਾਈ, ਨਾ ਕੋਈ ਜਾਣੇ ਹਸਤ ਕੀੜ ਹੈ । ਇਕ ਜੋਤ ਹਰਿ ਨਿਰੰਕਾਰਿਆ । ਨਾ ਕੋਈ ਵਰਨ ਨਾ ਕੋਈ ਗੋਤ, ਲੱਖ ਚੁਰਾਸੀ ਵਿਚ ਪਸਾਰਿਆ । ਦੁਰਮਤ ਮੈਲ ਦੇਵੇ ਧੋਤ, ਆਤਮ ਜੋਤੀ ਦੀਪ ਜਗਾ ਰਿਹਾ । ਬੇਮੁਖ ਅੰਤਮ ਕਲਜੁਗ, ਨਾ ਮਿਲੇ ਜੋਤ ਹਰਿ ਬਨਵਾਰਿਆ । ਏਕ ਅੰਧੇਰੇ ਰਹੇ ਸੋਤ, ਨਾ ਜਪਿਆ ਹਰਿ ਮੁਰਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਆਪ ਸਵਾ ਰਿਹਾ । ਏਕਾ ਜੋਤ ਜਗਤ ਜਗਦੀਸ । ਸ੍ਰਿਸ਼ਟ ਸਬਾਈ ਜਾਏ ਪੀਸ । ਭੇਵ ਚੁਕਾਏ ਵਡ ਦੇਵੀ ਦੇਵ, ਗੁਰਮੁਖ ਸਾਚੇ ਸੰਤ ਜਨ ਆਪਣੀ ਸੇਵਾ ਲਗਾਏ ਨਾ ਕੋਈ ਲਏ ਫ਼ੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਅੰਤਮ ਵਡਿਆਈ ਸਾਚੀ ਦੇਵੇ, ਜੋਤ ਜਗਾਈ ਕਰੇ ਰੁਸ਼ਨਾਈ ਨਾ ਕੋਈ ਪੜ੍ਹਾਏ ਸ਼ਰਅ ਹਦੀਸ । ਸ਼ਰਅ ਹਦੀਸ ਨਾ ਕੋਈ

ਪੜ੍ਹਾਏ । ਸ਼ਬਦ ਦਾਤ ਝੋਲੀ ਪਾਏ । ਮਿਟਾਏ ਅੰਧੇਰੀ ਰਾਤ, ਸਾਚੀ ਜੋਤ ਆਪ ਜਗਾਏ । ਬੈਠਾ ਦਿਸੇ ਵਿਚ ਇਕਾਂਤ, ਜੋਤ ਸਰੂਪੀ ਡਗਮਗਾਏ । ਗੁਰਸਿਖਾਂ ਪਿਆਏ ਅੰਮ੍ਰਿਤ ਬੂੰਦ ਸਵਾਂਤ, ਆਤਮ ਠੰਡੀ ਠਾਰ ਕਰਾਏ । ਬੇਮੁਖਾਂ ਆਤਮ ਹੋਈ ਅੰਧੇਰੀ ਰਾਤ, ਅੰਤਮ ਕਲ ਮਾਇਆ ਰੂਪੀ ਛਾਹੀ ਲਾਹੇ । ਨਾ ਪੁੱਛੇ ਕੋਈ ਵਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰਾਈ, ਕਲਜੁਗ ਅੰਤਮ ਦੇਵੇ ਜਗਾਈ, ਸਤਿਜੁਗ ਸਾਚਾ ਮਾਤ ਧਰਾਈ, ਸੋਹੰ ਦਾਤ ਝੋਲੀ ਪਾਈ, ਵਡ ਕਰਾਮਾਤ ਵਿਚ ਮਾਤ ਚਾਰ ਵਰਨ ਹਰਿ ਦਵਾਈ* । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਸੇਜਾ ਅੱਠੇ ਪਹਿਰ, ਨਾ ਕੋਈ ਸੰਝ ਸਵੇਰ ਰਖਾਏ, ਬੈਠਾ ਤਾੜੀ ਲਾਏ । ਆਤਮ ਤਾੜੀ ਹਰਿ ਜੀ ਲਾਏ । ਅੱਠੇ ਪਹਿਰ ਡਗਮਗਾਏ । ਜੋਤ ਸਰੂਪੀ ਦਿਸ ਨਾ ਆਏ । ਬੇਮੁਖ ਜੀਵ ਚਾਰੋਂ ਕੁੰਟ ਭੌਂਦੇ ਫਿਰਦੇ ਕੋਈ ਨਾ ਭਿਛਿਆ ਪਾਏ । ਗੁਰਮੁਖ ਗੂੜ੍ਹੀ ਨੀਂਦ ਸੌਂਦੇ, ਪ੍ਰਭ ਅਬਿਨਾਸ਼ੀ ਅੰਮ੍ਰਿਤ ਜਾਮ ਪਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਸਾਚੇ ਘਰ ਵਸੇ ਹਰਿ, ਦੂਈ ਦਵੈਤੀ ਪੜਦਾ ਆਪੇ ਲਾਹੇ । ਦੂਈ ਦਵੈਤੀ ਦੇਵੇ ਚੀਰ । ਏਕਾ ਮਾਰੇ ਸ਼ਬਦ ਤੀਰ । ਗੁਰਮੁਖਾਂ ਦੇਵੇ ਸਾਚੀ ਧੀਰ । ਬੇਮੁਖਾਂ ਹੱਥ ਨਾ ਆਵੇ ਨੀਰ । ਕਲਜੁਗ ਤੇਰਾ ਅੰਤਮ ਆਇਆ, ਭੇਵ ਕਿਸੇ ਨਾ ਪਾਇਆ, ਸ੍ਰਿਸ਼ਟ ਸਬਾਈ ਰਿਹਾ ਚੀਰ । ਨਿਹਕਲੰਕ ਕਲ ਜਾਮਾ ਪਾਇਆ, ਛੋਟਾ ਬਾਲਾ ਅੱਗੇ ਲਾਇਆ, ਗੁਰਸਿਖ ਸਾਚਾ ਸੋਇਆ ਲਏ ਜਗਾਇਆ, ਆਪ ਪਿਆਏ ਅੰਮ੍ਰਿਤ ਸਾਚਾ ਸੀਰ । ਬੇਮੁਖ ਗੂੜ੍ਹੀ ਨੀਂਦ ਸਵਾਇਆ, ਉਤੇ ਪੜਦਾ ਡਾਹਢਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਪੀਰ ਫ਼ਕੀਰ । ਪੀਰ ਫ਼ਕੀਰ ਮਾਰਨ ਧਾਹ । ਅੰਤ ਵੇਲੇ ਕਲਜੁਗ, ਨਾ ਹੋਵੇ ਕੋਈ ਸਹਾ । ਲੱਖ ਚੁਰਾਸੀ ਅੰਤਮ ਫਾਸੀ ਮਦਿਰਾ ਮਾਸੀ, ਧਰਮ ਰਾਏ ਗਲ ਪਾਏ ਫਾਹ । ਜਿਹੜੇ ਕਰਦੇ ਜਗਤ ਹਾਸੀ, ਪ੍ਰਗਟ ਜੋਤ ਘਨਕਪੁਰ ਵਾਸੀ, ਦੂਸਰ ਕੋਈ ਨਾ । ਗੁਰਸਿਖਾਂ ਹਰਿ ਆਤਮ ਵਾਸੀ ਜੋਤ ਪ੍ਰਕਾਸ਼ੀ, ਏਕਾ ਘਰ ਵਖਾਏ ਸੱਚਾ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ ਵਾਲੀ ਦੋ ਜਹਾਨ, ਇਕ ਝੁਲਾਏ ਸਚ ਨਿਸ਼ਾਨ । ਚਾਰ ਵਰਨ ਸਾਚੀ ਸਰਨ ਆਪ ਰਖਾਏ, ਵਡ ਬਲਵਾਨ ਦੇਵੇ ਮਾਣ ਜਗਤ ਤਾਣ ਵਿਚ ਜਹਾਨ, ਸਭਨਾਂ ਫੜੇ ਬਾਂਹ । ਫੜ ਬਾਂਹ ਰਾਹ ਵਖਾਇੰਦਾ । ਉਚਾ ਸੁੱਚਾ ਸ਼ਬਦ ਹਰਿ ਜੀ ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਰਖਾਏ ਭੈਣ ਭਰਾ, ਜੋਤ ਸਰੂਪੀ ਹਰਿ ਜਾਮਾ ਪਾਇੰਦਾ । ਬੇਮੁਖਾਂ ਹਰਿ ਦਿਸੇ ਨਾ, ਗੁਰਮੁਖ ਸਾਚੇ ਸੰਤ ਜਨਾਂ ਆਤਮ ਸੇਜਾ ਸੁੱਤਾ ਅੱਠੇ ਪਹਿਰ ਦਰਸ ਦਿਖਾਇੰਦਾ । ਜੁਗਾ ਜੁਗੰਤ ਜਨ ਭਗਤਾਂ ਰੱਖੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਬਾਣਾ, ਸਾਚਾ ਰਾਣਾ ਸ਼ਾਹ ਸੁਲਤਾਨਾ, ਵਡ ਬਲੀ ਬਲਵਾਨਾ, ਗੁਣ ਨਿਧਾਨਾ ਵਿਚ ਜਹਾਨਾਂ ਆਪੇ ਆਪ ਰੰਗਾਇੰਦਾ । ਕਲਜੁਗ ਤੇਰਾ ਕਾਲਾ ਸੂਸਾ । ਮੇਟ ਮਿਟਾਏ ਹਰਿ ਈਸਾ ਮੂਸਾ । ਸਾਚੀ ਧਾਰ ਇਕ ਬੰਧਾਏ, ਇਕ ਦੂਜੇ ਦੇ ਸੰਗ ਰਲਾਏ, ਆਪ ਉਠਾਏ ਚੀਨਾ ਰੂਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪ੍ਰਗਟਾਈ, ਵੱਜੇ ਵਧਾਈ ਜੀਵ ਰਿਹਾ ਭੁਲਾਈ, ਗੁਰਮੁਖ ਸਾਚੇ ਸੰਤ ਜਨਾਂ ਹਰਿ ਦੇਵੇ ਜੋਤ ਸਵਾਈ ਕਰੇ ਰੁਸ਼ਨਾਈ, ਪ੍ਰਭ ਅਬਿਨਾਸ਼ੀ ਆਤਮ ਪੜਦਾ ਦੂਰ ਕਰਾਇੰਦਾ । ਗੁਰ ਸੰਗਤ ਦਇਆ ਕਮਾਏ ਥਾਉਂ ਥਾਏਂ, ਸਾਚਾ ਨਾਮ ਇਕ ਜਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਮੁਖ ਸਾਚੇ ਸੰਤ ਜਨਾਂ, ਚਾਰ ਜੁਗਾਂ ਦਾ



੫੩
੦੪

ਭੇਵ ਖੁਲ੍ਹਾਇੰਦਾ । ਭੇਵ ਖੁਲ੍ਹਾਏ ਚਾਰ ਜੁਗ । ਭਾਗ ਲਗਾਏ ਪਿੰਡ ਬੁੱਗ । ਗੁਰਸਿਖ ਤੇਰਾ ਨਾਮ ਵਿਚ ਮਾਤ ਰਹਿ ਜਾਏ ਉਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਬੇਮੁਖ ਮਾਰੇ ਚੁਗ ਚੁਗ । ਬੇਮੁਖਾਂ ਅੰਤਮ ਆਇਆ ਕਾਲ । ਆਤਮ ਹੋਈ ਸਭ ਦੀ ਬੇਹਾਲ । ਆਪਣੀ ਹੱਥੀਂ ਆਪ ਗਵਾਇਆ, ਆਤਮ ਅਨਮੁਲੜਾ ਹਰਿ ਜੀ ਲਾਲ । ਵੇਲਾ ਗਿਆ ਕਿਸੇ ਹੱਥ ਨਾ ਆਇਆ, ਕਲਜੁਗ ਜੀਵ ਆਤਮ ਹੋਇਆ ਕੰਗਾਲ । ਗੁਰਮੁਖਾਂ ਹਰਿ ਦੇ ਮਤ ਰਿਹਾ ਸਮਝਾਇਆ, ਵੇਲਾ ਅੰਤ ਲੈਣਾ ਸੰਭਾਲ । ਸੋਹੰ ਦਾਨ ਸ਼ਬਦ ਗਿਆਨ, ਦੇਵੇ ਹਰਿ ਭਗਵਾਨ ਵਿਚ ਜਹਾਨ, ਸਾਚੀ ਦਾਤ ਧੁਰਦਰਗਾਹੀ ਸਚ ਕਰਾਮਾਤ, ਵਿਚ ਮਾਤ ਗੁਰਸਿਖਾਂ ਪੁਛੇ ਵਾਤ, ਕਮਲਾਪਾਤ ਚਰਨ ਬੰਨ੍ਹਾਏ ਨਾਤ, ਸਾਚੀ ਰੀਤ ਜਗਤ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪ੍ਰਗਟਾਈ ਵਿਚ ਮਾਤ, ਗੁਰਮੁਖਾਂ ਦੇਵੇ ਸ਼ਬਦ ਵਡਿਆਈ । ਮਿਟੇ ਅੰਧੇਰੀ ਰੈਣ ਅੰਤਮ ਵਾਰਿਆ । ਗੁਰਮੁਖਾਂ ਮਿਲਿਆ ਹਰਿ ਸੱਚਾ ਸਾਕ ਸੱਜਣ ਸੈਣ, ਕਿਰਪਾ ਕਰੇ ਅਪਰ ਅਪਾਰਿਆ । ਆਪ ਚੁਕਾਏ ਲਹਿਣ ਦੇਣ, ਪੂਰਬ ਕਰਮ ਜਿਸ ਵਿਚਾਰਿਆ । ਆਪ ਖੁਲ੍ਹਾਏ ਤੀਜਾ ਨੈਣ, ਬਜ਼ਰ ਕਪਾਟੀ ਚੀਰ ਵਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਚਰਨ ਪ੍ਰੀਤੀ ਸਾਚੀ ਰੀਤੀ, ਮਾਨਸ ਜਨਮ ਜਾਣ ਵਿਚ ਜਹਾਨ ਜੀਤੀ, ਏਕਾ ਰਾਹ ਸੱਚਾ ਆਪ ਵਖਾਲਿਆ । ਸੱਚਾ ਰਾਹ ਹਰਿ ਦਿਖਾਏ । ਔਝੜ ਰਾਹ ਨਾ ਕਿਸੇ ਪਾਏ । ਕਲਜੁਗ ਅੰਤਮ ਨੇੜੇ ਆਏ । ਕਲਗੀ ਧਰ ਹਰਿ ਜਗਦੀਸ਼, ਜੋਤ ਸਰੂਪੀ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਡੰਕ ਵਜਾਇਆ । ਆਪ ਉਠਾਏ ਰਾਓ ਰੰਕ, ਇਕ ਸੁਹਾਏ ਦਵਾਰ ਬੰਕ, ਜੋਤ ਸਰੂਪੀ ਦਰਸ਼ਨ ਪਾਇਆ । ਦਰਸ ਦਿਖਾਏ ਹਰਿ ਭਗਵਾਨ । ਕਰੇ ਤਰਸ ਜੀਵ ਨਾਦਾਨ । ਅੰਮ੍ਰਿਤ ਮੇਘ ਦੇਵੇ ਬਰਸ, ਗੁਰਮੁਖ ਬਣਾਏ ਚਤੁਰ ਸੁਜਾਨ । ਆਪ ਮਿਟਾਏ ਜਗਤ ਹਿਰਸ, ਦੇਵੇ ਨਾਮ ਸ਼ਬਦ ਗਿਆਨ ਚਰਨ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਗੁਰਮੁਖਾਂ ਕਰੇ ਆਪ ਪਛਾਣ । ਗੁਰਮੁਖਾਂ ਹਰਿ ਆਪ ਪਛਾਣੇ । ਸਰਬ ਜੀਆਂ ਦਾ ਜਾਣੀ ਜਾਣੇ । ਆਪ ਆਪਣਾ ਭੇਵ ਛੁਪਾਣੇ । ਦਿਸ ਨਾ ਆਏ ਕਿਸੇ ਰਾਜੇ ਰਾਣੇ । ਗੁਰਮੁਖ ਸਾਚੇ ਸੰਤ ਜਨਾਂ, ਆਤਮ ਜੋਤ ਜਗਾਏ ਮਹਾਨੇ । ਸਾਚਾ ਦੇਵੇ ਨਾਮ ਨਿਧਾਨ । ਗੁਰਮੁਖ ਵਡਿਆਈ ਵਿਚ ਜਹਾਨ । ਸਾਚਾ ਸ਼ਬਦ ਸੁਣਾਏ ਕਾਨ । ਉਪਜੇ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਜਮ ਕੀ ਕਾਨ । ਦੇਵੇ ਏਕਾ ਨਾਮ ਗੁਰਮੁਖਾਂ ਸਾਚੀ ਸ਼ਬਦ ਉਡਾਨ । ਸਾਚਾ ਸ਼ਬਦ ਹਰਿ ਉਡਾਰੀ । ਗੁਰਮੁਖਾਂ ਦੇਵੇ ਕਰ ਪਿਆਰ, ਆਪ ਬਹਾਏ ਚਰਨ ਦਵਾਰੀ । ਗੁਰਮੁਖ ਆਉਂਦੇ ਜਾਣ ਵਾਰੋ ਵਾਰੀ । ਨਿਹਕਲੰਕ ਨਰਾਇਣ ਨਰ ਅਵਤਾਰੀ । ਕਲਜੁਗ ਅੰਤਮ ਵੇਖ ਵਖਾਣੇ ਜੀਵ ਜੰਤ ਸਾਧ ਸੰਤ ਭੇਵ ਕੋਈ ਨਾ ਜਾਣੇ ਜੀਵ ਗਵਾਰੀ । ਆਪਣਾ ਭੇਵ ਆਪ ਛੁਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹਿਰਦੇ ਵਸੇ, ਭਾਂਡੇ ਕਾਚੇ ਜੋਤ ਸਰੂਪੀ ਅੰਦਰ ਨਾਚੇ, ਮੇਲ ਮਿਲਾਵਾ ਸਾਚੇ ਕੰਤ । ਹਰਿ ਭਗਵੰਤ ਜੋਤ ਜਗਾਏ ਸਚ ਮਹਾਨ ਜਗੇ ਜੋਤ ਅਗੰਮ ਅਪਾਰ । ਗੁਰਮੁਖ ਸਾਚਾ ਜਾਏ ਤਾਰ । ਜੋਤ ਸਰੂਪੀ ਜਾਮਾ ਧਾਰ । ਹਰਿਜੀ ਕੀਆ ਇਕ ਪਿਆਰ । ਗੁਰਮੁਖ ਤੇਰੀ ਆਤਮ ਸ਼ਬਦ ਟਿਕਾਇਆ ਇਕ ਧਿਆਨਾ, ਸ਼ਬਦ ਬਬਾਣਾ ਆਪ ਚੜ੍ਹਾਏ ਸੱਚਾ ਅਸਵਾਰ । ਤਖ਼ਤੋਂ ਲਾਹੇ ਰਾਜਾ ਰਾਣਾ, ਨਾ ਕੋਈ ਸੁਘੜ ਨਾ ਸਿਆਣਾ, ਬੇਮੁਖਾਂ ਜੀਵਾਂ ਕੁਛ ਹੱਥ ਨਾ ਆਏ ਭੁੱਲਾ ਸਰਬ ਸੰਸਾਰਾ । ਗੁਰਮੁਖ ਸਾਚਾ ਚਰਨ ਲਗਾਣਾ । ਫੜ ਕੇ ਬਾਹੋਂ


੫੪ ੦੪

ਰਾਹੇ ਪਾਣਾ । ਆਪਣਾ ਭੇਵ ਹਰਿ ਖੁਲ੍ਹਾਣਾ । ਜੋਤ ਸਰੂਪੀ ਦਰਸ ਦਿਖਾਣਾ । ਕਾਹਨ ਕ੍ਰਿਸ਼ਨਾ ਬਣ ਕੇ ਆਇਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਸਰਨ ਲਗਾਣਾ । ਵਾਲੀ ਹਿੰਦ ਉਠ ਕਰ ਧਿਆਨ । ਪ੍ਰਭ ਅਬਿਨਾਸ਼ੀ ਜੋਤ ਜਗਾਈ ਜਗਤ ਮਹਾਨ । ਮਾਝੇ ਦੇਸ ਵੱਜੀ ਵਧਾਈ ਪ੍ਰਗਟੇ ਹਰਿ ਬਲੀ ਬਲਵਾਨ । ਬੇਮੁਖਾਂ ਤਨ ਅੱਗ ਲਗਾਈ, ਚਾਰੋਂ ਕੁੰਟ ਕੁਰਲਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਰਾਖੋ ਟੇਕ, ਕਰੇ ਬੁੱਧ ਬਬੇਕ, ਦੇਵੇ ਸਚ ਸਚੀ ਸਰਨਾਈ । ਸਚ ਸਰਨਾਈ ਜੋਤ ਨਿਰੰਕਾਰਿਆ । ਦੇਵੇ ਸ਼ਬਦ ਹਰਿ ਅਪਾਰਿਆ । ਆਤਮ ਦੀਪਕ ਜੋਤ ਆਪ ਜਗਾਏ ਮਿਟਾਏ ਅੰਧ ਅੰਧਿਆਰਿਆ । ਵਰਨ ਗੋਤੀ ਨਾ ਕੋਈ ਰਖਾਏ, ਦਿਸ ਨਾ ਆਏ, ਜਗੇ ਜੋਤ ਮੁਰਾਰਿਆ । ਵੇਖ ਵਖਾਣੇ ਦਸ ਅੱਠ ਅਠਾਰਾਂ ਪ੍ਰਭ ਪਾਏ ਸਾਰਾ, ਦਿਵਸ ਰੈਣ ਅੱਠੇ ਪਹਿਰ ਸਾਚੇ ਲੇਖ ਲਿਖਾ ਰਿਹਾ । ਮੇਟ ਮਿਟਾਏ ਚਾਰ ਯਾਰਾਂ ਕਰੇ ਖੁਆਰਾ, ਵੇਲਾ ਅੰਤਮ ਨੇੜੇ ਆ ਰਿਹਾ । ਗੁਰਮੁਖ ਤੇਰੀ ਆਤਮ ਲੱਗੀ ਰਹੇ ਬਹਾਰਾ, ਖਿੜੀ ਰਹੇ ਸਚੀ ਗੁਲਜ਼ਾਰਾ, ਪ੍ਰਭ ਫੂਲਨ ਸੇਜਾ ਆਪ ਸੁਹਾ ਰਿਹਾ । ਆਪੇ ਸੁੱਤਾ ਹਰਿ ਜੀ ਪੈਰ ਪਸਾਰਾ, ਜੋਤ ਸਰੂਪੀ ਹਰਿ ਨਿਰੰਕਾਰਿਆ । ਅਚਰਜ ਭੇਵ ਹਰਿ ਨਿਆਰਾ ਵਿਚ ਸੰਸਾਰਾ ਗਿਰਵਰ ਗਿਰਧਾਰਾ, ਗੁਰਮੁਖ ਸਾਚੇ ਸੰਤ ਜਨਾਂ ਜੋਤ ਸਰੂਪੀ ਦਰਸ ਦਿਖਾ ਰਿਹਾ । ਸਾਚਾ ਹੱਟ ਹਰਿ ਖੁਲ੍ਹਾਇੰਦਾ । ਸ਼ਬਦ ਦਾਤ ਵਿਚ ਰਖਾਇੰਦਾ । ਬੈਠਾ ਵਿਚ ਇਕਾਂਤ, ਜੋਤ ਸਰੂਪੀ ਜੋਤ ਜਗਾਇੰਦਾ । ਗੁਰਮੁਖਾਂ ਕਲਜੁਗ ਅੰਤਮ ਪੁੱਛੇ ਵਾਤ, ਫੜ ਬਾਹੋਂ ਚਰਨ ਲਗਾਇੰਦਾ । ਆਪ ਬੰਧਾਏ ਚਰਨ ਨਾਤ ਸੋਹੰ ਦਾਤ ਆਤਮ ਝੋਲੀ ਪਾਇੰਦਾ । ਪਿਆਏ ਬੂੰਦ ਸਵਾਂਤ, ਗੁਰਮੁਖ ਅੰਦਰ ਵੇਖ ਮਾਰ ਝਾਤ, ਪ੍ਰਭ ਸਾਚਾ ਡਗਮਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਦਾਨ ਚਰਨ ਪ੍ਰੀਤੀ ਤੋੜ ਨਿਭਾਇੰਦਾ । ਲੱਗੀ ਪ੍ਰੀਤ ਚੜ੍ਹ ਜਾਏ ਤੋੜ । ਗੁਰਸਿਖ ਕੋਈ ਨਾ ਦੇਵੇ ਤੈਨੂੰ ਅੱਧ ਵਿਚੋਂ ਤੋੜ । ਅੱਠੇ ਪਹਿਰ ਹਰਿ ਜੀ ਚੜ੍ਹਿਆ ਰਹੇ ਸ਼ਬਦ ਘੋੜ । ਧੁਰਦਰਗਾਹੀ ਸਾਚਾ ਮਾਹੀ ਅੰਤਮ ਕਲ ਕਰ ਵਲ ਛਲ, ਜੰਗਲ ਜੂਹ ਪਹਾੜ ਉਜਾੜਾਂ, ਘਰ ਤੇਰੇ ਵਿਚ ਆਏ ਦੌੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਰਗਾਹ ਲਾਏ ਏਕਾ ਪੌੜ । ਸਾਚਾ ਘੋੜਾ ਜੋੜਾ ਦਰ ਮੰਗਾਇਆ । ਆਪਣੀ ਹੱਥੀਂ ਤੰਗ ਕਸਾਇਆ । ਸੋਹਣਾ ਆਸਣ ਉਤੇ ਲਾਇਆ । ਪੰਚਮ ਜੇਠ ਕਲਜੁਗ ਤੇਰੇ ਸਿਰ ਵਿਚ ਮਾਰੇ ਪੌੜ । ਸ਼ਬਦ ਘੋੜਾ ਹਰਿ ਸੰਸਾਰਾ । ਆਇਆ ਦੌੜ ਅਪਰ ਅਪਾਰਾ । ਇਕੋ ਲਗਾਇਆ ਤਿੰਨਾਂ ਲੋਕਾਂ ਪੌੜ, ਨਾ ਕੋਈ ਚਰਨ ਲਗਾਇਆ ਅੱਧਵਿਚਕਾਰਾ । ਨਾ ਇਹ ਲੰਮਾ ਨਾ ਇਹ ਚੌੜਾ, ਨਾ ਕੋਈ ਪਾਵੇ ਸਾਰਾ । ਨਾ ਹਰਿ ਮਿੱਠਾ ਨਾ ਹਰਿ ਕੌੜਾ, ਸਰਬ ਜੀਆਂ ਦਾ ਇਕ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਚਲਾਏ ਇਕ ਸ਼ਬਦ ਨਿਸ਼ਾਨ ਚਾਰ ਵਰਨ ਵਿਚ ਸੰਸਾਰਾ । ਸੱਚਾ ਹਰਿ ਦਵਾਰ ਨਿਰਗੁਣਹਾਰ ਦਾ । ਸੱਚਾ ਹਰਿ ਦਵਾਰ ਸਰਗੁਣ ਰੂਪ ਅਪਾਰ ਦਾ । ਸੱਚਾ ਹਰਿ ਦਵਾਰ ਲੱਖ ਚੁਰਾਸੀ ਪਸਰ ਪਸਾਰ ਦਾ । ਸੱਚਾ ਹਰਿ ਦਵਾਰ ਤਿੰਨਾਂ ਲੋਕਾਂ ਜੋਤ ਅਕਾਰ ਦਾ । ਸੱਚਾ ਹਰਿ ਦੁਆਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੱਚੀ ਸਰਕਾਰ ਦਾ । ਸੱਚਾ ਹਰਿ ਦਵਾਰ ਸਭਨੀ ਥਾਈਆਂ । ਸੱਚਾ ਹਰਿ ਦਵਾਰ ਬੇਮੁਖਾਂ ਦਿਸੇ ਨਾਹੀਆ । ਸੱਚਾ ਹਰਿ ਦਵਾਰ ਗਗਨ ਜਗਨ ਰਿਹਾ ਵਿਚਾਰ, ਸ੍ਰਿਸ਼ਟ ਸਬਾਈ ਸੁਣ ਪੁਕਾਰ, ਧਰਤ ਮਾਤ ਹੋਈ ਖਵਾਰ, ਹਰਿ ਆਪ ਜੋਤ ਜਗਾਈਆ । ਕਲਜੁਗ ਅੰਤਮ ਲਏ ਵਿਚਾਰ ਪਾਵੇ ਸਾਰ, ਆਪ ਡੁਬਾਏ ਵਹਿੰਦੀ ਧਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਚੇ ਲੇਖ ਲਿਖਾਈਆ ।

ਕਲਜੁਗ ਅੰਤਮ ਮਾਰੇ ਧਾਹ । ਕੋਈ ਨਾ ਦਿਸੇ ਮਾਤ ਰਾਹ । ਪ੍ਰਭ ਅਬਿਨਾਸ਼ੀ ਅਗਨ ਜੋਤ ਲਗਾਏ ਥਾਉਂ ਥਾਈਂ, ਖਾਲੀ ਛੱਡੇ ਨਾ ਕੋਈ ਥਾਂ । ਏਕਾ ਸ਼ਬਦ ਬਾਣ ਲਗਾਏ, ਰਸਨਾ ਖਿਚ ਕਮਾਨ ਚਲਾਏ, ਕਿਸੇ ਨਾ ਮਿਲੇ ਠੰਡੀ ਛਾਂ । ਮਾਣ ਤਾਣ ਸਰਬ ਮਿਟਾਏ, ਮੁਗਲ ਪਠਾਣ ਸਰਬ ਉਠਾਏ ਮੇਟ ਮਿਟਾਏ ਵਡ ਸ਼ੈਤਾਨ । ਏਕਾ ਆਣ ਹਰਿ ਰਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨੂਰ ਸੱਚਾ ਤੂਰ, ਸ਼ਬਦ ਸਰੂਰ ਹਰਿ ਭਰਪੂਰ, ਵਡ ਦਾਤਾ ਵਡਾ ਸੂਰ ਏਕਾ ਧਾਮ ਰਹਾਏ । ਇਕੋ ਇਕ ਹਰਿ ਅਲਾਹ । ਸ੍ਰਿਸ਼ਟ ਸਬਾਈ ਇਕ ਮਲਾਹ । ਬੇਮੁਖ ਭੌਂਦੇ ਗੂੜ੍ਹੀ ਨੀਂਦ ਸੌਂਦੇ ਨਾ ਮਿਲੇ ਸੱਚਾ ਰਾਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਅੰਤਮ ਕਲ ਬਾਹੋਂ ਫੜ, ਆਪ ਬੰਧਾਏ ਸਾਚੇ ਲੜ ਸਾਚੇ ਥਾਂ । ਵਡਾ ਦਾਤਾ ਸਾਚੇ ਘਰ । ਖੁਲ੍ਹਾ ਦਰ ਧਾਮ ਅਚਲ ਏਕਾ ਰਾਹ । ਗੁਰਮੁਖ ਆਤਮ ਦਰ ਖਲੋਤਾ, ਗੁਰਸਿਖ ਉਠਾਇਆ ਕਲਜੁਗ ਸੋਤਾ, ਜੋਤ ਸਰੂਪੀ ਅੱਗੇ ਰਿਹਾ ਖੜ੍ਹ । ਕਲਜੁਗ ਤੇਰੀ ਅੰਤਮ ਰੁੱਤ । ਪੰਚਮ ਜੇਠ ਪ੍ਰਭ ਏਕਾ ਜੋਤ ਜਗਾਏ ਕਰੇ ਰੁਸ਼ਨਾਏ ਵੱਜੇ ਵਧਾਏ ਚਾਰ ਕੁੰਟ । ਜੀਵ ਜੰਤ ਸਾਧ ਸੰਤ ਪੂਰਨ ਭਗਵੰਤ ਆਦਿ ਅੰਤ ਜੁਗਾ ਜੁਗੰਤ ਬਣਾਏ ਬਣਤ, ਗੁਰਮੁਖਾਂ ਮਿਲੇ ਸਾਚਾ ਕੰਤ । ਇਕ ਸੁਣਾਏ ਸ਼ਬਦ ਛੰਤ, ਸੋਹੰ ਪੱਟੀ ਰਿਹਾ ਪੜ੍ਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਮੇਰੀ ਅੰਤਮ ਵੇਰੀ ਪਾਏ ਫੇਰੀ, ਨਿਹਕਲੰਕ ਵਜਾ ਡੰਕ ਰਾਓ ਰਾਜਾਨ ਰੰਕ ਮਿਟੇ ਸ਼ੰਕ । ਸਾਚੀ ਦੇਵੇ ਨਾਮ ਇਕ ਵਡਿਆਈ । ਵੱਜੇ ਡੰਕ ਚਾਰ ਕੁੰਟ ਹਰਿ ਦੇ ਵਜਾਇਆ । ਸੁਣੇ ਰਾਓ ਰੰਕ ਨਿਹਕਲੰਕ ਪੁਰੀ ਘਨਕ ਜੋਤ ਜਗਾਇਆ । ਆਪ ਸੁਹਾਇਆ ਥਾਨ ਬੰਕ ਏਕਾ ਸ਼ਬਦ ਰਖਾਇਆ ਅੰਕ, ਕੁਰਾਨ ਅੰਜੀਲ ਸਰਬ ਮਿਟਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਦ ਪੁਰਾਨ ਖਾਣੀ ਬਾਣੀ, ਕਰ ਧਿਆਨੀ ਚਤੁਰ ਸੁਜਾਨੀ, ਬ੍ਰਹਮ ਗਿਆਨੀ ਅਠਾਰਾਂ ਧਿਆਏ ਸਾਚੀ ਗੀਤਾ ਸਾਚਾ ਮੀਤਾ ਵੱਖ ਕੀਤਾ, ਪਰਖੇ ਨੀਤਾ ਅੰਤਮ ਦਏ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਬੇਮੁਖ ਤੇਰੀ ਝੋਲੀ ਸਾਚੀ ਡੋਲੀ, ਅੰਤਮ ਵੇਲੇ ਬੇਮੁਖ ਜੀਵ ਧਰਮ ਰਾਏ ਦੇ ਬਣੇ ਗੋਲੇ, ਆਪਣੀ ਹੱਥੀਂ ਦਏ ਬਹਾਏ । ਧਰਮ ਰਾਏ ਆਇਆ ਚਲ ਦਵਾਰ । ਨਿਹਕਲੰਕ ਲਿਆ ਮਾਤ ਅਵਤਾਰ । ਦਿਤਾ ਹਰਿ ਇਕ ਪਿਆਰ । ਲੱਖ ਚੁਰਾਸੀ ਘਲੇ ਤੇਰੇ ਘਰ ਸਾਚੇ ਦਰ, ਖੋਲ੍ਹੀਂ ਆਪਣਾ ਇਕ ਕਵਾੜ । ਪ੍ਰਭ ਅਬਿਨਾਸ਼ੀ ਕਿਰਪਾ ਰਿਹਾ ਕਰ, ਧਰਤ ਮਾਤ ਮੰਗੇ ਵਰ, ਬੇਮੁਖ ਜੀਵ ਅੰਤਮ ਅੰਤ ਕਲ ਆਪਣਾ ਆਪ ਗਏ ਹਰ । ਨਾ ਕੋਈ ਤੀਰਥ ਨਾ ਕੋਈ ਸਰ, ਨਾ ਕੋਈ ਮੰਦਰ ਠਾਕਰ ਦਵਾਰ, ਨਾ ਕੋਈ ਗੁਰਦਵਾਰ, ਜੂਠੇ ਝੂਠੇ ਬੈਠੇ ਸਾਰੇ ਮਾਇਆ ਲੂਠੇ ਅੰਦਰ ਵੜ । ਨਿਹਕਲੰਕ ਜਾਮਾ ਪਾਈ, ਧਰਤ ਮਾਤ ਪਾਏ ਦੁਹਾਈ, ਉਤੇ ਆਏ ਚਾਈਂ ਚਾਈਂ, ਪੰਚਮ ਜੇਠ ਨੇੜੇ ਆਈ, ਸ੍ਰਿਸ਼ਟ ਸਬਾਈ ਦਏ ਸੁਣਾਈ, ਚਿੱਟੇ ਅਸਵ ਸਾਚੇ ਘੋੜੇ ਹਰਿ ਜੀ ਬੈਠਾ ਆਸਣ ਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਤਮ ਕਲ ਵਿਚ ਦੇ ਮਤ ਰਿਹਾ ਸਮਝਾਈ । ਦੇਵੇ ਮਤ ਹਰਿ ਕਿਰਪਾ ਕਰ, ਮਾਨਸ ਜਨਮ ਲੱਖ ਚੁਰਾਸੀ ਵਿਚੋਂ ਮਿਲਣਾ, ਗੁਰ ਚਰਨ ਲਾਗ ਜਾਣਾ ਤਰ । ਗਗਨ ਪਾਤਾਲੀ ਪਾਏ ਸਾਰ ਢੂੰਢੇ ਜਾਏ ਮੰਦਰ, ਜੋ ਜਾਏ ਵਿਚ ਉਜਾੜ ਡੂੰਘੀ ਕੰਦਰ, ਨਾ ਕੋਈ ਗੜ੍ਹ ਕਿਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸਚ ਸ਼ਬਦ ਤੀਰ ਚਲਾਏ, ਆਪ ਮਿਟਾਏ ਬੂਰੇ ਕੱਕੇ ਬਿਲਿਆ । ਬੂਰੇ ਕੱਕੇ ਬਿੱਲੇ । ਪੰਚਮ ਜੇਠ ਸਾਰੇ ਹਿੱਲੇ । ਆਪ ਖੋਲ੍ਹੇ ਵਿਚ ਪਤਾਲਾਂ ਬੱਧੇ ਕਿੱਲੇ । ਸਭ ਦੇ ਗਾਨੇ

ਹੋਏ ਢਿੱਲੇ । ਸ਼ਬਦ ਤੀਰ ਇਕ ਚਲਾਇਆ ਖਿੱਚੇ ਸੋਹੰ ਰਸਨਾ ਚਿੱਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਡੇਰਾ ਲਾਏ, ਚਾਰੋਂ ਤਰਫ ਡਗਮਗਾਏ, ਨੌਂ ਖੰਡ ਪ੍ਰਿਥਮੀ ਸੱਤ ਦੀਪ ਵਡ ਮਹੀਪ ਇਕ ਨਿਸ਼ਾਨ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੱਡਾ ਸ਼ਾਹੋ ਭੂਪੀ ਜੋਤ ਸਰੂਪੀ, ਸ੍ਰਿਸ਼ਟ ਸਬਾਈ ਅੰਧ ਕੂਪੀ, ਅੰਤਮ ਕਲ ਦੇਵੇ ਫਲ, ਹਰਿ ਕਾ ਭਾਣਾ ਨਾ ਜਾਏ ਟਲ, ਕਲਜੁਗ ਸਤਿਜੁਗ ਕਰ ਇਕੱਠੇ, ਦੋਵੇਂ ਬੈਲ ਹੋਇਣ ਮੱਠੇ, ਹੌਲੀ ਹੌਲੀ ਹਰਿ ਜੀ ਚਲਾਏ ਹਲ । ਹਰਿ ਜੀ ਸਾਚਾ ਹਲ ਚਲਾਏ । ਪਹਿਲੀ ਕੂਟ ਪਹਿਲਾ ਫੇਰਾ ਪਾਏ । ਹੇਰਾ ਫੇਰਾ ਜਗਤ ਅੰਧੇਰਾ, ਏਕਾ ਏਕ ਕਰਾਏ । ਆਪ ਪਾਏ ਚਾਰੋਂ ਤਰਫ਼ ਘੇਰਾ, ਸ਼ਬਦ ਸਰੂਪੀ ਲਾਏ ਡੇਰਾ, ਦਿਸ ਕਿਸੇ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨੀ ਜੋਤ ਚਾਰ ਚੁਫੇਰੇ ਆਪੇ ਆਪ ਲਗਾਏ । ਅਗਨ ਜੋਤ ਜਾਏ ਲੱਗ । ਪਹਿਲੀ ਕੂਟ ਜਾਏ ਦਗ । ਗੁਰਮੁਖ ਵਿਰਲਾ ਸੰਤ ਜਨ, ਨਿਹਕਲੰਕ ਤੇਰੇ ਚਰਨ ਸਾਚੀ ਸਰਨ ਜਾਏ ਲੱਗ । ਬੇਮੁਖ ਜੀਵ ਅੰਤਮ ਅੰਤ ਮਾਇਆ ਪਾਈ ਕਲ ਬੇਅੰਤ, ਦੇਵੇ ਆਤਮ ਧੀਰਜ ਤਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਜੋਤ ਜਗਾਈ, ਆਪੇ ਪਕੜੇ ਸ਼ਾਹ ਰਗ । ਸ਼ਾਹ ਰਗ ਪਾਵੇ ਹੱਥ । ਬੇਮੁਖਾਂ ਹਰਿ ਪਾਵੇ ਸਥ । ਗੁਰਮੁਖਾਂ ਦੇਵੇ ਸੋਹੰ ਸ਼ਬਦ ਸਾਚੀ ਵਥ । ਆਪ ਚੜ੍ਹਾਏ ਸਾਚੇ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਮਾਤਲੋਕ ਆਇਆ ਜਾਮਾ ਧਰ, ਦੇਵੇ ਵਰ ਕਿਰਪਾ ਕਰ, ਆਪ ਵਖਾਏ ਸੱਚਾ ਘਰ । ਜਿਥੇ ਵਸੇ ਸਾਚਾ ਹਰਿ, ਜੋਤ ਸਰੂਪ ਸਰਬ ਸਮਰੱਥ । ਸਰਬ ਸਮਰੱਥ ਸਰਬ ਘਟ ਜਾਣੇ । ਕਲਜੁਗ ਤੇਰਾ ਅੰਤਮ ਵੇਲਾ ਹਰਿ ਜੀ ਆਣ ਪਛਾਣੇ । ਜੁਗਾ ਜੁਗੰਤ ਲਿਖਦੇ ਆਏ ਵੇਦ ਪੁਰਾਣੇ । । ਕਲਜੁਗ ਜੀਵ ਹੋਏ ਬੇਮੁਹਾਣੇ । ਮਾਇਆ ਰੂਪੀ ਪਾਇਆ ਜਾਲ, ਆਪਣਾ ਤਣਿਆ ਝੂਠਾ ਤਾਣ, ਬੇਮੁਖ ਹੋਏ ਅੰਧ ਅੰਧਿਆਨ, ਨਾ ਸਕੇ ਹਰਿ ਪਛਾਣ । ਨਾ ਮਿਲੇ ਹਰਿ ਮਦੀਨੇ ਮੱਕੇ, ਆਤਮ ਬੈਠਾ ਸਾਚੇ ਘਰ, ਗੁਰਸਿਖ ਸਾਚੇ ਸਾਚਾ ਕਰ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਿਰਦੇ ਵਾਚਾ ਬੇਮੁਖ ਜੀਵ ਦੇਹ ਭਾਂਡਾ ਕਾਚਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਨਾ ਜਾਨਾ । ਆਤਮ ਭੁੱਖ ਉਤਰੇ ਦੁੱਖ ਮਿਲੇ ਗੁਣ ਨਿਧਾਨਿਆ । ਗੁਰਮੁਖ ਸਾਚੇ ਸੰਤ ਅੱਠੇ ਪਹਿਰ ਸੁੱਖਣਾ ਸੁੱਖ, ਦੇਵੇ ਦਰਸ ਕਰ ਤਰਸ ਹਰਿ ਮਿਹਰਬਾਨਿਆ । ਸੁਫਲ ਕਰਾਏ ਮਾਤ ਕੁੱਖ, ਵਡ ਮਨੁੱਖ ਕਰੇ ਚਰਨ ਨਿਧਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਤ ਜੋਤ ਜਗਾਏ ਚਾਰੋਂ ਤਰਫ ਧੂੰਏਂ ਰਹੇ ਧੁਖ, ਪੰਚਮ ਜੇਠ ਫੂਕ ਲਗਾਇਆ । ਧੂੰਆਂ ਧੁੱਖੇ ਵਿਚ ਸੰਸਾਰ । ਚਾਰੋਂ ਕੁੰਟ ਹੋਏ ਵਿਚਾਰ । ਸਾਚਾ ਭਾਣਾ ਕੋਈ ਨਾ ਜਾਣੇ, ਸਾਰੇ ਵੇਖਣ ਰਾਜੇ ਰਾਣੇ, ਨਾ ਪਾਵੇ ਕੋਈ ਸਾਰ । ਕਲਜੁਗ ਅੰਤਮ ਹਰਿ ਜੀ ਸਾਚਾ ਲਾਹੁਣ ਆਇਆ ਮਕਾਣੇ, ਗੁਰਮੁਖ ਸਾਚੇ ਸੰਤ ਜਨ ਨਾਲ ਲਏ ਸਚ ਦੁਲਾਰ । ਆਪੇ ਚਲੇ ਆਪਣੇ ਭਾਣੇ, ਤਣਦਾ ਰਹੇ ਤਾਣੇ, ਜੀਵ ਜੰਤ ਸੁਣੇ ਹਰਿ ਪੁਕਾਰ । ਨਾ ਕੋਈ ਵੇਖੇ ਅੰਨ੍ਹੇ ਕਾਣੇ । ਨਾ ਕੋਈ ਜਾਣੇ ਸੁਘੜ ਸਿਆਣੇ । ਉਤਰੇ ਪਾਰ ਜੋ ਜਨ ਕਰੇ ਚਰਨ ਧਿਆਨੇ । ਅੰਤਮ ਕਰੇ ਪਾਰ, ਏਕਾ ਮਾਰੇ ਸ਼ਬਦ ਬਾਣੇ ਗੁਣ ਨਿਧਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲਗੀ ਧਰ, ਸਾਚਾ ਹਰਿ ਨਰਾਇਣ ਨਰ, ਹਰਿ ਹਰਿ ਹਰਿ ਹਰਾ ਕਰਤਾਰੇ । ਚਾਰੋਂ ਤਰਫ ਹਰਿ ਜੀ ਵੇਖੇ । ਪਹਿਲੀ ਕੂਟ, ਸ਼ਬਦ ਤੀਰ ਜਾਣਾ ਛੂਟ, ਸ੍ਰਿਸ਼ਟ ਸਬਾਈ ਨੇਤਰ ਪੇਖੇ । ਗੁਰਮੁਖ ਸਾਚੇ ਸੰਤ ਜਨ ਸ਼ਬਦ ਪੰਘੂੜਾ ਰਹੇ ਝੂਟ, ਆਪ ਮਿਟਾਏ ਔਲੀਏ ਪੀਰ ਵਡ ਵਡ ਸ਼ੇਖ਼ੇ ।

ਆਪ ਲਗਾਏ ਗੁਰਮੁਖ ਮਾਤ ਸਾਚੇ ਬੂਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਮਾਤ ਲਗਾਈ ਸਾਚੀ ਮੇਖੇ । ਸਤਿਜੁਗ ਸਾਚਾ ਮਾਤ ਧਰਾਇਆ । ਪਹਿਲੀ ਮਾਘੀ ਜਨਮ ਦਵਾਇਆ । ਸਤਿ ਸਰੂਪੀ ਵਿਚ ਸਮਾਇਆ । ਬੇਮੁਖਾਂ ਆਤਮ ਰਹੀ ਸੋਤੀ, ਅੰਤਮ ਵੇਲੇ ਦੇਣ ਦੁਹਾਇਆ । ਗੁਰਮੁਖ ਲੱਗਾ ਸੱਚਾ ਨੇਂਹ, ਅੰਮ੍ਰਿਤ ਬਰਸੇ ਸਾਚਾ ਮੇਂਹ, ਆਤਮ ਦੇਵੇ ਧੀਰ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਨਾ ਕੋਈ ਹੋਏ ਹੋਰ ਸਹਾਇਆ । ਤੇਰਾ ਹੋਏ ਨਾ ਕੋਈ ਸਹਾਈ । ਚਾਰੋਂ ਕੁੰਟ ਦਏ ਦੁਹਾਈ । ਭੈਣਾਂ ਛੱਡਣ ਆਪਣੇ ਭਾਈ । ਮਾਵਾਂ ਪੁੱਤਾਂ ਸੁਧ ਨਾ ਰਾਈ । ਹਰਿ ਜੀ ਵੱਢੇ ਨੱਕ ਗੁੱਤਾ, ਬੇਮੁਖਾਂ ਮੁਖ ਲਾਏ ਛਾਹੀ । ਪਾਉਣ ਨਾ ਦੇਵੇ ਕਿਸੇ ਜੁੱਤਾ, ਚਾਰੋਂ ਤਰਫ ਰਿਹਾ ਸ਼ਬਦ ਚਲਾਈ । ਕਲਜੁਗ ਤੇਰੀ ਆਪ ਸੁਹਾਈ ਰੁੱਤਾ, ਦੇਵੇ ਤੇਰੀ ਅਲਖ ਮੁਕਾਈ । ਦਰ ਘਰ ਸਾਚੇ ਹੋਇਆ ਬੇਮੁਖਾ, ਜੂਠਾ ਝੂਠਾ ਕੁੱਤਾ ਨਾ ਮਿਲੇ ਕਿਤੇ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਉਠਾਇਆ ਸੁੱਤਾ, ਦੇਵੇ ਮਾਤ ਜਨਮ ਦਵਾਈ । ਸਤਿਜੁਗ ਉਠ ਉਠ ਬਲਧਾਰ । ਧਰਤ ਮਾਤ ਕਰੇ ਪੁਕਾਰ । ਕਲਜੁਗ ਜੂਠਾ ਝੂਠਾ ਅੰਤਮ ਹੋਇਆ ਵਡ ਖੁਆਰ । ਮੂਧਾ ਹੋਇਆ ਪਾਪਾਂ ਠੂਠਾ, ਨਾ ਕੋਈ ਪਾਵੇ ਸਾਰ । ਗੁਰਮੁਖਾਂ ਮਿਲੇ ਨਾਮ ਰਸ ਅਨੂਠਾ, ਦੇਵੇ ਆਪ ਹਰਿ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਫੜ ਕੇ ਬਾਹੋਂ ਗਲੇ ਲਗਾਏ, ਕਰੇ ਠੰਡੇ ਠਾਰ । ਸਤਿਜੁਗ ਉਠ ਕਰ ਤਿਆਰੀ । ਲੱਖ ਚੁਰਾਸੀ ਵਿਚ ਮਾਤ ਹੋਈ ਬੜੀ ਖੁਆਰੀ । ਦਿਵਸ ਰੈਣ ਅੱਠੇ ਪਹਿਰ, ਦੋਏ ਜੋੜ ਧਰਤ ਮਾਤ ਕਰੇ ਪੁਕਾਰੀ । ਕੋਈ ਨਾ ਬਣਦਾ ਮੇਰਾ ਸਾਕ ਸੱਜਣ ਸੈਣ, ਅੱਠ ਸੱਠ ਤੀਰਥ ਬੇਮੁਖ ਜੀਵ ਰਹੇ ਝੱਖ ਮਾਰੀ । ਨਾ ਕੋਈ ਵੇਖਣ ਭਾਈ ਭੈਣ, ਧੀਆਂ ਪੁੱਤਾਂ ਹੋਏ ਖੁਆਰੀ । ਨਿਹਕਲੰਕ ਜਾਮਾ ਧਾਰ ਕਰ ਵਿਚਾਰ ਵਿਚ ਸੰਸਾਰ, ਅੰਤਮ ਕਲ ਆਈ ਹਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਸਭ ਦੀ ਸਾਰੀ । ਸਤਿਜੁਗ ਸਾਚੇ ਸੁਰਤ ਸੰਭਾਲੀ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਕਰ ਮੇਰੀ ਰਖਵਾਲੀ । ਮੈਂ ਜਾਵਾਂ ਮਾਤ ਗੁਰਸਿਖਾਂ ਦਰ ਸਾਚੇ ਘਰ ਬਣਾਂ ਜਾ ਸਵਾਲੀ । ਮੰਗਾਂ ਸੱਚਾ ਵਰ ਵਿਚ ਮਾਤ ਜਾਵਾਂ ਤਰ, ਨਿਹਕਲੰਕ ਜਿਸ ਤੇਰੀ ਸੇਵ ਕਮਾ ਲੀ । ਇਕ ਬਣਾਵਾਂ ਸੱਚਾ ਸਰ, ਚਾਰ ਵਰਨ ਆਏ ਦਰ, ਦੂਜਾ ਰੱਖੇ ਨਾ ਕੋਈ ਘਰ, ਮਸਤੂਆਣਾ ਸਾਚੀ ਜੋਤ ਜਗਾ ਲੀ । ਅੱਠ ਸੱਠ ਤੀਰਥ ਗਏ ਹਰ, ਆਪਣਾ ਕੀਤਾ ਲੈਣਾ ਭਰ, ਚਾਰੋਂ ਕੁੰਟ ਆਉਣਾ ਡਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲੇਖ ਲਿਖਾਏ, ਮੇਖ ਸਤਿਜੁਗ ਤੇਰੀ ਆਪਣੀ ਹੱਥੀਂ ਆਪ ਲਗਾ ਲੀ । ਲਿਖਾਇਆ ਲੇਖ ਸਤਿਜੁਗ ਤੇਰਾ, ਪ੍ਰਭ ਅਬਿਨਾਸ਼ੀ ਜੋਤ ਸਰੂਪੀ ਜਾਮਾ ਧਾਰ ਨਿਹਕਲੰਕ ਪਹਿਲੀ ਵੇਰਾਂ, ਸਾਚਾ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਡੰਕ ਵਜਾਏ, ਸਿੰਘਾਸਣ ਬੈਠਾ ਡੇਰਾ ਲਾਏ, ਆਪਣੀ ਖੇਲ ਆਪ ਰਚਾ ਲੀ । ਰਸਨਾ ਖਿਚੇ ਇਕ ਕਮਾਨ, ਸੋਹੰ ਤੀਰ ਚਲਾਏ । ਬੇਮੁਖ ਜੋ ਜੀਵ ਵਡ ਸ਼ੈਤਾਨ ਹਰਿ ਉਠਾਏ । ਜੋ ਜਨ ਹੋਏ ਬੇਈਮਾਨ, ਰਣ ਭੂਮੀ ਹਰਿ ਵਿਚ ਲਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਹਰਿ ਆਪ ਸਮਾਏ । ਆਪਣਾ ਭਾਣਾ ਆਪਣੇ ਹੱਥ ਰਖਾਇਆ । ਨਾ ਕੋਈ ਜਾਣੇ ਰਾਜਾ ਰਾਣਾ ਨਾ ਕਿਸੇ ਭੇਵ ਚੁਕਾਇਆ । ਨਾ ਕੋਈ ਜਾਣੇ ਸੁਘੜ ਸਿਆਣਾ, ਨਾ ਕੋਈ ਜਾਣੇ ਵੇਦ ਪੁਰਾਨਾ, ਖਾਣੀ ਬਾਣੀ ਰਹੇ ਸਭ ਗਾਇਆ । ਨਾ ਕੋਈ ਜਾਣੇ ਅੰਜੀਲ ਕੁਰਾਨਾ, ਨਾ ਕੋਈ ਜਾਣੇ ਸ਼ਾਹ ਸੁਲਤਾਨਾ, ਨਾ ਕੋਈ ਜਾਣੇ ਬਾਲ ਅੰਞਾਣਾ, ਸਾਚਾ ਹਰਿ ਏਕਾ ਘਰ ਇਕੋ ਇਕ ਸਿਆਣਾ, ਮਹਾਰਾਜ

੫੮
੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਮਿਹਰਬਾਨ ਨਿਗਾਹਬਾਨ ਕਰੇ ਧਿਆਨ ਚਾਰ ਕੁੰਟ ਏਕਾ ਸ਼ਬਦ ਉਡਾਨ ਵਾਲੀ ਦੋ ਜਹਾਨ ਰਿਹਾ ਆਪ ਲਗਾਇਆ । ਸ਼ਬਦ ਉਡਾਰੀ ਆਪ ਲਗਾਇੰਦਾ । ਬੇਮੁਖਾਂ ਹੋਏ ਖ਼ਵਾਰੀ, ਕਲਜੁਗ ਵੇਲਾ ਅੰਤਮ ਆਇੰਦਾ । ਮੁਕਦੀ ਜਾਏ ਚਾਰ ਯਾਰੀ, ਸੰਗ ਮੁਹੰਮਦ ਆਪ ਰਲਾਇੰਦਾ । ਪਹਿਲੀ ਕੂਟ ਆਈ ਭਾਰੀ, ਉਤੇ ਫੇਰੇ ਸੋਹੰ ਤਿੱਖੀ ਆਰੀ, ਦੋ ਧੜ ਆਪ ਕਰਾਇੰਦਾ । ਲੇਖਾ ਦੇਣਾ ਪੈਣਾ ਸਭ ਨੂੰ ਵਾਰੋ ਵਾਰੀ, ਉਹਲਾ ਪੜਦਾ ਨਾ ਕੋਈ ਰਖਾਇੰਦਾ । ਲਾੜੀ ਮੌਤ ਘਰ ਘਰ ਦਏ ਬਹਾਰੀ, ਖੋਲ੍ਹ ਬੰਦ ਕਵਾੜ ਸਭ ਦੇ ਅੰਦਰ, ਜੀਵ ਜੰਤ ਨਰ ਨਾਰ ਨਾ ਕੋਈ ਬਚਾਇੰਦਾ । ਪੰਚਮ ਜੇਠ ਨੇੜੇ ਆਇੰਦਾ । ਨਾ ਕਿਸੇ ਦਿਸੇ ਪਿਛਾ ਅਗਾੜ, ਪਿੱਛੇ ਲੱਗੀ ਵਡੀ ਧਾੜ, ਜੂਠੇ ਝੂਠੇ ਮਾਰ ਮੁਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਲਾਏ ਸ਼ਬਦ ਵਾਢੀ, ਲੱਖ ਚੁਰਾਸੀ ਵੱਢੇ ਪਹਿਲੀ ਹਾੜੀ, ਭਾਣਾ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਪੱਕੀ ਹਾੜੀ । ਕਲਜੁਗ ਜੀਵ ਕਿਸਮਤ ਮਾੜੀ । ਪ੍ਰਭ ਅਬਿਨਾਸ਼ੀ ਜਾਮਾ ਪਾਇਆ ਦਿਸ ਨਾ ਆਇਆ, ਲੱਭਦੇ ਫਿਰਨੇ ਵਿਚ ਜੰਗਲ ਜੂਹ ਉਜਾੜ ਪਹਾੜੀ । ਮਾਝੇ ਦੇਸ ਲੱਗਾ ਭਾਗ, ਘਨਕਪੁਰ ਹਰਿ ਵਾਸ ਰਖਾਇਆ । ਸਾਚੀ ਜੋਤ ਦਏ ਜਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸ਼ਬਦ ਗਿਆਨ ਸਚ ਨਿਸ਼ਾਨ, ਸਿੱਧਾ ਤੀਰ ਇਕ ਚਲਾਇਆ । ਇਕ ਚੱਲੇ ਸਿੱਧਾ ਤੀਰ । ਚਾਰ ਕੁੰਟ ਹੋਏ ਵਹੀਰ । ਕਿਸੇ ਹੱਥ ਨਾ ਆਵੇ ਨੀਰ । ਆਪ ਮਿਟਾਏ ਸ਼ੇਖ਼ ਔਲੀਏ ਪੀਰ ਦਸਤਗੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਰਾਣਾ ਪਹਿਨੇ ਚਿੱਟਾ ਬਾਣਾ, ਪੰਚਮ ਜੇਠ ਵਕਤ ਅਖ਼ੀਰ । ਪੰਚਮ ਜੇਠ ਜੋਤ ਜਗਾਏ । ਜੋਤ ਸਰੂਪ ਡਗਮਗਾਏ । ਬੇਮੁਖਾਂ ਹਰਿ ਦਿਸ ਨਾ ਆਏ । ਅੰਤਮ ਵੇਲੇ ਗੁਰਸਿਖਾਂ ੫੯

੦੪ ਹੋਏ ਸਹਾਏ । ਫੜ ਕੇ ਬਾਹੋਂ ਰਾਹੇ ਪਾਏ । ਕਟੇ ਗਲੋਂ ਜਮ ਕੀ ਫਾਹੇ । ਧਰਮ ਰਾਜ ਹਰਿ ਦਰ ਸਾਚੇ ਘਰ ਰਿਹਾ ਸ਼ਰਮਾਏ । ਗੁਰਮੁਖ ੦੪

ਸਾਚੇ ਸੰਤ ਜਨਾਂ ਸਚ ਘਰ ਵਾਸ, ਪ੍ਰਭ ਹੋਏ ਆਪ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਣੀ ਜਾਣ ਇਕ ਲਿਆਏ ਸ਼ਬਦ ਬਬਾਣ, ਗੁਰਮੁਖ ਸਾਚੇ ਅੰਤਮ ਕਲ ਮਾਤਲੋਕ ਉਪਰ ਆਪ ਚੜ੍ਹਾਏ । ਇਕੋ ਇਕ ਸਿੱਧਾ ਤੀਰ ਬੇਮੁਖਾਂ ਰਿਹਾ ਚੀਰ, ਆਪਣੀਂ ਹੱਥੀਂ ਆਪ ਚਲਾਏ । ਤੀਰ ਨਿਸ਼ਾਨਾ ਜਾਏ ਛੁੱਟ । ਕਾਇਆ ਮਾਟੀ ਭਾਂਡਾ ਕਾਚਾ, ਅੰਤਮ ਜਾਣਾ ਫੁੱਟ । ਗੁਰਮੁਖ ਸਾਚੇ ਚਰਨ ਲਗਾਏ, ਅੰਮ੍ਰਿਤ ਸਾਚਾ ਸੀਰ ਪਿਆਏ, ਗੁਰਸਿਖ ਪੀਣ ਪ੍ਰਭ ਦਰ ਰੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘਾਸਣ ਡੇਰਾ ਲਾਏ, ਗੁਰਮੁਖਾਂ ਵਿਚ ਰਿਹਾ ਸਜ । ਸਚ ਸਿੰਘਾਸਣ ਸਚ ਅਸਥਾਨ । ਜੋਤ ਸਰੂਪੀ ਬੈਠਾ ਹਰਿ ਭਗਵਾਨ । ਸ੍ਰਿਸ਼ਟ ਸਬਾਈ ਆਤਮ ਵੇਖੇ, ਕਰੇ ਕਰਾਏ ਜੋ ਮਨ ਭਾਏ, ਸਰਬ ਜੀਆਂ ਹਰਿ ਜਾਣੀ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦੇਵੇ ਸ਼ਬਦ ਨਿਸ਼ਾਨ । ਗੁਰ ਸੰਗਤ ਸਦ ਸਦ ਬਲਿਹਾਰਿਆ । ਚਲ ਆਏ ਹਰਿ ਚਰਨ ਦਵਾਰਿਆ । ਮਿਲੇ ਸੱਚੀ ਸਰਨਾਈ ਮਿਟਾਏ ਕਲਜੁਗ ਛਾਹੀ, ਸੋਹੰ ਸਾਬਣ ਨਾਲ ਧਵਾ ਲਿਆ । ਆਪ ਕਟਾਏ ਜਮ ਕੀ ਫਾਹੀ, ਲੱਖ ਚੁਰਾਸੀ ਦਏ ਛੁਡਾਈ, ਸਾਚਾ ਅੰਮ੍ਰਿਤ ਜਾਮ ਪਿਆਈ, ਜੋ ਜਨ ਚਰਨ ਧਿਆਨ ਰਖਾਈ । ਗੁਰਮੁਖ ਬੇਮੁਖ ਦੋਹਾਂ ਰੱਖੇ ਥਾਉਂ ਥਾਈਂ । ਕਰੇ ਪਹਿਚਾਨ ਹਰਿ ਭਗਵਾਨ ਸਰਬ ਜੀਆਂ ਦਾ ਜਾਣੀ ਜਾਣ, ਭੇਵ ਰੱਖੇ ਨਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਰ ਆਈ ਦੇਵੇ ਵਰ ਬੈਠਾ ਸੱਚੇ ਘਰ, ਅੰਮ੍ਰਿਤ ਫੁੱਲ ਸਾਚੇ ਘਰ ਰਿਹਾ ਬਰਸਾਈ । ਅੰਮ੍ਰਿਤ ਮੇਘ ਵਸੇ ਧਾਰ । ਗੁਰਸਿਖ ਝਿਰਨਾ ਝਿਰੇ ਤੇਰੀ ਆਤਮ ਸਚ ਸੱਚੇ ਘਰ ਬਾਹਰ । ਪ੍ਰਭ

ਅਬਿਨਾਸ਼ੀ ਘਰ ਆਏ ਤੇਰੇ ਕਾਰਜ ਸਰੇ ਭੰਡਾਰੇ ਭਰੇ, ਨਿਖੁੱਟ ਨਾ ਜਾਏ ਵਿਚ ਸੰਸਾਰ । ਚੁਕਾਏ ਜਮ ਕਾ ਡਰੇ, ਨੁਹਾਏ ਅੰਮ੍ਰਿਤ ਸਰੇ, ਸੁਹਾਏ ਸਾਚੇ ਘਰੇ, ਗੁਰਮੁਖ ਸਾਚਾ ਨਾ ਜਨਮੇ ਨਾ ਮਰੇ, ਜੋਤ ਸਰੂਪੀ ਜੋਤ ਹਰਿ ਚਰਨ ਪ੍ਰੀਤੀ ਨਿਭਾਏ ਨਾਲ । ਪੂਰੇ ਕਾਰਜ ਘਰ ਘਰ ਕਰੇ । ਜੋਤ ਸਰੂਪ ਨਰ ਹਰਿ ਹਰਿ ਨਰੇ । ਗੁਰਮੁਖ ਵਿਰਲਾ ਵਿਚ ਮਾਤ ਸੰਤ ਦਰ ਘਰ ਸਾਚੇ ਲੈਣ ਵਰੇ । ਹਰਿ ਕਾ ਭਾਣਾ ਅੰਤਮ ਅੰਤ ਸਾਚਾ ਸੰਤ ਜਰੇ । ਸਾਚਾ ਹੁਕਮ ਹਰਿ ਸੁਨਾਣਾ, ਮਦਿਰਾ ਮਾਸੀ ਦੰਡ ਅੰਤਮ ਭਰੇ । ਧਰਮ ਰਾਏ ਵਿਚ ਅੱਧ ਦੇ ਫੜੇ, ਡੂੰਘੀ ਕੰਦਰ ਰਹੇ ਅੰਦਰ ਵੜੇ, ਲੇਖਾ ਕਾਢੇ ਨਾ ਦੇਵੇ ਕਿਸੇ ਛੱਡ, ਹੱਡ ਹੱਡ ਕਰੇ ਅੱਡ ਅੱਡ, ਵੱਢ ਵੱਢ ਚਿਤੁਰ ਗੁਪਤ ਅੱਗੇ ਧਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੈ ਜਾਏ ਸਚਖੰਡ ਆਪਣੇ ਦਰੇ । ਗੁਰ ਸੰਗਤ ਸੰਗਤ ਗੁਰ, ਮੇਲ ਮਿਲਾਵਾ ਲਿਖਿਆ ਧੁਰ । ਨਿਹਕਲੰਕ ਕਲ ਜੋਤ ਪ੍ਰਗਟਾਈ, ਪਿੰਡ ਲਿਖਾਏ ਘਨਕਪੁਰ । ਤੀਨ ਲੋਕ ਵੱਜੇ ਵਧਾਈ, ਚਰਨ ਆਏ ਕਰੋੜ ਤੇਤੀਸਾ ਸੁਰ । ਬ੍ਰਹਮਾ ਵਿਸ਼ਨ ਮਹੇਸ਼ ਹੋਏ ਦਰ ਦਰਵੇਸ਼, ਵਿਸ਼ਨੂੰ ਇਕ ਅਕਾਰ ਜੋਤ ਕਰਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਸਾਧ ਸੰਗਤ ਜੋ ਜਨ ਆਏ ਦਰ ਸਾਚੇ ਮੰਗਤ, ਦਰਗਹਿ ਸਾਚੀ ਮਿਲੇ ਵਡ ਵਡਿਆਈ । ਦਰਗਹਿ ਸਾਚੀ ਮਿਲਦਾ ਮਾਣ । ਜੋ ਜਨ ਕਰੇ ਚਰਨ ਧਿਆਨ । ਆਪ ਲਗਾਏ ਇਕ ਬਾਣ । ਇੰਦਲੋਕ ਬ੍ਰਹਮਲੋਕ ਸ਼ਿਵਲੋਕ ਤਜਾਏ, ਆਪ ਟਪਾਏ ਚੌਦਾਂ ਲੋਕ, ਲੋਕ ਪ੍ਰਲੋਕ ਜੋਤੀ ਮੇਲ ਮਿਲਾਨ । ਗੁਰਮੁੱਖ ਤੈਨੂੰ ਕੋਈ ਨਾ ਸਕੇ ਰੋਕ, ਜਮਦੂਤ ਦੋਏ ਜੋੜ ਤੇਰੇ ਚਰਨ ਸੀਸ ਝੁਕਾਣ । ਇਕ ਸੁਣਾਇਆ ਸ਼ਬਦ ਸਲੋਕ, ਸੋਹੰ ਸ਼ਬਦ ਜੋ ਜਨ ਰਸਨਾ ਗਾਣ । ਅੰਤਮ ਮਿਲਣਾ ਸਾਚੀ ਜੋਤ, ਲੱਖ ਚੁਰਾਸੀ ਫੰਦ ਕਟਾਣ । ਨਾ ਹੋਣਾ ਕਦੇ ਕੋਈ ਵਿਚ

੬੦ ੦੪ ਮਾਤ ਦੋਖ, ਦੇਵੇ ਦਰਸ ਹਰਿ ਭਗਵਾਨ । ਸੁਫਲ ਕਰਾਈ ਮਾਤ ਕੁੱਖ, ਝੁਲਾਏ ਇਕ ਸੱਚਾ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਮਿਟਾਏ ਜਮ ਕੀ ਕਾਨ । ਗੁਰ ਸੰਗਤ ਗੁਰ ਦਰ ਵੇਖ । ਜੋਤ ਸਰੂਪੀ ਏਕਾ ਭੇਖ । ਸ੍ਰਿਸ਼ਟ ਸਬਾਈ ਲਿਖਾਏ ਸਾਚੇ ਲੇਖ । ਸਾਚੇ ਮਾਰਗ ਆਪੇ ਪਾਏ, ਸ਼ਬਦ ਘੋੜੇ ਦਏ ਚੜ੍ਹਾਏ, ਵਿਚ ਆਤਮ ਲਾਏ ਸਾਚੀ ਮੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਏ, ਪੜ੍ਹ ਪੜ੍ਹ ਥੱਕੇ ਪੰਡਤ ਬ੍ਰਹਮ ਗਿਆਨੀ ਵਡ ਧਿਆਨੀ ਉਚ ਇਸ਼ਨਾਨੀ, ਕਿਸੇ ਨਾ ਮਿਲੇ ਸੱਚਾ ਹਰਿ ਇਕ ਨਿਸ਼ਾਨੀ, ਗਲੀਂ ਪਾਈ ਫਿਰਨ ਗਾਨੀ, ਵਡ ਵਡ ਔਲੀਏ ਪੀਰ ਸ਼ੇਖ਼ । ਔਲੀਆ ਪੀਰ ਸ਼ੇਖ਼ ਵਡ ਮੁਲਾਨਾ । ਕਿਸੇ ਹੱਥ ਨਾ ਹਰਿ ਜੀ ਆਣਾ । ਪੜ੍ਹ ਪੜ੍ਹ ਥੱਕੇ ਚਾਰੇ ਵੇਦ ਕੋਈ ਨਾ ਪਾਏ ਭੇਦ, ਵਿਚਾਰੇ ਦਸ ਅਠ ਅਠ ਦਸ ਪੁਰਾਨਾ । ਪ੍ਰਭ ਅਬਿਨਾਸ਼ੀ ਅਛਲ ਅਛੇਦ, ਕਿਸੇ ਦਿਸ ਨਾ ਆਏ ਵਡਾ ਸ਼ਾਹ ਸੁਲਤਾਨਾ । ਸ੍ਰਿਸ਼ਟ ਸਬਾਈ ਹੋਏ ਖੇਦ, ਬੇਮੁਖਾਂ ਆਤਮ ਸੁੰਞ ਮਸਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਖੋਲ੍ਹੇ ਸਾਚਾ ਭੇਦ, ਦੇਵੇ ਸ਼ਬਦ ਸੱਚਾ ਇਕ ਗਿਆਨਾ । ਸ਼ਬਦ ਗਿਆਨ ਧੁਰ ਫ਼ਰਮਾਣ, ਹਰਿ ਭਗਵਾਨ ਦੇਵੇ ਵਿਚ ਜਹਾਨ । ਜੀਵਾਂ ਜੰਤਾਂ ਸਾਧਾਂ ਸੰਤਾਂ ਦੇਵੇ ਦਾਨ । ਜੋ ਜਨ ਚਰਨ ਸੀਸ ਨਿਵਾਏ ਕਰ ਧਿਆਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹਿਰਦੇ ਵਾਚਾ ਦੇਵੇ ਨਾਮ ਗੁਣਵੰਤ ਗੁਣੀ ਨਿਧਾਨ । ਪੁਰਖ ਅਬਿਨਾਸ਼ੀ ਸਰਬ ਘਟ ਵਾਸੀ, ਸ੍ਰਿਸ਼ਟ ਸਬਾਈ ਕਰੇ ਦਾਸੀ । ਚਾਰ ਵਰਨ ਆਏ ਸਰਨ, ਚੁਕਾਏ ਮਰਨ ਡਰਨ ਹਰਿ ਨਿਰੰਕਾਰੀ । ਬੇਮੁਖ ਜੀਵ ਜੂਠਾ ਝੂਠਾ ਪਾਣੀ ਭਰਨ, ਅੰਤਮ ਵੇਲੇ ਸਾਰੇ ਮਰਨ, ਧਰਮ ਰਾਏ ਦੀ ਜਾਇਣ ਸਰਨ, ਦੁੱਖ ਲੱਗੇ ਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਆਤਮ

ਸਾਚੀ ਜੋਤ ਬਲੋਏ, ਅਗਿਆਨ ਅੰਧੇਰ ਰਹੇ ਨਾ ਕੋਇ, ਕਰੇ ਇਕ ਉਜਿਆਰੀ । ਆਤਮ ਹੋਏ ਇਕ ਉਜਿਆਰ । ਦੀਪਕ ਜਗੇ ਜਗੇ ਜੋਤੀ, ਗੁਰਮੁਖ ਬਣ ਗਿਆ ਮਾਣਕ ਮੋਤੀ, ਆਪ ਉਠਾਏ ਆਤਮ ਸੋਤੀ, ਦੁਰਮਤ ਮੈਲ ਜਾਏ ਧੋਤੀ, ਸੋਹੰ ਸ਼ਬਦ ਰਸਨ ਉਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਰ ਹਰਿ ਸਾਚਾ ਦੇਵੇ ਸ਼ਬਦ ਅਪਾਰ । ਸ਼ਬਦ ਅਪਾਰ ਅਗੰਮ ਅਥਾਹ । ਨਾ ਕੋਈ ਪਾਵੇ ਸਾਰ, ਨਾ ਜਾਣੇ ਧਾਰ ਕਰ ਵਿਚਾਰ, ਵਿਚ ਸੰਸਾਰ ਡੁੱਬੇ ਮੰਝਧਾਰ, ਨਾ ਦਿਸੇ ਸੱਚਾ ਰਾਹ । ਗੁਰਮੁਖਾਂ ਹਰਿ ਸਾਚਾ ਜਾਏ ਤਾਰ, ਕਰ ਕਰ ਪਿਆਰ, ਦੇਵੇ ਸ਼ਬਦ ਅਪਰ ਅਪਾਰ, ਜੋਤ ਜਗਾਏ ਹਰਿ ਅਪਾਰ, ਇਕ ਦਿਖਾਏ ਸੱਚਾ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵ ਦਰ ਦਰ ਫਿਰਾਏ, ਫਿਰਨ ਹਲਕਾਏ, ਸਾਚੀ ਵਸਤ ਕਿਤੋਂ ਹੱਥ ਨਾ ਆਏ, ਘਰ ਘਰ ਭੌਂਦੇ ਫਿਰਨ ਦਰ ਦਰ ਉਡਦੇ ਦਿਸਣ ਕਾਂ । ਨਾ ਕੋਈ ਸੁਣਾਏ ਸਾਚਾ ਰਾਗ । ਬੇਮੁਖਾਂ ਲੱਗਾ ਆਤਮ ਜੂਠਾ ਝੂਠਾ ਦਾਗ । ਕਲਜੁਗ ਜੀਵ ਅੰਤਮ ਵੇਲਾ ਨੇੜੇ ਆਇਆ, ਬਾਹੋਂ ਪਕੜ ਨਾ ਕਿਸੇ ਜਗਾਇਆ, ਸਾਚੇ ਰਾਹ ਨਾ ਕਿਸੇ ਪਾਇਆ, ਹੋਏ ਮਾੜੇ ਭਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਾਮਾ ਆਪੇ ਪਾਇਆ । ਜੋਤ ਸਰੂਪੀ ਖੇਲ ਰਚਾਇਆ । ਮਾਤ ਪਿਤਾ ਨਾ ਕੋਈ ਬਣਾਇਆ । ਭੈਣਾਂ ਭਈਆ ਨਾਤ ਚੁਕਾਇਆ । ਨਿਤ ਨਵਿਤ ਜੋਤ ਜਗਾਇਆ । ਗੁਰਮੁਖ ਸਾਚੇ ਰਾਖੇ ਸਦਾ ਚਿਤ, ਵੇਲੇ ਅੰਤ ਹੋਏ ਸਹਾਇਆ । ਮਾਨਸ ਜਨਮ ਲੈਣਾ ਜਿੱਤ, ਏਥੋਂ ਚਲੇ ਗਏ ਕਿਤ, ਸਾਚੀ ਵਸਤ ਕਿਸੇ ਹੱਥ ਨਾ ਆਇਆ । ਨਾ
੬੧ ਕੋਈ ਵਾਰ ਨਾ ਕੋਈ ਥਿਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਗੁਰਮੁਖ ਸਾਚੇ ਵਿਚ ਸਮਾਇਆ । ਵਾਰ ਥਿਤ ਹਰਿ ਨਾ ਜਾਣੇ । ੬੧
੦੪ ਨਿਤ ਨਵਿਤ ਆਪ ਚਲਾਏ ਜੋਤ ਜਗਾਏ, ਸਰਬ ਰਖਾਏ ਆਪਣੇ ਭਾਣੇ । ਸ੍ਰਿਸ਼ਟ ਸਬਾਈ ਰਾਜੇ ਰਾਣੇ ਸੁਘੜ ਸਿਆਣੇ ਗੁਰਮੁਖ ਸਾਚੇ ਪਾਰ ਲੰਘਾਏ ੦੪
ਬੇਮੁਖ ਜੀਵ ਅੰਤਮ ਕਲ ਆਪ ਭੁੰਨਾਏ ਜਿਉਂ ਭਠਿਆਲੇ ਦਾਣੇ, ਨਾ ਕੋਈ ਦਏ ਛੁਡਾਏ । ਗੁਰਮੁਖ ਸਾਚਾ ਰੰਗ ਪ੍ਰਭ ਦਰ ਮਾਣੇ, ਆਤਮ ਤ੍ਰਿਖਾ ਦਏ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਮਾਤ ਧਰਾਏ । ਧਰਿਆ ਮਾਤ ਨਾਮ ਨਿਧਾਨ । ਬੱਧਾ ਨਾਤ ਵਿਚ ਜਹਾਨ । ਸਤਿਜੁਗ ਸਾਚੇ ਮਿਲੀ ਦਾਤ ਦੇਵੇ ਹਰਿ ਭਗਵਾਨ । ਚਾਰ ਵਰਨ ਏਕਾ ਸਰਨ, ਬਣਾਏ ਧੀਆਂ ਪੂਤ ਧਰਨੀ ਧਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਇਕ ਇਕਾਂਤ । ਇਕ ਇਕਾਂਤ ਸਦਾ ਇਕੇਲਾ । ਗੁਰਮੁਖ ਸੁਹਾਏ ਤੇਰਾ ਅੰਤਮ ਵੇਲਾ । ਪੰਚਮ ਜੇਠ ਨਰ ਨਰਾਇਣ, ਭਿੰਨੜੀ ਰੈਣ ਗੁਰਮੁੱਖਾਂ ਲਾਏ ਸਾਚਾ ਮੇਲਾ । ਸਾਧ ਸੰਗਤ ਗੁਰ ਚਰਨ ਰਲ ਮਿਲ ਬਹਿਣ, ਦਰਸ ਦਿਖਾਏ ਤੀਜੇ ਨੈਣ, ਰਸਨਾ ਸਕੇ ਨਾ ਕਿਸੇ ਕਹਿਣ, ਅਚਰਜ਼ ਖੇਲ ਪਾਰਬ੍ਰਹਮ ਕਲ ਖੇਲਾ । ਗੁਰਮੁਖਾਂ ਸੋਹੰ ਸ਼ਬਦ ਤਨ ਪਹਿਨਾਏ ਗਹਿਣ, ਬੇਮੁਖ ਜੀਵ ਚਾਰ ਕੁੰਟ ਭੌਂਦੇ ਫਿਰਨ ਪੌਂਦੇ ਵੈਣ, ਹਰਿ ਜੀ ਕਿਤੇ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਇਕੋ ਰੰਗ ਦਿਸੇ ਸੰਗ, ਨੇੜਾ ਦੂਰ ਦੂਰ ਨੇੜਾ ਇਕੋ ਥਾਂ ਰਹਾਏ । ਨਾ ਦੂਰ ਨਾ ਨੇੜੇ । ਅੰਦਰ ਬੈਠਾ ਕਰੇ ਨਬੇੜੇ । ਜਿਸ ਦੇ ਖੁਲ੍ਹੇ ਸਦਾ ਵਿਹੜੇ । ਬੇਮੁਖ ਜੀਵ ਕਰਦੇ ਝੇੜੇ । ਨਾ ਧੀਰ ਧਰਾਏ ਸਾਚੇ ਵਿਹੜੇ । ਨਾ ਕੋਈ ਵੇਖੇ ਨਾ ਪਛਾਣੇ, ਹਰਿ ਜੀ ਵਸੇ ਆਤਮ ਨਗਰ ਸਾਚੇ ਖੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਸੱਚੋ ਸਚ ਹੱਕੋ ਹੱਕ ਕਰੇ ਨਬੇੜੇ । ਸਚ ਨਬੇੜਾ ਦੇਣਾ ਕਰ । ਕਲਜੁਗ ਤੇਰਾ ਹੋਇਆ ਬੰਦ ਦਰ । ਬੇਮੁਖਾਂ ਆਤਮ ਹੋਈ ਅੰਧ, ਨਾ

੬੨
੦੪

੬੨
੦੪

ਦਿਸੇ ਸਾਚਾ ਹਰਿ ਵਸਿਆ ਸਾਚੇ ਘਰ । ਵਿਚ ਹੋਈ ਆਤਮ ਪਾਪਾਂ ਕੰਧ, ਨਾ ਕੋਈ ਪਿਆਏ ਅੰਮ੍ਰਿਤ ਆਤਮ ਸਾਚਾ ਸੀਰ । ਬੇਮੁਖਾਂ ਦੁਖੀ ਹੋਇਆ ਬੰਦ ਬੰਦ, ਇਕ ਹੰਕਾਰ ਪ੍ਰਭ ਦਿਤਾ ਵਡ । ਗੁਰਮੁਖ ਸਾਚਾ ਹਰਿ ਚੜ੍ਹਾਏ ਸਾਚਾ ਚੰਦ, ਦੇਵੇ ਸਾਚਾ ਵਰ । ਆਪ ਉਪਜਾਏ ਪਰਮਾਨੰਦ, ਨਾ ਆਵੇ ਕਿਸੇ ਡਰ । ਮਦਿਰਾ ਮਾਸ ਜੋ ਜਨ ਲਾਉਂਦਾ ਰਹੇ ਬੱਤੀ ਦੰਦ, ਪ੍ਰਭ ਭੰਨੇ ਫੜ ਫੜ । ਸਭ ਦੇ ਅੰਦਰ ਬੈਠਾ ਵੜ, ਦੇਵੇ ਭੰਨ ਜੋ ਲਏ ਘੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਫੜਾਏ ਆਪਣਾ ਲੜ । ਆਪਣਾ ਲੜ ਗੁਰਸਿਖ ਤੇਰੀ ਚੋਲੀ ਦਿਤਾ ਬੰਨ੍ਹ । ਤੇਰੇ ਆਤਮ ਦਰ ਦਵਾਰੇ, ਜਾਏ ਹਰਿ ਜੀ ਖੜ । ਸਾਚਾ ਸ਼ਬਦ ਸੁਣਾਏ ਕੰਨ, ਤੇਰੀ ਕਾਇਆ ਮੰਦਰ ਡੂੰਘੇ ਅੰਦਰ ਹਰਿ ਜੀ ਵੜ । ਪੰਜੇ ਚੋਰ ਬਾਹਰ ਕੱਢੇ ਬਾਹੋਂ ਫੜ । ਆਤਮ ਜਾਏ ਤੀਰ ਲੱਗ, ਬੇਮੁਖਾਂ ਨਾਲ ਅੱਠੇ ਪਹਿਰ ਰਿਹਾ ਲੜ । ਕਿਸੇ ਨਾ ਦਿਸੇ ਛੱਪਰੀ ਛੰਨ, ਅੰਤਮ ਕਲਜੁਗ ਦੇਵੇ ਡੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਤੇਰੀ ਝੋਲੀ ਪਾਏ ਕੋਈ ਨਾ ਲਾਏ ਸੰਨ੍ਹ । ਚੋਰ ਯਾਰ ਨਾ ਕੋਈ ਲੁੱਟੇ ਮਾਲ ਸ਼ਬਦ ਧਨ ਨਾ ਕੋਈ ਕਰੇ ਖੁਆਰ । ਗੁਰਮੁਖ ਵਿਰਲੇ ਬੇੜਾ ਲੈਣਾ ਬੰਨ੍ਹ, ਬੇਮੁਖ ਜੀਵ ਰਹੇ ਝਖ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਹਰਿ ਅਵਤਾਰ । ਨਰ ਹਰੇ ਨਿਰਾਧਾਰ । ਕਿਰਪਾ ਕਰੇ ਵਿਚ ਸੰਸਾਰ । ਆਸਾ ਵਰੇ ਗੁਰਸਿਖ ਸਾਚਾ ਹੋਇਆ ਪਾਰ । ਆਤਮ ਜੋਤੀ ਸਾਚੀ ਧਰੇ, ਜਗਾਏ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸ਼ਬਦ ਜਗਤ ਚਲਾਏ ਵਰਤਾਏ, ਸ੍ਰਿਸ਼ਟ ਸਬਾਈ ਭਰੇ ਰਹਿਣ ਭੰਡਾਰ । ਭਰਿਆ ਰਹੇ ਹਰਿ ਭੰਡਾਰਾ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਬਣਿਆ ਰਹੇ ਵਰਤਾਰਾ । ਨਾ ਮੁੱਕੇ ਨਾ ਸੁੱਕੇ ਨਾ ਰੁਕੇ ਸਦ ਭੰਡਾਰ ਅਤੁੱਟੇ, ਖੁਲ੍ਹੇ ਰਹਿਣ ਦਵਾਰਾ । ਬੇਮੁਖਾਂ ਜੜ੍ਹ ਆਪੇ ਪੁੱਟੇ, ਸ਼ਬਦ ਤੀਰ ਦੋਵੇਂ ਰੱਖੀਆਂ ਤਿੱਖੀਆਂ ਧਾਰਾਂ । ਕਲਜੁਗ ਤੇਰੀ ਚੋਗ ਨਿਖੁੱਟੇ, ਜੂਠਾ ਝੂਠਾ ਫੜ ਫੜ ਹਰਿ ਕੁੱਟੇ, ਫੜ ਫੜ ਕੱਢੇ ਬਾਹਰ ਚਰਨ ਦਵਾਰਾ । ਸਤਿਜੁਗ ਤੇਰੀ ਪਹੁ ਫੁੱਟੇ, ਗੁਰਸਿਖ ਸਾਚਾ ਲਾਹਾ ਲੁੱਟੇ, ਅੰਮ੍ਰਿਤ ਪੀਏ ਪਹਿਲੀ ਘੁਟੇ, ਦਿਸੇ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਵਖਾਏ ਆਪਣਾ ਇਕੋ ਇਕ ਦਰਬਾਰਾ । ਇਕੋ ਇਕ ਸੱਚਾ ਦਰਬਾਰ । ਜਿਥੇ ਵਸੇ ਹਰਿ ਨਿਰੰਕਾਰ । ਹੋਏ ਪ੍ਰਕਾਸ਼ ਕੋਟ ਰਵ ਸੱਸੇ ਅਗੰਮ ਅਪਾਰ । ਸ਼ਬਦ ਘੋੜੇ ਤੰਗ ਕਸੇ, ਪੰਚਮ ਜੇਠ ਹੋਏ ਅਸਵਾਰ, ਬੇਮੁਖਾਂ ਆਤਮ ਰਹੇ ਦੁੱਖੇ, ਰੈਣ ਅੰਧ ਅੰਧਿਆਰ । ਗੁਰਮੁਖਾਂ ਰਾਹ ਸਚਾ ਦੱਸੇ, ਬੰਨ੍ਹੇ ਸਾਚੀ ਧਾਰ । ਕਲਜੁਗ ਜੂਠਾ ਝੂਠਾ ਮਾਤਲੋਕ ਵਿਚੋਂ ਨੱਸੇ, ਸ਼ਬਦ ਡੰਡਾ ਲੱਗੇ ਭਾਰ । ਸਤਿਜੁਗ ਸਾਚਾ ਧਰਤ ਮਾਤ ਤੇਰੀ ਝੋਲੀ ਵਸੇ, ਗੁਰਮੁਖਾਂ ਕਲ ਵੇਖ ਵੇਖ ਹੱਸੇ, ਬੇਮੁਖ ਦਰ ਤੋਂ ਜਾਇਣ ਨੱਸੇ, ਜੋ ਰਹੇ ਝਖ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਤਿਜੁਗ ਦੋਵੇਂ ਇਕੱਠੇ ਕਰਾਏ, ਇਕ ਦੂਜੇ ਨੂੰ ਰਹੇ ਹੱਥ ਮਿਲਾ । ਕਲਜੁਗ ਸਤਿਜੁਗ ਦੋਵੇਂ ਦਵਾਰ । ਪ੍ਰਭ ਅਬਿਨਾਸ਼ੀ ਕਰੇ ਵਿਚਾਰ । ਕਲਜੁਗ ਝੂਠਾ ਜੂਠਾ, ਪ੍ਰਭ ਚਰਨ ਡਿੱਗਾ ਮੂੰਹ ਦੇ ਭਾਰ । ਚੌਥਾ ਜੁਗ ਰਿਹਾ ਰੂਠਾ, ਲੱਖ ਚੁਰਾਸੀ ਬਣਿਆ ਮੂਠਾ, ਧਰਮ ਰਾਏ ਦਰ ਕਰੇ ਪੁਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਧਰਤ ਮਾਤ ਤੇਰੀ ਗੋਦ ਦਏ ਬਿਠਾਲ । ਕਲਜੁਗ ਸਤਿਜੁਗ ਦਰ ਦਰਬਾਨ । ਅੱਗੇ ਖੜੇ ਹਰਿ ਮਿਹਰਵਾਨ । ਦੋਵੇਂ ਕਰਨ ਚਰਨ ਧਿਆਨ । ਅੰਤਮ ਵੇਲਾ ਕਲਜੁਗ ਹੋਇਆ ਵੇਦ ਅਥਰਬਣ ਅੱਲਾ ਅਲਾਹੀ ਭਰਿਆ ਪੂਰ, ਜੋਤ ਧਰੇ ਪ੍ਰਭ ਪੂਰਾ ਵਡ ਸੂਰਾ ਨਿਹਕਲੰਕ ਵੱਜਾ ਡੰਕ

ਹਰਿ ਰਘੁਰਾਇਆ । ਸਤਿਜੁਗ ਸਾਚਾ ਖ਼ੁਸ਼ੀ ਮਨਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਸਾਚੀ ਵਸਤ ਝੋਲੀ ਪਾਏ, ਸੋਹੰ ਨਾਮ ਪਿਆਏ ਜਾਮ,
ਅੱਠੇ ਪਹਿਰ ਸੰਞ ਸਵੇਰ, ਕਰ ਕਰ ਮਿਹਰ, ਏਕਾ ਧਾਰ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਕਲਜੁਗ ਦੋਹਾਂ ਧਿਰਾਂ
ਦਾ ਤੋੜ ਵਿਛੋੜਾ, ਅੰਤਮ ਅੰਤ ਵਿਚ ਮਾਤ ਆਪੇ ਆਪ ਕਰਾਏ । ਕਲਜੁਗ ਤੇਰੇ ਕੱਢੇ ਖੋਟ । ਗੁਰਮੁਖ ਸਾਚੇ ਸੰਤ ਜਨ, ਲੱਭੇ ਵਿਚੋਂ ਕੋਟ ।
ਲੱਖ ਚੁਰਾਸੀ ਪਾਈ ਫਾਸੀ, ਧਰਮ ਰਾਏ ਦੀ ਹੋਏ ਦਾਸੀ, ਸੋਹੰ ਸ਼ਬਦ ਨਗਾਰੇ ਲੱਗੇ ਚੋਟ । ਵੇਖ ਵਖਾਣੇ ਮਦਿਰਾ ਮਾਸੀ, ਜੋਤ ਜਗਾਏ ਘਨਕਪੁਰ
ਵਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਬ੍ਰਹਿਮਣ ਗੌੜ । ਸਤਿਜੁਗ ਸਾਚਾ ਚਿੱਟਾ ਦੁੱਧ, ਨਿਰਮਲ ਨੀਰ ਹੈ । ਗੁਰਮੁਖਾਂ
ਕਰੇ ਉੱਤਮ ਬੁੱਧ, ਹਉਮੇ ਕੱਢੇ ਵਿਚੋਂ ਪੀੜ ਹੈ । ਆਪ ਦਵਾਏ ਸਾਚੀ ਸੁੱਧ, ਚਿੱਟੇ ਅਸਵ ਉਤੇ ਮਾਰ ਛਾਲ ਬਹੇ ਕੁੱਦ, ਚਲਾਏ ਏਕਾ ਸ਼ਬਦ
ਤੀਰ ਹੈ । ਦੂਰ ਦੁਰਾਡੇ ਪਹਿਲੀ ਕੁੰਟ ਹੁੰਦਾ ਵੇਖ ਯੁਧ, ਨਾ ਦੇਵੇ ਕੋਈ ਕਿਸੇ ਧੀਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹੀਂ ਹੱਥੀਂ
ਕਲਜੁਗ ਤੇਰਾ ਕਾਲਾ ਚੋਲਾ ਰਿਹਾ ਚੀਰ ਹੈ । ਕਲਜੁਗ ਤੇਰਾ ਕਾਲਾ ਚੋਲਾ । ਸ੍ਰਿਸ਼ਟ ਸਬਾਈ ਹੋਏ ਦੁੱਖਦਾਈ, ਏਕਾ ਵੱਜੇ ਸ਼ਬਦ ਗੋਲਾ । ਪ੍ਰਭ
ਅਬਿਨਾਸ਼ੀ ਜੋਤ ਜਗਾਈ, ਸ਼ਬਦ ਸਰੂਪੀ ਖੇਲ ਰਚਾਈ, ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਸਵਾਈ, ਬੇਮੁਖ ਜੀਵਾਂ ਦਿਸ ਨਾ ਆਏ ਵਸੇ ਕੋਲ ਕੋਲਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸ਼ਬਦ ਜਣਾਈ, ਆਤਮ ਸਾਚੀ ਮਿਲੇ ਵਧਾਈ, ਆਪ ਸੁਣਾਏ ਇਕੋ ਸਾਚਾ ਢੋਲਾ । ਸੱਚਾ
੬੩ ਢੋਲਾ ਸੁਹਾਗੀ ਗੀਤ । ਨਿਹਕਲੰਕ ਤੇਰੀ ਸਾਚੀ ਰੀਤ । ਚਾਰ ਵਰਨ ਤੇਰੀ ਸਰਨ ਪਾਣੀ ਭਰਨ, ਪਰਖੇ ਸਭ ਦੀ ਨੀਤ । ਮਹਾਰਾਜ ਸ਼ੇਰ ਸਿੰਘ ੬੩
੦੪ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਏ ਨਾ ਦਿਸੇ ਮੰਦਰ ਵਿਚ ਮਸੀਤ । ਮੰਦਰ ਮਸੀਤ ਨਾ ਦਿਸੇ ਹਰਿ, ਬੇਮੁਖ ਜੀਵ ਭੌਂਦੇ ਦਰ ਦਰ, ਨਾ ੦੪
ਕੋਈ ਸਹਾਏ । ਕਾਇਆ ਕੰਦਰ ਸਾਚਾ ਮੰਦਰ ਜਗੇ ਜੋਤ ਮਹਾਨੇ, ਬੇਮੁਖ ਜੀਵ ਭੌਂਦੇ ਫਿਰਦੇ ਬੰਦਰ, ਮਾਇਆਧਾਰੀ ਹੱਥ ਫੜੀ ਨਕੇਲ, ਆਪ
ਨਚਾਏ ਜਿਉਂ ਰਿਛ ਕਲੰਦਰ, ਨਾ ਕੋਈ ਭੇਵ ਕਿਸੇ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਸਭ ਦੇ ਅੰਦਰ
ਰਿਹਾ ਸਮਾਏ । ਚਿੱਟੀ ਚਾਦਰ ਹਰਿ ਜੀ ਕਰਦਾ ਸਭ ਦਾ ਆਦਰ । ਪ੍ਰਗਟ ਹੋਇਆ ਜੋਤ ਸਰੂਪ ਸਿੰਘ ਸ਼ੇਰ ਸ਼ੇਰ ਬਹਾਦਰ । ਨਿਹਕਲੰਕ ਕਲ
ਜੋਤ ਜਗਾਏ ਕਰਤਾ ਕਾਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣਤ ਰਿਹਾ ਬਣਾਈ, ਗੁਰਮੁਖ ਸਾਚੇ ਸੰਤ ਜਨੋ ਦੇਵੇ ਸੱਚਾ
ਆਦਰ । ਦੇਵੇ ਮਾਣ ਵਿਚ ਜਗਤ ਜਹਾਨ । ਭਗਤ ਵਛਲ ਭਗਵਾਨ ਗੁਣ ਨਿਧਾਨ ਚਤੁਰ ਸੁਜਾਨ, ਏਕਾ ਦੇਵੇ ਸ਼ਬਦ ਬਬਾਣ । ਗੁਰਮੁਖ
ਸਾਚੇ ਸੰਤ ਜਨ ਪਹਿਲੀ ਵੰਡ ਵਿਚ ਬ੍ਰਹਿਮੰਡ ਨਾਥ ਤ੍ਰੈਲੋਕੀ ਕੋਲ ਕਰਾਣ । ਬੇਮੁਖ ਜੀਵਾਂ ਤੋੜੇ ਘੁਮੰਡ, ਘਰ ਘਰ ਭੰਨੇ ਕੱਚੇ ਅੰਡ, ਵਿਚ ਜਹਾਨ
ਨਾ ਫੜੇ ਤੀਰ ਕਮਾਨ । ਬੇਮੁਖ ਜੀਵ ਦੇਵੇ ਵੰਡ, ਕਲਜੁਗ ਅੰਤਮ ਆਈ ਕੰਡ, ਚਾਰੋਂ ਕੁੰਟ ਚਲੇ ਚੰਡ ਪ੍ਰਚੰਡ, ਸ੍ਰਿਸ਼ਟ ਸਬਾਈ ਹੋਈ ਬੇਈਮਾਨ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਈ ਹੋਈ ਰੁਸ਼ਨਾਈ, ਸਰਬ ਗੁਣਾਂ ਹਰਿ ਜਾਣੀ ਜਾਣ । ਸਤਿਜੁਗ ਤੇਰਾ ਚਿੱਟਾ ਰੰਗ । ਪ੍ਰਭ
ਦਰ ਸੱਚੀ ਇਕ ਮੰਗ ਲਈ ਮੰਗ । ਏਕਾ ਰੰਗ ਮਜੀਠ ਚੜ੍ਹਾਏ ਨਾ ਹੋਏ ਕਦੇ ਕੱਚਾ, ਸਾਚੀ ਵਸਤ ਲਈ ਮੰਗ । ਮਾਨਸ ਜਨਮ ਨਾ ਹੋਏ ਭੰਗ ।
ਗੁਰਮੁਖ ਸਾਚੇ ਲੇਖੇ ਲਾਏ । ਲੱਖ ਚੁਰਾਸੀ ਵਿਚੋਂ ਕੱਢ ਆਪਣੀ ਹਰਿ ਜੀ ਸਰਨ ਬਹਾਏ । ਆਪੇ ਜਾਣੇ ਗੁਣ ਅਵਗੁਣ, ਸਭ ਦੇ ਲੇਖੇ ਰਿਹਾ

ਲਿਖਾਏ । ਵਿਚੋਂ ਮਾਤ ਛਾਣ ਪੁਣ, ਇਕ ਬਾਲਾ ਸੱਚਾ ਲਾਲਾ ਸਿੰਘ ਮਨਜੀਤ ਸਭ ਦੇ ਅੱਗੇ ਲਾਏ । ਇਕ ਬਣਾਇਆ ਸ਼ਬਦ ਦਲਾਲਾ ਰੰਗ ਗੁਲਾਲਾ, ਦਰਗਹਿ ਸਾਚੀ ਦਏ ਬਹਾਏ । ਸਾਚਾ ਰੰਗ ਚੜ੍ਹਾਏ ਹੋਏ ਸਰਬ ਰਖਵਾਲਾ । ਫੜ ਕੇ ਉਂਗਲੀ ਚਲੇ ਨਾਲ ਸਿੰਘ ਪਾਲਾ । ਪ੍ਰਭ ਅਬਿਨਾਸ਼ੀ ਸੁਰਤ ਸੰਭਾਲਾ । ਜੋਤ ਜਗਾਏ ਜਿਉਂ ਜਗੇ ਜੋਤ ਜਵਾਲਾ । ਕਿਰਪਾ ਕਰੇ ਪ੍ਰਭ ਗੋਪਾਲਾ । ਇੰਦਰਪੁਰੀ ਰਾਹ ਵਖਾਣੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਸੁਰਪਤ ਰਾਜੇ ਇੰਦ ਕਰੋੜ ਤੇਤੀਸ ਜੋਤੀ ਲਏ ਮਿਲਾਏ । ਕਲਜੁਗ ਅੰਤਮ ਗਿਆ ਢੁੱਕ । ਸੁਰਪਤ ਰਾਜੇ ਇੰਦ ਕਰੋੜ ਤੇਤੀਸ ਤੇਰਾ ਦਾਣਾ ਪਾਣੀ ਗਿਆ ਮੁੱਕ । ਸਚ ਸਰੋਵਰ ਸਤਿ ਧਾਰ, ਤੇਰੇ ਦਰ ਤੋਂ ਜਾਏ ਸੁੱਕ । ਪ੍ਰਭ ਅਬਿਨਾਸ਼ੀ ਨਿਹਕਲੰਕ ਕਲ ਜਾਮਾ ਧਾਰ ਕਰ ਵਿਚਾਰ, ਛੋਟਾ ਬਾਲ ਦੋ ਹੱਥੀਂ ਲਿਆ ਚੁੱਕ । ਪੰਚਮ ਜੇਠ ਬੰਨ੍ਹੇ ਧਾਰ ਵਿਚ ਸੰਸਾਰ, ਸਤਿਜੁਗ ਸਾਚੇ ਤੇਰਾ ਕਰ ਵਿਚਾਰ, ਕਲਜੁਗ ਬੇਮੁਖ ਡਿੱਗੇ ਮੂੰਹ ਦੇ ਭਾਰ, ਚਾਰੋਂ ਕੁੰਟ ਪਏ ਥੁੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚਾ ਮਾਣ ਤਾਣ ਰਖਾਏ, ਮਦਿਰਾ ਮਾਸੀ ਕੋਈ ਰਹਿਣ ਨਾ ਪਾਏ, ਆਪ ਮਿਟਾਏ ਜੋ ਬੱਤੀ ਦੰਦ ਰਹੇ ਚੁੱਕ । ਸਤਿਜੁਗ ਸਾਚੇ ਤੇਰਾ ਸਾਚਾ ਬਾਣਾ । ਮਦਿਰਾ ਮਾਸੀ ਕੋਈ ਰਹਿਣ ਨਾ ਪਾਣਾ । ਘਨਕਪੁਰ ਵਾਸੀ ਸਰਬ ਮਿਟਾਣਾ । ਗੁਰਮੁਖ ਸਾਚੇ ਸੰਤ ਜਨਾਂ, ਚਿੱਟਾ ਦੁੱਧ ਅੰਮ੍ਰਿਤ ਰਸ ਰਸਨ ਚੁਆਣਾ । ਆਪ ਮਿਟਾਏ ਤ੍ਰਿਸ਼ਨਾ ਦੁੱਖ, ਧੀਰਜ ਯਤ ਸਤਿ ਸੰਤੋਖ ਸਚ ਮੋਖ ਇਕ ਦਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਹੱਥੀਂ ਪੰਚਮ ਜੇਠ ਆਪੇ ਬੰਨ੍ਹੇ ਗਾਨਾ । ਚਿੱਟਾ ਦੁੱਧ ਚਿੱਟ ਚਿਟਾਣ । ਧੁਰਦਰਗਾਹੀ ਸਚ ਸੁਗਾਤੀ, ਵਿਚ ਮਾਤੀ ਆਪ ਲਿਆਇਆ ਹਰਿ ਨੁਰਾਤੀ, ਜਨ ਭਗਤਾਂ ਪੁੱਛੇ ਬਾਤੀ, ਸੁਤਿਆਂ ਰਾਤੀ ਦੇਵੇ ਦਾਤੀ, ਦਰਸ ਦਿਖਾਏ ਹਰਿ ਭਗਵਾਨ । ਅੰਮ੍ਰਿਤ ਬੂੰਦ ਪਿਆਏ ਸਵਾਂਤੀ, ਇਕ ਵਰਤਾਏ ਠੰਡੀ ਸ਼ਾਂਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਣ । ਰਸਨ ਗਾਇਣ ਗੁਣ ਗਹਿਰ ਗੰਭੀਰ । ਅੰਮ੍ਰਿਤ ਮਿਲੇ ਸਾਚਾ ਸੀਰ । ਆਤਮ ਦੇਵੇ ਸਾਚੀ ਧੀਰ । ਬਜ਼ਰ ਕਪਾਟੀ ਕਾਇਆ ਮਾਟੀ, ਪ੍ਰਭ ਅਬਿਨਾਸ਼ੀ ਰਿਹਾ ਚੀਰ । ਸਾਚਾ ਸ਼ਬਦ ਲਗਾਏ ਸਾਚੀ ਹਾਟੀ, ਲੱਗੀ ਵਿਚ ਸਰੀਰ । ਬੇਮੁਖਾਂ ਕਾਇਆ ਚੋਲੀ ਪਾਟੀ, ਕਲਜੁਗ ਅੰਤਮ ਹੋਈ ਲੀਰ ਲੀਰ । ਨਾ ਕੋਈ ਤੀਰਥ ਨਾ ਕੋਈ ਤਾਟੀ, ਸਭ ਦੀ ਤੁੱਟੀ ਧੀਰ । ਏਕਾ ਰਸ ਗੁਰਮੁਖ ਲੈਣ ਪ੍ਰਭ ਚਰਨ ਚਾਟੀ, ਕੱਢੇ ਹਉਮੇ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਜੀਆ ਦਾਨ ਚਰਨ ਧੂੜ ਇਸ਼ਨਾਨ, ਮੂਰਖ ਮੁਗਧ ਅੰਞਾਣ ਬਣਾਏ ਚਤੁਰ ਸੁਜਾਨ, ਦੇਵੇ ਸਾਚੀ ਦਾਤੀ ਦੇਵੇ ਦਾਤ ਅਪਾਰ ਭੰਡਾਰ ਅਤੁਲ ਹੈ । ਆਪੇ ਪਾਏ ਸਾਰ ਵਿਚ ਸੰਸਾਰ, ਸਚ ਭੰਡਾਰਾ ਗਿਆ ਖੁਲ੍ਹ ਹੈ । ਗੁਰਸਿਖਾਂ ਰਿਹਾ ਤਾਰ ਕਰ ਵਿਚਾਰ, ਕਿਰਪਾ ਧਾਰ ਹਰਿ ਨਿਰੰਕਾਰ, ਦੇਵੇ ਸ਼ਬਦ ਧਾਰ ਨਾ ਲਾਏ ਕੋਈ ਮੁੱਲ ਹੈ । ਬੇਮੁਖ ਜੀਵ ਰਹੇ ਝਖ ਮਾਰ, ਚਾਰੋਂ ਕੁੰਟ ਹੋਏ ਖੁਆਰ ਆਪ ਡੁਬਾਏ ਵਿਚ ਮੰਝਧਾਰ, ਕਲਜੁਗ ਅੰਤਮ ਵੇਲਾ ਨੇੜੇ ਆਇਆ ਗੁਰਮੁਖ ਸਾਚੇ ਹਰਿ ਚਰਨ ਚੁੱਭੀ ਮਾਰ, ਅੰਮ੍ਰਿਤ ਧਾਰ ਕਰ ਪਿਆਰ, ਝਿਰਨਾ ਝਿਰੇ ਅਪਰ ਅਪਾਰ, ਤੇਰੀ ਕਾਇਆ ਮਹੱਲ ਮੁਨਾਰ ਜੋਤ ਜਗਾਏ ਹਰਿ ਨਿਰੰਕਾਰ, ਗੁਰਮੁਖ ਸਾਚੇ ਅੰਤਮ ਵੇਲੇ ਤੇਰੀ ਕਾਇਆ ਆਪ ਉਠਾਏ ਚੁੱਕ ਲੈ ਜਾਏ ਸੱਚੇ ਦਰਬਾਰ, ਦਰਗਹਿ ਸਾਚੀ ਜਾਏ ਵਾੜੀ । ਗੁਰਮੁਖ ਲਾਏ ਅੱਗੇ ਪਿੱਛੇ ਆਪ ਸੱਜੇ ਖੱਬੇ ਅੱਗੇ ਚਾਰੋਂ ਤਰਫ ਹੋਏ ਵਹੀਰਾ ਵਾਰੋ ਵਾਰੀ । ਚੋਰਾਂ ਠੱਗਾਂ ਦੇਵੇ ਦਰ ਦੁਰਕਾਰੀ । ਰੱਖੇ ਲਾਜ ਜਿਨ੍ਹਾਂ ਛੁਹਾਈਆ ਗੁਰ ਚਰਨ ਚਿੱਟੀ

ਦਾਹੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਤਨ ਬਲੋਏ ਕਰੇ ਲੋਏ, ਗੁਰਮੁਖ ਉਠਾਏ ਸੋਏ ਜੋਤ ਜਗਾਏ ਬਹੱਤਰ ਨਾੜੀ । ਬਹੱਤਰ
ਨਾੜੀ ਉਬਲੇ ਰਤ । ਜੋਤ ਜਗਾਏ ਹਰਿ ਕਮਲਾਪਤ । ਗੁਰਮੁੱਖ ਸਾਚੇ ਸਾਚਾ ਬੀਜ ਤੇਰੀ ਆਤਮ ਇਕ ਬਿਜਾਏ, ਕਲਜੁਗ ਅੰਤਮ ਵੇਖੇ ਵਤ ।
ਸਾਚੀ ਦਾਤ ਸੋਹੰ ਸ਼ਬਦ ਵਿਚ ਟਿਕਾਏ, ਆਪੇ ਜਾਣੇ ਗਤ ਮਿਤ । ਸਾਚੀ ਜੋਤ ਇਕ ਟਿਕਾਏ ਦੇਵੇ ਸਾਚੀ ਮਤ । ਕਲਜੁਗ ਅੰਤਮ ਵੇਲਾ ਟਲ
ਨਾ ਜਾਏ, ਬੇਮੁਖ ਸੁੱਟੇ ਧਰਮ ਰਾਏ ਦੇ ਡੂੰਘੇ ਖਾਤ । ਵਲ ਛਲ ਕਰ ਆਪਣਾ ਆਪ ਰਿਹਾ ਛੁਪਾਏ, ਗੁਰਮੁਖ ਤੇਰੇ ਹਿਰਦੇ ਆਸਣ ਲਾਏ, ਜਿਸ
ਉਤੇ ਨਾ ਕੋਈ ਛੱਪਰੀ ਨਾ ਕੋਈ ਛੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਧਾਏ ਏਕਾ ਸਾਚਾ ਨੱਤ । ਸਾਚਾ ਨਾਤ ਚਰਨ ਗੁਰ ।
ਗੁਰਮੁਖ ਗੁਰਸਿਖ ਦੋਹਾਂ ਬਣ ਜਾਏ ਇਕੋ ਸੁਰ । ਆਪ ਮਿਟਾਏ ਆਤਮ ਅਗਨ ਲੱਗੀ ਤ੍ਰਿਖ, ਮੇਲ ਮਿਲਾਏ ਲਿਖਿਆ ਧੁਰ । ਕਿਸੇ ਹੱਥ ਨਾ
ਆਏ ਮੁਨ ਰਿਖ, ਦਰ ਦਰ ਮੰਗਦੇ ਫਿਰਦੇ ਭਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਸਾਚੇ ਲੇਖ ਲਿਖਾਈ, ਜਨ
ਭਗਤ ਆਤਮ ਤਨ ਵਜਦੀ ਰਹੇ ਵਧਾਈ, ਸੋਹੰ ਸ਼ਬਦ ਗਾਉਂਦੇ ਰਹਿਣ ਚਾਈਂ ਚਾਈਂ, ਸਤਿਜੁਗ ਸਾਚੀ ਖਿੜੀ ਗੁਲਜ਼ਾਰ, ਸਾਚੇ ਸੰਤ ਸਾਚੀ ਵੇਲ
ਕਲ ਵਿਚ ਮਾਤ ਦੇ ਲਾਈ, ਫੂਲਨ ਹਾਰ ਤਨ ਸ਼ਿੰਗਾਰ, ਹਰਿ ਨਿਰੰਕਾਰ ਸੋਹਣਾ ਹਾਰ ਇਕ ਗੁੰਦਾਈ । ਗੁਰਮੁਖ ਸਾਚੇ ਸੰਤ ਜਨਾਂ ਚਰਨ ਧੂੜ
ਮਾਤਲੋਕ ਲੱਗੀ ਇਕ ਕਿਆਰੀ, ਸਾਚੇ ਫੁੱਲ ਲਿਆਇਆ ਤੋੜ । ਸੋਹੰ ਧਾਗੇ ਸ਼ਬਦ ਰਾਗੇ ਰਿਹਾ ਜੋੜ ਜੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੬੫ ਪੰਚਮ ਜੇਠ ਗੁਰਮੁਖਾਂ ਰੱਖੇ ਸਾਇਆ ਹੇਠ, ਘਨਕਪੁਰਵਾਸੀ ਲਾਹੇ ਉਦਾਸੀ, ਮਿਟੇ ਜਮ ਕਾ ਡਰ ਘਰ ਸੱਚੇ ਰਹਿਣ ਨਾ ਦੇਵੇ ਮਦਿਰਾ ਮਾਸੀ, ਕਲਗੀ ੬੫
੦੪ ਧਰ ਸਾਚਾ ਹਰਿ ਆਵੇ ਵਾਗਾਂ ਮੋੜ । ਵਾਗਾਂ ਮੋੜੇ ਚੜ੍ਹੇ ਘੋੜੇ । ਗੁਰਮੁਖ ਪ੍ਰੀਤੀ ਚਰਨ ਜੋੜੇ । ਸਾਚਾ ਫਲ ਵਿਚ ਮਾਤ, ਹਰਿ ਜੀ ਇਕੋ ੦੪
ਲੋੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਤ ਪੁਰਖ ਬਿਧਾਤਾ ਆਪਣੇ ਚਰਨ ਜੋੜੇ । ਗੁਰ ਗੁਰ ਗੁਰ ਦਰਵੇਸ਼ । ਜਨ ਭਗਤਾਂ
ਦਰ ਰਹੇ ਹਮੇਸ਼ । ਸਤਿਜੁਗ ਤੇਰਾ ਸਾਚਾ ਬਾਣਾ ਖੁਲ੍ਹੜੇ ਰਹਿਣ ਕੇਸ । ਕੋਈ ਨਾ ਰਹੇ ਰਾਜਾ ਰਾਣਾ, ਇਕੋ ਸਚ ਨਰ ਨਰੇਸ਼ । ਸਰਬ ਜੀਆਂ
ਆਪੇ ਮਾਣਾ ਤਾਣਾ, ਆਪੇ ਕਰੇ ਸਰਬ ਪ੍ਰਵੇਸ਼ । ਆਪੇ ਚਲੇ ਚਲਾਏ ਆਪਣੇ ਭਾਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ
ਹਰਿ ਨਰ, ਆਵੇ ਜਾਵੇ ਵਾਰੋ ਵਾਰਾ । ਆਵੇ ਜਾਵੇ ਵਾਰੋ ਵਾਰੀ । ਖੇਲ ਕਰੇ ਹਰਿ ਨਿਰੰਕਾਰੀ । ਸਤਿਜੁਗ ਸਾਚੇ ਜੋਤ ਪ੍ਰਗਟਾਈ ਪਹਿਲੀ ਵਾਰੀ,
ਸਨਕ ਸਨੰਦਨ ਸਨਾਤਨ ਸੰਤ ਕੁਮਾਰ ਨਾਉਂ ਰਖਾਈ । ਦੂਜੀ ਵਾਰ ਲਏ ਅਵਤਾਰ, ਬਰਾਹ ਰੂਪ ਹਰਿ ਜੀ ਧਾਰ, ਧਰਤ ਮਾਤ ਪਤਾਲੋਂ ਕੱਢੀ ਬਾਹਰ,
ਏਕਾ ਕੀਤੀ ਹਰਿ ਆਪਣੀ ਕਾਰ । ਕੋਈ ਨਾ ਪਾਵੇ ਪ੍ਰਭ ਦੀ ਸਾਰ । ਨਿਹਕਲੰਕ ਨਰਾਇਣ ਨਰ ਆਵੇ ਜਾਵੇ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਅੰਤਮ ਕਲ ਕਰਾਏ ਜਲ ਥਲ । ਸ੍ਰਿਸ਼ਟ ਸਬਾਈ ਭੁਲਾਏ ਕਰ ਵਲ ਛਲ । ਜੋਤ ਪ੍ਰਗਟਾਏ ਘੜੀ ਘੜੀ ਪਲ ਪਲ । ਬੇਮੁਖ
ਵੇਖਣ ਨੇਤਰ ਪੇਖਣ, ਦਿਸ ਨਾ ਆਏ ਹਰਿ ਰਘੁਰਾਏ, ਕੋਈ ਨਾ ਜਾਣੇ ਅੱਜ ਕੱਲ । ਮਹਾਰਾਜ ਸ਼ੇਰ ਸਿੰਘ ਦੇਵੇ ਸਾਚਾ ਦਾਨ, ਚਰਨ ਧੂੜ ਸੱਚਾ
ਇਸ਼ਨਾਨ, ਜਾਏ ਬਲ ਬਲ । ਬਲ ਬਲ ਬਲ ਬਲਿਹਾਰੀ । ਗੁਰ ਸੰਗਤ ਪ੍ਰਭ ਜਾਏ ਤਾਰੀ । ਰੈਣ ਸਬਾਈ ਹਰਿ ਜਸ ਗਾਏ ਆਏ ਚਰਨ
ਦਵਾਰੀ । ਆਤਮ ਝੋਲੀ ਹਰਿ ਭਰਾਈ । ਜਿਨ੍ਹਾਂ ਆਸ ਇਕ ਰਖਾਈ । ਸਾਚੀ ਵਸਤ ਵਿਚ ਟਿਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਭੁਲ ਰਹੇ ਨਾ ਰਾਈ । ਕਰੇ ਆਸ ਕਰ ਅਰਦਾਸ । ਪ੍ਰਭ ਅਬਿਨਾਸ਼ੀ ਹੋਏ ਦਾਸ, ਹਿਰਦੇ ਸਭ ਦੇ ਰੱਖੇ ਵਾਸ । ਪ੍ਰਭ ਅਬਿਨਾਸ਼ੀ ਪੁਰੀਆਂ ਤਿੰਨਾਂ ਲੋਆਂ ਕਰੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸੱਚਾ ਦਾਨ ਸਰਬ ਗੁਣਵੰਤ ਹਰਿ ਗੁਣਤਾਸ । ਹਰਿ ਗੁਣਤਾਸਾ, ਵੇਖੇ ਜਗਤ ਤਮਾਸ਼ਾ । ਕਲਜੁਗ ਅੰਤਮ ਵੇਲਾ ਮੌਤ ਡੈਣ ਚਬਾਏ, ਖਾਏ ਕਰ ਕਰ ਹਾਸਾ । ਲੱਖ ਚੁਰਾਸੀ ਛੁੱਟੇ ਨਾਤਾ, ਭਾਈ ਭੈਣ ਸਾਕ ਸੱਜਣ ਸੈਣ ਖਾਲੀ ਫੜੇ ਹੱਥ ਵਿਚ ਕਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਸ਼ਟਭੁਜ ਮਾਰੇ ਧੁਜ, ਸ਼ਬਦ ਲਿਖਾਏ ਪੰਚਮ ਜੇਠ ਗੁਝ, ਆਪ ਉਠਾਏ ਮਾਤ ਪਤਾਲ ਅਕਾਸਾ । ਅਸ਼ਟਭੁਜ ਉਠ ਹੋ ਖਬਰਦਾਰ । ਸ਼ਸਤਰ ਬਸਤਰ ਆਪਣੇ ਪਹਿਨ ਕਰ ਤਨ ਸ਼ਿੰਗਾਰ । ਧਰਤ ਮਾਤ ਕਰੇ ਪੁਕਾਰ । ਲੱਖ ਚੁਰਾਸੀ ਪਾਪਾਂ ਭਰੀ, ਪਾਏ ਆਏ ਭਾਰ । ਪ੍ਰਭ ਅਬਿਨਾਸ਼ੀ ਦੇਵੇ ਸਾਚੀ ਵਰੀ, ਜੋਤ ਰਖਾਵੇ ਵਿਚ ਸੰਸਾਰ । ਨਿਹਕਲੰਕ ਕਲ ਜਾਮਾ ਪਾਇਆ, ਪੰਚਮ ਜੇਠ ਲੋਕਮਾਤ ਲਾਏ ਇਕ ਸੱਚਾ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਤਿਜੁਗ ਮੌਤ ਲਾੜੀ ਖਿਚ ਲਿਆਏ ਚਰਨ ਦਵਾਰ । ਲਾੜੀ ਮੌਤ ਆਉਣਾ ਦਰ । ਲੈ ਕੇ ਜਾਣਾ ਸੱਚਾ ਵਰ । ਪ੍ਰਭ ਅਬਿਨਾਸ਼ੀ ਆਪੇ ਦੇਵੇ ਨਰ ਨਰਾਇਣ ਬਲ ਬਲ ਧਾਰ । ਚਾਰੋਂ ਕੁੰਟ ਆਵੇ ਡਰ, ਪ੍ਰਗਟ ਹੋਇਆ ਨਰ ਹਰਿ, ਪੈਣ ਸਿਆਪੇ ਘਰ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜਾਗਣ ਭਾਗ, ਉਪਜੇ ਰਾਗ ਧੋਏ ਦਾਗ, ਪਹਿਲੀ ਮਾਘ ਦੇਵੇ ਸੱਚਾ ਵਰ । ਲਾੜੀ ਮੌਤ ਉਠ ਵਿਚਾਰੇ । ਹਰਿ ਜੀ ਕਿਹੜਾ ਕਰੇ ਤਨ ਸ਼ਿੰਗਾਰੇ । ਲੱਖ ਚੁਰਾਸੀ ਕਰਾਂ ਦਾਸੀ, ਇਕੋ ਵਾਰ ਬੇਮੁਖ ਸਾਰੇ ਬਣਾ ਮੇਰੇ ਲਾੜੇ । ਧਰਮ ਰਾਏ ਤੇਰੀ ਸੁਣ ਪੁਕਾਰ, ਹਰਿ ਦਾਤਾਰ, ਮਾਝੇ ਦੇਸ ਕਰੇ ਵੇਸ । ਜੋਤ ਸਰੂਪੀ ਆਪੇ ਲਾਏ ਸਚ ਸੱਚੇ ਅਖਾੜੇ, ਇਕੋ ਸਚ ਨਰ ਨਰੇਸ਼ । ਖੁਲ੍ਹੇ ਰੱਖੇ ਆਪਣੇ ਕੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਘਰ ਸਾਚੇ ਵਸੇ ਜੋਤ ਸਰੂਪੀ ਗੁਰਮੁਖ ਸਾਚੇ ਵਿਚ ਪ੍ਰਵੇਸ਼ । ਲਾੜੀ ਮੌਤ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਮੇਰੇ ਬਖਸ਼ੀਂ ਸਭ ਗੁਨਾਹ । ਫੜ ਕੇ ਬਾਂਹ ਸਾਚਾ ਖੇਲ ਕਰੀਂ ਵਿਚ ਬ੍ਰਹਿਮੰਡੀ, ਜਿਥੇ ਹੋਏ ਵਡ ਪਖੰਡੀ, ਇਕ ਦਿਖਾਵੀਂ ਸੱਚਾ ਰਾਹ । ਆਪਣੀ ਹੱਥੀਂ ਫੜ ਚੰਡੀ, ਵੱਢੀ ਜਾਈਂ ਵੱਖੋ ਵੱਖ ਕਰੀਂ ਥਾਉਂ ਥਾਂ । ਆਪ ਉਠਾਈਂ ਧਰਤ ਮਾਤ ਦੀ ਗੋਦ ਸਵਾਈਂ, ਬੇਮੁਖ ਕਲਜੁਗ ਜੀਵਾਂ ਨਾ ਦੇਵੇ ਕੋਈ ਠੰਡੀ ਛਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਰ ਤੇਰੀ ਝੋਲੀ ਪਾਇਆ, ਪਰਦਾ ਉਹਲਾ ਨਾ ਕੋਈ ਰਖਾਇਆ, ਸ਼ਬਦ ਡੋਲਾ ਤੇਰੇ ਨਾਲ ਧਰਾਇਆ, ਗੁਰਮੁਖ ਸਾਚੇ ਸੰਤ ਜਨਾਂ ਲੈਣਾ ਵਿਚ ਬਹਾ । ਲਾੜੀ ਮੌਤ ਕਰੇ ਪੁਕਾਰ । ਹਰਿ ਜੀ ਸਾਚੇ ਕਿਰਪਾ ਧਾਰ । ਮੇਰੀ ਪੈਜ ਦੇਣੀ ਸਵਾਰ । ਮੈਂ ਜਾਵਾਂ ਵਿਚ ਮਾਤ, ਅੰਤਮ ਕਲ ਬੇਮੁਖਾਂ ਕਰਾਂ ਖੁਆਰ । ਸਿਰ ਮੇਰੇ ਹੱਥ ਰੱਖੀਂ ਹਰਿ ਸਮਰਥ, ਮੈਂ ਜਾਵਾਂ ਤੇਰੇ ਸਿੱਖਾਂ ਚਰਨ ਦਵਾਰ । ਮੇਰੇ ਆਵਣ ਨਾਲ, ਫੜਾਵਾਂ ਤੇਰੇ ਹੱਥ, ਮੇਰਾ ਉਤਰੇ ਸਿਰ ਤੋਂ ਭਾਰ । ਤੇਰੇ ਸਿੱਖਾਂ ਤਨ ਸ਼ਬਦ ਪਹਿਨਾਵਾਂ ਸਾਚਾ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ ਲਾੜੀ ਮੌਤ ਰਾਹੇ ਪਾਏ, ਬੇਮੁਖ ਜੀਵ ਦਿਸ ਨਾ ਆਏ, ਤ੍ਰੈਲੋਕੀ ਨਾਥ ਸਗਲਾ ਸਾਥ ਤੇਰਾ ਆਪ ਨਿਭਾਏ ਵਿਚ ਸੰਸਾਰ । ਲਾੜੀ ਮੌਤ ਹੋ ਤਿਆਰ । ਆਈ ਹਰਿ ਦਰ ਸੱਚੇ ਦਰਬਾਰ । ਪ੍ਰਭ ਅਬਿਨਾਸ਼ੀ ਦਿਤਾ ਦੋਹੀਂ ਹੱਥੀਂ ਸੱਚਾ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਰੇ ਅਕਾਰ । ਲਾੜੀ ਮੌਤ ਤੇਰਾ ਸੀਸ ਗੁੰਦਾਏ । ਸ਼ਬਦ ਟਿੱਕਾ ਮਸਤਕ ਲਾਏ । ਬੇਮੁਖਾਂ ਦੇ ਨਾਲ ਵਿਆਹੇ । ਫੜ ਕੇ ਬਾਹੋਂ

੬੭ ੦੪

ਡੋਲੀ ਪਾਏ । ਧਰਮ ਰਾਏ ਦੀ ਬਣ ਗਈ ਗੋਲੀ, ਅਠਾਈ ਕੁੰਡਾਂ ਦੇ ਭਰਾਏ । ਬੇਮੁਖ ਜੀਵ ਮਾਰਨ ਬੋਲੀ, ਜੋਤ ਸਰੂਪੀ ਕੋਈ ਸਾਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਿਹਾਰਾ ਹਰਿ ਕਰਤਾਰਾ, ਨਿਹਕਲੰਕ ਨਰਾਇਣ ਨਰ ਸਾਧ ਸੰਗਤ ਤੇਰੇ ਵਿਚ ਕਰਾਏ । ਲਾੜੀ ਮੌਤ ਤੇਰੇ ਸਿਰ ਪਾਉਣੀ ਸੱਗੀ । ਏਕਾ ਜੋਤ ਨਿਹਕਲੰਕ ਵਿਚ ਮਾਤ ਦੇ ਜਗੀ । ਚਾਰੋਂ ਕੁੰਟ ਉਠ ਉਠ ਵੇਖੋ ਤੱਤੀ ਵਾ ਵਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਆਪ ਰਚਾਏ, ਮੰਗਣ ਦਰ ਨਾ ਕਿਸੇ ਜਾਏ, ਨਾ ਕੋਈ ਰੂਪ ਰੰਗ ਰੇਖ ਰਖਾਏ, ਏਕਾ ਬਣੇ ਸੰਗੀ ਅੰਗੀ । ਨਾ ਕੋਈ ਸੰਗ ਸੁਹੇਲਾ । ਜੋਤ ਸਰੂਪੀ ਇਕ ਇਕੇਲਾ । ਤੀਨ ਲੋਕ ਆਪ ਰਚਾਇਆ । ਮਾਇਆ ਰੂਪੀ ਸਤਿ ਸਰੂਪੀ, ਵਡਾ ਸ਼ਾਹੋ ਭੂਪੀ ਨਾ ਕੋਈ ਰੰਗ ਨਾ ਕੋਈ ਰੂਪੀ, ਏਕਾ ਏਕ ਹਰਿ ਅਨੂਪੀ, ਆਪ ਕਰਾਇਆ ਸੱਚਾ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤ ਕਰਾਇਆ, ਸਾਚਾ ਵੇਲਾ ਮਾਤ ਲਿਆਇਆ, ਹੋਇਆ ਸਤਿਜੁਗ ਵੇਲਾ । ਚਰਨ ਕਵਲ ਸਦਾ ਸੁਹੇਲੇ । ਚਰਨ ਕਵਲ ਗੁਰਸਿਖਾਂ ਮੇਲੇ । ਚਰਨ ਕਵਲ ਕਵਲ ਚਰਨ ਜਗੇ ਜੋਤ ਬਿਨ ਬਾਤੀ ਬਿਨ ਤੇਲੇ । ਚਰਨ ਕਵਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਗ ਬਣੇ ਸੱਜਣ ਸੁਹੇਲੇ । ਚਰਨ ਕਵਲ ਚਰਨ ਧੂੜ । ਚਰਨ ਕਵਲ ਤਰਾਏ ਗੁਰਮੁਖ ਆਤਮ ਮੂੜ੍ਹ । ਚਰਨ ਕਵਲ ਆਪ ਕਟਾਏ ਜਮ ਕਾ ਜੂੜ । ਚਰਨ ਕਵਲ ਏਕਾ ਰੰਗ ਚੜ੍ਹਾਏ ਆਤਮ ਸਾਚਾ ਗੂੜ੍ਹ । ਚਰਨ ਕਵਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਅੰਤਮ ਅੰਤ ਦਿਸੇ ਕੂੜੋ ਕੂੜ । ਚਰਨ ਕਵਲ ਚਰਨਾਰ ਬਿੰਦ । ਚਰਨ ਕਵਲ ਅੰਤਮ ਵੇਲੇ ਆਏ ਵਾਲੀ ਹਿੰਦ । ਚਰਨ ਕਵਲ ਕਵਲ ਚਰਨ ਸ਼ਾਹ ਮਰਗਿੰਦ । ਚਰਨ ਕਵਲ ਉਪਰ ਧਵਲ ਰਹੇ ਮਵਲ, ਰਿਹਾ ਤਰਸ ਸੁਰਪਤ ਰਾਜਾ ਇੰਦ । ਚਰਨ ਕਵਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਗੁਰਸਿਖਾਂ ਆਪ ਪਿਲਾਏ, ਬੇਮੁਖ ਜੀਵ ਕਰਦੇ ਫਿਰਦੇ ਨਿੰਦ । ਚਰਨ ਕਵਲ ਗੁਰਮੁੱਖਾਂ ਮਿਲੇ ਮਾਤ । ਚਰਨ ਕਵਲ ਮਿਟੇ ਆਤਮ ਅੰਧੇਰੀ ਰਾਤ । ਚਰਨ ਕਵਲ ਗੁਰਮੁਖਾਂ ਮਿਲੇ ਮਾਤ ਸਚ ਸੁਗਾਤ । ਚਰਨ ਕਵਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚਾ ਨਾਤ । ਚਰਨ ਕਵਲ ਹਰਿ ਅਵਤਾਰੀ । ਚਰਨ ਕਵਲ ਗੁਰਸਿਖ ਸਾਚਾ, ਜਾਏ ਬਲ ਬਲਿਹਾਰੀ । ਚਰਨ ਕਵਲ ਏਕਾ ਰੀਤ, ਸਚ ਪ੍ਰੀਤ ਮਾਤ ਸੱਚੀ ਧਾਰੀ । ਚਰਨ ਕਵਲ ਪਤਤ ਪੁਨੀਤ, ਸਾਚਾ ਮੀਤ ਹਰਿ ਬਨਵਾਰੀ । ਚਰਨ ਕਵਲ ਲਾਗ ਗੁਰਸਿਖ ਸਾਚੇ ਮੀਤ, ਮਾਤਲੋਕ ਆਉਣ ਨਾ ਦੇਵੇ ਹਾਰੀ । ਚਰਨ ਕਵਲ ਕਾਇਆ ਹੋਈ ਠੰਡੀ ਸੀਤ, ਅੰਮ੍ਰਿਤ ਬਰਖਾ ਲੱਗੇ ਭਾਰੀ । ਚਰਨ ਕਵਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਲਾਗ ਧੋ ਦਾਗ ਖੁਲ੍ਹੇ ਦਸਮ ਦਵਾਰੀ । ਚਰਨ ਕਵਲ ਗੁਰਮੁਖ ਲੱਗੇ । ਆਤਮ ਸਾਚੀ ਜੋਤ ਜਗੇ । ਨਰ ਹਰਿ ਸਾਚਾ ਸਦਾ ਰਹੇ ਪਿੱਛੇ ਅੱਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਉਪਜਾਇਆ, ਗੁਰਸਿਖ ਬੰਨ੍ਹਾਇਆ ਸਾਚਾ ਤੱਗੇ । ਚਰਨ ਕਵਲ ਪੇਖ ਨੈਣ । ਪ੍ਰਭ ਅਬਿਨਾਸ਼ੀ ਵੇਖ, ਸੱਜਣ ਸੁਹੇਲ ਤੀਜੇ ਨੈਣ । ਜੋਤ ਸਰੂਪੀ ਧਾਰੇ ਭੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣੇ ਸਾਕ ਸੈਣ । ਚਰਨ ਪ੍ਰੀਤੀ ਜਗਤ ਨਿਰਾਲੀ । ਆਤਮ ਮਿਟੇ ਘਟਾ ਕਾਲੀ । ਕਰਦਾ ਰਹੇ ਸਦਾ ਰਖਵਾਲੀ । ਬਣਿਆ ਰਹੇ ਗੁਰਸਿਖਾਂ ਪਾਲੀ । ਪ੍ਰਭ ਅਬਿਨਾਸ਼ੀ ਸਾਚਾ ਮਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਪੁੱਤਰ ਧੀਆਂ ਕਰੇ ਸਦਾ ਸਦਾ ਰਖਵਾਲੀ । ਚਰਨ ਪ੍ਰੀਤੀ ਜਾਏ ਜੁੜ । ਖਾਲੀ ਹੱਥ ਹਰਿ

ਸਮਰੱਥ, ਕੋਈ ਨਾ ਜਾਏ ਮੁੜ । ਪ੍ਰਭ ਅਬਿਨਾਸ਼ੀ ਸਚ ਲਿਆਇਆ ਸ਼ਬਦ ਰਥ ਸਾਚੀ ਵਥ, ਧੁਰ ਦਰਗਾਹੋਂ ਆਇਆ ਤੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਮੁਖ ਲਗਾਏ, ਕਲਜੁਗ ਸਾਚਾ ਜੋਗ ਦਵਾਏ, ਹਉਮੈ ਵਿਚੋਂ ਰੋਗ ਗਵਾਏ, ਕਲਜੁਗ ਧਾਰ ਵਿਚ ਸੰਸਾਰ, ਗੁਰਸਿਖ ਨਾ ਜਾਏ ਰੁੜ੍ਹ । ਸੱਚਾ ਨਾਮ ਸ਼ਬਦ ਅਪਾਰ । ਰਸਨਾ ਦੇਵੇ ਜੀਵ ਅਧਾਰ । ਮਾਨਸ ਜਨਮ ਜਾਏ ਸੁਧਾਰ । ਪੂਰਬ ਕਰਮ ਰਿਹਾ ਵਿਚ ਵਿਚਾਰ । ਆਉਣਾ ਜਾਣਾ ਲੇਖੇ ਲਾਏ, ਸਾਚੇ ਰਾਹੇ ਆਪੇ ਪਾਏ, ਮੇਲ ਮਿਲਾਇਆ ਵਿਛੜਿਆਂ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮ ਕਾ ਫਾਹਾ ਗਲੋਂ ਲਾਹੇ, ਸੋਹੰ ਕੰਗਣ ਤਨ ਪਹਿਨਾਇਆ, ਵਿਚ ਮਾਤ ਦੇਵੇ ਵਸਤ ਤਨ ਸੱਚਾ ਸ਼ਿੰਗਾਰ, ਨਾਰ ਭਤਾਰ ਇਕ ਸਚ ਪਿਆਰ, ਹੋਏ ਦੁੱਖਿਆਰ, ਨਾ ਪਾਈ ਸਾਰ, ਵਿਚ ਡਿੱਗਾ ਆਤਮ ਡੂੰਘੀ ਧਾਰ । ਨਿਹਕਲੰਕ ਰਾਹ ਦਿਖਾਏ । ਸ਼ਬਦ ਸਚ ਗਿਆਨ ਦਵਾਏ । ਸੋਇਆ ਜੀਵ ਆਣ ਜਗਾਏ । ਗੁਰਮੁਖ ਸਾਚਾ ਸੰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੀ ਆਸ ਦੇਵੇ ਧਰਵਾਸ ਦਇਆ ਕਮਾਏ । ਪੂਰੀ ਆਸ ਹਰਿ ਭਰਵਾਸਾ । ਰਸਨਾ ਗਾਓ ਸਵਾਸ ਸਵਾਸਾ । ਗੁਰਮੁਖ ਰਸਨ ਨਾ ਲਾਏ ਮਦਿਰਾ ਮਾਸਾ । ਪ੍ਰਭ ਅਬਿਨਾਸ਼ੀ ਫੇਰਾ ਪਾਏ, ਜੋਤ ਸਰੂਪੀ ਚਾਰੋਂ ਤਰਫ ਸ੍ਰਿਸ਼ਟ ਸਬਾਈ ਵੇਖੇ ਆਪ ਤਮਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਰ ਆਏ ਘਰ ਜਾਏ ਤਰ ਜੂਠਾ ਝੂਠਾ ਭੰਨੇ ਹੰਕਾਰੀ ਕਾਸਾ । ਚਰਨ ਲਾਗ ਜਾਣਾ ਜਾਗ । ਆਤਮ ਧੋਣਾ ਦਾਗ । ਗੁਰਮੁਖ ਬਣਾਏ ਹੰਸ ਕਾਗ । ਆਪ ਬੁਝਾਏ ਤ੍ਰਿਸ਼ਨਾ ਆਗ । ਦੋ ਹੱਥੀਂ ਹਰਿ ਸਮਰਥੀ ਪਕੜੇ ਗੁਰਸਿਖ ਤੇਰੀ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦਾਤ ਝੋਲੀ ਪਾਏ, ਆਤਮ ਲਾਏ ਸਾਚੀ ਜਾਗ । ਸਾਚਾ



ਨਾਮ ਝੋਲੀ ਭਰ । ਕਿਰਪਾ ਕਰ ਸਾਚੇ ਹਰਿ । ਆਤਮ ਖੁਲ੍ਹੇ ਸਾਚਾ ਦਰ । ਮਿਲਿਆ ਧੁਰ ਦਰਬਾਰ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭੰਡਾਰੇ ਸਚ ਭਰਾਏ, ਅੰਮ੍ਰਿਤ ਸਾਚਾ ਸੀਰ ਦੇਵੇ ਭਰ । ਸਾਚਾ ਦੇਵੇ ਨਾਮ ਹਰਿ, ਗੁਰਸਿਖ ਆਤਮ ਸੀਨੇ ਵਿਚੋਂ ਦੇਵੇ ਕੱਢ ਇਕੋ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਏ ਸਾਚਾ ਤੀਰ, ਬਜ਼ਰ ਕਪਾਟੀ ਦੇਵੇ ਚੀਰ । ਸਾਚਾ ਸ਼ਬਦ ਰਸਨਾ ਗਾਨਾ । ਮਦਿਰਾ ਮਾਸ ਦਿਓ ਤਜਾ, ਆਪਣੀ ਬਣਤ ਲਏ ਬਣਾ । ਸਾਚਾ ਕੰਤ ਜੀਵ ਜੰਤ, ਆਪਣੀ ਸਰਨ ਲਏ ਲਗਾ । ਆਦਿ ਅੰਤ ਜੁਗਾ ਜੁਗੰਤ, ਹੋਏ ਸਹਾਈ ਸਭਨੀ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਨ ਹਰਿ ਭਗਵਾਨ, ਆਪੇ ਪਕੜੇ ਗੁਰਮੁਖਾਂ ਬਾਂਹ । ਪਕੜੇ ਬਾਂਹ ਹੋਏ ਸਹਾਰਾ । ਲੱਖ ਚੁਰਾਸੀ ਗੇੜ ਨਿਵਾਰਾ । ਆਤਮ ਦੀਪਕ ਸਾਚੀ ਜੋਤ ਕਰੇ ਉਜਿਆਰਾ । ਗੁਰਮੁਖ ਬਣਾਏ ਸਾਚੀ ਗੋਤੀ, ਦੁਰਮਤ ਮੈਲ ਹਰਿ ਦਰ ਧੋਤੀ, ਕਾਇਆ ਸੱਚਾ ਮਹੱਲ ਮੁਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲਾਇਆ ਸੱਚਾ ਇਕ ਦਰਬਾਰਾ । ਸਚ ਦਰਬਾਰ ਮਾਤਲੋਕ ਹਰਿ ਸਾਚੇ ਲਾਇਆ ਕਿਰਪਾ ਧਾਰ । ਸਚ ਵਸਤ ਹਰਿ ਝੋਲੀ ਦਏ ਪਾਇਆ, ਮੰਗਣ ਆਇਆ ਬਣਿਆ ਲੇਖ ਲਿਖਾਰ । ਨਗਰ ਖੇੜੇ ਦੇਵੇ ਥੇਹ ਕਰਾਇਆ, ਸ਼ਬਦ ਚਲਾਇਆ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਅੰਮ੍ਰਿਤ ਮੁਖ ਦੇ ਬਰਸਾਇਆ, ਕਾਇਆ ਕਰੇ ਠੰਡੀ ਠਾਰ । ਗੁਰ ਪੂਰਾ ਹਰਿ ਨਿਰੰਕਾਰ ਹੈ । ਵਡ ਸੂਰਾ ਵਿਚ ਸੰਸਾਰ ਹੈ । ਸਰਬ ਕਲਾ ਭਰਪੂਰਾ ਦੇਵੇ ਤਾਰ ਹੈ । ਆਤਮ ਦੇਵੇ ਜੋਤੀ ਨੂਰੋ ਨੂਰਾ, ਮਿਟਾਏ ਅੰਧ ਅੰਧਿਆਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਪੇ ਪਾਏ ਸਾਰ ਹੈ । ਸਾਚੇ ਦਰ ਹੋਏ

੬੮ ੦੪

ਸੁਹਾਨਾ । ਕਰੇ ਚਰਨ ਹਰਿ ਧਿਆਨਾ । ਸੋਹੰ ਸ਼ਬਦ ਰਸਨਾ ਗਾਨਾ । ਆਪ ਮਿਟਾਏ ਚੁਕਾਏ ਜਮ ਕੀ ਕਾਨਾ । ਏਥੇ ਓਥੇ ਸਾਚੀ ਥਾਏਂ, ਦਰਗਹਿ ਸਾਚੀ ਬਹਿ ਕੇ ਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦੇਵੇ ਨਾਮ ਗੁਣ ਨਿਧਾਨ ਨਾਮ ਨਿਧਾਨ ਨਿਰਹਾਰ । ਆਪ ਬਣਾਏ ਬਣਤ ਗੁਣਵੰਤ ਗੁਣ ਨਿਧਾਨ, ਕਿਰਪਾ ਕਰ ਵਿਚ ਸੰਸਾਰ । ਹਰਿ ਮਿਹਰਵਾਨ ਪਾਵੇ ਸਾਰ ਕਰ ਪਿਆਰ । ਏਕਾ ਸਾਚੀ ਦੱਸੇ ਤਿੱਖੀ ਧਾਰ । ਸੋਹੰ ਸ਼ਬਦ ਰਸਨ ਵਿਚਾਰ । ਆਤਮ ਪਰਦਾ ਦੇਵੇ ਪਾੜ, ਦਿਸੇ ਹਰਿ ਸੱਚਾ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਰਨ ਆਪ ਰਖਾਏ ਲਿਆਏ ਚਰਨ ਦਵਾਰ । ਹਰਿ ਦੱਸੇ ਰਾਹ ਸੁਖਾਲਾ । ਛੱਡਣਾ ਪਏ ਜਗਤ ਜੰਜ਼ਾਲਾ । ਆਤਮ ਹੋਣਾ ਪਏ ਕੰਗਾਲਾ । ਤਨ ਮੰਦਰ ਬਣੇ ਸੱਚੀ ਧਰਮਸਾਲਾ । ਪ੍ਰਭ ਅਬਿਨਾਸ਼ੀ ਵਸੇ ਅੰਦਰ, ਦੇਵੇ ਨਾਮ ਸੱਚਾ ਧਨ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਆਪੇ ਪ੍ਰਿਤਪਾਲਾ । ਔਖਾ ਰਾਹ ਔਖੀ ਘਾਟੀ । ਜਿਥੇ ਖੁਲ੍ਹੇ ਬਜ਼ਰ ਕਪਾਟੀ । ਮਾਤਲੋਕ ਇਕੋ ਇਕ ਸੱਚੀ ਹਾਟੀ । ਸਾਚਾ ਰਾਹ ਗੁਰਮੁਖ ਸਾਚੇ ਖੁਲ੍ਹਾ ਸਾਚੀ ਘਾਟੀ । ਬੇਮੁਖਾਂ ਅੰਤਮ ਵੇਲੇ ਗਲ ਪਿਆ ਫਾਹ, ਨਾ ਦਿਸੇ ਕੋਈ ਸੱਚਾ ਰਾਹ, ਕਲਜੁਗ ਰੈਣ ਅੰਧੇਰੀ ਘਾਟੀ । ਗੁਰਮੁਖਾਂ ਹਰਿ ਫੜੇ ਬਾਂਹ, ਰਸਨਾ ਰਸ ਸੋਹੰ ਸ਼ਬਦ ਸਾਚਾ ਚਾਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਤੇਰੀ ਕਾਇਆ ਝੂਠੀ ਮਾਟੀ । ਸਚ ਦਵਾਰ ਸੱਚਾ ਥਾਉਂ । ਏਥੇ ਓਥੇ ਹੁੰਦਾ ਸਚ ਨਿਆਉਂ । ਦਰਗਹਿ ਸਾਚੀ ਪਾਵੇ ਸਾਰ, ਗੁਰਮੁਖਾਂ ਦੇਵੇ ਠੰਡੀਆਂ ਛਾਉਂ । ਆਪ ਬਿਠਾਏ ਸ਼ਬਦ ਬਬਾਣ, ਆਪਣੀ ਗੋਦ ਉਠਾਏ ਜਿਉਂ ਬਾਲਕ ਮਾਂਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁਲ ਰਹੇ ਨਾ ਰਾਓ । ਨਾ ਭੁਲਣਾ ਜਗਤ ਨਾ ਰੁਲਣਾ, ਦਰਗਹਿ ਸਾਚੀ ਪੈਂਦਾ ਮੁਲਣਾ । ਮਾਨਸ ਜਨਮ ਮਾਤ ਫਲਨਾ ਫੁਲਨਾ । ਪਾਇਆ ਨਾਮ ਦਰ ਨਿਧਾਨਾ । ਗੁਰਮੁਖ ਨਾ ਬਣਨਾ ਫੇਰ ਅੰਞਾਣਾ । ਪ੍ਰਭ ਅਬਿਨਾਸ਼ੀ ਦੂਰ ਦੁਰਾਡਾ ਵੇਖੇ, ਮਾਰੇ ਸ਼ਬਦ ਨਿਸ਼ਾਨਾ । ਇਕ ਇਕ ਫੜੇ ਬਣਿਆ ਸਾਚਾ ਗਾਡੀ, ਨਾ ਕੋਈ ਭੇਵ ਛੁਪਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਾਡੀ, ਕਾਇਆ ਮਹੱਲ ਸਦਾ ਅਟੱਲ ਜਿਸ ਰਖਾਨਾ । ਮਹਾਰਾਜ ਸ਼ੇਰ ਸਿੰਘ ਗੁਰਸਿਖ ਨਾ ਮਨੋਂ ਭੁਲਾਨਾ । ਅਗਲਾ ਪਿਛਲਾ ਮਿਲਦਾ ਲੇਖਾ । ਬਿਧਨਾ ਲਿਖੇ ਜਿਹੜੀ ਲੇਖਾ । ਵਿਚ ਮਾਤ ਨਾ ਮਿਲੇ ਦਾਤ ਸਚ ਸੁਗਾਤ, ਕਿਸੇ ਧਾਰੀ ਭੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਸਰਨਾਈ ਮਿਲੇ ਵਡਿਆਈ ਕਰੇ ਬੇਨੰਤੀ ਆਪ ਲਿਖਾਏ ਸਾਚੇ ਲੇਖਾ । ਕਰੇ ਬੇਨੰਤੀ ਦਰ ਦਰਬਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਦੇਵੇ ਵਰ ਫਲ ਲਗਾਏ ਸਾਚੇ ਡਾਰ । ਭੁੱਲ ਨਾ ਜਾਣਾ ਰੁਲ ਨਾ ਜਾਣਾ ਸਾਚੀ ਵਸਤ ਕਿਤੋਂ ਹੱਥ ਨਾ ਆਏ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚ ਸਮਾਏ, ਜੋਤ ਸਰੂਪੀ ਡਗਮਗਾਏ, ਸਭ ਨੂੰ ਦੇਵਣਹਾਰ ਦਾਤਾਰ । ਦੇਵੇ ਦਾਨ ਵਡ ਵਡ ਦਾਨੀ । ਜੋ ਜਨ ਕਰੇ ਚਰਨ ਧਿਆਨੀ । ਅੰਤਮ ਕੱਢੇ ਸਰਬ ਮਾਣੀ । ਕਰੇ ਚਰਨ ਧੂੜ ਇਸ਼ਨਾਨੀ । ਇਕੋ ਵੱਜੇ ਤੀਰ ਸ਼ਬਦ ਕਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਕਮਾਏ, ਤੇਰੇ ਡਾਲੇ ਫਲ ਲਗਾਏ ਕਰੇ ਮਿਹਰਬਾਨੀ । ਸਾਚਾ ਲੱਗੇ ਡਾਲ ਫਲ । ਸਚ ਦਵਾਰੇ ਆਉਣਾ ਚਲ । ਨਾ ਕਰੇ ਕੋਈ ਵਲ ਛਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਿਆਏ ਅੰਮ੍ਰਿਤ ਘੁੱਟ ਅੰਮ੍ਰਿਤ ਸੀਰ ਸਾਚਾ ਜਲ । ਸ਼ਬਦ ਜੈਕਾਰਾ ਲੈਣਾ ਬੋਲ । ਹਰਿ ਜੀ ਚੁਕਾਉਂਦਾ ਅਗਲਾ ਪਿਛਲਾ ਮੂਲ । ਕਲਜੁਗ ਮਾਇਆ ਵਡੀ ਛਾਇਆ

ਅੰਤਮ ਨਾ ਜਾਣਾ ਭੂਲ । ਜਿਸ ਨੇ ਅੰਧਾ ਜਗਤ ਬਣਾਇਆ । ਉਲਟੇ ਧੰਦੇ ਫੜ ਕੇ ਲਾਇਆ । ਆਤਮ ਅੰਧੇ ਪਾਪੀ ਗੰਦੇ ਸਾਚਾ ਰਾਹ ਨਾ ਕਿਸੇ ਵਖਾਇਆ । ਗੁਰਮੁਖਾਂ ਅੰਤਮ ਪ੍ਰਭ ਸੋਹੰ ਰੰਦੇ ਆਪੇ ਰੰਦੇ, ਦੂਈ ਦਵੈਤੀ ਪੜਦਾ ਲਾਹਿਆ । ਆਪ ਚੜ੍ਹਾਏ ਸਾਚੇ ਚੰਦੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਧਾਰੇ ਭੇਖ ਲਿਖਾਏ ਲੇਖ, ਗੁਰਮੁੱਖ ਗੁਰਸਿਖ ਏਕਾ ਧਾਮ ਬਹਾਇਆ । ਸ਼ਬਦ ਨਾਮ ਸੱਚਾ ਗਹਿਣਾ । ਗੁਰਮੁਖ ਸਾਚੇ ਦਰ ਘਰ ਸਾਚੇ ਇਕੋ ਬਹਿਣਾ । ਸਾਚਾ ਤਨ ਸ਼ਿੰਗਾਰ ਆਪ ਕਰਾਏ ਹਰਿ ਰਘੁਰਾਏ, ਆਪੇ ਚੁਕਾਏ ਲਹਿਣਾ ਦੇਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਾਚੀ ਧਾਰ ਬੰਨ੍ਹਾਏ, ਸ਼ਬਦ ਕਟਾਰ ਹੱਥ ਫੜਾਏ, ਦਰਸ ਦਿਖਾਏ ਤੀਜੇ ਨੈਣਾਂ । ਸ਼ਬਦ ਨਾਮ ਜਗਤ ਅਨਮੁਲੜਾ । ਸੁੱਕਾ ਕਰੇ ਹਰਿਆ ਚਾਮ, ਵਸੇ ਕਾਇਆ ਕੁਲੜਾ । ਨਾ ਲੱਗੇ ਕੋਈ ਦਾਮ, ਜੋ ਦਰ ਆਏ ਗੁਰਮੁਖ ਭੁੱਲੜਾ । ਪ੍ਰਭ ਪਿਆਏ ਅੰਮ੍ਰਿਤ ਸਾਚਾ ਜਾਮ, ਆਪ ਲਗਾਏ ਸਾਚਾ ਬੁੱਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਏ ਕਾਮ ਦੇਵੇ ਨਾਮ ਗੁਰਮੁਖ ਸਾਚਾ ਵਿਰਲਾ ਕੋਈ ਵਿਚ ਪੂਰੇ ਤੋਲ ਤੁਲੜਾ । ਦਇਆਵਾਨ ਦਏ ਦਿਲਾਸਾ । ਜੋ ਜਨ ਤਜਾਏ ਮਦਿਰਾ ਮਾਸਾ । ਹਿਰਦੇ ਹਰਿ ਜੀ ਰੱਖੇ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਚੋਰਾਂ ਕਰੇ ਨਾਸਾ । ਕਰੇ ਨਾਸ ਪੰਜੇ ਚੋਰ । ਸਾਚੇ ਘਰੋਂ ਕੱਢੇ ਬਾਹਰ ਹਰਾਮਖੋਰ । ਅੱਠੇ ਪਹਿਰ ਭੌਂਦੇ ਰਹਿਣ ਪਾਉਂਦੇ ਸ਼ੋਰ । ਸਾਚਾ ਸ਼ਬਦ ਗਿਆਨ ਚਰਨ ਧਿਆਨ, ਦੇਵੇ ਦਾਤ ਵਡ ਕਰਾਮਾਤ, ਆਪ ਚੁਕਾਏ ਮੋਰ ਤੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਡੂੰਘੀ ਕੰਦਰ ਸਾਚੇ ਮੰਦਰ ਵਸੇ ਅੰਦਰ, ਆਪ ਮਿਟਾਏ ਅੰਧ ਘੋਰ । ਅੰਧ ਘੋਰ ਮਿਟਾਏ ਸੱਚਾ ਜੋਗੀ । ਸੋਹੰ ਸ਼ਬਦ ਸਾਚੀ ਦਾਤ ਲਿਆਇਆ, ਕਟੇ ਹਉਮੇ ਰੋਗੀ । ਗੁਰਮੁਖਾਂ ਸਾਚਾ ਮੇਲ ਮਿਲਾਇਆ, ਮਿਲਿਆ ਹਰਿ ਸੱਚਾ ਧੁਰਦਰਗਾਹੀ ਸਚ ਸੰਜੋਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਮਾਣ ਤਾਣ ਰਖਾਏ, ਮਿਲਿਆ ਸੱਚਾ ਰਸ, ਪ੍ਰਭ ਅਬਿਨਾਸ਼ੀ ਹੋਇਆ ਵਸ, ਰਾਹ ਸਾਚਾ ਜਾਏ ਦੱਸ, ਸਾਚਾ ਸੁਖ ਵਿਚ ਮਾਤ ਭੋਗੀ । ਦੇਵੇ ਸੁਖ ਸਹਿਜ ਸੁਭਾਏ । ਗੁਰਮੁਖ ਸਾਚੇ ਆਸ ਰਖਾਏ । ਹੋਏ ਦਾਸ ਚਰਨ ਸਰਨ ਹਰਿ ਸਭ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਸ ਇਕੀਸ ਇਕੀਸ ਬੀਸ ਭੇਵ ਚੁਕਾਏ । ਸਾਚੇ ਘਰ ਦਿਸੇ ਖੁਆਰੀ । ਦੁਖੀ ਹੋਈ ਨਰ ਨਾਰੀ । ਬਿਰਧ ਬਾਲ ਜਵਾਨ ਹੋਏ, ਨਾ ਕੋਈ ਪਾਵੇ ਕਿਸੇ ਸਾਰੀ । ਆਤਮ ਹੋਈ ਸਰਬ ਬੇਈਮਾਨ, ਵਿਚੋਂ ਗਿਆ ਸਚ ਨਿਸ਼ਾਨ ਮਾਰ ਉਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਧਿਆਨ ਸੁਣ ਸੱਚੀ ਪੁਕਾਰੀ । ਨਾ ਕੋਈ ਤਾਣਾ ਨਾ ਕੋਈ ਪੇਟਾ । ਨਾ ਕੋਈ ਮਿਤ ਮਾਤ ਪਿਤ, ਨਾ ਕੋਈ ਭੈਣ ਭਾਈ ਨਾ ਕੋਈ ਬੇਟਾ । ਕਲਜੁਗ ਜੀਵ, ਹਰਿ ਇਕ ਸੱਚਾ ਖੇਵਟ ਖੇਟਾ । ਬਾਹੋਂ ਫੜ ਕੇ ਪਾਰ ਲਗਾਏ, ਸਾਚੇ ਰਾਹੇ ਆਪੇ ਪਾਏ, ਰੰਗ ਰੰਗਾਏ ਇਕ ਰੰਗੇਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਧਾਰੀ ਸੱਚਾ ਸੂਤਰ, ਕਾਇਆ ਤਨ ਬੱਧਾ ਮਨ ਜਿਸ ਦੇ ਵਿਚ ਲਪੇਟਾ । ਨਾ ਕੋਈ ਤੰਦ ਨਾ ਕੋਈ ਤਾਣਾ, ਨਾ ਕੋਈ ਸੁਘੜ ਸਿਆਣਾ । ਨਾ ਦਰ ਸੀਸ ਕਿਸੇ ਝੁਕਾਣਾ । ਗੁਰਮੁਖ ਵਿਰਲੇ ਜਾਣਾ, ਪ੍ਰਭ ਅਬਿਨਾਸ਼ੀ ਤੇਰਾ ਭਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਅੰਸ । ਆਪ ਬੰਨ੍ਹਾਏ ਪੰਜ ਦੁਸ਼ਟ ਦੁਰਾਚਾਰ, ਹੰਕਾਰ ਵਿਕਾਰ ਮਾਰ ਮੁਕਾਏ, ਜਿਉਂ ਕਾਹਨਾ ਕੰਸ ਦਏ ਖਪਾਏ । ਜੋਤ ਸਰੂਪੀ ਜੋਤ ਹਰਿ, ਸਭ ਦੇ ਹਿਰਦੇ ਰਿਹਾ ਸਮਾਏ । ਆਤਮ ਦੇਵੇ ਸਾਚੀ ਮਤ । ਸਾਚੀ ਰਸਨਾ ਗੁਰਸਿਖ, ਚਰਖਾ ਲੈਣਾ ਕੱਤ । ਏਕਾ

ਗੇੜਾ ਆਪ ਦਵਾਏ, ਘਰ ਦਾ ਝੇੜਾ ਆਪ ਚੁਕਾਏ, ਸਾਚਾ ਬੀਜ ਸਭ ਦੀ ਆਤਮ ਦੇਵੇ ਘਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇੜਾ ਦੇਵੇ ਬੰਨ੍ਹ, ਜਨ ਰਸਨਾ ਕਹੇ ਧੰਨ, ਆਤਮ ਜਾਏ ਸਾਚੀ ਮੰਨ, ਬੀਜੇ ਬੀਜ ਸਾਚੇ ਵਤ । ਸਾਚੇ ਸੰਤ ਹਰਿ ਉਪਜਾਇੰਦਾ । ਵਿਚ ਮਾਤ ਜਨਮ ਦਵਾਇੰਦਾ । ਸਾਚੀ ਵਸਤ ਝੋਲੀ ਪਾਇੰਦਾ । ਸ਼ਬਦ ਡੋਲੀ ਵਿਚ ਪਾਇੰਦਾ । ਦਰ ਆਪਣੇ ਦੀ ਸੱਚੀ ਗੰਢ, ਸੰਤ ਹਰਿ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਸਾਚਾ ਹੁਕਮ ਧੁਰਦਰਗਾਹੀ, ਬੈਠ ਵਿਚ ਮਾਤ ਸ਼ਬਦ ਸਰੂਪੀ ਆਪ ਸੁਣਾਇੰਦਾ । ਸਾਚੇ ਸੰਤ ਹਰਿ ਧਿਆਨ । ਅੱਠੇ ਪਹਿਰ ਰਸਨਾ ਗਾਨ । ਦੂਰ ਦੁਰਾਡਾ ਹਰਿ ਜੀ ਵਸੇ ਸਦਾ ਸਦਾ ਮਿਹਰਬਾਨ । ਉਤੇ ਬੈਠਾ ਹਰਿ ਜੀ ਹੱਸੇ, ਥੱਲੇ ਵੇਖੇ ਸੰਤ ਜਨ ਕਿਵੇਂ ਪਾਉਂਦੇ ਵੈਣ । ਜੋਤ ਸਰੂਪੀ ਜੋਤ ਹਰਿ ਸੁਣ ਪੁਕਾਰ ਕਿਰਪਾ ਧਾਰ ਸਾਚੇ ਸੰਤਾਂ ਆਪ ਖੁਲ੍ਹਾਏ ਤੀਜਾ ਨੈਣ । ਸਾਚਾ ਹਰਿ ਸਾਚੇ ਸੰਤਾਂ ਵਿਚ ਮਾਤ ਦੇਂਦਾ ਸ਼ਬਦ ਧਾਰ ਹੈ । ਸਚਖੰਡ ਨਿਵਾਸੀ ਸਚ ਧਾਮ ਵਸੇ ਵਡ ਅਤੁੱਲ ਅਡੁੱਲ ਸਰਬ ਗੁਣ ਭਰਪੂਰ ਹੈ । ਜਨ ਸੰਤ ਵਿਚ ਮਾਤ ਝੂਠੀ ਖ਼ਾਕ ਰੁਲੇ ਪ੍ਰਭ ਦੇਵੇ ਕਰ ਤਰਸ ਅੰਤਮ ਹਰਿ ਹਜ਼ੂਰ ਹੈ । ਹਰਿ ਸੰਤਾਂ ਪਾਵੇ ਆਪੇ ਮੁੱਲ, ਵਿਚ ਮਾਤ ਲਗਾਏ ਸਾਚੇ ਫੁੱਲ, ਬੇਮੁਖ ਦੁਰਕਾਰੇ ਦੂਰ ਦੂਰ ਹੈ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਸੰਤ ਅਨੇਕ ਦੇਵੇ ਨਾਮ ਰਸ ਸਚ ਸਰੂਰ ਹੈ । ਸੰਤਾਂ ਦੇਵੇ ਨਾਮ ਅਧਾਰ । ਆਪ ਬੈਠਾ ਇਕੱਲਾ ਅਚਲ ਨਿਰੰਕਾਰ । ਸੰਤ ਜਨਾਂ ਹਿਰਦੇ ਹਰਿ ਵਿਚਾਰ । ਦੋਏ ਜੋੜ ਦਿਵਸ ਰੈਣ ਕਰਨ ਨਿਮਸਕਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਅੰਮ੍ਰਿਤ ਬੂੰਦ ਝਿਰਨਾ ਝਿਰੇ ਅਪਰ ਅਪਾਰ । ਡਿੱਗੇ ਬੂੰਦ ਖੁਲ੍ਹੇ ਕਵਲ, ਸੰਤ ਜਨਾਂ ਦੀ ਆਤਮ ਜਾਏ ਮਵਲ, ਖੁਲ੍ਹੇ ਦਸਮ ਦਵਾਰ । ਮਿਲੇ ਮਾਣ ਉਪਰ ਧਵਲ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸ਼ਬਦ ਧਾਰ । ਸ਼ਬਦ ਧਾਰੀ ਕਲ ਵਿਚ ਆਏ । ਸੰਤ ਜਨਾਂ ਦੇ ਕੰਨ ਸੁਣਾਏ । ਸਾਚਾ ਦਰ ਖੋਲ੍ਹ ਵਖਾਏ । ਬਜ਼ਰ ਕਪਾਟੀ ਚੀਰ ਵਖਾਏ । ਅੰਮ੍ਰਿਤ ਸਾਚਾ ਸੀਰ ਪਿਆਏ । ਨਾਭ ਕਵਲ ਹਰਿ ਉਲਟਾਏ । ਸੰਤ ਜਨਾਂ ਦੀ ਤ੍ਰਿਖਾ ਬੁਝਾਏ । ਜੋਤੀ ਜੋਤ ਸਰੂਪ ਹਰਿ, ਸਿੰਘ ਸਿੰਘਾਸਣ ਬੈਠ ਸਭ ਦੀ ਰਿਹਾ ਆਸ ਪੁਜਾਏ । ਕਾਇਆ ਅਗਨ ਦਿਵਸ ਰੈਣ । ਸੌਖਾ ਸਾਹ ਨਾ ਦੇਵੇ ਲੈਣ । ਔਖਾ ਹੋਇਆ ਚਲਣ ਫਿਰਨ, ਨਾ ਦੇਵੇ ਕਿਤੇ ਬਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ ਦੁਖੀ ਹੋਈ ਆਤਮ ਨਿਮਾਣੀ ਰੋ ਰੋ ਪਾਵੇ ਵੈਣ । ਅੰਗ ਅੰਗ ਲੱਗਾ ਦੁੱਖ । ਨਾ ਕੋਈ ਤੇਹ ਨਾ ਕੋਈ ਭੁੱਖ । ਸੁਕਦਾ ਜਾਏ ਕਾਇਆ ਰੁੱਖ । ਬਾਹਰ ਆਇਆ ਹੋਇਆ ਸੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਪਿਆਏ, ਆਪ ਉਪਜਾਏ ਸਾਚਾ ਸੁਖ । ਦੁੱਖ ਦਰਦ ਜੀਵ ਹੋਏ ਦੂਰਾ । ਹਾਕਨ ਡਾਕਨ ਪ੍ਰਭ ਕਰੇ ਚੂਰਾ ਚੂਰਾ । ਸਾਚਾ ਨਾਮ ਗੁਣ ਨਿਧਾਨ ਰਸਨਾ ਗਾਓ, ਹੋਏ ਕਾਇਆ ਨੂਰ ਨੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਬੰਨ੍ਹ ਵਖਾਏ, ਆਪ ਲੰਘਾਏ ਪਹਿਲੇ ਪੂਰਾ । ਅੰਮ੍ਰਿਤ ਤੇਰੀ ਠੰਡੀ ਧਾਰ । ਦੁੱਖ ਰੋਗ ਚਿੰਤਾ ਸੋਗ ਜਗਤ ਵਿਯੋਗ ਦਏ ਨਿਵਾਰ । ਦਰਸ ਅਮੋਘ ਕਿਰਪਾ ਕਰ ਦੇਵੇ ਨਰ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਨਿਮਾਣਾ ਹੋਏ ਨਿਤਾਣਾ ਆਏ ਸਚ ਦਰਬਾਰ । ਹੱਡ ਹੱਡ ਨਾੜੀ ਨਾੜੀ । ਅਗਨ ਜੋਤੀ ਰਹੀ ਸਾੜੀ । ਜਗਤ ਦਿਸੇ ਕਿਸਮਤ ਮਾੜੀ । ਪ੍ਰਭ ਅਬਿਨਾਸ਼ੀ ਦਇਆ ਕਮਾ, ਅੰਮ੍ਰਿਤ ਦੇਵੇ ਮੁਖ ਚੁਆ, ਦੁੱਖ ਮਿਟਾਏ ਬਹੱਤਰ ਨਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖਾਂ ਰੋਗਾਂ ਆਪੇ ਦੇਵੇ ਝਾੜੀ । ਦੁੱਖਾਂ ਰੋਗਾਂ ਛੁਟੇ ਤਨ । ਪ੍ਰਭ ਅਬਿਨਾਸ਼ੀ ਲਏ ਫੜ ਅੰਦਰ

ਵੜ, ਜੂਠੇ ਝੂਠੇ ਦੇਵੇ ਭੰਨ । ਸ਼ਬਦ ਤੀਰ ਚਲੇ ਕੜ ਕੜ, ਪਵਣ ਮਸਾਣੀ ਰਿਹਾ ਲੜ, ਅੰਮ੍ਰਿਤ ਦੇਵੇ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਬਖ਼ਸ਼ੇ ਸਾਚਾ ਨੀਰ । ਲੱਗੀ ਰਹੇ ਪੀੜ ਤਨ । ਪ੍ਰਭ ਅਬਿਨਾਸ਼ੀ ਦੇਵੇ ਬੰਨ੍ਹ । ਦੁੱਖਾਂ ਰੋਗਾਂ ਦੇਵੇ ਡੰਨ । ਝੂਠਾ ਭਾਂਡਾ ਦੇਵੇ ਭੰਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਗ ਸੁਣਾਏ ਕੰਨ । ਲੱਗੇ ਰੋਗ ਤਨ ਖਿੱਟਾ । ਪ੍ਰਭ ਸਾਚਾ ਸ਼ਬਦ ਦੇਵੇ ਦਾਤ, ਪੜਦਾ ਪਾਏ ਚਿੱਟਾ । ਸਾਚਾ ਲੇਖ ਹਰਿ ਫੇਰ ਲਿਖਾਏ, ਬਿਧਨਾ ਲੇਖ ਮਿਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖ ਰੋਗ ਸੋਗ ਸਰਬ ਮਿਟਾਏ ਜੋ ਲੱਗਾ ਰਹੇ ਤਨ ਹੱਟਾ । ਗੁਰ ਸਰਨ ਜਗਤ ਵਡਿਆਈ । ਗੁਰ ਸੰਗਤ ਰਲ ਮਿਲ ਬਹਿਣਾ ਸਾਚੇ ਥਾਈਂ । ਆਤਮ ਜਾਏ ਨਾ ਕਿਸੇ ਹਿੱਲ, ਨਾ ਜਾਏ ਕੋਈ ਸ਼ਰਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਪੀੜੇ ਜਿਉਂ ਕੋਹਲੂ ਤਿਲ, ਵੇਲੇ ਅੰਤ ਕਲਜੁਗ ਆਈ । ਲਿਖੇ ਲਿਖਤ ਲੇਖ ਹਰਿ ਮਿਹਰਵਾਨ । ਦੇਵੇ ਵਰ ਹਰਿ ਭਗਵਾਨ । ਗੁਰਮੁਖ ਸਾਚਾ ਸਚ ਵਿਹਾਜੇ, ਦੇਸ ਮਾਝੇ ਜਗੇ ਜੋਤ ਮਹਾਨ । ਚਰਨ ਕਵਲ ਵਡ ਰਾਜਨ ਰਾਜੇ, ਨੀਚ ਊਚ ਊਚ ਨੀਚ ਭੇਵ ਸਰਬ ਮਿਟ ਜਾਣ । ਚਾਰ ਵਰਨ ਹਰਿ ਸਾਜਣ ਸਾਜੇ, ਆਪ ਚੜ੍ਹਾਏ ਸ਼ਬਦ ਤਾਜੇ, ਗੁਰਮੁਖਾਂ ਸਵਾਰੇ ਮਾਤ ਕਾਜੇ, ਨਰ ਹਰਿ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਦੇਵੇ ਸੋਹੰ ਸ਼ਬਦ ਬ੍ਰਹਮ ਗਿਆਨ । ਸ਼ਬਦ ਬਾਣ ਤਿਖਾ ਤੀਰ । ਦੁਰਮਤ ਮੈਲ ਰਿਹਾ ਚੀਰ । ਵਿਚੋਂ ਕੱਢੇ ਹਉਮੇ ਪੀੜ । ਆਤਮ ਪੜਦਾ ਝੂਠਾ ਵੱਢੇ ਦਿਸੇ ਗਹਿਰ ਗੰਭੀਰ । ਆਪ ਲਡਾਏ ਸਾਚੇ ਲੱਡੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਸ਼ਾਂਤ ਸਰੀਰ । ਆਪ ਪਿਆਏ ਬੂੰਦ

੭੨ ੦੪ ਸਵਾਂਤੀ । ਕੋਈ ਨਾ ਜਾਣੇ ਜਾਤੀ ਪਾਤੀ । ਦਰਸ ਦਿਖਾਏ ਹਰਸ ਮਿਟਾਏ, ਗੁਰਮੁੱਖ ਸੋਇਆ ਆਪ ਜਗਾਏ ਸੁੱਤਿਆਂ ਰਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚੀ ਜੋਤ ਬਿਲੋਏ ਤਿੰਨਾਂ ਲੋਏ, ਨਾ ਕੋਈ ਤੇਲ ਨਾ ਬਾਤੀ । ਆਤਮ ਤੀਰਥ ਕਰ ਇਸ਼ਨਾਨ । ਸੋਹੰ ਮਿਲੇ ਸਾਚਾ ਦਾਨ । ਰਸਨਾ ਗਾਉਣਾ ਹਰਿ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦਾ ਜਾਣੀ ਜਾਣ । ਗੁਰਮੁਖਾਂ ਤਾਰੇ ਹਰਿ ਸਮਰੱਥ । ਬੇਮੁਖਾਂ ਵਿਚੋਂ ਕੀਨੇ ਵੱਖ । ਸ੍ਰਿਸ਼ਟ ਸਬਾਈ ਅੰਤਮ ਕਲ ਲਾਉਂਦੇ ਦਿਸਣ ਭੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਅੰਤਮ ਕਲ ਲਏ ਰੱਖ । ਦੇਵੇ ਨਾਮ ਵਡ ਬਲਕਾਰੀ । ਫੜ ਫੜ ਬਾਹੋਂ ਜਾਏ ਤਾਰੀ । ਕਾਇਆ ਤਨ ਰਿਹਾ ਸ਼ਿੰਗਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕਰੇ ਸਾਚੀ ਕਾਰੀ । ਨਾਮ ਨਿਰਵੈਰ ਵਡ ਹਰਿ ਦੀਨਾ । ਗੁਰਮੁਖਾਂ ਦੇਵੇ ਦਾਨਾ ਬੀਨਾ । ਗੁਰਮੁਖ ਸਾਚੇ ਵਿਰਲੇ ਰਸਨਾ ਚੀਨਾ । ਆਪ ਨੁਹਾਏ ਸਚ ਸਰੋਵਰ ਜਿਉਂ ਜਲ ਮੀਨਾ ਹਰਿ ਜੀ ਭੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਗੁਰਮੁਖ ਸਾਚਾ ਸਾਚੇ ਰਾਹੇ ਪਾਇਆ, ਬਾਹੋਂ ਫੜ ਕੇ ਵੱਖ ਕੀਨਾ । ਛੋਟੇ ਬਾਲੇ ਜਨਮ ਦਵਾਇਆ । ਜਨਮ ਕਰਮ ਧਰਮ, ਹਰਿ ਜੀ ਆਪਣੇ ਹੱਥ ਰਖਾਇਆ । ਆਪ ਮਿਟਾਏ ਚਿੰਤਾ ਰੋਗ, ਸਾਚਾ ਰਾਗ ਦਏ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਏ ਜੋੜ ਚਰਨ ਸਰਨ ਜਿਸ ਜਨ ਸੀਸ ਝੁਕਾਇਆ । ਦਸਵੇਂ ਮਾਸ ਹੋਇਆ ਵਾਸ । ਪੂਰੀ ਕੀਨੀ ਹਰਿ ਜੀ ਆਸ । ਗੁਰਮੁਖ ਸਾਚਾ ਹੋਇਆ ਉਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਰਸਨਾ ਜਪਿਆ ਸਵਾਸ ਸਵਾਸ । ਨਾਮ ਸਵਾਸਾ ਏਕਾ ਕਰ ਗੁਰ ਚਰਨ ਭਰਵਾਸਾ ਦੇਵੇ ਧਰ । ੭੨ ੦੪

ਆਤਮ ਹੋਏ ਗੁਰਮੁਖ ਤੇਰੀ ਰਹਿਰਾਸਾ, ਪ੍ਰਭ ਅਬਿਨਾਸ਼ੀ ਦੇਵੇ ਕਿਰਪਾ ਕਰ । ਰਸਨਾ ਤਜਣਾ ਮਦਿਰਾ ਮਾਸਾ, ਸ਼ਬਦ ਭੰਡਾਰੇ ਦੇਵੇ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਰ ਹਰਿ ਜਨਮ ਦਵਾਇਆ । ਮਾਤ ਘਰ ਭਾਗ ਲਗਾਇਆ । ਸਾਚੀ ਸ਼ਬਦ ਲੱਗੇ ਜਾਗ, ਸਾਚਾ ਵਕਤ ਹਰਿ ਸੁਹਾਇਆ । ਬੁਝੇ ਤ੍ਰਿਸ਼ਨਾ ਆਗ, ਅੰਮ੍ਰਿਤ ਸਾਚਾ ਸੀਰ ਪਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਬਲਬੀਰ ਨਾਮ ਧਰਾਇਆ । ਦੋਏ ਜੋੜ ਕਰੇ ਚਰਨ ਨਿਮਸਕਾਰੀ । ਪ੍ਰਭ ਅਬਿਨਾਸ਼ੀ ਤੁਟੀ ਜੋੜ, ਆਏ ਦਰ ਦਵਾਰੀ । ਕਲਜੁਗ ਬੇੜਾ ਰਿਹਾ ਰੋੜ੍ਹ, ਲਾ ਪਾਰ ਕਿਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਚੁਫੇਰ ਕਰੇ ਸ਼ਬਦ ਵਾੜੀ । ਗੁਰਮੁਖ ਕਰੇ ਦਰ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਬਿਰਧ ਬਾਲ ਜਵਾਨ ਅੰਞਾਣੇ, ਸਾਰੇ ਦੇਵੇ ਤਾਰ । ਮਦਿਰਾ ਮਾਸ ਜੋ ਰਸਨ ਲਗਾਏ, ਮਾਰੇ ਡਾਹਢੀ ਮਾਰ । ਸ਼ਬਦ ਹਥੌੜਾ ਹੱਥ ਰਖਾਏ, ਨਾ ਕੋਈ ਸਕੇ ਸਹਾਰ । ਮਿੱਠਾ ਕੌੜਾ ਵੇਖ ਵਖਾਏ, ਆਤਮ ਕਰੇ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਰਨ ਚੁੱਕੇ ਮਰਨ ਡਰਨ, ਸਾਚਾ ਦੇਵੇ ਨਾਮ ਅਧਾਰ । ਆਤਮ ਸ਼ਬਦ ਲੱਗੇ ਡੰਗ । ਵਾਸ ਹੋਏ ਅੰਗ ਅੰਗ । ਮਾਨਸ ਜਨਮ ਹੋਏ ਭੰਗ । ਸਦਾ ਸਹਾਈ ਅੰਗ ਸੰਗ । ਗੁਰਮੁਖਾਂ ਕਟੇ ਭੁੱਖ ਨੰਗ । ਸਾਚਾ ਸ਼ਬਦ ਤਨ ਪਹਿਨਾਏ, ਗੁਰਮੁਖ ਨਾ ਜਾਣੇ ਕੱਚੀ ਵੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਮਿਹਰਵਾਨ ਚਿੱਟੇ ਅਸਵ ਕਸੀ ਬੈਠਾ ਤੰਗ । ਹਾਕਨ ਡਾਕਨ ਸਿਰ ਮੁੰਡਵਾਏ । ਸ਼ਬਦ ਡੰਡਾ ਸਿਰ ਲਗਾਏ । ਵੱਢੀ ਜਾਏ ਕੰਡਾਂ, ਜੋਤ ਸਰੂਪੀ ਸ਼ਬਦ ਖੰਡਾ ਹੱਥ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਹੋਏ ਜਿਸ ਦੀ ਰੰਡਾ, ਵਿਚ ਨਵ ਖੰਡਾਂ ਬੀਰ ਬੇਤਾਲੇ ਮਗਰੋਂ ਲਾਹੇ । ਆਪੇ ਲਾਹੇ ਬੀਰ ਬੇਤਾਲ । ਫੇਰ ਨਾ ਵੱਜੇ ਕਿਸੇ ਤਾਲ । ਆਪੇ ਤੋੜੇ ਜਗਤ ਜੰਜ਼ਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਰਸਨਾ ਗਾਏ ਆਤਮ ਸਾਚੀ ਜੋਤ ਜਗਾਏ, ਜਿਉਂ ਦੀਪਕ ਵਿਚ ਥਾਲ । ਗੁਰ ਪੂਰਾ ਦਇਆ ਕਮਾਇੰਦਾ । ਗੁਰ ਸੰਗਤ ਸਾਚੀ ਬਣਤ ਬਣਾਇੰਦਾ । ਦਰ ਘਰ ਸਾਚੇ ਆਏ । ਰਸਨਾ ਹਰਿ ਜੀ ਲਿਆ ਧਿਆਏ । ਨੇਤਰ ਨੈਣ ਰਹੇ ਤ੍ਰਿਖਾ ਬੁਝਾਏ । ਚਰਨ ਧੂੜ ਮਸਤਕ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦਿਤਾ ਸਾਚਾ ਵਰ, ਸਾਚੇ ਫੂਲ ਕੰਤ ਕੰਤੂਹਲ ਆਪੇ ਆਪ ਬਰਸਾਏ । ਸੰਗਤ ਆਈ ਸਚ ਦੁਲਾਰੀ । ਦੂਜੀ ਰਲੀ ਨਾਲ ਭਿੰਨੜੀ ਰੈਣ ਪਿਆਰੀ । ਤੀਜੇ ਇਕੱਠੇ ਹੋਏ ਭਾਈ ਭੈਣ, ਬੱਧੀ ਸੱਚੀ ਧਾਰੀ । ਚੌਥੇ ਕੋਇ ਨਾ ਰਹੇ ਖਾਲੀ ਗੁਰ ਦਰ ਬਹਿਣ, ਦੇਵਣਹਾਰ ਸਰਬ ਵਰਤਾਰੀ । ਪੰਜਵੇਂ ਇਕੱਠੇ ਹੋਏ ਬਹਿਣ, ਨਾ ਕੋਈ ਵੇਖੇ ਉਲਟੇ ਨੈਣ, ਗੁਰ ਦਰ ਸਰਬ ਨਰ ਨਾਰੀ । ਛੇਵੇਂ ਸ਼ਰਅ ਨਾ ਕੋਈ ਹਦੀਸ, ਸੱਚਾ ਸ਼ਬਦ ਇਕ ਅਤੀਤ, ਦੇਵੇ ਹਰਿ ਨਰ ਨਿਰੰਕਾਰੀ । ਸਤਵੇਂ ਸਤਿ ਸੰਤੋਖ ਗਿਆਨ, ਏਕਾ ਜੋੜੇ ਚਰਨ ਧਿਆਨ, ਹਰਿ ਮਿਹਰਵਾਨ ਗੁਰਸਿਖਾਂ ਕਿਰਪਾ ਧਾਰੀ । ਅਠਵਾਂ ਅੱਠੇ ਤੱਤ, ਗੁਰਮੁਖਾਂ ਦੇਵੇ ਮਤ, ਸਚ ਸ਼ਬਦ ਬੀਜ ਸੋਹੰ ਸਾਚੇ ਵਤ, ਗੁਰਮੁਖ ਤੇਰੀ ਕਾਇਆ ਕਲ ਕਿਆਰੀ । ਨਾਵੇਂ ਨੌਂ ਨਿਧ, ਗੁਰਮੁਖਾਂ ਕਾਰਜ ਕਰੇ ਸਿਧ, ਆਤਮ ਤੀਰ ਇਕ ਚਲਾਇਆ, ਜੋਤੀ ਜੋਤ ਸਰੂਪ ਹਰਿ, ਖੇਲ ਅਪਰ ਅਪਾਰੀ । ਦਸਵੇਂ ਦਹਿ ਦਿਸ਼ ਧਾਵੇ, ਸ਼ਬਦ ਡੋਰੀ ਪ੍ਰਭ ਅਬਿਨਾਸ਼ੀ ਗੁਰਮੁਖ ਤੇਰਾ ਮਨ ਬੰਧਾਵੇ, ਪੰਜ ਚੋਰ ਤੇਰੇ ਆਤਮ ਘਰ ਨਾ ਕਰਨ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਵੇਂ ਘਰ ਸਾਚੇ ਦਰ ਸਾਚੇ ਸਰ, ਅੱਠੇ ਪਹਿਰ ਵਾਸ ਰਖਾਏ । ਇਕ ਦਸ ਦਸ ਇਕ ਗਿਆਰਾਂ । ਮਿਲਿਆ

ਹਰਿ ਸੱਚਾ ਭਤਾਰਾ । ਦੇਵੇ ਵਰ ਕਿਰਪਾ ਕਰ ਮਾਤਲੋਕ ਜਾਣਾ ਤਰ । ਦਸ ਦੋ ਦੋ ਦਸ ਬਾਰਾਂ । ਲੱਗੀਆਂ ਗੁਰ ਦਰ ਬਹਾਰਾਂ । ਗੁਰਮੁਖਾਂ ਖਿੱਚੀਆਂ ਪ੍ਰਭ ਆਤਮ ਤਾਰਾਂ । ਦੇਵੇ ਆਤਮ ਜੋਤ ਹਰਿ, ਪਾਵੇ ਸਭ ਦੀਆਂ ਸਾਰਾਂ । ਦਸ ਤਿੰਨ ਤੇਰਾਂ । ਪ੍ਰਭ ਅਬਿਨਾਸ਼ੀ ਗੁਰ ਸੰਗਤ ਤਾਰੇ ਕਰ ਕਰ ਆਪਣੀਆਂ ਮਿਹਰਾਂ । ਚਾਰ ਦਸ ਦਸ ਚਾਰ ਚੌਦਾਂ, ਜੋਤੀ ਜੋਤ ਸਰੂਪ ਹਰਿ, ਅੱਠੇ ਪਹਿਰ ਨਾ ਹੋਏ ਕਹਿਰ, ਗੁਰਮੁਖ ਸਾਚਾ ਸਦਾ ਗਾਉਂਦਾ । ਦਸ ਪੰਜ ਪੰਦਰਾਂ । ਹਰਿ ਜੀ ਵਸੇ ਤੇਰੀ ਕਾਇਆ ਕੰਦਰਾਂ । ਨਾ ਭੁਲ ਰੁਲ ਬੇਮੁਖ ਬਣ ਬੰਦਰਾ । ਜੋਤੀ ਜੋਤ ਸਰੂਪ ਹਰਿ, ਆਪੇ ਤੋੜੇ ਤੇਰਾ ਆਤਮ ਵੱਜਾ ਜੰਦਰਾ । ਛੇ ਦਸ ਦਸ ਛੇ ਸੋਲਾਂ । ਗੁਰਸਿਖ ਤੇਰੀ ਆਤਮ ਸੇਜਾ ਸੁੱਤਾ ਰਹੇ ਕੋਲ ਕੋਲਾ । ਸੱਤ ਦਸ ਦਸ ਸੱਤ ਸਤਾਰਾਂ । ਪ੍ਰਭ ਅਬਿਨਾਸ਼ੀ ਵਿਚ ਮਾਤ ਸੋਹੰ ਸ਼ਬਦ ਤੇਰੀਆਂ ਦੋਵੇਂ ਰੱਖੀਆਂ ਤਿੱਖੀਆਂ ਧਾਰਾਂ । ਗੁਰਸਿਖਾਂ ਬੇੜਾ ਪਾਰ ਕਰਾਏ, ਬੇਮੁਖ ਡੋਬੇ ਵਿਚ ਮੰਝਧਾਰਾ । ਅੱਠ ਦਸ ਦਸ ਅੱਠ ਅਠਾਰਾਂ । ਗੁਰਮੁਖ ਲੱਭੇ ਵਿਚੋਂ ਲੱਖਾਂ ਤੇ ਹਜ਼ਾਰਾਂ । ਸਾਚੇ ਹਰਿ ਵਿਚ ਮਾਤ ਬਾਗ਼ ਲਗਾਇਆ, ਗੁਰ ਸੰਗਤ ਮੰਦਰ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਉਤੇ ਅੰਮ੍ਰਿਤ ਆਤਮ ਬਰਸੇ ਸਾਚੀ ਧਾਰਾ । ਨੌਂ ਦਸ ਦਸ ਨੌਂ ਉਨੀਂ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਸੋਹੰ ਸ਼ਬਦ ਸਿਰ ਧਰੀ ਸੱਚੀ ਚੁੰਨੀ । ਬੇਮੁਖ ਅੰਤਮ ਅੰਤ ਕਲ, ਚੋਟੀ ਉਤੋਂ ਮੁੰਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲਾਲੇ ਬਾਲੇ ਆਪੇ ਪਾਲੇ, ਸ੍ਰਿਸ਼ਟ ਸਬਾਈ ਛਾਣੀ ਪੁੰਨੀ । ਦਸ ਦਸ ਬੀਸ, ਸ੍ਰਿਸ਼ਟ ਸਬਾਈ ਜਾਏ ਪੀਸ, ਗੁਰਸਿਖ ਸਾਚੇ ਸੰਤ ਜਨੋਂ ਤੇਰੀ ਕੋਈ ਨਾ ਕਰੇ ਰੀਸ । ਸਚ ਵਰ ਹਰਿ ਦਰ ਮੰਗਦੇ ਫਿਰਨ ਕੋਟਨ ਕੋਟ ਅਪਾਰਾ, ਦੇਵਣਹਾਰ ਸੱਚੀ ਸਰਕਾਰ ਇਕ ਦਾਤਾਰ, ਨਾ ਲਾਉਂਦਾ ਕੋਈ ਫੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਭੇਵ ਚੁਕਾਏ ਬੀਸ ਇਕੀਸ । ਪਹਿਲੀ ਚੇਤ ਹਰਿ ਵਿਚਾਰੀ । ਮਾਤਲੋਕ ਜੋਤ ਧਾਰੀ । ਸਾਧ ਸੰਗਤ ਸਾਚੀ ਤਾਰੀ । ਚੇਤ ਦੋ ਆਈ ਵਾਰੀ । ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ ਸੰਤ ਜਨਾਂ ਆਤਮ ਪਾਏ ਸਾਚੀ ਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦਰ ਇਕ ਖੁਲ੍ਹਾਇਆ, ਸਿੱਧਾ ਰਾਹ ਇਕ ਵਖਾਇਆ, ਗੁਰਮੁੱਖਾਂ ਬਾਹੋਂ ਫੜ ਫੜ ਜਾਏ ਵਾੜੀ । ਤੀਜੇ ਚੇਤ ਤਿੰਨ ਦਿਨ । ਪ੍ਰਭ ਅਬਿਨਾਸ਼ੀ ਕਰੇ ਖੇਲ ਭਿੰਨ ਭਿੰਨ । ਗੁਰਮੁਖ ਸਾਚੇ ਮਾਤ ਗਿਣ ਗਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਜਗਾਏ ਕਰੇ ਰੁਸ਼ਨਾਏ ਛਿਨ ਛਿਨ । ਚਾਰ ਚੇਤ ਚਾਰ ਰੰਗ । ਪੰਚਮ ਜੇਠ ਬਣੇ ਸੰਗ । ਚਿੱਟਾ ਕਾਲਾ ਸੂਹਾ ਲਾਲ, ਪ੍ਰਭ ਬਣਾਏ ਸ਼ਬਦ ਦਲਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰੰਗਾਏ ਇਕ ਰੰਗ । ਪੰਚਮ ਚੇਤ ਪੰਚਮ ਰਾਣੀ । ਪ੍ਰਭ ਅਬਿਨਾਸ਼ੀ ਤੇਰੇ ਦਰ ਸਾਚੇ ਘਰ, ਅੱਠੇ ਪਹਿਰ ਭਰੇ ਪਾਣੀ । ਗੁਰਮੁਖਾਂ ਦਿਤਾ ਸੱਚਾ ਵਰ, ਜਗਤ ਤ੍ਰਿਸ਼ਨਾ ਚੁੱਕੇ ਜਮ ਕੀ ਕਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਗਾਤ ਵਡੀ ਦਾਤ ਕਲਜੁਗ ਮਿਟੇ ਮਾਇਆ ਰਾਣੀ । ਛੇ ਚੇਤ ਗੁਰਮੁਖ ਤੇਰੀ ਆਤਮ ਖੇਤ । ਪ੍ਰਭ ਅਬਿਨਾਸ਼ੀ ਨੇਤਨ ਨੇਤ ਆਪ ਖੁਲ੍ਹਾਏ ਕਰੇ ਛੇਕ । ਇੰਦਲੋਕ ਨਾ ਪਾਇਣ ਦੇਵੀ ਦੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੰਗਲ ਜੂਹ ਉਜਾੜ ਪਹਾੜ ਵੇਂਹਦੇ ਫਿਰਦੇ ਕਲਜੁਗ ਵੇਤ । ਸੱਤ ਚੇਤ ਸੱਚੀ ਸਰਕਾਰ । ਖੇਲ ਕਰੇ ਅਪਰ ਅਪਾਰ । ਗੁਰਮੁਖਾਂ ਤਾਰ ਦੇਵੇ ਵਿਚ ਮੰਝਧਾਰ । ਸ਼ਬਦ ਦੇਵੇ ਹਰਿ ਨਿਰੰਕਾਰੇ, ਖੋਲ੍ਹੇ ਬੰਦ ਕਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਚਬਾਏ ਆਪਣੀ ਦਾੜ੍ਹ । ਅੱਠ ਚੇਤ ਅੱਠੇ ਤੱਤ । ਪ੍ਰਭ ਅਬਿਨਾਸ਼ੀ

ਦੇਵੇ ਮਤ । ਰਸਨਾ ਚਰਖਾ ਲੈਣਾ ਕੱਤ । ਸੋਹੰ ਬੀਜ ਸਾਚਾ ਲੈਣਾ ਆਤਮ ਘਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਡਾਲ ਫਲ ਲਗਾਏ ਮਾਤਲੋਕ ਨਾ ਝੜਨ ਪੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇ ਸਮਝਾਵੇ ਮਤ । ਨੌਂ ਚੇਤ ਨਿਰਗੁਣ ਰੂਪ । ਜੋਤ ਸਰੂਪੀ ਹਰਿ ਵਡ ਭੂਪ । ਗੁਰਮੁਖਾਂ ਮਿਟਾਏ ਆਤਮ ਅੰਧੇਰ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਵਿਚ ਜਗਾਏ ਕਰੇ ਰੁਸ਼ਨਾਏ, ਏਕਾ ਦਿਸੇ ਸਤਿ ਸਰੂਪ । ਦਸ ਚੇਤ ਹਰਿ ਦਰਸ ਦਿਖਾਇਆ । ਕਰ ਤਰਸ ਅੰਮ੍ਰਿਤ ਮੇਘ ਆਪ ਬਰਸਾਇਆ । ਗੁਰਮੁਖਾਂ ਮਿਟਾਏ ਹਰਸ, ਬੇਮੁਖਾਂ ਤਨ ਅਗਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੂਠੇ ਝੂਠੇ ਜੀਵ ਅੰਤਮ ਕਲ ਨਗਨ ਰਖਾਇਆ । ਦਸ ਚੇਤ ਦਸਮ ਦਵਾਰੀ । ਗੁਰਮੁਖਾਂ ਖੁਲ੍ਹਾਏ ਹਰਿ ਨਿਰੰਕਾਰੀ । ਰਸਨਾ ਗਾਏ ਭਰਮ ਚੁਕਾਏ, ਨਰ ਹਰਿ ਹਰਿ ਨਰ ਸਿਰਜਣ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਕਰੇ ਸਦ ਪਿਆਰੀ । ਸਾਧ ਸੰਗਤ ਸਚ ਵਖਾਨਿਆਂ । ਪ੍ਰਭ ਅਬਿਨਾਸ਼ੀ ਦਰ ਆਇਆਂ ਦੇਵੇ ਮਾਨਿਆਂ । ਹਉਮੇ ਰੋਗ ਜਗਤ ਵਿਜੋਗ ਦਏ ਚੁਕਾਈ, ਦੇਵੇ ਨਾਮ ਵਡ ਮਹਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਇਆਂ ਦੇਵੇ ਮਾਣ ਦੋ ਜਹਾਨਿਆਂ । ਮੰਗਣੀ ਭਿੱਖ ਸਚ ਦਵਾਰੇ । ਉਤਰੇ ਤ੍ਰਿਖ ਪੀਓ ਅੰਮ੍ਰਿਤ ਧਾਰੇ । ਲੱਥੇ ਵਿਸ ਕਲਜੁਗ ਲੱਗੀ ਭਾਰੇ । ਸਾਚੀ ਸਿਖਿਆ ਲੈਣੀ ਸਿੱਖ, ਸੋਹੰ ਸ਼ਬਦ ਰਸਨ ਉਚਾਰੇ । ਸਚ ਲੇਖ ਪ੍ਰਭ ਦੇਵੇ ਲਿਖ, ਮਾਨਸ ਜਨਮ ਸੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਵਸਤ ਹਰਿ ਝੋਲੀ ਪਾਏ, ਗੁਰਮੁਖ ਨਾ ਮੰਗਣ ਜਾਏ ਦੂਜੇ ਕਿਸੇ ਹੋਰ ਦਵਾਰੇ । ਸ਼ਬਦ ਨਾਮ ਸਚ ਪੰਘੂੜਾ । ਰੰਗ ਚੜ੍ਹਾਏ ਤਨ ਗੂੜ੍ਹਾਂ । ਚਤੁਰ ਸੁਜਾਨ ਬਣਾਏ ਬੇਮੁਖ ਮੂੜ੍ਹਾ । ਆਤਮ ਬ੍ਰਹਮ ਗਿਆਨ ਦਵਾਏ ਜੋ ਜਨ ਮਸਤਕ ਲਾਏ ਚਰਨ ਧੂੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਕਲਜੁਗ ਕਟਾਏ ਜੋ ਪਾਈ ਬੈਠਾ ਜੂੜਾ । ਹਰਿ ਸਾਚਾ ਤਨ ਵਸਾਣਾ । ਮਨ ਝੂਠਾ ਆਪ ਸਮਝਾਣਾ । ਹੱਥੀਂ ਫੜੀ ਫਿਰਦਾ ਠੂਠਾ, ਸਾਚੀ ਵਸਤ ਖੈਰ ਕਿਸੇ ਨਾ ਪਾਣਾ । ਸਾਚੇ ਦਰ ਤੋਂ ਫਿਰਦਾ ਰੂਠਾ, ਨਾ ਫੇਰ ਕਿਸੇ ਮਨਾਣਾ । ਧਰਮ ਰਾਏ ਟੰਗਾਏ ਕਰ ਕਰ ਪੁੱਠਾ, ਦੇਵੇ ਦੁੱਖ ਮਹਾਨਾ । ਗੁਰ ਪੂਰਾ ਗੁਰਮੁਖਾਂ ਤੁਠਾ, ਦੇਵੇ ਨਾਮ ਨਿਧਾਨਾ । ਬੇਮੁਖ ਰਹਿਣ ਨਾ ਦੇਵੇ ਲੁਕਿਆ ਕਿਸੇ ਗੁੱਠਾ, ਸ਼ਬਦ ਡੰਡਾ ਮਗਰ ਲਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਨਾਮ ਨਿਧਾਨਾ । ਆਪ ਚੁਕਾਏ ਪਿਛਲੀ ਬਾਕੀ । ਆਤਮ ਖੋਲ੍ਹੇ ਗੁਰਮੁਖਾਂ ਤਾਕੀ । ਅੰਦਰ ਬੈਠਾ ਮਾਰੇ ਝਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟਾ ਬਾਣਾ ਇਕ ਰਖਾਇਆ, ਕੋਈ ਨਾ ਅੱਗੇ ਰਹੇ ਆਕੀ । ਅੰਦਰ ਵੜਿਆ ਸੱਚਾ ਸ਼ਾਹ । ਲੇਖਾ ਲਵੇ ਪੰਜਾਂ ਚੋਰਾਂ, ਬਾਹੀਂ ਫੜ ਕੇ ਪਾਵੇ ਫਾਹ । ਕਲਜੁਗ ਜੀਵ ਕਿਸੇ ਦਿਸ ਨਾ ਆਏ, ਅੰਦਰ ਅੰਧ ਅੰਧੇਰਾ ਡੂੰਘਾ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਬੇੜਾ ਬੰਨੇ ਦੇਵੇ ਲਾ । ਮਨ ਪੰਖੀ ਲਾਏ ਉਡਾਰੀ । ਦਹਿ ਦਿਸ਼ ਭਰਮੇ ਜਾਏ ਵਾਰੋ ਵਾਰੀ । ਗੁਰਮੁਖ ਗੂੜ੍ਹੀ ਨੀਂਦ ਸੌਂਦਾ ਜਾਏ, ਪ੍ਰਭ ਅਬਿਨਾਸ਼ੀ ਕਰੇ ਰਖਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਫੜ ਫੜ ਤੋੜੇ ਕਿਲ੍ਹੇ ਹੰਕਾਰੀ । ਗੜ੍ਹ ਅੰਦਰ ਵੜ ਸਾਚੇ ਰਾਹੇ ਪਾਉਂਦਾ ਜਾਏ । ਤਨ ਮਨ ਮਨ ਚੈਂਚਲਹਾਰਾ । ਪੰਚਾਂ ਨਾਲ ਕਰੇ ਪਿਆਰਾ । ਪ੍ਰਭ ਅਬਿਨਾਸ਼ੀ ਸ਼ਬਦ ਡੰਡਾ ਸਾਚਾ ਕੰਡਾ ਇਕੋ ਦੇਵੇ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ


੭੫
੦੪

ਗੁਰਸਿਖਾਂ ਆਪ ਬੰਨ੍ਹਾਏ ਆਤਮ ਸਾਚੀ ਧਾਰ । ਸੁਰਤ ਸ਼ਬਦ ਮੇਲ ਮਿਲਾਵਾ । ਗੁਰਮੁਖ ਰੱਖ ਸਾਚਾ ਦਾਅਵਾ । ਕਲਜੁਗ ਨਾ ਪਾਉਣਾ ਝੂਠਾ ਹਾਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਗਲੇ ਲਗਾਏ ਦਇਆ ਕਮਾਏ ਗੁਰਮੁਖਾਂ ਫੜ ਕੇ ਬਾਹਾਂ । ਸੁਰਤ ਸ਼ਬਦ ਮੇਲ ਮਿਲਾਏ । ਸੁਰਤ ਸ਼ਬਦ ਸੁਨ ਮੁਨ ਖੁਲ੍ਹਾਏ । ਸੁਰਤ ਸ਼ਬਦ ਧੁਨ ਇਕ ਉਪਜਾਏ । ਸੁਰਤ ਸ਼ਬਦ ਗੁਣ ਅਵਗੁਣ ਜਨ ਕਢਾਏ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰਦਰਗਾਹੀ ਸੁਰਤ ਸ਼ਬਦ ਸੱਚੀ ਉਡਾਰੀ । ਸੁਰਤ ਸ਼ਬਦ ਖੋਲ੍ਹੇ ਬੰਦ ਕਵਾੜੀ । ਸੁਰਤ ਸ਼ਬਦ ਦਿਖਾਏ ਵਾਰੋ ਵਾਰੀ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਸੰਤ ਜਨਾਂ ਆਪ ਖੁਲ੍ਹਾਏ ਦਇਆ ਕਮਾਏ, ਜੋ ਜਨ ਕਰੇ ਚਰਨ ਪਿਆਰੀ । ਤੀਜਾ ਨੈਣ ਨੇਤਰ ਅਪਰ ਅਪਾਰਾ । ਅੱਠੇ ਪਹਿਰ ਅੰਮ੍ਰਿਤ ਰੂਪੀ ਜਲ ਰਹੇ ਧਾਰਾ । ਸਾਚਾ ਦਿਸੇ ਹਰਿ ਸਚ ਸਰੂਪੀ, ਜੋਤ ਸਰੂਪੀ ਨਿਹਕਲੰਕ ਨਿਰਾਹਾਰਾ ਨਿਰਾਧਾਰਾ । ਨਾ ਕੋਈ ਰੰਗ ਨਾ ਕੋਈ ਰੇਖ, ਏਕਾ ਜੋਤ ਜਗੇ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਸਮ ਦਵਾਰੀ ਖੋਲ੍ਹੇ, ਦੇਵੇ ਅੰਮ੍ਰਿਤ ਧਾਰਾ । ਦਸਮ ਦਵਾਰ ਹਰਿ ਜੀ ਖੋਲ੍ਹੇ । ਅੰਦਰ ਬੈਠਾ ਹਰਿ ਜੀ ਬੋਲੇ । ਗੁਰਮੁਖ ਗੁਰ ਦੋਵੇਂ ਦਿਸਣ ਕੋਲ ਕੋਲੇ । ਨਾ ਕੋਈ ਪੜਦਾ ਨਾ ਕੋਈ ਉਹਲੇ । ਆਪੇ ਵਸੇ ਗੁਰਸਿਖ ਤੇਰੇ ਕਾਇਆ ਚੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪੜਦੇ ਸਾਰੇ ਖੋਲ੍ਹੇ । ਖੁਲ੍ਹੇ ਦਸਮ ਦਵਾਰ ਜੋਤ ਆਕਾਰਿਆ । ਦੀਪਕ ਜੋਤ ਕਰ ਉਜਿਆਰ, ਚਲਦੀ ਦਿਸੇ ਇਕੋ ਧਾਰ, ਜਗੇ ਵਿਚ ਲਲਾਟ ਅਪਰ ਅਪਾਰ ਹੈ । ਆਪ ਕਰਾਏ ਪੂਰਾ ਘਾਟ, ਵਿਚੋਂ ਪਰਦਾ ਰਿਹਾ ਕਾਟ ਹੈ । ਜਗੇ ਜੋਤ ਕਾਇਆ ਮਾਟ, ਖੁਲ੍ਹੇ ਇਕੋ ਸਾਚਾ ਹਾਟ, ਦੇਵੇ ਸੁਰਤ ਹਰਿ ਨਰ ਨਿਰੰਕਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਵੱਡਾ ਸ਼ਹਿਨਸ਼ਾਹ ਆਪਣਾ ਆਪ ਵਖਾਲ ਹੈ । ਵੇਖੋ ਰਾਹ ਹਰਿ ਬਲਵਾਨ ਦਾ । ਦੱਸੇ ਕਿਹੜਾ ਥਾਂ, ਰੰਗ ਗੁਰਸਿਖ ਕਿਹੜਾ ਮਾਣਦਾ । ਜਿਥੇ ਰਹਿੰਦੀ ਠੰਡੀ ਛਾਂ, ਲੇਖਾ ਚੁੱਕੇ ਪੀਣ ਖਾਣ ਦਾ । ਆਪ ਉਠਾਏ ਗੁਰਸਿਖਾਂ ਆਪਣੀ ਉਤੇ ਬਾਂਹ, ਸਾਚੇ ਪਾਲਨ ਹਰਿ ਜੀ ਪਾਲਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਇਕੋ ਹਰਿ ਇਕੋ ਨਰ ਧਾਰਿਆ ਭੇਖ ਸ੍ਰੀ ਭਗਵਾਨ ਦਾ । ਦਸਮ ਦਵਾਰ ਨਿਕਲੇ ਲਾਟ । ਕਾਇਆ ਬਜ਼ਰੀ ਜਾਏ ਪਾਟ । ਜਨ ਭਗਤਾਂ ਗੁਰਮੁਖਾਂ ਨੇੜੇ ਆਈ ਵਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਕਮਾਏ, ਨੇਤਰ ਤੀਜੇ ਵਾਸ ਰਖਾਏ, ਝੂਠਾ ਪਰਦਾ ਜਾਏ ਪਾਟ । ਦੇਂਦਾ ਜਾਏ ਨਾਮ ਭੰਡਾਰਾ । ਮੰਗਣ ਆਏ ਗੁਰਸਿਖ ਦਵਾਰਾ । ਆਪ ਮਿਟਾਏ ਤ੍ਰਿਸ਼ਨਾ ਭੁੱਖ, ਇਕ ਉਪਜਾਏ ਸਾਚਾ ਸੁਖ, ਭੁਲ ਨਾ ਜਾਏ ਜੀਵ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਏ, ਗੁਰਮੁਖ ਆਤਮ ਸੁੰਨ ਖੁਲ੍ਹਾਏ, ਰਸਨਾ ਗਾਏ ਸੋਹੰ ਸ਼ਬਦ ਅਪਰ ਅਪਾਰਾ । ਕਲਜੁਗ ਡੂੰਘੀ ਦਿਸੇ ਭਵਰ । ਅੱਖੀਂ ਵੇਖਿਆ ਗਹਿਰ ਗਵਰ । ਚਰਨ ਲਾਗ ਧੋਣਾ ਦਾਗ, ਮਾਨਸ ਜਨਮ ਜਾਏ ਸਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਗੁਣ ਨਿਧਾਨ, ਨਾ ਦਿਸੇ ਕੋਈ ਅਵਰ । ਭਿੰਨੀ ਰੈਨੜੀਏ ਤੇਰੀ ਰੁੱਤ ਸੁਹੰਜਣੀ । ਭਿੰਨੀ ਰੈਨੜੀਏ ਗੁਰ ਸੰਗਤ ਗੁਰ ਚਰਨ ਮਜਨੀ । ਭਿੰਨੀ ਰੈਨੜੀਏ ਪੀ ਅੰਮ੍ਰਿਤ ਰਸ ਗੁਰਮੁਖਾਂ ਰਾਹ ਸਾਚਾ ਦੱਸਣੀ । ਭਿੰਨੀ ਰੈਨੜੀਏ ਜਗੀ ਜੋਤ ਕਲ ਇਕ ਨਿਰੰਜਣੀ । ਸਭ ਦੇ ਹਿਰਦੇ ਵਸੀ, ਬਣੀ ਦੁੱਖ ਦਰਦ ਭੰਜਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਸਾਚੀ ਦੇਵੇ ਨੇਤਰ ਸਾਚਾ ਅੰਜਨੀ ।


੭੬
੦੪

ਭਿੰਨੀ ਰੈਣ ਗੁਰ ਚਰਨ ਦਵਾਰੇ । ਭਿੰਨੜੀ ਰੈਣ ਦੋਏ ਇਕੱਠੇ ਸਾਚੇ ਸੰਤ ਆਪ ਬਣਾਏ ਸਾਚੇ ਦੁਲਾਰੇ । ਭਿੰਨੀ ਰੈਣ ਗੁਰ ਸੰਗਤ ਤੇਰੀ ਬਣੇ ਸਾਚੀ ਭੈਣ, ਆਪ ਬਹਾਏ ਸਚ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਜੀਆ ਸੱਚਾ ਦਾਨ, ਜਗਾਏ ਜੋਤ ਮਹੱਲ ਮੁਨਾਰੇ । ਭਿੰਨੜੀ ਰੈਣ ਵਕਤ ਸੁਹੇਲਾ । ਭਿੰਨੜੀ ਰੈਣ ਹਰਿ ਦੁਲਾਰੀ, ਗੁਰ ਸੰਗਤ ਸਾਚਾ ਮੇਲਾ । ਭਿੰਨੜੀ ਰੈਣ ਜੋਤ ਸਰੂਪੀ ਜੋਤ ਸਰੂਪ, ਸਾਚਾ ਖੇਲ ਹਰਿ ਜੀ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪ ਚੁਕਾਇਆ ਵਕਤ ਦੁਹੇਲਾ । ਭਿੰਨੜੀ ਰੈਣ ਹਰਿ ਦੁਲਾਰੀ । ਵਿਚ ਮਾਤ ਆਈ ਕਰਨ ਬੇਚਾਰੀ ਚਰਨ ਨਿਮਸਕਾਰੀ । ਗੁਰ ਸੰਗਤ ਸਾਚੇ ਸਚ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੇ ਸੀਸ ਛਤਰ ਝੁਲਾਰੀ । ਭਿੰਨੜੀ ਰੈਣ ਰਾਜ ਰਾਣੀ । ਭਿੰਨੜੀ ਰੈਣ ਗੁਰਸਿਖ ਸਾਚੇ ਸਾਚੀ ਮਾਣੀ । ਭਿੰਨੜੀ ਰੈਣ ਵਡ ਚਤੁਰ ਸੁਘੜ ਸਿਆਣੀ । ਬੇਮੁਖ ਗੂੜ੍ਹੀ ਨੀਂਦ ਸਵਾਏ, ਗੁਰਮੁਖਾਂ ਪਿਆਏ ਅੰਮ੍ਰਿਤ ਜਲ ਸੁੱਚਾ ਪਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਧਾਰ ਇਕ ਬੰਨ੍ਹਾਏ ਇਕ ਚਲਾਏ ਸੋਹੰ ਸ਼ਬਦ ਸੱਚੀ ਬਾਣੀ । ਅੰਮ੍ਰਿਤ ਅੰਮ੍ਰਿਤ ਅੰਮ੍ਰਿਤ ਧਾਰਾ । ਸਚਖੰਡ ਨਿਵਾਸੀ ਤੇਰਾ ਅਪਰ ਅਪਾਰਾ । ਸਚ ਜੋਤ ਮਾਤ ਪ੍ਰਕਾਸ਼ੀ, ਮਿਟਾਏ ਅੰਧ ਅੰਧਿਆਰਾ । ਸ੍ਰਿਸ਼ਟ ਸਬਾਈ ਹੋਈ ਚਰਨ ਦਾਸੀ, ਦੇਵੇ ਨਾਮ ਸ਼ਬਦ ਅਪਰ ਅਪਾਰਾ । ਸੋਹੰ ਸ਼ਬਦ ਜਪ ਸਵਾਸ ਸਵਾਸੀ, ਲਾਹੇ ਜੂਠਾ ਝੂਠਾ ਤਨ ਅਫਾਰਾ । ਜੋ ਜਨ ਤਜਾਏ ਮਦਿਰਾ ਮਾਸੀ, ਪ੍ਰਭ ਦੇਵੇ ਸੱਚਾ ਇਕ ਦਵਾਰਾ । ਬੇਮੁਖਾਂ ਗਲ ਪਾਏ ਅੰਤਮ ਫਾਸੀ, ਦੇਵੇ ਦਰ ਦੁਰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਪਿਆਏ ਕਾਇਆ ਕਰੇ ਠੰਡੀ ਠਾਰਾ । ਅੰਮ੍ਰਿਤ ਨੀਰ ਨੀਰ ਵਰੋਲਿਆ । ਪ੍ਰਭ ਅਬਿਨਾਸ਼ੀ ਸਾਚਾ ਸਾਗਰ, ਵਡ ਗਾਗਰ ਆਪਣੀ ਹੱਥੀਂ ਭਰ ਲਿਆ । ਬਾਸ਼ਕ ਨਾਗ ਦਿਤਾ ਗੇੜਾ, ਆਪੇ ਖਿਚੇ ਲਾਏ ਗੇੜਾ, ਚੌਦਾਂ ਰਤਨ ਕੱਢੇ ਦੇਵੇ ਆਪ ਅਮੋਲਿਆ । ਚਿੱਟਾ ਘੋੜਾ ਐਰਾਪਤ ਹਾਥੀ ਕਾਮ ਧੇਨ ਅੰਮ੍ਰਿਤ ਵਿਖ ਸ਼ਰਾਬ ਮਦਿ ਬਿਰਖ ਪਾਰਜਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਖੁਲ੍ਹਾਏ ਤਾਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸੋਲਾਂ ਕਲਾਂ ਚੌਦਾਂ ਲੋਕ ਰਸਨਾ ਆਪਣੀ ਬੋਲੇ । ਅੰਮ੍ਰਿਤ ਪੀ ਅਮਰ ਪਦ ਪਾਏ ਨਿਰਮਲ ਹੋਏ ਜੀ ਗੁਰਮੁਖ ਸਾਚੇ ਸਦ ਹਰਿ ਜੀ ਆਪਣੇ ਘਰ ਬਹਾਏ, ਪ੍ਰਭ ਚਰਨ ਬਲ ਬਲ ਥੀਂ । ਆਪ ਬਣਾਏ ਪੁੱਤਰ ਧੀ, ਸਾਚੀ ਦਇਆ ਕਮਾਏ, ਸਤਿਜੁਗ ਬੰਧਾਏ ਸਾਚੀ ਨੀਂਹ । ਗੁਰਮੁਖਾਂ ਮੁਖ ਚੁਆਏ, ਅੰਮ੍ਰਿਤ ਬਰਖੇ ਸਾਚਾ ਮੀਂਹ । ਤ੍ਰਿਖਾ ਅਗਨ ਬੁਝਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੀਪਕ ਜੋਤੀ ਜਗਣ, ਵਿਚ ਗਗਨ ਕਰੇ ਰੁਸ਼ਨਾਈ ।

## * ੧੧ ਚੇਤ ੨੦੧੧ ਬਿਕ੍ਰਮੀ ਮੇਰਠ ਛਾਉਣੀ *

ਹਰਿ ਨਿਰੰਕਾਰ ਭੇਖ ਅਪਾਰ ਜੋਤ ਅਧਾਰ । ਲੱਖ ਚੁਰਾਸੀ ਪਸਰ ਪਸਾਰ । ਲੋਕਮਾਤ ਆਵੇ ਜਾਵੇ ਵਾਰੋ ਵਾਰ । ਸਾਚਾ ਖੇਲ ਆਪ ਰਚਾਏ, ਸ੍ਰਿਸ਼ਟ ਸਬਾਈ ਪਾਵੇ ਸਾਰ । ਬੇਮੁਖ ਜੀਵ ਅੰਤ ਖਪਾਵੇ, ਜੁਗਾ ਜੁਗੰਤਰ ਜਾਮਾ ਧਾਰ । ਜਨ ਭਗਤਾਂ ਸਾਚੇ ਰਾਹੇ ਪਾਵੇ, ਦੇਵੇ ਸ਼ਬਦ ਅਪਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਲੈ ਮਾਤ ਅਵਤਾਰ । ਜਨ ਭਗਤਾਂ ਰਾਹ ਵਖਾਇੰਦਾ । ਸੋਹੰ ਸ਼ਬਦ ਤਨ ਵਸਾਇੰਦਾ । ਆਤਮ ਜਾਏ ਮੰਨ,

ਭਾਂਡਾ ਭਰਮ ਦੇਵੇ ਭੰਨ, ਪੰਜਾਂ ਚੋਰਾਂ ਦੇਵੇ ਡੰਨ, ਫੜ ਬਾਹੋਂ ਬਾਹਰ ਕਢਾਇੰਦਾ । ਗੁਰਮੁਖ ਸਾਚੇ ਸੰਤ ਜਨ ਰਸਨਾ ਕਹਿਣ ਧੰਨ ਧੰਨ, ਪ੍ਰਗਟ ਹੋਏ ਜੋਤ ਸਰੂਪੀ ਵੱਡਾ ਸ਼ਾਹੋ ਭੂਪੀ, ਸਤਿ ਸਰੂਪੀ ਦਰਸ ਦਿਖਾਇੰਦਾ । ਸ੍ਰਿਸ਼ਟ ਸਬਾਈ ਅੰਧ ਕੂਪੀ, ਦਿਸ ਨਾ ਆਏ ਹਰਿ ਜੀ ਸਾਚਾ ਸਤਿ ਸਰੂਪੀ, ਬੇਮੁਖ ਜੀਵ ਹੋਏ ਹਲਕਾਏ, ਜੋਤ ਸਰੂਪੀ ਜੋਤ ਹਰਿ ਮਾਤਲੋਕ ਆਇਆ ਜੋਤ ਧਰ, ਨਿਹਕਲੰਕ ਨਰਾਇਣ ਅਵਤਾਰ ਨਰ, ਬੇਮੁਖਾਂ ਦਿਸ ਨਾ ਆਇੰਦਾ । ਹਰਿ ਕਰੇ ਪਿਆਰ, ਸਾਚੀ ਦੇਵੇ ਸ਼ਬਦ ਧਾਰ । ਏਕਾ ਸੱਚੀ ਦੇਵੇ ਨਾਮ ਉਡਾਰ । ਕਲਜੁਗ ਜੀਵ ਕਾਇਆ ਝੂਠੀ ਮਾਟੀ, ਸਾਚਾ ਪ੍ਰਭ ਭੰਨੇ ਅੰਤਮ ਵਾਰ । ਏਕਾ ਜੋਤ ਹਿਰਦੇ ਵਸੇ ਤੇਰੇ ਸੱਚੋ ਸਚ, ਮਿਟਾਏ ਅੰਧ ਅੰਧਿਆਰ । ਚਾਰ ਕੁੰਟ ਅਗਨ ਮਾਇਆ ਵਿਚ ਫਸੀ, ਨਾ ਕੋਈ ਕਾਇਆ ਕਰੇ ਠੰਡੀ ਠਾਰ । ਕਲਜੁਗ ਜੀਵ ਜੂਠੇ ਝੂਠੇ ਅੱਠੇ ਪਹਿਰ ਕਰਨ ਪੁਕਾਰ, ਨਾ ਦੇਵੇ ਕੋਈ ਸ਼ਬਦ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਜਗਾਏ, ਜੋਤ ਸਰੂਪੀ ਜਾਮਾ ਧਾਰ । ਜਨ ਭਗਤਾਂ ਹਰਿ ਮਾਣ ਦਵਈਆ । ਆਪ ਚੜ੍ਹਾਏ ਸਾਚੀ ਨਈਆ । ਸਾਚਾ ਸ਼ਬਦ ਬਬਾਨ ਉਡਾਏ ਦਰਗਹਿ ਸਾਚੀ ਮਾਣ ਦਵਈਆ । ਜੋਤੀ ਜੋਤ ਸਰੂਪ ਹਰਿ, ਕਿਰਪਾ ਆਪਣੀ ਜਾਏ ਕਰ, ਚਰਨ ਲਾਗ ਜਾਏ ਤਰ, ਆਪੇ ਚੁੱਕੇ ਜਮ ਕਾ ਡਰ, ਏਕਾ ਜਾਏ ਸਾਚੇ ਘਰ, ਜਿਥੇ ਵਸੇ ਹਰਿ ਨਿਰੰਕਾਰ । ਜਨ ਭਗਤਾਂ ਜਗਤ ਉਪਾਨਾ । ਡੂੰਘੀ ਭਵਰ ਸੰਸਾਰ ਸਾਗਰ, ਨਾ ਕੋਈ ਜਾਣੇ ਵੰਞ ਮੁਹਾਣਾ । ਝੂਠੀ ਮਾਇਆ ਕਾਇਆ ਮਾਟੀ ਗਾਗਰ, ਵਿਚ ਅੰਮ੍ਰਿਤ ਭਰਿਆ ਹਰਿ ਬੇਮੁਹਾਨਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਫੜ ਕੇ ਬਾਂਹ ਅੰਤਮ ਕਲ ਸਾਚੇ ਰਾਹੇ ਪਾਨਾ । ਅੰਤਮ ਕਲ ਹੋਏ ਅਖ਼ੀਰ । ਬੇਮੁਖਾਂ ਲੱਥਣ ਅੰਤਮ ਚੀਰ । ਚਾਰੋਂ ਕੁੰਟ ਹੋਏ ਵਹੀਰ । ਆਪ ਮਿਟਾਏ ਸ਼ਾਹ ਗੌਂਸ ਔਲੀਏ ਪੀਰ ਦਸਤਗੀਰ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪ ਵਰਤਾਏ, ਕਿਸੇ ਹੱਥ ਨਾ ਆਏ ਨੀਰ ਜਨ ਭਗਤ ਸਹਿਜ ਸੁਖ ਦਾਤੀ । ਦੇਵੇ ਦਰਸ ਹਰਿ ਸੁੱਤਿਆਂ ਰਾਤੀਂ । ਮਿਲਿਆ ਸਾਚਾ ਹਰਿ ਸ਼ਬਦ ਮਿਲੀ ਸੱਚੀ ਸੁਗਾਤੀ । ਅੰਮ੍ਰਿਤ ਭੰਡਾਰਾ ਗਿਆ ਭਰ, ਗੁਰਮੁਖ ਆਤਮ ਸਾਚੀ ਬਾਤੀ । ਆਪ ਵਖਾਇਆ ਸਾਚਾ ਘਰ, ਜਿਥੇ ਬੈਠਾ ਸੱਚਾ ਹਰਿ, ਜੋਤ ਸਰੂਪੀ ਇਕ ਇਕਾਂਤੀ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਬੂੰਦ ਪਿਆਏ ਸਵਾਂਤੀ । ਜਨ ਭਗਤਾਂ ਹਰਿ ਜਗਤ ਗੁਰ ਦਾਤਾ । ਗੁਰਮੁਖਾਂ ਮਿਲਿਆ ਪੁਰਖ ਬਿਧਾਤਾ । ਸੋਹੰ ਦੇਵੇ ਸਾਚਾ ਸ਼ਬਦ ਧੁਰਦਰਗਾਹੀ ਸਚ ਸੁਗਾਤਾ । ਕਲਜੁਗ ਅੰਤਮ ਮਿਲਿਆ ਸਾਚਾ ਮਾਹੀ, ਆਪ ਮਿਟਾਏ ਅੰਧੇਰੀ ਰਾਤਾ । ਆਪਣੀ ਹੱਥੀਂ ਲਾਹੇ ਛਾਹੀ, ਜਨ ਭਗਤਾਂ ਪੁੱਛੇ ਵਾਤਾ । ਜੋਤੀ ਜੋਤ ਸਰੂਪ ਹਰਿ, ਭਗਤ ਜਨ ਜਨ ਭਗਤ ਆਪੇ ਹੋਏ ਪਿਤ ਮਾਤਾ । ਜਨ ਭਗਤ ਹਰਿ ਮਾਤ ਪਿਤ । ਮਾਤ ਜੋਤ ਪ੍ਰਗਟਾਏ ਕਰੇ ਸਾਚਾ ਹਿੱਤ । ਜੋਤ ਸਰੂਪੀ ਦਰਸ ਦਿਖਾਏ ਆਏ ਨਿਤ ਨਵਿਤ । ਬੇਮੁਖਾਂ ਹਰਿ ਦਿਸ ਨਾ ਆਏ, ਕੇਤੇ ਭੌਂਦੇ ਚਾਰ ਕੁੰਟ ਲਭਦੇ ਫਿਰਦੇ ਵਾਰ ਥਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਹਰਿ ਇਕੋ ਸੱਚਾ ਵਰ ਏਕਾ ਦੇਵੇ ਦਰ, ਗੁਰਮੁਖ ਸਾਚੇ ਸੰਤ ਜਨਾਂ ਇਕੋ ਸੱਚਾ ਮਿਤ । ਜਨ ਭਗਤਾਂ ਮਿਲਿਆ ਹਰਿ ਸੱਚਾ ਮੀਤਲਾ । ਜਨ ਭਗਤਾਂ ਏਕਾ ਦੇਵੇ ਸੱਚੇ ਮੇਵੇ, ਸੋਹੰ ਸ਼ਬਦ ਸਾਚਾ ਸੀਤਲਾ । ਗੁਰਮੁਖ ਵਿਰਲਾ ਪ੍ਰਭ ਦਰ ਆਵੇ ਨੇੜੇ, ਜਗਤ ਚਲਾਈ ਸਾਚੀ ਰੀਤਲਾ । ਅੱਠੇ ਪਹਿਰ ਸੋਹੰ ਸ਼ਬਦ ਜੋ ਜਨ ਰਸਨਾ ਸੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਵਡ ਦੇਵੀ ਦੇਵੇ ਲੱਖ ਚੁਰਾਸੀ ਪਰਖੇ ਸਭ ਦੀ ਨੀਤਲਾ । ਲੱਖ ਚੁਰਾਸੀ ਵੇਖ

੭੮ ੦੪

ਵਖਾਣੇ । ਜਨ ਭਗਤਾਂ ਹਰਿ ਆਪ ਪਛਾਣੇ । ਆਤਮ ਸਾਚੀ ਜੋਤ ਜਗਾਏ, ਆਤਮ ਦੇਵੇ ਬ੍ਰਹਮ ਗਿਆਨੇ । ਏਕਾ ਨਾਮ ਰਿਦੇ ਵਸਾਏ, ਮਿਲਿਆ ਮੇਲ ਭਗਤ ਭਗਵਾਨੇ । ਜੋਤੀ ਜੋਤ ਸਰੂਪ ਹਰਿ, ਦੇਵੇ ਸੱਚਾ ਵਰ ਸੋਹੰ ਸ਼ਬਦ ਸੱਚਾ ਦਾਨੇ । ਸੋਹੰ ਦਾਨ ਸ਼ਬਦ ਭਗਤ ਭੰਡਾਰਾ । ਦੇਵੇ ਭਗਵਾਨ ਹਰਿ ਨਿਰੰਕਾਰਾ । ਬਣਾਏ ਚਤੁਰ ਸੁਜਾਣ ਬਣ ਮਿਹਰਬਾਨ, ਆਤਮ ਦੀਪ ਕਰੇ ਉਜਿਆਰਾ । ਸਾਚਾ ਲਾਏ ਸ਼ਬਦ ਬਾਣ, ਚੁਕਾਏ ਜਮ ਕੀ ਕਾਨ, ਲੱਖ ਚੁਰਾਸੀ ਗੇੜ ਨਿਵਾਰਾ । ਸੱਚਾ ਦੇਵੇ ਪੀਣ ਖਾਣ ਚਰਨ ਧੂੜੀ ਸੱਚਾ ਇਸ਼ਨਾਨ, ਨਿਹਕਲੰਕ ਸਾਚਾ ਹਰਿ ਜੁਗ ਦਵਾਪਰ ਕ੍ਰਿਸ਼ਨ ਮੁਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਜੋਤ ਇਕੋ ਗੋਤ, ਆਦਿ ਅੰਤ ਜੁਗਾ ਜੁਗੰਤ, ਜਿਉਂ ਤਰੇਤਾ ਰਾਮ ਅਵਤਾਰਾ । ਰਾਮ ਅਵਤਾਰੀ ਹਰਿ ਨਿਰੰਕਾਰੀ । ਇਕੋ ਜੋਤ ਆਵੇ ਵਾਰੋ ਵਾਰੀ । ਦੁਰਮਤ ਮੈਲ ਗੁਰਮੁਖਾਂ ਜਾਏ ਧੋਤ, ਸਾਚੀ ਦੇਵੇ ਸ਼ਬਦ ਦਾਤ, ਬੀਜੇ ਅੰਮ੍ਰਿਤ ਆਤਮ ਇਕ ਕਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਮਾਤਲੋਕ ਏਕਾ ਜੋਤ ਧਰ, ਗੁਰਮੁਖਾਂ ਚੁਕਾਏ ਝੂਠਾ ਜਮ ਕਾ ਡਰ, ਅੱਠੇ ਪਹਿਰ ਹਿਰਦੇ ਵਿਚ ਰਿਹਾ ਸਮਾਈ । ਜਨ ਭਗਤਾਂ ਸ਼ਬਦ ਚੋਟ ਹਰਿ ਲਗਾਈ । ਆਪੇ ਕੱਢੇ ਹਉਮੇ ਖੋਟ, ਦੇਵੇ ਨਾਮ ਸੱਚੀ ਰੁਸ਼ਨਾਈ । ਏਕਾ ਰੱਖ ਗੁਰ ਚਰਨ ਓਟ, ਸ਼ਬਦ ਬਬਾਣ ਲਏ ਚੜ੍ਹਾਈ । ਦਰ ਘਰ ਸੱਚਾ ਨਾ ਆਵੇ ਕਦੇ ਤੋਟ, ਅਤੁਟ ਭੰਡਾਰਾ ਆਪ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਮਾਝੇ ਦੇਸ ਜੋਤ ਜਗਾਈ । ਨਿਹਕਲੰਕ ਕਲ ਜਾਮਾ ਧਾਰਿਆ । ਮਾਇਆ ਰੂਪੀ ਪਸਰ ਪਸਾਰਿਆ । ਬੇਮੁਖਾਂ ਵਹਾਏ ਵਹਿੰਦੀ ਧਾਰਿਆ । ਗੁਰਮੁਖਾਂ ਚੁੱਕ ਲਿਆਏ ਚਰਨ ਦਵਾਰਿਆ । ਵਰਨ ਬਰਨ ਹਰਿ ਸੱਚਾ ਸਰਬ ਮਿਟਾ ਰਿਹਾ । ਏਕਾ ਨਿਹਕਲੰਕ ਤੇਰੀ ਸਾਚੀ ਸਰਨ, ਸ੍ਰਿਸ਼ਟ ਸਬਾਈ ਆਪ ਰਖਾ ਰਿਹਾ । ਆਪ ਚੁਕਾਏ ਮਰਨ ਡਰਨ ਸਰਨੀ ਸਰਨ, ਕਿਰਪਾ ਕਰ ਸਾਚੇ ਰਾਹੇ ਪਾ ਰਿਹਾ । ਗੁਰਮੁਖਾਂ ਖੁਲ੍ਹਾਏ ਹਰਨ ਫਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਵਿਚ ਟਿਕਾ ਰਿਹਾ । ਸਾਚੀ ਜੋਤ ਕਾਇਆ ਮੰਦਰ । ਕਰੇ ਪ੍ਰਕਾਸ਼ ਡੂੰਘੀ ਅੰਧੇਰ ਕੰਦਰ । ਹਰਿ ਕਰੇ ਵਾਸ, ਗੁਰਸਿਖ ਤੇਰਾ ਆਤਮ ਵੱਜਾ ਤੋੜੇ ਜੰਦਰ । ਅੱਠੇ ਪਹਿਰ ਹੋਇਆ ਰਹੇ ਦਾਸ, ਬੈਠਾ ਰਹੇ ਤੇਰੇ ਅੰਦਰ । ਜੋਤੀ ਜੋਤ ਸਰੂਪ ਹਰਿ, ਬੇਮੁਖ ਜੀਵਾਂ ਦਿਸ ਨਾ ਆਏ, ਚਾਰੋਂ ਕੁੰਟ ਭੌਂਦੇ ਫਿਰਦੇ ਬੰਦਰ । ਕਲਜੁਗ ਜੀਵ ਬੇਮੁਹਾਨਾ । ਦਿਸ ਨਾ ਆਏ ਹਰਿ ਭਗਵਾਨਾ । ਉਲਟੇ ਰਾਹੇ ਪਾਏ, ਨਾ ਕੋਈ ਬੂਝੇ ਰਾਣਾ । ਗੁਰਮੁਖ ਸਾਚੇ ਆਪ ਉਠਾਏ, ਦੇਵੇ ਦਰਸ ਮਹਾਨਾ । ਜੋਤ ਸਰੂਪੀ ਦਇਆ ਕਮਾਏ, ਜੋਤੀ ਜੋਤ ਹਰਿ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸੋਹੰ ਸ਼ਬਦ ਸੱਚਾ ਦਾਨਾ । ਮਿਲੇ ਦਾਨ ਹਰਿ ਦਵਾਰੇ । ਸਰਬ ਜੀਆਂ ਹਰਿ ਪਾਵੇ ਸਾਰੇ । ਦੇਵੇ ਸ਼ਬਦ ਗਿਆਨ ਚਰਨ ਧਿਆਨ ਹਰਿ ਮਿਹਰਵਾਨ, ਜੋ ਜਨ ਸਰਨ ਚਰਨ ਨਿਮਸਕਾਰੇ । ਸਾਚਾ ਰੰਗ ਇਕ ਰੰਗਾਨ, ਬਣੇ ਸੱਚਾ ਇਕ ਲਲਾਰੇ । ਦੇਵੇ ਨਾਮ ਗੁਣ ਨਿਧਾਨ ਵਡ ਬਲੀ ਬਲਵਾਨ, ਝੁਲਾਏ ਨਿਸ਼ਾਨ ਵਿਚ ਮਾਤ ਅਪਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਕਰ ਪਛਾਣ, ਗੁਰਮੁਖ ਸਾਚੇ ਤਾਰੇ । ਬੇਮੁਖਾਂ ਦਰ ਦੁਰਕਾਰੇ, ਗੁਰਮੁਖਾਂ ਦੇਵੇ ਠੰਡੀ ਛਾਂ । ਬੇਮੁਖਾਂ ਕੋਈ ਨਾ ਫੜੇ ਬਾਂਹ । ਬੇਮੁਖਾਂ ਹੋਏ ਸਹਾਈ ਨਾ । ਬੇਮੁਖ ਏਕਾ ਧਾਮ ਵਸਾਏ, ਪਾਏ ਆਪਣੇ ਆਪ ਰਾਹ । ਧੰਨ ਧੰਨ ਧੰਨ ਗੁਰਸਿਖ ਪਿਆਰਾ । ਧੰਨ ਧੰਨ ਧੰਨ ਗੁਰਮੁਖ ਜਿਸ ਮਿਲਿਆ ਸਚ ਦਵਾਰਾ । ਧੰਨ ਧੰਨ ਧੰਨ ਗੁਰਸਿਖ ਜਿਸ ਦੇਵੇ ਸ਼ਬਦ ਅਪਰ

ਅਪਾਰਾ । ਧੰਨ ਧੰਨ ਧੰਨ ਗੁਰਮੁਖ ਜਿਸ ਮਿਲਿਆ ਅੰਮ੍ਰਿਤ ਭੰਡਾਰਾ । ਧੰਨ ਧੰਨ ਧੰਨ ਗੁਰਸਿਖ ਏਕਾ ਮੰਗਿਆ ਸੱਚਾ ਹਰਿ ਦਵਾਰਾ । ਧੰਨ
ਧੰਨ ਧੰਨ ਗੁਰਮੁਖ ਮੇਲ ਮਿਲਾਵਾ ਸਾਚੇ ਕੰਤ ਹਰਿ ਭਗਵੰਤ ਜੋਤ ਸਰੂਪੀ ਨਿਹਕਲੰਕ ਨਰਾਇਣ ਨਰ ਅਵਤਾਰਾ । ਧੰਨ ਧੰਨ ਧੰਨ ਗੁਰਸਿਖ, ਮਿਲੀ
ਸਾਚੀ ਭਿੱਖ, ਮਿਟੇ ਆਤਮ ਤ੍ਰਿਖ, ਸਚ ਲੇਖ ਪ੍ਰਭ ਜਾਏ ਲਿਖ, ਤਨ ਚਾੜ੍ਹੇ ਰੰਗ ਅਪਰ ਅਪਾਰਾ । ਧੰਨ ਧੰਨ ਧੰਨ ਗੁਰਸਿਖ, ਆਪ ਉਤਾਰੇ
ਕਲਜੁਗ ਮਾਇਆ ਲਾਹੇ ਵਿਖ । ਕਲਜੁਗ ਜੀਵਾਂ ਹੱਥ ਨਾ ਆਏ ਸਾਚਾ ਰਾਹ, ਲੱਭਦੇ ਫਿਰਦੇ ਮੁਨ ਰਿਖ । ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ
ਧਨ ਸ਼ਬਦ ਬੋਧ ਅਗਾਧਾ, ਸਾਚੀ ਸਿਖਿਆ ਲੈਣੀ ਸਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ, ਆਦਿ ਅੰਤ ਸਾਚਾ
ਕੰਤ ਹਰਿ ਭਗਵੰਤ ਦੇਵੇ ਨਿਥਾਵਿਆਂ ਥਾਂ । ਫੜ ਫੜ ਸਾਚੀ ਬਾਂਹ, ਆਪਣੀ ਹੱਥੀਂ ਸੀਰ ਪਿਲਾਏ । ਹਉਮੇ ਵਿਚੋਂ ਪੀੜ ਕਢਾਏ । ਸਾਚੀ
ਧੀਰ ਸ਼ਬਦ ਬੰਨ੍ਹਾਏ । ਅੰਮ੍ਰਿਤ ਸਾਚਾ ਸੀਰ ਪਿਲਾਏ । ਬਜ਼ਰ ਕਪਾਟੀ ਚੀਰ ਵਖਾਏ । ਔਖੀ ਘਾਟੀ ਆਪ ਚੜ੍ਹਾਏ । ਜੋਤ ਲਲਾਟੀ ਵਿਚ ਜਗਾਏ ।
ਕਾਇਆ ਮਾਟੀ ਹੋਏ ਰੁਸ਼ਨਾਏ । ਨੇੜੇ ਆਈ ਵਾਟੀ ਕਲਜੁਗ ਤੇਰਾ ਪੰਧ ਮੁਕਾਏ । ਗੁਰਮੁਖ ਸਾਚੇ ਸਾਚਾ ਰਸ ਰਸਨਾ ਚਾਟੀ, ਦੁਰਮਤ ਮੈਲ ਗਵਾਏ ।
ਗੁਰਮੁਖਾਂ ਤਨ ਝੂਠੀ ਮਾਟੀ, ਕੋਇ ਨਾ ਅੰਤ ਰਹਾਏ । ਸਾਚਾ ਲਾਹਾ ਗੁਰਸਿਖ ਸਾਚੇ ਘਰ ਗੁਰ ਚਰਨ ਅੰਤਮ ਖਾਟੀ, ਧਰਮ ਰਾਏ ਦੇ ਫੰਦ ਕਟਾਏ ।
ਜੋਤੀ ਜੋਤ ਸਰੂਪ ਹਰਿ, ਅੰਤਮ ਜੋਤੀ ਮੇਲ ਮਿਲਾਏ । ਜਾਣੇ ਭਗਤ ਵਕਤ ਸੁਹੇਲਾ । ਪ੍ਰਭ ਅਬਿਨਾਸ਼ੀ ਆਪ ਕਰਾਇਆ ਆਪਣਾ ਮੇਲਾ । ਸਰਬ
ਘਟ ਵਾਸੀ, ਘਨਕਪੁਰ ਵਾਸੀ ਸਾਚਾ ਰਾਹ ਵਖਾਏ । ਸੋਹੰ ਜਪਣਾ ਸਵਾਸ ਸਵਾਸੀ, ਲਾਹੇ ਉਦਾਸੀ, ਗੁਰਮੁਖ ਕੋਇ ਨਾ ਹੋਏ ਮਦਿਰਾ ਮਾਸੀ,
੮੦
੦੪
ਮਾਨਸ ਜਨਮ ਹੋਏ ਰਹਿਰਾਸੀ, ਅੰਤਮ ਕਰੇ ਬੰਦ ਖ਼ਲਾਸੀ, ਸ਼ਬਦ ਬਬਾਣ ਲਏ ਚੜ੍ਹਾਏ । ਬੇਮੁਖ ਜੀਵ ਕਰਨ ਹਾਸੀ, ਅੰਤਮ ਪਾਵੇ ਗਲ ਵਿਚ
ਫਾਸੀ, ਸ੍ਰਿਸ਼ਟ ਸਬਾਈ ਹੋਏ ਅੰਧੀ ਕੋਈ ਨਾ ਕਿਸੇ ਛੁਡਾਏ । ਗੁਰਸਿਖ ਹਰਿ ਅੰਗ ਸੰਗ ਸਦਾ ਸੁਹੇਲਾ, ਪ੍ਰਭ ਅਬਿਨਾਸ਼ੀ ਇਕ ਇਕੇਲਾ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਅੰਤਮ ਕਲਜੁਗ ਬਾਹਰ ਕਰਾਏ । ਜਨ ਭਗਤਾਂ ਜਗਤ ਵਿਛੋੜਾ । ਹਰਿ ਜੀ ਦੇਵੇ ਫਿਰ ਸ਼ਬਦ ਘੋੜਾ ।
ਘਰ ਸਾਚੇ ਸਚ ਰਾਹ ਵਖਾਏ, ਆਪ ਚੜ੍ਹਾਏ ਸਾਚੇ ਪੌੜਾ । ਪ੍ਰਗਟ ਹੋਏ ਦਰਸ ਦਿਖਾਏ, ਗੁਰ ਪੂਰੇ ਗੁਰ ਪੂਰਾ ਬਹੁੜਾ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਲੱਗੀ ਪ੍ਰੀਤ ਤੇਰੀ ਆਪ ਨਿਭਾਏ ਗੁਰਸਿਖ ਤੋੜਾ । ਤੋੜ ਨਿਭਾਏ ਦੀਨਾ ਨਾਥ ਦਇਆ ਨਿਧ । ਗੁਰਮੁਖ ਸਾਚੇ ਸੰਤ
ਜਨਾਂ ਹਰਿ ਕਾਰਜ ਕਰੇ ਸਿਧ । ਸਾਚਾ ਨਾਮ ਵਸਾਏ ਤਨ, ਦੇਵੇ ਇਕ ਸੱਚਾ ਧਨ, ਵਸ ਕਰਾਏ ਨੌਂ ਨਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਸ਼ਬਦ ਤੀਰ ਚਲਾਏ, ਗੁਰਸਿਖ ਤੇਰੀ ਆਤਮ ਜਾਏ ਵਿਧ । ਚਲੇ ਤੀਰ ਸ਼ਬਦ ਨਿਰਾਲਾ । ਗੁਰਮੁਖ ਆਤਮ ਮਾਲੋ ਮਾਲਾ । ਕਲਜੁਗ
ਜੀਵ ਹੋਏ ਕੰਗਾਲਾ । ਅੰਤਮ ਵੇਲਾ ਨਾ ਕਿਸੇ ਸੰਭਾਲਾ । ਫਲ ਨਾ ਲੱਗੇ ਕਾਇਆ ਕਿਸੇ ਡਾਲਾ । ਗੁਰਮੁਖ ਸਾਚੇ ਸੰਤ ਜਨਾਂ, ਆਤਮ ਜੋਤੀ
ਦੀਪਕ ਬਾਲਾ । ਗੁਰਮੁਖ ਸਾਚੇ ਸੰਤ ਜਨਾਂ, ਸਤਿਜੁਗ ਬਣੇ ਆਪ ਰਖਵਾਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਤੇਰਾ ਅੰਤਮ ਅੰਤ ਲਾਹੇ ਸੂਸਾ ਕਾਲਾ । ਸੂਸਾ ਕਾਲਾ ਦੇਵੇ ਲਾਹ । ਚਿੱਟਾ ਬਾਣਾ ਪੰਚਮ ਜੇਠ ਆਪਣੇ ਤਨ ਲੇਵੇ ਪਾ । ਸ੍ਰਿਸ਼ਟ ਸਬਾਈ ਹਰਿ
ਰਘੁਰਾਈ, ਗਲ ਵਿਚ ਸ਼ਬਦ ਸਰੂਪੀ ਪਾਉਂਦਾ ਜਾਏ ਫਾਹ । ਵੇਲੇ ਅੰਤ ਨਾ ਕੋਈ ਛੁਡਾਈ, ਰਾਓ ਉਮਰਾਓ ਸ੍ਰਿਸ਼ਟ ਸਬਾਈ ਸ਼ਹਿਨਸ਼ਾਹ । ਪ੍ਰਭ

ਅਬਿਨਾਸ਼ੀ ਇਕ ਰਘੁਰਾਈ, ਸਭ ਨੂੰ ਰੱਖੇ ਥਾਉਂ ਥਾਂ । ਗੁਰਮੁਖ ਸਾਚੇ ਸੰਤ ਜਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦਵਾਰ ਗੁਰ ਚਰਨ ਦੇਵੇ ਸੱਚਾ ਥਾਂ ਜਗਤ ਨਿਮਾਣਿਆਂ । ਫੜੇ ਅੰਤਮ ਬਾਂਹ, ਗੁਰਮੁਖ ਜਗਤ ਨਿਤਾਣਿਆਂ । ਕਰੇ ਠੰਡੀ ਛਾਂ, ਬੇਮੁਖ ਭੁੰਨੇ ਜਿਉਂ ਭਠਿਆਲੇ ਦਾਣਿਆਂ । ਨਾ ਕੋਈ ਪੁੱਤ ਸੰਭਾਲੇ ਮਾਂ, ਸੁਧ ਰਹੇ ਨਾ ਕਿਸੇ ਰਾਜੇ ਰਾਣਿਆਂ । ਸਭ ਦੇ ਲੇਖੇ ਰਿਹਾ ਲਿਖਾ, ਜੋਤੀ ਜੋਤ ਸਰੂਪ ਹਰਿ, ਸਿੰਘ ਆਸਣ ਬੈਠਾ ਹਰਿ ਭਗਵਾਨਿਆਂ । ਲੇਖਾ ਲਿਖੇ ਹਰਿ ਨਿਰੰਕਾਰਾ । ਜੋਤ ਸਰੂਪੀ ਭੇਖ ਅਪਾਰਾ । ਵੇਖ ਵੇਖ ਭੁਲੇ ਜੀਵ ਗਵਾਰਾ । ਝੂਠੀ ਮਾਇਆ ਅੰਦਰ ਰੁਲੇ, ਅੰਤਮ ਪਾਏ ਨਾ ਕੋਈ ਮੁੱਲੇ, ਨਾ ਜਾਨਣ ਇਕ ਜੋਤ ਆਦਿ ਅੰਤ ਹਰਿ ਗਿਰਧਾਰਾ । ਇਕੋ ਕੰਤ ਮੇਲ ਮਿਲਾਵਾ ਕਰੇ ਸਾਚੇ ਸੰਤ, ਬੇਮੁਖ ਜੀਵ ਰਹੇ ਝਖ ਮਾਰਾ । ਹਰਿ ਜੀ ਪਾਏ ਆਪ ਮਾਇਆ ਬੇਅੰਤ, ਆਪ ਭੁਲਾਏ ਸਰਬ ਸੰਸਾਰਾ । ਗੁਰਮੁਖਾਂ ਸੁਣਾਏ ਏਕਾ ਸ਼ਬਦ ਸਲੋਕ, ਜਨ ਸੰਤਾਂ ਦੇਵੇ ਨਾਮ ਜਗਤ ਅਪਾਰਾ । ਜੋਤੀ ਜੋਤ ਸਰੂਪ ਹਰਿ, ਦੀਪਕ ਜੋਤੀ ਕਰੇ ਗੁਰਸਿਖ ਉਜਿਆਰਾ । ਦੀਪਕ ਜੋਤੀ ਦਏ ਜਗਾ । ਸੋਹੰ ਫੁੰਕਾਰਾ ਇਕੋ ਲਾ । ਸਚ ਦਵਾਰਾ ਦਏ ਦਿਖਾ । ਅੰਮ੍ਰਿਤ ਭੰਡਾਰਾ ਹਰਿ ਵਰਤਾ । ਜੋਤ ਨਿਰੰਕਾਰਾ ਕਰੇ ਰੁਸ਼ਨਾ । ਅੰਧ ਅੰਧਿਆਰਾ ਕਾਇਆ ਮਹੱਲ ਮੁਨਾਰਾ, ਕਿਤੇ ਦਿਸੇ ਨਾ । ਆਪੇ ਬਣੇ ਭਗਤ ਵਣਜਾਰਾ, ਆਏ ਚਲ ਹਰਿ ਦਵਾਰਾ, ਏਕਾ ਸਚ ਕਰੇ ਸਚ ਪਿਆਰਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਦਰਗਹਿ ਲਾਏ ਨਾਂ । ਅੰਮ੍ਰਿਤ ਤਾਲ ਸੁਹੰਜਣਾ, ਹਰਿ ਕਾਇਆ ਵਿਚ ਰਖਾਏ । ਕਰਾਏ ਸਾਚਾ ਮਜਨਾ, ਗੁਰਮੁਖਾਂ ਦਏ ਦਿਖਾਏ । ਬਣੇ ਸਾਕ ਸੈਣ ਸਾਚਾ ਸੱਜਣਾ, ਇਕੋ ਤਾਰੀ ਆਪ ਲਵਾਏ । ਸਾਚੇ ਤੀਰਥ ਗੁਰਸਿਖ ਕਰਾਏ ਸਾਚਾ ਮਜਨਾ, ਅੰਤਮ ਪ੍ਰਭ ਸਾਚੇ ਪਰਦਾ ਕੱਜਣਾ, ਬੰਦ ਕਵਾੜ ਆਪ ਖੁਲ੍ਹਾਏ । ਝੂਠੀ ਧਾੜ ਪਰ੍ਹੇ ਹਟਾਏ । ਸ਼ਬਦ ਵਾੜ ਇਕ ਕਰਾਏ । ਬਹੱਤਰ ਨਾੜ ਜੋਤ ਜਗਾਏ । ਘਰ ਸਾਚੇ ਦੇਵੇ ਵਾੜ, ਬਜ਼ਰ ਕਪਾਟੀ ਦੋ ਹੱਥੀਂ ਪਾੜ, ਸਾਚਾ ਸੀਰ ਮੁਖ ਚੁਆਏ । ਬਜ਼ਰ ਕਪਾਟੀ ਔਖੀ ਘਾਟੀ । ਬਿਨ ਗੁਰ ਪੂਰੇ ਗੁਰਮੁਖ ਸਾਚੇ ਸੰਤ ਜਨੋ, ਕੋਈ ਨਾ ਵਿਚ ਮਾਤ ਦਿਸੇ ਘਾਟੀ । ਸਾਧ ਸੰਤ ਜੀਵ ਜੰਤ ਰਿਖ ਮੁਨ ਸੁਨ, ਇਕ ਧੁਨ ਸਾਚਾ ਮੰਗਣ ਨਾਮ ਦਾਨ, ਚਰਨ ਧੂੜ ਇਸ਼ਨਾਨ ਗੁਰ ਪੂਰੇ ਘਰ ਇਕੋ ਸੱਚੋ ਹਾਟੀ । ਕਿਰਪਾ ਕਰ ਦੇਵੇ ਹਰਿ ਭਗਵਾਨ ਵਾਲੀ ਦੋ ਜਹਾਨ ਹਰਿ ਮਿਹਰਵਾਨ ਗੁਣ ਨਿਧਾਨ, ਪੰਜੇ ਮਾਰੇ ਫੜ ਸ਼ੈਤਾਨ ਬੇਈਮਾਨ, ਇਕੋ ਦੇਵੇ ਨਾਮ ਨਿਧਾਨ ਸ਼ਬਦ ਉਡਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਅੰਮ੍ਰਿਤ ਸਾਚਾ ਸੀਰ ਪਿਲਾਏ, ਦੁਰਮਤ ਮੈਲ ਜਾਏ ਕਾਟੀ । ਕਟੇ ਮੈਲ ਲੱਗੀ ਤਨ । ਧਰਮ ਰਾਏ ਨਾ ਦਏ ਸਜਾਏ, ਨਾ ਲੱਗੇ ਕੋਈ ਡੰਨ । ਸਾਚਾ ਅੰਮ੍ਰਿਤ ਮੁਖ ਚੁਆਏ, ਦੁੱਖ ਮਿਟਾਏ ਸੁਖ ਉਪਜਾਏ, ਭਾਂਡਾ ਭਰਮ ਹਰਿ ਦੇਵੇ ਭੰਨ । ਮਾਤ ਕੁੱਖ ਸੁਫ਼ਲ ਕਰਾਏ, ਆਤਮ ਤ੍ਰਿਸ਼ਨਾ ਅਗਨ ਬੁਝਾਏ, ਏਕਾ ਲਗਨ ਚਰਨ ਰਖਾਏ, ਸੋਹੰ ਸ਼ਬਦ ਸੁਣਾਏ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇ ਮਤ ਸਮਝਾਏ, ਫੜ ਫੜ ਬਾਹੋਂ ਰਾਹੇ ਪਾਏ, ਜੋਤ ਸਰੂਪੀ ਦਰਸ ਦਿਖਾਏ, ਬੇਮੁਖ ਗੂੜ੍ਹੀ ਨੀਂਦ ਸਵਾਏ, ਦਰ ਆਇਣ ਪਰਦਾ ਹਰਿ ਜੀ ਪਾਏ, ਆਤਮ ਕਰੇ ਅੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕੱਢੇ ਭਰਮ ਭੁਲੇਖਾ ਦੂਈ ਦਵੈਤੀ ਜੰਨ । ਆਏ ਦਰ ਆਤਮ ਹੰਕਾਰੀ । ਗੁਰ ਸੰਗ ਬੈਠੇ ਰਹੇ ਖੁਆਰੀ । ਜੀਵ ਕੁਲਖਣੀ ਨਾਰ, ਨਾ ਮਿਲੇ ਹਰਿ ਭਤਾਰ ਦੇਵੇ ਦੁਰਕਾਰੀ । ਨਾ ਪਾਵੇ ਹਰਿ ਜੀ ਸਾਰ, ਮਾਰੇ ਸ਼ਬਦ ਡਾਹਢੀ

੮੧ ੦੪

ਮਾਰ, ਅੱਠੇ ਪਹਿਰ ਰਹੇ ਦੁੱਖਿਆਰੀ । ਆਤਮ ਵੇਖੇ ਗੁਰ ਸਰਬ ਨਰ ਨਾਰ, ਹਰਿ ਸੱਚੀ ਕਰੇ ਵਿਚਾਰ, ਨਾ ਬਹਾਵੇ ਦਰ ਦਵਾਰ, ਹੋਏ ਜੀਵ ਜੋ ਵਿਭਚਾਰੀ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸਦ ਵਸੇ ਦਰ ਦਵਾਰੀ । ਆਤਮ ਘਰ ਸਚ ਖੇੜਾ । ਹਰਿ ਜੀ ਰੱਖੇ ਖੁਲ੍ਹਾ ਵਿਹੜਾ । ਸ਼ਬਦ ਸਰੂਪੀ ਦੇਵੇ ਇਕੋ ਗੇੜਾ । ਬੇਮੁਖਾਂ ਕਰੇ ਅੰਤਮ ਅੰਤ, ਕਲ ਆਪ ਨਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜੋਤ ਪ੍ਰਗਟਾਈ, ਆਪ ਮਿਟਾਏ ਕਲਜੁਗ ਸਤਿਜੁਗ ਦੋਹਾਂ ਧਿਰਾਂ ਦਾ ਝੇੜਾ । ਫੂਲਨਹਾਰ ਤਨ ਕਲੀਰੇ । ਗੁਰਸਿਖ ਸਾਚੇ ਪ੍ਰਭ ਦੇਵੇ ਦਾਤ, ਵਿਚੋਂ ਮਾਤ ਲੱਭੇ ਸਾਚੇ ਹੀਰੇ । ਦੇਵੇ ਨਾਮ ਸ਼ਬਦ ਦਾਤ ਸੱਚੀ ਧੀਰੇ । ਮਿਟਾਏ ਅੰਧੇਰੀ ਰਾਤ, ਪਾਏ ਸਾਰ ਅਖ਼ੀਰੇ । ਪਿਆਏ ਬੂੰਦ ਸਵਾਂਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰੇ । ਸਾਚਾ ਹਾਰ ਹਰਿ ਭੁਜਾ ਸਵਾਰ । ਸਤਿਜੁਗ ਤੇਰੀ ਬੱਧੀ ਧਾਰ । ਕਰ ਵਿਚਾਰ ਪਾਈ ਸਾਰ ਹਰਿ ਨਿਰੰਕਾਰ । ਤੇਰੇ ਤਨ ਵਸਾਏ, ਗੁਰ ਸੰਗਤ ਸੰਗ ਰਲਾਏ, ਪੰਚਮ ਜੇਠ ਦਿਵਸ ਵਿਚਾਰ । ਧਰਤ ਮਾਤ ਤੈਨੂੰ ਗੋਦ ਉਠਾਏ, ਗੁਰਮੁਖ ਸਾਚੇ ਸੰਤ ਜਨ ਤੇਰੀ ਝੋਲੀ ਪਾਏ, ਕਿਰਪਾ ਕਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਏ ਆਪੇ ਸਾਰ । ਸਾਚਾ ਹਾਰ ਤਨ ਸ਼ਿੰਗਾਰੇ । ਆਪ ਬੁਝਾਏ ਆਤਮ ਤੱਤੀ ਹੰਕਾਰ ਅੰਗਿਆਰੇ । ਹੱਥੀ ਬੰਨ੍ਹੇ ਸ਼ਬਦ ਸਾਚਾ ਗਾਨਾ, ਅੰਤਮ ਕਲ ਨਾ ਕੋਈ ਖੁਲ੍ਹਾਰੇ । ਸਤਿਜੁਗ ਸਾਚੇ ਹਰਿ ਸਾਚਾ ਚੁਣ ਪੰਚਮ ਜੇਠ, ਹਰਿ ਮੇਲੇ ਗੁਰਸਿਖ ਦੁਲਾਰੇ । ਗੁਰ ਸੰਗਤ ਬੈਠ ਬੇੜਾ ਦੇਵੇ ਬੰਨ੍ਹ, ਸਿਰੋਂ ਲਾਹੇ ਆਪਣੇ ਭਾਰੇ । ਆਪਣਾ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਏ, ਹੋਏ ਸ਼ਬਦ ਘੋੜ ਅਸਵਾਰੇ । ਗੁਰਮੁਖਾਂ ਕਰਾਏ ਸਾਚਾ ਜੋੜ, ਬੇਮੁਖਾਂ ਦਏ ਵਿਛੋੜ, ਪੰਚਮ ਜੇਠ ਕਲਜੁਗ ਤੇਰੀ ਅੰਤਮ ਵਾਰੇ । ਜੋ ਜਨ ਆਏ ਚਰਨ ਦੌੜ, ਪ੍ਰਭ ਅਬਿਨਾਸ਼ੀ ਅੰਤਮ ਵੇਲੇ ਪਏ ਬਹੁੜ, ਬੇਮੁਖ ਜੀਵ ਕਲ ਅੰਤਮ ਹੋਏ ਖੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਬਿੰਦ ਗੁਰ ਗੁਰ ਗੋਬਿੰਦ ਕਰੇ ਖੇਲ ਅਪਰ ਅਪਾਰੇ । ਗੁਰ ਗੋਬਿੰਦ ਏਕਾ ਧਾਰਾ । ਗੁਰ ਗੋਬਿੰਦ ਕਰੇ ਖੇਲ ਅਪਰ ਅਪਾਰਾ । ਗੁਰ ਗੋਬਿੰਦ ਗੁਰਮੁਖ ਵਿਰਲਾ ਪਾਵੇ ਸਾਰਾ । ਗੁਰ ਗੋਬਿੰਦ ਗੋਬਿੰਦ ਗੁਰ ਦੋਹਾਂ ਮੇਲ ਸ਼ਬਦ ਅਪਾਰਾ । ਗੋਬਿੰਦ ਗੋਬਿੰਦ ਹਰਿ ਨਿਰੰਕਾਰਾ । ਗੁਰ ਗੁਰ ਗੁਰ ਮਾਤ ਆਏ ਜਾਮਾ ਧਾਰਾ । ਗੋਬਿੰਦ ਗੋਬਿੰਦ ਗੋਬਿੰਦ ਜੋਤ ਸਰੂਪੀ ਖੇਲ ਅਪਰ ਅਪਾਰਾ । ਗੁਰ ਗੁਰ ਗੁਰ ਆਤਮ ਵੱਤ ਹਰਿ ਬੀਜੇ ਸ਼ਬਦ ਅਪਰ ਅਪਾਰਾ । ਗੋਬਿੰਦ ਗੋਬਿੰਦ ਗੋਬਿੰਦ ਰੂਪ ਰੰਗ ਰੇਖ ਭੇਖ ਨਾ ਕੋਈ ਵਿਚਾਰਾ । ਗੁਰ ਗੁਰ ਗੁਰ ਏਕਾ ਰਹੇ ਹਰਿ ਸ਼ਬਦ ਅਧਾਰਾ । ਗੋਬਿੰਦ ਗੋਬਿੰਦ ਗੋਬਿੰਦ ਆਦਿ ਅੰਤ ਜੁਗਾ ਜਗੰਤ ਜੋਤ ਸਰੂਪੀ ਨਿਰਾਧਾਰਾ । ਗੁਰ ਗੁਰ ਗੁਰ ਵਿਚ ਮਾਤ ਮੰਗੇ ਹਰਿ ਜੀ ਕੋਲੋਂ ਇਕ ਸ਼ਬਦ ਵਸਤ ਕਰਾਮਾਤ, ਆਤਮ ਭਰੇ ਹਰਿ ਭੰਡਾਰਾ । ਗੋਬਿੰਦ ਗੋਬਿੰਦ ਗੋਬਿੰਦ ਚਤਰਭੁਜ ਸ਼ਬਦ ਅਸਵ ਰਹੇ ਅਸਵਾਰਾ । ਗੁਰ ਗੁਰ ਗੁਰ ਰਾਹ ਸਾਚਾ ਤੱਕੇ, ਅੱਠੇ ਪਹਿਰ ਵਿਚ ਮਾਤ ਨਾ ਥੱਕੇ, ਮੰਗੇ ਦਰਸ ਹਰਿ ਗਿਰਧਾਰਾ । ਗੋਬਿੰਦ ਗੋਬਿੰਦ ਗੋਬਿੰਦ ਤਿੰਨਾਂ ਲੋਕਾਂ ਵਸੇ ਬਾਹਰਾ । ਗੁਰ ਗੁਰ ਗੁਰ ਮਾਤਲੋਕ ਜਾਮਾ ਪਾਏ ਹਰਿ ਜਨਮ ਦਵਾਏ ਵਿਚ ਵਸਤ ਟਿਕਾਏ ਅਪਰ ਅਪਾਰਾ । ਗੋਬਿੰਦ ਗੋਬਿੰਦ ਗੋਬਿੰਦ ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਮੰਦਰ ਨਾ ਕੋਈ ਅੰਦਰ ਨਾ ਕੋਈ ਪਾਰਾਵਾਰਾ । ਗੁਰ ਗੁਰ ਗੁਰ ਵਿਚ ਮਾਤ ਬੈਠਾ ਰਹੇ, ਹਰਿ ਨਰ ਤੇਰੇ ਦਰ ਮੰਗੇ ਅੱਠੇ ਪਹਿਰ, ਬਣ ਭਿਖਾਰਾ । ਗੋਬਿੰਦ ਹਰਿ ਨਿਰੰਕਾਰ ਗੁਰ ਰਹੇ ਸਦ ਭਿਖਾਰ ਦੇਵਣਹਾਰ ਹਰਿ ਨਿਰੰਕਾਰਾ ।



੮੨
੦੪

ਗੁਰ ਮੰਗਦਾ ਰਹੇ ਦੋਵੇਂ ਭੁੱਜਾ ਪਸਾਰਾ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਾਚੇ ਘਰ, ਮਾਤਲੋਕ ਆਵੇ ਜੋਤ ਧਰ, ਸ੍ਰਿਸ਼ਟ ਸਬਾਈ ਦੱਸੇ ਰਾਹ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਹਕਲੰਕ ਨਰਾਇਣ ਨਰ ਅਵਤਾਰਾ । ਲੱਗੇ ਭੋਗ ਹਰਿ ਨਿਰੰਕਾਰ ਦਾ । ਗੁਰਮੁਖ ਦਰ ਘਰ ਆਏ ਅੰਤਮ ਕਲਜੁਗ ਤਾਰਦਾ । ਆਪ ਪਛਾਣੇ ਥਾਉਂ ਥਾਈਂ, ਊਚ ਨੀਚ ਜਾਤ ਪਾਤ ਵਰਨ ਗੋਤ ਨਾ ਕੋਈ ਪਛਾਣਦਾ । ਆਪ ਵਸਾਏ ਸਾਚੇ ਥਾਏਂ ਜਿਥੇ ਕੋਈ ਜਾਏ ਨਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਪਾਰ ਲੰਘਾਏ, ਦਰਗਹਿ ਸਾਚੀ ਮਾਣ ਦਵਾਏ, ਵਿਖ ਪਾਪ ਸਰਬ ਉਤਾਰਦਾ । ਲਾਇਆ ਭੋਗ ਸਾਚੇ ਹਰਿ । ਜੋਤ ਸਰੂਪੀ ਕਿਰਪਾ ਕਰ । ਦਰ ਘਰ ਆਇਆਂ ਸਾਚਾ ਦੇਵੇ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਭੰਡਾਰਾ, ਜਗਤ ਨਿਆਰਾ ਗੁਰਮੁਖਾਂ ਦੇਵੇ ਵਾਰੋ ਵਾਰਾ, ਜਾਵੇ ਤਰ ਪਾਵੇ ਸਾਰਾ, ਹਰਿ ਨਰ ਭਤਾਰ ਵਿਚ ਦਰਬਾਰਾ, ਪਾਵੇ ਸਾਰਾ ਹਰਿ ਨਿਰੰਕਾਰਾ, ਪੂਰੀ ਆਸ ਗੁਰਮੁਖ ਕਰ । ਪੂਰੀ ਹੋਈ ਆਸ ਸੇਵ ਕਮਾਈਆ । ਸ਼ਬਦ ਸਰੂਪੀ ਵੱਜੇ ਤਾਲ, ਸੋਹੰ ਚੋਟ ਹਰਿ ਲਗਾਈਆ । ਆਪੇ ਕੱਢੇ ਆਤਮ ਕਾਲਾ ਖੋਟ ਜਗਤ ਜੰਜ਼ਾਲ, ਸਚ ਵਸਤ ਹਰਿ ਝੋਲੀ ਪਾਈਆ । ਗੁਰਮੁਖ ਹੋਇਆ ਮਾਲੋ ਮਾਲ, ਸਾਚਾ ਦਿਤਾ ਮਾਲ ਧਨ, ਨਾ ਭੇਵ ਕੋਈ ਰਖਾਈਆ । ਮਾਤਲੋਕ ਵਿਚੋਂ ਲੱਭਾ ਇਕ ਗੁਰਮੁਖ ਸੱਚਾ ਲਾਲ, ਪ੍ਰਭ ਅਬਿਨਾਸ਼ੀ ਲਿਆ ਭਾਲ । ਸਤਿਜੁਗ ਸਾਚੇ ਤੇਰੇ ਬੂਟੇ ਸਾਚਾ ਮਾਲੀ ਆਪਣੀ ਹੱਥੀਂ ਆਪ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਨਿਧਾਨ ਚਤੁਰ ਸੁਜਾਨ, ਗੁਰਸਿਖ ਸਾਚੇ ਸੰਤ ਜਨਾਂ ਫੜ ਫੜ ਤਾਰੇ ਬਾਹੀਂਆ । ਨਿਰਮਲ ਧਾਮ ਅਟੱਲ ਹਰਿ ਨਿਰੰਕਾਰ ਦਾ । ਨਿਹਚਲ ਧਾਮ ਅਟੱਲ, ਜੋਤ ਸਰੂਪੀ ਹਰਿ ਮਿਹਰਵਾਨ ਦਾ । ਨਿਹਚਲ ਧਾਮ ਅਟੱਲ, ਬਿਨ ਰੰਗ ਰੂਪੀ ਹਰਿ ਗਿਰਧਾਰ ਦਾ । ਨਿਹਚਲ ਧਾਮ ਅਟੱਲ, ਮਾਨਸ ਜਨਮ ਸਵਾਰਦਾ । ਨਿਹਚਲ ਧਾਮ ਅਟੱਲ, ਨਾ ਕਰੇ ਕੋਈ ਵਲ ਛਲ ਏਕਾ ਸਾਚਾ ਰੰਗ ਨਿਰਾਧਾਰ ਦਾ । ਨਿਹਚਲ ਧਾਮ ਅਟੱਲ, ਜਨ ਕਾਇਆ ਸਾਚਾ ਫਲ ਸੋਹੰ ਸ਼ਬਦ ਪੈਜ ਸਵਾਰਦਾ । ਨਿਹਚਲ ਧਾਮ ਅਟੱਲ, ਨਿਹਕਲੰਕ ਨਰਾਇਣ ਨਰ ਜੋਤ ਸਰੂਪ ਹਰਿ ਸੱਚੀ ਸਰਕਾਰ ਦਾ । ਨਿਹਚਲ ਧਾਮ ਅਟੱਲ, ਸਚ ਅਸਥਾਨ । ਨਿਹਚਲ ਧਾਮ ਅਟੱਲ, ਦਿਸੇ ਇਕੋ ਇਕ ਭਗਵਾਨ । ਨਿਹਚਲ ਧਾਮ ਅਟੱਲ, ਗੁਰਮੁਖ ਵਿਰਲਾ ਕਰੇ ਪਛਾਣ । ਨਿਹਚਲ ਧਾਮ ਅਟੱਲ, ਜੋਤ ਜਗੇ ਇਕ ਮਹਾਨ । ਨਿਹਚਲ ਧਾਮ ਅਟੱਲ, ਬੇਮੁਖ ਜੀਵ ਕਲਜੁਗ ਭੁਲੇ ਬਣ ਨਾਦਾਨ । ਨਿਹਚਲ ਧਾਮ ਅਟੱਲ, ਸਿੰਘ ਸਿੰਘਾਸਣ ਬੈਠਾ ਮਲ, ਸ੍ਰਿਸ਼ਟ ਸਬਾਈ ਸ਼ਬਦ ਬਾਨ । ਨਿਹਚਲ ਧਾਮ ਅਟੱਲ, ਪ੍ਰਭ ਜਾਓ ਬਲ ਬਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਕਲ ਕੁਲਵੰਤ ਗੁਣਵੰਤ ਗੁਣ ਨਿਧਾਨ ਦਾ । ਨਿਹਚਲ ਧਾਮ ਅਟੱਲ, ਗੁਰ ਚਰਨ ਕੋਲ । ਨਿਹਚਲ ਧਾਮ ਅਟੱਲ, ਪੂਰੇ ਤੋਲ ਰਿਹਾ ਤੋਲ । ਨਿਹਚਲ ਧਾਮ ਅਟੱਲ, ਜੋਤ ਜਗਾਏ ਅੰਧੇਰੀ ਡਲ, ਦੀਪਕ ਸਾਚਾ ਬਾਲਾ । ਨਿਹਚਲ ਧਾਮ ਅਟੱਲ, ਸ਼ਬਦ ਸਰੂਪੀ ਇਕੋ ਚਲਾਏ ਹੱਲ, ਸੋਹੰ ਬੀਜ ਸਾਚਾ ਡਾਲਾ । ਨਿਹਚਲ ਧਾਮ ਅਟੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਨਰਾਇਣ ਨਰ ਅਵਤਾਰਾ । ਨਿਹਚਲ ਧਾਮ ਅਟੱਲ, ਸਚ ਅਸਥੂਲ । ਨਿਹਚਲ ਧਾਮ ਅਟੱਲ, ਕਲਜੁਗ ਜੀਵ ਨਾ ਜਾਣਾ ਭੁਲ । ਨਿਹਚਲ ਧਾਮ ਅਟੱਲ, ਹਰਿ ਜੀ ਬੈਠਾ ਮੱਲ, ਨਾ ਕੋਈ ਪਾਵਾ ਨਾ ਕੋਈ ਚੂਲ । ਨਿਹਚਲ ਧਾਮ ਅਟੱਲ, ਪਾਵੇ ਸਾਰ ਜਲ ਥਲ, ਹਰਿ ਸੱਚਾ ਕੰਤ ਕੰਤੂਹਲ । ਨਿਹਚਲ ਧਾਮ ਅਟੱਲ, ਗੁਰਸਿਖ ਵਿਰਲਾ ਦਰ ਆਏ ਚਲ, ਪ੍ਰਭ

ਆਪ ਚੁਕਾਏ ਪਿਛਲਾ ਮੂਲ । ਨਿਹਚਲ ਧਾਮ ਅਟੱਲ, ਬੇਮੁਖ ਵੇਖਣ ਅੱਜ ਤੇ ਕਲ, ਪੈਂਦੇ ਰਹਿਣ ਕਾਇਆ ਸੂਲ । ਨਿਹਚਲ ਧਾਮ ਅਟੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਦੇਵੇ ਵਰ, ਹਰਿ ਵਡ ਦੂਲੋ਼ ਦੂਲ । ਨਿਹਚਲ ਧਾਮ ਅਟੱਲ, ਸਰਬ ਸਿਖਾਣਦਾ । ਨਿਹਚਲ ਧਾਮ ਅਟੱਲ, ਵਡ ਪ੍ਰਬਲ, ਜੀਆਂ ਜੰਤਾਂ ਸਰਬ ਪਛਾਣਦਾ । ਨਿਹਚਲ ਧਾਮ ਅਟੱਲ, ਸੋਹੰ ਸ਼ਬਦ ਰਸਨਾ ਹਰਿ ਵਖਾਣਦਾ । ਨਿਹਚਲ ਧਾਮ ਅਟੱਲ, ਕਲਜੁਗ ਅੰਤਮ ਸਤਿਜੁਗ ਸਾਚੇ ਹਰਿ ਪਛਾਣਦਾ । ਨਿਹਚਲ ਧਾਮ ਅਟੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਰੰਗ ਸਾਚਾ ਦਰ ਘਰ ਸਾਚੇ ਮਾਣਦਾ । ਨਿਹਚਲ ਧਾਮ ਅਟੱਲ, ਜਗਤ ਰੁਸ਼ਨਾਈ । ਨਿਹਚਲ ਧਾਮ ਅਟੱਲ, ਗੁਰਮੁਖਾਂ ਮਿਲੇ ਵਡਿਆਈ । ਨਿਹਚਲ ਧਾਮ ਅਟੱਲ, ਜਨ ਭਗਤਾਂ ਰਿਹਾ ਬਣਤ ਬਣਾਈ । ਨਿਹਚਲ ਧਾਮ ਅਟੱਲ, ਹਰਿ ਮਿਲਦਾ ਅੱਗੇ ਹੋ ਕੇ ਫੜਦਾ ਦੋਵੇਂ ਬਾਹੀਂ । ਨਿਹਚਲ ਧਾਮ ਅਟੱਲ, ਬੇਮੁਖਾਂ ਜਾਏ ਦਲ, ਸ਼ਬਦ ਸਰੂਪੀ ਖੇਲ ਰਚਾਈ । ਨਿਹਚਲ ਧਾਮ ਅਟੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਿਹਕਲੰਕ ਨਰਾਇਣ ਨਰ ਹਰਿ ਸਾਚਾ ਰਘੁਰਾਈ । ਨਿਹਚਲ ਧਾਮ ਅਟੱਲ, ਜੋਤੀ ਡਗਮਗਾਇੰਦਾ । ਨਿਹਚਲ ਧਾਮ ਅਟੱਲ, ਗੁਰਮੁਖ ਸਾਚੇ ਮਾਣਕ ਮੋਤੀ ਆਪਣੀ ਹੱਥੀਂ ਆਪ ਚੁਗਾਇੰਦਾ । ਨਿਹਚਲ ਧਾਮ ਅਟੱਲ, ਦੁਰਮਤ ਮੈਲ ਜਾਏ ਧੋਤੀ, ਸੋਹੰ ਸਾਬਣ ਹਰਿ ਜੀ ਲਾਇੰਦਾ । ਨਿਹਚਲ ਧਾਮ ਅਟੱਲ, ਨਾ ਕੋਈ ਵਰਨ ਨਾ ਕੋਈ ਗੋਤੀ, ਰਾਓ ਰੰਕ ਇਕ ਥਾਂ ਰਖਾਇੰਦਾ । ਨਿਹਚਲ ਧਾਮ ਅਟੱਲ, ਸ੍ਰਿਸ਼ਟ ਸਬਾਈ ਰਹੀ ਸੋਤੀ ਨਿਹਕਲੰਕ ਕਲ ਜਾਮਾ ਪਾਇੰਦਾ । ਨਿਹਚਲ ਧਾਮ ਅਟੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਭਾਗ ਲਗਾਇੰਦਾ । ਨਿਹਚਲ ਧਾਮ ਅਟੱਲ, ਇਕ ਅਕਾਰ ਹੈ । ਨਿਹਚਲ ਧਾਮ ਅਟੱਲ, ਇਕ ਸ਼ਬਦ ਜੈਕਾਰ ਹੈ । ਨਿਹਚਲ ਧਾਮ ਅਟੱਲ, ਗੁਰਮੁਖ ਸਾਚੇ ਸੰਤ ਜਨਾਂ ਹਰਿ ਕਰੇ ਸਦ ਪਿਆਰ ਹੈ । ਨਿਹਚਲ ਧਾਮ ਅਟੱਲ, ਦੋ ਜਹਾਨੀ ਸੱਚਾ ਕਰੇ ਇਕ ਵਿਹਾਰ ਹੈ । ਨਿਹਚਲ ਧਾਮ ਅਟੱਲ, ਜੋਤੀ ਜਗੇ ਅਪਰ ਅਪਾਰ ਹੈ । ਨਿਹਚਲ ਧਾਮ ਅਟੱਲ, ਕਲਜੁਗ ਸਤਿਜੁਗ ਦੋਵੇਂ ਖੜੇ ਰਹਿਣ ਦਰ ਦਰਬਾਰ ਹੈ । ਨਿਹਚਲ ਧਾਮ ਅਟੱਲ, ਚਾਰੇ ਜੁਗ ਵਾਰੋ ਵਾਰ, ਪ੍ਰਭ ਦਰ ਕਰਦੇ ਰਹਿਣ ਪੁਕਾਰ ਹੈ । ਨਿਹਚਲ ਧਾਮ ਅਟੱਲ, ਬ੍ਰਹਮਾ ਵੇਖੇ ਚਾਰੇ ਮੁਖ ਅੱਠੇ ਨੇਤਰ ਲਏ ਉਘਾੜ ਹੈ । ਨਿਹਚਲ ਧਾਮ ਅਟੱਲ, ਬ੍ਰਹਮਾ ਰੱਖੇ ਆਪਣੀ ਕੁੱਖ, ਪਾਟੀ ਨਾਭੀ ਹੋਏ ਉਜਿਆਰ ਹੈ । ਨਿਹਚਲ ਧਾਮ ਅਟੱਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਕੋਈ ਨਾ ਪਾਵੇ ਸਾਰ ਹੈ । ਨਿਹਚਲ ਧਾਮ ਅਟੱਲ, ਇਕ ਰਖਾਇੰਦਾ । ਨਿਹਚਲ ਧਾਮ ਅਟੱਲ, ਜੋਤੀ ਜੋਤ ਸਰੂਪ ਹਰਿ ਸ੍ਰਿਸ਼ਟ ਸਬਾਈ ਬਣਤ ਬਣਾਇੰਦਾ । ਨਿਹਚਲ ਧਾਮ ਅਟੱਲ, ਹਰਿ ਆਪਣਾ ਆਪ ਉਪਾਇੰਦਾ । ਨਿਹਚਲ ਧਾਮ ਅਟੱਲ, ਜੋਤੀ ਜੋਤ ਸਰੂਪ ਹਰਿ, ਬ੍ਰਹਮਾ ਪ੍ਰਗਟ ਦਿਤਾ ਕਰ, ਚਾਰੇ ਵੇਦ ਚਹੁੰ ਯੁਗਾ ਸਾਚਾ ਭੇਦ ਆਪਣਾ ਆਪ ਖੁਲ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਪਜੇ ਧੁਨ ਖੁਲ੍ਹੇ ਸੁੰਨ ਮੁੰਨ, ਸਾਚੀ ਧਾਰ ਬੰਨ੍ਹਾਇੰਦਾ । ਹਰਿ ਸਾਚੇ ਬੱਧੀ ਸਾਚੀ ਧਾਰ, ਸੁਰਸਤੀ ਆਈ ਨੱਕੋਂ ਬਾਹਰ, ਸੱਚੀ ਬੀਨਾ ਹੱਥ ਸ਼ਿੰਗਾਰ, ਰਾਗ ਛੱਤੀ ਗਾਉਂਦੀ । ਪ੍ਰਭ ਕੰਨ ਸੁਣਾਉਂਦੀ । ਸਾਚਾ ਆਪਣਾ ਤਾਲ ਵਜਾਉਂਦੀ । ਚਰਨੀ ਸੀਸ ਨਿਵਾਉਂਦੀ । ਪ੍ਰਭ ਤੇਰੇ ਦਰ ਘਰ ਸਾਚੇ ਵੇਖ, ਸਾਚਾ ਰਾਗ ਸੁਣਾਉਂਦੀ । ਜੋਤ ਸਰੂਪੀ ਸੱਚਾ ਹਰਿ ਕਿਰਪਾ ਕਰ ਦੇਵੇ ਵਰ । ਬ੍ਰਹਮਾ ਲਾੜਾ ਵਿਚ ਮਾਤ ਬਣਾਉਂਦੀ । ਬ੍ਰਹਮਾ ਸੁਰਸਤੀ ਹੋਏ ਲੇਖ ।


੮੪
੦੪

ਨਾਰਦ ਸੁਤ ਪੈਦਾ ਹੋਇਆ, ਹਰਿ ਜੀ ਰੰਗੇ, ਆਪਣੇ ਰੰਗ ਰੂਪੀ । ਜੋਤੀ ਜੋਤ ਸਰੂਪ ਹਰਿ, ਕਿਰਪਾ ਦਿਤੀ ਮਾਤ ਕਰ, ਆਪੇ ਬਣੇ ਸੱਜਣ ਸੁਹੇਲ । ਜਨਮ ਕਰਮ ਪ੍ਰਭ ਹੱਥ, ਜੀਵ ਨਾਦਾਨ ਹੈ । ਜਨਮ ਕਰਮ ਪ੍ਰਭ ਹੱਥ, ਸਿਰ ਰੱਖੇ ਹੱਥ ਸਮਰੱਥ, ਜਿਸ ਹੋਏ ਮਿਹਰਬਾਨ ਹੈ । ਜਨਮ ਕਰਮ ਪ੍ਰਭ ਹੱਥ, ਦਰ ਦੇਵੇ ਸਾਚੀ ਵਥ, ਸੋਹੰ ਸ਼ਬਦ ਚੜ੍ਹਾਏ ਸਾਚੇ ਰਥ ਬਬਾਣ ਹੈ । ਜਨਮ ਕਰਮ ਪ੍ਰਭ ਹੱਥ, ਸਗਲ ਵਸੂਰੇ ਜਾਇਣ ਲੱਥ, ਹਉਮੇ ਅਗਨ ਦੇਵੇ ਮੱਥ, ਪੂਰਨ ਕਰੇ ਚਰਨ ਧਿਆਨ ਹੈ । ਜਨਮ ਕਰਮ ਪ੍ਰਭ ਹੱਥ, ਸ਼ਬਦ ਸਰੂਪੀ ਪਾਏ ਨੱਥ, ਮਹਿੰਮਾ ਜਗਤ ਦਿਸਾਏ ਅਕੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟਾਂ ਘਟ ਜਾਣੀ ਜਾਣ ਹੈ । ਜਨਮ ਕਰਮ ਪ੍ਰਭ ਹੱਥ, ਜੋਤ ਅਧਾਰਿਆ । ਜਨਮ ਕਰਮ ਪ੍ਰਭ ਹੱਥ, ਸਾਚਾ ਦੇਵੇ ਨਾਮ ਇਕ ਅਪਾਰਿਆ । ਜਨਮ ਕਰਮ ਪ੍ਰਭ ਹੱਥ, ਮਾਨਸ ਜਨਮ ਦਏ ਸਵਾਰਿਆ । ਜਨਮ ਕਰਮ ਪ੍ਰਭ ਹੱਥ, ਲੱਖ ਚੁਰਾਸੀ ਜਮ ਕੀ ਫਾਸੀ ਦੇਵੇ ਹਰਿ ਉਤਾਰਿਆ । ਜਨਮ ਕਰਮ ਪ੍ਰਭ ਹੱਥ, ਅੰਤਮ ਕਰੇ ਬੰਦ ਖ਼ਲਾਸੀ, ਕਰ ਕਿਰਪਾ ਪਾਰ ਉਤਾਰਿਆ । ਜਨਮ ਕਰਮ ਪ੍ਰਭ ਹੱਥ, ਕਲਜੁਗ ਅੰਤਮ ਵੇਖ ਬੇਮੁਖ ਕਰਨ ਹਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਜਗਾਈ ਜਨ ਭਗਤ ਬਣਾਏ ਦਾਸੀ, ਜਨਮ ਮਰਨ ਸਵਾਰਿਆ । ਜਨਮ ਕਰਮ ਪ੍ਰਭ ਹੱਥ, ਕਲ ਬਣਤ ਬਣਾਏ । ਜਨਮ ਕਰਮ ਪ੍ਰਭ ਹੱਥ, ਗੁਰਮੁਖ ਸਾਚੇ ਸੰਤ ਉਪਜਾਏ । ਜਨਮ ਕਰਮ ਪ੍ਰਭ ਹੱਥ, ਭਗਤ ਭਗਵੰਤ ਮੇਲ ਮਿਲਾਏ । ਜਨਮ ਕਰਮ ਪ੍ਰਭ ਹੱਥ, ਬੇਮੁਖਾਂ ਮਾਇਆ ਪਰਦਾ ਪਾਏ । ਜਨਮ ਕਰਮ ਪ੍ਰਭ ਹੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੰਗਲ ਜੂਹ ਉਜਾੜ ਪਹਾੜਾਂ ਵਿਚੋਂ, ਗੁਰਮੁਖ ਸਾਚੇ ਸੋਏ ਲਏ ਆਪ ਜਗਾਏ । ਜਨਮ ਕਰਮ ਪ੍ਰਭ ਹੱਥ, ਦਇਆ ਕਮਾਇੰਦਾ । ਜਨਮ ਕਰਮ ਪ੍ਰਭ ਹੱਥ, ਜੋਤ ਸਰੂਪੀ ਜਾਮਾ ਪਾਇੰਦਾ । ਜਨਮ ਕਰਮ ਪ੍ਰਭ ਹੱਥ, ਕਲਜੁਗ ਜੀਵ, ਅਲਖ ਅਭੇਵ ਵਡ ਦੇਵੀ ਦੇਵ, ਕਿਉਂ ਭੁਲ ਕਲਜੁਗ ਮਾਇਆ ਰੁਲ ਵਕਤ ਗਵਾਇੰਦਾ । ਜਨਮ ਕਰਮ ਪ੍ਰਭ ਹੱਥ, ਪ੍ਰਭ ਸਾਚਾ ਪਾਏ ਮੁੱਲ, ਪੂਰੇ ਤੋਲ ਜਾਣਾ ਤੁਲ, ਅੰਮ੍ਰਿਤ ਆਤਮ ਨਾ ਜਾਏ ਡੁੱਲ੍ਹ, ਅੰਤਮ ਸਾਚੇ ਲੇਖੇ ਲਾਇੰਦਾ । ਜਨਮ ਕਰਮ ਪ੍ਰਭ ਹੱਥ, ਸੋਹੰ ਚੜ੍ਹਾਏ ਸਾਚੇ ਰਥ, ਜਨ ਭਗਤਾਂ ਝੋਲੀ ਪਾਏ ਸਾਚੀ ਵਥ, ਵਿਚ ਕਾਇਆ ਮੰਦਰ ਆਪ ਟਿਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਰੱਖੇ ਸਿਰ ਦੇ ਕੇ ਹੱਥ, ਲੱਗੀ ਪ੍ਰੀਤ ਚਰਨ ਤੋੜ ਨਿਭਾਇੰਦਾ । ਜਨਮ ਕਰਮ ਪ੍ਰਭ ਹੱਥ, ਜਿਸ ਮਾਨਸ ਜਨਮ ਦਵਾਇਆ । ਜਨਮ ਕਰਮ ਪ੍ਰਭ ਹੱਥ, ਸਰਬ ਕਲਾ ਸਮਰਥ, ਕਿਉਂ ਕਲਜੁਗ ਜੀਵ ਮਨੋਂ ਭੁਲਾਇਆ । ਇਕ ਚੜ੍ਹਾਏ ਸੋਹੰ ਸਾਚੇ ਰਥ, ਸਾਚੀ ਦਰਗਹਿ ਦਏ ਬਹਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਅੰਤਮ ਲੇਖਾ ਧਾਰ ਭੇਖਾ ਪੰਚਮ ਜੇਠ ਲਏ ਲਿਖਾਇਆ । ਜਨਮ ਕਰਮ ਪ੍ਰਭ ਹੱਥ, ਲੇਖ ਲਿਖਾਇੰਦਾ । ਜਨਮ ਕਰਮ ਪ੍ਰਭ ਹੱਥ, ਵੇਖ ਵੇਖ ਨੇਤਰ ਪੇਖ ਭਰਮ ਗਵਾਇੰਦਾ । ਜਨਮ ਕਰਮ ਪ੍ਰਭ ਹੱਥ, ਵਡ ਵਡ ਔਲੀਏ ਪੀਰ ਸ਼ੇਖ਼ ਆਪ ਮਿਟਾਇੰਦਾ । ਜਨਮ ਕਰਮ ਪ੍ਰਭ ਹੱਥ, ਲਿਖੇ ਲੇਖ ਨਾ ਕੋਈ ਅੰਤ ਮਿਟਾਇੰਦਾ । ਜਨਮ ਕਰਮ ਪ੍ਰਭ ਹੱਥ, ਕਲਜੁਗ ਜੀਵ ਰਹੇ ਵੇਖੀ ਵੇਖ, ਪ੍ਰਭ ਜੋਤ ਸਰੂਪੀ ਧਾਰੇ ਭੇਖ, ਵੇਲਾ ਗਿਆ ਕਿਸੇ ਹੱਥ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਸੱਚਾ ਰਾਹ ਗੁਣ ਨਿਧਾਨ ਹਰਿ ਮਿਹਰਬਾਨ, ਜੋ ਜਨ ਆਏ ਸੀਸ ਝੁਕਾਇੰਦਾ । ਜਨਮ ਕਰਮ ਪ੍ਰਭ ਹੱਥ, ਦੇਵੇ ਸੱਚਾ ਦਾਨ । ਜਨਮ ਕਰਮ ਪ੍ਰਭ ਹੱਥ, ਦਰਗਹਿ ਸਾਚੀ ਦੇਵੇ ਮਾਣ । ਜਨਮ ਕਰਮ

ਪ੍ਰਭ ਹੱਥ, ਗੁਰਮੁਖ ਵਿਰਲਾ ਜਾਣੇ ਚਤੁਰ ਸੁਘੜ ਸੁਜਾਨ । ਜਨਮ ਕਰਮ ਪ੍ਰਭ ਹੱਥ, ਬੇਮੁਖ ਜੀਵ ਭੁਲੇ ਕਲਜੁਗ ਬਣੇ ਅੰਤ ਨਾਦਾਨ । ਜਨਮ ਕਰਮ ਪ੍ਰਭ ਹੱਥ, ਭਾਗ ਲਗਾਏ ਤੇਰੀ ਆਤਮ, ਕਲ ਦੇਵੇ ਸਾਚਾ ਨਾਮ ਧਨ ਪੀਣ ਖਾਣ । ਜਨਮ ਕਰਮ ਪ੍ਰਭ ਹੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਜਮ ਕੀ ਕਾਨ । ਜਨਮ ਕਰਮ ਪ੍ਰਭ ਹੱਥ, ਸਰਬ ਸੁਖਦਾਈਆ । ਜਨਮ ਕਰਮ ਪ੍ਰਭ ਹੱਥ, ਗੁਰਮੁਖਾਂ ਦੇਵੇ ਅੰਤ ਵਧਾਈਆ । ਜਨਮ ਕਰਮ ਪ੍ਰਭ ਹੱਥ, ਸਾਚੀ ਰਿਹਾ ਬਣਤ ਬਣਾਈਆ । ਜਨਮ ਕਰਮ ਪ੍ਰਭ ਹੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਸੇਵਾ ਲਾਈਆ । ਸਾਚੀ ਦੇਵੇ ਦਇਆ ਕਮਾ । ਸ਼ਬਦ ਮੇਵਾ ਦਏ ਖੁਆ । ਵਡ ਦੇਵੀ ਦੇਵਾ ਦਇਆ ਕਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਸਤਿ ਸਰੂਪੀ, ਵੱਡਾ ਸ਼ਾਹੋ ਭੂਪੀ ਦਰਸ ਦਏ ਦਿਖਾ । ਦੇਵੇ ਦਰਸ ਹਰਿ ਅਪਾਰਾ । ਗੁਰਮੁਖ ਤੇਰੇ ਆਤਮ ਦਰ ਦਵਾਰਾ । ਇਕੋ ਮੰਗੋ ਨਾਮ ਰੰਗੋ, ਸੱਚਾ ਬਣ ਭਿਖਾਰਾ । ਦਰ ਘਰ ਸਾਚੇ ਕੋਇ ਨਾ ਸੰਗੋ, ਮਾਨਸ ਜਨਮ ਨਾ ਹੋਵੇ ਭੰਗੋ, ਦੇਵੇ ਦਾਨ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਸਾਚਾ ਡੰਡਾ ਸ਼ਬਦ ਉਠਾਏ ਦਇਆ ਕਮਾਏ ਦੋਵੇਂ ਰੱਖੇ ਤਿੱਖੀਆਂ ਧਾਰਾ । ਦੋਵੇਂ ਤਿੱਖੀ ਧਾਰ ਹਰਿ ਰਖਾਈਆ । ਸਾਚੇ ਲੇਖ ਜਾਏ ਲਿਖੀ, ਸਾਚਾ ਸ਼ਬਦ ਆਪ ਚਲਾਈਆ । ਨਾ ਕੋਈ ਘਾਟੀ ਦੱਸੇ ਔਖੀ ਮਦਿਰਾ ਮਾਸ ਜਨ ਦਏ ਤਜਾਈਆ । ਆਪੇ ਲਾਹੇ ਆਤਮ ਦੁੱਖੀ, ਸੋਹੰ ਸ਼ਬਦ ਲੈ ਧਾਰ ਤਿੱਖੀ, ਦੁਰਮਤ ਮੈਲ ਪਰ੍ਹੇ ਹਟਾਈਆ । ਫੇਰ ਪਾਏ ਸਾਚੀ ਭਿੱਖੀ, ਗੁਰਮੁਖ ਸਾਚੇ ਸੰਤ ਆਤਮ ਰੰਗ ਮਜੀਠੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਦਰ ਘਰ ਸਾਚੇ ਆਇਆਂ ਦਏ ਵਡਿਆਈਆ । ਮਿਲੇ ਵਡਿਆਈ ਹਰਿ ਦਵਾਰ । ਜੋ ਜਨ ਆਏ ਚਰਨ ਦਵਾਰ । ਬੇਮੁਖਾਂ ਜੀਵਾਂ ਦੇਵੇ ਦਰ ਦੁਰਕਾਰ । ਗੁਰਮੁਖਾਂ ਦੇਵੇ ਤਾਰ । ਆਤਮ ਰੱਖੇ ਜੋ ਹੰਕਾਰ, ਦਰ ਘਰ ਸਾਚੇ ਕੋਈ ਨਾ ਪਾਵੇ ਸਾਰ । ਜੋ ਜਨ ਹਿਰਦੇ ਹਰਿ ਸਾਚਾ ਵਾਚੇ, ਦੇਵੇ ਦਰਸ ਹਰਿ ਨਿਰੰਕਾਰ । ਕਲਜੁਗ ਜੀਵ ਭਾਂਡੇ ਕਾਚੇ, ਗੁਰਮੁਖ ਮਾਨੋ ਸਾਚੇ ਸਾਚੇ, ਕਲਜੁਗ ਅੰਤਮ ਆਪ ਵਿਚਾਰ । ਭਗਤ ਜਨਾਂ ਹਿਰਦੇ ਵਾਚੇ, ਬੇਮੁਖਾਂ ਸ਼ਬਦ ਮਾਰੇ ਡੰਡਾ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਘਰ ਸੱਚਾ ਹਰਿ ਬੈਠਾ ਸਚ ਦਰਬਾਰ । ਸਚ ਦਰਬਾਰਾ ਹਰਿ ਆਪ ਲਗਾਇਆ, ਸਚ ਘਰ ਬਾਹਰਾ । ਨਿਹਕਲੰਕ ਨਰ ਅਵਤਾਰਾ । ਸ੍ਰਿਸ਼ਟ ਸਬਾਈ ਪਾਵੇ ਸਾਰਾ । ਸ਼ਬਦ ਉਠਾਏ ਖੰਡਾ ਦੋ ਧਾਰਾ । ਚਾਰੋਂ ਕੁੰਟ ਅਸਵ ਭਜਾਏ, ਸ਼ਬਦ ਘੋੜੇ ਹੋ ਅਸਵਾਰਾ । ਪੈਰੀਂ ਜੋੜਾ ਕਿਸੇ ਪਾਉਣ ਨਾ ਦੇਵੇ ਕਲਜੁਗ ਤੇਰੀ ਅੰਤਮ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਡੇਰਾ ਲਾਏ, ਤ੍ਰੈਲੋਕੀ ਨਾਥ ਸਗਲਾ ਸਾਥ ਤਿੰਨਾਂ ਲੋਕਾਂ ਪਾਏ ਸਾਰਾ । ਸ਼ਬਦ ਖੰਡਾ ਹਰਿ ਹੱਥ ਕਟਾਰੀ । ਬੇਮੁਖਾਂ ਮਾਰੇ, ਕਲਜੁਗ ਤੇਰੀ ਅੰਤਮ ਵਾਰੀ । ਗੁਰਮੁਖਾਂ ਪਾਰ ਉਤਾਰੇ, ਤਨ ਪਹਿਨਾਏ ਸੋਹੰ ਕਰੇ ਸ਼ਿੰਗਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਇਕੋ ਸੱਚਾ ਦਰਬਾਰੀ । ਸਚ ਦਰਬਾਰ ਵਿਚ ਮਾਤ ਲਗਾਇਆ । ਕਲਜੁਗ ਤੇਰੀ ਅੰਧੇਰੀ ਰਾਤ, ਅੰਤਮ ਹਰਿ ਦਏ ਮਿਟਾਇਆ । ਉਤੇ ਵੇਖੇ ਮਾਰ ਝਾਤ, ਲੱਖ ਚੁਰਾਸੀ ਹਰਿ ਰੱਖੇ ਵਾਸ, ਜਨ ਭਗਤਾਂ ਹੋਇਆ ਰਹੇ ਦਾਸ, ਪਹਿਰੇਦਾਰ ਆਪ ਅਖਵਾਇਆ । ਅੰਤਮ ਕਲ ਕਰੇ ਬੰਦ ਖ਼ਲਾਸ, ਸਚ ਘਰ ਕਰਾਏ ਵਾਸ, ਏਕਾ ਜੋਤ ਮਾਤ ਪ੍ਰਕਾਸ਼, ਆਵਣ ਜਾਵਣ ਦਏ ਕਟਾਇਆ । ਗੁਰਮੁਖ ਵਿਚ ਮਾਤ ਉਪਜਾਏ ਜਿਉਂ ਇੰਦਰ ਦਰ ਪਾਰਜਾਤ, ਬਾਰਾਂ

੮੬
੦੪

੮੭ ੦੪

ਮਾਸ ਫਲ ਲਗਾਇਆ । ਆਪੇ ਪੁੱਛੇ ਅੰਤਮ ਵਾਤ, ਜਿਸ ਜਨ ਇਕੋ ਆਸ ਨਿਹਕਲੰਕ ਰਖਾਇਆ । ਮਿਲਿਆ ਅੰਤਮ ਪੁਰਖ ਅਬਿਨਾਸ਼ੀ, ਸੋਹੰ ਸ਼ਬਦ ਜਪਾਏ ਸਵਾਸ ਸਵਾਸੀ, ਗੁਰਮੁਖਾਂ ਮਾਨਸ ਜਨਮ ਕਰਾਏ ਰਾਸੀ, ਸਾਚੇ ਧਾਮ ਦਏ ਬਿਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹਰਿ ਜੋਤ ਧਰ, ਕਿਰਪਾ ਕਰ, ਸਾਚਾ ਮਾਰਗ ਸਤਿਜੁਗ ਤੇਰਾ ਆਪਣੀਂ ਹੱਥੀਂ ਦਏ ਲਗਾਇਆ । ਸਤਿਜੁਗ ਤੇਰੀ ਬੰਨ੍ਹੀ ਧਾਰ । ਵਿਚ ਮਾਤ ਹਰਿ ਨਿਰੰਕਾਰ । ਰਾਜਾ ਰਾਣਾ ਤਖ਼ਤੋਂ ਉਤਾਰ । ਸੁਘੜ ਸਿਆਣਾ ਨਾ ਜਾਣੇ ਸਾਰ । ਵੇਦ ਪੁਰਾਨਾਂ ਪਾਵੇ ਸਾਰ । ਕੁਰਾਨ ਅੰਜੀਲਾਂ ਕਰੇ ਖੁਆਰ । ਖਾਣੀ ਬਾਣੀ ਡਿੱਗੀ ਮੂੰਹ ਦੇ ਭਾਰ । ਮਾਇਆ ਰਾਣੀ ਬੇਮੁਹਾਨੀ ਸ਼ਬਦ ਤਾਨ ਉਤੇ ਹੋਈ ਅਸਵਾਰ । ਉਤੇ ਚਿੱਟੀ ਚਾਦਰ ਬੈਠੀ ਤਾਣੀ, ਕਲਜੁਗ ਆਤਮ ਹੋਈ ਅੰਧੀ ਕਾਣੀ, ਨਾ ਕੋਈ ਕਰੇ ਸਚ ਵਿਚਾਰ । ਕਲਜੁਗ ਤੇਰਾ ਅੰਤਮ ਹੋਇਆ, ਕੋਈ ਨਾ ਤੈਨੂੰ ਦੇਵੇ ਹੱਥੀਂ ਪਾਣੀ, ਪ੍ਰਭ ਅਬਿਨਾਸ਼ੀ ਮਾਰੇ ਡਾਹਢੀ ਮਾਰ । ਸਤਿਜੁਗ ਸਾਚੇ ਤੇਰੀ ਇਕੋ ਸੋਹੰ ਸੱਚੀ ਬਾਣੀ, ਪ੍ਰਭ ਅਬਿਨਾਸ਼ੀ ਰਸਨਾ ਰਿਹਾ ਉਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਜਾਮਾ ਪਾਏ ਕਲਜੁਗ ਸਤਿਜੁਗ ਦੋਹਾਂ ਕਰੇ ਵਿਚਾਰ । ਮਾਇਆ ਰਾਣੀ ਕਲਜੁਗ ਜੀਵ ਕਰੇ ਹੰਕਾਰਨ । ਘਰ ਘਰ ਬੈਠੇ ਜੂਠੇ ਝੂਠੇ, ਪ੍ਰਭ ਅਬਿਨਾਸ਼ੀ ਨਾ ਵਿਚਾਰਨ । ਆਤਮ ਮੂਧੇ ਹੋਏ ਠੂਠੇ, ਲੱਖ ਚੁਰਾਸੀ ਮਾਇਆ ਰਾਣੀ ਭਰੇ ਇਕ ਭੰਡਾਰਨ । ਜੋਤੀ ਜੋਤ ਸਰੂਪ ਹਰਿ, ਦਿਤਾ ਵਰ ਗਈ ਤਰ, ਕਲਜੁਗ ਅੰਤਮ ਆਪਣਾ ਕਰੇ ਪੂਰਾ ਕਾਮਨ । ਮਾਇਆ ਰਾਣੀ ਹੋਏ ਜਵਾਨ । ਬੇਮੁਖਾਂ ਦੇ ਲਾਹੇ ਘਾਣ । ਫੜ ਫੜ ਮਾਰੇ ਬੇਈਮਾਨ । ਕਲਜੁਗ ਜੀਵ ਜੋ ਸ਼ੈਤਾਨ । ਆਪ ਉਠਾਏ ਵਡ ਬਲੀ ਬਲਵਾਨ । ਸਾਚਾ ਸ਼ਬਦ ਹੁਕਮ ਆਪ ਸੁਣਾਏ, ਦਹਿ ਦਿਸ਼ ਵਿਚ ਫਿਰਾਏ, ਛੁਪੇ ਕੋਈ ਰਹਿ ਨਾ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਮਾਇਆ ਤੇਰੇ ਉਤੇ ਪੜਦਾ ਪਾਇਆ, ਆਪ ਚੁਕਾਏ ਤੇਰੀ ਕਾਨ । ਮਾਇਆ ਰਾਣੀ ਬਲੀ ਬਲਵਾਨ । ਬੇਮੁਖਾਂ ਦੇ ਗਈ ਦਵਾਰ । ਆਤਮ ਹੋ ਗਈ ਆਪ ਅਸਵਾਰ । ਇਕ ਭੁਲਾਇਆ ਸੱਚਾ ਸਚ ਦਰਬਾਰ । ਕਲਜੁਗ ਮਾਇਆ ਵਿਚ ਰੁਲਾਇਆ, ਡਿੱਗਾ ਮੂੰਹ ਦੇ ਭਾਰ । ਇਕ ਹੰਕਾਰ ਨਾਲ ਰਖਾਇਆ, ਜੂਠਾ ਝੂਠਾ ਦਰ ਬਹਾਇਆ, ਕੋਈ ਨਾ ਦੇਵੇ ਸੱਚੀ ਧਾਰ । ਨਿਹਕਲੰਕ ਕਲ ਜਾਮਾ ਪਾਇਆ, ਸੋਹੰ ਸ਼ਬਦ ਸੰਗ ਲਿਆਇਆ, ਦੇਵੇ ਸ਼ਬਦ ਸੱਚੀ ਧੁਨਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਸਰਬ ਕਰੇ ਖੁਆਰ । ਕਲਜੁਗ ਅੰਤਮ ਹੋਇਆ ਖੁਆਰ । ਧਰਤ ਮਾਤ ਨਾ ਚੁੱਕੇ ਤੇਰਾ ਭਾਰ । ਆਤਮ ਹੋਈ ਅੰਧੇਰੀ ਰਾਤ ਨਾ ਕੋਈ ਪੁੱਛੇ ਵਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਝੂਠਾ ਦਏ ਮਿਟਾਏ । ਸਤਿਜੁਗ ਸਾਚਾ ਮਾਤ ਧਰਾਏ, ਸੋਹੰ ਦਾਤ ਝੋਲੀ ਪਾਏ, ਗੁਰਮੁਖਾਂ ਦੇਵੇ ਸ਼ਬਦ ਦਾਤ । ਸਹਿੰਸਾ ਸਾਗਰ ਡੂੰਘੀ ਧਾਰ । ਜੀਵ ਕਾਇਆ ਗਾਗਰ ਅੰਮ੍ਰਿਤ ਵਿਚ ਅਪਾਰ । ਨਿਰਮਲ ਕਰਮ ਹੋਏ ਉਜਾਗਰ, ਆਇਆ ਚਲ ਸਚ ਦਰਬਾਰ । ਦਰਸ ਦਿਖਾਏ ਕਰਤਾ ਕਾਦਰ, ਦੇਵੇ ਨਾਮ ਅਪਰ ਅਪਾਰ । ਸਾਚੇ ਘਰ ਬਣ ਸਚ ਸੁਦਾਗਰ ਰਤਨ ਅਮੋਲਕ ਹੀਰਾ ਨਾਮ ਜੋਤੀ ਦੇਵੇ ਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਬੇੜਾ ਕਰ ਜਾਏ ਪਾਰ । ਹੀਰਾ ਨਾਮ ਰਤਨ ਅਮੋਲ, ਪ੍ਰਭ ਅਬਿਨਾਸ਼ੀ ਇਕ ਉਪਜਾਇਆ । ਸ੍ਰਿਸ਼ਟ ਸਬਾਈ ਰਿਹਾ ਮੌਲ, ਬੇਮੁਖ ਕਿਸੇ ਹੱਥ ਨਾ ਆਇਆ । ਝੂਠੀ ਖ਼ਾਕ ਰਹੇ ਫੋਲ, ਗੁਰਮੁਖ ਸਾਚੇ ਆਤਮ ਤੀਰਥ ਚੁੱਭੀ ਲਾਇਆ । ਵਿਚੋਂ ਮਿਲੇ ਲਾਲ ਅਨਮੋਲ, ਪ੍ਰਭ ਸਾਚਾ

ਦਏ ਦਿਖਾਇਆ । ਤੇਰੇ ਵਸੇ ਸਦਾ ਕੋਲ, ਆਤਮ ਕੁੰਡਾ ਆਪੇ ਦਏ ਖੋਲ੍ਹ, ਦੀਪਕ ਜੋਤੀ ਦਏ ਆਪ ਜਗਾਇਆ । ਸ਼ਬਦ ਸਰੂਪੀ ਵਿਚੋਂ ਪਏ ਬੋਲ, ਸੁੰਨ ਸਮਾਧੀ ਜੋ ਰਖਾਇਆ । ਇਕ ਵਜਾਏ ਸੋਹੰ ਸਾਚਾ ਢੋਲ, ਲੱਗੀ ਸੁੰਨ ਦਏ ਤੁੜਾਇਆ । ਸਾਚਾ ਲਾਹਾ ਗੁਰਸਿਖ ਰੋਲ, ਪ੍ਰਭ ਅਬਿਨਾਸ਼ੀ ਰਿਹਾ ਦਇਆ ਕਮਾਇਆ । ਦਸਮ ਦਵਾਰੀ ਦਏ ਖੋਲ੍ਹ, ਸਾਚੀ ਨਾਮ ਹਾਟੀ ਪ੍ਰਭ ਸਾਚੇ ਖੋਲ੍ਹ, ਛਿਨ ਭੰਗਰ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ, ਸਾਚਾ ਰਿਹਾ ਸ਼ਬਦ ਸੁਣਾਇਆ । ਆਤਮ ਕੁੰਡਾ ਹਰਿ ਜੀ ਖੋਲ੍ਹੇ । ਗੁਰਸਿਖ ਵਸੇ ਤੇਰੇ ਤਨ ਕਾਇਆ ਚੋਲੇ । ਬੇਮੁਖ ਰੱਖੇ ਪ੍ਰਭ ਪੜਦੇ ਉਹਲੇ । ਗੁਰਮੁਖ ਸਾਚੇ ਸੰਤ ਜਨਾਂ ਸਚ ਘਰ ਸ਼ਬਦ ਸਰੂਪੀ ਬੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁੱਖ ਆਪ ਉਪਜਾਏ ਕਲਜੁਗ ਜੀਵ ਜਨ ਭਾਲੇ ਭੋਲੇ । ਆਤਮ ਸਰ ਸੱਚੀ ਤਾਰੀ । ਆਤਮ ਦਰ ਅੱਗੇ ਦਿਸੇ ਹਰਿ ਦਰਬਾਰੀ । ਆਤਮ ਘਰ ਜਗੇ ਜੋਤ ਅਗੰਮ ਅਪਾਰੀ । ਦੇਖੇ ਨਿਹਕਲੰਕ ਨਰਾਇਣ ਨਰ ਅਵਤਾਰੀ । ਚਰਨ ਲਾਗ ਤਰ ਮਾਨਸ ਜਨਮ ਜਾਓ ਸਵਾਰੀ । ਏਕਾ ਏਕ ਪ੍ਰਭ ਅੰਤਮ ਦਏ ਕਰ, ਊਚ ਨੀਚ ਭੇਵ ਨਿਵਾਰੀ । ਆਪ ਵਸਾਏ ਏਕਾ ਘਰ, ਲਗਾਏ ਇਕ ਸੱਚਾ ਦਰਬਾਰੀ । ਆਪ ਵਸਾਏ ਏਕਾ ਘਰ, ਗੁਰਮੁਖ ਸਾਚੇ ਨਰ ਨਾਰੀ । ਨੌਂ ਖੰਡ ਪ੍ਰਿਥਮੀ ਬੰਦ ਕਰਾਏ ਸਭ ਦੇ ਦਰ, ਨਿਹਕਲੰਕ ਕਰੇ ਖੇਲ ਅਪਰ ਅਪਾਰੀ । ਏਕਾ ਸ਼ਬਦ ਵਜਾਏ ਡੰਕ, ਦੇਵੇ ਪਵਣ ਅਸਵਾਰੀ । ਨਾ ਕੋਈ ਦਿਸੇ ਰਾਓ ਰੰਕ, ਏਕਾ ਰੰਗ ਸ੍ਰਿਸ਼ਟੀ ਸਾਰੀ । ਗੁਰਮੁਖ ਉਧਾਰੇ ਜਿਉਂ ਭਗਤ ਜਨਕ, ਬਖ਼ਸ਼ੇ ਚਰਨ ਪਿਆਰੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੇ ਲੇਖ ਮੁਕਾਏ ਜੋ ਲਿਖੇ ਲੇਖ ਸਚ ਦਰਬਾਰੀ । ਸਚ ਦਰਬਾਰ ਆਪ ਲਗਾਉਣਾ । ਵੇਲਾ ਵਕਤ ਆਪ ਸੁਹਾਉਣਾ । ਜਿਉਂ ਭਗਤ ਜਨਕ ਸਿਰ ਹੱਥ ਰਖਾਉਣਾ । ਜੋਤੀ ਜੋਤ ਸਰੂਪ ਹਰਿ, ਆਪਣਾ ਖੇਲ ਅੰਤਮ ਕਲ ਆਪੇ ਆਪ ਰਚਾਉਣਾ । ਆਪਣਾ ਖੇਲ ਆਪ ਰਚਾਏ । ਕਰੋੜ ਤੇਤੀਸ ਦੇਵੀ ਦੇਵ, ਸਾਚਾ ਹੁਕਮ ਕਲ ਆਪ ਸੁਣਾਏ । ਪ੍ਰਭ ਅਬਿਨਾਸ਼ੀ ਲਾਏ ਸਾਚੀ ਸੇਵ, ਨਿੱਕਾ ਬਾਲਾ ਤੋੜ ਜਗਤ ਜੰਜਾਲਾ, ਸਾਚੇ ਘਰ ਦਏ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇੰਦਲੋਕ ਸ਼ਿਵਲੋਕ ਦੇਂਦਾ ਆਏ ਸਭ ਨੂੰ ਮਾਣਾ । ਕਲਜੁਗ ਅੰਤਮ ਹਰਿ ਵਿਚਾਰੇ । ਬ੍ਰਹਮਾ ਤੇਰੀ ਪਾਏ ਸਾਰੇ । ਜਿਹੜਾ ਵਸੇ ਇਕ ਚੁਬਾਰੇ । ਅੰਤਮ ਕਲਜੁਗ ਆਈ ਹਾਰੇ । ਨਿਹਕਲੰਕ ਕਲ ਜਾਮਾ ਧਾਰੇ । ਗੁਰਮੁਖ ਸਾਚੇ ਸੰਤ ਜਨਾਂ ਵਸਾਏ, ਤੇਰੇ ਘਰ ਸੱਚੇ ਦਵਾਰੇ । ਸਾਚਾ ਮਾਣ ਤਾਣ ਰਖਾਏ, ਸਤਿਜੁਗ ਲੱਗੇ ਵਿਚ ਸੰਸਾਰੇ । ਬ੍ਰਹਮੇ ਵਕਤ ਹਰਿ ਆਪ ਚੁਕਾਇਆ । ਸਾਚਾ ਭਾਣਾ ਅੰਤ ਵਰਤਾਇਆ । ਕਿਸੇ ਸਾਧ ਸੰਤ ਨਾ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਅੰਤਮ ਕਲ, ਆਪਣਾ ਆਪ ਰਿਹਾ ਵਰਤਾਇਆ । ਸਾਧ ਸੰਤ ਨਾ ਜਾਣੇ ਪ੍ਰਾਣੀ । ਨਾ ਕੋਈ ਜਾਣੇ ਬ੍ਰਹਮ ਗਿਆਨੀ । ਨਾ ਕੋਈ ਜਾਣੇ ਵੇਦ ਪੁਰਾਨੀ । ਨਾ ਕੋਈ ਜਾਣੇ ਅੰਜ਼ੀਲ ਕੁਰਾਨੀ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚੇ ਤੇਰੀ ਦੱਸੇ, ਸੋਹੰ ਸੱਚੀ ਕਲਜੁਗ ਅੰਤਮ ਇਕ ਨਿਸ਼ਾਨੀ । ਕਲਜੁਗ ਅੰਤਮ ਦਿਤਾ ਇਕ ਨਿਸ਼ਾਨ । ਗੁਰਮੁਖ ਸਾਚੇ ਸੰਤ ਜਨ ਆਤਮ ਸੁਖ ਸਾਚਾ ਪਾਣ । ਬੇਮੁਖ ਅੰਤਮ ਸਹਿਣਾ ਪਏ ਦੁੱਖ, ਆਤਮ ਲੱਗੇ ਸ਼ਬਦ ਬਾਣ । ਕਲਜੁਗ ਜੀਵ ਉਲਟੇ ਹੋਣ ਰੁੱਖ, ਪ੍ਰਭ ਭੰਨੇ ਜਵਾਨੀ ਡਾਹਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਖ ਸੱਚਾ ਵੇਸ, ਜੋਤ ਧਰੇ ਨਰ ਹਰਿ ਸ੍ਰੀ ਭਗਵਾਨ । ਖੁਲ੍ਹੇ ਰੱਖੇ ਕੇਸ, ਗੁਰਮੁੱਖਾਂ ਮਿਲਿਆ ਸੱਚਾ ਹਰਿ, ਬਣਿਆ ਰਹੇ ਦਰ ਦਰਵੇਸ਼ ।

੮੮ ੦੪

ਸਭ ਨੂੰ ਜੋਤੀ ਦੇਵੇ ਲਾਵੇ ਆਪਣੀ ਸੇਵ, ਸ਼ਿਵ ਸ਼ੰਕਰ ਦਰ ਗਣੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦਿ ਜੁਗਾ ਜੁਗੰਤ ਏਕਾ ਨਰ ਨਰੇਸ਼ । ਵੇਦ ਪੁਰਾਨਾਂ ਆਇਆ ਘਾਟਾ । ਕਲਜੁਗ ਤੇਰੀ ਮੁੱਕੀ ਵਾਟਾ । ਨਾ ਕੋਈ ਤੀਰਥ ਨਾ ਕੋਈ ਤਾਟਾ । ਏਕਾ ਸ਼ਬਦ ਸੋਹੰ ਚਾਰ ਵਰਨ ਰਖਾਏ ਹਰਿ ਜੀ ਇਕੋ ਬਾਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਭ ਦਾ ਕਾਟਾ । ਖਾਣੀ ਬਾਣੀ ਰਹੀ ਪੁਕਾਰ । ਗੁਰਮੁਖ ਵੇਖੋ ਕਰ ਵਿਚਾਰ । ਨਾਨਕ ਕੀਆ ਸਚ ਵਿਹਾਰ । ਗੁਰ ਗੋਬਿੰਦ ਬਣਿਆ ਲਿਖਾਰ । ਸ਼ਬਦ ਆਵੇ ਇਕੋ ਸੱਚੀ ਧਾਰ । ਦਸ ਜਾਮੇ ਦੇਵੇ ਇਕੋ ਜੋਤ ਹਰਿ ਨਿਰੰਕਾਰ । ਸਾਚਾ ਲੇਖ ਆਪ ਲਿਖਾਏ, ਗੁਰ ਗੋਬਿੰਦ ਕਲ ਅੰਤਮ ਵਾਰ । ਨਿਹਕਲੰਕ ਕਲ ਜਾਮਾ ਪਾਇਆ, ਜੀਵ ਜੰਤ ਨਾ ਪਾਵੇ ਕੋਈ ਸਾਰ । ਏਕਾ ਡੋਰ ਆਪਣੇ ਹੱਥ ਰਖਾਏ, ਵਖਾਣੇ ਸਰਬ ਨਰ ਨਾਰ । ਬੇਮੁਖ ਚਾਰੋਂ ਤਰਫ ਸ਼ੋਰ ਪਾਇਣ, ਵੜਨ ਨਾ ਦੇਵੇ ਦਰ ਸੱਚੇ ਦਰਬਾਰ । ਅੱਗੇ ਅੰਧਘੋਰ ਦਿਖਾਏ, ਸ਼ਬਦ ਫੜੇ ਹੱਥ ਕਟਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਇਆ ਜਾਮਾ ਧਾਰ । ਨਾਨਕ ਗੁਰ ਨਿਰੰਕਾਰਿਆ । ਮੰਗਣ ਗਿਆ ਇਕ ਦਵਾਰਿਆ । ਦਰ ਦਵਾਰੇ ਜਾਏ ਖਲੋਤਾ, ਦੋਏ ਜੋੜ ਕਰੇ ਨਿਮਸਕਾਰਿਆ । ਜੋਤ ਸਰੂਪੀ ਨਰ ਨਰਾਇਣ ਸਿੰਘ ਸਿੰਘਾਸਣ ਸਾਚੇ ਸੋਤਾ, ਉਠੇ ਦੋਵੇਂ ਭੁਜਾ ਪਸਾਰਿਆ । ਆ ਨਾਨਕ ਮੈਂ ਤੇਰੇ ਜੋਗਾ, ਤੇਰੀ ਸੁਣਾਂ ਇਕ ਪੁਕਾਰਿਆ । ਤੇਰੇ ਦਰ ਦਾ ਕੁੰਡਾ ਖੋਲ੍ਹਾਂ, ਮਾਤਲੋਕ ਕਰੀਂ ਸਚ ਵਿਹਾਰਿਆ । ਸਾਚਾ ਮੇਲ ਹਰਿ ਗੁਰ ਨਾਨਕ ਜੋਤੀ, ਸਤਿਨਾਮ ਮੰਤਰ ਸਾਚਾ ਜੰਤਰ, ਸਾਚਾ ਬੀਜ ਵਿਚ ਜਗਤ ਬਿਜਾ ਰਿਹਾ । ਗੁਰਮੁਖਾਂ ਬਣਾਈ ਸਾਚੀ ਬਣਤਰ, ਪਹਿਲੀ ਕਰੇ ਖੇਲ ਨਿਰੰਤਰ, ਇਕ ਸੁਰੰਗਾ
ਸਚ ਸਿਤਾਰ ਗੁਰ ਦਰ ਸਾਚੀ ਪਾਈ ਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਿਚ ਤਾਰ ਆਪ ਵਜਾ ਰਿਹਾ । ਇਕ ਪੁਕਾਰੇ ਨਿਰੰਕਾਰ ਨਿਰੰਕਾਰ, ਬੇਮੁਖਾਂ ਭੁਲਾ ਰਿਹਾ । ਕਲਜੁਗ ਜੀਵ ਨਾ ਪਾਇਣ ਸਾਰ, ਬੇਮੁਖਾਂ ਨਾਮ ਭੁਲਾ ਰਿਹਾ । ਗੁਰ ਨਾਨਕ ਕਰ ਵਿਚਾਰ, ਮਾਰੀ ਇਕ ਉਡਾਰ, ਮੱਕੇ ਮਦੀਨੇ ਕਰੇ ਮੁੱਲਾਂ ਕਾਜੀਆਂ ਖ਼ਬਰਦਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ ਸਾਚਾ ਡੰਕ ਇਕ ਵਜਾਏ ਸਾਚਾ ਬਚਨ ਲਿਖਾ ਲਿਆ । ਏਕ ਉਪਜਾਏ ਸੱਚਾ ਰੰਗ ਨਾ ਕੋਈ ਜਾਣੇ ਰਾਓ ਰੰਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਏਕਾ ਥਾਂ ਬਹਾ ਲਿਆ । ਜਿਸ ਕੀਆ ਅਕਾਰ ਸੋਈ ਜਾਣਦਾ । ਕਲਜੁਗ ਜੀਵ ਕਿਉਂ ਭਰਿਆ ਮਨ ਹੰਕਾਰ, ਨਾ ਆਪਣਾ ਆਪ ਪਛਾਣਦਾ । ਆਏ ਸਚ ਦਰਬਾਰ, ਪ੍ਰਭ ਸਰਬ ਜੀਆਂ ਦੀ ਪਾਉਂਦਾ ਸਾਰ, ਸਤਿਜੁਗ ਸਾਚੇ ਲੈ ਅਵਤਾਰ, ਨਿਹਕਲੰਕ ਗੁਣ ਅਵਗੁਣ ਸ੍ਰਿਸ਼ਟ ਸਬਾਈ ਵਿਚਾਰਦਾ । ਬਾਵਨ ਭੇਖ ਧਰ ਬਣ ਭਿਖਾਰ, ਨਾ ਝੋਲੀ ਅੱਗੇ ਡਾਰਦਾ । ਕਦੇ ਬਣੇ ਨਰ ਨਰਾਇਣ, ਬਾਲਕ ਧਰੂ ਪੈਜ ਸਵਾਰਦਾ । ਕਦੇ ਬਣੇ ਕਪਲ ਮੁਨ, ਜਗਨ ਨਾਥ ਤੇਰੀ ਸਾਰ ਪਾਂਵਦਾ । ਕਦੇ ਬਣੇ ਬਰਾਹ, ਧਰਤ ਮਾਤ ਵਿਚੋਂ ਜਲ ਬਾਹਰ ਨਿਕਾਲਦਾ । ਕਦੇ ਬਣੇ ਹਾਵ ਗਰੀਵ, ਕੈਂਟਬ ਦੈਂਤ ਪਾਰ ਉਤਾਰਦਾ । ਕਦੇ ਲੈ ਪ੍ਰਿਥੁ ਅਵਤਾਰ, ਰਾਣੇ ਪਰਲੋ ਇਕ ਵਖਾਣਦਾ । ਕਦੇ ਕਛਪ ਰੂਪ ਧਾਰ ਮੰਦਰਾਚਲ, ਚੁੱਕ ਆਪਣੀ ਪਿੱਠ ਚੌਂਦਾਂ ਰਤਨ ਮਥ ਸਾਗਰ ਵਿਚੋਂ ਆਪ ਨਿਕਾਲਦਾ । ਪ੍ਰਭ ਦੀ ਮਹਿੰਮਾ ਜਗਤ ਅਕਥ, ਜੁਗਾ ਜੁਗੰਤ ਸਰਬ ਸਵਾਰਦਾ । ਕਦੇ ਬਣੇ ਧਨੰਤਰ ਵੈਦ, ਦੁੱਖ ਰੋਗ ਸਰਬ ਨਿਵਾਰਦਾ । ਕਦੇ ਲਏ ਨਰ ਅਵਤਾਰ, ਗੁਰਮੁਖਾਂ ਪਾਰ ਉਤਾਰਦਾ । ਸਤਿਜੁਗ ਸਾਚੇ ਤੇਰੇ ਅੰਦਰ ਸਾਚੇ ਮੰਦਰ, ਦਸ ਨੌਂ ਉਨੀ


੮੯ ੦੪

ਇਕੋ ਰੱਖੀ ਹਰਿ ਜੀ ਚਿੱਟੀ ਚੁੰਨੀ, ਵਾਰ ਅਠਾਰਾਂ ਜਾਮਾ ਧਾਰਦਾ । ਸਤਿਜੁਗ ਸਾਚਾ ਗਿਆ ਬੀਤ । ਗੌਤਮ ਰਿਖ ਚਲਾਈ ਰੀਤ । ਅਹਲਿਆ ਕੀਤੀ ਠੰਡੀ ਸੀਤ । ਆਪਣਾ ਬਚਨ ਗਿਆ ਜੀਤ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਜਾਣੇ ਆਪੇ ਨੀਤ । ਸਾਚਾ ਜੁਗ ਮਾਤ ਉਲਟਾਇਆ । ਪ੍ਰਭ ਅਬਿਨਾਸ਼ੀ ਅੰਤਮ ਕਲ ਜਾਮਾ ਪਾਇਆ । ਰਾਮ ਰੂਪ ਸਤਿ ਸਰੂਪ ਬਣ ਕੇ ਆਇਆ । ਪਰਸ ਰਾਮ ਦਿਤਾ ਤਾਰ, ਏਕਾ ਜੋਤੀ ਦਏ ਜਗਾਇਆ । ਅੰਤਮ ਪੂਰਨ ਕਰੇ ਕਾਮ, ਰਾਮਾ ਰਾਮ ਰਾਵਣ ਦੁਸ਼ਟ ਨਸ਼ਟ ਕਰਾਇਆ । ਤਰੇਤੇ ਤੇਰੇ ਤ੍ਰੈ ਗੁਣ, ਰਿਗ ਵੇਦ ਪੁਕਾਰ ਸੁਣ, ਸੱਚਾ ਖੇਲ ਆਪ ਕਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਕਰਦਾ ਆਇਆ । ਤਰੇਤਾ ਦਿਤਾ ਮਾਤ ਮੁਕਾ । ਦਵਾਪਰ ਦਿਤਾ ਮਾਤ ਧਰਾ । ਯਜੁਰ ਵੇਦ ਸੰਗ ਰਲਾ । ਅੰਤਮ ਅੰਤ ਕਾਹਨਾ ਕ੍ਰਿਸ਼ਨਾ ਆਇਆ ਜੋਤ ਜਗਾ । ਜੋਤੀ ਜੋਤ ਸਰੂਪ ਹਰਿ, ਆਪੇ ਬਹੇ ਸੱਚੇ ਥਾਂ । ਦਵਾਪਰ ਅੰਤਮ ਅੰਤ ਜੋਤ ਗਿਰਧਾਰੀ । ਬਣ ਕੇ ਆਇਆ ਕ੍ਰਿਸ਼ਨ ਮੁਰਾਰੀ । ਸ੍ਰਿਸ਼ਟ ਸਬਾਈ ਜਿਸ ਕਰੀ ਖੁਆਰੀ । ਆਪਣੀ ਹੱਥੀਂ ਆਪ ਮਿਟਾਇਆ, ਦਰਯੋਧਨ ਹੰਕਾਰੀ । ਜਨ ਭਗਤਾਂ ਮਾਣ ਦਵਾਇਆ, ਇਕ ਅਰਜਨ ਹਰਿ ਸਮਝਾਇਆ, ਅਠਾਰਾਂ ਧਿਆਏ ਗੀਤਾ ਰਸਨ ਉਚਾਰੀ । ਜੋਤੀ ਜੋਤ ਸਰੂਪ ਹਰਿ, ਵਿਚ ਮਾਤ ਆਵੇ ਜਾਵੇ ਵਾਰੋ ਵਾਰੀ । ਵੇਦ ਵਿਆਸ ਕੀਆ ਅਭਿਆਸ । ਅਠਾਰਾਂ ਪੁਰਾਨ ਕਰ ਧਿਆਨ, ਬਣਿਆ ਲੇਖ ਲਿਖਾਸ । ਜੋਤੀ ਜੋਤ ਸਰੂਪ ਹਰਿ, ਗਗਨ ਮੰਡਲ ਵਿਚ ਪਾਉਂਦਾ ਰਹੇ ਰਾਸ । ਦਵਾਪਰ ਹਰਿ ਵਕਤ ਚੁਕਾਇਆ । ਕਲਜੁਗ ਵਿਚ ਮਾਤ ਧਰਾਇਆ । ਹੱਥ ਫੜਾਏ ਜੂਠਾ ਝੂਠਾ ਠੂਠਾ, ਮਦਿਰਾ ਮਾਸ ਦਏ ਹੱਥ ਫੜਾਇਆ । ਦਰ ਘਰ ਸਾਚੇ ਰਿਹਾ ਬੈਠਾ ਰੂਠਾ, ਪ੍ਰਭ ਅਬਿਨਾਸ਼ੀ ਮੁਖ ਛੁਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਖ ਜੁਗਾ ਜੁਗੰਤ ਵਿਚ ਮਾਤ ਆਏ ਜਾਏ ਰਘੁਰਾਇਆ । ਕਲਜੁਗ ਅਥਰਬਣ ਇਕ ਅਕਾਰ । ਕਲਜੁਗ ਰੂਪ ਕਲ ਲਏ ਧਾਰ । ਐੜਾ ਅੱਖਰ ਜਿਨ ਇਕੋ ਇਕ ਅੱਲਾ ਨਾਲ ਲਿਆਇਆ । ਐੜਾ ਅੱਲਾ ਦਰ ਸਾਚਾ ਮੱਲਾ । ਕਿਰਪਾ ਕਰ ਸਾਚੇ ਹਰਿ, ਇਕ ਮੁਹੰਮਦ ਮਾਤ ਘੱਲਾ । ਸਾਚਾ ਹੁਕਮ ਹਰਿ ਸੁਣਾਇਆ, ਬੇਮੁਖਾਂ ਫੜਾਈਂ ਆਪਣਾ ਪੱਲਾ । ਏਕਾ ਲੜ ਤੇਰੇ ਹੱਥ ਫੜਾਇਆ, ਇਕ ਮਚਾਈਂ ਜਾ ਕੇ ਹੱਲਾ । ਅਚਰਜ ਖੇਲ ਹਰਿ ਵਰਤਾਇਆ । ਕਲਜੁਗ ਕੀ ਕਰੇ ਵਿਚਾਰਾ, ਇਕ ਇਕੱਲਾ । ਇਕ ਮੂਸਾ ਇਕ ਈਸਾ । ਹਰਿ ਜੀ ਪੜ੍ਹਾਏ ਆਪ ਸੁਣਾਏ, ਦੱਸੇ ਉਲਟੀ ਰੀਤਾ । ਸਾਚਾ ਸ਼ਬਦ ਕੰਨ ਸੁਣਾਏ, ਕਲਜੁਗ ਜੀਵ ਦਏ ਭੁਲਾਏ ਨੂਰੀ ਕੀਤਾ । ਕਵਾਰੀ ਕੰਨਿਆ ਕੁੱਖੋਂ ਜਨਮ ਦਵਾਏ, ਕਰੇ ਕਰਾਏ ਹਰਿ ਜਗਦੀਸ਼ਾ । ਜੋਤੀ ਜੋਤ ਸਰੂਪ ਹਰਿ, ਸਭ ਨੂੰ ਦੇਵੇ ਆਪੇ ਵਰ, ਕੋਈ ਨਾ ਦੇਵੇ ਬੇੜਾ ਭਰ, ਕਲਜੁਗ ਆਪਣੀ ਕਰੇ ਕਾਰ । ਬੇਮੁਖਾਂ ਆਤਮ ਰਿਹਾ ਵਿਚਾਰ । ਈਸਾ ਮੂਸਾ ਹਰਿ ਜੀ ਨਾਲ ਦਏ ਉਤੋਂ ਮਾਤ ਉਤਾਰ । ਜੋਤੀ ਜੋਤ ਸਰੂਪ ਹਰਿ, ਦੇਂਦਾ ਆਏ ਸਭ ਨੂੰ ਵਰ, ਸੰਗ ਮੁਹੰਮਦ ਘੱਲੇ ਚਾਰ ਯਾਰ । ਮੁਹੰਮਦ ਲੈ ਕੇ ਆਇਆ ਵਰ । ਪ੍ਰਭ ਅਬਿਨਾਸ਼ੀ ਆਤਮ ਭੰਡਾਰਾ ਦਿਤਾ ਭਰ । ਇਕ ਅੱਲਾ ਨੂਰ ਸੱਚਾ ਤੂਰ ਖੁਲ੍ਹਾਵੇ ਆਤਮ ਦਰ । ਆਪ ਕਰਾਇਆ ਸਰਬ ਕਲਾ ਭਰਪੂਰਾ, ਚਾਲੀ ਬਰਸ ਹਰਿ ਜਿਸ ਧਿਆਇਆ, ਇਕ ਲਿਆਇਆ ਨਾਲ ਨਾਮ ਅੱਲਾ । ਦੂਜਾ ਫੜਿਆ ਹੱਥ ਮਸੱਲਾ । ਤੀਜਾ ਕਰਿਆ ਵਲ ਛਲਾ । ਏਕਾ ਮਾਰੇ ਸਭ ਨੂੰ ਭੱਲਾ । ਸੁੱਟੀ ਜਾਏ ਡੂੰਘੀ ਡਲਾ, ਕਲਜੁਗ ਕੀ ਕਰੇ ਇਕ ਇਕੱਲਾ । ਪ੍ਰਭ ਅਬਿਨਾਸ਼ੀ ਸਾਚੇ ਹਰੀ । ਸੰਗ ਮੁਹੰਮਦ ਚਾਰ ਯਾਰ ਕਰ ਖੁਆਰੀ । ਜੀਆਂ ਜੰਤਾਂ ਆਈ ਹਾਰੀ । ਸਾਧਾਂ

ਸੰਤਾਂ ਕਰੇ ਮਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਮਾਤਲੋਕ ਜਨਮ ਦਵਾਇਆ ਨਾਨਕ ਨਿਰੰਕਾਰੀ । ਸਾਚੀ ਵਸਤ ਝੋਲੀ ਪਾਇਆ, ਸਤਿਨਾਮ ਬਣ ਵਪਾਰੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਵੇਖੇ ਖੇਲ ਕਰ ਕਰ ਨਿਆਰੀ । ਕਲਜੁਗ ਤੇਰਾ ਖੇਲ ਅਪਾਰਾ, ਇਕ ਹੰਕਾਰ ਨਾਲ ਲਿਆਇਆ । ਸੱਚਾ ਯਾਰ ਇਹ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਾਰੇ ਰਿਹਾ ਲਾਇਆ । ਨਾਨਕ ਕਰੀ ਅੰਤ ਪੁਕਾਰ । ਕਲਜੁਗ ਜੀਵ ਨਾ ਜਾਨਣ ਸਰਬ ਗਵਾਰ । ਅੰਤਮ ਗਿਆ ਨਾਨਕ ਹਾਰ । ਤਜਾਈ ਦੇਹ ਹੋਈ ਖੇਹ, ਜੋਤ ਜਗਾਈ ਅੰਗਦ ਦੇ ਵਿਚਕਾਰ । ਅੰਗਦ ਲਾਇਆ ਆਪਣੇ ਅੰਗ । ਏਕਾ ਚਾੜ੍ਹੇ ਨਾਮ ਰੰਗ । ਸਾਚਾ ਦਰ ਲਿਆ ਮੰਗ । ਜੋਤੀ ਜੋਤ ਸਰੂਪ ਹਰਿ, ਵਡ ਦਾਤਾ ਸੂਰਾ ਸਰਬੰਗ । ਗੁਰ ਅੰਗਦ ਕਰੀ ਤਿਆਰੀ । ਅਮਰਦਾਸ ਪਾਵੇ ਸਾਰੀ । ਸਾਚੀ ਜੋਤ ਵਿਚ ਪਸਾਰੀ । ਅੰਤਮ ਗਿਆ ਮਾਤ ਹਾਰੀ । ਰਾਮਦਾਸ ਆਈ ਵਾਰੀ । ਸਤਿ ਸਰੋਵਰ ਅੰਮ੍ਰਿਤ ਸਰ ਕਰੇ ਉਸਾਰੀ । ਕਲਜੁਗ ਜੀਵ ਭੁਲੇ ਰੁਲੇ ਧੀਆਂ ਭੈਣਾਂ ਕਰਨ ਖੁਆਰੀ । ਪੰਚਮ ਗੁਰ ਆਇਆ ਧੁਰ, ਏਕਾ ਸ਼ਬਦ ਏਕਾ ਸੁਰ, ਚਰਨ ਪ੍ਰੀਤੀ ਗਈ ਜੁੜ, ਲੱਗੀ ਪ੍ਰੀਤ ਨਿਭੀ ਤੋੜ, ਬਾਣੀ ਬੋਧ ਆਪ ਅਖਵਾਇਆ । ਅਗਾਧ ਬੋਧ ਸ਼ਬਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਜੀਆਂ ਮਾਇਆ ਪੜਦਾ ਇਕ ਰਖਾਇਆ । ਅਰਜਨ ਅੰਤਮ ਆਈ ਹਾਰ । ਬੇਮੁਖਾਂ ਸਿਰ ਪਾਈ ਛਾਰ । ਹਰਿ ਗੋਬਿੰਦ ਹੋ ਤਿਆਰ । ਮੀਰੀ ਪੀਰੀ ਪਹਿਨ ਕਟਾਰ, ਬੇਮੁਖਾਂ ਮਾਰੇ ਡਾਹਢੀ ਮਾਰ । ਜਨ ਭਗਤਾਂ ਹਰਿ ਜੀ ਰਿਹਾ ਤਾਰ । ਏਕਾ ਜੋਤ ਏਕਾ ਗੋਤ, ਆਵੇ ਜਾਵੇ ਵਾਰੋ ਵਾਰ । ਛੇਵੇਂ ਗੁਰ, ਲੇਖ ਲਿਖਿਆ ਧੁਰ, ਸੁਲੱਖਣੀ ਦਿਤਾ ਤਾਰ । ਸਤਵੇਂ ਸਤਿ ਸੱਤ ਹਰਿ ਰਾਏ । ਆਪਣੀ ਜੋਤੀ ਆਪ ਜਗਾਏ । ਸੱਤ ਦੀਪਾਂ ਕਰੇ ਰੁਸ਼ਨਾਏ । ਕਲਜੁਗ ਜੀਵ ਸੁਧ ਕੋਈ ਨਾ ਪਾਏ । ਇਕ ਘਰ ਇਕ ਦਰ ਦਰਵਾਜਾ ਇਕ ਖੁਲ੍ਹਾ, ਇਕ ਬੰਦ ਹੋ ਜਾਏ । ਅਚਰਜ ਖੇਲ ਵਿਚ ਮਾਤ ਕਰ, ਰਾਮ ਰਾਏ ਉਲਟੇ ਰਾਹੇ ਪਾਏ । ਅਸ਼ਟਮ ਗੁਰ ਅਸ਼ਟਮ ਵਾਰੀ । ਬਾਲ ਅਵਸਥਾ ਕਰੇ ਖੇਲ ਅਪਾਰੀ । ਦਿੱਲੀ ਜਾਏ ਚਰਨ ਛੁਹਾਏ, ਹੁਕਮੇ ਅੰਦਰ ਜੋਤ ਸਮਾਏ । ਤੇਗ ਬਹਾਦਰ ਸਾਚੀ ਚਾਦਰ ਕਰਦਾ ਆਦਰ, ਸਾਚਾ ਹੁਕਮ ਹਰਿ ਸੁਣਾਇਆ । ਆਪਣਾ ਸੀਸ ਆਪ ਕਟਾਇਆ । ਦਿੱਲੀ ਜਾਏ ਚਰਨ ਛੁਹਾਇਆ । ਬੇਮੁਖਾਂ ਅੰਤ ਭੁਲਾਇਆ । ਕਲਜੁਗ ਵੇਲਾ ਵਕਤ ਸੁਹੇਲਾ ਕਿਸੇ ਹੱਥ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਅਪਣਾ ਖੇਲ ਆਪੇ ਖੇਲਾ, ਭੇਵ ਆਪਣੇ ਹੱਥ ਰਖਾਇਆ । ਗੁਰ ਗੋਬਿੰਦ ਵਡ ਬਲਕਾਰੀ । ਬਣਿਆ ਸੱਚਾ ਲੇਖ ਲਿਖਾਰੀ । ਨਿਹਕਲੰਕ ਕਲ ਜਾਮਾ ਧਾਰ, ਸੰਬਲ ਦੇਸ ਕਰੇ ਵੇਸ ਉਲਟੇ ਭੇਸ, ਕਲਜੁਗ ਜੀਵ ਹੋਣ ਮੁਗਧ ਗਵਾਰੀ । ਖੁੱਲ੍ਹੇ ਰੱਖੇ ਕੇਸ, ਗੁਰਸਿਖ ਸਾਚੇ ਵਿਚ ਪ੍ਰਵੇਸ਼, ਮਾਇਆ ਪੜਦਾ ਪਾਇਆ ਭਾਰੀ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਪਾਵੇ ਸਾਚੀ ਸਾਰੀ । ਸਾਚਾ ਲੇਖ ਲਿਖਾਇੰਦਾ । ਆਪ ਆਪਣਾ ਭੇਖ ਵਟਾਇੰਦਾ । ਆਪੇ ਜੋਤੀ ਆਪ ਜਗਾਇੰਦਾ । ਸਾਚਾ ਕਰਮ ਆਪ ਕਰਾਇੰਦਾ । ਆਇਆ ਕਲਜੁਗ ਅੰਤਮ ਜੋਤ ਸਰੂਪੀ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਧੁਰਦਰਗਾਹੀ ਇਕੋ ਇਕ ਸੁਣਾਇੰਦਾ । ਨਿਹਕਲੰਕ ਲਿਆ ਅਵਤਾਰ । ਪੰਚ ਜੇਠ ਦਿਵਸ ਵਿਚਾਰ । ਬੇਮੁਖ ਸੁੱਤੇ ਪੈਰ ਪਸਾਰ । ਇਕ ਉਠਾਇਆ ਗੁਰ ਪੂਰੇ ਸੱਚਾ ਸੰਤ ਸਰਦਾਰ । ਮੇਲ ਮਿਲਾਇਆ ਸਾਚੇ ਕੰਤ, ਕੀਤਾ ਖ਼ਬਰਦਾਰ । ਆਪ ਬਣਾਈ ਸਾਚੀ ਬਣਤ, ਲਿਆ ਖਿਚ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ


੯੧
੦੪

ਪਾਵੇ ਤੇਰੀ ਸਾਰ । ਸੰਤ ਮਨੀ ਸਿੰਘ ਆਪ ਉਠਾਇਆ । ਜੋਤ ਸਰੂਪੀ ਦਰਸ ਦਿਖਾਇਆ । ਕਾਹਨਾ ਕ੍ਰਿਸ਼ਨਾ ਬਾਲ ਅਵਸਥਾ ਨਜ਼ਰੀ ਆਇਆ । ਬ੍ਰਹਮਾ ਵਿਸ਼ਨਾ ਜਿਸ ਨੂੰ ਰਹੇ ਧਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਇਆ ਪੂਤ ਕਲਜੁਗ ਆਪਣਾ ਆਪ ਜਗਾਇਆ । ਉਠ ਸੁਤ ਹਰਿ ਦੁਲਾਰ ਨਿਹਕਲੰਕ ਕਲ ਆਇਆ ਜਾਮਾ ਧਾਰ । ਸਾਚਾ ਰਾਹ ਆਪ ਵਖਾਏ ਦੇਵੇ ਸ਼ਬਦ ਅਪਾਰ । ਸਾਚੇ ਮਾਰਗ ਆਪੇ ਲਾਏ, ਦੇਵੇ ਇਕ ਧੁਨ ਸੱਚੀ ਧੁਨਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਆਪ ਛੁਪਾਇਆ, ਦਿਸ ਨਾ ਆਇਆ ਕਿਸੇ ਵਿਚ ਸੰਸਾਰ । ਵਿਚ ਸੰਸਾਰ ਆਪਣਾ ਆਪ ਛੁਪਾਇੰਦਾ । ਬੇਮੁਖ ਜੀਵ ਗਵਾਰ, ਹਰਿ ਸਾਚਾ ਆਪ ਭੁਲਾਇੰਦਾ । ਸਾਚੇ ਸੰਤਾਂ ਪਾਵੇ ਸਾਰ ਹੋ ਸ਼ਬਦ ਅਸਵਾਰ, ਆਤਮ ਸੋਇਆ ਆਪ ਉਠਾਇੰਦਾ । ਦਰਸ ਦਿਖਾਏ ਜੋਤ ਨਰ ਅਵਤਾਰ, ਇਕ ਅਕਾਰ, ਏਕਾ ਏਕ ਡਗਮਗਾਇੰਦਾ । ਲੱਖ ਚੁਰਾਸੀ ਪਸਰ ਪਸਾਰ, ਬੇਮੁਖ ਸੁੱਤੇ ਪੈਰ ਪਸਾਰ, ਹਰਿ ਕਿਸੇ ਦਿਸ ਨਾ ਆਇੰਦਾ । ਕਲਜੁਗ ਅੰਤਮ ਕਰੇ ਖੁਆਰ, ਸ਼ਬਦ ਮਾਰੇ ਡਾਹਢੀ ਮਾਰ, ਸੱਚਾ ਰਾਹ ਕਿਸੇ ਹੱਥ ਨਾ ਆਇੰਦਾ । ਕਲਜੁਗ ਭੁਲੇ ਜੀਵ ਗਵਾਰ ਨਰ ਨਾਰ, ਬਿਰਧ ਬਾਲ ਜਵਾਨਾਂ ਨਾ ਕੋਈ ਅੰਤ ਛੁਡਾਇੰਦਾ । ਖ਼ਾਕ ਰੁਲਾਏ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ, ਅਮੀਰ ਵਜੀਰ ਫ਼ਕੀਰ ਏਕਾ ਥਾਂ ਬਹਾਇੰਦਾ । ਏਕਾ ਦਰ ਘਰ ਸਾਚਾ ਦੇਂਦਾ ਸਾਚਾ ਮਾਣਾ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਧਾਮ ਬਹਾਇੰਦਾ । ਹੱਥੀਂ ਬੰਨ੍ਹੇ ਸੋਹੰ ਸ਼ਬਦ ਗਾਨਾ, ਸਾਚੀ ਜੋਤ ਕਰੇ ਪ੍ਰਕਾਸ਼ ਕੋਟਨ ਭਾਨਾ, ਅਗਿਆਨ ਅੰਧੇਰ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇ ਮਤੀ ਆਪ ਸਮਝਾਇੰਦਾ । ਇਕ ਸ਼ਬਦ ਸੱਚਾ ਸੁਲਤਾਨ । ਦਰਗਹਿ ਸਾਚੀ ਦੇਵੇ ਮਾਣ । ਲੱਖ ਚੁਰਾਸੀ ਗੇੜ ਕਟਾਨ । ਕਲਜੁਗ ਜੀਵ ਭਾਗ ਮੰਦ, ਦਰ ਆਏ ਜੋ ਸ਼ਰਮਾਣ । ਗੁਰਮੁਖ ਸਾਚੇ ਅੰਤਮ ਚੜ੍ਹਨਾ ਸਾਚਾ ਚੰਦ, ਜੋਤੀ ਜਗੇ ਮਹਾਨ । ਪ੍ਰਭ ਅਬਿਨਾਸ਼ੀ ਖ਼ੁਸ਼ੀ ਕਰੇ ਬੰਦ ਬੰਦ, ਆਪ ਉਪਜਾਏ ਪਰਮਾਨੰਦ ਬਣ ਕੇ ਆਇਆ ਕਾਹਨ । ਜੋ ਜਨ ਰਸਨਾ ਤਜਾਇਣ ਮਦਿਰਾ ਮਾਸ ਗੰਦ, ਸੋਹੰ ਸ਼ਬਦ ਸਮਾਏ ਬੱਤੀ ਦੰਦ, ਆਪੇ ਢਾਹੇ ਪਾਪਾਂ ਕੰਧ, ਦੂਈ ਦਵੈਤੀ ਪੜਦਾ ਲਾਹਨ । ਸੋਹੰ ਸ਼ਬਦ ਰੰਦੇ ਦੇਵੇ ਰੰਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਦਿਰਾ ਮਾਸ ਜੋ ਜਨ ਤਜਾਏ । ਮਾਨਸ ਜਨਮ ਰਹਿਰਾਸ ਹਰਿ ਆਪ ਕਰਾਏ । ਸੋਹੰ ਸ਼ਬਦ ਸਵਾਸ ਸਵਾਸ ਰਸਨਾ ਗਾਏ । ਹਉਮੇ ਮਮਤਾ ਰੋਗ ਦੁੱਖੜਾ ਨਾਸ ਗੁਰ ਦਰ ਕਰਾਏ । ਜਨ ਹੋਇਆ ਰਹੇ ਦਾਸ, ਸਿਰ ਹੱਥ ਹਰਿ ਆਪ ਟਿਕਾਏ । ਸਦਾ ਵਸੇ ਆਸ ਪਾਸ, ਅੰਤਮ ਵੇਲੇ ਹੋਏ ਸਹਾਏ । ਫੇਰ ਨਾ ਹੋਏ ਗਰਭਵਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨੀਂ ਸੀਸ ਝੁਕਾਏ । ਗਰਭਵਾਸ ਨਾ ਹੋਏ ਫੇਰਾ । ਲੱਖ ਚੁਰਾਸੀ ਕਰੇ ਨਬੇੜਾ । ਆਪ ਕਟਾਏ ਜਮ ਕਾ ਜੇੜਾ । ਗੁਰਮੁਖਾਂ ਬੰਨ੍ਹੇ ਆਪ ਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਦੇਵੇ ਨਾਮ ਧਨਾ, ਵਸਦਾ ਰਹੇ ਤੇਰਾ ਕਾਇਆ ਨਗਰ ਖੇੜਾ । ਸੱਚਾ ਨਾਮ ਜਗਤ ਨਿਸ਼ਾਨਾ । ਗੁਰਮੁਖਾਂ ਦੇਵੇ ਗੁਣ ਨਿਧਾਨਾ । ਗੁਰਮੁਖ ਬਣਾਏ ਚਤੁਰ ਸੁਜਾਨਾ । ਹਿਰਦੇ ਹਰਿ ਜੀ ਸਦਾ ਵਸਾਨਾ । ਆਤਮ ਦੁੱਖ ਸਦਾ ਕਟਾਨਾ । ਦੇਵੇ ਮਤ ਕਰ ਸਾਚਾ ਹਿਤ, ਸਾਚੇ ਰਾਹੇ ਪਾਨਾ । ਰਸਨਾ ਚਰਖਾ ਲੈਣਾ ਕੱਤ, ਸੋਹੰ ਸ਼ਬਦ ਸਦਾ ਗਾਨਾ । ਆਪ ਨਿਭਾਏ ਚਰਨ ਨਤ, ਲੱਗੀ ਤੋੜ ਆਪ ਨਿਭਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਨ ਵਡ ਮਿਹਰਬਾਨ ਗੁਰਮੁਖਾਂ ਸਚ ਸੁਗਾਤਾ । ਹਰਿ ਕਾ ਨਾਮ ਅੰਤਮ ਮੋਖ । ਗੁਰਮੁਖਾਂ ਕਟੇ


੯੨ ੦੪

ਆਤਮ ਦੋਖ । ਸਾਚੀ ਧਾਰ ਵਿਚ ਸੰਸਾਰ ਕਰ ਵਿਚਾਰ ਦੇਵੇ ਤਾਰ ਹੋਏ ਸਹਾਈ ਵੇਲੇ ਔਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਨ ਝੋਲੀ ਪਾਏ ਦੇਵੇ ਅੰਤਮ ਮੋਖ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ । ਪੰਜਾਂ ਤੱਤਾਂ ਅੰਦਰ ਹਰਿ ਜੀ ਰੱਖੇ ਵਾਸ । ਪੰਜੇ ਚੋਰ ਵਿਚ ਬਹਾਏ, ਬੇਮੁਖ ਕਰਾਏ ਉਹਦੇ ਦਾਸ । ਗੁਰਮੁਖਾਂ ਹਰਿ ਜੀ ਦਇਆ ਕਮਾਏ, ਸੋਹੰ ਸ਼ਬਦ ਕੰਨ ਸੁਣਾਏ, ਕਰੇ ਦੁੱਖੜੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਆਤਮ ਰੱਖੇ ਵਾਸ । ਨੇਤਰ ਖੋਲ੍ਹ ਨਾ ਸ਼ਬਦ ਉਚਾਰਨਾ । ਉਚਾ ਬੋਲ ਨਾ ਕਦੇ ਪੁਕਾਰਨਾ । ਜੇ ਕੋਈ ਦੂਜਾ ਦਿਸੇ ਕੋਲ, ਨਾ ਉਸ ਦੇ ਕੰਨ ਸੁਣਾਵਣਾ । ਹਰਿ ਹਿਰਦੇ ਵਸੇ, ਸਾਚਾ ਤੀਰ ਏਕਾ ਕਸੇ, ਖੋਲ੍ਹੇ ਦਸਮ ਦਵਾਰਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਅਵਤਾਰ ਨਰ, ਸੋਹੰ ਸ਼ਬਦ ਜਾਪ ਜਪਾਵਣਾ । ਗੁਰਮੁਖ ਸਾਚੇ ਸੰਤ ਜਨ ਹਰਿ ਹਰਿ ਹਿਰਦੇ ਵਿਚਾਰਨਾ । ਕਰ ਨੇਤਰ ਬੰਦ । ਕਲਜੁਗ ਜੀਵ ਹੋਏ ਅੰਧ, ਖਿੱਚੀ ਜਾਏ ਪਰਮਾਨੰਦ । ਸਾਚੀ ਜੋਤੀ ਇਕ ਆਪ ਉਪਜਾਏ, ਦਏ ਜਗਾਏ ਕਰੇ ਰੁਸ਼ਨਾਏ, ਕਾਇਆ ਗਗਨ ਪਤਾਲ ਵਿਚ ਚੜ੍ਹਾਏ ਸਾਚਾ ਚੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਦਾ ਸਦਾ ਸਦ ਬਖ਼ਸ਼ੰਦ । ਏਕਾ ਰਾਖੋ ਹਰਿ ਕੀ ਸਰਨਾ । ਝੂਠਾ ਦੁੱਖ ਨਾ ਕਦੇ ਭਰਨਾ । ਸਾਚਾ ਸੁਖ ਦੇਵੇ ਸਰਨਾ । ਸੋਹੰ ਸ਼ਬਦ ਰਸਨਾ ਉਚਰਨਾ । ਬੰਦ ਖ਼ਲਾਸੀ ਆਪੇ ਕਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪਣਾ ਆਪੇ ਕਰਨਾ ਸਾਚਾ ਹੁਕਮ ਸ਼ਬਦ ਫ਼ਰਮਾਣ । ਦੇਵੇ ਹਰਿ ਨਰ ਸ੍ਰੀ ਭਗਵਾਨ । ਦਰ ਆਏ ਲੈਣ ਵਰ, ਪ੍ਰਭ ਕਿਰਪਾ ਦੇਵੇ ਕਰ, ਪੰਚਮ ਜੇਠ ਵੇਖ ਵਖਾਨ । ਚਰਨ ਲਾਗ ਜਾਏ ਤਰ, ਕੁੱਖ ਹਰੀ ਦੇਵੇ ਕਰ, ਜਨ ਚਰਨੀ ਡਿੱਗੇ ਆਣ । ਉਜਲ ਮੁਖ ਸਾਚਾ ਸੁਖ ਦੇਵੇ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸੁਰਤ ਸ਼ਬਦ ਬੰਨ੍ਹੇ ਡੋਰ, ਗੁਰਸਿਖ ਬੈਠਾ ਵਿਚ ਅੰਧਘੋਰ । ਦੂਸਰ ਕਿਸੇ ਨਾ ਵੇਖੇ ਨਾ ਕੋਈ ਦਿਸੇ ਹੋਰ । ਇਕੋ ਹਰਿ ਆਤਮ ਘਰ ਪੇਖੇ, ਨੇੜ ਨਾ ਆਇਣ ਪੰਜੇ ਚੋਰ । ਪ੍ਰਭ ਅਬਿਨਾਸ਼ੀ ਮੁਕਾਏ ਲੇਖੇ, ਕੱਢੇ ਭਰਮ ਭੁਲੇਖੇ, ਤੋਲੇ ਪੂਰੇ ਤੋਲ । ਹਰਿ ਜੀ ਸੱਚਾ ਇਕ ਸਿਆਣਾ । ਸੋਹੰ ਦੇਵੇ ਨਾਮ ਨਿਧਾਨਾ । ਪਾਏ ਸਾਰ ਬਿਰਧ ਬਾਲ ਅੰਞਾਣਾ । ਏਕਾ ਦੇਵੇ ਗਲ ਦਾ ਹਾਰ, ਦੁੱਖਾਂ ਦਰਦਾਂ ਚੁਕੇ ਕਾਨਾ । ਸਚ ਸ਼ਬਦ ਸਚ ਘਨਘੋਰ । ਨਿਜ ਘਰ ਵਾਸ ਜੋਤ ਪ੍ਰਕਾਸ਼, ਨਾ ਦਿਸੇ ਕੋਈ ਹੋਰ । ਕਲਜੁਗ ਮਾਇਆ ਕਰੇ ਨਾਸ, ਸ਼ਬਦ ਬੰਨ੍ਹੇ ਸਾਚੀ ਡੋਰ । ਏਕਾ ਜੋਤ ਬਲੋਏ ਮਾਤ ਪਤਾਲ ਅਕਾਸ਼, ਗੁਰਮੁਖ ਹਿਰਦੇ ਰਸਨਾ ਜਪ ਸਵਾਸ ਸਵਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਮੋਰ ਤੋਰ । ਏਕਾ ਦੇਵੇ ਨਾਮ ਨਿਧਾਨ । ਆਪ ਮਿਟਾਏ ਜਮ ਕੀ ਕਾਨ । ਦਏ ਨਾ ਦੁੱਖੜਾ ਕੋਈ ਆਣ । ਉਜਲ ਮੁਖ ਵਿਚ ਜਹਾਨ । ਸੋਹੰ ਸ਼ਬਦ ਜੋ ਜਨ ਰਸਨਾ ਗਾਨ । ਹੋਏ ਸਹਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸ਼ਬਦ ਭੰਡਾਰਾ ਹਰਿ ਦਏ ਵੰਡ । ਗੁਰ ਘਰ ਨਾ ਦੇਣੀ ਫੇਰ ਕੰਡ । ਲੱਗੇ ਸ਼ਬਦ ਸੱਚੀ ਚੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਰਾਹ ਵਖਾਏ ਲੱਗੀ ਤੋੜ ਜਾਏ ਹੰਢ । ਕਿਸ਼ਨਾ ਸ਼ੁਕਲਾ ਪੱਖ । ਜੀਵ ਵੇਖ ਨਾ ਕੋਈ ਮੇਟ ਸਕੇ ਦੁੱਖ । ਦੁੱਖ ਰੋਗ ਜਗਤ ਵਿਜੋਗ ਰਹੇ ਭੋਗ, ਨਾ ਰਹੇ ਕੋਈ ਸੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ, ਰੋਗਾਂ ਸੋਗਾਂ ਦਏ ਮਿਟਾਏ, ਸੋਹੰ ਸ਼ਬਦ ਸਾਚਾ ਜਾਮ ਪਿਆਏ, ਗੇੜ ਚੁਕਾਏ ਉਲਟਾ ਰੁੱਖ । ਏਕਾ ਹੋਏ ਖੱਟਾ ਪੀੜਾ । ਦੁਖੀ ਹੋਇਆ ਜੀਵ ਜੀਅੜਾ । ਸਦਾ ਦੁੱਖ ਹੱਡੀ ਰੀੜਾ । ਏਕਾ ਦੁੱਖ ਡਾਹਢਾ ਲੱਗਾ,

ਜੂਠਾ ਝੂਠਾ ਏਕਾ ਦਿਸੇ ਕਾਇਆ ਖੇੜਾ । ਪ੍ਰਭ ਸਰਨਾਈ ਆਏ ਮਿਲੇ ਵਡਿਆਈ, ਆਪ ਮਿਟਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਲੱਗੀ ਪੀੜਾ । ਕਾਇਆ ਲੱਗੀ ਪੀੜ, ਜੀਵ ਦੁੱਖਿਆਰੜਾ । ਕੋਈ ਨਾ ਬੰਨ੍ਹੇ ਬੀੜ, ਨਾ ਹੋਏ ਕੋਈ ਸਹਾਰੜਾ । ਅੱਠੇ ਪਹਿਰ ਰਹੇ ਪੀੜ, ਨਾ ਆਵੇ ਕਿਸੇ ਵਿਚਾਰੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸੱਚਾ ਜਾਮ ਆਪ ਪਿਆਏ, ਅੰਮ੍ਰਿਤ ਸਾਚਾ ਸੀਰੜਾ । ਨਾਮ ਨਿਧਾਨ ਤੀਰ ਗੁਰਮੁਖ ਵਿਰਲੇ ਵਜਦਾ । ਕਲਜੁਗ ਅੰਤ ਅਖ਼ੀਰ ਦਰ ਸਾਚੇ ਕੋਈ ਸਜਦਾ । ਹਉਮੇ ਅਗਨ ਰਹੇ ਪੀੜ, ਬੇਮੁਖ ਉਠ ਉਠ ਦਰ ਤੋਂ ਭੱਜਦਾ । ਗੁਰਮੁਖਾਂ ਪ੍ਰਭ ਆਪੇ ਕਟੇ ਭੀੜ, ਸਭ ਦੇ ਪਰਦੇ ਕੱਜਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਰਚਾਏ, ਸ੍ਰਿਸ਼ਟ ਸਬਾਈ ਦਏ ਮਿਟਾਏ, ਅੰਤਮ ਅੰਤ ਜੋ ਘੜਿਆ ਸੋ ਭੱਜਦਾ । ਗੁਰਮੁਖਾਂ ਪ੍ਰਭ ਆਪੇ ਕਟੇ ਭੀੜ, ਪੀ ਅੰਮ੍ਰਿਤ ਗੁਰਮੁਖ ਰੱਜਦਾ । ਜੋ ਘੜਿਆ ਸੋ ਭੱਜਣਾ । ਨਾ ਕੋਈ ਲਾਏ ਅੱਜਨਾ ਪੱਜਨਾ । ਗੁਰ ਦਰ ਗੁਰ ਸੰਗਤ ਮੱਲ, ਗੁਰਮੁਖ ਸਾਚੇ ਮਜਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਮੁਖ ਚੁਆਏ, ਰਸਨਾ ਪੀ ਪੀ ਰੱਜਣਾ । ਗੁਰ ਦਰ ਆਏ ਹੋਏ ਨਿਮਾਨਣਾ । ਆਤਮ ਦੇਵੇ ਪ੍ਰਭ ਸਾਚਾ ਚਾਨਣਾ । ਕਰੇ ਜੋਤ ਪ੍ਰਕਾਸ਼, ਹਰਿ ਹਿਰਦੇ ਰੱਖੇ ਵਾਸ ਕੋਟਨ ਭਾਨਣਾ । ਹਉਮੇ ਦੁੱਖੜਾ ਕਰੇ ਨਾਸ ਘਨਕਪੁਰ ਵਾਸੀ ਦੇਵੇ ਸੱਚਾ ਬ੍ਰਹਮ ਗਿਆਨਣਾ । ਅੰਤਮ ਕਰੇ ਬੰਦ ਖ਼ਲਾਸ, ਸੋਹੰ ਸ਼ਬਦ ਚਲਾਏ ਸਵਾਸ ਸਵਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਣਾ । ਜੋਤ ਸਰੂਪੀ ਇਕ ਸਮਾਏ । ਤਿੰਨਾਂ ਲੋਕਾਂ ਏਕਾ ਰਥ ਬਣਾਏ । ਮਾਇਆ ਰੂਪੀ ਤਣਿਆ ਜਾਲ, ਤਿੰਨੇ ਲਏ ਬੰਧਾਏ । ਆਪ ਬਣਾਏ ਸਾਚੀ ਰਾਸ, ਗੁਰਮੁਖ ਸਾਚੇ ਸੰਤ ਜਨਾਂ ਹਰਿ ਸਾਚਾ ਹੁਕਮ ਸੁਣਾਏ । ਰਸਨ ਨਾ ਲਾਉਣਾ ਮਦਿਰਾ ਮਾਸ, ਵੇਲਾ ਗਿਆ ਹੱਥ ਨਾ ਆਏ, ਅੰਤਮ ਕਲ ਸਰਬ ਪਛਤਾਏ । ਵੇਲੇ ਅੰਤ ਹੋਣਾ ਸਭ ਨੇ ਨਾਸ, ਨਿਹਕਲੰਕ ਕਲ ਜੋਤ ਜਗਾਏ, ਕਰੇ ਰੁਸ਼ਨਾਏ ਭੁਲ ਕੋਈ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਦਾਸ । ਦਰ ਆਏ ਜਨ ਹੋਏ ਨਿਮਾਣਾ । ਪ੍ਰਭ ਅਬਿਨਾਸ਼ੀ ਰੱਖ ਸਾਚੇ ਥਾਂਏ, ਸਰਬ ਜੀਆਂ ਦਾ ਜਾਣੀ ਜਾਣਾ । ਰੋਗ ਸੋਗ ਸਰਬ ਮਿਟਾਏ, ਚੁਕਾਏ ਜਮ ਕੀ ਕਾਨਾ । ਸੋਹੰ ਸ਼ਬਦ ਸੱਚਾ ਜਾਮ ਇਕ ਪਿਆਏ, ਬਖ਼ਸ਼ੇ ਚਰਨ ਧਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਸੁੱਕਾ ਰੁੱਖੜਾ ਤਨ ਹਰਿਆ ਫੇਰ ਕਰਾਏ । ਆਏ ਸੱਚੇ ਘਰ, ਆਤਮ ਵਿਕਾਰ ਹੈ । ਨਾ ਮਿਲੇ ਕੋਈ ਵਰ, ਨਾ ਪਾਏ ਕੋਈ ਸਾਰ ਹੈ । ਨਾ ਖੁਲ੍ਹੇ ਆਤਮ ਦਰ, ਚਾਰੋਂ ਤਰਫ ਆਏ ਡਰ, ਫਿਰੇ ਘਰ ਘਰ, ਰਿਹਾ ਝੱਖ ਮਾਰ ਹੈ । ਨਾ ਕੋਈ ਨੁਹਾਏ ਸਾਚੇ ਸਰ, ਕਿਰਪਾ ਕਰ ਕਾਇਆ ਹੋਏ ਨਾ ਠੰਡੀ ਠਾਰ ਹੈ । ਆਤਮ ਰਿਹਾ ਹੰਕਾਰ ਭਰ, ਝੂਠੇ ਦਿਸਣ ਸਾਰੇ ਘਰ, ਬੇਮੁਖ ਭਵ ਸਾਗਰ ਡੁੱਬਾ ਡੂੰਘੀ ਚੁੱਭੀ ਮਾਰ ਹੈ । ਕਰਾਏ ਕਰੇ ਕਰਨੀ ਕਰ, ਆਤਮ ਜੋਤ ਬੈਠਾ ਧਰ, ਵਸੇ ਸਾਚੇ ਘਰ ਪੂਰਬ ਰਿਹਾ ਕਰਮ ਵਿਚਾਰ ਹੈ । ਨਾ ਕੋਈ ਠਗ ਚੋਰ ਯਾਰ ਹਰਿ, ਸੱਚੋ ਸਚ ਇਕ ਦਰਬਾਰ ਹੈ । ਨਿਹਕਲੰਕ ਹਰਿ ਅਵਤਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਾਚਾ ਲੇਖਾ ਸਾਚੇ ਘਰ ਰਿਹਾ ਨਿਵਾਰ ਹੈ । ਸਰਗੁਣ ਜੋ ਜਾਣਦਾ । ਪੂਰਾ ਹਰਿ ਵਿਚ ਮਾਤ ਪਛਾਣਦਾ । ਨਿਰਗੁਣ ਹਰਿ ਜੋਤ ਸਰੂਪ ਰੰਗ ਰੇਖ ਭੇਖ ਨਾ ਕੋਈ ਵਖਾਣਦਾ । ਸਰਗੁਣ ਸਤਿ ਸਰੂਪ ਮਾਤ ਆਵੇ ਜਾਵੇ ਜਾਮਾ ਪਾਵੇ ਨਾਂ ਧਰਾਵੇ, ਏਕਾ ਸ਼ਬਦ ਗਾਵੇ ਗੁਣ ਨਿਧਾਨ ਦਾ । ਜੋਤੀ ਜੋਤ ਸਰੂਪ ਹਰਿ, ਦੋਹਾਂ ਰੰਗਾਂ ਏਕਾ ਸੁਖ, ਆਪਣਾ ਆਪ ਮਾਣਦਾ ।

ਸਾਚੀ ਮਾਲਣ ਜੋਤ ਨਿਰੰਕਾਰ ਹੈ । ਇਕ ਅਕਾਲਣ ਸੱਚੀ ਪਾਲਣ, ਸਿਰ ਬੱਧੀ ਸੱਚੀ ਦਸਤਾਰ ਹੈ । ਗੁਰਮੁਖਾਂ ਅੰਤਮ ਅੰਤ ਸਾਚੇ ਫੂਲ ਬਣਾਏ ਹੱਡਾਂ ਬਾਲਣ, ਆਪ ਲੈ ਕੇ ਆਏ ਸੋਹੰ ਸੱਚਾ ਹਾਰ ਹੈ । ਗੁਰਮੁਖ ਸਾਚੇ ਸੰਤ ਜਨ ਸਚ ਦਾਤ ਵਿਚ ਮਾਤ ਸੰਭਾਲਨ, ਪ੍ਰਭ ਦੇਵੇ ਤਨ ਸ਼ਿੰਗਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਸੱਚਾ ਪਿਆਰ ਹੈ । ਸਾਚੀ ਜੋਤ ਹਰਿ ਜਗਾਈ ਹੈ । ਗੁਰਸਿਖ ਤੇਰਾ ਸੱਚਾ ਪਾਲਣ ਕਲਜੁਗ ਅੰਤਮ, ਪ੍ਰਭ ਰਿਹਾ ਸਿਰ ਉਠਾਈ ਹੈ । ਗੁੰਦ ਲਿਆਇਆ ਸੋਹਣਾ ਹਾਰ, ਪ੍ਰਭ ਅਬਿਨਾਸ਼ੀ ਗਲ ਵਿਚ ਦਿਤਾ ਡਾਰ, ਰੋਗ ਸੋਗ ਸਰਬ ਗਵਾਈ ਹੈ । ਆਪੇ ਬੰਨ੍ਹੇ ਸਾਚੀ ਧਾਰ, ਕਿਰਪਾ ਕਰੇ ਨਿਰੰਕਾਰ, ਅੰਮ੍ਰਿਤ ਮੇਘ ਸਾਚੀ ਬੂੰਦ ਰਿਹਾ ਬਰਸਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਨਾਮ ਦੇਵੇ ਸੱਚੀ ਸਰਬ ਦਵਾਈ ਹੈ । ਸੱਚੀ ਦਵਾ ਦੇਵੇ ਹਰਿ ਦੇਵਾ । ਰਸਨਾ ਗਾਏ ਗੁਰਸਿਖ, ਵਸੇ ਸਾਚੀ ਜਿਹਵਾ । ਆਤਮ ਫਲ ਇਕ ਲਗਾਏ, ਹਰਿ ਨਾਮ ਸੱਚਾ ਮੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰਿਹਾ ਭਾਰ ਵੰਡਾਏ, ਫੂਲਨ ਖਾਰੀ ਸਿਰ ਉਠਾਏ ਅਲਖ ਅਭੇਵਾ । ਗੁਰਮੁਖਾਂ ਰਿਹਾ ਹਰਿ ਭਾਰ ਵੰਡਾਏ, ਫੂਲਨ ਖਾਰੀ ਸਿਰ ਉਠਾਏ, ਵੇਲੇ ਅੰਤ ਨਾ ਦੇਵੇ ਕੰਡ । ਸ੍ਰਿਸ਼ਟ ਸਬਾਈ ਹੋਏ ਖੰਡ ਖੰਡ, ਚਾਰੋਂ ਕੁੰਟ ਪੈਣੀ ਡੰਡ, ਬੇਮੁਖਾਂ ਤੋੜੇ ਘੁਮੰਡ, ਕੱਚੇ ਭੰਨੇ ਹਰਿ ਅੰਡ । ਗੁਰਮੁਖ ਸਾਚੇ ਆਪ ਉਠਾਏ ਗਲੇ ਲਗਾਏ ਵਿਚ ਨਵਖੰਡ ਵਰਭੰਡ । ਬੇਮੁਖ ਜੂਠੇ ਝੂਠੇ ਦਰ ਦੁਰਕਾਏ, ਜੋ ਪਾਉਣ ਝੂਠੀ ਡੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਲਜੁਗ ਬੇਮੁਖਾਂ ਦੇਵੇ ਕੰਡ । ਸ਼ਬਦ ਕਟਾਰ ਹੱਥ ਉਠਾਈਆ । ਜਿਸ ਦੀ ਤਿੱਖੀ ਧਾਰ ਦੋ ਹੱਥੀਂ ਰਿਹਾ ਹੁਲਾਰ, ਸ੍ਰਿਸ਼ਟ ਸਬਾਈ ਦੋ ਫਾੜ ਕਰਾਈਆ । ਪਰਖੇ ਚੰਗੇ ਮਾੜ ਗੁਰਮੁਖ ਬਣਾਏ ਸਾਚੇ ਲਾੜ, ਦਰਗਹਿ ਸਾਚੀ ਵੇਲੇ ਅੰਤਮ ਦੇਵੇ ਵਾੜ, ਹੋਏ ਆਪ ਸਹਾਈਆ । ਬੇਮੁਖਾਂ ਹੋਏ ਭਾਗ ਮਾੜ, ਦਰ ਘਰ ਸਾਚੇ ਲੱਗੀ ਅੱਗ ਬਹੱਤਰ ਨਾੜ, ਸਾਚਾ ਸ਼ਬਦ ਨਾ ਕੋਈ ਰਸਨਾ ਗਾਵੇ ਬੇਮੁਹਾਨਾ ਚਲੇ ਕਾੜ ਕਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਦੇਵੇ ਸਖਤ ਸਜਾਈਆ । ਸਚ ਵਸਤ ਵਡ ਭੰਡਾਰ ਹੈ । ਵਿਚ ਮਾਤ ਧਰਾਏ ਹਰਿ ਨਿਰੰਕਾਰ ਹੈ । ਬੇਮੁਖਾਂ ਆਪ ਡੰਨੇ, ਜੋਤ ਸਰੂਪੀ ਜਾਮਾ ਧਾਰ ਹੈ । ਕਲਜੁਗ ਜੀਵ ਆਤਮ ਨਾਰ ਹੋਈ ਰੰਡ, ਨਾ ਮਿਲਿਆ ਸੱਚਾ ਕੋਈ ਭਤਾਰ ਹੈ । ਚਾਰੋਂ ਕੁੰਟ ਨੇਤਰ ਖੋਲ੍ਹ ਵੇਖੇ ਨਾ ਦਿਸੇ ਕੋਈ ਧਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਦਾਤ ਗੁਰਮੁਖ ਤੇਰੀ ਆਤਮ ਝੋਲੀ ਪਾਏ, ਮਿਟਾਏ ਅੰਧ ਅੰਧਿਆਰ ਹੈ । ਕਾਇਆ ਲੱਗੇ ਰੁੱਖੜਾ । ਨਾ ਮਿਟੇ ਕਦੇ ਦੁੱਖੜਾ । ਨਾ ਲੱਗੇ ਤਨ ਭੁੱਖੜਾ । ਨਾ ਦਿਸੇ ਉਤੇ ਮੁਖੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਸਾਚਾ ਸੀਰ ਪਿਆਏ, ਗੁਰਮੁਖ ਸਾਚਾ ਰਸਨਾ ਗਾਏ, ਕਿਰਪਾ ਕਰੇ ਭਿੰਨੜੀ ਰੈਣ ਆਪ ਰਘੁਰਾਏ, ਕੱਟਿਆ ਜਾਏ ਲੱਗਾ ਤਨ ਕਾਇਆ ਤੇਰਾ ਦੁੱਖੜਾ । ਗੁਰ ਸੰਗਤ ਖ਼ੁਸ਼ੀ ਮਨਾਈ । ਰੈਣ ਸਬਾਈ ਭਿੰਨੜੀ ਸੰਗ ਰਲਾਈ । ਪ੍ਰਭ ਸਾਚੇ ਆਤਮ ਬਿਧੀ, ਸ਼ਬਦ ਤੀਰ ਰਿਹਾ ਚਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆਂ ਦੇਵੇ ਸੱਚੀ ਆਪ ਵਡਿਆਈ । ਗੁਰਮੁਖ ਤੇਰਾ ਮਾਣ ਤਾਣ ਇਕ ਭਗਵਾਨ, ਦੂਸਰ ਨਾ ਕੋਈ ਵਿਚ ਜਹਾਨ । ਅੰਤਮ ਅੰਤ ਮਾਤ ਪਿਤ ਭੈਣ ਭਾਈ, ਸਾਕ ਸੱਜਣ ਸੈਣ ਸਰਬ ਛੱਡ ਜਾਣ । ਇਕੋ ਹਰਿ ਜੀ ਰਹੇ ਮੀਤ, ਭਗਤ ਬਿਠਾਏ ਵਿਚ ਸ਼ਬਦ ਬਬਾਣ । ਗੁਰਮੁਖ ਸਾਚੇ ਸਦ ਰਾਖੋ ਚੀਤ, ਸਾਚਾ ਮਿਤ ਅੰਤਮ ਜੋਤੀ ਮੇਲ ਮਿਲਾਨ । ਨਿਹਕਲੰਕ ਕਲ ਜਾਮਾ ਪਾਇਆ । ਭੇਵ ਛੁਪਾਇਆ

੯੫
੦੪

ਦਿਸ ਨਾ ਆਇਆ । ਸ੍ਰਿਸ਼ਟ ਸਬਾਈ ਰਿਹਾ ਭੁਲਾਇਆ । ਗੁਰਮੁਖ ਸਾਚੇ ਲਏ ਜਗਾਇਆ । ਆਤਮ ਜੋਤੀ ਦੀਪ ਜਗਾਇਆ । ਤੇਲ ਬਾਤੀ ਨਾ ਕੋਇ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਦਏ ਦਿਖਾਇਆ । ਗੁਰ ਸੰਗਤ ਸਰਬ ਸੁਖਦਾਈਆ । ਦੇਵੇ ਹਰਿ ਕਿਰਪਾ ਕਰ ਆਪ ਵਧਾਈਆ । ਆਏ ਸਾਚੇ ਦਰ ਸਾਚੇ ਘਰ, ਰੈਣ ਖੁਸ਼ੀਆਂ ਨਾਲ ਲੰਘਾਈਆ । ਜੂਠੇ ਚੁੱਕੇ ਡਰ ਸਾਚੀ ਆਏ ਸਰਨਾ, ਮਿਲਿਆ ਕਾਇਆ ਸਾਚਾ ਘਰ ਸਰਬ ਦੁੱਖ ਗਵਾਈਆ । ਗੁਰਮੁਖ ਸਾਚੇ ਜਾਣ ਤਰ, ਜਿਨ੍ਹਾਂ ਰੱਖਿਆ ਏਕਾ ਡਰ, ਦੋਏ ਜੋੜ ਚਰਨ ਸਰਨ ਹਰਿ ਰਖਾਈਆ । ਜੋ ਜਨ ਰਹੇ ਬਚਨ ਮੋੜ, ਪ੍ਰਭ ਲੱਗੀ ਦੇਵੇ ਤੋੜ, ਲੱਖ ਚੁਰਾਸੀ ਦਏ ਭੁਆਈਆ । ਆਤਮ ਕਾਇਆ ਚਲੇ ਕੋਹੜ, ਦਰ ਸਾਚੇ ਤੋਂ ਦੇਵੇ ਰੋੜ੍ਹ, ਲੱਗੇ ਮੱਥੇ ਕਾਲਖ ਛਾਹੀਆ । ਏਕਾ ਪਰਖੇ ਮਿੱਠੇ ਕੌੜ, ਚੜ੍ਹਿਆ ਫਿਰਦਾ ਸ਼ਬਦ ਘੋੜ, ਮਾਣ ਹੰਕਾਰ ਸਭ ਦਾ ਰਿਹਾ ਤੋੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਵਿਚ ਨਾ ਕੋਈ ਆਈਆ । ਅਛਲ ਅਛੇਦਾ, ਕੋਈ ਜੀਵ ਨਾ ਪਾਵੇ ਤੇਰਾ ਭੇਦਾ । ਗਾ ਗਾ ਥੱਕੇ ਚਾਰੇ ਵੇਦਾ । ਦਸ ਅੱਠ ਪੁਰਾਨ ਕਰਨ ਧਿਆਨ ਗੁਣ ਨਿਧਾਨ, ਨਾ ਦਿਸੇ ਕਿਸੇ ਰਾਹ ਸਿੱਧਾ । ਖਾਣੀ ਬਾਣੀ ਹਰਿ ਸ਼ਬਦ ਮਧਾਣੀ । ਗਗਨ ਪਤਾਲਾਂ ਵਿਚੋਂ ਛਾਣੀ । ਫੇਰ ਬਣਾਈ ਕਲਜੁਗ ਰਾਣੀ । ਬੇਮੁਖ ਨਾ ਜਾਨਣ ਸੁਘੜ ਸਿਆਣੀ । ਜੂਠਾ ਝੂਠਾ ਹੋਇਆ ਘਰ ਲੱਗਾ ਦੁੱਖ, ਰਸਨ ਨਾ ਗਾਇਣ ਗੁਰ ਅਰਜਨ ਤੇਰੀ ਬਾਣੀ । ਝੂਠੇ ਗਿਆਨੀ ਆਤਮ ਧਿਆਨੀ ਬਣ ਗਏ ਬ੍ਰਹਮ ਗਿਆਨੀ । ਕੋਈ ਨਾ ਦੇਵੇ ਨਾਮ ਇਕ ਨਿਸ਼ਾਨੀ । ਇਕੋ ਭਰਿਆ ਆਤਮ ਹੰਕਾਰ ਦੂਜੀ ਰਲੀ ਬੇਈਮਾਨੀ । ਤੀਜੀ ਪ੍ਰਭ ਦਿਤੀ ਮਾਇਆ ਰਾਣੀ, ਦਰ ਘਰ ਸਾਚੇ ਸਚ ਬੀਜ ਸ਼ੈਤਾਨੀ । ਜੋ ਜਨ ਕਰੇ ਨਾ ਅੰਤ


੯੬
੦੪

ਕਲ ਵਿਚਾਰ, ਦੁੱਖ ਲੱਗੇ ਕਾਇਆ ਫਾਨੀ । ਸੱਚਾ ਦਰ ਦਵਾਰ ਏਥੇ ਕਿਆ ਕੋਈ ਮਾਰੇ ਭਾਨੀ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰੇ ਸ਼ਬਦ ਸਾਚੀ ਕਾਨੀ । ਭੁਲਾ ਫਿਰੇ ਸਰਬ ਸੰਸਾਰ । ਕਲਜੁਗ ਜੀਵ ਝੂਠਾ ਚੰਮ ਅੰਤਮ ਹੋਣਾ ਕਾਗ, ਨਾ ਪਾਉਣੀ ਕਿਸੇ ਸਾਰ । ਕਿਉਂ ਗਵਾਇਆ ਮਾਨਸ ਜਨਮ, ਪਾਸਾ ਆਇਆ ਹਾਰ । ਝੂਠੇ ਰੱਖੇ ਮਨ ਵਿਚ ਭਰਮ, ਜੋਤ ਸਰੂਪੀ ਬੈਠਾ ਭੇਖ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਗੁਰ ਸੰਗਤ ਗੁਰ ਦਰ ਆਈਆ । ਹਰਿ ਸਾਚਾ ਮਾਣ ਦਵਾਈਆ । ਧੰਨ ਧੰਨ ਧੰਨ ਜਣੇਂਦੀ ਮਾਈ ਜਿਸ ਜੰਮੇ ਲਾਲ ਦੁਲਾਰ, ਆਏ ਗੁਰ ਸਰਨਾਈਆ । ਅੱਗੋਂ ਮਿਲਿਆ ਸੱਚਾ ਇਕ ਪਿਆਰ, ਕਿਰਪਾ ਕਰੇ ਆਪ ਰਘੁਰਾਈਆ । ਆਪੇ ਤਾਰੇ ਨਰ ਨਿਰੰਕਾਰ ਕਰ ਵਿਚਾਰ ਪਾਵੇ ਸਾਰ, ਜੋਤ ਸਰੂਪੀ ਸਭ ਦੇ ਵਿਚ ਸਮਾਈਆ । ਆਤਮ ਝਾਤੀ ਵੇਖੋ ਮਾਰ, ਏਕਾ ਜੋਤ ਹਰਿ ਨਿਰੰਕਾਰ, ਕਾਇਆ ਮਹੱਲ ਵਸੇ ਅਟੱਲ ਕਰੇ ਇਕ ਅਕਾਰ, ਤਨ ਬੁਤ ਕੋਈ ਨਜ਼ਰ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਫੂਲ ਆਪਣੀ ਹੱਥੀਂ ਭੇਟ ਚੜ੍ਹਾਈਆ । ਗਿਆਨ ਗੁਰੂ ਕੇ ਹੱਥ, ਜੀਵ ਨਾਦਾਨ ਹੈ । ਗਿਆਨ ਗੁਰੂ ਕੇ ਹੱਥ, ਜੀਵ ਤੇਰੀ ਕਾਇਆ ਸੁੰਞ ਮਸਾਣ ਹੈ । ਗਿਆਨ ਗੁਰੂ ਕੇ ਹੱਥ, ਕਲਜੁਗ ਜੀਵ ਉਡਦੇ ਫਿਰਦੇ ਜਿਉਂ ਭੂਤ ਪ੍ਰੇਤ ਪਵਣ ਮਸਾਣ ਹੈ । ਗਿਆਨ ਗੁਰੂ ਕੇ ਹੱਥ, ਜਨ ਸੰਤਾਂ ਦੇਵੇ ਚਰਨ ਸਰਨ ਧਿਆਨ ਹੈ । ਗਿਆਨ ਗੁਰੂ ਕੇ ਹੱਥ, ਗੁਰਮੁਖ ਪ੍ਰਭ ਪੂਰ ਕਰਾਏ ਚਰਨ ਸੇਵ, ਉਡਦੇ ਸ਼ਬਦ ਸੱਚੀ ਉਡਾਨ ਹੈ । ਗਿਆਨ ਗੁਰੂ ਕੇ ਹੱਥ, ਸਮਰਥ ਜਨ ਭਗਤਾਂ ਰਹੇ ਅੱਠੇ ਪਹਿਰ ਨਿਗਾਹਬਾਨ ਹੈ । ਗਿਆਨ ਗੁਰੂ ਕੇ ਹੱਥ, ਆਪੇ ਦੇਵੇ ਮਾਣ ਤਾਣ ਹੈ । ਗਿਆਨ

ਗੁਰੂ ਕੇ ਹੱਥ, ਬੇਮੁਖਾਂ ਪਾਈ ਬੈਠਾ ਨੱਥ, ਗੁਰਮੁਖਾਂ ਸਗਲ ਵਸੂਰੇ ਜਾਇਣ ਲਥ, ਦਰਸ਼ਨ ਦਰ ਘਰ ਸਾਚੇ ਪਾਨ ਹੈ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਸਾਚਾ ਹਰਿ ਵਡ ਬਲੀ ਬਲਵਾਨ ਹੈ । ਵਡ ਬਲੀ ਹਰਿ ਬਲਵਾਨਾ । ਅੱਠੇ ਪਹਿਰ ਨੌਜਵਾਨਾ ।
ਜੋਤ ਸਰੂਪੀ ਇਕੋ ਪਹਿਰੇ ਸੱਚਾ ਬਾਨਾ । ਜੀਵ ਜੰਤ ਨਾ ਕੋਈ ਪਛਾਣੇ ਨਾ ਕੋਈ ਜਾਣੇ, ਹਰਿ ਜੀ ਵਸੇ ਕਿਸ ਟਿਕਾਨਾ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਗੁਰਮੁਖਾਂ ਦਇਆ ਕਮਾਏ, ਸਿਰ ਆਪਣਾ ਹੱਥ ਟਿਕਾਏ, ਦਸਮ ਦਵਾਰ ਬੂਝ ਬੁਝਾਏ, ਬਜ਼ਰ ਕਪਾਟੀ ਖੋਲ੍ਹ ਵਖਾਏ, ਜਗਾਏ
ਜੋਤ ਇਕ ਮਹਾਨਾ । ਸੋਹੰ ਸਾਚਾ ਹਰਿ ਲਿਆਵੇ । ਸਤਿਜੁਗ ਸਾਚਾ ਰਾਹ ਦਿਖਾਵੇ । ਚਾਰ ਵਰਨ ਕੰਨ ਸੁਣਾਵੇ । ਸੋਹੰ ਸਾਚਾ ਜਾਪ ਜਪਾਵੇ ।
ਚਾਰ ਕੁੰਟ ਡੰਕ ਵਜਾਵੇ । ਸੋਹੰ ਸਾਚਾ ਸੀਰ ਪਿਲਾਵੇ । ਏਕਾ ਸਾਚਾ ਰੰਗ ਚੜ੍ਹਾਵੇ । ਜੋਤ ਸਰੂਪੀ ਮਸਤਕ ਲਾਵੇ । ਸੋਹੰ ਸਾਚਾ ਸ਼ਬਦ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕੰਨ ਸੁਣਾਵੇ । ਸੋਹੰ ਸ਼ਬਦ ਵਿਚ ਸੰਸਾਰ । ਆਪ ਜਪਾਏ ਪਹਿਲੀ ਵਾਰ । ਆਪ ਬੰਧਾਏ ਸਾਚੀ ਧਾਰ । ਗੁਰਮੁਖਾਂ
ਕਰੇ ਇਕ ਪਿਆਰ । ਦੂਜਾ ਦੇਵੇ ਨਾਲ ਚਰਨ ਸਰਨ ਹਰਿ ਦਾਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਾਪ ਜਪਾਈ, ਗੁਰਮੁਖਾਂ
ਅੰਤਮ ਦਏ ਵਡਿਆਈ, ਰਸਨਾ ਰਹੇ ਜੀਵ ਉਚਾਰ । ਸੋਹੰ ਸ਼ਬਦ ਸਾਚਾ ਜਾਪਾ । ਗੁਰਮੁਖਾਂ ਮਾਰੇ ਤੀਨੋ ਤਾਪਾ । ਪ੍ਰਗਟ ਹੋਏ ਆਪੇ ਆਪਾ ।
ਕਲਜੁਗ ਅੰਤਮ ਅੰਤ ਦਰ ਘਰ ਵਰ ਦੇ ਰਿਹਾ ਬਿਧਾਤਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਲੱਗੀ ਮੈਲ ਲਾਹੇ ਗੁਰਮੁਖਾਂ ਪਾਪਾ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਹਰਿ ਰਘੁਰਾਈ ਸ੍ਰਿਸ਼ਟ ਸਬਾਈ ਮਾਈ ਬਾਪਾ । ਮਾਈ ਬਾਪ ਆਪ ਕਰਤਾਰ । ਸਤਿਜੁਗ ਸਾਚਾ ਲੱਗਾ ਮਾਤ,
੯੭ ੦੪ ਕਿਰਪਾ ਕਰੇ ਹਰਿ ਦਾਤਾਰ । ਗੁਰਮੁਖਾਂ ਦੇਵੇ ਸ਼ਬਦ ਸੁਗਾਤ, ਆਪ ਮਿਟਾਏ ਅੰਧੇਰੀ ਰਾਤ, ਦੀਪਕ ਜਗਾਏ ਕਰੇ ਉਜਿਆਰ । ਚਰਨ ਬੰਧਾਏ ੯੭ ੦੪
ਨਾਤ, ਸਰਬ ਉਠਾਏ ਆਪ, ਪੂਰਬ ਕਰ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸੋ ਪੁਰਖ ਨਿਰੰਜਣ ਗੁਰਮੁਖਾਂ ਪਾਏ ਸ਼ਬਦ
ਸਾਚਾ ਅੰਜਨ, ਪੂਰਬ ਕਰਮ ਕਰ ਵਿਚਾਰ । ਸੋਹੰ ਸ਼ਬਦ ਅਪਰ ਅਪਾਰਾ । ਚਾਰ ਵਰਨ ਊਚ ਨੀਚ ਕਰੇ ਇਕ ਵਿਚਾਰਾ । ਮਸੀਤ ਮੰਦਰ
ਕਿਤੇ ਨਾ ਮਿਲੇ ਨਾ ਮਿਲੇ ਕਿਸੇ ਗੁਰਦਵਾਰਾ । ਅਜਪਾ ਜਾਪ ਸਵਾਸ ਨਾਸੀ, ਤ੍ਰਿਕੁਟੀ ਕਰੇ ਆਪ ਵਾਸੀ, ਸਰਗੁਣ ਰੂਪ ਦਿਖਾਏ । ਨਿਰਗੁਣ
ਕਰੇ ਵਿਚ ਵਾਸ, ਦੀਪਕ ਜੋਤੀ ਆਪ ਜਗਾਏ । ਸੋਹੰ ਸ਼ਬਦ ਰਸਨਾ ਗਾਏ । ਪ੍ਰਭ ਅਬਿਨਾਸ਼ੀ ਆਪੇ ਆਪ, ਗੁਰਮੁਖਾਂ ਸਾਰ ਸੰਭਾਲਦਾ । ਕਾਇਆ
ਸੱਚੀ ਪਾਲਦਾ ਰੱਖੇ ਠੰਡੀ ਛਾਇਆ, ਜੋ ਜਨ ਰਸਨ ਉਚਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰਦਾ । ਸੋਹੰ
ਸਦਾ ਸਹਾਈ ਸੱਚਾ ਸੀਰ ਹੈ । ਦਿਤੀ ਹਰਿ ਵਡਿਆਈ, ਸਤਿਜੁਗ ਦਾਤ ਝੋਲੀ ਪਾਈ, ਧਰਤ ਮਾਤ ਖ਼ੁਸ਼ੀ ਮਨਾਈ, ਦੇਵੇ ਸੱਚੀ ਧੀਰ ਹੈ । ਪਾਣੀ
ਆਈ ਬਾਹਰ ਲਛਮੀ, ਚਰਨ ਝੱਸੇ ਹਰਿ ਰਘੁਰਾਈਆ । ਸਾਗਰ ਮਥਨ ਕਰ ਬਾਹਰ ਬਹਾਈ, ਪ੍ਰਭ ਆਪਣੇ ਦਰ ਸੁਹਾਈ, ਕਰੇ ਖੇਲ ਰਘੁਰਾਈਆ ।
ਗੁਰ ਦਰ ਮਿਲੇ ਨਾ ਕਿਸੇ ਵਡਿਆਈ ਧੀ ਜਵਾਈ, ਉਤਰੇ ਪਾਰ ਜਿਸ ਚਰਨ ਸੇਵ ਕਮਾਈਆ । ਨਿਹਕਲੰਕ ਨਰਾਇਣ ਨਰ ਅਵਤਾਰ, ਚੌਹਾਂ
ਵਰਨਾਂ ਕਰੇ ਪਿਆਰ, ਨਾ ਕੋਈ ਜਾਣੇ ਸਿੱਖ ਸਰਦਾਰ, ਨਾ ਕੋਈ ਜਾਣੇ ਚੂਹੜਾ ਚੁਮਿਆਰ, ਨਾ ਕੋਈ ਪਿਛਲੀ ਸਾਰ, ਸਰਬ ਜੀਆ ਇਕੋ ਯਾਰ,
ਦੇਵੇ ਸਰਬ ਵਡਿਆਈਆ । ਬੇਮੁਖ ਜੀਵਾਂ ਪਾਈ ਵੰਡ, ਵਿਚ ਮਾਤ ਪ੍ਰਭ ਵੱਢੀ ਬੈਠਾ ਕੰਡ, ਘਰ ਘਰ ਪਈ ਲੜਾਈਆ । ਕਲਜੁਗ ਜੀਵ ਹੋਏ

ਖੰਡ ਖੰਡ, ਅੰਤਮ ਦਿਤੀ ਹਰਿ ਜੁਦਾਈਆ । ਹੋਈ ਆਤਮ ਸਭ ਦੀ ਰੰਡ, ਇਕੋ ਭਰਿਆ ਵਿਚ ਘੁਮੰਡ, ਧੀਰਜ ਧਰਮ ਵਾਲੀ ਟੁੱਟੀ ਗੰਢ, ਹੋਏ ਫਿਰਦੇ ਜਗਤ ਸ਼ੁਦਾਈਆ । ਥਾਂ ਨਾ ਮਿਲੇ ਕਿਤੇ ਵਿਚ ਨਵ ਖੰਡ ਬ੍ਰਹਿਮੰਡ, ਧਰਮ ਰਾਏ ਅੱਧ ਵਿਚ ਅਟਕਾਈਆ । ਓਥੇ ਮਾਰੇ ਡਾਹਢੀ ਫੰਡ, ਨਾ ਹਰਿ ਵਿਚਾਰਿਆ ਵਿਚ ਵਰਭੰਡ, ਦੇਵੇ ਅੰਤਮ ਸਖਤ ਸਜ਼ਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਫੜ ਬਾਂਹ, ਦਰ ਘਰ ਸਾਚੇ ਆਪ ਬਹਾਈਆ । ਸੋਹੰ ਸ਼ਬਦ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਦਿਤਾ ਲੇਖ ਲਿਖਾ । ਸਤਿਜੁਗ ਸਾਚੇ ਪੂਰਾ ਦਿਤਾ ਸਾਥ ਰਲਾ । ਵਿਚ ਮਾਤ ਸਤਿ ਸੁਗਾਤ, ਧਰਤ ਮਾਤ ਤੇਰੀ ਝੋਲੀ ਪਾ । ਗੁਰਮੁਖਾਂ ਪੁਛਣੀ ਵਾਤ, ਬੇਮੁਖਾਂ ਕਰਨੀ ਅੰਧੇਰੀ ਰਾਤ, ਨਾ ਮਿਲੇ ਕੋਈ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੋ ਹੱਥੀਂ ਫੜੀਂ ਸਭਨਾਂ ਬਾਂਹ । ਸੋਹੰ ਸ਼ਬਦ ਸੰਤ ਪਿਆਰਿਆ । ਗੁਰਮੁਖਾਂ ਦਰ ਦਰਬਾਰ ਜਾਹ, ਆਤਮ ਕਰੇ ਇਕ ਵਿਚਾਰਿਆ । ਨਾ ਕੋਈ ਜਾਣੇ ਪਿਤਾ ਮਾਂ, ਗੁਰਮੁਖਾਂ ਆਪਣੇ ਆਪ ਬਣਾ ਰਿਹਾ । ਦਰਗਹਿ ਸਾਚੀ ਲਾਵੇ ਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਸਿੰਘ ਸਿੰਘਾਸਣ ਬੈਠਾ ਸਾਚਾ ਸਮਾਂ ਸੁਹਾ ਰਿਹਾ । ਸੋਹੰ ਸ਼ਬਦ ਸਤਿਜੁਗ ਉਠਿਆ ਪ੍ਰਭਾਤ । ਕਲਜੁਗ ਝੂਠੀ ਗਈ ਰੈਣ, ਨਾਲ ਆਈ ਸੁਹੰਵਣੀ ਰਾਤ । ਤੀਜੇ ਰਲੇ ਸੰਤ ਜਨ ਤਿੰਨਾਂ ਮਿਲ ਬਣੀ ਇਕ ਬਰਾਤ । ਪ੍ਰਭ ਅਬਿਨਾਸ਼ੀ ਤਿੰਨਾਂ ਲੋਕਾਂ ਵਿਚੋਂ ਲਏ ਚੁਣ, ਦੇਵੀ ਦੇਵਤ ਸੁਰਪਤ ਰਾਜਾ ਇੰਦ ਉਪਰ ਬੈਠੇ, ਥੱਲੇ ਰਹੇ ਮਾਰ ਝਾਤ । ਨਿਹਕਲੰਕ ਕਲ ਜੋਤ ਪ੍ਰਗਟਾਈ, ਪੁਰੀਆਂ ਲੋਆਂ ਹੋਏ ਰੁਸ਼ਨਾਈ, ਬੈਠਾ ਮਿਲੇ ਇਕ ਇਕਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਨਾ ਕੋਈ ਜਾਤ ਨਾ ਕੋਈ ਪਾਤ । ਨਾ ਕੋਈ ਜਾਤ ਨਾ ਕੋਈ ਪਾਤੀ । ਨਾ ਕੋਈ ਪਿਤਾ ਨਾ ਕੋਈ ਮਾਤੀ । ਨਾ ਕੋਈ ਭੈਣ ਨਾ ਕੋਈ ਭਰਾਤੀ । ਨਾ ਕੋਈ ਦਿਵਸ ਨਾ ਕੋਈ ਰਾਤੀ । ਨਾ ਸੋਏ ਨਾ ਕੋਈ ਜਗਾਤੀ । ਨਾ ਰੋਏ ਨਾ ਕੋਇ ਹਸਾਤੀ । ਗੁਰਮੁਖਾਂ ਮੈਲ ਪਾਪਾਂ ਧੋਏ, ਦੇਵੇ ਬੂੰਦ ਸਵਾਂਤੀ । ਆਪ ਉਠਾਏ ਕਲਜੁਗ ਸੋਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਸੱਚਾ ਹਰਿ ਸੱਚਾ ਘਰ, ਜਿਥੇ ਵਸੇ ਜੋਤ ਸਰੂਪੀ ਉੱਤਮ ਜਾਤੀ । ਉਤਮ ਜਾਤ ਜੋਤ ਸਰੂਪਾ । ਨਾ ਕੋਈ ਰੰਗ ਨਾ ਕੋਈ ਰੂਪਾ । ਕਿਆ ਕੋਈ ਜਾਣੇ ਵਡਾ ਸ਼ਾਹ ਭੂਪਾ । ਹਰਿ ਜੀ ਸੱਚਾ ਇਕੋ ਸਤਿ ਸਰੂਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ, ਸ੍ਰਿਸ਼ਟ ਭੁਲਾਈ ਅਚਰਜ ਖੇਲ ਰਚਾਈ, ਕਰੇ ਖੇਲ ਜਗਤ ਅਨੂਪਾ । ਮਿਟੇ ਜਗਤ ਅੰਧੇਰਾ ਜੋਤ ਜਗਾਈਆ । ਨਾ ਕੋਈ ਜਾਣੇ ਸੰਝ ਸਵੇਰਾ, ਅੱਠੇ ਪਹਿਰ ਰਹੇ ਰੁਸ਼ਨਾਈਆ । ਚੁਕਾਏ ਅੰਧੇਰ ਮਿਲੇ ਮੇਲ ਪਹਿਲੀ ਵੇਰ, ਗੁਰਮੁਖ ਸਾਚੇ ਸੰਤ ਜਨਾਂ ਚਰਨ ਬਹਾਏ ਨਾ ਲਾਏ ਦੇਰ, ਬੇਮੁਖਾਂ ਦਿਸ ਨਾ ਆਈਆ । ਪ੍ਰਗਟ ਹੋਏ ਸਿੰਘ ਸ਼ੇਰ ਸ਼ੇਰ ਦਲੇਰ, ਗੁਰਮੁਖਾਂ ਵਸੇ ਆਤਮ ਨੇੜਨ ਨੇੜ, ਬੇਮੁਖਾਂ ਦੂਰ ਦਿਸਾਈਆ । ਸ੍ਰਿਸ਼ਟ ਸਬਾਈ ਆਪ ਭੁਲਾਈ ਕਰ ਕਰ ਹੇਰ ਫੇਰ, ਰਾਹ ਵੱਖੋ ਵੱਖ ਦਿਖਾਈਆ । ਸਤਿਜੁਗ ਸਾਚੇ ਉਠ ਹੋ ਦਲੇਰ, ਬਣ ਸਾਚਾ ਸ਼ੇਰ, ਚਾਰ ਵਰਨ ਏਕਾ ਸਰਨ ਨਿਹਕਲੰਕ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਨ ਸਰਬ ਜੀਆਂ ਏਕਾ ਏਕ ਰਘੁਰਾਈਆ । ਹਰਿ ਤੋੜ ਜਗਤ ਜੰਜ਼ਾਲਾ । ਗਲ ਪਾ ਸ਼ਬਦ ਮਾਲਾ । ਧੋ ਕਲਜੁਗ ਦਾਗ ਕਾਲਾ । ਅੱਗੇ ਦੱਸ ਰਾਹ ਸੁਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਫਲ ਲਗਾਏ ਆਤਮ ਸਾਚੇ ਡਾਲਾ ।

੯੮
੦੪

### ❇ ੧੨ ਚੇਤ ੨੦੧੧ ਬਿਕ੍ਰਮੀ ਮੇਰਠ ਛਾਉਣੀ ਵਿਹਾਰ ਹੋਇਆ ❇

ਜਗਤ ਭੇਖਾ ਅੰਧ ਅੰਧਿਆਨ ਹੈ । ਸਾਚਾ ਲੇਖਾ ਮੁਕਾਏ ਸ੍ਰੀ ਭਗਵਾਨ ਹੈ । ਜੋ ਜਨ ਰਹੇ ਵੇਖੀ ਵੇਖਾ, ਨਾ ਮਿਲੇ ਕੋਈ ਥਾਨ ਹੈ । ਧੰਨ ਧੰਨ ਗੁਰਮੁਖ ਸਾਚੇ ਨੇਤਰ ਪੇਖਾ, ਮਿਲੇ ਜਗਤ ਵਡਿਆਈ ਹੈ । ਮਿਟਦੀ ਜਾਏ ਝੂਠੀ ਰੇਖਾ, ਸਾਚਾ ਲੇਖਾ ਦਏ ਲਿਖਾਈ ਹੈ । ਜੋਤ ਸਰੂਪੀ ਧਾਰੇ ਭੇਖਾ, ਅਚਰਜ ਖੇਲ ਖੇਲੇ ਆਪ ਰਘੁਰਾਈ ਹੈ । ਗੁਰਮੁਖ ਤੇਰੀ ਆਤਮ ਮਾਰੇ ਸੋਹੰ ਸ਼ਬਦ ਸਾਚੀ ਮੇਖਾ, ਦੂਈ ਦਵੈਤੀ ਚੀਰ ਵਖਾਈ ਹੈ । ਨਾ ਕੋਈ ਜਾਣੇ ਪੀਰ ਸ਼ੇਖਾ, ਭੁਲੀ ਸਰਬ ਲੋਕਾਈ ਹੈ । ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਮਾਤ ਜਗਾਈ ਹੈ । ਜਗਤ ਭੁਲੇਖਾ ਅੰਧ ਅੰਧਿਆਰ ਹੈ । ਬੇਮੁਖਾਂ ਲੱਗੀ ਅਗਨ, ਤਨ ਹੋਈ ਝੂਠੀ ਛਾਰ ਹੈ । ਗੁਰਮੁਖ ਆਤਮ ਜੋਤੀ ਜਗਣ, ਦੇਵੇ ਜੋਤ ਅਪਰ ਅਪਾਰ ਹੈ । ਬੇਮੁਖ ਮਾਇਆ ਦੇ ਵਿਚ ਮਗਨ, ਨਾ ਪਾਵੇ ਕੋਈ ਸਾਰ ਹੈ । ਗੁਰਮੁਖ ਗੁਰ ਚਰਨ ਸਾਚੇ ਲਗਣ, ਦੇਵੇ ਨਾਮ ਅਪਾਰ ਹੈ । ਬੇਮੁਖ ਵਹਿੰਦੀ ਧਾਰ ਵਗਣ, ਹਰਿ ਦੇਵੇ ਧੱਕਾ ਮਾਰ ਹੈ । ਗੁਰਮੁਖਾਂ ਮੁਖ ਲਗਾਏ ਸੋਹੰ ਸਾਚਾ ਸਗਨ, ਦੇਵੇ ਦਾਤ ਅਪਰ ਅਪਾਰ ਹੈ । ਬੇਮੁਖ ਜੀਵ ਕਲਜੁਗ ਫਿਰਨ ਨਗਨ, ਸ਼ਬਦ ਪੜਦਾ ਨਾ ਦੇਵੇ ਕੋਈ ਡਾਰ ਹੈ । ਗੁਰਮੁਖ ਸਾਚੇ ਸੰਤ ਜਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਇਕ ਪਿਆਰ ਹੈ । ਜਗਤ ਭੁਲੇਖਾ ਅੰਧ ਅੰਧਿਆਨੀ । ਨਾ ਕੋਈ ਜਾਣੇ ਜੀਵ ਨਿਧਾਨੀ । ਆਤਮ ਰੱਖੇ ਅੰਧ ਅਗਿਆਨੀ । ਮਾਰੇ ਸ਼ਬਦ ਹਰਿ ਸੱਚਾ ਇਕੋ ਕਾਨੀ । ਪ੍ਰਗਟ ਹੋਏ ਹਰਿ ਦੋ ਜਹਾਨਾਂ ਵਾਲੀ । ਗੁਰਮੁਖ ਸਾਚੇ ਸੰਤ ਜਨਾਂ ਕਰੇ ਆਪ ਰਖਵਾਲੀ । ਦੇਵੇ ਸੱਚਾ ਨਾਮ ਜਿਨ੍ਹਾਂ ਗੁਰਮੁਖਾਂ, ਤਿਨ੍ਹਾਂ ਆਤਮ ਝੋਲੀ ਭਰਾ ਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਫੂਲ ਲਗਾਏ ਡਾਲੀ ਡਾਲੀ । ਜਗਤ ਭੁਲੇਖਾ ਜਗਤ ਭੁਲਾਏ ਆਪ ਮੁਕਾਏ ਕਲਜੁਗ ਤੇਰਾ ਅੰਤਮ ਲੇਖਾ । ਸ੍ਰਿਸ਼ਟ ਸਬਾਈ ਖ਼ਾਕ ਮਿਲਾਏ, ਚਾਰੋਂ ਕੁੰਟ ਜੋ ਜਨ ਧਾਰੀ ਫਿਰਦੇ ਭੇਖਾ । ਪ੍ਰਭ ਅੰਤਮ ਨਸ਼ਟ ਕਰਾਏ, ਸੱਚਾ ਹਰਿ ਜਿਸ ਜਨ ਨਾ ਆਤਮ ਨੇਤਰ ਪੇਖਾ । ਹਉਮੇ ਰੋਗ ਦਏ ਗਵਾਏ, ਪ੍ਰਭ ਆਪ ਚੁਕਾਏ ਪਿਛਲਾ ਲੇਖਾ । ਸਾਚੇ ਰਾਹੇ ਪਾਏ, ਜੋਤੀ ਜੋਤ ਸਰੂਪ ਹਰਿ, ਕਲਜੁਗ ਦਿੱਤੀ ਵਧਾਈ, ਮਾਇਆ ਰਾਣੀ ਸੰਗ ਰਲਾਈ, ਬੇਮੁਖਾਂ ਆਤਮ ਰਹੀ ਛਾਹੀ, ਨਾ ਕੋਈ ਚੁਕਾਵੇ ਅੰਤਮ ਲੇਖਾ । ਕਲਜੁਗ ਤੇਰੇ ਅੰਤਮ ਨਾਲ । ਬੇਮੁਖ ਜੀਵ ਕਲਜੁਗ ਰੱਖੇ ਸੰਭਾਲ । ਸਤਿਜੁਗ ਰਖਾਏ ਹਰਿ ਸਾਚੀ ਨੀਵ, ਬੇਮੁਖਾਂ ਆਤਮ ਹੋਈ ਕੰਗਾਲ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਕਾਇਆ ਗਗਨ ਮੰਡਲ ਸਾਚੀ ਜੋਤ ਜਗਾਏ, ਜਿਉਂ ਦੀਪਕ ਵਿਚ ਥਾਲ । ਜਗਤ ਭੁਲੇਖਾ ਅੰਧ ਘੋਰ । ਬੇਮੁਖਾਂ ਲੁੱਟੀ ਜਾਂਦੇ ਦਿਨ ਦਿਹਾੜੇ ਪੰਜੇ ਚੋਰ । ਜੜ੍ਹ ਪੁੱਟੀ ਜਾਂਦੇ, ਅੱਠੇ ਪਹਿਰ ਚੜ੍ਹਦੇ ਰਹਿਣ ਕਾਇਆ ਘੋੜ । ਸ਼ੌਹ ਦਰਿਆਏ ਸੁੱਟੀ ਜਾਂਦੇ, ਚਾਰੋਂ ਕੁੰਟ ਦੌੜ ਦੌੜ । ਸਾਚਾ ਮਾਲ ਖਜ਼ਾਨਾ ਲੁੱਟੀ ਜਾਂਦੇ, ਬੇਮੁਖਾਂ ਆਤਮ ਹੁੰਦੀ ਜਾਏ ਕੌੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਖ ਵਿਚਾਰੇ ਬੇਮੁਖਾਂ ਉਤੇ ਕੀਤਾ ਗੌਰ । ਭਰਮ ਭੁਲੇਖਾ ਝੂਠੀ ਚਿੰਦਾ । ਕਲਜੁਗ ਜੀਵ ਕਰਦੇ ਨਿੰਦਾ । ਏਕਾ ਜੋਤ ਏਕਾ ਗੋਤ ਏਕਾ ਪੂਤ ਏਕਾ ਬਿੰਦਾ । ਬੇਮੁਖ ਦਰ ਦਰ ਬਹੇ ਰੋਤ, ਨਾ ਮਿਲੇ ਗੁਣੀ ਗਹਿੰਦਾ । ਝੂਠੀ ਮਾਇਆ ਜਗਤ ਬਿੰਦਾ । ਪੂਤ ਹੋਇਆ ਆਤਮ ਅੰਧਾ । ਦੁਰਮਤ ਮੈਲ ਗੁਰਮੁਖ ਵਿਰਲੇ ਧੋਤ, ਆਤਮ ਗਵਾਏ ਦਇਆ ਕਮਾਏ ਹੰਕਾਰੀ ਨਿੰਦਾ । ਆਪ ਵਖਾਏ ਗੁਰਮੁਖਾਂ ਜੋਤ ਜਗਾਏ ਸਾਚਾ ਚੰਦਾ । ਜੋਤੀ ਜੋਤ

ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜਨ ਭਗਤਾਂ ਸਦ ਬਖ਼ਸ਼ਿੰਦਾ । ਜਗਤ ਭੁਲੇਖਾ ਡੂੰਘੀ ਗਾਰ । ਮਨਮੁਖ ਡੁੱਬੇ ਜੀਵ ਅੰਧਿਆਰ । ਡੂੰਘੇ ਵਹਿਣ ਕਲਜੁਗ ਖੁਭੇ, ਕੋਈ ਨਾ ਕੱਢੇ ਬਾਹਰ । ਇਕੋ ਕੁੰਡਾ ਹੰਕਾਰੀ ਵੱਜਾ, ਆਤਮ ਦੁੱਖ ਲੱਗਾ ਭਾਰ । ਗੁਰਮੁਖ ਸਾਚੇ ਸੰਤ ਜਨ ਆਤਮ ਸਤਿ ਸਰੋਵਰ ਮਾਰਨ ਚੁੱਭੇ, ਪ੍ਰਭ ਕਰੇ ਠੰਡਿਆ ਠਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਇਕੋ ਬੰਨ੍ਹੇ ਸਾਚੀ ਧਾਰ । ਜਗਤ ਭੁਲੇਖਾ ਅੰਧ ਅੰਧੇਰ ਹੈ । ਨਾ ਕੋਈ ਜਾਣੇ ਸੰਝ ਸਵੇਰ ਹੈ । ਕਲਜੁਗ ਜੀਵ ਭੁਲੇ ਰੁਲੇ ਮਾਇਆ ਡੁੱਲੇ, ਨਾ ਲੱਭੇ ਮੈਲ ਤਨ ਹੈ । ਅਗਨ ਲੱਗੀ ਰਹੇ ਕਾਇਆ ਕੁੱਲੇ, ਨਾ ਵਸੇ ਨਗਰ ਖੇੜ ਹੈ । ਆਤਮ ਪਿਆਲੇ ਬੇਮੁਖਾਂ ਡੁੱਲ੍ਹੇ, ਪ੍ਰਭ ਆਪ ਪੁਆਏ ਚੁਰਾਸੀ ਗੇੜ ਹੈ । ਸਚ ਦਵਾਰਾ ਏਕਾ ਖੁਲ੍ਹੇ, ਨਿਹਕਲੰਕ ਸੱਚਾ ਸ਼ਾਇਰ ਹੈ । ਜੋ ਜਨ ਆਏ ਹਰਿ ਦਰ ਭੁਲੇ, ਪ੍ਰਭ ਲਹਿਣਾ ਦੇਣਾ ਦਏ ਨਬੇੜ ਹੈ । ਸਦ ਭੰਡਾਰੇ ਰਹਿਣ ਖੁਲ੍ਹੇ, ਪ੍ਰਭ ਰੱਖੇ ਖੁਲ੍ਹੇ ਵਿਹੜ ਹੈ । ਨਾ ਕੋਈ ਲੈਂਦਾ ਹਰਿ ਜੀ ਮੁੱਲੇ, ਦੇਵੇ ਸ਼ਬਦ ਰਸਨਾ ਹਰਿ ਹਰਿ ਸਚ ਲਬੇੜ ਹੈ । ਜੋਤੀ ਜੋਤ ਸਰੂਪ ਹਰਿ, ਬੇਮੁਖਾਂ ਲਾਏ ਇਕੋ ਇਕ ਉਖੇੜ ਹੈ । ਜਗਤ ਭੁਲੇਖਾ ਦੂਰਨ ਦੂਰ । ਮੁੱਕੇ ਲੇਖਾ ਹਰਿ ਹਜ਼ੂਰ । ਏਥੇ ਟੁੱਟੇ ਮਾਣ ਗਰੂਰ । ਅੱਗੋਂ ਮਿਲੇ ਸ਼ਬਦ ਤੂਰ । ਜਗੇ ਜੋਤ ਸੱਚਾ ਨੂਰ । ਬੇਮੁਖਾਂ ਲਾਏ ਸ਼ਬਦ ਡੰਡਾ, ਕਰੇ ਚੂਰੋ ਚੂਰ । ਰਹਿਣ ਨਾ ਦੇਵੇ ਮਨ ਕਿਸੇ ਘੁਮੰਡਾ, ਸਰਬ ਕਲਾ ਹਰਿ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਸਭ ਦੀ ਰਿਹਾ ਪੂਰ । ਜਗਤ ਭੁਲੇਖਾ ਅੰਧਿਆਰੀ ਰੈਣ । ਕਲਜੁਗ ਤੇਰੇ ਨਾਲ ਰਲੀ ਵਿਚ ਮਾਤ ਰੈਣ ਕਾਲੀ ਭੈਣ । ਦੋਹਾਂ ਚਾਲ ਸਾਚੀ ਚਲੀ, ਬੇਮੁਖਾਂ ਫੜ ਲੈਣ । ਆਤਮ ਖੁਲ੍ਹੇ ਨਾ ਕਿਸੇ ਕਲੀ, ਘਰ ਘਰ ਦਰ ਦਰ ਪੈਂਦੇ ਵੈਣ । ਗੁਰਮੁਖਾਂ ਮਿਲਦਾ ਹਰਿ ਗਲੀ ਗਲੀ, ਬਣੇ ਸਾਕ ਸੱਜਣ ਸੈਣ । ਆਤਮ ਕੋਠੀ ਹਰਿ ਸਾਚੇ ਇਕੋ ਮੱਲੀ, ਦਰਸ ਦਿਖਾਏ ਤੀਜੇ ਨੈਣ । ਕਿਆ ਕੋਈ ਕਰੇ ਵਲ ਛਲੀ, ਭਰਮ ਭੁਲੇਖੇ ਸਰਬ ਮਿਟੇਣ । ਕਿਆ ਕੋਈ ਕਰੇ ਹਿਲੀ ਜੁਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਜਗਤ ਭੁਲੇਖਾ ਧੁਰ ਵਿਛੋੜਾ । ਦੋ ਜਹਾਨੀ ਨਾ ਹੋਏ ਚਰਨ ਜੋੜਾ । ਮੁੱਲ ਨਾ ਪਾਏ ਬੇਮੁਖਾਂ ਇਕ ਦਵਾਨੀ, ਨਾ ਮਿਲੇ ਸ਼ਬਦ ਘੋੜਾ । ਗੁਰਮੁਖਾਂ ਆਤਮ ਹਰਿ ਪਛਾਨੀ, ਧੁਰ ਦਰਗਾਹੋਂ ਆਏ ਦੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸ਼ਬਦ ਵਿਚ ਮਾਤ ਧਰਾਇਆ, ਇਕ ਰਖਾਇਆ ਪੌੜਾ । ਜਗਤ ਭੁਲੇਖਾ ਹਰਿ ਹਰਿ ਰਖਣਾ । ਗੁਰਮੁਖ ਵਿਰੋਲੇ, ਜਿਉਂ ਦੁੱਧ ਵਿਚੋਂ ਮੱਖਣਾ । ਬੇਮੁਖ ਹੋਏ ਅੰਤਮ ਕਲਜੁਗ ਗੋਲੇ, ਤਨ ਭਾਂਡਾ ਦਿਸੇ ਸੱਖਣਾ । ਪੰਜ ਤੱਤ ਹੰਕਾਰੀ ਵਿਚੋਂ ਬੋਲੇ, ਨਾ ਪੜਦਾ ਕਿਸੇ ਰਖਣਾ । ਸਚ ਵਸਤ ਨਾ ਕਿਸੇ ਕੋਲੇ, ਮੁੱਲ ਨਾ ਪੈਣਾ ਕੱਖਣਾ । ਜੋਤ ਸਰੂਪੀ ਸ੍ਰਿਸ਼ਟ ਸਬਾਈ ਆਪਣੇ ਤੋਲ ਸਾਚੇ ਤੋਲੇ, ਗੁਰਮੁਖ ਲੱਭੇ ਵਿਚੋਂ ਇਕ ਲਾਲ ਲੱਖਣਾ । ਬੇਮੁਖਾਂ ਅੰਤਮ ਕਲਜੁਗ ਆਤਮ ਡੋਲੇ, ਚਾਰੋਂ ਤਰਫ ਲਾਉਂਦੇ ਭੱਖਣਾ । ਗੁਰਮੁਖਾਂ ਹਰਿ ਵਸੇ ਕੋਲੇ, ਅੰਮ੍ਰਿਤ ਰਸ ਰਸਨਾ ਸਾਚਾ ਚੱਖਣਾ । ਜੋਤ ਸਰੂਪੀ ਹਰਿ ਵਸੇ ਸਦਾ ਕੋਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰੱਖਣਾ । ਜਗਤ ਭੁਲੇਖਾ ਜੀਵ ਗਵਾਰੀ । ਚਰਨ ਧੂੜ ਨਾ ਮਿਲੇ ਜੀਵ ਹੰਕਾਰੀ । ਸ਼ਬਦ ਸਰੂਪੀ ਪਾਏ ਜੁੜ, ਕਲਜੁਗ ਜੀਵ ਅੰਤਮ ਵਾਰੀ । ਗੁਰਮੁਖਾਂ ਰੰਗ ਚੜ੍ਹਾਏ ਗੂੜ੍ਹ, ਦੇਵੇ ਸ਼ਬਦ ਘੋੜ ਅਸਵਾਰੀ । ਸ੍ਰਿਸ਼ਟ ਸਬਾਈ ਕੂੜੋ ਕੂੜ, ਏਕਾ ਅਟਲ ਜੋਤ ਨਿਰੰਕਾਰੀ । ਆਪੇ ਪੀੜੇ ਜਿਉਂ ਵੇਲਨੇ ਬੂੜ, ਨਾ ਕਿਸੇ ਹੋਇਆ ਕੋਈ ਸਹਾਰੀ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਭੁਲੇਖਾ ਏਕਾ ਪਾਇਆ ਸ੍ਰਿਸ਼ਟ ਸਬਾਈ ਹੋਈ ਖੁਆਰੀ । ਨੇਤਰ ਪੇਖ ਸੁਰਤ ਸੰਭਾਲੇ । ਨੇਤਰ ਪੇਖ ਕਰੇ ਪ੍ਰਿਤਪਾਲੇ । ਨੇਤਰ ਪੇਖ ਨਾ ਬਣ ਕੰਗਾਲੇ । ਨੇਤਰ ਪੇਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜੇ ਜਗਤ ਜੰਜ਼ਾਲੇ । । ਨੇਤਰ ਪੇਖ ਨਰ ਨਿਰੰਕਾਰ । ਨੇਤਰ ਪੇਖ ਜੋਤ ਸਰੂਪੀ ਹਰਿ ਨਿਰਾਧਾਰ । ਨੇਤਰ ਪੇਖ ਨਰ ਹਰਿ ਹਰਿ ਨਰ ਕਰੇ ਖੇਲ ਅਪਰ ਅਪਾਰ । ਨੇਤਰ ਪੇਖ ਲਿਖਾਓ ਲੇਖ, ਨਾ ਮਾਨਸ ਜਨਮ ਆਵੇ ਦੂਜੀ ਵਾਰ । ਨੇਤਰ ਪੇਖ ਪ੍ਰਭ ਅਬਿਨਾਸ਼ੀ ਸਾਚਾ ਨਾ ਭੁਲ ਜੀਵ ਗਵਾਰ, ਨੇਤਰ ਪੇਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਦਰਸ ਅਗੰਮ ਅਪਾਰ । ਨੇਤਰ ਪੇਖ ਨਰ ਨਿਰਮੋਹ । ਨੇਤਰ ਪੇਖ ਦੁਰਮਤ ਮੈਲ ਲੈਣੀ ਧੋ । ਨੇਤਰ ਪੇਖ ਏਕਾ ਹਰਿ ਦੂਜਾ ਨਾਹੀ ਕੋ । ਨੇਤਰ ਪੇਖ ਗੁਰ ਚਰਨ ਜਾਣ ਛੋਹ । ਨੇਤਰ ਪੇਖ ਪ੍ਰਭ ਅਬਿਨਾਸ਼ੀ ਰਾਹ ਚਲਾਏ ਦੋ । ਨੇਤਰ ਪੇਖ ਬੇਮੁਖਾਂ ਪ੍ਰਭ ਰਿਹਾ ਕੋਹ । ਨੇਤਰ ਪੇਖ ਗੁਰਮੁਖਾਂ ਸੁਣੇ ਹਰਿ ਸਾਚੀ ਸੋ । ਨੇਤਰ ਪੇਖ ਸ੍ਰਿਸ਼ਟ ਸਬਾਈ ਵੇਖ, ਸ਼ਬਦ ਸਰੂਪੀ ਹਲ ਰਿਹਾ ਜੋ । ਨੇਤਰ ਪੇਖ ਲਿਖੇ ਲੇਖ ਮਿਟਾਏ ਭੇਖ, ਸਾਚਾ ਬੀਜ ਗੁਰਮੁਖਾਂ ਆਤਮ ਰਿਹਾ ਬੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਦ ਸਦ ਮਿਹਰਵਾਨ, ਗੱਲੋਂ ਕਟੇ ਜਗਤ ਜੰਜ਼ਾਲਾ ਬੇਮੁਖਾਂ ਪੁੱਛੇ ਨਾਹੀ ਕੋ । ਨੇਤਰ ਪੇਖ ਨੈਣ ਮੁੰਧਾਰ । ਨੇਤਰ ਪੇਖ ਵਿਚ ਸੰਸਾਰ । ਨੇਤਰ ਪੇਖ ਜੋਤ ਅਕਾਰ । ਨੇਤਰ ਪੇਖ ਸਰਬ ਜੀਆਂ ਹਰਿ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤਾ ਸਾਧਨ ਸੰਤਾ ਆਦਿਨ ਅੰਤਾ ਬੰਨ੍ਹੇ ਸਾਚੀ ਧਾਰ । ਨੇਤਰ ਪੇਖ ਜਿਥੇ ਧਾਰ । ਦੇਵੇ ਸ਼ਬਦ ਇਕ ਅਪਾਰ । ਗੁਰਮੁਖ ਸਾਚੇ ਸੰਤ ਜਨ ਇਕ ਸੋਹੰ ਕਰਨ ਆਹਾਰ । ਆਪ ਚੁਕਾਏ ਭੇਵ ਦੋਐਂ, ਇਕੋ ਜੋਤ
੧੦੧ ੦੪ ਹਰਿ ਨਿਰੰਕਾਰ । ਨੇਤਰ ਖੋਲ੍ਹ ਵਖਾਏ ਤਰੈ ਲੋਐਂ, ਮਿਟਾਏ ਅੰਧ ਅੰਧਿਆਰ । ਚੌਥੇ ਘਰ ਗੁਰਮੁਖ ਸਾਚੇ ਇਕੋ ਜਾਣੇ ਸੋਹੰ, ਨਾ ਕੋਈ ਹੋਰ ਆਕਾਰ । ੧੦੧ ੦੪
ਜੋਤੀ ਜੋਤ ਸਰੂਪ ਹਰਿ, ਸਚ ਬੈਠਾ ਉਤੇ ਹੋ ਅਸਵਾਰ । ਪੰਚਮ ਹੋਇਆ ਆਪ ਅਸਵਾਰ । ਚਾਰੇ ਘਰ ਥੱਲੇ ਲੱਗਾ ਦਰਬਾਰ । ਸੰਤ ਜਨਾਂ ਦੀ ਸੁਣ ਪੁਕਾਰ । ਘਰ ਸਾਚੇ ਵਾੜੀ ਜਾਏ ਵਾਰੋ ਵਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਅੱਗੇ ਕਰੇ ਸ਼ਬਦ ਸੱਚੀ ਵਾੜ । ਸਾਚੀ ਜੋਤੀ ਆਤਮ ਧਰ ਹਰਿ ਨਰ, ਕਾਮ ਕਰੋਧ ਲੋਭ ਮੋਹ ਹੰਕਾਰ ਪੰਜਾਂ ਦੇਵੇ ਸਾੜ । ਸੱਚੀ ਜੋਤ ਇਕ ਅਕਾਲਨ ਨਾ ਕੋਈ ਸਕੇ ਨਾਲ ਛੋਹ, ਪਰ੍ਹੇ ਹਟਾਏ ਪੰਜਾਂ ਧਾੜ । ਬੇਮੁਖਾਂ ਵਧਾਇਆ ਝੂਠਾ ਮੋਹ, ਅੰਤਮ ਭਾਗ ਆਏ ਮਾੜ । ਸਰਬ ਥਾਂ ਪ੍ਰਭ ਲਏ ਖੋਹ, ਬਾਹਰ ਕੱਢੇ ਝਾੜ ਝਾੜ । ਚੌਬਲਦ ਸੁਹਾਗਾ ਹਰਿ ਲੈਣਾ ਜੋ, ਬੇਮੁਖ ਖਪਾਏ ਨਾ ਵੇਖੇ ਚੰਗੇ ਮਾੜ । ਅੰਤਮ ਕਲਜੁਗ ਲਏ ਢਾਹ, ਚਬਾਏ ਆਪਣੀ ਹੇਠਾਂ ਦਾੜ੍ਹ । ਆਬ ਨਾ ਕਿਸੇ ਹੱਥ ਆਇੰਦਾ, ਬੇਮੁਖ ਤਪਾਏ ਜਿਉਂ ਅਗਨ ਹਾੜ । ਗੁਰਮੁਖਾਂ ਰੱਖੇ ਠੰਡੀ ਛਾਂ, ਮਾਤ ਉਪਜਾਏ ਸਾਚੇ ਲਾੜ । ਲਾਡ ਲਡਾਏ ਜਿਉਂ ਪੁੱਤਾਂ ਮਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਜੰਗਲ ਜੂਹ ਵਿਚ ਪਹਾੜ । ਨੇਤਰ ਪੇਖ ਰੰਗ ਕਰਤਾਰ ਦਾ । ਗੁਰਮੁਖਾਂ ਪੈਜ ਸਵਾਰਦਾ । ਬੇਮੁਖਾਂ ਭਾਂਡਾ ਭੰਨੇ ਹੰਕਾਰ ਦਾ । ਦਰ ਸਾਚੇ ਡੰਨੇ ਵੇਲਾ ਰਿਹਾ ਨਾ ਕਲਜੁਗ ਤੇਰੇ ਅੰਤ ਉਧਾਰ ਦਾ । ਲੱਖ ਚੁਰਾਸੀ ਘੜੇ ਵੇਲੇ ਅੰਤਮ ਪ੍ਰਭ ਜੀ ਭੰਨੇ, ਮਾਰੇ ਸ਼ਬਦ ਡਾਢੀ ਮਾਰਦਾ । ਘਰੋਂ ਚੁਕਣਾ ਨਾ ਮਿਲੇ ਥਾਲੀ ਛੰਨੇ, ਸ਼ਬਦ ਫੁੰਕਾਰਾ ਇਕੋ ਮਾਰਦਾ । ਝੂਠਾ ਛੁੱਟੇ ਪੀਣ ਖਾਣ ਅੰਨੇ, ਆਇਆ ਵਕਤ ਨਿਹਕਲੰਕ ਸੱਚੇ ਅਵਤਾਰ ਦਾ । ਗੁਰਮੁਖ ਵਿਰਲੇ ਤੇਰੀ ਆਤਮ ਮੰਨੇ, ਕਲਜੁਗ ਭਰਿਆ ਪਾਪੀ ਹੰਕਾਰ ਦਾ । ਵੇਲੇ ਅੰਤਮ ਕਲ ਗੁਰਮੁਖਾਂ ਬੇੜੇ

ਬੰਨ੍ਹੇ, ਬੇਮੁਖਾਂ ਦਰ ਦੁਰਕਾਰਦਾ । ਆਪ ਚੜ੍ਹਾਏ ਸਾਚੇ ਚਿੱਲੇ, ਰਸਨਾ ਤੀਰ ਇਕੋ ਮਾਰਦਾ । ਕਲਜੁਗ ਜੀਵ ਆਤਮ ਅੰਨ੍ਹੇ ਨਾ ਹਿਰਦਾ ਮੰਨੇ, ਨਾ ਜਾਣੇ ਭਾਣਾ ਸੱਚੀ ਸਰਕਾਰ ਦਾ । ਜੋਤ ਸਰੂਪੀ ਗੁਰਮੁਖਾਂ ਤਾਰੇ ਜਿਉਂ ਮਾਲ ਚਰਾਏ ਧੰਨੇ, ਆਦਿ ਅੰਤ ਜਨ ਭਗਤਾਂ ਪੈਜ ਸਵਾਰਦਾ । ਗੁਰਮੁਖਾਂ ਭਾਰ ਉਠਾਏ ਆਪਣੇ ਕੰਨ੍ਹੇ, ਫੜ ਫੜ ਬਾਹੋਂ ਕਲਜੁਗ ਅੰਤਮ ਵਿਚੋਂ ਤਾਰਦਾ । ਬੇਮੁਖਾਂ ਜੜ੍ਹ ਉਖੜੇ ਜਿਉਂ ਉਖੜੇ ਜੜ੍ਹ ਗੰਨੇ, ਪ੍ਰਭ ਏਕਾ ਸ਼ਬਦ ਹੁਲਾਰਾ ਮਾਰਦਾ । ਖੜ੍ਹੀ ਰਹੇ ਨਾ ਕਿਸੇ ਦੀ ਫੰਨੇ, ਸ਼ਬਦ ਕੁਹਾੜਾ ਇਕੋ ਮਾਰਦਾ । ਸ੍ਰਿਸ਼ਟ ਸਬਾਈ ਹੰਨੇ ਬੰਨੇ, ਨਿਹਕਲੰਕ ਵਿਚ ਮਾਤ ਜਾਮਾ ਧਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਜਾਣੇ ਖੇਲ ਅਪਰ ਅਪਾਰ ਦਾ । ਨੇਤਰ ਪੇਖ ਭਗਤ ਭਗਵਾਨਿਆ । ਟੁੱਟੇ ਮਾਣ ਤਾਣ ਮਿਲੇ ਥਾਉਂ ਨਾ ਵਿਚ ਜਹਾਨਿਆਂ । ਬਣਾਏ ਚਤੁਰ ਸੁਘੜ ਸਿਆਣ, ਦੇਵੇ ਨਾਮ ਸ਼ਬਦ ਨਿਧਾਨਿਆ । ਆਪ ਰਖਾਏ ਆਪਣੀ ਆਣ, ਦਰਗਹਿ ਸਾਚੀ ਦੇਵੇ ਮਾਣ, ਹੋਏ ਸਹਾਈ ਹਰਿ ਭਗਵਾਨਿਆ । ਸ੍ਰਿਸ਼ਟ ਸਬਾਈ ਪੁਣ ਛਾਣ, ਵਿਚੋਂ ਲੱਭੇ ਗੁਰਮੁਖ ਲਾਲ ਬਾਲ ਨਿਧਾਨ, ਮਾਰੇ ਸ਼ਬਦ ਤੀਰ ਨਿਸ਼ਾਨਿਆ । ਸਾਚਾ ਸ਼ਬਦ ਨਾਮ ਗੁਰਮੁਖ ਪੀਣ ਖਾਣ ਚੁੱਕੇ ਕਾਨ, ਦੇਵੇ ਦਾਨ ਵਡ ਵਡ ਮਿਹਰਬਾਨਿਆ । ਚਰਨ ਧੂੜ ਕਰਨ ਇਸ਼ਨਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ, ਵਾਲੀ ਦੋ ਜਹਾਨਿਆ । ਨੇਤਰ ਪੇਖ ਸਚ ਦਵਾਰ ਗਿਆ ਖੁਲ੍ਹ, ਸੱਚਾ ਵਿਚ ਸੰਸਾਰ । ਨੇਤਰ ਪੇਖ ਮਿਲੇ ਨਾਮ ਇਕ ਅਨਮੁੱਲ, ਜਿਸ ਦੇ ਕੋਈ ਨਾ ਦਿਸੇ ਤੁਲ, ਕਰ ਸਾਚਾ ਜੀਵ ਵਣਜ ਵਪਾਰ । ਕਲਜੁਗ ਅੰਤਮ ਗਿਆ ਹੁਲ, ਕਿਸੇ ਡਾਲ ਨਾ ਦਿਸੇ ਫੁੱਲ, ਗੁਰਮੁਖ ਤੇਰੀ ਆਤਮ ਲੱਗੇ ਸਚ ਬਹਾਰ । ਭਾਗ ਲਗਾਉਣਾ ਆਪਣੀ ਕੁੱਲ, ਕਲਜੁਗ ਮਾਇਆ ਵਿਚ ਨਾ ਜਾਣਾ ਰੁਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸ਼ਬਦ ਦਾਤ ਜਗਤ ਕਰਾਮਾਤ ਝੋਲੀ ਪਾਏ ਵਡ ਵਡ ਅਨਮੁੱਲ । ਸਚ ਦਰ ਦਰਵਾਜ਼ਾ । ਜਿਥੇ ਵਸੇ ਗਰੀਬ ਨਿਵਾਜਾ । ਅੱਠੇ ਪਹਿਰ ਅੰਦਰ ਬੈਠਾ ਵਸੇ, ਜਿਉਂ ਜਨ ਰੱਖੇ ਲਾਜਾ । ਪੰਜੇ ਚੋਰ ਦਰ ਤੋਂ ਜਾਇਣ ਨੱਸੇ, ਏਕਾ ਜਾਗੇ ਹਰਿ ਸਾਚਾ ਸ਼ਾਹੋ ਸ਼ਾਬਾਸ਼ਾ । ਗੁਰਮੁਖਾਂ ਹਰਿ ਹਿਰਦੇ ਵਸੇ, ਅੰਤਮ ਕਲਜੁਗ ਰੱਖੇ ਲਾਜਾ । ਬੇਮੁਖਾਂ ਪੈਰਾਂ ਹੇਠ ਝੱਸੇ, ਚਾਰੋਂ ਕੁੰਟ ਪੈਣ ਭਾਜਾ । ਗੁਰਮੁਖਾਂ ਰਾਹ ਇਕੋ ਸਾਚਾ ਦੱਸੇ, ਅੰਤਮ ਆਪ ਸਵਾਰੇ ਕਾਜਾ । ਆਪ ਬੰਧਾਏ ਸ਼ਬਦ ਡੋਰ ਵਡੇ ਰੱਸੇ, ਜੋਤ ਸਰੂਪੀ ਸ਼ਬਦ ਮਾਰੇ ਸਾਚੀ ਅਵਾਜ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਈ, ਪ੍ਰਗਟ ਹੋਏ ਦੇਸ ਵਿਚ ਮਾਝਾ । ਮਾਝੇ ਦੇਸ ਪ੍ਰਗਟ ਹੋਣਾ । ਸ੍ਰਿਸ਼ਟ ਸਬਾਈ ਬਹਿ ਬਹਿ ਰੋਣਾ । ਰਾਤੀ ਮਿਲੇ ਨਾ ਕਿਸੇ ਸੌਣਾ । ਵਾਂਗ ਬੱਕਰੇ ਬੇਮੁਖਾਂ ਕੋਹਣਾ । ਕਾਇਆ ਤਨ ਝੂਠਾ ਕੱਪੜ ਫੇਰ ਕਿਸੇ ਨਾ ਮਿਲੇ ਧੋਣਾ । ਕਲਜੁਗ ਡੁੱਬੇ ਮਾਇਆ ਡੂੰਘੇ ਛੱਪੜ, ਸਾਚਾ ਬੀਜ ਨਾ ਕਿਸੇ ਬੋਣਾ । ਗੁਰਮੁਖਾਂ ਹਰਿ ਜਾਏ ਅੱਪੜ, ਸ਼ਬਦ ਸਰੂਪੀ ਵਿਚ ਤਾਉਣਾ । ਸੋਹੰ ਸ਼ਬਦ ਤਨ ਸ਼ਿੰਗਾਰ ਪਹਿਨਾਏ ਸਾਚਾ ਕੱਪੜ, ਕਲਜੁਗ ਅੰਤ ਗੁਰਮੁਖ ਤੇਰੇ ਗਲੋਂ ਨਾ ਕਿਸੇ ਲਾਹੁਣਾ । ਨਾ ਕੋਈ ਮਾਈ ਨਾ ਕੋਈ ਬੱਪੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਫੜ ਫੜ ਮਾਰੇ ਦੋ ਹੱਥੀਂ ਧੌਣਾ । ਮਾਝੇ ਦੇਸ ਜੋਤ ਜਗਾਏ । ਗੁਰਮੁਖ ਵਿਰਲਾ ਹਰਿ ਆਪ ਉਠਾਏ । ਬੇਮੁਖ ਸੋਏ ਨਾ ਕੋਈ ਜਗਾਏ । ਗੁਰ ਗੋਬਿੰਦ ਵਾਲੀ ਹਿੰਦ ਜੋ ਬਚਨ ਲਿਖਾਏ । ਨਿਹਕਲੰਕ ਪੂਰ ਕਰਾਏ । ਗੁਰ ਪੂਰਾ ਹਰਿ ਸਾਚੇ ਦੀ ਸਾਚੀ ਬਿੰਦ, ਇਕ ਜੋਤ ਇਕ ਗੋਤ ਭੇਵ ਨਾ ਕੋਈ ਰਾਏ । ਪ੍ਰਗਟ ਹੋਏ ਗੁਣੀ ਗਹਿੰਦ, ਕਿਸੇ ਦਿਸ ਨਾ ਆਏ । ਸੁਰਪਤ ਰਾਜੇ ਇੰਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ

ਕਰਮ ਆਪਣਾ ਆਪ ਕਰਾਏ । ਕਲਜੁਗ ਅੰਤਮ ਪ੍ਰਭ ਕਰੇ ਵਿਚਾਰ । ਦੁਖੀ ਹੋਏ ਸਾਧ ਸੰਤ, ਨਾ ਕੋਈ ਪਾਵੇ ਸਾਰ । ਕਲਜੁਗ ਮਾਇਆ ਵਧੀ
ਬੇਅੰਤ, ਸ੍ਰਿਸ਼ਟ ਸਬਾਈ ਆਤਮ ਕੱਢੇ ਹੰਕਾਰ । ਚਾਰੋਂ ਤਰਫ ਰੋਵਣ ਜੀਵ ਜੰਤ, ਦੁਖੀ ਹੋਏ ਨਰ ਨਾਰ । ਕਿਸੇ ਨਾ ਮਿਲੇ ਸਾਚਾ ਕੰਤ, ਸੱਚਾ
ਹਰਿ ਭਤਾਰ । ਇਕੋ ਜੋਤ ਆਦਿ ਅੰਤ, ਜੁਗਾ ਜੁਗੰਤ ਗੁਰਮੁਖ ਵਿਰਲੇ ਜਾਨਣ ਸੰਤ, ਕਲਜੁਗ ਜੀਵ ਹੋਏ ਖੁਆਰ । ਇਕੋ ਇਕ ਹਰਿ ਭਗਵੰਤ,
ਮਹਿੰਮਾ ਗਣੇ ਜਗਤ ਅਗਣਤ, ਸ੍ਰਿਸ਼ਟ ਸਬਾਈ ਬਣਾਏ ਬਣਤ, ਆਪਣੀ ਕਰੇ ਆਪ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ
ਕਲ ਜੋਤ ਪ੍ਰਗਟਾਈ, ਗੁਰ ਗੋਬਿੰਦ ਤੇਰੇ ਬਚਨ ਪੂਰ ਕਰਾਈ, ਆਇਆ ਅੰਤਮ ਵਾਰ । ਗੁਰ ਗੋਬਿੰਦ ਇਹ ਬਚਨ ਲਿਖਾਇਆ । ਸੰਬਲ ਦੇਸ
ਵਾਸ ਰਖਾਇਆ । ਗਿਆਨੀ ਧਿਆਨੀ ਵਡ ਵਿਦਵਾਨੀ ਭਾਲ ਥੱਕੇ, ਤੇਰਾ ਕਿਸੇ ਭੇਵ ਨਾ ਪਾਇਆ । ਸੰਬਲ ਦੇਸ ਕਿਹੜਾ ਵੇਸ ਕਿਹੜਾ ਭੇਸ,
ਨਾ ਭੇਵ ਕਿਸੇ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਪੰਚਮ ਜੇਠ ਮਾਝੇ ਦੇਸ, ਗੁਰ ਗੋਬਿੰਦ ਤੇਰਾ ਪਿਛਲਾ ਲੇਖਾ ਦਏ ਚੁਕਾਇਆ । ਸਭਨਾ
ਪਾਏ ਸਾਰ, ਨਿਹਕਲੰਕ ਲੈ ਅਵਤਾਰ, ਗੌੜ ਬ੍ਰਹਿਮਣ ਜੋ ਅਖਵਾਇਆ । ਵੇਦ ਵਿਆਸ, ਸਰ ਅੰਮ੍ਰਿਤ ਤੇਰੇ ਵਸੇ ਆਸ ਪਾਸ, ਪੰਚਮ ਜੇਠ ਗੁਰ
ਨਾਨਕ ਤੇਰਾ ਲੱਗਾ ਖੇਤ, ਗੁਰਸਿਖਾਂ ਪੂਰੀ ਕਰੇ ਆਸ, ਸੰਬਲ ਦੇਸ ਸੂਰਬੀਰ । ਉਠੇ ਜੋਧਾ ਇਕ ਚਲਾਏ ਸ਼ਬਦ ਤੀਰ । ਸ੍ਰਿਸ਼ਟ ਸਬਾਈ ਅਗਾਧ
ਬੋਧਾ, ਆਪ ਮਿਟਾਏ ਪੀਰ ਫ਼ਕੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤਾਂ ਦੇਵੇ ਸ਼ਬਦ ਧੀਰ । ਸੰਬਲ ਦੇਸ ਸਾਰ ਸਮਾਲੇ ।
ਗਲੋਂ ਲਾਹੇ ਸੂਸੇ ਕਾਲੇ । ਪਹਿਲੋਂ ਪਹਿਨੇ ਚਿੱਟੇ ਬਾਣੇ । ਗੁਰਮੁਖ ਬਣਾਏ ਸਾਚੇ ਰਾਣੇ । ਸ਼ਬਦ ਫੜਾਏ ਤੀਰ ਕਮਾਨੇ । ਖਿੱਚੇ ਰਸਨਾ ਵਾਲੀ
੧੦੩ ੦੪ ਦੋ ਜਹਾਨੇ । ਗੁਰ ਗੋਬਿੰਦ ਤੇਰੇ ਲਿਖੇ ਬਚਨ, ਹਰਿ ਪੂਰੇ ਪੂਰ ਕਰਾਨੇ । ਜੋਤ ਸਰੂਪੀ ਜਾਮਾ ਧਾਰ, ਅਚਰਜ ਖੇਲ ਮਾਤ ਕਰੇ, ਬੇਮੁਖਾਂ ਮਾਰੇ ੧੦੩ ੦੪
ਬੇਮੁਹਾਨੇ । ਸੰਬਲ ਦੇਸ ਸਿਧਾ ਰਾਹ । ਰਾਹੇ ਦੇਵੇ ਪਾ । ਅੱਗੇ ਹਰਿ ਜੀ ਨਰਾਇਣ ਨਰ ਖਲੋਤਾ, ਨੇਤਰ ਖੋਲ੍ਹ ਦਏ ਦਿਖਾ । ਕਲਜੁਗ ਜੀਵ
ਜੋ ਗੂੜ੍ਹੀ ਨੀਂਦ ਰਿਹਾ ਸੋਤਾ, ਨਾ ਮਿਲੇ ਕੋਈ ਥਾਂ । ਆਦਿ ਅੰਤ ਜੁਗਾ ਜੁਗੰਤ ਏਕਾ ਜੋਤ ਹਰਿ ਪੁਰਖ ਨਿਰੰਜਣ ਹੋਤਾ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਲਾਲ ਅਨਮੁਲੜੇ ਸੰਸਾਰ ਸਾਗਰ ਡੂੰਘਰ ਵਿਚੋਂ ਲੱਭੇ, ਮਾਰਿਆ ਏਕੋ ਗੋਤਾ । ਸੰਸਾਰ ਸਾਗਰ ਡੂੰਘੀ ਗਾਰ । ਨਿਹਕਲੰਕ
ਜੋਤ ਸਰੂਪੀ ਚੁੱਭੀ ਮਾਰ । ਦੋਹੀਂ ਹੱਥੀਂ ਧਰਤ ਮਾਤ ਤੇਰਾ ਪੇਟ ਫਿਰੋਲੇ, ਵਿਚੋਂ ਲੱਭੇ ਸਿੱਖ ਦੁਲਾਰ । ਆਪ ਮਿਟਾਏ ਕਾਇਆ ਮਾਇਆ ਪੜਦੇ
ਉਹਲੇ, ਜਗਾਏ ਜੋਤ ਅਪਰ ਅਪਾਰ । ਗੁਰਮੁਖਾਂ ਦੇਵੇ ਸ਼ਬਦ, ਨਾ ਮਾਤ ਡੋਲੇ, ਕਿਰਪਾ ਕਰੇ ਹਰਿ ਨਿਰੰਕਾਰ । ਬੇਮੁਖਾਂ ਹਰਿ ਵਸੇ ਕੋਲੇ, ਨਾ
ਦਿਸੇ ਸੱਚਾ ਯਾਰ । ਅੰਦਰ ਬੈਠਾ ਹਰਿ ਹੌਲੀ ਹੌਲੀ ਬੋਲੇ, ਦੇਵੇ ਸ਼ਬਦ ਸੱਚੀ ਧੁਨਕਾਰ । ਪਹਿਲੋਂ ਮਾਰੇ ਝਾਤੀ ਕਾਇਆ ਚੋਲੇ, ਜਿਥੇ ਵਸੇ ਨਰ
ਨਿਰਾਹਾਰ । ਬਣ ਗਏ ਜੀਵ ਭਾਲੇ ਭੋਲੇ, ਮਾਨਸ ਮਿਲਿਆ ਜਨਮ ਅਪਾਰ । ਪੂਰੇ ਤੋਲ ਹਰਿ ਸਾਚਾ ਤੋਲੇ, ਨਾ ਕਰੇ ਕੋਈ ਉਧਾਰ । ਏਕਾ
ਸ਼ਬਦ ਰਸਨਾ ਸੱਚਾ ਬੋਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਨਿਹਕਲੰਕ ਉਠੇ ਸੂਰਬੀਰ । ਸੋਹੰ
ਸ਼ਬਦ ਚਲਾਏ ਸੱਚਾ ਤੀਰ । ਇੰਦਰਪੁਰੀ ਹੋਏ ਵਹੀਰ । ਸੁਰਪਤ ਰਾਜਾ ਇੰਦ, ਸਿੰਘ ਸਿੰਘਾਸਣ ਉਤੇ ਬੈਠਾ ਕੱਢੀ ਜਾਏ ਲਕੀਰ । ਸੋਲਾਂ ਮੱਘਰ
ਖੇਲ ਰਚਾਏ । ਛੋਟੇ ਬਾਲੇ ਉਤੇ ਹਰਿ ਚਿੱਟਾ ਪੜਦਾ ਪਾਏ । ਫੜ ਕੇ ਬਾਹੋਂ ਸਾਚੇ ਰਾਹੇ ਆਪ ਰਖਾਏ । ਸਿੰਘ ਸਿੰਘਾਸਣ ਦਏ ਤਜਾਏ, ਉਤੇ

ਬੈਠਾ ਸਿੰਘ ਮਨਜੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਨੀਂਹ ਰਖਾਏ, ਪਹਿਲੀ ਹਾੜ ਉਸਾਰੀ ਲਾਏ, ਪੂਰ ਕਰਾਏ ਸਤਾਰਾਂ ਹਾੜ ਸਾਚੀ ਬਣਤ ਆਪ ਬਣਾਏ, ਆਪ ਚਲਾਏ ਸੱਚੀ ਇਕੋ ਰੀਤ । ਪੰਚਮ ਜੇਠ ਨੀਂਹ ਰਖਾਵਣੀ । ਗੁਰ ਸੰਗਤ ਸੇਵਾ ਸਚ ਕਮਾਵਣੀ । ਸਤਿਜੁਗ ਤੇਰੀ ਸੱਚੀ ਨੀਂਹ, ਆਪਣੀ ਹੱਥੀਂ ਆਪ ਬੰਨ੍ਹਾਵਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਜਗਤ ਦਲਾਲੇ ਦਿੱਤੀ ਇਕ ਸੁਨਾਵਣੀ । ਛੋਟਾ ਬਾਲਾ ਗਿਆ ਭੱਜ । ਮਾਤਲੋਕ ਨੂੰ ਗਿਆ ਤਜ । ਸਿੰਘ ਸਿੰਘਾਸਣ ਬੈਠਾ ਸਜ । ਕਰੋੜ ਤੇਤੀਸ ਤੇਰੇ ਪਰਦੇ ਲਏ ਕੱਜ । ਨਿਹਕਲੰਕ ਜਾਮਾ ਪਾਇਆ, ਪ੍ਰਗਟ ਹੋਏ ਕਲ ਕਿ ਅੱਜ । ਗੁਰਸਿਖ ਸਾਚੇ ਸੰਤ ਜਨਾਂ ਵਿਚ ਮਾਤ ਜਨਮ ਦਵਾਇਆ, ਸਚ ਦਵਾਰੇ ਰਹੇ ਸੱਜ । ਸਾਚਾ ਹੁਕਮ ਏਕਾ ਇਕ ਸੁਣਾਇਆ, ਮੈਂ ਰੱਖਣ ਆਇਆ ਤੁਹਾਡੀ ਲਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਜਗਾਈ, ਅੰਮ੍ਰਿਤ ਪੀਓ ਵਿਚ ਜਾ ਕੇ ਮਾਤ ਰੱਜ । ਕਰੋੜ ਤੇਤੀਸ ਚੜ੍ਹੇ ਚਾਅ । ਸਿੰਘ ਮਨਜੀਤ ਤੇਰੇ ਅੱਗੇ ਦੇਵਣ ਸੀਸ ਝੁਕਾ । ਦੱਸੀਂ ਸਾਚੀ ਰੀਤ ਅਸੀਂ ਜਾਈਏ ਕਿਹੜੇ ਥਾਂ । ਕਿਹੜਾ ਗਾਈਏ ਸੁਹਾਗੀ ਗੀਤ, ਕਿਹੜੀ ਬਣਾਈਏ ਜਾ ਕੇ ਮਾਂ । ਕਿਹੜਾ ਪਰਖੇ ਨੀਤ, ਕਿਹੜਾ ਦੇਵੇ ਠੰਡੀ ਛਾਂ । ਅਸੀਂ ਆਪਣਾ ਆਪ ਲਈਏ ਜੀਤ, ਦੱਸੀ ਸੱਚੀ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਪੁਰੀ ਘਨਕ ਭਾਗ ਲਗਾਇਆ, ਸੰਬਲ ਦੇਸ ਨਾਮ ਰਖਾਇਆ, ਅੱਗੋਂ ਪਕੜੇ ਤੁਹਾਡੀ ਬਾਂਹ । ਕਰੋੜ ਤੇਤੀਸ ਕਰਨ ਵਿਚਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਜਨਮ ਦਵਾ ਵਿਚ ਸੰਸਾਰ । ਸਾਚੇ ਸੰਤ ਆਪ ਬਣਾ ਖਿਚ ਲਿਆ ਸਚ ਦਰਬਾਰ । ਆਪਣੀ ਸੇਵ ਆਪ ਲਗਾ, ਕਰ ਸੱਚਾ ਇਕ ਪਿਆਰ । ਅੰਮ੍ਰਿਤ ਮੁਖ ਇਕ ਚੁਆ, ਹੋਈਏ ਠੰਡੇ ਠਾਰ । ਦਰਗਹਿ ਸਾਚੀ ਦਾ ਦਰ ਆਪਣੀਂ ਹੱਥੀਂ ਆਪ ਖੁਲ੍ਹਾ, ਕਰੀਏ ਏਥੇ ਸਚ ਬਹਾਰ । ਅੰਤਮ ਜੋਤੀ ਜੋਤ ਮਿਲਾ, ਤਿੰਨਾਂ ਲੋਕਾਂ ਹੋਈਏ ਬਾਹਰ । ਇਕੋ ਗੋਤੀ ਗੁਰਸਿਖ ਮਾਣਕ ਮੋਤੀ ਸਭਨਾਂ ਮਿਲਦਾ ਸੱਚਾ ਥਾਂ, ਕਰੋੜ ਤੇਤੀਸ ਕਰਨ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਪੰਚਮ ਜੇਠ ਸ਼ਿਵ ਸ਼ੰਕਰ ਪੁਰੀ ਸ਼ਿਵ ਹਰਿ ਭੇਵ ਖੁਲ੍ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ । ਬ੍ਰਹਮਾ ਤੈਨੂੰ ਵੇਖੇ ਜਿਹੜੇ ਵਸੇ ਇਕ ਚੁਬਾਰੇ, ਚੰਦ ਸੂਰਜ ਹਰਿ ਪਾਵੇ ਸਾਰ । ਸਤਿ ਸ਼ਬਦੀ ਜੋ ਅਸਵਾਰ । ਸੱਤ ਵਾਰਾਂ ਬੰਨ੍ਹੇ ਲੇਖਾ, ਐਤ ਸੋਮ ਮੰਗਲ ਕਿਉਂ ਬਣਾਏ ਵਿਚ ਸੰਸਾਰ । ਬੇਮੁਖਾਂ ਅੰਤਮ ਪਾਏ ਸੰਗਲ, ਗੁਰਮੁਖਾਂ ਕਰੇ ਆਤਮ ਸ਼ੁੱਧ, ਚਲੇ ਸ਼ਬਦ ਤੀਰ, ਬੇਮੁਖ ਹੱਥ ਨਾ ਆਵੇ, ਨਾ ਕੋਈ ਪਾਵੇ ਸਾਰ । ਲੁਕਿਆ ਕੋਈ ਨਾ ਰਹੇ ਦੱਖਣ ਪੱਛਮ ਪੂਰਬ ਉੱਤਰ, ਪ੍ਰਭ ਮਾਰੇ ਸ਼ਬਦ ਮਾਰ । ਬੁਧ ਵੀਰ ਸ਼ੁੱਕਰ ਹਰਿ ਕਰੇ ਵਿਚਾਰ । ਛੰਨ ਛਨਿੱਚਰਵਾਰ ਬੇਮੁਖਾਂ ਲੱਗੀ ਤਨ ਅਗਨ, ਹੋਏ ਜੀਵ ਗਵਾਰ । ਪ੍ਰਭ ਅੰਤਮ ਕਰੇ ਸੱਚਾ ਲੇਖ ਲਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹੋਏ ਸੇਵਾਦਾਰ । ਸੱਚੀ ਸੇਵਾ ਆਪ ਕਮਾਏ । ਦੇਵੀ ਦੇਵ ਹਰਿ ਰਘੁਰਾਏ । ਕਲਜੁਗ ਅੰਧੇਰੀ ਰਾਤ ਕੁਲੱਖਣੀ ਨਾਰ ਵਡ ਕਮਜਾਤ, ਨਾ ਕੋਈ ਸਾਰ ਪਾਏ । ਨਾ ਕੋਈ ਜਾਣੇ ਭੈਣ ਭਰਾ ਪਿਤ ਮਾਤ, ਪ੍ਰਭ ਚਰਨ ਨਾ ਨਾਤਾ ਕੋਈ ਬੰਧਾਏ । ਗੁਰਮੁਖ ਦਿਸੇ ਇਕ ਇਕਾਂਤ, ਅੰਮ੍ਰਿਤ ਬੂੰਦ ਪਿਆਏ ਸਵਾਂਤ, ਆਪ ਖੁਲ੍ਹਾਏ ਆਤਮ ਤਾਕ, ਜੋਤ ਸਰੂਪੀ ਦਰਸ ਦਿਖਾਏ । ਸਾਚਾ ਨਾਤਾ ਜੋੜ ਜੁੜਾਇੰਦਾ । ਪੁਰਖ ਬਿਧਾਤਾ ਦਇਆ ਕਮਾਇੰਦਾ । ਕਲਜੁਗ ਅੰਧੇਰੀ ਰਾਤਾ, ਸਾਚਾ ਦੀਪਕ ਸ਼ਬਦ ਜਗਾਇੰਦਾ । ਆਪੇ ਬਣੇ ਪਿਤਾ ਮਾਤਾ, ਗੁਰਸਿਖ ਗੋਦੀ ਬਾਲ ਉਠਾਇੰਦਾ । ਦੇਵੇ


੧੦੪
੦੪

ਸ਼ਬਦ ਸੱਚੀ ਸੁਗਾਤਾ, ਆਤਮ ਝੋਲੀ ਹਰਿ ਭਰਾਇੰਦਾ । ਆਪ ਮਿਟਾਏ ਅੰਧੇਰੀ ਰਾਤਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦਇਆਨਿਧ ਕਰ ਜਾਏ ਕਾਰਜ ਸਿੱਧ, ਸਾਚੇ ਰਾਹੇ ਪਾਇੰਦਾ । ਪ੍ਰਭ ਕਾਰਜ ਕਰੇ ਪੂਰੇ । ਪ੍ਰਭ ਅਬਿਨਾਸ਼ੀ ਹਾਜ਼ਰ ਹਜ਼ੂਰੇ । ਸਭਨਾ ਚਿੰਤਾ ਕਰੇ ਦੂਰੇ । ਹੋਇਆ ਸਚ ਸੰਜੋਗ, ਦੇਵੇ ਨਾਮ ਰਸ ਸੱਚਾ ਭੋਗ, ਕਟੇ ਹਉਮੇ ਰੋਗ, ਉਤਰੇ ਸਗਲ ਵਸੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਦ ਵਸੇ ਨੇੜੇ, ਬੇਮੁਖਾਂ ਦਿਸੇ ਦੂਰ ਦੂਰੇ । ਦੂਰ ਦੁਰਾਡਾ ਦਿਸੇ ਸ਼ਾਹ । ਬੇਮੁਖ ਬੈਠੇ ਹਿੱਸੇ ਪਾ । ਅੰਤਮ ਵੇਲਾ ਕੋਈ ਨਾ ਜਾਣੇ, ਅੰਤਮ ਮਿਲਣਾ ਕਿਸੇ ਥਾਂ । ਜਗੇ ਜੋਤ ਇਕ ਭਗਵਾਨੇ, ਚਾਰ ਵਰਨ ਪਕੜੇ ਬਾਂਹ । ਸੋਹੰ ਸ਼ਬਦ ਦੇਵੇ ਦਾਨੇ, ਸਤਿਜੁਗ ਲਗਾਇਆ ਤੇਰੇ ਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚ ਨੀਚ ਨੀਚ ਊਚ, ਚਾਰ ਵਰਨ ਏਕਾ ਸਰਨ ਮਾਣੇ ਠੰਡੀ ਛਾਂ । ਚਾਰ ਵਰਨ ਇਕ ਦਵਾਰ । ਚਾਰ ਵਰਨ ਇਕ ਘਰ ਬਾਹਰ । ਚਾਰ ਵਰਨ ਇਕ ਨਿਰੰਕਾਰ । ਚਾਰ ਵਰਨ ਜੋਤ ਅਧਾਰ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦੇਵੇ ਚਰਨ ਪਿਆਰ । ਚਾਰ ਵਰਨ ਇਕੋ ਜਾਤੀ । ਇਕੋ ਪਿਤਾ ਇਕੋ ਮਾਤੀ । ਇਕੋ ਕਰੇ ਸਾਚਾ ਹਿੱਤਾ, ਨਿਤ ਨਵਿਤਾ, ਦੇਵੇ ਸੱਚੀ ਦਾਤੀ । ਮਾਨਸ ਜਨਮ ਗੁਰਸਿਖਾਂ ਜਿੱਤਾ, ਪ੍ਰਭ ਮਿਲਿਆ ਸਾਚਾ ਮਿਤਾ, ਊਚ ਨੀਚ ਨੀਚ ਊਚ ਅੰਤਮ ਕਲ ਪ੍ਰਭ ਸਾਚੇ ਇਕੋ ਕੀਤਾ, ਮਿਟਾਏ ਕਲਜੁਗ ਅੰਧੇਰੀ ਰਾਤੀ । ਰਾਓ ਰੰਕ ਸ਼ਾਹ ਸੁਲਤਾਨ ਏਕਾ ਸੱਚੇ ਕੀਤਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸ਼ਬਦ ਦਾਤੀ । ਹਰਿ ਸੱਚਾ ਕਰਮ ਕਮਾਇੰਦਾ । ਸੱਚਾ ਧਰਮ ਜਗਤ ਚਲਾਇੰਦਾ । ਪੰਚਮ ਜੇਠ ਨੀਂਹ ਰਖਾਇੰਦਾ । ਅੰਮ੍ਰਿਤ ਸਾਚਾ ਸੀਰ ਆਪ ਬਣਾਇੰਦਾ । ਗੁਰਮੁਖਾਂ ਦੇਵੇ ਧੀਰ ਮੁਖ ਚੁਆਇੰਦਾ । ਕਲਜੁਗ ਵੇਲਾ ਅੰਤ ਅਖ਼ੀਰ, ਦੇ ਮਤੀ ਹਰਿ ਸਮਝਾਇੰਦਾ । ਸ੍ਰਿਸ਼ਟ ਸਬਾਈ ਅੰਤਮ ਹੋਈ ਭੀੜ, ਨਾ ਕੋਈ ਕਿਸੇ ਛੁਡਾਇੰਦਾ । ਪ੍ਰਭ ਸ਼ਬਦ ਸਰੂਪੀ ਰਿਹਾ ਪੀੜ, ਹਰਿ ਭਾਂਡਾ ਭੰਨ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇੰਦਾ । ਪਹਿਲੀ ਦੇਵੇ ਅੰਮ੍ਰਿਤ ਧਾਰ । ਦੂਜਾ ਦੱਸੇ ਚਰਨ ਪਿਆਰ । ਤੀਜਾ ਵਸੇ ਆਤਮ ਘਰ ਨਰ ਨਿਰੰਕਾਰ । ਚੌਥੇ ਚੋਰਾਂ ਯਾਰਾਂ ਠੱਗਾਂ, ਕਰਦਾ ਰਹੇ ਖੁਆਰ । ਪੰਚਾਂ ਸਾਚੀਆਂ ਦੇਵੇ ਮਤਾਂ, ਰੱਖੇ ਪਤਾਂ, ਜਤਾ ਸਤਾ ਧੀਰਜ ਧਰੇ ਵਿਚ ਸੰਸਾਰ । ਛੇਵੇਂ ਆਇਆ ਪਾੜ ਗਗਨ ਦੀਆਂ ਛੱਤਾਂ, ਆਪੇ ਜਾਣੇ ਮਿਤਾਂ ਗਤਾਂ, ਸਰਬ ਰਿਹਾ ਕਰਮ ਵਿਚਾਰ । ਸੋਹੰ ਸ਼ਬਦ ਨਾਮ ਜਪਾਏ ਦੀਪਾਂ ਸੱਤਾਂ, ਏਕਾ ਇਕ ਰਖਾਏ ਸਾਚਾ ਤੱਤਾ, ਆਪ ਬੰਨ੍ਹੇ ਸਾਚੀ ਧਾਰ । ਅਠਵਾਂ ਅਠ ਸਠ ਤੀਰਥ ਵੇਖ, ਝੂਠਾ ਦਿਸੇ ਕਲਜੁਗ ਭੇਖ, ਲੱਗੀ ਰਹੇ ਨਾ ਕਿਤੇ ਮੇਖ, ਕਲਜੁਗ ਦਿੱਤੀ ਜੜ੍ਹ ਉਖਾੜ । ਨੌਵਾਂ ਨਿਰਗੁਣ ਰੂਪ ਪਛਾਣ । ਧਰੇ ਜੋਤ ਬਲੀ ਬਲਵਾਨ । ਜੋਤ ਸਰੂਪੀ ਦਿਸ ਨਾ ਆਏ, ਪਵਣ ਸਰੂਪੀ ਦੇਹ ਮਸਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਹਿ ਦਿਸ਼ ਆਪ ਵਿਚਾਰੇ, ਗੁਰਮੁਖਾਂ ਲੱਭੇ ਲਾਲ ਪਿਆਰੇ, ਖਿੱਚ ਲਿਆਏ ਚਰਨ ਦਵਾਰੇ । ਗੁਰ ਗੋਬਿੰਦ ਵਾਲੀ ਹਿੰਦ, ਪ੍ਰਗਟ ਹੋਇਆ ਵਿਚ ਸੰਸਾਰੇ । ਜੋਤ ਸਰੂਪੀ ਜਾਮਾ ਪਾਇਆ, ਆਪਣਾ ਭੇਵ ਆਪ ਛੁਪਾਇਆ, ਗੁਰਮੁਖਾਂ ਲਏ ਆਪ ਜਗਾਇਆ, ਦੇਵੇ ਅੰਤ ਸੱਚੀ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਵਸੇ ਦਸਮ ਦਵਾਰੇ । ਦਸਮ ਦਵਾਰ ਵੇਖ ਜੋਤੀ । ਗੁਰਮੁਖ ਪਛਾਣੇ ਵਿਚੋਂ ਕਲਜੁਗ, ਅੰਤਮ ਬੇਮੁਖ ਜੀਵਾਂ ਆਤਮ ਖੋਟੀ । ਅੰਤਮ ਵੇਲਾ ਕਲਜੁਗ ਆਇਆ, ਪ੍ਰਭ ਆਪ ਕਟਾਏ ਬੋਟੀ ਬੋਟੀ । ਬੇਮੁਖ



੧੦੫
੦੪

ਦਏ ਖਪਾਇਆ, ਕਿਸੇ ਹੱਥ ਨਾ ਆਵੇ ਦਾਣਾ ਅੰਨ ਰੋਟੀ । ਸਾਚਾ ਹਰਿ, ਗੁਰਮੁਖਾਂ ਦੇਣ ਆਇਆ ਵਰ, ਸਾਚਾ ਸ਼ਬਦ ਤਨ ਪਹਿਨਾਏ, ਸਾਧ ਸੰਤ ਅਠਸਠ ਤੀਰਥ ਲੱਭਦੇ ਉਤੇ, ਕੋਟਨ ਬੈਠੇ ਮੁੰਡ ਮੁੰਡਾਏ, ਤਨ ਖ਼ਾਕ ਲਗਾਏ, ਕੋਈ ਬੰਨ੍ਹੀ ਫਿਰਨ ਲੰਗੋਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਰਾਹ ਵਖਾਏ, ਪੂਰਾ ਹਰਿ, ਰਖੇ ਉਹਦੀ ਓਟੀ । ਏਕਾ ਰੱਖੇ ਓਟ । ਹਰਿ ਸ਼ਬਦ ਲਾਏ ਚੋਟ । ਘਰ ਕਦੇ ਨਾ ਆਵੇ ਤੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਮੁਖ ਚੁਆਏ, ਗੁਰਮੁਖਾਂ ਦੇਵੇ ਭਰ ਪੋਟ । ਅੰਮ੍ਰਿਤ ਤੇਰੀ ਧਾਰ ਨਿਰਾਲੀ । ਕਲਜੁਗ ਚਲਾਈ ਹਿੰਦ ਦੇ ਵਾਲੀ । ਗੁਰਮੁਖਾਂ ਬਣਤ ਬਣਾਈ ਜਗਾਈ ਜੋਤ ਅਕਾਲੀ । ਮਹਿੰਮਾ ਅਗਣਤ ਗਣੀ ਨਾ ਜਾਏ, ਚਾਰੋਂ ਤਰਫ ਰਹੇ ਭਾਲੀ । ਸਾਧ ਸੰਤ ਭੇਵ ਨਾ ਆਏ, ਜੋ ਮੰਗਦੇ ਝੂਠੀ ਮਾਇਆ ਵਿਚ ਦਲਾਲੀ । ਗੁਰਮੁਖ ਵਿਰਲਾ ਸਾਚਾ ਕੰਤ ਘਰ ਸਾਚੇ ਪਾਏ, ਦਰ ਆਏ ਦੋਏ ਜੋੜ ਬਣੇ ਸਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਗੁਰਮੁਖਾਂ ਰਖਵਾਲੀ । ਇਕ ਇਕੱਲਾ ਹਰਿ ਵਸਦਾ । ਦੂਜਾ ਰਾਹ ਸਤਿਜੁਗ ਸਾਚਾ ਦੱਸਦਾ । ਤੀਜਾ ਗੁਰਸਿਖ ਕੋਲੋਂ ਕਦੇ ਨਾ ਨੱਸਦਾ । ਚੌਥੇ ਹਿਰਦੇ ਅੰਦਰ ਆਪੇ ਵਸਦਾ । ਪੰਜਵੇਂ ਤੀਰ ਸ਼ਬਦ ਸਾਚਾ ਕਸਦਾ । ਛੇਵੇਂ ਛੇਵੇਂ ਘਰ ਵੇਖ, ਗੁਰਮੁਖ ਤੇਰੀ ਕਾਇਆ ਦੇ ਵਿਚ ਵਸਦਾ । ਸੱਤਵੇਂ ਦੇਵੇ ਸਤਿ ਉਪਦੇਸ਼ ਨਰ ਨਰੇਸ਼, ਗੁਰ ਸੰਗਤ ਦਵਾਰੇ ਆਏ ਹਾਸੇ ਹੱਸਦਾ । ਅਠਵਾਂ ਉਠ ਉਠ ਨੇਤਰ ਲਏ ਪੇਖ, ਚਾਰੋਂ ਤਰਫ ਹਰਿ ਜੀ ਲਏ ਵੇਖ, ਗੁਰਮੁਖ ਸਾਚਾ ਕਿਹੜੇ ਪਾਸੇ ਵਸਦਾ । ਨਾਵੇਂ ਨੌਂ ਨਿਧ ਗੁਰ ਦਰ ਪ੍ਰਵਾਨਾ । ਆਉਣਾ ਬਣ ਹੋ ਨਿਧਾਨ ਨਿਮਾਣਾ । ਪ੍ਰਭ ਅਬਿਨਾਸ਼ੀ ਕਿਰਪਾ ਕਰੇ ਗੁਰਮੁਖਾਂ ਝੋਲੀ ਭਰਾਨਾ । ਦਸਵੇਂ ਦਿਵਸ ਰਾਤ ਰਾਤ ਦਿਵਸ ਹਰਿ ਵਿਚਾਰੇ । ਦਸ ਮਾਸ ਗਰਭ ਵਾਸ, ਉਲਟਾ ਸਵਾਸ ਨਰ ਨਰਾਇਣ ਰਸਨ ਪੁਕਾਰੇ । ਹੋਇਆ ਰਹੇ ਦਾਸ, ਨਾ ਮਿਲੇ ਸੁਖ ਗਰਭਵਾਸ, ਏਕਾ ਅੰਮ੍ਰਿਤ ਬੁਝਾਏ ਸੱਚੀ ਰਾਸ । ਕਰੇ ਜੀਵ ਪੁਕਾਰੇ । ਬਾਹਰ ਆਇਆ ਰਸਨਾ ਲਾਏ ਮਦਿਰਾ ਮਾਸ, ਮਾਨਸ ਜਨਮ ਗਵਾਇਆ । ਕਲਜੁਗ ਝੂਠੇ ਕੀਨਾ ਵਾਸ, ਪੂਰਾ ਹਰਿ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਬੰਦ ਖਲਾਸ, ਅੰਮ੍ਰਿਤ ਸਾਚਾ ਦੇਵੇ ਮੁਖ ਚਵਾਇਆ । ਸਿਰ ਰੱਖੇ ਦੇ ਕਰ ਹਾਥ, ਚਰਨ ਲਿਆਇੰਦਾ । ਸਿਰ ਰੱਖੇ ਦੇ ਕਰ ਹਾਥ, ਮਾਤਲੋਕ ਦਇਆ ਕਮਾਇੰਦਾ । ਸਿਰ ਰੱਖੇ ਦੇ ਕਰ ਹਾਥ, ਸਾਚਾ ਸ਼ਬਦ ਜਾਮ ਹਰਿ ਏਕਾ ਆਪ ਪਿਲਾਇੰਦਾ । ਸਿਰ ਰੱਖੇ ਦੇ ਕਰ ਹਾਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਾਮ ਆਪ ਕਰਾਇੰਦਾ । ਸਿਰ ਰੱਖੇ ਦੇ ਕਰ ਹਾਥ, ਜਿਸ ਕਰਾਇਆ ਸਾਚਾ ਮੇਲੜਾ । ਸਿਰ ਰੱਖੇ ਦੇ ਕਰ ਹੱਥ, ਬਣੇ ਸੱਜਣ ਸੁਹੇਲੜਾ । ਸਿਰ ਰੱਖੇ ਦੇ ਕਰ ਹੱਥ, ਆਪ ਸੁਹਾਏ ਅੰਤਮ ਵੇਲੜਾ । ਸਿਰ ਰੱਖੇ ਦੇ ਕਰ ਹੱਥ, ਗੁਰਮੁਖਾਂ ਧਾਮ ਬਹਾਏ ਜਿਥੇ ਵਸੇ ਇਕ ਇਕੇਲੜਾ । ਸਿਰ ਰੱਖੇ ਦੇ ਕਰ ਹੱਥ, ਆਤਮ ਚਾਨਣਾ । ਸਿਰ ਰੱਖੇ ਦੇ ਕਰ ਹੱਥ, ਦੇਵੇ ਸ਼ਬਦ ਸੱਚਾ ਗਿਆਨਣਾ । ਸਿਰ ਰੱਖੇ ਦੇ ਕਰ ਹੱਥ, ਕਰੇ ਪ੍ਰਕਾਸ਼ ਕੋਟਨ ਭਾਨਨਾ । ਸਿਰ ਰੱਖੇ ਦੇ ਕਰ ਹੱਥ, ਗੁਰਮੁਖ ਸਾਚਾ ਵਿਚ ਮਾਤ ਹਰਿ ਆਪ ਪਛਾਨਣਾ । ਸਿਰ ਰੱਖੇ ਦੇ ਕਰ ਹੱਥ, ਲਾਏ ਨਾਮ ਸੱਚਾ ਬਾਨਣਾ । ਸਿਰ ਰੱਖੇ ਦੇ ਕਰ ਹੱਥ, ਗੁਣਵੰਤ ਗੁਣੀ ਨਿਧਾਨਣਾ । ਸਿਰ ਰੱਖੇ ਦੇ ਕਰ ਹੱਥ, ਝੋਲੀ ਪਾਏ ਸੋਹੰ ਸਾਚੀ ਵਥ ਸ਼ਬਦ ਮਹਾਨਣਾ । ਸਿਰ ਰੱਖੇ ਦੇ ਕਰ ਹੱਥ, ਸਗਲ ਵਸੂਰੇ ਜਾਇਣ ਲੱਥ, ਕਲਜੁਗ ਦੁੱਖੜੇ ਜਾਇਣ ਲੱਥ, ਆਪ ਚੜ੍ਹਾਏ ਸ਼ਬਦ ਬਬਾਨਣਾ । ਸਿਰ ਰੱਖੇ ਦੇ ਕਰ ਹੱਥ, ਸੋਹੰ ਸ਼ਬਦ ਚਲਾਏ ਸੱਚੀ

੧੦੭
੦੪

ਗੱਥ, ਗੁਰਮੁਖ ਚੜ੍ਹਾਏ ਸੱਚੇ ਰਥ, ਆਪ ਚਲਾਏ ਵਡ ਬਲੀ ਬਲਵਾਨਣਾ । ਬੇਮੁਖਾਂ ਪਾਏ ਨੱਥ, ਅੰਤਮ ਕਲਜੁਗ ਨੱਠ, ਸ੍ਰਿਸ਼ਟ ਸਬਾਈ ਹੋਈ ਭੱਠ, ਮਾਰੇ ਸ਼ਬਦ ਬਾਣ ਸ੍ਰੀ ਹਰਿ ਭਗਵਾਨਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਸਾਚੇ ਜਾਨਣਾ । ਸਿਰ ਰੱਖੇ ਦੇ ਕਰ ਹੱਥ, ਬਣਤ ਬਣਾਇੰਦਾ । ਸਿਰ ਰੱਖੇ ਦੇ ਕਰ ਹੱਥ, ਮਾਨਸ ਜਨਮ ਲੇਖੇ ਲਾਇੰਦਾ । ਸਿਰ ਰੱਖੇ ਦੇ ਕਰ ਹੱਥ, ਭਰਮ ਭੁਲੇਖੇ ਸਰਬ ਗਵਾਇੰਦਾ । ਸਿਰ ਰੱਖੇ ਦੇ ਕਰ ਹੱਥ, ਗੁਰਮੁਖ ਅੰਤਮ ਚੜ੍ਹਿਆ ਰਥ, ਸਾਚੇ ਰਾਹੇ ਆਪੇ ਪਾਇੰਦਾ । ਸਿਰ ਰੱਖੇ ਦੇ ਕਰ ਹੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਤਿਜੁਗ ਸਾਚੇ ਤੇਰੇ ਨਾਲ ਰਖਾਇੰਦਾ । ਸਤਿਜੁਗ ਸਾਚੇ ਉਠ ਲਲਕਾਰ । ਕਲਜੁਗ ਹੋ ਜਾਏ ਘਰ ਤੇਰੇ ਵਿਚੋਂ ਬਾਹਰ । ਗੁਰਮੁਖਾਂ ਦੇਵੇ ਸਾਚਾ ਵਰ, ਸੋਹੰ ਸ਼ਬਦ ਅਪਾਰ । ਸਤਿਜੁਗ ਸਾਚਾ ਉਠੇ , ਪ੍ਰਭ ਗੁਰਮੁਖ ਕਰੇ ਇਕੱਠੇ ਮੁੱਠ, ਪਾਵੇ ਸਾਚੀ ਸਾਰ । ਬੇਮੁਖ ਗਏ ਦਰ ਤੋਂ ਰੁੱਠ, ਪ੍ਰਭ ਆਪ ਟਿਕਾਏ ਧਰਮ ਰਾਏ ਘਰ ਪੁੱਠ, ਨਾ ਹੋਏ ਕੋਈ ਸਹਾਰ । ਸਤਿਜੁਗ ਸਾਚੇ ਪ੍ਰਭ ਅਬਿਨਾਸ਼ੀ ਗਿਆ ਤੁਠ, ਜਨ ਭਗਤ ਉਪਜਾਏ ਕਲਜੁਗ ਅੰਤਮ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਖੁਲ੍ਹਾਏ ਸੱਚਾ ਸਚ ਦਰਬਾਰ । ਸਚ ਦਰਬਾਰਾ ਆਪ ਖੁਲ੍ਹਾਇੰਦਾ । ਨੀਚ ਊਚ ਏਕਾ ਘਰ ਬਹਾਇੰਦਾ । ਏਕਾ ਰੱਖੇ ਪੱਲਾ ਭਾਰਾ, ਸਦਾ ਸਦਾ ਸਦਾ ਰਖਾਇੰਦਾ । ਦੂਜਾ ਚਲਾਏ ਸ਼ਬਦ ਅਪਾਰਾ, ਗੋਰਖ ਟਿੱਲਾ ਆਪ ਹਿਲਾਇੰਦਾ । ਚੌਥੇ ਮਾਰੇ ਬੂਰਾ ਕੱਕਾ ਬਿੱਲਾ, ਹਰਿ ਆਪਣੀ ਖੇਲ ਉਪਾਇੰਦਾ । ਪੰਜਵੇਂ ਵੇਖੇ ਕੱਚਾ ਪਿੱਲਾ, ਫੜ ਫੜ ਆਪਣੀ ਹੱਥੀਂ ਢਾਹਿੰਦਾ । ਛੇਵੇਂ ਕਰ ਪੁਣ ਛਾਣ, ਗੁਰਮੁਖ ਸਾਚੇ ਫੜ ਫੜ ਬਾਹੋਂ ਵਿਚੋਂ ਆਪੇ ਬਾਹਰ ਲਿਆਇੰਦਾ । ਗੁਰਮੁਖ ਸਾਚੇ ਵੇਖ ਸਤਿਗੁਰ ਫੜਾਏ ਲੜ, ਬੇਮੁਖ ਜੂਠੇ ਝੂਠੇ ਮਰਨ ਲੜ ਲੜ ਨਾ ਕੋਈ ਛੁਡਾਇੰਦਾ । ਅਠਵੇਂ ਅਠ ਦਸ ਅਠਾਰਾਂ, ਗਿਆ ਵੇਲਾ ਚਾਰ ਯਾਰਾਂ, ਨਾ ਰਹੀਆਂ ਕਲ ਬਹਾਰਾਂ, ਸਤਿਜੁਗ ਤੇਰੀ ਖਿੜੀ ਸੱਚੀ ਗੁਲਜ਼ਾਰਾ, ਪ੍ਰਭ ਸਾਚੇ ਮਾਤ ਲਗਾਈਆ । ਨਾਵੇਂ ਨਿਵ ਨਿਵ ਝਾਤੀਆਂ ਮਾਰੇ । ਬ੍ਰਹਮਾ ਬੈਠਾ ਉਤੇ ਚੁਬਾਰੇ । ਨਿਹਕਲੰਕ ਕਲ ਜਾਮਾ ਧਾਰੇ । ਮੇਰੀ ਪਾਵੇ ਅੰਤਮ ਸਾਰੇ । ਇਕ ਉਪਜਾਵੇ ਆਪਣਾ ਸੱਚਾ ਲਾਲ ਦੁਲਾਰੇ । ਕਲਜੁਗ ਅੰਤਮ ਅੰਤ ਖਿੱਚ ਬਹਾਏ ਚਰਨ ਦਵਾਰੇ । ਸੱਚਾ ਦੇਵੇ ਮਾਣ ਤਾਣ, ਮੈਨੂੰ ਕੱਢੇ ਬਾਹਰੇ । ਚੁੱਕੇ ਕਲਜੁਗ ਅੰਤਮ ਕਾਣ ਪ੍ਰਭ, ਬ੍ਰਹਮਾ ਹਰਿ ਜੀ ਰਿਹਾ ਪਛਾਣੇ । ਚਾਰੇ ਮੁਖ ਜਿਸ ਚਾਰੇ ਵੇਦ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਕਾਂ ਆਪ ਉਲਟਾਏ, ਨਿਹਕਲੰਕੀ ਜਾਮਾ ਪਾਏ । ਗੁਰਮੁਖ ਸਾਚੇ ਮਾਤ ਪੁਕਾਰਦੇ । ਬੇੜਾ ਅੰਤਮ ਪਾਰ ਉਤਾਰਦੇ । ਪ੍ਰਗਟ ਜੋਤ ਦੇਵੇ ਦਰਸ ਕਲਗੀ ਧਰ, ਅੱਠੇ ਪਹਿਰ ਦਿਵਸ ਰਹਿਣ ਗੁਰਮੁਖ ਚਿਤਾਰਦੇ । ਕਲਜੁਗ ਡੁਬਦਾ ਜਾਏ ਚਲਦੇ ਵਹਿਣ, ਗੁਰਮੁਖਾਂ ਖੁਲ੍ਹੇ ਰਹਿਣ ਨੈਣ, ਵਿਛੜ ਜਾਣ ਭਾਈ ਭੈਣ, ਕਰ ਕਿਰਪਾ ਸ਼ਬਦ ਅਧਾਰ ਦੇ । ਗੁਰਮੁਖ ਸਾਚੇ ਸੰਤ ਜਨ ਭਾਣਾ ਸਾਚਾ ਸਹਿੰਦੇ, ਰਸਨਾ ਕਹਿੰਦੇ ਪ੍ਰਗਟ ਹੋ ਗੁਰ ਗੋਬਿੰਦ ਗੋਬਿੰਦ ਗੁਰ ਗੋਪਾਲ ਦਰ ਭਗਤ ਉਧਾਰ ਦੇ । ਜੋਤੀ ਜੋਤ ਸਰੂਪ ਹਰਿ, ਸੁਣੀਏ ਏਕਾ ਬੈਠਾ ਸਾਚੇ ਘਰ, ਨਿਹਕਲੰਕ ਵਿਚ ਮਾਤ ਜੋਤ ਅਕਾਰ ਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸ਼ਬਦ ਸੱਚੀ ਦਾਤ, ਧੁਰਦਰਗਾਹੀ ਇਕ ਸੁਗਾਤ, ਜਨ ਭਗਤਾਂ ਵਿਚ ਸੰਸਾਰ ਦੇ । ਗੁਰਮੁਖ ਸਾਚਾ ਸੰਤ ਪੁਕਾਰਿਆ । ਕਲਜੁਗ ਵੇਲਾ ਅੰਤ ਨੇੜੇ ਆ ਰਿਹਾ । ਲਿਖਿਆ ਲੇਖ ਸਤਿਗੁਰ, ਗੁਰਮੁਖ ਤੇਰੇ ਹਿਰਦੇ ਵਿਚ ਸਮਾ ਰਿਹਾ । ਜਪਿਆ ਨਾਮ

੧੦੭
੦੪

ਇਕੋ ਸ਼ਬਦ, ਜੋਤੀ ਦੀਪਕ ਏਕਾ ਆਪ ਜਗਾ ਰਿਹਾ । ਮਿਲਿਆ ਮੇਲ ਲਿਖਿਆ ਧੁਰ, ਸਾਚਾ ਲੇਖ ਆਪ ਲਿਖਾ ਰਿਹਾ । ਪ੍ਰਭ ਅਬਿਨਾਸ਼ੀ ਚਰਨ ਪ੍ਰੀਤੀ ਜਾਏ ਜੁੜ, ਮਾਨਸ ਜਨਮ ਲੇਖੇ ਲਾ ਰਿਹਾ । ਸਚ ਘਰ ਸੱਚਾ ਦਰਬਾਰ, ਨਿਹਕਲੰਕ ਨਰ ਅਵਤਾਰ ਕੋਈ ਖਾਲੀ ਨਾ ਜਾਏ ਮੁੜ, ਪ੍ਰਭ ਆਤਮ ਭੰਡਾਰੇ ਸਰਬ ਭਰਾ ਰਿਹਾ । ਏਕਾ ਚੜ੍ਹਿਆ ਫਿਰਦਾ ਸ਼ਬਦ ਘੋੜ ਪੰਚਮ ਜੇਠ ਵਾਗਾਂ ਮੋੜ, ਵਿਚ ਮਾਤ ਆ ਰਿਹਾ । ਆਪ ਮਿਟਾਏ ਵਡ ਵਡ ਸੇਠ, ਗਰੀਬ ਨਿਮਾਣਿਆਂ ਗਲੇ ਲਗਾ ਰਿਹਾ । ਕਲਜੁਗ ਜੀਵ ਕੌੜੇ ਰੇਠ, ਪ੍ਰਭ ਪੈਰਾਂ ਨਾਲ ਭੰਨਾ ਰਿਹਾ । ਗੁਰ ਰੰਗੇ ਆਪਣੀ ਕਾਇਆ ਫੜ, ਲੜ ਆਪਣੇ ਨਾਲ ਬੰਨ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਤੇਰਾ ਤੰਗ ਆਪਣੀ ਹੱਥੀਂ ਕਸਾ ਰਿਹਾ । ਚਿੱਟੇ ਅਸਵ ਕਸਿਆ ਤੰਗ । ਗੁਰਮੁਖਾਂ ਕਰ ਪੁਕਾਰ, ਹਰਿ ਦਵਾਰ ਮੰਗੀ ਸੱਚੀ ਮੰਗ । ਪ੍ਰਭ ਆਪਣਾ ਕਰ ਤਨ ਸ਼ਿੰਗਾਰ, ਹੱਥ ਫੜ ਸ਼ਬਦ ਕਟਾਰ, ਉਤੇ ਹੋਣ ਲੱਗਾ ਅਸਵਾਰ, ਚਾਰ ਕੁੰਟ ਲਗਾਏ ਜੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ ਉਲਟੀ ਵਹਾਏ ਗੰਗ । ਕਸੇ ਤੰਗ ਹਰਿ ਸਾਚੇ ਘੋੜਾ । ਪੈਰੀਂ ਪਾਉਣ ਨਾ ਦੇਵੇ ਕਿਸੇ ਜੋੜਾ । ਪੰਚਮ ਜੇਠ ਧੁਰਦਰਗਾਹੀ ਸਾਚਾ ਮਾਹੀ, ਸਿਰ ਲਗਾਉਣ ਵਾਲਾ ਤੋੜਾ । ਗੁਰ ਗੋਬਿੰਦ ਭਾਗ ਲਗਾਏ ਵਿਚ ਮਾਤ ਹਿੰਦ, ਸਚਖੰਡ ਨਿਵਾਸੀ ਪੰਚਮ ਜੇਠ ਆਏ ਦੌੜਾ । ਪਹਿਲਾ ਕਰਮ ਹਰਿ ਆਪ ਕਮਾਏ, ਅਸਵ ਹੋ ਅਸਵਾਰ ਦਿਖਾਏ, ਸ਼ਬਦ ਹੱਥ ਕਟਾਰ ਉਠਾਏ, ਤਿੱਖੀਆਂ ਧਾਰਾਂ ਦੋ ਰਖਾਏ, ਸੱਚੇ ਘੋੜੇ ਵਾਗ ਉਠਾਏ, ਅਗਲੇ ਸੁੰਮ ਉਪਰ ਉਠਾਏ,

੧੦੮ ਕਲਜੁਗ ਤੇਰੇ ਅੰਤਮ ਲੇਖ ਲਿਖਾਏ, ਮਾਰੇ ਸਿਰ ਵਿਚ ਪੌੜਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਮ ੧੦੮

੦੪ ਗੁਰ ਗੋਬਿੰਦ ਗੋਬਿੰਦ ਗੁਰ ਗੁਰਮੁਖਾਂ ਆਏ ਬਹੁੜਾ । ਕੱਚਾ ਤੰਦ ਸ਼ਬਦ ਡੋਰੀ । ਬੰਨ੍ਹੇ ਬੰਦ ਬੰਦ, ਵਸ ਕਰੇ ਸਚ ਜੋਰੀ । ਦਿਖਾਏ ਨਿਜਾਨੰਦ, ੦੪

ਨਾਲ ਜਾਏ ਹੌਲੀ ਹੌਲੀ ਤੋਰੀ । ਜੋ ਜਨ ਮਦਿਰਾ ਮਾਸ ਲਾਇਣ ਬੱਤੀ ਦੰਦ, ਪ੍ਰਭ ਪਾਏ ਨਰਕ ਘੋਰੀ । ਗੁਰਮੁਖ ਆਤਮ ਹੋਏ ਨਾ ਅੰਧ, ਢਹਿ ਜਾਏ ਭਰਮਾਂ ਕੰਧ, ਨਾ ਪਾਇਣ ਪੰਜ ਕੋਲ ਸ਼ੋਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ, ਆਪਣੇ ਹੱਥ ਰਖਾਏ ਡੋਰੀ । ਦੇਵੇ ਹਾਰ ਤਨ ਸ਼ਿੰਗਾਰ । ਕਿਰਪਾ ਕਰ ਅਪਰ ਅਪਾਰ । ਏਕਾ ਫਲ ਇਹਦਾ ਕੋਈ ਨਾ ਪਾਏ ਮੁੱਲ, ਨਾ ਤੁਲ ਸਕੇ ਕਿਸੇ ਤੁਲ, ਗੁਰਮੁਖਾਂ ਦਰ ਸਚ ਰਹੇ ਪਿਆਰ । ਗੁਰਮੁਖ ਕੀਆ ਸੱਚਾ ਇਕ ਪਿਆਰ । ਇਕਾ ਹਾਰ ਕੀਆ ਤਿਆਰ । ਗੁਰ ਪੂਰੇ ਗਲ ਵਿਚ ਦਿਤਾ ਡਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਆਪਣੇ ਗਲੋਂ ਲਏ ਉਤਾਰ । ਪ੍ਰਭ ਅਬਿਨਾਸ਼ੀ ਦੇਵੇ ਤਾਰ । ਗੁਰਸਿਖਾਂ ਤਨ ਪਹਿਨਾਏ, ਕਰਾਏ ਸਤਿ ਸ਼ਿੰਗਾਰ । ਕਲਜੁਗ ਲੱਗੇ ਨਾ ਤੱਤੀ ਵਾ, ਕਰੇ ਕਾਇਆ ਠੰਡੀ ਠਾਰ । ਵੇਲੇ ਅੰਤਮ ਫੜੇ ਬਾਂਹ, ਨਾ ਡੋਬੇ ਅੱਧਵਿਚਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਚਾ ਸੁੱਚਾ ਇਕੋ ਇਕ ਦਰਬਾਰ । ਗੁਰਮੁਖ ਤੇਰੀ ਪਿਆਰੀ ਯਾਦ ਸੋਹਣਾ ਹਾਰ । ਸੱਚੇ ਦਰਬਾਰ ਕਰੇ ਨਿਰੰਕਾਰ । ਜਨ ਭਗਤਾਂ ਪਾਈ ਸਾਰ, ਹਰਿ ਨਿਰੰਕਾਰ । ਪਾਵੇ ਸਾਰ ਵਿਚ ਸੰਸਾਰ । ਦੇਵੇ ਮਾਣ ਆਦਿ ਜੁਗਾਦਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਸੋਹਣਾ ਸੱਚਾ ਹਾਰ, ਗੁਰਮੁਖ ਹਿਰਦਾ ਧੋਣਾ ਗਲ ਸੱਚੇ ਵਿਚ ਦੇਵੇ ਡਾਰ । ਹੋਵੇ ਤਨ ਸੁੱਕਾ ਹਰਿਆ । ਜੋ ਚਲ ਆਏ ਸਾਚੇ ਟਿੱਲਿਆ । ਪ੍ਰਭ ਦੇਵੇ ਸਾਚਾ ਭਰ ਸਚ ਭੰਡਾਰਾ, ਇਕੋ ਵਰਤਾਰਾ ਹਰਿ ਨਿਰੰਕਾਰਾ ਗੁਰਮੁਖਾਂ ਦਿਸੇ ਅੱਗੇ ਖੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ

੧੦੯
੦੪

ਦੇਵੇ ਸਾਚਾ ਦਾਨ ਹਰਿ ਮਿਹਰਵਾਨ ਅੰਮ੍ਰਿਤ ਭੰਡਾਰ ਸਾਚਾ ਭਰਿਆ । ਸਾਚੇ ਫੂਲ ਗੁਰਸਿਖ ਨਾ ਜਾਣਾ ਭੂਲ । ਚੁਕਾਉਣਾ ਪਿਛਲਾ ਮੂਲ । ਮਿਲਾਉਣਾ ਕੰਤ ਕੰਤੂਹਲ । ਸ਼ਬਦ ਪੰਘੂੜਾ ਲੈਣਾ ਝੂਲ । ਪ੍ਰਭ ਅਬਿਨਾਸ਼ੀ ਆਪ ਬਹਾਏ । ਗੁਰਸਿਖ ਉਠਾਏ ਫੂਲਾਂ ਥੱਲੇ ਸੇਜ ਵਿਛਾਏ । ਕਰੋੜ ਤੇਤੀਸ ਗਣ ਗੰਧਰਬ, ਉਤੋਂ ਰਿਹਾ ਆਪ ਵਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਆਪ ਬਹਾਏ ਜਿਸ ਦੀ ਨਾ ਕੋਈ ਪਾਵਾ ਨਾ ਕੋਈ ਚੂਲ । ਤਨ ਸ਼ਿੰਗਾਰ ਭਰਮ ਗਵਾਸੀ, ਜਿਸ ਤਨ ਲੱਗਾ ਸੱਚਾ ਹਾਰ । ਦੁੱਖੜਾ ਨਾਸੇ, ਪ੍ਰਭ ਦੇਵੇ ਸ਼ਬਦ ਅਧਾਰ । ਕਿਰਪਾ ਕਰ ਘਟ ਘਟ ਵਾਸੀ, ਦਰ ਆਏ ਜੋ ਨਰ ਨਾਰ ਗੁਰ ਚਰਨ ਕਰੇ ਪਿਆਰ । ਮਾਨਸ ਜਨਮ ਹੋਏ ਰਹਿਰਾਸੇ, ਮਾਨਸ ਜਨਮ ਨਾ ਪਾਵੇ ਦੂਜੀ ਵਾਰ । ਲੱਖ ਚੁਰਾਸੀ ਦੇਵੇ ਗੇੜ ਨਿਵਾਰ । ਖਿੱਚ ਲਿਆਵੇ ਸੱਚੇ ਸਚ ਦਰਬਾਰ । ਖੁਲ੍ਹੇ ਰੱਖੇ ਸਦ ਕਿਵਾੜ । ਗੁਰਮੁਖ ਸਾਚੇ ਸੰਤ, ਪ੍ਰਭ ਅੰਦਰ ਦੇਵੇ ਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੇ ਧਾਮ ਆਪ ਬਹਾਏ, ਛੱਤ ਗਗਨ ਦੀ ਪਾੜ । ਗੁਰਸਿਖ ਤੇਰਾ ਧਾਮ ਨਿਆਰਾ । ਜਿਥੇ ਵਸੇ ਹਰਿ ਨਿਰੰਕਾਰਾ । ਜੋਤ ਸਰੂਪੀ ਇਕ ਅਕਾਰਾ । ਸ਼ਬਦ ਸਰੂਪੀ ਸੱਚੀ ਧੁਨਕਾਰਾ । ਬਿਨ ਰੰਗ ਰੂਪੀ ਵਡਾ ਸ਼ਾਹ ਭੂਪੀ, ਅੱਠੇ ਪਹਿਰ ਏਕਾ ਜੋਤ ਜਗੇ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਥ ਆਪਣੇ ਰੱਖੇ ਡੋਰ, ਜਿਧਰ ਚਾਹੇ ਲਏ ਤੋਰ, ਕਲਜੁਗ ਹੋਇਆ ਅੰਧਘੋਰ, ਨਾ ਦਿਸੇ ਕੋਈ ਕਿਨਾਰਾ । ਵਡ ਭੰਡਾਰ ਹਰਿ ਨਿਰੰਕਾਰ ਦੇਵਣਹਾਰ । ਬੇਮੁਖਾਂ ਪਾਏ ਮਾਇਆ ਬੇਅੰਤ, ਕਲਜੁਗ ਅੰਤਮ ਰਹੇ ਝੱਖ ਮਾਰ । ਜੋਤ ਸਰੂਪੀ ਹਰਿ ਆਪੇ ਜਾਣੇ ਆਪਣੀ ਸਾਰ । ਜਗਤ ਧਾਰ ਹਰਿ ਨਿਰਾਲੀ । ਜਗਦੀ ਰਹੇ ਇਕੋ ਜੋਤ, ਨਰ ਨਰਾਇਣ ਇਕ ਅਕਾਲੀ । ਕਲਜੁਗ ਜੀਵ ਚਾਰੋਂ ਕੁੰਟ, ਭਾਂਡੇ ਦਿਸਣ ਕਾਇਆ ਖ਼ਾਲੀ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਸਾਚਾ ਫਲ ਲਗਾਏ ਆਤਮ ਸੱਚੀ ਡਾਲੀ, ਸਾਚਾ ਮਾਣ ਆਪ ਦਵਾਏ, ਗੁਰਮੁਖ ਸੱਚਾ ਆਪ ਉਠਾਏ ਦੇਵੇ ਮਸਤਕ ਸੱਚੀ ਲਾਲੀ । ਦਰ ਘਰ ਸਾਚੇ ਮਾਣ ਦਵਾਏ, ਸ਼ਬਦ ਬਬਾਣ ਆਪ ਬਿਠਾਏ ਨਾ ਮੰਗੇ ਕੋਈ ਦਲਾਲੀ । ਨਾ ਕੋਈ ਮੰਗੇ ਵਿਚ ਦਲਾਲ । ਗੁਰਮੁਖ ਸਾਚੇ ਆਪੇ ਲੱਭੇ ਅਨਮੁੱਲੇ ਲਾਲ । ਪ੍ਰਗਟ ਹੋਏ ਵਿਚ ਮਾਤ ਝੱਬੇ, ਸ਼ਬਦ ਘੋੜੇ ਉਤੇ ਮਾਰ ਛਾਲ । ਗੁਰ ਸੰਗਤ ਵਿਚ ਗੁਰ ਸਾਚਾ ਬੋਲੇ, ਗੁਰਮੁਖਾਂ ਹਰਿ ਆਤਮ ਜੋਤੀ ਦੇਵੇ ਬਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਕਟਣ ਆਇਆ ਅੰਤ ਜੰਜ਼ਾਲ । ਕਲਜੁਗ ਤੇਰਾ ਕਟ ਜੰਜ਼ਾਲ । ਸਤਿਜੁਗ ਸਾਚਾ ਹੋਏ ਹੱਟ, ਗੁਰਮੁਖ ਰੱਖੇ ਵਿਚ ਸਾਚੇ ਲਾਲ । ਤਨ ਪਹਿਨਾਏ ਸੋਹੰ ਸਾਚਾ ਪੱਟ, ਉਤੇ ਦੇਵੇ ਸ਼ਬਦ ਦੋਸ਼ਾਲ । ਜਗੇ ਜੋਤ ਕਾਇਆ ਮਟ, ਵਸੇ ਹਰਿ ਜੀ ਘਟ ਘਟ, ਆਪ ਨਿਵਾਰੇ ਅੰਮ੍ਰਿਤ ਸੁਹਾਏ ਸਾਚਾ ਤਾਲ । ਮਸਤਕ ਜੋਤੀ ਲਟ ਲਟ, ਮੇਟੀ ਜਾਏ ਕਾਇਆ ਫੱਟ, ਢਾਹੁੰਦਾ ਜਾਏ ਆਤਮ ਹੱਟ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚੀ ਜੋਤ ਜਗਾਏ, ਦੇਵੇ ਨਾਮ ਸੱਚਾ ਧਨ ਮਾਲ । ਜਗੇ ਜੋਤ ਅਪਰ ਅਪਾਰੀ । ਕਲਜੁਗ ਤੇਰੀ ਅੰਤਮ ਵਾਰੀ । ਨਿਹਕਲੰਕ ਨਰ ਅਵਤਾਰ, ਵੱਜੇ ਡੰਕ ਸ਼ਬਦ ਅਪਾਰੀ । ਰਾਓ ਰੰਕ ਆਇਣ ਚਰਨ ਦਵਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਘਰ ਦਏ ਬਹਾਰੀ । ਆਏ ਦਰ ਰਾਜਾ ਰਾਣਾ । ਬਣ ਜਾਏ ਗਰੀਬ ਨਿਮਾਣਾ । ਦੇਵੇ ਮਾਣ ਗੁਣ ਨਿਧਾਨਾ । ਰੱਖੇ ਆਣ ਵਿਚ ਜਹਾਨ, ਦੇਵੇ ਚਰਨ ਧਿਆਨਾ । ਸਰਬ ਜੀਆਂ ਹਰਿ ਜਾਣੀ ਜਾਣਾ । ਬਿਰਧ ਬਾਲ ਹਰਿ ਜਵਾਨਾ । ਸ੍ਰਿਸ਼ਟ ਸਬਾਈ ਕਰੇ ਪਛਾਣ, ਤੀਰ ਚਲਾਏ ਸੱਚਾ ਬਾਣਾ ।

ਸੱਚਾ ਰਾਣਾ ਹਰਿ ਸੁਲਤਾਨ । ਦੂਸਰ ਨਾ ਕੋਈ ਹੋਰ ਜਹਾਨ । ਨਿਹਕਲੰਕ ਵਡ ਬਲੀ ਬਲਵਾਨ । ਏਕਾ ਅੰਕ ਰਾਓ ਰੰਕ, ਚਰਨ ਡਿੱਗਣ ਆਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਏ, ਵੱਡੇ ਵਡ ਰਾਜ ਰਾਜਾਨ । ਹੱਥ ਨਾ ਆਏ ਰਾਜੇ ਰਾਣੇ । ਕਲਜੁਗ ਲੱਭਣ ਬੇਮੁਹਾਨੇ । ਗੁਰਮੁਖ ਸਾਚੇ ਗੁਰ ਦਰ ਸੱਜਣ, ਜੋ ਹੋਏ ਚਰਨ ਨਿਮਾਣੇ । ਆਪ ਕਰਾਏ ਸਾਚਾ ਮਜਨ, ਚਰਨ ਧੂੜ ਇਸ਼ਨਾਨੇ । ਸਾਚੇ ਤਾਲ ਦੋ ਹੱਥੀਂ ਵੱਜਣ, ਗੁਰਸਿਖ ਸਿੱਖ ਗੁਰ ਏਕਾ ਰੰਗ ਰੰਗਾਨੇ । ਬੇਮੁਖ ਦਰ ਤੋਂ ਭੱਜਣ, ਪਰਦੇ ਆਪਣੇ ਕੱਜਣ ਹੋਏ ਰਹੇ ਬੇਈਮਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸੋਹੰ ਸ਼ਬਦ ਨਾਮ ਨਿਧਾਨੇ । ਨਾਮ ਦਾਤ ਝੋਲੀ ਭਰਾਈਆ । ਗੁਰਮੁਖਾਂ ਮਿਲੇ ਸਚ ਸੁਗਾਤ, ਲਿਆਇਆ ਧੁਰਦਰਗਾਹੀਆ । ਨਾ ਕੋਈ ਪੁੱਛੇ ਜਾਤ ਪਾਤ, ਚਰਨ ਪ੍ਰੀਤੀ ਇਕ ਰਖਾਈਆ । ਆਪੇ ਪੁੱਛੇ ਸਭ ਦੀ ਵਾਤ, ਜਿਸ ਗੁਰਮੁਖ ਤੇਰੀ ਬਣਤ ਬਣਾਈਆ । ਇਕ ਬੰਨ੍ਹਾਏ ਚਰਨ ਨਾਤ, ਤੋੜ ਵਿਛੋੜ ਨਾ ਕੋਇ ਕਰਾਈਆ । ਸਤਿਜੁਗ ਚਲਾਏ ਸਾਚੀ ਗਾਥ, ਸੋਹੰ ਸ਼ਬਦ ਚਾਰ ਵਰਨ ਜਪਾਈਆ । ਸਾਚੇ ਲੇਖ ਲਿਖਾਵੇ ਵਿਚ ਮਾਤ, ਪ੍ਰਭ ਅਬਿਨਾਸ਼ੀ ਤ੍ਰੈਲੋਕੀ ਨਾਥ, ਗੁਰਮੁਖਾਂ ਦੇ ਵਡਿਆਈਆ । ਆਪ ਨਿਭਾਏ ਸਗਲਾ ਸਾਥ, ਸੋਹੰ ਸ਼ਬਦ ਚੜ੍ਹਾਏ ਸਾਚੇ ਰਾਥ, ਦਰਗਹਿ ਸਾਚੀ ਦਏ ਬਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਨੂਰ ਸੱਚੋ ਸਚ ਹਰਿ ਅਲਾਹੀਆ । ਇਕੋ ਨੂਰ ਹਰਿ ਨਿਰੰਕਾਰ ਹੈ । ਇਕੋ ਨੂਰ ਗਹਿਰ ਗੰਭੀਰ ਹੈ । ਇਕੋ ਨੂਰ ਤੇਰਾ ਕਲਜੁਗ ਅੰਤ ਅਖ਼ੀਰ ਹੈ । ਪ੍ਰਗਟ ਹੋਇਆ ਸਰਬ ਕਲਾ ਭਰਪੂਰ, ਬੇਮੁਖਾਂ
੧੧੦ ਕਰੇ ਚੂਰ ਹੈ । ਕਲਜੁਗ ਜੀਵਾਂ ਦਿਸੇ ਦੂਰ, ਗੁਰਮੁਖਾਂ ਹਾਜ਼ਰ ਹਜ਼ੂਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚੀ ਜੋਤੀ ਇਕੋ ਸੱਚਾ ੧੧੦
੦੪ ਨੂਰ ਹੈ । ਸੱਜਣ ਸੰਤ ਪਿਆਰੇ ਖ਼ੁਸ਼ੀ ਮਨਾਉਂਦੇ । ਬਣ ਸਚ ਦੁਲਾਰੇ ਵਿਚ ਸੰਸਾਰੇ, ਪ੍ਰਭ ਅਬਿਨਾਸ਼ੀ ਰਸਨ ਧਿਆਉਂਦੇ । ਜਗੇ ਜੋਤ ਕਾਇਆ ੦੪
ਮਹੱਲ ਮੁਨਾਰੇ, ਲਾਹੇ ਤਨ ਅਫਾਰੇ ਰੋਗ ਸੋਗ ਸਰਬ ਮਿਟਾਉਂਦੇ । ਜੋ ਜਨ ਸੱਚਾ ਨਾਮ ਧਨ ਮੰਗਣ ਆਏ ਦਵਾਰੇ, ਵਰ ਘਰ ਸੱਚਾ ਹਰਿ ਜੀ ਪਾਉਂਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਰਸਨਾ ਚਾਈਂ ਚਾਈਂ ਗਾਉਂਦੇ । ਰਸਨਾ ਗਾਇਣ ਹਰਿ ਨਰਾਇਣ । ਦੁੱਖਾਂ ਡੇਰਾ ਆਪਣਾ ਢਾਹਿਣ । ਹੋਏ ਅੰਤ ਨਬੇੜਾ ਚੁਕਾਏ ਲਹਿਣ ਦੇਣ । ਚੁੱਕੇ ਜਗਤ ਝੇੜਾ, ਦਰਸ ਪੇਖੇ ਸਾਚੇ ਨੈਣ । ਕਲਜੁਗ ਅੰਤਮ ਆਉਣ ਵਾਲਾ ਗੇੜਾ, ਘਰ ਘਰ ਪੈਣੇ ਵੈਣ । ਝੂਠਾ ਢਹਿਣ ਵਾਲਾ ਨਗਰ ਖੇੜਾ, ਨਾ ਸੁਰਤ ਸੰਭਾਲੇ ਕੋਈ ਭਾਈ ਭੈਣ । ਕਲਜੁਗ ਜੀਵਾਂ ਕਰੇ ਨਬੇੜਾ, ਮੌਤ ਲਾੜੀ ਦਰ ਖਲੋਤੀ ਵੇਖੇ ਡੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਤੇਰਾ ਭਾਣਾ ਸਿਰ ਆਪਣੇ ਤੇ ਸਹਿਣ । ਲਾੜੀ ਮੌਤ ਨੈਣ ਉਘਾੜੇ । ਚਾਰੋਂ ਤਰਫ ਉਠ ਉਠ ਵੇਖੇ ਪਰਖੇ ਚੰਗੇ ਮਾੜੇ । ਜੋ ਜਨ ਰਹੇ ਭਰਮ ਭੁਲੇਖੇ, ਕਰੀ ਜਾਏ ਕਲਜੁਗ ਅੰਤਮ ਦੋ ਫਾੜੇ । ਆਪ ਮਿਟਾਏ ਅੰਤਮ ਵੇਖੇ ਇਕੋ ਵਾਰ, ਕਟੇ ਕਲਜੁਗ ਤੇਰੀ ਫ਼ਸਲ ਹਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਤੇਰੇ ਕੱਚੇ ਫਲ ਸ਼ਬਦ ਡੰਡੇ ਨਾਲ ਝਾੜੇ । ਸ਼ਬਦ ਡੰਡਾ ਹਰਿ ਰਿਹਾ ਹੁਲਾਰ । ਪੰਚਮ ਜੇਠ ਦੇਵੇ ਮਾਰ । ਕਲਜੁਗ ਜੀਵ ਡਿੱਗਣ ਮੂੰਹ ਦੇ ਭਾਰ । ਉਪਰ ਪਾਏ ਹਰਿ ਜੀ ਭਾਰ । ਖੰਡਾ ਵੱਜੇ ਸੋਹੰ ਸੱਚੀ ਧਾਰ । ਬੇਮੁਖ ਥੱਲੇ ਰੋ ਰੋ ਪੁਕਾਰਨ, ਨਾ ਸੁਣੇ ਕੋਈ ਪੁਕਾਰ । ਕਲਜੁਗ ਜੀਵ ਹੋਏ ਹੰਕਾਰਨ, ਡੁੱਬੇ ਮੰਝਧਾਰ । ਸਤਿਜੁਗ ਪਾਏ ਸਾਚੀ ਸਾਰਨ, ਮਾਤ ਜਨਮ ਦਵਾਇਆ ਹਰਿ ਨਿਰੰਕਾਰ । ਸਤਿਜੁਗ ਸਾਚਾ ਵਡ ਬਲੀ ਬਲਕਾਰਨ,

ਕਲਜੁਗ ਉਤੇ ਹੋ ਬੈਠਾ ਅਸਵਾਰ । ਸਤਿਜੁਗ ਸਾਚਾ ਧੱਕੇ ਮਾਰੇ, ਕਲਜੁਗ ਹੋ ਜਾ ਲੋਕਮਾਤ ਵਿਚੋਂ ਬਾਹਰ । ਜੂਠੇ ਝੂਠੇ ਤੇਰੇ ਕੱਚੇ ਫਲ ਪ੍ਰਭ ਅਬਿਨਾਸ਼ੀ ਹੱਥੀਂ ਝਾੜੇ, ਰਹਿਣ ਨਾ ਦੇਵੇ ਡਾਲ । ਧਰਮ ਰਾਏ ਦੇ ਘਰ ਵਿਚ ਬਾਹੋਂ ਫੜ ਬਹਾਵੇ, ਨਾ ਲਏ ਕੋਈ ਸੁਰਤ ਸੰਭਾਲ । ਇਕ ਉਠਾਏ ਅਗੰਮੀ ਧਾੜੇ, ਜੋਤ ਸਰੂਪੀ ਤਿੰਨਾਂ ਲੋਕਾਂ ਮਾਰੇ ਇਕੋ ਛਾਲ । ਚਾਰੋਂ ਕੁੰਟ ਹੋਏ ਕਾੜ ਕਾੜੇ, ਨਾ ਝੱਲੇ ਕੋਈ ਝਾਲ । ਸ੍ਰਿਸ਼ਟ ਸਬਾਈ ਪ੍ਰਭ ਆਪ ਚਬਾਏ ਆਪਣੀ ਦਾੜ੍ਹੇ, ਗੁਰਮੁਖਾਂ ਰਿਹਾ ਆਪਣੀ ਹੱਥੀਂ ਪਾਲ । ਸ੍ਰਿਸ਼ਟ ਚਬਾਏ, ਬੇਮੁਖ ਖਪਾਏ, ਗੁਰਮੁਖ ਬਚਾਏ ਆਪਣੀ ਗੋਦ ਉਠਾਏ, ਹਿਰਦਾ ਦੇਵੇ ਸੋਧ ਸਾਚੀ ਜੋਤ ਜਗਾਏ, ਸ਼ਬਦ ਲਿਖਾਏ ਅਗਾਧ ਬੋਧ, ਕੁਰਾਨ ਅੰਜੀਲ ਖਾਣੀ ਬਾਣੀ ਵੇਦ ਪੁਰਾਨੀ ਕਿਤੋਂ ਹੱਥ ਨਾ ਆਏ । ਪ੍ਰਭ ਅਬਿਨਾਸ਼ੀ ਵਡ ਜੋਧਨ ਜੋਧਾ ਤੀਰ ਕਮਾਨ ਨਾ ਕੋਈ ਹੱਥ ਰਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ ਉਲਟੀ ਲਠ ਗਿੜਾਏ ।

## ✻ ੧੩ ਚੇਤ ੨੦੧੧ ਬਿਕ੍ਰਮੀ ਮੇਰਠ ਛਾਉਣੀ ਰੇਸ਼ਮ ਸਿੰਘ ਦੇ ਗ੍ਰਿਹਿ ✻

ਸਤਿਗੁਰ ਪੂਰਾ ਸਰਬ ਸੁਖਦਾਈਆ । ਸਤਿਗੁਰ ਪੂਰਾ, ਗੁਰਮੁਖਾਂ ਦੇਵੇ ਵਿਚ ਮਾਤ ਵਡਿਆਈਆ । ਸਤਿਗੁਰ ਪੂਰਾ ਮਿਟਾਏ ਆਤਮ ਸਗਲ ਵਸੂਰਾ, ਸਾਚੀ ਦੇਵੇ ਜੋਤ ਜਗਾਈਆ । ਸਤਿਗੁਰ ਪੂਰਾ ਏਕਾ ਸ਼ਬਦ ਦੇਵੇ ਅਨਹਦ ਸਾਚੀ ਤੂਰਾ, ਅਗਿਆਨ ਅੰਧੇਰ ਮਿਟਾਈਆ । ਜੋਤ ਸਰੂਪੀ ਜਾਮਾ ਧਾਰੇ ਵਡ ਦਾਤਾ ਵਡ ਸੂਰਾ, ਨਾ ਕੋਈ ਭੇਵ ਰਖਾਈਆ । ਸਤਿਗੁਰ ਪੂਰਾ ਜੋਤ ਸਰੂਪੀ ਇਕੋ ਨੂਰਾ, ਲੋਕਮਾਤ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਏਕਾ ਸ਼ਬਦ ਵਜਾਏ ਡੰਕ, ਫੜ ਫੜ ਉਠਾਏ ਰਾਓ ਰੰਕ, ਸ੍ਰਿਸ਼ਟ ਸਬਾਈ ਦਏ ਹਿਲਾਈਆ । ਰਾਓ ਰੰਕ ਹਰਿ ਉਠਾਉਣਾ । ਸ਼ਬਦ ਤੀਰ ਇਕ ਚਲਾਉਣਾ । ਚਾਰ ਕੁੰਟ ਹੋਏ ਵਹੀਰ, ਨਾ ਧੀਰ ਕਿਸੇ ਧਰਾਉਣਾ । ਆਪੇ ਲਾਹੇ ਕਲਜੁਗ ਤੇਰੇ ਅੰਤਮ ਚੀਰ, ਨਾ ਪਰਦਾ ਉਤੇ ਕਿਸੇ ਪਾਵਣਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਸਾਚੇ ਸੰਤ ਜਨਾਂ, ਅੰਤਮ ਕਲ ਆਪੇ ਹੋਏ ਜਾਮਨਾ । ਕਲਜੁਗ ਤੇਰਾ ਝੂਠ ਵਿਹਾਰਾ । ਦਰ ਸਾਚੇ ਗਿਆ ਰੁਠ, ਨਾ ਮਿਲਿਆ ਹਰਿ ਨਿਰੰਕਾਰਾ । ਏਕਾ ਫੜਿਆ ਠੂਠਾ ਝੂਠ, ਮੰਗਦਾ ਫਿਰੇ ਦਰ ਦਰ ਦਵਾਰਾ । ਜੋਤੀ ਜੋਤ ਸਰੂਪ ਹਰਿ, ਅੰਤਮ ਕਲ ਨਿਹਕਲੰਕ ਨਰਾਇਣ ਨਰ ਹਰਿ ਲਏ ਮਾਤ ਅਵਤਾਰਾ । ਨਿਹਕਲੰਕ ਕਲ ਜਾਮਾ ਧਾਰ । ਲੱਖ ਚੁਰਾਸੀ ਪਾਵੇ ਸਾਰ । ਗੁਰਮੁਖਾਂ ਕਰੇ ਬੰਦ ਖ਼ਲਾਸੀ, ਦੇਵੇ ਸ਼ਬਦ ਅਪਰ ਅਪਾਰ । ਮਾਨਸ ਜਨਮ ਕਰਾਏ ਰਹਿਰਾਸੀ, ਲੇਖਾ ਲਿਖੇ ਵਿਚ ਸੰਸਾਰ । ਆਤਮ ਲਾਹੇ ਜਗਤ ਉਦਾਸੀ, ਪਿਆਏ ਅੰਮ੍ਰਿਤ ਸਾਚੀ ਧਾਰ । ਪ੍ਰਗਟ ਹੋਏ ਘਨਕਪੁਰ ਵਾਸੀ, ਨਿਹਕਲੰਕ ਨਰਾਇਣ ਨਰ ਅਵਤਾਰ । ਸੋਹੰ ਸ਼ਬਦ ਜਪਾਏ ਸਵਾਸ ਸਵਾਸੀ, ਤਨ ਕਾਇਆ ਲਾਹੇ ਆਤਮ ਅਫਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਹਰਿ ਸੱਚਾ ਅਵਤਾਰ । ਹਰਿ ਸੱਚਾ ਅਵਤਾਰ ਚਰਨ ਬਲਹਾਰਿਆ । ਮਾਤ ਆਇਆ ਜਾਮਾ ਧਾਰ, ਨਾ ਕਿਸੇ ਵਿਚਾਰਿਆ । ਜਨ ਭਗਤਾਂ ਪਾਏ ਸਾਰ, ਆਏ ਚਲ ਦਵਾਰਿਆ । ਆਪ ਲੁਹਾਏ ਕਲਜੁਗ ਝੂਠਾ ਸਿਰ ਤੋਂ ਭਾਰ, ਸੋਹੰ ਸ਼ਬਦ ਤਨ ਸ਼ਿੰਗਾਰ ਪਹਿਨਾ ਰਿਹਾ । ਵੇਲਾ ਵਕਤ

ਮੁੱਕ ਜਾਏ ਚਾਰ ਯਾਰ, ਪੰਚਮ ਪੰਚਾਇਨ ਹਰਿ ਬਣਾਵੇ, ਸ੍ਰਿਸ਼ਟ ਸਬਾਈ ਹੋਏ ਖੁਆਰ ਦਰ ਦਰ ਰੋਵੇ ਨਰ ਨਾਰ, ਬਿਰਧਾਂ ਬਾਲਾਂ ਨਾ ਕੋਈ ਧੀਰ ਧਰਾਇੰਦਾ । ਇਕ ਉਠਾਏ ਹਰਿ ਸ਼ਬਦ ਕਟਾਰ, ਮਾਰੀ ਜਾਏ ਵਾਰੋ ਵਾਰ, ਬੇਮੁਖਾਂ ਸੁੱਟੀ ਜਾਏ ਮੂੰਹ ਦੇ ਭਾਰ, ਗੁਰਮੁਖਾਂ ਸੋਹੰ ਸ਼ਬਦ ਡੰਡੇ ਨਾਲ ਰਿਹਾ ਤਾੜ, ਸਾਚੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਗੁਰਮੁਖ ਵਿਰਲੇ ਸਾਚੇ ਸੰਤ, ਫੜ ਬਾਹੋਂ ਰਾਹੇ ਪਾਇੰਦਾ । ਸਾਚੇ ਰਾਹ ਜਾਣਾ ਲੱਗ, ਆਤਮ ਜੋਤੀ ਜਾਏ ਜਗ । ਦੁਰਮਤ ਮੈਲ ਜਾਏ ਧੋਤੀ, ਨਾ ਤੁੱਟੇ ਕਾਇਆ ਤਗ । ਆਪ ਉਠਾਏ ਗੁਰਮੁਖ ਤੇਰੀ ਆਤਮ ਸੋਤੀ, ਕਾਇਆ ਮਿਟਾਏ ਤ੍ਰਿਸ਼ਨਾ ਅੱਗ । ਏਕਾ ਦੇਵੇ ਨੂਰ ਜੋਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਬੇਮੁਖ ਪਛਾੜੇ ਆਪੇ ਪਰਖੇ ਚੰਗੇ ਮਾੜੇ, ਅਗਨ ਜੋਤ ਹਰਿ ਸਾਚਾ ਸਾੜੇ । ਲਾੜੀ ਮੌਤ ਲੱਖ ਚੁਰਾਸੀ ਮੰਗੇ ਲਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਬੇਮੁਖਾਂ ਸ਼ਬਦ ਸਰੂਪੀ ਚੱਕੀ ਦਲ, ਧਰਮ ਰਾਏ ਘਰ ਜਾਈਂ ਵਾੜੇ । ਕਲਜੁਗ ਅੰਤਮ ਘਰ ਘਰ ਵੇਖ ਹਾਸਾ, ਨਿਹਕਲੰਕ ਕਲ ਜੋਤ ਜਗਾਈ, ਚਾਰੋਂ ਕੁੰਟ ਤੇਰਾ ਵੇਖੇ ਆਪ ਤਮਾਸ਼ਾ । ਜੀਵ ਜੰਤ ਕਿਸੇ ਦਿਸ ਨਾ ਆਈ, ਸਾਚੀ ਜੋਤ ਰਿਹਾ ਜਗਾਏ ਮਾਤ ਪਤਾਲ ਅਕਾਸ਼, ਵਰਨ ਗੋਤ ਨਾ ਕੋਈ ਰਖਾਏ, ਗੁਰਮੁਖ ਹਿਰਦੇ ਰੱਖੇ ਸਦ ਵਾਸਾ । ਦੁਰਮਤ ਮੈਲ ਰਿਹਾ ਧੋ, ਜਨ ਜਪੇ ਸਵਾਸ ਸਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤ ਜਨਾਂ ਮਾਨਸ ਜਨਮ ਕਰਾਏ ਰਾਸਾ । ਮਾਨਸ ਜਨਮ ਹੋਏ ਰਾਸ । ਸੋਹੰ ਸ਼ਬਦ ਸੱਚਾ, ਜੀਵ ਕਾਇਆ ਭਾਂਡਾ ਕੱਚਾ, ਜਪਣਾ ਸਵਾਸ ਸਵਾਸ । ਅੰਤਮ ਕਲਜੁਗ ਰਹੇ ਨਾ ਕੋਈ ਬਚਾ, ਧਰਮ ਰਾਏ ਘਰ ਕਲਜੁਗ ਝੂਠਾ ਪਾਪੀ ਕੱਚਾ ਨਾ ਪਾਵੇ ਸਾਰ । ਲੋਕਮਾਤ



ਚਾਰੋਂ ਕੁੰਟ ਅਗਨ ਜੋਤੀ ਭਾਂਬੜ ਮੱਚਾ, ਰਸਨਾ ਕਰੇ ਬਚਨ ਸੱਚਾ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਆਏ ਜਾਮਾ ਧਾਰ । ਲਿਆ ਅਵਤਾਰ ਪੁਰਖ ਅਬਿਨਾਸ਼ੀ, ਸ੍ਰਿਸ਼ਟ ਸਬਾਈ ਆਇਆ ਕਰਮ ਵਿਚਾਰ । ਜੋਤ ਸਰੂਪੀ ਭੇਖ ਨਾ ਜਾਣੇ ਕੋਈ ਜੀਵ ਗਵਾਰ । ਕਰੇ ਵਿਚਾਰ ਪਾਵੇ ਸਾਰ ਨਰ ਨਾਰ । ਪ੍ਰਗਟ ਹੋਏ ਘਨਕਪੁਰ, ਵਸਿਆ ਡੂੰਘੀ ਭਵਰ ਡੁੱਬਾ ਸੰਸਾਰ । ਮਾਨਸ ਜਨਮ ਨਾ ਜਾਏ ਸਵਰ, ਘਰ ਘਰ ਰੋਂਦੇ ਧਾਹਾਂ ਮਾਰ । ਨਾ ਕੋਈ ਅੰਤਮ ਲਾਏ ਪਾਰ । ਬੇੜਾ ਡੁੱਬੇ ਵਿਚ ਮੰਝਧਾਰ । ਕਲਜੁਗ ਪਾਪੀ ਵਡ ਪ੍ਰਤਾਪੀ ਫਲਿਆ ਫੁਲਿਆ ਵਿਚ ਸੰਸਾਰ । ਕਲਜੁਗ ਜੀਵਾਂ ਅੰਮ੍ਰਿਤ ਆਤਮ ਡੁੱਲਿਆ, ਪ੍ਰਭ ਅਬਿਨਾਸ਼ੀ ਏਕਾ ਘਰ ਸਭ ਨੂੰ ਭੁੱਲਿਆ, ਦਰ ਦਰ ਹੋਏ ਭਿਖਾਰ । ਇਕ ਭੰਡਾਰਾ ਨਿਹਕਲੰਕ ਸੱਚਾ ਖੁੱਲ੍ਹਿਆ, ਫਲ ਲਗਾਏ ਸਾਚੇ ਡਾਲ । ਕਲਜੁਗ ਬੂਟਾ ਜਿਹੜਾ ਫੁਲਿਆ, ਆਪੇ ਲਏ ਸੁਰਤ ਸੰਭਾਲ । ਨਾ ਲਾਵੇ ਕੋਈ ਮੁੱਲਿਆ, ਅਮੀਰ ਵਜ਼ੀਰ ਕੰਗਾਲ । ਏਕਾ ਰੰਗ ਸਾਚੇ ਢਲਿਆ, ਨਾ ਕੋਈ ਜਾਣੇ ਊਚ ਨੀਚ ਵਡ ਸਰਦਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਪਾਵੇ ਸਾਰ । ਪਾਵੇ ਸਾਰ ਸੁਰਤ ਸੰਭਾਲਦਾ । ਦੇਵੇ ਸੱਚਾ ਨਾਮ ਅਧਾਰ, ਮਾਨਸ ਜਨਮ ਸਵਾਰਦਾ । ਲੱਖ ਚੁਰਾਸੀ ਬੇੜਾ ਕਰ ਜਾਏ ਪਾਰ, ਜਗਤ ਬੰਨ੍ਹੇ ਸਾਚੀ ਧਾਰ, ਡੁੱਬਦਾ ਜਾਏ ਸਰਬ ਸੰਸਾਰ, ਗੁਰਮੁਖ ਸਾਚੇ ਫੜ ਫੜ ਬਾਹੋਂ ਤਾਰਦਾ । ਕਰੇ ਸੱਚਾ ਇਕ ਪਿਆਰ, ਜੋਤ ਸਰੂਪੀ ਹਰਿ ਨਿਰੰਕਾਰ, ਊਚ ਨੀਚ ਭੇਵ ਨਿਵਾਰਦਾ । ਰਾਓ ਰੰਕ ਇਕੋ ਇਕ ਹਰਿ ਸੱਚਾ ਕਰਤਾਰ, ਸਾਚੇ ਲੇਖ ਵਖਾਣਦਾ । ਜੋਤੀ ਜੋਤ ਸਰੂਪ ਹਰਿ, ਦੇਂਦਾ ਰਹੇ ਸਦਾ ਵਰ, ਵਸਦਾ ਰਹੇ ਸਾਚਾ ਘਰ, ਜਿਥੇ ਚੁੱਕੇ ਜਮ ਕਾ ਡਰ, ਅੰਮ੍ਰਿਤ ਨੁਹਾਵੇ ਸਾਚੇ ਸਰ,

ਗੁਰ ਚਰਨ ਲਾਗ ਗੁਰਮੁਖ ਸਾਚੇ ਜਾਣ ਤਰ, ਕਲਜੁਗ ਬੇੜਾ ਪਾਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਸ਼ਬਦ ਗਿਆਨ ਚਰਨ ਧਿਆਨ ਧੂੜ ਇਸ਼ਨਾਨ ਜੋਤ ਮਹਾਨ ਦੀਪਕ ਆਪ ਜਗਾਇੰਦਾ । ਜਗਾਏ ਜੋਤ ਹਰਿ ਨਿਰੰਕਾਰਾ । ਗੁਰਮੁਖ ਸਾਚੇ ਸੰਤ ਜਨ ਸੰਗ ਕਰੇ ਸੱਚਾ ਇਕ ਪਿਆਰਾ । ਦੇਵੇ ਸੱਚਾ ਨਾਮ ਧਨ ਕਰਾਏ ਵਣਜ ਵਪਾਰਾ । ਭਾਂਡਾ ਭਰਮ ਹਰਿ ਭੰਨ, ਰੱਖੇ ਵਸਤ ਤਨ, ਇਕ ਹਰਿ ਥਾਰਾ । ਆਪ ਚੜ੍ਹਾਏ ਸਾਚਾ ਚੰਨ, ਜਗਾਏ ਜੋਤ ਅਪਰ ਅਪਾਰਾ । ਸੋਹੰ ਸ਼ਬਦ ਸੁਣਾਏ ਗੁਰਮੁਖਾਂ ਕੰਨ, ਆਪ ਖੁਲ੍ਹਾਏ ਦਸਮ ਦਵਾਰਾ । ਗੁਰਮੁਖ ਵਿਰਲੇ ਕਲਜੁਗ ਅੰਤਮ ਇਕੋ ਹਰਿ ਦਿਤਾ ਵਰ, ਬੇਮੁਖ ਫਿਰਦੇ ਦਰ ਦਰ ਗਵਾਰਾ । ਕਲਜੁਗ ਅੰਤਮ ਪ੍ਰਭ ਦੇਵੇ ਡੰਨ, ਸੁੱਟੇ ਡੂੰਘੀ ਗਾਰਾ । ਗੁਰਮੁਖਾਂ ਬੇੜਾ ਹਰਿ ਜੀ ਬੰਨ੍ਹ, ਫੜ ਬਾਹੋਂ ਲਾਏ ਪਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਅਵਤਾਰ ਸੱਚੀ ਸਰਕਾਰਾ । ਗੁਰਮੁਖ ਵਿਰਲਾ ਪਾਵੇ ਸਾਰ ਹਰਿ ਕਰਤਾਰ । ਦੋ ਜਹਾਨਾਂ ਕਰੇ ਸਚ ਵਿਹਾਰ । ਭਰਮ ਭੁਲੇਖੇ ਦਏ ਨਿਵਾਰ । ਸਾਚੇ ਲੇਖੇ ਆਪ ਲਿਖਾਏ, ਗੁਰਮੁਖਾਂ ਵਿਚ ਸੰਸਾਰ । ਸੋਹੰ ਸ਼ਬਦ ਪਹਿਨਾਏ ਤਨ ਸ਼ਿੰਗਾਰ । ਹਉਮੇ ਰੋਗ ਹਰਿ ਦਏ ਆਪ ਨਿਵਾਰ । ਚਿੰਤਾ ਸੋਗ ਸਰਬ ਗਵਾਏ, ਜੋ ਜਨ ਆਏ ਸਚ ਦਰਬਾਰ । ਆਤਮ ਜੋਤੀ ਆਪ ਜਗਾਏ, ਦੇਵੇ ਸ਼ਬਦ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਬੰਧਾਏ ਏਕਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਪ੍ਰਗਟ ਹੋਣਾ ਮਾਝੇ ਦੇਸ, ਕਰਨਾ ਵੇਸ ਧਾਰੇ ਭੇਖ, ਕਲਗੀ ਧਰ ਨਿਹਕਲੰਕ ਨਰ ਅਵਤਾਰ । ਮਾਝੇ ਦੇਸ ਵੱਜਣੀ ਵਧਾਈ । ਪੰਚਮ ਜੇਠ ਹਰਿ ਜੋਤ ਪ੍ਰਗਟਾਈ । ਸ੍ਰਿਸ਼ਟ ਸਬਾਈ ਪ੍ਰਭ ਸਾਚਾ ਦਏ ਹਿਲਾਈ । ਚਾਰੋਂ ਕੁੰਟ ਉਠ ਉਠ ਵੇਖੇ, ਬੇਮੁਖ ਬਹਿਣ ਕਿਹੜੀ ਥਾਂਈ । ਸ੍ਰਿਸ਼ਟ

੧੧੩ ੦੪ ਸਬਾਈ ਨੇਤਰ ਪੇਖੇ, ਨਾ ਪੁੱਛੇ ਕਿਸੇ ਕੋਲੋਂ ਕੋਈ ਸਲਾਹੀ । ਆਪ ਮੁਕਾਏ ਵਡ ਵਡ ਔਲੀਏ ਪੀਰ ਗੌਂਸ ਸ਼ੇਖੇ, ਜੋ ਜਨ ਆਤਮ ਹੰਕਾਰ ਰਖਾਈ । ੧੧੩ ੦੪

ਮਦਿਰਾ ਮਾਸੀ ਲਾਏ ਲੇਖੇ, ਕੋਈ ਸੰਸਾਰ ਰਹਿਣ ਨਾ ਪਾਈ । ਕਲਜੁਗ ਅੰਤਮ ਸ੍ਰਿਸ਼ਟ ਸਬਾਈ ਰਹੀ ਭਰਮ ਭੁਲੇਖੇ, ਨਿਹਕਲੰਕ ਸੱਚੀ ਤੇਰੀ ਇਕ ਵਡਿਆਈ । ਆਪ ਮਿਟਾਏ ਕਲਜੁਗ ਤੇਰੀ ਕਾਲੀ ਰੇਖੇ, ਸੋਹੰ ਸ਼ਬਦ ਤੀਰ ਤਿੱਖਾ ਹਰਿ ਮਾਤ ਸੰਗ ਲਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਸਾਚੀ ਦੇਵੇ ਧੀਰ ਧਰਾਈ । ਦੇਵੇ ਧੀਰ ਧਰਮ ਗਿਆਨ । ਗੁਰਮੁਖਾਂ ਵੇਖ ਪੂਰਬ ਕਰਮ ਆਪ ਸਵਾਰੇ, ਮਾਨਸ ਜਨਮ ਕਰੇ ਮਾਤ ਪਛਾਣ । ਕੱਢੇ ਆਤਮ ਝੂਠਾ ਭਰਮ, ਸੁੱਕਾ ਕਰੇ ਹਰਿਆ ਹਰਿ ਕਾਇਆ ਚਰਮ, ਦੇਵੇ ਨਾਮ ਸ਼ਬਦ ਬਬਾਣ । ਇਕੋ ਕਰੇ ਅੰਤਮ ਵਰਨ, ਚਾਰ ਕੁੰਟ ਦਿਸਾਏ ਇਕੋ ਸਚ ਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਦਵਾਰ, ਕਲਜੁਗ ਅੰਤਮ ਸਰਬ ਹੋਣ ਖੁਆਰ, ਸਤਿਜੁਗ ਸਾਚਾ ਮਾਤ ਆਏ, ਨਿਹਕਲੰਕ ਕਲ ਜੋਤ ਜਗਾਏ, ਆਪੇ ਬਣਾਏ ਸੱਚੀ ਸਰਕਾਰ । ਸੱਚਾ ਸ਼ਬਦ ਡੰਕ ਵਜਾਏ, ਚਾਰ ਕੁੰਟ ਹਰਿ ਆਪ ਸੁਣਾਏ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਕਲਜੁਗ ਜੂਠੇ ਝੂਠੇ ਮਾਇਆ ਲੂਠੇ, ਅੰਤਮ ਅੰਤ ਡੋਬੇ ਡੂੰਘਰ ਮੰਝਧਾਰ । ਕਲਜੁਗ ਝੂਠੇ ਤਣਿਆ ਜਾਲ, ਬੇਮੁਖਾਂ ਆਤਮ ਹੋਈ ਕੰਗਾਲ, ਨਾ ਦੇਵੇ ਕੋਈ ਸਾਚਾ ਲੇਖਾ, ਹਰਿ ਹੱਥ ਨਾ ਆਇਆ ਅਨਮੁੱਲੜਾ ਲਾਲ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨ ਵਿਚ ਮਾਤ ਰੱਖੇ ਅੰਤਮ ਆਪਣੀ ਸਰਨ ਬਹਾਲ । ਲਾਏ ਸਰਨ ਸਰਬ ਗੁਣਵੰਤਾ । ਚੁਕਾਏ ਮਰਨ ਡਰਨ ਹਰਿ ਆਦਿਨ ਅੰਤਾ, ਚਾਰ ਵਰਨ ਲਾਗ ਚਰਨ ਕਰਾਏ ਮੇਲ ਮਿਲਾਵਾ ਸਾਚੇ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਜੋਤ

ਜਗਤ ਨਿਰਾਲੀ, ਇਕ ਅਕਾਲੀ ਆਵੇ ਜਾਵੇ ਆਦਿਨ ਅੰਤਾ । ਆਦਿ ਅੰਤ ਹਰਿ ਆਣਾ ਜਾਣਾ । ਨਾ ਕੋਈ ਭੇਵ ਪਾਏ ਰਾਜਾ ਰਾਣਾ । ਕਲਜੁਗ ਗੂੜ੍ਹੀ ਨੀਂਦ ਸਵਾਏ, ਸਾਚਾ ਹਰਿ ਨਾ ਕਿਸੇ ਪਛਾਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਹਿਨੇ ਆਪਣਾ ਬਾਣਾ । ਧਰੇ ਬਾਣਾ ਭੇਖ ਧਾਰੀ । ਰਾਜਾ ਰਾਣਾ ਕਿਆ ਕੋਈ ਕਰੇ ਵਿਚਾਰੀ । ਸੁਘੜ ਸਿਆਣਾ ਸਭ ਦੀ ਆਤਮ ਦੇਂਦਾ ਜਾਏ ਬਹਾਰੀ । ਅੰਤਮ ਕਲ ਹੋਇਆ ਅੰਧਾ ਕਾਣਾ ਬੇਮੁਹਾਣਾ, ਨਾ ਕੋਈ ਪਾਵੇ ਸਾਰੀ । ਗੁਰਮੁਖ ਵਿਰਲਾ ਹਰਿ ਆਪ ਬਚਾਣਾ । ਦੇਵੇ ਨਾਮ ਸ਼ਬਦ ਬਬਾਨਾ । ਆਪ ਉਡਾਏ ਇਕ ਉਡਾਨਾ । ਗੁਣਵੰਤ ਹਰਿ ਗੁਣ ਨਿਧਾਨਾ । ਜੋਤੀ ਜੋਤੀ ਸਰੂਪ ਹਰਿ, ਸੱਚਾ ਦੇਵੇ ਨਾਮ ਦਾਨਾ । ਨਾਮ ਦਾਨ ਹਰਿ ਭੰਡਾਰ ਹੈ । ਪਿਆਏ ਸੱਚਾ ਜਾਮ, ਆਤਮ ਤ੍ਰਿਖਾ ਦਏ ਨਿਵਾਰ ਹੈ । ਪੂਰ ਕਰਾਏ ਕਾਮ, ਜੋਤ ਸਰੂਪੀ ਹਰਿ ਦਾਤਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਆਦਿ ਅੰਤ, ਜੁਗਾ ਜੁਗੰਤ ਪੂਰਨ ਭਗਵੰਤ, ਸੱਚਾ ਇਕ ਅਕਾਰ ਹੈ । ਇਕ ਅਕਾਰ ਹਰਿ ਨਿਰੰਕਾਰਿਆ । ਇਕ ਦਵਾਰ ਹਰਿ ਸਿਰਜਣਹਾਰਿਆ । ਇਕ ਭੰਡਾਰਾ ਸ੍ਰਿਸ਼ਟ ਸਬਾਈ ਆਪ ਵਰਤਾ ਰਿਹਾ । ਇਕ ਘਰ ਬਾਹਰਾ ਚਾਰ ਵਰਨ ਏਕਾ ਧਾਮ ਬਹਾ ਰਿਹਾ । ਇਕ ਸੰਸਾਰਾ ਵਰਨ ਗੋਤ ਭੇਵ ਮਿਟਾ ਰਿਹਾ । ਇਕੋ ਇਕ ਹਰਿ ਸਿਰਜਣਹਾਰ ਪਾਵੇ ਸਾਰਾ, ਜੋ ਜਨ ਆਏ ਚਰਨ ਦਵਾਰਾ, ਸਾਚੇ ਰੰਗ ਰੰਗਾ ਰਿਹਾ । ਇਕੋ ਇਕ ਪੁਰਖ ਅਪਾਰਾ, ਦੇਵੇ ਨਾਮ ਸ਼ਬਦ ਕਰ ਕਰ ਪਿਆਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਉਮੇ ਚਿੰਤਾ ਰੋਗ ਸੋਗ ਜਗਤ ਵਿਜੋਗ ਵਿਚ ਮਾਤ ਆਪ ਗਵਾ ਰਿਹਾ । ਚਿੰਤਾ ਰੋਗ ਵਡਾ ਦੁੱਖ । ਪ੍ਰਭ ਅਬਿਨਾਸ਼ੀ ਆਤਮ ਕੱਢੇ ਗੁਰਮੁਖਾਂ ਭੁੱਖ । ਏਕਾ ਨਾਮ ਦਾਤ ਸ਼ਬਦ, ਆਤਮ ਝੋਲੀ ਪਾਏ, ਉਜਲ ਕਰਾਏ ਵਿਚ ਮਾਤ ਮੁਖ । ਜੋਤੀ ਜੋਤ ਸਰੂਪ ਹਰਿ, ਆਪਣੀ ਕਰਨੀ ਰਿਹਾ ਕਰ, ਗੁਰਮੁਖਾਂ ਦੇਵੇ ਸਾਚਾ ਹਰਿ, ਪ੍ਰਗਟ ਜੋਤ ਨਰ ਹਰਿ, ਸਾਚੇ ਲੇਖ ਲਿਖਾਇੰਦਾ । ਲੇਖਾ ਲਿਖੇ ਲਿਖਣਹਾਰ । ਲੱਖ ਚੁਰਾਸੀ ਪਾਵੇ ਸਾਰ । ਕਰੇ ਬੰਦ ਖ਼ਲਾਸੀ, ਜੋ ਜਨ ਮੰਗਣ ਆਏ ਸਚ ਦਵਾਰ । ਪ੍ਰਗਟ ਹੋਏ ਘਨਕਪੁਰ ਵਾਸੀ, ਸਾਚੀ ਜੋਤ ਮਾਤ ਪ੍ਰਕਾਸ਼ੀ, ਜਗੇ ਜੋਤ ਅਗੰਮ ਅਪਾਰ । ਜੋ ਜਨ ਦਰ ਘਰ ਸਾਚੇ ਆਏ ਕਰਨ ਹਾਸੀ, ਕਲਜੁਗ ਅੰਤਮ ਹੋਏ ਗਵਾਰ । ਗੁਰਮੁਖ ਸਾਚੇ ਸੰਤ ਪ੍ਰਭ ਹੋਏ ਰਹੇ ਦਾਸੀ, ਦੇਵੇ ਵਡਿਆਈ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਹਰਿ ਅਮੁੱਲ ਅਤੁੱਲ ਅਡੁੱਲ ਏਕਾ ਵਡਾ ਵਡ ਭੰਡਾਰ । ਵਡਾ ਵਡ ਭੰਡਾਰ ਹਰਿ ਨਿਰੰਕਾਰ ਦਾ । ਇਕੋ ਸੱਚਾ ਸਚ ਦਵਾਰ, ਹਰਿ ਪਰਵਰਦਿਗਾਰ ਦਾ । ਇਕੋ ਜੋਤ ਅਕਾਰ, ਤਿੰਨਾਂ ਲੋਕਾਂ ਪਾਵੇ ਸਾਰ, ਚੌਦਾਂ ਲੋਕ ਹਰਿ ਪਸਰ ਪਸਾਰ, ਨਾ ਕੋਈ ਸਕੇ ਰੋਕ, ਨਾ ਕੋਈ ਸਕੇ ਟੋਕ, ਆਉਣਾ ਜਾਣਾ ਮਾਤ ਪਤਾਲ ਅਕਾਸ਼, ਖੇਲ ਅਪਰ ਅਪਾਰ ਦਾ । ਸਾਚਾ ਸ਼ਬਦ ਸੁਣਾਏ ਇਕ ਸਲੋਕ, ਅੰਤਮ ਦੇਵੇ ਸੱਚੀ ਮੋਖ, ਮਿਟਾਏ ਕਲਜੁਗ ਅਗਨ ਤ੍ਰਿਸ਼ਨਾ ਭੁੱਖ, ਜੋਤ ਸਰੂਪੀ ਦਰਸ ਦਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਗੁਣ ਨਿਰਗੁਣ ਰੂਪ ਏਕਾ ਜੋਤੀ ਆਪੇ ਆਪ ਜਾਣਦਾ । ਨਿਰਗੁਣ ਰੂਪ ਨਿਰ ਨਿਰਵੈਰ ਹੈ । ਸਰਗੁਣ ਸਰੂਪ ਸਤਿਗੁਰ ਪੂਰਾ ਵਿਚ ਮਾਤ ਹਾਜ਼ਰ ਹਜ਼ੂਰ ਹੈ । ਨਿਰਗੁਣ ਰੂਪ ਸਾਚਾ ਨੂਰ, ਇਕੋ ਸ਼ਬਦ ਤੂਰ ਹੈ । ਸਰਗੁਣ ਰੂਪ ਜਗਤ ਅਨੂਪ, ਸਤਿਗੁਰ ਪੂਰਾ ਸਰਬ ਕਲਾ ਭਰਪੂਰ ਹੈ । ਦੋਵੇਂ ਖੇਲ ਕਰੇ ਹਰਿ ਵਡਾ ਸ਼ਾਹੋ ਭੂਪ ਏਕਾ ਏਕ ਸਤਿ ਸਰੂਪ ਹੈ । ਜਗਤ ਬੰਨ੍ਹੇ ਸਾਚੀ ਧਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਜਗਾਈ,


੧੧੪
੦੪

ਸ੍ਰਿਸ਼ਟ ਸਬਾਈ ਆਪ ਭੁਲਾਈ, ਗੂੜ੍ਹੀ ਨੀਂਦ ਸਵਾਈ । ਗੁਰਮੁਖ ਸੋਏ ਲਏ ਉਠਾਈ । ਆਤਮ ਜੋਤੀ ਦਏ ਜਗਾਈ । ਕਾਇਆ ਸੋਤੀ ਲਏ ਉਠਾਈ । ਬੰਦ ਕਵਾੜ ਪੰਜੇ ਚੋਰ ਬੰਦ ਕਰਾਏ, ਅੱਗੇ ਕਰੇ ਸ਼ਬਦ ਵਾੜ ਹੋਏ ਆਪ ਸਹਾਈ । ਜਗੇ ਜੋਤ ਬਹੱਤਰ ਨਾੜ, ਅੱਠੇ ਪਹਿਰ ਏਕਾ ਰੰਗ ਰੰਗਾਈ । ਘਰ ਸਾਚੇ ਵਿਚ ਦੇਵੇ ਵਾੜ, ਇਕਾ ਠੰਡੀ ਛਾਂਈ । ਨਾ ਤੱਤੀ ਲੱਗੇ ਹਾੜ, ਸਾਚੇ ਧਾਮ ਬਹਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਰ ਉਤਾਰੇ ਵਿਚ ਸੰਸਾਰੇ, ਕਲਜੁਗ ਤੇਰੀ ਅੰਤਮ ਵਾਰੇ ਸਾਚੇ ਰਾਹੇ ਪਾਏ । ਸਾਚਾ ਸ਼ਬਦ ਜਗਤ ਸੰਦੇਸ਼ । ਕਲਜੁਗ ਅੰਤਮ ਪ੍ਰਗਟ ਹੋਣਾ ਕਲਗੀ ਧਰ ਹਰਿ ਦਸ਼ਮੇਸ਼ । ਬੇਮੁਖਾਂ ਵੇਲੇ ਅੰਤਮ ਰੋਣਾ, ਨਾ ਜਾਨਣ ਹਰਿ ਕਾ ਭੇਸ । ਗੂੜ੍ਹੀ ਨੀਂਦ ਨਾ ਕਿਸੇ ਸੌਣਾ, ਛੱਡਣਾ ਪਏ ਝੂਠਾ ਦੇਸ । ਗੁਰਮੁਖ ਵਿਰਲੇ ਸਾਚਾ ਬੀਜ ਆਤਮ ਬੋਣਾ, ਖਾਂਦਾ ਰਹੇ ਹਮੇਸ਼ । ਬੇਮੁਖਾਂ ਹਰਿ ਵਾਂਗ ਬੱਕਰੇ ਕੋਹਣਾ, ਪ੍ਰਗਟ ਹੋਏ ਨਰ ਨਰੇਸ਼ । ਕਲਜੁਗ ਦਾਗ ਨਾ ਕਿਸੇ ਧੋਣਾ, ਘਰ ਘਰ ਬੈਠੇ ਦਰ ਦਰਵੇਸ਼ । ਏਕਾ ਹਲ ਪ੍ਰਭ ਸਾਚੇ ਜੋਣਾ, ਧਰਤ ਮਾਤ ਤੇਰਾ ਇਕ ਬਣਾਉਣਾ ਖੇਤ । ਕਲਜੁਗ ਸਤਿਜੁਗ ਦੋਵੇਂ ਫੜ ਕੇ ਅੱਗੇ ਜੋਣਾ, ਸੋਹੰ ਸ਼ਬਦ ਮਾਰੇ ਸਿਰ ਵਿਚ ਬੈਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜੋਤ ਧਰ ਬੇਮੁਖ ਦਏ ਖਪਾਏ ਦਇਆ ਕਮਾਏ ਜਿਉਂ ਕਾਹਨਾ ਮਾਰੇ ਕੰਸਾ ਦੈਂਤ । ਮਾਰੇ ਮਾਰ ਕਰੇ ਖੁਆਰ । ਸ਼ਬਦ ਡੰਡਾ ਪ੍ਰਭ ਰਿਹਾ ਉਲਾਰ । ਤਿੱਖੀਆਂ ਰੱਖੇ ਦੋਵੇਂ ਧਾਰ । ਸ੍ਰਿਸ਼ਟ ਸਬਾਈ ਆਪ ਕਰਾਉਣੀ ਦੋ ਫਾੜ । ਗੁਰਮੁਖ ਸਾਚੇ ਆਪ ਤਰਾਏ ਚਾਰੋਂ ਤਰਫ਼ ਕਰਾਏ ਸ਼ਬਦ ਵਾੜ । ਬੇਮੁਖ ਜੀਵ ਫਿਰਨ ਹਲਕਾਏ, ਨੀਰ ਹੱਥ ਨਾ ਆਇਆ ਮਹੀਨੇ ਹਾੜ । ਗੁਰਮੁਖਾਂ ਦੇਵੇ ਠੰਡੀ ਛਾਂਏ, ਜਿਉਂ ਬਾਲਕ ਮਾਏ,
੧੧੫ ੦੪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੇ ਲਾੜ । ਗੁਰਮੁਖ ਸਾਚਾ ਲਾੜ ਘੋੜ ਚੜ੍ਹਾਇਆ । ਚਰਨ ਪ੍ਰੀਤੀ ਲਈ ਜੋੜ, ਤੋੜ ਨਿਭਾਇਆ । ਧੁਰਦਰਗਾਹੀ ਆਇਆ ਦੌੜ, ਗੁਰਮੁਖਾਂ ਰਿਹਾ ਬਹੁੜ, ਬੇਮੁਖਾਂ ਆਤਮ ਹੋਈ ਕੌੜ । ਕਲਜੁਗ ਵੇਲਾ ਅੰਤਮ ਹਰਿ ਸਾਚਾ ਮਨੋਂ ਭੁਲਾਇਆ । ਪਹਿਲਾ ਮਾਰੇ ਸਿਰ ਵਿਚ ਪੌੜ, ਪ੍ਰਗਟ ਹੋਏ ਬ੍ਰਹਿਮਣ ਗੌੜ, ਕਲਜੁਗ ਜੀਵ ਭੁਲੇ ਬੈਠੇ ਰੀਠੇ ਕੌੜ, ਭਾਣਾ ਆਪਣੇ ਹੱਥ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰ, ਬੰਨ੍ਹੇ ਸਾਚੀ ਧਾਰ ਵਿਚ ਸੰਸਾਰ, ਕਰ ਵਿਚਾਰ ਸਰਬ ਨਿਰੰਕਾਰ, ਨਰ ਨਾਰ ਲੱਖ ਚੁਰਾਸੀ ਵਿਚ ਸਮਾਇਆ । ਲੱਖ ਚੁਰਾਸੀ ਹਰਿ ਜੀ ਵਸੇ, ਅੰਤਮ ਕਲਜੁਗ ਜੋਤ ਧਰ, ਗੁਰਮੁਖਾਂ ਰਾਹ ਸਾਚਾ ਦੱਸੇ, ਲਾੜੀ ਮੌਤ ਕੋਲ ਖੜ, ਬੇਮੁਖਾਂ ਵੱਲ ਵੇਖ ਵੇਖ ਖਿੜ ਖਿੜ ਹੱਸੇ, ਜੋਤੀ ਜੋਤ ਸਰੂਪ ਹਰਿ, ਸ਼ਬਦ ਤੀਰ ਅੰਤ ਅਖ਼ੀਰ ਏਕਾ ਕਸੇ । ਸ਼ਬਦ ਤੀਰ ਇਕ ਚਲਾਵਣਾ । ਨਿਹਕਲੰਕ ਬਲੀ ਬਲਵਾਨ, ਕਲਗੀ ਧਰ ਹਰਿ ਜਗਦੀਸ਼ ਆਪ ਅਖਵਾਵਣਾ । ਵਾਲੀ ਹਿੰਦ ਗੁਰ ਗੋਬਿੰਦ ਬਣ ਕੇ ਆਏ ਸਾਚਾ ਕਾਹਨਾ ਸ੍ਰਿਸ਼ਟ ਸਬਾਈ ਮਿਟਾਏ ਚਿੰਦ, ਦੇਵੇ ਨਾਮ ਸ਼ਬਦ ਨਿਧਾਨਾ, ਗੁਰਮੁਖ ਬਣਾਏ ਸਾਚੀ ਬਿੰਦ, ਉਡਾਏ ਵਿਚ ਸ਼ਬਦ ਬਬਾਣਾ । ਜੋ ਜਨ ਕਰਨ ਦਰ ਨਿੰਦ, ਅੰਤਮ ਅੰਤ ਪ੍ਰਭ ਸਾਚੇ ਖ਼ਾਕ ਮਿਲਾਣਾ । ਦੂਰ ਦੁਰਾਡਾ ਰਿਹਾ ਤਰਸ ਸੁਰਪਤ ਰਾਜਾ ਇੰਦ, ਪ੍ਰਭ ਅਬਿਨਾਸ਼ੀ ਮੁਖ ਛੁਪਾਣਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਕਿਰਪਾ ਕਰ, ਪ੍ਰਗਟ ਹੋਣਾ ਨਿਹਕਲੰਕ ਅਵਤਾਰ ਨਰ, ਇਕ ਖੁਲ੍ਹਾਏ ਸਾਚਾ ਦਰ, ਅੰਮ੍ਰਿਤ ਆਤਮ ਸਤਿ ਸਰੋਵਰ, ਆਪ ਵਖਾਏ ਸਾਚਾ ਸਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਵਿਚ ਮਾਤ ਲੈਣਾ ਵਰ, ਆਪਣੇ ਚਰਨ ਲਗਾਣਾ । ਹਰਿ ਹਰਿ ਜਗਤ

ਰਘੁਰਾਈਆ । ਹਰਿ ਹਰਿ ਹਰਿ ਚਾਰ ਕੁੰਟ ਬੰਦ ਹੋਏ ਦਰ, ਭੁਲੀ ਸਰਬ ਲੋਕਾਈਆ । ਹਰਿ ਹਰਿ ਹਰਿ ਨਾ ਵਸੇ ਕਿਸੇ ਘਰ, ਨਾ ਦਿਸ ਕਿਸੇ ਆਈਆ । ਹਰਿ ਹਰਿ ਹਰਿ ਮਾਤ ਜੋਤ ਆਇਆ ਧਰ, ਇਕ ਖੁਲ੍ਹਾਇਆ ਸਾਚਾ ਦਰ, ਆਪ ਚੁਕਾਏ ਜਮ ਕਾ ਡਰ, ਗੁਰਮੁਖਾਂ ਦਏ ਵਡਿਆਈਆ । ਚਰਨ ਲਾਗ ਜਾਇਣ ਤਰ, ਵਿਚ ਮਾਤ ਨਾਰੀ ਨਰ, ਰੱਖੇ ਪਤ ਪੁਰਖ ਬਿਧਾਤਾ ਬੰਨ੍ਹੇ ਨਾਤਾ, ਜੋਤੀ ਜੋਤ ਸਰੂਪ ਹਰਿ, ਸਭ ਥਾਈਂ ਹੋਏ ਸਹਾਈਆ । ਹੋਏ ਸਹਾਈ ਆਪ ਰਖਵਾਲ, ਗੁਰਮੁਖਾਂ ਮਨ ਵਧਾਈਆ । ਪ੍ਰਗਟ ਹੋਏ ਦੀਨ ਦਿਆਲ, ਰਸਨਾ ਗਾਇਣ ਚਾਈਂ ਚਾਈਂਆ । ਆਤਮ ਦੇਵੇ ਅਨਮੁਲੜੇ ਲਾਲ, ਆਪ ਬਹਾਏ ਥਾਉਂ ਥਾਈਂਆ । ਚਰਨ ਪ੍ਰੀਤੀ ਏਕਾ ਜੋੜੇ, ਸਾਚੇ ਦਰ ਤੋਂ ਹਰਿ ਜੀ ਹੋੜੇ, ਚਾਰੋਂ ਤਰਫ ਫਿਰਨ ਦੌੜੇ, ਨਾ ਸਕਣ ਸੁਰਤ ਸੰਭਾਲ । ਗੁਰਮੁਖ ਪ੍ਰਭ ਸਾਚੇ ਦੀ ਸਾਚੀ ਲੋੜੇ, ਵੇਲੇ ਅੰਤਮ ਕਲਜੁਗ ਬਹੁੜੇ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਬਲੀ ਬਲਵਾਨ । ਵਡ ਬਲੀ ਬਲਵਾਨ ਨੌਜਵਾਨ ਵਿਚ ਜਹਾਨ ਹੈ । ਜੋਤ ਸਰੂਪੀ ਹਰਿ ਭਗਵਾਨ, ਵਡ ਮਿਹਰਵਾਨ ਭਗਤ ਜਨਾਂ ਕਰੇ ਪਛਾਣ, ਦੇਵੇ ਨਾਮ ਨਿਧਾਨ ਹੈ । ਆਪ ਬਹਾਏ ਵਿਚ ਬਬਾਣ, ਜਗਾਏ ਜੋਤ ਇਕ ਮਹਾਨ, ਝੁੱਲੇ ਸੱਚਾ ਇਕ ਨਿਸ਼ਾਨ, ਆਤਮ ਜੋਤੀ ਦਏ ਜਗਾਈ ਹੈ । ਗੁਰਮੁਖ ਤੇਰੀ ਵਧਦੀ ਜਾਏ ਸ਼ਾਨ, ਬੇਮੁਖ ਵਹਿੰਦੇ ਜਾਣ ਵਿਚ ਸੰਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਰੇ ਜੋਤ ਰੁਸ਼ਨਾਈ ਹੈ । ਸਾਚੀ ਜੋਤ ਹੋਏ ਰੁਸ਼ਨਾਈਆ । ਗੁਰਮੁਖਾਂ ਮਨ ਵਧਾਈਆ । ਅੰਤਮ ਵੇਲੇ ਫੜ ਫੜ ਤਾਰੇ, ਦੋਵੀਂ ਹੱਥੀਂ ਹਰਿ ਜੀ ਬਾਹੀਂਆ । ਗੁਰਮੁਖ ਬੇਮੁਖ ਆਪ ਪਛਾਣੇ, ਵਡ ਦਾਤਾ ਬੇਪਰਵਾਹੀਆ । ਸ੍ਰਿਸ਼ਟ ਸਬਾਈ ਪਾਵੇ ਸਾਰੇ, ਜੋਤ ਸਰੂਪੀ ਵਿਚ ਬੈਠਾ ਆਸਣ ਲਾਈਆ । ਨਾ ਕਰੇ ਕਿਸੇ ਉਧਾਰੇ, ਵਸੇ ਕਾਇਆ ਮਹੱਲ ਅਟੱਲ ਅਪਾਰੇ, ਬੈਠਾ ਸਾਚੀ ਜੋਤ ਜਗਾਈਆ । ਆਤਮ ਖੁਲ੍ਹਾਏ ਦਸਮ ਦਵਾਰੇ, ਮਿਟਾਏ ਅੰਧ ਅੰਧਿਆਰੇ, ਆਤਮ ਜੋਤ ਆਪ ਜਗਾਈਆ । ਝਿਰਨਾ ਝਿਰੇ ਅਪਰ ਅਪਾਰੇ, ਉਲਟੇ ਕਵਲ ਖੇਲ ਅਪਰ ਅਪਾਰੇ, ਸਵਾਂਤੀ ਬੂੰਦ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਕਾਇਆ ਅੰਦਰ ਡੂੰਘੀ ਕੰਦਰ ਸਾਚੇ ਮੰਦਰ, ਸਾਚੀ ਜੋਤ ਕਰੇ ਰੁਸ਼ਨਾਈਆ । ਕਰੇ ਜੋਤ ਆਤਮ ਪ੍ਰਕਾਸ਼ , ਅਗਿਆਨ ਅੰਧੇਰ ਜਾਏ ਵਿਨਾਸ । ਏਕਾ ਸ਼ਬਦ ਚਲੇ ਸਵਾਸ ਸਵਾਸ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਸਾਚੇ ਸੰਤ ਜਨਾਂ, ਮਾਨਸ ਜਨਮ ਕਰੇ ਰਹਿਰਾਸ । ਮਾਨਸ ਜਨਮ ਹਰਿ ਸਵਾਰਦਾ । ਮਿਟਾਏ ਆਤਮ ਭਰਮ ਵੇਖੇ ਸਾਚੇ ਕਰਮ, ਤੋੜੇ ਕਿਲ੍ਹਾ ਗੜ੍ਹ ਹੰਕਾਰ ਦਾ । ਭਗਤ ਵਛਲ ਗਿਰਧਾਰ, ਜੁਗਾ ਜੁਗੰਤ ਹੈ । ਵਲ ਛਲ ਵਿਚ ਸੰਸਾਰ, ਕਰ ਕਰ ਜਾਏ ਸਾਚਾ ਕੰਤ ਹੈ । ਵਲ ਛਲ ਕਰ ਕੇ ਜਗਤ ਭੁਲਾਏ, ਮਾਇਆ ਪੜਦਾ ਪਾਏ ਬੇਅੰਤ ਹੈ । ਗੁਰਮੁਖ ਵਿਰਲਾ ਚਲ ਸਰਨਾਈ ਆਏ, ਅੰਮ੍ਰਿਤ ਫਲ ਸਾਚਾ ਖਾਏ, ਬਣਾਏ ਸਾਚੀ ਬਣਤ ਹੈ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਮਾਣ ਦਵਾਏ, ਵੇਲੇ ਅੰਤਮ ਹੋਏ ਸਹਾਏ, ਲਏ ਛੁਡਾਏ ਦਇਆ ਕਮਾਏ, ਦੇਵੇ ਵਡਿਆਈ ਵਿਚ ਜੀਵ ਜੰਤ ਹੈ । ਦੇਵੇ ਹਰਿ ਸੱਚਾ ਵਡਿਆਈਆ । ਗੁਰਮੁਖ ਸਾਚੇ ਸਦ ਹਿਰਦੇ ਰਿਹਾ ਭਾਗ ਲਗਾਏ, ਤਨ ਭਾਂਡਾ ਕੱਚਾ, ਸਚ ਵਸਤ ਹਰਿ ਵਿਚ ਟਿਕਾਈਆ । ਬੇਮੁਖ ਅਗਨ ਜੋਤ ਮੱਚਾ, ਅਠਸਠ ਦਏ ਦੁਹਾਈਆ । ਗੁਰਮੁਖ ਜਾਨਣ ਇਕ ਹਰਿ ਸਾਚੋ ਸਾਚਾ, ਸਾਚੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਏ ਜੋਤ ਬਲੋਏ ਨਾ ਜਾਣੇ ਕੋਇ, ਗੁਰਮੁਖ ਉਠਾਏ ਸੋਏ, ਸਾਚਾ ਸ਼ਬਦ ਕੰਨ ਸੁਣਾਈਆ । ਦੇਵੇ ਤਨ ਸੱਚੀ ਧੁਨਕਾਰ । ਕਲਜੁਗ ਤੇਰੀ ਅੰਤਮ ਸੁਣ ਪੁਕਾਰ । ਆਪ


੧੧੬ ੦੪

੧੧੭
੦੪

ਚੁਕਾਏ ਤੇਰੀ ਮੇਰੀ ਮੇਰੀ ਤੇਰੀ, ਤੋੜੇ ਮਾਣ ਸਰਬ ਹੰਕਾਰ । ਨਿਹਕਲੰਕ ਪਾਏ ਫੇਰੀ ਨਾ ਲਾਏ ਦੇਰੀ, ਪ੍ਰਗਟ ਹੋਏ ਵਿਚ ਸੰਸਾਰ । ਗੁਰਮੁਖਾਂ ਹਰਿ ਪਾਈ ਜਾਏ ਘੇਰੀ, ਮਾਰੇ ਸ਼ਬਦ ਡਾਹਢੀ ਮਾਰ । ਅੰਤਮ ਕਲ ਹੋਣਾ ਢਹਿ ਢਹਿ ਢੇਰੀ, ਝੂਠੇ ਮਹੱਲ ਮੰਦਰ ਦਏ ਉਸਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਆਇਆ ਜਾਮਾ ਧਾਰ । ਨਿਹਕਲੰਕ ਜੋਤ ਜਗਈਆ । ਕਲਜੁਗ ਡੋਬੇ ਤੇਰੀ ਨਈਆ । ਅੰਤਮ ਅੰਤ ਨੇੜੇ ਆਇਆ, ਭੈਣਾਂ ਛੱਡਣ ਭਈਆ । ਜਗਤ ਝੇੜਾ ਦਏ ਮੁਕਾਇਆ । ਆਪੇ ਬਣਿਆ ਲੇਖ ਲਿਖਾਰਾ, ਬੈਠ ਸਚ ਦਰਬਾਰਾ, ਚਿਤਰ ਗੁਪਤ ਲੇਖ ਲਿਖਈਆ । ਲੱਖ ਚੁਰਾਸੀ ਪਾਵੇ ਸਾਰ, ਜੋਤ ਅਧਾਰ ਹਰਿ ਨਿਰੰਕਾਰ, ਕਲਜੁਗ ਤੇਰੀ ਰੇਖ ਮਿਟਈਆ । ਕਰੇ ਕਰਾਵੇ ਵਿਚ ਸੰਸਾਰ, ਆਵੇ ਜਾਵੇ ਵਾਰੋ ਵਾਰ, ਆਪਣਾ ਭੇਵ ਆਪਣੇ ਹੱਥ ਰਖਈਆ । ਗੁਰਮੁਖ ਵਿਰਲੇ ਖਿੱਚ ਲਿਆਇਆ ,ਆਪਣੇ ਚਰਨ ਦਵਾਰਾ, ਦੇਵੇ ਨਾਮ ਸ਼ਬਦ ਅਪਾਰਾ, ਸਾਚੇ ਬੇੜੇ ਆਪ ਬੰਨ੍ਹਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾਏ ਚਤੁਰ ਸੁਜਾਨ, ਏਕਾ ਦੇਵੇ ਨਾਮ ਦਾਨ ਕਰ ਧਿਆਨ, ਸਾਚਾ ਬਖ਼ਸ਼ੇ ਚਰਨ ਧੂੜ ਇਸ਼ਨਾਨ, ਬ੍ਰਹਮ ਗਿਆਨ ਸਾਚੇ ਰਾਹੇ ਆਪੇ ਪਾਈਆ । ਸਾਚੇ ਰਾਹੇ ਪਾਏ ਸ਼ਬਦ ਜਣਾਇੰਦਾ । ਗਲੋਂ ਲਾਹੇ ਜਮ ਕੇ ਫਾਹੇ, ਸ਼ਬਦ ਡੋਰੀ ਨਾਲ ਬੰਧਾਇੰਦਾ । ਦਰਸ ਦਿਖਾਏ ਥਾਉਂ ਥਾਂਏਂ, ਗੁਰਸਿਖਾਂ ਹਰਸ ਮਿਟਾਇੰਦਾ । ਸਦਾ ਰੱਖੇ ਠੰਡੀ ਛਾਂਏ, ਕਲਜੁਗ ਅਗਨ ਪਰ੍ਹੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਸੋਹੰ ਸ਼ਬਦ ਮੁਖ ਲਗਾਇੰਦਾ । ਕਲਜੁਗ ਖੇਲ ਨਿਰਾਲੀ, ਮਹਿੰਮਾ ਅਪਾਰ ਹੈ । ਪ੍ਰਗਟ ਹੋਏ ਦੋ ਜਹਾਨਾਂ ਵਾਲੀ, ਜਗਾਏ ਜੋਤ ਅਪਰ ਅਪਾਰ ਹੈ । ਕਲਜੁਗ ਰੈਣ ਘਟਾ ਕਾਲੀ, ਹੋਏ ਅੰਧ ਅੰਧਿਆਰ ਹੈ । ਨਾ ਕੋਈ ਕਰੇ ਕਿਸੇ ਰਖਵਾਲੀ, ਕਲਜੁਗ ਜੀਵ ਭੁਲੇ ਮਾਇਆ ਮਮਤਾ ਡੁੱਲੇ ਰੁਲੇ ਨਾ ਦਿਸੇ ਸੰਞ ਸਵੇਰ ਹੈ । ਪ੍ਰਗਟ ਹੋਏ ਪ੍ਰਭ ਅਬਿਨਾਸ਼ੀ ਸੱਚਾ ਮਾਲੀ, ਗੁਰਮੁਖ ਸਾਚੇ ਸੱਚੇ ਬੂਟੇ ਰਿਹਾ ਪਾਲੀ, ਸਤਿਜੁਗ ਸਾਚੇ ਮਾਤ ਧਰ, ਆਪੇ ਨਾਲ ਰਲਾਇੰਦਾ । ਅੰਤਮ ਵੇਲਾ ਕਲਜੁਗ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਵਿਚ ਮਾਤ ਜਾਮਾ ਧਾਰ ਜੋਤ ਜਗਾਇੰਦਾ । ਕਲਜੁਗ ਤੇਰਾ ਅੰਤਮ ਵੇਖ । ਪ੍ਰਭ ਪ੍ਰਗਟ ਹੋਇਆ ਜੋਤ ਸਰੂਪੀ ਧਾਰ ਭੇਖ । ਦਰ ਘਰ ਸਾਚੇ ਆਏ ਕਲਜੁਗ ਦੱਸਿਆ, ਨਿਹਕਲੰਕ ਮੇਰੀ ਆਪ ਲਿਖਾ ਮਿਟੀ ਅਗਲੀ ਲਿਖੀ ਰੇਖ । ਕਲਜੁਗ ਜੀਵਾਂ ਪਾਪ ਜੋ ਵਿਚ ਮਾਤ ਦੇ ਬੋਇਆ, ਨੈਣ ਮੁੰਧਾਰੀ ਕਰੇ ਵਿਚਾਰੀ । ਨੇਤਰ ਖੋਲ੍ਹ ਆਪੇ ਵੇਖੇ, ਗੁਰਮੁਖ ਉਠਾਇਆ ਵਿਚ ਮਾਤ ਸੋਇਆ, ਨਿਹਕਲੰਕ ਕਲ ਪ੍ਰਗਟ ਹੋਇਆ, ਕਰੇ ਇਕ ਸ਼ਬਦ ਅਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੇ ਕੁੰਟਾਂ ਆਪੇ ਪਾਵੇ ਸਾਰੀ । ਸ਼ਬਦ ਉਡਾਰੀ ਇਕ ਉਡਾਨ । ਇਕ ਸ਼ਬਦ ਸੱਚਾ ਬਬਾਣ । ਬੈਠਾ ਰਹੇ ਵਿਚ ਹਰਿ ਸੱਚਾ ਗੁਣ ਨਿਧਾਨ । ਚਾਰ ਕੁੰਟ ਹਰਿ ਸਾਚਾ ਵੇਖੇ, ਨੌਂ ਖੰਡ ਸੱਤ ਦੀਪ ਵਡ ਮਹੀਪ ਕਰੇ ਇਕ ਧਿਆਨ । ਜੋਤੀ ਜੋਤ ਸਰੂਪ ਹਰਿ, ਭੇਵ ਕੋਈ ਨਾ ਪਾਏ, ਨੇਤਰ ਦਿਸ ਕਿਸੇ ਨਾ ਆਏ, ਭੁੱਲਿਆ ਆਤਮ ਸਰਬ ਜਹਾਨ । ਆਤਮ ਪਿਆ ਭਰਮ ਭੁਲੇਖਾ । ਘਰ ਘਰ ਦਰ ਦਰ ਆਪਣਾ ਬਹਿ ਕੇ ਲਿਖਦੇ ਲੇਖਾ । ਜੋਤੀ ਜੋਤ ਸਰੂਪ ਹਰਿ, ਕਰ ਧਿਆਨ ਅੰਜੀਲ ਕੁਰਾਨ, ਵੇਦ ਪੁਰਾਨ ਗੀਤਾ ਗਿਆਨ, ਖਾਣੀ ਬਾਣੀ ਕਲਜੁਗ ਰਾਣੀ ਕਰੇ ਸਰਬ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ ਵਡ ਬਲੀ ਬਲਵਾਨ । ਵਡ ਬਲੀ ਬਲਵਾਨ ਵਿਚ ਸੰਸਾਰ ਹੈ । ਗੁਣਵੰਤ ਗੁਣ ਨਿਧਾਨ, ਕਲਜੁਗ ਅੰਤਮ ਅੰਤ ਨਿਹਕਲੰਕ ਲਿਆ ਅਵਤਾਰ ਹੈ । ਗੁਰਸਿੱਖ ਬਣਾਏ ਚਤੁਰ ਸੁਜਾਨ, ਦੇਵੇ ਮਾਣ

ਵਿਚ ਜਹਾਨ, ਆਤਮ ਜੋਤੀ ਲਏ ਜਗਾਈ ਹੈ । ਆਪ ਬਿਠਾਏ ਸ਼ਬਦ ਬਬਾਣ, ਦਰਗਹਿ ਸਾਚੀ ਦੇਵੇ ਮਾਣ, ਆਵਣ ਜਾਵਣ ਗੇੜ ਕਟਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਸਾਚੀ ਬਣਤ ਰਿਹਾ ਬਣਾਈ ਹੈ । ਸਤਿਜੁਗ ਸਾਚੇ ਤੇਰੀ ਸਾਚੀ ਬਣਤ ਬਣਾਏ । ਗੁਰਮੁਖ ਸਾਚੇ ਸੰਤ ਜਨ, ਪ੍ਰਭ ਅਬਿਨਾਸ਼ੀ ਆਪਣੇ ਸੰਗ ਰਲਾਏ । ਮੇਲ ਮਿਲਾਏ ਸਾਚੇ ਘਰ, ਭਰਮ ਭੁਲੇਖੇ ਦੂਰ ਕਰਾਏ । ਭੁਲੇ ਫਿਰਨ ਜੀਵ ਜੰਤ ਸਾਧ ਸੰਤ, ਜੋਤ ਸਰੂਪੀ ਵਡ ਵਡ ਭੂਪੀ ਬਿਨ ਰੰਗ ਰੂਪੀ ਸਤਿ ਸਰੂਪੀ ਦਿਸ ਕਿਸੇ ਨਾ ਆਏ । ਅੰਤਮ ਕਲ ਰੈਣ ਅੰਧੇਰੀ, ਮਾਇਆ ਪੜਦੇ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਆਪਣਾ ਭੇਵ ਪੰਚਮ ਜੇਠ ਆਪੇ ਆਣ ਖੁਲ੍ਹਾਏ । ਪੰਚਮ ਜੇਠ ਹਰਿ ਨਿਰੰਕਾਰਿਆ । ਗੁਰ ਪੂਰੇ ਮਾਰੀ ਝਾਤ, ਵਿਚ ਮਾਤ ਬਖ਼ਸ਼ੀ ਦਾਤ, ਵਡ ਕਰਾਮਾਤ ਸੋਹੰ ਸ਼ਬਦ ਅਪਰ ਅਪਾਰਿਆ । ਆਤਮ ਮਿਟੀ ਅੰਧੇਰੀ ਰਾਤ, ਮਿਲੀ ਸਾਚੀ ਇਕ ਸੁਗਾਤ, ਨਾ ਕੋਈ ਪੁਛੇ ਜ਼ਾਤ ਪਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣੇ ਤਨ ਸ਼ਿੰਗਾਰ ਕਰਾਏ, ਦੋਹੀਂ ਹੱਥੀਂ ਗੁਰਮੁਖਾਂ ਤਨ ਪਹਿਨਾਏ, ਕਲਜੁਗ ਅੰਤਮ ਵਾਰਿਆ । ਗੁਰਮੁਖਾਂ ਰੰਗੇ ਚੋਲੀ । ਕਲਜੁਗ ਤੇਰੀ ਅੰਤਮ ਵਿਆਹੇ ਬੋਲੀ । ਧਰਮ ਰਾਏ ਦੇ ਦਰ ਦੀ ਬਣ ਜਾਏ ਝੂਠੀ ਗੋਲੀ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਅਬਿਨਾਸ਼ੀ ਚਰਨ ਪ੍ਰੀਤੀ ਤੇਰੇ ਤਨ ਮਨ ਘੋਲ ਘੋਲੀ । ਸਾਚਾ ਸ਼ਬਦ ਬਬਾਣ ਲਿਆਇਆ, ਗੁਰਮੁਖ ਸਾਚਾ ਲਏ ਚੜ੍ਹਾਇਆ, ਆਪ ਬਣਾਏ ਸਾਚੀ ਡੋਲੀ । ਨਿਹਕਲੰਕ ਕਲ ਜਾਮਾ ਪਾਇਆ । ਜੋਤ ਸਰੂਪੀ ਖੇਲ ਰਚਾਇਆ । ਦੂਰ ਦੁਰਾਡਾ ਕਿਸੇ ਦਿਸ ਨਾ ਆਇਆ, ਆਪੇ ਵਸੇ ਤਿੰਨ ਸੌ ਸੱਠ ਹਾਡਾ, ਅੰਗ ਅੰਗ ਸੰਗ ਸੰਗ ਰਹਾਇਆ । ਗੁਰਮੁਖਾਂ

੧੧੮ ੦੪

ਉਪਜੇ ਅਨੰਦ, ਜਿਸ ਨੇ ਰਸਨਾ ਗਾਇਆ । ਬੱਤੀ ਦੰਦ ਮੁਖ ਨਾ ਲਾਇਆ ਮਦਿਰਾ ਮਾਸ ਗੰਦ, ਸਾਚਾ ਚੜ੍ਹਾਏ ਚੰਦ, ਨਿਹਕਲੰਕ ਕਲ ਜਾਮਾ ਪਾਇਆ । ਗੁਰਮੁਖ ਤੇਰਾ ਧਾਮ ਅਵੱਲੜਾ । ਦੱਸੇ ਰਾਹ ਇਕ ਸੁਖੱਲੜਾ । ਫੜ ਕੇ ਬਾਂਹ ਆਪ ਬਹਾਏ, ਜਿਥੇ ਵਸੇ ਇਕ ਇਕੱਲੜਾ । ਨਿਹਕਲੰਕ ਜੋਤ ਪ੍ਰਗਟਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਰੱਖੇ ਸਾਇਆ ਹੇਠ, ਗੁਰਸਿਖਾਂ ਭਾਰਾ ਕਰਾਏ ਪਲੜਾ । ਗੁਰਮੁਖ ਆਤਮ ਗੁਣ ਗਿਆਨ, ਗੁਰ ਬਲਹਾਰਿਆ । ਪ੍ਰਭ ਬਣਾਏ ਚਤੁਰ ਸੁਜਾਨ ਹਰਿ ਭਗਵਾਨ, ਦੋਏ ਜੋੜ ਕਰੇ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਹੋਏ ਮਿਹਰਵਾਨ, ਵਿਚ ਜਹਾਨ ਦੇਵੇ ਮਾਣ ਵਡ ਸੰਸਾਰਿਆ । ਆਪ ਚੁਕਾਏ ਜਮ ਕੀ ਕਾਨ, ਧਰਮ ਰਾਏ ਯਮਰਾਜ ਤੇਰੇ ਸਾਰੇ ਸਾਜ ਬਾਜ, ਗੁਰ ਦਰ ਆਏ ਜਾਣ ਸ਼ਰਮਾਏ । ਗੁਰਮੁਖਾਂ ਸਵਾਰੇ ਕਾਜ ਰੱਖੇ ਲਾਜ ਮਾਰੇ ਅਵਾਜ਼, ਸਿਰ ਪਹਿਨਾਏ ਸੱਚਾ ਤਾਜ, ਨਾ ਦਏ ਕੋਈ ਲਾਹੇ । ਸ੍ਰਿਸ਼ਟ ਸਬਾਈ ਹੋਈ ਮੁਹਤਾਜ, ਵੇਲਾ ਦਿਸੇ ਕਲ ਕਿ ਆਜ, ਕਲਜੁਗ ਤੇਰਾ ਡੁੱਬਣ ਵਾਲਾ ਜਹਾਜ਼, ਪ੍ਰਭ ਇਕੋ ਧੱਕਾ ਲਾਏ । ਸ੍ਰਿਸ਼ਟ ਸਬਾਈ ਰਿਹਾ ਸਾਜਨ ਸਾਜ, ਏਕਾ ਸ਼ਬਦ ਉਡਾਏ ਬਾਜ਼, ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪੇ ਆਣ ਵਰਤਾਏ । ਆਪਣਾ ਭਾਣਾ ਆਪੇ ਜਾਨਿਆ । ਜੋਤ ਸਰੂਪੀ ਹਰਿ ਭਗਵਾਨਿਆ । ਅੰਤਮ ਅੰਤ ਕਲ ਆਪ ਭੁਲਾਨਿਆ । ਮਾਇਆ ਵਿਚ ਰੁਲਾਇਆ, ਸਾਚਾ ਰਾਹ ਕਿਸੇ ਹੱਥ ਨਾ ਆਇਆ, ਕਲਜੁਗ ਜੀਵ ਹੋਏ ਬੇਮੁਹਾਨਿਆ । ਪ੍ਰਭ ਪੂਰੇ ਭੇਵ ਛੁਪਾਇਆ । ਕਲਜੁਗ ਜੀਵਾਂ ਦੁੱਖ ਉਠਾਇਆ । ਸਾਚਾ ਸੁਖ ਆਤਮ ਕਿਸੇ ਹੱਥ ਨਾ ਆਇਆ । ਚਾਰੋਂ ਕੁੰਟ ਰੋਏ ਸਰਬ ਮਨਮੁਖ, ਅਠਸਠ ਦਏ ਦੁਹਾਇਆ । ਭਾਗ ਲੱਗਾ ਨਾ ਕਿਸੇ ਮਾਤ ਕੁੱਖ, ਸਾਚਾ ਸ਼ਬਦ ਨਾ ਰਸਨਾ ਕਿਸੇ ਗਾਇਆ । ਅੰਤਮ ਸਹਿਣਾ ਪਏ ਦੁੱਖ, ਕਲਜੁਗ

੧੧੮ ੦੪

ਹੋਣ ਵਾਲਾ ਹਲਕਾਇਆ । ਕਲਜੁਗ ਬੂਟੇ ਜਾਣੇ ਸੁੱਕ, ਪ੍ਰਭ ਪਾਉਣ ਵਾਲਾ ਸਭ ਦੇ ਗਲ ਵਿਚ ਫਾਹਿਆ । ਨਾ ਭਾਣਾ ਸਕੇ ਰੁਕ, ਕਲਜੁਗ ਵੇਲਾ ਅੰਤਮ ਆਇਆ ਢੁੱਕ, ਜੂਠੇ ਝੂਠੇ ਜਾਣ ਮੁੱਕ, ਅੰਤਮ ਪੈਣਾ ਮੂੰਹ ਵਿਚ ਥੁੱਕ, ਨਾ ਹੋਏ ਕੋਈ ਸਹਾਇਆ । ਦੂਰ ਦੁਰਾਡਾ ਸਾਚਾ ਮਾਹੀ ਪੈਂਡਾ ਜਾਏ ਮੁੱਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਕਲਜੁਗ ਤੇਰੀ ਵਧ ਗਈ ਵੇਲ । ਪੰਚਮ ਜੇਠ ਤੇਰਾ ਅੰਤਮ ਇਸ਼ਨਾਨ ਪ੍ਰਭ ਆਪ ਕਰਾਏ, ਚੋਵੇ ਸੱਚਾ ਤੇਲ । ਬੇਮੁਖਾਂ ਨਾਮ ਨਿਸ਼ਾਨ ਮਿਟਾਏ, ਏਕਾ ਬਾਣ ਸ਼ਬਦ ਚਲਾਏ, ਤੀਰ ਕਮਾਨ ਨਾ ਕੋਈ ਹੱਥ ਉਠਾਏ, ਆਪ ਘਲਾਏ ਧਰਮ ਰਾਏ ਦੀ ਜੇਲ । ਜੋਤੀ ਜੋਤ ਸਰੂਪ ਹਰਿ, ਦੇਣ ਆਇਆ ਸਾਚਾ ਵਰ, ਗੁਰਮੁਖ ਸਾਚੇ ਤੇਰੇ ਸਾਚੇ ਘਰ, ਬਣ ਸਾਚਾ ਸੱਜਣ ਸੁਹੇਲ । ਸਾਚਾ ਸੱਜਣ ਸੁਹੇਲ ਗੁਰਮੁਖਾਂ ਮਿਲਾਏ ਮੇਲ । ਸੋਹੰ ਸ਼ਬਦ ਦੱਸੇ ਸਾਚਾ ਰਾਹ, ਆਤਮ ਜੋਤੀ ਜਗਾਏ ਬਿਨ ਬਾਤੀ ਤੇਲ । ਬੇਪ੍ਰਵਾਹ ਅਗੰਮ ਅਥਾਹ, ਅਚਰਜ ਪਾਰਬ੍ਰਹਮ ਕਲ ਖੇਲ । ਵਡਾ ਸ਼ਹਿਨਸ਼ਾਹ, ਵੇਲੇ ਅੰਤ ਕਿਸੇ ਨਾ ਹੋਣਾ ਮੇਲ । ਮੂੰਹ ਦੇ ਭਾਰ ਡਿੱਗਣ ਆ, ਪ੍ਰਗਟ ਹੋਣਾ ਸਿੰਘ ਸ਼ੇਰ ਸ਼ੇਰ ਦਲੇਰ । ਨਿਹਕਲੰਕ ਰਖਾਉਣਾ ਨਾਂ, ਪੰਚਮ ਜੇਠ ਪਹਿਲੀ ਵੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਮੇਰ ਤੇਰ । ਪੰਚਮ ਜੇਠ ਉਠਣਾ ਜਾਗ । ਮਾਝੇ ਦੇਸ ਲੱਗਣਾ ਭਾਗ । ਜਿਸ ਫੜਨੀ ਗੁਰਮੁਖਾਂ ਦੀ ਵਾਗ । ਫੜ ਫੜ ਗੁਰਮੁਖ ਸਾਚੇ ਸੰਤ ਜਨਾਂ ਧੋਏ ਜੂਠੇ ਝੂਠੇ ਦਾਗ । ਸੋਹੰ ਸਾਚਾ ਸ਼ਬਦ ਇਕ ਸੁਣਾਏ ਰਾਗ । ਝੂਠਾ ਜੰਨ ਕਢਾਏ ਝੂਠੇ ਤਨ ਏਕਾ ਲਾਏ ਸ਼ਬਦ ਸੱਚੀ ਜਾਗ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਚਰਨ ਬਹਾਏ ਦਇਆ ਕਮਾਏ ਹੰਸ ਬਣਾਏ ਕਾਗ । ਬਣਾਏ ਹੰਸ ਕਾਗਾ । ਇਕ ਸੁਣਾਏ ਸ਼ਬਦ ਰਾਗਾ । ਗੁਰਮੁਖਾਂ ਹੋਇਆ ਵਡ ਵਡ ਭਾਗਾ । ਕਲਜੁਗ ਤੇਰੀ ਅੰਤਮ ਵਾਰ ਸੋਇਆ ਮਾਤ ਜਾਗਾ । ਪ੍ਰਭ ਅਬਿਨਾਸ਼ੀ ਦੇਵੇ ਦੋਂਹ ਹੱਥਾਂ ਦਾ ਇਕ ਪਿਆਰ, ਜੋ ਜਨ ਆਏ ਸਰਨੀ ਲਾਗਾ । ਏਥੇ ਓਥੇ ਨਾ ਕਰੇ ਕੋਈ ਉਧਾਰ, ਫੜਾਏ ਲੜ ਦਰ ਗੁਰਸਿਖਾਂ ਫੜੇ ਅੱਗੋਂ ਵਾਗਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬੂੰਦ ਮੁਖ ਚੁਆਏ, ਆਪ ਮਿਟਾਏ ਤਨ ਲੱਗੀ ਤ੍ਰਿਸ਼ਨਾ ਆਗਾ । ਜਗਤ ਤ੍ਰਿਸ਼ਨਾ ਅੱਗ ਜਗਤ ਜਲੱਨਿਆਂ । ਅੱਠੇ ਪਹਿਰ ਕਲਜੁਗ ਜੀਵ ਰਹੇ ਦਗ, ਆਤਮ ਹੋਈ ਅੰਨ੍ਹਿਆ । ਤੁੱਟਾ ਆਤਮ ਧੀਰਜ ਤਗ, ਝੂਠਾ ਰਹਿ ਗਿਆ ਤਗ, ਨਾ ਬੇੜਾ ਕਿਸੇ ਬੰਨ੍ਹਿਆ । ਸਭ ਦੇ ਸਿਰ ਤੋਂ ਲੱਥੀ ਪੱਗ, ਬਣ ਗਏ ਗੁਰਮੁਖ ਸਾਚੇ ਅੰਤਮ ਕਲਜੁਗ ਕਗ, ਮਦਿਰਾ ਮਾਸ ਘਰ ਘਰ ਦਿਸੇ ਥਾਲੀ ਛੰਨਿਆ । ਨਿਹਕਲੰਕ ਜੋਤ ਜਗਾਈ ਕਲਜੁਗ ਤੱਤੀ ਵਾ ਚਾਰ ਕੁੰਟ ਜਾਣੀ ਵਗ, ਬੇਮੁਖਾਂ ਪਕੜੇ ਸ਼ਾਹ ਰਗ, ਅੰਤਮ ਅੰਤ ਕਲਜੁਗ ਦੇਵੇ ਡੰਨਿਆ । ਗੁਰਮੁਖ ਸਾਚੇ ਸੰਤ ਜਨ ਗੁਰ ਚਰਨੀ ਜਾਇਣ ਲੱਗ, ਦੀਪਕ ਜੋਤੀ ਜਾਣ ਜਗ, ਆਪ ਪਾਏ ਸਾਚੇ ਤਗ, ਨਾ ਕੋਈ ਰੱਖੇ ਓਹਲਾ ਬੰਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਵਡ ਸੁਲਤਾਨ, ਵਸੇ ਸਾਚੇ ਘਰ ਸੱਚਾ ਹਰਿ ਜਿਸ ਦੀ ਕੋਈ ਨਾ ਛੱਪਰ ਛੰਨਿਆ । ਨਿਹਕਲੰਕ ਘਰ ਘਰ ਵੇਖੇ, ਲਿਖਦਾ ਜਾਏ ਸਭ ਦੇ ਲੇਖੇ, ਕਲਜੁਗ ਜੀਵ ਰਹੇ ਭਰਮ ਭੁਲੇਖੇ, ਆਪ ਰਖਾਏ ਦਇਆ ਕਮਾਏ, ਸਤਿਜੁਗ ਤੇਰੀ ਸਾਚੀ ਨੀਂਹ, ਮਾਰੀ ਸਾਚੀ ਮੇਖ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਆਤਮ ਬੈਠ ਸ੍ਰਿਸ਼ਟ ਸਬਾਈ ਆਪੇ ਪਰਖੇ ਵੇਖੇ । ਵੇਖ ਵਖਾਣੇ ਸਭ ਕਿਛ ਜਾਣਦਾ । ਨਾ ਕੋਈ ਭੁਲਾਏ ਕਲਜੁਗ ਜੀਵ ਹੋਏ ਨਿਧਾਨੇ, ਏਕਾ ਰਸਨ ਹਲਕਾਏ ਵਧੀਆ ਪੀਣ

੧੧੯ ੦੪

ਖਾਣੇ, ਆਤਮ ਭੁੱਲਿਆ ਇਕ ਭਗਵਾਨੇ, ਨਾ ਮਿਲੇ ਘਰ ਸਾਚੇ ਦਰ ਸਾਚਾ ਮਾਨੇ, ਵੇਲਾ ਅੰਤਮ ਆਇਆ ਕਲਜੁਗ ਪਛੋਤਾਣਦਾ । ਗੁਰ ਗੋਬਿੰਦ ਜੋ ਬਚਨ ਲਿਖਾਇਆ, ਨਿਹਕਲੰਕ ਪੂਰਾ ਦਏ ਕਰਾਇਆ, ਪੰਚਮ ਜੇਠ ਸਾਰਾ ਭੇਵ ਦਏ ਖੁਲ੍ਹਾਇਆ, ਆਪ ਚੁਕਾਇਆ ਵਕਤ ਕਲਜੁਗ ਤੇਰਾ ਵਡ ਬਲਵਾਨ ਦਾ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਪੁਰੀ ਘਨਕ ਭਾਗ ਲਗਾਇਆ, ਮਾਝੇ ਦੇਸ ਦਿਓ ਵਧਾਇਆ, ਪੂਰੀ ਆਸ ਹਰਿ ਆਪ ਕਰਾਇਆ, ਲੱਖ ਚੁਰਾਸੀ ਵੇਖ ਵਖਾਣਦਾ । ਜਗੇ ਜੋਤ ਇਕ ਰਘੁਰਾਇਆ , ਤਿੰਨਾਂ ਲੋਕਾਂ ਹੋਏ ਰੁਸ਼ਨਾਇਆ, ਬ੍ਰਹਮਾ ਬ੍ਰਹਮਲੋਕ ਦੋਏ ਜੋੜ ਕਰੇ ਨਿਮਸਕਾਰਦਾ । ਸੁਰਪਤ ਰਾਜਾ ਇੰਦ ਕਰੋੜ ਤੇਤੀਸ ਦਰ ਦਵਾਰੇ ਰਿਹਾ ਪੁਕਾਰੇ, ਸ਼ਿਵ ਸ਼ੰਕਰ ਜਟਾ ਜੂਟ ਧਾਰ ਏਕਾ ਜੋਤ ਓਟ ਰਖਾਇੰਦਾ । ਨਿਹਕਲੰਕ ਕਲ ਆਇਆ ਜਾਮਾ ਧਾਰ, ਸਾਰੇ ਨਿਉਂ ਨਿਉਂ ਰਹੇ ਝਾਤੀਆਂ ਮਾਰ, ਕਿਹੜੀ ਕੂਟੇ ਕਰੇ ਵਿਚਾਰ, ਜਿਥੇ ਜਗੇ ਜੋਤ ਅਗੰਮ ਅਪਾਰ, ਸ੍ਰਿਸ਼ਟ ਸਬਾਈ ਆਪ ਲਗਾਏ ਏਕਾ ਅਗਨ । ਘਰ ਘਰ ਹੋਏ ਜੀਵ ਦੁਖਿਆਰ, ਗੁਰਮੁਖਾਂ ਸਾਚਾ ਮੁਖ ਲਗਾਏ ਸਗਨ । ਸਾਚਾ ਕਰੇ ਤਨ ਸ਼ਿੰਗਾਰ, ਜੋ ਜਨ ਸਾਚਾ ਨਾਮ ਦਾਨ ਮੰਗਣ । ਲੱਖ ਚੁਰਾਸੀ ਦਏ ਨਿਵਾਰ, ਸੰਸਾਰ ਸਾਗਰ ਪਾਰ ਲੰਘਣ । ਪੂਰਬ ਕਰਮ ਰਿਹਾ ਵਿਚਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਰਹੇ ਮਗਨ । ਨਿਹਕਲੰਕ ਜੋਤ ਜਗਾਈਆ । ਚਾਰੋਂ ਕੁੰਟ ਕਰੇ ਰੁਸ਼ਨਾਈਆ । ਸਾਚਾ ਭੇਵ ਵਡ ਦੇਵੀ ਦੇਵ, ਪੰਚਮ ਜੇਠ ਦਏ ਖੁਲ੍ਹਾਏ, ਗੁਰਮੁਖ ਸਾਚੇ ਸੰਤ ਜਨ ਆਪ ਲਗਾਏ ਆਪਣੀ ਚਰਨ ਸੇਵ, ਬੇਮੁਖਾਂ ਦੇਵੇ ਦਰ ਦੁਰਕਾਰ, ਸੋਹੰ ਸ਼ਬਦ ਦੇਵੇ ਸਾਚਾ ਫਲ, ਅੰਮ੍ਰਿਤ ਰਸ ਸਾਚਾ ਭੋਗ ਰਸਨ ਲਗਾਈਆ । ਪ੍ਰਗਟ ਹੋਏ ਅਲਖ ਅਭੇਵ, ਸਾਚੀ ਜੋਤ ਜਿਸ ਜਗਾਈਆ । ਜੋਤੀ
੧੨੦ ੦੪ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦਏ ਵਧਾਈਆ । ਜਗੇ ਜੋਤ ਜਗਤ ਅਕਾਲਣ । ਆਪੇ ਬਣੇ ਹਰਿ ਜਗਤ ਮਾਲਣ । ੧੨੦ ੦੪
ਗੁਰਮੁਖਾਂ ਅੰਤਮ ਅੰਤ ਤਨ ਸ਼ਿੰਗਾਰ ਕਰਾਏ ਸਾਚਾ ਫੂਲ ਫੂਲਣ । ਸੋਹੰ ਸ਼ਬਦ ਤਨ ਪਹਿਨਾਏ, ਦਰਗਹਿ ਸਾਚੀ ਮਾਣ ਦਵਾਏ । ਬੇੜਾ ਲਏ ਬੰਧ, ਕੰਨ੍ਹ ਉਠਾਇੰਦਾ । ਗੁਰਮੁਖ ਆਤਮ ਜਾਏ ਮੰਨ, ਲੱਖ ਚੁਰਾਸੀ ਗੇੜ ਕਟਾਇੰਦਾ । ਕੱਢੇ ਜੂਠਾ ਝੂਠਾ ਜੰਨ, ਧਰਮ ਰਾਏ ਨਾ ਲਾਏ ਡੰਨ, ਰਾਹ ਸਾਚੇ ਆਪੇ ਪਾਇੰਦਾ । ਏਕਾ ਸ਼ਬਦ ਵਸਾਏ ਤਨ, ਸੱਚਾ ਮਿਲੇ ਨਾਮ ਧਨ, ਦੋ ਜਹਾਨਾਂ ਮਾਣ ਦਵਾਇੰਦਾ । ਜੋ ਜਨ ਹੋਏ ਕਲਜੁਗ ਅੰਤਮ ਅੰਨ੍ਹ, ਭਾਂਡਾ ਕਾਇਆ ਹਰਿ ਜੀ ਦੇਵੇ ਭੰਨ, ਨਾ ਕੋਇ ਅੰਤ ਛੁਡਾਇੰਦਾ । ਧਰਮ ਰਾਏ ਦਏ ਡੰਨ, ਕਰੇ ਖੰਨ ਖੰਨ ਅਠਾਈ ਕੁੰਡਾਂ ਵਿਚ ਫਿਰਾਇੰਦਾ । ਗੁਰਮੁਖ ਸਾਚੇ ਸੰਤ ਜਨਾਂ ਬੇੜਾ ਦੇਵੇ ਬੰਨ੍ਹ, ਦਰਗਹਿ ਸਾਚੀ ਸਾਚੇ ਧਾਮ ਬਹਾਇੰਦਾ । ਦਰਗਹਿ ਸਾਚੀ ਦੇਵੇ ਚਾੜ੍ਹ, ਘਰ ਸਾਚੇ ਵਿਚ ਦੇਵੇ ਵਾੜ, ਸ੍ਰਿਸ਼ਟ ਸਬਾਈ ਆਪ ਚਬਾਏ ਪ੍ਰਭ ਅਬਿਨਾਸ਼ੀ ਆਪਣੀ ਦਾੜ੍ਹ, ਸਾਚਾ ਲੇਖ ਹਰਿ ਲਿਖਾਏ, ਕਲਜੁਗ ਤੇਰੀ ਅੰਤਮ ਵੇਖ ਰੇਖ ਪੰਚਮ ਜੇਠ ਨੇੜੇ ਆਏ, ਜਗਤ ਮਿਟਦਾ ਜਾਏ ਭੇਖ, ਜੋਤੀ ਜੋਤ ਸਰੂਪ ਹਰਿ, ਸਾਚਾ ਅਲਖ ਅਲੇਖ । ਕਲਜੁਗ ਤੇਰਾ ਕਰ ਧਿਆਨ । ਪ੍ਰਭ ਅਬਿਨਾਸ਼ੀ ਸ਼ਬਦ ਫੜਿਆ ਹੱਥ ਵਿਚ ਬਾਣ, ਚਾਰ ਕੁੰਟ ਹਰਿ ਵਿਚਾਰੀ, ਜੋਤ ਸਰੂਪੀ ਨਿਗਾਹ ਮਾਰੀ, ਬੇਮੁਖ ਦਿਸਣ ਬੇਈਮਾਨ । ਗੁਰਮੁਖ ਵਿਰਲਾ ਪਾਵੇ ਸਾਰੀ ਹਰਿ ਨਿਰੰਕਾਰੀ, ਆਤਮ ਗਵਾਏ ਮਾਣ ਤਾਣ, ਅੰਤਮ ਬਾਜ਼ੀ ਸਭ ਨੇ ਹਾਰੀ, ਕਲਜੁਗ ਕਾਲ ਆਇਆ ਖਾਣ, ਖੇਲ ਕਰੇ ਹਰਿ ਨਿਰੰਕਾਰ, ਨਾਲ ਲਿਆਏ ਮੌਤ ਲਾੜੀ, ਗੁਰਮੁਖਾਂ ਸ਼ਬਦ ਕਰਾਏ ਵਾੜੀ । ਖਿੱਚੀ ਫਿਰੇ ਵਿਚ ਸੰਸਾਰ ਰਹੇ ਪਿਛੇ ਅਗਾੜੀ । ਆਪੇ ਫੜ ਫੜ ਜਾਏ ਪਰਖੇ ਨੀਤ ਚੰਗੀ ਮਾੜੀ ।

ਕਲਜੁਗ ਜੀਵ ਪ੍ਰਭ ਅਬਿਨਾਸ਼ੀ ਏਕਾ ਵਾਰੀ ਵੱਢੇ ਤੇਰੀ ਹਾੜੀ । ਨਾ ਕੋਈ ਲਏ ਛੁਡਾਏ, ਗੁਰਮੁਖਾਂ ਸਾਚੇ ਸੰਤ ਜਨਾਂ, ਸਾਚਾ ਸ਼ਬਦ ਘੋੜੀ ਜਾਏ ਚਾੜ੍ਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਉਠ ਹੋ ਤਿਆਰ ਨਿਹਕਲੰਕ ਕਲ ਆਇਆ ਜਾਮਾ ਧਾਰ । ਕਲਜੁਗ ਤੇਰਾ ਅੰਤਮ ਵੇਲਾ ਨੇੜੇ ਆਇਆ । ਲੱਖ ਚੁਰਾਸੀ ਨਾ ਕੋਈ ਹੋਏ ਸਹਾਇਆ, ਦਰ ਦਰ ਘਰ ਘਰ ਧੀਆਂ ਭੈਣਾਂ ਕਰਨ ਵਪਾਰ, ਪ੍ਰਭ ਅਬਿਨਾਸ਼ੀ ਜਾਮਾ ਪਾਇਆ । ਆਪਣਾ ਖੇਲ ਆਪਣੇ ਹੱਥ ਰਖਾਇਆ । ਗੁਰਮੁਖ ਸਾਚੇ ਸੰਤ ਸਾਚੀ ਸੇਵਾ ਆਪ ਲਗਾਇਆ । ਆਪ ਕਰਾਏ ਵਣਜ ਵਪਾਰ, ਲੱਖ ਚੁਰਾਸੀ ਪਰਖਣ ਆਇਆ । ਸੋਹੰ ਸ਼ਬਦ ਸਚ ਸੰਦੇਸ਼ ਹਰਿ ਜੀ ਨਾਲ ਲੈ ਕੇ ਆਇਆ । ਗੁਰਮੁਖ ਸਾਚੇ ਸਾਚਾ ਲਾਹਾ ਜਾਣ ਖੱਟੀ, ਦਰ ਸਾਚੇ ਆਣ ਸੀਸ ਝੁਕਾਇਆ । ਆਤਮ ਰਸ ਸਾਚਾ ਚੱਟੀ, ਸੋਹੰ ਸ਼ਬਦ ਸਾਚਾ ਲਿਆਇਆ । ਜਗੇ ਜੋਤ ਕਾਇਆ ਮੱਟੀ, ਅੱਠੇ ਪਹਿਰ ਡਗਮਗਾਇਆ । ਇਕ ਖੁਲ੍ਹਾਏ ਹਰਿ ਜੀ ਹੱਟੀ, ਸੋਹੰ ਸ਼ਬਦ ਵਿਚ ਵਸਤ ਰਖਾਇਆ । ਬੇਮੁਖਾਂ ਚਾੜ੍ਹੇ ਭੱਠੀ, ਨਿਹਕਲੰਕ ਸਾਚਾ ਬਾਲਨ ਜੋਤ ਸਰੂਪੀ ਆਪ ਜਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਗੇੜਾ ਮੁਕਾਏ ਝੇੜਾ, ਖੁਲ੍ਹਾ ਕਰੇ ਧਰਤ ਮਾਤ ਤੇਰਾ ਵਿਹੜਾ, ਲਹਿੰਦੀ ਕੂਟੇ ਆਪੇ ਫੇਰਾ ਪਾਇਆ । ਲਹਿੰਦੀ ਕੂਟ ਲਈ ਵਿਚਾਰ । ਪ੍ਰਭ ਅਬਿਨਾਸ਼ੀ ਕਰ ਵਿਚਾਰ । ਸ਼ਬਦ ਸਰੂਪੀ ਡੰਕ ਵਜਾਏ ਹੱਥ ਫੜਾਏ ਇਕ ਕਟਾਰ । ਉਡਦੇ ਜਾਣ ਚੜ੍ਹਦੇ ਜਾਣ ਮਾਤ ਵਿਚ ਬਬਾਣ, ਕਲਜੁਗ ਅੰਤਮ ਅੰਤ ਗੁਰਮੁਖਾਂ ਕਰੇ ਆਪ ਪਛਾਣ । ਸ਼ਬਦ ਉਡਾਏ ਇਕ ਉਡਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਲਾਹੁਣ ਆਇਆ ਤੇਰੀ ਇਕ ਮੁਕਾਣ । ਕਲਜੁਗ ਤੇਰੀ ਲਾਹੁਣ ਆਇਆ ਮੁਕਾਣੇ । ਸ਼ਬਦ ਮਾਰੇ ਖਿਚ ਬਾਣੇ । ਤਖ਼ਤੋਂ ਲਾਹੇ ਰਾਜੇ ਰਾਣੇ । ਸਾਰੇ ਹੋਏ ਬੇਮੁਹਾਣੇ । ਨਿਹਕਲੰਕ ਨਾ ਕੋਈ ਪਛਾਣੇ । ਏਕਾ ਜੋਤ ਜਗੇ ਮਹਾਨੇ । ਨਾ ਕੋਈ ਵਰਨ ਨਾ ਕੋਈ ਗੋਤ, ਚਾਰ ਵਰਨ ਇਕ ਕਰਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਵ ਆਪ ਖੁਲ੍ਹਾਏ, ਚਾਰ ਵੇਦਾਂ ਲੇਖ ਲਿਖਾਏ, ਦਸ ਅੱਠ ਅਠਾਰਾਂ ਪੁਰਾਨ ਵੱਖ ਵੱਖ ਸਲੋਕ ਲਿਖਾਏ, ਗੁਰ ਨਾਨਕ ਤੇਰੀ ਸਾਚੀ ਮੋਹਰ ਲਗਾਈ, ਬੇਮੁਖਾਂ ਨਾ ਕਲ ਪਛਾਣੇ । ਗੁਰ ਗੋਬਿੰਦ ਸਾਚੀ ਕਲਮ ਚਲਾਈ, ਅੰਤਮ ਕਰੇ ਵਿਚ ਖੇਲ ਪ੍ਰਭ ਕਿਸੇ ਹੱਥ ਨਾ ਆਈ । ਨਿਹਕਲੰਕ ਕਲ ਜਾਮਾ ਪਾਇਆ, ਪਿਛਲਾ ਭੇਵ ਪ੍ਰਭ ਫੇਰ ਖੁਲ੍ਹਾਈ । ਗੁਰ ਗੋਬਿੰਦ ਜੋ ਗਿਆ ਲਿਖਾਏ । ਗਿਆਨੀ ਧਿਆਨੀ ਵਿਦਵਾਨੀ ਲੱਭ ਲੱਭ ਥੱਕੇ ਕਿਸੇ ਹੱਥ ਨਾ ਆਏ । ਨਾ ਕੋਈ ਜਾਣੇ ਬ੍ਰਹਮ ਗਿਆਨੀ, ਨਾ ਕੋਈ ਜਾਣੇ ਵਡ ਇਸ਼ਨਾਨੀ, ਨਾ ਕੋਈ ਸਾਰ ਪਾਏ । ਕਲਜੁਗ ਜੀਵ ਲੱਭ ਲੱਭ ਥੱਕੇ, ਹਰਿ ਮਿਲੇ ਨਾ ਮਦੀਨੇ ਨਾ ਮੱਕੇ, ਜੋਤ ਸਰੂਪੀ ਨਿਹਕਲੰਕ ਵਿਚ ਮਾਤ ਜਾਮਾ ਪਾਏ । ਜਾਮਾ ਪਾਏ ਅਮਾਮ ਮਹਿੰਦੀ, ਸ੍ਰਿਸ਼ਟ ਸਬਾਈ ਵੇਖੋ ਕਿਵੇਂ ਗਹਿੰਦੀ, ਇਕੋ ਗਾਹੇ ਸਾਰੇ ਪਾਏ । ਪਹਿਲੋਂ ਵੇਖੇ ਦਿਸ਼ਾ ਲਹਿੰਦੀ, ਹੱਥੀਂ ਲਾਏ ਖ਼ੂਨਨ ਮਹਿੰਦੀ । ਸ੍ਰਿਸ਼ਟ ਸਬਾਈ ਵੇਖੋ ਕਿਵੇਂ ਗਹਿੰਦੀ । ਖ਼ੁਸ਼ੀ ਹੋ ਹੋ ਮੌਤ ਰਾਣੀ ਪ੍ਰਭ ਦਰ ਅੱਗੇ ਬਹਿੰਦੀ । ਮੈਂ ਲਿਆਵਾਂ ਚੁਣ ਚੁਣ ਕਲਜੁਗ ਜੀਵ ਆਪਣੇ ਹਾਣੀ, ਕਲਜੁਗ ਭਾਰ ਸਿਰ ਤੇ ਰਹੀ ਸਹਿੰਦੀ । ਪੀਣ ਦੇਵਾਂ ਨਾ ਕਿਸੇ ਪਾਣੀ, ਜੋਤੀ ਜੋਤ ਸਰੂਪ ਹਰਿ, ਦੋਏ ਜੋੜ ਚਰਨ ਕਰਨ ਨਿਮਸਕਾਰੀ, ਰਸਨਾ ਬੋਲ ਬੋਲ ਇਹ ਕਹਿੰਦੀ । ਲਾੜੀ ਮੌਤ ਹਰਿ ਪੁਕਾਰੇ । ਨਰ ਹਰਿ ਹਰਿ ਗਿਰਧਾਰੇ । ਇਕੋ ਦੇ ਸਚ ਪਿਆਰੇ । ਮੈਂ ਵਿਚ ਮਾਤ ਦੇ ਜਾਵਾਂ । ਬੇਮੁਖ ਫੜ ਫੜ ਖਾਵਾਂ, ਆਪਣੀ ਅਗਨੀ ਭੁੱਖ ਬੁਝਾਵਾਂ । ਸਾਚੇ ਸਗਨ ਫੇਰ ਮਨਾਵਾਂ । ਕਲਜੁਗ ਤੇਰਾ ਲੇਖ ਮਿਟਾਵਾਂ । ਨਿਹਕਲੰਕ

ਤੇਰੇ ਸਾਚੇ ਚਰਨ ਜਾਏ ਸੇਵ ਕਮਾਵਾਂ । ਕਲਜੁਗ ਤੇਰਾ ਲੇਖ ਮਿਟਾਵਾਂ । ਗੁਰਮੁਖ ਸਾਚੇ ਸੰਤ ਵੇਖ ਦੋਏ ਚਰਨੀ ਸੀਸ ਨਿਵਾਵਾਂ । ਜੋਤੀ ਜੋਤ ਸਰੂਪ ਹਰਿ, ਅੱਗੋਂ ਫੜੇ ਕਰ ਕੇ ਲੰਮੀਆਂ ਬਾਹਵਾਂ । ਲਾੜੀ ਮੌਤ ਉਠੇ ਲਲਕਾਰ । ਕਲਜੁਗ ਜੀਵ ਹੋਣਾ ਖ਼ਬਰਦਾਰ । ਬੇਮੁਖਾਂ ਫੜ ਫੜ ਮਾਰੇ ਡਾਹਢੀ ਮਾਰ । ਘਰ ਘਰ ਜਾਏ ਫੜ ਫੜ ਉਠਾਏ ਬਿਰਧ ਬਾਲ ਜਵਾਨ ਨਾਰੀ ਨਾਰ । ਬਚਿਆ ਕੋਈ ਰਹਿਣ ਨਾ ਪਾਏ, ਸਿਰ ਦੇ ਉਤੇ ਰਹੀ ਛਾਏ, ਉਠੇ ਕਲ ਲਲਕਾਰ । ਜੋਤ ਸਰੂਪੀ ਨਿਹਕਲੰਕ ਲਿਆ ਅਵਤਾਰ । ਲਾੜੀ ਮੌਤ ਸਗਨ ਲਿਆ ਮਨਾਇਆ । ਵਿਚ ਗਗਨ ਦੇ ਹਰਿ ਜੀ ਧਿਆਇਆ । ਲੱਗੀ ਸਾਚੀ ਅਗਨ ਨਿਹਕਲੰਕ ਤੇਰੀ ਚਰਨ ਪ੍ਰੀਤ ਲਿਖਾਇਆ । ਕਲਜੁਗ ਜੀਵਾਂ ਤਨ ਕਾਇਆ ਲੱਗੀ ਅਗਨ ਨਾ ਕੋਈ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨ ਕਰ ਦਰਸ ਤੇਰਾ ਦੀਪਕ ਜੋਤੀ ਵਿਚ ਜਗਾਇਆ । ਲੱਗੀ ਸਾਚੀ ਲਗਨ, ਬੇਮੁਖ ਜੀਵ ਭੌਂਦੇ ਫਿਰਦੇ ਨਗਨ, ਸਚ ਸ਼ਬਦ ਪਰਦਾ ਨਾ ਕਿਸੇ ਤਨ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਵੇਖ ਨਿਹਕਲੰਕ ਲਏ ਜੋਤ ਜਗਾਇਆ । ਕਲਜੁਗ ਸੋਇਆ ਅੰਤਮ ਰੋਇਆ । ਹੰਝੂਆਂ ਹਾਰ ਪਰੋਇਆ । ਕਾਲਾ ਮੁਖੜਾ ਕਿਸੇ ਦਾਗ ਨਾ ਧੋਇਆ । ਲੱਖ ਚੁਰਾਸੀ ਰਹੀ ਸੋਇਆ । ਜਿਹੜਾ ਕਰੇ ਬੰਦ ਖਲਾਸੀ, ਉਹਨੂੰ ਕਹਿੰਦੇ ਕਊ ਨਾ ਕੋਇਆ । ਰਸਨਾ ਲਾਣ ਮਦਿਰਾ ਮਾਸੀ, ਸਾਚਾ ਬੀਜ ਕਿਸੇ ਨਾ ਬੋਇਆ । ਰਸਨਾ; ਜਪਿਆ ਨਾ ਹਰਿ ਸਾਚਾ ਸ਼ਾਹੋ ਸ਼ਾਬਾਸੀ, ਨਾ ਹੋਇਆ ਪ੍ਰਕਾਸ਼ ਸਾਚੀ ਲੋਇਆ । ਅੰਤਮ ਪਾਏ ਗਲ ਵਿਚ ਫਾਸੀ, ਛੁਡਾਏ ਨਾਹੀਂ ਕੋਇਆ । ਲਾੜੀ ਮੌਤ ਬੇਮੁਖਾਂ ਕੋਲ ਖਲੋ ਕੇ ਹੱਸੇ, ਨਾ ਸਹਾਈ ਕੋਈ ਕਿਸੇ ਹੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਮਾਤ ਪ੍ਰਗਟ ਇਕੋ ਹੋਇਆ । ਲਾੜੀ ਮੌਤ ਉਠ ਲਲਕਾਰੇ । ਆਪਣਾ ਤਨ ਰਹੀ ਸ਼ਿੰਗਾਰੇ । ਬੇਮੁਖਾਂ ਨੂੰ ਅਵਾਜਾਂ ਮਾਰੇ । ਆਓ ਮੇਰੇ ਚਲ ਦਵਾਰੇ । ਮੈਂ ਮਾਤਲੋਕ ਆਈ ਅੰਤਮ ਕਲ ਸੱਚਾ ਜਾਮਾ ਧਾਰੇ । ਨਿਹਕਲੰਕ ਮਿਲੀ ਸਰਨਾਈ ਦੇਵੇ ਵਡਿਆਈ ਆਈ ਚਾਈਂ ਚਾਈਂ ਵਿਚ ਸੰਸਾਰੇ । ਫੜ ਫੜ ਉਠਾਵਾਂ ਬਾਹੀਂ । ਭੈਣਾਂ ਛੁਡਾਵਾਂ ਭਾਈ, ਪੂਤ ਹੱਥ ਨਾ ਆਵੇ ਮਾਈ, ਦਰ ਦਰ ਸਰਬ ਪੁਕਾਰੇ । ਜੋਤੀ ਜੋਤ ਸਰੂਪ ਹਰਿ, ਦਿੱਤੀ ਦਾਤ ਕਿਰਪਾ ਧਾਰੇ । ਲਾੜੀ ਮੌਤ ਕਰ ਨਿਮਸਕਾਰ । ਉਠ ਉਠ ਉਠ ਬਲਧਾਰ । ਕਰ ਵਿਚਾਰ ਵਿਚ ਸੰਸਾਰ । ਬੇਮੁਖਾਂ ਪਾਈਂ ਸਾਰ । ਡੋਬੀਂ ਵਿਚ ਅੱਧਵਿਚਕਾਰ । ਨਾ ਦੇਵੇ ਕੋਈ ਸਹਾਰ । ਇਕੋ ਮਾਰ ਸਿਰ ਕਟਾਰ । ਕਰੀ ਜਾਈਂ ਦਰ ਦਰ ਦੋ ਫਾੜ । ਅਗਨ ਲੱਗੀ ਪਹਿਲੀ ਹਾੜ । ਚਬਾਏ ਏਕਾ ਆਪਣੀ ਦਾੜ੍ਹ । ਕਿਸੇ ਨਾ ਮਿਲੇ ਕੰਤ ਨਾਰ । ਨਾ ਕੋਈ ਹੰਢਾਏ ਸੁਹਾਗਣ ਨਾਰ । ਗੁਰਮੁਖ ਸਾਚੇ ਸੰਤ ਜਨ ਘਰ ਸਾਚੇ ਦੇਵੇ ਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਕਰੇ ਸ਼ਬਦ ਵਾੜ । ਲਾੜੀ ਮੌਤ ਵਡ ਬਲਕਾਰਨ । ਪਹਿਲੋਂ ਮਾਰੇ ਫੜ ਫੜ ਵਡ ਬਲੀ ਬੀਰ ਹੰਕਾਰਨ । ਅੱਡ ਕਰਾਏ ਸਿਰ ਧੜ, ਧੜ ਸਿਰ ਚਲਾਏ ਤੀਰ ਇਕ ਕਮਾਨਨ । ਚਾਰੋਂ ਕੁੰਟ ਹੋਏ ਕੜ ਕੜ, ਆਵਣ ਅਕਾਸ਼ ਬਬਾਨ ਚੜ੍ਹ, ਸ੍ਰਿਸ਼ਟ ਸਬਾਈ ਮਰੇ ਲੜ ਲੜ, ਨਾ ਸਕੇ ਕੋਈ ਛੁਡਾਇਨ । ਕਲਜੁਗ ਕੱਚੇ ਬੇਰ ਡਿੱਗਣ ਝੜ ਝੜ, ਨਾ ਸਕੇ ਕੋਈ ਉਠਾਲਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਆਪੇ ਪਾਲਨ । ਲਾੜੀ ਮੌਤ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਫੜ ਕੇ ਬਾਹੋਂ ਰਾਹੇ ਪਾ । ਸਾਚਾ ਰਾਹ ਇਕ ਵਖਾ । ਮੈਂ ਪਹਿਲਾਂ ਜਾਵਾਂ ਕਿਹੜੇ ਥਾਂ । ਸਿਰ ਮੇਰੇ ਤੇ ਹੱਥ ਰਖਾਈਂ,



੧੨੨
੦੪

ਰੱਖੀ ਠੰਡੀ ਛਾਂ । ਕਲਜੁਗ ਜੀਵਾਂ ਗੋਦ ਉਠਾਵੀਂ, ਧਰਮ ਰਾਏ ਦੇ ਦਰ ਬਹਾਵਾਂ ਡੂੰਘੀ ਕੰਦਰ ਦੇਵਾਂ ਪਾ । ਜੋਤੀ ਜੋਤ ਸਰੂਪ ਹਰਿ, ਸਾਚੀ ਕਿਰਪਾ ਦੇਵੇ ਕਰ, ਇਕੋ ਦੇਵੇ ਸਾਚਾ ਵਰ, ਮੇਰੀ ਫੜੀ ਰੱਖੀਂ ਬਾਂਹ । ਦੇਵੇ ਵਰ ਹਰਿ ਨਿਰੰਕਾਰ । ਪਹਿਲੋਂ ਵੇਖ ਇਕੋ ਦਰ, ਜਿਥੇ ਭਰਿਆ ਹੋਵੇ ਹੰਕਾਰ । ਪਹਿਲੀ ਕੂਟ ਕਰ ਸਰ, ਫਿਰ ਆਵੀਂ ਦਰ ਸੱਚੇ ਦਰਬਾਰ । ਦੂਜਾ ਦੇਵਾਂ ਵਰ, ਘਰ ਬੂਰੇ ਕੱਕੇ ਲੈਣੇ ਮਾਰ । ਸਚ ਭੰਡਾਰੇ ਦੇਵਾਂ ਭਰ, ਧਰਮ ਰਾਏ ਤੇਰੇ ਦਵਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਇਆ, ਕਲਜੁਗ ਅੰਤਮ ਤੇਰੇ ਕਰਮ ਵਿਚਾਰ । ਲਾੜੀ ਮੌਤ ਹੋਈ ਤਿਆਰ । ਕਰੇ ਅਰਜ਼ ਗੁਰ ਚਰਨ ਦਵਾਰ । ਏਕਾ ਦਾਤ ਝੋਲੀ ਪਾ, ਨਾਲ ਦੇ ਸ਼ਬਦ ਕਟਾਰ । ਮੈਂ ਜਾਵਾਂ ਗਲ ਵਿਚ ਪਾਵਾਂ ਫਾਹ, ਉਤੋਂ ਮਾਰੇ ਸ਼ਬਦ ਡਾਹਢੀ ਮਾਰ । ਬੇਮੁਖ ਕਲਜੁਗ ਜੀਵ ਇਕੋ ਤੇਰਾ ਸੱਚਾ ਰਾਹ, ਮੂਰਖ ਮੁਗਧ ਹੋਏ ਜੀਵ ਗਵਾਰ । ਕਿਸੇ ਨਾ ਮਿਲੇ ਸੱਚਾ ਥਾਂ, ਦਰ ਦਰ ਰਹੇ ਝੱਖ ਮਾਰ । ਨਾ ਕੋਈ ਫੜੇ ਕਿਸੇ ਬਾਂਹ, ਜੂਠਾ ਝੂਠਾ ਕਲਜੁਗ ਤੇਰਾ ਵਣਜ ਵਪਾਰ । ਨਾਤਾ ਤੁਟਾ ਪਿਤਾ ਮਾਂ, ਨਾ ਕੋਈ ਭੈਣ ਨਾ ਕੋਈ ਭਰਾ, ਨਾ ਕੋਈ ਕਰੇ ਕਿਸੇ ਪਿਆਰ । ਜੋਤੀ ਜੋਤ ਸਰੂਪ ਹਰਿ ਜਨ ਭਗਤਾਂ ਆਪੇ ਰਿਹਾ ਤਾਰ । ਸਾਚਾ ਹੱਟ ਹਰਿ ਖੁਲ੍ਹਾਇਆ । ਸੌਦਾ ਇਕੋ ਵਿਚ ਰਖਾਇਆ । ਸੋਹੰ ਸਾਚੀ ਵਥ ਧੁਰ ਦਰਗਾਹੋਂ ਆਪ ਲਿਆਇਆ । ਗੁਰਮੁਖਾਂ ਫੜਾਏ ਆਤਮ ਦਸਤ, ਚੜ੍ਹਾਏ ਸ਼ਬਦ ਹਸਤ ਚਾਰ ਕੁੰਟ ਲਏ ਫਿਰਾਇਆ । ਅੱਠੇ ਪਹਿਰ ਰਹੇ ਮਸਤ, ਜੋਤ ਸਰੂਪੀ ਜੋਤ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਣਾ ਆਪਣੇ ਹੱਥ ਰਖਾਇਆ । ਗੁਰਮੁਖ ਸਾਚੇ ਸਾਚੀ ਖੱਟੀ ਖੱਟੀ, ਆਏ ਚਲ ਸਰਨਾਈ । ਨਾ ਕੋਈ ਸੁਰ ਨਾ ਕੋਈ ਕਿੱਲੀ, ਏਕਾ ਰਸਨਾ ਗਾਣਾ
੧੨੩ ੦੪ ਸਾਚਾ ਮਾਹੀ । ਆਤਮ ਜੋਤ ਜਗੇ ਲਟ ਲਟੀ, ਕਰੇ ਰੁਸ਼ਨਾਈ । ਵਸੇ ਘਟ ਘਟੀ, ਦੇਵੇ ਸ਼ਬਦ ਵਡੀ ਵਡਿਆਈ । ਕਲਜੁਗ ਤੇਰੀ ਕਾਇਆ ੧੨੩ ੦੪
ਜੀਵ ਫਟੀ, ਨਾ ਕੋਈ ਸ਼ਬਦ ਧਾਗੇ ਨਾਲ ਸਵਾਈ । ਸਾਚਾ ਲਾਹਾ ਗੁਰਮੁਖ ਸਾਚੇ ਜਾਣ ਖੱਟੀ, ਦੁਰਮਤ ਮੈਲ ਗਵਾਈ । ਬੇਮੁਖਾਂ ਜੜ੍ਹ ਜਾਏ ਪੁੱਟੀ, ਨਾ ਸਕੇ ਕੋਈ ਲਗਾਈ । ਨਿਹਕਲੰਕ ਕਲ ਜਾਮਾ ਪਾਇਆ, ਨਾ ਜਾਣੇ ਖੇਲ ਬਾਜ਼ੀਗਰ ਨਟੀ, ਵੇਲਾ ਗਿਆ ਹੱਥ ਨਾ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਖੇਲ ਆਪਣੀ ਆਪ ਰਚਾਈ । ਸਾਚਾ ਹੱਟ ਆਪ ਲਗਾਇੰਦਾ । ਚੌਦਾਂ ਲੋਕ ਵਿਚ ਵਸਾਇੰਦਾ । ਤ੍ਰੈਲੋਕੀ ਮਾਇਆ ਜਾਲ ਬੰਨ੍ਹਾਇੰਦਾ । ਬ੍ਰਹਮਲੋਕ ਸ਼ਿਵਲੋਕ ਇੰਦਲੋਕ ਤਿੰਨੇ ਵਿਚ ਆਪ ਟਿਕਾਇੰਦਾ । ਉਤੇ ਰੱਖੇ ਆਪਣਾ ਲੋਕ ਜਿਹੜੇ ਧਾਮ ਸਦ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਵਿਚ ਸਮਾਇੰਦਾ । ਸਾਚੀ ਹੱਟੀ ਗੁਰਮੁਖ ਵਣਜਾਰਾ । ਮੰਗਣ ਆਏ ਸਚ ਦਵਾਰਾ । ਪ੍ਰਭ ਅਬਿਨਾਸ਼ੀ ਅੰਮ੍ਰਿਤ ਬਰਖੇ ਸਾਚੀ ਧਾਰਾ । ਬਜ਼ਰ ਕਪਾਟੀ ਆਰ ਪਾਰਾ । ਜੋਤੀ ਜਗੇ ਲਟ ਲਾਟੀ, ਆਤਮ ਹੋਏ ਉਜਿਆਰਾ । ਨਾ ਕੋਈ ਤੀਰਥ ਨਾ ਕੋਈ ਤਾਟੀ, ਇਕੋ ਦਿਸੇ ਇਕ ਕਿਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਸ਼ਬਦ ਦਾਨ ਗੁਰਮੁਖਾਂ ਦੇਵੇ ਬ੍ਰਹਮ ਗਿਆਨ, ਆਪ ਖੁਲ੍ਹਾਏ ਦਸਮ ਦਵਾਰਾ । ਖੁਲ੍ਹੇ ਦਸਮ ਦਵਾਰ, ਜੋਤ ਜਗਾਈਆ । ਪੜਦਾ ਲਏ ਉਤਾਰ, ਸ਼ਬਦ ਖੰਡਾ ਤਿੱਖਾ ਮਾਰ, ਦੂਈ ਦਵੈਤੀ ਪਰਦਾ ਲਾਹੀਆ । ਇਕੋ ਦੱਸੇ ਸਾਚੀ ਧਾਰ, ਗੁਰਮੁਖ ਆਤਮ ਕਰ ਵਿਚਾਰ, ਵਿਚ ਤਾੜੀ ਸਾਚੀ ਲਾਈਆ । ਜਗੇ ਜੋਤ ਅਪਰ ਅਪਾਰ, ਝਿਰਨਾ ਝਿਰੇ ਠੰਡਾ ਠਾਰ, ਏਕਾ ਬੂੰਦ ਹਰਿ ਮੁਖ ਚੁਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ, ਜੋਤ ਸਰੂਪ ਬਜ਼ਰ ਕਪਾਟੀ ਚੀਰ ਵਖਾਈਆ । ਖੁਲ੍ਹਿਆ

੧੨੪
੦੪

ਹੱਟ ਸੱਚੀ ਸਰਕਾਰ ਦਾ । ਜ਼ਾਤ ਪਾਤ ਆਦਿ ਅੰਤ ਨਾ ਕੋਈ ਵਿਚਾਰਦਾ । ਕਰ ਕਿਰਪਾ ਪਾਵੇ ਸਾਰ, ਕਲਜੁਗ ਜੀਵਾਂ ਪਾਰ ਉਤਾਰਦਾ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਸੱਚਾ ਖੇਲ ਪਰਵਰਦਿਗਾਰ ਦਾ । ਬੇਮੁਖ ਜੀਵ ਰਹੇ ਵੇਖੀ ਵੇਖ, ਗੁਰਮੁਖਾਂ ਲਿਖਦਾ ਜਾਏ ਲੇਖ, ਮਾਨਸ ਜਨਮ ਸਵਾਰਦਾ । ਬੇਮੁਖਾਂ ਸਿਰ ਇਕੋ ਸ਼ਬਦ ਖੰਡਾ ਮਾਰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸ਼ਬਦ ਸੱਚਾ ਦਾਨ, ਜੋ ਜਨ ਆਏ ਚਰਨ ਨਿਮਸਕਾਰਦਾ । ਨਿਮਸਕਾਰ ਗੁਰ ਦੁਆਰ । ਨਰ ਹਰਿ ਕਿਰਪਾ ਦੇਵੇ ਧਾਰ ਅਪਰ ਅਪਾਰ । ਸਾਚਾ ਦੇਵੇ ਨਾਮ ਵਰੀ, ਉਜਲ ਮੁਖ ਵਿਚ ਸੰਸਾਰ । ਨਾ ਲੱਗੇ ਕਾਇਆ ਦੁੱਖ, ਨਾ ਰਹੇ ਤਨ ਅਫਾਰ । ਸਾਚੀ ਖੁਲ੍ਹੇ ਆਤਮ ਕਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਵਿਚਾਰ । ਹੋ ਜਾਏ ਪਹਿਰੇਦਾਰ, ਆਪ ਫਿਰੇ ਗਲੀਓ ਗਲੀ, ਗੁਰਮੁਖ ਸਾਚਾ ਹਰਿ ਸਮਝਾਇੰਦਾ । ਸ਼ਬਦ ਡੋਰ ਹੱਥ ਫੜਾਇੰਦਾ । ਲੱਗੀ ਪ੍ਰੀਤ ਤੋੜ ਨਿਭਾਇੰਦਾ । ਦੇਵੇ ਜੋੜ ਨਾ ਕੋਈ ਤੁੜਾਇੰਦਾ । ਚੜ੍ਹਾਏ ਘੋੜ ਗੁਰਮੁਖ ਸਾਚੇ ਨਾ ਕੋਈ ਉਤੋਂ ਲਾਹਿੰਦਾ । ਇਕ ਲਗਾਇਆ ਸੱਚਾ ਪੌੜ, ਵਿਚ ਡੰਡਾ ਇਕ ਰਖਾਇੰਦਾ । ਗੁਰਮੁਖ ਚਰਨ ਆਏ ਦੌੜ, ਫੜ ਬਾਹੋਂ ਤਿੰਨਾਂ ਲੋਕਾਂ ਪਾਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਧਾਮ ਬਹਾਇੰਦਾ । ਸਾਚਾ ਧਾਮ ਇਕ ਨਿਆਰਾ । ਜਿਥੇ ਹੋਵੇ ਖੇਲ ਅਪਾਰਾ । ਜਗੇ ਜੋਤ ਅਗੰਮ ਅਪਾਰਾ, ਬੈਠਾ ਦਿਸੇ ਇਕ ਨਿਰੰਕਾਰਾ । ਗੁਰਮੁਖਾਂ ਆਇਆ ਹਿੱਸੇ ਵਿਚ ਮਾਤ ਪਹਿਲੀ ਵਾਰਾ । ਬੇਮੁਖਾਂ ਮੂਲ ਨਾ ਦਿਸੇ, ਆਤਮ ਹੋਈ ਅੰਧ ਅੰਧਿਆਰਾ । ਕਲਜੁਗ ਜੀਵ ਤੇਰੀ ਜੂਠੀ ਝੂਠੀ ਚੱਕੀ ਪੀਸੇ, ਅੰਤਮ ਹੋਏ ਦੋ ਫਾੜਾ । ਅੰਤਮ ਕਲ ਮਾਇਆ ਫਸੇ, ਨਾ ਲੱਭੇ ਤਨ ਅਫਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸੋਹੰ ਸ਼ਬਦ ਨਾਮ ਅਧਾਰਾ । ਨਾਮ ਸ਼ਬਦ ਜਗਤ ਅਧਾਰ ਹੈ । ਗੁਰਮੁਖ ਸਾਚੇ ਸੰਤ ਜਨ ਕਰਨ ਸੱਚਾ ਇਕ ਵਪਾਰ ਹੈ । ਮਿਲੇ ਸੱਚਾ ਨਾਮ ਧਨ, ਨਾ ਹੋਇਣ ਕਲਜੁਗ ਖ਼ੁਆਰ ਹੈ । ਕੋਈ ਨਾ ਦੇਵੇ ਹੋਰ ਦੁੱਖ, ਸਿਰ ਰੱਖੇ ਹੱਥ ਕਰਤਾਰ ਹੈ । ਜੋਤੀ ਜੋਤ ਸਰੂਪ ਹਰਿ, ਜਾਮਾ ਧਾਰੀ ਵਿਚ ਸੰਸਾਰੀ ਹਰਿ ਨਿਰੰਕਾਰੀ ਹੋਈ ਪਹਿਰੇਦਾਰੀ ਹੈ । ਪਹਿਰੇਦਾਰ ਵਡ ਜਵਾਨਾ । ਜੋਤ ਸਰੂਪੀ ਹਰਿ ਸੁਲਤਾਨਾ । ਵੱਡਾ ਸ਼ਾਹੋ ਸ਼ਾਹ ਰਾਜ ਰਾਜਾਨਾ । ਜੋਤੀ ਜੋਤ ਸਰੂਪ ਹਰਿ, ਸਾਚੇ ਸੰਤ ਜਨਾਂ ਸੋਹੰ ਬੰਨ੍ਹੇ ਹੱਥੀਂ ਗਾਨਾ । ਸ਼ਬਦ ਗਾਨਾ ਬੰਨ੍ਹੇ ਹੱਥ । ਪ੍ਰਭ ਅਬਿਨਾਸ਼ੀ ਸਰਬ ਕਲਾ ਆਪੇ ਸਮਰਥ । ਜੋਤ ਸਰੂਪੀ ਘਨਕਪੁਰ ਵਾਸੀ, ਸਿਰ ਰੱਖੇ ਦੇ ਕਰ ਹੱਥ । ਆਤਮ ਕਰੇ ਬੰਦ ਖੁਲਾਸੀ, ਸੋਹੰ ਦੇਵੇ ਆਤਮ ਸਾਚੀ ਵਥ । ਕੋਇ ਨਾ ਦਿਸੇ ਮਦਿਰਾ ਮਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਸਭਨਾ ਪਾਏ ਨੱਕ ਨੱਥ । ਪਾਏ ਨੱਕ ਨੱਥ ਹੱਥ ਡੋਰ । ਜੂਠੇ ਝੂਠੇ ਕਲਜੁਗ ਜੀਵਾਂ ਜਿਧਰ ਚਾਹੇ ਲਏ ਤੋਰ । ਅੱਗੇ ਦਿਸੇ ਥਾਂ ਨੀਵਾਂ ਡੂੰਘੀ ਕੰਦਰ ਅੰਧੇਰ ਘੋਰ । ਸਾਢੇ ਤਿੰਨ ਹੱਥ ਆਉਣੀ ਸੀਆਂ, ਕਿਉਂ ਬਣੇ ਹਰਾਮ ਖੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਕੱਢੇ ਹਰਿ ਫੜ ਵਡੇ ਪੰਜ ਤੱਤੀ ਚੋਰ । ਆਤਮ ਝੂਠਾ ਚੋਰ ਪੰਜ ਤੱਤ ਹੈ, ਇਹ ਕਿਸੇ ਨਾ ਬੱਝੇ ਡੋਰ, ਇਹ ਪੀਂਦਾ ਰਹਿੰਦਾ ਰੱਤ ਹੈ । ਦਿਵਸ ਰੈਣ ਆਪਣੀ ਦੇਂਦਾ ਰਹਿੰਦਾ ਮਤ ਹੈ । ਪਾਉਂਦਾ ਰਹੇ ਸ਼ੋਰ, ਨਾ ਕੋਈ ਸਕੇ ਇਹਨੂੰ ਹੋੜ, ਆਪਣਾ ਬੀਜ ਬੇਮੁਖਾਂ ਆਤਮ ਰਿਹਾ ਘੱਤ ਹੈ । ਅੰਤਮ ਵੇਲੇ ਕੋਈ ਨਾ ਸਕੇ ਹੋੜ, ਜਮਦੂਤ ਉਤੋਂ ਮਾਰਨ ਸਿਰ ਵਿਚ ਲੱਤ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਦੇਵੇ ਵਰ, ਰੱਖੇ ਅੰਤਮ ਪਤ ਹੈ । ਰੱਖੇ

ਪਤ ਹਰਿ ਭਗਵੰਤਾ । ਜੋ ਦਰ ਆਏ ਸਾਚੇ ਸੰਤਾ । ਆਪ ਬਣਾਏ ਸਾਚੀ ਬਣਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਰਾਮ ਸ਼ਾਮ ਆਦਿਨ ਅੰਤਾ । ਇਕੋ ਰਾਮ ਜੋਤ ਅਕਾਰ ਹੈ । ਪ੍ਰਗਟ ਹੋਇਆ ਵਿਚ ਸੰਸਾਰ ਹੈ । ਜੋਤ ਸਰੂਪੀ ਜਾਮਾ ਧਾਰ, ਕਰੇ ਖੇਲ ਅਪਰ ਅਪਾਰ ਹੈ । ਭੁਲੇ ਜੀਵ ਸਰਬ ਨਰ ਨਾਰ, ਅੰਤਮ ਬਾਜ਼ੀ ਗਏ ਹਾਰ । ਮਾਨਸ ਜਨਮ ਨਾ ਆਉਣਾ ਦੂਜੀ ਵਾਰ । ਲੱਖ ਚੁਰਾਸੀ ਆਪ ਭਵਾਈਆ, ਬੇੜਾ ਡੁੱਬੇ ਵਿਚ ਮੰਝਧਾਰ । ਡੂੰਘੀ ਗਾਰ ਨਾ ਕੋਈ ਪਾਰ ਕਰਾਈਆ । ਗੁਰਮੁਖਾਂ ਮਾਨਸ ਜਨਮ ਜਾਏ ਸਵਾਰ । ਰਸਨਾ ਗਾਇਣ ਗਹਿਰ ਗੰਭੀਰ, ਫੜ ਬਾਹੋਂ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਤੇਰੇ ਕਰਮ ਰਿਹਾ ਵਿਚਾਰ । ਕਰਮ ਵਿਚਾਰੇ ਨੀਰ ਵਿਰੋਲੇ । ਕਲਜੁਗ ਝੂਠਾ ਮੂਲ ਨਾ ਅੱਗੋਂ ਬੋਲੇ । ਮੂਧਾ ਹੋਇਆ ਠੂਠਾ, ਪੱਲੇ ਨਾਹੀ ਕੁਛ ਹੋਇਆ ਭਾਰ ਹੌਲੇ । ਪ੍ਰਭ ਦਰ ਤੋਂ ਅੰਤਮ ਰੂਠਾ, ਪ੍ਰਭ ਆਪ ਬਿਠਾਏ ਝੂਠੇ ਡੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਕਲਜੁਗ ਤੇਰਾ ਭੇਖ ਮਿਟਾਇਆ, ਪੰਚਮ ਜੇਠ ਨੇੜੇ ਆਇਆ ਆਪ ਉਤਾਰੇ ਤੇਰੇ ਕਾਲੇ ਚੋਲੇ । ਕਾਲਾ ਚੋਲਾ ਦੇਣਾ ਸਾੜ । ਕਲਜੁਗ ਤੇਰਾ ਭਾਗ ਮਾੜ । ਲੱਗੀ ਅੱਗ ਬਹੱਤਰ ਨਾੜ । ਜੋਤੀ ਜੋਤ ਸਰੂਪ ਹਰਿ, ਚਬਾਈ ਬੈਠਾ ਆਪਣੀ ਦਾੜ੍ਹ । ਕਾਲਾ ਚੋਲਾ ਹੋਏ ਸੁਆਹ । ਬੇਮੁਖ ਜੀਵ ਮਾਰਨ ਧਾਹ । ਕੋਈ ਨਾ ਫੜੇ ਕਿਸੇ ਬਾਂਹ । ਗੁਰਮੁਖ ਸਾਚੇ ਸੰਤ ਜਨਾਂ, ਹਰਿ ਦੇਵੇ ਠੰਡੀ ਛਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗੋਦ ਉਠਾਏ ਗਲੇ ਲਗਾਏ ਜਿਉਂ ਪੁੱਤਾਂ ਮਾਂ । ਸੁਹਾਏ ਥਾਨ ਚਰਨ ਛੁਹਾਇੰਦਾ । ਸੁਹਾਏ ਥਾਨ ਜੋਤ ਪ੍ਰਗਟਾਇੰਦਾ । ਸੁਹਾਏ ਥਾਨ ਗੁਰ ਸੰਗਤ ਸੰਗ ਰਲਾਇੰਦਾ । ਸੁਹਾਏ ਥਾਨ ਗੁਰਮੁਖ ਸਾਚੇ ਸੰਤ ਜਨ ਨਾਲ ਮਿਲਾਏ ਜਿਉਂ ਨਾਨਕ ਅੰਗਦ, ਏਕਾ ਜੋਤੀ ਦੀਪਕ ਜਗਾਇੰਦਾ । ਸੁਹਾਏ ਥਾਨ ਦੇਵੇ ਮਾਣ ਸ਼ਬਦ ਬਬਾਣ ਇਕ ਧਿਆਨ ਚਰਨ ਰਖਾਇੰਦਾ । ਗੁਰਮੁਖ ਸਾਚੇ ਰਲ ਮਿਲ ਰਸਨਾ ਗਾਵਣ ਪ੍ਰਭ ਦਰ ਪਾਵਣ ਸਾਚਾ ਮਾਣ, ਹਰਿ ਸਾਚਾ ਧਾਮ ਵਸਾਇੰਦਾ । ਸੁਹਾਏ ਥਾਨ ਹੋਇਆ ਹਰਿ ਭਗਤ ਭਗਵਾਨ, ਦੂਈ ਦਵੈਤੀ ਆਪੇ ਪੜਦੇ ਲਾਹਿੰਦਾ । ਸੁਹਾਏ ਥਾਨ ਕਰਾਏ ਇਸ਼ਨਾਨ, ਗੁਣ ਨਿਧਾਨ ਕਰ ਧਿਆਨ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਸੀਰ ਮੁਖ ਚੁਆਇੰਦਾ । ਸੁਹਾਏ ਥਾਨ ਹਰਿ ਮਿਹਰਵਾਨ ਵਡ ਨਿਗਾਹਬਾਨ, ਸਰਬ ਜੀਆਂ ਦਾ ਜਾਣੀ ਜਾਣ, ਮਦਿਰਾ ਮਾਸੀ ਦਰ ਦੁਰਕਾਇੰਦਾ । ਗੁਰਮੁਖਾਂ ਦੇਵੇ ਬ੍ਰਹਮ ਗਿਆਨ, ਚਰਨ ਧੂੜ ਸੱਚਾ ਇਸ਼ਨਾਨ, ਦਰ ਮੰਗਣ ਸੱਚਾ ਨਾਮ ਦਾਨ, ਆਤਮ ਝੋਲੀ ਆਪ ਭਰਾਇੰਦਾ । ਆਪ ਚੁਕਾਏ ਜਮ ਕੀ ਕਾਨ, ਗੁਰਸਿਖ ਸ਼ਬਦ ਬਬਾਣੇ ਆਪ ਚੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਹਾਏ ਥਾਨ ਦਵਾਏ ਸੱਚਾ ਮਾਣ ਜਿਸ ਥਾਈਂ ਚਰਨ ਛੁਹਾਇੰਦਾ । ਸੁਹਾਇਆ ਥਾਨ ਗੁਰ ਸੰਗਤ ਸੰਗ ਰਲਾਈ, ਸਾਚੀ ਬਣਤ ਬਣਾਈ, ਇਕ ਬਿਠਾਏ ਹਰਿ ਬਬਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਸੁਹਾਇਆ ਥਾਨ ਚਰਨ ਛੁਹਾਇਆ । ਗੁਰਮੁਖ ਸੋਇਆ ਆਪ ਜਗਾਇਆ । ਮੈਲ ਪਾਪਾਂ ਧੋਇਆ, ਸੋਹੰ ਸਾਬਣ ਸਾਚਾ ਲਾਇਆ । ਅੱਗੇ ਬੀਜ ਸਾਚਾ ਬੋਇਆ, ਮਦਿਰਾ ਮਾਸ ਦਏ ਤਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਆਪੇ ਹੋਏ ਸਹਾਇਆ । ਦੇਵੇ ਦਰਸ ਦੀਨ ਦਿਆਲ, ਵਡ ਕਿਰਪਾਲ ਹੈ । ਮਿਟਾਏ ਆਤਮ ਹਰਸ, ਆਤਮ ਜੋਤੀ ਨੀਰ ਲਏ ਬਰਸ, ਸੁਖੀ ਹੋਏ ਵਾਲ ਵਾਲ ਹੈ । ਅੰਮ੍ਰਿਤ ਮੇਘ ਦੇਵੇ ਬਰਸ, ਅੰਮ੍ਰਿਤ ਭਰੇ ਭੰਡਾਰਾ ਕਾਇਆ ਸੁਹਾਵੇ ਤਾਲ

ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਟੇ ਅੰਤਮ ਜਗਤ ਜੰਜ਼ਾਲ ਹੈ । ਕਟੇ ਜਗਤ ਜੰਜ਼ਾਲਾ । ਰਾਹ ਦੱਸੇ ਇਕ ਸੁਖਾਲਾ । ਨਾ ਲੱਗੇ ਹੱਡਾਂ ਪਾਲਾ । ਨਾ ਦਿਸੇ ਅੰਧੇਰੀ ਖੱਡਾ ਡੂੰਘੀ ਡੱਲਾ । ਇਕੋ ਦਿਸੇ ਹਰਿ ਜੀ ਵਡ ਵਡਾ, ਅੰਤਮ ਲਏ ਸੰਭਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਫਲ ਲਾਏ, ਗੁਰਮੁਖ ਤੇਰੀ ਕਾਇਆ ਡਾਲਾ । ਫਲ ਲਗਾਏ ਕਾਇਆ ਡਾਲ । ਦਰਗਹਿ ਸਾਚੀ ਦਏ ਖਵਾਲ । ਲੱਗੀ ਪ੍ਰੀਤੀ ਨਿਭੇ ਨਾਲ । ਮਾਨਸ ਜਨਮ ਜਾਏ ਜਗ ਜੀਤੀ, ਨਾ ਹੋਣਾ ਅੰਤ ਕੰਗਾਲ । ਏਕਾ ਦੱਸੇ ਸਾਚੀ ਰੀਤੀ, ਆਤਮ ਸ਼ਬਦ ਝੂਠੀ ਕਾਇਆ ਡਾਲੀ ਰੱਖਣਾ ਸਦ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਗੁਰਸਿਖਾਂ ਪ੍ਰਿਤਪਾਲ । ਗੁਰ ਸੰਗਤ ਸਤਿ ਸਤਿ ਸਤਿ ਕਮਾਈਆ । ਸੰਗਤ ਸਤਿ ਹਰਿ ਰੱਖੇ ਪਤ, ਧੀਰਜ ਯਤ ਦੇਵੇ ਸਤਿ, ਸਾਚੀ ਮਤ ਆਪ ਸਮਝਾਈਆ । ਚਰਨ ਬੰਧਾਵੇ ਨਤ, ਏਕੋ ਰਾਖੋ ਚਿਤ ਨਰ ਹਰਿ ਆਪ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬੈਠਾ ਸਰਬ ਸੁਹਾਈਆ । ਆਤਮ ਬੈਠਾ ਵੇਖ ਵਿਚਾਰੇ, ਗੁਣ ਅਵਗੁਣ ਹਰਿ ਨਿਰੰਕਾਰੇ । ਗੁਰਮੁਖਾਂ ਉਪਾਏ ਸ਼ਬਦ ਧੁਨ, ਖਿਚ ਲਿਆਏ ਚਰਨ ਦਵਾਰੇ । ਸ੍ਰਿਸ਼ਟ ਸਬਾਈ ਛਾਣ ਪੁਣ, ਲੱਖਾਂ ਵਿਚੋਂ ਲੱਭੇ ਗੁਰਸਿਖ ਸਚ ਦੁਲਾਰੇ । ਕਵਣ ਜਾਣੇ ਹਰਿ ਤੇਰੇ ਗੁਣ, ਕਲਜੁਗ ਜੀਵ ਗਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਭਗਤ ਜਨ ਏਕਾ ਵਸਤ ਦੋਏ ਦਵਾਰੇ । ਇਕ ਦੂਜੇ ਨੂੰ ਮਿਲ ਮਿਲ ਹੱਸਣ, ਕਰਨ ਸੱਚਾ ਪਿਆਰ । ਪੰਜ ਚੋਰ ਸਾਚੇ ਘਰ ਵਲੋਂ ਨੱਸਣ, ਹੋਣ ਬੜੇ ਦੁਖਿਆਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਤੇਰੀ ਮੇਰੀ ਮੇਰੀ ਤੇਰੀ ਇਕੋ ਧਾਰ । ਦੋਏ ਜੋਤੀ ਇਕ ਧਾਰਾ । ਇਕਾ ਦਰ ਇਕਾ ਦਵਾਰਾ । ੧੨੬ ੦੪
ਇਕਾ ਸਰ ਸਰੋਵਰ ਅੰਮ੍ਰਿਤ ਸੱਚਾ ਸੱਚੀ ਜਲ ਧਾਰਾ । ਜੋਤੀ ਜੋਤ ਸਰੂਪ ਹਰਿ, ਭਗਤ ਜਨ ਜਨ ਭਗਤ ਦੋਏ ਵਸਣ ਇਕ ਦਵਾਰਾ । ਇਕਾ ਦਵਾਰ ਸੱਚਾ ਅਸਥਾਨ । ਭਗਤ ਜਨ ਤੇਰੀ ਕਾਇਆ ਮੰਦਰ ਵਿਚ ਬੈਠੇ ਹਰਿ ਭਗਵਾਨ । ਏਕਾ ਖੋਲ੍ਹੇ ਹੰਕਾਰੀ ਵੱਜਾ ਜਿੰਦਰ, ਕਿਰਪਾ ਕਰੇ ਮਹਾਨ । ਬੇਮੁਖ ਜੀਵ ਘਰ ਘਰ ਭੌਂਦੇ ਫਿਰਦੇ ਬੰਦਰ, ਨਾ ਕੋਈ ਪਾਵੇ ਸੱਚਾ ਦਾਨ । ਜੋਤ ਸਰੂਪੀ ਹਰਿ ਸੱਚਾ ਵਸੇ ਅੰਦਰ, ਲੱਭਦੇ ਫਿਰਨ ਜਗਤ ਬੇਈਮਾਨ । ਕਿਸੇ ਹੱਥ ਨਾ ਆਏ ਗੋਰਖ ਮਛੰਦਰ ਤਨ ਮੂੰਡ ਮੁੰਡਾਨ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਸ਼ਬਦ ਡੋਰੀ ਨਾਲ ਬੰਧਾਨ । ਸ਼ਬਦ ਡੋਰੀ ਹਰਿ ਜਾਏ ਬੱਝ । ਕਿਸੇ ਕੁੰਟ ਨਾ ਜਾਏ ਭੱਜ । ਅੰਤਮ ਅੰਤ ਜਨ ਭਗਤਾਂ ਪੜਦੇ ਲਏ ਕੱਜ । ਦੇਵੇ ਦਰਸ ਸਾਧ ਸੰਤ, ਅੰਮ੍ਰਿਤ ਮੁਖ ਚੁਆਏ ਪੀਣ ਰੱਜ ਰੱਜ । ਕਾਇਆ ਅਗਨ ਤ੍ਰਿਸ਼ਨਾ ਭੁੱਖ ਗਵਾਏ, ਆਪ ਰਖਾਏ ਵਿਚ ਮਾਤ ਲਜ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨ, ਤੇਰੇ ਆਤਮ ਦਰ ਦਵਾਰ ਬੈਠਾ ਪਹਿਰੇਦਾਰ ਰਿਹਾ ਸਜ । ਆਤਮ ਬੈਠਾ ਪਹਿਰੇਦਾਰ । ਅੱਠੇ ਪਹਿਰ ਕਰੇ ਖ਼ਬਰਦਾਰ । ਕਲਜੁਗ ਵੇਲਾ ਅੰਤਮ ਆਇਆ, ਗੁਰਮੁਖਾਂ ਵਿਚ ਸੰਸਾਰ । ਨਿਹਕਲੰਕ ਕਲ ਜਾਮਾ ਪਾਇਆ, ਖੰਡਾ ਫੜਿਆ ਦੋ ਧਾਰ । ਬੇਮੁਖਾਂ ਵੱਢੀ ਜਾਏ, ਮਾਰੇ ਮਾਰ ਆਪ ਨਿਰੰਕਾਰ । ਗੂੜ੍ਹੀ ਨੀਂਦ ਦਏ ਸਵਾਇਆ, ਧਰਤ ਮਾਤ ਤੇਰੀ ਸੁਣ ਪੁਕਾਰ । ਸਤਿਜੁਗ ਜਗਾਇਆ ਉਤੇ ਮਾਰੇ ਤੇਰੇ ਛਾਲ, ਪਾਵੇ ਭਾਰ । ਸਾਚਾ ਮਾਣ ਹਰਿ ਦਵਾ ਰਿਹਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਕਲਜੁਗ ਅੰਤਮ ਗਲ ਪੱਲਾ ਪਾ । ਦਰ ਘਰ ਸਾਚੇ ਆਏ ਮਾਰੇ ਧਾਹ । ਅੰਤਮ ਵੇਲਾ ਨੇੜੇ ਆਇਆ, ਪ੍ਰਭ ਅਬਿਨਾਸ਼ੀ ਮੈਨੂੰ ਕੋਈ ਨਾ ਦਿਸੇ ਥਾਂ । ਸੱਜਣ ਸੁਹੇਲਾ ਸੰਤ ਜਨ ਨਾ ਕੋਈ ਬਣਾਇਆ,

ਨਾ ਕੋਈ ਪਕੜੇ ਮੇਰੀ ਬਾਂਹ । ਜੂਠਾ ਝੂਠਾ ਮੇਲਾ ਵਿਚ ਮਾਤ ਲਗਾਇਆ, ਘਰ ਘਰ ਉਡਾਉਂਦਾ ਰਹੇ ਕਾਂ । ਚਾਰ ਵਰਨ ਨਾ ਕਿਸੇ ਸਮਝਾਇਆ, ਹਰਿ ਜੀ ਵਸੇ ਕਿਹੜੇ ਥਾਂ । ਫੜ ਫੜ ਬਾਹੋਂ ਨਾ ਕਿਸੇ ਹਲੂਣਿਆ, ਨਾ ਲਿਆ ਕਿਸੇ ਜਗਾ । ਜੋਤੀ ਜੋਤ ਸਰੂਪ ਹਰਿ, ਅੰਤਮ ਕਲ ਜਾਮਾ ਧਾਰ ਕਰ ਖੁਆਰ, ਮਾਵਾਂ ਪੁੱਤਾਂ ਪਾਏ ਔਝੜ ਰਾਹ । ਇਕ ਦਰ ਨੱਸੇ ਮਾਂ ਪਿਆਰੀ । ਦੂਜੇ ਪਾਸੇ ਹੋਏ ਪੂਤਾਂ ਖਵਾਰੀ । ਤੀਜੇ ਪਾਸੇ ਜਾਏ ਤਾਰੀ । ਚੌਥੇ ਪਾਸੇ ਬੇਮੁਖ ਡਿੱਗੇ ਮੂੰਹ ਦੇ ਭਾਰੀ । ਆਤਮ ਬੈਠਾ ਹਰਿ ਜੀ ਵੇਖੇ, ਕਰੇ ਖੇਲ ਅਪਾਰੀ । ਬੇਮੁਖਾਂ ਕਲ ਮੂਲ ਨਾ ਦਿਸੇ, ਸੰਞ ਸਵੇਰ ਪ੍ਰਗਟ ਹੋਣਾ ਸਿੰਘ ਸ਼ੇਰ ਸ਼ੇਰ ਦਲੇਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰੀ । ਮਾਵਾਂ ਪੁੱਤਾਂ ਤੁੱਟਾ ਨਾਤਾ । ਭੈਣਾਂ ਛੱਡਣ ਸੰਗ ਭਰਾਤਾ । ਨਾਰੀ ਛੱਡੇ ਕੰਤ ਸੁਹਾਗਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਇਕੋ ਇਕ ਕਰਾਏ ਤੇਰੀ ਅੰਧੇਰੀ ਰਾਤਾ । ਕਲਜੁਗ ਅੰਤ ਹੋਣਾ ਅੰਧੇਰ ਹੈ । ਨਾ ਦਿਸੇ ਸੰਞ ਸਵੇਰ ਹੈ । ਪ੍ਰਗਟ ਹੋਣਾ ਸਿੰਘ ਸ਼ੇਰ ਸ਼ੇਰ ਦਲੇਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਚੌਥੇ ਜੁਗ ਪਹਿਲੀ ਵੇਰ ਹੈ । ਤਿੰਨ ਜੁਗ ਨਾ ਹਰਿ ਜੀ ਆਏ । ਆਪਣੀ ਜੋਤ ਕਿਸੇ ਗੋਤ ਵਿਚ ਟਿਕਾਏ । ਸਤਿਜੁਗ ਤੇਰੀ ਸਾਚੀ ਰੀਤ ਚਲਾਏ । ਹਰਿ ਜੀ ਜਾਮਾ ਪਾਏ । ਫੇਰ ਤਰੇਤੇ ਆਪ ਉਪਾਇਆ । ਏਕਾ ਸੱਚਾ ਰਾਮ ਏਕਾ ਸੱਚਾ ਨਾਮ ਵਿਚ ਮਾਤ ਦੇ ਆਇਆ । ਜੋਤੀ ਜੋਤ ਸਰੂਪ ਹਰਿ, ਰਾਵਣ ਆਪਣੀ ਹੱਥੀਂ ਮਾਰ, ਤਰੇਤੇ ਆਇਆ ਵਿਚ ਸੰਸਾਰ । ਜੋਤ ਸਰੂਪੀ ਲਿਆ ਅਵਤਾਰ । ਕਰੇ ਖੇਲ ਅਪਰ ਅਪਾਰ । ਤਰੇਤੇ ਜੁਗ ਆਈ ਹਾਰ । ਤਰੇਤਾ ਕਰਾਇਆ ਅੰਤਮ ਫਾਨੀ, ਜੋਤੀ ਜੋਤ ਸਰੂਪ ਹਰਿ, ਕੋਈ ਨਾ ਪਾਵੇ ਤੇਰੀ ਸਾਰ । ਤਰੇਤੇ ਹੋਏ ਰਾਮ ਅਵਤਾਰ । ਇਕ ਹਰਿ ਇਕ ਰਾਮ ਨਿਰੰਕਾਰ । ਕਲਜੁਗ ਕੋਈ ਨਾ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਵਾਰੋ ਵਾਰ । ਮਾਤਲੋਕ ਕਰਦਾ ਰਹੇ ਵਿਚਾਰ । ਫਿਰ ਦਵਾਪਰ ਮਾਤ ਧਰਾਇਆ । ਕਾਹਨਾ ਕ੍ਰਿਸ਼ਨਾ ਬਣ ਕੇ ਆਇਆ । ਅੰਤਮ ਜੁਗ ਜਿਸ ਕਰਾਇਆ । ਬਣ ਰਥਵਾਹੀ ਆਪਣੇ ਹੱਥੀਂ ਰਥ ਚਲਾਇਆ । ਸ੍ਰਿਸ਼ਟ ਸਬਾਈ ਸਾਚਾ ਮਾਹੀ, ਅਰਜਨ ਗੀਤਾ ਗਿਆਨ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਆਪਣਾ ਭੇਖ ਵਿਚ ਮਾਤ ਰਖਦਾ ਆਇਆ । ਦਵਾਪਰ ਆਏ ਦੋ ਅਵਤਾਰ । ਵੇਦ ਵਿਆਸ ਤੇ ਕ੍ਰਿਸ਼ਨ ਮੁਰਾਰ । ਕ੍ਰਿਸ਼ਨਾ ਗੀਤਾ ਗਾਏ ਰਸਨਾ ਦਏ ਅਠਾਰਾਂ ਧਿਆਏ ਉਚਾਰ । ਵੇਦ ਵਿਆਸ ਕਰੇ ਕਿਆਸ ਅਠਾਰਾਂ ਪੁਰਾਨ ਦਏ ਲਿਖਾਏ । ਜੋਤੀ ਜੋਤ ਸਰੂਪ ਹਰਿ, ਇਕੋ ਜੋਤ ਸਭ ਦੇ ਵਿਚ ਟਿਕਾਏ ਦਵਾਪਰ ਤੇਰਾ ਅੰਤਮ ਅੰਤ, ਕਾਹਨ ਘਨਈਆ ਤੇਰੀ ਡੋਬੇ ਨਈਆ । ਅਚਰਜ ਖੇਲ ਹਰਿ ਕਰਈਆ । ਨਾਲ ਲੜਾਏ ਭੈਣਾਂ ਭਈਆ । ਇਕ ਦਾ ਗੇੜੇ ਆਪ ਪਈਆ । ਦੂਜਾ ਵਿਚ ਧਰਤ ਮਾਤ ਗਡਈਆ । ਆਪਣਾ ਰਥ ਏਕਾ ਧਾਮ ਰਖਈਆ । ਜਿਸ ਦਾ ਨਾਉਂ ਗੁੜਗਾਉਂ ਰਖਈਆ । ਸਿੰਘ ਬਿਸ਼ਨ ਓਥੇ ਵਸਈਆ । ਨਿਹਕਲੰਕ ਕਲ ਜਾਮਾ ਪਈਆ । ਆਪਣਾ ਸਿਰ ਹੱਥ ਰਖਈਆ । ਤੀਜਾ ਲੋਚਣ ਖੋਲ੍ਹ ਵਖਈਆ । ਜੋਤੀ ਜੋਤ ਸਰੂਪ ਹਰਿ, ਆਪਣਾ ਮੇਲ ਬਿਨ ਬਾਤੀ ਬਿਨ ਤੇਲ ਆਪਣਾ ਆਪ ਕਰਈਆ । ਚੌਥੇ ਜੁਗ ਹੋਈ ਵੰਡ । ਵਿਚ ਮਾਤ ਆਤਮ ਹੋਈ ਸਭ ਰੰਡ । ਕਿਸੇ ਨਾ ਮਿਲੇ ਸੱਚੀ ਦਾਤ, ਨੰਗੀ ਹੋਈ ਸਭ ਦੀ ਕੰਡ । ਜੂਠ ਝੂਠ ਜਗਤ ਵਸਾਇਆ, ਬੇਮੁਖਾਂ ਨੂੰ ਰਿਹਾ ਵੰਡ । ਨਿਹਕਲੰਕ ਅੰਤ ਕਲਜੁਗ ਜਾਮਾ ਪਾਇਆ, ਕਰੇ ਖੰਡ ਖੰਡ । ਨਿਹਕਲੰਕ ਕਲਗੀ ਧਰ ਅਵਤਾਰ । ਵਜਾਏ ਸ਼ਬਦ ਡੰਕ, ਸੁਣੇ ਸਰਬ

੧੨੭
੦੪

ਸੰਸਾਰ । ਇਕ ਕਰਾਏ ਰਾਓ ਰੰਕ, ਊਚ ਨੀਚ ਭੇਵ ਨਿਆਰ । ਆਪ ਸੁਹਾਏ ਦਵਾਰ ਬੰਕ, ਜਗਾਏ ਜੋਤ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੋ ਏਕ ਵੇਖੇ ਸੱਚਾ ਦਰ ਦਰਬਾਰ । ਸੱਚਾ ਲਾਏ ਦਰਬਾਰ ਹਰਿ ਨਿਰੰਕਾਰਿਆ । ਕਰੇ ਸਚ ਵਿਹਾਰ ਜਮਨ ਕਿਨਾਰੇ ਚਰਨ ਛੁਹਾ ਰਿਹਾ । ਵਾਲੀ ਹਿੰਦ ਹੋ ਉਠ ਖ਼ਬਰਦਾਰ, ਨਿਹਕਲੰਕ ਕਲ ਜਾਮਾ ਪਾਇਆ । ਦੇਵੇ ਸ਼ਬਦ ਅਪਰ ਅਪਾਰ, ਰਾਜੇ ਰਾਣੇ ਸੋਏ ਆਪ ਜਗਾ ਰਿਹਾ । ਆਪ ਬੰਧਾਏ ਸਤਿਜੁਗ ਤੇਰੀ ਸੱਚੀ ਧਾਰ, ਸ਼ਬਦ ਡੋਰੀ ਨਾਲ ਬੰਧਾਇਆ । ਬੇਮੁਖਾਂ ਸੁੱਟੇ ਡੂੰਘੀ ਗਾਰ, ਨਾ ਕਿਸੇ ਛੁਡਾਇਆ । ਗੁਰਮੁਖਾਂ ਕਰੇ ਪਿਆਰ, ਆਪਣੇ ਨਾਲ ਬੰਧਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪ ਵਰਤਾਏ, ਆਪਣਾ ਚਰਨ ਲਏ ਉਠਾਏ, ਪਾਰ ਬਿਆਸੋਂ ਦਏ ਟਿਕਾਇਆ । ਰੱਖੇ ਚਰਨ ਬਿਆਸੋਂ ਪਾਰ । ਹੋਏ ਖੁਆਰੀ ਆਰ ਪਾਰ । ਚਲੇ ਦੋ ਧਾਰੀ ਖੰਡਾ ਦੇਵੇ ਪਾੜ । ਫੇਰੀ ਜਾਏ ਆਰੀ ਹੱਡੋ ਹੱਡੀ ਨਾੜੀ ਨਾੜ । ਫੜ ਫੜ ਬਾਹੋਂ ਦਰ ਘਰ ਸਾਚੇ ਵਿਚੋਂ ਜਾਏ ਕੱਢੀ, ਬੇਮੁਖਾਂ ਹੋਏ ਭਾਗ ਮਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅਗਨ ਜੋਤ ਲਗਾਏ ਜਿਉਂ ਤੱਤੀ ਅਗਨ ਹਾੜ । ਕਲਜੁਗ ਤਪਿਆ ਅੰਤ ਤੰਦੂਰ । ਪ੍ਰਭ ਅਬਿਨਾਸ਼ੀ ਸਾਚੀ ਕਲ ਆਪ ਚਲਾਈ ਲੱਖ ਚੁਰਾਸੀ ਵਿਚ ਬਹਾਈ ਅੰਮ੍ਰਿਤ ਛਿੜਕੇ ਨਾ ਲਾਹੁਣ ਵਾਲਾ ਪਹਿਲਾ ਪੂਰ । ਦੇਵੇ ਇਕ ਗੁਰਮੁਖ ਵਡਿਆਈ । ਊਚੋਂ ਨੀਚ ਕਰੇ ਸੱਚਾ ਹਰਿ ਰਘੁਰਾਈ । ਬੇਮੁਖਾਂ ਕਰੇ ਚੂਰੋ ਚੂਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਨੇੜੇ ਆਇਆ, ਮੁੱਕਣ ਕਲਜੁਗ ਤੇਰੇ ਝੇੜੇ, ਧਰਤ ਮਾਤ ਤੇਰੇ ਖੁਲ੍ਹੇ ਹੋਣ ਵਿਹੜੇ, ਬੇਮੁਖਾਂ ਦੇਵੇ ਮਾਰ । ਬੇਮੁਖਾਂ ਦਿਸੇ ਦੂਰ ਦੁਰਾਡੀ ਵਾਟ ਹੈ । ਆਪੇ ਜਾਣੇ ਹਰਿ ਹਜ਼ੂਰ ਔਖੀ ਘਾਟ ਹੈ । ਸ੍ਰਿਸ਼ਟ ਸਬਾਈ ਕੂੜੋ ਕੂੜ, ਝੂਠਾ ਰਸ ਰਹੇ ਚਾਟ ਹੈ । ਅੰਤਮ ਕਲਜੁਗ ਪੈਣਾ ਜੂੜ, ਮਾਨਸ ਜਨਮ ਆਈ ਹਾਰ ਹੈ । ਆਪੇ ਪੀੜੇ ਸ਼ਬਦ ਵੇਲਣੇ ਬੂੜ, ਕਾਇਆ ਚੋਲੀ ਜਾਣੀ ਪਾਟ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਪਿਆਏ ਸਾਚਾ ਸੀਰ ਦੁਰਮਤ ਮੈਲ ਰਿਹਾ ਕਾਟ ਹੈ । ਭਿੰਨੜੀ ਰੈਣ ਜਗਤ ਵਣਜਾਰੀਏ । ਕਲਜੁਗ ਅੰਤਮ ਖੋਲ੍ਹੇ ਨੈਣ, ਇਕ ਇਕ ਵਾਰੀਏ । ਗੁਰਸਿਖਾਂ ਦੀ ਬਣ ਜਾਏ ਸੱਚੀ ਭੈਣ, ਬੰਨ੍ਹੇ ਨਾਤਾ ਅਪਰ ਅਪਾਰੀਏ । ਹਰਿ ਜੀ ਬਣੇ ਸਾਕ ਸੱਜਣ ਸੈਣ, ਵਸੇ ਇਕ ਦਰਬਾਰੀਏ । ਧੰਨ ਧੰਨ ਧੰਨ ਗੁਰਮੁਖ ਸਾਚੇ ਸੰਤ ਜਨ, ਰਸਨਾ ਨਾਉਂ ਸਾਚਾ ਲੈਣ, ਸੁਹਾਈ ਨਾਲ ਭਿੰਨੜੀ ਰੈਣ, ਨਿਹਕਲੰਕ ਨਰਾਇਣ ਨਰ ਅਵਤਾਰੀਏ । ਬੇਮੁਖਾਂ ਮੌਤ ਖਾਣ ਆਈ ਡੈਣ, ਡੁਬਦੇ ਜਾਣ ਜੂਠੇ ਝੂਠੇ ਵਹਿਣ, ਹਰਿ ਇਕੋ ਧੱਕਾ ਦੇਵੇ ਮਾਰੀਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਜੋਤ ਆਦਿ ਅੰਤ ਨਰ ਨਰਾਇਣ ਨਿਰੰਕਾਰੀਏ । ਭਿੰਨੜੀ ਰੈਣ ਸੁਰਤ ਸੰਭਾਲੇ । ਗੁਰਮੁਖ ਸਾਚੇ ਸੰਤ ਜਨ, ਸੰਗ ਰਲਾਏ ਵਿਚੋਂ ਮਾਤ ਲੱਭੇ ਅਨਮੁਲੜੇ ਲਾਲੇ । ਗੁਰ ਚਰਨੀ ਲਿਆ ਬਹਾਏ, ਪ੍ਰਭ ਉਤੇ ਪਾਏ ਸ਼ਬਦ ਚਿੱਟੇ ਦੁਸ਼ਾਲੇ । ਗੁਰਸਿਖ ਤੇਰਾ ਪਰਦਾ ਕੋਈ ਨਾ ਲਾਹੇ, ਕਲਜੁਗ ਜੀਵ ਆਤਮ ਹੋਈ ਸਰਬ ਕੰਗਾਲੇ । ਸਚ ਵਸਤ ਹਰਿ ਝੋਲੀ ਪਾਏ ਸੋਹੰ ਦਾਤ, ਗੁਰਸਿਖ ਹੋਏ ਮਾਲੋ ਮਾਲੇ । ਮਿਟ ਗਈ ਕਲਜੁਗ ਅੰਧੇਰੀ ਰਾਤ, ਚਰਨ ਪ੍ਰੀਤੀ ਨਿਭੇ ਪ੍ਰਭ ਨਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸ਼ਬਦ ਘੋੜੇ ਚੜ੍ਹ, ਮਾਤ ਵਿਚ ਗਿਆ ਵੜ । ਸ਼ਬਦ ਘੋੜੇ ਆਪ ਚੜ੍ਹਾਇਆ । ਚਾਰੋਂ ਕੁੰਟ ਲਏ ਫਿਰਾਇਆ । ਨਾ ਕੋਈ ਸਕੇ ਰੋਕ, ਨਾ ਕਿਸੇ ਦਿਸ ਆਇਆ । ਗੁਰਮੁਖਾਂ ਸੁਣਾਏ ਇਕ ਸੱਚਾ ਸਲੋਕ,

੧੨੮
੦੪

ਸੋਹੰ ਸ਼ਬਦ ਧੁਰਦਰਗਾਹੀ ਆਇਆ । ਸਤਿਜੁਗ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਝੋਲੀ ਪਾਇਆ । ਸਤਿਜੁਗ ਤੇਰਾ ਸਚ ਸੰਦੇਸ਼, ਪ੍ਰਭ ਅਬਿਨਾਸ਼ੀ ਗੁਰਮੁਖਾਂ ਕੰਨ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਅੰਤਮ ਬੇੜਾ ਬੰਨ੍ਹ ਵਖਾਇਆ । ਆਤਮ ਪਰਦਾ ਦਏ ਹਟਾਇਆ । ਹੱਥ ਵਿਚ ਫੜਿਆ ਸ਼ਬਦ ਤਿੱਖਾ ਤੀਰ, ਸਵੱਛ ਸਰੂਪੀ ਦਰਸ ਦਿਖਾਇਆ । ਬਿਨ ਰੰਗ ਰੂਪੀ ਜੋਤ ਸਰੂਪੀ ਡਗਮਗਾਇਆ । ਗੁਰਮੁਖਾਂ ਆਤਮ ਖੋਲ੍ਹੇ ਸੋਤ, ਨਜ਼ਰੀ ਆਵੇ ਹਰਿ ਰਘੁਰਾਇਆ । ਬੇਮੁਖ ਦੋਵੇਂ ਨੈਣ ਮਲ ਮਲ ਰਹੇ ਰੋਤ, ਸਾਚਾ ਰਾਹ ਹੱਥ ਨਾ ਆਇਆ । ਭਰਮ ਭੁਲੇਖੇ ਭੁਲੇ ਵਿਚ ਵਰਨ ਗੋਤ, ਬ੍ਰਾਹਮਣ ਸ਼ੂਦਰ ਸ਼ੱਤ੍ਰੀ ਵੈਸ਼ ਹਰਿ ਜੀ ਨਾ ਕੋਈ ਭੇਵ ਰਖਾਇਆ । ਸਭ ਦੇ ਵਿਚ ਇਕੋ ਇਕ ਵਸੇ ਹਮੇਸ਼, ਕਲਜੁਗ ਜੀਵਾਂ ਬੰਨ੍ਹਾਂ ਆਪਣਾ ਆਪੇ ਪਾਇਆ । ਅੰਤਮ ਕਰੇ ਸੱਚੀ ਇਕ ਪੈਮਾਇਸ਼, ਉਚੇ ਟਿੱਲੇ ਡੂੰਘੇ ਕੰਦਰ ਉਜਾੜ ਪਹਾੜ ਸਾਰੇ ਦਏ ਢਾਹਿਆ । ਘਰ ਸਾਚੇ ਇਕ ਕਰਾਏ ਸੱਚੀ ਰਿਹਾਇਸ਼, ਊਚ ਨੀਚ ਵਡਾ ਛੋਟਾ ਖਰਾ ਖੋਟਾ ਨਾ ਕੋਈ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ, ਸਤਿਜੁਗ ਸਾਚੇ ਤੇਰਾ ਬੇੜਾ ਬੰਨ੍ਹਣ ਵਿਚ ਮਾਤ ਦੇ ਆਇਆ । ਕਲਜੁਗ ਮੁਕਾਏ ਤੇਰਾ ਝੇੜਾ । ਸੋਹੰ ਸਾਚਾ ਤੇਰਾ ਨਗਰ ਖੇੜਾ । ਕਲਜੁਗ ਮਿਟਾਏ ਖ਼ਾਕ ਰੁਲਾਏ ਸਿਰ ਛਾਰ ਪਾਏ, ਦੋਹੀਂ ਹੱਥੀਂ ਉਡਾਏ, ਚਾਰੋਂ ਤਰਫ ਧਰਤ ਮਾਤ ਤੇਰਾ ਖੁਲ੍ਹਾ ਦਿਸੇ ਵਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਜਗਾਈ । ਸ੍ਰਿਸ਼ਟ ਸਬਾਈ ਸੱਚੀ ਚੱਕੀ ਆਪ ਬਣਾਈ । ਕਲਜੁਗ ਪੁੜ ਥੱਲੇ ਰੱਖ, ਉਤੇ ਸਤਿਜੁਗ ਦਿਤਾ ਰੱਖ, ਕਿਲੀ ਸੋਹੰ ਸ਼ਬਦ ਦੋਹਾਂ ਵਿਚ ਰਖਾਈ । ਆਪਣਾ ਹੱਥ ਲਾਇਆ ਡੰਡਾ, ਮੁੱਠ ਵਾਹਵਾ ਘੁੱਟ ਕੇ ਪਾਈ । ਪੰਚਮ ਜੇਠ ਨੇੜੇ ਆਈ ਆਪ ਦਏ ਭਵਾਈ । ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਵਿਚ ਮਾਤ ਕਰੇ ਰੁਸ਼ਨਾਈ । ਸਾਚੀ ਚੱਕੀ ਆਪ ਚਲਾਈ । ਸ੍ਰਿਸ਼ਟ ਸਬਾਈ ਕਲਜੁਗ ਸਤਿਜੁਗ ਦੋਵੇਂ ਪੁੜ ਇਹਨਾਂ ਵਿਚ ਪਿਸਾਈ । ਗੁਰਮੁਖ ਸਾਚੇ ਸੰਤ ਜਨ, ਨਿਹਕਲੰਕ ਤੇਰੇ ਚਰਨ ਬਹਿਣਾ ਜੁੜ, ਦੋਏ ਜੋੜ ਭੁਲ ਬਖ਼ਸ਼ਾਈ । ਬੇਮੁਖ ਕਲਜੁਗ ਜੀਵ ਮਾਇਆਧਾਰੀ ਜਾਣ ਰੁੜ੍ਹ, ਦਰ ਦਵਾਰੇ ਆਤਮ ਹੰਕਾਰ ਇਕ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਨਿਧਾਨ ਕਲਜੁਗ ਤੇਰੇ ਅੰਤਮ ਕਰਾਏ ਅੰਤ ਨਿਸ਼ਾਨ, ਆਪਣੀ ਹੱਥੀਂ ਪਿਆਏ ਪਾਣੀ । ਕਲਜੁਗ ਅੰਤਮ ਪੀ ਲੈਣਾ ਪਾਣੀ । ਚਾਰੋਂ ਕੁੰਟ ਘਰ ਘਰ ਹਾਣੀਆਂ ਛੱਡਣੇ ਹਾਣੀ । ਆਪੇ ਵੇਖੇ ਦੁਰਜਨ ਜੀਆਂ ਆਤਮ ਹੋਈ ਅੰਧੀ ਕਾਣੀ । ਸਤਿ ਸਰੂਪੀ ਜਾਮਾ ਪਾਇਆ, ਸੋਹੰ ਡੰਡਾ ਨਾਲ ਲਏ ਲਗਾਇਆ, ਧਰਤ ਮਾਤ ਦੇ ਵਿਚ ਗਡਾਇਆ । ਗੁਰਮੁਖ ਤੇਰਾ ਸਾਚਾ ਬ੍ਰਹਮ ਆਪ ਆਪਣੀ ਹੱਥੀਂ ਖਿਚੀ ਜਾਏ, ਬੇਮੁਖ ਛਾਣ ਵਿਚ ਖ਼ਾਕ ਰੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪਣੇ ਹੱਥ ਰਖਾਇਆ । ਕਲਜੁਗ ਤੇਰੀ ਚਲਦੀ ਜਾਏ ਚੱਕੀ । ਸੱਜੇ ਹੱਥ ਦੇਵੇ ਗੇੜਾ, ਖੱਬੇ ਹੱਥ ਨਾਲ ਜਾਏ ਧੱਕੀ । ਕਲਜੁਗ ਮੁਕਦਾ ਜਾਏ ਝੇੜਾ, ਦੂਰ ਦੁਰਾਡਾ ਤੱਕੇ ਹਰਿ ਜੀ, ਏਕਾ ਵੇਖੋ ਖੋਲ੍ਹ ਤਾਕੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਆਇਆ ਜਾਮਾ ਧਾਰ, ਕਲਜੁਗ ਫਸਲ ਤੇਰੀ ਪੱਕੀ । ਫ਼ਸਲ ਹਾੜੀ ਹੋਈ ਤਿਆਰ । ਪ੍ਰਭ ਅਬਿਨਾਸ਼ੀ ਕਰੇ ਵਿਚਾਰ । ਕਿਹੜੀ ਲੱਭਾਂ ਸਾਚੀ ਧਾਰ । ਕਿਹੜਾ ਡੰਡਾ ਹੱਥ ਉਠਾਵਾਂ, ਕਲਜੁਗ ਜੀਵਾਂ ਦੇਵਾਂ ਮਾਰ । ਕਿਹੜਾ ਕੁੰਡਾ ਲਾਹ ਵਖਾਵਾਂ, ਔਖਾ ਓਥੋਂ ਲੰਘਣਾ ਪਾਰ । ਧਰਮ ਰਾਏ ਦਾ ਦਰ ਵਖਾਵਾਂ, ਉਤੋਂ ਮਾਰਾਂ ਡਾਹਢੀ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਤਮ ਵੇਖੇ

੧੨੯
੦੪

ਸਰਬ ਵਿਚਾਰ । ਲੱਗੇ ਭੋਗ ਸਤਿਜੁਗ ਸਰਦਾਰ ਦਾ । ਦੱਸੇ ਸਾਚੀ ਜੁਗਤ, ਮਾਨਸ ਜਨਮ ਸੁਆਰਦਾ । ਅੰਤਮ ਮਿਲਦੀ ਮੁਕਤ, ਜੋ ਜਨ ਹਰਿ ਹਰਿ ਰਸਨ ਉਚਾਰਦਾ । ਜੋਤੀ ਜੋਤ ਸਰੂਪ ਹਰਿ, ਕਰ ਕਿਰਪਾ ਪਾਰ ਉਤਾਰਦਾ । ਭੋਗ ਲਗਾਇਆ ਹਰਿ ਰਘੁਰਾਇਆ । ਗੁਰਮੁਖਾਂ ਦਏ ਮੁਖ ਲਗਾਇਆ । ਚਿੰਤਾ ਸੋਗ ਆਤਮ ਦੁੱਖ ਦਏ ਮਿਟਾਇਆ । ਹਉਮੇ ਕਟੇ ਰੋਗ, ਸੁੱਕੀ ਕੁੱਖ ਹਰੀ ਦਏ ਕਰਾਇਆ । ਕਦੇ ਨਾ ਹੋਏ ਵਿਜੋਗ, ਤ੍ਰਿਸ਼ਨਾ ਭੁੱਖ ਦਏ ਮਿਟਾਇਆ । ਲਿਖਿਆ ਧੁਰ ਸੰਜੋਗ, ਸੋਹੰ ਸ਼ਬਦ ਸਚ ਸੁਹਾਗੀ ਗੀਤ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਤੇਰਾ ਆਉਣਾ ਜਾਣਾ ਲੇਖੇ ਲਾਇਆ । ਹਰਿ ਭੋਗੀ ਵਡ ਭਗਵਾਨ ਹੈ । ਆਪ ਖਵਾਏ ਸਾਚੇ ਘਰ, ਅੰਮ੍ਰਿਤ ਬੂੰਦ ਮੁਖ ਚੁਆਨ ਹੈ । ਗੁਰਮੁਖਾਂ ਭੰਡਾਰੇ ਦੇਵੇ ਭਰ, ਦੇਵਣਹਾਰ ਦਾਤਾਰ ਹੈ । ਨਿਹਕਲੰਕ ਨਰਾਇਣ ਨਰ ਵਿਚ ਸੰਸਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਤਨ ਆਪੇ ਪਾਏ ਸੋਹੰ ਧਾਗੇ ਨਾਲ ਪਰੋਏ, ਗਲ ਲਟਕਾਏ ਹੈ । ਗੁਰਮੁਖ ਸਾਚੇ ਲਏ ਪਰੋਏ । ਦੁਰਮਤ ਮੈਲ ਪਾਪਾਂ ਧੋਏ । ਮਿਲ ਗੁਰ ਗੁਰਸਿਖ ਏਕਾ ਜੋਤ ਦੋਏ ਹੋਏ । ਏਕਾ ਮੰਗੀ ਨਾਮ ਭਿੱਖ, ਭੁੱਖ ਰਹੇ ਨਾ ਕੋਇ । ਸਾਚੀ ਸਿੱਖਿਆ ਲੈਣੀ ਸਿੱਖ, ਮਦਿਰਾ ਮਾਸ ਖਾਏ ਨਾ ਕੋਇ । ਆਤਮ ਲੱਭੇ ਨਾ ਕਦੇ ਵਿੱਖ, ਨਾ ਹੋਏ ਸੱਚੀ ਸੋਏ । ਜੋਤੀ ਜੋਤ ਸਰੂਪ ਹਰਿ, ਅੰਤਮ ਕਲਜੁਗ ਸਭਨਾਂ ਸੀਖਾਂ ਵਿਚ ਪਰੋਏ । ਲਾਇਆ ਭੋਗ ਦਰ ਪ੍ਰਵਾਨਿਆਂ । ਮਿਟਿਆ ਵਿਜੋਗ ਵਿਚ ਜਹਾਨਿਆਂ । ਹੋਏ ਸਤਿ ਸੰਜੋਗ, ਜਗੀ ਜੋਤ ਮਹਾਨਿਆਂ । ਕਟੇ ਹਉਮੇ ਰੋਗ, ਦੇਵੇ ਨਾਮ ਨਿਧਾਨਿਆਂ । ਰਸਨਾ ਰਸ ਸਾਚਾ ਲੈਣਾ ਭੋਗ, ਆਤਮ ਹੋਏ ਬ੍ਰਹਮ ਗਿਆਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਰਸਨਾ ਲਾਏ ਰਸ ਸਚ ਦਰਬਾਰ ਹੈ । ਗੁਰਮੁਖਾਂ ਹੋਇਆ ਵਸ ਆਇਆ ਨੱਸ, ਮਾਤਲੋਕ ਜਾਮਾ ਧਾਰ ਹੈ । ਰਾਹ ਸਾਚਾ ਜਾਏ ਦੱਸ, ਗੁਰਮੁਖ ਚੱਲਣ ਹੱਸ ਹੱਸ, ਨਾ ਮਾਰੇ ਕੋਈ ਮਾਰ ਹੈ । ਹਰਿ ਹਿਰਦੇ ਜਾਏ ਵਸ, ਅੰਮ੍ਰਿਤ ਆਤਮ ਦੇਵੇ ਸਾਚਾ ਰਸ, ਅੱਠੇ ਪਹਿਰ ਰਹੇ ਸਦਾ ਖ਼ੁਮਾਰ ਹੈ । ਬੇਮੁਖ ਦਰ ਤੋਂ ਜਾਇਣ ਨੱਸ, ਸ਼ਬਦ ਤੀਰ ਮਾਰੇ ਕਸ, ਹੋਇਣ ਅੰਤ ਦੁੱਖਿਆਰ ਹੈ । ਸ੍ਰਿਸ਼ਟ ਸਬਾਈ ਹੋਣੀ ਭਸ, ਕੋਈ ਨਾ ਚਲੇ ਕਿਸੇ ਦਾ ਵਸ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੀਲਾ ਅਪਰ ਅਪਾਰ ਹੈ । ਹਰਿ ਭੋਗ ਭਗਤਾਂ ਦਾਨ ਹੈ । ਮਾਤ ਜੋਤ ਧਰੇ ਕਿਰਪਾ ਕਰ, ਦੇਵੇ ਗੁਣ ਨਿਧਾਨ ਹੈ । ਅੰਮ੍ਰਿਤ ਸਾਚੀ ਦਾਤ ਅੰਮ੍ਰਿਤ ਸਰ ਸਰੋਵਰ ਭਰ, ਆਤਮ ਤ੍ਰਿਖਾ ਆਪ ਮਿਟਾਨ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਦੇਵੇ ਨਾਮ ਜਗਤ ਨਿਧਾਨ ਹੈ । ਲੱਗੇ ਭੋਗ ਸਤਿ ਸੰਤੋਖਿਆ । ਕਟੇ ਹਉਮੇ ਰੋਗ ਮਿਟੇ ਰੋਗਿਆ । ਗੁਰਮੁਖ ਵਿਰਲੇ ਰਸ ਰਸਨਾ ਲੈਣ ਭੋਗ, ਮਿਲੇ ਸੱਚਾ ਜੋਗ ਬੇਮੁਖਾਂ ਹੋਏ ਵਿਜੋਗਿਆ । ਦੇਵੇ ਦਰਸ ਹਰਿ ਅਮੋਘ, ਜੋਤ ਸਰੂਪੀ ਵਡ ਭੋਗਣ ਭੋਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਭੇਵ ਨਾ ਜਾਣੇ, ਹੱਥ ਨਾ ਆਏ ਕਿਸੇ ਰਾਜੇ ਰਾਣੇ ਸੁਘੜ ਸਿਆਣੇ ਵਡ ਮਹਾਰਾਣੇ, ਚਾਰੋਂ ਕੁੰਟ ਭੌਂਦੇ ਫਿਰਦੇ, ਧਾਰੇ ਭੇਖ ਵਡ ਵਡ ਜੋਗੀਆ । ਜੋਗੀ ਜਟਾ ਜੂਟ ਧਾਰ । ਨੰਗੀ ਪੈਰੀਂ ਹੋਣ ਖੁਆਰ । ਸਿਰ ਚੁੱਕੀ ਫਿਰਦੇ ਭਾਰ । ਹਰਿ ਨਾ ਦਿਸੇ ਨਾ ਆਏ ਕਿਸੇ ਵਿਚਾਰ । ਗੁਰਮੁਖਾਂ ਪਾਏ ਸਾਚੇ ਹਿੱਸੇ, ਨਿਹਕਲੰਕ ਤੇਰੇ ਸਾਚੇ ਦਰਬਾਰ । ਤੀਜੇ ਲੋਇਣ ਹਰਿ ਜੀ ਦਿਸੇ, ਜਗੇ ਜੋਤ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਮ੍ਰਿਤ ਆਤਮ ਝਿਰਾਏ

੧੩੦ ੦੪

ਝਿਰਨਾ, ਕਾਇਆ ਕਰੇ ਠੰਡੀ ਠਾਰ । ਕਾਇਆ ਠੰਡੀ ਠਾਰ ਸੀਤਲ ਸੀਤ ਹੈ । ਪੂਰਬ ਕਰਮ ਲਏ ਵਿਚਾਰ, ਮਿਲਿਆ ਮੀਤ ਸੁਹਾਏ ਦਰ ਆਏ ਜੋ ਨਰ ਨਾਰ ਹੈ । ਪ੍ਰਭ ਆਪ ਦਿਖਾਏ ਸੱਚੀ ਰੀਤ ਹੈ । ਇਕੋ ਇਕ ਸਚ ਵਿਹਾਰ ਹੈ । ਰਸਨਾ ਗਾਉਣਾ ਸੱਚਾ ਹਰਿ ਮੀਤ ਹੈ । ਝੂਠਾ ਜੂਠਾ ਰਸਨ ਆਹਾਰ ਤਜਾਉਣਾ, ਇਹ ਬਣਾਈ ਜਗਤ ਅਨੀਤ ਹੈ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਪਰਖੇ ਨੀਤ ਹੈ । ਦੱਸੇ ਸ਼ਬਦ ਸਾਚੀ ਧਾਰ, ਮਾਨਸ ਜਨਮ ਜਾਣਾ ਜੀਤ ਹੈ । ਲੱਖ ਚੁਰਾਸੀ ਵਿਚੋਂ ਗੁਰਮੁਖ ਸਾਚੇ ਲਏ ਵਿਚਾਰ, ਆਪ ਬੰਧਾਏ ਆਪਣੇ ਚਰਨ ਪ੍ਰੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਏ ਗੁਰਦਵਾਰੇ ਮੰਦਰ ਵਿਚ ਮਸੀਤ ਹੈ । ਹਰਿ ਸਾਚਾ ਭੋਗ ਲਗਾਏ ਰਸਨ ਛੁਹਾਇੰਦਾ । ਸ਼ਬਦ ਘੋੜੇ ਕਸੇ ਤੰਗ, ਚਾੜ੍ਹੇ ਰੰਗ ਗੁਰਸਿਖ ਮੰਗਣ ਸਾਚੀ ਮੰਗ, ਹੋ ਅਸਵਾਰ ਹਰਿ ਆਪੇ ਆਇੰਦਾ । ਕਟੇ ਭੁੱਖ ਨੰਗ, ਸ਼ਬਦ ਵਜਾਏ ਇਕ ਸਾਚਾ ਮਰਦੰਗ, ਚੋਟ ਆਪਣੀ ਹੱਥੀਂ ਲਾਇੰਦਾ । ਇਕ ਚੜ੍ਹਾਏ ਮਜੀਠੀ ਰੰਗ, ਸਦਾ ਵਸੇ ਅੰਗ ਸੰਗ, ਨਾ ਮੂੰਹ ਕਦੇ ਭਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜਾਮਾ ਧਾਰ, ਕਰ ਵਿਚਾਰ ਗੁਰਮੁਖ ਸਾਚੇ ਰਾਹੇ ਪਾਇੰਦਾ । ਸਾਚੇ ਰਾਹ ਜਾਣਾ ਚਲ । ਨਿਹਚਲ ਧਾਮ ਇਕ ਅਟੱਲ । ਪਾਰ ਕਰਾਏ ਜਲ ਥਲ । ਆਵੇ ਜਾਵੇ ਘੜੀ ਘੜੀ ਪਲ ਪਲ । ਬੇਮੁਖ ਵਕਤ ਲੰਘਾਵੇ ਨਾ ਹਰਿ ਧਿਆਵੇ, ਵਿਚਾਰੇ ਅੱਜ ਕਿ ਕਲ ਅੰਤਮ ਕਲ ਹੋਏ ਖਵਾਰੇ, ਨਾ ਕੋਈ ਪਾਵੇ ਸਾਰੇ ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਜੋਣ ਵਾਲਾ ਇਕੋ ਹਲ । ਇਕੋ ਹਲ ਆਪ ਚਲਾਏ । ਸਾਚਾ ਹਾਲੀ ਬਣ ਕੇ ਆਏ । ਦੋਹੀਂ ਹੱਥੀਂ ਉਤੋਂ ਭਾਰ ਪਾਏ । ਜੜ੍ਹ ਕਿਸੇ ਦੀ ਰਹਿਣ ਨਾ ਪਾਏ । ਜੰਗਲ ਜੂਹ ਉਜਾੜ ਪਹਾੜਾਂ ਉਚੇ ਟਿੱਬੇ ਵਾਹੁੰਦਾ ਜਾਏ । ਸੋਹੰ ਸ਼ਬਦ ਸੁਹਾਗੀ ਗੀਤ ਸਾਚਾ ਮਾਹੀਆ ਰਸਨਾ ਨਾਲ ਸੁਣਾਉਂਦਾ ਜਾਏ । ਸਤਿਜੁਗ ਬਣ ਜਾਏ ਤੇਰੀ ਰੀਤ, ਕਲਜੁਗ ਬੇਮੁਖਾਂ ਗੂੜ੍ਹੀ ਨੀਂਦ ਸਵਾਉਂਦਾ ਜਾਏ । ਬੰਧਾਉਂਦਾ ਜਾਏ ਚਰਨ ਪ੍ਰੀਤ, ਬਣ ਜਾਏ ਸਾਚਾ ਮੀਤ, ਬੇਮੁਖਾਂ ਦਰ ਦੁਰਕਾਉਂਦਾ ਜਾਏ । ਕਾਇਆ ਕਰਦਾ ਜਾਏ ਠੰਡੀ ਸੀਤ ਗੁਰਮੁੱਖ ਸਾਚੇ ਸੰਤ ਜਨਾਂ, ਬੇਮੁਖਾਂ ਅਗਨ ਆਪਣੀ ਹੱਥੀਂ ਲਾਉਂਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਜਾਮਾ ਧਾਰ, ਮਾਤਲੋਕ ਵਿਚੋਂ ਕੱਢੇ ਬਾਹਰ, ਸਤਿਜੁਗ ਉਤੋਂ ਆਏ ਸੰਸਾਰ, ਗੁਰਮੁਖਾਂ ਆਤਮ ਸੋਧੇ ਸ਼ਬਦ ਕੁਠਾਲੀ ਡਾਰ, ਨਿਹਕਲੰਕ ਲਿਆ ਅਵਤਾਰ, ਸਚ ਵਿਹਾਰ ਆਪ ਕਰਾਉਂਦਾ ਜਾਏ । ਸਚ ਵਿਹਾਰ ਆਪ ਕਰਾਵਣਾ । ਸਤਿਜੁਗ ਸਾਚਾ ਵਿਚ ਮਾਤ ਆਪ ਧਰਾਵਣਾ । ਕਲਜੁਗ ਅੰਤਮ ਮਾਰੇ ਡਾਹਢੀ ਮਾਰ, ਘਰੋਂ ਬਾਹਰ ਕਢਾਵਣਾ । ਬੇਮੁਖ ਹੋਣ ਨਾਲ ਖੁਆਰ, ਇਕ ਦੂਜੇ ਦਾ ਸੰਗ ਨਾ ਕਿਸੇ ਨਿਭਾਵਣਾ । ਕਲਜੁਗ ਜੂਠਾ ਝੂਠਾ ਯਾਰ, ਅੰਤਮ ਜਿਸ ਨੇ ਪਿਛਾ ਵਖਾਵਣਾ । ਕਲਜੁਗ ਜੀਵ ਕਿਉਂ ਭੁਲੇ ਗਵਾਰ ਏਕਾ ਹਰਿ, ਕਲ ਅੰਤਮ ਜਿਸ ਨੇ ਸਿਰ ਹੱਥ ਰਖਾਵਣਾ । ਦੋਵੇਂ ਰਾਹ ਹੋਏ ਦੋਫਾੜ । ਪ੍ਰਭ ਅਬਿਨਾਸ਼ੀ ਆਪੇ ਦੇਵੇ ਪਾੜ । ਕਲਜੁਗ ਜੀਵ ਧਰਮ ਰਾਏ ਦੇ ਦਰ ਦੇਵੇ ਵਾੜ । ਗੁਰਮੁਖ ਬਣਾਏ ਸਾਚੇ ਲਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਕਰੇ ਸ਼ਬਦ ਸਾਚੀ ਵਾੜ । ਗੁਰਸਿਖ ਪੂਰੇ ਰਸਨਾ ਰੱਸ ਵਖਾਨਿਆ । ਗੁਰਸਿਖ ਪੂਰੇ ਹਰਿ ਸਮਝਾਨਿਆ । ਕਲਜੁਗ ਅੰਤਮ ਅੰਤ, ਆਪ ਚਲਾਏ ਆਪਣੇ ਭਾਣਿਆ । ਮੇਲ ਮਿਲਾਏ ਸਾਚੇ ਸੰਤ, ਦੇਵੇ ਆਤਮ ਬ੍ਰਹਮ ਗਿਆਨਿਆ । ਮੇਲ ਮਿਲਾਵਾ ਸਾਚੇ ਕੰਤ, ਨਾ ਹੋਏ ਵਿਛੋੜਾ ਦੋਏ ਜਹਾਨਿਆ । ਜੋਤ ਸਰੂਪੀ ਆਦਿ ਅੰਤ, ਦੇਵੇ ਮਾਣ ਭਗਤ ਭਗਵਾਨਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੧੩੨
੦੪

ਕਲਜੁਗ ਜੀਆਂ ਮਾਇਆ ਪਾਏ ਬੇਅੰਤ ਆਪਣਾ ਭੇਵ ਆਪਣੇ ਹੱਥ ਰਖਾਨਿਆ । ਭੁਲੇ ਫਿਰਦੇ ਜੀਵ ਜੰਤ, ਸਚ ਵਸਤ ਕਿਸੇ ਹੱਥ ਨਾ ਆਈਆ । ਗੁਰਮੁਖਾਂ ਮਿਲਿਆ ਹਰਿ ਸਾਚਾ ਕੰਤ, ਸਾਚੀ ਜੋਤ ਜਗਾਈਆ । ਸ਼ਬਦ ਪਾਏ ਤਨ ਸਾਚੀ ਵਸਤ, ਹੁੰਦੀ ਜਾਏ ਦਿਨੋ ਦਿਨ ਰੁਸ਼ਨਾਈਆ । ਮਹਿੰਮਾ ਜਗਤ ਅਗਣਤ, ਨਾ ਕਿਸੇ ਗਣੀ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖੇ ਵਡਿਆਈ, ਕੰਤ ਕੰਤੂਹਲ । ਦਰ ਘਰ ਸਾਚਾ ਨਾ ਜਾਣਾ ਭੂਲ । ਅੱਗੇ ਫੜ ਕੇ ਮਾਰਗ ਪਾਏ, ਸ਼ਬਦ ਪੰਘੂੜਾ ਲੈਣਾ ਝੂਲ । ਸਾਚੇ ਧਾਮ ਆਪ ਸੁਹਾਏ, ਬਹਾਏ ਜਿਥੇ ਬੈਠਾ ਆਸਣ ਲਾਏ, ਜੋਤ ਸਰੂਪੀ ਡਗਮਗਾਏ, ਸਿੰਘ ਸਿੰਘਾਸਣ ਹਰਿ ਜੀ ਬੈਠਾ ਨਾ ਕੋਈ ਪਾਵਾ ਨਾ ਕੋਈ ਚੂਲ । ਜਗੇ ਜੋਤ ਹਰਿ ਨਿਰੰਕਾਰੀ । ਨਾ ਕੋਈ ਦਿਸੇ ਚਾਰ ਦਵਾਰੀ । ਆਪੇ ਵਸੇ ਸਭ ਤੋਂ ਬਾਹਰੀ । ਵੇਖੇ ਵਿਗਸੇ ਕਰੇ ਵਿਚਾਰੀ । ਲੱਖ ਚੁਰਾਸੀ ਜਿਸ ਪਸਾਰੀ । ਕਲਜੁਗ ਜੀਵ ਕਿਉਂ ਭੁਲੇ ਰੁਲੇ ਕਾਇਆ ਡੁਲੇ, ਅੰਤਮ ਜਾਣਾ ਬਾਜੀ ਹਾਰੀ । ਭਾਗ ਲਗਾਉਂਣਾ ਆਪਣੀ ਕੁੱਲੇ, ਸਚ ਵਸਤ ਹਰਿ ਝੋਲੀ ਪਾਏ, ਕੋਈ ਨਾ ਲੈਂਦਾ ਮੁੱਲੇ । ਗੁਰਮੁਖ ਸਾਚੇ ਸੰਤ ਜਨ ਪੂਰੇ ਤੋਲ ਤੁਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਡੋਲੇ ਨਾ ਡੁਲੇ । ਨਾ ਡੁਲੇ ਹਰਿ ਨਾ ਡੁਲਾਇੰਦਾ । ਨਾ ਕਿਸੇ ਕੋਲੋਂ ਤੁਲੇ, ਨਾ ਕੋਈ ਤੁਲਾਇੰਦਾ । ਸ੍ਰਿਸ਼ਟ ਸਬਾਈ ਕਲ ਅੰਤ ਤੁਲਾਇੰਦਾ । ਨਾ ਕੋਈ ਪਾਏ ਮੁਲੇ, ਸ੍ਰਿਸ਼ਟ ਸਬਾਈ ਇਕੋ ਨਾਉਂ ਆਪਣਾ ਮੁੱਲ ਚੁਕਾਇੰਦਾ । ਅੰਤਮ ਕਲ ਵੇਖੇ ਥਾਉਂ ਥਾਈਂ, ਗੁਰਮੁਖ ਪਿਆਰਾ ਭਗਤ ਕਿੱਥੇ ਨਜ਼ਰੀ ਆਇੰਦਾ । ਅੱਗੋਂ ਹੋ ਕੇ ਫੜਦਾ ਬਾਹੀਂ, ਫੜ ਫੜ ਗਲੇ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮਤੀਂ ਆਪ ਸਮਝਾਇੰਦਾ । ਗੁਰ ਸੱਜਣ ਗੁਰਸਿਖ ਮੀਤ ਪਿਆਰਾ । ਏਕਾ ਦੱਸੇ ਰਾਹ ਗਲੋਂ ਕਟੇ ਭਗਤ ਜੰਜਾਲਾ ਫਾਹ, ਦੇਵੇ ਨਾਮ ਸ਼ਬਦ ਅਪਾਰਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਵਿਰਲਾ ਮੰਗੇ ਸੱਚਾ ਇਕ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਤੁੱਲ ਅਤੁੱਟ ਨਿਖੁੱਟ ਭਰਿਆ ਰਹੇ ਭੰਡਾਰਾ । ਹਰਿ ਭੰਡਾਰਾ ਵਡ ਭੰਡਾਰ ਹੈ । ਬਣਿਆ ਆਪ ਵਰਤਾਰਾ, ਮੰਗਣ ਆਏ ਸਰਬ ਸੰਸਾਰ ਹੈ । ਨਾ ਕਰੇ ਕੋਈ ਵਿਚਾਰਾ, ਏਕਾ ਵੇਖੇ ਆਤਮ ਪਿਆਰ ਹੈ । ਨਾ ਕੋਈ ਜਾਣੇ ਸ਼ਾਹ ਸੁਲਤਾਨ ਰਾਜ ਰਾਜਾਨ ਵਡ ਸਰਦਾਰ, ਗਰੀਬ ਨਿਮਾਣਿਆਂ ਪਾਉਂਦਾ ਆਏ ਸਾਰ, ਭੁਲੇ ਪ੍ਰਭ ਸਾਚੇ ਦਾ ਸੱਚਾ ਇਕ ਵਿਹਾਰ, ਦਰ ਆਇਆਂ ਦੇਂਦਾ ਮਾਣ ਹੈ । ਇਕੋ ਇਕ ਵਖਾਏ ਸੱਚਾ ਘਰ ਬਾਹਰਾ, ਜਿਥੇ ਵਸੇ ਆਪ ਹਰਿ ਭਗਵਾਨ ਹੈ । ਉਚਾ ਲੰਮਾ ਚੌੜਾ ਨਾ ਕੋਈ ਚੁਬਾਰਾ, ਜੋਤੀ ਜੋਤ ਸਰੂਪ ਹਰਿ, ਏਕਾ ਡਗਮਗਾਨ ਹੈ । ਕਿਸੇ ਹੱਥ ਨਾ ਆਵੇ ਕੋਈ ਕਿਨਾਰਾ, ਥੱਕ ਥੱਕ ਗਏ ਵਿਚ ਮਾਤ ਕਈ ਅਵਤਾਰ ਨਾ ਕਰੇ ਕੋਈ ਬਿਆਨ ਹੈ । ਜੋਤ ਸਰੂਪੀ ਭੇਦ ਅਭੇਦਾ ਅਪਰ ਅਪਾਰਾ, ਨਾ ਰਸਨਾ ਸਕੇ ਕਿਸੇ ਵਖਾਨ ਹੈ । ਨਾ ਕੋਈ ਜਾਣੇ ਨਾ ਵਖਾਣੇ, ਕਿਵੇਂ ਬੰਨ੍ਹੇ ਤ੍ਰੈਲੋਕੀ ਧਾਰ, ਨਾ ਕੋਈ ਥੰਮ੍ਹ ਦਿਸੇ ਵਿਚ ਜ਼ਿਮੀਂ ਅਸਮਾਨ ਹੈ । ਨਾ ਕੋਈ ਜਾਣੇ ਪ੍ਰਭ ਅਬਿਨਾਸ਼ੀ ਕਿਵੇਂ ਪਿਆ ਜੰਮ, ਨਾ ਕੋਈ ਪਿਤਾ ਨਾ ਕੋਈ ਮਾਂ ਹੈ । ਅੰਮ੍ਰਿਤ ਮੇਘ ਗੁਰਸਿਖ ਤੇਰੀ ਆਤਮ ਬਰਸੇ ਛੰਮ ਛੰਮ, ਏਕਾ ਕਰ ਚਰਨ ਧਿਆਨ ਹੈ । ਸੁੱਕਾ ਹੋਏ ਹਰਿਆ ਕਾਇਆ ਚੰਮ, ਆਤਮ ਨਿਕਲੇ ਸੁਖਾਲਾ ਸਾਹ ਹੈ । ਘਰ ਆਏ ਭਗਵਾਨ, ਲੈ ਬਬਾਨ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਦਾ ਸਦਾ ਮਿਹਰਵਾਨ ਹੈ । ਮਿਹਰਵਾਨ ਮਿਹਰਵਾਨ ਮਿਹਰਵਾਨ ਹੈ । ਜਨ ਭਗਤ ਦੇਂਦਾ ਮਾਣ, ਜੋ ਜਨ ਹੋਏ

੧੩੩ ੦੪

ਨਿਤਾਣਿਆਂ ਤਾਣ ਹੈ । ਗੁਰਮੁਖ ਸਾਚੇ ਅੰਮ੍ਰਿਤ ਫਲ ਸਾਚਾ ਖਾਣ ਹੈ । ਰਸਨਾ ਸ਼ਬਦ ਸੱਚਾ ਗਾਣ ਹੈ । ਬੇਮੁਖਾਂ ਫਲ ਨਾ ਦਿਸੇ ਕਲਜੁਗ ਆਤਮ ਡਾਹਣ, ਵਾਂਗ ਸਿੰਮਲ ਪ੍ਰਾਣੀ ਉਠ ਜਾਣ ਹੈ । ਸਰਬ ਜੀਆਂ ਹਰਿ ਜਾਣੀ ਜਾਣ, ਗੁਰਮੁਖਾਂ ਆਪੇ ਕਰੇ ਪਛਾਣ ਹੈ । ਗੁਣਵੰਤ ਗੁਣ ਨਿਧਾਨ ਗੁਰਮੁਖ ਸਾਚੇ ਚਤੁਰ ਸੁਜਾਨ, ਸੱਚਾ ਦੇਵੇ ਸ਼ਬਦ ਇਕੋ ਬ੍ਰਹਮ ਗਿਆਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਜਾਮਾ ਧਾਰੇ, ਰਾਮ ਅਵਤਾਰੇ ਕ੍ਰਿਸ਼ਨ ਮੁਰਾਰੇ, ਅੰਤਮ ਕਲ ਜੋਤ ਸਰੂਪੀ ਸ੍ਰੀ ਭਗਵਾਨ ਹੈ । ਅੰਮ੍ਰਿਤ ਤਿੱਖੀ ਧਾਰ ਹਰਿ ਨਿਰੰਕਾਰਦਾ । ਦਰ ਆਏ ਜੋ ਨਰ ਨਾਰ, ਆਤਮ ਸਭ ਦੀ ਠਾਰਦਾ । ਬਿਰਧ ਬਾਲ ਜਵਾਨਾਂ ਪਾਏ ਸਾਰ, ਪੂਰਬ ਕਰਮ ਕਰ ਵਿਚਾਰ, ਹਉਮੇ ਰੋਗ ਸਰਬ ਨਿਵਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰਾ ਆਪ ਖੁਲ੍ਹਾਇਆ, ਗੁਰਮੁਖਾਂ ਦਏ ਮੁਖ ਚੁਆਇਆ, ਅੰਤਮ ਰੰਗ ਇਕ ਚੜ੍ਹਾਇਆ, ਸਚ ਸੱਚੀ ਸਰਕਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਆਂ ਜੰਤਾਂ ਸਾਧਾਂ ਸੰਤਾਂ, ਆਦਿਨ ਅੰਤਾ ਆਪੇ ਆਪ ਵਿਚਾਰਦਾ । ਵਿਚਾਰੇ ਕਰਮ ਸਿਰਜਣਹਾਰਿਆ । ਸਾਚਾ ਦਿਸੇ ਏਕਾ ਧਰਮ ਵਿਚ ਸੰਸਾਰਿਆ । ਕੋਈ ਨਾ ਕਰੇ ਆਤਮ ਭਰਮ, ਏਕਾ ਜੋਤੀ ਹਰਿ ਨਿਰੰਕਾਰਿਆ । ਇਹ ਕਾਇਆ ਝੂਠਾ ਚਰਮ, ਕੰਮ ਨਾ ਆਏ ਅੰਤਮ ਵਾਰਿਆ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਕਿਰਪਾ ਕਰ, ਅੰਮ੍ਰਿਤ ਸਾਚਾ ਜਾਮ ਆਪਣੀ ਹੱਥੀਂ ਆਪ ਪਿਲਾ ਰਿਹਾ । ਪੀਣਾ ਅੰਮ੍ਰਿਤ ਜਾਮ ਰੋਗ ਨਿਵਾਰਦਾ । ਪੂਰੀ ਕਰੇ ਆਸ ਮਾਨਸ ਜਨਮ ਸਵਾਰਦਾ । ਦੁਰਮਤ ਮੈਲ ਗੁਰ ਦਰ ਆਏ ਜੋ ਜਨ ਧੋਇਣ, ਸੱਚਾ ਰੰਗ ਆਪ ਚੜ੍ਹਾਏ, ਨਾ ਫੇਰ ਕੋਈ ਉਤਾਰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਅਵਤਾਰ ਨਰ, ਮਾਤਲੋਕ ਜਾਮਾ ਧਾਰੇ ਭੇਖ ਸ੍ਰੀ ਭਗਵਾਨ ਦਾ । ਸ੍ਰੀ ਭਗਵਾਨ ਸਾਜਣ ਮਿਤਿਆ । ਸ੍ਰਿਸ਼ਟ ਸਬਾਈ ਆਪ ਭੁਲਾਈ, ਗੁਰਮੁਖ ਵਿਰਲਾ ਬੈਠਾ ਵਿਚ ਮਾਤ ਮਾਨਸ ਜਨਮ ਜਿੱਤਿਆ । ਬੇਮੁਖਾਂ ਅੰਤਮ ਦੇਵੇ ਖ਼ਾਕ ਰੁਲਾਈ, ਨਾ ਸਕੇ ਕੋਈ ਬਚਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਕਾਇਆ ਹੱਥ ਰਖਾਇੰਦਾ । ਕਾਇਆ ਰੱਖੀ ਖੇਲ ਪੇਖ । ਸ੍ਰਿਸ਼ਟ ਸਬਾਈ ਵੇਖ ਵੇਖ । ਜੋਤ ਸਰੂਪੀ ਧਾਰੇ ਭੇਖ । ਵਿਚ ਮਾਤ ਲੱਗੀ ਮੇਖ । ਸਤਿਜੁਗ ਸਾਚੇ ਲਏ ਉਪਜਾਏ । ਮਾਤਲੋਕ ਦਏ ਲਗਾਏ । ਧਰਤ ਮਾਤ ਦੀ ਗੋਦ ਬਿਠਾਏ । ਚਿੱਟੇ ਅਸਵ ਹੋ ਅਸਵਾਰ, ਪੰਚਮ ਜੇਠ ਮਾਤ ਵਿਚ ਆਏ । ਜੋਤ ਸਰੂਪੀ ਜੋਤ ਹਰਿ, ਸ੍ਰਿਸ਼ਟ ਵਾਗ ਆਪਣੇ ਹੱਥ ਰਖਾਏ । ਗੁਰਮੁਖਾਂ ਧੋਏ ਸਾਚੇ ਦਾਗ । ਸੋਇਆ ਗੁਰਮੁਖ ਜਾਏ ਜਾਗ । ਮਾਝੇ ਦੇਸ ਲੱਗਾ ਭਾਗ । ਸ੍ਰਿਸ਼ਟ ਸਬਾਈ ਇਕੋ ਕਰਨ ਵਾਲਾ ਸੱਚਾ ਸ਼ਬਦ ਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਈ, ਬੇਮੁਖ ਜੀਵਾਂ ਦਿਸ ਨਾ ਆਈ, ਚਾਰੋਂ ਕੁੰਟ ਆਪਣੇ ਹੱਥੀਂ ਲਾਉਂਦਾ ਫਿਰਦਾ ਆਗ । ਲਾਏ ਅੱਗ ਮਾਰੇ ਫੁਨਕਾਰਿਆ । ਕਲਜੁਗ ਜੀਵ ਆਤਮ ਹੋਏ ਹੰਕਾਰਿਆ । ਉਠ ਉਠ ਬਲ ਧਾਰੇ ਆਏ ਵਿਚ ਸੰਸਾਰਿਆ । ਜੋਤ ਸਰੂਪੀ ਜੋਤ ਹਰਿ, ਆਪਣੀ ਕਿਰਪਾ ਰਿਹਾ ਕਰ, ਬੇਮੁਖ ਜੀਵਾਂ ਉਲਟੇ ਵਹਿਣ ਵਹਾ ਰਿਹਾ । ਉਲਟੇ ਵਹਿਣ ਬੇਮੁਖ ਵਹਿਣੇ । ਗੁਰ ਵਖਾਏ ਹਰਿ ਸਾਚੇ ਨੈਣੇ । ਵੇਲਾ ਅੰਤਮ ਨੇੜੇ ਆਇਆ, ਆਪੇ ਲਾਏ ਬੇਮੁਖਾਂ ਦੀ ਚੋਲੀ ਕਾਇਆ ਛੁਡਾਏ, ਝੂਠੇ ਦਿਸਣ ਸਾਕ ਸੈਣੇ । ਮਾਤ ਪਿਤ ਭੈਣ ਭਰਾ ਸਰਬ ਰਵਾਏ, ਇਕ ਦੂਜੇ ਨਾ ਕੋਈ ਚੁਕਾਏ ਲਹਿਣੇ ਦੇਣੇ । ਇਕੋ ਥਾਂ ਸਰਬ ਰਵਾਏ, ਕਰਨ ਹਾਏ ਹਾਏ, ਧਰਮ ਰਾਏ ਅੱਗੇ ਲੇਖੇ ਦੇਣੇ ਪੈਣੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਰਸ ਦਿਖਾਏ

ਆਤਮ ਤ੍ਰਿਖਾ ਬੁਝਾਏ ਬਜ਼ਰ ਕਪਾਟੀ ਖੋਲ੍ਹੇ ਤੀਜੇ ਨੈਣੇ । ਤੀਜਾ ਨੈਣ ਜਾਏ ਖੁਲ੍ਹ । ਗੁਰਮੁਖ ਚਰਨ ਪ੍ਰੀਤੀ ਜਾਏ ਘੁੱਲ । ਪੂਰੇ ਤੋਲ ਵਿਚ ਮਾਤ
ਜਾਏ ਤੁਲ । ਸੋਹੰ ਦੇਵੇ ਸਾਚੀ ਦਾਤ ਸਚ ਸੁਗਾਤ ਵਿਚ ਮਾਤ ਅਨਮੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ
ਭਾਗ ਲਗਾਉਣਾ ਆਪਣੀ ਕੁੱਲ । ਲੱਗੇ ਭਾਗ ਗੁਰਸਿਖ ਪਿਆਰਿਆ । ਧੋਣਾ ਆਪਣਾ ਦਾਗ ਪ੍ਰਵਾਰ ਸੁਧਾਰਿਆ । ਸੁਣਿਆ ਸੱਚਾ ਰਾਗ, ਤਨ
ਬੁਝਾਈ ਆਗ, ਸੋਇਆ ਗਿਆ ਜਾਗ, ਆਤਮ ਜਿੰਦਾ ਆਪ ਤੁੜਾਇਆ । ਬੁਝਾਏ ਤ੍ਰਿਸ਼ਨਾ ਆਗ, ਅੰਮ੍ਰਿਤ ਮੇਘ ਹਰਿ ਆਪ ਵਰਸਾ ਰਿਹਾ ।
ਜੋ ਜਨ ਚਰਨੀ ਗਏ ਲਾਗ, ਪ੍ਰਗਟ ਹੋਏ ਸਵਛ ਸਰੂਪੀ ਵਡਾ ਸ਼ਾਹੋ ਭੂਪੀ ਦਰਸ ਆਪ ਦਿਖਾ ਰਿਹਾ । ਹਿਰਦੇ ਹਰਿ ਰੱਖੇ ਵਾਸ, ਹਰਿ ਹੋਏ
ਦਾਸ । ਗੁਰਮੁਖ ਸਾਚੇ ਸੰਤ ਜਨਾਂ ਸਦ ਸਦ ਬਲ ਬਲ ਜਾਸ । ਸਾਚੀ ਦੇਵੇ ਦਾਤ ਸੋਹੰ ਸ਼ਬਦ ਵਡਾ ਧਨਾ, ਮਾਨਸ ਜਨਮ ਹੋਏ ਰਾਸ । ਇਕ
ਸੁਣਾਏ ਸ਼ਬਦ ਕੰਨਾ, ਹਉਮੇ ਦੁਖੜਾ ਹੋਵੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ, ਹਰਿ ਦੁਲਾਰਿਓ ਜਨਮ
ਸੁਧਾਰਿਓ, ਅੰਤਮ ਕਰੇ ਬੰਦ ਖਲਾਸ । ਬੰਦ ਖ਼ਲਾਸੀ ਪ੍ਰਭ ਸਾਚੇ ਕਰਨੀ, ਬੇਮੁਖ ਜੂਠੇ ਝੂਠੇ ਕਲਜੁਗ ਭਰਦੇ ਪਾਣੀ । ਅੰਤਮ ਹੋਏ ਖਾਲੀ ਠੂਠਿਆ,
ਨਾ ਦਿਸੇ ਅੰਨ ਦਾਣੀ । ਦਰ ਘਰ ਸਾਚੇ ਜੋ ਗਿਆ ਰੁਠਿਆ, ਫਲ ਲੱਗੇ ਨਾ ਉਹਦੀ ਡਾਹਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ
ਸਰਗੁਣ ਦੋਏ ਰੂਪ ਕਰ ਵਖਾਏ, ਵੇਲਾ ਗਿਆ ਸਰਬ ਪਛਤਾਏ, ਹੱਥ ਨਾ ਆਏ ਕਿਸੇ ਚਤੁਰ ਸੁਘੜ ਵਡ ਸਿਆਣਿਆ । ਚਤੁਰ ਸੁਘੜ ਵਡ
੧੩੪ ਸਿਆਣਿਆਂ । ਕਲਜੁਗ ਅੰਤਮ ਹੱਥ ਨਾ ਆਉਣਾ, ਪਏ ਡੂੰਘੇ ਵਹਿਣ ਬਿਨ ਵੰਞ ਮੁਹਾਣਿਆ । ਨਾ ਕੋਈ ਬਣਨਾ ਸਾਕ ਸੱਜਣ ਸੈਣ, ਨਾ ਦੇਣਾ ੧੩੪
੦੪ ਕਿਸੇ ਮਾਣ ਅੰਤ ਨਿਮਾਣਿਆਂ । ਆਪੇ ਬਣੇ ਮਾਤ ਪਿਤ ਸੁਤ ਭੈਣਾ ਭਾਈ, ਜੋ ਜਨ ਆਏ ਦਰ ਹਰਿ ਭਗਵਾਨਿਆ । ਕਰੇ ਸਾਚਾ ਹਿੱਤ ਬਣੇ ੦੪
ਸਾਚਾ ਮਿਤ, ਜੋਤ ਪ੍ਰਗਟਾਏ ਨਿਤ ਨਵਿਤ ਦੇਵੇ ਦਾਨ ਸੋਹੰ ਸ਼ਬਦ ਵਡ ਬ੍ਰਹਮ ਗਿਆਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ
ਸਾਚਾ ਹਰਿ, ਗੁਰਮੁਖ ਵਿਰਲੇ ਕਲ ਪਛਾਣਿਆ । ਕਲਜੁਗ ਇਕ ਇਕੱਲਾ ਕੀ ਕਰੇ ਵਿਚਾਰਾ । ਉਜੜ ਜਾਏ ਇਹਦਾ ਮਹੱਲਾ, ਢਹਿਣ ਵਾਲਾ
ਵਡ ਮੁਨਾਰਾ । ਸ਼ਬਦ ਫੜਿਆ ਹੱਥ ਵਿਚ ਸੋਹੰ ਭੱਲਾ, ਬੇਮੁਖਾਂ ਕਲ ਸੀਨੇ ਮਾਰਾ । ਵਗੇ ਲਹੂ ਧਾਰ ਬੇਮੁਹਾਰ ਸਚ ਕਰਤਾਰ ਨਾ ਵਾਰ ਕਿਸੇ
ਝੱਲਾ, ਕਰੇ ਪਹਿਲਾ ਹੱਲਾ, ਨਾ ਪਾਵੇ ਭੇਵ ਕੋਈ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਸੇ ਨਿਹਚਲ ਧਾਮ ਅਟੱਲਾ,
ਰਹੇ ਇਕ ਇਕੱਲਾ, ਇਕੋ ਇਕ ਨਿਰੰਜਣ ਜੋਤ ਨਰਾਇਣ ਨਰ ਨਿਰੰਕਾਰਾ । ਨਿਰੰਜਣ ਜੋਤ ਨਿਰੰਕਾਰ ਹੈ । ਮਾਤਲੋਕ ਆਏ ਸ਼ਬਦ ਘੋੜੇ ਹੋ ਅਸਵਾਰ
ਹੈ । ਜੁਗਾਂ ਜੁਗਾਂ ਦੇ ਵਿਛੜੇ ਚਰਨ ਆਪਣੇ ਜੋੜੇ, ਪੂਰਬ ਕਰਮ ਰਿਹਾ ਵਿਚਾਰ ਹੈ । ਗੁਰਸਿਖ ਦਰ ਦਵਾਰੇ ਦੌੜੇ, ਦੂਰ ਦੁਰੇਡੇ ਵਸੰਦੜੇ, ਚਰਨ
ਪ੍ਰੀਤੀ ਰੰਗ ਰੰਗਦੜੇ, ਪ੍ਰਭ ਅਬਿਨਾਸ਼ੀ ਕਿਰਪਾ ਕਰ ਦੇਵੇ ਵਰ ਚੜ੍ਹਾਏ ਸਾਚੇ ਪੌੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਦਾਨ
ਹੋ ਮਿਹਰਵਾਨ ਵੇਲੇ ਅੰਤਮ ਕਲਜੁਗ ਪ੍ਰਭ ਅਬਿਨਾਸ਼ੀ ਸਾਚਾ ਬਹੁੜ ਹੈ । ਗੁਰਮੁਖਾਂ ਆਪ ਪਛਾਣੇ ਕਰਮ ਵਿਚਾਰਦਾ । ਸਰਬ ਘਟਾਂ ਘਟ ਆਪੇ
ਜਾਣੇ ਆਤਮ ਭਰਮ ਨਿਵਾਰਦਾ । ਆਪ ਪਹਿਨਾਏ ਆਪਣੇ ਸ਼ਬਦ ਬਾਣੇ, ਸੱਚਾ ਤਨ ਸ਼ਿੰਗਾਰਦਾ । ਚੁਕਾਏ ਜਮ ਕੀ ਕਾਣੇ, ਸਚ ਬਬਾਣੇ, ਆਪੇ
ਚਾੜ੍ਹਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ ਮਾਣ ਤਾਣ ਵਿਚ ਜਹਾਨ, ਸ੍ਰਿਸ਼ਟ ਸਬਾਈ ਪੁਣ ਛਾਣਦਾ ।

ਛਾਣੇ ਪੁਣੇ ਗੁਰਮੁਖ ਵਿਰਲੇ ਵਿਚੋਂ ਚੁਣੇ । ਕਿਆ ਕੋਈ ਜਾਣੇ ਹਰਿ ਤੇਰੇ ਗੁਣੇ । ਉਧਰੇ ਪਾਰ ਜੋ ਦਰ ਆਏ ਸੱਚਾ ਰਾਗ ਕੰਨ ਸੁਣੇ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਇਕ ਉਪਜਾਏ ਸ਼ਬਦ ਧੁਨੇ । ਉਪਜੇ ਸ਼ਬਦ ਧੁਨ ਸੱਚੀ ਧੁਨਕਾਰ ਹੈ । ਗੁਰਸਿਖ ਤੇਰੀ
ਤੁੱਟੇ ਸੁੰਨ ਮੁਨ ਹੋਏ ਉਜਿਆਰ ਹੈ । ਆਪੇ ਤੋੜੇ ਲੱਗੀ ਮੁਨ, ਮਿਟਾਏ ਅੰਧ ਅੰਧਿਆਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ
ਦੀਪਕ ਜੋਤੀ ਆਪ ਜਗਾਏ ਕਰੇ ਰੁਸ਼ਨਾਏ, ਅਪਰ ਅਪਾਰ ਹੈ । ਜੋਤੀ ਦੀਪਕ ਵਿਚ ਕਾਇਆ ਮੰਦਰ ਜਗਣਾ । ਹਰਿ ਹਿਰਦੇ ਵੇਖ ਅੰਦਰ ਇਕ
ਲਗਾਓ ਲਗਨਾ । ਆਪੇ ਤੋੜੇ ਹੰਕਾਰੀ ਜੰਦਰ, ਸਾਚਾ ਸ਼ਬਦ ਰਸਨ ਲੱਗਾ ਸਾਚਾ ਸਗਨ । ਜੋਤੀ ਜੋਤ ਸਰੂਪ ਹਰਿ, ਹਰਿ ਵਸੇ ਕਾਇਆ ਡੂੰਘੀ
ਕੰਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੁਝਾਏ ਤ੍ਰਿਸ਼ਨਾ ਅਗਨ । ਤ੍ਰਿਸ਼ਨਾ ਅਗਨ ਵਿਚ ਜਹਾਨ ਹੈ । ਸ੍ਰਿਸ਼ਟ ਸਬਾਈ ਰਹੀ
ਦਗ, ਆਤਮ ਹੋਈ ਬੇਈਮਾਨ ਹੈ । ਮਾਨਸ ਦੇਹੀ ਬਣਾਈ ਹੰਸ ਕਗ, ਨਾ ਜਾਣੇ ਗੁਣ ਗੁਣ ਨਿਧਾਨ ਹੈ । ਲੱਖ ਚੁਰਾਸੀ ਧਰਮ ਰਾਏ ਦੇ ਅੱਗੇ
ਲਾਉਣਾ ਜੂਠਾ ਝੂਠਾ ਵਗ, ਕੁੰਭੀ ਨਰਕ ਆਪ ਭਵਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਸਹਾਈ ਮਿਹਰਵਾਨ ਹੈ ।
ਗੁਰ ਸੰਗਤ ਤੇਰਾ ਪਿਆਰ ਅੰਮ੍ਰਿਤ ਨੀਰ ਹੈ । ਕਰਨਾ ਸਚ ਵਿਹਾਰ, ਵਕਤ ਅਖ਼ੀਰ ਹੈ । ਮਾਨਸ ਜਨਮ ਲੈਣਾ ਸੁਧਾਰ, ਫਿਰ ਨਾ ਦੇਵੇ ਕੋਈ
ਧੀਰ ਹੈ । ਪੈਣੀ ਅੰਤ ਡਾਹਢੀ ਮਾਰ, ਨਾ ਹੋਏ ਕੋਈ ਸਹਾਈ ਪੀਰ ਫਕੀਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ
੧੩੫ ਨਰ, ਗੁਰਮੁਖਾਂ ਕਟਣ ਆਇਆ ਭੀੜ ਹੈ । ਕਟੇ ਭੀੜ ਦੁੱਖ ਮਿਟਾਇੰਦਾ । ਸਿਰ ਆਪਣੇ ਚੁੱਕੇ ਬੀੜ ਭਾਰ ਉਠਾਇੰਦਾ । ਬ੍ਰਹਮਾ ਤੋੜੇ ਹੱਡੀ ੧੩੫
੦੪ ਰੀੜ, ਮੂੰਹ ਦੇ ਭਾਰ ਸੁਟਾਇੰਦਾ । ਅੱਠੇ ਪਹਿਰ ਲੱਗੀ ਰਹੇ ਹਉਮੇ ਪੀੜ, ਨਾ ਦੁੱਖ ਕੋਈ ਮਿਟਾਇੰਦਾ । ਪ੍ਰਭ ਸ਼ਬਦ ਸਰੂਪੀ ਰਿਹਾ ਪੀੜ, ਲਹੂ ੦੪
ਮਿਝ ਘਾਣ ਕਲਜੁਗ ਤੇਰਾ ਅੰਤਮ ਵਾਰ ਵਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸੰਤ ਦੁਲਾਰਿਆਂ ਅੰਮ੍ਰਿਤ ਧਾਰ ਠੰਡੀ ਠਾਰ
ਮੁਖ ਚਵਾਇੰਦਾ । ਅੰਮ੍ਰਿਤ ਧਾਰੀ ਠੰਡੀ ਠਾਰੀ ਗੁਰਮੁਖਾਂ ਲੱਗੇ ਪਿਆਰੀ । ਦੇਂਦਾ ਜਾਏ ਵਾਰੋ ਵਾਰੀ ਪਿਆਉਂਦਾ ਜਾਏ ਸ਼ਾਹ ਅਸਵਾਰੀ । ਦੀਪਕ
ਜੋਤੀ ਜਗਾਉਂਦਾ ਜਾਏ ਕਿਰਪਾ ਧਾਰੀ । ਬੇਮੁਖਾਂ ਅੰਧ ਅੰਧੇਰ ਕਰਾਉਂਦਾ ਜਾਏ, ਗੁਰਮੁਖਾਂ ਸਾਚਾ ਰਾਹ ਵਖਾਉਂਦਾ ਜਾਏ, ਉਂਗਲੀ ਫੜ ਕੇ ਆਪ
ਦਿਸਾਏ ਪਾਰ ਕਿਨਾਰੀ । ਦੋਹਾਂ ਧਿਰਾਂ ਦਾ ਮੇਲ ਮਿਲਾਉਂਦਾ ਜਾਏ । ਗੁਰ ਸੰਗਤ ਏਕਾ ਧਾਮ ਬਹਾਉਂਦਾ ਜਾਏ । ਊਚ ਨੀਚ ਜਾਤ ਪਾਤ ਰਾਓ
ਰੰਕ ਆਪਣਾ ਰੰਗ ਰੰਗਾਉਂਦਾ ਜਾਏ । ਏਕਾ ਬੰਧਾਏ ਚਰਨ ਨਾਤ, ਅੰਤਮ ਪੁੱਛੇ ਆਪੇ ਵਾਤ, ਗੁਰਮੁਖ ਆਤਮ ਵੇਖ ਮਾਰ ਝਾਤ, ਸਾਚਾ ਆਸਣ
ਆਤਮ ਸੇਜਾ ਆਪਣੀ ਹੱਥੀਂ ਵਿਛਾਉਂਦਾ ਜਾਏ । ਕਲਜੁਗ ਮਿਟਾਏ ਅੰਧੇਰੀ ਰਾਤ, ਸਤਿਜੁਗ ਸਾਚੀ ਫੂਲਨ ਸੇਜਾ ਤੇਰੀ ਆਪਣੀ ਹੱਥੀਂ ਆਤਮ ਆਪ
ਬਣਾਉਦਾ ਜਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਡੇਰਾ ਸਦ ਵਸੇਰਾ ਤੇਰੀ ਆਤਮ ਵਸੇ ਨੇਰਨ ਨੇਰਾ
ਦਸਮ ਦਵਾਰ ਖੁਲਾਉਂਦਾ ਜਾਏ । ਦਸਮ ਦਵਾਰ ਖੋਲ੍ਹ ਤਾਕੀ । ਆਪ ਚੁਕਾਏ ਪਿਛਲੀ ਬਾਕੀ । ਬਿਨ ਸਿੱਖ ਤੇਰਾ ਮਨ ਨਾ ਹੋਏ ਆਕੀ । ਨਿਰਗੁਣ
ਸਰਗੁਣ ਰੂਪ ਦੋਵੇਂ ਵਿਚੋਂ ਆਏ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਖੁਲ੍ਹਾਏ ਆਤਮ
ਤਾਕੀ । ਆਤਮ ਤਾਕੀ ਦੇਵੇ ਖੋਲ੍ਹ । ਵਿਚੋਂ ਹਰਿ ਜੀ ਪਏ ਬੋਲ । ਜਿਹੜਾ ਵਸੇ ਸਦਾ ਕੋਲ । ਕਲਜੁਗ ਜੀਵ ਸੁੱਤੇ ਅਨਭੋਲ । ਅੰਤਮ ਵੇਲੇ

ਸਾਰੇ ਗਏ ਡੋਲ । ਨਿਹਕਲੰਕ ਕਲ ਜਾਮਾ ਪਾਇਆ, ਗੁਰਮੁਖ ਸਾਚੇ ਤੋਲੇ ਪੂਰੇ ਤੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਡੰਕ ਆਪ ਵਜਾਏ ਨਾ ਕੋਈ ਰੱਖੇ ਪੜਦਾ ਉਹਲ । ਪੜਦਾ ਉਹਲਾ ਦੇਵੇ ਵੱਢ । ਕਾਇਆ ਚੋਲੀ ਦੇਵੇ ਛੱਡ । ਗੁਰਸਿਖ ਬਣਾਏ ਸਾਚੀ ਗੋਲੀ, ਰਚਿਆ ਹੱਡ ਹੱਡ । ਇਕ ਬਣਾਈ ਸਾਚੀ ਡੋਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵੇਖ ਵਿਚਾਰ ਸਾਰੀ ਦਿਤੀ ਛੱਡ । ਆਪਣੀ ਕਾਇਆ ਨਾ ਕਰੀ ਪਿਆਰੀ, ਗੁਰਸਿਖ ਕਾਇਆ ਆਣ ਸ਼ਿੰਗਾਰੀ । ਗੁਰਸਿਖ ਰਚਿਆ ਤੇਰੀ ਬਹੱਤਰ ਨਾੜੀ । ਕਲਜੁਗ ਜੀਵਾਂ ਆਈ ਕਿਸਮਤ ਮਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜ਼ਿਮੀਂ ਅਸਮਾਨ ਆਪੇ ਬੈਠਾ ਪਾੜੀ । ਆਪਣੀ ਦੇਹ ਆਪ ਤਜਾਈ । ਗੁਰਸਿਖ ਸਾਚੇ ਤੇਰੀ ਕਾਇਆ ਜੋਤ ਜਗਾਈ । ਸ੍ਰਿਸ਼ਟ ਸਬਾਈ ਦਏ ਦੁਹਾਈ ਨਿਹਕਲੰਕ ਪ੍ਰਗਟ ਹੋਇਆ ਕਿਹੜੇ ਥਾਈਂ । ਕਿਹੜਾ ਦੇਸ ਕਿਹੜਾ ਵੇਸ, ਨਾ ਕੋਈ ਜਾਣੇ ਨਾ ਪਛਾਣੇ, ਪੁਛਦੇ ਫਿਰਨ ਜਾਦਿਆਂ ਰਾਹੀ । ਸਾਧ ਸੰਤ ਨਾ ਮਿਲੇ ਕੰਤ, ਨਾ ਫੜਦਾ ਕੋਈ ਬਾਹੀਂ । ਕਲਜੁਗ ਮਾਇਆ ਪਾਈ ਬੇਅੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਸੇ ਕਿਸੇ ਨਾਹੀਂ । ਆਪਣੀ ਕਾਇਆ ਦਿੱਤੀ ਤਜ । ਸਿੰਘ ਪੂਰਨ ਵਿਚ ਵੜਿਆ ਭੱਜ । ਗੁਰਮੁਖਾਂ ਪੜਦੇ ਰਿਹਾ ਕੱਜ । ਅੰਮ੍ਰਿਤ ਪਿਆਏ ਰੱਜ ਰੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਪ੍ਰਗਟ ਹੋਏ ਵਿਚ ਮੈਦਾਨਾ ਪਏ ਗੱਜ । ਕਾਇਆ ਛਡਿਆ ਝੂਠਾ ਚੋਲਾ । ਗੁਰਸਿਖ ਤੇਰੀ ਆਤਮ ਹਰਿ ਜੀ ਮਵਲਾ । ਸ੍ਰਿਸ਼ਟ ਸਬਾਈ ਉਤੋਂ ਕੀਤਾ ਪਰਦਾ ਉਹਲਾ । ਇਹ ਕਾਇਆ ਝੂਠੀ ਜੀਵਾਂ ਜੰਤਾਂ ਦਿਸੇ, ਇਹ ਪਾਇਆ ਰੋਲ ਘਚੋਲਾ । ਸ੍ਰਿਸ਼ਟ ਸਬਾਈ ਖਿੜ ਖਿੜ ਹੱਸੇ, ਰਾਹ ਆਪਣਾ ਨਾ ਕਿਸੇ ਦੱਸੇ, ਗੁਰਸਿਖ ਸਾਚੇ ਚਰਨ ਬਹਾ ਕੇ ਆਪ ਬਣਾਏ ਭੋਲੇ ਭਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੇ ਤੋਲ ਆਪੇ ਤੋਲੇ । ਆਪਣਾ ਛਡਿਆ ਕਾਇਆ ਬਾਣਾ । ਗੁਰਸਿਖ ਬਣਾਇਆ ਸਾਚਾ ਰਾਣਾ । ਜੋਤ ਸਰੂਪੀ ਵਿਚ ਟਿਕਾਣਾ । ਸ੍ਰਿਸ਼ਟ ਸਬਾਈ ਹਰਿ ਵੇਖੇ, ਬੇਮੁਖ ਕੀਆ ਅੰਧਾ ਕਾਣਾ । ਰਾਜੇ ਰਾਣੇ ਰਹੇ ਭੁਲ । ਭਾਗ ਲਗਾ ਕਿਹੜੀ ਕੁਲ । ਸਭ ਦੀ ਆਤਮ ਅੰਮ੍ਰਿਤ ਗਿਆ ਡੁਲ੍ਹ । ਕਾਇਆ ਪਾਣੀ ਪਿਆ ਚੁਲ੍ਹ । ਗੁਰ ਚਰਨ ਫੁੱਲ ਫੁਲਵਾੜੀ ਲਾਏ, ਲੱਗੇ ਸਾਚੇ ਫੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਬੂਟੇ ਲਾਏ ਲਾਲ ਲਾਲ ਲਾਲ ਅਨਮੁੱਲ । ਲਾਲ ਅਨਮੁਲੜੇ ਗੁਰਸਿਖ ਹੀਰੇ । ਇਕ ਦੂਜੇ ਦੇ ਬਣ ਜਾਓ ਸਾਚੇ ਵੀਰੇ । ਸਿੱਧੇ ਹੋ ਜਾਓ ਵਾਂਗ ਤੀਰੇ । ਦੂਈ ਦਵੈਤੀ ਪ੍ਰਭ ਪੜਦਾ ਚੀਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਾਮ ਇਕ ਪਿਲਾਏ ਜਿਉਂ ਬਾਲਕ ਮਾਤਾ ਸੀਰੇ । ਸੱਚਾ ਸੀਰ ਮੁਖ ਚਵਾਇੰਦਾ । ਆਤਮ ਧੀਰ ਇਕ ਦਵਾਇੰਦਾ । ਅੰਮ੍ਰਿਤ ਨੀਰ ਮੁਖ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਪੀਰਨ ਪੀਰ ਆਪ ਅਖਵਾਇੰਦਾ । ਗੁਰ ਸੰਗਤ ਵੱਡੀ ਵਡਿਆਈ, ਵਿਚ ਸੰਸਾਰ ਹੈ । ਸਾਰੇ ਰਲ ਮਿਲ ਬਹਿਣਾ ਬਣ ਕੇ ਭੈਣ ਭਾਈ, ਨਾ ਬਣਨਾ ਜੀਵ ਗਵਾਰ ਹੈ । ਲਜ ਪਤ ਪਤ ਲਜ ਏਕਾ ਸਾਂਝ ਰਖਾਈ, ਗੁਰ ਗੋਬਿੰਦ ਪਿਆਈ ਅੰਮ੍ਰਿਤ ਧਾਰ ਹੈ । ਕਿਉਂ ਆਪਣਾ ਆਪ ਬੈਠੇ ਭੁਲਾਈ, ਕਲਗੀ ਧਰ ਲਿਆ ਅਵਤਾਰ ਹੈ । ਚਿੱਟੇ ਘੋੜੇ ਬੈਠਾ ਤੰਗ ਕਸਾਈ, ਉਤੇ ਹੋਣ ਵਾਲਾ ਅਸਵਾਰ ਹੈ । ਸਾਚੀ ਰੁੱਤ ਨੇੜੇ ਆਈ, ਲੱਗਣ ਵਾਲੀ ਮਾਤ ਬਹਾਰ ਹੈ । ਗੁਰਮੁਖ ਸਾਚੇ ਸੰਤ ਲਏ ਉਪਜਾਈ, ਜਿਹੜੇ ਪਹਿਲੇ ਰੱਖੇ ਚਰਨ ਦਵਾਰ ਹੈ । ਵਸਦੇ ਜਾਣ ਨਗਰ ਖੇੜੇ, ਜਿਸ ਜਾਏ ਚਲ ਦਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਪਹਿਲੀ

੧੩੬ ੦੪

ਵਾਰ ਹੇ । ਗੁਣ ਗਾਉਂਦੀ ਆਈ । ਗੁਰ ਪੂਰੇ ਕੰਨ ਸੁਣਾਉਂਦੀ ਆਈ । ਆਪਣੀ ਬਣਤ ਬਣਾਉਂਦੀ ਆਈ । ਜੋਤੀ ਜੋਤ ਸਰੂਪ ਹਰਿ, ਮਿਲਿਆ ਮੇਲ ਸ਼ਬਦ ਡੋਰ ਆਪਣੀ ਹੱਥੀਂ ਪਾਉਂਦੀ ਆਈ । ਗੁਰ ਸੰਗਤ ਗੁਣ ਵਿਚਾਰਿਆ । ਇਕ ਉਪਜਾਈ ਸ਼ਬਦ ਧੁਨ, ਉਪਜੇ ਪ੍ਰੇਮ ਅਪਾਰਿਆ । ਸਾਚਾ ਰਾਗ ਕੰਨ ਸੁਣ, ਮਿਟੇ ਅੰਧ ਅੰਧਿਆਰਿਆ । ਕੋਈ ਨਾ ਜਾਣੇ ਤੇਰੇ ਗੁਣ ਅਵਗੁਣ, ਜੋਤ ਸਰੂਪੀ ਖੇਲ ਅਪਰ ਅਪਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਪੁਰੀ ਘਨਕ ਵਿਚ ਮਾਤ ਜਾਮਾ ਧਾਰਿਆ । ਸੰਗਤ ਗੁਰ, ਗੁਰ ਸੰਗਤ ਗਾਏ ਸੁਹਾਗੀ ਗੀਤ । ਪ੍ਰਭ ਅਬਿਨਾਸ਼ੀ ਮਿਲਿਆ ਸਾਚਾ ਰਾਗੀ, ਧੁਰਦਰਗਾਹੀ ਸਭ ਦਾ ਵਾਗੀ, ਬਣਿਆ ਰਹੇ ਸਭ ਦਾ ਮੀਤ । ਕਿਸਮਤ ਸੋਈ ਕਲਜੁਗ ਜਾਗੀ, ਮਾਨਸ ਜਨਮ ਜਾਣਾ ਜੀਤ । ਚਾਰੋਂ ਕੁੰਟ ਵਾ ਤੱਤੀ ਲਾਗੀ, ਨਾ ਕੋਈ ਕਰੇ ਠੰਡੀ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ, ਨਾ ਮਿਲੇ ਮੰਦਰ ਗੁਰਦਵਾਰੇ ਵਿਚ ਮਸੀਤ । ਸੱਚੇ ਮੰਦਰ ਗੁਰੂਦਵਾਰੇ । ਬੈਠੇ ਜੀਵ ਵਡ ਵਡ ਹੰਕਾਰੇ । ਮਾਇਆਧਾਰੀ ਕੀ ਕਰਨ ਵਿਚਾਰੇ । ਇਕ ਦੂਜੇ ਦਾ ਕਰਨ ਪਿਆਰ ਵਾਰੋ ਵਾਰੇ । ਚੜ੍ਹਿਆ ਰਹੇ ਤਈਆ ਤਾਪਾ । ਨਾ ਉਤਰੇ ਕਦੇ ਬੁਖਾਰੇ । ਕਲਜੁਗ ਵੇਲੇ ਅੰਤਮ ਕਾਇਆ ਸਰ ਸਰੋਵਰ ਰਾਮਦਾਸ ਤੇਰੇ ਸਚ ਸੱਚੇ ਦੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਪਾਵੇ ਸਭ ਦੀ ਸਾਰੇ । ਗੁਰ ਸੰਗਤ ਗੁਰ ਵਡਿਆਈ । ਆਪਣੀ ਰਸਨਾ ਦਏ ਵਧਾਈ । ਰੈਣ ਸਬਾਈ ਮੰਗਲ ਗਾਇਆ ਚਾਈਂ ਚਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਆਪ ਬਹਾਏ ਸਭਨਾ ਥਾਉਂ ਥਾਈਂ । ਮਿਟੇ ਅੰਧੇਰੀ ਰੈਣ, ਮਿਟਾਏ ਘਨਕਪੁਰ ਵਾਸਿਆ । ਮਿਟੇ ਅੰਧੇਰੀ ਰੈਣ, ਪ੍ਰਭ ਪੁਰਖ ਅਬਿਨਾਸ਼ਿਆ । ਮਿਟੇ ਅੰਧੇਰੀ ਰੈਣ ਕਲਜੁਗ ਅੰਧੇਰ ਵਿਨਾਸਿਆ । ਮਿਟੇ ਅੰਧੇਰੀ ਰੈਣ, ਗੁਰਮੁਖ ਸਾਚੇ ਵੇਖੇ ਖੋਲ੍ਹ ਨੈਣ, ਨਿਹਕਲੰਕ ਬਲ ਬਲ ਜਾਸਿਆ । ਮਿਟੇ ਅੰਧੇਰੀ ਰੈਣ, ਗੁਰਮੁਖ ਸਾਚੇ ਸੰਤ ਮਿਲ ਗੁਰ ਚਰਨੀ ਬਹਿਣ, ਕਰੇ ਬੰਦ ਖਲਾਸਿਆ । ਮਿਟੇ ਅੰਧੇਰੀ ਰੈਣ, ਰਸਨਾ ਗੀਤ ਸੁਹਾਗੀ ਗਾਇਣ, ਜਨ ਭਗਤਾਂ ਮਾਨਸ ਜਨਮ ਰਹਿਰਾਸਿਆ । ਮਿਟੇ ਅੰਧੇਰੀ ਰੈਣ, ਪ੍ਰਭ ਅਬਿਨਾਸ਼ੀ ਸਾਚਾ ਬਣੇ ਮਾਤ ਪਿਤ ਭੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੀਤ ਚਲਾਸਿਆ । ਹਰਿ ਸਾਚੀ ਰੀਤ ਚਲਾਇੰਦਾ । ਸ੍ਰਿਸ਼ਟ ਸਬਾਈ ਪਰਖੇ ਨੀਤ, ਇਕੋ ਗੀਤ ਸੋਹੰ ਸ਼ਬਦ ਸੁਣਾਇੰਦਾ । ਬਣੇ ਸਾਚਾ ਮੀਤ, ਸਿਰ ਆਪਣਾ ਹੱਥ ਟਿਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੀਤ ਚਲਾਈਆ, ਗੁਰ ਸੰਗਤ ਦਰ ਆਈ ਮੰਗਤ ਚਾੜ੍ਹੇ ਨਾਮ ਰੰਗਤ, ਕਾਇਆ ਝੋਲੀ ਦੋਹੀਂ ਹੱਥੀਂ ਆਪ ਭਰਾਇੰਦਾ । ਕਾਇਆ ਝੋਲੀ ਦੇਵੇ ਭਰ । ਅੰਮ੍ਰਿਤ ਸਰ ਸਰੋਵਰ ਆਪ ਨੁਹਾਏ ਸਾਚੇ ਸਰ । ਏਕਾ ਰੰਗ ਰੰਗਾਏ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਆਤਮ ਭੰਡਾਰੇ ਦੇਵੇ ਭਰ । ਭਰੇ ਭੰਡਾਰਾ ਹਰਿ ਭਗਵਾਨ । ਖੋਲ੍ਹੇ ਦਵਾਰਾ ਗੁਰਮੁਖ ਬਣੇ ਵਣਜਾਰਾ, ਵਿਰਲਾ ਸਾਚਾ ਸੰਤ ਦਰ ਆਏ ਬਣ ਭਿਖਾਰਾ । ਪ੍ਰਭ ਵੰਡੇ ਸ਼ਬਦ ਅਪਾਰਾ । ਮਿਟਾਏ ਆਤਮ ਤ੍ਰਿਖਾ, ਅੰਮ੍ਰਿਤ ਦੇਵੇ ਧਾਰਾ । ਬੇਮੁਖ ਵਿਚ ਮਾਤ ਫਿਰੇ ਅਵਾਰਾ । ਨਾ ਮਿਲੇ ਕੋਈ ਸੱਚੀ ਧਾਰਾ । ਨਾ ਸਿੱਖੀ ਸਾਚੀ ਸਿੱਖਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ ਸਾਚੀ ਦੇਵੇ ਦਾਤ ਸੋਹੰ ਨਾਮ ਸਾਚੀ ਭਿੱਛਿਆ । ਸਾਚੀ ਭਿਖਿਆ ਹਰਿ ਜੀ ਪਾਈ । ਗੁਰਸਿਖਾਂ ਲੇਖਾ ਰਿਹਾ ਸੁਣਾਈ । ਸੋਹੰ ਸ਼ਬਦ ਤੀਰ ਲਿਆ ਤਿੱਖਾ, ਆਤਮ ਵਿੱਖਾ ਰਿਹਾ ਲਾਹੀ । ਸਾਚਾ


੧੩੭
੦੪

ਲੇਖ ਧੁਰਦਰਗਾਹੀ ਆਪੇ ਵੇਖ, ਲੇਖਾ ਚੁਕੇ ਜਮ ਕੀ ਫਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਪਾਰ ਉਤਾਰੇ ਗੁਰਮੁਖਾਂ ਫੜੇ ਬਾਹੀਂ । ਫੜ ਬਾਹੀਂ ਪਾਰ ਉਤਾਰਦਾ । ਨਾ ਆਵੇ ਪਾਸਾ ਹਾਰ ਦਾ । ਗੁਰਮੁਖ ਸਾਚਾ ਸੰਤ ਜਨ ਜੋ ਰਸਨ ਉਚਾਰਦਾ । ਤਨ ਮੰਦਰ ਤੋੜੇ ਗੜ੍ਹ ਕਿਲ੍ਹਾ ਹੰਕਾਰ ਦਾ । ਗੁਰਮੁਖਾਂ ਦੱਸੇ ਰਾਹ ਇਕਾ ਰਾਹ ਸੱਚਾ ਪਰਵਰਦਿਗਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਦਵਾਰ ਸੱਚਾ ਘਰ ਬਾਹਰ ਸਰਬ ਨਰ ਨਾਰ ਵੇਖੇ ਹਰਿ ਨਿਰੰਕਾਰ ਦਾ । ਹਰਿ ਨਿਰੰਕਾਰ ਨਿਜ ਘਰ ਵਾਸ ਹੈ । ਗੁਰਮੁਖ ਆਤਮ ਵੇਖ ਦਰ ਦਵਾਰ ਸੱਚਾ ਧਰਵਾਸ ਹੈ । ਕਾਹਨੂੰ ਭੱਜੇ ਫਿਰਦੇ ਬਾਹਰ, ਹਰਿ ਹੋਇਆ ਬੈਠਾ ਤੇਰਾ ਦਾਸ ਹੈ । ਨਾ ਕੋਈ ਗਾਏ ਸ਼ਾਇਰੀ ਸ਼ਾਇਰ, ਮਹਿੰਮਾ ਅਗਣਤ ਪੁਰਖ ਅਬਿਨਾਸ਼ ਹੈ । ਗੁਰਮੁਖਾਂ ਤਾਰੇ ਕਰ ਕਰ ਆਪਣੀ ਮਿਹਰ, ਹਰਿ ਜੋਤ ਸਰੂਪੀ ਆਤਮ ਪਾਉਂਦਾ ਰਾਸ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਰਸਨ ਚਲਾਏ ਸੁਣਾਏ ਮਾਤ ਪਤਾਲ ਅਕਾਸ਼ ਹੈ । ਮਾਤ ਪਤਾਲ ਗਗਨ । ਗੁਰਮੁਖ ਲੱਗੇ ਏਕ ਲਗਨ । ਗੁਰਮੁਖ ਸਾਚੇ ਸੰਤ ਜਨਾਂ ਆਤਮ ਜੋਤੀ ਦੀਪਕ ਜਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੁਰਤ ਸ਼ਬਦ ਬੰਧਾਏ, ਇਕ ਦੂਜੇ ਦਾ ਸੰਗ ਰਲਾਏ, ਬੈਠੇ ਕੋਲ ਕੋਲ ਫਬਣ । ਸੁਰਤ ਸ਼ਬਦ ਹਰਿ ਜੋੜ ਜੁੜਾਈਆ । ਦੋਹਾਂ ਧਿਰਾਂ ਦਾ ਮੇਲ ਮਿਲਾਈਆ । ਇਕ ਬਣਾਏ ਸਾਚੀ ਨਈਆ । ਗੁਰ ਸੰਗਤ ਬਣਾਏ ਭੈਣਾਂ ਭਈਆ । ਫੜ ਫੜ ਬਾਹੋਂ ਉਪਰ ਚੜ੍ਹਈਆ । ਸ਼ਬਦ ਚੱਪੂ ਇਕ ਲਗਈਆ । ਕਲਜੁਗ ਤੇਰਾ ਡੂੰਘਾ ਡੂੰਘਰ ਪ੍ਰਭ ਅਬਿਨਾਸ਼ੀ ਪਾਰ ਕਰਈਆ । ਜੋਤੀ ਜੋਤ ਸਰੂਪ ਹਰਿ, ਇਕੋ ਇਕ ਪਾਰ ਕਿਨਾਰਾ ਗੁਰਮੁਖਾਂ ਨੇੜ ਆਪ ਵਖਈਆ । ਇਕੋ ਇਕ ਕਿਨਾਰ ਹਰਿ ਵਖਾਇੰਦਾ ।
੧੩੮ ਨਾ ਕੋਈ ਪਾਵੇ ਸਾਰ, ਦੁੱਖ ਉਠਾਇੰਦਾ । ਗੁਰਮੁਖ ਸਾਚੇ ਫੜ ਫੜ ਬਾਹੋਂ ਪਾਰ ਉਤਾਰਦਾ । ਜਾਏ ਤਾਰ ਹਰਿ ਨਿਰੰਕਾਰ, ਸ਼ਬਦ ਧਾਰ ਇਕ ਰਖਾਇੰਦਾ । ਜੋ ਜਨ ਹੋਏ ਜੀਵ ਮੁਗਧ ਗਵਾਰ, ਦਰ ਦਰ ਫਿਰਨ ਝੱਖ ਮਾਰ ਹੱਥ ਕਿਸੇ ਕੁਛ ਨਾ ਆਇੰਦਾ । ਸਾਚਾ ਕਰਨ ਵਿਹਾਰ, ਹਰਿ ਕਰਤਾਰ ਪਾਵੇ ਸਾਰ ਸਰਬ ਨਰ ਨਾਰ, ਪੜਦਾ ਉਹਲਾ ਨਾ ਕੋਈ ਰਖਾਇੰਦਾ । ਮਿਲਿਆ ਕੰਤ ਹਰਿ ਭਗਵੰਤ ਸੱਚਾ ਭਤਾਰ, ਸੁਖੀ ਹੋਏ ਨਰ ਨਾਰ, ਆਤਮ ਜੋਤੀ ਲੇਖਾ ਲਿਖੇ ਅਪਰ ਅਪਾਰ, ਜੋਤੀ ਸਰੂਪੀ ਜਾਮਾ ਧਾਰ, ਗੁਰਮੁਖ ਸਾਚੇ ਲਿਆਏ ਦਰ ਦਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇੜਾ ਬੰਨ੍ਹ ਵਖਾਇੰਦਾ । ਆਏ ਚਲ ਦਵਾਰ । ਹਰਿ ਸਾਚਾ ਸੁਣ ਪੁਕਾਰ । ਕਲਜੁਗ ਅੰਤਮ ਵਹਿਣਾ ਡੂੰਘੀ ਧਾਰ । ਪ੍ਰਭ ਕਾ ਭਾਣਾ ਸਿਰ ਤੇ ਸਹਿਣਾ ਪੈਣਾ, ਨਾ ਕਰੇ ਕੋਈ ਉਧਾਰ । ਗੁਰਮੁਖ ਸਾਚੇ ਸੰਤ ਵੇਖਣ ਨੈਣਾਂ, ਬੇਮੁਖਾਂ ਪੈਂਦੀ ਮਾਰ । ਆਪ ਪਹਿਨਾਏ ਤਨ ਸਾਚਾ ਗਹਿਣਾ, ਸੋਹੰ ਸ਼ਬਦ ਤਨ ਸ਼ਿੰਗਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਗੁਰਸਿਖਾਂ ਸਾਰ । ਸੋਹੰ ਸ਼ਬਦ ਤਨ ਸ਼ਿੰਗਾਰਿਆ । ਗੁਰਮੁਖ ਸਾਚੇ ਸੰਤ ਆਪ ਆਪਣੇ ਉਤੋਂ ਵਾਰਿਆ । ਆਪੇ ਬਣੇ ਮਾਈ ਬਾਪਾ, ਆਪੇ ਮਾਰੇ ਤੀਨੋ ਤਾਪਾ, ਸੋਹੰ ਦੇਵੇ ਸੱਚਾ ਜਾਪਾ, ਹਰਿ ਅਪਰ ਅਪਾਰਿਆ । ਆਪੇ ਧੋਏ ਦਾਗ ਪਾਪਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰਿਆ । ਕਲਜੁਗ ਜੀਵ ਪਾਪੀ ਪਾਪ ਕਮਾਉਂਦੇ । ਪ੍ਰਭ ਅਬਿਨਾਸ਼ੀ ਮਨੋਂ ਭੁਲਾਉਂਦੇ । ਮਾਇਆ ਜੂਠੇ ਝੂਠੇ ਧੰਦੇ ਆਪਣਾ ਮੂਲ ਗਵਾਉਂਦੇ । ਅੰਮ੍ਰਿਤ ਆਤਮ ਨਾ ਸੱਚਾ ਸੀਰ ਕਵਲ ਨਾਭ ਉਪਜਾਉਂਦੇ । ਵਿਚੋਂ ਨਿਕਲੇ ਹਉਮੇ ਪੀੜ, ਦੁੱਖ ਰੋਗ ਸੋਗ ਨਾ ਕੋਈ ਮਿਟਾਉਂਦੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਮਾਤ ਆਇਆ ਜੋਤ ਧਰ, ਦਰ ਘਰ ਸਾਚੇ ਆਏ ਸ਼ਰਮਾਉਂਦੇ । ਦਰ ਸੱਚਾ ਹਰਿ ਦਵਾਰ ਹੈ । ਕੋਈ ਨਾ ਏਥੇ ਵਸੇ ਦੁਸ਼ਟ ਦੁਰਾਚਾਰ ਹੈ । ਗੁਰਸਿਖਾਂ ਸੰਗ ਪੂਰਾ ਵਸੇ, ਬੈਠਾ ਰਹੇ ਦਰ ਦਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸੱਚਾ ਇਕ ਪਿਆਰ ਹੈ । ਇਕ ਪਿਆਰ ਦਏ ਦਿਲਾਸਾ । ਅੰਮ੍ਰਿਤ ਪਿਆਏ ਸੱਚਾ ਜਾਮ, ਗੁਰਸਿਖ ਮਾਨਸ ਜਨਮ ਹੋਇਆ ਰਾਸਾ । ਕੋਇ ਨਾ ਲੱਗੇ ਏਥੇ ਦਾਮ, ਪੂਰੇ ਹੋਵਣ ਸਾਰੇ ਕਾਮ, ਜੋ ਜਨ ਤਜਾਏ ਮਦਿਰਾ ਮਾਸਾ । ਪ੍ਰਗਟ ਹੋਇਆ ਘਨਈਆ ਸ਼ਾਮ, ਇਕੋ ਜੋਤ ਰਮਈਆ ਰਾਮ, ਨਿਹਕਲੰਕ ਬਲ ਬਲ ਜਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਜੋਤ ਜਗਤ ਬਲੋਏ, ਤਿੰਨਾਂ ਲੋਕਾਂ ਆਪ ਬਸੋਏ, ਮਾਤ ਪਤਾਲ ਅਕਾਸਾ । ਤਿੰਨਾਂ ਲੋਕਾਂ ਕਰ ਉਜਿਆਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮਾਤਲੋਕ ਹਰਿ ਪਾਵੇ ਸਾਰ । ਗੁਰਮੁਖਾਂ ਦਰ ਆਏ, ਪੂਰਬ ਕਰਮ ਵਿਚਾਰ । ਮਿਟਾਏ ਤ੍ਰਿਸ਼ਨਾ ਭੁੱਖਾ, ਨਾ ਰਹੇ ਤਨ ਦੁੱਖਾ, ਸੁਫ਼ਲ ਕਰਾਏ ਮਾਤ ਕੁੱਖਾ, ਜਨ ਭਗਤਾਂ ਪਾਵੇ ਸਾਚੀ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭਰੇ ਦੇਵੇ ਵਰੇ ਸੱਚਾ ਇਕ ਭੰਡਾਰ । ਇਕ ਭੰਡਾਰਾ ਆਪਣਾ ਭਰ । ਸੋਹੰ ਸ਼ਬਦ ਲੈਣਾ ਵਰ । ਗੁਰਮੁਖ ਸਾਚੇ ਜਾਣੇ ਤਰ । ਆਪ ਖੁਲ੍ਹਾਏ ਸਾਚਾ ਦਰ । ਅੱਗੇ ਬੈਠਾ ਦਿਸੇ ਹਰਿ । ਜੋਤ ਸਰੂਪੀ ਜੋਤ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਅੰਤਮ ਵਸੇ ਸਾਚੇ ਘਰ । ਆਤਮ ਸਾਚੇ ਘਰ ਘਰ ਵਸੇਰਾ । ਕਲਜੁਗ ਜੀਵ ਤਨ ਕਾਇਆ ਭਾਂਡੇ ਕਾਚੇ, ਦਿਸੇ ਅੰਧ ਅੰਧੇਰਾ । ਹਰਿ ਜੀ ਸਾਚਾ ਹਿਰਦੇ ਵਾਸੇ, ਹੋਏ ਲੋਅ ਚਾਰ ਚੁਫੇਰਾ । ਬੇਮੁਖ ਦਰ ਤੇ ਆਏ ਨਾਚੇ, ਸਾਰ ਨਾ ਪਾਏ ਪਹਿਲੀ ਵੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਸਾਚੋ ਸਾਚੇ, ਨਾ ਕੋਈ ਕਰੇ ਹੇਰਾ ਫੇਰਾ । ਹੇਰਾ ਫੇਰਾ ਨਾ ਦਿਲਗੀਰੀ । ਪਹਿਲੀ ਵੇਰਾਂ ਕਲਜੁਗ ਤੇਰੀ ਮਿਟ ਜਾਏ ਪੀਰੀ ਫ਼ਕੀਰੀ । ਸ਼ਬਦ ਸਰੂਪੀ ਪਾਇਆ ਘੇਰਾ, ਦੋਹੀਂ ਹੱਥੀਂ ਜਾਏ ਚੀਰੀ । ਉਠਿਆ ਸ਼ੇਰ ਸ਼ੇਰ ਦਲੇਰਾ, ਵਧਦੀ ਜਾਏ ਸਭ ਦੀ ਪੀਹੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਜੋਤ ਸਰਬ ਰਖਾਏ, ਨਾ ਜਾਣੇ ਹਸਤ ਕੀੜੀ । ਇਕੋ ਜੋਤ ਸਰਬ ਟਿਕਾਈਆ । ਥਾਉਂ ਥਾਈਂ ਲੱਖ ਚੁਰਾਸੀ ਆਪੇ ਆਪ ਬਹਾਈਆ । ਗੁਰਮੁਖਾਂ ਕਰੇ ਬੰਦ ਖਲਾਸੀ, ਦੇਵੇ ਨਾਮ ਸ਼ਬਦ ਵਡਿਆਈਆ । ਜੋ ਜਨ ਹੋਏ ਮਦਿਰਾ ਮਾਸੀ, ਦਰ ਸਾਚੇ ਰਹਿਣ ਨਾ ਪਾਈਆ । ਜੋ ਜਨ ਗਾਏ ਸਵਾਸ ਸਵਾਸੀ, ਕਰੇ ਜੋਤ ਸੱਚੀ ਰੁਸ਼ਨਾਈਆ । ਸਾਚੀ ਬਣਤ ਗੁਰਸਿਖਾਂ ਆਪ ਬਣਾਈਆ । ਬਣਤ ਬਣਾਏ ਹਰਿ ਜਗਦੀਸ਼ । ਗੁਰਮੁਖ ਸਾਚੇ ਤੇਰੀ ਕੋਈ ਨਾ ਕਰੇ ਮਾਤ ਰੀਸ । ਸਾਚਾ ਸ਼ਬਦ ਆਪ ਚਲਾਇਆ, ਸਾਚਾ ਤਾਜ ਆਪ ਪਹਿਨਾਇਆ, ਆਪ ਬੰਨ੍ਹਾਏ ਤੇਰੇ ਸੀਸ । ਸਾਜ ਬਾਜ ਤਾਜ ਆਪਣੇ ਹੱਥ ਰਖਾਇਆ । ਅੰਤਮ ਵੇਲੇ ਰੱਖੇ ਲਾਜ, ਮਾਝੇ ਦੇਸ ਮਾਰੇ ਆਵਾਜ਼, ਚਾਰੋਂ ਤਰਫ ਪੈਣੀ ਭਾਜ, ਗੁਰ ਸੰਗਤ ਤੇਰਾ ਇਕਾ ਇਕੱਠ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਅੰਤਮ ਪੰਚਮ ਜੇਠ ਦੇਵੇ ਚੱਠ ਕਰਾਇਆ । ਕਲਜੁਗ ਤੇਰੀ ਅੰਤਮ ਹੋਣੀ ਚੱਠ , ਆਪ ਕਰਾਏ ਤੇਰੀ ਆਪਣੀ ਹੱਥੀਂ ਹਰਿ ਸਮਰਥ । ਸੱਚਾ ਇਕ ਤੰਦੂਰ ਬਣਾਏ, ਸਭ ਤੋਂ ਵਡਾ ਭੱਠ । ਲੱਖ ਚੁਰਾਸੀ ਇਕੋ ਪੂਰ ਬਣਾਏ, ਵਿਚ ਪਾਏ ਕਰੇ ਇਕੱਠ । ਥੱਲੇ ਅੱਗ ਮੱਠੀ ਮੱਠੀ ਡਾਹੇ, ਨਾ ਬਾਹਰ ਜਾਏ ਕੋਈ ਨੱਠ । ਚਾਰੋਂ ਕੁੰਟ ਵਾਰੋ ਵਾਰ ਮੁਕਾਏ, ਅੰਤਮ ਪਾਏ ਸਭ ਨੂੰ ਇਕੋ ਵਡੇ ਭੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਧੀਰ ਧਰਾਏ, ਦੇਵੇ ਸ਼ਬਦ ਸੱਚਾ ਹੱਠ । ਸੱਚਾ ਸ਼ਬਦ ਹੱਥ ਹਥੌੜਾ । ਬੇਮੁਖਾਂ


੧੩੯
੦੪

ਸਿਰ ਆਪੇ ਮਾਰੇ, ਭੰਨੇ ਰੀਠਾ ਕੌੜਾ । ਗੁਰਮੁਖਾਂ ਪ੍ਰਭ ਪਾਵੇ ਸਾਰੇ, ਧੁਰਦਰਗਾਹੀ ਆਏ ਦੌੜਾ । ਪ੍ਰਗਟ ਹੋਏ ਚਰਨ ਛੁਹਾਏ ਜਮਨ ਕਿਨਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਗੁਰ ਪੂਰਾ ਬਹੁੜਾ । ਹਰਿ ਹੋਇਆ ਜਗਤ ਦੀਵਾਨਾ । ਕਲਜੁਗ ਜੀਵ ਕੰਨ ਸੁਣਾਨਾ । ਜਿਸ ਨੇ ਕੀਨਾ ਇਕ ਨਿਸ਼ਾਨਾ । ਸੋਹੰ ਫੜਿਆ ਤੀਰ ਕਮਾਨਾ । ਕੋਈ ਨਾ ਅੱਗੇ ਇਸ ਦੇ ਅੜਿਆ, ਸਭ ਦਾ ਸੀਨਾ ਛਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣੇ ਆਪੇ ਬੀਨਾ ਦਾਨਾ । ਹਰਿ ਬਣਿਆ ਸ਼ਾਹ ਫ਼ਕੀਰ ਹੈ । ਬੇਮੁਖ ਜਾਨਣ ਕੋਈ ਹਕੀਰ ਹੈ । ਵੇਲੇ ਅੰਤ ਹੱਥ ਨਾ ਆਉਣਾ ਨੀਰ ਹੈ । ਚਾਰੋਂ ਕੁੰਟ ਉਠ ਉਠ ਵੇਖਣ ਵਡ ਵਡ ਔਲੀਏ ਪੀਰ ਗੌਂਸ, ਘਰ ਘਰ ਬੈਠੇ ਸਾਰੇ ਮਾਰਨ ਧੌਂਸ, ਨਾ ਕੋਈ ਜਾਣੇ ਕੀ ਹੋਣਾ ਅੰਤ ਅਖ਼ੀਰ ਹੈ । ਕਲਜੁਗ ਤੇਰੀ ਉਲਟੀ ਰੌਂਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਵੇਲਨੇ ਰਿਹਾ ਪੀੜ ਹੈ । ਸ਼ਬਦ ਵੇਲਣਾ ਆਪ ਬਣਾਇਆ । ਅਚਰਜ ਸਾਰਾ ਖੇਲ ਰਚਾਇਆ । ਆਪਣਾ ਤਨ ਖ਼ਾਕ ਰੁਲਾਇਆ । ਦੂਜੇ ਗੁਰਮੁਖ ਸਾਚੇ ਵਿਚ ਕਾਇਆ ਡੇਰਾ ਲਾਇਆ । ਤੀਜੀ ਸੰਗ ਰਲਾਈ ਸਾਧ ਸੰਗਤ, ਤਿੰਨੇ ਮਿਲ ਇਕੱਠੇ ਬਹਿਣ, ਸਾਚਾ ਮਾਰਗ ਜਗਤ ਚਲਾਇਆ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਪਹਿਲੀ ਕੂਟ ਫੇਰਾ ਪਾਇਆ ਆਪੇ ਦਏ ਫਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਇਕੋ ਗੇੜਾ ਆਪ ਦਵਾਇਆ । ਆਪੇ ਪੀੜੇ ਪੀੜ ਪਿੜਾਏ । ਗੁਰਮੁਖਾਂ ਅੰਮ੍ਰਿਤ ਸਾਚਾ ਸੀਰ ਪਿਆਏ । ਬੇਮੁਖ ਤਨ ਲੱਗਾ, ਦੁੱਖਾ ਨਾ ਕੋਈ ਹਟਾਏ । ਮਾਤ ਗਰਭ ਉਲਟੇ ਹੋਏ ਰੁੱਖਾ, ਨਾ ਕੋਈ ਛੁਡਾਏ । ਗੁਰਸਿਖ ਗੁਰ ਚਰਨ ਪ੍ਰੀਤੀ ਭੁੱਖਾ, ਪ੍ਰਭ ਅੰਮ੍ਰਿਤ ਮੁਖ ਚੁਆਏ । ਇਕ ਉਪਜਾਏ ਸਾਚਾ ਸੁਖਾ, ਨਿਜਾਨੰਦ ਵਿਚ ਸਮਾਏ । ਉਜਲ ਹੋਏ ਗੁਰਸਿਖ ਤੇਰਾ ਮੁਖਾ, ਤੇਰੀ ਰਸਨਾ ਸੋਹੰ ਸ਼ਬਦ ਗਾਏ । ਸੁਫਲ ਹੋਏ ਮਾਤ ਕੁੱਖਾ, ਗੁਰ ਚਰਨ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪੇ ਹੋਏ ਸਹਾਏ । ਹੋਏ ਸਹਾਈ ਜਿਸ ਬਣਤ ਬਣਾਈ । ਕਿਉਂ ਰਹੇ ਸ਼ਰਮਾਈ ਗਾਓ ਚਾਈਂ ਚਾਈਂ । ਰਸਨਾ ਜਿਹਵਾ ਸਾਚੀ ਲਾਈ । ਭਰਮ ਭੁਲੇਖੇ ਕੋਈ ਰੱਖਿਆ ਨਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਹਰਿ ਇਕੋ ਘਰ ਇਕੋ ਦਰ ਇਕੋ ਦੇਵੇ ਸੱਚਾ ਵਰ, ਨੀਤੀ ਪਰਖੇ ਥਾਉਂ ਥਾਈਂ । ਪਰਖੇ ਨੀਤ ਸਰਬ ਵਿਚਾਰਦਾ । ਜਿਸ ਜਨ ਹੋਏ ਚਰਨ ਪ੍ਰੀਤ, ਫੜ ਬਾਹੋਂ ਕਲਜੁਗ ਤਾਰਦਾ । ਕਰੇ ਕਾਇਆ ਠੰਡੀ ਸੀਤ, ਕੱਢੇ ਅਫਾਰ ਤਨ ਹੰਕਾਰ ਦਾ । ਦਰਸ ਦਿਖਾਏ ਸਾਚਾ ਹਰਿ ਜੋਤ ਸਰੂਪੀ ਜਾਮਾ ਧਾਰਦਾ । ਇਕ ਸੁਣਾਏ ਸੁਹਾਗੀ ਗੀਤ, ਰਸਨਾ ਆਪਣੀ ਹਰਿ ਉਚਾਰਦਾ । ਕਾਇਆ ਹੋਏ ਠੰਡੀ ਸੀਤ, ਕਰ ਦਰਸ ਨਿਹਕਲੰਕ ਅਵਤਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਡੁਬਦੇ ਪੱਥਰ ਫੜ ਫੜ ਤਾਰਦਾ । ਗੁਰ ਪੂਰਾ ਗੁਣ ਨਿਧਾਨ ਹੈ । ਗੁਰ ਪੂਰਾ ਚਤੁਰ ਸੁਜਾਨ ਹੈ । ਗੁਰ ਪੂਰਾ ਮਿਹਰਵਾਨ ਹੈ । ਗੁਰ ਪੂਰਾ ਦੇਵੇ ਜੀਆ ਦਾਨ ਹੈ । ਗੁਰ ਪੂਰਾ ਗੁਰਮੁਖ ਵਿਰਲਾ ਆਏ ਲੇਵੇ, ਕਿਰਪਾ ਕਰੇ ਆਪ ਭਗਵਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਮਿਹਰਵਾਨ ਹੈ । ਗੁਰ ਪੂਰਾ ਗੁਣੀ ਗਹੀਰ ਹੈ । ਗੁਰ ਪੂਰਾ ਗੁਰਮੁਖਾਂ ਦੇਵੇ ਸਾਚੀ ਧੀਰ ਹੈ । ਗੁਰ ਪੂਰਾ ਵਡ ਵਡ ਪੀਰ ਫ਼ਕੀਰ ਹੈ । ਗੁਰ ਪੂਰਾ ਆਤਮ ਹੰਕਾਰੀ ਕੱਢੇ ਹਉਮੇ ਪੀੜ ਹੈ । ਗੁਰ ਪੂਰਾ ਜੋਤੀ ਜੋਤ ਸਰੂਪ ਹਰਿ, ਇਕ ਚਲਾਏ ਸ਼ਬਦ ਸੱਚਾ ਤੀਰ ਹੈ । ਗੁਰ ਪੂਰਾ ਗੁਰਮੁਖਾਂ ਮਾਣ ਦੇਵੇ ਸ਼ਬਦ ਸੱਚੀ ਦਾਤ ਵਿਚ ਜਹਾਨ ਹੈ । ਗੁਰ ਪੂਰਾ ਗੁਰਸਿਖ ਤੇਰਾ ਸੱਚਾ ਦੀਨ ਈਮਾਨ ਹੈ । ਕਲਜੁਗ

ਮਾਇਆ ਵਿਚ ਨਾ ਰੁਲ, ਨਾ ਬਣਨਾ ਅੰਤ ਨਿਧਾਨ ਹੈ । ਗੁਰ ਪੂਰਾ ਵਡਾ ਸ਼ਾਹੋ ਸ਼ਾਹ ਸੁਲਤਾਨ ਹੈ । ਗੁਰ ਪੂਰਾ ਦਰਗਹਿ ਸਾਚੀ ਗੁਰਮੁਖ ਤੇਰੇ ਨਾਉਂ ਲਾਏ ਸੱਚਾ ਥਾਉਂ ਮਕਾਨ ਹੈ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੈ । ਗੁਰ ਪੂਰਾ ਗੁਰ ਗੋਪਾਲ । ਗੁਰ ਪੂਰਾ ਦੀਨ ਦਿਆਲ । ਗੁਰ ਪੂਰਾ ਭਗਤ ਵਛਲ ਰਛਕ ਕਿਰਪਾਲਾ । ਗੁਰ ਪੂਰਾ ਨਾ ਕੋਈ ਕਰੇ ਬਚਨ ਅਧੂਰਾ, ਬਣ ਜਾਏ ਮਾਤ ਸੂਰਾ ਉਤਰੇ ਪੂਰਾ, ਜੋਤੀ ਜਗੇ ਨੂਰੋ ਨੂਰਾ ਜਿਉਂ ਕੋਹਤੂਰਾ, ਮਿਲਿਆ ਹਰਿ ਸੱਚਾ ਸਰਬ ਕਲਾ ਭਰਪੂਰਾ ਨਾ ਵਸੇ ਦੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਵਡ ਵਡ ਵਡ ਸੂਰਾ । ਤਨ ਮੰਦਰ ਅਪਰ ਅਪਾਰਾ । ਮਨ ਬੰਦਰ ਫਿਰੇ ਦਹਿ ਦਿਸ਼ ਧਾਰਾ । ਨਾ ਪਾਏ ਕੋਈ ਸ਼ਬਦ ਭੰਡਾਰਾ । ਨਾ ਸਿਰ ਧਰਾਏ ਇਹਦੇ ਆਰਾ । ਜੋਤ ਸਰੂਪੀ ਵਸੇ ਅੰਦਰ, ਆਪੇ ਪਾਏ ਸਾਰਾ । ਮਤ ਮਨ ਬੁੱਧ ਹਰਿ ਵਿਚ ਟਿਕਾਈ । ਗੁਰਮੁਖ ਵਿਰਲੇ ਆਈ ਸੁਧ, ਕਲਜੁਗ ਜੀਵ ਆਤਮ ਹੋਈ ਹਲਕਾਈ । ਪੰਜੇ ਚੋਰ ਅੱਠੇ ਪਹਿਰ ਕਰਦੇ ਰਹਿਣ ਯੁਧ, ਲੱਗੀ ਰਹੇ ਤੇਰੇ ਘਰ ਸੱਚੇ ਲੜਾਈ । ਮਨ ਚੰਚਲ ਹਾਰਾ ਉਤੇ ਵਸੇ ਬੁੱਧ, ਮਤ ਥੱਲੇ ਰਹੀ ਸ਼ਰਮਾਈ । ਦੂਜੀ ਵਸਤ ਹਰਿ ਰੱਖੀ ਨਾਲ ਬੁੱਧ, ਮਾਰ ਲੱਫੜ ਥੱਲੇ ਦੇਵੇ ਲਾਹੀ । ਰਸਨਾ ਜਪਿਆ ਸਾਚਾ ਨਾਂ, ਚਿੱਟਾ ਹੋਇਆ ਦੁੱਧ, ਅਗਿਆਨ ਅੰਧੇਰ ਸਰਬ ਮਿਟ ਜਾਈ । ਨਿਰਮਲ ਹੋਏ ਗੁਰਸਿਖ ਤੇਰੀ ਬੁੱਧ, ਸੁਰਤ ਸ਼ਬਦ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸੱਚੀ ਡੋਰੀ ਆਪੇ ਦਏ ਬੰਨ੍ਹਾਈ । ਵਸ ਨਾ ਆਵੇ ਇਹ ਮਨ ਵਿਚੋਂ ਤਨ ਭਰਮ ਭੁਲੇਖਾ ਨਿਕਲੇ ਜੰਨ । ਉਤੇ ਪਾਏ ਸ਼ਬਦ ਛੱਪਰੀ ਛੰਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਦਰ ਬੈਠਾ ਸਭ ਨੂੰ ਲਾਏ ਡੰਨ । ਏਕਾ ਰੱਖਣਾ ਚਰਨ ਧਿਆਨ । ਰੱਖਣੀ ਓਟ ਸ੍ਰੀ ਭਗਵਾਨ । ਸ਼ਬਦ ਗਾਉਣਾ ਖਿੱਚ ਕਮਾਨ । ਨੇਤਰ ਬੰਦ ਕਰਾਉਣਾ, ਕੰਨ ਨਾ ਸੁਣਨਾ ਕੋਈ ਸ਼ਬਦ ਅੰਧ ਅੰਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਜੋਤ ਸਰੂਪੀ ਵਡ ਮਿਹਰਬਾਨ । ਸੋਹੰ ਸ਼ਬਦ ਰਸਨਾ ਗਾਏ । ਸਵਾਸ ਸਵਾਸ ਹਰਿ ਧਿਆਏ । ਤਨ ਖੇੜਾ ਵਸਾਏ, ਮਾਸ ਗਰਾਸ ਮੁਖੋਂ ਆਪ ਛੁਡਾਏ । ਹਰਿ ਹਿਰਦੇ ਕਰੇ ਵਾਸ, ਲੱਗੇ ਕਾਇਆ ਰੋਗ ਗਵਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੰਤਾ ਸੋਗ ਸਰਬ ਮਿਟਾਏ । ਏਕਾ ਗਾਏ ਸ਼ਬਦ ਸਵਾਸਾ । ਮਾਨਸ ਜਨਮ ਹੋਏ ਰਾਸਾ । ਕਾਇਆ ਤਨ ਦੁੱਖ ਰਹੇ ਨਾ ਮਾਸਾ । ਰਸਨਾ ਕਹੇ ਧੰਨ ਧੰਨ ਗਾਉਂਦੀ ਰਹੇ ਕਰ ਕਰ ਹਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਆਤਮ ਰੱਖੇ ਵਾਸਾ । ਅੰਤਮ ਅੰਤ ਨਾਮ ਮਿਲੀ ਵਡਿਆਈ । ਭੁੱਲਿਆ ਰੁਲਿਆ ਜੀਵ ਜੰਤ, ਨਾ ਹੋਇਆ ਕੋਈ ਸਹਾਈ । ਇਕ ਵਿਛੋੜਾ ਪਿਆ ਕੰਤ, ਨਾ ਕੋਈ ਮੇਲ ਮਿਲਾਈ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਸਭਨੀਂ ਥਾਈਂ । ਵੇਖੇ ਹਰਿ ਪਵਣ ਮਸਾਣਾ । ਇਕੋ ਮਾਰੇ ਸ਼ਬਦ ਬਾਣਾ । ਜੋਤ ਸਰੂਪੀ ਸਾਚਾ ਰਾਣਾ । ਭੂਤ ਪ੍ਰੇਤਾਂ ਵਸ ਕਰਾਨਾ । ਇਕ ਲੱਖ ਅੱਸੀ ਹਜ਼ਾਰ ਸ਼ਬਦ ਡੋਰੀ ਨਾਲ ਬੰਧਾਨਾ । ਗੁਰ ਨਾਨਕ ਤੇਰਾ ਲਿਖਿਆ ਸ਼ਬਦ, ਕਲਜੁਗ ਜੀਆਂ ਹੱਥ ਨਾ ਆਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰਸਨਾ ਆਪੇ ਗਾਣਾ । ਗੁਰ ਨਾਨਕ ਇਹ ਸ਼ਬਦ ਅਲਾਇਆ । ਵਿਚ ਬੰਗਾਲੇ ਇਹ ਸੁਣਾਇਆ । ਮਰਦਾਨਾ ਬਣਿਆ ਭੇਡੂ, ਗੁਰ ਪੂਰੇ ਆਪ ਛੁਡਾਇਆ । ਸਾਰੇ ਰੋਵਣ ਕੱਢ ਕੱਢ ਲਕੀਰਾ, ਨਾ ਸਕੇ ਕੋਈ ਛੁਡਾਇਆ । ਏਕਾ ਇਕ ਨਿਰੰਕਾਰ, ਕਰੋੜ ਉਨੰਜਾ ਏਕਾ ਸ਼ਬਦ ਬਣਾਇਆ । ਅਪ ਤੇਜ ਵਾਏ ਪ੍ਰਿਥਮੀ

੧੪੧
੦੪

ਅਕਾਸ਼ ਸ਼ਬਦ ਚਲਾਇਆ । ਉਸ ਦਾ ਫਲ ਇਹ ਰਖਾਇਆ । ਤ੍ਰੈਲੋਕੀ ਨੂੰ ਆਪ ਬੰਧਾਇਆ । ਆਪੇ ਬੰਨ੍ਹੇ ਮਨ ਚਿਤ ਸੁਰਤ ਲਾਇਆ । ਨਾਮ ਨਿਰਬਾਣ ਤੀਰ ਚਲਾਇਆ । ਜੇਤੀਆਂ ਮੁਸ਼ਕਲਾਂ ਤੇਤੀਆਂ ਆਸਾਨ ਕਰਾਇਆ । ਮਸਾਣ ਪੌਣਾ ਕਾ ਰੂਪ, ਸ਼ਬਦ ਡੋਰ ਨਾਲ ਬੰਧਾਇਆ । ਕਿੰਗਰਾ ਕਿੰਗਰਾ ਉਤੋਂ ਢਾਹਿਆ । ਨਾਨਕ ਤੇਰਾ ਲਿਖਿਆ ਸ਼ਬਦ ਨਾ ਕਿਸੇ ਮਿਟਾਇਆ । ਜਮ ਕਾ ਬੇਟਾ ਬੰਨ੍ਹ ਵਖਾਇਆ । ਕਾਲਕਾ ਮਾਤ ਦਏ ਦੁਹਾਇਆ । ਨਾਨਕ ਚਲ ਕੇ ਕਿਧਰੋਂ ਆਇਆ । ਸ਼ਬਦ ਫਾਹ ਜਿਸ ਨੇ ਪਾਇਆ । ਲੋਹੇ ਦੇ ਸੰਗਲ ਨਾਲ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਨਾਨਕ ਤੇਰੀ ਰਸਨਾ ਚਲਿਆ ਤੀਰ, ਪ੍ਰਗਟ ਹੋਏ ਨਿਹਕਲੰਕ ਦੇਵੇ ਫੇਰ ਲਿਖਾਇਆ । ਗੁਰ ਨਾਨਕ ਬੱਧੇ ਸਾਰੇ ਪੀਰ । ਇਕ ਚਲਾਏ ਸ਼ਬਦ ਤੀਰ । ਸਭਨਾਂ ਪਾਏ ਆਪ ਵਹੀਰ । ਮਰਦਾਨੇ ਦਿੱਤੀ ਇਕੋ ਧੀਰ । ਸਭ ਦੇ ਪੜਦੇ ਦੇਵੇ ਚੀਰ । ਗੁਰ ਨਾਨਕ ਤੇਰੀ ਕੌਣ ਮਿਟਾਏ, ਚਿੱਟੇ ਉਤੇ ਲੱਗੀ ਕਾਲੀ ਲਕੀਰ । ਪਹਿਲੇ ਮਦਿਰਾ ਮਾਸ ਤਜਾਉਂਣਾ । ਦੂਜੇ ਰਸਨਾ ਨਾਲ ਗਾਉਣਾ । ਤੀਜੇ ਨੇਤਰ ਤੀਜੇ ਨੈਣ ਦਰਸ ਦਿਖਾਉਣਾ । ਚੌਥੇ ਪੌੜੇ ਸਾਚੇ ਘਰ ਉਪਰ ਚੜ੍ਹ ਸਾਚੇ ਧਾਮ ਵਾਸ ਰਖਾਉਣਾ । ਪੰਚਮ ਪੰਚਾ ਰਾਣੀ ਕਲਜੁਗ ਮਾਇਆ ਬੇਮੁਹਾਣੀ ਕਾਇਆ ਵਿਚੋਂ ਬਾਹਰ ਕਢਾਉਣਾ । ਜੋਤੀ ਜੋਤ ਸਰੂਪ ਹਰਿ ਆਪਣਾ ਆਪੇ ਮੇਲ ਮਿਲਾਉਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸ਼ਬਦ ਡੋਰ ਨਾਲ ਗੁਰਮੁਖ ਸਾਚੇ ਆਪ ਬੰਧਾਉਣਾ । ਕਾਮ ਕਰੋਧ ਲੋਭ ਮੋਹ ਹੰਕਾਰ ਨਾ ਤੁੱਟੇ ਜੰਜ਼ਾਲ, ਹੋਇਆ ਕੰਗਾਲ ਤਨ ਨਾ ਬਣਾਇਆ ਸੱਚੀ ਧਰਮਸਾਲ । ਨਾ ਮਿਲਿਆ ਹਰਿ ਅਨਮੁਲੜਾ ਲਾਲ । ਨਾ ਬਣਿਆ ਕੋਈ ਵਿਚ ਦਲਾਲ । ਜਿਹੜਾ ਦੇਵੇ ਸੱਚਾ ਥਾਂ ਵਖਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲਏ ਸੁਰਤ ਸੰਭਾਲ । ਇਕ ਨਾਮ ਸਰਬ ਪ੍ਰਧਾਨ । ਪੰਚਾਂ ਚੋਰਾਂ ਮਾਰੇ ਇਕ ਸ਼ਬਦ ਬਾਣ । ਆਪੇ ਬੰਨ੍ਹੇ ਸਾਚੀ ਡੋਰ, ਗੁਰਮੁਖ ਰੱਖੇ ਚਰਨ ਧਿਆਨ । ਦੁੱਖ ਰੋਗ ਜਾਏ ਨਿਵਾਰ, ਦੀਪਕ ਜਗੇ ਨੂਰੋ ਨੂਰਾ, ਨਾ ਆਤਮ ਦਿਸੇ ਸੁੰਞ ਮਸਾਨ । ਮਿਟ ਜਾਏ ਅੰਧ ਘੋਰਾ, ਚੁਕਾਏ ਜੰਮ ਕੀ ਕਾਨ । ਪੰਚੇ ਜੂਠੇ ਝੂਠੇ ਪਾਉਂਦੇ ਰਹਿਣ ਅੰਦਰ ਸ਼ੋਰ, ਨਾ ਸੁਣਨ ਸ਼ਬਦ ਸੱਚਾ ਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਨਾਮ ਰਿਦੇ ਵਸਾਏ ਕਾਰਜ ਸਿਧੇ ਆਪ ਕਰਾਏ, ਆਤਮ ਵਿਧੇ ਤੀਰ ਚਲਾਏ ਆਪੇ ਕਰੇ ਆਤਮ ਧਿਆਨ । ਜੋਤ ਜਗਾਏ ਬਹੱਤਰ ਨਾੜ । ਬਾਹਰ ਕੱਢੇ ਝੂਠੀ ਧਾੜ । ਮਾਇਆ ਅਗਨ ਵਿਚ ਦੇਵੇ ਸਾੜ । ਜੋਤੀ ਜੋਤ ਸਰੂਪ ਹਰਿ, ਪੰਚਾਂ ਚੋਰਾਂ ਬਾਹਰ ਰੱਖੇ ਦਰ ਦਰਵਾਜਿਉਂ ਝਾੜ । ਤਨ ਚੜ੍ਹਿਆ ਰਹੇ ਅਫਾਰ । ਨਾ ਲੱਥੇ ਉਤੋਂ ਭਾਰ । ਨਾ ਆਵੇ ਕਿਸੇ ਸਾਰ । ਦੁੱਖ ਲੱਗਾ ਅਪਰ ਅਪਾਰ । ਜੋਤ ਸਰੂਪੀ ਕਿਰਪਾ ਕਰ ਆਏ ਚਲ ਦਵਾਰ । ਲੱਗੇ ਤਨ ਅਫਾਰਾ ਉਲਟੇ ਸਾਹ । ਦੁਖੀ ਰਹੇ ਜੀਵ ਵਿਚਾਰਾ, ਕੋਈ ਛੁਟਕਾਰਾ ਕਰਾਵੇ ਨਾਹ । ਪ੍ਰਭ ਅਬਿਨਾਸ਼ੀ ਪਾਵੇ ਸਾਰਾ, ਸੋਹੰ ਦੇਵੇ ਸਾਚੀ ਧਾਰਾ, ਜੋ ਜਨ ਰਸਨਾ ਲਏ ਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਵਾਮੀ ਸਾਰਾ ਦੁੱਖ ਦਰਦ ਦਏ ਬਾਹਰ ਕਢਾ । ਚਰਨ ਕਵਲ ਉਪਰ ਧਵਲ ਰਹੇ ਮਵਲ, ਪ੍ਰਗਟ ਹੋਏ ਕਾਹਨਾ ਸਵਲ, ਬੇਮੁਖਾਂ ਆਤਮ ਹੋਈ ਬਵਲ, ਨਾ ਆਤਮ ਖਿੜਿਆ ਕਿਸੇ ਕਵਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਹਾ ਮਵਲ । ਸਚ ਦਵਾਰਾ ਮੰਗੀ ਸਾਚੀ ਭਿੱਛਾ । ਜੋਤ ਸਰੂਪੀ ਹਰਿ ਕਰਤਾਰਾ, ਕਰੇ ਪੂਰੀ ਇੱਛਾ । ਦੇਵੇ ਨਾਮ ਸ਼ਬਦ ਭੰਡਾਰਾ, ਸਾਚੀ ਦੇਵੇ ਸਿੱਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ

ਦਰ ਘਰ ਸਾਚੇ ਆਪੇ ਦੇਵੇ ਲਿਖਾ । ਸ਼ਬਦ ਗਾਉਣਾ ਪ੍ਰਭ ਅਬਿਨਾਸ਼ ਸਾਚਾ ਪਾਉਣਾ । ਸਰਬ ਘਟ ਵਾਸ ਰਿਦੇ ਵਸਾਉਣਾ । ਹੋਏ ਬੰਦ ਖਲਾਸ
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਸੰਵ ਸਵੇਰ ਰਿਦੇ ਵਸਾਉਣਾ । ਮਿਲੀ ਸਚ ਵਸਤ ਰੱਖਣੀ ਜਗਤ ਸੰਭਾਲ । ਕਲਜੁਗ ਵੇਲਾ
ਅੰਤਮ ਆਇਆ, ਨਾ ਹੋਣਾ ਕਦੇ ਕੰਗਾਲ । ਸਚ ਦਾਤ ਹਰਿ ਝੋਲੀ ਪਾਏ, ਸੋਹੰ ਸ਼ਬਦ ਵੱਡਾ ਧਨ ਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਬਣਿਆ ਸੱਚਾ ਵਿਚੋਲਾ ਜਗਤ ਦਲਾਲ । ਚਰਨੀ ਸੀਸ ਨਿਵਾਈ ਜਾ । ਰਸਨਾ ਨਾਲ ਗਾਈ ਜਾ । ਹਿਰਦੇ ਵਿਚ ਵਸਾਈ ਜਾ । ਹਉਮੈ
ਰੋਗ ਗਵਾਈ ਜਾ । ਆਤਮ ਜੋਤ ਜਗਾਈ ਜਾ । ਅਗਿਆਨ ਅੰਧੇਰ ਮਿਟਾਈ ਜਾ । ਸਵਛ ਸਰੂਪੀ ਪ੍ਰਗਟ ਹੋਇਆ, ਦਰ ਘਰ ਸਾਚੇ ਸਾਚਾ
ਦਰਸ਼ਨ ਪਾਈ ਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਨਾਲ ਧਿਆਈ ਜਾ । ਰਸਨਾ ਧਿਆਉਣਾ ਪੰਧ ਮੁਕਾਉਣਾ । ਆਤਮ ਪੜਦਾ
ਸਾਚਾ ਲਾਹੁਣਾ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਏ ਦਰ ਘਰ ਸਾਚੇ ਮੰਦਰ ਕਾਇਆ ਅੰਦਰ ਦਰਸ ਦਿਖਾਉਣਾ । ਤਨ ਮਾਟੀ ਇਕ ਬਣਾਇਆ ।
ਅਚਰਜ ਖੇਲ ਹਰਿ ਰਚਾਇਆ । ਦੂਜਾ ਮੇਲ ਮਨ ਕਰਾਇਆ । ਤੀਜੇ ਕਾਇਆ ਮੰਦਰ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਵੇਖ ਵਿਚਾਰੇ ਪਾਵੇ ਸਾਰੇ, ਆਤਮ ਦੁੱਖੜਾ ਦੇਵੇ ਲਾਹਿਆ । ਤਨ ਮਨ ਦੋਏ ਹੋਏ ਰੋਗੀ । ਆਤਮ ਹੋਈ
ਜਗਤ ਵਿਜੋਗੀ । ਕੋਈ ਨਾ ਲੱਗੇ ਸੱਚਾ ਭੋਗੀ । ਅੱਠੇ ਪਹਿਰ ਬਣਿਆ ਰਹੇ ਆਤਮ ਰੋਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ
ਵਿਚੋਂ ਪੀੜ ਪਿੜਾਏ, ਅੰਮ੍ਰਿਤ ਸਾਚਾ ਸੀਰ ਪਿਆਏ, ਕਟੇ ਹਉਮੇ ਰੋਗੀ । ਜੋਤ ਜਗਾਏ ਤੇਰੀ ਵਿਚ ਲਲਾਟ । ਆਪ ਕਰਾਏ ਪਿਛਲਾ ਪੂਰਾ ਘਾਟ ।
ਸਾਚਾ ਰਸ ਰਸਨਾ ਲੈਣਾ ਚਾਟ । ਤੀਜੇ ਲੋਇਣ ਪੜਦਾ ਜਾਣਾ ਪਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਰਿਹਾ ਕਾਟ ।
ਹਰਿ ਨੇਤਰ ਨੀਰ ਵਿਰੋਲੇ । ਤੇਰਾ ਤੀਜਾ ਨੈਣ ਖੋਲ੍ਹੇ । ਵਿਚੋਂ ਬੈਠਾ ਹਰਿ ਜੀ ਬੋਲੇ । ਜਿਹੜਾ ਵੱਸਿਆ ਰਹਿੰਦਾ ਉਹਲੇ । ਕਾਇਆ ਡੂੰਘੇ ਅੰਧੇਰ
ਭੜੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਬਣਾਏ, ਨਾ ਵਿਚ ਮਾਤ ਦੇ ਡੋਲੇ । ਏਕਾ ਦੇਵੇ ਜੋਤੀ ਨੂਰ । ਸ਼ਬਦ
ਦੇਵੇ ਸਾਚੀ ਤੂਰ । ਪ੍ਰਭ ਅਬਿਨਾਸ਼ੀ ਵਡਾ ਦਾਤਾ ਸੂਰ । ਆਤਮ ਤੇਰੀ ਹਰਸ ਮਿਟਾਏ ਸਰਬ ਕਲਾ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਸਾ ਮਨਸਾ ਸਭ ਦੀ ਪੂਰ । ਚਰਨ ਪ੍ਰੀਤੀ ਲੈਣੀ ਜੋੜ । ਦਰ ਘਰ ਸਾਚੇ ਆਏ ਗੁਰ ਪੂਰਾ, ਕਿਸੇ ਨਾ ਦੇਵੇ ਮੋੜ । ਸਾਚੇ ਰਾਹੇ ਆਪੇ ਪਾਏ,
ਨਾ ਕਰੇ ਤੋੜ ਵਿਛੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਿਠਾਏ ਚੜ੍ਹਾਏ ਸ਼ਬਦ ਸਾਚੇ ਘੋੜ । ਸੱਚਾ ਸ਼ਬਦ ਪਵਣ ਅਸਵਾਰਾ ।
ਵਸਦਾ ਰਹੇ ਕਾਇਆ ਮਹੱਲ ਮੁਨਾਰਾ । ਰਾਹ ਸਾਚਾ ਦੱਸਦਾ ਰਹੇ, ਉਠ ਸੋਇਆ ਜੀਵ ਗਵਾਰਾ । ਹਰਿ ਹਿਰਦੇ ਸਦਾ ਵਸਦਾ ਰਹੇ, ਜੋਤ ਸਰੂਪੀ
ਨਿਰਾਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇਵੇ ਵਰ, ਜਾਣਾ ਤਰ ਨਹਾਉਣਾ ਅੰਮ੍ਰਿਤ ਸਾਚੇ ਸਰ, ਕਲਜੁਗ ਅੰਤ ਭੁਲ
ਨਾ ਜਾਣਾ । ਨਾਮ ਸੱਚਾ ਸਚ ਸੁਗਾਤੀ । ਆਤਮ ਸਾਚੀ ਜੋਤ ਜਗਾਏ, ਨਾ ਕੋਈ ਰੱਖੇ ਦੀਵਾ ਬਾਤੀ । ਜੋਤੀ ਜੋਤ ਸਰੂਪ ਹਰਿ, ਆਪ ਮਿਟਾਏ
ਕਲਜੁਗ ਤੇਰੀ ਅੰਧੇਰੀ ਰਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਣ ਸੋ ਜਨ ਹੋਏ ਚਤੁਰ ਸੁਜਾਨ ਵਿਚ ਲੋਕਮਾਤੀ । ਸਿਰ
ਪੈਰਾਂ ਤਨ ਲੱਗੀ ਅੱਗ । ਤੱਤੀ ਵਾ ਰਹੀ ਵਗ । ਗੁਰ ਪੂਰੇ ਸਾਚੇ ਕਿਰਪਾ ਕਰ, ਮੁਖ ਲਗਾ ਸੋਹੰ ਸ਼ਬਦ ਸੱਚਾ ਸਗ । ਮਹਾਰਾਜ ਸ਼ੇਰ ਸਿੰਘ

੧੪੩
੦੪

ਵਿਸ਼ਨੂੰ ਭਗਵਾਨ, ਰੋਗ ਸੋਗ ਸਰਬ ਮਿਟਾਏ ਵਡ ਦਾਤਾ ਸੂਰਾ ਸਰਬਗ । ਦੁੱਖ ਦਰਦ ਹਰਿ ਦੇਵੇ ਭੰਨ । ਸੋਹੰ ਸ਼ਬਦ ਸੁਣਾਵੇ ਕੰਨ । ਆਪ ਵਸਾਵੇ ਤਨ ਮੰਦਰ ਸਾਚੇ ਤਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੋਗਾਂ ਸੋਗਾਂ ਚਿੰਤਾ ਕਰਮ ਵਿਯੋਗਾਂ ਲਾਏ ਡੰਨ । ਜੀਵ ਅੰਞਾਣਾ ਹੋਏ ਬਵਰਾ । ਪ੍ਰਭ ਆਪ ਪਛਾਣੇ ਗਹਿਰਾ ਗਵਰਾ । ਅੰਦਰ ਬਾਹਰ ਬਾਹਰ ਅੰਦਰ ਇਕ ਰੋਗ ਇਕ ਸੋਗ, ਮਾਨਸ ਜਨਮ ਨਾ ਅਜੇ ਸਵਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮੇਟੇ ਚਾਰ ਚੁਫੇਰੇ ਜੋ ਲੱਗਾ ਰਹੇ ਦਵਰਾ । ਦੁੱਖ ਪੀੜ ਆਪ ਬੰਧਾਈ । ਸਾਚੀ ਬੀੜ ਇਕ ਰਖਾਈ । ਦੇਵੇ ਪੀੜ ਸ਼ਬਦ ਵੇਲਣਾ ਰਿਹਾ ਚਲਾਈ । ਗੁਰਮੁਖ ਸਾਚਾ ਆਇਆ ਦਰ, ਚੁੱਕਿਆ ਡਰ ਆਪੇ ਲਏ ਹਰਿ ਛਡਾਈ । ਔਖਾ ਦਿਸੇ ਰਾਹ ਵਿਚ ਸੰਸਾਰ । ਏਥੇ ਮਿਲਦਾ ਫਾਹ, ਜੇ ਕੋਈ ਜਾਏ ਭੁਲ ਗਵਾਰ । ਜੋ ਜਨ ਰਸਨਾ ਗਾਏ ਸਾਹੋ ਸਾਹ, ਬੇੜਾ ਕਰਦਾ ਪਾਰ । ਚਰਨ ਲਾਗ ਜੇ ਕੋਈ ਅੱਗੋਂ ਕਰੇ ਨਾਹ, ਮਾਰੇ ਸ਼ਬਦ ਡਾਹਢੀ ਮਾਰ । ਗੁਰਸਿਖ ਮੰਨੇ ਸਾਚਾ ਭਾਣਾ ਕਰੇ ਹਾਂ ਹਾਂ, ਫੜ ਫੜ ਬਾਹੋਂ ਕਲ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਔਖੀ ਘਾਟੀ ਆਪ ਦਿਸਾਏ, ਮਦਿਰਾ ਮਾਸ ਰਸਨਾ ਤਜਾਏ, ਨਾ ਕੋਈ ਕਰੇ ਅਹਾਰ । ਮਦਿਰਾ ਮਾਸ ਜਿਸ ਜਨ ਤਜਾਉਣਾ । ਗੁਰ ਦਰ ਸਾਚੇ ਫੇਰ ਆਉਣਾ । ਪਹਿਲੋਂ ਦੋਏ ਜੋੜ ਸੀਸ ਝੁਕਾਉਣਾ । ਪਿਛਲੀ ਭੁਲ ਦਰ ਬਖ਼ਸ਼ਾਉਣਾ । ਅੱਗੇ ਰਾਹੇ ਆਪੇ ਪਾਉਣਾ । ਦੇਵੇ ਮਤ ਦੇਵੇ ਧੀਰਜ ਯਤ, ਭੁਲਿਆਂ ਆਪ ਸਮਝਾਉਣਾ । ਸ਼ਬਦ ਬੀਜੇ ਸਾਚੇ ਵਤ, ਸੋਹੰ ਬੀਜ ਆਪਣੀ ਹੱਥੀਂ ਆਪ ਬਿਜਾਣਾ । ਆਪਣੀ ਰਸਨਾ ਚਰਖਾ ਲੈਣਾ ਕੱਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਆਪ ਧਿਆਵਣਾ । ਪੀ ਅੰਮ੍ਰਿਤ ਪੂਰੀ ਹੋਏ ਆਸ । ਆਪ ਬੁਝਾਏ ਤੇਰੀ ਲੱਗੀ ਸੱਚੀ ਪਿਆਸ । ਸਾਚੀ ਦਾਤ ਵਿਚ ਰਲਾਏ ਆਪਣਾ ਆਪ, ਤੇਰੇ ਮੁਖ ਲਗਾਏ ਹੋਇਆ ਰਹੇ ਦਾਸ । ਏਕਾ ਸੁਖ ਤਨ ਉਪਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਸੁਖਾਲੇ ਸਾਸ ਗਰਾਸ । ਇਕ ਇਕੱਲਾ ਅਰਜ ਗੁਜ਼ਾਰੇ । ਪ੍ਰਭ ਪਾਵੇ ਸਾਰਿਆਂ ਸਾਰੇ । ਖਿੱਚੇ ਵਿਚੋਂ ਇਕ ਭਰਿਆ ਹੰਕਾਰੇ । ਕਰੇ ਬੇਨੰਤੀ ਇਕ ਦਵਾਰੇ । ਹਉਮੇ ਵਿਚੋਂ ਸਭ ਦੇ ਮਾਰੇ । ਭੈਣਾਂ ਭਾਈਆਂ ਮਾਤਾ ਪਿਤਾ, ਇਕੋ ਬਖ਼ਸ਼ੇ ਸਾਚਾ ਇਕ ਪਿਆਰੇ । ਪੁੱਤਾਂ ਧੀਆਂ ਸਾਚਾ ਜੀਆਂ, ਇਕੋ ਰੱਖੇ ਸਾਚੀ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪੇ ਲਾਹੇ ਸਰਬ ਅਫਾਰੇ । ਰਖਣਾ ਚਰਨ ਧਿਆਨ । ਅੱਗੇ ਮਿਲੇ ਸ਼ਬਦ ਬਬਾਣ । ਸਾਚਾ ਦਰ ਘਰ ਗੁਰਮੁਖ ਵਿਰਲੇ ਪਾਣ । ਚਲ ਕੇ ਆਇਣ ਦਰ ਕਰਨ ਚਰਨ ਧੂੜ ਇਸ਼ਨਾਨ । ਸਚ ਭੰਡਾਰਾ ਆਤਮ ਦਵਾਰਾ ਹਰਿ ਦੇਵੇ ਭਰ, ਬਣਾਏ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਝੋਲੀ ਪਾਏ ਜੋ ਜਨ ਮੰਗੇ ਸ਼ਬਦ ਸੱਚਾ ਦਾਨ । ਰੋਗ ਅਵੱਲੜਾ ਕਾਇਆ ਅੰਦਰ । ਨਾ ਜੀਵੜਾ ਹੋਏ ਸੁਖਲੜਾ, ਢਹਿੰਦਾ ਜਾਏ ਝੂਠਾ ਮੰਦਰ । ਪ੍ਰਭ ਅਬਿਨਾਸ਼ੀ ਫੜਿਆ ਪਲੜਾ, ਰੋਗ ਸੋਗ ਮਿਟਾਏ ਵੜਿਆ ਰਹੇ ਵਿਚ ਅੰਦਰੇ ਅੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਜੂਹ ਜੰਗਲ ਵਿਚ ਪਹਾੜ ਡੂੰਘੀ ਕੰਦਰ । ਸ਼ਬਦ ਦਾਨ ਜਿਸ ਜਨ ਮੰਗਿਆ । ਦਰ ਘਰ ਸਾਚੇ ਮੂਲ ਨਾ ਸੰਗਿਆ । ਸਾਚਾ ਸ਼ਬਦ ਤਨ ਸੁਹਾਏ, ਸੋਹੰ ਸ਼ਬਦ ਸਾਚਾ ਕੰਗਣਾ । ਇਕੋ ਰਾਮ ਨਜ਼ਰੀ ਆਏ, ਦੂਜਾ ਦਰ ਨਾ ਕੋਈ ਮੰਗਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਦਰਸ ਦਿਖਾਏ ਹਰਸ ਮਿਟਾਏ, ਮਾਨਸ ਜਨਮ ਨਾ ਹੋਣ ਦੇਵੇ ਭੰਗਣਾ । ਮੰਗੋ ਮੰਗ ਇਕ ਕਰਤਾਰ । ਦੇਵੇ ਸੱਚਾ ਰੰਗ ਸੋਹੰ ਸ਼ਬਦ ਅਪਰ ਅਪਾਰ ।

੧੪੪ ੦੪

ਹੋਏ ਸਹਾਈ ਅੰਗ ਸੰਗ, ਕਲਜੁਗ ਅੰਤਮ ਦੇਵੇ ਤਾਰ । ਆਪੇ ਕਟੇ ਭੁੱਖ ਨੰਗ, ਵਡ ਦਾਤਾ ਹਰਿ ਦਾਤਾਰ । ਅੰਮ੍ਰਿਤ ਸਾਚਾ ਸੀਰ ਪਿਆਏ ਗੰਗ, ਕਾਇਆ ਰੱਖੇ ਠੰਡੀ ਠਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਨਾਮ ਅਧਾਰ । ਪਹਿਲੇ ਆਪਣਾ ਮਨ ਸਮਝਾਉਣਾ । ਦਰ ਘਰ ਸਾਚੇ ਫੇਰ ਆਉਣਾ । ਲੋਕ ਲਾਜ ਨੂੰ ਗਲੋਂ ਲਾਹੁਣਾ । ਸਾਚਾ ਤਾਜ ਹਰਿ ਸਾਚੇ ਸਿਰ ਪਹਿਨਾਉਣਾ । ਮਾਰੇ ਸ਼ਬਦ ਆਵਾਜ਼, ਗੁਰਸਿਖ ਸੋਇਆ ਗੂੜ੍ਹੀ ਨੀਂਦ ਪ੍ਰਭ ਅਬਿਨਾਸ਼ੀ ਆਪੇ ਆਪ ਉਠਾਉਣਾ । ਸੱਚਾ ਦੇਵੇ ਧੁਰ ਦਰਗਾਹੀ ਰਾਜ, ਲੱਖ ਚੁਰਾਸੀ ਗੇੜ ਕਟਾਉਣਾ । ਆਪ ਸਵਾਰੇ ਗੁਰਸਿਖ ਤੇਰੇ ਕਾਜ, ਦਰ ਦਰਬਾਨ ਆਪ ਮਿਹਰਵਾਨ ਅਖਵਾਉਣਾ । ਪ੍ਰਗਟ ਹੋਇਆ ਸ਼ੇਰ ਸਿੰਘ ਸੱਚਾ ਮਹਾਰਾਜ, ਨਿਹਕਲੰਕ ਜਿਸ ਨਾਉਂ ਰਖਾਉਣਾ । ਆਤਮ ਦੇਣਾ ਇਕ ਦਿਲਾਸਾ । ਗੁਰ ਪੂਰੇ ਚਰਨ ਰੱਖਣਾ ਭਰਵਾਸਾ । ਚੁਕਾਏ ਮਰਨ ਡਰਨ, ਖੁਲ੍ਹਾਏ ਹਰਨ ਫਰਨ, ਮਾਨਸ ਜਨਮ ਕਰਾਏ ਰਾਸਾ । ਗੁਰਮੁਖ ਵਿਰਲੇ ਵਿਚ ਮਾਤ ਤਰਨ, ਲਾਗ ਸਰਨ ਰਸਨਾ ਰਸ ਤਜਾਉਣਾ ਮਦਿਰਾ ਮਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਨਾਮ ਜਾਮ ਪਿਆਏ, ਭਰਿਆ ਰਹੇ ਗੁਰਸਿਖ ਤੇਰਾ ਕਾਇਆ ਕਾਸਾ । ਅੰਮ੍ਰਿਤ ਪੀਣਾ ਸੱਚਾ ਜਾਮ । ਸੋਹੰ ਦੇਵੇ ਸੱਚਾ ਨਾਮ । ਪੂਰ ਕਰਾਏ ਆਪੇ ਕਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚੀ ਨੀਤੀ ਪਰਖੇ, ਮੰਗੇ ਨਾ ਕੋਈ ਦਾਮ । ਨਾ ਰੱਖੇ ਵਿਚ ਵਿਚੋਲਾ । ਪੂਰ ਕਰਾਏ ਕਾਮ, ਜੋ ਜਨ ਚਰਨ ਹੋਏ ਗੋਲਾ । ਪਰਗਟ ਹੋਇਆ ਘਨਈਆ ਸ਼ਾਮ, ਸ੍ਰਿਸ਼ਟ ਸਬਾਈ ਕੀਆ ਪੜਦਾ ਉਹਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਇਕੋ ਬੋਲਾ ਸੱਚਾ ਬੋਲਾ । ਗੁਰਮਤ ਸਚ ਪਛਾਣ । ਗੁਰਮਤ ਇਕ ਵਖਾਏ ਸੱਚਾ ਤੱਤ ਮੂਰਖ ਮੁਗਧ ਬਣਾਏ ਚਤੁਰ ਸੁਜਾਨ । ੧੪੫
੦੪ ਗੁਰਮੁਖ ਸੋਹੰ ਸ਼ਬਦ ਰਸਨਾ ਰਟ, ਤੇਰੀ ਨਾ ਉਬਲੇ ਕਾਇਆ ਰਤ, ਕਿਰਪਾ ਕਰੇ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ੦੪
ਵਾਲੀ ਦੋ ਜਹਾਨ । ਪਹਿਲੋਂ ਕਰਨੀ ਇਕ ਸਲਾਹ । ਕਲਜੁਗ ਅੰਤਮ ਬਣੇ ਕਿਹੜਾ ਸੱਚਾ ਮਲਾਹ । ਦਰ ਉਹਦੇ ਤੇ ਫਬੀਏ, ਪਾਰ ਕਰਾਏ ਫੜ ਕੇ ਬਾਂਹ । ਹੱਡ ਮਾਸ ਨਾ ਰਸਨਾ ਚਬੀਏ, ਬੱਤੀ ਦੰਦ ਦਏ ਭੰਨਾ । ਅੰਤ ਪਾਏ ਧਰਮ ਰਾਏ ਦੇ ਬੰਦੀਏ, ਜਮਦੂਤਾਂ ਹੱਥ ਹਥੌੜੇ ਦਏ ਫੜਾ । ਬੇਮੁਖਾਂ ਕਾਇਆ ਢਾਹੁੰਦੇ ਜਾਣ ਜਿਉਂ ਰੇਤ ਕੰਧੀਏ, ਨਾ ਹੋਏ ਕੋਈ ਸਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਾ ਹੁਕਮ ਸੁਣਾਏ, ਜੋ ਜਨ ਸੋਹੰ ਸ਼ਬਦ ਰਸਨਾ ਗਾਏ, ਆਪਣੀ ਬਣਤ ਲਏ ਬਣਾ । ਆਪਣੀ ਬਣਤ ਜਿਸ ਜਨ ਬਣਾਉਣੀ । ਲੱਗੀ ਪ੍ਰੀਤ ਤੋੜ ਨਿਭਾਉਣੀ । ਕਲਜੁਗ ਹਰਿ ਵੱਢਣ ਵਾਲਾ ਹਾੜੀ ਸਾਉਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਵਾਢੀ ਇਕੇ ਵਾਰ ਪਾਉਣੀ । ਸੁੱਕਿਆ ਹਰਿਆ ਹੋਵੇ ਤਨ । ਸਾਚਾ ਸ਼ਬਦ ਜਾਏ ਮਨ । ਪ੍ਰਭ ਬੇੜਾ ਦੇਵੇ ਬੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਹਰਿਆ ਤਨ । ਭਾਈ ਭਾਈਆਂ ਰਹੇ ਜੁਦਾਈ । ਨਾ ਕੋਈ ਦੂਜਾ ਮੇਲ ਮਿਲਾਈ । ਤੀਜੇ ਹੋਏ ਆਪ ਸਹਾਈ । ਇਕੋ ਥਾਂ ਦਏ ਬਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬੁੱਧੀ ਸਾਚੀ ਸੁੱਧੀ ਸਭ ਨੂੰ ਦੇ ਸਮਝਾਈ । ਗੁਰ ਪੂਰਾ ਸੇਵ ਕਮਾਇੰਦਾ । ਦਰ ਦੇਵੇ ਸੱਚਾ ਮੇਵਾ, ਸੋਹੰ ਫਲ ਖਵਾਇੰਦਾ । ਪ੍ਰਗਟ ਹੋਇਆ ਵਡ ਦੇਵੀ ਦੇਵਾ, ਜੋਤੀ ਸੱਚੀ ਆਪ ਜਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦਰ ਸਾਚੇ ਮਾਣ ਦਵਾਇੰਦਾ । ਸੇਵਾ ਕਰੇ ਹਰਿ ਦਾਤਾਰ । ਗੁਰਮੁਖਾਂ ਸੀਸ ਛਤਰ ਰਿਹਾ ਝੁਲਾਰ । ਪ੍ਰਗਟ ਹੋਇਆ ਹਰਿ ਜਗਦੀਸ਼ ਜੋਤ ਸਰੂਪੀ ਨਿਰਾਧਾਰ । ਭੇਵ ਚੁਕਾਏ ਬੀਸ

ਇਕੀਸ ਸਦੀ ਬੀਸ ਕਰ ਵਿਚਾਰ । ਕਿਆ ਕੋਈ ਕਰੇ ਗੁਰਮੁਖ ਤੇਰੀ ਰੀਸ, ਪ੍ਰਭ ਬੇੜਾ ਕਰ ਜਾਏ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਿਆ ਰਹੇ ਸੇਵਾਦਾਰ । ਸੇਵਾ ਕਰੇ ਸੱਚੀ ਸਰਕਾਰਾ । ਗੁਰਮੁਖਾਂ ਆਏ ਚਲ ਦਵਾਰਾ । ਆਪ ਮਿਟਾਏ ਲੱਗੀ ਭੁੱਖਾ, ਦੇਵੇ ਆਪਣੇ ਹੱਥਾਂ ਨਾਲ ਪਿਆਰਾ । ਇਕ ਉਪਜਾਏ ਸੱਚਾ ਸੁਖਾ, ਜਗਾਏ ਜੋਤ ਕਾਇਆ ਮਹੱਲ ਮੁਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗਣ ਆਇਆ ਗੁਰਸਿਖਾਂ ਦਾ ਦਰ ਦਵਾਰਾ । ਗੁਰਮੁਖਾਂ ਦਰ ਹਰਿ ਜੀ ਆਏ । ਆਪਣੀ ਝੋਲੀ ਅੱਗੇ ਡਾਹੇ । ਸਚ ਪ੍ਰੀਤੀ ਕੋਈ ਝੋਲੀ ਪਾਏ । ਭੁਲ ਬਖ਼ਸ਼ੇ ਜੋ ਪਿਛੇ ਕੀਤੀ, ਅੱਗੇ ਮਾਰਗ ਪਾਏ । ਕਲਜੁਗ ਔਧ ਅੰਤ ਗਈ ਬੀਤੀ, ਸਤਿਜੁਗ ਮਾਤ ਧਰਾਏ, ਕਾਇਆ ਕਰੇ ਸੀਤਲ ਸੀਤੀ, ਅੰਮ੍ਰਿਤ ਸੱਚਾ ਜਾਮ ਪਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਇਆਂ ਪੂਰੀ ਇੱਛਿਆ ਆਪ ਕਰਾਏ । ਦਰ ਸੱਚੇ ਦਰਬਾਰ । ਦੋਏ ਜੋੜ ਕਰ ਨਿਮਸਕਾਰ । ਕਿਰਪਾ ਕਰ ਸਾਚਾ ਹਰਿ ਦੁੱਖ ਦਰਦ ਦਏ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤਾਰੇ ਨਾਰੀ ਨਾਰ । ਨਰ ਨਾਰੀ ਹਰਿ ਤਰਾਇੰਦਾ । ਕਰਾਏ ਗੁਰਸਿਖ ਗੁਰ ਸੰਗਤ ਪਿਆਰੀ, ਸਾਚੀ ਰੀਤ ਇਕ ਚਲਾਇੰਦਾ । ਕਰੇ ਖੇਲ ਵਿਚ ਸੰਸਾਰੀ, ਕਿਰਪਾ ਕਰ ਅਪਰ ਅਪਾਰੀ, ਸ਼ਬਦ ਡੋਰੀ ਨਾਲ ਬੰਧਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਮਾਣ ਵਿਚ ਜਹਾਨ ਆਪੇ ਆਣ ਰਖਾਇੰਦਾ । ਰੱਖੇ ਮਾਣ ਹਰਿ ਵਿਚ ਜਹਾਨਾ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਸਾਚਾ ਛਤਰ ਸੀਸ ਝੁਲਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਵਡ ਬਲੀ ਬਲਵਾਨਾ । ਨਿਹਕਲੰਕ ਛਤਰ ਝੁਲਾਇੰਦਾ । ਆਪ ਸੁਹਾਏ ਥਾਨ ਬੰਕ, ਗੁਰ ਸੰਗਤ ਸੰਗ ਰਲਾਇੰਦਾ । ਇਕੋ ਰਖਾਏ ਇਕੋ ਅੰਗ, ਸੋਹੰ ਗੀਤ ਸੱਚਾ ਰਸਨਾ ਜਾਪ ਜਪਾਇੰਦਾ । ਮਾਤ ਪਿਤ ਛੱਡਣ ਭੈਣਾਂ ਭਾਈਆਂ ਤਾਈਂ, ਭਾਈ ਸਕਾ ਰਾਹ ਅੱਡੋ ਅੱਡ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣੇ ਚਰਨ ਲਗਾਇੰਦਾ । ਮਹਿੰਮਾ ਅਗਣਤ ਅਪਾਰ ਸਰਬ ਸੁਖਦਾਇਆ । ਕਿਆ ਕੋਈ ਕਰੇ ਵਿਚਾਰ, ਸਾਚੀ ਖੇਲ ਇਕ ਰਘੁਰਾਇਆ । ਦੁੱਖਾਂ ਰੋਗਾਂ ਪਾਏ ਸਾਰ, ਭੂਤ ਪ੍ਰੇਤਾਂ ਬੰਨ੍ਹ ਵਖਾਇਆ । ਫੜ ਫੜ ਵਿਚੋਂ ਕੱਢੇ ਬਾਹਰ, ਸ਼ਬਦ ਡੰਡਾ ਰਿਹਾ ਲਗਾਇਆ । ਲੱਗਾ ਸੱਚਾ ਇਕ ਦਰਬਾਰ, ਰੋਗਾਂ ਸੋਗਾਂ ਕੋਈ ਰਹਿਣ ਨਾ ਪਾਇਆ । ਕਾਇਆ ਦੁੱਖੜੇ ਦਏ ਨਿਵਾਰ, ਕਿਆ ਕੋਈ ਜਾਣੇ ਜੀਵ ਗਵਾਰ, ਨਾ ਦਿਸੇ ਕਿਸੇ ਨਜ਼ਰ ਆਇਆ । ਆਪੇ ਪਾਵੇ ਸਾਰ, ਜਿਸ ਸਾਚੀ ਬਣਤ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਕਟਾਰ ਹੱਥ ਉਠਾਇਆ । ਸਾਚਾ ਦਰ ਹਰਿ ਖੁਲ੍ਹਾਏ । ਅੱਠੇ ਪਹਿਰ ਨਾ ਬੰਦ ਕਰਾਏ । ਦੂਜੀ ਨਾ ਕੋਈ ਵਿਚ ਕੰਧ ਰਖਾਏ । ਭਾਗ ਮੰਦ ਨਾ ਦਰ ਤੇ ਆਏ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ੰਦ, ਗੁਰਮੁਖਾਂ ਲਏ ਤਰਾਏ । ਖ਼ੁਸ਼ੀ ਕਰਾਏ ਬੰਦ ਬੰਦ, ਅੰਮ੍ਰਿਤ ਸਾਚਾ ਮੁਖ ਚੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਗੁਰਸਿਖਾਂ ਆਪ ਵਸਾਏ । ਗੁਰਮੁਖ ਵਸਣ ਸਾਚੇ ਥਾਂ । ਜਿਥੇ ਮਿਲੇ ਠੰਡੀ ਛਾਂ । ਦੁੱਖ ਨਾ ਰਹੇ ਵਿਚ ਕਾਇਆ ਕਿਲ੍ਹੇ, ਆਪ ਬੰਨ੍ਹੇ ਸ਼ਬਦ ਡੋਰੀ ਨਾਲ । ਵਡ ਕਾਇਆ ਅੰਧੇਰੀ ਖੱਡੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਪਛਾਣੇ ਕੋਈ ਪਾਏ ਹਿੱਸੇ ਨਾ । ਆਤਮ ਧਿਆਨ ਕਰੇ ਵਿਚਾਰੇ । ਵੇਖ ਵਿਚਾਰੇ ਦੁੱਖ ਲੱਗੇ ਭਾਰੇ । ਜੋਤ ਸਰੂਪੀ ਸਾਚਾ ਹਰਿ, ਆਪਣੀ ਕਿਰਪਾ ਆਪੇ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਭੰਨੇ ਆਪੇ ਡੰਨੇ, ਆਪੇ ਘੜੇ ਆਪੇ ਭੰਨੇ,

ਸਾਚਾ ਸ਼ਬਦ ਸੁਣਾਏ ਕੰਨੇ, ਕਰੇ ਖੇਲ ਅਪਾਰੇ । ਸਾਚੀ ਸ਼ਬਦ ਲੱਗੀ ਸੱਟ, ਵੱਜਾ ਕਾਇਆ ਸੱਚਾ ਫੱਟ, ਝੂਠਾ ਭੱਜਣ ਲੱਗਾ ਮਟ, ਜੋਤ ਜਗਣ ਲੱਗੀ ਲਟ ਲਟ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖਾਂ ਰੋਗਾਂ ਫੇਰੇ ਆਰੀ ਵਿਚੋਂ ਜਾਏ ਕਟ । ਕਟੇ ਰੋਗ ਕਰ ਤਿੱਖੀ ਧਾਰੀ । ਵਿਚੋਂ ਹੱਡਾਂ ਨਾੜਾਂ ਕੱਢੇ ਬਾਹਰੀ । ਲਹੂ ਮਿਝ ਖਾਣ ਨਾ ਕਰਨ ਕੋਈ ਹੋਰ ਆਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੋਰੀ ਇਕ ਬੰਧਾਈ, ਵਾਗ ਆਪਣੇ ਹੱਥ ਰਖਾਈ, ਆਪਣਾ ਕਰੇ ਸਚ ਵਿਹਾਰੀ । ਬੀਰ ਬੇਤਾਲੇ ਹੋਏ ਬੇਹਾਲੇ । ਭੱਜਣ ਲੱਗੇ ਝੂਠੇ ਡਾਲੇ । ਟੁੱਟਣ ਲੱਗੇ ਜਗਤ ਜੰਜ਼ਾਲੇ । ਛੁੱਟਣ ਲੱਗੇ ਕਾਇਆ ਦੁਸ਼ਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਬੈਠਾ ਸਭ ਦੀ ਸੁਰਤ ਸੰਭਾਲੇ । ਪਾਵੇ ਸਾਰ ਕਰ ਵਿਚਾਰ । ਅੰਮ੍ਰਿਤ ਬਰਖੇ ਠੰਡੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਏਕਾ ਆਪਣੀ ਸੱਚੀ ਕਾਰ । ਗੁਰ ਸੰਗਤ ਮਿਲ ਮੰਗਲ ਗਾਇਆ । ਕਲਜੁਗ ਵੱਜਾ ਸੰਗਲ, ਪ੍ਰਭ ਅਬਿਨਾਸ਼ੀ ਗਲੋਂ ਤੁੜਾਇਆ । ਅੰਤਮ ਵੇਲੇ ਫੜਿਆ ਲੜ, ਆਪਣੇ ਨਾਲ ਬੰਨ੍ਹਾਇਆ । ਦਰ ਘਰ ਸਾਚੇ ਬੈਠਾ ਸ੍ਰਿਸ਼ਟ ਸਬਾਈ ਨਾਲ ਰਿਹਾ ਲੜ, ਸ਼ਬਦ ਸਰੂਪੀ ਖੇਲ ਰਚਾਇਆ । ਸਚਖੰਡ ਨਿਵਾਸੀ ਵਿਚ ਮਾਤ ਗੁਰਮੁਖ ਸਾਚੇ ਅੰਦਰ ਬੈਠਾ ਵੜ, ਆਪਣਾ ਭੇਵ ਛੁਪਾਇਆ । ਮਾਰੀ ਰੱਖੀ ਡਾਹਢੀ ਦੜ, ਅੰਤਮ ਲਏ ਫੜ, ਨਾ ਸਕੇ ਕੋਈ ਛੁਡਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਗੁਰ ਸੰਗਤ ਗੁਰ ਦਰ ਖ਼ੁਸ਼ੀ ਮਨਾਈਆ । ਵਾਹ ਵਾਹ ਮਿਲੀ ਸੱਚੀ ਵਡਿਆਈਆ । ਦੇਵੇ ਨਿਥਾਵਿਆਂ ਥਾਂ ਆਪਣੇ ਚਰਨ ਬਹਾਈਆ । ਆਪੇ ਬਣੇ ਪਿਤਾ ਮਾਂ, ਆਪਣੀ ਗੋਦ ਰਿਹਾ ਉਠਾਈਆ । ਆਪੇ ਫੜੇ ਗੁਰਮੁਖਾਂ ਬਾਂਹ, ਪਾਰ ਕਿਨਾਰਾ ਇਕ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਵਿਚ ਮਾਤ ਦੇਣ ਆਇਆ ਵਧਾਈਆ । ਮਾਤਲੋਕ ਦਏ ਵਧਾਈ । ਗੁਰ ਸੰਗਤ ਖ਼ੁਸ਼ੀ ਮਨਾਈ । ਚੜ੍ਹੀ ਰਹੇ ਸਾਚੀ ਰੰਗਤ, ਨਾ ਸਕੇ ਕੋਈ ਲਾਹੀ । ਬਣ ਜਾਏ ਸਾਚੀ ਸੰਗਤ, ਮਦਿਰਾ ਮਾਸ ਰਸਨਾ ਤਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਕਲਜੁਗ ਹੋਏ ਆਪ ਸਹਾਈ । ਗੁਰ ਸੰਗਤ ਗੁਰ ਪੂਰਾ ਪਾਇਆ । ਰਸਨਾ ਹਰਿ ਹਰਿ ਸਾਚਾ ਗਾਇਆ । ਦਰ ਘਰ ਸਾਚੇ ਆਪ ਸੁਹਾਏ, ਰਲ ਮਿਲ ਏਕਾ ਨਾਮ ਸੱਚਾ ਰਾਮ, ਆਪਣੀ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਹਰਿ, ਦਰ ਘਰ ਸਾਚੇ ਪਾਇਆ । ਸੱਚੇ ਘਰ ਮਿਲਿਆ ਸ਼ਾਹ । ਪ੍ਰਭ ਅਬਿਨਾਸ਼ੀ ਬੇਪ੍ਰਵਾਹ । ਲੇਖ ਲਿਖਾਏ ਅੰਤਮ ਅਥਾਹ । ਧਾਰੀ ਭੇਖ ਬੈਠਾ ਜਾਣੇ ਕੋਈ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਏ ਨਾਂ । ਆਪੇ ਬੋਲੇ ਬੋਲ ਬੁਲਾਏ । ਵਿਚ ਵਿਚੋਲਾ ਨਾ ਕੋਈ ਰਖਾਵੇ । ਪੜਦਾ ਉਹਲਾ ਸਰਬ ਹਟਾਵੇ । ਕਾਇਆ ਡੋਲਾ ਵੇਖ ਵਖਾਣੇ, ਅੰਤਮ ਦੁੱਖ ਉਠਾਵੇ । ਛੱਡਣਾ ਪੈਣਾ ਦੇਹੀ ਚੋਲਾ, ਨਾ ਕੋਈ ਅੰਤ ਛੁਡਾਵੇ । ਇਕ ਮਿਲੇ ਨਾਮ ਅਨਮੋਲਾ, ਦੁੱਖਾਂ ਰੋਗਾਂ ਪਾਰ ਕਰਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੇ ਤੋਲ ਤੋਲਾ, ਆਪਣਾ ਕਰਮ ਆਪ ਕਰਾਵੇ । ਗੁਰਸਿਖ ਤਾਰ ਤਾਰ । ਕਰ ਕਰ ਪਿਆਰ । ਆਤਮ ਸਭ ਵੇਖ ਵਿਚਾਰ । ਦਰ ਬੈਠੇ ਨਰ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਆਪੇ ਪਾਏ ਸਾਰ । ਘਨਕਪੁਰ ਵਾਸਿਆ । ਲਾਹੇ ਕਾਇਆ ਤਨ ਏਕਾ ਲੱਗੀ ਅੱਠੇ ਪਹਿਰ ਉਦਾਸਿਆ । ਦਰ ਘਰ ਸਾਚੇ ਦੇਵੇ ਪੈਜ ਸਵਾਰ, ਕਰੇ ਬੰਦ ਖਲਾਸਿਆ । ਸਾਚਾ ਸ਼ਬਦ ਦੇਵੇ ਤਨ ਸ਼ਿੰਗਾਰ, ਮਾਨਸ ਜਨਮ ਹੋਏ ਰਹਿਰਾਸਿਆ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਨ੍ਹੇ ਸਾਚੀ ਧਾਰ । ਸਾਚਾ ਨਾਉਂ ਜਗਤ ਵਣਜਾਰਾ । ਮਿਲੇ ਏਕਾ ਸੱਚਾ ਥਾਉਂ, ਨਾ ਲੱਭੇ ਕਿਸੇ ਹੋਰ ਦਵਾਰਾ । ਸਦਾ ਪੀਓ ਖਾਓ, ਦੁੱਖ ਭੁੱਖ ਨਾ ਲੱਗੇ ਭਾਰਾ । ਤਨ ਕਾਇਆ ਨਾਲ ਹੰਢਾਓ, ਅੰਤਮ ਉਤਰੇ ਪਾਰਾ । ਪ੍ਰਭ ਅਬਿਨਾਸ਼ੀ ਪੂਰਾ ਪਾਓ, ਪਾਏ ਅੰਤਮ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਮੰਗਣ ਆਏ ਚਰਨ ਦਵਾਰਾ । ਚਰਨ ਦਵਾਰ ਸੱਚਾ ਧਾਮ । ਚਰਨ ਦਵਾਰ ਪੂਰਨ ਹੋਏ ਕਾਮ । ਚਰਨ ਦਵਾਰ ਇਕ ਪਿਲਾਏ ਸੱਚਾ ਜਾਮ । ਚਰਨ ਦਵਾਰ ਆਪ ਮਿਟਾਏ ਅੰਧ ਅੰਧੇਰੀ ਸ਼ਾਮ । ਚਰਨ ਦਵਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਇਣ ਚਲ ਦਰਗਹਿ ਸਾਚੀ, ਹਰਿ ਆਪ ਰਖਾਏ ਨਾਮ । ਦਰਗਹਿ ਸਾਚੀ ਸਚ ਟਿਕਾਨਾ । ਗੁਰਮੁਖ ਵਿਰਲਾ ਜਾਣੇ ਜਿਸ ਮਿਲਿਆ ਨਾਮ ਨਿਧਾਨਾ । ਜੋ ਜਨ ਚਲੇ ਪ੍ਰਭ ਕੇ ਭਾਣੇ, ਆਤਮ ਦੇਵੇ ਸੁਖ ਮਹਾਨਾ । ਕਲਜੁਗ ਜੀਵ ਹੋਏ ਅੰਧੇ ਕਾਣੇ, ਭੁੱਲਿਆ ਹਰਿ ਭਗਵਾਨਾ । ਆਪੇ ਫੜੇ ਫੜ ਸਿਆਣੇ, ਕਾਇਆ ਡੂੰਘਰ ਤਾਲ ਨਾ ਕੋਈ ਰੱਖੇ ਵੰਞ ਮੁਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਆਪੇ ਜਾਣਾਂ । ਆਪੇ ਜਾਣੇ ਵੇਖ ਵਿਚਾਰੇ, ਬੇਮੁਖ ਭੁੰਨੇ ਜੀਵ ਭੁੰਨੇ ਜਿਉਂ ਭਠਿਆਲੇ ਦਾਣੇ । ਸ਼ਬਦ ਫੁੰਕਾਰਾ ਦੇਵੇ ਮਾਰ । ਗੁਰਮੁਖ ਸਾਚਾ ਰੰਗ ਸਾਚਾ ਮਾਣੇ ਡਿੱਗੇ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਅਵਤਾਰ ਨਰ ਹਰਿ ਵੇਖ ਵਖਾਣੇ । ਦਰ ਘਰ ਜੰਗਲ ਜੂਹ ਪਹਾੜ, ਵੇਖੇ ਵਿਚ ਉਜਾੜ, ਨੇਤਰ ਪੇਖੇ ਆਪ ਰਖਾਏ, ਸਭ ਨੂੰ ਡੋਰ ਸ਼ਬਦ ਨਾਲ ਬੰਧੇ ਪੀਰ ਔਲੀਏ ਗੌਂਸ ਸ਼ੇਖੇ, ਬੀਰ ਬੇਤਾਲੇ ਖੜੇ ਰਹਿਣ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਰਿਹਾ ਕਰ । ਭਾਣਾ ਰੱਖੇ ਹੱਥ ਸੱਚਾ ਰਾਣਾ ਹਰਿ ਕਰਤਾਰ । ਗੁਰਮੁਖ ਸਾਚੇ ਸੁਖ ਸਾਚਾ ਮਾਣਾ, ਮਿਲਿਆ ਕੰਤ ਸੱਚਾ ਭਤਾਰ । ਸੋਹੰ ਸ਼ਬਦ ਲਾਏ ਆਤਮ ਬਾਣਾ, ਬਜ਼ਰ ਕਪਾਟੀ ਚੀਰ ਹੋਏ ਪਾਰ । ਆਪ ਪਹਿਨਾਏ ਤਨ ਚਿੱਟਾ ਬਾਣਾ, ਸੋਹੰ ਸ਼ਬਦ ਕਰ ਸ਼ਿੰਗਾਰ । ਗੁਰਮੁਖ ਸਾਚੇ ਸੁਘੜ ਸਿਆਣੇ ਜੋ ਜਨ ਰਸਨਾ ਰਹੇ ਉਚਾਰ । ਦਰ ਘਰ ਸਾਚੇ ਰੰਗ ਸਾਚਾ ਮਾਣਾ, ਉਤਰੇ ਸਿਰ ਦਾ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨ ਭੱਠੀ ਇਕ ਤਪਾਈ, ਸਭ ਨੂੰ ਵਿਚ ਦੇਵੇ ਡਾਰ । ਅਗਨ ਭੱਠਾ ਰਿਹਾ ਤਪ । ਪ੍ਰਗਟ ਹੋਏ ਤਿੰਨੇ ਤਪ । ਬੇਮੁਖ ਜੀਵਾਂ ਸ਼ਬਦ ਸਰੂਪੀ ਲੜਨਾ ਸੋਹੰ ਇੱਕੋ ਸੱਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਾਣ ਤਾਣ ਰਖਾਏ ਏਕਾ ਦੇਵੇ ਸੱਚਾ ਜਪ । ਸੱਚਾ ਜਾਪ ਆਪ ਜਪਾਉਣਾ । ਆਇਆ ਆਪ ਆਪਣਾ ਆਪ ਵਖਾਉਣਾ । ਮਾਰੇ ਤੀਨੋ ਤਾਪ, ਵਡ ਪ੍ਰਤਾਪ ਦੁੱਖ ਰੋਗ ਸਰਬ ਮਿਟਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ੇ ਪਾਪ ਸਰਾਪ ਜੋ ਜਨ ਦਰ ਆਏ ਭੁਲ ਬਖ਼ਸ਼ਾਉਣਾ । ਪਾਪੀ ਬੰਦੇ ਆਤਮ ਅੰਧੇ । ਕਲਜੁਗ ਹੋਏ ਭਾਗ ਮੰਦੇ । ਕਾਇਆ ਚੋਲੀ ਹੋਏ ਗੰਦੇ । ਇਕ ਗਵਾਇਆ ਪਰਮਾਨੰਦੇ । ਝੂਠੇ ਲੱਗੇ ਮਾਇਆ ਧੰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਗਾਏ ਆਪ ਬਣਾਏ ਸਾਚੇ ਬੰਦੇ । ਚਰਨ ਲਾਗ ਹੋਏ ਚਤੁਰਾਈ । ਗੁਰਮੁਖ ਸਾਚੇ ਪਰਮਗਤ ਪਾਈ । ਆਪ ਰਖਾਏ ਧੀਰਜ ਯਤ ਸੰਤੋਖ, ਦੇਵੇ ਸੁਖ ਕਲਜੁਗ ਅੰਤਮ ਹੋਏ ਮੋਖ, ਲਏ ਆਪ ਛੁਡਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਸੁੱਕੀ ਕੁੱਖ ਕਰੇ ਆਪ ਹਰਿਆਈ । ਇਕ ਇਕ ਆਵੇ ਗੁਰਸਿਖ ਉਠ । ਪ੍ਰਭ ਅਬਿਨਾਸ਼ੀ ਇਕ ਇਕ ਦੇਵੇ ਭਰ ਭਰ ਮੁੱਠ । ਦਰ ਘਰ ਸਾਚਾ ਕੋਇ ਨਾ ਜਾਏ ਰੁੱਠ । ਗੁਰਮੁਖ ਸਾਚਾ ਲੁਕਿਆ ਰਹੇ

੧੪੮
੦੪

ਨਾ ਕੋਈ ਗੁੱਠ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਕਲਜੁਗ ਅੰਤਮ ਗਿਆ ਤੁਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਹੱਥ ਫੜਾਏ ਜੂਠੇ ਝੂਠੇ ਠੁੰਠ । ਪ੍ਰਭ ਅਬਿਨਾਸ਼ੀ ਪਾਏ ਵੰਡੀ । ਗੁਰਮੁਖ ਵੇਖੇ ਵਿਚ ਨੌਂ ਖੰਡੀ । ਆਪ ਚਲਾਏ ਸਾਚੀ ਡੰਡੀ , ਸ੍ਰਿਸ਼ਟ ਸਬਾਈ ਹੋਈ ਰੰਡੀ । ਆਤਮ ਹੋਈ ਸਰਬ ਘੁਮੰਡੀ । ਚਾਰੋਂ ਤਰਫ ਚਮਕੇ ਚੰਡੀ । ਘਰ ਘਰ ਦਿਸੇ ਨਾਰ ਰੰਡੀ । ਬੇਮੁਖਾਂ ਵੱਢੀ ਜਾਏ ਕੰਡੀ, ਸੁੱਟੀ ਜਾਏ ਰਾਹ ਡੰਡੀ । ਕਰੀ ਜਾਏ ਖੰਡ ਖੰਡੀ । ਭੰਨੀ ਜਾਏ ਕੱਚੇ ਅੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਰਹਿਣ ਨਾ ਦੇਵੇ ਜੀਵ ਕੋਈ ਪਖੰਡੀ । ਸਾਚਾ ਨਾਮ ਬਣੇ ਵਰਤਾਰਾ । ਗੁਰਮੁਖਾਂ ਝੋਲੀ ਪਾਏ ਕਰ ਕਰ ਪਿਆਰ ਅਪਰ ਅਪਾਰਾ । ਦੋਹੀਂ ਹੱਥੀਂ ਆਪ ਵਰਤਾਏ, ਬਣਿਆ ਹਰਿ ਸੱਚਾ ਵਰਤਾਰਾ । ਤੋਟ ਕੋਈ ਨਾ ਆਏ, ਅਤੁਟ ਰਹੇ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਕੋਟਨ ਕੋਟ ਮੰਗਦੇ ਰਹਿਣ ਦਵਾਰਾ । ਪ੍ਰਭ ਅਬਿਨਾਸ਼ੀ ਵਡਾ ਭੂਪ । ਨਾ ਕੋਈ ਰੰਗ ਨਾ ਕੋਈ ਰੂਪ । ਗੁਰਮੁਖ ਸਾਚੇ ਵਿਚ ਪਸਾਰੇ ਇਕੋ ਇਕ ਜੋਤ ਸਰੂਪ । ਨਿਹਕਲੰਕ ਨਰ ਅਵਤਾਰਾ ਸ਼ਬਦ ਦਾਤ ਪਾਏ ਝੋਲੀ, ਗੁਰਮੁਖ ਟਿਕਾਏ ਤੇਰੀ ਕਾਇਆ ਡੋਲੀ, ਆਪ ਬਣਾਏ ਦਰ ਘਰ ਸਾਚੇ ਦੀ ਸਾਚੀ ਗੋਲੀ । ਕਲਜੁਗ ਅੰਤਮ ਵਕਤ ਸੁਹਾਏ, ਬੇਮੁਖਾਂ ਵਿਆਹੇ ਬੋਲੀ । ਭਿੰਨੜੀ ਰੈਣ ਰਾਣੀ ਸੰਗ ਰਲਾਏ, ਪੂਰੇ ਤੋਲ ਅੰਤਮ ਤੋਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰੰਗੇ ਕਾਇਆ ਚੋਲੀ । ਵੰਡੀ ਜਾਏ ਨਾਮ ਅਪਾਰਾ । ਆਪੇ ਬਣੇ ਸਚ ਭਤਾਰਾ । ਗੁਰਮੁਖ ਬਣਾਏ ਸਾਚੀ ਨਾਰਾ । ਮੇਲ ਮਿਲਾਵਾ ਕੰਤ ਪਿਆਰਾ । ਆਤਮ ਸੱਚਾ ਸੁੱਤਾ ਪੈਰ ਪਸਾਰਾ । ਕਲਜੁਗ ਜੀਵ ਬਾਹਰ ਭੌਂਦੇ ਫਿਰਦੇ, ਵਿਚ ਨਾ ਵੇਖੇ ਹਰਿ ਗਿਰਧਾਰਾ । ਗੁਰਮੁਖਾਂ ਆਪ ਸੁਹਾਏ ਸਾਚੀ ਰੁੱਤਾ, ਦੇਵੇ ਸ਼ਬਦ ਅਪਰ
੧੪੯ ਅਪਾਰਾ । ਬੇਮੁਖਾਂ ਵੱਢੇ ਨੱਕ ਗੁੱਤਾਂ, ਕਰੇ ਅੰਤ ਖੁਆਰਾ । ਕਲਜੁਗ ਜੀਵ ਅੰਤਮ ਰਹਿ ਜਾਏ ਸੁੱਤਾ, ਨਾ ਪਾਵੇ ਕੋਈ ਸਾਰਾ । ਗੁਰਮੁਖ ਸਾਚੇ ੧੪੯
੦੪ ਹਰਿ ਆਪੇ ਪਾਲੇ ਜਿਉਂ ਪਾਲਣ ਮਾਵਾਂ ਪੁੱਤਾਂ, ਬਣਾਏ ਸਚ ਦੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ੦੪
ਵੰਡੀ ਜਾਏ ਨਾਮ ਵਡ ਪ੍ਰਬੀਨ । ਪੂਰ ਕਰਾਏ ਕਾਮ, ਹੋਇਆ ਗੁਰਮੁਖਾਂ ਅਧੀਨ । ਕਲਜੁਗ ਤੇਰੀ ਅੰਧੇਰੀ ਸ਼ਾਮ ਮਿਟਾਏ, ਮਿਲਾਏ ਰੂਸਾ ਚੀਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਾਉਂ ਥਾਈਂ ਆਪੇ ਭੰਨੇ ਸਭ ਦੀ ਹੰਕਾਰੀ ਬੀਨ । ਵੰਡੀ ਜਾਏ ਨਾਮ ਨਿਧਾਨਾ । ਗੁਰਮੁਖ ਦਰ ਆਏ ਕਰੇ ਪ੍ਰਵਾਨਾ । ਸੋਹੰ ਦੇਵੇ ਇਕੋ ਇਕ ਸੱਚੋ ਸਚ ਨਿਸ਼ਾਨਾ । ਸਾਚਾ ਝੰਡਾ ਆਪ ਝੁਲਾਏ, ਵਡ ਬਲੀ ਬਲਵਾਨਾ । ਸੱਤੇ ਰੰਗ ਆਪ ਲਿਖਾਏ, ਸਤਿਜੁਗ ਸਾਚੇ ਤੇਰਾ ਇਹ ਨਿਸ਼ਾਨਾ । ਤਿੰਨੇ ਲੇਖ ਲਿਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਵੰਡੀ ਜਾਏ ਨਾਮ ਦਾਤ । ਗੁਰਮੁਖਾਂ ਸਚ ਸੁਗਾਤ । ਭਾਗ ਲਗਾਏ ਵਿਚ ਮਾਤ । ਮਰਨ ਡਰਨ ਚੁਕਾਏ ਹਰਿ ਕਮਲਾਪਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਕਲਜੁਗ ਤੇਰੀ ਅੰਧੇਰੀ ਰਾਤ । ਵੰਡੀ ਜਾਏ ਨਾਮ ਨਿਧਾਨ । ਗੁਰਮੁਖ ਸਾਚੇ ਪੀਣ ਖਾਣ । ਏਥੇ ਓਥੇ ਤੋਟ ਨਾ ਆਏ, ਮਿਲੇ ਦਰਗਹਿ ਸਾਚੀ ਮਾਣ । ਵਿਚੋਂ ਹਉਮੇ ਖੋਟ ਗਵਾਏ, ਜੋ ਜਨ ਰਸਨਾ ਗਾਣ । ਬੇਮੁਖ ਕਲਜੁਗ ਜੀਵ ਆਲ੍ਹਣਿਉਂ ਡਿੱਗੇ ਬੋਟ, ਨਾ ਕੋਈ ਉਠਾਏ, ਅੰਤਕਾਲ ਪਛਤਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸੋਹੰ ਆਤਮ ਚੋਟ ਲਗਾਏ ਚੜ੍ਹਾਏ ਸ਼ਬਦ ਬਬਾਣ । ਉਠਿਆ ਸਿੱਖ ਬਲੀ ਬਲਵਾਨ । ਹਰਿ ਦਰ ਬੈਠਾ ਹੋਇਆ ਨੌਜਵਾਨ । ਸਾਚੇ ਲੇਖ ਹਰਿ ਸਾਚੇ ਲਿਖਿਆ, ਦੂਸਰ ਹੋਰ ਨਾ ਵਿਚ ਜਹਾਨ । ਸਾਚੀ ਲਿਖਤ ਹਰਿ ਆਪ ਲਿਖਾਈ,

ਨਾ ਸਕੇ ਕੋਈ ਮੇਟ ਮਿਟਾਨ । ਸਤਿਜੁਗ ਸਾਚਾ ਰੰਗ ਤੇਰੇ ਨੇਤਰ ਦਿਆਂ ਵਖਾਲ, ਸ੍ਰਿਸ਼ਟ ਸਬਾਈ ਖ਼ਾਕ ਰੁਲਾਨ । ਤੇਰੀ ਆਤਮ ਵੱਜਦੀ ਰਹੀ ਸੱਚੀ ਵਧਾਈ, ਬੈਠਾ ਦਿਸਦਾ ਰਹੇ ਭਗਵਾਨ । ਰਸਨਾ ਗਾਉਂਦੇ ਰਹਿਣਾ ਚਾਈਂ ਚਾਈਂ, ਬਣਿਆ ਰਹੀਂ ਪ੍ਰਭ ਪੂਰੇ ਦਾ ਬਾਲ ਨਿਧਾਨ । ਆਪ ਉਠਾਏ ਫੜ ਫੜ ਬਾਹੀਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਤਿਜੁਗ ਬਣ ਜਾ ਛੋਟਾ ਬਾਲਾ । ਸਿਰ ਦਿੱਤੀ ਦਸਤਾਰ, ਗੁਰ ਸੰਗਤ ਵਿਚ ਕੀਆ ਸ਼ਿੰਗਾਰ, ਤੁੜਾਇਆ ਜਗਤ ਜੰਜ਼ਾਲਾ । ਗਲ ਪਾਇਆ ਫੂਲਾਂ ਹਾਰ, ਅੰਤਮ ਕਲ ਰਾਹ ਦੱਸੇ ਸੁਖਾਲਾ । ਪੂਰ ਕੀਆ ਗੁਰ ਗੁਰਸਿਖ ਪਿਆਰ, ਬਣਿਆ ਆਪ ਰਖਵਾਲਾ । ਸਤਿਜੁਗ ਬੰਨ੍ਹੇ ਸਾਚੀ ਧਾਰ, ਸੋਹੰ ਸ਼ਬਦ ਆਪ ਪਿਆਏ ਅੰਮ੍ਰਿਤ ਕਾਇਆ ਭਰ ਪਿਆਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਨ ਤੇਰੀ ਝੋਲੀ ਪਾਏ, ਗੁਰਸਿਖ ਕਦੇ ਨਾ ਹੋਏ ਕੰਗਾਲਾ । ਤੇਰੀ ਆਤਮ ਇਕ ਟਿਕਾਇਆ, ਹਰਿ ਅਨਮੁਲੜਾ ਲਾਲ । ਇਸ ਦਾ ਮੁੱਲ ਨਾ ਕਿਸੇ ਚੁਕਾਇਆ, ਨਾ ਕੋਈ ਬਣਿਆ ਵਿਚ ਦਲਾਲ । ਸਾਚਾ ਲਾਲ ਕਿਸੇ ਹੱਥ ਨਾ ਆਇਆ, ਆਪ ਲਪੇਟਿਆ ਤੇਰੀ ਕਾਇਆ ਸਚ ਸੱਚੇ ਰੁਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜੀ ਵਸਤ ਨਾਲ ਰਲਾਈ, ਅੰਮ੍ਰਿਤ ਸੁਹਾਵਾ ਤਾਲ । ਅੰਮ੍ਰਿਤ ਸੁਹਾਵਾ ਤਾਲ ਤਾਰੀ ਲਾ । ਉਠ ਗੁਰਮੁਖ ਮਾਰ ਛਾਲ, ਦੁਰਮਤ ਮੈਲ ਸਾਰੀ ਲਾਹ । ਆਤਮ ਜੋਤੀ ਆਪਣੀ ਬਾਲ, ਅਗਿਆਨ ਅੰਧੇਰ ਦਏ ਮਿਟਾ । ਅੰਤਮ ਕਲਜੁਗ ਸੁਰਤ ਸੰਭਾਲ, ਸਤਿਜੁਗ ਸਾਚਾ ਦਏ ਦਿਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਲਿਖਤ ਦਏ ਲਿਖਾ । ਲਿਖੀ ਲਿਖਤ ਨਾ ਕੋਈ ਮੋੜੇ । ਲੱਗੀ ਪ੍ਰੀਤ ਨਾ ਕੋਈ ਤੋੜੇ । ਸਾਚੀ ਬਣਤ ਹਰਿ ਮਿਲਿਆ ਸੱਚਾ ਮੀਤ, ਨਾ ਹੋਣ ਤੋੜ ਵਿਛੋੜੇ । ਆਦਿ ਅੰਤ ਜੁਗਾ ਜੁਗੰਤ ਕਰਦਾ ਆਇਆ ਸਾਚੀ ਰੀਤ, ਜਨ ਭਗਤਾਂ ਘਰ ਵਾਗਾਂ ਆਪੇ ਮੋੜੇ । ਆਪੇ ਬਣੇ ਸਾਚਾ ਮੀਤ, ਪੰਚਮ ਜੇਠ ਚੜ੍ਹ ਕੇ ਸਾਚੇ ਘੋੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸੰਤ ਪਿਆਰਿਆਂ ਆਪੇ ਬਹੁੜੇ । ਗੁਰਮੁਖ ਮੰਗਣ ਹਰਿ ਦਵਾਰਾ । ਸਾਚਾ ਸ਼ਬਦ ਡੰਕ ਵਜਾਏ ਅਪਰ ਅਪਾਰਾ । ਆਤਮ ਇਕੋ ਤਨਕ ਲਗਾਏ, ਖਿੱਚ ਲਿਆਏ ਚਰਨ ਦਵਾਰਾ । ਦਵਾਰ ਬੰਕ ਆਪ ਸੁਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਅਪਰ ਅਪਾਰਾ । ਗੁਰਸਿਖ ਸਾਚੇ ਸਾਚੀ ਸੇਵ ਕਮਾਈ, ਚਰਨ ਛੁਹਾਈ ਦਾਹੜੀ । ਪ੍ਰਭ ਅਬਿਨਾਸ਼ੀ ਆਪਣੀ ਸੇਵਾ ਆਪੇ ਲਾਈ, ਫਿਰਦਾ ਰਹੇ ਸੱਜੇ ਖੱਬੇ ਪਿੱਛੇ ਅਗਾੜੀ । ਜੋਤ ਸਰੂਪੀ ਨਜ਼ਰੀ ਆਏ, ਪ੍ਰਗਟ ਹੋਏ ਦਰਸ ਦਿਖਾਏ, ਚਾਰੋਂ ਤਰਫ ਸ਼ਬਦ ਸਰੂਪੀ ਕਰੇ ਵਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਰ ਭਾਗ ਲਗਾਇਆ, ਬੇਮੁਖਾਂ ਕਿਸਮਤ ਹੋਈ ਮਾੜੀ । ਬੇਮੁਖ ਰੋਵਣ ਰੋ ਰੋ ਪੁਕਾਰਨ । ਆਤਮ ਹੋਇਆ ਰਹੇ ਹੰਕਾਰਨ । ਵੇਲੇ ਅੰਤ ਨਾ ਹੋਏ ਕੋਈ ਸਹਾਰਨ । ਸਾਚੀ ਡੋਲੀ ਜੋ ਤਨ ਬਣਾਈ, ਵੇਲੇ ਅੰਤ ਨਾ ਬਣੇ ਕੋਈ ਕਹਾਰਨ । ਧਰਮ ਰਾਏ ਘਰ ਹੋਈ ਗੋਲੀ, ਬੇਮੁਖ ਜੀਵ ਨਾਰ ਗਵਾਰਨ । ਗੁਰਮੁਖਾਂ ਰੰਗਦਾ ਸਾਚੀ ਚੋਲੀ, ਚੜ੍ਹਾਏ ਰੰਗ ਅਪਰ ਅਪਾਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਘੋਲ ਘੋਲੀ ਆਪੇ ਪਾਏ ਸਾਰਨ । ਜਿਸ ਜਨ ਹੋਏ ਨਾ ਕੋਈ ਸਹਾਰਾ । ਪ੍ਰਭ ਅਬਿਨਾਸ਼ੀ ਅੱਠੇ ਪਹਿਰ ਦੇਵੇ ਪਹਿਰਾ । ਖੜਾ ਰਹੇ ਆਤਮ ਦਰ ਦਵਾਰਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਰਹੇ ਇਕ ਪਿਆਰਾ । ਗੁਰਸਿਖ ਤੇਰਾ ਹੋਏ ਦਰਬਾਨ । ਜੋਤ ਸਰੂਪ ਹਰਿ ਭਗਵਾਨ । ਆਪ ਬਹਾਏ ਸ਼ਬਦ ਬਬਾਣ । ਦਰਗਹਿ ਸਾਚੀ ਦੇਵੇ ਮਾਣ । ਝੁੱਲੇ ਸੱਚਾ ਇਕ ਨਿਸ਼ਾਨ ।

ਨਿਹਕਲੰਕ ਬਲੀ ਬਲਵਾਨ । ਜਗੇ ਜੋਤ ਇਕ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।



* ੧੪ ਚੇਤ ੨੦੧੧ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹ ਮੇਰਠ *

ਕਲਜੁਗ ਮਿਟਾਏ ਹਰਿ ਅੰਧੇਰੀ ਰਾਤਾ । ਗੁਰਮੁਖਾਂ ਲਿਆਏ ਦਰ ਸਾਚੇ ਘਰ, ਦੇਵੇ ਵਰ ਪੁਰਖ ਬਿਧਾਤਾ । ਸਚ ਭੰਡਾਰ ਦੇਵੇ ਭਰ, ਮਾਤਲੋਕ ਜਾਏ ਤਰ, ਚਰਨ ਪ੍ਰੀਤ ਬੰਧਾਏ ਸਾਚਾ ਨਾਤਾ । ਆਪ ਚੁਕਾਏ ਜਮ ਕਾ ਡਰ, ਜੋ ਜਨ ਸਰਨੀ ਜਾਏ ਪੜ, ਖੁਲ੍ਹਾ ਰੱਖੇ ਸਦਾ ਦਰ, ਦੇਵੇ ਸੱਚਾ ਸ਼ਬਦ ਸੱਚੀ ਸੁਗਾਤਾ । ਗੁਰਮੁਖ ਵਿਰਲੇ ਸੰਤ ਜਨ ਆਤਮ ਝੋਲੀ ਲੈਣ ਭਰ, ਅੰਤਮ ਕਲ ਨਾ ਜਾਇਣ ਮਰ, ਏਕਾ ਨਹਾਇਣ ਸਾਚੇ ਸਰ, ਨਾ ਕੋਈ ਪੁੱਛੇ ਜਾਤ ਪਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਨਾਮ ਦਾਨ ਧੁਰਦਰਗਾਹੀ ਸੋਹੰ ਸ਼ਬਦ ਸੱਚੀ ਇਕ ਸੁਗਾਤਾ । ਸ਼ਬਦ ਦਾਨ ਦੇਵੇ ਹਰਿ । ਬਣ ਗੁਣ ਨਿਧਾਨ ਗੁਰਮੁਖ ਸਾਚਾ ਵਿਚ ਮਾਤ ਜਾਏ ਤਰ । ਬਣੇ ਸੁਜਾਨ ਜੋਤੀ ਜੋਤ ਹਰਿ ਮੇਲ ਮਿਲਾਏ, ਹਉਮੇ ਸਹਿੰਸਾ ਰੋਗ ਗਵਾਏ, ਬੈਠਾ ਹਰਿ ਇਕ ਇਕਾਂਤਾ । ਇਕ ਇਕਾਂਤਾ ਵੇਖ ਵਿਚਾਰੇ । ਅੰਮ੍ਰਿਤ ਦੇਵੇ ਬੂੰਦ ਸਵਾਂਤਾ, ਗੁਰਮੁਖਾਂ ਆਤਮ ਠਾਰੇ । ਕਲਜੁਗ ਮਿਟੇ ਅੰਧੇਰੀ ਰਾਤਾ, ਸਤਿਜੁਗ ਚੜ੍ਹੇ ਚੰਦ ਅਪਾਰੇ । ਗੁਰਮੁਖਾਂ ਮੇਲ ਮਿਲਾਏ ਕਰ ਕਰ ਬਹੁ ਬਿਧ ਭਾਂਤਾ, ਦੇਵੇ ਦਰਸ ਅਗੰਮ ਅਪਾਰੇ । ਆਪੇ ਪਾੜ ਆਏ ਗਗਨ ਦੀਆਂ ਛਾਤਾਂ, ਗੁਰਸਿਖ ਕੁਰਲਾਇਣ ਵੈਣ ਨੈਣ ਪਾਇਣ ਵਿਚ ਮਾਤ ਸਚ ਦੁਲਾਰੇ । ਜੋਤੀ ਜੋਤ ਸਰੂਪ ਹਰਿ, ਅੰਤਮ ਕਲ ਮਾਤ ਜਾਮਾ ਧਾਰੇ । ਗੁਰਸਿਖ ਸਾਚਾ ਵਿਚ ਮਾਤ ਪੁਕਾਰਦਾ । ਅੱਠੇ ਪਹਿਰ ਰੋ ਰੋ, ਮੁਖ ਆਪਣਾ ਸੱਚਾ ਧੋ ਧੋ, ਪ੍ਰਭ ਸਾਚੇ ਵਾਜਾਂ ਮਾਰਦਾ । ਆਤਮ ਬੀਜ ਸਚਾ ਬੋ ਬੋ, ਬਣ ਗਿਆ ਭਿਖਾਰੀ ਸੱਚੇ ਪ੍ਰਵਰਦਿਗਾਰ ਦਾ । ਆਪੇ ਸੁਣੇ ਸਾਚੀ ਸੋ, ਪ੍ਰਗਟ ਖੜਾ ਹੋਵੇ ਅੱਗੇ ਹੋ, ਦੇਵੇ ਦਰਸ ਜੋਤ ਸਰੂਪੀ ਰੰਗ ਹਰਿ ਨਿਰੰਕਾਰ ਦਾ । ਦੁਰਮਤ ਮੈਲ ਜਾਏ ਧੋ ਧੋ, ਗੁਰਮੁਖ ਸਾਚੇ ਸੰਤ ਫੜ ਫੜ ਬਾਹੋਂ ਤਾਰਦਾ । ਸਚ ਸ਼ਬਦ ਦਾਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਅਤਮ ਝੋਲੀ ਡਾਰਦਾ । ਗੁਰਮੁਖ ਤੇਰਾ ਮੂਲ ਚੁਕਾਉਣਾ । ਪਿਛਲਾ ਲਿਖਿਆ ਲੇਖ ਪ੍ਰਭ ਆਇਆ ਆਣ ਮੁਕਾਉਣਾ । ਜੋਤ ਸਰੂਪੀ ਧਾਰੇ ਸੱਚਾ ਭੇਖ, ਦਿਸ ਕਿਸੇ ਨਾ ਆਉਣਾ । ਆਪ ਮਿਟਾਏ ਬਿਧਨਾ ਲਿਖੀ ਰੇਖ, ਸੋਹੰ ਵਟੇ ਨਾਲ ਘਸਾਉਣਾ । ਫਿਰ ਲਾਏ ਸਾਚੀ ਮੇਖ, ਵਿਚ ਮਾਤ ਆਪ ਗਡਾਉਣਾ । ਨਾ ਕੋਈ ਜਾਣੇ ਪੀਰ ਔਲੀਆ ਸ਼ੇਖ਼, ਪ੍ਰਭ ਸਾਚੇ ਆਪ ਮਿਟਾਉਣਾ । ਸ੍ਰਿਸ਼ਟ ਸਬਾਈ ਰਹੀ ਵੇਖ, ਨਿਹਕਲੰਕ ਕਿਹੜੀ ਕੂਟੇ ਆਉਣਾ । ਜੋਤੀ ਜੋਤ ਸਰੂਪ ਹਰਿ, ਧਰ ਭੇਖ ਬੇਮੁਖਾਂ ਅੰਤ ਖਪਾਏ ਮਿਟਾਏ ਜਿਉਂ ਰਾਮਾ ਰਾਵਣਾ । ਗੁਰਮੁਖ ਸਾਚੇ ਤੇਰੀ ਆਤਮ ਸਜੀ । ਸਾਚੀ ਜੋਤ ਗੁਰਮੁਖ ਹਿਰਦੇ ਤੇਰੇ ਜਗੀ । ਬੈਠਾ ਪੜਦੇ ਕੱਜੀ । ਵਿਚ ਰਹਿਣ ਨਾ ਦੇਵੇ ਕਾਇਆ ਖੋਟ, ਏਕਾ ਜੋਤ ਮਾਝੇ ਦੇਸ ਜਗੀ । ਲੱਭਦੇ ਫਿਰਨ ਕੋਟਨ ਕੋਟ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜੋਤ ਸਰੂਪ ਆਦਿ ਅੰਤ ਜੁਗਾ ਜੁਗੰਤ ਗੁਰਮੁਖ ਸਾਚੇ ਇਕੋ ਰਾਖੋ ਹਰਿ ਓਟ । ਇਕੋ ਓਟ ਹਰਿ ਨਿਰੰਕਾਰ । ਮਾਰੇ ਚੋਟ ਡੰਕ ਡਫਾਰ । ਨਾ ਆਵੇ ਕਦੇ ਤੋਟ, ਭਰੇ ਰਹਿਣ ਸਦ ਭੰਡਾਰ । ਦਰ ਖੜੇ ਰਹਿਣ ਕੋਟਨ ਕੋਟ, ਦੇਵਣਹਾਰ ਆਪ ਦਾਤਾਰ । ਬੇਮੁਖਾਂ ਕਲਜੁਗ ਅਜੇ ਭਰੀ ਨਾ ਪੋਟ, ਜੂਠ ਝੂਠ ਰਹੇ ਝੱਖ ਮਾਰ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਪ੍ਰਗਟ ਜੋਤ ਅੰਤਮ ਕਲ ਆਪੇ ਪਾਵੇ ਸਾਰ । ਗੁਰਮੁਖ ਗੁਰਸਿਖ ਦੁਲਾਰਿਆ । ਸਾਚੀ ਮੰਗੀ ਨਾਮ ਭਿੱਖ, ਦੇਣ ਆਵੇ ਹਰਿ ਨਿਰੰਕਾਰਿਆ । ਸਾਚੀ ਸਿੱਖਿਆ ਲੈਣੀ ਸਿੱਖ, ਸਾਚਾ ਨਾਮ ਆਤਮ ਝੋਲੀ ਆਪ ਭਰਾ ਰਿਹਾ । ਆਪ ਮਿਟਾਏ ਆਤਮ ਲੱਗੀ ਤਿਖ, ਅੰਮ੍ਰਿਤ ਨਾਮ ਸੱਚਾ ਸ਼ਬਦ ਗੁਰਮੁਖਾਂ ਮੁਖ ਚੁਆ ਰਿਹਾ । ਆਪ ਮਿਟਾਏ ਦੁੱਖ ਭੁੱਖ, ਇਕ ਉਪਜਾਏ ਸੱਚਾ ਸੁਖ, ਰੋਗ ਸਰਬ ਗਵਾ ਰਿਹਾ । ਗੁਰਮੁਖ ਹਰਿ ਸੁੱਖਣਾ ਸੁੱਖ, ਪ੍ਰਭ ਆਪ ਕਰਾਏ ਉਜਲ ਮੁਖ, ਦਰ ਘਰ ਆਏ ਦਰਸ ਦਿਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਮਾਤਲੋਕ ਆਇਆ ਜਾਮਾ ਧਾਰ, ਦੇਵੇ ਵਰ ਚੁਕਾਵੇ ਡਰ, ਭਾਣਾ ਆਪਣੇ ਹੱਥ ਰਖਾ ਰਿਹਾ । ਗੁਰਮੁਖ ਸਾਚੇ ਉਠ ਉਠ ਸੰਤ । ਪ੍ਰਭ ਬਣਾਵਣ ਆਇਆ ਤੇਰੇ ਘਰ ਤੇਰੀ ਬਣਤ । ਚਰਨ ਲਾਗ ਜਾਣਾ ਤਰ, ਦੁੱਖ ਹੋਏ ਨਾ ਵੇਲੇ ਅੰਤ ਆਪ ਨੁਹਾਏ ਸਾਚੇ ਸਰ, ਨਾ ਕੋਈ ਜਾਣੇ ਜੀਵ ਜੰਤ । ਖਾਲੀ ਭੰਡਾਰੇ ਰਿਹਾ ਭਰ, ਮੇਲ ਮਿਲਾਵਾ ਸਾਚੇ ਕੰਤ । ਨਾ ਕੋਈ ਵੇਖੇ ਨਾਰੀ ਨਰ, ਨਾ ਕੋਈ ਵੇਖੇ ਦੇਵ ਦੰਤ । ਏਕਾ ਸ਼ਬਦ ਧਾਰ ਸਾਚੀ ਮਾਤ ਦੇਵੇ ਧਰ, ਬੇਮੁਖਾਂ ਮਾਇਆ ਪਾਏ ਬੇਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਜੋਤ ਆਵੇ ਜਾਵੇ, ਵਿਚ ਮਾਤ ਰਹਾਵੇ, ਬੇਮੁਖਾਂ ਨੂੰ ਅੰਤ ਖਪਾਵੇ, ਚਾਰ ਵਰਨ ਇਕ ਧਿਆਨ ਰਖਾਵੇ, ਨਾ ਕੋਈ ਜਾਣੇ ਵਰਨ ਗੋਤ । ਵਰਨ ਗੋਤ ਹਰਿ ਨਿਰਾਲਾ । ਇਕਾ ਜੋਤ ਜਗੇ ਅਕਾਲਾ । ਗੁਰ ਗੋਬਿੰਦ ਹਰਿ ਸੱਚਾ ਦੀਨ ਦਿਆਲਾ । ਗੁਰਸਿਖ ਬਣਾਏ ਆਪਣੀ ਸਾਚੀ ਬਿੰਦ, ਕਰਦਾ ਰਹੇ ਸਦਾ ਪ੍ਰਿਤਪਾਲਾ । ਬੇਮੁਖ ਕਲਜੁਗ ਅੰਤਮ ਕਰਨ ਤੇਰੀ ਨਿੰਦ, ਗਲ ਪਿਆ ਜਗਤ ਜੰਜ਼ਾਲਾ । ਆਪ ਵਹਾਏ ਡੂੰਘੀ ਧਾਰ ਸਾਗਰ ਸਿੰਧ,
ਨਾ ਹੋਏ ਕੋਈ ਰਖਵਾਲਾ । ਗੁਰਮੁਖ ਸਾਚੇ ਲਾਏ ਪਾਰ ਵਡਾ ਸ਼ਾਹੋ ਹਰਿ ਮਰਗਿੰਦ, ਫੜ ਫੜ ਬਾਹੋਂ ਦੇਵੇ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਆਪਣਾ ਸੱਚਾ ਇਕ ਚਰਨ ਪਿਆਰ । ਗੁਰਮੁਖ ਜਾਣ ਹਰਿ ਸਾਚੇ ਦੀ ਸਾਚੀ ਰੀਤ, ਨਾ ਕੋਈ ਪਵਣ ਨਾ ਕੋਈ ਮਸਾਣ । ਨਾ ਕਿਸੇ ਜੰਗਲ ਜੂਹ ਵਿਚ ਬੀਆਬਾਨ । ਨਾ ਕਿਸੇ ਮਿਲੇ ਗੁਰਦਵਾਰੇ ਮੰਦਰ ਮਸੀਤ ਵਿਚ ਕੁਰਾਨ । ਫੜ ਫੜ ਰਾਹ ਸਾਰੇ ਦੱਸਣ, ਨਾ ਕੋਈ ਜਾਣੇ ਗੁਰਮੁਖ ਧਾਮ ਕਿਹੜੇ ਵਸਣ, ਮੇਲ ਮਿਲਾਵਾ ਇਕ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਜੀਆ ਦਾਨ । ਗੁਰਮੁਖ ਲੈਣਾ ਸੱਚਾ ਦਾਨ । ਸੱਚਾ ਭਾਣਾ ਸਿਰ ਤੇ ਸਹਿਣਾ, ਮੇਲ ਮਿਲਾਵਾ ਹਰਿ ਭਗਵਾਨ । ਆਪ ਚੁਕਾਏ ਲਹਿਣਾ ਦੇਣਾ, ਦਰਸ ਦਿਖਾਏ ਤੀਜੇ ਨੈਣਾਂ, ਜੋਤ ਜਗਾਏ ਆਪ ਮਹਾਨ । ਬਣ ਬਣ ਬਹਿਣਾ ਭਾਈ ਭੈਣਾਂ, ਅੰਤਮ ਕਲਜੁਗ ਬੇਮੁਖਾਂ ਖਾਏ ਦਏ ਖਪਾਏ, ਜਿਉਂ ਲਾੜੀ ਮੌਤ ਡੈਣਾ । ਨਾ ਕੋਈ ਛੁਡਾਏ, ਗੁਰਮੁਖਾਂ ਚੁਕਾਏ ਲਹਿਣਾ ਦੇਣਾ, ਸ਼ਬਦ ਪਹਿਨਾਏ ਤਨ ਸਾਚਾ ਗਹਿਣਾ, ਅੰਤਮ ਹੋਏ ਸਹਾਏ । ਜੋਤੀ ਜੋਤ ਸਰੂਪ ਹਰਿ, ਫੜ ਫੜ ਬਾਹੋਂ ਆਪੇ ਰਾਹੇ ਪਾਏ । ਸਾਚਾ ਧਾਮ ਜਿਥੇ ਵਸੇ ਹਰਿ ਦਿਆਲਾ । ਸ਼ਬਦ ਤੀਰ ਏਕਾ ਕਸੇ, ਤੋੜੇ ਜਗਤ ਜੰਜ਼ਾਲਾ । ਗੁਰਮੁਖ ਸਦ ਹਿਰਦੇ ਵਸੇ, ਚਰਨ ਪ੍ਰੀਤੀ ਆਪ ਨਿਭਾਏ ਆਪਣੇ ਨਾਲਾ । ਆਤਮ ਬੈਠਾ ਹਰਿ ਜੀ ਖਿੜ ਖਿੜ ਹੱਸੇ, ਕਲਜੁਗ ਜੀਵ ਹੋਏ ਕੰਗਾਲਾ । ਅੰਤਮ ਵੇਲੇ ਸਾਰੇ ਜਾਣ ਇਕ ਦੂਜੇ ਦੇ ਪਿੱਛੇ ਨੱਸੇ, ਨਾ ਕੋਈ ਸਕੇ ਸੁਰਤ ਸੰਭਾਲਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਫਲ ਲਗਾਏ ਕਾਇਆ ਆਤਮ ਤਨ ਸਾਚੇ ਡਾਲਾ । ਤਨ ਕਾਇਆ ਸੱਚਾ ਡਾਲ । ਵਿਚ ਸੁਹਾਇਆ ਅੰਮ੍ਰਿਤ ਸਾਚਾ ਤਾਲ । ਪ੍ਰਭ ਅਬਿਨਾਸ਼ੀ


੧੫੨ ੦੪

ਹੱਥੀਂ ਆਪ ਭਰਾਇਆ ਬਣਿਆ ਰਹੇ ਰਖਵਾਲ । ਅੱਠੇ ਪਹਿਰ ਹਰਿ ਆਪਣਾ ਪਹਿਰਾ ਲਾਇਆ, ਬੇਮੁਖ ਨਾ ਸਕੇ ਭਾਲ । ਗੁਰਮੁਖਾਂ ਸਾਚਾ ਸ਼ਬਦ ਰਸਨਾ ਗਾਇਆ, ਪ੍ਰਭ ਅਬਿਨਾਸ਼ੀ ਸਾਚਾ ਫਲ ਦਏ ਖਵਾਲ । ਕਰੇ ਕਰਾਏ ਜੋ ਮਨ ਭਾਇਆ, ਹਰਿ ਰਘੁਰਾਇਆ ਦਿਸ ਨਾ ਆਇਆ, ਜੋਤ ਸਰੂਪੀ ਜਾਮਾ ਪਾਇਆ, ਗੁਰਮੁਖਾਂ ਆਪੇ ਕਰਦਾ ਰਹੇ ਵਿਚ ਮਾਤ ਪ੍ਰਿਤਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਲੱਖ ਚੁਰਾਸੀ ਖਾਣ ਆਇਆ ਬਣ ਕੇ ਅਕਾਲਾ ਕਾਲ । ਲੱਖ ਚੁਰਾਸੀ ਹਰਿ ਜੀ ਖਾਏ । ਆਪਣਾ ਤੋਸਾ ਆਪ ਬਣਾਏ । ਨਾਲ ਮੰਗੇ ਪਾਣੀ ਕੋਸਾ, ਸੱਤ ਸਮੁੰਦਰ ਦਏ ਤਪਾਏ । ਇਕੋ ਮਾਰੇ ਸ਼ਬਦ ਝੋਸਾ, ਧਰਤ ਮਾਤ ਦਏ ਹਿਲਾਏ । ਦੀਵਾ ਬੱਤੀ ਦਿਸ ਨਾ ਆਏ, ਅੰਦਰ ਬਾਰਾਂ ਕੋਸਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਕਾਲਾ ਸੂਸਾ ਉਤੋਂ ਦੇਵੇ ਲਾਹੇ । ਕਾਲਾ ਸੂਸਾ ਦੇਣਾ ਲਾਹ । ਬੇਮੁਖਾਂ ਗਲ ਪੈਣਾ ਫਾਹ । ਕਿਸੇ ਨਾ ਫੜਨੀ ਅੰਤਮ ਬਾਂਹ । ਘਰ ਘਰ ਰੋਣੇ ਪੁੱਤ ਮਾਂ । ਕਿਸੇ ਨਾ ਮਿਲਣਾ ਸੱਚਾ ਥਾਂ । ਗੁਰਮੁਖ ਸਾਚੇ ਸੰਤ ਜਨਾਂ ਦੇਵੇ ਏਕਾ ਏਕ ਸੱਚਾ ਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਪ੍ਰਗਟ ਜੋਤ ਆਪੇ ਪਕੜੇ ਹੱਥੀਂ ਬਾਂਹ । ਹੱਥੀਂ ਬਾਂਹ ਲਏ ਫੜ । ਆਪੇ ਬੰਨ੍ਹੇ ਆਪਣੇ ਲੜ । ਸ਼ਬਦ ਘੋੜੇ ਜਾਏ ਚੜ੍ਹ । ਸ੍ਰਿਸ਼ਟ ਸਬਾਈ ਜਾਏ ਹੜ੍ਹ । ਗੁਰਮੁਖ ਸਾਚਾ ਦਰ ਸਾਚੇ ਘਰ ਸਾਚੇ ਜਾਏ ਵੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੂੜ੍ਹੀ ਨੀਂਦ ਆਪ ਸੋਇਆ, ਸ੍ਰਿਸ਼ਟ ਸਬਾਈ ਨਾ ਜਾਣੇ ਕੋਇਆ, ਬੈਠ ਰਿਹਾ ਮਾਰ ਸੋਹਣੀ ਦੜ । ਮਾਰ ਰੱਖੀ ਦੜ ਬੈਠਾ ਰਿਹਾ ਚੁੱਪ । ਕਲਜੁਗ ਜੀਵ ਜਾਣੇ ਸੜ, ਲਗਣੀ ਜੇਠ ਹਾੜੀ ਸੱਚੀ ਧੁੱਪ । ਮੁਲਾਂ ਮੁਲਾਣੇ ਵੇਦ ਪੁਰਾਨੀ ਗਿਆਨੀ ਧਿਆਨੀ ਵਡ ਵਿਦਵਾਨੀ ਜੋ ਵਡੇ ਵਡੇ ਪੋਪ । ਏਕਾ ਰੱਖੇ ਸ਼ਬਦ ਨਿਸ਼ਾਨੀ । ਆਤਮ ਮਾਰੇ ਸਾਚੀ ਕਾਨੀ । ਨਾ ਕੋਈ ਜਾਣੇ ਜੀਵ ਨਿਧਾਨੀ । ਅੰਦਰ ਵਸੀ ਬੇਈਮਾਨੀ । ਏਕਾ ਸੁਝੇ ਮਾਤ ਸ਼ੈਤਾਨੀ । ਨਾ ਕੋਈ ਦਾਰਾ ਸ਼ਾਹ ਇਰਾਨੀ । ਨਾ ਕੋਈ ਦਿਸੇ ਵਡ ਸੁਲਤਾਨੀ । ਮਿਟਦੇ ਜਾਣ ਰਾਜ ਰਾਜਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸ੍ਰਿਸ਼ਟ ਸਬਾਈ ਸੱਚਾ ਬਾਨੀ । ਅੰਤਮ ਕਲ ਜਗਤ ਵੈਰਾਨਾ, ਜੂਠੇ ਝੂਠੇ ਰਹੇ ਪਲ, ਨਾ ਲਗਣਾ ਫਲ ਕਿਸੇ ਡਲ । ਪ੍ਰਭ ਜੋੜੀ ਬੈਠਾ ਹਲ, ਪ੍ਰਗਟ ਹੋਇਆ ਕਲ । ਸੋਹੰ ਰਖਿਆ ਤਿਖਿਆ ਫਲ । ਬੇਮੁਖਾਂ ਆਤਮ ਜਾਣੀ ਗਲ । ਪ੍ਰਭ ਅਬਿਨਾਸ਼ੀ ਜੂਠੀ ਝੂਠੀ ਮੱਕੀ ਦੇਵੇ ਦਲ । ਹੰਕਾਰੀ ਪਰਛਾਵਾਂ ਜਾਣਾ ਢਲ । ਨਾ ਹੋਏ ਕੋਇ ਸਹਾਏ । ਗੁਰਮੁਖ ਸਾਚੇ ਦਰ ਆਇਣ ਚਲ, ਘਰ ਸਾਚਾ ਬੈਠਣ ਦਰ ਗੁਰ ਪੂਰੇ ਮਲ, ਅੰਤਮ ਹੋਏ ਹਰਿ ਸਹਾਏ । ਆਪ ਕਰਾਏ ਜਲ ਥਲ ਥਲ ਜਲ ਨਾ ਸਕੇ ਕੋਈ ਅਟਕਾਏ । ਮਾਇਆਧਾਰੀ ਹੋਏ ਖੁਆਰੀ । ਮੂਲ ਨਾ ਚੁੱਕਣਾ ਮਿਲੇ ਸਿਰ ਭਾਰੀ । ਸ਼ਬਦ ਅੰਧੇਰੀ ਜਾਏ ਚਲ, ਇਕੋ ਮਾਰੇ ਹਰਿ ਉਛੱਲ ਗੁਰਸਿਖ ਮਾਣਕ ਮੋਤੀ ਸੰਸਾਰ ਸਾਗਰ ਵਿਚੋਂ ਕੱਢੇ ਬਾਹਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਜੀਆ ਦਾਨ ਨਿਹਕਲੰਕ ਵੱਡਾ ਦਰ ਦਰਬਾਰੀ । ਇਕੋ ਮਾਰੇ ਜਗਤ ਉਛਾਲ । ਸ਼ਬਦ ਸਰੂਪੀ ਆਪਣਾ ਖੇਲ ਕਰੇ ਕਮਾਲ । ਬਿਨ ਰੰਗ ਰੂਪੀ ਕਿਸੇ ਹੱਥ ਨਾ ਆਏ, ਚਾਰੋਂ ਕੁੰਟ ਰਹੇ ਭਾਲ । ਗੁਰਮੁਖਾਂ ਹਰਿ ਆਇਆ ਹਿੱਸੇ, ਆਪੇ ਲੱਭੇ ਅਨਮੁਲੜੇ ਲਾਲ । ਕਲਜੁਗ ਜੀਆਂ ਮੂਲ ਨਾ ਦਿਸੇ, ਜੂਠੇ ਝੂਠੇ ਉਠ ਉਠ ਮਾਰਨ ਛਾਲ । ਵੇਲਾ ਗਿਆ ਹੱਥ ਨਾ ਆਉਣਾ ਕਿਸੇ, ਨਾ ਸਕੇ ਕੋਈ ਸੁਰਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੂਠੀ ਝੂਠੀ ਚੱਕੀ ਪੀਸੇ, ਆਤਮ ਹੋਈ ਸਰਬ

ਕੰਗਾਲ । ਆਤਮ ਹੋਈ ਕੰਗਾਲ । ਨਾ ਮਿਲਿਆ ਹਰਿ ਦਲਾਲ । ਜਿਹੜੇ ਪਰਖੇ ਸੱਚੇ ਲਾਲ । ਸ੍ਰਿਸ਼ਟ ਸਬਾਈ ਖਾਣ ਆਇਆ ਅੰਤਮ ਬਣ ਕੇ ਕਾਲ । ਸਾਚੇ ਰਾਹੇ ਪਾਣ ਆਇਆ, ਦੇਵੇ ਸ਼ਬਦ ਉਡਾਨ । ਸ੍ਰਿਸ਼ਟ ਸਬਾਈ ਗਾਹੁਣ ਆਇਆ, ਪਾਵੇ ਪਹਿਲਾ ਗਾਹਣ । ਮੁਗਲ ਪਠਾਣ ਖਪਾਣ ਆਇਆ, ਬਿਆਸਾ ਹੱਦ ਟਪਾਣ ਆਇਆ, ਇਕ ਦੂਜੇ ਨੂੰ ਵੇਖਣ ਬੇਈਮਾਨ । ਸੱਚਾ ਸ਼ਬਦ ਬਬਾਣ ਲਿਆਇਆ, ਗੁਰਮੁਖਾਂ ਹਰਿ ਲਏ ਚੜ੍ਹਾਇਆ, ਅੱਠੇ ਪਹਿਰ ਧਿਆਨ ਰਖਾਇਆ, ਸਰਬ ਜੀਆਂ ਦਾ ਜਾਣੀ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਹਰਿ ਹਰਿ ਵਿਸ਼ਨੂੰ ਭਗਵਾਨ । ਹਰਿ ਹਰਿ ਹਰਿ ਭਗਵਾਨਾ । ਹਰਿ ਹਰਿ ਹਰਿ ਸੱਚਾ ਦਰ ਮਿਲੇ ਵਰ, ਜੋ ਜਨ ਕਰੇ ਚਰਨ ਧਿਆਨਾ । ਹਰਿ ਹਰਿ ਹਰਿ ਕਿਰਪਾ ਰਿਹਾ ਕਰ, ਸੋਹੰ ਦੇਵੇ ਸੱਚਾ ਦਾਨਾ । ਹਰਿ ਹਰਿ ਹਰਿ ਗੁਰਮੁਖ ਵਿਰਲਾ ਜਾਏ ਤਰ, ਜਿਸ ਮਿਲਿਆ ਨਾਮ ਨਿਧਾਨਾ । ਹਰਿ ਹਰਿ ਹਰਿ ਭੰਡਾਰੇ ਰਿਹਾ ਭਰ, ਖੁਲ੍ਹਾ ਰਹੇ ਸਦਾ ਦਰ, ਦੁੱਖ ਰੋਗ ਭੁੱਖ ਗਵਾਣਾ । ਹਰਿ ਹਰਿ ਹਰਿ ਆਪ ਨੁਹਾਏ ਸਾਚੇ ਸਰ, ਅੰਮ੍ਰਿਤ ਬੂੰਦ ਮੁਖ ਚੁਆਣਾ । ਹਰਿ ਹਰਿ ਹਰਿ ਆਪਣੀ ਕਰਨੀ ਰਿਹਾ ਕਰ, ਗੁਰਮੁਖ ਸਾਚੇ ਲਏ ਵਰ, ਸ੍ਰਿਸ਼ਟ ਸਬਾਈ ਆਪ ਭੁਲਾਣਾ । ਹਰਿ ਹਰਿ ਹਰਿ ਜੋਤ ਸਰੂਪੀ ਜਾਮਾ ਧਾਰ, ਆਪੇ ਵਸੇ ਗੁਰਸਿਖ ਸਾਚੇ ਘਰ, ਨਾ ਕੋਈ ਜਾਣੇ ਸੁਘੜ ਸਿਆਣਾ । ਅੰਤਮ ਕਲ ਬੇਮੁਖਾਂ ਹੋਈ ਬੇਮੁਖ ਬੁੱਧੀ, ਚਾਰੋਂ ਤਰਫ ਟੱਪੇ ਮਾਰੇ ਛਾਲਾਂ ਰਹੀ ਕੁੱਦੀ, ਸਾਚਾ ਜਾਪ ਨਾ ਕੋਈ ਜਪੇ । ਮਨਮੁਖਾਂ ਆਤਮ ਭਠੀ ਤਪੇ । ਮਾਇਆ ਰੂਪੀ ਕਾਇਆ ਬੱਧੀ, ਸ੍ਰਿਸ਼ਟ ਸਬਾਈ ਆਤਮ ਤਪੇ । ਨਾ ਜਪਿਆ ਕੋਈ ਸਾਚਾ ਜਪੇ, ਨਾ ਆਤਮ ਹੋਈ ਸੁੱਧੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਆਪੇ ਝੇੜਾ ਆਪ ਚੁਕਾਏ, ਆਤਮ ਖੇੜਾ ਆਪ ਵਸਾਏ, ਪੰਜਾਂ ਚੋਰਾਂ ਨਾਲ ਕਰਨ ਦੇਵੇ ਯੁਧੀ । ਪੰਚਾਂ ਚੋਰਾਂ ਹੋਏ ਖੁਆਰੀ । ਮਿਲਿਆ ਹਰਿ ਸੱਚਾ ਦਰਬਾਰੀ । ਦੇਣ ਆਇਆ ਸੱਚਾ ਵਰ, ਪੂਰਨ ਕਿਰਪਾ ਜਾਏ ਕਰ, ਦੇਵੇ ਨਾਮ ਸ਼ਬਦ ਉਡਾਰੀ । ਸਚ ਭੰਡਾਰੇ ਜਾਏ ਭਰ, ਗੁਰਮੁਖ ਸਾਚਾ ਜਾਏ ਤਰ, ਆਏ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਘਰ ਸਾਚਾ ਦੱਸੇ, ਜਿਥੇ ਹਰਿ ਸਾਚਾ ਸਦਾ ਵਸੇ, ਆਵੇ ਜਾਵੇ ਮਾਤ ਵਾਰੋ ਵਾਰੀ । ਆਵੇ ਜਾਵੇ ਖੇਲ ਨਿਰਾਲਾ । ਜੋਤ ਸਰੂਪੀ ਦੀਨ ਦਿਆਲਾ । ਸੋਹੰ ਸ਼ਬਦ ਰਸਨਾ ਗਾਵੇ, ਕਿਰਪਾ ਕਰੇ ਭਗਤ ਰਖਵਾਲਾ । ਦਰਗਹਿ ਸਾਚੀ ਲਾਏ ਨਾਮੇ, ਹੋਏ ਅੰਤ ਰਖਵਾਲਾ । ਆਪੇ ਰੱਖੇ ਠੰਡੀ ਛਾਵੇਂ, ਕਰੇ ਹਰਿ ਪ੍ਰਿਤਪਾਲਾ । ਫੜ ਫੜ ਬਾਹੀਂ ਗਲੇ ਲਗਾਵੇ, ਜਿਉਂ ਬਾਲਕ ਮਾਤਾ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੱਸੇ ਰਾਹ ਇਕੋ ਇਕ ਸੁਖਾਲਾ । ਗੁਰਸਿਖ ਸੁਖੀ ਵਸੰਦਿਆ । ਤੇਰੇ ਪੂਰ ਕਰਾਏ ਕਾਜ, ਕਲਜੁਗ ਦਿਸੇ ਝੂਠਾ ਧੰਦਿਆ । ਸੋਹੰ ਦੇਵੇ ਸੱਚਾ ਦਾਜ, ਬੇਮੁਖ ਹੋਏ ਭਾਗ ਮੰਦਿਆ । ਆਪ ਸਵਾਰੇ ਦਰ ਘਰ ਕਾਜ, ਵਿਚੋਂ ਕੱਢੇ ਪਾਪ ਗੰਦਿਆ । ਅੰਤਮ ਵੇਲੇ ਰੱਖੇ ਲਾਜ, ਜਿਸ ਬਣਾਏ ਸਾਚੇ ਬੰਦਿਆ । ਏਕਾ ਦੇਵੇ ਸੱਚਾ ਰਾਜ, ਸ਼ਬਦ ਨਾਮ ਮਾਰ ਆਵਾਜ਼, ਗੁਰਮੁਖ ਚੜ੍ਹਾਏ ਸਾਚੇ ਚੰਦਿਆ । ਕਲਜੁਗ ਅੰਤਮ ਪੈਣੀ ਭਾਜ, ਸਭ ਦੇ ਛੁੱਟਣੇ ਸਾਜ ਬਾਜ ਰਾਜ ਤਾਜ, ਕਲਜੁਗ ਜੀਵ ਹੋਏ ਅੰਧਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦਰਗਹਿ ਸਾਚੀ ਆਪ ਬਹਾਏ, ਚੁਕਾਏ ਆਪਣੇ ਕੰਧਿਆ । ਆਪਣੇ ਕੰਧੇ ਲਏ ਉਠਾ । ਸਾਚੇ ਬੰਦੇ ਲਏ ਬਣਾ । ਬੇਮੁਖ ਮਦਿਰਾ ਮਾਸੀ ਦਏ ਖਪਾ । ਗੁਰਮੁਖਾਂ ਦੁਰਮਤ ਮੈਲ ਦਏ ਗਵਾ । ਸੋਹੰ ਸਾਚਾ ਜਾਪ ਜਪਾ । ਗੁਰਸਿਖ ਨਾ ਜਾਏ,

੧੫੪
੦੪

ਧਰਮ ਰਾਏ ਨਾ ਪਾਏ ਫੰਦੇ, ਜਮ ਕਾ ਝੇੜਾ ਦਏ ਕਟਾ । ਬੇਮੁਖ ਜੀਵ ਭਾਗਾਂ ਮੰਦੇ ਆਤਮ ਅੰਧੇ, ਗਲ ਪਿਆ ਚੁਰਾਸੀ ਫਾਹ । ਝੂਠੀ ਮਾਇਆ ਲੱਗੇ ਝੂਠੇ ਧੰਦੇ, ਨਾ ਅੰਤਮ ਹੋਏ ਕੋਈ ਸਹਾ । ਇਕ ਗਵਾਇਆ ਪ੍ਰਮਾਨੰਦੇ, ਮੁਖ ਰਖਾਣ ਆਹਾਰ ਗੰਦੇ, ਇਕ ਭੁਲਾਇਆ ਸੱਚਾ ਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਸੁਹਾਏ ਬਹਾਏ ਸੱਚੇ ਥਾਂ । ਸਚ ਦਵਾਰਾ ਨਿਜ ਘਰ ਵੇਖ । ਜਿਥੇ ਮਿਟੇ ਬਿਧਨਾ ਲਿਖੀ ਰੇਖ । ਜੋਤ ਸਰੂਪੀ ਅੰਦਰ ਵਸੇ, ਏਕਾ ਰਾਹ ਸੱਚਾ ਦੱਸੇ, ਧਾਰੀ ਰੱਖੇ ਭੇਸ । ਆਤਮ ਅੰਧ ਅੰਧੇਰੀ ਜਿਉਂ ਚੰਦ ਮੱਸੇ, ਕਲਜੁਗ ਰਹੇ ਵੇਖਾ ਵੇਖ । ਏਕਾ ਸ਼ਬਦ ਤੀਰ ਹਰਿ ਜੀ ਕਸੇ, ਸ੍ਰਿਸ਼ਟ ਸਬਾਈ ਨੇਤਰ ਲੈਣਾ ਪੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਆਪੇ ਬੁੱਧ ਬਬੇਕ । ਦੁਖੀ ਜੀਵ ਸਦਾ ਕੁਰਲਾਏ । ਤਨ ਪੈਰਾਂ ਰੋਗ ਸਤਾਏ । ਖਿਟਾ ਲੱਗਾ ਏਕਾ ਕੀੜਾ, ਦਿਵਸ ਰੈਣ ਸਤਾਏ । ਟੁੱਟੀ ਪਈ ਹੱਡੀ ਰੀੜਾ, ਆਪੇ ਬੰਨ੍ਹੇ ਹਰਿ ਜੀ ਬੇੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਆਪ ਕਮਾਏ । ਗੁਰ ਸੰਗਤ ਗੁਰ ਏਕਾ ਰਾਹ । ਦੋਵੇਂ ਵਸਣ ਏਕਾ ਥਾਂ ਗੁਰ ਸੰਗਤ ਹੋਏ ਨਿਮਾਣੀ, ਪ੍ਰਭ ਅਬਿਨਾਸ਼ੀ ਪਕੜੀ ਬਾਂਹ । ਏਕਾ ਰੱਖੇ ਚਰਨ ਧਿਆਨੀ, ਅੰਤਮ ਲੇਖਾ ਕੋਈ ਮੰਗੇ ਨਾਹ । ਏਕਾ ਦੇਵੇ ਨਾਮ ਨਿਸ਼ਾਨੀ । ਵਡ ਮਿਹਰਬਾਨੀ ਵਿਚ ਮਾਤ ਕਦੇ ਛੁੱਟੇ ਨਾ । ਜੋ ਜਨ ਹੋਏ ਵਡ ਅਭਿਮਾਨੀ, ਆਤਮ ਲੇਖਾ ਮੁੱਕੇ ਨਾ । ਗੁਰਮੁਖਾਂ ਕਰੇ ਆਪ ਪਛਾਣੀ, ਦਰ ਘਰ ਸਾਚੇ ਜਾਇਣ ਅਧਵਿਚਕਾਰ ਕੋਈ ਰੁਕੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਬੂਟੇ ਮਾਤ ਲਗਾਏ, ਕਲਜੁਗ ਅੰਤਮ ਸੁੱਕਣ ਨਾ ।

### ❇ ੧੪ ਚੇਤ ੨੦੧੧ ਬਿਕ੍ਰਮੀ ਕਿਹਰ ਸਿੰਘ ਦੇ ਗ੍ਰਿਹਿ ਮੇਰਠ ਛਾਉਣੀ ❇

ਕਟੇ ਹਉਮੇ ਰੋਗ ਹਰਿ ਭਗਵਾਨ । ਲਿਖਿਆ ਧੁਰ ਸੰਜੋਗ, ਮੇਲ ਮਿਲਾਇਆ ਆਣ । ਨਾ ਹੋਏ ਕਦੇ ਵਿਜੋਗ, ਏਕਾ ਜੋਤੀ ਹੋਏ ਦੋਏ ਭਗਤ ਭਗਵਾਨ । ਲਿਖਿਆ ਧੁਰ ਸੰਜੋਗ, ਗੁਰਸਿਖ ਸਾਚੀ ਨਾਰ ਹਰਿ ਕੰਤ ਪਿਆਰ ਆਪਣੇ ਰੰਗ ਰੰਗਾਨ । ਦੇਵੇ ਸ਼ਬਦ ਸਾਚਾ ਜੋਗ, ਸੋਹੰ ਨਾਮ ਵਿਚ ਜਹਾਨ । ਪ੍ਰਗਟ ਹੋਵੇ ਦੇਵੇ ਦਰਸ, ਰੋਗ ਚਿੰਤਾ ਸੋਗ ਸਰਬ ਮਿਟ ਜਾਣ । ਜੋਤੀ ਜੋਤ ਸਰੂਪ ਹਰਿ, ਏਕਾ ਜੋਤੀ ਮੇਲ ਮਿਲਾਏ, ਅੰਤਮ ਆਪਣੇ ਦਰ ਬਹਾਏ, ਦੂਜਾ ਦਰ ਨਾ ਕੋਈ ਸਹਾਏ, ਨਰ ਹਰਿ ਹਰਿ ਮਿਹਰਬਾਨ । ਹਰਿ ਅਵਤਾਰ ਭਗਤ ਅਧਾਰਦਾ । ਪਾਵੇ ਸਾਚੀ ਸਾਰ ਵਿਚ ਸੰਸਾਰ, ਆਤਮ ਦਰ ਦਵਾਰ ਸਰਬ ਵੇਖ ਵਿਚਾਰਦਾ । ਵਸੇ ਸੱਚੇ ਘਰ ਬਾਰ, ਨਾ ਹੋਏ ਕਦੇ ਬਾਹਰ, ਆਪੇ ਜਿੰਦਾ ਮਾਰਦਾ । ਪਾਰ ਕਰਾਏ ਚਰਨ ਲਗਾਏ ਨਰ ਨਾਰ, ਨਾ ਆਏ ਪਾਸਾ ਹਾਰਦਾ । ਪੂਰਬ ਕਰਮ ਕਰ ਵਿਚਾਰ, ਪ੍ਰਭ ਅਬਿਨਾਸ਼ੀ ਬੰਨ੍ਹੇ ਧਾਰ, ਦੇਵੇ ਨਾਮ ਚਰਨ ਪਿਆਰ ਦਾ । ਜੋਤੀ ਜੋਤ ਸਰੂਪ ਹਰਿ , ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਸੱਚੀ ਸਰਕਾਰ ਦਾ । ਧਾਰੇ ਭੇਖ ਜਗਤ ਪਿਤ ਹਰੀ । ਗੁਰਮੁਖਾਂ ਜਾਣੇ ਮਿਤ ਗਤ ਗਤ ਮਿਤ ਆਪਣਾ ਭਾਣਾ ਕਰੀ । ਆਪ ਸਮਝਾਵੇ ਦੇ ਮਤ, ਰੱਖੇ ਪਤ ਦੇਵੇ ਸਾਚੀ ਵਰੀ । ਚਰਨ ਬੰਨ੍ਹਾਏ ਨਤ, ਸ਼ਬਦ ਆਤਮ ਦੇਵੇ ਬੀਜ ਸਾਚੇ ਵਤ, ਕਾਇਆ ਕਿਆਰੀ ਆਪੇ ਕਰੇ ਹਰੀ । ਗੁਰਮੁਖ ਸਾਚੇ ਤੇਰਾ ਧੀਰਜ ਯਤ ਉਤੇ ਰਹੇ ਮਾਤ ਧਰਤ, ਦੇਵੇ

ਵਰ ਕਿਰਪਾ ਕਰ, ਜੋਤ ਸਰੂਪੀ ਨਰ ਹਰੀ । ਨਰ ਹਰਿ ਹਰਿ ਨਿਰੰਕਾਰ । ਗੁਰਮੁਖ ਸਾਚੇ ਸੰਤ ਜਨਾਂ, ਜੋਤ ਅਧਾਰ ਦੇਵੇ ਸ਼ਬਦ ਅਪਰ ਅਪਾਰ । ਕਲਜੁਗ ਅੰਤਮ ਵੇਲਾ, ਪ੍ਰਭ ਬਣੇ ਸੱਜਣ ਸੁਹੇਲਾ ਨਾ ਹੋਏ ਕਦੇ ਖੁਆਰ । ਆਪੇ ਗੁਰ ਆਪੇ ਚੇਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪੇ ਪਾਵੇ ਸਾਰ । ਗੁਰ ਗੁਰ ਗੁਰ ਚੇਲਾ, ਚੇਲਾ ਗੁਰ ਗੁਰ ਚੇਲਾ ਇਕਾ ਥਾਂਏ ਹੋਏ ਮੇਲਾ । ਇਕ ਜੋਤ ਦੋਏ ਥਾਂ, ਅੰਤਮ ਹੋਏ ਇਕ ਇਕੇਲਾ । ਆਪ ਫੜੇ ਬਾਂਹ, ਬਣੇ ਸੱਜਣ ਸੁਹੇਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਕਰੇ ਖੇਲ ਅਪਰ ਅਪਾਰਿਆ । ਮਿਲਾਏ ਮੇਲ ਵਡ ਸੰਸਾਰਿਆ । ਵਧੇ ਵੇਲ ਗੁਰਮੁਖ ਫੁਲਵਾੜਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸ਼ਬਦ ਸਰੂਪੀ ਕਰੇ ਵਾੜਿਆ । ਸੱਚਾ ਪੀਰ ਸੁਲਤਾਨ ਇਕ ਅਲਾਹ ਹੈ । ਸ੍ਰਿਸ਼ਟ ਸਬਾਈ ਬਣਿਆ ਰਹੇ ਆਪ ਮਲਾਹ ਹੈ । ਜ਼ਾਤ ਪਾਤ ਦੀਨ ਮਜ਼੍ਹਬ ਨਾ ਮੰਨੇ ਕਿਸੇ ਈਨ, ਇਕੋ ਇਕ ਬੇਪ੍ਰਵਾਹ ਹੈ । ਭੰਨੇ ਹੰਕਾਰੀ ਜੋ ਵਜਾਵਣ ਝੂਠੀ ਬੀਨ, ਸਾਚੇ ਲੇਖ ਰਿਹਾ ਲਿਖਾ ਹੈ । ਸ੍ਰਿਸ਼ਟ ਸਬਾਈ ਸੱਚਾ ਨੂਰ ਨੁਰਾਨੀ ਰਿਹਾ ਵੇਖ, ਜੂਠਿਆਂ ਝੂਠਿਆਂ ਗਲ ਪਾਉਣਾ ਫਾਹ ਹੈ । ਰਹਿਣ ਨਾ ਦੇਵੇ ਕੋਈ ਜੀਵ ਸ਼ੈਤਾਨੀ, ਦਰ ਘਰ ਸਾਚੇ ਜੋ ਕਰਦੇ ਰਹੇ ਗੁਨਾਹ ਹੈ । ਜੋਤੀ ਜੋਤ ਸਰੂਪ ਹਰਿ, ਵਸੇ ਇਕ ਇਕੱਲੜਾ, ਧੁਰਦਰਗਾਹ ਸੱਚਾ ਥਾਂ ਹੈ । ਧੁਰਦਰਗਾਹ ਸਚ ਥਾਂ ਅਵੱਲੜਾ । ਵਸੇ ਇਕ ਅਲਾਹੀ ਨੂਰ ਖੁਦਾਏ ਇਕ ਇਕੱਲੜਾ । ਕਲਜੁਗ ਜੀਵ ਗਏ ਭੁਲਾਏ, ਪੈ ਗਏ ਔਝੜ ਰਾਹੇ, ਇਕ ਦੂਜੇ ਦਾ ਛਡਿਆ ਪਲੜਾ । ਜੋਤ ਸਰੂਪੀ ਹਰਿ ਜੋਤ ਜਗਾਏ । ਨਿਹਕਲੰਕ ਨਾਮ ਰਖਾਏ । ਅਮਾਮ ਮਹਿੰਦੀ ਬਣ ਕੇ ਆਏ । ਸ੍ਰਿਸ਼ਟ ਸਬਾਈ ਏਕਾ ਥਾਂ ਬਹਾਏ । ਦੂਈ ਦਵੈਤੀ ਪੜਦੇ ਆਪ ਵਢਾਏ । ਇਕੋ ਸੱਚਾ ਨੂਰ, ਇਕੋ ਸੱਚੀ ਤੂਰ ਸਭ ਦੇ ਕੰਨ ਸੁਣਾਏ । ਜੋ ਜਨ ਕਰਦੇ ਆਤਮ ਗਰੂਰ, ਕਰੇ ਚੂਰੋ ਚੂਰ, ਅੰਤਮ ਭੰਨ ਵਖਾਏ । ਜੋਤੀ ਜੋਤ ਸਰੂਪ ਹਰਿ, ਇਕੋ ਰਾਹ ਸੱਚਾ ਥਾਂ ਸ੍ਰਿਸ਼ਟ ਸਬਾਈ ਨੇਤਰ ਨਾਲ ਵਖਾਏ । ਸੱਚਾ ਥਾਂ ਧਾਮ ਅਪਾਰ ਹੈ । ਓਥੇ ਮਿਲੇ ਠੰਡੀ ਛਾਂ, ਹਰਿ ਪਰਵਰਦਿਗਾਰ ਹੈ । ਆਪੇ ਬਣੇ ਪਿਤਾ ਮਾਂ, ਜੋਤ ਸਰੂਪੀ ਸੱਚਾ ਯਾਰ ਹੈ । ਜਨ ਭਗਤਾਂ ਫੜੇ ਬਾਂਹ, ਕਰੇ ਸੱਚਾ ਇਕ ਪਿਆਰ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਆਏ ਜਾਮਾ ਧਾਰ ਹੈ । ਨੂਰ ਨੁਰਾਨੀ ਇਕ ਖੁਦਾਇਆ । ਆਤਮ ਹੋਈ ਸਰਬ ਗੁਮਾਨੀ, ਸਚ ਅੱਲਾ ਮਨੋ ਭੁਲਾਇਆ । ਸਾਰੇ ਫਿਰਦੇ ਵਾਹੋ ਦਾਹ, ਸਾਚਾ ਰਾਹ ਕਿਸੇ ਹੱਥ ਨਾ ਆਇਆ । ਪ੍ਰਗਟ ਹੋਇਆ ਸਾਚਾ ਹਰਿ, ਜੋਤ ਧਰ ਦੋਹਾਂ ਧਿਰਾਂ ਦਾ ਇਹ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪਣਾ ਰਾਹ ਇਕੋ ਇਕ ਰਖਾਇਆ । ਇਕੋ ਸਿੱਧਾ ਰਾਹ ਜਗਤ ਦਿਸਾਇੰਦਾ । ਅੱਖੀਂ ਦਏ ਦਿਖਾ, ਕਲਜੁਗ ਲੇਖ ਲਿਖਾਇੰਦਾ । ਅੱਗੋਂ ਕਿਸੇ ਨਾ ਕਰਨੀ ਨਾਹ, ਸ਼ਬਦ ਡੰਡਾ ਜਿਸ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਸਮਾਇੰਦਾ । ਆਪਣਾ ਭਾਣਾ ਆਪੇ ਜਾਣੇ । ਚਾਰ ਕੁੰਟਾਂ ਵੇਖ ਵਖਾਣੇ । ਦਹਿ ਦਿਸ਼ਾ ਦੇ ਵਿਚ ਭਵਾਣੇ । ਆਤਮ ਪਰਖੇ ਨੇਤਰ ਪੇਖੇ, ਬਿਰਧ ਬਾਲ ਜਵਾਨੇ । ਆਪੇ ਲਾਏ ਸਾਚੇ ਲੇਖੇ, ਤਖ਼ਤੋਂ ਲਾਹੇ ਰਾਜੇ ਰਾਣੇ । ਫੜ ਫੜ ਬਾਹੋਂ ਰਾਹੇ ਪਾਏ, ਕਲਜੁਗ ਜੀਵ ਗਰੀਬ ਨਿਮਾਣੇ । ਆਪੇ ਰੱਖੇ ਠੰਡੀ ਛਾਂਏ, ਦੇਵੇ ਮਾਣ ਨਿਮਾਣੇ ਨਿਤਾਣੇ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਦੀ ਆਪੇ ਜਾਣੇ । ਗਲ ਕਵਾਏ ਹਰਿ ਜੀ ਪਾਏ । ਪੰਚਮ ਜੇਠ ਰੰਗ ਰੰਗਾਏ । ਅਮਾਮ ਮਹਿੰਦੀ ਬਣ ਕੇ ਆਏ । ਸ੍ਰਿਸ਼ਟ ਸਬਾਈ ਝੂਠੀ ਇਕ ਦੂਜੇ ਨਾਲ ਐਵੇਂ

੧੫੬
੦੪

੧੫੭
੦੪

ਖਹਿੰਦੀ, ਕਰੇ ਕਰਾਏ ਆਪ ਖ਼ੁਦਾਏ । ਇਕੱਠੇ ਹੋ ਹੋ ਨਾ ਇਕ ਥਾਂ ਪੁੱਤ ਮਾਂ ਭੈਣ ਭਰਾ ਨਾ ਬਹਿੰਦੀ, ਆਤਮ ਦਏ ਸਰਬ ਰੁਲਾਏ । ਜੋਤੀ ਜੋਤ ਸਰੂਪ ਹਰਿ, ਕਰ ਖੇਲ ਵਡ ਵਡ ਸੱਜਣ ਸੁਹੇਲ ਸਾਚੇ ਲੇਖੇ ਦਏ ਲਗਾ । ਵੇਖ ਵਿਚਾਰੇ ਵੇਦ ਪੁਰਾਨਾ । ਪਾਵੇ ਸਾਰ ਕੁਰਾਨ ਅੰਜ਼ੀਲ ਅੰਜ਼ੀਲ ਕੁਰਾਨਾ । ਸਾਰੇ ਦੱਸਣ ਇਕੋ ਰਾਹ, ਇਕ ਖ਼ੁਦਾਈ ਇਕ ਭਗਵਾਨਾ, ਕਲਜੁਗ ਜੀਵ ਪਏ ਔਝੜ ਰਾਹ, ਭੁੱਲਿਆ ਹਰਿ ਜਿਸ ਨੇ ਦਿਤਾ ਪੀਣਾ ਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਸਭਨਾਂ ਜੀਆਂ ਦਾ ਇਕੋ ਬੀਨਾ ਦਾਨਾ । ਸ੍ਰਿਸ਼ਟ ਸਬਾਈ ਇਕ ਦਾਤਾਰ । ਸ੍ਰਿਸ਼ਟ ਸਬਾਈ ਕਰੇ ਪਿਆਰ । ਊਚ ਨੀਚ ਜ਼ਾਤ ਪਾਤ ਭੇਵ ਨਿਵਾਰ । ਕਲਜੁਗ ਤੇਰੀ ਅੰਧੇਰੀ ਰਾਤ, ਪ੍ਰਭ ਅੰਤਮ ਕਰੇ ਖੁਆਰ । ਸਭ ਦੇ ਅੰਦਰ ਵੇਖੇ ਮਾਰ ਝਾਤ, ਇਕੋ ਨੂਰ ਇਕੋ ਜੋਤ ਅਪਰ ਅਪਾਰ, ਧੁਰ ਦਰਗਾਹੋਂ ਲਿਆਇਆ ਇਕ ਸੁਗਾਤ, ਏਕਾ ਸ਼ਬਦ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਮਾਤ ਲਏ ਅਵਤਾਰ । ਨਿਹਕਲੰਕ ਲਏ ਅਵਤਾਰਾ । ਚਾਰ ਵਰਨ ਕਰੇ ਪਿਆਰਾ । ਬੇਮੁਖਾਂ ਕਲ ਕਰੇ ਖੁਆਰਾ । ਮਾਰੀ ਜਾਏ ਵਾਰੋ ਵਾਰਾ । ਫੇਰੀ ਜਾਏ ਹਰਿ ਸ਼ਬਦ ਆਰਾ । ਜਨ ਭਗਤਾਂ ਪਾਵੇ ਸਾਰਾ । ਮੰਗਣ ਜਾਏ ਚਲ ਦਵਾਰਾ । ਅੱਗੇ ਝੋਲੀ ਆਪਣੀ ਡਾਹੇ, ਗੁਰਮੁਖ ਸਾਚਾ ਭਿਖਿਆ ਪਾਏ, ਇਕੋ ਚਰਨ ਪਿਆਰਾ । ਸਾਚੀ ਸਿੱਖਿਆ ਆਪ ਦਵਾਏ, ਦੂਈ ਦਵੈਤੀ ਮੇਟੇ ਪਾੜਾ । ਸਾਚਾ ਲੇਖਾ ਲਿਖਿਆ ਨਾ ਕੋਇ ਮਿਟਾਏ, ਆਪ ਮਿਟਾਏ ਝੂਠੀ ਧਾੜਾ । ਜੋਤੀ ਜੋਤ ਸਰੂਪ ਹਰਿ, ਸ੍ਰਿਸ਼ਟ ਸਬਾਈ ਤੇਰੇ ਵਿਚ ਸਮਾਏ, ਜੋਤ ਜਗਾਏ ਰਚਿਆ ਰਹੇ ਤੇਰੀ ਬਹੱਤਰ ਨਾੜਾ । ਸਾਚਾ ਸਖੀ ਹਰਿ ਸੁਲਤਾਨ । ਹੋਇਆ ਰਹੇ ਮਿਹਰਵਾਨ । ਬੇਮੁਖਾਂ ਰਿਹਾ ਕਲਜੁਗ ਛਾਣ । ਦੂਰ ਦੁਰਾਡਾ ਵਸੇ, ਕਰ ਰਿਹਾ ਸੱਚੀ ਪਛਾਣ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤੀਰ ਚਲਾਏ, ਬੇਮੁਖਾਂ ਹਰਿ ਚੀਰ ਵਖਾਏ, ਮਾਰੇ ਸੱਚਾ ਬਾਣ । ਆਪੇ ਪੀਰ ਆਪ ਮੁਲਾਨਾ । ਆਪੇ ਬਣੇ ਦਸਤਗੀਰ, ਦੇਵੇ ਧੀਰ ਨਾਮ ਨਿਧਾਨਾ । ਬੇਮੁਖਾਂ ਲਾਹੇ ਚੀਰ, ਕਰੇ ਵਹੀਰ ਸ਼ਬਦ ਤੀਰ, ਇਕ ਚਲਾਨਾ । ਗੁਰਮੁਖਾਂ ਕਟੇ ਭੀੜ, ਦਰ ਘਰ ਸਾਚੇ ਮਾਣ ਦਵਾਨਾ । ਜੋਤੀ ਜੋਤ ਸਰੂਪ ਹਰਿ, ਆਪੇ ਪਹਿਰੇ ਆਪਣਾ ਬਾਣਾ । ਪਹਿਰੇ ਬਾਣਾ ਪਹਿਰੇ ਭੇਖ । ਸ੍ਰਿਸ਼ਟ ਸਬਾਈ ਲਿਖਾਏ ਹਰਿ ਜੀ ਸੱਚਾ ਲੇਖ । ਚਾਰੋਂ ਕੁੰਟ ਅੰਦਰ ਵੜ ਵੇਖੇ ਕਰੇ ਸਰਬ ਪਛਾਣਾ ਪੀਰ ਔਲੀਏ ਸ਼ੇਖ਼ । ਨਾ ਕੋਈ ਲਾਏ ਵੰਞ ਮੁਹਾਣੇ, ਨਾ ਕੋਈ ਵੇਖੇ ਰਾਜੇ ਰਾਣੇ ਵਡ ਸੁਲਤਾਨੇ, ਆਪਣੀ ਹੱਥੀਂ ਜੋ ਪਹਿਲੇ ਲਿਖੀ ਰੇਖ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਏ ਦਰਸ ਦਿਖਾਏ, ਧਰ ਧਰ ਭੇਸ, ਨਰ ਨਰੇਸ਼ ਮਾਝੇ ਦੇਸ ਸ੍ਰਿਸ਼ਟ ਸਬਾਈ ਲੈਣਾ ਵੇਖ । ਸ੍ਰਿਸ਼ਟ ਸਬਾਈ ਬੰਧੇ ਏਕਾ ਡੋਰ । ਆਪਣੇ ਚਰਨ ਬਹਾਏ ਖਿੱਚ ਲਿਆਏ ਗੁਰਮੁਖਾਂ ਨਿਭਾਏ ਲੱਗੀ ਤੋੜ । ਤੋੜ ਵਿਛੋੜਾ ਨਾ ਕੋਈ ਕਰੇ, ਸ਼ਬਦ ਘੋੜਾ ਇਕ ਲਿਆਏ ਆਪੇ ਪਏ ਬਹੁੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤ੍ਰਿਖਾ ਬੁਝਾਏ, ਅੰਮ੍ਰਿਤ ਮੁਖ ਚੁਆਏ, ਆਤਮ ਲੱਗੀ ਡਾਹਢੀ ਔੜ । ਗਲ ਮਾਲਾ ਹੱਥ ਵਿਚ ਗਾਨੀਆਂ । ਕਲਜੁਗ ਤੇਰੀਆਂ ਆਉਂਦੀਆਂ ਜਾਂਦੀਆਂ ਅੰਤ ਨਿਸ਼ਾਨੀਆਂ । ਕਰੇ ਖੇਲ ਹਰਿ ਅਪਾਰ ਵਿਚ ਸੰਸਾਰ, ਗੁਰਮੁਖ ਸਾਚੇ ਲਏ ਤਾਰ, ਕਰ ਕਰ ਵਡ ਮਿਹਰਬਾਨੀਆਂ । ਸਾਚਾ ਤਨ ਕਰਾਏ ਇਕ ਸ਼ਿੰਗਾਰ, ਸਾਚਾ ਬਖ਼ਸ਼ੇ ਚਰਨ ਪਿਆਰ, ਦੇਵੇ ਦਾਨ ਵਡ ਵਡ ਦਾਨੀਆਂ । ਸੁਖੀ ਕਰਾਏ ਨਰ ਨਾਰ, ਪਾਵੇ ਸਾਰ ਜੋ ਜਨ ਆਏ ਚਰਨ ਦਵਾਰ, ਜ਼ਾਤ ਪਾਤ ਊਚ ਨੀਚ ਭਰਮ ਨਿਵਾਰ, ਦੇਵੇ

੧੫੮
੦੪

ਮਾਣ ਭਗਤ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਬਣੇ ਸੱਚਾ ਬਾਨੀਆ । ਸੱਚਾ ਬਣੇ ਬਾਨੀ ਪਹਿਰੇ ਬਾਣਾ । ਨਾਲ ਰਲਾਏ ਸਤਿਜੁਗ ਤੇਰੀ ਚਰਨ ਪ੍ਰੀਤ ਸੱਚੀ ਰਾਣੀ, ਆਪੇ ਬਣੇ ਸੱਚਾ ਰਾਣਾ । ਚਾਰ ਵਰਨ ਇਕ ਥਾਂ ਬਹਾਏ, ਇਕੱਠਾ ਪਿਆਏ ਪਾਣੀ, ਇਕੋ ਰੱਖੇ ਸੱਚਾ ਤਾਣਾ । ਸ੍ਰਿਸ਼ਟ ਸਬਾਈ ਆਪੇ ਬਣੇ ਸੱਚਾ ਬਾਨੀ, ਸੋਹੰ ਸ਼ਬਦ ਇਕ ਸੁਖਾਣਾ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਰਿਹਾ ਕਰ, ਦੇਵੇ ਮਾਣ ਹਰਿ ਜੋ ਜਨ ਜਗਤ ਨਿਮਾਣਾ । ਹੱਥੀਂ ਪਾਏ ਹਰਿ ਕਲੀਰੇ । ਚਾਰ ਵਰਨ ਕਰਾਏ ਹਰਿ ਇਕ ਦੂਜੇ ਦੇ ਭੈਣ ਭਾਈ ਸਾਚੇ ਵੀਰੇ । ਆਪੇ ਬਣੇ ਸਾਕ ਸੱਜਣ ਸੈਣ ਵੇਖੇ ਨੈਣ, ਸਾਚਾ ਸ਼ਬਦ ਚਲਾਏ ਤੀਰੇ । ਬੇਮੁਖ ਭਾਣਾ ਅੰਤਮ ਸਹਿਣ, ਡੂੰਘੇ ਵਹਿਣ ਵਹਿਣ, ਕਿਸੇ ਹੱਥ ਨਾ ਆਉਣ ਨੀਰੇ । ਗੁਰਮੁਖ ਸਾਚੇ ਸੱਚਾ ਨਾਉਂ ਖ਼ੁਦਾਏ ਰਸਨਾ ਕਹਿਣ, ਅੰਤਮ ਕਟੇ ਭੀੜੇ । ਜੋਤੀ ਜੋਤ ਸਰੂਪ ਹਰਿ, ਏਕਾ ਤਨ ਲਗਾਏ ਬੇਮੁਖਾਂ ਦੇ ਪੀੜੇ । ਬੇਮੁਖਾਂ ਲੱਗੇ ਤਨ ਪੀੜ । ਆਤਮ ਖਾਏ ਇਕ ਹੰਕਾਰੀ ਕੀੜ । ਨਾ ਕੋਇ ਛੁਡਾਏ ਖਾਧੀ ਜਾਏ ਕਾਇਆ ਹੱਡੀ ਰੀੜ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਸ਼ਬਦ ਵੇਲਨੇ ਰਿਹਾ ਪੀੜ । ਸਾਚਾ ਹਾਰ ਹੱਥ ਨਿਰੰਕਾਰ । ਚਾਰ ਵਰਨਾ ਇਕਾ ਦੇਵੇ ਸਾਚਾ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਨਿਹਕਲੰਕ, ਸ਼ਬਦ ਵਜਾਏ ਇਕ ਡੰਕ, ਥਾਂ ਬਹਾਏ ਰਾਓ ਰੰਕ, ਨਾ ਕੋਈ ਕਰੇ ਵਿਚਾਰ । ਜਨ ਭਗਤਾਂ ਪਕੜ ਬਾਹੋਂ ਭਵ ਸਾਗਰ ਤਾਰੇ, ਪਾਵੇ ਸਾਰੇ ਵਿਚ ਸੰਸਾਰੇ, ਕਲਜੁਗ ਤੇਰੀ ਅੰਤਮ ਵਾਰੇ, ਬੇਮੁਖ ਹੋਣ ਸਰਬ ਖੁਆਰੇ, ਗੁਰਮੁਖ ਸਾਚੇ ਸੰਤ ਜਨ, ਹਰਿ ਮਿਲਿਆ ਸਚ ਭਤਾਰੇ । ਆਤਮ ਪੜਦਾ ਦੇਵੇ ਭੰਨ੍ਹ, ਦੇਵੇ ਨਾਮ ਅਪਰ ਅਪਾਰੇ । ਸਾਚਾ ਨਾਮ ਸੁਣਾਏ ਕੰਨ, ਆਤਮ ਲਾਹੇ ਸਰਬ ਅਫਾਰੇ । ਅੰਤਮ ਵੇਲੇ ਬੇਮੁਖਾਂ ਦੇਵੇ ਡੰਨ, ਸ਼ਬਦ ਕੁਹਾੜਾ ਸਿਰ ਵਿਚ ਮਾਰੇ । ਜੂਠੇ ਝੂਠੇ ਦੇਵੇ ਭੰਨ, ਨਾ ਅੰਤਮ ਬਣੇ ਕੋਈ ਰਖਵਾਰੇ । ਗੁਰਮੁਖ ਸਾਚੇ ਰਸਨਾ ਕਹਿਣ ਧੰਨ ਧੰਨ, ਪ੍ਰਭ ਅਬਿਨਾਸ਼ੀ ਸਾਚਾ ਤਨ ਗੁਰਮੁਖਾਂ ਆਪਣੀ ਹੱਥੀਂ ਆਪ ਸ਼ਿੰਗਾਰੇ । ਗੁਰਮੁਖਾਂ ਤਨ ਸ਼ਿੰਗਾਰਦਾ । ਆਪਣਾ ਆਪ ਉਤੋਂ ਵਾਰਦਾ । ਦੇਵੇ ਸੱਚੀ ਦਾਤ, ਰਾਹ ਦੱਸੇ ਇਕ ਪਰਵਰਦਿਗਾਰਦਾ । ਅੱਗੇ ਮਿਲਦਾ ਕਰ ਕੇ ਲੰਮੀਆਂ ਬਾਹਾਂ, ਜੋਤ ਸਰੂਪੀ ਧਾਰ ਭੇਖ ਹਰਿ ਨਿਰੰਕਾਰ ਦਾ । ਆਪ ਬਹਾਏ ਥਾਉਂ ਥਾਈਂ, ਸ੍ਰਿਸ਼ਟ ਸਬਾਈ ਆਤਮ ਵੇਖ ਵਿਚਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਫੜ ਬਾਹੋਂ ਪਾਰ ਉਤਾਰਦਾ । ਉਤਰੇ ਪਾਰ ਗੁਰਸਿਖ ਦੁਲਾਰਾ । ਮਿਲਿਆ ਹਰਿ ਨਿਰੰਕਾਰ, ਕਰਿਆ ਭੇਖ ਜਗਤ ਨਿਆਰਾ । ਸ੍ਰਿਸ਼ਟ ਸਬਾਈ ਲੈਣਾ ਵੇਖ, ਕਲਜੁਗ ਜੀਵ ਬਣੇ ਗਵਾਰਾ । ਭੇਵ ਨਾ ਪਾਏ ਕੋਈ ਵਡ ਵਡ ਸ਼ੇਖ, ਵੇਦ ਪੁਰਾਨਾ ਵਸੇ ਬਾਹਰਾ । ਨਾ ਕੋਈ ਰੂਪ ਨਾ ਕੋਈ ਰੇਖ, ਜੋਤ ਸਰੂਪੀ ਗੁਰਸਿਖ ਪਸਾਰਾ । ਆਪ ਲਿਖਾਏ ਗੁਰਸਿਖਾਂ ਲੇਖ, ਤਨ ਪਹਿਨਾਏ ਸੋਹੰ ਸੋਹਣਾ ਹਾਰਾ । ਵਿਚ ਮਾਤ ਲਗਾਏ ਸਾਚੀ ਮੇਖ, ਨਾ ਦਏ ਕੋਈ ਉਖਾੜਾ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ, ਗੁਰਸਿਖ ਬਣਾਇਆ ਕਲਜੁਗ ਨਾਰੀ ਤੇਰਾ ਸੱਚਾ ਲਾੜਾ । ਕਲਜੁਗ ਲਾੜੀ ਲਈ ਪਰਨਾ । ਗੁਰਸਿਖ ਲਾੜਾ ਲਿਆ ਬਣਾ । ਆਪਣੀ ਹੱਥੀਂ ਬੰਨ੍ਹੇ ਸਿਹਰੇ, ਪੰਚਮ ਜੇਠ ਦੇਵੇ ਫੇਰੇ, ਚੌੜਾ ਗੇੜਾ ਕਲਜੁਗ ਤੇਰਾ ਦਏ ਮੁਕਾ । ਆਪੇ ਕਰੇ ਆਪਣੀ ਮਿਹਰੇ । ਨਾ ਕੋਈ ਵੇਖੇ ਸੰਝ ਸਵੇਰੇ । ਵਕਤ ਆਉਂਦਾ ਜਾਏ ਨੇੜੇ । ਜਗਤ ਮੁਕਦੇ ਜਾਣ ਝੇੜੇ । ਖੁੱਲ੍ਹੇ ਦਿਸਣ ਚਾਰੋਂ ਤਰਫ ਧਰਤ ਤੇਰੇ ਵਿਹੜੇ । ਗੁਰਮੁਖਾਂ ਬੰਨ੍ਹੇ ਅੰਤਮ ਬੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀਂ ਹੱਥੀਂ

ਕਲ ਜਿਹੜੇ ਮਾਤ ਸਹੇੜੇ । ਕਲਜੁਗ ਨਾਰੀ ਤੇਰਾ ਸੀਸ ਹਰਿ ਗੁੰਦਾਇਆ । ਸੋਹਣਾ ਹਾਰ ਤੇਰੀ ਗੁੱਤੇ, ਆਪਣੀ ਹੱਥੀਂ ਆਪ ਬੰਨ੍ਹਾਇਆ । ਗੁਰਸਿਖ ਉਠਾਏ ਮਾਤ ਸੁੱਤੇ, ਜਾਂਵੀ ਲਾੜੇ ਗੁਰਸਿਖ ਸੰਗ ਨਾਲ ਰਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਕਲਜੁਗ ਨਾਰੀ ਤੇਰੀ ਸੇਵਾ ਦਰ ਦਰ ਘਰ ਘਰ ਸਾਚੇ ਦਏ ਬੰਨ੍ਹਾਏ । ਕਲਜੁਗ ਨਾਰੀ ਤੇਰੇ ਸੀਸ ਪਾਏ ਸੱਗੀ । ਸਾਚੀ ਜੋਤ ਮਾਝੇ ਦੇਸ ਜਗੀ । ਤੱਤੀ ਵਾ ਚਾਰੋਂ ਤਰਫ ਲੱਗੀ । ਗੁਰਮੁਖ ਸਾਚੇ ਸੰਤ ਜਨਾਂ, ਮੂਲ ਤਨ ਨਾ ਲੱਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਡੋਰ ਰਖਾਏ ਕੱਚੀ ਤਗੀ । ਸੋਹਣਾ ਹਾਰ ਹਰਿ ਗੁਦਾਇੰਦਾ । ਕਲਜੁਗ ਨਾਰੀ ਕਰ ਤਿਆਰ, ਹੱਥ ਕਲੀਰੇ ਆਪ ਪਹਿਨਾਇੰਦਾ । ਬੇਮੁਖ ਜੀਵ ਇਹਦੇ ਬਣੇ ਝੂਠੇ ਵੀਰੇ, ਡੋਲੀ ਉਹਨਾਂ ਕੰਧੀ ਆਪ ਉਠਾਇੰਦਾ । ਮਾਤਲੋਕ ਵਿਚੋਂ ਜਾਣ ਪੈਂਡਾ ਚੀਰੇ, ਧਰਮ ਰਾਏ ਅੱਗੇ ਬੈਠਾ ਮੁਖ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਅੰਤਮ ਵੇਲੇ ਕਲਜੁਗ ਤੇਰਾ ਵਾਹਵਾ ਸੋਹਣਾ ਕਾਜ ਰਚਾਇੰਦਾ । ਕਲਜੁਗ ਤੇਰਾ ਕਾਜ ਰਚਾਇਆ । ਬੇਮੁਖਾਂ ਹੱਡਾਂ ਬਾਲਣ ਸੱਚਾ ਦਾਜ, ਤੇਰੀ ਝੋਲੀ ਪਾਇਆ । ਗੁਰਮੁਖਾਂ ਸਿਰ ਦੇਵੇ ਸੱਚਾ ਤਾਜ, ਤਨ ਸ਼ਿੰਗਾਰ ਆਪ ਕਰਾਇਆ । ਆਪ ਸੁਹਾਏ ਅੰਤਮ ਤੇਰਾ ਕਾਜ, ਨਾ ਕੋਈ ਹੋਰ ਰੱਖੇ ਤੇਰੀ ਲਾਜ, ਚਾਰੋਂ ਕੁੰਟ ਬੇਮੁਖ ਜਾਣੇ ਭਾਜ, ਨਾ ਸੰਗ ਕਿਸੇ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਜੋਤ ਮਾਤ ਕਲ ਧਰ, ਆਪਣਾ ਭੇਖ ਆਪ ਵਟਾਇਆ । ਵੇਖੇ ਖੇਲ ਹਰਿ ਬਨਵਾਰਿਆ । ਕਰੇ ਖੇਲ ਅਪਰ ਅਪਾਰਿਆ । ਕਲਜੁਗ ਸਤਿਜੁਗ ਦੋਏ ਹੋਏ ਇਕੱਠੇ, ਹਰਿ ਸਾਚਾ ਵੇਖੇ ਕਰੇ ਵਿਚਾਰੇ, ਮੈਂ ਪਹਿਲਾਂ ਕਰਾਂ ਕਿਹਦੀ ਚੱਠੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਤਪਾਏ ਸ੍ਰਿਸ਼ਟ ਸਬਾਈ ਤੇਰਾ ਸੱਚਾ ਭੱਠੇ । ਸ੍ਰਿਸ਼ਟ ਸਬਾਈ ਭੱਠ ਤਪਾਉਣਾ । ਲੱਖ ਚੁਰਾਸੀ ਵਿਚ ਪਕਾਉਣਾ । ਜੋਤ ਸਰੂਪੀ ਜੋਤ ਧਰ, ਆਪਣਾ ਭਾਣਾ ਆਪ ਵਰਤਾਉਣਾ । ਸਿੰਘ ਸਿੰਘਾਸਣ ਹਰ ਜੀ ਬੈਠ, ਦੋਵੇਂ ਹੱਥੀਂ ਫੜ ਫੜ ਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਗਵਾਏ ਰਾਜਾ ਰਾਣਾ । ਹਰਿ ਜੀ ਆਪ ਬਣਾਏ ਲੱਖ ਚੁਰਾਸੀ ਇਕੋ ਰੋਟੀ, ਦੋਹੀਂ ਹੱਥੀਂ ਆਪ ਪਕਾਏ । ਘੜ ਘੜ ਸੋਹਣੀ ਟਿੱਕੀ, ਧਰਤ ਮਾਤ ਤੇਰੇ ਉਤੇ ਆਪ ਟਿਕਾਏ । ਜੋਤੀ ਜੋਤ ਸਰੂਪ ਹਰਿ, ਕੋਟਨ ਕੋਟੀ ਇਕੋ ਵਾਰ ਦਏ ਤਪਾਏ । ਗੁਰ ਸੰਗਤ ਆਈ ਘੇਰੇ । ਹਰਿ ਕਰੇ ਸਚ ਨਬੇੜੇ । ਬੇਮੁਖ ਝੂਠੇ ਉਠ ਖਲੋਵਣ, ਬਾਹਰ ਜਾਵਣ ਖੁਲ੍ਹੇ ਵਿਹੜੇ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਫਿਰੇ ਚਾਰ ਚੁਫੇਰੇ ਕਰੇ ਨਬੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜਾਨਣ ਦੂਰ ਦੁਰਾਡਾ, ਗੁਰਮੁਖਾਂ ਸਦ ਨੇੜਨ ਨੇੜੇ । ਗੁਰ ਪੂਰੇ ਘੇਰਾ ਪਾਇਆ । ਸ਼ਬਦ ਡੋਰੀ ਨਾਲ ਬੰਧਾਇਆ । ਇਕੋ ਗੇੜਾ ਆਪ ਦਵਾਇਆ । ਸ਼ਬਦ ਮਾਰੇ ਇਕ ਲਫੇੜਾ, ਜਿਸ ਨੇ ਮੁਖ ਭਵਾਇਆ । ਆਪੇ ਦੇਵੇ ਬੈਠਾ ਗੇੜਾ, ਜੋ ਜਨ ਸੋਹੰ ਸ਼ਬਦ ਲਏ ਭੁਲਾਇਆ । ਆਪੇ ਡੋਬੇ ਅਧ ਵਿਚ ਬੇੜਾ, ਨਾ ਸਕੇ ਕੋਈ ਤਰਾਇਆ । ਉਜੜਿਆ ਰਹੇ ਕਾਇਆ ਨਗਰ ਖੇੜਾ, ਦੀਪਕ ਜੋਤੀ ਦਏ ਬੁਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਦੂਜੀ ਵਾਰ ਇਕ ਸੁਣਾਇਆ । ਗੁਰ ਸੰਗਤ ਹੋਣਾ ਖ਼ਬਰਦਾਰ । ਅੰਤਮ ਵਾਰ ਬੇਮੁਖ ਭੁਆਣਾ, ਦਰ ਘਰ ਸਾਚੇ ਵਿਚੋਂ ਹੋਣਾ ਬਾਹਰ । ਚਰਨ ਪ੍ਰੀਤੀ ਲੱਗੀ ਤੋੜ ਨਿਭਾਉਣਾ, ਪ੍ਰਭ ਦੇਵੇ ਸੱਚਾ ਇਕ ਪਿਆਰ । ਔਝੜ ਰਾਹੇ ਹਰਿ ਜੀ ਪਾਉਣਾ, ਰਸਨਾ ਮਦਿਰਾ ਮਾਸ ਜਿਸ ਜਨ ਲਗਾਉਣਾ, ਬੈਠਾ ਰਹੇ ਅੱਧਵਿਚਕਾਰ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਤੇਰੇ ਚਾਰ ਚੁਫੇਰੇ ਸ਼ਬਦ ਸਰੂਪੀ


੧੫੯
੦੪

ਲਾਏ ਇਕ ਲਕਾਰ । ਗੁਰ ਸੰਗਤ ਹਰਿ ਆਖ ਸੁਣਾਏ । ਫਲ ਲਗਾਏ ਸਾਚੇ ਡਾਲ, ਅੰਮ੍ਰਿਤ ਫਲ ਪੂਰਾ ਆਪੇ ਲਏ ਪਾਲ, ਕਰ ਰਖਵਾਲ ਸਾਚੇ ਬੂਟੇ ਹਰਿ ਜੀ ਲਾਏ । ਚਰਨ ਪ੍ਰੀਤੀ ਨਿਭਾਏ ਨਾਲ ਨਾਲ, ਨਾ ਕੋਈ ਤੋੜੇ ਤੋੜ ਤੁੜਾਏ । ਗੁਰਮੁਖ ਸਾਚੇ ਵਿਚੋਂ ਮਾਤ ਲੱਭੇ ਅਨਮੁਲੜੇ ਲਾਲ, ਅੰਤਮ ਲੇਖਾ ਆਪ ਚੁਕਾਇਆ, ਤੋੜੇ ਜਗਤ ਜੰਜ਼ਾਲ ਸਾਚੇ ਲੇਖੇ ਆਪੇ ਲਾਏ । ਗੁਰਸਿਖ ਕਦੇ ਨਾ ਹੋਏ ਕੰਗਾਲ, ਸੋਹੰ ਸੱਚਾ ਧੰਨ ਮਾਲ, ਪ੍ਰਭ ਅਬਿਨਾਸ਼ੀ ਝੋਲੀ ਪਾਏ । ਗੁਰਮੁਖ ਤੇਰਾ ਮਸਤਕ ਲਾਲੋ ਲਾਲ, ਆਤਮ ਜੋਤੀ ਦਏ ਜਗਾਏ । ਇਕਾ ਚਾੜ੍ਹੇ ਰੰਗ ਗੁਲਾਲ, ਉਤਰ ਕਦੀ ਨਾ ਜਾਏ । ਇਕੋ ਉਠੋ ਮਾਰੋ ਛਾਲ, ਸ਼ਬਦ ਬਬਾਣਾ ਹਰਿ ਲਿਆਏ । ਆਪ ਅੰਮ੍ਰਿਤ ਸੁਹਾਏ ਤਾਲ, ਦੁਰਮਤ ਮੈਲ ਸਰਬ ਗਵਾਏ । ਆਪੇ ਤੋੜੇ ਮਾਇਆ ਜਾਲ, ਸ਼ਬਦ ਡੋਰੀ ਨਾਲ ਬੰਧਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਸਾਚੀ ਵਸਤ ਰੱਖੇ ਸੰਭਾਲ, ਅੰਤਮ ਵੇਲੇ ਸੰਗ ਨਿਭਾਏ । ਸਾਚਾ ਕਰਮ ਕਮਾਉਂਦਾ ਜਾਏ । ਗੁਰਮੁਖ ਸੋਇਆ ਵਿਚ ਮਾਤ, ਫੜ ਫੜ ਬਾਹੋਂ ਆਪ ਉਠਾਉਂਦਾ ਜਾਏ । ਗੁਰਮੁਖ ਮੈਲ ਪਾਪਾਂ ਦਾਗ ਧੋਇਆ, ਚਿੱਟਾ ਬਾਣਾ ਇਕਾ ਤਨ ਪਹਿਨਾਉਂਦਾ ਜਾਏ । ਸਾਚਾ ਬੀਜ ਹਰਿ ਜੀ ਬੋਇਆ, ਸਾਚਾ ਫਲ ਆਪਣੀ ਹੱਥੀਂ ਆਪ ਖਵਾਉਂਦਾ ਜਾਏ । ਗੁਰਮੁਖ ਅਵਰ ਨਾ ਜਾਣੇ ਕੋਇਆ, ਨਿਹਕਲੰਕ ਸਾਚਾ ਡੰਕ ਵਜਾਉਂਦਾ ਜਾਏ । ਕਲਜੁਗ ਅੰਤਮ ਬੇਮੁਖ ਰੋਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਹਾਰ ਗਲ ਵਿਚ ਫਾਹੀਆਂ ਪਾਉਂਦਾ ਜਾਏ । ਕਲਜੁਗ ਤੇਰੇ ਗਲ ਵਿਚ ਫਾਹੀ । ਅੰਤ ਨਾ ਲਏ ਕੋਈ ਛੁਡਾਈ । ਬੇਮੁਖਾਂ ਮੁਖ ਲੱਗੀ ਛਾਹੀ । ਅੰਤਮ ਮਿਲੇ ਨਾ ਕੋਈ ਮਲਾਹੀ । ਗੁਰਮੁਖ ਸਾਚੇ ਸੰਤ ਜਨਾਂ, ਇਕਾ ਸ਼ਬਦ ਸ਼ਿੰਗਾਰ ਤਨ ਸੋਹਣਾ ਹਾਰ ਆਪ ਪਹਿਨਾਈ । ਸੋਹਣਾ ਹਾਰ ਗੁਰ ਪੂਰੇ ਹੱਥ ਸਜਦਾ । ਗੁਰਮੁਖਾਂ ਗੁਰਸਿਖਾਂ ਜਿਹੜਾ ਪੜਦੇ ਕੱਜਦਾ । ਜਿਸ ਜਨ ਤਨ ਛੁਹਾਏ ਦਇਆ ਕਮਾਏ, ਕਲਜੁਗ ਅੰਤਮ ਮੂਲ ਨਾ ਭੱਜਦਾ । ਸਾਚਾ ਫੂਲ ਕੰਤ ਕੰਤੂਹਲ ਗੁਰਮੁਖ ਤੇਰੀ ਸੇਜਾ ਆਪਣੀ ਹੱਥੀਂ ਆਪ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਗੁਰਮੁਖ ਸਾਚਾ ਸੰਤ ਉਤੇ ਗੂੜ੍ਹੀ ਨੀਂਦ ਦਏ ਸਵਾਏ । ਗੂੜ੍ਹੀ ਨੀਂਦ ਗੁਰਸਿਖ ਸੌਣਾ । ਫੂਲਾਂ ਥੱਲੇ ਸੇਜ ਵਿਛਾਉਣਾ । ਸ਼ਬਦ ਦੁਸ਼ਾਲਾ ਉਤੇ ਪਾਉਣਾ । ਆਪ ਬਨਾਉਣਾ ਸੱਚਾ ਲਾਲਾ, ਚਿੱਟੇ ਰੁਮਾਲ ਬੰਨ੍ਹ ਵਖਾਉਣਾ । ਲਾਲ ਅਨਮੁਲੜਾ ਹਰਿ ਜੀ ਭਾਲਾ, ਇਕੋ ਛੋਟਾ ਨਿੱਕਾ ਬਾਲਾ, ਸਾਚਾ ਰਾਹ ਜਿਸ ਵਖਾਉਣਾ । ਗੁਰਮੁਖਾਂ ਅੰਤਮ ਕਰਦਾ ਜਾਏ ਮਾਲ ਮਾਲਾ, ਭੱਜਾ ਜਾਏ ਮਾਰੀ ਛਾਲਾ, ਨਿਹਕਲੰਕ ਕਲ ਦਰਸ ਦਿਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਮਿਹਰਵਾਨ ਸਿੰਘ ਮਨਜੀਤ ਸਾਚੇ ਧਾਮ ਆਪ ਬਹਾਉਣਾ । ਛੋਟੇ ਬਾਲੇ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਦੱਸੇ ਸਾਚਾ ਥਾਂ । ਸੱਤ ਮਹੀਨੇ ਤਿੰਨ ਦਿਨ ਵਿਚ ਮਾਤ ਲਏ ਲੰਘਾ । ਮੈਂ ਲੰਘਾਏ ਗਿਣ ਗਿਣ, ਨਾ ਲੱਗੀ ਪਿਆਰੀ ਮਾਂ । ਸ੍ਰਿਸ਼ਟ ਸਬਾਈ ਮਿਣ ਮਿਣ, ਮੈਂ ਚਾਰੇ ਕੁੰਟਾਂ ਦਿਆਂ ਵਖਾ । ਫੂਲਨ ਸੇਜ ਹਰਿ ਜੀ ਚੁਣ ਚੁਣ, ਉਤੇ ਦਿਤਾ ਆਪ ਟਿਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਹੌਲਾ ਭਾਰ, ਕਲਜੁਗ ਅੰਤਮ ਵਾਰ ਵਿਚ ਮਾਤ ਦਿਤਾ ਕਰਾ । ਗੁਰ ਸੰਗਤ ਤੇਰਾ ਹੌਲਾ ਭਾਰ ਕਰਾਇਆ । ਛੋਟਾ ਬਾਲਾ ਅੱਗੇ ਲਾਇਆ । ਸੱਤਾਂ ਦੀਪਾਂ ਕਰੇ ਰੁਸ਼ਨਾਇਆ । ਤਿੰਨਾਂ ਲੋਕਾਂ ਬਾਹਰ ਰਖਾਇਆ । ਇਕ ਸੁਣਾਇਆ ਸ਼ਬਦ ਸਲੋਕਾ, ਦਰ ਘਰ ਸਾਚੇ ਜਾਏ ਰਾਹ ਵਿਚ ਨਾ ਕਿਸੇ ਰੋਕਾ, ਹਰਿ ਚਰਨੀ ਲਏ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਤੋੜ ਜੰਜ਼ਾਲੇ,

੧੬੦
੦੪

ਬਾਹੋਂ ਫੜ ਆਪਣੇ ਲੜ, ਸੋਲਾਂ ਮੱਘਰ ਨਾਲ ਬੰਨ੍ਹਾਇਆ । ਮੇਰੀ ਇਕੋ ਛਾਲ ਸ਼ਬਦ ਉਡਾਰਿਆ । ਸੁਖੀ ਹੋਇਆ ਵਾਲ ਵਾਲ, ਛੱਡੇ ਮਾਤ ਪਿਤ ਪਿਆਰਿਆ । ਮਿਲੀ ਦਰ ਘਰ ਸਾਚੇ ਇਕ ਸੁਗਾਤ, ਸੋਹੰ ਸ਼ਬਦ ਅਪਰ ਅਪਾਰਿਆ । ਕਲਜੁਗ ਮਿਟੀ ਅੰਧੇਰੀ ਰਾਤ, ਗਿਆ ਧੁਰਦਰਗਾਹ ਸਚ ਦਰਬਾਰਿਆ । ਅੱਗੇ ਵੇਖਿਆ ਠੰਡਾ ਥਾਂ, ਜਗੇ ਜੋਤ ਹਰਿ ਨਿਰੰਕਾਰਿਆ । ਪ੍ਰਭ ਅਬਿਨਾਸ਼ੀ ਅੱਗੋਂ ਫੜੀ ਬਾਂਹ, ਧਰਤ ਮਾਤ ਦੇ ਲਾਲ ਦੁਲਾਰਿਆ । ਜੋਤੀ ਜੋਤ ਸਰੂਪ ਹਰਿ, ਆਪਣੀ ਚਰਨੀ ਆਪ ਬਹਾ ਰਿਹਾ । ਆਪਣੀ ਚਰਨੀ ਆਪ ਲਗਾਇਆ । ਦੂਜਾ ਹੁਕਮ ਫੇਰ ਸੁਣਾਇਆ । ਉਠ ਲਾਲ ਹੋ ਤਿਆਰ, ਪ੍ਰਭ ਅਬਿਨਾਸ਼ੀ ਤੇਰਾ ਬੇੜਾ ਬੰਨ੍ਹ ਵਖਾਇਆ । ਕਲਜੁਗ ਅੰਤਮ ਆਈ ਹਾਰ, ਇੰਦਰ ਹੋ ਜਾਏ ਇੰਦਰਪੁਰੀ ਚੋਂ ਬਾਹਰ, ਖ਼ਾਲੀ ਸਿੰਘਾਸਣ ਆਪ ਵਖਾਇਆ । ਨਿਹਕਲੰਕ ਕਲ ਲੈ ਅਵਤਾਰ, ਆਪਣੀ ਕਿਰਪਾ ਦਿੱਤੀ ਧਾਰ, ਤਿੰਨਾਂ ਲੋਕਾਂ ਪਾਵੇ ਸਾਰ, ਛੋਟਾ ਬਾਲਾ ਸਿੰਘ ਸਿੰਘਾਸਣ ਫੜ ਕੇ ਆਪਣੇ ਹੱਥੀਂ ਗੁਰ ਪੂਰਾ ਦਏ ਬਹਾਇਆ । ਸਿੰਘ ਸਿੰਘਾਸਣ ਗਿਆ ਸਜ । ਮਾਰ ਛਾਲ ਚੜ੍ਹਿਆ ਭੱਜ । ਕਲਜੁਗ ਤੇਰਾ ਝੂਠਾ ਤਾਲ ਅੰਤਮ ਜਾਣਾ ਵੱਜ । ਫਲ ਨਾ ਰਹਿਣਾ ਕਿਸੇ ਡਾਲ, ਜੋਤ ਸਰੂਪੀ ਰਿਹਾ ਗੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਖੇਲ ਰਚਾਏ, ਲਾਉਣ ਨਾ ਦੇਵੇ ਅੱਜ ਪੱਜ । ਗੁਰ ਦਰ ਗੁਰਮੁਖ ਜਾਣ । ਜਿਥੇ ਹੋਵੇ ਸਚ ਪਛਾਣ । ਗੁਰਮੁਖ ਗੁਰ ਦਰ ਜਾਣ, ਨਾ ਬਣਨਾ ਕਲ ਨਿਧਾਨ । ਏਥੇ ਚੁੱਕੇ ਜਮ ਕੀ ਕਾਨ । ਗੁਰਮੁਖ ਗੁਰ ਪਛਾਣ । ਮਿਲੇ ਦਰਗਾਹ ਸੱਚਾ ਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ । ਬਲੀ ਬਲਵਾਨ ਜੋਧਾ ਸੂਰ । ਸ੍ਰਿਸ਼ਟ ਸਬਾਈ ਬੰਨ੍ਹੀ ਬੈਠਾ ਸੱਚਾ ਬੇੜਾ ਇਕੋ ਪੂਰ । ਇਕੋ ਪਾਇਆ ਨਾਮ ਜੇੜਾ, ਅੰਤ ਛੁਡਾਇਆ ਜਮ ਕਾ ਜੂੜ । ਕਲਜੁਗ ਤੇਰਾ ਅੰਤ ਕਰੇ ਨਬੇੜਾ, ਇਕੋ ਦੇਵੇ ਜਗਤ ਗੇੜਾ, ਕਰੇ ਚੂਰੋ ਚੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਦੇਵੇ ਪੂਰ । ਸਿਰ ਉਠਾਇਆ ਫੂਲਾਂ ਖਾਰਾ । ਗੁਰਮੁਖਾਂ ਚੁਕਿਆ ਹਰਿ ਜੀ ਭਾਰਾ । ਮੰਗਣ ਆਇਆ ਚਲ ਦਵਾਰਾ । ਜੋਤ ਸਰੂਪੀ ਭੇਖ ਧਾਰਾ । ਵੇਖ ਵੇਖ ਪੇਖ ਪੇਖ ਭੁਲ ਨਾ ਜੀਵ ਗਵਾਰਾ । ਗੁਰਮੁਖਾਂ ਆਪ ਲਿਖਾਏ ਸਾਚੇ ਲੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਿਰ ਉਠਾਈ ਫੂਲਾਂ ਖਾਰੀ । ਮਾਲਨ ਆਈ ਜੋਤ ਵਿਚਾਰੀ । ਗੁਰਮੁਖ ਉਠਾਇਆ ਹਰਿ ਜੀ ਬਾਲਨ, ਅੰਤਮ ਥੱਲੇ ਡਾਹੇ ਕਰ ਤਿਆਰੀ । ਗੁਰਮੁਖ ਸਾਚਾ ਫਲੇ ਫੁਲੇ, ਮੁੱਲ ਪਵਾਏ ਹਰਿ ਜੀ ਭਾਗ ਲਗਾਏ ਸਾਚੀ ਕੁੱਲੇ, ਬਾਹੋਂ ਪਕੜ ਜਾਏ ਤਾਰੀ । ਸਾਚਾ ਤੋਲ ਗੁਰਮੁਖ ਤੁਲੇ, ਮਾਨਸ ਜਨਮ ਨਾ ਜਾਏ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਕਾਰੀ । ਫੂਲਨ ਖਾਰੀ ਹਰਿ ਉਠਾਈਆ । ਪਹਿਲੀ ਵਾਰ ਚੌਥੇ ਜੁਗ ਨਿਹਕਲੰਕ ਜੋਤ ਜਗਾਈਆ । ਸ਼ਬਦ ਵਜਾਏ ਸਾਚਾ ਡੰਕ, ਸੁਣੇ ਸਰਬ ਲੋਕਾਈਆ । ਸਰਬ ਉਠਾਏ ਰਾਓ ਰੰਕ, ਘਰ ਘਰ ਸਾਰੇ ਦੇਣ ਦੁਹਾਈਆ । ਗੁਰਮੁਖਾਂ ਮਿਟਾਏ ਆਤਮ ਸ਼ੰਕ, ਦੇਵੇ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਰਿਹਾ ਭਾਰ ਵੰਡਾਈਆ । ਗੁਰਮੁਖਾਂ ਭਾਰ ਲਵਾਂ ਚੁੱਕ । ਕਲਜੁਗ ਅੰਤਮ ਆਇਆ ਢੁਕ । ਪ੍ਰਭ ਅਬਿਨਾਸ਼ੀ ਲਿਖਾਇਆ ਲੇਖ ਲਾਉਂਦਾ ਜਾਏ ਇਕ ਮੇਖ, ਪ੍ਰਭ ਅਬਿਨਾਸ਼ੀ ਨੇਤਰ ਪੇਖ, ਗੁਰਸਿਖ ਤੇਰੀ ਉਤਰੇ ਭੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਭਾਗ ਲਗਾਇਆ, ਗੁਰ ਸੰਗਤ ਦੂਜੀ ਸੰਗ ਰਲਾਇਆ ਆਪ ਦਵਾਇਆ ਸਾਰਾ ਸੁਖ । ਆਪੇ ਚੁੱਕੇ ਫੂਲਨ ਪੰਡ । ਹਰਿ ਜੀ ਆਪੇ ਦੇਵੇ

੧੬੧
੦੪

ਪੱਕੀ ਗੰਢ । ਖੁਲ੍ਹ ਨਾ ਜਾਏ ਵਿਚ ਬ੍ਰਹਿਮੰਡ । ਗੁਰਸਿਖ ਨਾ ਹੋਏ ਰੰਡ । ਪ੍ਰਭ ਅਬਿਨਾਸ਼ੀ ਨਾ ਦੇਵੇ ਅੰਤਮ ਵੇਲੇ ਕੰਡ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਤੋੜੇ ਹੰਕਾਰੀ ਗੰਢ । ਚੁੱਕੇ ਭਾਰ ਹਰਿ ਦਾਤਾਰ । ਗੁਰਮੁਖਾਂ ਦਿਸੇ ਸਚ ਪਿਆਰ । ਅੰਤਮ ਵੇਲੇ ਹੋਏ ਸਹਾਰ । ਜੋਤ ਸਰੂਪੀ ਹਰਿ ਕਰਤਾਰ । ਨਾ ਕੋਈ ਰੰਗ ਨਾ ਕੋਈ ਰੂਪੀ, ਜੋਤ ਸਰੂਪੀ ਇਕ ਅਕਾਰ । ਭੁਲੇ ਫਿਰਨ ਸ਼ਾਹੋ ਭੂਪੀ, ਹੋਈ ਆਤਮ ਅੰਧ ਕੂਪੀ, ਨਾ ਕੋਈ ਪਾਵੇ ਸਾਰ । ਗੁਰਮੁਖ ਆਤਮ ਸਤਿ ਸਰੂਪੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕਾ ਦਿਸੇ ਸਾਚੀ ਧਾਰ । ਦੱਸੇ ਸਾਚੀ ਧਾਰ ਜਗਤ ਗੁਸਾਈਂਆ । ਸਿਰ ਉਠਾਇਆ ਆਪਣਾ ਭਾਰ, ਗੁਰਮੁਖਾਂ ਲਿਆ ਵੰਡਾਈਆ । ਦਰਗਹਿ ਸਾਚੀ ਪਾਵੇ ਸਾਰ, ਹੋਏ ਆਪ ਸਹਾਈਆ । ਬਾਹੋਂ ਫੜ ਕਲ ਜਾਏ ਤਾਰ, ਬੇੜਾ ਪਾਰ ਕਰਾਈਆ । ਧਰਮ ਰਾਏ ਨਾ ਮਾਰੇ ਡਾਹਢੀ ਮਾਰ, ਲੱਖ ਚੁਰਾਸੀ ਫੰਦ ਕਟਾਈਆ । ਇਕ ਪਹਿਨਾਏ ਤਨ ਸ਼ਿੰਗਾਰ, ਗੁਰਮੁਖਾਂ ਦੇਵੇ ਕਰ ਪਿਆਰ, ਜੋਤ ਸਰੂਪੀ ਹਰਿ ਰਘੁਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚੀ ਕਾਰ ਵਿਚ ਮਾਤ ਚਲਾਈਆ । ਫੂਲਨ ਖਾਰੀ ਲਈ ਉਠਾਲ । ਪਹਿਲੀ ਮਾਰੀ ਇਕੋ ਛਾਲ । ਗੁਰਮੁਖਾਂ ਬਣੇ ਆਪ ਰਖਵਾਲ । ਬੇਮੁਖਾਂ ਦਲੇ ਜਿਉਂ ਦੋ ਫਾੜੇ ਦਾਲ । ਗੁਰਮੁਖਾਂ ਦੇ ਅੰਦਰ ਵੜੇ, ਦੀਪਕ ਜੋਤੀ ਦੇਵੇ ਬਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਵਿਚੋਂ ਮਾਤ ਲੱਭੇ ਅਨਮੁੱਲੜੇ ਲਾਲ । ਹਰਿ ਸਾਚੇ ਖੇਲ ਰਚਾਈਆ । ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਲੇਖ ਲਿਖਾਈਆ । ਨੇਤਰ ਲੈਣਾ ਵੇਖ ਸੁਣਨਾ ਹਰਿ ਕੰਨਾਂ, ਪ੍ਰਭ ਸੋਹੰ ਡੰਕ ਰਿਹਾ ਵਜਾਈਆ । ਝੋਲੀ ਪਾਏ ਸਾਚਾ ਨਾਮ ਧਨਾ, ਤ੍ਰਿਸ਼ਨਾ ਭੁੱਖ ਅਗਨ ਗਵਾਈਆ । ਗੁਰਮੁਖਾਂ ਆਤਮ ਜਾਏ ਮੰਨਾ, ਅੰਮ੍ਰਿਤ ਬੂੰਦ ਸਵਾਂਤੀ ਆਪ ਪਿਲਾਈਆ । ਬੇਮੁਖਾਂ ਲੱਗੇ ਅੱਗ ਤਨਾਂ, ਦਰ ਘਰ ਸਾਚੇ ਰਹਿਣ ਨਾ ਪਾਈਆ । ਆਪ ਕਢਾਏ ਸਰਬ ਜਨਾਂ, ਜੋਤ ਸਰੂਪੀ ਹਰਿ ਰਘੁਰਾਈਆ । ਭਾਂਡਾ ਭਉ ਭਰਮ ਦੇਵੇ ਭੰਨਾ, ਸ਼ਬਦ ਹਥੌੜਾ ਆਪ ਉਤੇ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਬੇੜਾ ਬੰਨ੍ਹ ਵਖਾਈਆ । ਬੇੜਾ ਬੰਧੇ ਹੋਏ ਸਹਾਰਾ । ਜਿਉਂ ਮਾਲ ਚਰਾਏ ਧੰਨੇ, ਆਪਣੀ ਹੱਥੀਂ ਮੋੜੇ ਆਪ ਕਿਆਰਾ । ਪੀਏ ਛਾਛ ਵਿਚ ਛੰਨੇ, ਭੋਗ ਲਗਾਏ ਕਰ ਖੇਲ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਆਏ ਗੁਰਸਿਖਾਂ ਚਲ ਦਵਾਰਾ । ਜਿਉਂ ਧੰਨੇ ਪਾਈ ਸਾਰ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਨਾ ਜਾਣੇ ਮੂਰਖ ਮੁਗਧ ਗਵਾਰ । ਪ੍ਰਗਟ ਹੋਇਆ ਹਰਿ ਰਘੁਰਾਈ, ਕੀਆ ਸੱਚਾ ਇਕ ਪਿਆਰ । ਦਿੱਤੀ ਦਾਤ ਜਗਤ ਵਡਿਆਈ, ਕਰ ਕਿਰਪਾ ਦਿਤਾ ਤਾਰ । ਜੋਤ ਸਰੂਪੀ ਜੋਤ ਹਰਿ, ਅਚਰਜ ਖੇਲ ਵਿਚ ਮਾਤ ਕਰਦਾ ਜਾਏ, ਨਾ ਰੱਖੇ ਭੇਵ ਕੋਈ, ਆਏ ਜਾਏ ਵਾਰੋ ਵਾਰ । ਨਰ ਨਰਾਇਣ ਕਰੇ ਖੇਲ ਅਪਰ ਅਪਾਰਾ । ਧਰੂ ਬਾਲ ਜਿਉਂ ਪਾਰ ਉਤਾਰਾ । ਰੱਖੇ ਲਾਜ ਜਿਉਂ ਪ੍ਰਹਿਲਾਦ ਹਰਨਾਕਸ਼ ਦੈਂਤ ਕਰੇ ਖੁਆਰਾ । ਮੰਗਣ ਆਏ ਬਲ ਦਵਾਰੇ, ਭੇਖ ਧਾਰੇ ਅਪਰ ਅਪਾਰਾ । ਦੁਰਬਾਸ਼ੇ ਤੋੜੇ ਮਾਣ, ਰੱਖੇ ਪਤ ਅਮਰੀਕ ਵਿਚਾਰਾ । ਜਨਕ ਕੀਤਾ ਇਕ ਪਿਆਰ । ਪ੍ਰਭ ਅਬਿਨਾਸ਼ੀ ਦਿਤਾ ਤਾਰ । ਦਿਤਾ ਸੱਚਾ ਇਕ ਨਾਮ ਭੰਡਾਰ । ਰਾਣੀ ਤਾਰਾ ਉਤਰੀ ਪਾਰ । ਗੁਰ ਸੰਗਤ ਕੀਆ ਪਿਆਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ ਜੋੜੀ ਇਕ ਬਣਾਈ, ਭੇਵ ਨਾ ਰਖਿਆ ਰਾਈ, ਸ੍ਰਿਸ਼ਟ ਸਬਾਈ ਰਿਹਾ ਸਮਝਾਈ, ਕਿਰਪਾ ਕਰੀ ਅਪਰ ਅਪਾਰ । ਸਾਚੇ ਹਰਿ ਦਇਆ ਕਮਾਈ, ਮਹੱਲ ਅਟਾਰੀ ਦਰਯੋਧਨ ਹੰਕਾਰੀ ਆਪ ਤਜਾਈ, ਜਾਏ

੧੬੨ ੦੪

ਬਿਦਰ ਦਵਾਰੀ ਕ੍ਰਿਸ਼ਨ ਮੁਰਾਰੀ ਖ਼ਾਕੀ ਸੇਜਾ ਹਰਿ ਬਣਾਈ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਂਦਾ ਰਿਹਾ ਵਡਿਆਈ । ਜਨ ਭਗਤਾਂ ਦੇਵੇ
ਸੱਚਾ ਮਾਣ । ਬਿਦਰ ਸੁਦਾਮਾ ਬਾਲ ਅੰਞਾਣ । ਹਰਿ ਜੀ ਕਰਨੀ ਜਾਣ ਪਛਾਣ । ਆਇਆ ਚਲ ਦਵਾਰ ਸੱਚੇ ਘਰ ਬਾਹਰ, ਹਰਿ ਜੀ ਡਿੱਗੇ
ਚਰਨ ਆਣ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਸਾਚਾ ਮਾਣ । ਸਾਚਾ ਹਰਿ ਦਇਆ ਕਮਾਏ । ਜੈ ਦੇਵ ਤੇਰਾ ਪਿਛਲਾ ਲੇਖਾ ਪੂਰ
ਕਰਾਏ । ਇਕੋ ਦਿਸੇ ਦੂਰ ਵਾਟਾ, ਸ਼ਬਦ ਲੇਖ ਆਪ ਲਿਖਾਏ । ਜੋਤੀ ਜੋਤ ਸਰੂਪ ਹਰਿ, ਇਕ ਇਕ ਪਤਰ ਇਕੋ ਵੇਰ ਕੋਟਾਂ ਕੋਟੀ ਨਾਮ ਜਪਾਏ ।
ਜੈ ਦਿਓ ਨਾਮਾ ਦਿਤਾ ਤਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਵੇਖੇ ਵਿਗਸੇ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਕਿਆ ਕੋਈ ਪਾਵੇ
ਇਹਦੀ ਸਾਰ । ਭਗਤ ਤਰਲੋਚਨ ਹੋਇਆ ਪਾਰ । ਤੀਜਾ ਲੋਚਣ ਖੋਲ੍ਹਿਆ ਬੋਲਿਆ ਹਰਿ ਨਿਰੰਕਾਰ । ਪੂਰੇ ਤੋਲ ਤੋਲਿਆ, ਸੁਣੀ ਸੱਚੀ ਪੁਕਾਰ ।
ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਪਾਵੇ ਸਾਰ । ਉਤਰਿਆ ਪਾਰ ਰਵਿਦਾਸ ਚੁਮਾਰਾ । ਰਸਨਾ ਜਪਿਆ ਜਿਸ ਨਿਰੰਕਾਰਾ । ਤਿੰਨ ਆਏ
ਬਣ ਭਿਖਾਰਾ । ਰਵਿਦਾਸ ਤੇਰੇ ਦਰ ਦਵਾਰਾ । ਬ੍ਰਹਮਾ ਵਿਸ਼ਨ ਨਾਰਦ ਖੇਲ ਕਰੀ ਅਪਰ ਅਪਾਰਾ । ਛੋਟੀ ਬਾਲੀ ਤਿੰਨ ਸਾਲ ਅਵਸਥਾ ਉਡੀ
ਮਾਰ ਉਡਾਰਾ । ਜੋਤੀ ਜੋਤ ਸਰੂਪ ਹਰਿ, ਤੋੜਦਾ ਰਹੇ ਸਰਬ ਹੰਕਾਰਾ । ਗੁਰ ਕਾ ਸ਼ਬਦ ਅਪਾਰ, ਜੋਤ ਜਗਾਇੰਦਾ । ਗੁਰ ਦੇਵੇ ਕਰ ਪਿਆਰ,
ਗੁਰਮੁਖਾਂ ਝੋਲੀ ਪਾਇੰਦਾ । ਆਪੇ ਬੰਨ੍ਹੇ ਸਾਚੀ ਧਾਰ, ਚਰਨ ਨਾਤਾ ਇਕ ਬੰਨ੍ਹਾਇੰਦਾ । ਪਾਵੇ ਅੰਤਮ ਸਾਰ ਕਰਮ ਵਿਚਾਰ, ਲੱਖ ਚੁਰਾਸੀ ਗੇੜ
੧੬੩ ਕਟਾਇੰਦਾ । ਜਗਤ ਹੋਣਾ ਅੰਤ ਖੁਆਰ, ਦਰ ਘਰ ਸਾਚੇ ਪੈਣੀ ਮਾਰ, ਅੱਗੇ ਹੋਏ ਨਾ ਕੋਈ ਛੁਡਾਇੰਦਾ । ਕਰਮ ਧਰਮ ਹਰਿ ਸੱਚਾ ਲਏ ਵਿਚਾਰ, ੧੬੩
੦੪ ਬਣਿਆ ਰਹੇ ਲੇਖ ਲਿਖਾਰ, ਏਕਾ ਏਕ ਲੇਖਾ ਸਰਬ ਚੁਕਾਇੰਦਾ । ਗੁਰਮੁਖ ਸਾਚੇ ਸੰਤ ਜਨ ਦਰ ਹੋਏ ਰਹਿਣ ਭਿਖਾਰ, ਏਕਾ ਮੰਗਣ ਵਸਤ ੦੪
ਨਾਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਂਡੇ ਸਰਬ ਭਰਾਇੰਦਾ । ਸਚ ਭੰਡਾਰਾ ਆਪ ਵਰਤਾਏ । ਇਕ ਦਾਤਾਰਾ ਆਪ ਅਖਵਾਏ ।
ਮੰਗਣ ਆਏ ਕੋਟ ਦਵਾਰਾ, ਪੂਰਨ ਇਛਿਆ ਸਰਬ ਕਰਾਏ । ਅੱਗੇ ਪਿੱਛੇ ਕਿਸੇ ਨਾ ਆਵੇ ਹਾਰਾ, ਸਚ ਭੰਡਾਰਾ ਆਪ ਰਖਾਏ । ਸ੍ਰਿਸ਼ਟ ਸਬਾਈ
ਪਾਵੇ ਸਾਰਾ, ਲੱਖ ਚੁਰਾਸੀ ਜੋਤ ਜਗਾਏ । ਏਕਾ ਕਰੇ ਜੋਤ ਅਕਾਰਾ, ਦੂਸਰ ਨਾ ਕੋਈ ਸੰਗ ਰਲਾਏ । ਪ੍ਰਗਟ ਹੋਏ ਵਿਚ ਸੰਸਾਰਾ, ਤੀਜੇ
ਨੈਣ ਡੇਰਾ ਲਾਏ । ਸਰਗੁਣ ਨਿਰਗੁਣ ਖੇਲ ਅਪਾਰਾ, ਉਪਰ ਪੜਦਾ ਮਾਇਆ ਪਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਨਿਹਕਲੰਕ ਨਰਾਇਣ ਨਰ, ਅਚਰਜ ਖੇਲ ਕਲ ਕਰਾਏ । ਦੋਵੇਂ ਰੂਪ ਹਰਿ ਨਿਰੰਕਾਰ । ਇਕੋ ਸੱਚਾ ਸ਼ਾਹੋ ਭੂਪ, ਕਰੇ ਖੇਲ ਅਪਰ
ਅਪਾਰ । ਨਾ ਕੋਈ ਰੰਗ ਨਾ ਕੋਈ ਰੂਪ, ਨਿਰਗੁਣ ਰੂਪ ਕਲਜੁਗ ਜੀਵ ਵਿਚਾਰ । ਇਕੋ ਰੂਪ ਦਿਸੇ ਸਤਿ ਸਰੂਪ, ਜਗੇ ਜੋਤੀ ਅਗੰਮ ਅਪਾਰ ।
ਮਹਿੰਮਾ ਜਗਤ ਹਰਿ ਅਨੂਪ, ਆਵੇ ਮਾਤ ਵਾਰੋ ਵਾਰ । ਕਲਜੁਗ ਅੰਤਮ ਵੇਲਾ ਆਇਆ, ਨਿਹਕਲੰਕ ਕਲ ਲੈ ਅਵਤਾਰ । ਜੋਤ ਸਰੂਪੀ ਜਾਮਾ
ਪਾਇਆ, ਗੁਰਮੁਖ ਸਾਚੇ ਵਿਚ ਸਮਾਇਆ, ਭਰਮ ਭੁਲੇਖਾ ਡਾਹਢਾ ਪਾਇਆ, ਚੌਥੇ ਜੁਗ ਅੰਤਮ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਣ ਨਿਧਾਨ ਗੁਰਮੁਖ ਸਾਚਾ ਚਤੁਰ ਸੁਜਾਨ, ਆਪਣੀ ਹੱਥੀਂ ਆਪ ਬਣਾਇਆ, ਜੋਤ ਸਰੂਪੀ ਏਕਾ ਧਾਰ । ਤਿੰਨਾਂ ਲੋਕਾਂ ਕਰੇ ਪਸਾਰ । ਸ਼ਬਦ
ਸਰੂਪੀ ਜਾਏ ਤਾਰ । ਆਪ ਕਿਸੇ ਦਿਸ ਨਾ ਆਇਆ, ਸ੍ਰਿਸ਼ਟ ਸਬਾਈ ਰਿਹਾ ਸੁਰਤ ਸੰਭਾਲ । ਭਰਮ ਭੁਲੇਖਾ ਡਾਹਢਾ ਪਾਇਆ, ਕਲਜੁਗ ਅੰਤਮ

ਖਾਣ ਆਇਆ, ਸਾਚਾ ਲੇਖਾ ਆਪ ਲਿਖਾਇਆ, ਜੋਤ ਸਰੂਪੀ ਭੇਖ ਧਰਾਇਆ, ਗੁਰਮੁਖ ਸਾਚੇ ਸੰਤ ਜਨ ਆਪੇ ਲਏ ਸੁਰਤ ਸੰਭਾਲ । ਵੇਖਾ
ਵੇਖੀ ਜਗਤ ਭੁਲਾਇਆ, ਸਾਚਾ ਰਾਹ ਕਿਸੇ ਦਿਸ ਨਾ ਆਇਆ , ਫਲ ਨਾ ਦਿਸੇ ਕਿਸੇ ਡਾਲ । ਕਲਜੁਗ ਜੀਆਂ ਤਨ ਇਕੋ ਵਸਿਆ ਝੂਠਾ
ਜਨ, ਨਾ ਕਿਸੇ ਭੰਨਿਆ ਭਾਂਡਾ ਭਰਮ ਆਤਮ ਅੰਧ, ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਹਰਿ ਰਘੁਰਾਇਆ । ਨਿਰਗੁਣ ਵੇਖ ਜੋਤ ਨਿਰਾਲੀ ।
ਜਗੇ ਜੋਤ ਇਕ ਅਕਾਲੀ । ਨਾ ਕੋਈ ਵਰਨ ਨਾ ਕੋਈ ਗੋਤ, ਸ੍ਰਿਸ਼ਟ ਸਬਾਈ ਸਾਰ ਸਮਾਲੀ । ਜੋਤੀ ਜੋਤ ਸਰੂਪ ਹਰਿ, ਤੇਰਾ ਭਾਣਾ ਕਿਆ
ਕੋਈ ਜਾਣੇ ਰਾਜਾ ਰਾਣਾ, ਕਲਜੁਗ ਜੀਵ ਚਤੁਰ ਸੁਘੜ ਸਿਆਣਾ, ਤੇਰੀ ਖੇਲ ਆਦਿ ਅੰਤ ਮਾਤ ਨਿਰਾਲੀ । ਕਰੇ ਖੇਲ ਨਿਰਾਲੀ ਹਰਿ ਨਿਰੰਕਾਰਿਆ ।
ਸ੍ਰਿਸ਼ਟ ਸਬਾਈ ਸਾਚਾ ਹਾਲੀ ਸਾਚਾ ਪਾਲੀ, ਬੇਮੁਖਾਂ ਕਲ ਭੁਲਾ ਰਿਹਾ । ਕਲਜੁਗ ਜੀਵ ਕੱਢਣ ਗਾਲ੍ਹੀ, ਝੂਠੀ ਮੰਗਣ ਵਿਚ ਦਲਾਲੀ, ਜਨ
ਭਗਤਾਂ ਨਿਹਕਲੰਕ ਕਰੇ ਰਖਵਾਲੀ, ਗੁਰਮੁਖਾਂ ਬਣੇ ਸਾਚਾ ਵਾਲੀ, ਧੁਰਦਰਗਾਹੀ ਸਾਚਾ ਮਾਲੀ ਸਾਚੇ ਬੂਟੇ ਮਾਤ ਲਗਾ ਰਿਹਾ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ, ਸੋਹੰ ਸ਼ਬਦ ਸਾਚੇ ਝੂਲੇ ਦੋਹੀਂ ਹੱਥੀਂ ਗੁਰਸਿਖਾਂ ਆਪ ਝੁਲਾ ਰਿਹਾ । ਦੇਵੇ ਝੂਟਾ ਇਕ ਹੁਲਾਰ ।
ਸ਼ਬਦ ਸਰੂਪੀ ਕਰ ਪਿਆਰ, ਤਿੰਨਾਂ ਲੋਕਾਂ ਕਰੇ ਬਾਹਰ । ਅੱਗੇ ਬੈਠਾ ਹਰਿ ਨਿਰੰਕਾਰ, ਜੋਤ ਸਰੂਪੀ ਇਕ ਅਕਾਰ । ਗੁਰਮੁਖ ਸਾਚੇ ਸੰਤ
ਜਨਾਂ ਦਰਗਹਿ ਸਾਚੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਇਕੋ ਇਕ ਕਰੇ ਅਕਾਰ । ਇਕੋ ਇਕ ਅਕਾਰ ਜਗਤ ਅਕਾਰਦਾ । ਅਚਰਜ਼
ਭੇਵ ਹਰਿ ਸੱਚੀ ਸਰਕਾਰ, ਨਾ ਜਾਣੇ ਕੋਈ ਖੇਲ ਹਰਿ ਨਿਰੰਕਾਰ ਦਾ । ਕਿਸੇ ਦਿਸ ਨਾ ਆਏ ਦੇਵੀ ਦੇਵ, ਏਕਾ ਸੱਚਾ ਧਾਮ ਅਪਰ ਅਪਾਰ
੧੬੪ ਦਾ । ਸਾਰੇ ਕਰਦੇ ਰਹਿਣ ਸੇਵ, ਵਿਰਲੇ ਲੱਗੇ ਕਿਸੇ ਮੇਵ, ਖਵਾਏ ਫਲ ਦਰ ਆਏ ਚਲ ਏਕਾ ਅੰਮ੍ਰਿਤ ਅਪਰ ਅਪਾਰ ਦਾ । ਮਹਾਰਾਜ ਸ਼ੇਰ ੧੬੪
੦੪ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਸੇ ਧਾਮ ਅਟੱਲ ਨਾ ਜਾਏ ਕਦੇ ਹੱਲ, ਸਦਾ ਸਦਾ ਪ੍ਰਬਲ, ਧਾਰੇ ਭੇਖ ਕਲਜੁਗ ਅੰਤਮ ੦੪
ਵੇਖ ਤੇਰੇ ਲੇਖ ਵੇਖ ਹਰਿ ਨਿਰੰਕਾਰ ਦਾ । ਸਰਗੁਣ ਰੂਪ ਸਚ ਪਛਾਣ । ਪੰਜਾਂ ਤੱਤਾਂ ਹਰਿ ਦੇਵੇ ਮਾਣ । ਵਿਚ ਧਰੇ ਜੋਤ ਆਪਣੀ ਆਪ ਮਹਾਨ ।
ਖੋਲ੍ਹੇ ਆਤਮ ਸੋਤ ਮਾਰੇ ਸ਼ਬਦ ਮਾਰ । ਜੋਤੀ ਜੋਤ ਸਰੂਪ ਹਰਿ, ਗੁਰ ਪੂਰੇ ਵਲ ਕਰੇ ਧਿਆਨ । ਗੁਰ ਪੂਰਾ ਸ਼ਬਦ ਅਧਾਰ ਹੈ । ਦੇਵੇ ਸ਼ਬਦ
ਜੋਤ ਸਰੂਪੀ ਹਰਿ ਨਿਰੰਕਾਰ ਹੈ । ਗੁਰ ਪੂਰਾ ਭਰਿਆ ਰਹੇ ਭੰਡਾਰ ਹੈ । ਦੇਵਣਹਾਰ ਇਕ ਦਾਤਾਰ ਹੈ । ਗੁਰ ਪੂਰਾ ਮਾਤ ਜਾਮਾ ਧਾਰ, ਅੰਤਮ
ਅੰਤ ਬਣਿਆ ਵਰਤਾਰ ਹੈ । ਇਕੋ ਇਕ ਸੱਚਾ ਸਤਿ ਦੇਵੇ ਮਤ ਉਤੋਂ ਬੰਧੀ ਰੱਖੇ ਸ਼ਬਦ ਧਾਰ ਹੈ । ਗੁਰ ਪੂਰਾ ਗੁਰਮੁਖਾਂ ਦੇਵੇ ਮਤ ਕਰ ਪਿਆਰ
ਹੈ । ਜੋਤੀ ਜੋਤ ਸਰੂਪ ਹਰਿ, ਕਰ ਕਿਰਪਾ ਗੁਰ ਪੂਰੇ ਦੇਵੇ ਸ਼ਬਦ ਸੱਚਾ ਅਸਵ ਅਸਵਾਰ ਹੈ । ਹਰਿ ਸੱਚਾ ਸ਼ਬਦ ਚਲਾਇੰਦਾ । ਗੁਰ ਪੂਰੇ
ਹਿਰਦੇ ਵਿਚ ਵਸਾਇੰਦਾ । ਗੁਰ ਪੂਰਾ ਦਇਆ ਕਮਾਇੰਦਾ । ਗੁਰ ਸੰਗਤ ਤਾਈਂ ਸੁਣਾਇੰਦਾ । ਜੋਤ ਸਰੂਪੀ ਇਕੋ ਇਕ ਡਗਮਗਾਇੰਦਾ । ਇਕੋ
ਜੋਤ ਵਿਚ ਮਾਤ ਪੰਜ ਤੱਤ ਵਿਚ ਰਹਾਇੰਦਾ । ਫੜ ਫੜ ਬਾਹੋਂ ਸ੍ਰਿਸ਼ਟ ਸਬਾਈ ਆਪੇ ਰਾਹੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਰਾਹ ਵਖਾਇੰਦਾ ।
ਇਕੋ ਜੋਤ ਹਰਿ ਨਿਰੰਕਾਰੀ । ਗੁਰ ਪੂਰੇ ਵਿਚ ਕਰੇ ਸੱਚੀ ਅਸਵਾਰੀ । ਇਕਾ ਦੇਵੇ ਸ਼ਬਦ ਸਾਚੀ ਧਾਰੀ । ਆਤਮ ਕਰੇ ਠੰਡੀ ਠਾਰ, ਗੁਰ
ਪੂਰਾ ਰਸਨਾ ਜਾਏ ਉਚਾਰੀ । ਜੋਤ ਸਰੂਪੀ ਰਿਹਾ ਤਾਰ, ਅੰਮ੍ਰਿਤ ਬਰਖੇ ਠੰਡੀ ਧਾਰ, ਗੁਰ ਪੂਰਾ ਪਾਏ ਗੁਰ ਸੰਗਤ ਸਾਰ, ਰਸਨਾ ਰਿਹਾ ਨਾਮ

ਉਚਾਰੀ । ਹਰਿ ਦੇਵੇ ਸ਼ਬਦ ਅਪਾਰ । ਗੁਰ ਪੂਰਾ ਸੁਣੇ ਸੱਚੀ ਧੁਨਕਾਰ, ਸਾਚੀ ਧੁਨ ਰਸਨਾ ਕੱਢੇ ਬਾਹਰ, ਜਗਤ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਕੋਈ ਭੇਵ ਨਾ ਪਾਇੰਦਾ । ਜੋਤ ਸਰੂਪੀ ਨਿਹਚਲ ਧਾਮ ਅਟੱਲ । ਗੁਰ ਪੂਰਾ ਹਰਿ ਵਿਚ ਮਾਤ ਉਪਜਾਏ ਆਤਮ ਜੋਤੀ ਦੇਵੇ ਘਲ । ਆਪਣਾ ਆਪ ਨਾ ਕਿਸੇ ਬੂਝ ਬੁਝਾਏ ਜਿਹੜੇ ਵਸੇ ਜਲ ਥਲ । ਆਵਣ ਜਾਵਣ ਲੇਖ ਲਿਖਾਵਣ ਗੁਰ ਪੀਰ ਸ਼ੇਖ਼ ਮੁਸਾਇਕ ਔਲੀਏ ਪੀਰ ਦਸਤਗੀਰ ਸ਼ਾਹ ਹਕੀਰ ਮੁੱਲਾ ਕਾਜ਼ੀ ਸ਼ਾਹ ਤਾਜੀ ਅਸਵ ਅਸਵਾਰਾ ਵੇਦ ਪੁਰਾਨੀ ਗਿਆਨੀ ਧਿਆਨੀ ਵਡ ਵਿਦਵਾਨੀ ਪੰਡਤ ਪਾਂਧੇ ਥੱਕੇ ਮਾਂਦੇ ਆਤਮ ਅੰਧੇ ਨਾ ਕੋਈ ਪਾਵੇ ਸਾਰ । ਚਾਰ ਵੇਦ ਪਏ ਪੁਕਾਰਨ । ਚੌਹ ਜੁਗਾਂ ਨੂੰ ਅਵਾਜ਼ਾਂ ਮਾਰਨ । ਦਸ ਅੱਠ ਅਠਾਰਾਂ ਕਰਨ ਪੁਕਾਰਾਂ । ਪ੍ਰਭ ਅਬਿਨਾਸ਼ੀ ਤੇਰੀਆਂ ਦੱਸਣ ਸੱਚੀਆਂ ਧਾਰਾਂ । ਕੁਰਾਨ ਅੰਜੀਲ ਮਾਤ ਕੁਰਲਾਈ । ਇਕੋ ਦਿਸੇ ਸਾਚਾ ਮਾਹੀ । ਜੋਤ ਸਰੂਪੀ ਹਰਿ ਜੋਤ ਜਗਾਈ । ਨਿਹਕਲੰਕ ਨਰਾਇਣ ਇਕੋ ਜੋਤ ਮਾਤਲੋਕ ਗੁਰਮੁਖ ਸਾਚੇ ਵਿਚ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈ । ਗੁਰ ਪੂਰੇ ਕਰੀ ਵਿਚਾਰ । ਪ੍ਰਭ ਅਬਿਨਾਸ਼ੀ ਆਪਣੀ ਕਿਰਪਾ ਦਿੱਤੀ ਧਾਰ । ਇਕਾ ਜੋਤ ਮਾਤ ਗੁਰ ਨਾਨਕ ਆਇਆ, ਸ਼ਬਦ ਸਰੂਪੀ ਜਾਮਾ ਧਾਰ । ਪੂਰੀ ਕਰੀ ਫੇਰ ਵਿਚਾਰ । ਕਿਹੜੀ ਕਰਾਂ ਮਾਤ ਕਾਰ । ਬੇਮੁਖਾਂ ਮਾਰਾਂ ਸ਼ਬਦ ਮਾਰ । ਗਿਆ ਚਲ ਹਰਿ ਦਵਾਰ । ਅੱਗੋਂ ਮਿਲਿਆ ਜੋਤ ਸਰੂਪੀ ਨਰ ਨਿਰੰਕਾਰ । ਦੋਹਾਂ ਭੁੱਜਾਂ ਉਤੇ ਉਠਾਇਆ, ਕਿਰਪਾ ਕਰੀ ਅਪਰ ਅਪਾਰ । ਗੁਰ ਨਾਨਕ ਆਪਣੇ ਤਨ ਲਗਾਏ, ਜੋਤ ਸਰੂਪੀ ਕਰੇ ਪਿਆਰ । ਏਕਾ ਸ਼ਬਦ ਦਾਤ ਝੋਲੀ ਪਾਏ, ਸੋਹੰ ਸ਼ਬਦ ਹਰਿ ਨਿਰੰਕਾਰ । ਇਕ ਓਅੰਕਾਰ ਸਤਿਨਾਮ ਮਿਲੀ ਦਾਤ ਵਡ ਕਰਾਮਾਤ, ਲੋਕਮਾਤ ਆਏ ਦੂਜੀ ਵਾਰ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰ । ਨਾਨਕ ਮੰਗਿਆ ਇਕ ਦਵਾਰਾ । ਜੋਤ ਸਰੂਪੀ ਇਕ ਅਕਾਰਾ । ਆਤਮ ਭਰਿਆ ਇਕ ਭੰਡਾਰਾ । ਵੰਡੀ ਜਾਏ ਵਿਚ ਸੰਸਾਰਾ । ਲਾਹੁੰਦਾ ਜਾਏ ਆਤਮ ਸਰਬ ਅਫਾਰਾ । ਮਿਟਾਉਂਦਾ ਜਾਏ ਜੀਵ ਜੋ ਮਨ ਰੱਖੇ ਹੰਕਾਰਾ । ਇਕੋ ਸੱਚਾ ਗੀਤ ਸੁਣਾਉਂਦਾ ਜਾਏ ਨਿਰੰਕਾਰ ਨਿਰੰਕਾਰਾ । ਫੜ ਫੜ ਬਾਹੋਂ ਰਾਹੇ ਪਾਉਂਦਾ ਜਾਏ, ਨਾ ਕੋਈ ਜਾਣੇ ਜਾਤ ਪਾਤ ਰੱਖੇ ਭੇਵ ਨਿਆਰਾ । ਗੂੜ੍ਹੀ ਨੀਂਦ ਸਵਾਉਂਦਾ ਜਾਏ ਅੰਮ੍ਰਿਤ ਜਾਮ ਪਿਆਉਂਦਾ ਜਾਏ । ਜੋਤੀ ਨਾਲ ਜੋਤ ਮਿਲਾਉਂਦਾ ਜਾਏ । ਦੁਰਮਤ ਮੈਲ ਧੋਂਦਾ ਜਾਏ । ਗੁਰਮੁਖ ਸਾਚੇ ਸੰਤ ਜਨਾਂ ਏਕਾ ਰੰਗ ਰੰਗਾਉਂਦਾ ਜਾਏ । ਗੁਰ ਨਾਨਕ ਕੀਤੀ ਸੱਚੀ ਕਾਰ । ਸ਼ਬਦ ਸਰੂਪੀ ਚਾਰੇ ਕੁੰਟਾਂ ਮਾਰੀ ਉਡਾਰ । ਵੰਡੀ ਜਾਏ ਆਪ ਦਾਤਾਰ । ਜੋਤੀ ਜੋਤ ਸਰੂਪ ਹਰਿ, ਕਿਰਪਾ ਆਪਣੀ ਦੇਣੀ ਕਰ, ਸਚ ਭੰਡਾਰਾ ਦਿਤਾ ਭਰ, ਜੋਤ ਆਈ ਨਾ ਦੂਜੀ ਵਾਰ । ਘਨਕਪੁਰ ਵਾਸੀ ਹਰਿ ਜਾਮਾ ਧਾਰ । ਲਿਆ ਲੋਕਮਾਤ ਵਿਚ ਅਵਤਾਰ । ਪਿਤਾ ਜਵੰਦ ਸਿੰਘ ਨਾਮ ਲਿਖਾਏ, ਮਾਤਾ ਤਾਬੋ ਲਏ ਗੋਦ ਉਠਾਲ । ਸਾਚਾ ਲੇਖਾ ਆਪ ਲਿਖਾਏ, ਅੰਤਮ ਕਰੇ ਕਲਜੁਗ ਸਤਿਜੁਗ ਦੋਹਾਂ ਦੀ ਆਪ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪਣੀ ਚਲੇ ਚਲਾਏ ਉਲਟੀ ਚਾਲ । ਜਾਮਾ ਧਾਰ ਲਿਆ ਅਵਤਾਰਾ । ਕੀਆ ਖੇਲ ਅਪਰ ਅਪਾਰਾ । ਵਿਚ ਸੰਸਾਰਾ ਪਹਿਲੀ ਵਾਰਾ ਸ੍ਰਿਸ਼ਟ ਸਬਾਈ ਪੜਦਾ ਪਾਇਆ ਸੁੱਟੇ ਮੂੰਹ ਦੇ ਭਾਰਾ । ਸੰਤ ਮਨੀ ਸਿੰਘ ਇਕ ਜਗਾਇਆ, ਦਿਤਾ ਸ਼ਬਦ ਅਪਾਰਾ । ਬਾਹੋਂ ਪਕੜ ਆਪ ਜਗਾਇਆ, ਕਰਿਆ ਖੇਲ ਵਿਚ ਸੰਸਾਰਾ । ਦੀਪਕ ਜੋਤੀ ਆਪ ਜਗਾਇਆ, ਤੇਲ ਬਾਤੀ ਨਾ ਕੋਈ ਰਖਾਇਆ, ਕੀਆ ਸਚ ਉਜਿਆਰਾ । ਸ਼ਬਦ ਸਰੂਪੀ ਮੇਲ ਮਿਲਾਇਆ, ਸਿੰਘ ਸਾਹਿਬ ਮਹਿਤਾਬ ਸਿੰਘ ਜੋ

੧੬੫ ੦੪

ਆਖ ਸੁਣਾਇਆ । ਬੀਸ ਬਰਸ ਨਾ ਹਰਿ ਉਠਾਇਆ । ਆਪਣਾ ਵੇਲਾ ਪੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਪਹਿਲਾ ਸਰਗੁਣ ਰੂਪ ਬਣਾਇਆ । ਸੰਤ ਮਨੀ ਸਿੰਘ ਲਿਆ ਜਗਾਏ । ਸ਼ਬਦ ਸਰੂਪੀ ਅਵਾਜ਼ ਲਗਾਏ । ਵਡਾ ਹਰਿ ਸ਼ਾਹੋ ਭੂਪੀ, ਸਚ ਸਿੰਘਾਸਣ ਡੇਰਾ ਲਾਏ । ਦਿਸੇ ਨਾ ਕਿਸੇ ਸਤਿ ਸਰੂਪੀ, ਗੁਰਮੁਖ ਸਾਚੇ ਤੇਰੇ ਨਿਜ ਘਰ ਆਪ ਰਖਾਏ । ਪ੍ਰਗਟ ਹੋਇਆ ਘਨਕਪੁਰ ਵਾਸੀ, ਸੰਤ ਮਨੀ ਸਿੰਘ ਦੂਰ ਦੁਰਾਡੇ ਤੇਰੀ ਲੱਥੀ ਮਨੋਂ ਉਦਾਸੀ, ਆਇਆ ਚਲ ਦਵਾਰੀ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰੀ । ਸਰਗੁਣ ਰੂਪ ਧਾਰ ਹਰਿ ਅਪਾਰਿਆ । ਕਲਜੁਗ ਕਰੀ ਵਿਚਾਰ, ਆਪਣਾ ਭੇਵ ਆਪੇ ਆਪ ਛੁਪਾ ਰਿਹਾ । ਕਿਸੇ ਦਿਸ ਨਾ ਆਏ ਦੇਵੀ ਦੇਵ ਸ਼ਿਵ ਸ਼ੰਕਰ ਗਣੇਸ਼ ਬ੍ਰਹਮਾ ਵਸੇ ਆਪਣੇ ਦੇਸ, ਪ੍ਰਭ ਅਬਿਨਾਸ਼ੀ ਵਿਚ ਮਾਤ ਕਰ ਕੇ ਆਇਆ ਆਪਣਾ ਭੇਸ, ਭਾਣਾ ਆਪਣੇ ਹੱਥ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਮਾਰ ਝਾਤ, ਸਾਚੀ ਜੋਤ ਜਗਾ ਰਿਹਾ । ਪਹਿਲੀ ਕੀਤੀ ਖੇਲ ਅਪਾਰੀ । ਬਾਲ ਅਵਸਥਾ ਹਰਿ ਗਿਰਧਾਰੀ । ਸਾਚੇ ਸੰਤ ਦਿਤੀ ਨਾਮ ਖ਼ੁਮਾਰੀ । ਜੋਤੀ ਜੋਤ ਸਰੂਪ ਹਰਿ, ਅੱਠੇ ਪਹਿਰ ਰਹੇ ਨਰ ਨਿਰੰਕਾਰੀ । ਬਾਲ ਅਵਸਥਾ ਬਾਲ ਅੰਵਾਣ । ਸੰਤ ਮਨੀ ਸਿੰਘ ਵਿਚ ਮਾਤ ਬਣਾਇਆ ਸੁਘੜ ਸਿਆਣ । ਜਿਸ ਬੁਲਾਇਆ ਹੁਕਮ ਸੁਣਾਇਆ ਰਾਜਾ ਰਾਣਾ । ਉਠ ਉਠ ਬਲ ਧਾਰੋ । ਆਤਮ ਮਨ ਵਿਚਾਰੋ । ਜਗਤ ਜੀਵ ਨਾ ਹੋ ਗਵਾਰੋ । ਨਿਹਕਲੰਕ ਜੋਤ ਸਰੂਪੀ ਜਾਮਾ ਪਾਇਆ, ਕਰੇ ਖੇਲ ਅਪਰ ਅਪਾਰੋ । ਸੰਤ ਮਨੀ ਸਿੰਘ ਸ਼ਬਦ ਧੁਨਕਾਰੀ । ਆਉਂਦੀ ਰਹੇ ਅੱਠੇ ਪਹਿਰ ਵਾਰੋ ਵਾਰੀ । ਛੋਟਾ ਬਾਲਾ ਨਾ ਸੁਰਤ ਸੰਭਾਲਾ, ਦੇਵੇ ਸ਼ਬਦ ਸੱਚੀ ਧਾਰੀ । ਕਲਜੁਗ ਜੀਵ ਤੇਰਾ ਤੋੜਨ ਆਇਆ ਜੰਜ਼ਾਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਗੁਣ ਰੂਪ ਕਰੇ ਖੇਲ ਅਪਰ ਅਪਾਰੀ । ਛੋਟੀ ਅਵਸਥਾ ਦੋ ਸਾਲ । ਕਰੇ ਖੇਲ ਹਰ ਕਮਾਲ । ਸੰਤ ਮਨੀ ਸਿੰਘ ਉਠ, ਪ੍ਰਭ ਅਬਿਨਾਸ਼ੀ ਪਿਆ ਤੁਠ, ਤੇਰਾ ਬਣੇ ਵਿਚ ਦਲਾਲ । ਜੋਤੀ ਜੋਤ ਸਰੂਪ ਹਰਿ, ਇਕੋ ਇਕ ਲੱਭਾ ਧਰਤ ਮਾਤ ਵਿਚੋਂ ਅਨਮੁਲੜਾ ਲਾਲ । ਸੰਤ ਮਨੀ ਸਿੰਘ ਖ਼ੁਸ਼ੀ ਮਨਾਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਗੁਰਮੁਖਾਂ ਸੰਗ ਰਲਾਈ । ਸਰ ਅੰਮ੍ਰਿਤ ਆਇਆ ਚਾਈਂ ਚਾਈਂ । ਗੁਰ ਅਰਜਨ ਤੇਰਾ ਸਾਚਾ ਧਾਮ, ਰਾਮ ਦਾਸ ਤੇਰਾ ਸਚ ਸਰੋਵਰ ਮਿਲਦਾ ਸੱਚਾ ਜਾਮ, ਵੇਖੇ ਥਾਈਂ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ ਦਿਸੇ ਕਿਸੇ ਨਾਹੀਂ । ਆਇਆ ਸੰਤ ਗੁਰੂਦਵਾਰ । ਪਹਿਲੀ ਕੀਤੀ ਇਕ ਵਿਚਾਰ । ਨਿਹਕਲੰਕ ਬਾਲ ਅਵਸਥਾ ਮੰਜਾ ਸਾਹਿਬ ਉਤੇ ਦਿਤਾ ਬਹਾਲ । ਅੱਗੋਂ ਉਠੇ ਵਡ ਪੁਜਾਰੀ । ਜੋ ਬੈਠੇ ਵਿਚ ਹੰਕਾਰੀ, ਮਾਰੀ ਡਾਹਢੀ ਮਾਰ । ਸੰਤ ਮਨੀ ਸਿੰਘ ਕਲਮ ਚਲਾਈ, ਸਰ ਅੰਮ੍ਰਿਤ ਤੇਰਾ ਲੇਖ ਲਿਖਾਈ, ਕਲਜੁਗ ਅੰਤਮ ਢਹਿਣਾ ਦੂਜੀ ਵਾਰ । ਸਾਚਾ ਕਰਮ ਹਰਿ ਕਮਾਏ । ਦੂਜੀ ਵਾਰ ਹੁਕਮ ਸੁਣਾਏ । ਪੁਰੀ ਅਨੰਦ ਰਾਹ ਵਖਾਏ । ਪੰਜ ਸਾਲ ਅਵਸਥਾ ਆਪਣੀ ਆਪ ਲਿਖਾਏ । ਜੋਤ ਸਰੂਪੀ ਜੋਤ ਹਰਿ ਸੰਤ ਮਨੀ ਸਿੰਘ ਸਾਚੇ ਸੰਤ ਇਕੋ ਸੱਚਾ ਸਾਥ ਨਿਭਾਏ । ਪੁਰੀ ਅਨੰਦ ਕੀਆ ਘਰ ਸਚ ਵਾਸ । ਗੁਰ ਗੋਬਿੰਦ ਜਿਸ ਦੀ ਆਪ ਬਣਾਈ ਸਾਚੀ ਰਾਸ । ਸਾਚਾ ਵਕਤ ਆਪ ਸੁਹਾਇਆ ਬੈਠਾ ਰਹੇ ਛੇ ਮਾਸ । ਜੋਤੀ ਜੋਤ ਸਰੂਪ ਹਰਿ, ਮਾਇਆ ਪੜਦਾ ਇਕਾ ਪਾਇਆ, ਮਾਤ ਪਤਾਲ ਅਕਾਸ਼ । ਹੋਏ ਸ਼ਬਦ ਅਪਾਰੇ, ਸੰਤ ਮਨੀ ਸਿੰਘ ਉਠ ਬਲ ਧਾਰੇ । ਪੁਰੀ ਅਨੰਦ ਵਿਚ ਅਵਾਜ਼ਾਂ ਮਾਰੇ । ਸੋਏ ਜਾਗੋ, ਉਠ ਉਠ ਭਾਗੋ, ਚਰਨੀ ਲਾਗੋ, ਵੇਲਾ ਗਿਆ ਫੇਰ ਪਛਤਾਏ, ਜੋਤੀ ਜੋਤ ਸਰੂਪ ਹਰਿ, ਮਾਇਆ

੧੬੬
੦੪

ਪੜਦੇ ਸਭ ਨੂੰ ਪਾਏ, ਨਾ ਕੋਈ ਸੁਰਤ ਸੰਭਾਲੇ । ਤੀਜਾ ਹੁਕਮ ਹਰਿ ਸੁਣਾਇਆ । ਸੰਤ ਮਨੀ ਸਿੰਘ ਫੜ ਉਠਾਇਆ । ਨੀਲਾ ਚੋਗਾ ਇਕ
ਰੰਗਾਇਆ । ਪੰਜ ਸਾਲ ਅਵਸਥਾ ਹੋਈ, ਗੁਰ ਪੂਰੇ ਦੇ ਤਨ ਪਹਿਨਾਇਆ । ਆਪਣੇ ਕੰਧੇ ਲਏ ਉਠਾਏ, ਪੁਰੀ ਅਨੰਦ ਦੇ ਵਿਚ ਫਿਰਾਇਆ ।
ਉਠੋ ਮੁਸਲਮਾਨੋ ਨੌਜਵਾਨੋ ਅਮਾਮ ਮਹਿੰਦੀ ਬਣ ਕੇ ਆਇਆ । ਅੰਤਮ ਕਲ ਮੌਤ ਰਾਣੀ ਦੋ ਹੱਥਾਂ ਨੂੰ ਲਾਵੇ ਮਹਿੰਦੀ । ਕਲਜੁਗ ਜੀਵ ਗੁਮਾਨੀ
ਵਡ ਸਵਾਣੀ, ਪੀਹੜੇ ਡਾਹ ਡਾਹ ਥਲੇ ਬਹਿੰਦੀ । ਉਤੋਂ ਵੇਖ ਮੌਤ ਰਾਣੀ, ਕਲਜੁਗ ਜੀਵ ਵਾਹਵਾ ਸਾਚੇ ਹਾਣੀ, ਬਾਹੋਂ ਫੜ ਫੜ ਨਾਲ ਲੈਂਦੀ ।
ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਦੇਵੇ ਵਰ, ਅੱਠੇ ਪਹਿਰ ਦਰ ਤੇ ਕਹਿੰਦੀ । ਪ੍ਰਭ ਅਬਿਨਾਸ਼ੀ ਪੜਦਾ ਪਾਇਆ । ਸੰਤ ਮਨੀ ਸਿੰਘ ਜ਼ੋਰ
ਲਗਾਇਆ । ਹਿੰਦੂ ਸਿੱਖ ਈਸਾਈ ਮੁਸਲਿਮ ਕੋਈ ਉਠਣ ਨਾ ਪਾਇਆ । ਉਠ ਮਨੀ ਸਿੰਘ ਹੋਇਆ ਤਿਆਰ । ਸਾਚੀ ਕਰੀ ਇਕ ਵਿਚਾਰ ।
ਸੰਤ ਮਨੀ ਸਿੰਘ ਲਿਖੇ ਲੇਖ, ਰਾਜੇ ਰਾਣੇ ਕਰੇ ਖ਼ਬਰਦਾਰ । ਨਿਹਕਲੰਕ ਕਲ ਜਾਮਾ ਪਾਇਆ, ਆਈ ਚਲ ਸੱਚੀ ਸਰਕਾਰ । ਆਪਣਾ ਭੇਵ
ਆਪ ਛੁਪਾਇਆ, ਦਿਸ ਕਿਸੇ ਨਾ ਆਇਆ, ਭਰਮ ਭੁਲੇਖੇ ਰਿਹਾ ਮਾਰ । ਜੋਤੀ ਜੋਤ ਸਰੂਪ ਹਰਿ, ਭਰਮ ਭੁਲੇਖੇ ਝੂਠੇ ਲੇਖੇ ਸਭ ਦੇ ਰਿਹਾ
ਵਿਚਾਰ । ਰਾਜੇ ਰਾਣੇ ਨਾ ਕਰਨ ਵਿਚਾਰੇ । ਅੰਤਮ ਵੇਲੇ ਹੋਏ ਖੁਆਰੇ । ਸਾਚੇ ਲਿਖੇ ਲੇਖ ਬਣ ਗੁਰਸਿਖ ਲਿਖਾਰੇ । ਵਿਚ ਮਾਤ ਕਲ ਵੇਖ
ਲੱਗੀ ਮੇਖ ਨਾ ਕੋਈ ਉਖਾੜੇ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਦਰ ਦਰ ਘਰ ਘਰ ਮੌਤ ਲਾੜੀ ਮਗਰ ਲਗਾਏ ਦੇਂਦੀ ਜਾਏ ਬਹਾਰੀ ।
ਸਿਰ ਉਤੋਂ ਲਾਹੇ ਬਾਣਾ । ਕਲਜੁਗ ਬਣਾਇਆ ਅੰਧਾ ਕਾਣਾ । ਸਿੰਘ ਸਿੰਘਾਸਣ ਬੈਠਾ ਹਰਿ ਜੀ ਆਪਣਾ ਕੀਆ ਸੱਚਾ ਭਾਣਾ । ਜੋਤੀ ਜੋਤ ਸਰੂਪ
੧੬੭ ੦੪ ਹਰਿ, ਦੂਜਾ ਪੜਦਾ ਆਪੇ ਲਾਹੇ, ਤਖ਼ਤੋਂ ਲੱਥੇ ਰਾਜਾ ਰਾਣਾ । ਸਾਚੀ ਖੇਲ ਆਪ ਰਚਾਏ । ਹੱਥੋਂ ਕੰਗਣ ਇਹ ਭੀ ਲਾਹੇ । ਰਾਓ ਉਮਰਾਓ ੧੬੭ ੦੪
ਦਰ ਦਰ ਮੰਗਣ ਭਿਖ ਕੋਈ ਨਾ ਪਾਏ । ਗੁਰਮੁਖ ਸਾਚੇ ਸਾਚੀ ਦਾਤ ਇਕੋ ਮੰਗਣ, ਸਾਚਾ ਨਾਮ ਹਰਿ ਝੋਲੀ ਪਾਏ । ਦਰ ਘਰ ਸਾਚੇ ਮੂਲ
ਨਾ ਸੰਗਣ, ਸ਼ਬਦ ਡੋਰੀ ਨਾਲ ਬੰਧਾਏ । ਕਲਜੁਗ ਅੰਤਮ ਨਾ ਹੋਇਣ ਨਗਨ, ਸ਼ਬਦ ਪੜਦਾ ਉਤੇ ਪਾਏ । ਦੀਪਕ ਜੋਤੀ ਆਤਮ ਜਗਣ, ਜੋਤ
ਸਰੂਪੀ ਡਗਮਗਾਏ । ਇਕ ਲਗਾਏ ਗੁਰਸਿਖਾਂ ਮੁਖ ਸੋਹੰ ਸਾਚਾ ਸਗਨ, ਆਪਣੇ ਨਾਲ ਲਏ ਪਰਨਾਏ । ਪੰਚਮ ਜੇਠ ਸੋਹਣਾ ਨਿਰਾਲਾ ਲਗਨ,
ਸਤਿਜੁਗ ਤੇਰੀ ਧਾਰ ਬੰਧਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪਣੀ ਕਾਰ ਆਪੇ ਆਪ ਕਰਾਏ । ਕਰੇ ਤਨ ਸ਼ਿੰਗਾਰ
ਭੇਖ ਵਟਾਇੰਦਾ । ਨਾ ਕੋਈ ਜਾਣੇ ਜੀਵ ਗਵਾਰ, ਨਿਹਕਲੰਕ ਜਾਮਾ ਪਾਇੰਦਾ । ਪ੍ਰਗਟ ਹੋਇਆ ਵਿਚ ਸੰਸਾਰ ਪਹਿਲੀ ਵਾਰ, ਸ਼ਬਦ ਡੰਕ ਇਕ
ਵਜਾਇੰਦਾ । ਆਪ ਮਿਟਾਏ ਕਲਜੁਗ ਤੇਰਾ ਅੰਧੇਰ, ਦੀਪਕ ਜੋਤੀ ਇਕ ਜਗਾਇੰਦਾ । ਗੁਰਮੁਖ ਤਾਰੇ ਕਰੇ ਆਪਣੀ ਮਿਹਰ ਨਾ ਲਾਏ ਦੇਰ, ਅੰਮ੍ਰਿਤ
ਸੀਰ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਇੰਦਾ । ਸਾਚਾ ਰਾਣਾ ਹਰਿ ਸੁਲਤਾਨ ਹੈ । ਸ੍ਰਿਸ਼ਟ
ਸਬਾਈ ਇਕ ਭਗਵਾਨ ਹੈ । ਵੇਲੇ ਅੰਤ ਲਏ ਛੁਡਾਈ, ਚਾਰੋਂ ਤਰਫ ਨਿਗਾਹਬਾਨ ਹੈ । ਨਾ ਕੋਈ ਸਕੇ ਭੇਵ ਛੁਪਾਈ, ਖੋਟੇ ਖਰੇ ਪਰਖੇ ਬੇਈਮਾਨ
ਹੈ । ਆਤਮ ਜੋਤੀ ਸਭ ਦੇ ਧਰੇ, ਨਾਲ ਰੱਖੇ ਪੰਜ ਸ਼ੈਤਾਨ ਹੈ । ਸ਼ਬਦ ਡੋਰੀ ਨਾਲ ਬੰਧਾਏ, ਗੁਰਮੁਖ ਤੇਰੇ ਵਸ ਕਰਾਏ ਅੰਤਮ ਦੇਵੇ ਹਾਣ
ਹੈ । ਬੇਮੁਖਾਂ ਦਹਿ ਦਿਸ਼ ਦੇ ਵਿਚ ਫਿਰਾਏ, ਨਾ ਸਕੇ ਕੋਈ ਉਠਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਇਕ ਸੱਚਾ

ਨਾਮ ਨਿਧਾਨ ਹੈ । ਮਿਲੇ ਨਾਮ ਨਿਧਾਨਾ । ਗੁਰਮੁਖ ਹੋਏ ਚਤੁਰ ਸੁਘੜ ਸਿਆਣਾ । ਇਕੋ ਜੋਤ ਜਗੇ ਮਹਾਨਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਹੱਥੀਂ ਬੰਨ੍ਹੇ ਸਾਚਾ ਗਾਨਾ । ਆਤਮ ਜੋਤੀ ਦੇਵੇ ਧਰ, ਸੱਚਾ ਦੇਵੇ ਬ੍ਰਹਮ ਗਿਆਨਾ । ਨਾ ਕੋਈ ਵੇਖੇ ਨਾਰੀ ਨਰ, ਬਿਰਧ ਬਾਲ ਇਕ ਜਵਾਨਾ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਦਾ ਬੀਨਾ ਦਾਨਾ । ਸਰਬ ਜੀਆਂ ਏਕਾ ਰਾਖਾ । ਜੋਤ ਸਰੂਪੀ ਸੱਚਾ ਸਾਖਾ । ਸਾਚਾ ਰਾਹ ਗੁਰਮੁਖ ਵਿਰਲੇ ਵਿਚ ਮਾਤ ਦੇ ਭਾਖਾ । ਅੰਤਮ ਕਲਜੁਗ ਨੇੜੇ ਆਇਆ, ਨਿਹਕਲੰਕ ਜਨ ਤੇਰਾ ਹੋਇਆ ਰਾਖਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਨਿਧਾਨ ਗੁਣਵੰਤ ਹੋ ਮਿਹਰਵਾਨ ਹਰਿ ਨਰ ਨਰ ਹਰਿ ਅਲਖਣਾ ਅਲਾਖਾ । ਦੇਵੇ ਨਾਮ ਹਰਿ ਮਿਹਰਵਾਨ । ਗੁਰਮੁਖ ਸਾਚੇ ਆਪ ਬਣਾਏ ਚਤੁਰ ਸੁਜਾਨ । ਦੇਵੇ ਦਾਨ ਏਕਾ ਸ਼ਬਦ ਸੁਣਾਏ ਕਾਨ, ਮਾਰੇ ਸ਼ਬਦ ਤੀਰ ਸੱਚਾ ਬਾਣ, ਆਤਮ ਸਭ ਦਾ ਵਿਨ੍ਹ ਵਖਾਏ ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਬੈਠਾ ਡੇਰਾ ਲਾਏ । ਆਤਮ ਡੇਰਾ ਲਾਇਆ ਰੂਪ ਅਪਾਰ ਹੈ । ਬੇਮੁਖਾਂ ਪੜਦਾ ਪਾਇਆ ਹੋਇਆ ਅੰਧ ਅੰਧਿਆਰ ਹੈ । ਗੁਰਸਿਖ ਸੋਇਆ ਆਪ ਜਗਾਇਆ, ਦੀਪਕ ਜੋਤੀ ਕੀਆ ਉਜਿਆਰ ਹੈ । ਫੜ ਫੜ ਬਾਹੋਂ ਰਾਹੇ ਪਾਇਆ, ਸਿੱਧਾ ਰਾਹ ਇਕ ਰਖਾਇਆ, ਜਿਥੇ ਵਸੇ ਹਰਿ ਨਿਰੰਕਾਰ ਹੈ । ਵਿਚ ਰਾਹ ਨਾ ਕੋਈ ਅਟਕਾਇਆ, ਧਰਮ ਰਾਏ ਬੈਠਾ ਸ਼ਰਮਾਇਆ, ਚਿਤਰ ਗੁਪਤ ਨੇ ਮੂੰਹ ਭਵਾਇਆ, ਸਿੱਧਾ ਜਾਏ ਵਿਚ ਦਰਬਾਰ ਹੈ । ਸਾਚਾ ਲੇਖਾ ਹਰਿ ਚੁਕਾਇਆ, ਲਹਿਣਾ ਦੇਣਾ ਆਪ ਮੁਕਾਇਆ, ਸਾਚਾ ਗਹਿਣਾ ਤਨ ਪਹਿਨਾਇਆ ਕੀਆ ਸੱਚਾ ਇਕ ਸ਼ਿੰਗਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਅੰਤਮ ਕਲ ਗੁਰਮੁਖਾਂ ਤਨ ਪਹਿਨਾਏ ਫੂਲਣ ਸੋਹਣਾ ਸੱਚਾ ਹਾਰ ਹੈ । ਫੂਲਣਹਾਰ ਗੁਰਸਿਖਾਂ ਗਲ ਵਿਚ ਡਾਲੇ । ਆਪਣੀ ਗੋਦੀ ਆਪ ਉਠਾਏ, ਆਪੇ ਆਪ ਲਪੇਟੇ ਚਿੱਟੇ ਵਿਚ ਰੁਮਾਲੇ । ਬੇਮੁਖ ਕਲਜੁਗ ਜੀਵ ਤਨ ਕਾਇਆ ਪਹਿਨੇ ਸੂਸੇ ਕਾਲੇ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਦੀਪ ਜਗਾਇਆ, ਬੇਮੁਖਾਂ ਕਲ ਦਿਸ ਨਾ ਆਇਆ, ਅੰਤਮ ਕਰੇ ਬਾਹੋਂ ਫੜ ਫੜ ਮੂੰਹ ਕਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਡੰਡਾ ਹੱਥ ਉਠਾਇਆ, ਸੋਹੰ ਜਿਸ ਦਾ ਨਾਮ ਰਖਾਇਆ, ਉਚੇ ਡਾਹਣ ਦਏ ਚੜ੍ਹਾਇਆ । ਫਲ ਕਿਸੇ ਦਾ ਰਹਿਣ ਨਾ ਪਾਇਆ । ਸੋਹੰ ਡੰਡਾ ਹੱਥ ਉਠਾਏ । ਬੇਮੁਖਾਂ ਦੀ ਕੰਡਾਂ ਉਤੇ ਆਪ ਲਗਾਏ । ਕਰੀ ਜਾਏ ਉਤੋਂ ਝੰਡਾਂ, ਪਾਉਂਦਾ ਜਾਏ ਜਗਤ ਵੰਡਾਂ, ਕਰੀ ਜਾਏ ਖੰਡ ਖੰਡਾਂ, ਆਤਮ ਪਾਏ ਠੰਡਾਂ, ਏਕਾ ਦਾਤ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਡੰਡਾ ਆਪਣੇ ਹੱਥ ਰਖਾਏ । ਸੋਹੰ ਡੰਡਾ ਉਠੇ ਹੋ ਤਿਆਰ । ਨਿਹਕਲੰਕ ਕਰੇ ਤੇਰੇ ਤਨ ਸ਼ਿੰਗਾਰ । ਗੁਰਮੁਖਾਂ ਦੀ ਆਤਮ ਵਸੀਂ ਕਰੀਂ ਸੱਚਾ ਇਕ ਪਿਆਰ । ਇਕੋ ਰਾਹ ਸੱਚਾ ਦੱਸੀਂ, ਨਿਹਕਲੰਕ ਲੋਕਮਾਤ ਆਇਆ ਜਾਮਾ ਧਾਰ । ਬੇਮੁਖਾਂ ਦੇ ਕੋਲ ਖਲੋ ਕੇ ਖਿੜ ਖਿੜ ਹੱਸੀਂ, ਦੇਵੀਂ ਧੱਕਾ ਮਾਰ । ਮੁੜ ਕੇ ਉਤੋਂ ਫੜ ਕੇ ਕਸੀਂ, ਸ਼ਬਦ ਡੋਰੀ ਖਿਚੀਂ ਦੋਵੇਂ ਭੁੱਜਾਂ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਗੁਰਮੁਖ ਵਿਰਲਾ ਪਾਏ ਸਾਰ । ਸ਼ਬਦ ਡੰਡਾ ਹਰਿ ਹੱਥ ਲਲਕਾਰੇ । ਨਿਹਕਲੰਕ ਨੂੰ ਅਵਾਜਾਂ ਮਾਰੇ । ਆ ਮਾਤ ਮੇਰੀ ਸੱਚੀ ਸਰਕਾਰੇ । ਲੱਖ ਚੁਰਾਸੀ ਹੋਈ ਬੜੀ ਖੁਆਰੇ । ਕਲਜੁਗ ਪਾਪੀ ਫੜ ਫੜ ਸਭ ਨੂੰ ਧੱਕੇ ਮਾਰੇ । ਮਿਲੇ ਨਾ ਮਾਣ ਨਾ ਕਿਸੇ ਮਦੀਨੇ ਨਾ ਮੱਕੇ, ਨਾ ਕੋਈ ਰੱਖੇ ਮਾਣ ਬੂਰੇ ਕੱਕੇ, ਜੋਤੀ ਜੋਤ ਸਰੂਪ ਹਰਿ,


੧੯੮
੦੪

ਕਿਸੇ ਬੈਠਾ ਰਹਿਣ ਨਾ ਦੇਵੇ ਉਚੇ ਸੁੱਚੇ ਕਿਸੇ ਚੁਬਾਰੇ । ਮਹੱਲ ਮੁਨਾਰੇ ਦੇਣੇ ਢਾਹ । ਆਪੇ ਪਾਉਣਾ ਇਕੋ ਗਾਹ । ਸ੍ਰਿਸ਼ਟ ਸਬਾਈ ਆਪੇ ਕਰੇ ਸਫਾ । ਗੁਰਮੁਖ ਸਾਚੇ ਲਏ ਬਚਾ । ਸਰਨ ਸਰਨਾਈ ਲਏ ਲਗਾ । ਉਤੇ ਪੜਦਾ ਸ਼ਬਦ ਪਾ । ਪ੍ਰੇਮ ਡੋਰੀ ਨਾਲ ਬੰਧਾ । ਰਸਨਾ ਗੰਢ ਦਏ ਦਵਾ । ਸੋਹੰ ਜੋ ਜਨ ਰਹੇ ਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਮ ਅੰਤ ਕਲ ਗੁਰਮੁਖਾਂ ਫੜੇ ਬਾਂਹ । ਸੋਹੰ ਡੰਡੇ ਉਠ ਕਰ ਇਸ਼ਨਾਨ । ਉਠ ਕੇ ਵੇਖੇ ਮਾਰ ਧਿਆਨ । ਜੋਤ ਸਰੂਪੀ ਜਾਮਾ ਪਾਇਆ ਭੁਲੇ ਫਿਰਨ ਜੀਵ ਨਿਧਾਨ । ਸਾਚਾ ਹਰਿ ਕਿਸੇ ਦਿਸ ਨਾ ਆਇਆ, ਆਤਮ ਭਰਿਆ ਵਡ ਗੁਮਾਨ । ਏਕਾ ਆਤਮ ਹੰਕਾਰ ਰਖਾਇਆ, ਨਾ ਕੋਈ ਜਾਣੇ ਜੋਤ ਸਰੂਪੀ ਹਰਿ ਭਗਵਾਨ । ਮਾਝੇ ਦੇਸ ਭਾਗ ਲਗਾਇਆ । ਸੋਹਣਾ ਵੇਸ ਇਕ ਰਖਾਇਆ । ਖੁਲ੍ਹੜੇ ਕੇਸ ਰਹੇ ਕਰਾਇਆ । ਪੰਚਮ ਜੇਠ ਦਿਨ ਸੁਹਾਇਆ । ਚਾਰੇ ਵੇਸ ਕਰ ਵਖਾਇਆ । ਚਿੱਟਾ ਬਾਣਾ ਤਨ ਛੁਹਾਇਆ । ਸੂਹਾ ਬਾਣਾ ਨਾਲ ਰਲਾਇਆ । ਤੀਜਾ ਬਾਣਾ ਲਾਲ ਰੰਗਾਇਆ । ਚੌਥਾ ਕਾਲਾ ਤਨ ਲੈ ਪਾਇਆ । ਬੇਮੁਖਾਂ ਕੱਢੇ ਦਵਾਲਾ, ਨਾ ਹੋਏ ਕੋਈ ਸਹਾਇਆ । ਗੁਰਮੁਖਾਂ ਦੱਸੇ ਰਾਹ ਸੁਖਾਲਾ, ਨਿਹਕਲੰਕ ਵਿਚ ਮਾਤ ਦੇ ਆਇਆ । ਬੇਮੁਖਾਂ ਲੱਗੇ ਹੱਡੀਂ ਪਾਲਾ, ਸੋਹੰ ਡੰਡਾ ਪ੍ਰਭ ਹੱਥ ਉਠਾਇਆ । ਆਤਮ ਹੋਈ ਜਿਨ੍ਹਾਂ ਕੰਗਾਲਾ, ਸੱਚਾ ਮਾਲ ਧਨ ਕਿਸੇ ਹੱਥ ਨਾ ਆਇਆ । ਨਾ ਕੋਈ ਤੋੜੇ ਜਗਤ ਜੰਜ਼ਾਲਾ, ਨਾ ਕੋਈ ਕਰੇ ਗੁਰਮੁਖਾਂ ਪ੍ਰਿਤਪਾਲਾ, ਆਪਣੀ ਗੋਦੀ ਲਏ ਉਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਸੋਹੰ ਡੰਡਾ ਉਠ ਲਲਕਾਰੇ । ਮਾਤਲੋਕ ਪਹਿਲੀ ਵਾਰੇ । ਪਹਿਲੀ ਕੂਟ ਮਾਰੇ ਮਾਰ ਕਰੇ ਖੁਆਰੇ । ਗੁਰਮੁਖ ਸਾਚੇ ਸਚ ਪੰਘੂੜਾ ਰਹੇ ਝੂਟ, ਦੇਵੇ

੧੬੯ ੦੪ ਆਪ ਹੁਲਾਰੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਤੇਰੀ ਆਤਮ ਵਸੇ ਸੱਚੇ ਇਕ ਚੁਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ੧੬੯ ੦੪

ਕਲ ਜਾਮਾ ਪਾਇਆ, ਗੁਰਮੁਖਾਂ ਰੱਖੇ ਪੈਜ ਸਵਾਰੇ । ਗੁਰਮੁਖਾਂ ਪੈਜ ਸਵਾਰਦਾ । ਰਾਤੀਂ ਸੁੱਤਿਆਂ ਵਾਜਾਂ ਮਾਰਦਾ । ਕਰੇ ਕੰਮ ਪਹਿਰੇਦਾਰ ਦਾ । ਊਚ ਨੀਚ ਨਾ ਕੋਈ ਵਿਚਾਰਦਾ । ਏਕਾ ਮਾਰੇ ਧਿਆਨ, ਵੇਖੇ ਪ੍ਰੇਮ ਚਰਨ ਪਿਆਰ ਦਾ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਹਰਿ ਆਪੇ ਜਾਣਦਾ । ਸੋਹੰ ਡੰਡਾ ਖ਼ੁਸ਼ੀ ਮਨਾਏ । ਮੈਂ ਆਇਆ ਵਿਚ ਵਰਭੰਡਾ, ਨਿਹਕਲੰਕ ਆਪਣੇ ਹੱਥ ਉਠਾਏ । ਪਾਉਂਦਾ ਜਾਏ ਸਭ ਦੀਆਂ ਵੰਡਾਂ, ਫੜ ਫੜ ਚਰਨਾਂ ਨਾਲ ਲਗਾਏ । ਆਪੇ ਵੇਖੇ ਸੱਤ ਦੀਪ ਨੌਂ ਖੰਡਾਂ, ਨਾਰਾਂ ਰੰਡਾਂ ਸਰਬ ਵਖਾਏ । ਤੋੜੀ ਜਾਏ ਸਰਬ ਘਮੰਡਾਂ, ਭੰਨੀ ਜਾਏ ਕੱਚੇ ਅੰਡਾਂ ਹਰਿ ਜੀ ਭੰਨੇ ਦੋਹੀਂ ਹੱਥੀਂ ਠੋਕਰ ਰਿਹਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਦਿਸ ਕਿਸੇ ਨਾ ਆਏ । ਸੋਹੰ ਡੰਡੇ ਖ਼ੁਸ਼ੀ ਮਨਾਈ । ਵਾਹਵਾ ਸੋਹਣੀ ਸੇਵਾ ਹਰਿ ਜੀ ਲਾਈ । ਬੇਮੁਖਾਂ ਨੂੰ ਫਲ ਖਵਾਈ । ਇਕੋ ਮੇਵਾ ਸਿਰ ਉਤੇ ਲਗਾਈਂ ਚਾਈਂ ਚਾਈਂ । ਨਾ ਕੋਈ ਹੋਏ ਸਹਾਏ ਦੇਵੀ ਦੇਵਾ, ਥਾਉਂ ਥਾਈਂ ਬੈਠੇ ਮਾਰਨ ਧਾਹੀਂ । ਗੁਰਮੁਖ ਵਿਰਲੇ ਰਸਨਾ ਹਰਿ ਜੀ ਜਪਿਆ ਜਿਹਵਾ, ਵੇਲੇ ਅੰਤਮ ਹੋਏ ਸਹਾਈ । ਜੋਤੀ ਜੋਤ ਸਰੂਪ ਹਰਿ, ਤਿੰਨਾਂ ਲੋਕਾਂ ਪਾਏ ਸਾਰ, ਮੇਟ ਮਿਟਾਵੇ ਸਭਨੀਂ ਥਾਈਂ । ਸੋਹੰ ਡੰਡਾ ਉਠ ਲਲਕਾਰੇ । ਆਇਆ ਦਰ ਸੱਚੇ ਦਰਬਾਰੇ । ਦੋਏ ਜੋੜ ਕਰੇ ਨਿਮਸਕਾਰੇ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਮੈਂ ਜਾਵਾਂ ਬੇਮੁਖਾਂ ਦੇ ਦਰ ਦਵਾਰੇ । ਇਕੋ ਦੇਵੀਂ ਸੱਚਾ ਵਰ, ਮੈਂ ਜਾਏ ਕਰਾਂ ਸਭ ਨੂੰ ਸਰ, ਬੇਮੁਖਾਂ ਕਰਾਂ ਚੀਰ ਦੋ ਫਾੜੇ । ਚਾਰੇ ਕੁੰਟਾਂ ਆਉਣਾ ਡਰ, ਘਰ ਘਰ ਰੋਵਣ ਨਾਰ ਨਰ, ਕਿਸੇ ਨਾ ਮਿਲੇ ਸਾਚਾ

ਵਰ, ਅੰਤਮ ਭਾਗ ਹੋਏ ਮਾੜੇ । ਗੁਰਮੁਖਾਂ ਹਰਿ ਜੀ ਲਿਆ ਵਰ, ਚਰਨ ਲਾਗ ਗਏ ਤਰ, ਆਪ ਬਣਾਏ ਸਾਚੇ ਲਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਅੰਦਰ ਬੈਠਾ ਆਪੇ ਵੇਖੇ ਚੰਗੇ ਮਾੜੇ । ਆਪੇ ਆਪ ਹਰਿ ਪਛਾਣਦਾ । ਜੀਵਾਂ ਜੰਤਾਂ ਸਾਧਾਂ ਸੰਤਾਂ ਆਦਿਨ ਅੰਤਾ ਵੇਖ ਵਖਾਣਦਾ । ਗੁਰਮੁਖਾਂ ਮਿਲੇ ਸਾਚਾ ਕੰਤਾ ਬਣਾਏ ਬਣਤਾ, ਨਾ ਆਏ ਪਾਸਾ ਹਾਰਦਾ । ਔਖੇ ਹੋਏ ਜੀਵ ਜੰਤਾ, ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਏ ਅਵਤਾਰ ਨਰ ਭੇਖ ਧਾਰੇ ਸ੍ਰੀ ਭਗਵਾਨ ਦਾ । ਧਰ ਧਰ ਭੇਖ ਜਗਤ ਭੁਲਾਇੰਦਾ । ਗੁਰਮੁਖ ਸਾਚੇ ਸੰਤ ਜਨ ਆਤਮ ਵੇਖ ਚਰਨ ਪ੍ਰੀਤ ਬੰਨ੍ਹਾਇੰਦਾ । ਲਿਖਦਾ ਜਾਏ ਸਾਚੇ ਲੇਖ, ਮਿਟਾਉਂਦਾ ਜਾਏ ਬਿਧਨਾ ਰੇਖ, ਸੋਹੰ ਡੰਡੇ ਨਾਲ ਘਸਾਇੰਦਾ । ਗੁਰਮੁਖ ਸਾਚੇ ਨੇਤਰ ਲੈਣਾ ਪੇਖ, ਮਿਟਦੇ ਜਾਣ ਵਡ ਵਡ ਸੇਠ, ਪ੍ਰਭ ਸਾਚਾ ਖੇਲ ਰਚਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਸਮਾਇੰਦਾ । ਗੁਰ ਸੰਗਤ ਖ਼ੁਸ਼ੀ ਮਨਾਈਆ । ਸਾਚਾ ਹਰਿ ਰਸਨਾ ਗਾਏ ਚਾਈਂ ਚਾਈਂਆ । ਮਿਲ ਜਾਏ ਦੂਜਾ ਸੱਚਾ ਵਰ, ਵਸਣਾ ਸੱਚੇ ਘਰ, ਆਤਮ ਹੰਕਾਰ ਸਰਬ ਤਜਾਈਆ । ਮਿਲਣਾ ਅਵਤਾਰ ਨਰ, ਚੁਕਾਏ ਭਰਮ ਡਰ, ਸਾਚੇ ਧਾਮ ਬਹਾਈਆ । ਕਿਰਪਾ ਆਪਣੀ ਦੇਵੇ ਕਰ, ਆਤਮ ਸਾਚੀ ਜੋਤ ਧਰ, ਕਰੇ ਜੀਵ ਰੁਸ਼ਨਾਈਆ । ਇਕੋ ਇਕ ਰਿਹਾ ਕਰ, ਜੋਤ ਸਰੂਪੀ ਜਾਮਾ ਧਰ, ਨੀਚ ਊਚ ਭੇਵ ਮਿਟਾਈਆ । ਆਪ ਖੁਲ੍ਹਾਏ ਸਾਚਾ ਦਰ, ਇਕ ਵਖਾਏ ਸਾਚਾ ਸਰ, ਆਤਮ ਤੀਰਥ ਸਚ ਇਸ਼ਨਾਨ ਕਰਾਈਆ । ਇਕ ਵਖਾਏ ਸਾਚਾ ਘਰ, ਵੇਲੇ ਅੰਤਮ ਲੈਣਾ ਵਰ, ਭੁਲ ਭੁਲੇਖੇ ਆਉਣਾ ਦਰ, ਮਸਤੂਆਣਾ ਸਾਚਾ ਧਾਮ ਹਰਿ ਵਿਚ ਮਾਤ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਖੇਲ ਲਈ ਕਰ, ਕਿਸੇ ਮੰਗਣ ਨਾ ਜਾਣਾ ਦਰ, ਸ਼ਬਦ ਸਰੂਪੀ ਰਿਹਾ ਜਗਾਈਆ । ਰਾਣੇ ਸੰਗਰੂਰ ਆਵੇ ਡਰ, ਪ੍ਰਭ ਅਬਿਨਾਸ਼ੀ ਸ਼ਬਦ ਸਰੂਪੀ ਉਤੇ ਬਹੇ ਚੜ੍ਹ । ਆਪ ਚੁਕਾਏ ਪਿਛਲਾ ਲਹਿਣ ਦੇਣ, ਦੋਹੀਂ ਹੱਥੀਂ ਲਏ ਫੜ । ਸੌਖਾ ਸਾਹ ਫੇਰ ਨਾ ਲੈਣਾ, ਏਥੇ ਅੱਗੇ ਜਾਏ ਅੜ । ਹਰਿ ਨਾ ਦਿਸੇ ਦੋਏ ਨੈਣਾ, ਨਾ ਦਿਸੇ ਕਿਹੜੇ ਰਾਹ ਅੰਦਰ ਗਿਆ ਵੜ । ਪਹਿਰੇਦਾਰ ਖੜ੍ਹੇ ਚੁਫੇਰੇ, ਚਾਰੋਂ ਤਰਫ ਮਾਰਨ ਗੇੜੇ, ਜੋਤੀ ਜੋਤ ਸਰੂਪ ਹਰਿ, ਸਭ ਨੂੰ ਬਾਹਰ ਗਿਆ ਛੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ, ਆਪਣਾ ਭੇਵ ਆਪ ਖੁਲ੍ਹਾਏ, ਰਾਜੇ ਰਾਣੇ ਸਰਨ ਲਗਾਏ ਜੋ ਮਾਰੀ ਬੈਠੇ ਦੜ । ਰਾਣਾ ਸੰਗਰੂਰ ਆਪ ਉਠਾਵਣਾ । ਆਤਮ ਤੋੜ ਸਰਬ ਗਰੂਰ, ਕਰ ਕਰ ਚੂਰੋ ਚੂਰ, ਏਕਾ ਨੂਰ ਫੇਰ ਵਖਾਵਣਾ । ਜਿਹੜਾ ਦਿਸੇ ਦੂਰੋ ਦੂਰ, ਪ੍ਰਗਟ ਹੋ ਸਵਛ ਸਰੂਪੀ ਦਰਸ ਦਿਖਾਵਣਾ । ਆਸਾ ਮਨਸਾ ਜਾਏ ਪੂਰ, ਸ਼ਬਦ ਸਰੂਪੀ ਰਿਹਾ ਘੂਰ, ਇਕ ਉਪਜਾਏ ਸਾਚੀ ਤੂਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਹ ਸਾਚਾ ਥਾਂ ਚਰਨ ਵਖਾਵਣਾ । ਰਾਣਾ ਸੰਗਰੂਰ ਉਠ ਵਿਚਾਰੇ । ਕਿਹੜਾ ਇਹਨੂੰ ਵਾਜਾਂ ਮਾਰੇ । ਕਿਹੜਾ ਪਾਈ ਬੈਠਾ ਉਤੇ ਭਾਰੇ । ਦੋਹੀਂ ਹੱਥੀਂ ਜ਼ੋਰ ਲਗਾਏ, ਉਤੋਂ ਨਾ ਉਤਰੇ ਹਰਿ ਨਿਰੰਕਾਰੇ । ਆਪਣੀ ਖੇਲ ਆਪ ਵਰਤਾਏ, ਪਾਉਂਦਾ ਜਾਏ ਹੋਰ ਭਾਰੇ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਵਿਚ ਸੰਸਾਰੇ । ਰਾਣਾ ਸੰਗਰੂਰ ਧਾਰੇ ਬਲ । ਕਿਹੜਾ ਅੰਦਰ ਆਇਆ ਕਰੇ ਵਲ ਛਲ । ਮੈਂ ਆਪਣਾ ਕਵਾੜ ਬੰਦ ਰਖਾਇਆ, ਖੁਲ੍ਹਾਇਆ ਕਿਹੜੀ ਕਲ । ਆਉਂਦਾ ਜਾਂਦਾ ਕੋਈ ਨਜ਼ਰ ਨਾ ਆਇਆ, ਜਿਹੜਾ ਰਿਹਾ ਮੈਨੂੰ ਦਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਤੇ ਭਾਰ ਪਾਏ, ਰਿਹਾ ਦਬਾਏ ਦਮ ਸੁਕਾਏ ਮੂੰਹੋਂ ਮੰਗੇ ਜਲ । ਰਾਣਾ ਸੰਗਰੂਰ ਕਰੇ ਪੁਕਾਰ ।


੧੭੦ ੦੪

ਲੱਗੀ ਤ੍ਰਿਖਾ ਕੋਈ ਦੇਵੇ ਨਿਵਾਰ । ਓਥੇ ਨਾ ਕੋਈ ਸੁਣੇ ਪੁਕਾਰ । ਪ੍ਰਭ ਅਬਿਨਾਸ਼ੀ ਪ੍ਰਗਟ ਹੋਵੇ ਕਿਰਪਾ ਧਾਰ । ਸਿਰ ਦੇ ਉਤੇ ਹੱਥ ਰਖਾਏ, ਅੰਮ੍ਰਿਤ ਝਿਰਨਾ ਇਕ ਝਿਰਾਏ, ਆਤਮ ਕਰੇ ਠੰਡੀ ਠਾਰ । ਇਕੋ ਬੂੰਦ ਮੁਖ ਚੁਆਏ, ਕਵਲ ਨਾਭ ਹਰਿ ਆਪ ਉਲਟਾਏ, ਖਿੜੇ ਕਵਲ ਸੱਚੀ ਗੁਲਜ਼ਾਰ । ਉਪਰ ਧਵਲ ਮਾਣ ਦਵਾਏ, ਚਰਨੀ ਹਰਿ ਜੀ ਸੀਸ ਨਿਵਾਏ, ਵੇਖੇ ਰੰਗ ਸੱਚੇ ਕਰਤਾਰ । ਦਸਮ ਦਵਾਰੇ ਬੂਝ ਬੁਝਾਏ, ਮਾਇਆ ਪੜਦੇ ਆਪੇ ਲਾਹੇ, ਸੋਹੰ ਡੰਡੇ ਨਾਲ ਹਟਾਏ, ਸੋਹੰ ਖੰਡੇ ਨਾਲ ਵਡਾਏ, ਕਰੇ ਲੋ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਅਵਤਾਰ ਨਰ, ਆਪਣੀ ਕਿਰਪਾ ਆਪੇ ਧਾਰ । ਦੂਜਾ ਦੇਵੇ ਇਕ ਪਿਆਰ । ਜਗੇ ਜੋਤ ਅਗੰਮ ਅਪਾਰ । ਰਾਜਾ ਡਿੱਗਾ ਮੂੰਹ ਦੇ ਭਾਰ । ਦੋਏ ਜੋੜ ਗੁਰ ਪੂਰੇ, ਤੇਰੇ ਚਰਨ ਕਰੇ ਨਿਮਸਕਾਰ । ਸਿਰ ਉਤੇ ਹੱਥ ਧਰੇ ਧਰਨੀ ਧਰਨ, ਚਰਨ ਲਾਗ ਸਾਰੇ ਤਰਨ ਖਿੱਚੀ ਆਏ ਵਾਰੋ ਵਾਰ । ਆਪਣੇ ਹੱਥ ਰੱਖੇ ਵਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਾਏ ਦਰ ਸਰਬ ਭਿਖਾਰ । ਰਾਜੇ ਮੰਗਣ ਬਣ ਭਿਖਾਰੀ । ਕਿਰਪਾ ਕਰ ਹਰਿ ਗਿਰਧਾਰੀ । ਦੇਵੇ ਇਕੋ ਨਾਮ ਖ਼ੁਮਾਰੀ । ਮਾਰੀ ਸੱਚੀ ਇਕ ਉਡਾਰੀ । ਹਉਮੇ ਵਿਚੋਂ ਜਾਏ ਬਿਮਾਰੀ । ਚਰਨੀ ਲੱਗੀਏ ਕਰ ਪਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਬੰਧਾਏ ਆਪਣੀ ਧਾਰੀ । ਆਪਣੀ ਧਾਰ ਹਰਿ ਬੰਨ੍ਹਾਏ । ਰਾਜਾ ਰਾਣਾ ਸਰਨ ਲਗਾਏ । ਦੇਵੇ ਨਾਮ ਨਿਧਾਨਾ, ਆਤਮ ਦੀਪਕ ਜੋਤ ਜਗਾਏ । ਭਗਵੰਤ ਹਰਿ ਭਗਵਾਨਾ, ਬੇਮੁਖਾਂ ਦਿਸ ਨਾ ਆਏ । ਗੁਰਮੁਖਾਂ ਬੱਧਾ ਹਰਿ ਦਰ ਗਾਨਾ, ਵਿਚੋਂ ਮਾਤ ਲਏ ਉਠਾਏ । ਸੱਚਾ ਦੇਵੇ ਨਾਮ ਨਿਸ਼ਾਨਾ ਬ੍ਰਹਮ ਗਿਆਨਾ ਹਰਿ ਧਿਆਨਾ, ਸੋਹੰ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਪੱਲੂ ਨਾਲ ਬੰਧਾਏ । ਸਿੰਘ ਪੂਰਨ ਕੀ ਕਰੇ ਬੇਚਾਰਾ । ਵਿਚ ਵੜ ਬੈਠਾ ਜੋਤ ਸਰੂਪੀ ਹਰਿ ਨਿਰੰਕਾਰਾ । ਸ੍ਰਿਸ਼ਟ ਸਬਾਈ ਮਾਰੇ ਧੱਕੇ, ਨਾ ਨਿਕਲੇ ਵਿਚੋਂ ਬਾਹਰਾ । ਤਟ ਤੀਰਥਾਂ ਲੱਭ ਲੱਭ ਥੱਕੇ, ਕਈ ਲੱਭਦੇ ਫਿਰਦੇ ਮਦੀਨੇ ਮੱਕੇ, ਡਿੱਗੇ ਮੂੰਹ ਦੇ ਭਾਰਾ । ਕੱਕੇ ਬੂਰੇ ਸਾਰੇ ਅੱਕੇ, ਨਾ ਮਿਲੇ ਖ਼ੁਦਾਈ ਨੂਰ ਪਿਆਰਾ । ਹਾਰ ਥੱਕੇ ਈਸਾ ਮੂਸਾ, ਸਭ ਦਾ ਹੋਵੇ ਕਾਲਾ ਸੂਸਾ, ਕਲਜੁਗ ਅੰਤਮ ਆਪ ਪੁਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਨਰਾਇਣ ਨਰ ਰਸਨਾ ਸਾਰੇ ਕਹਿਣ ਤਿੰਨਾਂ ਲੋਕਾਂ ਪਾਏ ਸਾਰਾ । ਗੁਰ ਸੰਗਤ ਤੇਰਾ ਮੁੱਲ ਪਵਾਇਆ । ਸੋਹਣਾ ਸੱਚਾ ਤੋਲ ਤੁਲਾਇਆ । ਸੋਹੰ ਖੰਡਾ ਹੱਥ ਉਠਾਇਆ । ਸ਼ਬਦ ਡੰਡੇ ਨਾਲ ਬੰਧਾਇਆ । ਵਿਚ ਵਰਭੰਡਾਂ ਹਰਿ ਜੀ ਆਇਆ । ਨਵ ਖੰਡਾਂ ਨੂੰ ਲਏ ਤੁਲਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਪਣੇ ਦਰ ਆਪ ਬਹਾਇਆ । ਗੁਰ ਸੰਗਤ ਕੀਆ ਸਚ ਪਿਆਰ । ਬੈਕੁੰਠ ਨਿਵਾਸੀ ਆਇਆ ਗੁਰਮੁਖਾਂ ਦੇ ਦਵਾਰ । ਨੇਤਰ ਬੰਦ ਰਖਾਏ ਨਾ ਵੇਖੇ ਮਦਿਰਾ ਮਾਸੀ, ਦਰ ਹੁੰਦੇ ਰਹਿਣ ਖੁਆਰ । ਗੁਰਮੁਖ ਸਾਚੇ ਆਤਮ ਸਾਚੇ ਕਰਨ ਹਾਸੀ, ਪ੍ਰਭ ਰਿਹਾ ਕਰਮ ਵਿਚਾਰ । ਜੋਤੀ ਜੋਤ ਸਰੂਪ ਹਰਿ, ਬੇਮੁਖਾਂ ਮਾਰੇ ਡਾਹਢੀ ਮਾਰ । ਗੁਰ ਸੰਗਤ ਕੀਆ ਸਚ ਵਿਹਾਰਾ । ਰਸਨਾ ਗਾਇਆ ਹਰਿ ਨਿਰੰਕਾਰਾ । ਦਰਸ਼ਨ ਪਾਇਆ ਪਹਿਲੀ ਵਾਰਾ । ਪ੍ਰਗਟ ਹੋਇਆ ਜਗਤ ਦਾਤਾਰਾ । ਜਿਸ ਨੂੰ ਲੱਗੇ ਝੂਠਾ ਭੇਖ, ਆਏ ਚਲ ਦਵਾਰਾ । ਪ੍ਰਭ ਅਬਿਨਾਸ਼ੀ ਆਪੇ ਲਏ ਵੇਖ, ਲਾਹੇ ਤਨ ਅਫਾਰਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਡੰਡਾ ਰਿਹਾ ਹੁਲਾਰਾ । ਸਭ ਦੀ ਵੇਖੇ ਆਤਮ ਖੋਟੀ । ਕਟੀ ਜਾਏ ਬੋਟੀ ਬੋਟੀ । ਸਾਚੇ ਦਰ ਜੋ ਜਨ ਆਏ, ਭਰਮ ਭੁਲੇਖਾ ਸਭ ਦਾ ਗਵਾਏ, ਭੁਲਾ ਕੋਈ ਰਹਿ ਨਾ ਜਾਏ, ਕੋਟਨ ਕੋਟੀ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ, ਨਾ ਵੇਖੋ ਕਾਇਆ ਖੋਟੀ । ਇਹ ਕਾਇਆ ਹਰਿ ਦਾਤਾਰ । ਵਿਚ ਵਸੇ ਹਰਿ ਨਿਰੰਕਾਰ । ਰਾਹ ਸਾਚਾ ਦੱਸੇ, ਪਾਵੇ ਸਾਚੀ ਸਾਰ । ਜੋ ਜਨ ਦਰ ਆਏ ਹੱਸੇ, ਸ਼ਬਦ ਤੀਰ ਏਕਾ ਕਸੇ, ਤੋੜੇ ਸਰਬ ਹੰਕਾਰ । ਫੜ ਫੜ ਬਾਹੋਂ ਗੁਰਮੁਖਾਂ ਰਾਹ ਸਾਚਾ ਦੱਸੇ, ਬੇਮੁਖਾਂ ਚਰਨਾਂ ਹੇਠ ਝੱਸੇ ਉਤੇ ਪਾਵੇ ਡਾਹਢਾ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਏ, ਨਾ ਕਰੇ ਕੋਈ ਉਧਾਰ । ਭਰਮ ਭੁਲੇਖਾ ਹੋਏ ਜਿਸ ਜਨ, ਆਏ ਚਲ ਦਵਾਰ । ਸਾਚਾ ਲੇਖਾ ਆਪ ਚੁਕਾਏ ਤਨ, ਗਵਾਏ ਸਰਬ ਹੰਕਾਰ । ਸਾਚਾ ਲਾਏ ਵਿਚ ਗੁਰ ਸੰਗਤ ਡੰਨ, ਸ਼ਬਦ ਖੰਡਾ ਰਿਹਾ ਹੁਲਾਰ । ਝੂਠੀ ਕਾਇਆ ਭਾਂਡਾ ਦੇਵੇ ਭੰਨ, ਲਾਹੇ ਤਨ ਅਫਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਜਾਣੇ ਜੀਵ ਗਵਾਰ । ਨਾ ਇਹ ਜੀਵ ਨਾ ਬਾਲ ਨਿਧਾਨਾ । ਨਾ ਇਹ ਬੁੱਢਾ ਬਿਰਧ ਨਾ ਇਹ ਨੌਜਵਾਨਾ । ਜੋਤ ਸਰੂਪੀ ਇੱਕਾ ਰੰਗ ਇੱਕਾ ਰੂਪ ਸ੍ਰੀ ਭਗਵਾਨਾ । ਤਿੰਨਾਂ ਲੋਕਾਂ ਵਡਾ ਸ਼ਾਹੋ ਭੂਪ, ਫੜੀ ਬੈਠਾ ਸ਼ਬਦ ਸਰੂਪੀ ਹੱਥੀਂ ਤੀਰ ਕਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਤੇਰਾ ਇਕੋ ਇਕ ਕਰੇ ਸਚ ਨਿਸ਼ਾਨਾ । ਸਚ ਨਿਸ਼ਾਨਾ ਚਲੇ ਤੀਰ । ਬੇਮੁਖਾਂ ਆਤਮ ਜਾਏ ਚੀਰ । ਚਾਰ ਕੁੰਟ ਹੋਏ ਵਹੀਰ । ਨਾ ਕੋਈ ਦਿਸੇ ਪੀਰ ਫ਼ਕੀਰ । ਮਿਟਦੇ ਜਾਣ ਦਸਤਗੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਰਿਹਾ ਚੀਰ । ਪਾਵੇ ਸਾਰ ਵੇਦ ਪੁਰਾਨਾ । ਪੜ੍ਹ ਪੜ੍ਹ ਥੱਕੇ ਕਲਜੁਗ ਜੀਵ, ਨਾ ਮਿਲਿਆ ਸੱਚਾ ਇਕ ਨਿਸ਼ਾਨਾ । ਅੰਤਮ ਕਲਜੁਗ ਸਾਰੇ ਅੱਕੇ, ਚਾਰੋਂ ਕੁੰਟ ਪੈਣ ਧੱਕੇ, ਮੁਖ ਭਵਾਏ ਹਰਿ ਭਗਵਾਨਾ । ਧਰਮ ਰਾਏ ਦੇ ਘਰ ਵਿਚ ਧੱਕੇ, ਇਕੋ ਵਾਰੀ ਬੰਦ ਕਵਾੜ ਆਪ ਕਰਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਗੁਰ ਸੰਗਤ ਮੇਲ ਮਿਲਾਏ ਸਾਚਾ ਦੇਵੇ ਨਾਮ ਨਿਧਾਨਾ । ਗੁਰ ਸੰਗਤ ਗੁਰ ਦਰ ਸੱਚਾ ਧਾਮ । ਰਲ ਮਿਲ ਬਹਿਣਾ ਪ੍ਰਭ ਅਬਿਨਾਸ਼ੀ ਦੱਸੇ ਸਾਚਾ ਰਾਹ, ਗਲੋਂ ਕਟੇ ਜਮ ਕਾ ਫਾਹ, ਦਰਸ ਦਿਖਾਏ ਪ੍ਰਗਟ ਹੋਏ ਦੂਸਰ ਕੋਈ ਨਾ । ਨਾ ਕੋਈ ਪਿਤਾ ਨਾ ਕੋਈ ਮਾਂ । ਪਹਿਲਾਂ ਆਪਣਾ ਤਨ ਜਲਾਇਆ । ਕਲਜੁਗ ਜੀਵਾਂ ਡੰਨ ਲਗਾਇਆ । ਸਾਚਾ ਸ਼ਬਦ ਇਕ ਉਪਜਾਇਆ ਕੰਨ ਸੁਣਾਇਆ । ਜੋਤ ਸਰੂਪੀ ਜਾਮਾ ਧਾਰ ਵਿਚ ਸੰਸਾਰ ਪੰਚਮ ਜੇਠ ਪ੍ਰਗਟ ਹੋਏ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਸਮਾਇਆ । ਆਪਣੀ ਦੇਹ ਹਰਿ ਤਜਾਈ । ਦੂਜੀ ਚੋਲੀ ਆਪ ਉਪਾਈ । ਵਸਿਆ ਕਾਇਆ ਚੋਲੀ ਬਣਾਈ ਦਰ ਦੀ ਗੋਲੀ, ਨਾ ਜਾਣੇ ਕੋਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਰਿਹਾ ਛੁਪਾਈ । ਹਰਿ ਸਾਚਾ ਭੋਗ ਲਗਾਏ, ਪੂਰ ਕਰਾਏ ਭਾਵਨੀ । ਗੁਰਮੁਖਾਂ ਚੋਗ ਚੁਗਾਏ, ਮਿਟਾਏ ਕਾਇਆ ਝੂਠੀ ਕਾਮਨੀ । ਸਾਚਾ ਜਾਮ ਪਿਆਏ, ਮਿਟਾਏ ਅੰਧੇਰੀ ਸ਼ਾਮਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਨ੍ਹਾਏ ਸਾਚੀ ਦਾਮਨੀ । ਗੁਰਮੁਖਾਂ ਚੋਗ ਚੁਗਾਇੰਦਾ । ਭੋਰਾ ਭੋਰਾ ਮੂੰਹ ਵਿਚ ਪਾਇੰਦਾ । ਥੋੜਾ ਥੋੜਾ ਦੁੱਖ ਵੰਡਾਇੰਦਾ । ਗੁਰਮੁਖਾਂ ਜੋੜਾ ਜੋੜਾ ਕਰ ਬਹਾਇੰਦਾ । ਸ਼ਬਦ ਘੋੜੇ ਫਿਰ ਚੜ੍ਹਾਇੰਦਾ । ਧੁਰਦਰਗਾਹੀ ਅੱਗੇ ਆਇਆ ਦੌੜਾ, ਵਾਗ ਆਪਣੇ ਹੱਥ ਰਖਾਇੰਦਾ । ਹਰਿ ਵਖਾਏ ਇਕੋ ਸੱਚਾ ਪੌੜਾ, ਤਿੰਨਾਂ ਲੋਕਾਂ ਜੋ ਲਗਾਇੰਦਾ । ਗੁਰਮੁਖਾਂ ਪ੍ਰਭ ਸਾਚਾ ਬਹੁੜਾ, ਅੰਤਮ ਕਲ ਬਾਂਹ ਫੜਾਇੰਦਾ । ਆਪੇ ਭੰਨੇ ਕਲਜੁਗ ਜੀਵ ਰੀਠਾ ਕੌੜਾ, ਹਰਿ ਹਥੌੜਾ ਸਿਰ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਸਾਚਾ ਧਾਮ ਸਾਚਾ ਮਾਣ ਦਵਾਇੰਦਾ ।


੧੭੨
੦੪

ਲਾਏ ਭੋਗ ਭੁੱਖ ਗਵਾਏ । ਸਹਿੰਸਾ ਰੋਗ ਦੁੱਖ ਮਿਟਾਏ । ਆਪ ਉਪਜਾਏ ਆਤਮ ਸੁਖ, ਜੋ ਜਨ ਚਰਨ ਧਿਆਨ ਲਗਾਏ । ਉਜਲ ਕਰੇ ਮਾਤ ਮੁਖ, ਜੋ ਜਨ ਰਸਨਾ ਗਾਏ । ਸੁਫਲ ਕਰਾਏ ਮਾਤ ਕੁੱਖ, ਮਾਨਸ ਜਨਮ ਲੇਖੇ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਜਗਤ ਭੁਲਾਏ । ਲੱਗੇ ਭੋਗ ਹਰਿ ਬਨਵਾਰਿਆ । ਮਿਲਿਆ ਧੁਰ ਸੰਜੋਗ, ਮਿਲਿਆ ਨਰ ਅਵਤਾਰਿਆ । ਨਾ ਹੋਏ ਅੰਤ ਵਿਜੋਗ, ਕਿਰਪਾ ਕਰ ਹਰਿ ਨਿਰੰਕਾਰਿਆ । ਮਿਟਾਏ ਚਿੰਤਾ ਸੋਗ, ਦੇਵੇ ਸ਼ਬਦ ਅਪਰ ਅਪਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮੇਲ ਮਿਲਾਇਆ, ਚਰਨ ਨਾਤਾ ਇਕ ਬਣਾਇਆ, ਕਲਜੁਗ ਅੰਤਮ ਪਹਿਲੀ ਵੇਰਿਆ । ਲੱਗੇ ਭੋਗ ਸੁਖ ਵਖਾਇੰਦਾ । ਦੇਵੇ ਸਾਚਾ ਨਾਮ ਜੋਗ, ਤ੍ਰਿਸ਼ਨਾ ਭੁੱਖ ਗਵਾਇੰਦਾ । ਕਟੇ ਹਉਮੇ ਰੋਗ, ਸ਼ਬਦ ਦਾਤ ਆਤਮ ਝੋਲੀ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਗੁਰਮੁਖਾਂ ਆਪਣੀ ਹੱਥੀਂ ਆਪ ਵਰਤਾਇੰਦਾ । ਸਚ ਕਮਾਨ ਆਪ ਉਠਾਇੰਦਾ । ਤੀਰ ਭੱਥਾ ਪਿਛੇ ਬੰਨ੍ਹਾਇੰਦਾ । ਦੋਵੇਂ ਹੱਥੀਂ ਖਿਚ ਵਖਾਇੰਦਾ । ਮਾਰੇ ਬੇਮੁਖਾਂ ਦੇ ਸੀਨੇ ਵਿਚ ਵਿੰਨ੍ਹ ਵਿੰਨ੍ਹ ਪਾਰ ਕਰਾਇੰਦਾ । ਗੁਰਮੁਖ ਸਾਚੇ ਸੰਤ ਜਨ ਚਰਨ ਲਿਆਏ ਖਿੱਚ, ਅੰਮ੍ਰਿਤ ਸੀਰ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਰਸਨਾ ਤੀਰ ਇਕ ਚਲਾਇੰਦਾ । ਰਸਨਾ ਖਿੱਚੇ ਤੀਰ ਸਚ ਕਮਾਨ ਹੈ । ਨਾ ਕੋਈ ਦੇਵੇ ਕਿਸੇ ਧੀਰ, ਨਾ ਕਰੇ ਕੋਈ ਸਚ ਧਿਆਨ ਹੈ । ਨਾ ਮਿਲੇ ਕਿਸੇ ਸੀਰ, ਨਾ ਹੱਥ ਆਉਣਾ ਨੀਰ, ਅੰਤਮ ਕਲ ਸਰਬ ਪਛਤਾਨ ਹੈ । ਗੁਰਮੁਖਾਂ ਪ੍ਰਭ ਮਿਲਦਾ ਦੂਰ ਦੁਰਾਡਾ ਪੈਂਡਾ ਚੀਰ, ਅੰਮ੍ਰਿਤ ਮੁਖ ਚੁਆਏ ਸਾਚਾ ਸੀਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਜਾਮਾ ਧਾਰ, ਗੁਰਮੁਖਾਂ ਕਟਣ ਆਇਆ ਭੀੜ ਹੈ ।


੧੭੩ ੦੪

✻ ੧੪ ਚੇਤ ੨੦੧੧ ਬਿਕ੍ਰਮੀ ਕਿਹਰ ਸਿੰਘ ਦੇ ਗ੍ਰਿਹ ਮੇਰਠ ਛਾਉਣੀ ✻

ਧੰਨ ਕਮਾਈ ਭਗਤ ਜਨ, ਗੁਰ ਦਰ ਬਹੰਦੇ । ਧੰਨ ਕਮਾਈ ਸੰਤ ਜਨ, ਹਰਿ ਨਾਉਂ ਧਿਆਂਦੇ । ਧੰਨ ਕਮਾਈ ਭਗਤ ਜਨ, ਸਚ ਕਰਮ ਕਰੰਦੇ । ਧੰਨ ਕਮਾਈ ਸੰਤ ਜਨ, ਹਰਿ ਨਾਮ ਰਸਨਾ ਦਿਵਸ ਰੈਣ ਧਿਆਂਦੇ । ਧੰਨ ਕਮਾਈ ਭਗਤ ਜਨ, ਸਾਚਾ ਧਰਮ ਵਿਚ ਮਾਤ ਚਲਾਂਦੇ । ਧੰਨ ਕਮਾਈ ਸੰਤ ਜਨ, ਹਉਮੇ ਤ੍ਰਿਸ਼ਨਾ ਰੋਗ ਗਵਾਂਦੇ । ਧੰਨ ਕਮਾਈ ਭਗਤ ਜਨ, ਪ੍ਰੇਮ ਸਿਤਾਰ ਇਕ ਵਜਾਂਦੇ । ਧੰਨ ਕਮਾਈ ਸੰਤ ਜਨ, ਦੂਈ ਦਵੈਤੀ ਪੜਦਾ ਲਾਹੁੰਦੇ । ਧੰਨ ਕਮਾਈ ਸੰਤ ਜਨ, ਆਪਾ ਵਿਚੋਂ ਹਉਮੇ ਰੋਗ ਗਵਾਂਦੇ । ਧੰਨ ਕਮਾਈ ਭਗਤ ਜਨ, ਦੁਰਮਤ ਮੈਲ ਗੁਰ ਦਰ ਗਵਾਂਦੇ । ਧੰਨ ਕਮਾਈ ਸੰਤ ਜਨ, ਰਲ ਮਿਲ ਸਖੀਆਂ ਮੰਗਲ ਗਾਂਦੇ । ਧੰਨ ਕਮਾਈ ਭਗਤ ਜਨ, ਭੁਲੇ ਅਵਗੁਣ ਹਰਿ ਦਰ ਬਖ਼ਸ਼ਾਂਦੇ । ਧੰਨ ਕਮਾਈ ਸੰਤ ਜਨ, ਨੈਣ ਮੁਧਾਰੀ ਰਿਦੇ ਧਿਆਂਦੇ । ਧੰਨ ਕਮਾਈ ਭਗਤ ਜਨ, ਜਗਤ ਜੰਜਾਲਾ ਆਪ ਕਟਾਂਦੇ । ਧੰਨ ਕਮਾਈ ਸੰਤ ਜਨ, ਦੇ ਸ਼ਬਦ ਗਿਆਨ ਬੇਮੁਖਾਂ ਸਮਝਾਂਦੇ । ਧੰਨ ਕਮਾਈ ਭਗਤ ਜਨ, ਇਕਾ ਓਟ ਹਰਿ ਰਖਾਂਦੇ । ਧੰਨ ਕਮਾਈ ਸੰਤ ਜਨ, ਸ਼ਬਦ ਚੋਟ ਤਨ ਵਜਾਂਦੇ । ਧੰਨ ਕਮਾਈ ਭਗਤ ਜਨ, ਅੰਦਰੋਂ ਖੋਟ ਸਰਬ ਗਵਾਂਦੇ । ਧੰਨ ਕਮਾਈ ਭਗਤ ਜਨ, ਆਤਮ ਦੂਈ ਦਵੈਤੀ ਲਗਾ ਫੱਟ ਆਪਣੀ ਹੱਥੀਂ ਆਪ ਸੁਆਂਦੇ ।

ਧੰਨ ਕਮਾਈ ਸੰਤ ਜਨ, ਜੂਠਾ ਝੂਠਾ ਮੋਹ ਵਿਚ ਮਾਤ ਆਪਣਾ ਆਪ ਤਜਾਂਦੇ । ਧੰਨ ਕਮਾਈ ਭਗਤ ਜਨ, ਸਾਚਾ ਸ਼ਬਦ ਸੁਣਨ ਕੰਨ ਆਤਮ ਜਾਏ ਸਭ ਦੀ ਮੰਨ, ਏਕਾ ਚਰਨ ਧਿਆਨ ਰਖਾਂਦੇ । ਧੰਨ ਕਮਾਈ ਸੰਤ ਜਨ, ਮਾਇਆ ਮਮਤਾ ਜਗਤ ਜੰਜਾਲ ਆਪਣੇ ਤਨੋਂ ਲਾਹੁੰਦੇ । ਹਰਿ ਭਗਵਾਨ ਦੇਵੇ ਵਡਿਆਈ, ਸੰਤਾਂ ਭਗਤਾਂ ਦੋਹਾਂ ਮੇਲ ਮਿਲਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆ ਦੇਵੇ ਸੋਹੰ ਸੱਚਾ ਇਕ ਗਿਆਨ । ਧੰਨ ਕਮਾਈ ਭਗਤ ਜਨ, ਵਿਚ ਮਾਤ ਸੰਸਾਰ । ਧੰਨ ਕਮਾਈ ਸੰਤ ਜਨ, ਗੁਰ ਚਰਨ ਕਰਨ ਪਿਆਰ । ਧੰਨ ਕਮਾਈ ਭਗਤ ਜਨ, ਏਕਾ ਦਿਸੇ ਸ਼ਬਦ ਸੱਚੀ ਧੁਨਕਾਰ । ਧੰਨ ਕਮਾਈ ਸੰਤ ਜਨ, ਏਕਾ ਬੈਠ ਸੇਵਾ ਲਾਏ ਅੱਠੇ ਪਹਿਰ ਰਹੇ ਧਿਆਏ, ਹਉਮੇ ਰੋਗ ਸਰਬ ਨਿਵਾਰ । ਧੰਨ ਕਮਾਈ ਭਗਤ ਜਨ, ਦੋਏ ਜੋੜ ਕਰਦੇ ਰਹਿਣ ਹਰਿ ਦਰ ਤੇਰੇ ਸੱਚੇ ਘਰ ਸਦਾ ਸਦਾ ਨਿਮਸਕਾਰ । ਧੰਨ ਕਮਾਈ ਸੰਤ ਜਨ, ਏਕਾ ਮੰਗਣ ਸਾਚੀ ਮੰਗ ਬਣ ਬਣ ਜਗਤ ਭਿਖਾਰ । ਧੰਨ ਕਮਾਈ ਭਗਤ ਜਨ, ਮਾਨਸ ਜਨਮ ਜਾਏ ਸੁਧਾਰ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਰਸਨਾ ਰਿਹਾ ਉਚਾਰ । ਧੰਨ ਕਮਾਈ ਭਗਤ ਜਨ, ਦੂਜਾ ਸ਼ਬਦ ਵਸਾਏ ਤਨ, ਤੀਜਾ ਆਤਮ ਜਾਏ ਮੰਨ, ਚੌਥੇ ਘਰ ਸਾਚਾ ਹਰਿ ਜੋਤ ਜਗਾਏ ਅਪਰ ਅਪਾਰ । ਧੰਨ ਕਮਾਈ ਸੰਤ ਜਨ, ਭਾਂਡਾ ਭਰਮ ਦੇਵੇ ਭੰਨ, ਅੱਗੇ ਆਇਣ ਮੂਲ ਨਾ ਸੰਗ, ਸਾਚਾ ਦੇਵੇ ਸ਼ਬਦ ਅਸਵਾਰ । ਧੰਨ ਕਮਾਈ ਭਗਤ ਜਨ, ਧੰਨ ਕਮਾਈ ਸੰਤ ਜਨ, ਦੋਹਾਂ ਬੇੜਾ ਦੇਵੇ ਬੰਨ੍ਹ, ਨਿਹਕਲੰਕ ਨਰਾਇਣ ਨਰ ਅਵਤਾਰ । ਧੰਨ ਕਮਾਈ ਭਗਤ ਜਨ, ਹਰਿ ਰਿਦੇ ਵਿਚਾਰੇ । ਧੰਨ ਕਮਾਈ ਸੰਤ ਜਨਾਂ, ਕਾਰਜ ਸਿੱਧੇ ਆਪ ਕਰੇ ਕਰਾਏ ਆਪ ਹਰਿ ਨਿਰੰਕਾਰੇ । ਧੰਨ ਕਮਾਈ ਭਗਤ ਜਨ, ਲੱਗੇ ਚੋਟ ਏਕਾ ਸ਼ਬਦ ਤਨ ਨਗਾਰੇ । ਧੰਨ ਕਮਾਈ ਸੰਤ ਜਨ, ਏਕਾ ਰੱਖਣ ਓਟ ਹਰਿ ਗਿਰਧਾਰੇ । ਧੰਨ ਕਮਾਈ ਭਗਤ ਜਨ, ਵਿਚੋਂ ਕੱਢਣ ਖੋਟ ਹਉਮੇ ਚਿੰਤਾ ਰੋਗ ਨਿਵਾਰੇ । ਧੰਨ ਕਮਾਈ ਸੰਤ ਜਨ, ਮੰਗਦੇ ਰਹਿਣ ਦਵਾਰੇ । ਧੰਨ ਕਮਾਈ ਭਗਤ ਜਨ, ਮਿਲੇ ਵਡਿਆਈ ਸੰਤ ਜਨ ਦੇਵੇ ਸੱਚਾ ਨਾਮ ਧੰਨ ਨਿਹਕਲੰਕ ਨਰਾਇਣ ਨਰ ਅਵਤਾਰੇ । ਧੰਨ ਕਮਾਈ ਭਗਤ ਜਨ, ਮਾਨਸ ਜਨਮ ਅਨਮੋਲ । ਧੰਨ ਕਮਾਈ ਸੰਤ ਜਨ, ਪੂਰੇ ਤੁੱਲੇ ਤੋਲ । ਧੰਨ ਕਮਾਈ ਭਗਤ ਜਨ, ਵੇਲੇ ਅੰਤ ਨਾ ਜਾਇਣ ਡੋਲ । ਧੰਨ ਕਮਾਈ ਸੰਤ ਜਨ, ਪ੍ਰਭ ਵਸੇ ਆਤਮ ਸਦਾ ਕੋਲ । ਧੰਨ ਕਮਾਈ ਭਗਤ ਜਨ, ਸੋਹੰ ਸ਼ਬਦ ਵਜਦਾ ਰਹੇ ਅੱਠੇ ਪਹਿਰ ਢੋਲ । ਧੰਨ ਕਮਾਈ ਸੰਤ ਜਨ, ਪ੍ਰਭ ਆਤਮ ਪੜਦੇ ਦੇਵੇ ਫੋਲ । ਧੰਨ ਕਮਾਈ ਸੰਤ ਜਨ, ਕਰੇ ਕਰਾਏ ਆਪਣੇ ਚੋਹਲ । ਧੰਨ ਕਮਾਈ ਭਗਤ ਜਨ, ਧੰਨ ਕਮਾਈ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਦੇ ਅੰਦਰ ਰਿਹਾ ਬੋਲ । ਧੰਨ ਕਮਾਈ ਭਗਤ ਜਨ, ਸ਼ਬਦ ਤੂਰਾ । ਧੰਨ ਕਮਾਈ ਸੰਤ ਜਨ, ਮਿਲੇ ਜੋਤੀ ਨੂਰਾ । ਧੰਨ ਕਮਾਈ ਭਗਤ ਜਨ, ਹਰਿ ਪਾਇਆ ਗਹਿਰ ਗੰਭੀਰਾ । ਧੰਨ ਕਮਾਈ ਸੰਤ ਜਨ, ਹੋਏ ਸ਼ਾਂਤ ਸਰੀਰਾ । ਧੰਨ ਕਮਾਈ ਭਗਤ ਜਨ, ਕਟੇ ਹਉਮੇ ਪੀੜਾ । ਧੰਨ ਕਮਾਈ ਸੰਤ ਜਨ, ਬੰਨ੍ਹੇ ਆਪਣਾ ਬੀੜਾ । ਧੰਨ ਕਮਾਈ ਭਗਤ ਜਨ, ਚੁਕਾਏ ਜਗਤ ਝੇੜਾ । ਧੰਨ ਕਮਾਈ ਸੰਤ ਜਨ, ਆਪ ਵਸਾਏ ਕਾਇਆ ਨਗਰ ਖੇੜਾ । ਧੰਨ ਕਮਾਈ ਭਗਤ ਜਨ, ਪ੍ਰਭ ਅਬਿਨਾਸ਼ੀ ਦਿਸੇ ਨੇੜਨ ਨੇੜਾ । ਧੰਨ ਕਮਾਈ ਸੰਤ ਜਨ, ਪ੍ਰਭ ਆਤਮ ਰੱਖੇ ਖੁਲ੍ਹਾ ਵਿਹੜਾ । ਧੰਨ ਕਮਾਈ ਭਗਤ ਜਨ, ਪ੍ਰਭ ਦਰ ਸ਼ਬਦ ਲੈਣ, ਰਸਨਾ ਕਹਿਣ ਧੰਨ ਧੰਨ, ਅੰਤ ਨਾ ਮਾਰੇ ਕਰੇ ਖੁਆਰੇ ਆਪੇ ਦੇਵੇ ਸਾਚਾ ਗੇੜਾ । ਧੰਨ ਕਮਾਈ


੧੭੪
੦੪

ਸੰਤ ਜਨ, ਅੰਤ ਨਾ ਲੱਗੇ ਮੂਲ ਡੰਨ, ਇਕੋ ਮਿਲੇ ਮਾਲ ਨਾਮ ਧੰਨ, ਮਿਟੇ ਜਗਤ ਝੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ
ਆਦਿਨ ਅੰਤਾ ਗੁਣੀ ਗੁਣਵੰਤਾ ਬੰਨ੍ਹਦਾ ਜਾਏ ਬੇੜਾ । ਧੰਨ ਕਮਾਈ ਭਗਤ ਜਨ, ਗੁਰ ਚਰਨ ਦਵਾਰਾ । ਧੰਨ ਕਮਾਈ ਸੰਤ ਜਨ, ਜਗੇ ਜੋਤ
ਅਗੰਮ ਅਪਾਰਾ । ਧੰਨ ਕਮਾਈ ਭਗਤ ਜਨ, ਵੇਖਣ ਹਰਿ ਕੰਤ ਸੱਚਾ ਭਤਾਰਾ । ਧੰਨ ਕਮਾਈ ਸੰਤ ਜਨ, ਮਿਲਿਆ ਨਾਮ ਸੱਚਾ ਭੰਡਾਰਾ ।
ਧੰਨ ਕਮਾਈ ਭਗਤ ਜਨ, ਪ੍ਰਭ ਪ੍ਰਗਟ ਹੋਏ ਦਰਸ ਦਿਖਾਏ ਵਾਰੋ ਵਾਰਾ । ਧੰਨ ਕਮਾਈ ਸੰਤ ਜਨ, ਸ਼ਬਦ ਦਾਤ ਪ੍ਰਭ ਝੋਲੀ ਪਾਏ ਬਣੇ ਆਪ
ਵਰਤਾਰਾ । ਧੰਨ ਕਮਾਈ ਭਗਤ ਜਨ, ਦੂਜਾ ਮੰਗਣ ਨਾ ਕੋਈ ਹੋਰ ਦਵਾਰਾ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਕਿਰਪਾ ਕਰ ਖੋਲ੍ਹੇ
ਦਸਮ ਦਵਾਰਾ । ਧੰਨ ਕਮਾਈ ਭਗਤ ਜਨ, ਏਕਾ ਜੋਤ ਹਰਿ ਬਲੋਏ ਦਰਸ਼ਨ ਦੇਵੇ ਤੀਜੇ ਲੋਏ ਆਪਣਾ ਭੇਵ ਨਿਵਾਰਾ । ਧੰਨ ਕਮਾਈ ਸੰਤ ਜਨ,
ਨੇਤਰ ਅਵਰ ਨਾ ਦੀਸੇ ਕੋਇ ਏਕਾ ਦੀਸੇ ਹਰਿ ਗਿਰਧਾਰਾ । ਧੰਨ ਕਮਾਈ ਭਗਤ ਜਨ, ਅੰਤਮ ਮਿਲਿਆ ਹਰਿ ਕਰਤਾਰਾ । ਧੰਨ ਕਮਾਈ ਸੰਤ
ਜਨ, ਆਤਮ ਕੀਆ ਸਚ ਪਸਾਰਾ । ਧੰਨ ਕਮਾਈ ਭਗਤ ਜਨ, ਧੰਨ ਕਮਾਈ ਸੰਤ ਜਨ, ਦੋਹਾਂ ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਇਕੋ ਇਕ ਸਚ ਭਤਾਰਾ । ਧੰਨ ਕਮਾਈ ਭਗਤ ਜਨ, ਦਰ ਸਾਚਾ ਮੰਗਣ । ਧੰਨ ਕਮਾਈ ਸੰਤ ਜਨ, ਕਾਇਆ ਚੋਲੀ ਆਪਣੀ ਰੰਗਣ । ਧੰਨ
ਕਮਾਈ ਭਗਤ ਜਨ, ਦਰ ਘਰ ਸਾਚੇ ਮੂਲ ਨਾ ਸੰਗਣ । ਧੰਨ ਕਮਾਈ ਸੰਤ ਜਨ, ਏਕਾ ਤਨ ਸ਼ਿੰਗਾਰ ਲਗਾਇਣ ਸੋਹੰ ਸ਼ਬਦ ਸਾਚਾ ਕੰਗਣ ।
ਧੰਨ ਕਮਾਈ ਭਗਤ ਜਨ, ਭਾਂਡਾ ਭਰਮ ਝੂਠਾ ਭੰਨਣ । ਧੰਨ ਕਮਾਈ ਸੰਤ ਜਨ, ਸਾਚਾ ਨਾਮ ਹਰਿ ਝੋਲੀ ਪਾਏ ਲੱਗੇ ਮਾਤ ਨਾ ਸੰਨ੍ਹਨ । ਧੰਨ
ਕਮਾਈ ਭਗਤ ਜਨ, ਸਾਚਾ ਸ਼ਬਦ ਹਰਿ ਉਪਜਾਏ ਇਕ ਸੁਣਾਏ ਕੰਨਨ । ਧੰਨ ਕਮਾਈ ਸੰਤ ਜਨ, ਕਲਜੁਗ ਜੀਵ ਹੋਏ ਅੰਨ੍ਹਨ । ਧੰਨ ਕਮਾਈ
ਭਗਤ ਜਨ, ਦੋਵੇਂ ਬਣ ਗਏ ਸੱਚੇ ਭਾਈ ਨਿਹਕਲੰਕ ਤੈਨੂੰ ਮੰਨਣ । ਧੰਨ ਕਮਾਈ ਭਗਤ ਜਨ, ਹਰਿ ਦਏ ਦਿਲਾਸਾ । ਧੰਨ ਕਮਾਈ ਸੰਤ ਜਨ,
ਪ੍ਰਭ ਆਪ ਮਿਟਾਏ ਆਤਮ ਲੱਗੀ ਤ੍ਰਿਸ਼ਨਾ ਪਿਆਸਾ । ਧੰਨ ਕਮਾਈ ਭਗਤ ਜਨ, ਅੰਤਮ ਜਨਮ ਕਰਾਏ ਰਹਿਰਾਸਾ । ਧੰਨ ਕਮਾਈ ਸੰਤ ਜਨ,
ਲੱਖ ਚੁਰਾਸੀ ਕਰੇ ਵਿਨਾਸਾ । ਧੰਨ ਕਮਾਈ ਭਗਤ ਜਨ, ਪ੍ਰਭ ਅਬਿਨਾਸ਼ੀ ਹੋਏ ਦਾਸਨ ਦਾਸਾ । ਧੰਨ ਕਮਾਈ ਸੰਤ ਜਨ, ਆਤਮ ਵੇਖਣ ਹਰਿ
ਤਮਾਸ਼ਾ । ਧੰਨ ਕਮਾਈ ਭਗਤ ਜਨ, ਜੋਤ ਸਰੂਪੀ ਅੰਦਰ ਬੈਠਾ ਪਾਉਂਦਾ ਰਹੇ ਰਾਸਾ । ਧੰਨ ਕਮਾਈ ਸੰਤ ਜਨ, ਇਕੋ ਦਿਤਾ ਸੱਚਾ ਨਾਮ ਨਾ
ਤੋਲਾ ਨਾ ਮਾਸਾ । ਧੰਨ ਕਮਾਈ ਭਗਤ ਜਨ, ਇਕੋ ਮੰਗਣ ਸੱਚਾ ਦਾਨ ਅੱਗੇ ਡਾਹਿਣ ਕਾਇਆ ਚੋਲੀ ਸੱਚਾ ਕਾਸਾ । ਧੰਨ ਕਮਾਈ ਸੰਤ ਜਨ,
ਪ੍ਰਭ ਅਬਿਨਾਸ਼ੀ ਕਰੇ ਬੰਦ ਖਲਾਸਾ । ਧੰਨ ਕਮਾਈ ਸੰਤ ਜਨ, ਧੰਨ ਕਮਾਈ ਭਗਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ
ਨਰਾਇਣ ਨਰ ਦੋਹਾਂ ਵਿਚ ਇਕੋ ਜਿਹਾ ਰੱਖੇ ਵਾਸਾ । ਧੰਨ ਕਮਾਈ ਭਗਤ ਜਨ, ਹਰਿ ਹਾਜ਼ਰ ਹਜ਼ੂਰ । ਧੰਨ ਕਮਾਈ ਸੰਤ ਜਨ, ਆਤਮ ਹੋਏ
ਭਰਪੂਰ । ਧੰਨ ਕਮਾਈ ਭਗਤ ਜਨ, ਪੰਜਾਂ ਚੋਰਾਂ ਕਰਨਾ ਦੂਰੋ ਦੂਰ । ਧੰਨ ਕਮਾਈ ਸੰਤ ਜਨ, ਸੋਹੰ ਸ਼ਬਦ ਰਸਨਾ ਗਾਇਣ ਆਤਮ ਮਿਟੇ
ਗਰੂਰ । ਧੰਨ ਕਮਾਈ ਭਗਤ ਜਨ, ਧੰਨ ਕਮਾਈ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਦੱਸੇ ਇਕੋ ਥਾਂ, ਆਪੇ ਫੜੇ ਦੋਹਾਂ
ਬਾਂਹ ਪ੍ਰਭ ਅਬਿਨਾਸ਼ੀ ਹਾਜ਼ਰ ਹਜ਼ੂਰ । ਧੰਨ ਕਮਾਈ ਭਗਤ ਜਨ, ਹਰਿ ਸਚ ਪਛਾਣਾ । ਧੰਨ ਕਮਾਈ ਸੰਤ ਜਨ, ਕਰਿਆ ਗੁਰ ਚਰਨ ਧਿਆਨਾ ।

ਧੰਨ ਕਮਾਈ ਭਗਤ ਜਨ, ਹਰਿ ਦੇਵੇ ਸੱਚਾ ਦਾਨਾ । ਧੰਨ ਕਮਾਈ ਸੰਤ ਜਨ, ਉਪਜੇ ਬ੍ਰਹਮ ਗਿਆਨਾ । ਧੰਨ ਕਮਾਈ ਭਗਤ ਜਨ, ਸ਼ਬਦ ਸੁਣਾਏ ਹਰਿ ਕਾਨਾ । ਧੰਨ ਕਮਾਈ ਸੰਤ ਜਨ ਆਪ ਪਹਿਨਾਏ ਦਇਆ ਕਮਾਏ ਸ਼ਬਦ ਸਰੂਪੀ ਚਿੱਟਾ ਬਾਨਾ । ਧੰਨ ਕਮਾਈ ਭਗਤ ਜਨ ਮੰਨਣ ਸਾਚਾ ਭਾਣਾ । ਧੰਨ ਕਮਾਈ ਸੰਤ ਜਨ, ਮਿਲਿਆ ਹਰਿ ਭਗਵਾਨਾ । ਧੰਨ ਕਮਾਈ ਭਗਤ ਜਨ, ਵਡ ਵਡਿਆਈ ਸੰਤ ਜਨ ਦੋਹਾਂ ਦਿਸੇ ਇਕ ਨਿਸ਼ਾਨਾ । ਧੰਨ ਕਮਾਈ ਭਗਤ ਜਨ, ਮਿਲਿਆ ਸੱਚਾ ਰਾਹ । ਧੰਨ ਕਮਾਈ ਸੰਤ ਜਨ, ਮਾਤਲੋਕ ਬੈਠੇ ਵੇਖਣ ਸਚਾ ਥਾਂ । ਧੰਨ ਕਮਾਈ ਭਗਤ ਜਨ, ਪ੍ਰਭ ਦਰ ਭਾਣਾ ਰਹੇ ਮੰਨ ਕਦੇ ਨਾ ਮੁਖ ਚੋਂ ਨਿਕਲੇ ਨਾ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਰੱਖੇ ਠੰਡੀ ਛਾਂ । ਧੰਨ ਕਮਾਈ ਭਗਤ ਜਨ, ਆਪਨੀ ਗੋਦ ਉਠਾਏ ਜਿਉਂ ਬਾਲਕ ਮਾਂ । ਧੰਨ ਕਮਾਈ ਸੰਤ ਜਨ, ਦਰਗਹਿ ਸਾਚੀ ਦੇਵੇ ਲਾ ਸਾਚੇ ਨਾਂ । ਧੰਨ ਕਮਾਈ ਭਗਤ ਜਨ, ਧੰਨ ਵਡਿਆਈ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਦੋਹਾਂ ਦਾ ਆਪੇ ਬਣੇ ਪਿਤਾ ਆਪੇ ਮਾਂ । ਧੰਨ ਕਮਾਈ ਭਗਤ ਜਨ, ਹਰਿ ਸਾਚਾ ਦਿਸੇ । ਧੰਨ ਕਮਾਈ ਸੰਤ ਜਨ, ਵਿਚ ਮਾਤ ਵੰਡਾਇਣ ਆਪਨੇ ਸਾਚੇ ਹਿੱਸੇ । ਧੰਨ ਕਮਾਈ ਭਗਤ ਜਨ, ਬੇਮੁਖ ਕਲਜੁਗ ਜੀਵ ਪਿਸੇ । ਧੰਨ ਕਮਾਈ ਸੰਤ ਜਨ, ਕੋਈ ਨਾ ਕਰੇ ਇਸ ਦੀ ਰੀਸੇ । ਧੰਨ ਕਮਾਈ ਭਗਤ ਜਨ, ਮਿਟਦਾ ਜਾਏ ਭੇਵ ਬੀਸ ਇਕੀਸੇ । ਧੰਨ ਕਮਾਈ ਸੰਤ ਜਨ, ਹਰਿ ਸੋਹੰ ਸ਼ਬਦ ਛਤਰ ਝੁਲਾਏ ਸੀਸੇ । ਧੰਨ ਕਮਾਈ ਭਗਤ ਜਨ, ਦੇਵੇ ਵਡਿਆਈ ਨਾਮ ਧੰਨ, ਚਰਨ ਲਗਾਏ ਮੂਸੇ ਈਸੇ । ਧੰਨ ਕਮਾਈ ਸੰਤ ਜਨ, ਭੇਵ ਖੁਲ੍ਹਾਏ ਸਾਚੇ ਤਨ, ਏਕਾ ਸ਼ਬਦ ਸੁਣਾਏ ਸਪਾਰੇ ਤੀਸੇ । ਧੰਨ ਕਮਾਈ ਭਗਤ ਜਨ, ਧੰਨ ਵਡਿਆਈ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਨਾਮ ਦਾਨ, ਆਏ ਦਰ ਹਰਿ ਭਗਵਾਨ, ਹੋ ਮਿਹਰਵਾਨ ਦੇਵੇ ਸੱਚਾ ਇਕ ਨਿਸ਼ਾਨ, ਸਾਚਾ ਗੁਣ ਨਿਧਾਨ ਛਤਰ ਝੁਲਾਏ ਸੀਸੇ । ਧੰਨ ਕਮਾਈ ਭਗਤ ਜਨ, ਹਰਿ ਮਿਲਿਆ ਸੱਜਣ ਮੁਰਾਰਾ । ਧੰਨ ਕਮਾਈ ਸੰਤ ਜਨ, ਪਾਇਣ ਦਰਸ ਆਤਮ ਅਪਾਰਾ । ਧੰਨ ਕਮਾਈ ਭਗਤ ਜਨ, ਮਿਲਿਆ ਮੇਲ ਕ੍ਰਿਸ਼ਨ ਮੁਰਾਰਾ । ਧੰਨ ਕਮਾਈ ਸੰਤ ਜਨ, ਮਿਲਿਆ ਜੋਤ ਸਰੂਪੀ ਰਾਮ ਅਵਤਾਰਾ । ਧੰਨ ਕਮਾਈ ਭਗਤ ਜਨ, ਨੇਤਰ ਪੇਖਣ ਸਾਚੇ ਤਨ ਇਕੋ ਜੋਤ ਹਰਿ ਨਿਰੰਕਾਰਾ । ਧੰਨ ਕਮਾਈ ਸੰਤ ਜਨ, ਆਤਮ ਦੀਪਕ ਜੋਤੀ ਹੋਏ ਮਾਤ ਉਜਿਆਰਾ । ਧੰਨ ਕਮਾਈ ਭਗਤ ਜਨ, ਦਰ ਆਏ ਲੇਖੇ ਲਾਏ ਮਾਨਸ ਜਨਮ ਸੁਧਾਰਾ । ਧੰਨ ਕਮਾਈ ਸੰਤ ਜਨ, ਮਿਲਿਆ ਪੁਰਖ ਅਗੰਮ ਅਪਾਰਾ । ਧੰਨ ਕਮਾਈ ਭਗਤ ਜਨ, ਹਉਮੇ ਦੁੱਖੜਾ ਲਾਹੇ ਭਾਰਾ । ਧੰਨ ਕਮਾਈ ਸੰਤ ਜਨ, ਦੇਵੇ ਸ਼ਬਦ ਅਪਰ ਅਪਾਰਾ । ਧੰਨ ਕਮਾਈ ਭਗਤ ਜਨ, ਮੰਗਣ ਆਇਣ ਚਲ ਦਵਾਰਾ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਆਪਨੀ ਹੱਥੀਂ ਬਣੇ ਆਪ ਵਰਤਾਰਾ । ਧੰਨ ਕਮਾਈ ਭਗਤ ਜਨ, ਆਤਮ ਝੋਲੀ ਲੈਣ ਭਰਾਏ ਖੁਲ੍ਹਿਆ ਇਕ ਦਵਾਰਾ । ਧੰਨ ਕਮਾਈ ਸੰਤ ਜਨ, ਮਿਲਿਆ ਮੇਲ ਹਰਿ ਨਿਰੰਕਾਰਾ । ਧੰਨ ਕਮਾਈ ਭਗਤ ਜਨ, ਮਿਲੇ ਵਧਾਈ ਸੰਤ ਜਨ, ਦੋਹਾਂ ਮੇਲ ਮਿਲਾਇਆ ਇਕੋ ਜੋਤੀ ਹਰਿ ਨਿਰੰਕਾਰਾ । ਧੰਨ ਕਮਾਈ ਭਗਤ ਜਨ, ਮਾਨਸ ਜਨਮ ਸੁਧਾਰਿਆ । ਧੰਨ ਕਮਾਈ ਸੰਤ ਜਨ, ਹਰਿ ਪਾਇਆ ਅਪਰ ਅਪਾਰਿਆ । ਧੰਨ ਕਮਾਈ ਭਗਤ ਜਨ, ਮਾਨਸ ਜਨਮ ਮਾਤ ਸੁਧਾਰਿਆ । ਧੰਨ ਕਮਾਈ ਸੰਤ ਜਨ, ਸੱਚਾ ਮਿਲਿਆ ਹਰਿ ਭਤਾਰਿਆ । ਧੰਨ ਕਮਾਈ ਭਗਤ ਜਨ, ਦੇਵੇ ਸੱਚਾ ਨਾਮ ਧੰਨ, ਜੋਤ ਜਗਾਏ ਸਾਚੇ ਤਨ ਖੋਲ੍ਹੇ

੧੭੬
੦੪

ਦਸਮ ਦਵਾਰਿਆ । ਧੰਨ ਕਮਾਈ ਸੰਤ ਜਨ, ਮਿਲੇ ਸੱਚਾ ਨਰ, ਆਪਣੀ ਕਿਰਪਾ ਕਰ ਜੋਤ ਦੇਵੇ ਧਰ ਕਰੇ ਉਜਿਆਰਿਆ । ਧੰਨ ਕਮਾਈ ਭਗਤ ਜਨ, ਮਿਲੇ ਵਡਿਆਈ ਸੰਤ ਜਨ, ਦੋਵੇਂ ਮੰਗਣ ਇਕ ਦਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰਿਆ । ਧੰਨ ਕਮਾਈ ਭਗਤ ਜਨ, ਮਿਲਿਆ ਸੱਚਾ ਰਾਹ । ਧੰਨ ਕਮਾਈ ਸੰਤ ਜਨ, ਗਲੋਂ ਕੱਟਿਆ ਜਮ ਕਾ ਫਾਹ । ਧੰਨ ਕਮਾਈ ਭਗਤ ਜਨ, ਅੱਗੇ ਵੇਖਣ ਸੱਚਾ ਥਾਂ । ਧੰਨ ਕਮਾਈ ਸੰਤ ਜਨ, ਨਾ ਕੁਛ ਪੀਣ ਨਾ ਕੁਝ ਖਾਣ । ਧੰਨ ਕਮਾਈ ਭਗਤ ਜਨ, ਮਿਲੇ ਵਡਿਆਈ ਸੰਤ ਜਨ, ਦੋਹਾਂ ਧਿਰਾਂ ਦਾ ਇਕੋ ਨਾਂ । ਧੰਨ ਕਮਾਈ ਭਗਤ ਜਨ, ਪ੍ਰਭ ਦੇਵੇ ਆਤਮ ਧੀਰੇ । ਧੰਨ ਕਮਾਈ ਸੰਤ ਜਨ, ਸੋਹੰ ਸ਼ਬਦ ਮਿਲਿਆ ਸਾਚਾ ਸੀਰੇ । ਧੰਨ ਕਮਾਈ ਭਗਤ ਜਨ, ਵਿਚ ਮਾਤਲੋਕ ਬਣੇ ਸਾਚੇ ਹੀਰੇ । ਧੰਨ ਕਮਾਈ ਸੰਤ ਜਨ, ਇਕ ਦੂਜੇ ਦੇ ਸਾਚੇ ਵੀਰੇ । ਧੰਨ ਕਮਾਈ ਭਗਤ ਜਨ, ਇਕੋ ਚੋਟ ਸ਼ਬਦ ਲਾਏ ਅੱਖੀਂ ਚਲੇ ਨੀਰੇ । ਧੰਨ ਕਮਾਈ ਸੰਤ ਜਨ, ਚਲਦੇ ਰਹਿਣ ਧੀਰੇ ਧੀਰੇ । ਧੰਨ ਕਮਾਈ ਭਗਤ ਜਨ, ਹਰਿ ਪਾਇਆ ਗਹਿਰ ਗੰਭੀਰੇ । ਧੰਨ ਕਮਾਈ ਸੰਤ ਜਨ, ਝੂਠੀ ਮਾਇਆ ਵਿਚੋਂ ਕਾਇਆ ਪ੍ਰਭ ਅਬਿਨਾਸ਼ੀ ਆਪੇ ਚੀਰੇ । ਧੰਨ ਕਮਾਈ ਭਗਤ ਜਨ, ਇਕ ਵਸਾਇਆ ਸ਼ਬਦ ਤਨ, ਹਉਮੇ ਵਿਚੋਂ ਕੱਢੀ ਪੀੜੇ । ਧੰਨ ਕਮਾਈ ਸੰਤ ਜਨ, ਵਸੇ ਸੱਚੇ ਥਾਂ, ਨਾ ਕੋਈ ਛੱਪਰੀ ਨਾ ਕੋਈ ਛੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਡ ਬਲੀ ਬਲਵਾਨ ਇਕ ਪਿਆਏ ਅੰਮ੍ਰਿਤ ਦੋਹਾਂ ਸੱਚਾ ਸੀਰੇ । ਧੰਨ ਕਮਾਈ ਭਗਤ ਜਨ, ਹਰਿ ਸੱਚਾ ਭਾਲਿਆ । ਧੰਨ ਕਮਾਈ ਸੰਤ ਜਨ, ਵਿਚ ਰੱਖਣ ਨਾਮ ਸੱਚਾ ਦਲਾਲਿਆ । ਧੰਨ ਕਮਾਈ ਸੰਤ ਜਨ, ਗਲੋਂ ਲਾਹਿਆ ਸੂਸਾ ਕਾਲਿਆ । ਧੰਨ ਕਮਾਈ ਸੰਤ ਜਨ, ਤਨ ਕਾਇਆ ਮੰਦਰ ਆਪਣਾ ਆਪ ਸੁਹਾ ਲਿਆ । ਧੰਨ ਕਮਾਈ ਭਗਤ ਜਨ, ਹਰਿ ਸਾਚਾ ਰਿਦੇ ਵਸਾ ਲਿਆ । ਧੰਨ ਕਮਾਈ ਸੰਤ ਜਨ ਪ੍ਰਭ ਅਬਿਨਾਸ਼ੀ ਘਰੋਂ ਪਾ ਲਿਆ । ਧੰਨ ਕਮਾਈ ਭਗਤ ਜਨ ਦੀਪਕ ਜੋਤ ਆਪਣਾ ਆਪ ਜਗਾ ਲਿਆ । ਧੰਨ ਕਮਾਈ ਸੰਤ ਜਨ, ਲਾਲ ਅਨਮੋਲਕ ਸਾਚਾ ਮੋਤੀ ਆਪਣੇ ਗਲ ਵਿਚ ਲਟਕਾ ਲਿਆ । ਧੰਨ ਕਮਾਈ ਭਗਤ ਜਨ, ਆਤਮ ਉਠਾਈ ਕਲਜੁਗ ਸੋਤੀ, ਸੋਹੰ ਰਸਨਾ ਗਾ ਲਿਆ । ਧੰਨ ਕਮਾਈ ਸੰਤ ਜਨ, ਦੋਹਾਂ ਦੀ ਬਣ ਗਈ ਇਕੋ ਗੋਤੀ, ਜੋਤੀ ਜੋਤ ਮੇਲ ਮਿਲਾ ਲਿਆ । ਧੰਨ ਕਮਾਈ ਭਗਤ ਜਨ, ਸ੍ਰਿਸ਼ਟ ਸਬਾਈ ਰਹੀ ਸੋਤੀ, ਹਰਿ ਜੀ ਕਿਸੇ ਦਿਸ ਨਾ ਆ ਰਿਹਾ । ਧੰਨ ਕਮਾਈ ਸੰਤ ਜਨ, ਹਿਰਦੇ ਵਾਸ ਰਖਾ ਰਿਹਾ । ਧੰਨ ਕਮਾਈ ਭਗਤ ਜਨ, ਹਰਿ ਤੋੜੇ ਆਤਮ ਜੰਦਰ, ਸੋਹੰ ਚਾਬੀ ਲਾ ਲਿਆ । ਧੰਨ ਕਮਾਈ ਭਗਤ ਜਨ, ਮਿਲੇ ਵਡਿਆਈ ਸੰਤ ਜਨ ਦੋਹਾਂ ਆਪਣੇ ਥਾਂ ਬਹਾ ਰਿਹਾ । ਧੰਨ ਕਮਾਈ ਭਗਤ ਜਨ, ਤਨ ਕਿਆਰਾ । ਧੰਨ ਕਮਾਈ ਸੰਤ ਜਨ, ਵਿਚ ਪੰਚ ਦੂਤ ਸੋਹੰ ਅਪਰ ਅਪਾਰਾ । ਧੰਨ ਕਮਾਈ ਭਗਤ ਜਨ, ਹਲ ਚਲਾਏ ਰਸਨਾ ਗਾਏ, ਸਿਧੀ ਰਾਹਲ ਇਕ ਰਖਾਏ, ਅੱਗੇ ਦਿਸੇ ਸਚ ਕਿਨਾਰਾ । ਧੰਨ ਕਮਾਈ ਸੰਤ ਜਨ, ਇਕੋ ਪਾਣੀ ਆਪਣੀ ਹੱਥੀਂ ਪਾਇਣ ਅੰਮ੍ਰਿਤ ਸਾਚੀ ਧਾਰਾ । ਧੰਨ ਕਮਾਈ ਭਗਤ ਜਨ, ਆਤਮ ਸੱਚਾ ਹੋਏ ਹਰਿਆ, ਪ੍ਰਭ ਅਬਿਨਾਸ਼ੀ ਕਿਰਪਾ ਕਰਿਆ, ਮਿਲਿਆ ਇਕ ਦਵਾਰਾ । ਧੰਨ ਕਮਾਈ ਸੰਤ ਜਨ, ਸੋਹਣੀ ਵਾੜੀ ਆਪ ਲਗਾਈ, ਹਾੜੀ ਸਾਉਣੀ ਇਕ ਬਣਾਈ, ਇਕੋ ਇਕ ਆਤਮ ਕਿਆਰਾ । ਜੋਤੀ ਜੋਤ ਸਰੂਪ ਹਰਿ, ਦੇਵੇ ਵਡਿਆਈ ਭਗਤ ਜਨ ਸਾਚਾ ਫਲ ਅੰਤਮ ਦਏ ਖੁਆਈ । ਜਨ ਭਗਤ ਤੇਰੀ ਧੰਨ ਕਮਾਈ ਆਤਮ

ਲਾਇਆ ਬੂਟਾ । ਸੰਤ ਜਨਾਂ ਨੂੰ ਦਿਓ ਵਧਾਈ, ਇਕੋ ਲੈਣ ਸ਼ਬਦ ਝੂਟਾ । ਭਗਤ ਜਨ ਤੇਰੀ ਵਡ ਵਡਿਆਈ, ਲੱਖ ਚੁਰਾਸੀ ਆਉਣਾ ਜਾਣਾ ਵਿਚ ਮਾਤ ਦੇ ਛੂਟਾ । ਜਨ ਭਗਤ ਤੇਰੀ ਵਡ ਵਡਿਆਈ ਹੋਏ ਚਾਰੇ ਕੂਟਾ । ਧੰਨ ਕਮਾਈ ਭਗਤ ਜਨ, ਧੰਨ ਵਡਿਆਈ ਸੰਤ ਜਨ, ਦੋਹਾਂ ਧਿਰਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਆਪਣਾ ਨਾਂ । ਜਨ ਭਗਤ ਧੰਨ ਕਮਾਈ, ਆਤਮ ਤ੍ਰਿਖਾ ਇਕ ਰਖਾਈ । ਜਨ ਸੰਤ ਤੇਰੀ ਧੰਨ ਕਮਾਈ, ਇਕੋ ਆਸ ਚਰਨ ਰਖਾਈ । ਜਨ ਭਗਤ ਤੇਰੀ ਧੰਨ ਕਮਾਈ, ਪ੍ਰਭ ਅਬਿਨਾਸ਼ੀ ਦਇਆ ਕਮਾਈ । ਜਨ ਸੰਤ ਤੇਰੀ ਧੰਨ ਕਮਾਈ, ਪ੍ਰਭ ਮਿਲਣ ਆਇਆ ਪ੍ਰਗਟ ਜੋਤ ਕਲਜੁਗ ਅੰਤਮ ਸਾਚਾ ਮਾਹੀ । ਜਨ ਭਗਤ ਤੇਰੀ ਧੰਨ ਕਮਾਈ, ਹਰਿ ਦੇਣ ਵਾਲਾ ਵਡਿਆਈ । ਜਨ ਸੰਤ ਤੇਰੀ ਧੰਨ ਕਮਾਈ, ਹਰਿ ਫੂਲਨ ਸੇਜ ਰਿਹਾ ਵਿਛਾਈ । ਜਨ ਭਗਤ ਤੇਰੀ ਧੰਨ ਕਮਾਈ, ਦੋਹੀਂ ਹੱਥੀਂ ਹਰਿ ਜੀ ਰਿਹਾ ਤੇਰੀ ਸੇਵ ਕਮਾਈ । ਜਨ ਸੰਤ ਤੇਰੀ ਧੰਨ ਕਮਾਈ, ਵੇਲੇ ਅੰਤ ਕਲਜੁਗ ਪ੍ਰਭ ਉਤੇ ਦੇਵੇ ਆਪ ਸਵਾਈ । ਜਨ ਭਗਤ ਤੇਰੀ ਧੰਨ ਕਮਾਈ, ਪ੍ਰਭ ਅਬਿਨਾਸ਼ੀ ਉਤੇ ਫੂਲਨ ਬਰਖਾ ਲਾਈ । ਜਨ ਸੰਤ ਤੇਰੀ ਧੰਨ ਕਮਾਈ, ਕਰੋੜ ਤੇਤੀਸ ਦਰ ਖਲੋਤੇ ਰਹੇ ਸ਼ਰਮਾਈ । ਜਨ ਭਗਤ ਤੇਰੀ ਧੰਨ ਕਮਾਈ, ਪ੍ਰਭ ਅਬਿਨਾਸ਼ੀ ਗੂੜ੍ਹੀ ਨੀਂਦ ਰਿਹਾ ਸਵਾਈ । ਜਨ ਸੰਤ ਤੇਰੀ ਧੰਨ ਕਮਾਈ, ਪਵਣ ਉਨੰਜਾ ਸਿਰ ਛਤਰ ਝੁਲਾਈ । ਜਨ ਭਗਤ ਤੇਰੀ ਧੰਨ ਕਮਾਈ, ਸਾਚਾ ਲੇਖਾ ਦਏ ਲਿਖਾਈ । ਧੰਨ ਕਮਾਈ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਆਦਿ ਅੰਤ ਜੁਗਾ ਜੁਗੰਤ ਆਪਣੇ ਨਾਲ ਲਏ ਉਪਜਾਈ । ਜਨ ਭਗਤ ਤੇਰੀ ਧੰਨ ਕਮਾਈ, ਹਰਿ ਮਿਲਿਆ ਸੱਚਾ ਸ਼ਾਹ । ਸੰਤ ਜਨ ਤੇਰੀ ਧੰਨ ਕਮਾਈ, ਲੱਭ ਲਿਆ ਇਕ ਨਾਂ । ਜਨ ਭਗਤ ਤੇਰੀ ਧੰਨ ਕਮਾਈ, ਪ੍ਰਭ ਦਰ ਆਏ ਪਕੜੇ ਬਾਂਹ । ਜਨ ਸੰਤ ਤੇਰੀ ਧੰਨ ਕਮਾਈ, ਪ੍ਰਭ ਮਿਲਿਆ ਅਗੰਮ ਅਥਾਹ । ਜਨ ਭਗਤ ਤੇਰੀ ਧੰਨ ਕਮਾਈ, ਔਖੀ ਘਾਟੀ ਕੋਈ ਦਿਸੇ ਨਾ । ਜਨ ਸੰਤ ਤੇਰੀ ਧੰਨ ਕਮਾਈ, ਸੋਹੰ ਸਾਚਾ ਰਸਨਾ ਚਾਟੀਂ, ਗਾਉਂਦਾ ਰਹੀਂ ਸੱਚਾ ਨਾਂ । ਧੰਨ ਕਮਾਈ ਭਗਤ ਜਨ, ਜਨ ਸੰਤ ਵਡ ਵਡਿਆਈ, ਮੇਲ ਮਿਲਾਵਾ ਦੋਹਾਂ ਧਿਰਾਂ ਹੋਇਆ ਪ੍ਰਭ ਅਬਿਨਾਸ਼ੀ ਤੇਰੇ ਘਰ ਸੱਚੇ ਥਾਂ । ਜਨ ਭਗਤ ਆਏ ਚਲ ਦਵਾਰੇ । ਸੰਤ ਜਨਾਂ ਨੂੰ ਵਾਜਾਂ ਮਾਰੇ । ਕਲਜੁਗ ਅੰਤਮ ਅੰਤ ਦੋਹਾਂ ਦੇ ਕਾਜ ਆਪ ਸਵਾਰੇ । ਪ੍ਰਭ ਅਬਿਨਾਸ਼ੀ ਸਾਚਾ ਕੰਤ, ਇਕ ਵਸਾਏ ਸਚ ਸੁੱਚ ਆਪਣੇ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦੇ ਵਡਿਆਈ, ਸਾਧਾਂ ਸੰਤਾਂ ਮੇਲ ਵਖਾਈ । ਕਾਇਆ ਮਹੱਲ ਮੁਨਾਰੇ । ਪੰਜ ਜੇਠ ਦਰਸ ਦਿਖਾਉਣਾ । ਗੁਰ ਸੰਗਤ ਸੋਹਣਾ ਸੱਚਾ ਮੇਲ ਮਿਲਾਉਣਾ । ਜੋ ਜੀਵ ਆਵੇ ਦਰ ਤੇ ਕੱਚਾ, ਬਾਹੋਂ ਪਕੜ ਬਾਹਰ ਕਢਾਉਣਾ । ਪ੍ਰਭ ਅਬਿਨਾਸ਼ੀ ਸਾਚਾ ਜੀਵ ਭਾਂਡਾ ਕਾਚਾ, ਅੰਤਮ ਭੰਨ ਵਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਨਾਮ ਸੱਚਾ ਜਾਮ ਗੁਰਮੁਖਾਂ ਆਪਣੀ ਹੱਥੀਂ ਆਪ ਪਿਆਉਣਾ । ਇਕੋ ਧਿਆਨ ਹਰਿ ਨਿਰੰਕਾਰਾ । ਦੋਏ ਜੋੜ ਕਰੋ ਨਿਮਸਕਾਰਾ । ਮੰਗਣ ਆਏ ਸਚ ਦਵਾਰਾ । ਅੰਮ੍ਰਿਤ ਭਰੇ ਹਰਿ ਭੰਡਾਰਾ । ਖੋਲ੍ਹ ਦਵਾਰਾ ਮਿਟਿਆ ਅੰਧਿਆਰਾ । ਵਖਾ ਘਰ ਜਿਥੇ ਵਸੇ ਹਰਿ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗਣ ਆਏ ਚਰਨ ਦਵਾਰਾ । ਮੰਗਣ ਆਏ ਬਣ ਭਿਖਾਰੀ । ਪ੍ਰਭ ਅਬਿਨਾਸ਼ੀ ਵਡ ਭੰਡਾਰੀ । ਸਾਚੀ ਦਾਤ ਝੋਲੀ ਪਾ, ਕਲਜੁਗ ਅੰਤਮ ਹੋਈ ਖੁਆਰੀ । ਗਲੋਂ ਕਟੇ ਚੁਰਾਸੀ ਫਾਹ, ਦੇ ਚਰਨ ਸੱਚੀ ਸਰਦਾਰੀ । ਇਕ ਵਖਾ ਸੱਚਾ ਥਾਂ, ਜਿਥੇ


੧੭੮
੦੪

ਵਸੇ ਹਰਿ ਬਨਵਾਰੀ । ਅੱਗੇ ਹੋਏ ਫੜ ਲੈ ਬਾਂਹ, ਆਤਮ ਹੋਈ ਸਭ ਦੁਖਿਆਰੀ । ਨਾ ਕੋਈ ਸਮਝਾਵੇ ਪੁੱਤਾਂ ਮਾਂ, ਨਿਹਕਲੰਕ ਆਇਆ ਮਾਤ ਜਾਮਾ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਗੁਰਮੁਖਾਂ ਪਾਰ ਉਤਾਰੀ । ਮੰਗਣਾ ਇਕ ਦਵਾਰ ਹਰਿ ਨਿਰੰਕਾਰ ਦਾ । ਹੋਰ ਹੋਣਾ ਸਰਬ ਖੁਆਰ, ਕਲਜੁਗ ਵੇਲਾ ਆਇਆ ਹਾਰ ਦਾ । ਅਠ ਸਠ ਤੀਰਥ ਕੋਈ ਨਾ ਪਾਵੇ ਸਾਰ, ਬਣੇ ਯਾਰ ਤੱਟਾਂ ਘੱਟਾਂ ਪਾਰ ਉਤਾਰਦਾ । ਵੇਦ ਪੁਰਾਨਾਂ ਸ਼ਾਹ ਸੁਲਤਾਨਾਂ, ਪ੍ਰਭ ਅੰਤਮ ਅੰਤ ਆਪ ਨਿਵਾਰਦਾ । ਪ੍ਰਗਟ ਹੋਇਆ ਵਾਲੀ ਦੋ ਜਹਾਨਾਂ, ਜੋਤ ਸਰੂਪੀ ਹਰਿ ਨਰ ਰੰਗ ਸੱਚੇ ਕਰਤਾਰ ਦਾ । ਜਨ ਭਗਤ ਸੱਜਣ ਸੁਹੇਲੇ । ਪ੍ਰਭ ਮੰਗਣ ਆਏ ਸਾਚਾ ਦਾਨ, ਕਲਜੁਗ ਅੰਤਮ ਹੋਏ ਮੇਲੇ । ਦੇਵੇ ਸੱਚਾ ਮਾਣ ਤਾਣ ਚਰਨ ਧਿਆਨ, ਬਣ ਜਾਏ ਸੱਚਾ ਸੱਜਣ ਸੁਹੇਲੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਪਾਰਬ੍ਰਹਮ ਅੰਤਮ ਕਲਜੁਗ ਆਪ ਖੇਲੇ । ਮੰਗਣ ਆਏ ਹੋ ਨਿਮਾਣੇ । ਪ੍ਰਭ ਅਬਿਨਾਸ਼ੀ ਕਰ ਧਿਆਨੇ । ਇਕੋ ਦੇਵੇ ਸੱਚਾ ਨਾਮ, ਆਤਮ ਉਪਜੇ ਬ੍ਰਹਮ ਗਿਆਨੇ । ਚਰਨ ਧੂੜ ਕਰਾ ਹਰਿ ਇਸ਼ਨਾਨ, ਦੁਰਮਤ ਮੈਲ ਆਪ ਧਵਾਨੇ । ਆਤਮ ਮਾਰ ਸ਼ਬਦ ਕਟਾਰ, ਆਪ ਚੁਕਾ ਜਮ ਕੀ ਕਾਨ, ਲੱਖ ਚੁਰਾਸੀ ਫੰਦ ਕਟਾਨੇ । ਜੋਤੀ ਜੋਤ ਸਰੂਪ ਹਰਿ, ਚਰਨ ਸਰਨ ਆਏ ਤੇਰੀ ਭਗਵਾਨੇ । ਮੰਗਣ ਆਏ ਹਰਿ ਨਿਰੰਕਾਰ । ਸਾਚੀ ਭਿਛਿਆ ਝੋਲੀ ਪਾ, ਆਤਮ ਤ੍ਰਿਖਾ ਦੇ ਨਿਵਾਰ । ਸਾਚਾ ਰਾਹ ਇਕੋ ਦੇ ਵਖਾਲ, ਜਿਥੇ ਵਸੇ ਹਰਿ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਗੁਰਸਿਖਾਂ ਵੰਡਣ ਆਇਆ ਭਾਰ । ਗੁਰਸਿਖਾਂ ਹਰਿ ਭਾਰ ਉਠਾਏ । ਸੋਹਣੀ ਖਾਰੀ ਸਿਰ ਉਠਾਏ । ਗੁਰਸਿਖ ਸੰਤ ਜਨ ਸਾਚੇ ਹਾਰ ਚਾਰੋਂ ਤਰਫ ਲਏ ਲਟਕਾਏ । ਅੱਗੇ ਪਿੱਛੇ ਗੁਰਮੁਖ ਸਾਚੇ ਸੰਤ ਜਨ, ਵਿਚ ਹਰਿ ਜੀ ਬੈਠਾ ਡੇਰਾ ਲਾਏ । ਬੇਮੁਖ ਜੀਵਾਂ ਪੜਦਾ ਪਾਏ, ਦਿਸ ਕਿਸੇ ਨਾ ਆਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਮਾਣਕ ਮੋਤੀ ਸੋਹਣਾ ਹਾਰ ਆਪ ਪਰੋਏ । ਸੋਹਣੇ ਹਾਰਾਂ ਤਨ ਸ਼ਿੰਗਾਰਿਆ । ਗੁਰਮੁਖਾਂ ਦੇਵੇ ਇਕ ਪਿਆਰਿਆ । ਪ੍ਰਭ ਆਪਣੀ ਹੱਥੀਂ ਆਪ ਗੁੰਦਾਇਆ, ਸੋਹਣਾ ਸੱਚਾ ਹਾਰਿਆ । ਸਿਰ ਆਪਣੇ ਉਤੇ ਆਪ ਲਗਾਇਆ, ਗੁਰਸਿਖਾਂ ਚੁੱਕਿਆ ਭਾਰਿਆ । ਪਰਦਾ ਉਹਲਾ ਜਗਤ ਰਖਾਇਆ, ਅਚਰਜ ਭੇਖ ਹਰਿ ਵਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਸੇਵ ਲਗਾ ਰਿਹਾ । ਗੁਰਮੁਖ ਸਾਚੇ ਹਾਰ ਪਰੋਏ । ਦੁਰਮਤ ਮੈਲ ਆਪੇ ਧੋਏ । ਕਲਜੁਗ ਜੀਵ ਨਾ ਜਾਣੇ ਕੋਇ । ਆਪ ਉਠਾਏ ਫੜ ਫੜ ਸੋਏ । ਸੋਹੰ ਸੋਹਣਾ ਸੱਚਾ ਧਾਗਾ, ਰਸਨਾ ਨਾਲ ਪਰੋਏ । ਆਪੇ ਫੜੀ ਫਿਰਦਾ ਵਾਗਾਂ, ਮਾਰ ਨਾ ਸਕੇ ਕੋਇ । ਫੜ ਫੜ ਕਲਜੁਗ ਤੇਰਾ ਝੂਠਾ ਲਾਹੇ ਦਾਗਾ, ਸੱਚਾ ਨਾਮ ਲਏ ਧੋਏ । ਗੁਰਮੁਖ ਵਿਰਲਾ ਕਲਜੁਗ ਜਾਗਾ, ਬੇਮੁਖ ਗੂੜ੍ਹੀ ਨੀਂਦ ਸਵਾਏ । ਕਿਸੇ ਨਾ ਉਪਜੇ ਸੱਚਾ ਰਾਗਾ, ਨਾ ਹੋਏ ਸਹਾਈ ਕੋਇ । ਸਤਿਜੁਗ ਲੱਗੇ ਪਹਿਲੀ ਮਾਘਾ, ਕਲਜੁਗ ਅੰਧੇਰ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਆਪਣੇ ਤਨ ਸਾਚੇ ਹਾਰ ਪਰੋਏ । ਗੁਰਸਿਖ ਤੇਰੀ ਸਾਚੀ ਲੜੀ । ਪ੍ਰਭ ਦਰ ਲੱਗੀ ਰਹੇ ਝੜੀ । ਇਕੋ ਜੋਤੀ ਹਰਿ ਜਗਾਏ, ਗੁਰਸਿਖ ਮਾਣਕ ਮੋਤੀ ਲੱਭ ਲਿਆਏ, ਕਿਰਪਾ ਕਰਨੀ ਆਪ ਬੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਰਿਹਾ ਘਾੜਨ ਘੜੀ । ਘਾੜਨ ਘੜੇ ਹਰਿ ਨਿਆਰਾ । ਸੋਹੰ ਕੁਠਾਲੀ ਪਰਖਣਹਾਰਾ । ਸਚ ਕੁਠਾਲੀ ਨਾਮ ਪਾਏ, ਪਿਆਰ ਸੁਹਾਗਾ ਲਾਏ ਹਰਿ ਗਿਰਧਾਰਾ । ਖੋਟ ਕੋਈ

ਵਿਚ ਰਹਿ ਨਾ ਜਾਏ, ਨੇਤਰ ਪੇਖੇ ਆਏ ਦਵਾਰਾ । ਗੁਰਮੁਖ ਸਾਚੇ ਸੰਤ ਬਣਾਏ, ਦੇਵੇ ਨਾਮ ਅਪਰ ਅਪਾਰਾ । ਪ੍ਰਭ ਅਬਿਨਾਸ਼ੀ ਕੰਤ ਮਿਲਾਏ, ਜੋਤ ਜਗਾਏ ਅਪਰ ਅਪਾਰਾ । ਜਨ ਭਗਤਾਂ ਸੰਤਾਂ ਬਣਤ ਬਣਾਏ, ਇਕ ਵਖਾਏ ਘਰ ਬਾਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਿਆ ਕੋਈ ਪਾਵੇ ਸਾਰਾ । ਆਪੇ ਗੋਪੀ ਆਪੇ ਕਾਹਨਾ । ਕਰਿਆ ਖੇਲ ਜਗਤ ਮਹਾਨਾਂ । ਸਰਬ ਜੀਆਂ ਦਾ ਜਾਣੀ ਜਾਣਾ । ਕਿਆ ਕੋਈ ਜਾਣੇ ਰਾਜਾ ਰਾਣਾ । ਭੌਂਦੇ ਫਿਰਨ ਸ਼ਾਹ ਸੁਲਤਾਨੀ ਗਿਆਨੀ ਧਿਆਨੀ, ਨਾ ਕੋਈ ਜਾਣੇ ਸੱਚਾ ਇਕ ਨਿਸ਼ਾਨਾ । ਆਪਣੇ ਆਪਣੇ ਰਾਹ ਮੰਗਣ, ਨਾ ਜਾਨਣ ਗੁਣਵੰਤ ਗੁਣ ਨਿਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਸਭਨਾ ਮੇਟ ਮਿਟਾਨਾ । ਇਕ ਚਲਾਏ ਸਿੱਧਾ ਤੀਰ । ਗੁਰਮੁਖਾਂ ਆਤਮ ਜਾਏ ਚੀਰ । ਅੰਮ੍ਰਿਤ ਪਿਆਏ ਸਾਚਾ ਸੀਰ । ਆਪੇ ਦੇਵੇ ਸ਼ਬਦ ਧੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਾਚੇ ਲੇਖ ਲਿਖਾਏ ਖਿੱਚੀ ਜਾਏ ਇਕ ਲਕੀਰ । ਗੁਰਮੁਖ ਸਾਚੇ ਜਨਮ ਦਵਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਗਰਭਵਾਸ ਫੰਦ ਕਟਾਇਆ । ਪੂਰੇ ਹੋਏ ਨਾ ਦਸ ਮਾਸ, ਪ੍ਰਭ ਜੋਤੀ ਦਏ ਜਗਾਇਆ । ਨਿਜ ਘਰ ਬੈਠਾ ਕਰੇ ਵਾਸ, ਦਿਸ ਕਿਸੇ ਨਾ ਆਇਆ । ਸਚ ਘਰ ਸਦ ਰੱਖੇ ਵਾਸ, ਅੰਗ ਸੰਗ ਹੋਏ ਸਹਾਇਆ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਮਾਤ ਲਏ ਉਪਜਾਇਆ । ਗੁਰਮੁਖ ਸਾਚੇ ਹਰਿ ਜਨਮ ਦਵਾਏ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਗੁਰਸਿਖ ਸਾਚੇ ਆਪਣੀ ਗੋਦ ਉਠਾਏ । ਪ੍ਰਭ ਅਬਿਨਾਸ਼ੀ ਆਪਣੀ ਗੋਦ ਉਠਾਏ । ਆਪੇ

੧੮੦ ਬਣੇ ਪਿਤਾ ਮਾਂ, ਸੋਹੰ ਮੰਮਾ ਮੁਖ ਰਖਾਏ । ਆਪੇ ਰੱਖੇ ਠੰਡੀ ਛਾਂ, ਸ਼ਬਦ ਝੂਲੇ ਆਪ ਝੁਲਾਏ । ਵਿਚ ਮਾਤ ਦੇਵੇ ਸੱਚੀ ਦਾਤ ਚਰਨ ਨਾਤ, ੧੮੦

੦੪ ਨਾ ਅੰਤਮ ਕੋਈ ਛੁਡਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਹਰਿ ਦੇਵੇ ਲੋਰੀ, ਫੜ ਬਾਹੋਂ ਗੁਰ ਸੰਗਤ ਨਾਲ ੦੪

ਰਲਾਏ, ਜਾਏ ਤੋਰੀ । ਅੰਦਰ ਵੇਖੇ ਵੜ ਵੜ ਸ੍ਰਿਸ਼ਟ ਸਬਾਈ ਕੋਲੋਂ ਕਰੇ ਚੋਰੀ । ਜਿਹੜੇ ਰੱਖੇ ਘੜ ਘੜ, ਆਪਣੇ ਹੱਥ ਗੁਰਸਿਖਾਂ ਡੋਰੀ । ਕੋਈ ਨਾ ਸਕੇ ਅੱਗੇ ਅੜ, ਗੁਰਮੁਖ ਸਾਚੇ ਸੰਤ ਜਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸ਼ਬਦ ਘੋੜੀ । ਗੁਰਮੁਖ ਸਾਚੇ ਸੰਤ ਜਨ ਆਪਣੀ ਗੋਦ ਉਠਾਏ ਦਏ ਹੁਲਾਰਾ । ਮਾਤਲੋਕ ਝੂਠਾ ਦਿਸੇ, ਦਰਗਹਿ ਸਾਚੀ ਪਾਰ ਕਿਨਾਰਾ । ਗੁਰਮੁਖਾਂ ਦੇ ਆਉਣਾ ਹਿੱਸੇ, ਪ੍ਰਭ ਅਬਿਨਾਸ਼ੀ ਬਣਿਆ ਆਪ ਵਰਤਾਰਾ । ਕਲਜੁਗ ਜੀਵਾਂ ਮੂਲ ਨਾ ਦਿਸੇ, ਜੋਤ ਸਰੂਪੀ ਹਰਿ ਨਿਰੰਕਾਰਾ । ਕਲਜੁਗ ਝੂਠੀ ਚੱਕੀ ਪੀਸੇ, ਅੰਤਮ ਹੋਏ ਦੋ ਜਹਾਨੀ ਦੋਏ ਦੋਏ ਜਿਉਂ ਦਾਲ ਦੋ ਫਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸੰਤ ਜਨ ਆਪਣੀ ਹੱਥੀਂ ਆਪ ਸ਼ਿੰਗਾਰੇ, ਮਾਤਲੋਕ ਬਣਾਏ ਸਾਚਾ ਲਾੜਾ । ਗੁਰਮੁਖਾਂ ਹਰਿ ਕਰੇ ਪਿਆਰ । ਇਕੋ ਦੇਵੇ ਸ਼ਬਦ ਅਧਾਰ । ਸਾਚੀ ਬਣਤ ਆਪ ਬਣਾਏ, ਭਵ ਸਾਗਰ ਤੋਂ ਜਾਏ ਤਾਰ । ਮਹਿੰਮਾ ਅਗਣਤ ਗਣੀ ਨਾ ਜਾਏ, ਨਾ ਕੋਈ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਨਿਤ ਨਵਿਤ ਆਵੇ ਵਿਚ ਸੰਸਾਰ । ਸਾਚੇ ਬਾਲੇ ਆਪ ਖਿਡਾਏ । ਗੁਰਸਿਖ ਸਾਚੇ ਲਾਲੇ ਆਪਣੀ ਗੋਦ ਉਠਾਏ । ਤੋੜੇ ਜਗਤ ਜੰਜ਼ਾਲੇ, ਦੱਸੇ ਰਾਹ ਇਕ ਸੁਖਾਲੇ । ਫੜ ਫੜ ਉਂਗਲੀ ਆਪੇ ਲਾਏ, ਆਤਮ ਹੋਏ ਨਾ ਕਦੇ ਕੰਗਾਲੇ । ਸੋਹੰ ਸ਼ਬਦ ਸੱਚਾ ਨਾਉਂ, ਏਥੇ ਓਥੇ ਹੋਏ ਰਖਵਾਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਬਹਾਏ ਸਾਚੇ ਥਾਂਏ । ਗੁਰਸਿਖ ਹੁੰਦਾ ਜਾਏ ਜਵਾਨ । ਕਲਜੁਗ ਮਿਟਦਾ

ਜਾਏ ਨਿਸ਼ਾਨ । ਪ੍ਰਭ ਅਬਿਨਾਸ਼ੀ ਮਾਰ ਧਿਆਨ । ਕਿਥੇ ਬੈਠੇ ਬੇਈਮਾਨ । ਫੜ ਫੜ ਮਾਰੇ ਵਡ ਸ਼ੈਤਾਨ । ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ ਨਾਮ ਇਕ ਪਿਆਰ । ਸੱਚਾ ਨਾਮ ਰਿਹਾ ਵੰਡ । ਗੁਰਮੁਖਾਂ ਆਤਮ ਪਾਏ ਠੰਡ । ਆਤਮ ਦੇਣੀ ਸੱਚੀ ਗੰਢ । ਚਰਨ ਪ੍ਰੀਤੀ ਜਾਏ ਹੰਢ । ਵੇਲੇ ਅੰਤ ਨਾ ਦੇਵੇ ਕੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਚਰਨ ਲਾਗ ਗੁਰਮੁਖ ਸਾਚੇ ਸੰਤ ਜਨ, .ਤੇਰੀ ਹੋਏ ਨਾ ਆਤਮ ਰੰਡ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਗੁਰਮੁਖ ਸਾਚੇ ਸੰਤ ਜਨ ਦੂਰ ਦੁਰਾਡੇ ਬੈਠੇ ਵੇਖੇ, ਜੋਤ ਸਰੂਪੀ ਤਨਕ ਲਗਾਏ । ਜੋਤੀ ਜੋਤ ਸਰੂਪ ਹਰਿ, ਜੇ ਕੋਈ ਆਪਣੇ ਨੈਣ ਵੇਖੇ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋਂ ਸਾਚਾ ਦੇਵੇ ਨਾਮ ਇਕ ਰਘੁਰਾਏ । ਕਲਜੁਗ ਜੀਵ ਹੋਏ ਗਵਾਰ, ਧੀਆਂ ਭੈਣਾਂ ਘਰ ਘਰ ਤੱਕਣ, ਨਾ ਪਾਵੇ ਕੋਈ ਕਿਸੇ ਸਾਰ । ਗਿਆਨੀ ਧਿਆਨੀ ਸਾਰੇ ਥੱਕਣ, ਜੋ ਬੈਠੇ ਮੱਲ ਗੁਰੂਦਵਾਰ । ਬਣ ਬਣ ਆਵਣ ਹਾਜੀ ਮੱਕਣ, ਨਾ ਦਿਸੇ ਕੋਈ ਕਿਨਾਰ । ਪ੍ਰਭ ਅਬਿਨਾਸ਼ੀ ਤੇਰੀ ਮਹਿੰਮਾ ਕਹਿਣ ਨਾ ਸਕਣ, ਆਤਮ ਭਰਿਆ ਇਕ ਹੰਕਾਰ । ਝੂਠੇ ਪਿਆਲੇ ਲਹੂ ਵਾਲੇ ਕਲਜੁਗ ਜੀਵ ਲੱਕਣ, ਆਤਮ ਭਰਿਆ ਰਹੇ ਇਕ ਹੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਨੇੜਾ ਵੇਖ ਭੇਖ ਨਿਹਕਲੰਕ ਕਲ ਜਾਮਾ ਧਾਰ । ਦੁੱਖ ਪਾਪ ਹਰਿ ਹਰਿ ਨਾਸ ਕਰਾਇਆ । ਆਪਣਾ ਵਾਸ ਵਿਚ ਰਖਾਇਆ । ਪਹਿਲੇ ਹਰਿ ਪ੍ਰਸਾਦਿ ਵਰਤਾਇਆ । ਕਲਜੁਗ ਪਾਪੀ ਬਾਹਰ ਕਢਾਇਆ । ਸਤਿਜੁਗ ਸਾਚਾ ਵਕਤ ਸੁਹਾਇਆ । ਗੁਰ ਸੰਗਤ ਆਤਮ ਧੀਰ ਧਰਾਇਆ । ਅੰਮ੍ਰਿਤ ਮੇਘ ਆਪ ਬਰਸਾਇਆ । ਰਸਨਾ ਮੁਖ ਦਏ ਚਵਾਇਆ । ਸੁੱਕੀ ਕੁੱਖ ਹਰੀ ਕਰਾਇਆ । ਇਕਾ ਸੁਖ ਆਪ ਉਪਜਾਇਆ । ਉਜਲ ਹੋਇਆ ਮੁਖ, ਜੋ ਜਨ ਚਲ ਆਇਆ ਸਰਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋ ਸਿੰਘ ਸਿੰਘਾਸਣ ਬੈਠਾ ਡੇਰਾ ਲਾਇਆ । ਸੱਚਾ ਕੀਨਾ ਆਪ ਵਿਹਾਰਾ । ਪ੍ਰਸਾਦਿ ਵਰਤਾਇਆ ਹਰਿ ਕਰਤਾਰਾ । ਕਲਜੁਗ ਪਾਪੀ ਕਢਾਇਆ ਬਾਹਰਾ । ਗੁਰ ਸੰਗਤ ਬੈਠੀ ਰਹੇ ਦਵਾਰਾ । ਆਪੇ ਲਾਹੇ ਤਨ ਅਫਾਰਾ । ਸਾਚਾ ਦੇਵੇ ਨਾਮ ਅਧਾਰਾ । ਗੁਰ ਚਰਨ ਪ੍ਰੀਤੀ ਸਾਚੀ ਨੀਤੀ, ਜੋਤ ਸਰੂਪੀ ਹਰਿ ਨਿਰੰਕਾਰਾ । ਮਾਨਸ ਜਨਮ ਜਾਏ ਜਗ ਜੀਤੀ, ਕਰ ਦਰਸ ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰਮੁਖ ਕਾਇਆ ਕੀਨੀ ਸੀਤਲ ਸੀਤੀ, ਅੰਮ੍ਰਿਤ ਦੇਵੇ ਆਪ ਭੰਡਾਰਾ । ਪਿਛਲੀ ਔਧ ਗਈ ਬੀਤੀ, ਅੱਗੇ ਦੱਸੇ ਰਾਹ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਆਪ ਖੁਲ੍ਹਾਇਆ, ਕਲਜੁਗ ਅੰਤਮ ਜਾਮਾ ਪਾਇਆ ਪਹਿਲੀ ਵਾਰਾ । ਤਿੰਨ ਜੁਗ ਨਾ ਹਰਿ ਜੀ ਉਠੇ । ਸੁੱਤਾ ਰਹੇ ਕਿਸੇ ਗੁੱਠੇ । ਜਿਹੜੇ ਗਏ ਧੁਰਦਰਗਾਹੋਂ ਰੁਠੇ । ਪ੍ਰਭ ਫੜ ਫੜ ਕੁੱਠੇ । ਗੁਰਮੁਖ ਉਪਜਾਏ ਆਪ ਬੰਧਾਏ ਏਕਾ ਮੁੱਠੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਨੇੜੇ ਆਏ । ਗੁਰਮਤ ਸੱਚੀ ਧਾਰ ਵਿਚ ਸੰਸਾਰ ਹੈ । ਗੁਰਮਤ ਸਾਚੀ ਕਾਰ ਦੱਸੇ ਨਰ ਨਾਰ ਹੈ, ਪੂਰਬ ਕਰਮ ਵਿਚਾਰ ਹੈ । ਗੁਰਮੁਖ ਸੱਚੀ ਧਾਰ, ਪ੍ਰਭ ਅਬਿਨਾਸ਼ੀ ਪਾਏ ਸਾਰ, ਹਉਮੇ ਰੋਗ ਦਏ ਨਿਵਾਰ, ਸੋਹੰ ਦੇਵੇ ਸ਼ਬਦ ਅਪਰ ਅਪਾਰ ਹੈ । ਰਸਨਾ ਗਾਏ ਹਰਿ ਨਿਰੰਕਾਰ, ਜੋਤ ਸਰੂਪੀ ਜਾਮਾ ਧਾਰ, ਕਲਜੁਗ ਅੰਤਮ ਲਏ ਵਿਚਾਰ, ਸਤਿਜੁਗ ਸਾਚਾ ਮਾਤ ਧਰਾਏ ਹੈ । ਬਣੇ ਲੇਖ ਲਿਖਾਰ, ਜੂਠਾ ਝੂਠਾ ਮਾਇਆ ਲੂਠਾ ਭੰਨ ਵਖਾਏ, ਨਾ ਕੋਈ ਬਚਾਏ ਪੈਣੀ ਡਾਢੀ ਮਾਰ ਹੈ । ਗੁਰਮੁਖ ਸਾਚੇ ਸੰਤ

ਜਨਾਂ ਹਰਿ ਲਏ ਬਚਾਏ, ਚਰਨ ਬਹਾਏ ਕਲਜੁਗ ਅੰਤਮ ਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਵਖਾਏ ਸੱਚਾ ਸਚ ਦਰਬਾਰ ਹੈ । ਕਲਜੁਗ ਮਾਰੇ ਇਕ ਉਛਾਲ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਆਪੇ ਲਏ ਸੰਭਾਲ । ਬੇਮੁਖਾਂ ਖਾਣ ਆਇਆ ਕਾਲ, ਵੇਲੇ ਅੰਤ ਨਾ ਹੋਏ ਕੋਈ ਸਹਾਇਆ, ਸਭ ਦੇ ਭੰਨੇ ਕਾਇਆ ਡਾਲ । ਗੁਰਮੁਖਾਂ ਬੇੜਾ ਬੰਨ੍ਹ ਵਖਾਇਆ, ਸੱਚੀ ਡੋਰੀ ਨਾਲ ਬੰਧਾਇਆ, ਆਪੇ ਹੋਏ ਰਖਵਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਸਦਾ ਪ੍ਰਿਤਪਾਲ । ਕਲਜੁਗ ਅੰਤਮ ਹਰਿ ਜੀ ਵੇਖੇ । ਜਨ ਭਗਤਾਂ ਲਿਖੇ ਸਾਚੇ ਲੇਖੇ । ਸਚ ਦਾਤ ਹਰਿ ਝੋਲੀ ਪਾਏ, ਆਤਮ ਸਾਚੀ ਜੋਤ ਜਗਾਏ, ਦੂਰ ਦੁਰਾਡਾ ਦਿਸ ਕਿਸੇ ਨਾ ਆਏ, ਗੁਰਮੁਖ ਸਾਚਾ ਨੇਤਰ ਪੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦੇਵੇ ਸਾਚਾ ਨਾਮ, ਆਤਮ ਤੋੜੇ ਝੂਠਾ ਮਾਣ, ਬੇਮੁਖਾਂ ਕੱਢੇ ਭਰਮ ਭੁਲੇਖੇ । ਭਰਮ ਭੁਲੇਖੇ ਰਹੇ ਭੁਲ । ਝੂਠੇ ਤੋਲ ਜਾਣਾ ਤੁਲ । ਅੰਤਮ ਵੇਲੇ ਜਾਣਾ ਹੁਲ । ਦਰ ਘਰ ਸਾਚੇ ਜਾਣਾ ਰੁਲ । ਅੰਤਮ ਵੇਲੇ ਕੋਈ ਨਾ ਪੈਂਦਾ ਕਿਸੇ ਮੁੱਲ । ਗੁਰਮੁਖ ਸਾਚੇ ਸੰਤ ਜਨ ਸੋਹੰ ਸਾਚਾ ਰਸਨਾ ਗਾਇਣ, ਹੱਸਦੇ ਰਹਿਣ ਬੁਲ੍ਹ । ਪ੍ਰਭ ਅਬਿਨਾਸ਼ੀ ਵੇਖਣ ਤੀਜੇ ਨੈਣ, ਵਿਚ ਮਾਤ ਲਗਾਏ ਆਪਣੀ ਹੱਥੀਂ ਫੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲ ਜਾਮਾ ਪਾਇਆ ਸਚ ਭੰਡਾਰਾ ਗਿਆ ਖੁੱਲ੍ਹ । ਸਚ ਭੰਡਾਰਾ ਹਰਿ ਖੁਲ੍ਹਾਇਆ । ਗੁਰਸਿਖ ਦੁਲਾਰਾ ਸਰਬ ਬਣਾਇਆ । ਦੇਵੇ ਸ਼ਬਦ ਹੁਲਾਰਾ, ਦੱਸੇ ਸਚ ਪਿਆਰਾ, ਏਕਾ ਨਾਮ ਝੋਲੀ ਪਾਇਆ । ਕਲਜੁਗ ਤੇਰਾ ਅੰਤ ਕਿਨਾਰਾ, ਨਿਹਕਲੰਕ ਲਿਆ ਅਵਤਾਰਾ, ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸਾਚਾ ਨਾਲ ਲਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਦਾਨ, ਸੋਹੰ ਦਾਤ ਝੋਲੀ ਪਾਇਆ । ਸੱਚਾ ਦਾਨ ਹਰਿ ਵਰਤਾ ਰਿਹਾ । ਸ਼ਬਦ ਸੁਣਾਏ ਕਾਨ, ਗੁਰਮੁਖ ਸਾਚੇ ਸੰਤ ਪਿਆਰਿਆ । ਤੋੜੇ ਜਗਤ ਮਾਣ, ਮਿਟੇ ਅੰਧ ਅੰਧਿਆਰਿਆ । ਕਰੇ ਜਾਣ ਪਛਾਣ, ਗੁਰਸਿਖ ਗੁਰਮੁਖ ਦੋਵੇਂ ਬੈਠਣ ਇਕ ਦਵਾਰਿਆ । ਮੇਲ ਮਿਲਾਏ ਆਣ ਹਰਿ ਬਨਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਾਣ ਦਵਾ ਰਿਹਾ । ਇੱਕਾ ਦਰ ਭਗਤ ਭੰਡਾਰ ਹੈ । ਆਤਮ ਝੋਲੀ ਲੈਣਾ ਭਰ, ਦੇਵਣਹਾਰ ਦਾਤਾਰ ਹੈ । ਏਕਾ ਲੈਣਾ ਸਾਚਾ ਵਰ, ਸਾਚਾ ਨਾਮ ਅਪਰ ਅਪਾਰ ਹੈ । ਕਲਜੁਗ ਅੰਤਮ ਜਾਣ ਤਰ, ਪ੍ਰਭ ਬੇੜਾ ਕਰ ਜਾਏ ਪਾਰ ਹੈ । ਆਪ ਨੁਹਾਏ ਆਤਮ ਸਰ, ਅੰਮ੍ਰਿਤ ਸਾਚੇ ਝਿਰਨਾ ਝਿਰੇ ਅਪਰ ਅਪਾਰ ਹੈ । ਜੋ ਜਨ ਚਲ ਕੇ ਆਏ ਦਵਾਰ, ਬਖ਼ਸ਼ਣਹਾਰ ਦਾਤਾਰ ਹੈ । ਇਕੋ ਇਕ ਰਿਹਾ ਕਰ, ਊਚ ਨੀਚ ਭਰਮ ਨਿਵਾਰ ਹੈ । ਇੱਕੋ ਰੱਖੇ ਟੇਕ ਹਰਿ, ਵੇਲੇ ਅੰਤਮ ਪਾਏ ਸਾਰ ਹੈ । ਸਾਚੀ ਜੋਤ ਆਤਮ ਧਰ, ਮਿਟਾਏ ਅੰਧ ਅੰਧਿਆਰ ਹੈ । ਗੁਰ ਸੰਗਤ ਬਣਾਏ ਗੋਤੀ, ਬੰਧੇ ਏਕਾ ਧਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਚਾਰਾਂ ਵਰਨਾਂ ਕਰੇ ਇਕ ਪਿਆਰ ਹੈ । ਸਭ ਦੇ ਰਿਹਾ ਕਰਮ ਵਿਚਾਰ, ਨਾ ਕੋਈ ਜਾਣੇ ਨੀਚ ਗਵਾਰ, ਨਾ ਕੋਈ ਜਾਣੇ ਵਡ ਸਰਦਾਰ, ਆਤਮ ਬੈਠਾ ਸਭ ਨੂੰ ਵੇਖੇ, ਗੁਣ ਅਵਗੁਣ ਸਭ ਦੇ ਰਿਹਾ ਵਿਚਾਰ ਹੈ । ਬੇਮੁਖ ਰਹੇ ਭਰਮ ਭੁਲੇਖੇ, ਨਾ ਦਿਸੇ ਹਰਿ ਨਿਰੰਕਾਰ ਹੈ । ਸਰਬ ਦੇਵੇ ਸਾਚੀ ਦਾਤੀ, ਪ੍ਰਗਟ ਹੋਏ ਲੋਕਮਾਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ ਹੈ । ਨਿਹਕਲੰਕ ਕਲ ਜਾਮਾ ਪਾਇਆ । ਵਰਨਾਂ ਬਰਨਾਂ ਦਏ ਮਿਟਾਇਆ । ਹਿੰਦੂ ਮੁਸਲਿਮ ਸਿੱਖ ਈਸਾਈ ਅੰਤਮ ਵੇਲੇ ਇਕ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚਾਂ

੧੮੨
੦੪

ਨੀਚਾਂ ਵਿਚ ਸਮਾਇਆ । ਊਚ ਨੀਚ ਨਾ ਕਰੇ ਵਿਚਾਰ । ਇਕੋ ਸੂਰਾ ਹਰਿ ਨਿਰੰਕਾਰ । ਬੇਮੁਖਾਂ ਅੰਤਮ ਹੋਣਾ ਕੂਚਾ, ਸੋਹੰ ਵੱਜੇ ਡੰਕ ਡਫਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਵਡ ਵਡ ਬਲਕਾਰ । ਜੋਤ ਸਰੂਪੀ ਹਰਿ ਨਿਰੰਕਾਰਾ । ਇਕੋ ਏਕ ਸਾਚੀ
ਦਿਸੇ ਹਰਿ ਸੱਚੀ ਸਰਕਾਰਾ । ਬੇਮੁੱਖ ਪਾਉਂਦੇ ਫਿਰਦੇ ਹਿੱਸੇ, ਅੰਤਮ ਮਿਟਣੇ ਇਕੇ ਵਾਰਾ । ਪ੍ਰਭ ਅਬਿਨਾਸ਼ੀ ਕਿਸੇ ਨਾ ਦਿਸੇ, ਚੀਰ ਚਿਰਾਏ
ਕਰੇ ਦੋ ਫਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਚਾਰੋਂ ਤਰਫ ਵੇਖੇ, ਨਾ ਕੋਈ ਰਹੇ ਭਰਮ ਭੁਲੇਖੇ, ਜੰਗਲ ਜੂਹ ਵਿਚ
ਪਹਾੜਾਂ । ਕਲਜੁਗ ਜੀਆਂ ਅੰਤ ਮੁਕਾਏ । ਲੇਖਾ ਰਹਿ ਗਿਆ ਬਾਕੀ, ਸਾਚਾ ਖੰਡਾ ਹੱਥ ਉਠਾਏ । ਆਪਣੀ ਹੱਥੀਂ ਵੱਢੇ ਕੰਡੀ ਬੇਮੁਖ ਮੂੰਹ
ਦੇ ਭਾਰ ਸੁਟਾਏ । ਮਗਰ ਲਗਾਈ ਹਾਕਣ ਡਾਕਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਨਈਆ,
ਆਪ ਚੜ੍ਹਾਏ ਸੱਚੇ ਰਾਕੀ । ਗੁਰਮੁਖ ਸਾਚੇ ਹੋ ਅਸਵਾਰ । ਸ਼ਬਦ ਮਿਲੇ ਇਕ ਅਪਾਰ । ਇਕੋ ਮਾਰੀ ਵਡੀ ਉਡਾਰ । ਪ੍ਰਭ ਅਬਿਨਾਸ਼ੀ ਕਰ
ਦਰਸ, ਨਿਹਕਲੰਕ ਕਲ ਆਇਆ ਜਾਮਾ ਧਾਰ, ਕਰ ਦਰਸ ਹਰਸ ਮਿਟਾ ਵੇਖ ਜੋਤ ਹਰਿ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਬੇਮੁਖਾਂ ਆਤਮ ਲਾਹੇ ਬੁਖ਼ਾਰ । ਆਤਮ ਲਾਹੇ ਸਰਬ ਬੁਖਾਰਾ । ਤੋੜੇ ਮਾਣ ਤਾਣ ਵਡ ਹੰਕਾਰਾ । ਸਾਚਾ ਖੰਡਾ ਹੱਥ ਉਠਾਇਆ, ਫੇਰੀ ਜਾਏ
ਵਾਰੋ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਜੋਤੀ ਅਗਨ ਲਗਾਏ, ਸਾੜੀ ਜਾਏ ਬਹੱਤਰ ਨਾੜਾ । ਪ੍ਰਭ ਅਬਿਨਾਸ਼ੀ ਅੰਤਮ
੧੮੩ ਕਲ ਚਬਾਈ ਬੈਠਾ ਆਪਣੀ ਹੇਠਾਂ ਦਾੜ੍ਹਾ । ਗੁਰਮੁਖ ਸਾਚੇ ਲਏ ਬਚਾਈ, ਸ਼ਬਦ ਸਰੂਪੀ ਕਰੇ ਵਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੧੮੩
੦੪ ਬੇਮੁਖ ਜੂਠੇ ਝੂਠੇ ਕਲਜੁਗ ਦੇਵੇ ਝਾੜਾ । ਕੱਚੇ ਫਲ ਆਪੇ ਝਾੜੇ । ਅੰਤਮ ਕਲ ਬੇਮੁਖਾਂ ਨੇ ਕੱਢਣੇ ਹਾੜੇ । ਪ੍ਰਭ ਅਬਿਨਾਸ਼ੀ ਦੇਵੇ ਇਕੋ ਧੱਕਾ, ੦੪
ਧਰਮ ਰਾਏ ਦੇ ਘਰ ਵਿਚ ਵਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਮਾਤਾ ਪਿਤਾ ਸਕਾ, ਜੋ ਜਨ ਰਸਨ ਉਚਾਰੇ । ਗੁਰਮੁਖ ਸਾਚੇ
ਸੁਰਤ ਸੰਭਾਲ । ਲੈਣਾ ਨਾਮ ਸੱਚਾ ਧੰਨ ਮਾਲ । ਕਲਜੁਗ ਵੇਲਾ ਅੰਤਮ ਆਇਆ, ਨਾ ਹੋਏ ਕੋਈ ਰਖਵਾਲ । ਸਾਚੇ ਸੰਤਾਂ ਵਕਤ ਸੁਹਾਇਆ,
ਆਦਿ ਅੰਤ ਜੋਤ ਜਗਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਚਲੇ ਅਵਲੜੀ ਚਾਲ । ਚਲੇ ਚਾਲ ਨਿਰਾਲੀ, ਕਲਜੁਗ ਜੀਵ ਕੱਢਣ
ਗਾਲ੍ਹੀ । ਜੋਤ ਸਰੂਪੀ ਅੰਦਰ ਵੜਿਆ, ਕਰਦਾ ਫਿਰੇ ਸਚ ਦਲਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲਾ ਕਲ ਸੁਹਾਏ,
ਗੁਰਮੁਖਾਂ ਨੂੰ ਆਪ ਵਖਾਏ, ਬੇਮੁਖਾਂ ਘਰ ਦਿਸਣ ਖਾਲੀ । ਪਾਵੇ ਸਾਰ ਜਗਤ ਨਿਮਾਣਿਆਂ । ਤਖ਼ਤੋਂ ਦਏ ਉਤਾਰ ਰਾਜੇ ਰਾਣਿਆਂ । ਕਰੇ ਸਚ
ਵਿਹਾਰ, ਹਰਿ ਭਗਤਾਂ ਦੇਵੇ ਨਾਮ ਅਪਾਰ ਸ਼ਬਦ ਗਿਆਨਿਆ । ਜੋ ਜਨ ਮੰਗਣ ਆਏ ਦਵਾਰ, ਆਤਮ ਘਰ ਹਰਿ ਭਰਾਨਿਆ । ਕਦੇ ਨਾ
ਹੋਏ ਖੁਆਰ, ਇਕ ਓਟ ਹਰਿ ਰਖਾਨਿਆ । ਆਪੇ ਪਾਏ ਸਾਰ, ਕਲਜੁਗ ਅੰਤਮ ਬੇਮੁਹਾਨਿਆਂ । ਸ਼ਬਦ ਦੇਵੇ ਸੱਚੀ ਧਾਰ ਕਰ ਵਿਚਾਰ, ਗੁਰਮੁਖ
ਸਾਚੇ ਤੇਰੇ ਭਾਣਿਆਂ । ਬੇਮੁਖਾਂ ਡੋਬੇ ਡੂੰਘੀ ਧਾਰ, ਵੰਞ ਮੁਹਾਣਾ ਕਿਸੇ ਹੱਥ ਨਾ ਆਨਿਆ । ਗੁਰਮੁਖਾਂ ਭਵ ਸਾਗਰ ਜਾਏ ਤਾਰ ਕਰੇ ਪਾਰ, ਦੇਵੇ
ਨਾਮ ਇਕ ਨਿਸ਼ਾਨਿਆਂ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆਂ । ਦੇਵੇ ਨਾਮ ਸੱਚੀ ਸਿਕਦਾਰਿਆ । ਜੋ
ਜਨ ਮੰਗਣ ਆਏ ਦਰ ਭਗਵਾਨ, ਕਿਰਪਾ ਕਰੇ ਆਪ ਬਨਵਾਲਿਆ । ਖਾਲੀ ਮੁੜ ਕੋਈ ਨਾ ਜਾਇਣ, ਚਰਨ ਸਰਨ ਜੋ ਜਨ ਨਿਮਸਕਾਰਿਆ ।

ਪੂਰਨ ਆਸ ਹਰਿ ਕਰਾਨ, ਦੇਵਣਹਾਰ ਵਡ ਸੰਸਾਰਿਆ । ਦਰਗਹਿ ਸਾਚੀ ਦੇਵੇ ਮਾਣ, ਵੇਲੇ ਅੰਤਮ ਹੋਏ ਸਹਾਰਿਆ । ਸੱਚਾ ਦੇਵੇ ਇਕ ਬਬਾਣ, ਗੁਰਮੁਖ ਲਗਾਏ ਸੱਚੀ ਇਕ ਉਡਾਨਿਆ । ਆਪ ਚੁਕਾਏ ਜਮ ਕੀ ਕਾਨ, ਗੁਰਮੁਖ ਲਿਆਏ ਸਚ ਦਵਾਰਿਆ । ਓਥੇ ਜੋਤ ਜਗੇ ਮਹਾਨ, ਏਕਾ ਇਕ ਨਿਰੰਕਾਰਿਆ । ਗੁਰਮੁਖ ਸਾਚੇ ਨਾ ਕੁਛ ਪੀਣ ਨਾ ਕੁਛ ਖਾਣ, ਨੇਤਰ ਵੇਖਣ ਨੈਣ ਮੁਧਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਗੁਰਮੁਖ ਸਾਚੇ ਸੰਤ ਜੋਤੀ ਮੇਲ ਮਿਲਾਨਿਆ । ਆਤਮ ਜੋਤੀ ਲੈਣਾ ਮੇਲ । ਗੁਰਮੁਖਾਂ ਬਣੇ ਸੱਜਣ ਸੁਹੇਲ । ਆਪ ਲੈ ਜਾਣਾ ਆਪਣੇ ਘਰ, ਵਸੇ ਇਕ ਇਕੱਲੜਾ ਰੰਗ ਨਵੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਕਰੇ ਕਲਜੁਗ ਖੇਲ । ਗੁਰ ਸੰਗਤ ਦਰ ਸਾਚੇ ਆਈ । ਪ੍ਰਭ ਦਰ ਬਣੇ ਮੰਗਤ, ਸਚ ਦਾਤ ਹਰਿ ਝੋਲੀ ਪਾਈ । ਇਕ ਚੜ੍ਹਾਏ ਨਾਮ ਰੰਗਤ, ਸ਼ਬਦ ਡੋਰੀ ਨਾਲ ਬੰਧਾਈ । ਹੋਏ ਸਹਾਈ ਜਿਉਂ ਨਾਨਕ ਅੰਗਦ, ਸਾਚੀ ਜੋਤ ਦਏ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਨਾਮ ਜੋ ਰਹੇ ਰਸਨਾ ਗਾਈ । ਪਾਵੇ ਸਾਰ ਹਰਿ ਭਗਵਾਨਿਆ । ਜਾਏ ਤਾਰ ਬਿਰਧ ਬਾਲ ਜਵਾਨਿਆ । ਖਿਚ ਲਿਆਏ ਚਰਨ ਦਵਾਰ, ਗੁਣਵੰਤ ਗੁਣ ਨਿਧਾਨਿਆ । ਇਕ ਕਰਾਏ ਵਣਜ ਵਪਾਰ, ਦੇਵੇ ਨਾਮ ਨਿਧਾਨਿਆ । ਨਾ ਕੋਈ ਵੇਖੇ ਨਰ ਨਾਰ, ਸਭਨਾਂ ਇਕ ਪਿਆਰ, ਨਿਹਕਲੰਕ ਬਲੀ ਬਲਵਾਨਿਆ । ਸਰਬ ਜੀਆਂ ਦਾ ਇਕ ਭਤਾਰ, ਗੁਰਮੁਖ ਸਾਚੇ ਸਾਚੀ ਨਾਰ, ਮਿਲੇ ਮੇਲ ਹਰਿ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਲਜੁਗ ਅੰਤਮ ਵਿਚ ਮਾਤ ਪਹਿਰੇ ਬਾਨਿਆ । ਗੁਰ ਸੰਗਤ ਹਰਿ ਸਮਝਾਈਆ । ਸਾਚੀ ਵਸਤ ਝੋਲੀ ਪਾਈਆ । ਆਪ ਚੜ੍ਹਾਏ ਸ਼ਬਦ ਹਸਤ, ਵਾਗ ਆਪਣੇ ਹੱਥ ਰਖਾਈਆ । ਤਨ ਪਹਿਨਾਏ ਸਾਚੇ ਬਸਤਰ, ਇਕੋ ਰੰਗ ਰੰਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਗੁਰ ਸੰਗਤ ਸਾਚਾ ਮੇਲ ਮਿਲਾਈਆ । ਗੁਰ ਸੰਗਤ ਰੱਖਣੀ ਸਾਚੀ ਆਸ । ਪ੍ਰਭ ਅਬਿਨਾਸ਼ੀ ਪੁਰਖ ਅਬਿਨਾਸ਼ । ਸਰਬ ਘਟ ਵਾਸੀ ਸਦਾ ਵਸੇ ਆਸ ਪਾਸ । ਜੋ ਜਨ ਤਜਾਉਣ ਮਦਿਰਾ ਮਾਸ । ਸੋਹੰ ਸ਼ਬਦ ਗਾਇਣ ਸਵਾਸ ਸਵਾਸ । ਮਾਨਸ ਜਨਮ ਹਰਿ ਕਰਾਏ, ਵੇਲੇ ਅੰਤਮ ਰਾਸ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਦੁੱਖੜੇ ਕਰੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸਹਾਏ ਦਇਆ ਕਮਾਏ, ਨਿਜ ਘਰ ਆਤਮ ਰੱਖੇ ਵਾਸ । ਗੁਰਮੁਖ ਗੁਰਸਿਖ ਸਿੱਖ ਗੁਰ ਸਚ ਕਰ ਜਾਨਣਾ । ਗੁਰਮੁਖ ਗੁਰਸਿਖ ਏਕਾ ਇਕ ਭਗਵਾਨਣਾ । ਗੁਰਮੁਖ ਏਕਾ ਦੱਸੇ ਜੋਤੀ ਚਾਨਣਾ । ਸਿੱਖ ਗੁਰ ਗੁਰਸਿਖ ਮੇਲ ਮਿਲਿਆ ਲਿਖਿਆ ਧੁਰ, ਪ੍ਰਭ ਦਰਸ਼ਨ ਕੋ ਲੋਚਣ ਸੁਰ, ਧੰਨ ਕਮਾਈ ਪ੍ਰਭ ਦਰ ਸੇਵ ਕਮਾਈ, ਅੰਤਮ ਜੋੜੀ ਗਈ ਜੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਾਤ ਝੋਲੀ ਪਾਈ । ਕਲਜੁਗ ਅੰਤਮ ਨਾ ਜਾਏ ਥੁੜ । ਨਰ ਨਾਰੀ ਹਰਿ ਸਮਝਾਇੰਦਾ । ਜੋਤ ਸਰੂਪੀ ਦਇਆ ਕਮਾਇੰਦਾ । ਵੇਖੇ ਵਿਗਸੇ ਕਰੇ ਵਿਚਾਰੀ, ਦਿਸ ਕਿਸੇ ਨਾ ਆਇੰਦਾ । ਕਲਜੁਗ ਜੀਵ ਲੱਭ ਲੱਭ ਥੱਕੇ ਗਏ ਹਾਰੀ, ਸੱਚਾ ਰਾਹ ਨਾ ਕੋਈ ਵਖਾਇੰਦਾ । ਪ੍ਰਗਟ ਹੋਇਆ ਨਿਹਕਲੰਕ ਨਰ ਅਵਤਾਰੀ, ਫੜ ਫੜ ਬਾਹੋਂ ਰਾਹੇ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭਨਾਂ ਜੀਆਂ ਇਕ ਅਧਾਰੀ, ਸਾਚੀ ਬਖ਼ਸ਼ੇ ਚਰਨ ਪਿਆਰੀ, ਸ਼ਬਦ ਦਾਤ ਝੋਲੀ ਪਾਇੰਦਾ । ਸ਼ਬਦ ਲਿਖਾਏ ਹਰਿ ਨਿਰੰਕਾਰੇ । ਕੱਚਾ ਤੰਦ ਫੜਿਆ ਹੱਥ, ਕਰੇ ਖੇਲ ਅਪਰ ਅਪਾਰੇ । ਗੁਰਮੁਖਾਂ ਬੰਧੇ ਬੰਦ ਬੰਦ, ਪੰਚਾਂ ਚੋਰਾਂ ਕਰੇ ਖੁਆਰੇ । ਇਕ ਉਪਜਾਏ

੧੮੪
੦੪

ਪ੍ਰਮਾਨੰਦ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰੇ । ਜੋ ਜਨ ਗਾਇਣ ਬੱਤੀ ਦੰਦ, ਆਤਮ ਤ੍ਰਿਖਾ ਆਪ ਨਿਵਾਰੇ । ਜੋ ਜਨ ਰਸਨਾ ਮਦਿਰਾ ਮਾਸ ਲਾਇਣ ਕਲਜੁਗ ਗੰਦ, ਪ੍ਰਭ ਸਾਚਾ ਦਰ ਦੁਰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ । ਗੁਰਮੁਖ ਆਇਣ ਚਲ ਦਵਾਰੇ । ਪ੍ਰਭ ਅਬਿਨਾਸ਼ੀ ਵਾਜਾਂ ਮਾਰੇ । ਉਠ ਉਠ ਬਲ ਧਾਰੋ ਦਰਸ਼ਨ ਪਾਓ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਇਕ ਰਖਾਇਆ । ਜੋਤ ਸਰੂਪੀ ਨਰਾਇਣ ਨਰ ਅਵਤਾਰੇ । ਪ੍ਰਭ ਅਬਿਨਾਸ਼ੀ ਕਰੇ ਧਿਆਨ । ਗੁਰਮੁਖਾਂ ਦੇਵੇ ਬ੍ਰਹਮ ਗਿਆਨ । ਗੁਰਮੁਖ ਸਾਚੇ ਸੰਤ ਜਨ ਆਉਣ ਦਰ ਲੈਣ ਵਰ, ਪ੍ਰਭ ਦੇਵੇ ਸੱਚਾ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਆਇਆ ਬਣ ਕੇ ਸੱਚਾ ਕਾਹਨ । ਕਲਜੁਗ ਅੰਤਮ ਡੋਬੇ ਨਈਆ । ਗੁਰ ਸੰਗਤ ਬਣਾਏ ਭੈਣਾਂ ਭਈਆ । ਜੋਤੀ ਜੋਤ ਸਰੂਪ ਹਰਿ, ਆਪੇ ਪਿਤਾ ਆਪੇ ਮਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਏ, ਸਿੰਘ ਸਿੰਘਾਸਣ ਡੇਰਾ ਲਾਏ, ਜੋਤ ਸਰੂਪੀ ਗੁਰਸਿਖ ਸਮਾਏ, ਨਾ ਕੋਈ ਰੱਖੇ ਕਲਮ ਦਵਾਤੀ ਨਾ ਕੋਈ ਰੱਖੇ ਸਈਆ । ਸਾਚਾ ਲੇਖ ਲਿਖਾਏ ਮਾਨਸ ਜਨਮ ਗੁਰਮੁਖ ਸਾਚੇ ਸੰਤ ਜਨੋ ਆਪਣਾ ਦਰਸ ਕਰਾਉਣਾ । ਸੱਚਾ ਲੈਣਾ ਨਾਮ ਧਨ, ਸਾਚਾ ਸ਼ਬਦ ਸੁਣਨਾ ਕੰਨ, ਪ੍ਰਭ ਅਬਿਨਾਸ਼ੀ ਨਾ ਮਨੋਂ ਭੁਲਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰੇ ਭੇਖ ਸ੍ਰਿਸ਼ਟ ਸਬਾਈ ਰਿਹਾ ਵੇਖ, ਜੋਤ ਸਰੂਪੀ ਪਹਿਰੇ ਬਾਨਾ । ਗੁਰ ਸੰਗਤ ਸੱਚਾ ਇਕ ਵਿਹਾਰ । ਗੁਰਮੁਖ ਆਏ ਚਰਨ ਦਵਾਰ । ਦੋਏ ਜੋੜ ਕਰੇ ਨਿਮਸਕਾਰ । ਗੁਰ ਚਰਨ ਪ੍ਰੀਤੀ ਬਖ਼ਸ਼ੇ ਸੱਚਾ ਇਕ ਪਿਆਰ । ਇਕ ਇਕ ਫੁੱਲ ਦੇਵੇ ਝੋਲੀ ਡਾਰ । ਇਹਦਾ ਕਿਸੇ ਨਾ ਚੁਕਾਉਣਾ ਮੁੱਲ, ਨਾ ਕੋਈ ਜਾਣੇ ਜੀਵ ਜੰਤ ਗਵਾਰ । ਭਾਗ ਲਗਾਉਣਾ ਆਪਣੀ ਕੁਲ, ਮਿਲਣਾ ਸਚ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰਾ ਆਪ ਖੁਲ੍ਹਾਇਆ, ਬਣਿਆ ਆਪ ਵਰਤਾਰ । ਗੁਰਮੁਖ ਆਇਣ ਚਲ ਦਵਾਰੀ । ਉਠ ਉਠ ਵਾਰੋ ਵਾਰੀ । ਕਰਦੇ ਜਾਣ ਨਿਮਸਕਾਰੀ । ਆਤਮ ਤ੍ਰਿਖਾ ਪ੍ਰਭ ਜਾਏ ਨਿਵਾਰੀ । ਸਾਚੀ ਸਿਖਿਆ ਦੇਵੇ ਹਰਿ ਬਨਵਾਰੀ । ਧੁਰਦਰਗਾਹੀ ਲਿਖਿਆ ਲੇਖ, ਮੇਲ ਮਿਲਾਇਆ ਅੰਤਮ ਵਾਰੀ । ਜੋਤ ਸਰੂਪੀ ਧਾਰੇ ਭੇਖ, ਮਿਟਦੀ ਜਾਏ ਚਾਰ ਯਾਰੀ । ਗੁਰਮੁਖਾਂ ਲਿਖਦਾ ਜਾਏ ਸਾਚੇ ਲੇਖ, ਪੰਚਮ ਬਣੇ ਸੱਚੀ ਸਰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਸਾਚੀ ਕਰੇ ਜਗਤ ਵਿਹਾਰੀ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਪਹਿਰੇ ਬਾਣਾ । ਮਿਟਦਾ ਜਾਏ ਜਗਤ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਖਿਲਾਣਾ । ਸਤਿਜੁਗ ਤੇਰਾ ਸੱਚਾ ਵੇਸ, ਰੱਖੇ ਖੁਲ੍ਹੜੇ ਕੇਸ, ਖੁਲ੍ਹੜੇ ਕੇਸ ਹਰਿ ਰਖਾਏ । ਵਿਚ ਮਾਤਲੋਕ ਝੂਠੇ ਦੇਸ, ਸਾਚੀ ਜੋਤ ਜਗਾਏ । ਕਰ ਕਰ ਆਵੇ ਭੇਸ ਕਿਸੇ ਦਿਸ ਨਾ ਆਏ । ਭੁਲੇ ਫਿਰਦੇ ਨਰ ਨਰੇਸ਼, ਨਰਾਇਣ ਮਾਇਆ ਪਰਦਾ ਆਪੇ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤ ਕਰਾਏ । ਕਲਜੁਗ ਤੇਰੀ ਅੰਤ ਨਿਸ਼ਾਨੀ । ਪ੍ਰਭ ਭੁਲਾਏ ਵਡ ਗਿਆਨੀ । ਆਤਮ ਤੁਟੀ ਧੀਰ, ਹੋਏ ਜਗਤ ਨਿਧਾਨੀ । ਬਣ ਬਣ ਬੈਠੇ ਘਰ ਪੀਰ, ਆਈ ਤੇਰੀ ਇਕ ਨਿਸ਼ਾਨੀ । ਦਸਮ ਗੁਰ ਜੋ ਰੀਤ ਚਲਾਈ । ਕਲਜੁਗ ਜੀਵਾਂ ਸਭ ਭੁਲਾਈ । ਊਚ ਨੀਚ ਨਾ ਭੇਵ ਰਖਾਈ । ਨਿਹਕਲੰਕ ਕਲ ਜਾਮਾ ਪਾਈ । ਇੱਕਾ ਜੋਤ ਹਰਿ ਰਘੁਰਾਈ । ਚਾਰ ਵਰਨਾਂ ਇਕ ਥਾਂ ਬਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਸਾਚਾ ਲੇਖ ਆਪਣੀ ਹੱਥੀਂ ਰਿਹਾ

ਲਿਖਾਈ । ਲਿਖ ਲਿਖ ਲੇਖਾ ਜਗਤ ਮਿਟਾਉਣਾ । ਜਿਹੜਾ ਬਣਿਆ ਝੂਠਾ ਬੰਦਾ, ਪ੍ਰਭ ਅਬਿਨਾਸ਼ੀ ਆਪੇ ਢਾਹੁਣਾ । ਦੂਜਾ ਕੋਇ ਨਾ ਰਹਿਣਾ
ਅੰਦਰ, ਸ਼ਬਦ ਘੋੜਾ ਮਗਰ ਲਗਾਉਣਾ । ਕੋਈ ਨਾ ਮਾਰੇ ਅੰਦਰ ਜੰਦਰ, ਪ੍ਰਭ ਆਪਣੀ ਹੱਥੀਂ ਆਤਮ ਜਿੰਦਾ ਲਾਹੁਣਾ । ਨਾ ਕੋਈ ਜਾਣੇ ਬਿਰਧ
ਬਾਲ ਜਵਾਨ ਕਰੇ ਖੰਡ ਖੰਡਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ, ਏਕਾ ਰਾਹ ਸਭ ਨੂੰ ਆਪ ਵਖਾਉਣਾ ।
ਅੰਤਮ ਵੇਲਾ ਹਰਿ ਵਖਾਏ । ਭਰਮ ਭੁਲੇਖਾ ਨਾ ਕੋਈ ਰਖਾਏ । ਸੱਚਾ ਲਿਖਾਏ ਆਪ ਲੇਖਾ, ਫਿਰ ਮਾਤ ਵਰਤਾਏ । ਨਾ ਕੋਈ ਜਾਣੇ ਪੀਰ
ਔਲੀਆ ਸ਼ੇਖ਼ਾ, ਵੇਦ ਪੁਰਾਨਾਂ ਹੱਥ ਨਾ ਆਏ । ਖਾਣੀ ਬਾਣੀ ਪਈ ਪੁਕਾਰੇ । ਪ੍ਰਭ ਅਬਿਨਾਸ਼ੀ ਵੇਖ ਵਿਚਾਰ ਕੁਰਾਨ ਅੰਜ਼ੀਲ ਦੋਹਾਂ ਡੋਬੇ ਅੱਧਵਿਚਕਾਰੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਰਾਹ ਸ਼ਾਹ ਸੁਲਤਾਨ, ਸ਼ਬਦ ਕਰੇ ਤੀਰ ਨਿਸ਼ਾਨ, ਸ੍ਰਿਸ਼ਟ ਸਬਾਈ ਆਰ ਪਾਰ ਪਾਰ ਆਰ ਆਪੇ
ਆਪ ਕਰਾਏ । ਇਕੋ ਕਰੇ ਜਗਤ ਜਹਾਨ । ਖਿਚੇ ਤੀਰ ਰਸਨ ਕਮਾਨ । ਮਿਟਦੇ ਜਾਣ ਬੇਈਮਾਨ । ਗੁਰਮੁਖ ਸਾਚੇ ਉਠ ਚਲ ਆਇਣ, ਕਰਨ
ਗੁਰ ਚਰਨ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪ੍ਰਗਟ ਹੋਇਆ ਦੇਵੇ ਸੋਹੰ ਸੱਚਾ ਦਾਨ । ਲੈ ਕੇ ਦਾਨ ਘਰ ਨੂੰ
ਜਾਣਾ । ਪ੍ਰਭ ਅਬਿਨਾਸ਼ੀ ਨਾ ਭੁਲਾਣਾ । ਸਰਬ ਘਟ ਵਾਸੀ ਆਪਣੇ ਰਿਦੇ ਵਸਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਚਿੱਟਾ
ਪਹਿਰੇ ਬਾਣਾ । ਚਿੱਟਾ ਬਾਣਾ ਤਨ ਸ਼ਿੰਗਾਰਨਾ । ਗੁਰਮੁਖਾਂ ਕਾਜ ਸਵਾਰਨਾ । ਦੇਣਾ ਸੱਚਾ ਰਾਜ ਧੁਰ ਦਰਗਹਿ, ਨਾ ਕਰੇ ਕੋਈ ਉਧਾਰਨਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਤੀਰ ਚਲਾਏ, ਰਾਓ ਰੰਕ ਇਕ ਕਰਾਏ, ਊਚ ਨੀਚ ਭੇਵ ਨਿਵਾਰਨਾ । ਜਿਸ ਜਨ ਹੋਏ
੧੮੬ ੦੪ ਹੰਕਾਰ । ਚਲ ਕੇ ਆਏ ਸਚ ਦੁਆਰ । ਭਰਮ ਭੁਲੇਖਾ ਦਏ ਨਿਵਾਰ । ਵੇਖਾ ਵੇਖੀ ਭੁਲ ਨਾ ਜਾਏ ਕਲਜੁਗ ਜੀਵ ਗਵਾਰ । ਜੋਤ ਸਰੂਪੀ ੧੮੬ ੦੪
ਪਹਿਰੇ ਬਾਣਾ, ਕੀਆ ਇਕ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਇਕੋ ਇਕ ਸੱਚੋ ਸੱਚਾ ਸਰਦਾਰ । ਸੱਚਾ ਹਰਿ
ਸੱਚਾ ਸਰਦਾਰਾ । ਇਕੋ ਇਕ ਤਿੰਨਾਂ ਲੋਕਾਂ ਬਣੇ ਸੱਚੀ ਸਰਕਾਰਾ । ਰਾਜ ਤਾਜ ਜਗਤ ਕਾਜ ਸਾਜ ਬਾਜ ਕਰੇ ਖੇਲ ਅਪਾਰਾ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਕਲੰਕ ਨਿਹ ਨਰਾਇਣ ਨਰ ਅਵਤਾਰਾ । ਪ੍ਰਭ ਅਬਿਨਾਸ਼ੀ ਕਰ ਰਿਹਾ ਵਿਚਾਰ । ਸ਼ਬਦ ਘੋੜੇ ਰਿਹਾ ਸ਼ਿੰਗਾਰ । ਇਕਾ
ਚਰਨ ਆਪ ਉਠਾਇਆ ਹੋਣ ਵਾਲਾ ਅਸਵਾਰ । ਦੂਜਾ ਸਿੰਘ ਸਿੰਘਾਸਣ ਆਪ ਲਗਾਇਆ । ਸ੍ਰਿਸ਼ਟ ਸਬਾਈ ਵੇਖੇ ਝਾਤੀ ਮਾਰ । ਗੁਰਮੁਖ ਸਾਚੇ
ਸੰਤ ਜਨ ਕਿਥੇ ਬੈਠੇ ਸਾਚੇ ਸਾਥੀ, ਪਹਿਲਾਂ ਕਰਾਂ ਵਿਚਾਰ । ਏਕਾ ਭੇਜਿਆ ਸ਼ਬਦ ਰਾਥੀ, ਫੜ ਬਾਹੋਂ ਕਰਾਂ ਅਸਵਾਰ । ਪ੍ਰਗਟ ਹੋਇਆ ਨਾਥ
ਅਨਾਥੀ, ਨਿਹਕਲੰਕ ਕਲ ਜਾਮਾ ਧਾਰ । ਸਾਚਾ ਬਣੇ ਆਤਮ ਸਾਥੀ, ਨਾ ਆਵੇ ਕਦੇ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ
ਸਬਾਈ ਇਕੋ ਸੱਚਾ ਹਰਿ ਨਿਰੰਕਾਰ । ਭੇਖ ਧਰ ਹਰਿ ਭਗਵਾਨਾ । ਮਾਤਲੋਕ ਕਰੇ ਧਿਆਨਾ । ਏਕਾ ਚਰਨ ਹਰਿ ਉਠਾਇਆ, ਮਾਤਲੋਕ ਜਾਮਾ
ਪਾਇਆ, ਧਰਤ ਮਾਤ ਤੇਰੀ ਗੋਦ ਭਾਗ ਲਗਾਇਆ, ਸਤਿਜੁਗ ਸਾਚਾ ਦਿਤਾ ਦਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ
ਬਲਵਾਨ, ਸਤਿਜੁਗ ਸਾਚੇ ਸੰਤ ਜਨਾਂ ਸਾਚਾ ਦੇਵੇ ਨਾਮ ਨਿਧਾਨਾ । ਨਾਮ ਨਿਧਾਨ ਗੁਣੀ ਗਹੀਰਾ । ਸੋਹੰ ਬੱਧਾ ਸਿਰ ਤੇਰੇ ਚੀਰਾ । ਗੁਰਮੁਖ
ਲਾਲ ਅਨਮੁਲੜਾ ਪ੍ਰਭ ਆਪ ਬਣਾਏ ਸਾਚਾ ਹੀਰਾ । ਸੋਹੰ ਸ਼ਬਦ ਤਨ ਪਹਿਨਾਏ, ਕਲਜੁਗ ਚੋਲੀ ਹੋਈ ਲੀਰਾਂ ਲੀਰਾਂ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਗੁਰ ਸੰਗਤ ਏਕਾ ਧਾਮ ਵਸਾਏ, ਸਾਚਾ ਨਾਮ ਇਕ ਜਪਾਏ, ਇਕ ਦੂਜੇ ਦੇ ਬਣ ਜਾਓ ਵੀਰਾ । ਇਕੋ ਸੁਖ ਸਚ ਪਿਆਰ । ਦੂਜਾ ਵੇਖੋ ਹਰਿ ਨਿਰੰਕਾਰ । ਤੀਜੀ ਦੱਸੀ ਸਾਚੀ ਧਾਰ । ਚੌਥਾ ਆਉਣਾ ਹਰਿ ਦਰਬਾਰ । ਪੰਚਮ ਵੇਖ ਨਿਹਕਲੰਕ ਅਵਤਾਰ । ਛੇਵੇਂ ਦੱਸੇ ਸਾਚਾ ਜਾਪ । ਸੱਤਵੇਂ ਪਾਏ ਸਾਚੇ ਰਾਹ, ਆਪੇ ਬਣੇ ਮਾਈ ਬਾਪ । ਅੱਠਵੇਂ ਹਰਿ ਜੀ ਉਠ ਉਠ ਵੇਖੇ, ਗੁਰਮੁਖਾਂ ਰਿਹਾ ਥਾਪਨ ਥਾਪ । ਨੌਵਾਂ ਨੌਂ ਘਰ ਕਿਸੇ ਨਾ ਦੇਖੇ, ਬੇਮੁਖਾਂ ਆਤਮ ਭਰਿਆ ਪਾਪ । ਦਸਵੇਂ ਘਰ ਗੁਰਮੁਖ ਸਾਚਾ ਸਚ ਵਸੇਖੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪ੍ਰਗਟ ਹੋਏ ਆਪੇ ਆਪ । ਦਸ ਇਕ ਗਿਆਰਾਂ, ਗੁਰ ਸੰਗਤ ਲੱਗੀਆਂ ਗੁਰ ਦਰ ਬਹਾਰਾਂ । ਦੋ ਦਸ ਦਸ ਦੋ ਬਾਰਾਂ, ਗੁਰਮੁਖਾਂ ਪ੍ਰਭ ਅਬਿਨਾਸ਼ੀ ਰੋਗ ਸੋਗ ਮਿਟਾਏ ਕਰ ਕਰ ਆਪਣੀਆਂ ਮਿਹਰਾਂ । ਦਸ ਤਿੰਨ ਤੇਰਾਂ, ਪ੍ਰਭ ਅਬਿਨਾਸ਼ੀ ਤਾਰੇ ਕਰ ਕਰ ਆਪਣੀਆਂ ਮਿਹਰਾਂ । ਬੇਮੁਖਾਂ ਹਰਿ ਭੁਲਾਏ ਕਰ ਕਰ ਹੇਰਾ ਫੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜਾਮਾ ਪਾਇਆ । ਚਾਰੋਂ ਕੁੰਟ ਪਾਏ ਘੇਰਾ । ਦਸ ਚਾਰ ਚੌਦਾਂ, ਗੁਰਮੁਖ ਸਾਚਾ ਚਾਈਂ ਚਾਈਂ ਗਾਉਂਦਾ । ਪ੍ਰਗਟ ਹੋਏ ਘਨਕਪੁਰ ਵਾਸੀ, ਆਤਮ ਦੀਪਕ ਜੋਤੀ ਆਪ ਜਗਾਉਂਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਬਾਹੋਂ ਪਕੜ ਅੰਤਮ ਕਲ ਆਪੇ ਆਪ ਉਠਾਉਂਦਾ । ਦਸ ਪੰਜ ਪੰਦਰਾਂ, ਪ੍ਰਭ ਵੇਖੇ ਸਭ ਦੇ ਅੰਦਰਾ । ਦਸ ਛੇ ਸੋਲਾਂ, ਪ੍ਰਭ ਅਬਿਨਾਸ਼ੀ ਪਰਦਾ ਖੋਲ੍ਹਾ । ਸੱਤ ਦਸ ਸਤਾਰਾਂ, ਗੁਰ ਦਰ ਸਾਚਾ ਸਗਨ ਮਨਾਇਆ, ਇਕੱਠੇ ਬੈਠੇ ਨਾਰੀ ਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਦੇਵੇ ਸੱਚਾ ਨਾਮ ਅਧਾਰਾ । ਦਸ ਅੱਠ ਅਠਾਰਾਂ, ਅੰਤਮ ਵੇਲੇ ਹੋਏ ਖੁਆਰਾ । ਕੋਈ ਨਾ ਬੰਨ੍ਹੇ ਕਿਸੇ ਧਾਰਾ ।
੧੯੭ ੦੪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਲਿਆ ਅਵਤਾਰਾ । ਦਸ ਨੌਂ ਉਨੀ, ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਛਾਣੀ ਪੁਣੀ । ਗੁਰਮੁਖ ਵਿਚੋਂ ਲੱਭੇ ਕੋਟ ਕੋਟੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਧਾਰੀ, ਗੁਰਮੁਖਾਂ ਪੁਕਾਰ ਸੁਣੀ । ਦਸ ਦਸ ਬੀਸ, ਸ੍ਰਿਸ਼ਟ ਸਬਾਈ ਜਾਏ ਪੀਸ । ਗੁਰ ਸੰਗਤ ਤੇਰੀ ਕਿਸੇ ਨਾ ਕਰਨੀ ਰੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਛਤਰ ਝੁਲਾਉਣਾ ਤੇਰੇ ਸੀਸ । ਬੀਸ ਇਕ ਇੱਕੀ । ਗੁਰ ਸੰਗਤ ਦਿਸੇ ਨਿੱਕੀ । ਪ੍ਰਭ ਅਬਿਨਾਸ਼ੀ ਸੋਹੰ ਸ਼ਬਦ ਖੰਡਾ ਫੜਿਆ, ਰੱਖੀ ਧਾਰ ਤਿੱਖੀ । ਗੁਰਮੁਖਾਂ ਦੇਵੇ ਆਤਮ ਸੁੱਖੀ । ਬੇਮੁਖਾਂ ਨੂੰ ਭਾਜ ਕਰਾਏ, ਗੁਰਮੁਖਾਂ ਦੀ ਸਾਂਝ ਕਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਜਾਏ ਲਿਖੀ । ਲਿਖੇ ਲੇਖ ਬਣ ਬਣ ਲਿਖਾਰਾ । ਗੁਰਮੁਖਾਂ ਵੇਖੇ ਕਰ ਵਿਚਾਰਾ । ਬੰਨ੍ਹਦਾ ਜਾਏ ਸਾਚੀ ਧਾਰਾ । ਫਿਰਦਾ ਜਾਏ ਸ਼ਬਦ ਆਰਾ । ਜੋਤ ਸਰੂਪੀ ਜੋਤ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਖੋਲ੍ਹੇ ਸੱਚਾ ਇਕ ਦਵਾਰਾ । ਸਚ ਦਵਾਰਾ ਗਿਆ ਖੁਲ੍ਹ । ਲੱਗੇ ਕੋਈ ਨਾ ਏਥੇ ਮੁੱਲ । ਜੋ ਜਨ ਪ੍ਰਭ ਚਰਨ ਤੇਰੀ ਲੱਗੇ, ਗੁਰ ਸੰਗਤ ਵਿਚ ਫੱਬੇ, ਆਪ ਫਿਰੇ ਪਿੱਛੇ ਅੱਗੇ, ਗੁਰਸਿਖ ਨਾ ਜਾਏ ਭੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਧਰਤ ਮਾਤ ਤੇਰੀ ਗੋਦ ਬਹਾਏ, ਜਿਉਂ ਸਾਗਰ ਕਵਲ ਫੁੱਲ । ਗੁਰਮੁਖਾਂ ਸਿਰ ਬੱਧਾ ਹਰਿ ਚਿੱਟਾ ਰੁਮਾਲ । ਕਲਜੁਗ ਝੂਠੀ ਨਾਰੀ ਅੰਤਮ ਹੋਏ ਬੇਹਾਲ । ਦਰ ਦਰ ਫਿਰੇ ਹੋਏ ਖੁਆਰੀ, ਖੁਲ੍ਹੇ ਗਲ ਵਿਚ ਵਾਲ । ਕੋਇ ਨਾ ਬਣੇ ਅੰਤ ਸਹਾਈ, ਆਤਮ ਸਭ ਦੀ ਹੋਈ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਜਨ ਭਗਤਾਂ ਕਰੇ ਆਪ ਸੰਭਾਲ । ਕਲਜੁਗ ਨਾਰੀ ਤੇਰੀ

੧੮੮
੦੪

ਖੁਲ੍ਹੀ ਗੁੱਤ । ਮਾਰੇ ਮਾਰ ਪ੍ਰਭ ਅਬਿਨਾਸ਼ੀ ਪਾਰਬ੍ਰਹਮ ਅਚੁਤ । ਅੰਤਮ ਵੱਢੇ ਤੇਰੀ ਨੱਕ ਗੁੱਤ । ਗੁਰਸਿਖਾਂ ਹਰਿ ਦਰ ਅੱਗੇ ਦਿਸਣ, ਬੇਮੁਖਾਂ ਪੈਂਦੇ ਡਾਹਢੇ ਜੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਉਪਜਾਏ, ਆਪ ਬਣਾਇਆ ਸਾਚਾ ਸੁਤ । ਕਲਜੁਗ ਨਾਰੀ ਹੋਈ ਬੇਹਾਲ । ਜਿਸ ਨੇ ਚਲੀ ਉਲਟੀ ਚਾਲ । ਲੁਟਿਆ ਗਿਆ ਧਨ ਮਾਲ । ਖੁਲ੍ਹੇ ਦਿਸਣ ਗਲ ਵਿਚ ਵਾਲ । ਕਿਤੇ ਨਾ ਲੱਭੇ ਸੱਚਾ ਲਾਲ । ਜੂਠਾ ਝੂਠਾ ਏਕਾ ਰਖਿਆ ਨਾਲ ਦਲਾਲ । ਪ੍ਰਭ ਅਬਿਨਾਸ਼ੀ ਗੁਰ ਮਿਲਿਆ ਇਕੋ ਸੱਚਾ, ਅੰਤਮ ਲਏ ਸੁਰਤ ਸੰਭਾਲ । ਬਚਿਆ ਰਹੇ ਨਾ ਕੋਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਡਾਹਣੇ ਲੱਗੇ ਫਲ ਸੋਹੰ ਡੰਡੇ ਨਾਲ ਦੇਵੇ ਝਾੜ । ਕਲਜੁਗ ਨਾਰੀ ਤੇਰੇ ਸਿਰ ਵਿਚ ਪਈ ਛਾਰ । ਰੋ ਰੋ ਪੁਕਾਰੇ ਧਾਹਾਂ ਮਾਰੇ, ਕੋਈ ਨਾ ਪਾਵੇ ਸਾਰ । ਮੰਦਰ ਕੰਦਰ ਸਾਗਰ ਢੂੰਡੇ, ਕਿਸੇ ਨਾ ਦਿਸੇ ਅੰਦਰ, ਹੋਈ ਅੰਧ ਅੰਧਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਗੁਰਮੁਖਾਂ ਮਿਲਿਆ ਸਚ ਭਤਾਰ । ਕਲਜੁਗ ਨਾਰੀ ਪਾਵੇ ਵੈਣ । ਅੰਤਮ ਡੁਬੀ ਡੂੰਘੇ ਵਹਿਣ । ਕਲਜੁਗ ਜੀਵ ਜੂਠੇ ਝੂਠੇ ਸਾਰੇ ਛੱਡ ਗਏ ਸਾਕ ਸੈਣ । ਅੰਤਮ ਖਾਲੀ ਹੋਏ ਭਾਂਡੇ ਠੂਠੇ, ਕੋਈ ਨਾ ਦਿਸੇ ਭਾਈ ਭੈਣ । ਦਰ ਘਰ ਸਾਚੇ ਤੋਂ ਗਏ ਰੂਠੇ, ਪ੍ਰਭ ਅਬਿਨਾਸ਼ੀ ਜਾਮਾ ਧਾਰ ਚੁਕਾਉਣ ਆਇਆ ਲਹਿਣ ਦੇਣ । ਗੁਰਸਿਖ ਬੰਨ੍ਹਾਏ ਏਕਾ ਮੁੱਠੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣੇ ਸਾਕ ਸੱਜਣ ਸੈਣ । ਗੁਰ ਦਰ ਹਰਿ ਦਰਸ਼ਨ ਪਾਉਂਦੇ ਜਾਣਾ । ਸੋਹੰ ਗੀਤ ਗਾਉਂਦੇ ਜਾਣਾ । ਮਿਲਿਆ ਸੱਚਾ ਮੀਤ ਪਰਖੇ ਨੀਤ, ਨਾ ਮਿਲੇ ਕਿਸੇ ਮੰਦਰ ਗੁਰਦਵਾਰੇ ਮਸੀਤ, ਆਪ ਬੰਧਾਏ ਚਰਨ ਪ੍ਰੀਤ, ਸਤਿਜੁਗ ਦੱਸੇ ਸਾਚੀ ਰੀਤ, ਚਾਰ ਵਰਨ ਇਕੋ ਨਾਤਾ ਜੋੜ ਜੁੜਾਉਂਦੇ ਜਾਣਾ । ਕਾਇਆ ਕਰੇ ਠੰਡੀ ਸੀਤ, ਮਾਨਸ ਜਨਮ ਜਾਣਾ ਜੀਤ, ਨੇਤਰ ਖੋਲ੍ਹ ਗੁਰਮੁਖ ਸਾਚੇ ਸੰਤ ਜਨੋ ਜਾਂਦੀ ਵਾਰੀ ਦਰਸ਼ਨ ਪਾਉਂਦੇ ਜਾਣਾ । ਜੋਤ ਸਰੂਪੀ ਜਾਮਾ ਧਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਦੂਰ ਕਰਾਉਂਦੇ ਜਾਣਾ । ਖ਼ੁਸ਼ੀ ਖ਼ੁਸ਼ੀ ਗਾਉਂਦੇ ਜਾਣਾ । ਸ਼ਬਦ ਡੰਕ ਵਜਾਉਂਦੇ ਜਾਣਾ । ਰਾਓ ਰੰਕ ਸੁਣਾਉਂਦੇ ਜਾਣਾ । ਬੇਮੁਖਾਂ ਆਤਮ ਅਗਨ ਲਗਾਉਂਦੇ ਜਾਣਾ । ਗੁਰਮੁਖਾਂ ਮੁਖ ਸੋਹੰ ਸ਼ਬਦ ਸਗਨ ਲਗਾਉਂਦੇ ਜਾਣਾ । ਆਪ ਜਗਾਉਂਦੇ ਜਾਣਾ । ਦੁੱਖ ਰੋਗ ਮਿਟਾਉਂਦੇ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨਾ, ਰਸਨਾ ਇਕ ਧਿਆਉਂਦੇ ਜਾਣਾ । ਨੇਤਰ ਖੋਲ੍ਹ ਲੈਣਾ ਵੇਖ । ਅੰਤਮ ਕਲਜੁਗ ਧਾਰੇ ਭੇਖ । ਨਾ ਕੋਈ ਰੂਪ ਨਾ ਕੋਈ ਰੇਖ । ਜੋਤ ਸਰੂਪੀ ਹਰਿ ਜੀ ਬੋਲੇ । ਇਕ ਸ਼ਬਦ ਸੁਣਾਏ, ਗੁਰਮੁਖਾਂ ਦੇ ਰਿਦੇ ਵਸਾਏ, ਗੁਰਮੁਖ ਸਾਚਾ ਕਦੇ ਨਾ ਡੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਉਠਾਇਆ, ਸਾਚਾ ਡੰਡਾ ਨਾਲ ਰਖਾਇਆ, ਸ੍ਰਿਸ਼ਟ ਸਬਾਈ ਆਪੇ ਤੋਲੇ, ਤੋਲਣਹਾਰਾ ਵਿਚ ਸੰਸਾਰ, ਗੁਰਮੁਖਾਂ ਹੋਇਆ ਭਾਰਾ ਭਾਰ ਪਹਿਲੀ ਵਾਰ ਹੈ । ਬੇਮੁਖ ਹੋਏ ਖੁਆਰ, ਦੁਖੀ ਹੋਏ ਨਰ ਨਾਰ ਹੈ । ਅੰਤਮ ਵਾਰ ਨਾ ਪਾਈ ਕਿਸੇ ਸਾਰ, ਨਾ ਮਿਲਿਆ ਸੱਚਾ ਕੰਤ ਭਤਾਰ ਹੈ । ਗੁਰਮੁਖ ਵਿਰਲਾ ਸੰਤ, ਪ੍ਰਭ ਅਬਿਨਾਸ਼ੀ ਤੇਰੇ ਚਰਨ ਆਏ ਦਵਾਰ ਹੈ । ਬਣਦੀ ਜਾਏ ਸਾਚੀ ਬਣਤ, ਦੇਂਦਾ ਜਾਏ ਪਿਆਰ ਹੈ । ਮਹਿੰਮਾ ਜਗਤ ਅਗਣਤ, ਨਿਹਕਲੰਕ ਨਰਾਇਣ ਨਰ ਅਵਤਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਇਆ ਜਾਮਾ ਧਾਰ ਹੈ । ਜੋਤ ਸਰੂਪੀ ਜਾਮਾ ਧਰ ਧਰ । ਆਪਣਾ ਵੇਸ ਹਰਿ ਜੀ ਕਰ ਕਰ । ਗੁਰਮੁਖਾਂ ਚਲ ਆਏ ਦਰ ਦਰ । ਅੰਮ੍ਰਿਤ ਭੰਡਾਰ ਜਾਏ ਭਰ ਭਰ । ਜੋਤੀ

ਜੋਤ ਸਰੂਪ ਹਰਿ, ਨਿਹਕਲੰਕ ਅਵਤਾਰ ਨਰ ਨਰ । ਨਰ ਨਰ ਹਰਿ ਨਿਰਾਕਾਰਿਆ । ਗੁਰਮੁਖ ਸਾਚੇ ਸੰਤ ਜਨਾਂ ਦਰਸ਼ਨ ਪੇਖਿਆ, ਬੇਮੁਖ ਡੁੱਬੇ ਡੂੰਘੇ ਵਹਿਣ ਵਿਚ ਮੰਝਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਧ ਅੰਧੇਰ ਕਰਾਏ ਨਾ ਬੁੱਝੇ ਕੋਈ ਸੰਸਾਰਿਆ । ਬੇਮੁਖਾਂ ਆਤਮ ਹੋਏ ਅੰਧੇਰਾ । ਗੁਰਮੁਖਾਂ ਦਰਸ ਦਿਖਾਏ ਪਹਿਲੀ ਵੇਰਾ । ਏਕਾ ਸੱਚਾ ਜਾਮ ਪਿਆਏ, ਅਗਿਆਨ ਅੰਧੇਰ ਸਰਬ ਮਿਟ ਜਾਏ, ਨਾ ਕੋਈ ਰੱਖੇ ਸੰਞ ਸਵੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਅੰਤਮ ਵਸੇ ਨੇਰਨ ਨੇਰਾ । ਵਡ ਦਾਤਾ ਵਡ ਮਿਹਰਬਾਨ । ਪੁਰਖ ਬਿਧਾਤਾ ਸ੍ਰੀ ਭਗਵਾਨ । ਮਿਟਾਏ ਅੰਧੇਰੀ ਰਾਤਾ, ਦੇਵੇ ਸੱਚਾ ਦਾਨ । ਗੁਰਮੁਖਾਂ ਦੇਵੇ ਸਚ ਸੁਗਾਤਾ, ਚਰਨ ਧੂੜ ਕਰ ਇਸ਼ਨਾਨ । ਆਪੇ ਬਣੇ ਪਿਤਾ ਮਾਤਾ, ਆਪੇ ਦੇਵੇ ਪੀਣ ਖਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਦੇਵੇ ਸ਼ਬਦ ਬਬਾਣ । ਗੁਰ ਗੁਰਮੁਖਾਂ ਸੇਵ ਕਮਾਇੰਦਾ । ਇਕ ਇੱਕ ਫੁੱਲ ਭੇਟ ਚੜ੍ਹਾਇੰਦਾ । ਅਤੁਲਿਆ ਤੋਲ ਸਾਚਾ ਮੇਲ ਮਿਲਾਇੰਦਾ । ਗੁਰਮੁਖ ਨਾ ਜਾਣਾ ਭੂਲ, ਅੰਤਮ ਆਪੇ ਆਣ ਛੁਡਾਇੰਦਾ । ਸ਼ਬਦ ਪੰਘੂੜਾ ਲੈਣਾ ਝੂਲ, ਇਕ ਹੁਲਾਰਾ ਆਪ ਦਵਾਇੰਦਾ । ਆਪ ਕਰਾਏ ਸੂਲੀਉਂ ਸੂਲ, ਦੇਵੇ ਇਕ ਇੱਕ ਫੁੱਲ, ਲੱਖ ਚੁਰਾਸੀ ਪਾਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਆਪ ਬਹਾਇੰਦਾ । ਇਕ ਇੱਕ ਫੁੱਲ ਹਰਿ ਦੇਵੇ ਵੰਡ । ਗੁਰਮੁਖ ਤੇਰੀ ਕਦੀ ਨਾ ਨੰਗੀ ਹੋਵੇ ਕੰਡ । ਆਤਮ ਤੇਰੀ ਸਦਾ ਸੁਹਾਗਣ, ਨਾ ਮਾਤ ਹੋਵੇ ਰੰਡ । ਦਰ ਆਏ ਹੋਏ ਵਡ ਵਡ ਭਾਗਣ, ਤੁੱਟਾ ਸਰਬ ਘਮੰਡ । ਗੁਰਮੁਖ ਸੋਏ ਕਲਜੁਗ ਜੀਵ ਭੰਨੇ ਕੱਚੇ ਅੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਸ਼ਬਦ ਦਾਨ, ਚਰਨ ਪ੍ਰੀਤੀ ਲੱਗੀ ਤੋੜ ਜਾਏ ਹੰਢ । ਛੋਟੇ ਬਾਲੇ ਸੁਰਤ ਸੰਭਾਲ । ਸੱਚਾ ਦਿਤਾ ਧਨ ਮਾਲ, ਬਣਿਆ ਆਪ ਰਖਵਾਲ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਅਧਾਰ । ਮਾਲ ਧਨ ਨਾਮ ਸਚ ਖ਼ਜ਼ੀਨਾ । ਦੇਵੇ ਹਰਿ ਵਡ ਪ੍ਰਬੀਨਾ । ਗੁਰਮੁਖ ਸਾਚੇ ਰਸਨਾ ਚੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਠੰਡਾ ਠਾਰ ਕਰਾਏ ਕਲਜੁਗ ਅੰਤਮ ਸੀਨਾ । ਇਕ ਇੱਕ ਫੁੱਲ ਵਰਤਾਇਆ । ਪਿਛਲਾ ਚੁਕਾਇਆ ਸਾਰਾ ਮੁੱਲ, ਅੱਗੇ ਹੌਲਾ ਭਾਰ ਰਖਾਇਆ । ਦੇਵੇ ਨਾਮ ਸ਼ਬਦ ਅਨਮੁੱਲ, ਉਤੇ ਫੂਲਨ ਬਰਖਾ ਲਾਇਆ । ਗੁਰ ਸੰਗਤ ਮੂਲ ਨਾ ਜਾਣਾ ਭੁਲ, ਇਕੋ ਇਕ ਘਰ ਦਰ ਭਾਗ ਲਗਾਉਣਾ ਆਪਣੀ ਕੁਲ, ਝੂਠਾ ਦਾਗ ਹਰਿ ਦਏ ਧਵਾਇਆ । ਅੰਮ੍ਰਿਤ ਆਤਮ ਨਾ ਜਾਏ ਡੁੱਲ੍ਹ, ਪ੍ਰਭ ਬੂੰਦ ਬੂੰਦ ਦਏ ਚੁਆਇਆ । ਧੁਰ ਦਵਾਰਾ ਗਿਆ ਖੁੱਲ੍ਹ, ਆਤਮ ਜੋਤੀ ਦਏ ਜਗਾਇਆ । ਜੋ ਜਨ ਦਰ ਆਏ ਭੁੱਲ, ਗੁਰ ਸੰਗਤ ਹਰਿ ਦਏ ਰਲਾਇਆ । ਜੋਤ ਸਰੂਪੀ ਜੋਤ ਹਰਿ ਸਦਾ ਅਤੋਲ ਅਤੁੱਲ, ਸਦਾ ਅਡੋਲ ਨਾ ਸਕੇ ਕੋਈ ਡੁਲਾਇਆ । ਕਲਜੁਗ ਜੀਵ ਬੈਠੇ ਭੁਲ, ਪ੍ਰਭ ਅਬਿਨਾਸ਼ੀ ਮਨੋਂ ਭੁਲਾਇਆ । ਗੁਰਮੁਖ ਸਾਚੇ ਸੰਤ ਜਨ ਆਪ ਉਪਜਾਏ ਸਾਚੇ ਫੁੱਲ, ਪਾਏ ਮੁੱਲ, ਫੂਲਨ ਬਰਖਾ ਸਾਚਾ ਹਰਿ ਕਿਰਪਾ ਕਰ ਉਪਰ ਸੀਸ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਇਆ ਕਮਾਈ, ਆਤਮ ਵੱਜੇ ਸਚ ਵਧਾਈ, ਗਾਉਂਦੇ ਜਾਣਾ ਸਾਚਾ ਮਾਹੀ, ਖ਼ੁਸ਼ੀ ਖ਼ੁਸ਼ੀ ਜਾਣਾ ਆਪਣੀ ਥਾਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਿਤਾ ਸਾਚਾ ਵਰ ਪੂਰ ਕਰਾਇਆ । ਪੂਰ ਕਰਾਇਆ ਤੇਰਾ ਘਰ । ਦਰਗਹਿ ਸਾਚੀ ਸੰਤ ਜਨਾਂ ਪ੍ਰਭ ਅਬਿਨਾਸ਼ੀ ਲੈਣਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਖੁਲ੍ਹਾਏ ਆਤਮ ਦਰ । ਆਤਮ ਦਰ ਜਿਸ ਖੁਲ੍ਹਾਉਣਾ । ਸੋਹੰ ਸਾਚਾ ਰਸਨਾ ਗਾਉਣਾ । ਮਦਿਰਾ ਮਾਸ


੧੮੯ ੦੪

ਹੱਥ ਨਾ ਲਾਉਣਾ । ਵੇਖਾ ਵੇਖੀ ਨਾ ਦਰ ਤੇ ਆਣਾ । ਜੋ ਜਨ ਕਰੇ ਚਰਨ ਧਿਆਨਾ । ਦੇਵੇ ਸੱਚਾ ਨਾਮ ਨਿਸ਼ਾਨਾ । ਆਤਮ ਤੋੜੇ ਸਰਬ ਅਭਿਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ । ਆਪੇ ਵੇਖੇ ਠਗ ਚੋਰ ਯਾਰ । ਚਾਰੋਂ ਤਰਫ ਹਰਿ ਜੀ ਅੰਦਰ ਬੈਠੇ ਜੋ ਦਿਸਣ ਬਾਹਰ । ਗੁਰਮੁਖ ਸਾਚੇ ਸੰਤ ਜਨਾਂ ਦਰਸ ਦਿਖਾਏ ਪਹਿਲੀ ਵਾਰ । ਬੇਮੁਖ ਜੂਠੇ ਝੂਠੇ ਦੇਵੇ ਦਰ ਦੁਰਕਾਰ । ਗੁਰਮੁਖਾਂ ਆਤਮ ਦੇਵੇ ਸ਼ਬਦ ਹੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲਗੀ ਧਰ ਅਵਤਾਰ । ਕਲਗੀ ਧਰ ਸਾਰੇ ਕਹਿੰਦੇ । ਇਕ ਦੂਜੇ ਦੇ ਨਾਲ ਖਹਿੰਦੇ । ਪ੍ਰਭ ਦਾ ਭਾਣਾ ਨਾ ਸਿਰ ਤੇ ਸਹਿੰਦੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸੱਚਾ ਗੁਰਮੁਖ ਵਿਰਲੇ ਦਰ ਤੇ ਬਹਿੰਦੇ । ਗੁਰਮੁਖ ਦਰ ਹੋਏ ਪ੍ਰਵਾਨ । ਦੇਵੇ ਨਾਮ ਨਿਧਾਨ ਦਰ ਆਏ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਦਾਨੀ ਦਾਨ । ਵਡ ਦਾਤਾ ਵਿਚ ਸੰਸਾਰ ਹੈ । ਜੋਤ ਮਹਾਨਾ ਨਰ ਨਿਰੰਕਾਰ ਹੈ । ਗੁਣ ਨਿਧਾਨਾ ਜੋਤ ਸਰੂਪੀ ਆਇਆ ਜਾਮਾ ਧਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮੇਲ ਮਿਲਾਏ, ਇਕੋ ਸੋਹਣਾ ਸ਼ਬਦ ਸੁਣਾਇਆ, ਫੜ ਕੇ ਬਾਹੋਂ ਰਾਹੇ ਪਾਇਆ, ਆਪੇ ਹੋ ਜਾਏ ਵਿਚੋਂ ਬਾਹਰ ਹੈ । ਦੇਵੇ ਨਾਮ ਸ਼ਬਦ ਅਪਾਰਾ । ਗੁਰ ਪੂਰਾ ਹਰਿ ਵਰਤਾਰਾ । ਵਡ ਸੂਰਾ ਹਰਿ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨ ਕਰਾਵਣਹਾਰਾ । ਕਰਨ ਕਰਾਵਣ ਜੋਗ ਹਰਿ ਨਿਰੰਕਾਰ ਹੈ । ਕਟੇ ਹਉਮੇ ਰੋਗ, ਜੋ ਜਨ ਆਏ ਚਰਨ ਦਵਾਰ ਹੈ । ਇਕੋ ਦੇਵੇ ਸਾਚਾ ਰਸਨਾ ਭੋਗ, ਸੋਹੰ ਸ਼ਬਦ ਅਪਰ ਅਪਾਰ ਹੈ । ਕਲਜੁਗ ਅੰਤਮ ਨਾ ਹੋਏ ਵਿਜੋਗ, ਪ੍ਰਭ ਪਾਉਂਦਾ ਰਹੇ ਸਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਤੇਰੇ ਅੰਤਮ ਅੰਤ ਆਇਆ ਚਵ੍ਹੀਆਂ ਅਵਤਾਰ ਹੈ । ਪੰਚਮ ਜੇਠ ਲਿਖਤ ਅਪਾਰ । ਖੋਲ੍ਹੇ ਭੇਵ ਚੌਵ੍ਹੀਆਂ ਅਵਤਾਰ । ਚਾਰ ਜੁਗ ਜੋ ਆਏ ਵਾਰੋ ਵਾਰ । ਵੇਦ ਪੁਰਾਨ ਰਹੇ ਪੁਕਾਰ । ਨਾਨਕ ਗੋਬਿੰਦ ਬਣੇ ਸਚ ਲਿਖਾਰ । ਜੋਤ ਸਰੂਪੀ ਜਾਮਾ ਪਾਏ ਅੰਤਮ ਅੰਤ ਨਿਹਕਲੰਕ ਨਰਾਇਣ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਪਾਵੇ ਸਾਰ । ਚਵ੍ਹੀਆਂ ਅਵਤਾਰ ਭੇਵ ਖੁਲ੍ਹਾਏ । ਕਰੋੜ ਤੇਤੀਸ ਸੇਵ ਲਗਾਏ । ਬ੍ਰਹਮਾ ਬ੍ਰਹਮਪੁਰੀ ਵਿਚੋਂ ਬਾਹਰ ਕਢਾਏ । ਗੁਰਮੁਖ ਸਾਚਾ ਵਿਚ ਬਹਾਏ । ਸਤਿਜੁਗ ਸਾਚੀ ਬਣਤ ਬਣਾਏ । ਪ੍ਰਭ ਅਬਿਨਾਸ਼ੀ ਆਪਣਾ ਭੇਵ ਆਪਣੇ ਹੱਥ ਰਖਾਏ । ਅੰਤਮ ਕਲ ਭਗਤ ਧਰੂ ਤੇਰਾ ਵਕਤ ਚੁਕਾਏ । ਜੋਤੀ ਜੋਤ ਸਰੂਪ ਹਰਿ, ਪੁਰੀਆਂ ਲੋਆਂ ਖੰਡਾਂ ਬ੍ਰਹਿਮੰਡਾਂ ਆਪੇ ਦਏ ਉਲਟਾਏ । ਧਰੂ ਤੇਰਾ ਵਕਤ ਚੁਕਾਉਣਾ । ਚੌਥਾ ਜੁਗ ਖਤਮ ਕਰਾਉਣਾ । ਗੁਰਮੁਖ ਸੱਚਾ ਇਕ ਉਪਜਾਏ, ਸਿੰਘ ਸਵਰਨ ਨਾਉਂ ਰਖਾਉਣਾ । ਚੇਤ ਸਿੰਘ ਦਾ ਸੁਤ ਬਣਾਉਣਾ । ਅੰਤਮ ਵੇਲੇ ਜੋਤ ਮਿਲਾਉਣਾ । ਸਾਚੇ ਧਾਮ ਜਾ ਬਹਾਉਣਾ । ਇਕ ਬਬਾਣ ਆਪ ਰਖਾਉਣਾ । ਜੋਤ ਭਗਵਾਨ ਜੋਤ ਸਰੂਪੀ ਅੱਗੇ ਡਗਮਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਧਾਰ ਆਪ ਬੰਨ੍ਹਾਉਣਾ । ਸਾਚੀ ਰੀਤ ਹਰਿ ਚਲਾਏ । ਇੰਦਰਪੁਰੀ ਅੰਤਮ ਕਲ ਆਪਣੀ ਹੱਥੀਂ ਖਾਲੀ ਜਾ ਕਰਾਏ । ਕਰੋੜ ਤੇਤੀਸ ਸੁਰਪਤ ਰਾਜਾ ਇੰਦ ਅੰਤਮ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚੇ ਬਣਤ ਬਣਾਏ । ਰਾਜੇ ਬਲ ਦਿਤੀ ਵਡਿਆਈ । ਅੰਮ੍ਰਿਤ ਕੱਢਿਆ ਆਪ ਹਿਲਾਈ । ਚੌਦਾਂ ਰਤਨ ਹਰਿ ਜੀ ਕੱਢੇ, ਪੰਚਮ ਜੇਠ ਸਾਚੇ ਲੇਖ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ

ਵੇਲੇ ਸੁਰਪਤ ਰਾਜਾ ਇੰਦ ਸਿੰਘ ਸਿੰਘਾਸਣ ਉਪਰੋਂ ਦੇਵੇ ਲਾਹੀ । ਚੌਥਾ ਜੁਗ ਅੰਤ ਅਖ਼ੀਰ । ਵਜਦਾ ਜਾਏ ਤੀਰ । ਨਾਥ ਤ੍ਰੈਲੋਕੀ ਸ੍ਰਿਸ਼ਟ ਸਬਾਈ
ਸਾਰੀ ਝੋਕੀ, ਇਕੋ ਅੱਗੇ ਲਾਇਆ ਛੋਟਾ ਬਾਲਾ ਨਿੱਕਾ ਵੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਡਾ ਸ਼ਾਹੋ ਭੂਪੀ, ਵਡ
ਦਾਤਾ ਸੂਰਬੀਰ । ਰਾਜੇ ਇੰਦ ਟੁੱਟਾ ਮਾਣ । ਵਡ ਮਰਗਿੰਦ, ਪ੍ਰਗਟ ਹੋਇਆ ਇਕੋ ਸੱਚਾ ਪਹਿਲਵਾਨ । ਭਾਗ ਲਗਾਇਆ ਵਿਚ ਹਿੰਦ, ਰਸਨਾ
ਫੜੇ ਤੀਰ ਕਮਾਨ । ਬੇਮੁਖ ਜੋ ਕਰਨ ਨਿੰਦ, ਅੰਤਮ ਵੇਲੇ ਲਏ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਆਪ ਬਹਾਏ
ਛੋਟੇ ਬਾਲ ਨਿਧਾਨ, ਸਿੰਘ ਮਨਜੀਤ ਦਿਤਾ ਮਾਣ ਆਪ ਬਿਠਾਇਆ ਵਿਚ ਬਬਾਣ । ਗੁਰ ਸੰਗਤ ਸਾਰੀ ਸੰਗ ਰਲਾਈ । ਸੋਲਾਂ ਮੱਘਰ ਖੇਲ ਰਚਾਈ ।
ਅਚਰਜ ਖੇਲ ਹਰਿ ਵਰਤਾਈ । ਸੋਹਣੀ ਸੇਜਾ ਆਪ ਵਿਛਾਈ । ਗੁਰ ਸੰਗਤ ਸੰਗ ਲਿਆਇਆ ਚਾਈਂ ਚਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਤਿੰਨਾਂ ਲੋਕਾਂ ਆਪੇ ਵੇਖੇ ਚੌਦਾਂ ਹੱਟਾਂ ਬੈਠਾ ਥਾਉਂ ਥਾਈਂ । ਛੋਟਾ ਬਾਲਾ ਕਰ ਤਿਆਰ । ਉਤੇ ਦਿਤਾ ਹਰਿ ਪਿਆਰ । ਸ਼ਬਦ ਕੀਤਾ
ਇਕ ਅਸਵਾਰ । ਮਾਤਲੋਕ ਚੋਂ ਹੋਇਆ ਬਾਹਰ । ਗਿਆ ਘਰ ਸੱਚੇ ਦਰ ਨਿਰੰਕਾਰ । ਅੱਗੇ ਲਾਏ ਹਰਿ ਨਿਰੰਕਾਰ । ਕਿਰਪਾ ਆਪਣੀ
ਦੇਵੇ ਧਾਰ । ਬਾਹੋਂ ਫੜ ਲਾਏ ਪਾਰ । ਇਕੋ ਘੋੜਾ ਹਰਿ ਮੰਗਾਇਆ, ਅਠਾਰਾਂ ਮਾਘ ਦੇਹ ਛੁਡਾਇਆ, ਉਤੇ ਕਰ ਦੇਵੇ ਅਸਵਾਰ । ਸਿੰਘ
ਤੇਜਾ ਸੇਵ ਕਮਾਇਆ, ਪ੍ਰਭ ਅਬਿਨਾਸ਼ੀ ਲੇਖੇ ਲਾਇਆ, ਮੁੜ ਕੇ ਗਾਂਧੀ ਜਨਮ ਦਵਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ
ਨਰਾਇਣ ਨਰ ਅਵਤਾਰ । ਘੋੜਾ ਗਿਆ ਸੱਚੇ ਘਰ । ਅੱਗੇ ਵੇਖੇ ਇਕੋ ਹਰਿ । ਪ੍ਰਭ ਅਬਿਨਾਸ਼ੀ ਖੁਲ੍ਹਾ ਦਰ । ਦੂਜਾ ਮਿਲਿਆ ਸੱਚਾ ਵਰ ।
੧੯੧ ੦੪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਿਹਕਲੰਕ ਨਰਾਇਣ ਅਵਤਾਰ ਨਰ । ਘੋੜਾ ਗਿਆ ਸਚ ਦਵਾਰੇ, ਅੱਗੇ ਖੜਾ ਹਰਿ ਨਿਰੰਕਾਰੇ । ੧੯੧ ੦੪
ਸ਼ਬਦ ਸਰੂਪੀ ਵਾਜਾਂ ਮਾਰੇ । ਛੋਟੇ ਬਾਲੇ ਕਰ ਤਿਆਰੇ । ਪ੍ਰਭ ਅਬਿਨਾਸ਼ੀ ਬਾਹੋਂ ਫੜ, ਉਪਰ ਕਰਾਏ ਤੈਨੂੰ ਅਸਵਾਰੇ । ਅੱਗੇ ਬੈਠਾ ਹਰਿ ਜੀ
ਦਿਸੇ, ਪਿੱਛੇ ਬਾਲ ਨਿਧਾਨ ਪਿਆ ਪੁਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਸੁਣ ਇਕ ਪੁਕਾਰੇ । ਨਿੱਕਾ ਬਾਲਾ ਕਰੇ ਪੁਕਾਰ ।
ਮੇਰੀ ਸੁਣ ਹਰਿ ਦਾਤਾਰ । ਏਕਾ ਬਖ਼ਸ਼ ਚਰਨ ਪਿਆਰ । ਮਾਤਲੋਕ ਨਾ ਮੁੜ ਕੇ ਜਾਵਾਂ ਦੂਜੀ ਵਾਰ । ਅੱਠੇ ਪਹਿਰ ਮੇਰਾ ਤੇਰਾ ਤੇਰਾ ਮੇਰਾ
ਇਕ ਪਿਆਰ । ਚਾਰੋਂ ਤਰਫ ਪਾਈਂ ਘੇਰਾ, ਸ਼ਬਦ ਰੱਖੀਂ ਪਹਿਰੇਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ।
ਛੋਟੇ ਬਾਲੇ ਸੁਣ ਪੁਕਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਸਾਚੀ ਦੇਵੇ ਇਕ ਅਸਵਾਰੀ । ਪੂਰਨ ਹਰਿ ਸਾਚੇ ਘਰ ਸਿੰਘ ਸਿੰਘਾਸਣ ਬੈਠਾ
ਕੀਤੀ ਸਚ ਤਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਦੇਵੇ ਵਡਿਆਈ ਜਿਸ ਸਾਚੀ ਬਣਤ ਬਣਾਈ, ਆਏ ਚਲ ਦਵਾਰੀ ।
ਛੋਟਾ ਬਾਲਾ ਆਪ ਉਠਾਇਆ । ਫੜ ਕੇ ਬਾਹੋਂ ਰਾਹੇ ਪਾਇਆ । ਇੰਦਰਪੁਰੀ ਦਾ ਰਾਹ ਵਖਾਇਆ । ਕਲਜੁਗ ਤੇਰਾ ਅੰਤਮ ਆਇਆ । ਸੁਰਪਤ
ਰਾਜਾ ਇੰਦ ਹਰਿ ਜੀ ਤਖ਼ਤੋਂ ਲਾਹਿਆ । ਏਕਾ ਏਕ ਆਪਣਾ ਭਾਣਾ ਆਪਣੇ ਹੱਥ ਰਖਾਇਆ । ਚਾਰ ਜੁਗ ਅੰਤਮ ਬੀਤੇ, ਪ੍ਰਭ ਅਬਿਨਾਸ਼ੀ ਆਪਣਾ
ਭੇਵ ਆਪੇ ਆਪ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਸਿੰਘ ਸਿੰਘਾਸਣ ਉਤੇ ਬਿਠਾਇਆ । ਸਿੰਘ ਸਿੰਘਾਸਣ
ਬੈਠਾ ਹਰਿ ਦੁਲਾਰ । ਕਰੋੜ ਤੇਤੀਸ ਕਰਨ ਨਿਮਸਕਾਰ । ਸਾਡੀ ਪਾਈ ਏਥੇ ਸਾਰ । ਅੱਗੋਂ ਬੋਲੇ ਸ਼ਬਦ ਅਪਾਰ । ਸਿੰਘ ਮਨਜੀਤ ਸੁਣੇ ਪੁਕਾਰ ।

ਨਿਹਕਲੰਕ ਕਲ ਜਾਮਾ ਪਾਇਆ, ਖੋਲ੍ਹੇ ਸੱਚਾ ਇਕ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਹਰਿ ਦਾਤਾਰ । ਕਰੋੜ ਤੇਤੀਸ ਕਰਨ ਪੁਕਾਰ । ਸਾਨੂੰ ਦੱਸੀਂ ਸਾਚੀ ਧਾਰ । ਚਾਰ ਯੁਗ ਗਏ ਬੀਤ ਬੈਠੇ ਇਕ ਇਕੱਲੜੇ ਥਾਂ, ਨਾ ਹੋਏ ਕੋਈ ਰਖਵਾਰ । ਭੋਗ ਅਪਛਰਾਂ ਤਨ ਮਨ ਸੜਿਆ, ਇਕੇ ਵੇਰ ਅੰਮ੍ਰਿਤ ਮਿਲਿਆ ਸੱਚੀ ਧਾਰ । ਗੁਰ ਚਰਨ ਨਾ ਸੇਵ ਕਮਾਈ, ਨਾ ਮਿਲੀ ਅੰਤ ਵਡਿਆਈ, ਨਾ ਮਿਲਿਆ ਹਰਿ ਨਿਰੰਕਾਰ । ਸਾਚਾ ਰਾਹ ਦਈਂ ਵਖਾਈਂ, ਨਿਹਕਲੰਕ ਵਸੇ ਕਿਹੜੇ ਥਾਈਂ, ਦੋਏ ਜੋੜ ਦੂਰ ਦੁਰਾਡੇ ਬੈਠੇ ਕਰੀਏ ਚਰਨ ਪਿਆਰ । ਉਤੇ ਬੈਠੇ ਨਿਉਂ ਨਿਉਂ ਝਾਤੀ ਮਾਰਨ, ਕਲਜੁਗ ਵੇਲਾ ਅੰਤਮ ਹੋਇਆ, ਹੋਈ ਅੰਧੇਰੀ ਰਾਤ । ਕਲਜੁਗ ਜੀਵ ਨਾ ਕੋਈ ਜਾਣੇ ਅੰਤਮ ਸੋਇਆ, ਗੁਰਮੁਖ ਤੇਰੇ ਆਤਮ ਦਿਸਦੀ ਰਹੇ ਸਦਾ ਪ੍ਰਭਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਰਾਹ ਦਿਖਾਏ ਦੱਖਣ ਦਿਸ਼ਾ ਕੁਫਲ ਖੁਲ੍ਹਾਏ ਇਕੋ ਰੱਖੇ ਤਾਕ । ਦੱਖਣ ਦਿਸ਼ਾ ਸਾਚਾ ਜੋੜਾ । ਅੱਗੇ ਦਿਸੇ ਚਿੱਟਾ ਘੋੜਾ । ਪ੍ਰਭ ਅਬਿਨਾਸ਼ੀ ਹੋ ਅਸਵਾਰ, ਮਾਤਲੋਕ ਵਿਚ ਆਏ ਦੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਜੋਤ ਸਰੂਪੀ ਜਾਮਾ ਪਾਇਆ, ਨਾ ਕੋਈ ਜਾਣੇ ਜਾਣ ਪਛਾਣੇ ਕਿੰਨਾ ਲੰਮਾ ਕਿੰਨਾ ਚੌੜਾ । ਕਰੋੜ ਤੇਤੀਸ ਕਰਨ ਪੁਕਾਰਨ । ਪ੍ਰਭ ਅਬਿਨਾਸ਼ੀ ਵਾਜਾਂ ਮਾਰਨ, ਘਨਕਪੁਰ ਵਾਸੀ ਸਾਡੀ ਪਾਈਂ ਅੰਤਮ ਸਾਰਨ । ਸਾਡੀ ਕਰੀਂ ਬੰਦ ਖ਼ਲਾਸੀ, ਖਿੱਚ ਲਿਆਈਂ ਚਰਨ ਦਵਾਰਨ । ਦੂਰੋਂ ਵੇਖ ਚਾਰ ਜੁਗ ਪਈ ਰਹੀ ਇਕੋ ਫਾਸੀ, ਅੰਤਮ ਕਲ ਹੋਈ ਆਤਮ ਹੰਕਾਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਆਈਏ ਚਲ ਤੇਰੇ ਦਵਾਰਨ । ਸਿੰਘ ਮਨਜੀਤ ਸ਼ਬਦ ਗਾਇਆ । ਕਰੋੜ ਤੇਤੀਸ ਕੰਨ ਸੁਣਾਇਆ । ਬੀਸ ਇਕੀਸ ਨੇੜੇ ਆਇਆ । ਸਭ ਦਾ ਸੀਸ ਦਏ ਕਟਾਇਆ । ਰਾਕਸ਼ ਬੰਸ ਵਕਤ ਚੁਕਾਇਆ । ਏਕਾ ਸੋਹੰ ਸ਼ਬਦ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਜਾਮਾ ਧਾਰ ਤਿੰਨਾਂ ਲੋਕਾਂ ਕਰੇ ਵਿਚਾਰ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਪੈਰਾਂ ਥੱਲੇ ਦਏ ਲਤਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਖੰਡ ਪ੍ਰਿਥਮੀ ਏਕਾ ਅਗਨ ਜੋਤ ਲਗਾਏ, ਘਰ ਘਰ ਬੈਠੇ ਦੇਵੇ ਸਾੜ । ਘਰ ਘਰ ਸਾੜੇ ਕਰੇ ਸਵਾਹ । ਅੰਤਮ ਵੇਲੇ ਦੇਵੇ ਫਾਹ । ਕਿਸੇ ਨਾ ਮਿਲੇ ਕੋਈ ਰਾਹ । ਸਾਰੇ ਫਿਰਨ ਵਾਹੋ ਦਾਹ । ਮਾਂ ਪੁੱਤਰਾਂ ਹੋਏ ਵਿਛੋੜਾ, ਨਾ ਕੋਈ ਵੇਖੇ ਭੈਣ ਭਰਾ । ਇਕੋ ਮਾਰੇ ਸ਼ਬਦ ਕੋੜਾ, ਨਾ ਕੋਈ ਛੁਡਾਏ ਕਰ ਕੇ ਅੱਗੇ ਬਾਂਹ । ਪ੍ਰਭ ਅਬਿਨਾਸ਼ੀ ਤੇਰਾ ਸਤਿ ਫਰਮਾਨ ਕਲਜੁਗ ਜੀਵਾਂ ਅੰਤਮ ਮੋੜਾ, ਨਾ ਮਿਲੇ ਠੰਡੀ ਛਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੜ੍ਹਨ ਵਾਲਾ ਸ਼ਬਦ ਘੋੜਾ ਪੰਚਮ ਜੇਠ ਉਠ ਦੌੜਾ, ਘਰ ਘਰ ਉਡਾਉਂਦਾ ਜਾਏ ਕਾਂ । ਸਤਿਗੁਰ ਪੂਰਾ ਜਾਣੀਏ, ਅੰਤਮ ਜੋਤੀ ਦਏ ਜਗਾਏ । ਸਤਿਗੁਰ ਪੂਰਾ ਜਾਣੀਏ, ਇੱਕਾ ਗੋਤੀ ਦਏ ਬਣਾਏ । ਸਤਿਗੁਰ ਪੂਰਾ ਜਾਣੀਏ, ਆਤਮ ਸੋਤੀ ਲਏ ਜਗਾਏ । ਸਤਿਗੁਰ ਪੂਰਾ ਜਾਣੀਏ, ਦੁਰਮਤ ਮੈਲ ਜਾਏ ਧੋਤੀ ਦਰਸ਼ਨ ਪਾਏ । ਸਤਿਗੁਰ ਪੂਰਾ ਜਾਣੀਏ, ਜੋਤ ਸਰੂਪੀ ਜੋਤ ਹਰਿ ਅਵਰ ਨਾ ਦਿਸੇ ਕੋਇ । ਸਤਿਗੁਰ ਪੂਰਾ ਜਾਣੀਏ, ਵਡਾ ਸ਼ਹਿਨਸ਼ਾਹ । ਸਤਿਗੁਰ ਪੂਰਾ ਜਾਣੀਏ, ਆਪ ਕਟਾਏ ਜਮ ਕਾ ਫਾਹ । ਸਤਿਗੁਰ ਪੂਰਾ ਜਾਣੀਏ, ਫੜ ਫੜ ਬਾਹੋਂ ਰਾਹੇ ਦੇਵੇ ਪਾ । ਸਤਿਗੁਰ ਪੂਰਾ ਜਾਣੀਏ, ਦਰਗਹਿ ਸਾਚੀ ਸਚ ਮਲਾਹ । ਸਤਿਗੁਰ ਪੂਰਾ ਜਾਣੀਏ, ਦੇਵੇ ਨਿਥਾਵਿਆਂ ਥਾਂ । ਸਤਿਗੁਰ ਪੂਰਾ ਜਾਣੀਏ, ਮਾਣੋ ਠੰਡੀ ਛਾਂ । ਸਤਿਗੁਰ ਪੂਰਾ ਜਾਣੀਏ,


੧੯੨
੦੪

ਹੰਸ ਬਣਾਏ ਕਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪ੍ਰਗਟ ਹੋਏ ਸੱਚਾ ਦੱਸੇ ਸ਼ਬਦ ਨਾਂ । ਸਤਿਗੁਰ ਪੂਰਾ ਜਾਣੀਏ, ਕਟੇ ਗਲ ਫਾਸੀ । ਸਤਿਗੁਰ ਪੂਰਾ ਜਾਣੀਏ, ਰਸਨ ਤਜਾਏ ਮਦਿਰਾ ਮਾਸੀ । ਸਤਿਗੁਰ ਪੂਰਾ ਜਾਣੀਏ, ਦਰਸ ਦਿਖਾਏ ਪ੍ਰਗਟ ਹੋਏ ਘਨਕਪੁਰ ਵਾਸੀ । ਸਤਿਗੁਰ ਪੂਰਾ ਜਾਣੀਏ, ਅੰਤਮ ਅੰਤ ਕਰੇ ਬੰਦ ਖ਼ਲਾਸੀ । ਸਤਿਗੁਰ ਪੂਰਾ ਜਾਣੀਏ, ਮਾਇਆ ਮਮਤਾ ਦਰ ਤੋਂ ਜਾਏ ਨਾਸੀ । ਸਤਿਗੁਰ ਪੂਰਾ ਜਾਣੀਏ, ਕੱਟਣ ਆਇਆ ਕਲ ਚੁਰਾਸੀ । ਸਤਿਗੁਰ ਪੂਰਾ ਜਾਣੀਏ, ਮਾਨਸ ਜਨਮ ਕਰਾਏ ਵਿਚ ਮਾਤ ਰਹਿਰਾਸੀ । ਸਤਿਗੁਰ ਪੂਰਾ ਜਾਣੀਏ, ਸੋਹੰ ਸ਼ਬਦ ਜਪਾਏ ਸਵਾਸ ਸਵਾਸੀ । ਸਤਿਗੁਰ ਪੂਰਾ ਜਾਣੀਏ, ਦੇਵੇ ਸ਼ਬਦ ਗਿਆਨ । ਸਤਿਗੁਰ ਪੂਰਾ ਜਾਣੀਏ, ਮੇਲ ਮਿਲਾਏ ਭਗਤ ਭਗਵਾਨ । ਸਤਿਗੁਰ ਪੂਰਾ ਜਾਣੀਏ, ਦੇਵੇ ਸੱਚਾ ਦਾਨ । ਸਤਿਗੁਰ ਪੂਰਾ ਜਾਣੀਏ, ਕਰੇ ਕਰਾਏ ਆਤਮ ਤੀਰਥ ਇਸ਼ਨਾਨ । ਸਤਿਗੁਰ ਪੂਰਾ ਜਾਣੀਏ, ਸ਼ਬਦ ਮਾਰੇ ਇਕੋ ਬਾਣ । ਸਤਿਗੁਰ ਪੂਰਾ ਜਾਣੀਏ, ਬਜ਼ਰ ਕਪਾਟੀ ਔਖੀ ਘਾਟੀ ਆਪੇ ਆਪ ਚੜ੍ਹਾਨ । ਸਤਿਗੁਰ ਪੂਰਾ ਜਾਣੀਏ, ਦੇਵੇ ਨਾਮ ਇਕ ਨਿਧਾਨ । ਸਤਿਗੁਰ ਪੂਰਾ ਜਾਣੀਏ, ਆਤਮ ਜੋਤੀ ਆਪ ਜਗਾਏ ਗੁਰਮੁਖ ਆਤਮ ਆਪ ਮਹਾਨ । ਸਤਿਗੁਰ ਪੂਰਾ ਜਾਣੀਏ, ਸਾਚਾ ਸ਼ਬਦ ਸੁਣਾਏ ਕਾਨ । ਸਤਿਗੁਰ ਪੂਰਾ ਜਾਣੀਏ, ਦੇਵੇ ਚਰਨ ਧਿਆਨ । ਸਤਿਗੁਰ ਪੂਰਾ ਜਾਣੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਤਿਗੁਰ ਪੂਰਾ ਜਾਣੀਏ, ਸਦਾ ਸੁਖਦਾਈ । ਸਤਿਗੁਰ ਪੂਰਾ ਜਾਣੀਏ, ਦੇਵੇ ਮਾਤ ਵਡਿਆਈ । ਸਤਿਗੁਰ ਪੂਰਾ ਜਾਣੀਏ, ਏਥੇ ਓਥੇ ਹੋਏ ਸਹਾਈ । ਸਤਿਗੁਰ ਪੂਰਾ ਜਾਣੀਏ, ਗਰਭਵਾਸ ਅੰਤਮ ਅੰਤ ਦਏ ਕਟਾਈ । ਸਤਿਗੁਰ ਪੂਰਾ ਜਾਣੀਏ, ਘਟ ਘਟ ਰੱਖੇ ਵਾਸ, ਅੰਤਮ ਹੋਏ ਸਹਾਈ । ਸਤਿਗੁਰ ਪੂਰਾ ਜਾਣੀਏ, ਜਨ ਭਗਤਾਂ ਹੋਇਆ ਦਾਸ, ਦਰ ਦਰਸ ਦਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਏ ਆਪ ਵਧਾਈ । ਸਤਿਗੁਰ ਪੂਰਾ ਗੁਣ ਨਿਧਾਨ ਹੈ । ਸਤਿਗੁਰ ਪੂਰਾ ਚਤੁਰ ਸੁਜਾਨ ਹੈ । ਸਤਿਗੁਰ ਪੂਰਾ ਵਡ ਵਡ ਮਿਹਰਬਾਨ ਹੈ । ਸਤਿਗੁਰ ਪੂਰਾ ਇਕੋ ਦੇਂਦਾ ਸੱਚਾ ਦਾਨ ਹੈ । ਸਤਿਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਜਮ ਕੀ ਕਾਨ ਹੈ । ਸਤਿਗੁਰ ਪੂਰਾ ਜਾਣੀਏ, ਦੇਵੇ ਧੀਰ ਧਰਵਾਸਾ । ਸਤਿਗੁਰ ਪੂਰਾ ਜਾਣੀਏ, ਬਖ਼ਸ਼ੇ ਚਰਨ ਭਰਵਾਸਾ । ਸਤਿਗੁਰ ਪੂਰਾ ਜਾਣੀਏ, ਰਸਨਾ ਗਾਈਏ ਸਵਾਸ ਸਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸਾ । ਸਤਿਗੁਰ ਪੂਰਾ ਜਾਣੀਏ, ਆਤਮ ਵੇਖ ਵਿਚਾਰ । ਸਤਿਗੁਰ ਪੂਰਾ ਜਾਣੀਏ, ਦੇਵੇ ਸ਼ਬਦ ਸੱਚੀ ਧਾਰ । ਸਤਿਗੁਰ ਪੂਰਾ ਜਾਣੀਏ, ਮੁਨ ਸੁੰਨ ਆਪ ਖੁਲ੍ਹਾਰ । ਸਤਿਗੁਰ ਪੂਰਾ ਜਾਣੀਏ, ਲੱਖ ਚੁਰਾਸੀ ਵਿਚੋਂ ਚੁਣ, ਖਿੱਚ ਲਿਆਏ ਚਰਨ ਦਵਾਰ । ਸਤਿਗੁਰ ਪੂਰਾ ਜਾਣੀਏ, ਕਰੇ ਛਾਣ ਪੁਣ, ਆਤਮ ਕੱਢੇ ਸਰਬ ਹੰਕਾਰ । ਇਕੋ ਦੱਸੇ ਸਾਚਾ ਗੁਣ, ਨਰ ਹਰਿ ਹਰਿ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਦਿਨ ਅੰਤਾ ਪਾਉਂਦਾ ਰਹੇ ਸਾਰ । ਸਤਿਗੁਰ ਪੂਰਾ ਜਾਣੀਏ, ਸਹਿਜ ਸੁਭਾਓ ਹੈ । ਸਤਿਗੁਰ ਪੂਰਾ ਜਾਣੀਏ, ਦੇਵੇ ਸੱਚਾ ਨਾਉਂ ਹੈ । ਸਤਿਗੁਰ ਪੂਰਾ ਜਾਣੀਏ, ਹਰਿ ਇਕ ਅਗੰਮ ਅਥਾਹੋ ਹੈ । ਸਤਿਗੁਰ ਪੂਰਾ ਜਾਣੀਏ, ਵਡ ਦਾਤਾ ਬੇਪ੍ਰਵਾਹੋ ਹੈ । ਸਤਿਗੁਰ ਪੂਰਾ ਜਾਣੀਏ, ਪੁਰਖ ਬਿਧਾਤਾ, ਗੁਰਮੁਖਾਂ ਰੱਖੇ ਠੰਡੀ ਛਾਂਓ ਹੈ । ਸਤਿਗੁਰ ਪੂਰਾ ਜਾਣੀਏ, ਨਾ ਆਵੇ ਕਿਸੇ ਦਾਓ ਹੈ । ਸਤਿਗੁਰ ਪੂਰਾ ਜਾਣੀਏ, ਆਪੇ ਪਿਤਾ ਆਪੇ ਮਾਉਂ ਹੈ । ਸਤਿਗੁਰ ਪੂਰਾ ਜਾਣੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,


੧੯੩ ੦੪

ਦੇਵੇ ਠੰਡੀ ਛਾਉਂ ਹੈ । ਸਤਿਗੁਰ ਪੂਰਾ ਜਾਣੀਏ, ਜੋਤ ਅਕਾਰਿਆ । ਸਤਿਗੁਰ ਪੂਰਾ ਜਾਣੀਏ, ਦੱਸੇ ਰਾਹ ਸੱਚਾ ਦਰਬਾਰਿਆ । ਸਤਿਗੁਰ ਪੂਰਾ ਜਾਣੀਏ, ਆਤਮ ਤੋੜੇ ਗੜ੍ਹ ਕਿਲ੍ਹਾ ਹੰਕਾਰਿਆ । ਸਤਿਗੁਰ ਪੂਰਾ ਜਾਣੀਏ, ਅੰਦਰ ਜਾਏ ਵੜ ਜੋਤ ਜਗਾਏ ਅਪਰ ਅਪਾਰਿਆ । ਸਤਿਗੁਰ ਪੂਰਾ ਜਾਣੀਏ, ਦਰ ਦਵਾਰੇ ਰਹੇ ਖੜ੍ਹ, ਦੇਵੇ ਦਰਸ ਅਗੰਮ ਅਪਾਰਿਆ । ਸਤਿਗੁਰ ਪੂਰਾ ਜਾਣੀਏ, ਪੰਚਾਂ ਚੋਰਾਂ ਨਾਲ ਰਿਹਾ ਲੜ, ਕੱਢੇ ਬਾਹਰ ਦਰ ਦੁਰਕਾਰਿਆ । ਸਤਿਗੁਰ ਪੂਰਾ ਜਾਣੀਏ, ਵੇਲੇ ਅੰਤਮ ਬਾਂਹ ਲਏ ਫੜ, ਸਤਿਗੁਰ ਪੂਰਾ ਜਾਣੀਏ, ਸਾਚਾ ਘਾੜਨ ਰਿਹਾ ਘੜ, ਗੁਰਮੁਖ ਨਾ ਭੱਜਣ ਅੰਤਮ ਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਫੜਾਏ ਆਪਨਾ ਲੜ, ਖਿੱਚ ਲਿਆਏ ਸਚ ਦਰਬਾਰਿਆ । ਸਤਿਗੁਰ ਪੂਰਾ ਜਾਣੀਏ, ਸਚ ਦੇਵੇ ਮਤੀ । ਸਤਿਗੁਰ ਪੂਰਾ ਜਾਣੀਏ, ਆਤਮ ਦੇਵੇ ਧੀਰਜ ਸਤੀ । ਸਤਿਗੁਰ ਪੂਰਾ ਜਾਣੀਏ, ਹਉਮੇ ਵਿਚੋਂ ਰੋਗ ਗਵਾਏ ਜੋਤ ਟਿਕਾਏ ਇਕੋ ਰਤੀ । ਸਤਿਗੁਰ ਪੂਰਾ ਜਾਣੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਗਣ ਦੇਵੇ ਨਾ ਵਾ ਤੱਤੀ । ਸਤਿਗੁਰ ਪੂਰਾ ਜਾਣੀਏ, ਸਚ ਵਖਾਨਣਾ । ਸਤਿਗੁਰ ਪੂਰਾ ਜਾਣੀਏ, ਆਤਮ ਦੇਵੇ ਜੋਤੀ ਚਾਨਣਾ । ਸਤਿਗੁਰ ਪੂਰਾ ਜਾਣੀਏ, ਦੇਵੇ ਸ਼ਬਦ ਨਾਉਂ ਵਡ ਬ੍ਰਹਮ ਗਿਆਨਣਾ । ਸਤਿਗੁਰ ਪੂਰਾ ਜਾਣੀਏ, ਗੁਣਵੰਤ ਗੁਣ ਨਿਧਾਨਣਾ । ਸਤਿਗੁਰ ਪੂਰਾ ਜਾਣੀਏ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤ ਪਛਾਨਣਾ । ਸਤਿਗੁਰ ਪੂਰਾ ਜਾਣੀਏ, ਜਨ ਭਗਤਾਂ ਦੇਵੇ ਸੋਹੰ ਸੱਚਾ ਦਾਨਣਾ । ਸਤਿਗੁਰ ਪੂਰਾ ਜਾਣੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਣਾ । ਸਤਿਗੁਰ ਪੂਰਾ ਜਾਣੀਏ, ਵਡ ਦਾਤਾ ਗਹਿਰ ਗੰਭੀਰ । ਸਤਿਗੁਰ ਪੂਰਾ ਜਾਣੀਏ, ਕਰੇ ਸ਼ਾਂਤ ਸਰੀਰ । ਸਤਿਗੁਰ ਪੂਰਾ ਜਾਣੀਏ, ਅੰਮ੍ਰਿਤ ਪਿਆਏ ਸਾਚਾ ਸੀਰ । ਸਤਿਗੁਰ ਪੂਰਾ ਜਾਣੀਏ, ਬਜ਼ਰ ਕਪਾਟੀ ਦੇਵੇ ਚੀਰ । ਸਤਿਗੁਰ ਪੂਰਾ ਜਾਣੀਏ, ਇਕੋ ਹਾਟੀ ਸਾਚੀ ਘਾਟੀ ਆਪ ਚੜ੍ਹਾਏ ਅਖ਼ੀਰ । ਸਤਿਗੁਰ ਪੂਰਾ ਜਾਣੀਏ, ਅੱਗੇ ਨੇੜੇ ਆਈ ਵਾਟੀ, ਪੈਣੀ ਅੰਤਮ ਭੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ, ਲੱਖ ਚੁਰਾਸੀ ਵਿਚ ਸਮਾਏ, ਨਾ ਕੋਈ ਜਾਣੇ ਹਸਤ ਕੀੜ । ਸਤਿਗੁਰ ਪੂਰਾ ਜਾਣੀਏ, ਵਡ ਵਡ ਪੀਰ । ਸਤਿਗੁਰ ਪੂਰਾ ਜਾਣੀਏ, ਕੱਢੇ ਹਉਮੇ ਪੀੜ । ਸਤਿਗੁਰ ਪੂਰਾ ਜਾਣੀਏ, ਆਤਮ ਦੇਵੇ ਸਾਚੀ ਧੀਰ । ਸਤਿਗੁਰ ਪੂਰਾ ਜਾਣੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰੇ ਸ਼ਬਦ ਤੀਰ । ਸਤਿਗੁਰ ਪੂਰਾ ਜਾਣੀਏ, ਕਲਜੁਗ ਅੰਤਰ । ਸਤਿਗੁਰ ਪੂਰਾ ਜਾਣੀਏ, ਦੇਵੇ ਸ਼ਬਦ ਸੱਚਾ ਗੁਰ ਮੰਤਰ । ਸਤਿਗੁਰ ਪੂਰਾ ਜਾਣੀਏ, ਜਿਹੜਾ ਬਣਾਏ ਸੱਚੀ ਬਣਤਰ । ਸਤਿਗੁਰ ਪੂਰਾ ਜਾਣੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਜੋਤ ਇਕੋ ਗੋਤ ਆਦਿ ਅੰਤ ਜੁਗਾ ਜੁਗੰਤਰ । ਸਤਿਗੁਰ ਪੂਰਾ ਜਾਣੀਏ, ਦੇਵੇ ਸਚ ਸੰਦੇਸ਼ । ਸਤਿਗੁਰ ਪੂਰਾ ਜਾਣੀਏ, ਆਵੇ ਜਾਵੇ ਵਿਚ ਮਾਤ ਪ੍ਰਗਟ ਹੋਏ ਸਦ ਹਮੇਸ਼ । ਸਤਿਗੁਰ ਪੂਰਾ ਜਾਣੀਏ, ਮਾਣ ਗਵਾਏ ਵਿਚ ਜਹਾਨ ਨਰ ਨਰੇਸ਼ । ਸਤਿਗੁਰ ਪੂਰਾ ਜਾਣੀਏ, ਇਕ ਜੋਤ ਡਗਮਗਾਏ, ਬੇਮੁਖ ਜੀਵਾਂ ਦਿਸ ਨਾ ਆਏ, ਭੁਲੇ ਫਿਰਦੇ ਕਰ ਕਰ ਵੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਪ੍ਰਗਟ ਹੋਇਆ ਮਾਝੇ ਦੇਸ । ਸਤਿਗੁਰ ਪੂਰਾ ਜਾਣੀਏ, ਨਾ ਹੋਏ ਪਖੰਡੀ । ਸਤਿਗੁਰ ਪੂਰਾ ਜਾਣੀਏ, ਇਕ ਦਿਖਾਏ ਸਾਚੀ ਡੰਡੀ । ਸਤਿਗੁਰ ਪੂਰਾ ਜਾਣੀਏ, ਸੁਖ ਸਾਚਾ ਮਾਣੀਏ ਆਤਮ ਹੋਏ ਨਾ ਫੇਰ ਰੰਡੀ । ਸਤਿਗੁਰ ਪੂਰਾ ਜਾਣੀਏ, ਸਾਚੀ ਦਾਤ ਅੱਠੇ ਪਹਿਰ ਜਾਏ ਵੰਡੀ । ਸਤਿਗੁਰ ਪੂਰਾ ਜਾਣੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੧੯੪
੦੪

ਭਗਵਾਨ, ਗੁਰਸਿਖਾਂ ਨਾ ਦੇਵੇ ਕੰਡੀ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਪ੍ਰਗਟ ਜੋਤ ਹਰਿ ਰਘੁਰਾਈ । ਗੁਰਮੁਖ ਦੁਰਮਤ ਮੈਲ ਆਪਣੇ ਦਰ ਲੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਆਏ ਚਲ ਦੁਰਮਤ ਰਹੀ ਸ਼ਰਮਾਈ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਕਲਜੁਗ ਤੇਰੀ ਦੁਰਮਤ ਕਲਜੁਗ ਜੀਆਂ ਕਰੇ ਖੁਆਰੀ । ਭੁਲੇ ਫਿਰਦੇ ਵਡ ਵਡ ਸੁਰਪਤ, ਆਤਮ ਹੋਈ ਹੰਕਾਰੀ । ਜੋਤੀ ਜੋਤ ਸਰੂਪ ਹਰਿ, ਏਕਾ ਪਾਏ ਸਰਬ ਸਾਰੀ । ਦੁਰਮਤ ਆਈ ਦਰ ਦਰਬਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮੇਰਾ ਲਾਹ ਤਨ ਬੁਖ਼ਾਰ । ਚੜ੍ਹਿਆ ਰਹੇ ਕਲਜੁਗ ਅੰਤਮ ਵਾਰ । ਬੇਮੁਖਾਂ ਦੇ ਹਿਰਦੇ ਵਸੀ, ਤਪ ਤਪ ਹੋਈ ਅੰਗਿਆਰ । ਇਕੋ ਰਾਹ ਸੱਚਾ ਦੱਸੀਂ, ਮੈਂ ਜਾਵਾਂ ਤੇਰਿਆਂ ਸਿੱਖਾਂ ਦੇ ਦਰਬਾਰ । ਜੋਤ ਸਰੂਪੀ ਕਿਰਪਾ ਕਰ ਨਿਹਕਲੰਕ ਨਰਾਇਣ ਨਰ ਅਵਤਾਰ । ਦੁਰਮਤ ਵਿਚਾਰੀ ਕੀ ਕਰੇ ਗਵਾਰੀ । ਕਲਜੁਗ ਜੀਆਂ ਕਿਸਮਤ ਮਾੜੀ । ਪ੍ਰਭ ਅਬਿਨਾਸ਼ੀ ਵਡ ਕਿਰਸਾਨਾ ਵੱਢਣ ਵਾਲਾ ਇਕੱਠੀ ਹਾੜੀ । ਕੋਈ ਨਾ ਜਾਣੇ ਪ੍ਰਭ ਕਾ ਭਾਣਾ, ਭੁਲੇ ਫਿਰਦੇ ਰਾਜਾ ਰਾਣਾ, ਕਿਸੇ ਹੱਥ ਨਾ ਆਣਾ ਭੱਜੇ ਫਿਰਨ ਪਿੱਛੇ ਅਗਾੜੀ । ਪ੍ਰਭ ਅਬਿਨਾਸ਼ੀ ਸ਼ਬਦ ਤੀਰ ਇਕ ਚਲਾਵਣਾ, ਚਾਰ ਕੁੰਟ ਫੜ ਉਠਾਵਣਾ, ਫੜ ਫੜ ਮਾਰੇ ਸ਼ਾਹ ਸੁਲਤਾਨਾਂ, ਮਗਰ ਲਾਏ ਮੌਤ ਲਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਰਮਤ ਤੈਨੂੰ ਦਏ ਵਧਾਈ । ਕਲਜੁਗ ਸੇਵਾ ਤੂੰ ਕਮਾਈ । ਬੇਮੁਖਾਂ ਨੂੰ ਆਈ ਭੁਲਾਈ । ਅੰਤਮ ਖੇਲ ਹਰਿ ਰਚਾਈ । ਸਿਰ ਤੇਰੇ ਰੱਖੇ ਹੱਥ ਦੇਵੇ ਹਰਿ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਤੇਰੀ ਔਧ ਮੁਕਾਈ । ਦੂਜੀ ਕਿਰਪਾ ਰਿਹਾ ਕਰ । ਮਨ ਮਤ ਸਦਾਏ ਆਪਣੇ ਘਰ । ਧੀਰਜ ਯਤ ਜਿਸ ਗਵਾਏ, ਬੇਮੁਖ ਫਿਰਾਏ ਦਰ ਦਰ ।
੧੯੫ ੦੪ ਕਿਸੇ ਨਾ ਦਿੱਤੀ ਸਾਚੀ ਮਤ, ਰੋਂਦੇ ਫਿਰਦੇ ਨਾਰੀ ਨਰ । ਸਾਚਾ ਸ਼ਬਦ ਨਾ ਬੀਜਿਆ ਸਾਚੀ ਵਤ, ਮਾਨਸ ਜਨਮ ਗਏ ਹਾਰੀ, ਰਸਨਾ ਚਰਖਾ ਲੈਣਾ ਕੱਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਮਿਟਾਏ, ਸ਼ਬਦ ਡੰਡਾ ਹੱਥ ਉਠਾਏ, ਮੌਤ ਲਾੜੀ ਸੰਗ ਰਲਾਏ, ਮਾਰ ਮਿਟਾਏ ਘਰ ਘਰ । ਮਨਮਤ ਹੋਈ ਕੁੜਿਆਰੀ, ਜੂਠਿਆਂ ਝੂਠਿਆਂ ਜੀਵਾਂ । ਕਲਜੁਗ ਆਤਮ ਤੁੱਟੀ ਹਾਰੀ । ਆਈ ਸਚ ਦਰਬਾਰ ਮੈਂ ਪਾਣੀ ਕਿਥੇ ਪੀਵਾਂ । ਹੋਈ ਅੰਤ ਦੁੱਖਿਆਰੀ, ਕਿਤੇ ਨਾ ਮਿਲਦੀ ਸੱਚੀ ਛਾਂ । ਚਾਰੋਂ ਕੁੰਟ ਕਲਜੁਗ ਜੀਵ ਬੈਠੇ ਹੰਕਾਰੀ, ਵਿਰਲਾ ਗੁਰਮੁਖ ਦਿਸੇ, ਉਹਦੇ ਆਇਆ ਹਰਿ ਜੀ ਹਿੱਸੇ, ਜਿਸ ਦਾ ਆਤਮ ਹੋਇਆ ਨੀਵਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਈਂ ਦਰ ਚਰਨ ਪ੍ਰੀਤੀ ਇਕੋ ਲਾਈਂ, ਬਲ ਬਲ ਤੈਨੂੰ ਥੀਵਾਂ । ਮਨਮਤ ਪਈ ਪੁਕਾਰੇ । ਆਈ ਹਰਿ ਤੇਰੇ ਦਵਾਰੇ । ਕਲਜੁਗ ਜੀਵ ਛੱਡ ਮੈਂ ਆਈ, ਚਾੜ੍ਹ ਆਈ ਤਨ ਅਫਾਰੇ । ਏਕਾ ਵਸਤ ਜੂਠੀ ਝੂਠੀ ਤਨ ਕਾਇਆ ਅੰਦਰ ਗੱਡ ਮੈਂ ਆਈ, ਨਾ ਕੋਈ ਜੜ੍ਹ ਉਖਾੜੇ । ਗੁਰਮੁਖ ਸਾਚੇ ਸੰਤ ਜਨਾਂ ਦੇ ਦਰਸ ਕਰਾਈਂ, ਮੇਰੀ ਤ੍ਰਿਖਾ ਹਰਿ ਮਿਟਾਈਂ, ਦੋਏ ਜੋੜ ਕਢਦੀ ਫਿਰਦੀ ਹਾੜੇ । ਮਨਮਤ ਆਈ ਸਚ ਘਰ ਬਾਹਰ । ਦੋਏ ਜੋੜ ਕਰੇ ਬੇਨੰਤੀ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਜੋਤ ਸਰੂਪੀ ਜੋਤ ਹਰਿ, ਇਕੋ ਦੇਵੇ ਵਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਜਾਵਾਂ ਤੇਰੇ ਸਿੱਖਾਂ ਦਰਬਾਰ । ਪ੍ਰਭ ਅਬਿਨਾਸ਼ੀ ਦੱਸੀਂ ਰਾਹ । ਮੈਂ ਉਠ ਕੇ ਜਾਵਾਂ ਕਿਹੜੇ ਥਾਂ । ਕਲਜੁਗ ਮਿਲੀ ਨਾ ਠੰਡੀ ਛਾਂ । ਔਖੀ ਹੋਈ ਧਰਤ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਇਕੋ ਇਕ ਚਰਨ ਦਿਸੇ ਸੱਚਾ ਥਾਂ । ਕਲਜੁਗ ਤੇਰਾ ਵਕਤ ਚੁਕਾਇਆ । ਸਤਿਜੁਗ

੧੯੬
੦੪

ਤੇਰਾ ਜਨਮ ਦਵਾਇਆ । ਕਲਜੁਗ ਪਾਪੀ ਬਾਹਰ ਕਢਾਇਆ । ਸਤਿਜੁਗ ਸਾਚਾ ਸਤਿ ਉਪਜਾਇਆ, ਕਲਜੁਗ ਪਾਪੀ ਹਰਿ ਦੁਰਕਾਇਆ । ਸਤਿਜੁਗ ਸਾਚਾ ਸਤਿ ਉਪਜਾਇਆ, ਧਰਤ ਮਾਤ ਤੇਰੀ ਗੋਦ ਬਿਠਾਇਆ, ਜਨ ਭਗਤਾਂ ਲਏ ਬੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਧਰਮ ਦੋਹਾਂ ਦਾ ਆਪਣੇ ਹੱਥ ਰਖਾਇਆ । ਕਲਜੁਗ ਉਠ ਕਰ ਵਿਚਾਰ । ਸਤਿਜੁਗ ਸੱਚਾ ਜਾਗਿਆ, ਵਿਚ ਮਾਤ ਪਹਿਲੀ ਵਾਰ । ਕਲਜੁਗ ਕਲੰਕੀ ਨਾਰ, ਦੁਸ਼ਟ ਦੁਰਾਚਾਰ ਨਾ ਪਾਵੇ ਸਾਰ । ਸਤਿਜੁਗ ਸਾਚਾ ਸਤਿ ਸੰਤੋਖ, ਵਿਚ ਮਾਤ ਧਰਾਇਆ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਦੋਹਾਂ ਬਣਿਆ ਲੇਖ ਲਿਖਾਰ । ਕਟੇ ਹਉਮੇ ਰੋਗ, ਦਇਆ ਕਮਾਇੰਦਾ । ਕਟੇ ਹਉਮੇ ਰੋਗ, ਅੰਮ੍ਰਿਤ ਸਾਚਾ ਜਾਮ ਪਿਆਇੰਦਾ । ਕਟੇ ਹਉਮੇ ਰੋਗ, ਸਾਚਾ ਨਾਮ ਜਪਾਇੰਦਾ । ਕਟੇ ਹਉਮੇ ਰੋਗ, ਅੰਮ੍ਰਿਤ ਧਾਰੀ ਇਕ ਚਵਾਇੰਦਾ । ਕਟੇ ਹਉਮੇ ਰੋਗ, ਸੋਹੰ ਰੱਖੇ ਤਿੱਖੀ ਧਾਰੀ ਦੁਰਮਤ ਮੈਲ ਪਾਪਾਂ ਲਾਹਿੰਦਾ । ਕਟੇ ਹਉਮੇ ਰੋਗ, ਲਿਖਿਆ ਧੁਰ ਸੰਜੋਗ, ਸੱਚਾ ਮੇਲ ਮਿਲਾਇੰਦਾ । ਕਟੇ ਹਉਮੇ ਰੋਗ, ਰਸ ਰਸਨਾ ਸੱਚਾ ਭੋਗ, ਮਾਇਆ ਮਮਤਾ ਤਨ ਜਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇੰਦਾ । ਕਟੇ ਹਉਮੇ ਰੋਗ, ਤਨ ਅਫਾਰਿਆ । ਮਿਟਾਏ ਚਿੰਤਾ ਸੋਗ, ਜਨ ਆਏ ਚਲ ਦਵਾਰਿਆ । ਕਦੇ ਨਾ ਹੋਏ ਵਿਜੋਗ, ਹਰਿ ਰੱਖੇ ਚਰਨ ਪ੍ਰੀਤੀ ਵਿਚ ਸੰਸਾਰਿਆ । ਸੋਹੰ ਸ਼ਬਦ ਚੁਗਾਏ ਸਾਚੀ ਚੋਗ, ਆਤਮ ਭਰੇ ਭੰਡਾਰਿਆ । ਸਾਚਾ ਰਸ ਰਸਨਾ ਲੈਣਾ ਭੋਗ, ਸਾਚਾ ਸ਼ਬਦ ਜਪਣਾ ਹਰਿ ਨਿਰੰਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ ਬਣੇ ਆਪ ਵਰਤਾਰਿਆ । ਕਦੇ ਨਾ ਹੋਏ ਵਿਜੋਗ ਵਿਚ ਜਹਾਨ । ਗੁਰਮੁਖ ਸਾਚੇ ਸੰਤ ਜਨ ਦਰ ਘਰ ਸਾਚੇ ਪਾਵਣ ਮਾਣ । ਇਕੋ ਮਿਲੇ ਨਾਮ ਧਨਾ, ਚੁੱਕੇ ਜਮ ਕੀ ਕਾਣ । ਸਾਚਾ ਸੁਣੇ ਰਾਗ ਕੰਨਾਂ, ਛਤੀਸ ਰਾਗ ਦਰਸ਼ਨ ਪਾਣ । ਇਕੋ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛਤੀਸ ਰਾਗ ਇਹ ਅਲਾਉਂਦੇ । ਅੱਠੇ ਪਹਿਰ ਹਰਿ ਧਿਆਉਂਦੇ । ਚਾਰ ਜੁਗਾਂ ਪਾਵੇ ਸਾਰ ਕੀਤੇ ਹਿੱਸੇ ਚਾਰ, ਇਕ ਜੁਗ ਜੁਗ ਨੂੰ ਨੌਂ ਨੌਂ ਆਉਂਦੇ । ਨੌਂ ਖੰਡ ਪ੍ਰਿਥਮੀ ਨੌਂ ਖੰਡ ਇਕ ਇੱਕ ਵਾਸ ਰਖਾਉਂਦੇ । ਵਾਸਾ ਕਰਨ ਵਿਚ ਵਰਭੰਡ, ਕਲਜੁਗ ਜੀਵ ਸਾਰ ਨਾ ਪਾਉਂਦੇ । ਜੋਤੀ ਜੋਤ ਸਰੂਪ ਹਰਿ, ਅੰਤਮ ਕਲਜੁਗ ਦੇਵੇ ਵਰ, ਗੁਰਮੁਖ ਵਿਰਲੇ ਸੰਤ ਜਨ ਆਪਣੀ ਬਣਤ ਬਣਾਉਂਦੇ । ਸੁਣੇ ਪੁਕਾਰ ਸਰਬ ਦਾਤਾਰ ਹੈ । ਪਾਏ ਸਭ ਦੀ ਸਾਰ ਹੈ । ਜੋ ਜਨ ਆਏ ਚਰਨ ਦਵਾਰ, ਬੇੜਾ ਕਰ ਜਾਏ ਪਾਰ ਹੈ । ਮੰਗਣ ਨਾਮ ਬਣ ਭਿਖਾਰ, ਦੇਵਣਹਾਰ ਦਾਤਾਰ ਹੈ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਤਾਰਨਹਾਰ ਹੈ । ਆਤਮ ਵੇਖੇ ਸਭ ਕਿਛ ਜਾਣਦਾ । ਨਾ ਕੋਈ ਰਹੇ ਭਰਮ ਭੁਲੇਖੇ, ਕਿਲਾ ਤੋੜੇ ਆਤਮ ਹੰਕਾਰਦਾ । ਆਪ ਲਿਖਾਏ ਸਾਚੇ ਲੇਖੇ, ਧੁਰਦਰਗਾਹੀ ਸੱਚਾ ਮਾਹੀ ਗੁਰਮੁਖ ਸਾਚੇ ਜਾਣਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਵਿਰਲਾ ਸੰਤ ਜਨ, ਰੰਗ ਤੇਰਾ ਮਾਣਦਾ । ਗੁਰਮੁਖ ਮਾਣੇ ਰੰਗ, ਹਰਿ ਚਲੂਲ । ਸ੍ਰਿਸ਼ਟ ਸਬਾਈ ਮਾਨਸ ਜਨਮ ਹੋਇਆ ਭੰਗ, ਅੰਤਮ ਵੇਲੇ ਗਏ ਭੂਲ । ਧਰਮ ਰਾਏ ਦਰ ਦੇਵੇ ਟੰਗ, ਏਕਾ ਮਾਰੇ ਸ਼ਬਦ ਤ੍ਰਿਸੂਲ । ਅੰਤਮ ਵੇਲੇ ਹੋਏ ਨੰਗ, ਕੋਈ ਵਸਤ ਨਾ ਦਿਸੇ ਕੋਲ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਆਪ ਉਠਾਏ, ਸੁੱਤੇ ਰਹੇ ਅਨਭੋਲ । ਸਾਚਾ ਕੰਤ ਦਇਆ ਕਮਾਏ, ਗੁਰਮੁਖ ਸਾਚੇ ਸੰਤ ਆਪਣੀ ਸਰਨ ਲਗਾਏ, ਦੇਵੇ ਨਾਮ ਅਨਮੋਲ । ਆਪ ਬਣਾਏ ਸਾਚੀ ਬਣਤ, ਦੇਵੇ ਵਡਿਆਈ ਵਿਚ ਜੀਵ ਜੰਤ, ਸਾਚਾ ਰਾਗ ਕੰਨ ਸੁਣਾਏ, ਹੋਏ ਸਹਾਈ ਅੰਤਮ

ਅੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਹੋਏ ਸਹਾਈ ਅੰਤਮ ਵਾਰਿਆ । ਗੁਰਮੁਖ ਸਾਚੇ ਸੰਤ ਜਨਾਂ, ਆਏ
ਚਲ ਦਵਾਰਿਆ । ਸਾਚਾ ਨਾਮ ਵਸਾਏ ਹਰਿ ਧਨਾ, ਜਗਾਏ ਜੋਤ ਅਪਰ ਅਪਾਰਿਆ । ਆਤਮ ਮਿਟਾਏ ਸਰਬ ਜਨਾਂ, ਦੇਵੇ ਦਾਤ ਜਗਤ ਅਪਾਰਿਆ ।
ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਅਵਤਾਰਿਆ । ਮੰਗਣ ਆਏ ਦਰ ਗੁਰਮੁਖ ਵਣਜਾਰੇ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਭਰਦਾ
ਜਾਏ ਭੰਡਾਰੇ । ਤੋਟ ਨਾ ਆਵੇ ਸਾਚੇ ਘਰ, ਕੋਟਨ ਕੋਟ ਮੰਗਦੇ ਰਹਿਣ ਦਵਾਰੇ । ਆਪ ਖੁਲ੍ਹਾਏ ਆਪਣਾ ਦਰ, ਨਾ ਕਰੇ ਬੰਦ ਕਵਾੜੇ । ਇਕ
ਖੁਲ੍ਹਾਏ ਸਾਚਾ ਸਰ, ਗੁਰਮੁਖ ਸਾਚੇ ਸੰਤ ਜਨ ਫੜ ਫੜ ਬਾਹੋਂ ਅੰਦਰ ਵਾੜੇ । ਚਰਨ ਲਾਗ ਕਲ ਜਾਇਣ ਤਰ, ਗੁਰਮੁਖ ਸਾਚੇ ਸੰਤ ਜਨ, ਦੋਏ
ਜੋੜ ਕਰਨ ਬੇਨੰਤੀ ਪ੍ਰਭ ਅਬਿਨਾਸ਼ੀ ਕਿਰਪਾ ਕਰ ਨਾ ਵੇਖੀਂ ਚੰਗੇ ਮਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹਣਾ ਸਿਹਰਾ ਸੀਸ ਗੁੰਦਾਇਆ,
ਕਲਜੁਗ ਅੰਤਮ ਆਪ ਬਣਾਏ ਗੁਰਮੁਖ ਸਾਚੇ ਲਾੜੇ । ਸਿਹਰਾ ਬੰਨ੍ਹੇ ਸੀਸ ਹਰਿ ਨਿਰੰਕਾਰਿਆ । ਕਿਰਪਾ ਕਰੇ ਆਪ ਜਗਦੀਸ਼, ਗੁਰਮੁਖ ਸੰਤ
ਪਿਆਰਿਆ । ਤੇਰੀ ਕੋਈ ਨਾ ਕਰੇ ਰੀਸ, ਸੁਹਾਉਂਦਾ ਰਹੇ ਚਰਨ ਦਵਾਰਿਆ । ਕਲਜੁਗ ਵੇਲਾ ਅੰਤਮ ਆਇਆ ਮਿਟ ਜਾਣੇ ਰਾਗ ਛਤੀਸ, ਏਕਾ
ਨਾਉਂ ਸਭਨੀਂ ਥਾਈਂ, ਚਾਰ ਕੁੰਟ ਵਜਣਾ ਡੰਕ, ਸਾਰੇ ਸੁਣਨ ਰਾਓ ਰੰਕ, ਨਿਹਕਲੰਕ ਨਰਾਇਣ ਨਰ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਜੋਤ ਸਰੂਪੀ ਜਾਮਾ ਧਾਰਿਆ । ਏਕਾ ਨਾਉਂ ਡੰਕ ਵਜਾਵਣਾ । ਰਾਜਾ ਰਾਣਾ ਸੋਇਆ ਆਪ ਜਗਾਵਣਾ । ਕਰੇ ਕਰਾਏ ਆਪਣਾ ਭਾਣਾ,
੧੯੭ ਨਾ ਕੋਈ ਜਾਣੇ ਸ਼ਾਹ ਸੁਲਤਾਨਾ, ਏਕਾ ਰਾਹ ਫੜ ਫੜ ਸਭ ਨੂੰ ਪਾਵਨਾ । ਤੋੜੀ ਜਾਏ ਸਭ ਦਾ ਮਾਣਾ, ਜੋਤ ਸਰੂਪੀ ਪਹਿਰੇ ਬਾਣਾ, ਰਸਨਾ ੧੯੭
੦੪ ਤੀਰ ਇਕ ਚਲਾਵਣਾ । ਆਪ ਹਿਲਾਏ ਗੋਰਖ ਤੇ ਮਛੰਦਰ, ਤੇਰਾ ਉਚਾ ਟਿੱਲਾ ਇੱਕੇ ਸ਼ਬਦ ਨਾਲ ਹਿਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ੦੪
ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਵਡਿਆਏ ਵਿਚ ਬਹਾਏ ਸ਼ਬਦ ਬਬਾਣਾ । ਉਚੇ ਟਿੱਲੇ ਆਪ ਹਿਲਾਏ । ਜੂਠੇ ਝੂਠੇ ਅੱਖੋਂ ਬਿੱਲੇ,
ਦੂਜੀ ਕੂਟੇ ਮਾਰ ਮੁਕਾਏ । ਨਾ ਕੋਈ ਵੇਖੇ ਕੱਚੇ ਪਿੱਲੇ, ਇਕੇ ਵਾਰੀ ਸਾਰੇ ਢਾਹੇ । ਨਾ ਕੋਈ ਕਰੇ ਹਰਿ ਜੀ ਛਿੱਲੇ, ਆਪਣਾ ਭਾਣਾ ਇਕ ਕਰਾਏ ।
ਸ੍ਰਿਸ਼ਟ ਸਬਾਈ ਸਾਰੀ ਹਿੱਲੇ, ਰਸਨਾ ਤੀਰ ਚੜ੍ਹਾਇਆ ਚਿੱਲੇ, ਆਪ ਕਰਾਏ ਅੰਤ ਖੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ
ਦਾਨ, ਗੁਰਮੁਖ ਸਾਚੇ ਸੰਤ ਜਨ, ਜੋ ਆਏ ਚਲ ਸਰਨਾਏ । ਛੁਟੇ ਤੀਰ ਰਸਨ ਕਮਾਨਾ । ਹੋਏ ਜਗਤ ਵਹੀਰ ਨਾ ਕੋਈ ਧੀਰ ਧਰਾਨਾ । ਕਿਸੇ
ਹੱਥ ਨਾ ਆਉਣਾ ਨੀਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸਾਚਾ ਦਾਨ, ਸੋਹੰ ਸ਼ਬਦ ਇਕ
ਨਿਧਾਨਾ । ਗੁਰ ਸੰਗਤ ਤੇਰਾ ਇਕ ਜੈਕਾਰਾ । ਤਿੰਨਾਂ ਲੋਕਾਂ ਵਸੇ ਬਾਹਰਾ । ਹਰਿ ਜੀ ਸਾਚਾ ਸੁਣੇ ਪੁਕਾਰਾ । ਪਾਉਂਦਾ ਰਹੇ ਆਤਮ ਸਾਰਾ ।
ਵਜਾਉਂਦਾ ਰਹੇ ਸ਼ਬਦ ਨਗਾਰਾ । ਢਾਉਂਦਾ ਰਹੇ ਝੂਠਾ ਮਹਿਲ ਮੁਨਾਰਾ । ਇੱਕਾ ਪਾਉਂਦਾ ਰਹੇ, ਜੋਤ ਜਗਤ ਜਗਾਉਂਦਾ ਰਹੇ, ਅੰਤਮ ਅੰਤ ਆਉਂਦਾ
ਰਹੇ ਨਿਹਕਲੰਕ ਨਰਾਇਣ ਨਰ ਅਵਤਾਰਾ । ਇਕੋ ਇਕ ਕਰਾਉਂਦਾ ਰਹੇ । ਦੂਈ ਦਵੈਤੀ ਮਿਟਾਉਂਦਾ ਰਹੇ । ਸ਼ਰਅ ਸ਼ਰਾਇਤ ਚਲਾਉਂਦਾ ਰਹੇ ।
ਇਕ ਹਦਾਇਤ ਸੁਣਾਉਂਦਾ ਰਹੇ । ਜ਼ਾਤ ਪਾਤ ਮਿਟਾਉਂਦਾ ਰਹੇ । ਸੋਹੰ ਦਾਤ ਝੋਲੀ ਪਾਉਂਦਾ ਰਹੇ । ਗੁਰਮੁਖ ਸਾਚੇ ਸੰਤ ਜਨਾਂ ਸਾਚਾ ਮੇਲ ਮਿਲਾਉਂਦਾ
ਰਹੇ । ਆਪ ਬਣਾਏ ਸ਼ਬਦ ਡੋਲੀ, ਗੁਰਮੁਖ ਸਾਚੇ ਵਿਚ ਚੜ੍ਹਾਉਂਦਾ ਰਹੇ । ਪੂਰੇ ਤੋਲ ਜਾਏ ਤੋਲੀ, ਸੋਹੰ ਕੰਡਾ ਹੱਥ ਉਠਾਉਂਦਾ ਜਾਏ । ਚਰਨ

ਪ੍ਰੀਤੀ ਘੋਲ ਘੋਲੀ, ਪੂਰਾ ਮੁੱਲ ਪਵਾਉਂਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਗੁਰਮੁਖਾਂ ਸਦਾ ਵਸਾਉਂਦਾ ਰਹੇ । ਸੁਣ ਪੁਕਾਰ ਸਿਰਜਣਹਾਰਾ ਗੁਰਸਿਖ ਪੁਕਾਰੇ, ਵਿਚ ਮਾਤ ਕਲ ਅੰਧਿਆਰਾ । ਉਤੋਂ ਮਾਰੇ ਥੱਲੇ ਝਾਤ, ਗੁਰਸਿਖ ਹੋਇਆ ਕਲ ਦੁਖਿਆਰਾ । ਹੋਏ ਅੰਧੇਰੀ ਰਾਤ, ਸਾਧਾਂ ਸੰਤਾਂ ਨਾ ਪਾਵੇ ਕੋਈ ਸਾਰਾ । ਪ੍ਰਗਟ ਹੋਇਆ ਸਾਚਾ ਕੰਤ, ਨਿਹਕਲੰਕ ਨਰ ਅਵਤਾਰਾ । ਜਨ ਭਗਤਾਂ ਬਣਾਏ ਸਾਚੀ ਬਣਤ, ਦੇਵੇ ਨਾਮ ਸ਼ਬਦ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਜਾਮ ਪਿਆਏ, ਗੁਰਮੁਖਾਂ ਕਰੇ ਠੰਡਾ ਠਾਰਾ । ਠੰਡਾ ਠਾਰ ਆਤਮ ਸ਼ਾਂਤੀ । ਇਕ ਪਿਆਏ ਬੂੰਦ ਸਵਾਂਤੀ । ਖੋਲ੍ਹ ਵਖਾਏ ਆਤਮ ਤਾਕੀ । ਵਿਚ ਬੈਠਾ ਮਾਰੇ ਝਾਤੀ । ਵੇਖ ਵਖਾਵੇ ਜੋ ਰਹਿ ਗਿਆ ਬਾਕੀ । ਕੋਈ ਨਾ ਰਹਿਣਾ ਅੱਗੇ ਆਕੀ । ਸ੍ਰਿਸ਼ਟ ਸਬਾਈ ਤੇਰੀ ਸੇਜਾ, ਹਰਿ ਆਪ ਬਣਾਈ ਧਰਤ ਮਾਤ ਖ਼ਾਕੀ । ਗੁਰਮੁਖ ਸਾਚੇ ਸੰਤ ਜਨਾਂ, ਸੋਹੰ ਸ਼ਬਦ ਤਨ ਪਹਿਨਾਏ ਚਿੱਟੀ ਇਕ ਪੋਸ਼ਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਪਿਲਾਏ, ਹਉਮੇ ਵਿਚੋਂ ਪੀੜ ਕਢਾਏ, ਏਕਾ ਸਾਚੀ ਧੀਰ ਧਰਾਏ, ਬਣਿਆ ਸਾਚਾ ਸਾਕੀ । ਸੱਚਾ ਸਾਕੀ ਤਨ ਪਿਆਲਾ । ਦੇਵੇ ਜਾਮ ਹਰਿ ਗੋਪਾਲਾ । ਪੂਰ ਕਰਾਏ ਕਾਮ, ਗੁਰ ਦਰ ਜਨ ਭਗਤਾਂ ਤੋੜੇ ਕਲਜੁਗ ਜੰਜ਼ਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਆਪ ਕਰਾਏ, ਗੁਰਮੁਖਾਂ ਦੇ ਮੁਖ ਚੁਆਏ, ਆਤਮ ਸਹਿੰਸਾ ਆਪ ਗਵਾਏ, ਇਕੋ ਸੁਖ ਹਰਿ ਉਪਜਾਏ, ਸਾਚਾ ਨਾਮ ਧਨ ਝੋਲੀ ਪਾਏ, ਕਰੇ ਸਰਬ ਮਾਲ ਮਾਲਾ । ਦੇਵੇ ਦਾਨ ਦੀਨਾਂ ਨਾਥ । ਹੋਏ ਸਹਾਈ ਸਗਲਾ ਸਾਥ । ਹਰਿ ਰਘੁਰਾਈ ਤ੍ਰੈਲੋਕੀ ਨਾਥ । ਜੋਤ ਜਗਾਈ ਚਲਾਏ ਸਾਚੀ ਗਾਥ । ਗੁਰਮੁਖ ਚੜ੍ਹਾਏ ਸਾਚੇ ਰਾਥ । ਸਾਚੇ ਲੇਖ ਲਿਖਾਏ ਮਾਥ । ਪ੍ਰਭ ਅਬਿਨਾਸ਼ੀ ਸਿਰ ਰੱਖੇ ਹਾਥ । ਸਗਲ ਵਸੂਰੇ ਜਾਇਣ ਲਾਥ । ਹਾਜ਼ਰ ਹਜ਼ੂਰ ਅਕਥਨਾ ਅਕਾਥ । ਨਾ ਵਸੇ ਦੂਰ ਗੁਰਸਿਖਾਂ ਸਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪ੍ਰਗਟਾਈ, ਜਿਉਂ ਰਾਮਾ ਘਰ ਦਸਰਾਥ । ਬੰਨ੍ਹੇ ਬੇੜਾ ਹੋਏ ਸਹਾਰਾ । ਦਏ ਖੇੜਾ ਤਨ ਅਪਾਰਾ । ਮੁੱਕੇ ਝੇੜਾ ਅੰਮ੍ਰਿਤ ਧਾਰਾ । ਖੁਲ੍ਹਾ ਵਿਹੜਾ ਹਰਿ ਦਵਾਰਾ । ਬੰਨ੍ਹੇ ਬੇੜਾ ਅੰਤਮ ਵਾਰਾ । ਨਿਹਕਲੰਕ ਨਰ ਅਵਤਾਰਾ । ਰਾਓ ਰੰਕਾਂ ਇਕ ਭੰਡਾਰਾ । ਸੁਹਾਏ ਦਵਾਰ ਬੰਕ ਆਏ ਦਵਾਰਾ । ਰਾਓ ਰੰਕ ਇਕ ਦਾਤਾਰਾ । ਏਕਾ ਅੰਕ ਹਰਿ ਸ਼ਬਦ ਅਪਾਰਾ । ਵੱਜੇ ਡੰਕ ਸੁਣੇ ਸੰਸਾਰਾ । ਨਿਹਕਲੰਕ ਨਰਾਇਣ ਨਰ ਅਵਤਾਰਾ । ਸ਼ਬਦ ਡੰਕ ਹਰਿ ਆਪ ਵਜਾਏ । ਮਨ ਕਾ ਮਣਕਾ ਆਪ ਫਿਰਾਏ । ਸ਼ਬਦ ਸਰੂਪੀ ਤਨਕ ਲਗਾਏ । ਦਾਣਾ ਕਨਕ ਜੋਤ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਏਕਾ ਥਾਂ ਬਹਾਏ । ਏਕਾ ਧਾਮ ਰਾਜਾ ਰਾਜਾਨ । ਏਕਾ ਧਾਮ ਸ਼ਾਹ ਸੁਲਤਾਨ । ਏਕਾ ਧਾਮ ਬਿਰਧ ਬਾਲ ਜਵਾਨ । ਏਕਾ ਧਾਮ ਹਰਿ ਭਗਵਾਨ । ਏਕਾ ਧਾਮ ਸਚ ਨਿਸ਼ਾਨ । ਏਕਾ ਧਾਮ ਕੱਚ ਜਹਾਨ । ਜੋਤ ਸਰੂਪੀ ਹਰਿ ਭਗਵਾਨ । ਗੁਰਮੁਖ ਸਾਚੇ ਸੰਤ ਪਿਆਰੇ । ਮਿਲਿਆ ਮੇਲ ਹਰਿ ਕੰਤ ਭਤਾਰੇ । ਸੱਜਣ ਸੁਹੇਲਾ ਵਿਚ ਸੰਸਾਰੇ । ਗੁਰ ਸੰਗਤ ਮੇਲਾ ਹਰਿ ਨਿਰੰਕਾਰੇ । ਗੁਰ ਚੇਲਾ ਇਕ ਦਵਾਰੇ । ਨਿਹਕਲੰਕ ਕਲ ਜਾਮਾ ਧਾਰੇ । ਪੂਰੀ ਕਰਦੇ ਆਸ, ਹਰਿ ਬਨਵਾਰਿਆ । ਸਾਚੀ ਜੋਤ ਕਰ ਪ੍ਰਕਾਸ਼, ਮੇਟ ਅੰਧਿਆਰਿਆ । ਹਰਿ ਹਿਰਦੇ ਰੱਖ ਵਾਸ, ਦੀਪਕ ਜੋਤੀ ਕਰ ਉਜਿਆਰਿਆ । ਹਉਮੇ ਦੁੱਖੜਾ ਹੋਵੇ ਨਾਸ, ਏਕਾ ਬਖ਼ਸ਼ੀਂ ਚਰਨ ਪਿਆਰਿਆ । ਸ਼ਬਦ ਜਪੀਏ ਸਵਾਸ ਸਵਾਸ, ਦੁੱਖਾਂ ਰੋਗਾਂ ਕਰੀਏ ਕਾਰਿਆ । ਮਾਨਸ ਜਨਮ ਹੋਵੇ ਰਾਸ ।

ਮਾਤ ਗਰਭ ਨਾ ਆਈਏ ਦੂਜੀ ਵਾਰਿਆ । ਅੰਤਮ ਕਰ ਬੰਦ ਖੁਲਾਸ, ਸੁਣ ਪੁਕਾਰ ਹਰਿ ਨਿਰੰਕਾਰਿਆ । ਜਨ ਹੋਏ ਤੇਰਾ ਦਾਸ, ਦੋਏ ਜੋੜ ਚਰਨ ਸਰਨ ਕਰਨ ਨਿਮਸਕਾਰਿਆ । ਦੋਏ ਜੋੜ ਚਰਨ ਨਿਮਸਕਾਰਦੇ । ਗੁਰਮੁਖ ਸਾਚੇ ਸੰਤ ਜਨ ਹਰਿ ਤੈਨੂੰ ਸਦਾ ਪੁਕਾਰਦੇ । ਏਕਾ ਬਸਾਈਂ ਨਾਮ ਧਨ, ਦੂਜਾ ਦਰਸ ਅਪਾਰ ਦੇ । ਤੀਜੇ ਕਹਿਣਾ ਜਾਈਂ ਮਨ, ਚੌਥੇ ਘਰ ਵਿਚ ਵਾੜ ਦੇ । ਪੰਚਮ ਮਿਲ ਨਿਕਲੇ ਜੰਨ, ਸਵਛ ਸਰੂਪੀ ਦਰਸ਼ਨ ਹਰਿ ਨਿਰੰਕਾਰ ਦੇ । ਛੇਵੇਂ ਵਸੇ ਸਾਚੇ ਘਰ, ਨਾ ਕੋਈ ਛੱਪਰੀ ਨਾ ਕੋਈ ਛੰਨ, ਸੱਚਾ ਮਹੱਲ ਉਸਾਰ ਦੇ । ਸੱਤੇ ਸਤਿ ਸਤਿ ਆਤਮ ਯਤ ਯਤ, ਸੋਹੰ ਸੱਚਾ ਪਤ, ਵਿਚ ਤਨ ਕਾਇਆ ਵਾੜ ਦੇ । ਅੱਠਵੇਂ ਅਠਸਠ ਤੀਰਥ ਭੌਂ ਭੌਂ ਥੱਕੇ, ਦੁਰਮਤ ਮੈਲ ਉਤਾਰ ਦੇ । ਨਾਵੇਂ ਨੌਂ ਦਰ ਬਹਿ ਬਹਿ ਸਾਰੇ ਅੱਕੇ, ਚਾਰੋਂ ਤਰਫ ਪੈਂਦੇ ਧੱਕੇ, ਨਾ ਸਾਨੂੰ ਦੁਰਕਾਰ ਦੇ । ਦਸਵੇਂ ਦਹਿ ਦਿਸ਼ ਉਠ ਉਠ ਧਾਏ, ਚਾਰੇ ਕੁੰਟਾਂ ਮੁਖ ਭਵਾਏ, ਹਰਿ ਜੀ ਸਾਚਾ ਕਿਸੇ ਦਿਸ ਨਾ ਆਏ, ਗੁਰਮੁਖ ਸਾਚੇ ਸੰਤ ਜਨ ਦੋਏ ਜੋੜ ਦਰ ਸੱਚੇ ਆਏ ਪੁਕਾਰਦੇ । ਅੰਮ੍ਰਿਤ ਬੂੰਦ ਪਿਆਉਂਦਾ ਜਾ । ਹਉਮੇ ਵਿਚੋਂ ਕੱਢ ਪੀੜ, ਅੰਮ੍ਰਿਤ ਬੂੰਦ ਸਵਾਂਤੀ ਪਿਆਉਂਦਾ ਜਾ । ਜੋਤੀ ਜੋਤ ਸਰੂਪ ਹਰਿ, ਦੁੱਖਾਂ ਰੋਗਾਂ ਚਿੰਤਾ ਸੋਗਾਂ, ਬਾਹਰ ਕਢਾਉਂਦਾ ਜਾ । ਆਤਮ ਦੁੱਖ ਮਿਟਾਈ ਜਾ । ਸਾਚਾ ਸੁਖ ਉਪਜਾਈ ਜਾ । ਸੁੱਕੇ ਹੋਏ ਕਲ ਕਾਇਆ ਰੁੱਖ ਅੰਮ੍ਰਿਤ ਉਤੇ ਪਾ ਹਰੇ ਕਰਾਈ ਜਾ । ਕਲਜੁਗ ਜੀਵ ਹੋਏ ਬੇਮੁਖ, ਗੁਰਮੁਖ ਸਾਚੇ ਰਾਹੇ ਪਾਈ ਜਾ । ਆਪ ਮਿਟਾ ਤ੍ਰਿਸ਼ਨਾ ਭੁੱਖ, ਸਾਚਾ ਜਾਮ ਪਿਲਾਈ ਜਾ । ਗੁਰਮੁਖ ਸਾਚੇ ਸੰਤ ਜਨ ਸਦ ਸੁੱਖਣਾ ਰਹੇ ਸੁੱਖ, ਪ੍ਰਗਟ ਹੋ ਜੋਤ ਸਰੂਪੀ ਆਪਣਾ ਦਰਸ ਦਿਖਾਈ ਜਾ । ਅੰਮ੍ਰਿਤ ਮੁਖ ਹਰਿ ਚੁਆਇਆ । ਕਲਜੁਗ ਲੱਗਾ ਹਉਮੇ ਦੁੱਖ, ਆਪਣੀ ਹੱਥੀਂ ਆਪ ਗਵਾਇਆ । ਬਹੱਤਰ ਨਾੜੀ ਹੋਏ ਸੁਖ, ਜਿਸ ਜਨ ਰਸਨਾ ਗਾਇਆ । ਉਜਲ ਹੋਏ ਮਾਤ ਕੁੱਖ, ਮਾਤ ਸੁਲੱਖਣੀ ਭਾਗ ਲਗਾਇਆ । ਧੰਨ ਧੰਨ ਜਣੇਂਦੀ ਗੁਰਸਿਖ ਤੇਰੀ ਮਾਇਆ । ਆਤਮ ਮਿਲਿਆ ਇਕੋ ਸੁਖ, ਜਗਤ ਜੰਜ਼ਾਲਾ ਮਿਟਿਆ ਦੁੱਖ, ਨਿਹਕਲੰਕ ਤੇਰਾ ਦਰਸ਼ਨ ਪਾਇਆ । ਅੰਮ੍ਰਿਤ ਪਿਆਏ ਸਾਚਾ ਸੀਰ । ਕਲਜੁਗ ਅੰਤਮ ਕਿਤੋਂ ਹੱਥ ਨਾ ਆਏ, ਫਿਰ ਫਿਰ ਥੱਕੇ ਅਠਸਠ ਨੀਰ । ਗੰਗਾ ਗੁਦਾਵਰੀ ਕੋਈ ਨਾ ਦੇਵੇ ਧੀਰ । ਅੰਤਮ ਕਲਜੁਗ ਲੱਥੇ ਚੀਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਸਾਚਾ ਜਾਮ ਪਿਆਏ, ਬਜ਼ਰ ਕਪਾਟੀ ਰਿਹਾ ਚੀਰ । ਅੰਮ੍ਰਿਤ ਪੀਆ ਹਰਿ ਦਵਾਰੇ । ਨਿਰਮਲ ਹੋਇਆ ਜੀਆ, ਲੱਥੇ ਤਨ ਅਫਾਰੇ । ਸਾਚਾ ਬੀਜ ਹਰਿ ਜੀ ਬੀਆ, ਕਾਇਆ ਬਣਾਏ ਸੱਚਾ ਇਕ ਕਿਆਰੇ । ਸੋਹੰ ਛੱਟਾ ਸੱਚਾ ਦੀਆ, ਉਤੇ ਚਲੇ ਅੰਮ੍ਰਿਤ ਇਕ ਫੁਹਾਰੇ । ਬੇਮੁਖਾਂ ਆਤਮ ਰੱਖੀ ਫੱਟਾ, ਅੰਤਮ ਸਿਰ ਵਿਚ ਪੈਣਾ ਘੱਟਾ, ਨਾ ਕੋਈ ਪਾਵੇ ਸਾਰੇ । ਪ੍ਰਭ ਕਿਸੇ ਨਾ ਮਿਲੇ ਤੀਰਥ ਤੱਟਾ, ਝੂਠੀ ਹੋਈ ਕਾਇਆ ਮੱਟਾ, ਜੋਤ ਨਾ ਜਗੀ ਲਟ ਲਟਾ, ਹੋਇਆ ਅੰਧ ਅੰਧਿਆਰੇ । ਗੁਰਮੁਖਾਂ ਲਾਹਾ ਸਾਚਾ ਖੱਟਾ, ਸਾਚਾ ਸ਼ਬਦ ਰਸ ਰਸਨਾ ਚੱਟਾ, ਦੇਵੇ ਰਸ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ । ਅੰਮ੍ਰਿਤ ਮੁਖ ਚੁਆਏ ਦਇਆ ਕਮਾਏ, ਦੁੱਖ ਗਵਾਏ ਦਇਆ ਕਮਾਇੰਦਾ । ਸਾਚਾ ਸੁਖ ਉਪਜਾਏ ਹਰਿ ਰਘੁਰਾਏ, ਗੁਰ ਸੰਗਤ ਸੇਵ ਕਮਾਇੰਦਾ । ਛੱਡ ਸਿੰਘਾਸਣ ਹਰਿ ਜੀ ਆਏ, ਤ੍ਰੈਲੋਕੀ ਨਾਥ ਆਪ ਅਖਵਾਏ, ਸਗਲਾ ਸਾਥ ਗੁਰ ਸੰਗਤ ਤੇਰਾ ਤੋੜ ਨਿਭਾਏ, ਨਾ ਕੋਈ ਛੁਡਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦੇਵੇ ਜੀਆ ਦਾਨ, ਵਿਚ ਜਹਾਨ ਹਰਿ ਮਿਹਰਬਾਨ, ਕਰ ਕਿਰਪਾ ਪਾਰ ਲੰਘਾਇੰਦਾ ।

ਅੰਮ੍ਰਿਤ ਬੂੰਦ ਗੁਰ ਦਰ ਪੀ । ਸਦਾ ਸਦਾ ਗੁਰਮੁਖ ਸਾਚੇ ਸੰਤ ਜਨ, ਵਿਚ ਮਾਤ ਦੇ ਜੀ । ਨਿਹਕਲੰਕ ਕਲ ਜਾਮਾ ਪਾਇਆ, ਸਾਚਾ ਕਰਮ ਆਪ ਕਮਾਇਆ, ਸਤਿਜੁਗ ਤੇਰੀ ਬੰਨ੍ਹਦਾ ਜਾਏ ਸਾਚੀ ਨੀਂਹ । ਇਕ ਭੰਡਾਰਾ ਆਪਣੇ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਮੰਗਣ ਆਏ ਚਲ ਦਵਾਰਾ, ਸੋਹੰ ਬਣੇ ਸਚ ਵਰਤਾਰਾ, ਅਚਰਜ ਖੇਲ ਹਰਿ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜੋਤ ਸਰੂਪੀ ਜਾਮਾ ਪਾਇੰਦਾ । ਅੰਮ੍ਰਿਤ ਤੇਰੀ ਚਲੇ ਧਾਰ । ਵਿਚ ਸੰਸਾਰ ਕਲਜੁਗ ਅੰਤਮ ਵਾਰ । ਗੁਰਸਿਖਾਂ ਕਰੇ ਠੰਡਾ ਠਾਰ । ਬੇਮੁਖਾਂ ਆਤਮ ਤਨ ਦੇਵੇ ਇਕ ਅਫਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਅੰਮ੍ਰਿਤ ਤੇਰੀ ਅਮਰ ਕਹਾਣੀ । ਇਕ ਪਛਾਣੇ ਭਿੰਨੜੀ ਰੈਣ ਸਚ ਸਵਾਣੀ । ਬੇਮੁਖ ਕਲਜੁਗ ਜੀਵ ਗੂੜ੍ਹੀ ਨੀਂਦ ਸੁੱਤੇ, ਨਾ ਮਿਲੇ ਅੰਤਮ ਕਿਸੇ ਪਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਚੁਕਾਏ ਜਮ ਕੀ ਕਾਣੀ । ਉਠ ਜੀਵ ਜਾਗ ਕਲਜੁਗ ਅੰਧਿਆਰਿਆ । ਉਠ ਜੀਵ ਜਾਗ, ਕਰ ਦਰਸ ਨਿਰੰਕਾਰਿਆ । ਉਠ ਜੀਵ ਜਾਗ, ਪ੍ਰਭ ਚਰਨੀ ਲਾਗ, ਆਤਮ ਛੱਡ ਹੰਕਾਰਿਆ । ਉਠ ਜੀਵ ਜਾਗ, ਆਤਮ ਧੋ ਦਾਗ, ਪ੍ਰਭ ਅਬਿਨਾਸ਼ੀ ਆਪਣੀ ਹੱਥੀਂ ਆਪੇ ਲਾਹ ਰਿਹਾ । ਉਠ ਜੀਵ ਜਾਗ ਸੁਣ ਸਾਚਾ ਰਾਗ, ਹਉਮੇ ਰੋਗ ਗਵਾ ਰਿਹਾ । ਉਠ ਜੀਵ ਜਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸਾਚਾ ਡੰਕ ਵਜਾ ਰਿਹਾ । ਉਠ ਜੀਵ ਜਾਗ ਅੰਤ ਅਖੀਰ । ਉਠ ਜੀਵ ਜਾਗ ਅੰਤਮ ਕਿਸੇ ਨਾ ਦੇਣੀ ਧੀਰ । ਉਠ ਜੀਵ ਜਾਗ, ਵੱਜਣ ਵਾਲਾ ਕਲਜੁਗ ਤੀਰ । ਉਠ ਜੀਵ ਜਾਗ, ਚਾਰੋਂ ਕੁੰਟ ਕਿਸੇ ਹੱਥ ਨਾ ਆਉਣਾ ਨੀਰ । ਉਠ ਜੀਵ ਜਾਗ, ਨਾ ਕੋਈ ਸਹਾਈ ਪੀਰ ਫ਼ਕੀਰ । ਉਠ ਜੀਵ ਜਾਗ, ਪ੍ਰਭ ਸਾਚੇ ਦੀ ਚਰਨੀ ਲਾਗ, ਕੱਢੇ ਹਉਮੇ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਾਚੀ ਧੀਰ । ਉਠ ਜੀਵ ਜਾਗ, ਅਨਭੋਲ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਇਕ ਸੁਣਾਏ ਸੱਚਾ ਬੋਲ । ਉਠ ਜੀਵ ਜਾਗ, ਸਾਚੇ ਤੋਲ ਰਿਹਾ ਹਰਿ ਤੋਲ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਵਸੇ ਤੇਰੇ ਆਤਮ ਕੋਲ । ਉਠ ਜੀਵ ਜਾਗ, ਪ੍ਰਭ ਦੂਈ ਦਵੈਤੀ ਪਰਦੇ ਦੇਵੇ ਖੋਲ੍ਹ । ਉਠ ਜੀਵ ਜਾਗ, ਸਾਚਾ ਨਾਂ ਵਜਾਏ ਇਕੋ ਢੋਲ । ਉਠ ਜੀਵ ਜਾਗ, ਮਾਨਸ ਜਨਮ ਹੱਥ ਨਾ ਆਉਣਾ, ਲੱਖ ਚੁਰਾਸੀ ਵਿਚੋਂ ਅਨਮੋਲ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਘੋਲੀ ਘੋਲ । ਉਠ ਜੀਵ ਜਾਗ, ਜਗਤ ਹੰਕਾਰਿਆ । ਉਠ ਜੀਵ ਜਾਗ, ਨਿਹਕਲੰਕ ਕਲ ਜਾਮਾ ਧਾਰਿਆ । ਉਠ ਜੀਵ ਜਾਗ, ਸ਼ਬਦ ਵੱਜਣ ਵਾਲਾ ਇਕ ਕਟਾਰਿਆ । ਉਠ ਜੀਵ ਜਾਗ, ਸ੍ਰਿਸ਼ਟ ਸਬਾਈ ਹੋਈ ਅੰਧਿਆਰਿਆ । ਉਠ ਜੀਵ ਜਾਗ, ਸੋਹੰ ਡੰਡਾ ਕਲਜੁਗ ਤੇਰੇ ਸੀਸ ਧਰਾ ਰਿਹਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਚੀਰ ਦੋ ਫਾੜ ਕਰਾ ਰਿਹਾ । ਸ੍ਰਿਸ਼ਟ ਸਬਾਈ ਹੋਏ ਦੋ ਧੜ । ਇਕ ਦੂਜੇ ਨਾਲ ਮਰਨ ਲੜ ਲੜ । ਪ੍ਰਭ ਅਬਿਨਾਸ਼ੀ ਆਪੇ ਵੇਖੇ, ਦੂਰ ਦੁਰਾਡਾ ਖੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਤੀਰ ਚਲਾਏ, ਦਿਸ ਨਾ ਕੋਈ ਆਏ ਕਿਲ੍ਹਾ ਗੜ੍ਹ । ਤੋੜੇ ਕਿਲ੍ਹਾ ਗੜ੍ਹ ਮਹੱਲ ਅਟਾਰੀਆ । ਜੋਤ ਸਰੂਪ ਹਰਿ ਜੀ ਖੜ, ਕਰੇ ਖੇਲ ਅਪਰ ਅਪਾਰਿਆ । ਸ਼ਬਦ ਘੋੜੇ ਜਾਏ ਚੜ੍ਹ, ਚਾਰੋਂ ਕੁੰਟ ਫੇਰ ਫਿਰਾਇਆ । ਕੋਈ ਨਾ ਸਕੇ ਅੱਗੇ ਅੜ, ਸ਼ਬਦ ਤੀਰ ਇਕ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ

ਜੀਵ ਬੇਮੁਖਾਂ, ਫੜ ਫੜ ਕਲਜੁਗ ਭੱਠੀ ਵਿਚ ਪਾ ਰਿਹਾ । ਕਲਜੁਗ ਭੱਠੀ ਗਈ ਤਪ । ਪ੍ਰਗਟ ਹੋਇਆ ਜਗਤ ਅਪ । ਲੜਨ ਵਾਲਾ ਬੇਮੁਖਾਂ ਸੱਪ । ਸਾਚਾ ਛੱਡਿਆ ਜਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਣਾਏ ਆਪਣਾ ਅਪ । ਬੇਮੁਖਾਂ ਜੀਆਂ ਹੋਏ ਜੁਦਾਈ । ਕਲਜੁਗ ਤੇਰਾ ਅੰਤਮ ਵੇਲਾ, ਹਰਿ ਸਾਚਾ ਦਏ ਦਿਖਾਈ । ਗੁਰਮੁਖਾਂ ਬਣੇ ਸੱਜਣ ਸੁਹੇਲਾ, ਸਾਚਾ ਮੇਲ ਮਿਲਾਈ । ਸ਼ਬਦ ਸੁਹਾਗੀ ਗੀਤ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆਂ ਦੇਵੇ ਸੱਚੀ ਵਡਿਆਈ । ਆਏ ਦਰ ਦਰ ਪ੍ਰਵਾਨ, ਕਿਰਪਾ ਕਰੇ ਹਰਿ ਭਗਵਾਨ । ਆਪੇ ਤਾਰੇ ਬਿਰਧ ਬਾਲ ਜਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਏ ਸ਼ਬਦ ਆਨ । ਆਏ ਤਾਰੇ ਜੋ ਜਨ ਘਰ ਸਾਚੇ ਨਰ ਨਾਰੀ । ਸਾਚੇ ਲੇਖੇ ਆਪੇ ਲਾਏ, ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਨੇਤਰ ਖੋਲ੍ਹ ਸਭ ਨੂੰ ਵੇਖੇ, ਪੂਰਬ ਕਰਮ ਰਿਹਾ ਵਿਚਾਰੀ । ਗੁਰਮੁਖ ਸਾਚੇ ਸੰਤ ਜਨ ਪ੍ਰਭ ਦਰਸ ਦਰ ਆਏ ਪੇਖੇ, ਉਤਰੇ ਪਾਰ ਅੰਤਮ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ, ਆਪੇ ਬਣੇ ਲੇਖ ਲਿਖਾਰੀ । ਬਾਲੀ ਬੁਧ ਬੁਧ ਅੰਵਾਣੀ । ਕਲਜੁਗ ਤੇਰਾ ਭਰਿਆ ਪਾਣੀ । ਭੁੱਲੀ ਅਰਜਨ ਤੇਰੀ ਬਾਣੀ । ਕਾਇਆ ਹੋਈ ਅੰਨ੍ਹੀ ਕਾਣੀ । ਰਸਨਾ ਗਾਉਂਦੀ ਮਦਿਰਾ ਮਾਸ ਖਾਣੀ । ਨਾ ਗਾਇਆ ਬੱਤੀ ਦੰਦੀਂ ਹਰਿ ਪ੍ਰਾਣੀ । ਆਤਮ ਅੰਧੀ ਬੇਮੁਹਾਨੀ । ਝੂਠੇ ਧੰਦੇ ਅੰਤ ਪਛਤਾਨੀ । ਛੱਡਣੇ ਪੈਣੇ ਹਾਣੀਆਂ ਹਾਣੀ । ਕਿਸੇ ਨਾ ਲੱਭੇ ਰਾਜੇ ਰਾਣੀ । ਕਿਤੇ ਨਾ ਦਿਸੇ ਠੰਡਾ ਪਾਣੀ । ਅਰਜਨ ਭੁਲੀ ਤੇਰੀ ਸਾਚੀ ਬਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਕਰੇ ਫੇਰ ਜਗਤ ਪਛਾਣੀ । ਪਾਰਬ੍ਰਹਮ ਜਨ ਰਾਖੇ ਚੀਤ । ਪਾਰਬ੍ਰਹਮ ਪ੍ਰਭ ਏਕੋ ਸਾਚਾ ਮੀਤ । ਪਾਰਬ੍ਰਹਮ ਸਾਚਾ ਹਰਿ ਪਰਖੇ ਸਾਚੀ ਨੀਤ । ਪਾਰਬ੍ਰਹਮ ਪ੍ਰਭ ਪਰਮੇਸ਼ਵਰ, ਰਸਨਾ ਗਾਓ ਸੁਹਾਗੀ ਗੀਤ । ਜਗਤ ਪਿਤ ਆਪ ਜਗਦੀਸ਼ਰ, ਕਰੇ ਕਾਇਆ ਸੀਤ । ਜੋਤੀ ਜੋਤ ਸਰੂਪ ਹਰਿ, ਕਲਜੁਗ ਮਿਟਾਏ ਸਤਿਜੁਗ ਚਲਾਏ ਸਾਚੀ ਰੀਤ । ਸਤਿਜੁਗ ਸਾਚੀ ਰੀਤ ਚਲਾਵਣੀ । ਆਪਣੀ ਹੱਥੀਂ ਨੀਂਹ ਰਖਾਵਣੀ । ਉਤੇ ਬਰਸੇ ਅੰਮ੍ਰਿਤ ਮੀਂਹ, ਗੁਰਮੁਖ ਤੇਰੀ ਸਾਚੀ ਖ਼ਾਕ ਦੋਹਾਂ ਮੇਲ ਮਿਲਾਵਣੀ । ਜੋਤੀ ਜੋਤ ਸਰੂਪ ਹਰਿ, ਆਪਣੀ ਬਣਤ ਆਪ ਬਣਾਵਣੀ । ਸਤਿਜੁਗ ਤੇਰਾ ਜਨਮ ਦਵਾਣਾ । ਸਤਿਜੁਗ ਸਾਚਾ ਸਤਿਗੁਰ ਬਨਾਣਾ । ਹਰਿ ਦਰ ਆਪਣਾ ਸੋਧ, ਦੇ ਮਤ ਆਪ ਸਮਝਾਉਣਾ । ਵਿਚੋਂ ਮਿਟਾਉਣਾ ਕਾਮ ਕਰੋਧ, ਏਕਾ ਨਾਮ ਮਨ ਵਸਾਉਣਾ । ਸੋਹੰ ਸ਼ਬਦ ਵਡ ਜੋਧਨ ਜੋਧ, ਤੇਰੇ ਨਾਲ ਰਖਾਉਣਾ । ਸ਼ਬਦ ਲਿਖਾਏ ਅਗਾਧ ਬੋਧ, ਭੇਵ ਕਿਸੇ ਨਾ ਆਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਤ ਧਰਾਉਣਾ । ਸਤਿਜੁਗ ਤੇਰੀ ਬੰਨ੍ਹੀ ਧਾਰ । ਸ਼ਬਦ ਸਰੂਪੀ ਚਾਰੋਂ ਤਰਫ, ਇਕੋ ਕਰਨੀ ਸੱਚੀ ਵਾੜ । ਸਚ ਵਸਤ ਤੇਰੀ ਝੋਲੀ ਪਾਉਣੀ, ਪਰੇ ਹਟਾਉਣੀ ਝੂਠੀ ਧਾੜ । ਸਾਚੀ ਸਿਖਿਆ ਇਕ ਸੁਨਾਉਣੀ, ਨਾ ਕੋਈ ਵੇਖੇ ਚੰਗੇ ਮਾੜ । ਇਕੋ ਪੱਟੀ ਸਰਬ ਪੜ੍ਹਾਉਣੀ, ਦਰ ਘਰ ਸਾਚੇ ਦੇਣਾ ਵਾੜ । ਸਾਚੀ ਖੱਟੀ ਮਾਤ ਕਮਾਉਣੀ, ਜੋਤ ਜਗਾਉਣੀ ਬਹੱਤਰ ਨਾੜ । ਗੁਰਮੁਖ ਸਾਚੇ ਸੰਤ ਜਨਾਂ ਆਪਣੇ ਚਰਨ ਬਹਾਏ, ਮਾਣ ਦਵਾਏ ਠੰਡੀ ਛਾਂਏ, ਬੇਮੁਖਾਂ ਦੇਵੇ ਝਾੜ । ਸਤਿਜੁਗ ਤੇਰੇ ਸਿਰ ਹੱਥ ਟਿਕਾਏ । ਗੁਰਮੁਖ ਸਾਚੇ ਘੇਰ ਘੇਰ ਤੇਰੇ ਵਿਚ ਬਹਾਏ । ਆਪ ਮਿਟਾਏ ਚੁਕਾਏ ਮੇਰ ਤੇਰ, ਤੇਰ ਮੇਰ ਜਗਤ ਅੰਧੇਰ, ਸਿਧਾ ਰਾਹ ਇਕ ਵਖਾਏ । ਆਪੇ ਕਰੇ ਆਪਣੀ ਮਿਹਰ ਨਾ ਲਾਏ ਦੇਰ, ਗੁਰਮੁਖ ਸਾਚੇ ਸੰਤ ਜਨਾਂ ਦੇ ਮਤ ਆਪ ਸਮਝਾਉਣਾ । ਸਾਚਾ ਪਾਏ ਮਾਲ

ਧਨਾ, ਆਤਮ ਝੋਲੀਆਂ ਆਪ ਭਰਾਉਣਾ । ਇਕ ਸੁਣਾਏ ਨਾਮ ਕੰਨਾ, ਸਾਚਾ ਰਾਗ ਇਕ ਉਪਜਾਉਣਾ । ਕਲਜੁਗ ਮਿਟਾਏ ਝੂਠਾ ਜੰਨਾ, ਸਾਚਾ ਰਾਹ ਇਕ ਦਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਰੰਕ ਰਾਜਾਨ, ਸ਼ਾਹ ਸੁਲਤਾਨ ਵਡ ਵਡਾ ਬਲਵਾਨ, ਵਰਨ ਚਾਰ ਏਕਾ ਧਾਮ ਬਹਾਉਣਾ । ਸਤਿਜੁਗ ਤੇਰਾ ਧਾਮ ਨਿਰਾਲਾ । ਆਪ ਰਖਾਏ ਹਰਿ ਗੋਪਾਲਾ । ਜਿਥੇ ਬੈਠ ਸਾਇਆ ਹੇਠ, ਗੁਰਮੁਖਾਂ ਕਰੇ ਪ੍ਰਿਤਪਾਲਾ । ਕਲਜੁਗ ਜੀਵ ਭੰਨੇ ਕੌੜੇ ਰੇਠ, ਫਲ ਰਹੇ ਨਾ ਕਿਸੇ ਡਾਲਾ । ਮਿਟਦੇ ਜਾਣ ਵਡ ਵਡ ਸੇਠ, ਮਿਟ ਜਾਣ ਝੂਠੇ ਧਨ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਕਿਸੇ ਨਾ ਵਕਤ ਸੰਭਾਲਾ । ਕੋਈ ਨਾ ਸਕਿਆ ਵਕਤ ਸੰਭਾਲ । ਕਲਜੁਗ ਅੰਤਮ ਖਾਣਾ ਕਾਲ । ਮਾਰਨ ਵਾਲਾ ਇਕੋ ਛਾਲ । ਭੰਨੀ ਜਾਏ ਸਭ ਦੇ ਜਵਾਨੀ ਡਾਲ । ਜੋਤੀ ਜੋਤ ਸਰੂਪ ਹਰਿ, ਇਕੋ ਪਾਉਣ ਵਾਲਾ ਵਡਾ ਘਾਣ । ਇਕੋ ਘਾਣ ਪਾਏ ਘਾਣੀ । ਦੂਜਾ ਗੇੜਾ ਆਪ ਦਵਾਏ, ਵਿਚ ਪਾਏ ਤੱਤਾ ਪਾਣੀ । ਤੀਜਾ ਫੇਰਾ ਫੇਰ ਲਗਾਏ, ਲਹੂ ਮਿਝ ਮਿਝ ਲਹੂ ਦੀ ਧਾਰ ਵਹਾਣੀ । ਚੌਥਾ ਗੇੜਾ ਫੇਰ ਲਗਾਏ, ਕਲਜੁਗ ਜੀਵਾਂ ਮਿਟੇ ਨਿਸ਼ਾਨੀ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਤੇਰਾ ਆਪੇ ਬਣੇ ਸੱਚਾ ਬਾਨੀ । ਸਤਿਜੁਗ ਤੇਰਾ ਚਿੱਟਾ ਬਾਣਾ । ਪ੍ਰਭ ਅਬਿਨਾਸ਼ੀ ਚਿੱਟਾ ਇਕ ਰਖਾਣਾ । ਬੇਮੁਖ ਜੀਵ ਅੰਤ ਪਿੱਟਣ ਹੋਇਆ ਬੇਮੁਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਚਾ ਖੇਲ ਆਪਣਾ ਆਪ ਰਚਾਨਾ । ਨਿਮਸਕਾਰ ਕਰੋ ਗੁਰਦੇਵਾ । ਬਿਰਥਾ ਨਾ ਜਾਏ ਗੁਰ ਕੀ ਸੇਵਾ । ਸਾਚਾ ਫਲ ਲਗਾਏ ਅੰਮ੍ਰਿਤ ਮੇਵਾ । ਜੋ ਜਨ ਗਾਏ ਰਸਨਾ ਜਿਹਵਾ । ਦਰਸ ਦਿਖਾਏ ਵਡ ਦੇਵੀ ਦੇਵਾ । ਪ੍ਰਭ ਅਬਿਨਾਸ਼ੀ ਅਲਖ ਅਭੇਵਾ । ਪੂਰ ਕਰਾਏ ਗੁਰਸਿਖ ਸੇਵਾ । ਮਾਤ ਲਗਾਏ ਸਾਚਾ ਬੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਹਰਿ ਸਾਚਾ ਸੇਵਾ । ਵਡੀ ਵਡਿਆਈ, ਦਰ ਸਾਚੇ ਖ਼ੁਸ਼ੀ ਮਨਾਈ, ਘਰ ਜਾਣਾ ਚਾਈਂ ਚਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਇਕੋ ਵਸੇ ਸਾਚੇ ਥਾਈਂ । ਸਾਚਾ ਭੇਵ ਹਰਿ ਖੁਲ੍ਹਾਵਣਾ । ਕਲਜੁਗ ਵੇਲਾ ਨੇੜੇ ਆਵਣਾ । ਕਲਜੁਗ ਜੀਵ ਫੇਰ ਪਛਤਾਵਣਾ । ਪ੍ਰਭ ਅਬਿਨਾਸ਼ੀ ਨਾ ਚਰਨ ਲਗਾਵਣਾ । ਘਨਕਪੁਰ ਵਾਸੀ ਆਪਨਾ ਆਪ ਫੇਰ ਛੁਪਾਵਣਾ । ਏਕਾ ਜੋਤ ਮਾਤ ਪ੍ਰਕਾਸ਼ੇ, ਗੁਰਮੁਖਾਂ ਹਿਰਦੇ ਦੀਪਕ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨ ਸਵਾਸੀ ਸਚ ਜਪਾਵਣਾ । ਭਿੰਨੜੀ ਰੈਣ ਮੰਗਲਾਚਾਰ । ਗੁਰ ਸੰਗਤ ਬਣਾਏ ਭਾਈ ਭੈਣ, ਦੂਜਾ ਵਿਚੋਂ ਰੋਗ ਨਿਵਾਰ । ਇੱਕਾ ਦੇਵੇ ਸੱਚਾ ਲਹਿਣ ਦੇਣ, ਲੇਖਾ ਲਿਖਣੇਹਾਰ । ਏਕਾ ਸੱਜਣ ਸਾਕ ਸੈਣ, ਪ੍ਰਭ ਆਇਆ ਅੰਤਮ ਅੰਤ ਵਾਰ । ਜੋਤੀ ਜੋਤ ਸਰੂਪ ਹਰਿ, ਏਕਾ ਜੋਤੀ ਕਰੇ ਅਕਾਰ । ਇੱਕਾ ਜੋਤੀ ਇਕੋ ਗੁਣ । ਗੁਰਮੁਖ ਸਾਚੇ ਮਾਣਕ ਮੋਤੀ, ਹਰਿ ਲਏ ਪੁਕਾਰ ਸੁਣ । ਆਤਮ ਉਠਾਏ ਆਪ ਸੋਤੀ, ਲੱਖ ਚੁਰਾਸੀ ਵਿਚੋਂ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਉਪਜਾਏ ਸ਼ਬਦ ਧੁਨ । ਦੇਵੇ ਧੁਨਕਾਰ, ਖੁਲ੍ਹੇ ਸੁੰਨ ਹੋਏ ਉਜਿਆਰ । ਕਵਣ ਜਾਣੇ ਹਰਿ ਤੇਰੇ ਗੁਣ, ਗੁਰਮੁਖਾਂ ਪਾ ਰਿਹਾ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰਾ ਇਕ ਖੁਲ੍ਹਾਇਆ, ਵਡ ਭੰਡਾਰਾ ਆਪ ਰਖਾਇਆ, ਬਣਿਆ ਰਹੇ ਵਰਤਾਰ । ਹਰਿ ਵਰਤਾਰ ਵਿਚ ਸੰਸਾਰ । ਮੰਗਣ ਆਏ ਜਨ ਦਵਾਰ । ਦੇਵੇ ਨਾਮ ਧਨ ਅਪਾਰ । ਬੇੜਾ ਜਾਏ ਬੰਨ੍ਹ, ਕਲਜੁਗ ਅੰਤਮ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮੇਲ ਮਿਲਾਇਆ, ਦਰ

੨੦੨
੦੪

ਘਰ ਸਾਚੇ ਮਾਣ ਦਵਾਇਆ, ਇਕ ਬਣਾਇਆ ਸਜਣ ਸੁਹੇਲ । ਗੁਰ ਸੰਗਤ ਧੰਨ ਕਮਾਈਆ । ਪ੍ਰਭ ਅਬਿਨਾਸ਼ੀ ਕਿਰਪਾ ਕੀਨੀ, ਦਏ ਮਾਤ ਵਡਿਆਈਆ । ਸਾਚਾ ਨਾਉਂ ਰਸਨਾ ਚੀਨੀ, ਹੋਏ ਜੋਤ ਰੁਸ਼ਨਾਈਆ । ਕਾਇਆ ਰੱਖੇ ਹਰਿ ਜੀ ਭੀਨੀ, ਅੰਮ੍ਰਿਤ ਧਾਰ ਵਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਏਕਾ ਸੱਚੇ ਧਾਮ ਬਹਾਈਆ । ਗੁਰ ਸੰਗਤ ਗੁਣ ਗਾਉਂਦੀ ਆਏ, ਦਰ ਘਰ ਪਾਇਆ ਮਾਣ ਚਤੁਰ ਸੁਜਾਨਿਆ । ਮਿਲਿਆ ਮੇਲ ਹਰਿ ਭਗਵਾਨ, ਮਿਲਿਆ ਸੱਚਾ ਦਾਨਿਆ । ਚਰਨ ਧੂੜ ਕੀਆ ਇਸ਼ਨਾਨ, ਆਤਮ ਤੁੱਟਾ ਮਾਨਿਆ । ਏਕਾ ਰੱਖਣਾ ਚਰਨ ਧਿਆਨ, ਦੇਵੇ ਦਰਸ ਆਪ ਭਗਵਾਨਿਆ । ਜੋ ਜਨ ਰਸਨਾ ਗਾਣ, ਆਤਮ ਜੋਤ ਜਗਾਏ ਮਹਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਨਿਧਾਨ, ਆਤਮ ਮਾਰੇ ਸੱਚਾ ਬਾਨਿਆ । ਵੱਜੇ ਬਾਣ ਤੀਰ ਨਿਰਾਲਾ । ਗੁਰਮੁਖ ਸਾਚੇ ਸੰਤ ਜਨਾਂ, ਪਹਿਲਾ ਵਾਰ ਆਪ ਸੰਭਾਲਾ । ਆਪੇ ਦੇਵੇ ਨਾਮ ਧਨਾ, ਦੀਨਾਂ ਨਾਥ ਦੀਨ ਦਿਆਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਹੋਏ ਸਦ ਸਦਾ ਰਖਵਾਲਾ । ਗੁਰਸਿਖ ਗੁਰਮੁਖ ਦੋਵੇਂ ਹੋਏ ਵਡਭਾਗੀ । ਆਤਮ ਮਿਟਾਇਣ ਕਲਜੁਗ ਤ੍ਰਿਖ, ਕਾਇਆ ਸੋਈ ਜਾਗੀ । ਸਾਚੀ ਸਿਖਿਆ ਲੈਣੀ ਸਿੱਖ, ਧੋਣਾ ਪਿਛਲਾ ਦਾਗੀ । ਕਿਸੇ ਹੱਥ ਨਾ ਆਵੇ ਮੁਨ ਰਿਖ, ਗਾਉਂਦੇ ਫਿਰਦੇ ਵਡ ਵਡ ਰਾਗੀ । ਭੁਲੇ ਫਿਰਦੇ ਜਗਤ ਮਨੁੱਖ, ਧਾਰਨ ਵਡ ਵਡ ਸਵਾਂਗੀ । ਗੁਰਮੁਖਾਂ ਮਿਲਿਆ ਪ੍ਰਭ ਅਬਿਨਾਸ਼ੀ ਆਤਮ ਸੁੱਖਣਾ ਸਾਚੀ ਸੁੱਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸਾਚੀ ਲਾਗੀ । ਲੱਗੇ ਚਰਨ ਪ੍ਰੀਤ ਤੋੜ ਨਿਭਾਈਆ । ਆਪੇ ਪਰਖੇ ਸਾਡੀ ਨੀਤ, ਹੋਏ ਵਡ ਗੁਨਾਹੀਆ । ਅਚਰਜ ਦਿਸੇ ਤੇਰੀ ਰੀਤ, ਜੋਤ ਸਰੂਪੀ ਸਾਚਾ ਮਾਹੀਆ । ਆਪੇ ਬਣ ਜਾਏ ਸਾਚਾ ਮੀਤ, ਦੇਵੇ ਠੰਡੀ ਛਾਈਆਂ । ਇਕ ਜਪਾਏ ਸਚ ਸੁਹਾਗੀ ਗੀਤ, ਸੋਹੰ ਨਾਮ ਰਖਾਈਆ । ਮਾਨਸ ਜਨਮ ਜਾਣਾ ਜੀਤ, ਗੁਰ ਚਰਨ ਸੀਸ ਨਿਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੀ ਸਿੱਖਿਆ ਆਪੇ ਦੇਵੇ, ਬਣੇ ਰਹਿਣ ਭੈਣ ਭਰਾਈਆ । ਭੈਣ ਭਾਈਆਂ ਸਾਚਾ ਨਾਤਾ । ਦੋਹਾਂ ਮਿਲਿਆ ਪੁਰਖ ਬਿਧਾਤਾ । ਸੱਚੀ ਦੇਵੇ ਇਕ ਸੁਗਾਤਾ । ਆਪੇ ਬਣੇ ਪਿਤਾ ਮਾਤਾ । ਅੰਤਮ ਵੇਲੇ ਪੁਛੇ ਵਾਤਾ । ਆਤਮ ਬੈਠਾ ਅੱਠੇ ਪਹਿਰ, ਵੇਖੇ ਮਾਰੇ ਝਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਕਲਜੁਗ ਅੰਧੇਰੀ ਰਾਤਾ । ਮਿਟੇ ਅੰਧੇਰੀ ਰੈਣ, ਚਾਨਣ ਚਾਨਣਾ । ਘਰ ਘਰ ਪੈਣੇ ਵੈਣ, ਨਾ ਕਿਸੇ ਹੋਣਾ ਜਾਮਨਾ । ਕੋਈ ਨਾ ਪੇਖੇ ਨੇਤਰ ਨੈਣ, ਇਕ ਦੂਜੇ ਨਾ ਪਛਾਨਣਾ । ਪ੍ਰਭ ਆਪ ਚੁਕਾਏ ਲਹਿਣ ਦੇਣ, ਕਲਜੁਗ ਤੇਰਾ ਲੇਖ ਲਿਖਾਵਣਾ । ਦੇਣਾ ਪਏ ਸਭ ਨੂੰ ਦੇਣ, ਅੱਗੇ ਹੋਏ ਨਾ ਕਿਸੇ ਛੁਡਾਵਣਾ । ਜੂਠੇ ਝੂਠੇ ਇਕੱਠੇ ਹੋ ਸਾਰੇ ਬਹਿਣ, ਸੱਚਾ ਨਾਉਂ ਨਾ ਰਸਨ ਵਖਾਨਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਜਾਮਾ ਧਾਰ, ਜੋਤ ਸਰੂਪੀ ਲਾਏ ਡਾਨਣਾ ।



੨੦੩ ੦੪

❊ ੧੮ ਚੇਤ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਸਚ ਧਾਮ ਅਟੱਲ, ਇਕ ਜੋਤ ਅਕਾਰ ਹੈ । ਸਚ ਧਾਮ ਅਟੱਲ, ਹਰਿ ਨਿਰੰਕਾਰ ਹੈ । ਸਚ ਧਾਮ ਅਟੱਲ, ਜੋਤ ਸਰੂਪੀ ਹਰਿ ਨਿਰਾਧਾਰ ਹੈ । ਸਚ ਧਾਮ ਅਟੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਸੱਚੀ ਸਰਕਾਰ ਹੈ । ਸਚ ਧਾਮ ਅਟੱਲ, ਇਕ ਪ੍ਰਕਾਸ਼ ਹੈ । ਸਚ ਧਾਮ ਅਟੱਲ, ਏਕਾ ਹਰਿ ਏਕਾ ਘਰ, ਏਕਾ ਪੁਰਖ ਅਬਿਨਾਸ਼ ਹੈ । ਸਚ ਧਾਮ ਅਟੱਲ, ਏਕਾ ਹਰਿ ਸਰਬ ਗੁਣਤਾਸ ਹੈ । ਸਚ ਧਾਮ ਅਟੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟ ਵਾਸ ਹੈ । ਨਿਹਚਲ ਧਾਮ ਅਟੱਲ, ਸਦਾ ਅਵੱਲੜਾ । ਨਿਹਚਲ ਧਾਮ ਅਟੱਲ, ਹਰਿ ਵਸੇ ਇਕ ਇਕੱਲੜਾ । ਨਿਹਚਲ ਧਾਮ ਅਟੱਲ, ਗੁਰਮੁਖਾਂ ਦਿਸੇ ਭਾਰਾ ਪਲੜਾ । ਨਿਹਚਲ ਧਾਮ ਅਟੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰੇ ਅੱਗੇ ਖਲੜਾ । ਕਲਜੁਗ ਤੇਰਾ ਵਕਤ ਸੁਹਾਵਣਾ । ਪੰਚਮ ਜੇਠ ਹਰਿ ਸਗਨ ਲਗਾਵਣਾ । ਸਤਿਜੁਗ ਸੋਇਆ ਫਿਰ ਉਠਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਵਕਤ ਸੁਹਾਵਣਾ । ਹਰਿ ਸਾਚਾ ਤਖ਼ਤ ਬਿਰਾਜਿਆ । ਵਡ ਸ਼ਾਹੋ ਰਾਜਨ ਰਾਜਿਆ । ਕਲਜੁਗ ਅੰਤਮ ਅੰਤ, ਜਨ ਭਗਤਾਂ ਰੱਖੇ ਲਾਜਿਆ । ਭੁਲੇ ਫਿਰਦੇ ਵਡ ਵਡ ਸੰਤ, ਨਾ ਮਿਲਿਆ ਹਰਿ ਗਰੀਬ ਨਿਵਾਜ਼ਿਆ । ਨਾ ਮੇਲ ਮਿਲਾਵਾ ਹੋਇਆ ਸਾਚੇ ਕੰਤ, ਜਿਸ ਜਨ ਸਾਜਨ ਸਾਜਿਆ । ਭੁਲੇ ਫਿਰਦੇ ਜੀਵ ਜੰਤ, ਪ੍ਰਭ ਅਬਿਨਾਸ਼ੀ ਜੋਤ ਜਗਾਈ ਪ੍ਰਗਟ ਹੋਏ ਵਿਚ ਦੇਸ ਮਾਝਿਆ । ਆਤਮ ਘੋਰ ਅੰਧੇਰ ਕਲ ਅੰਧਿਆਰਿਆ । ਨਾ ਕੋਈ ਜਾਣੇ ਹਰਿ ਦਾ ਹੇਰ ਫੇਰ, ਨਾ ਕੋਈ ਜਾਣੇ ਪ੍ਰਭ ਕੇ ਭਾਣਿਆ । ਆਪ ਚੁਕਾਏ ਗੁਰਮੁਖਾਂ ਮੇਰ ਤੇਰ, ਦਰਸ ਦਿਖਾਏ ਹਰਿ ਭਗਵਾਨਿਆ । ਚਰਨ ਬਹਾਏ ਘੇਰ ਘੇਰ, ਦੇਵੇ ਨਾਮ ਨਿਧਾਨ ਗੁਣਵੰਤ ਗੁਣ ਨਿਧਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਿਹਕਲੰਕ ਪਹਿਰੇ ਬਾਨਿਆ । ਜੋਤ ਸਰੂਪੀ ਜਾਮਾ ਧਾਰ । ਅਚਰਜ ਖੇਲ ਕਰੇ ਕਰਤਾਰ । ਗੁਰਮੁਖ ਸਾਚੇ ਸੰਤ ਜਨਾਂ, ਆਤਮ ਦੇਵੇ ਜੋਤ ਅਧਾਰ । ਸਾਚਾ ਦੇਵੇ ਨਾਮ ਧਨਾ, ਸ਼ਬਦ ਚਲਾਏ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਸਰੂਪੀ ਜਾਮਾ ਧਾਰ । ਸ਼ਬਦ ਸਰੂਪੀ ਹਰਿ ਨਿਰੰਕਾਰਿਆ । ਕਲਜੁਗ ਅੰਤਮ ਆਇਆ ਕਰ ਕਰ ਵੇਸ, ਅਪਰ ਅਪਾਰਿਆ । ਪ੍ਰਗਟਾਏ ਜੋਤ ਹਰਿ ਮਾਝੇ ਦੇਸ, ਬੇਮੁਖਾਂ ਆਪ ਭੁਲਾ ਰਿਹਾ । ਭੁਲੇ ਨਰ ਨਰੇਸ਼, ਸਾਚਾ ਰਾਹ ਕਿਸੇ ਹੱਥ ਨਾ ਆ ਰਿਹਾ । ਲੱਭਦੇ ਫਿਰਨ ਸ੍ਰੀ ਦਸਮੇਸ਼, ਜੋਤ ਸਰੂਪੀ ਭੇਖ ਵਟਾ ਰਿਹਾ । ਦਰ ਖੜ੍ਹੇ ਰਹਿਣ ਬ੍ਰਹਮਾ ਵਿਸ਼ਨ ਮਹੇਸ਼ ਵਡ ਗਣੇਸ਼, ਪ੍ਰਭ ਚਰਨ ਆਸ ਰਖਾ ਰਿਹਾ । ਕਲਜੁਗ ਅੰਤਮ ਧਾਰੇ ਭੇਸ, ਆਪ ਰੱਖੇ ਖੁਲ੍ਹੜੇ ਕੇਸ, ਕਲਜੁਗ ਮਾਇਆ ਜਗਤ ਰੁਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਰ ਕੇ ਆਏ ਵੇਸ, ਬਾਣਾ ਰਾਣਾ ਛਤਰ ਆਪਣੇ ਸੀਸ ਝੁਲਾ ਰਿਹਾ । ਸਾਚਾ ਬਾਣਾ ਤਨ ਛੁਹਾਣਾ, ਨਾ ਕੋਈ ਦੀਸੇ ਰਾਜਾ ਰਾਣਾ, ਸੁਘੜ ਸਿਆਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਮਾਰੇ ਸ਼ਬਦ ਬਾਣਾ, ਅੰਤਮ ਕਲ ਵੇਖ ਵਖਾ ਰਿਹਾ । ਅੱਥਰਬਣ ਅੱਲਾ ਆਈ ਹਿੱਸੇ । ਪ੍ਰਭ ਅਬਿਨਾਸ਼ੀ ਕਿਸੇ ਨਾ ਦਿਸੇ । ਸਿੰਘ ਸਿੰਘਾਸਣ ਬੈਠਾ, ਹਰਿ ਜਨਾਂ ਪਾਏ ਹਿੱਸੇ । ਕਲਜੁਗ ਜੀਵ ਝੂਠੀ ਚੱਕੀ ਪੀਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਛੱਤਰ ਝੁਲਾਏ ਸੀਸੇ । ਐੜਾ ਅੱਲਾ ਆਈ ਹਾਰ । ਅੰਤਮ ਕਲਜੁਗ ਲਿਆ ਵਿਚਾਰ । ਚਾਰੇ ਕੁੰਟਾਂ ਪੈਂਦੀ

ਮਾਰ । ਕਲਜੁਗ ਜੀਵ ਹੋਏ ਗਵਾਰ । ਧਰਤੀ ਦੱਬੀ ਪਾਪਾਂ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਪ੍ਰਗਟ ਜੋਤ ਜੋਤ ਸਰੂਪੀ ਲਏ ਅਵਤਾਰ । ਅੱਲਾ ਰਾਣੀ ਆਈ, ਦਰ ਕੁਰਲਾਈ ਗਲ ਵਿਚ ਪਲੜਾ ਪਾ । ਪ੍ਰਭ ਦਰ ਦਏ ਦੁਹਾਈ, ਗਲੋਂ ਕਟ ਵੇਲੇ ਅੰਤਮ ਫਾਹ । ਮੁਖ ਧੋ ਪਾਪਾਂ ਛਾਹੀ, ਸੌਖਾ ਨਿਕਲੇ ਨਾ ਮੇਰਾ ਸਾਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਨਾ ਸਕੇ ਕੋਈ ਛੁਡਾ । ਅੱਲਾ ਰਾਣੀ ਕੁਰਲਾਵੇ ਕੀਰਨੇ ਪਾਵੇ । ਕਲਜੁਗ ਬੰਨ੍ਹੇ ਝੂਠੇ ਦਾਅਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਜੋਤ ਨਿਰੰਜਣ ਆਦਿ ਅੰਤ ਜੁਗਾ ਜੁਗੰਤ ਸਦ ਆਵੇ ਜਾਵੇ । ਅੱਲਾ ਰਾਣੀ ਕਰੇ ਪੁਕਾਰ । ਕਲਜੁਗ ਜੀਵ ਛੱਡਣਾ ਪਏ ਹਾਣੀਆਂ ਹਾਣੀ, ਅੰਤਮ ਪੈਣੀ ਡਾਹਢੀ ਮਾਰ । ਮਾਇਆ ਰਾਣੀ ਹੋਈ ਕਾਣੀ, ਅੱਠੇ ਪਹਿਰ ਰਹੀ ਝੱਖ ਮਾਰ । ਸੁਘੜ ਸਵਾਣੀ ਨੌਜਵਾਨੀ ਵਡ ਵਿਦਵਾਨੀ, ਡਿੱਗੀ ਮੂੰਹ ਦੇ ਭਾਰ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨੀ, ਵਡ ਗਿਆਨੀ, ਨਾ ਪਾਇਣ ਪ੍ਰਭ ਦੀ ਸਾਰ । ਮੁੱਲਾਂ ਮੁਲਾਣੇ ਸ਼ੇਖ਼ ਮੁਸਾਇਕ ਪੀਰ ਗੌਂਸ ਔਲੀਏ ਪੜ੍ਹਨ ਹਦੀਸ ਕੁਰਾਨ ਅੰਜ਼ੀਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਚਾਰੋਂ ਕੁੰਟ ਨਾ ਦਿਸੇ ਕਿਸੇ, ਨਾ ਕੋਈ ਸਕੇ ਵਖਾਨੀਏ । ਪੰਡਤ ਪੜ੍ਹਨ ਪੁਰਾਨ, ਹਰਿ ਧਿਆਂਵਦੇ । ਗਿਆਨੀ ਕਰਨ ਗਿਆਨ, ਰਸਨ ਵਖਾਨਦੇ । ਗੁਰਮੁਖ ਵਿਰਲੇ ਧਿਆਨੀ ਕਰਨ ਧਿਆਨ, ਪ੍ਰਭ ਅਬਿਨਾਸ਼ੀ ਰੰਗ ਸਾਚਾ ਮਾਣਦੇ । ਕਲਜੁਗ ਜੀਵ ਹੋਏ ਸਰਬ ਸ਼ੈਤਾਨ, ਪ੍ਰਭ ਅਬਿਨਾਸ਼ੀ ਮੂਲ ਨਾ ਜਾਣਦੇ । ਨਾ ਚੁੱਕੇ ਜਮ ਕੀ ਕਾਣ, ਅੰਤਮ ਆਈ ਹਾਣ, ਜੂਠੀ ਝੂਠੀ ਖ਼ਾਕ ਛਾਣਦੇ । ਏਕਾ ਵੱਜੇ ਸ਼ਬਦ ਬਾਣ, ਭੁਲੇ ਪੀਣ ਖਾਣ, ਕਿਲੇ ਤੋੜੇ ਕੁਫਰ ਹੰਕਾਰ ਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਵਿਰਲੇ ਵਿਚ ਮਾਤ ਰੰਗ ਤੇਰਾ ਸੱਚਾ ਮਾਣਦੇ । ਅੱਲਾ ਤੇਰਾ ਚਮਕੇ ਨੂਰ । ਭਰਿਆ ਵਾਹ ਵਾਹ ਵਡਾ ਪੂਰ । ਵੇਲਾ ਨੇੜੇ ਆਇਆ, ਜਿਸ ਨੂੰ ਜਾਨਣ ਦੂਰ । ਕਲਜੁਗ ਤੇਰਾ ਨਗਰ ਖੇੜਾ ਪ੍ਰਭ ਆਪਣੀ ਹੱਥੀਂ ਢਾਹਿਆ, ਜੋ ਤਪੇ ਵਾਂਗ ਤੰਦੂਰ । ਦੋਹੀਂ ਹੱਥੀਂ ਗਲ ਵਿਚ ਦੇਵੇ ਫਾਹਿਆ । ਲੱਖ ਚੁਰਾਸੀ ਹਰਿ ਕਰਾਏ ਚੂਰ । ਵੇਲੇ ਅੰਤ ਹੋਏ ਸਹਾਇਆ, ਸ੍ਰਿਸ਼ਟ ਸਬਾਈ ਕੂੜੋ ਕੂੜ । ਗੁਰਮੁਖ ਸਾਚੇ ਲਏ ਬਚਾਇਆ, ਜਿਸ ਜਨ ਦੇਵੇ ਚਰਨ ਧੂੜ । ਸੋਹੰ ਸਾਚਾ ਜਾਪ ਜਪਾਇਆ, ਸੁਘੜ ਸਿਆਣੇ ਬਣਾਏ ਬੇਮੁਖ ਮੂੜ੍ਹ । ਸਚ ਵਸਤ ਹਰਿ ਆਤਮ ਝੋਲੀ ਪਾਇਆ, ਇਕ ਚੜ੍ਹਾਏ ਰੰਗ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਪਾਏ ਅੰਤਮ ਕਲ ਜੋਤ ਸਰੂਪੀ ਕਾਇਆ ਜੂੜ । ਅੱਲਾ ਰਾਣੀ ਹੋਈ ਨਿਮਾਣੀ । ਗੁਰਮੁਖਾਂ ਦਾ ਭਰੇ ਪਾਣੀ । ਵੇਲੇ ਅੰਤਮ ਕਲਜੁਗ ਹਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਰਸਨ ਅਲਾਇਆ । ਸਾਚਾ ਭੇਵ ਆਪ ਖੁਲ੍ਹਾਇਆ । ਸਤਿਜੁਗ ਸਾਚੇ ਸੋਹੰ ਸ਼ਬਦ ਤੇਰੀ ਹੱਥੀਂ ਵੰਡੇ, ਸ਼ਬਦ ਭੰਡਾਰਾ ਨਾਮ ਆਪ ਵਰਤਾਇਆ । ਸ਼ਬਦ ਭੰਡਾਰਾ ਨਾਮ ਭਗਤ ਅਧਾਰ ਹੈ । ਦੇਵਣਹਾਰ ਦਾਤਾਰ ਆਪ ਕਰਤਾਰ ਹੈ । ਹੋਵਣਹਾਰ ਗੁਰਮੁਖ ਸਾਚੇ ਸੰਤ ਜਨ, ਮੰਗਣ ਆਏ ਚਰਨ ਦਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਅੰਮ੍ਰਿਤ ਆਤਮ ਦੇਵੇ ਸੱਚੀ ਧਾਰ ਹੈ । ਸਾਚੀ ਧਾਰਾ, ਗੁਰਸਿਖਾਂ ਦੇਵੇ ਹਰਿ ਕਰ ਪਿਆਰਾ । ਗੁਰਮੁਖ ਵਿਰਲਾ ਕਲਜੁਗ ਦੋਏ ਜੋੜ ਕਰੇ ਨਿਮਸਕਾਰਾ । ਪ੍ਰਭ ਅਬਿਨਾਸ਼ੀ ਅਲਖ ਅਭੇਵ ਹੈ, ਮੰਗਦੇ ਰਹਿਣ ਕੋਟਨ ਕੋਟ ਦਵਾਰਾ । ਗੁਰਮੁਖ ਵਿਰਲਾ ਰਸਨ ਸੇਵ ਹੈ, ਜਿਸ ਜਨ ਪ੍ਰਭ ਅਬਿਨਾਸ਼ੀ ਦੇਵੇ ਨਾਮ ਅਧਾਰਾ । ਸੋਹੰ ਸ਼ਬਦ ਵਸਤ ਸਾਚੀ ਲੇਵੇ, ਦੇਵੇ ਹਰਿ ਨਿਰੰਕਾਰਾ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਚਾਰ ਵਰਨ ਚਾਰ ਕੁੰਟ ਇਕ ਖੁਲ੍ਹਾਏ ਸੱਚੋ ਸੱਚਾ ਦਰ, ਆਤਮ ਧਾਰ ਸ਼ਬਦ ਅਪਾਰਾ । ਗੁਰਸਿਖ ਵਿਚਾਰ, ਦੇਵੇ ਹਰਿ ਨਰ ਨਰ ਨਿਰੰਕਾਰ । ਜੋਤ ਸਰੂਪੀ ਕਰ ਅਕਾਰ । ਵੱਡਾ ਸ਼ਾਹੋ ਭੂਪੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਅਪਰ ਅਪਾਰ । ਕਿਰਪਾ ਕਰੇ ਅਪਰ ਅਪਾਰਾ । ਸੱਚਾ ਦੇਵੇ ਨਾਮ ਧਨ, ਸੋਹੰ ਸ਼ਬਦ ਖੰਡਾ ਦੇਵੇ ਮਾਰਾ । ਗੁਰਮੁਖਾਂ ਆਤਮ ਜਾਏ ਮੰਨ, ਸਾਚਾ ਮਿਲੇ ਇਕ ਭੰਡਾਰਾ । ਆਤਮ ਜੋਤ ਜਗੇ ਤਨ, ਖੋਲ੍ਹੇ ਦਸਮ ਦਵਾਰਾ । ਪੰਚਾਂ ਚੋਰਾਂ ਦੇਵੇ ਡੰਨ, ਜੋਤ ਸਰੂਪੀ ਗਿਰਧਾਰਾ । ਆਤਮ ਬੇੜਾ ਦੇਵੇ ਬੰਨ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਬੇੜਾ ਬੰਨ੍ਹੇ ਬੰਨ੍ਹਣ ਵੇਲਾ । ਆਪੇ ਬਣੇ ਸੱਜਣ ਸੁਹੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਾ ਬਚਨ ਅੰਤ ਕਰਾਏ, ਪੰਚਮ ਜੇਠ ਭੇਵ ਖੁਲ੍ਹਾਏ, ਆਪੇ ਗੁਰ ਆਪੇ ਚੇਲਾ । ਗੁਰ ਗੋਬਿੰਦ ਇਹ ਬਚਨ ਲਿਖਾਇਆ, ਕਲਜੁਗ ਜੀਵਾਂ ਭੇਵ ਨਾ ਪਾਇਆ, ਸ੍ਰੀ ਦਸਮੇਸ਼ ਜੋਤ ਹਮੇਸ਼, ਹੋ ਹੋ ਨੀਵਾਂ ਦੀਪ ਜਗਾਇਆ, ਅੰਤਮ ਕਲ ਖੁਲ੍ਹੜੇ ਕੇਸ, ਹਰਿ ਬਣੇ ਦਰ ਦਰਵੇਸ਼ । ਜੋਤ ਸਰੂਪੀ ਭੇਸ ਵਟਾਇਆ, ਆਵੇ ਜਾਵੇ ਮਾਤ ਨਿਤ ਨਵਿਤ ਹਮੇਸ਼ । ਮਾਇਆ ਪੜਦਾ ਵਾਹ ਵਾਹ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੇ ਵਡਿਆਈ ਭੇਵ ਖੁਲ੍ਹਾਈ, ਪੰਚ ਜੇਠ ਨੇੜੇ ਆਈ ਕਰ ਅਵਲੜਾ ਭੇਸ । ਆਪੇ ਗੁਰ ਆਪੇ ਚੇਲਾ । ਪੰਚਮ ਜੇਠ ਲਗਣਾ ਮੇਲਾ । ਪ੍ਰਭ ਅਬਿਨਾਸ਼ੀ ਸੱਜਣ ਸੁਹੇਲਾ । ਗੁਰਮੁਖਾਂ ਅੰਮ੍ਰਿਤ ਫਲ ਖਵਾਏ ਸੋਹੰ ਸਾਚਾ ਕੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਸਾਚਾ ਮੇਲਾ ।


੨੦੬
੦੪

## ✻ ੧ ਵਿਸਾਖ ੨੦੧੧ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਵਿਹਾਰ ਹੋਇਆ ✻

ਹਰਿ ਕਾ ਰੂਪ ਅਗੰਮ ਨਿਜ ਘਰ ਵਾਸ ਹੈ । ਨਾ ਦਿਸੇ ਕਿਸੇ ਕਰੇ ਆਪਣਾ ਕਾਮ ਹੈ । ਏਕਾ ਏਕ ਅਵੱਲੜਾ ਰੱਖੇ ਧਾਮ ਹੈ । ਨਾ ਜਨਮੇ ਨਾ ਜਾਏ ਮਰ, ਜੋਤ ਸਰੂਪੀ ਸੱਚਾ ਰਾਮ ਹੈ । ਨਾ ਹੱਸੇ ਨਾ ਰੋਏ ਛੰਮ ਛੰਮ, ਆਪੇ ਕਰੇ ਆਪਣਾ ਕਾਮ ਹੈ । ਨਾ ਮੰਗੇ ਕਿਸੇ ਕੋਲੋਂ ਦਾਮ, ਦੇਵਣਹਾਰ ਸੱਚਾ ਨਾਮ ਹੈ । ਸ੍ਰਿਸ਼ਟ ਸਬਾਈ ਆਪੇ ਪਾਏ ਵਿਚ ਭਰਮ, ਗੁਰਮੁਖ ਸਾਚੇ ਸੰਤ ਜਨ ਆਪੇ ਬੂਝ ਬੁਝਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਮਿਹਰਬਾਨ ਹੈ । ਉਠੇ ਜੋਧਾ ਬਲੀ ਸੂਰ । ਕਲਜੁਗ ਭਰਿਆ ਵਡਾ ਪੂਰ । ਦੂਰ ਦੁਰਾਡਾ ਹਰਿ ਜੀ ਵੇਖੇ, ਲੱਖ ਚੁਰਾਸੀ ਦੇਵੇ ਸੱਚਾ ਨੂਰ । ਪੰਚਮ ਜੇਠੀ ਹਾਜ਼ਰ ਹਜ਼ੂਰ । ਗੁਰਮੁਖਾਂ ਲਾਏ ਸਾਚੇ ਲੇਖੇ, ਬੇਮੁਖਾਂ ਆਤਮ ਧਨ ਭਰਿਆ ਗਰੂਰ । ਦਿਸ ਨਾ ਆਏ ਕਿਸੇ ਔਲੀਏ ਪੀਰ ਸ਼ੇਖ਼ੇ, ਨਾ ਜਗੇ ਜੋਤ ਕਿਤੇ ਕੋਹਤੂਰ । ਬੇਮੁਖ ਭੁਲੇ ਕਲਜੁਗ ਭਰਮ ਭੁਲੇਖੇ, ਪ੍ਰਗਟ ਹੋਇਆ ਨਿਹਕਲੰਕ ਸਰਬ ਕਲਾ ਭਰਪੂਰ । ਗੁਰਮੁਖ ਵਿਰਲਾ ਸੰਤ ਜਨ ਨੇਤਰ ਨੈਣ ਪੇਖੇ, ਪ੍ਰਭ ਦੇਵੇ ਸੱਚਾ ਨੂਰ । ਮਾਨਸ ਜਨਮ ਲਾਏ ਲੇਖੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰ । ਇਕ ਸ਼ਬਦ ਸੁਣਾਏ ਸਾਚੀ ਧੁਨ, ਨਾ ਕੋਈ ਜਾਣੇ ਰਿਖ ਮੁਨ, ਸ੍ਰਿਸ਼ਟ ਸਬਾਈ ਮਾਰੇ ਚੁਣ ਚੁਣ, ਲੱਖ ਚੁਰਾਸੀ ਕਰੇ ਚੂਰ । ਲੱਖ ਚੁਰਾਸੀ ਗੇੜ ਨਿਰਾਲੀ । ਏਕਾ ਜੋਤ ਨੂਰ ਅਕਾਲੀ । ਸ੍ਰਿਸ਼ਟ ਸਬਾਈ ਆਪ ਭੁਲਾਈ, ਪਾਈ ਮਾਇਆ ਜਗਤ ਜੰਜ਼ਾਲੀ ।

ਝੂਠੇ ਧੰਦੇ ਆਪੇ ਲਾਈ, ਆਤਮ ਰੱਖੀ ਸਰਬ ਕੰਗਾਲੀ । ਗੁਰਮੁਖ ਸਾਚੇ ਲਏ ਜਗਾਏ ਸੋਹੰ ਦੇਵੇ ਸੱਚੀ ਦਾਤ ਹਰਿ ਸੱਚਾ ਬਨਵਾਲੀ । ਆਪੇ ਪਾਏ ਸਾਚੇ ਰਾਹੇ, ਅੰਤਮ ਬਣੇ ਸੱਚਾ ਵਾਲੀ । ਲੱਖ ਚੁਰਾਸੀ ਧਰਮ ਰਾਏ ਗਲ ਪਾਏ ਫਾਹੇ, ਚਾਰੋਂ ਕੁੰਟ ਉਠ ਉਠ ਵੇਖਣ ਦਿਸਣ ਹੱਥ ਖਾਲੀ । ਵੇਲੇ ਅੰਤ ਨਾ ਕੋਇ ਛੁਡਾਏ, ਨਾ ਕੋਈ ਦੇਵੇ ਸੱਚਾ ਨਾਮ ਵਿਚ ਦਲਾਲੀ । ਗੁਰਮੁਖ ਸਾਚੇ ਸੰਤ ਜਨ ਆਪਣੀ ਸਰਨ ਲਗਾਏ ਦਇਆ ਕਮਾਏ, ਅੱਠੇ ਪਹਿਰ ਦਿਵਸ ਰੈਣ ਕਰੇ ਹਰਿ ਰਖਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਰਨ ਜਿਸ ਰਖਾ ਲੀ । ਹਰਿ ਰਾਖੇ ਸਭਨੀ ਥਾਉਂ ਹੈ । ਦਰਗਹਿ ਸਾਚੀ ਸਚ ਤਖ਼ਤ, ਸੁਲਤਾਨ ਕਰੇ ਸਚ ਨਿਆਉਂ ਹੈ । ਲੱਖ ਚੁਰਾਸੀ ਆਈ ਹਾਣ, ਕਿਸੇ ਨਾ ਮਿਲਣਾ ਦਰ ਸੱਚਾ ਮਾਣ ਹੈ । ਬਾਲ ਬਿਰਧ ਨੌਜਵਾਨ ਨਾ ਕੋਈ ਭੈਣ ਭਾਈ, ਨਾ ਕੋਈ ਪਿਤਾ ਨਾ ਕੋਈ ਮਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਨਿਹਕਲੰਕ ਸਾਚੀ ਜੋਤ ਮਾਤ ਪ੍ਰਗਟਾਈ ਹੈ । ਸਾਚਾ ਸ਼ਬਦ ਨਾਦ ਧੁਨ ਉਪਜਾਇੰਦਾ । ਗੁਰਮੁਖ ਸਾਚੇ ਲਏ ਸਾਧ, ਆਤਮ ਸੁੰਨ ਤੁੜਾਇੰਦਾ । ਸ਼ਬਦ ਲਿਖਾਏ ਬੋਧ ਅਗਾਧ, ਗੁਣ ਅਵਗੁਣ ਜਣਾਇੰਦਾ । ਜੋ ਜਨ ਰਸਨਾ ਲਏ ਅਰਾਧ, ਮੁਨ ਸੁੰਨ ਆਪ ਖੁਲ੍ਹਾਇੰਦਾ । ਲੱਖ ਚੁਰਾਸੀ ਵਿਚੋਂ ਲਾਧ, ਆਪਣੀ ਸਰਨ ਲਗਾਇੰਦਾ । ਆਪ ਮਿਟਾਏ ਵਾਦ ਵਿਵਾਦ, ਸਚ ਦਾਤ ਹਰਿ ਝੋਲੀ ਪਾਇੰਦਾ । ਪ੍ਰਭ ਅਬਿਨਾਸ਼ੀ ਮਾਧਵ ਮਾਧ, ਜੋਤ ਸਰੂਪੀ ਰਾਮ ਰਹੀਮ ਆਪ ਅਖਵਾਇੰਦਾ । ਸਾਚੀ ਦੇਵੇ ਸ਼ਬਦ ਦਾਦ, ਮਾਨਸ ਜਨਮ ਲੇਖੇ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜੋਤ ਸਰੂਪੀ ਹਰਿ ਲੋਕਮਾਤ ਜਾਮਾ ਪਾਇੰਦਾ । ਸਾਚਾ ਨਾਦ ਸ਼ਬਦ ਵਡਿਆਈ । ਗੁਰਮੁਖ ਸਾਚੇ ਸੰਤ ਜਨਾਂ ਦਰ ਪੂਰੇ ਪਾਈ । ਸਾਚਾ ਮਿਲਿਆ ਨਾਮ ਧਨਾ, ਹਉਮੇ ਰੋਗ ਗਵਾਈ । ਇਕ ਸੁਣਾਇਆ ਸ਼ਬਦ ਘਨਾ, ਦੂਈ ਦਵੈਤੀ ਮੇਟ ਮਿਟਾਈ । ਆਤਮ ਭਾਂਡਾ ਭਰਮ ਭੌ ਭੰਨਾ, ਸਾਚੀ ਦੇਵੇ ਜੋਤ ਰੁਸ਼ਨਾਈ । ਨਾ ਕੋਈ ਲਾਵੇ ਅੰਤਮ ਸੰਨ੍ਹਾ, ਪੰਜੇ ਚੋਰ ਨਾ ਸਕੇ ਚੁਰਾਈ । ਧਰਮ ਰਾਏ ਨਾ ਦਏ ਡੰਨਾ, ਪ੍ਰਭ ਅਬਿਨਾਸ਼ੀ ਵੇਲੇ ਅੰਤ ਹੋਏ ਸਹਾਈ । ਧੰਨ ਧੰਨ ਕਮਾਈ ਸੰਤ ਜਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਤੇਰੀ ਸੇਵ ਕਮਾਈ । ਸਚ ਸ਼ਬਦ ਸਹਿਜ ਸੁਖ ਧਾਰੀ । ਮੇਲ ਮਿਲਾਵਾ ਹਰਿ ਗਿਰਧਾਰੀ । ਪ੍ਰਗਟ ਹੋਏ ਦਰਸ ਦਿਖਾਏ, ਸਤਿ ਸਰੂਪੀ ਨੈਣ ਮੁਧਾਰੀ । ਦਇਆ ਕਮਾਏ ਘਨਕਪੁਰ ਵਾਸੀ, ਇਕੋ ਦੱਸੇ ਸ਼ਬਦ ਉਡਾਰੀ, ਬੇਮੁਖ ਘਰ ਘਰ ਕਰਨ ਹਾਸੀ, ਜੋ ਨਰ ਨਾਰ ਦਿਸਦੇ ਮਦਿਰਾ ਮਾਸੀ, ਵੇਲੇ ਅੰਤ ਹੋਣ ਖੁਆਰ । ਗੁਰਮੁਖਾਂ ਮਿਲਿਆ ਹਰਿ ਸ਼ਾਹੋ ਸ਼ਾਬਾਸੀ, ਨਿਹਕਲੰਕ ਸਚ ਭਤਾਰ । ਮਾਨਸ ਜਨਮ ਕਰਾਏ ਰਹਿਰਾਸੀ, ਲੱਖ ਚੁਰਾਸੀ ਗੇੜ ਨਿਵਾਰ । ਸੋਹੰ ਗਾਇਣ ਸਵਾਸ ਸਵਾਸੀ, ਪ੍ਰਭ ਬੇੜਾ ਕਰ ਜਾਏ ਪਾਰ । ਅੱਠੇ ਪਹਿਰ ਗੁਰਮੁਖ ਸਾਚੇ ਸੰਤ ਜਨ, ਦੋਏ ਜੋੜ ਚਰਨ ਸਰਨ ਕਰਨ ਨਿਮਸਕਾਰ । ਗੁਰਮੁਖਾਂ ਹਰਿ ਸਦ ਬਲ ਬਲ ਜਾਸੀ, ਅੱਠੇ ਪਹਿਰ ਕਰਦੇ ਰਹਿਣ ਇਕ ਪੁਕਾਰ । ਸ੍ਰਿਸ਼ਟ ਸਬਾਈ ਅੰਤ ਵਿਨਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਰਿਹਾ ਪੈਜ ਸਵਾਰ । ਸਚ ਸ਼ਬਦ ਸੱਚਾ ਧਨ ਮਾਲ । ਗੁਰਮੱਖ ਸਾਚਾ ਸੰਤ ਜਨ, ਨਾ ਹੋਏ ਮਾਤ ਕੰਗਾਲ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਾਚਾ ਫਲ ਲਗਾਏ ਕਾਇਆ ਡਾਲ । ਘਨਕਪੁਰ ਵਾਸੀ ਦੇਵੇ ਵਰ, ਆਤਮ ਜੋਤੀ ਦੇਵੇ ਬਾਲ । ਮੰਗਣ ਆਏ ਸੱਚਾ ਦਰ, ਸਾਚਾ ਸ਼ਬਦ ਇਕ ਲਵਾਏ ਤਿੰਨਾਂ ਲੋਕਾਂ ਸਾਚੀ ਛਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਗੁਰਮੁਖ ਸਾਚੇ ਲਏ ਭਾਲ । ਸਾਚਾ

ਸ਼ਬਦ ਸੰਤ ਜਣਾਈ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਵਰ, ਕਿਰਪਾ ਕਰ ਚੁਕਾਏ ਡਰ, ਦੇਵੇ ਸਚ ਰੁਸ਼ਨਾਈ । ਇਕ ਨਹਾਏ ਆਤਮ ਸਾਚੇ ਸਰ, ਗੁਰਮੁਖ ਕਾਇਆ ਠੰਡੀ ਠਾਰ ਰਖਾਈ । ਦੂਜਾ ਮੰਗਣ ਨਾ ਜਾਏ ਦਰ, ਜੋ ਜਨ ਨਿਹਕਲੰਕ ਆਏ ਤੇਰੀ ਸਰਨਾਈ । ਇਕ ਵਜਾਉਣਾ ਸ਼ਬਦ ਡੰਕ, ਚਾਰ ਕੁੰਟਾਂ ਸ਼ਬਦ ਜਣਾਈ । ਇਕ ਕਰਾਉਣਾ ਰਾਓ ਰੰਕ, ਰਾਜਾ ਰਾਣਾ ਤਖ਼ਤੋਂ ਲਾਹੀ । ਇਕ ਸੁਹਾਉਣਾ ਦਵਾਰ ਬੰਕ, ਗੁਰਮੁਖ ਆਤਮ ਸੇਜਾ ਇਕ ਬਣਾਈ । ਦੇਵੇ ਵਡਿਆਈ ਜਿਉਂ ਭਗਤ ਜਨਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਸਾਚਾ ਹਰਿ, ਅੰਤਮ ਕਲ ਹਰਿ ਸਾਚੀ ਜੋਤ ਪ੍ਰਗਟਾਈ । ਨਾਮ ਰਤਨ ਗੁਰ ਦੇਵੇ । ਪ੍ਰਭ ਅਬਿਨਾਸ਼ੀ ਅਲਖ ਅਭੇਵੇ । ਅੰਮ੍ਰਿਤ ਦੇਵੇ ਸਾਚਾ ਫਲ, ਸੋਹੰ ਸਾਚਾ ਮੇਵੇ । ਆਪ ਨੁਹਾਏ ਅੰਮ੍ਰਿਤ ਠਾਂਡੇ ਜਲ, ਪ੍ਰਭ ਅਬਿਨਾਸ਼ੀ ਵਡ ਦੇਵੀ ਦੇਵੇ । ਪੂਰ ਕਰਾਏ ਅੱਜ ਕੱਲ, ਗੁਰਮੁਖ ਤੇਰੀ ਮਾਨਸ ਜਨਮ ਵਾਲੀ ਸੇਵੇ । ਦੂਰ ਦੁਰਾਡਾ ਆਇਆ ਚਲ, ਸਚ ਦਵਾਰ ਲਿਆ ਮੱਲ, ਅੰਮ੍ਰਿਤ ਭਰਿਆ ਖਾਲੀ ਖਲ, ਬੇੜਾ ਕੀਤਾ ਪਾਰ । ਦਰਸ ਦਿਖਾਏ ਘੜੀ ਘੜੀ ਪਲ ਪਲ, ਨਾ ਕੋਈ ਕਰੇ ਵਲ ਛਲ, ਗਊ ਗਰੀਬ ਨਿਮਾਣਿਆਂ ਪ੍ਰਭ ਚੁੱਕਣ ਆਏ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਹਰਿ ਜਨ ਦਰ ਆਏ ਸਾਚੇ ਘਰ, ਫੜ ਬਾਹੋਂ ਬੇੜਾ ਕਰ ਜਾਏ ਪਾਰਾ । ਬੇੜਾ ਕਰੇ ਪਾਰ ਸਤਿਗੁਰ ਪੂਰਾ । ਆਪ ਮਿਟਾਏ ਲੱਖ ਚੁਰਾਸੀ ਵਾਲਾ ਝੇੜਾ, ਪ੍ਰਭ ਅਬਿਨਾਸ਼ੀ ਸਾਚਾ ਸੂਰਾ । ਆਪ ਕਟਾਏ ਆਵਣ ਜਾਣ ਗੇੜਾ, ਸਰਬ ਕਲਾ ਭਰਪੂਰਾ । ਇਕ ਵਸਾਏ ਕਾਇਆ ਨਗਰ ਖੇੜਾ, ਦੇਵੇ ਸੱਚੀ ਜੋਤੀ ਸਾਚਾ ਨੂਰਾ । ਕਲਜੁਗ ਮਿਟਦਾ ਜਾਂਦਾ ਝੇੜਾ, ਪ੍ਰਭ ਭਰਿਆ ਡੋਬੇ ਪੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਦਰ ਸੁਹਾਏ ਵਸੇ ਹਾਜ਼ਰ ਹਜ਼ੂਰਾ । ਉਠ ਬਲ ਧਾਰ ਗੁਰ ਚਰਨ ਨਿਮਾਣਿਆਂ । ਮਾਨਸ ਜਨਮ ਲੈ ਸਵਾਰ, ਇਹ ਵਕਤ ਕਿਸੇ ਹੱਥ ਨਾ ਆਏ ਰਾਜੇ ਰਾਣਿਆਂ । ਪ੍ਰਭ ਦੇਵੇ ਸ਼ਬਦ ਧਾਰ ਕਰੇ ਪਾਰ, ਨਾ ਕੋਈ ਵੰਞ ਮੁਹਾਣਿਆ । ਏਕੋ ਮਾਰ ਸ਼ਬਦ ਉਡਾਰ, ਆਪ ਰਖਾਏ ਸਚ ਟਿਕਾਣਿਆ । ਬਹਿੰਦਾ ਜਾਏ ਚਰਨ ਦਵਾਰ, ਜਗੇ ਜੋਤ ਹਰਿ ਭਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਿਸ ਕਲਜੁਗ ਅੰਤ ਪਛਾਣਿਆਂ । ਆਏ ਦਰ ਹੋ ਨਿਮਾਣਾ । ਪ੍ਰਭ ਅਬਿਨਾਸ਼ੀ ਦੇਵੇ ਮਾਣਾ । ਨਾ ਕੋਈ ਜਾਣੇ ਅੰਧਾ ਕਾਣਾ । ਗੁਰਮੁਖ ਸਾਚੇ ਸੰਤ ਜਨਾਂ ਧੁਰਦਰਗਾਹੀ ਸਾਚਾ ਰਾਣਾ । ਇਕੋ ਮਿਲਿਆ ਸਾਚਾ ਮਾਹੀ, ਫੜ ਫੜ ਸਾਚੇ ਦਰ ਬਹਾਨਾ । ਸਾਚੇ ਘਰ ਦਿਸਣ ਗੁਰਮੁਖ, ਉਹਨਾਂ ਚਾਈਂ ਚਾਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਸਦਾ ਗਾਣਾ । ਨੈਣ ਹੀਣ ਜਗਤ ਅੰਧੇਰਾ । ਨਾ ਕੋਈ ਜਾਣੇ ਸੰਝ ਸਵੇਰਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਆਪ ਚੁਕਾਏ ਮੇਰਾ ਤੇਰਾ । ਇਕ ਖੁਲ੍ਹਾਏ ਸਾਚਾ ਦਰ, ਆਤਮ ਘਰ ਕਰੇ ਹੇਰਾ ਫੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਪ੍ਰਭ ਭੇਵ ਖੁਲ੍ਹਾਏ, ਗੁਰ ਗੋਬਿੰਦ ਬਚਨ ਲਿਖਾਏ, ਆਪੇ ਗੁਰ ਆਪੇ ਚੇਰਾ । ਚੇਰਾ ਗੁਰ ਗੁਰ ਚੇਰਾ । ਇਕੋ ਜੋਤ ਤੇਰਾ ਮੇਰਾ । ਤੇਰਾ ਮੇਰਾ ਚਾਰੋਂ ਤਰਫ ਘੇਰਾ । ਕਾਇਆ ਕੋਟ ਨਗਰ ਖੇੜਾ ਖੁਲ੍ਹਾ ਵਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਕਲ ਜੋਤ ਪ੍ਰਗਟਾਈ, ਵੱਜੀ ਵਧਾਈ ਸੁਣੇ ਲੋਕਾਈ, ਕਲਜੁਗ ਤੇਰਾ ਅੰਤਮ ਵੇਲਾ । ਔਖੀ ਘਾਟੀ ਸੌਖਾ ਰਾਹ । ਪ੍ਰਭ ਅਬਿਨਾਸ਼ੀ ਪਾਰ ਕਰਾਏ ਫੜ ਕੇ ਬਾਂਹ । ਏਕਾ ਸੱਚਾ ਨਾਮ ਜਪਾਏ, ਸਦਾ ਰੱਖੇ ਠੰਡੀ ਛਾਂ । ਦਰਗਹਿ ਸਾਚੀ ਮਾਣ ਦਵਾਏ, ਸਾਚੇ ਥਾਂਏ ਲੇਖੇ ਲਾਏ, ਮਹਾਰਾਜ

੨੦੮ ੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਗੋਦ ਉਠਾਏ ਜਿਉਂ ਬਾਲਕ ਮਾਂ । ਆਪਣੀ ਗੋਦ ਹਰਿ ਆਪ ਉਠਾਵਣਾ । ਗੁਰਮੁਖ ਸੋਇਆ ਆਪ ਜਗਾਵਣਾ । ਉਨੰਜਾ ਪਵਣ ਸਿਰ ਛਤਰ ਝੁਲਾਵਣਾ । ਪ੍ਰਭ ਅਬਿਨਾਸ਼ੀ ਗੁਣ ਜਾਣੇ ਕਵਣ, ਇੱਕੋ ਇਕ ਕਲਜੁਗ ਅੰਤ ਨਿਸ਼ਾਨ ਝੁਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਸ੍ਰਿਸ਼ਟ ਸਬਾਈ ਗੁਰਮੁਖ ਸਾਚੇ ਸੰਤ ਜਨਾਂ, ਪੰਚਮ ਜੇਠ ਦਏ ਸੁਨੇਹੜਾ, ਚਲਦੀ ਚਲਦੀ ਸਾਚੀ ਪਵਣਾ । ਸਚ ਸੁਨੇਹੁੜਾ ਸਚ ਘਰ, ਸਤਿਗੁਰ ਸਾਚੇ ਦੇਣਾ ਘਲ । ਗੁਰਮੁਖ ਸਾਚੇ ਸੰਤ ਜਨ ਆਓ ਚਲ । ਉਠ ਉਠ ਸਾਚਾ ਮਿਲੇ ਨਾਮ ਧਨ, ਜਾਓ ਬਲ ਬਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਮ੍ਰਿਤ ਸਚ ਲਗਾਇਆ ਕਾਇਆ ਫਲ । ਸਚ ਕਰਮ ਹਰਿ ਆਪ ਕਰਾਏ । ਗੁਰਮੁਖਾਂ ਸਾਚਾ ਜਨਮ ਦਵਾਏ । ਜਨਮ ਕਰਮ ਆਪਣੇ ਹੱਥ ਰਖਾਏ । ਅੰਤਮ ਵੇਲੇ ਪ੍ਰਗਟ ਜੋਤ, ਆਤਮ ਸਭਨਾ ਭਰਮ ਚੁਕਾਏ । ਨਾ ਕੋਈ ਵਰਨ ਨਾ ਕੋਈ ਗੋਤ, ਜੋਤ ਸਰੂਪੀ ਡਗਮਗਾਏ । ਦੁਰਮਤ ਮੈਲ ਜਾਏ ਧੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਆਪਣੀ ਦਇਆ ਕਮਾਏ । ਦੁਰਮਤ ਮੈਲ ਜਾਏ ਉਤਾਰ । ਗੁਰਮਤ ਸਾਚੀ ਦੱਸੀ ਧਾਰ । ਹਿਰਦੇ ਵਸੇ ਕਰੇ ਪ੍ਰਕਾਸ਼ ਕੋਟ ਰਵ ਸੱਸੇ, ਜਾਏ ਤਾਰ । ਹਰਿ ਜੀ ਸਾਚਾ ਹਿਰਦੇ ਵਸੇ, ਮੇਟ ਮਿਟਾਏ ਅੰਧ ਅੰਧਿਆਰ । ਸ਼ਬਦ ਤੀਰ ਏਕਾ ਕਸੇ, ਸ੍ਰਿਸ਼ਟ ਸਬਾਈ ਆਰ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਖੰਡਾ ਹੱਥ ਉਠਾਏ ਤਿੱਖੀਆਂ ਰੱਖੇ ਦੋਵੇਂ ਧਾਰ । ਦੋਵੇਂ ਧਾਰ ਰੱਖੇ ਤਿੱਖੀ । ਸਾਚਾ ਲੇਖ ਜਾਏ ਲਿਖੀ । ਨਾ ਕੋਈ ਜਾਣੇ ਮੁਨੀ ਰਿਖੀ । ਸਾਚੀ ਦਾਤ ਕਿਸੇ ਹੱਥ ਨਾ ਆਏ ਨਾ ਕੋਈ ਪਾਵੇ ਸਾਚੀ ਭਿਖੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਸਰਨ, ਸਾਚੀ ਧਾਰ ਵਿਚ ਸੰਸਾਰ ਆਪ ਬੰਧਾਏ, ਊਚ ਨੀਚ ਏਕੋ ਜਾਣੇ ਸਾਚੀ ਸਿੱਖੀ । ਚਾਰ ਵਰਨ ਇਕ ਦਵਾਰਾ । ਏਕਾ ਸ਼ਬਦ ਇਕ ਅਧਾਰਾ । ਏਕਾ ਕੰਤ ਇਕ ਭਤਾਰਾ । ਬਣਦੀ ਜਾਏ ਬਣਤ, ਜਨ ਆਏ ਚਲ ਦਵਾਰਾ । ਮਹਿੰਮਾ ਜਗਤ ਅਗਣਤ, ਨਾ ਪਾਏ ਕੋਈ ਸਾਰਾ । ਆਵੇ ਜਾਵੇ ਆਦਿ ਅੰਤ, ਜੁਗੋ ਜੁਗ ਵਾਰੋ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਅੰਤਮ ਕਲ ਕੀਆ ਖੇਲ ਅਪਰ ਅਪਾਰਾ । ਜੋਤ ਸਰੂਪੀ ਕੀਆ ਖੇਲ । ਗੁਰਮੁਖ ਸਾਚੇ ਲਏ ਮੇਲ । ਆਪੇ ਬਣੇ ਸੱਜਣ ਸੁਹੇਲ । ਬੇਮੁਖ ਝੂਠੇ ਮਾਇਆ ਲੂਠੇ, ਅੰਤਮ ਹੋਏ ਮੂਧੇ ਠੂਠੇ, ਆਪ ਧਕਾਏ ਧਰਮ ਰਾਏ ਦੀ ਜੇਲ । ਗੁਰਮੁਖ ਸਾਚੇ ਸੰਤ ਜਨਾਂ ਆਤਮ ਜੋਤੀ ਦੀਪ ਜਗਾਏ, ਸ਼ਬਦ ਬੱਤੀ ਇਕੋ ਲਾਏ, ਨਾ ਕੋਈ ਦੂਜਾ ਪਾਏ ਤੇਲ । ਨਾ ਕੋਈ ਤੇਲ ਨਾ ਕੋਈ ਬਾਤੀ । ਜਗੇ ਜੋਤ ਇਕ ਇਕਾਂਤੀ । ਗੁਰਮੁਖ ਆਤਮ ਮਾਰ ਝਾਤੀ । ਨਿਹਕਲੰਕ ਕਲ ਜਾਮਾ ਪਾਇਆ, ਗੁਰਮੁਖਾਂ ਚੁਕਾਉਣ ਆਇਆ ਬਾਕੀ । ਸੋਹੰ ਸਾਚਾ ਡੰਕ ਵਜਾਇਆ, ਗੁਰਸਿਖ ਉਠਾਏ ਸੁਤਿਆਂ ਰਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਹਰਿ, ਆਦਿ ਅੰਤ ਜੁਗਾ ਜੁਗੰਤ, ਬਾਹਰ ਵਸੇ ਜਾਤੀ ਪਾਤੀ । ਗੁਰਸਿਖ ਆਤਮ ਗਹਿਰ ਗੰਭੀਰ । ਇਕੋ ਦਿੱਤੀ ਪ੍ਰਭ ਸਾਚੇ ਧੀਰ । ਨਾ ਕੋਈ ਸਕੇ ਮਾਤ ਚੀਰ । ਨਾ ਕੋਈ ਤੱਕੇ ਅੰਤ ਅਖ਼ੀਰ । ਪੰਜੇ ਚੋਰ ਸ਼ਬਦ ਡੰਡੇ ਬਾਹਰ ਧੱਕੇ, ਕੱਢੇ ਹਉਮੇ ਪੀੜ । ਨਾ ਹਰਿ ਮਿਲੇ ਮਦੀਨੇ ਮੱਕੇ, ਲੱਭਦੇ ਫਿਰਨ ਪੀਰ ਫ਼ਕੀਰ । ਈਸਾ ਮੂਸਾ ਕਿਸੇ ਹੱਥ ਨਾ ਆਏ ਬੂਰੇ ਕੱਕੇ, ਨੇਤਰ ਵਗਣ ਸਭ ਦੇ ਨੀਰ । ਦਾਣਾ ਪਾਣੀ ਸਭ ਦਾ ਚੁੱਕੇ, ਹੋਏ ਵਕਤ ਅਖ਼ੀਰ । ਹਰਿ ਕਾ ਭਾਣਾ ਨਾ ਕੋਈ ਡੱਕੇ, ਸ੍ਰਿਸ਼ਟ ਸਬਾਈ ਦੋਹੀਂ ਹੱਥੀਂ ਰਿਹਾ ਚੀਰ । ਨਾ ਹੋਣਾ ਕਿਸੇ ਸਹਾਈ

੨੦੯
੦੪

ਭਾਈ ਭੈਣ ਸੱਕੇ, ਲੱਗੇ ਸੋਹੰ ਸ਼ਬਦ ਸਾਚਾ ਤੀਰ । ਇਕ ਸ਼ਬਦ ਨਕੇਲ ਪਾਏ ਬੇਮੁਖਾਂ ਨੱਕੇ, ਨਾ ਕੋਈ ਦੇਵੇ ਧੀਰ । ਲਾੜ੍ਹੀ ਮੌਤ ਮਗਰ ਲਗਾਈ, ਧਰਮ ਰਾਏ ਦੇ ਘਰ ਵਿਚ ਧੱਕੇ, ਕਿਸੇ ਹੱਥ ਨਾ ਆਉਣਾ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਲਿਆ ਅਵਤਾਰ, ਗੁਰਮੁਖ ਸਾਚੇ ਜਾਏ ਤਾਰ, ਦੇਵੇ ਦਰਸ ਕਰ ਤਰਸ ਕਰੇ ਸ਼ਾਂਤ ਸਰੀਰ । ਸ਼ਾਂਤ ਸਰੀਰਾ ਆਤਮ ਧੀਰਾ । ਮਿਲਿਆ ਹਰਿ ਵਡ ਪੀਰਨ ਪੀਰਾ । ਏਕਾ ਸ਼ਬਦ ਰਸਨ ਪਿਆਇਆ ਸਾਚਾ ਸੀਰਾ । ਗੁਰਮੁਖ ਸਾਚਾ ਸਾਚੀ ਜੋਤ ਮਿਲਾਇਆ, ਬਣਾਇਆ ਸਾਚਾ ਹੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਗੁਰਮੁਖ ਸਾਚੇ ਸੰਤ ਜਨਾਂ ਕਟਣ ਆਇਆ ਭੀੜਾਂ । ਸੰਤ ਜਨ ਕਰਨ ਪੁਕਾਰੀ । ਪ੍ਰਭ ਅਬਿਨਾਸ਼ੀ ਕਰ ਵਿਚਾਰ, ਕਲਜੁਗ ਅੰਤਮ ਵਾਰੀ । ਪ੍ਰਗਟ ਹੋ ਘਨਕਪੁਰ ਵਾਸੀ, ਪਾਈਂ ਸਾਚੀ ਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਏ ਜੋੜ ਚਰਨ ਸਰਨ ਕਰਨ ਨਿਮਸਕਾਰੀ । ਜਨ ਭਗਤ ਸਦਾ ਪੁਕਾਰਦੇ । ਸ਼ਬਦ ਸਰੂਪੀ ਵਾਜਾਂ ਮਾਰਦੇ । ਜੋਤ ਸਰੂਪੀ ਦਰਸ ਹਰਿ ਨਿਰੰਕਾਰ ਦੇ । ਅੱਠੇ ਪਹਿਰ ਕਰੀਂ ਤਰਸ, ਅੰਮ੍ਰਿਤ ਮੇਘ ਸਾਚਾ ਬਰਸ, ਤਪਿਆ ਸੀਨਾ ਠਾਰ ਦੇ । ਆਪ ਮਿਟਾ ਕਲਜੁਗ ਵਾਲੀ ਹਰਸ, ਪੰਚਮ ਜੇਠ ਪੂਰੇ ਹੋਏ ਦਸ ਬਰਸ, ਸਾਚਾ ਦਰਸ ਸਿਰਜਣਹਾਰ ਦਾਤਾਰ ਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਵਡਾ ਸ਼ਾਹੋ ਭੂਪੀ, ਨਾ ਕੋਈ ਰੰਗ ਨਾ ਕੋਈ ਰੂਪੀ, ਏਕਾ ਨਾਮ ਅਧਾਰ ਦੇ । ਦੇਵੇ ਨਾਮ ਸ਼ਬਦ ਅਧਾਰਾ । ਗੁਰਮੁਖ ਦੇਵੇ ਨਾਮ ਅਪਾਰਾ । ਜੋਤ ਜਗਾਏ ਮਿਟਾਏ ਅੰਧ ਅੰਧਿਆਰਾ । ਦੁਰਮਤ ਮੈਲ ਧੋਤ ਵਖਾਏ, ਕਰੇ ਇਕ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚਾ ਹਰਿ ਖੋਲ੍ਹ ਵਖਾਏ ਦਸਮ ਦਵਾਰਾ ।



ਦਸਮ ਦਵਾਰਾ ਗੁਰਸਿਖ ਖੁਲ੍ਹੇ । ਸ਼ਬਦ ਪੰਘੂੜਾ ਸਾਚਾ ਝੂਲੇ । ਮਿਲਿਆ ਹਰਿ ਵਡ ਦੂਲੋ ਦੂਲ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਏ ਗੁਰਮੁਖ ਤੇਰੇ ਕਾਇਆ ਚੋਲੇ । ਸੰਤਾਂ ਬੰਨ੍ਹੇ ਸ਼ਬਦ ਡੋਰ । ਜਿਧਰ ਚਾਹੇ ਲਏ ਤੋਰ । ਜਗਤ ਹੋਏ ਅੰਧੇਰ ਘੋਰ । ਗੁਰਮੁਖ ਸਾਚੇ ਸੰਤ ਜਨਾਂ ਅੱਠੇ ਪਹਿਰ ਜੋਤ ਸਰੂਪੀ, ਧੁਨ ਸ਼ਬਦ ਸ਼ਬਦ ਧੁਨ ਪੌਂਦੀ ਰਹੇ ਸ਼ੋਰ । ਸਚ ਪੁਕਾਰ ਲਏ ਸੁਣ, ਆਪ ਚੁਕਾਏ ਮੋਰ ਤੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚਾ ਵਾਸ ਰਖਾਏ, ਆਪ ਆਪਣਾ ਦਰਸ ਦਿਖਾਏ, ਨੇੜ ਨਾ ਆਇਣ ਪੰਜੇ ਚੋਰ । ਪੰਜਾਂ ਚੋਰਾਂ ਦੇਵੇ ਕੱਢ । ਆਪ ਖੁਲ੍ਹਾਏ ਸਾਚਾ ਹੱਟ । ਕਲਜੁਗ ਬੇਮੁਖ ਜੀਵਾਂ, ਕਾਇਆ ਝੂਠਾ ਮੱਟ । ਸਾਢੇ ਤਿੰਨ ਹੱਥ ਆਉਣੀ ਸੀਆਂ, ਖੇਲ ਜਿਉਂ ਬਾਜੀਗਰ ਨਟ । ਜਨ ਭਗਤਾਂ ਮਿਲਦਾ ਹੋ ਕੇ ਨੀਵਾਂ, ਵਸੇ ਘਟ ਘਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ ਜੋਤ ਜਗੇ ਲਟ ਲਟ । ਲਟ ਲਟ ਜਗੇ ਜੋਤ ਵਿਚ ਲਲਾਟ । ਜਨ ਸੰਤਾਂ ਪੂਰ ਕਰਾਏ ਪਿਛਲਾ ਘਾਟ । ਵਖਾਏ ਅੱਗੇ ਨੇੜੇ ਵਾਟ । ਬਜ਼ਰ ਕਪਾਟੀ ਜਾਏ ਪਾਟ । ਔਖੀ ਘਾਟੀ ਸਾਚਾ ਰਸ ਰਸਨਾ ਚਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੁਰਮਤ ਮੈਲ ਦੋ ਹੱਥੀਂ ਰਿਹਾ ਕਾਟ । ਦੁਰਮਤ ਮੈਲ ਆਪ ਧੁਆਏ । ਅੰਮ੍ਰਿਤ ਸਾਚਾ ਮੁਖ ਚੁਆਏ । ਜਗਤ ਤ੍ਰਿਸ਼ਨਾ ਭੁੱਖ ਗਵਾਏ । ਏਕਾ ਸੁਖ ਹਰਿ ਉਪਜਾਏ । ਸੁਫਲ ਕਰਾਏ ਮਾਤ ਕੁੱਖ, ਜੋ ਜਨ ਸਰਨਾਈ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਸਾਚੇ ਧਾਮ ਆਪ ਵਸਾਏ । ਕਲਜੁਗ ਤੇਰੀ ਅੰਤਮ ਨਈਆ । ਚਾਰ ਵਰਨ ਹਰਿ ਜੀ ਬਣਾਏ ਭੈਣਾਂ ਭਈਆ । ਸਾਚੇ ਲੇਖ ਲਿਖਾਏ ਏਕਾ ਹੁਕਮ ਇਕ ਦੀਬਾਣ । ਜੋਤ ਸਰੂਪੀ ਭੇਖ ਵਟਾਏ, ਦਿਸ ਕਿਸੇ ਨਾ ਆਇਣ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਆਪ ਬੰਨ੍ਹਾਏ, ਜਗਤ ਝੇੜਾ ਅੰਤ ਚੁਕਾਏ, ਗੁਰਮੁਖ ਸਾਚੇ ਸੰਤ ਚੜ੍ਹਾਏ, ਬੇਮੁਖਾਂ ਡੋਬੇ ਝੂਠੀ ਨਈਆ । ਗੁਰਮੁਖ ਸਾਚੇ ਜਾਣ ਚੜ੍ਹ । ਬੇਮੁਖ ਝੂਠੇ ਜਾਣ ਹੜ੍ਹ । ਗੁਰਮੁਖ ਸਾਚੇ ਅੰਦਰ ਜਾਣ ਵੜ । ਕਲਜੁਗ ਜੀਵ ਝੂਠੇ ਬੰਦਰ, ਧਰਮ ਰਾਏ ਲਏ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਅੱਠੇ ਪਹਿਰ ਗੁਣ ਅਵਗੁਣ ਨਾਲ ਰਿਹਾ ਲੜ । ਸਾਚੀ ਨਈਆ ਜਗਤ ਨਬੇੜਾ । ਗੁਰਸਿਖ ਆਤਮ ਵਸੇ ਖੇੜਾ । ਅੰਤਮ ਬੰਨ੍ਹੇ ਹਰਿ ਜੀ ਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਾਏ ਅੰਤਮ ਢਾਹੇ ਕਿਹੜਾ । ਸਾਚੀ ਨਈਆ ਲਾਏ ਤਾਰੀ । ਕਲਜੁਗ ਤੇਰੀ ਅੰਤਮ ਵਾਰੀ । ਸੰਸਾਰ ਸਾਗਰ ਕੱਚੀ ਗਾਗਰ, ਪ੍ਰਭ ਅਬਿਨਾਸ਼ੀ ਪਾਰ ਉਤਾਰੀ । ਨਿਰਮਲ ਕਰਮ ਹੋਏ ਉਜਾਗਰ, ਜਨ ਆਏ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚੱਪੂ ਆਪ ਲਗਾਏ, ਧੱਕੀ ਜਾਏ ਵਾਰੋ ਵਾਰੀ । ਸੋਹੰ ਚੱਪੂ ਦਿਤਾ ਲਾ । ਸਾਚੇ ਰਾਹੇ ਦਿਤਾ ਪਾ । ਗੁਰਸਿਖ ਕੋਈ ਨਾ ਕਰੇ ਨਾਹ । ਅੱਗੇ ਮਿਲੇ ਸੱਚਾ ਥਾਂ । ਪ੍ਰਭ ਅਬਿਨਾਸ਼ੀ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਵਡ ਸ਼ਾਹੋ ਭੂਪ ਸਾਚੇ ਧਾਮ ਲਏ ਵਸਾ । ਨਈਆ ਚਲੇ ਡੂੰਘਰ ਨੀਰ । ਕਲਜੁਗ ਸਾਗਰ ਰਹੀ ਚੀਰ । ਘਤੀ ਜਾਏ ਇਕ ਵਹੀਰ । ਮਿਲਾਉਂਦੀ ਜਾਏ ਸੰਤਾਂ ਸੰਤ ਵਿਛੜੇ ਵੀਰ । ਬਣਾਉਂਦੀ ਜਾਏ ਸਾਚੀ ਬਣਤ, ਮਾਰੀ ਜਾਏ ਸ਼ਬਦ ਤੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਪਾਰ ਲਗਾਏ, ਕਲਜੁਗ ਅੰਤ ਅਖ਼ੀਰ । ਬੇੜੀ ਚਲੇ ਡੂੰਘੇ ਵਹਿਣ । ਗੁਰਮੁਖ ਸਾਚੇ ਸੰਤ ਜਨ, ਇਸ ਦੇ ਉਤੇ ਬਹਿਣ । ਜੂਠਾ ਝੂਠਾ ਮਾਲ ਧਨ, ਨਾ ਜਾਨਣ ਕੋਈ ਭਾਈ ਭੈਣ । ਸਾਚਾ ਸ਼ਬਦ ਲੈਣਾ ਸੁਣ, ਹਰਿ ਬਣੇ ਸਾਚਾ ਸਾਕ ਸੱਜਣ ਸੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਦਰਸ ਦਿਖਾਏ ਗੁਰਸਿਖ ਤੀਜੇ ਨੈਣ । ਸਾਚੀ ਨਈਆ ਅੰਤ ਲਹਿਰ । ਕਲਜੁਗ ਵਰਤੇ ਡਾਹਢਾ ਕਹਿਰ । ਨਾ ਕੋਈ ਦਿਸੇ ਨਗਰ ਖੇੜਾ, ਨਾ ਕੋਈ ਦਿਸੇ ਸ਼ਹਿਰ । ਧਰਤ ਮਾਤ ਤੇਰਾ ਖੁੱਲ੍ਹਾ ਵਿਹੜਾ, ਗੁਰਸਿਖਾਂ ਹਰਿ ਬੰਨ੍ਹੇ ਬੇੜਾ, ਕਰ ਕਰ ਆਪਣੀ ਮਿਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਚੱਪੂ ਆਪ ਲਗਾਏ, ਵੰਝ ਮੁਹਾਣਾ ਹੱਥ ਰਖਾਏ, ਸਾਚਾ ਰਾਣਾ ਦਇਆ ਕਮਾਏ, ਗੁਰਮੁਖਾਂ ਚੜ੍ਹਾਏ ਨਾ ਲਾਏ ਦੇਰ । ਨਈਆ ਤੇਰਾ ਉਚ ਮੁਨਾਰਾ । ਮਿਟਦਾ ਜਾਏ ਜਗਤ ਪਸਾਰਾ । ਚਾਰ ਵਰਨ ਆਈ ਹਾਰਾ । ਨਾ ਕੋਈ ਦਿਸਿਆ ਪਾਰ ਕਿਨਾਰਾ । ਚਾਰ ਕੁੰਟ ਭੌਂਦੀ ਰਹੇ, ਵਾਹੋ ਦਾਹੋ ਝੂਠੇ ਸਾਕ ਬਣਾਉਂਦੀ ਰਹੇ, ਅੰਤਮ ਆਈ ਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੋਲ੍ਹੇ ਸੱਚਾ ਇਕ ਦਵਾਰਾ । ਸਾਚੀ ਨਈਆ ਸ਼ਬਦ ਵੰਝ ਮੁਹਾਣਾ । ਨਾ ਕੋਈ ਚੜ੍ਹੇ ਰਾਜਾ ਰਾਣਾ । ਗਰੀਬ ਨਿਮਾਣਾ ਹਰਿ ਜੀ ਫੜੇ, ਆਪ ਬਹਾਏ ਦੱਸੇ ਸਚ ਟਿਕਾਣਾ । ਦੂਜਾ ਅੰਦਰ ਨਾ ਕੋਈ ਵੜੇ, ਪ੍ਰਭ ਅਬਿਨਾਸ਼ੀ ਦਰ ਦੁਰਕਾਣਾ । ਦੂਰ ਦੁਰਾਡੇ ਦੇਖਣ ਖੜੇ, ਸੰਸਾਰ ਸਾਗਰ ਨਾ ਕਿਸੇ ਪਾਰ ਕਰਾਣਾ । ਕਲਜੁਗ ਫਲ ਅੰਤਮ ਝੜੇ, ਦੂਜੀ ਵੇਰ ਨਾ ਕਿਸੇ ਡਾਲ ਲਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪੂਰੀ ਘਾਲ ਆਪੇ ਲੇਖੇ ਲਾਣਾ । ਕਲਜੁਗ ਨਈਆ ਤਿੱਖੀ ਧਾਰ, ਸ੍ਰਿਸ਼ਟ ਸਬਾਈ ਕਰੇ ਦੋ ਫਾੜ । ਸਾਚੀ ਕਰਨੀ ਕਰੇ ਪਹਿਲੀ ਹਾੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਝੂਠੀ ਨਈਆ ਵਿਚ ਮਾਤ ਦੋ ਹੱਥੀਂ ਦੇਵੇ ਪਾੜ । ਹਰਿ ਸੱਜਣ ਸਾਚਾ ਕੰਤ । ਜਗਤ ਸੁਹੇਲਾ, ਸੋਹੰ ਸ਼ਬਦ ਸੁਣਾਏ ਸਾਚਾ ਛੰਤ । ਆਪ ਕਰਾਏ ਸਚ ਨਬੇੜਾ, ਕਲਜੁਗ ਵੇਲਾ

ਅੰਤ । ਹਰਿ ਦਿਸੇ ਇਕ ਇਕੇਲੜਾ, ਗੁਰਮੁਖ ਵਿਰਲਾ ਪਾਏ ਸੰਤ । ਅਚਰਜ ਖੇਲ ਵਿਚ ਮਾਤ ਪ੍ਰਭ ਖੇਲੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਨਿਧਾਨ ਬ੍ਰਹਮ ਗਿਆਨ ਅੰਤਮ ਅੰਤ । ਧੰਨ ਕਮਾਈ ਸੰਤ ਜਨ, ਹਰਿ ਰਸਨ ਧਿਆਉਂਦੇ । ਧੰਨ ਕਮਾਈ ਭਗਤ ਜਨ, ਪ੍ਰਭ ਦਰਸ਼ਨ ਪਾਉਂਦੇ । ਧੰਨ ਕਮਾਈ ਸੰਤ ਜਨ, ਚਰਨ ਪ੍ਰੀਤ ਸੇਵ ਕਮਾਉਂਦੇ । ਧੰਨ ਕਮਾਈ ਭਗਤ ਜਨ, ਦੇਵੀ ਦੇਵ ਏਕਾ ਪੁਰਖ ਮਨਾਉਂਦੇ । ਧੰਨ ਕਮਾਈ ਸੰਤ ਜਨ, ਮਿਲੇ ਵਡਿਆਈ ਭਗਤ ਜਨ, ਦੋਵੇਂ ਜੋਤੀ ਇਕੋ ਗੋਤੀ, ਪ੍ਰਭ ਅਬਿਨਾਸ਼ੀ ਸਾਚਾ ਪਾਉਂਦੇ । ਧੰਨ ਕਮਾਈ ਸੰਤ ਜਨ, ਆਤਮ ਚਾਨਣ । ਧੰਨ ਕਮਾਈ ਭਗਤ ਜਨ, ਮਿਲਿਆ ਨਾਮ ਸੱਚਾ ਦਾਨਣ । ਧੰਨ ਕਮਾਈ ਸੰਤ ਜਨ, ਮਿਲੇ ਚਰਨ ਧੂੜ ਇਸ਼ਨਾਨਣ । ਧੰਨ ਕਮਾਈ ਭਗਤ ਜਨ, ਆਤਮ ਜੋਤ ਜਗੀ ਹੋਇਆ ਬ੍ਰਹਮ ਗਿਆਨਣ । ਧੰਨ ਕਮਾਈ ਸੰਤ ਜਨ, ਮਿਲੇ ਵਡਿਆਈ ਭਗਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਹੱਥੀਂ ਬੰਨ੍ਹੇ ਗਾਨਣ । ਧੰਨ ਵਡਿਆਈ ਸੰਤ ਜਨ, ਮਿਲਿਆ ਹਰਿ ਸੱਚਾ ਭਰਪੂਰ । ਧੰਨ ਕਮਾਈ ਭਗਤ ਜਨ, ਹੋਏ ਆਤਮ ਰੁਸ਼ਨਾਈ ਜਿਉਂ ਕੋਹਤੂਰ । ਧੰਨ ਕਮਾਈ ਸੰਤ ਜਨ, ਮਿਲੇ ਵਡਿਆਈ ਭਗਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਧਿਰਾਂ ਦੀ ਆਸਾ ਮਨਸਾ ਪੂਰ । ਜਾਣਾ ਸਚ ਦਵਾਰ ਸੱਚਾ ਧਾਮ ਹੈ । ਨਾ ਕੋਈ ਕਿਲ੍ਹਾ ਨਾ ਕੋਈ ਦਵਾਰ, ਦਿਸੇ ਸਾਚਾ ਰਾਮ ਹੈ । ਨਾ ਅੰਧੇਰਾ ਨਾ ਸ਼ਾਮ, ਇਕੋ ਜੋਤ ਅਕਾਰ ਹੈ । ਨਾ ਸੁੱਕਾ ਨਾ ਹਰਿਆ ਚਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਤੂਰ ਇਕੋ ਨਾਮ ਹੈ । ਗੁਰ ਸੰਗਤ ਤੇਰੀ ਪੂਰੀ ਘਾਲ । ਪ੍ਰਭ ਅਬਿਨਾਸ਼ੀ ਆਪੇ ਲਏ ਸੁਰਤ ਸੰਭਾਲ । ਸਰਬ ਘਟ ਵਾਸੀ, ਅੱਠੇ ਪਹਿਰ ਕਰੇ ਪ੍ਰਿਤਪਾਲ । ਸੋਹੰ ਜਪਣਾ ਸਵਾਸ ਸਵਾਸੀ, ਚਰਨ ਪ੍ਰੀਤੀ ਨਿਭੇ ਨਾਲ । ਅੰਤਮ ਕਲ ਕਿਸੇ ਨਾ ਲੱਭਣਾ ਪੰਡਤ ਵਿਚ ਕਾਸ਼ੀ, ਮਾਝੇ ਦੇਸ ਬੈਠਾ ਜੋਤੀ ਬਾਲ । ਲੱਖ ਚੁਰਾਸੀ ਦੇਵੇ ਫਾਸੀ, ਗੁਰਸਿਖ ਦੱਸੇ ਰਾਹ ਸੁਖਾਲ । ਅੰਤਮ ਢਾਹੇ ਮਦਿਰਾ ਮਾਸੀ, ਕਲਜੁਗ ਖਾਏ ਕਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ ਚਲੇ ਅਵਲੜੀ ਚਾਲ । ਚਲੇ ਚਾਲ ਸ੍ਰਿਸ਼ਟ ਸਬਾਈ, ਆਪੇ ਬਣ ਜਾਏ ਸਾਚਾ ਹਾਲੀ । ਵਾਹੁੰਦਾ ਜਾਏ ਢਾਹੁੰਦਾ ਜਾਏ, ਗੁਰਮੁਖ ਸਾਚੇ ਫੜ ਫੜ ਬਾਹੋਂ ਉਠਾਉਂਦਾ ਜਾਏ, ਸਤਿਜੁਗ ਬੂਟੇ ਲਾਉਂਦਾ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਲੱਖ ਚੁਰਾਸੀ ਅੰਦਰ ਵਸੇ, ਕੋਈ ਹਿਰਦਾ ਦਿਸੇ ਨਾ ਖਾਲੀ । ਕਾਇਆ ਅੰਦਰ, ਸਾਚਾ ਮੰਦਰ ਡੂੰਘੀ ਕੰਦਰ । ਪ੍ਰਭ ਅੰਦਰ ਵੜ ਮਾਰ ਦੜ ਮਾਰੀ ਬੈਠਾ ਜੰਦਰ । ਬੇਮੁਖ ਜੀਵ ਚਾਰੋਂ ਵਰਨ, ਚਾਰੋਂ ਕੁੰਟ ਭੌਂਦੇ ਘਰ ਘਰ ਬੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਹਰਿ ਨਰ, ਵੇਲੇ ਅੰਤ ਕਿਸੇ ਹੱਥ ਨਾ ਆਉਣਾ ਗੋਰਖ ਮਛੰਦਰ । ਗੋਰਖ ਮਛੰਦਰ ਗੋਪੀ ਨਾਥ । ਤ੍ਰੈਲੋਕੀ ਨਾਥ ਸਗਲਾ ਸਾਥ । ਸਾਚਾ ਲੇਖ ਲਿਖਾਏ ਮਾਥ । ਸੋਹੰ ਚੜ੍ਹਾਏ ਸਾਚੇ ਰਾਥ । ਅੰਤਮ ਰੱਖੇ ਦੇ ਕਰ ਹਾਥ । ਜਗਤ ਚਲਾਏ ਸਾਚੀ ਗਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਗਲ ਵਸੂਰੇ ਜਾਇਣ ਲਾਥ । ਲਗਾਏ ਭੋਗ ਹਰਿ ਭਗਵਾਨ । ਗੁਰਮੁਖਾਂ ਦੇਵੇ ਸਾਚਾ ਮਾਣ । ਸ਼ਬਦ ਸੁਣਾਏ ਸਾਚਾ ਕਾਨ । ਚਰਨ ਧੂੜ ਕਰਾਏ ਇਕ ਇਸ਼ਨਾਨ । ਆਤਮ ਮੂੜ੍ਹ ਰੰਗ ਚੜ੍ਹਾਏ ਗੂੜ੍ਹ, ਬਣਾਏ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਭੋਗ ਭਗਵਾਨ ਭਗਤ ਅਧਾਰ । ਜੀਅ ਜਹਾਨੀ ਜਗਤ ਸੁਧਾਰ । ਮਾਣ ਤਾਣ ਵਿਚ ਜਹਾਨ ਸ਼ਬਦ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਕਿਰਪਾ ਕਰੇ ਅਪਰ ਅਪਾਰ । ਨਾਮ ਨਿਧਾਨ ਜਗਤ ਦਾਤ । ਗੁਰਮੁਖਾਂ ਦੇਵੇ ਧੁਰਦਰਗਾਹੀ ਸਾਚੀ ਸੁਗਾਤ । ਗੁਰਮੁਖ ਵਿਰਲਾ ਲੇਵੇ, ਦਰ ਘਰ ਸਾਚੇ ਨਾ ਕੋਈ ਜਾਣੇ ਜਾਤ ਪਾਤ । ਅੱਠੇ ਪਹਿਰ ਰਸਨਾ ਸੇਵੇ, ਆਪ ਮਿਟਾਏ ਅੰਧੇਰੀ ਰਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੱਚਾ ਆਸਣ ਲਾਏ, ਜੋਤ ਸਰੂਪੀ ਡਗਮਗਾਏ, ਬੈਠਾ ਰਹੇ ਇਕ ਇਕਾਂਤ । ਇਕ ਇਕਾਂਤ ਠੰਡਾ ਠਾਰ । ਬੈਠਾ ਰਹੇ ਹਰਿ ਦਵਾਰ । ਗੁਰਮੁਖ ਵਿਰਲਾ ਭਾਣਾ ਸਿਰ ਤੇ ਸਹੇ, ਜਿਸ ਦੇਵੇ ਸ਼ਬਦ ਅਧਾਰ । ਗੁਰ ਸੰਗਤ ਜੋ ਰਲ ਮਿਲ ਰਹੇ, ਪ੍ਰਭ ਅਬਿਨਾਸ਼ੀ ਬੇੜਾ ਕਰ ਜਾਏ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਕਰਮ ਮਾਨਸ ਜਨਮ ਦੋਵੇਂ ਰਿਹਾ ਸਵਾਰ । ਨਾਮ ਨਿਧਾਨ ਵਡ ਬਲਕਾਰਾ । ਗੁਰਮੁਖਾਂ ਬੰਨ੍ਹੇ ਸਾਚੀ ਧਾਰਾ । ਬੇਮੁਖਾਂ ਡੰਨੇ ਵਿਚ ਸੰਸਾਰਾ । ਕਲਜੁਗ ਅੰਤਮ ਭੰਨੇ, ਚੌਥੇ ਜੁਗ ਪਹਿਲੀ ਵਾਰਾ । ਕਿਸੇ ਹੱਥ ਨਾ ਆਉਣਾ ਥਾਲੀ ਛੰਨੇ, ਦਰ ਦਰ ਫਿਰਨ ਭਿਖਾਰਾ । ਕਲਜੁਗ ਜੀਵ ਆਤਮ ਅੰਨ੍ਹੇ, ਆਤਮ ਭਰਿਆ ਇਕ ਹੰਕਾਰਾ । ਆਪੇ ਕਰੇ ਖੰਨ ਖੰਨੇ, ਮਾਰੇ ਸ਼ਬਦ ਖੰਡਾ ਦੋ ਧਾਰਾ । ਆਪੇ ਘੜੇ ਆਪੇ ਭੰਨੇ, ਜੋਤ ਸਰੂਪੀ ਹਰਿ ਨਿਰੰਕਾਰਾ । ਬੇਮੁਖਾਂ ਵੇਲੇ ਅੰਤਮ ਡੰਨੇ, ਲਾਹੇ ਤਨ ਅਫਾਰਾ । ਗੁਰਮੁਖਾਂ ਬੇੜਾ ਆਪੇ ਬੰਨ੍ਹੇ, ਚੁੱਕੇ ਭਾਰ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਸਰਨ, ਸਤਿਜੁਗ ਸਾਚੇ ਖੋਲ੍ਹੇ ਇਕੋ ਇਕ ਦਵਾਰਾ । ਨਾਮ ਨਿਧਾਨ ਜਗਤ ਸੁਖਦਾਈ । ਪ੍ਰਭ ਅਬਿਨਾਸ਼ੀ ਸਰਬ ਘਟ ਵਾਸੀ, ਗੁਰਮੁਖਾਂ ਆਤਮ ਦਏ ਵਧਾਈ । ਗਲੋਂ ਕਟੇ ਜਮ ਕੀ ਫਾਸੀ, ਹੱਥੀਂ ਲਾਹੇ ਕਲਜੁਗ ਛਾਹੀ । ਸਾਚਾ ਨਾਮ ਜਪਾਏ ਸਵਾਸ ਸਵਾਸੀ, ਦਰਸ ਦਿਖਾਏ ਥਾਉਂ ਥਾਈਂ । ਪੰਡਤ ਲੱਭਦੇ ਫਿਰਨ ਕਾਸ਼ੀ, ਮਾਝੇ ਦੇਸ ਹੋਏ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਤਿੰਨਾਂ ਲੋਕਾਂ ਏਕਾ ਸ਼ਬਦ ਦਏ ਜਣਾਈ । ਨਾਮ ਨਿਧਾਨ ਜਗਤ ਸੰਦੇਸ਼ । ਪ੍ਰਭ ਅਬਿਨਾਸ਼ੀ ਸਾਚਾ ਦੇਵੇ, ਕਲਜੁਗ ਅੰਤਮ ਕਰੇ ਭੇਸ । ਜੋਤ ਸਰੂਪੀ ਵਡ ਦੇਵੀ ਦੇਵੇ, ਖੁਲ੍ਹੇ ਰੱਖੇ ਕੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਤਮ ਦਰ ਖੜਾ ਰਹੇ ਅੱਠੇ ਪਹਿਰ ਬਣ ਦਰਵੇਸ਼ । ਦਰ ਦਰਵੇਸ਼ ਦਰ ਪੁਕਾਰੇ । ਆਸਣ ਬੈਠਾ ਲਾਏ ਭਾਰੇ । ਸ਼ਬਦ ਸਰੂਪੀ ਵਾਜਾਂ ਮਾਰੇ । ਜੋਤ ਸਰੂਪੀ ਹਰਿ ਚਮਤਕਾਰੇ । ਨਾ ਕੋਈ ਰੰਗ ਨਾ ਕੋਈ ਰੂਪੀ, ਕਲਜੁਗ ਜੀਵ ਨਾ ਕੋਈ ਪਾਵੇ ਸਾਰੇ । ਵਡੇ ਭੁਲੇ ਸ਼ਾਹੋ ਭੂਪੀ, ਆਤਮ ਹੋਏ ਅੰਧ ਅੰਧਿਆਰੇ । ਇਕੋ ਜੋਤ ਸਤਿ ਸਰੂਪੀ, ਨਿਹਕਲੰਕ ਨਰਾਇਣ ਨਰ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਾਰ ਕੁੰਟ ਆਪ ਕਰਾਏ ਜੈ ਜੈ ਜੈਕਾਰੇ । ਸੋਹੰ ਚਲੇ ਜਗਤ ਜੈਕਾਰਾ । ਕਲਜੁਗ ਤੇਰੀ ਅੰਤਮ ਵਾਰਾ । ਬੇਮੁਖਾਂ ਸਿਰ ਧਰਿਆ ਆਰਾ । ਆਪੇ ਚੀਰ ਚਿਰਾਏ, ਕਰੇ ਦੋ ਫਾੜਾ । ਗੁਰਮੁਖਾਂ ਧੀਰ ਧਰਾਏ, ਪ੍ਰਭ ਅਬਿਨਾਸ਼ੀ ਪਹਿਲੀ ਹਾੜਾ । ਸ਼ਾਹ ਸੁਲਤਾਨ ਪੀਰ ਫ਼ਕੀਰ ਹਕੀਰ ਬਣਾਏ, ਧਰਤ ਮਾਤ ਬਣਾਏ ਇਕ ਅਖਾੜਾ । ਸ੍ਰਿਸ਼ਟ ਸਬਾਈ ਨਾ ਕੋਈ ਧੀਰ ਧਰਾਏ, ਨਾਰਾਂ ਛੱਡਣ ਸਾਚਾ ਲਾੜਾ । ਬਾਲਕ ਮਾਤ ਨਾ ਸੀਰ ਪਿਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੋ ਸ਼ਬਦ ਸੱਚਾ ਸੋਹੰ, ਕਲਜੁਗ ਲਾਇਆ ਸਿਰ ਕੁਹਾੜਾ । ਸੋਹੰ ਸ਼ਬਦ ਸਚ ਕੁਹਾੜੀ । ਕਲਜੁਗ ਜੀਆਂ ਸਿਰ ਰਿਹਾ ਪਾੜੀ । ਹੋ ਹੋ ਨੀਵਾਂ ਪਕੜੇ ਦਾਹੜੀ । ਕਿਸੇ ਨਾ ਦਿਸੇ ਪਿਛਾ ਅਗਾੜੀ । ਪਹਿਲੀ ਕੂਟ ਆਈ ਹਿੱਸੇ, ਉਮਤ ਨਬੀ ਰਸੂਲ ਦੀ ਕਟੀ ਜਾਏ ਦਿਨ ਦਿਹਾੜੀ । ਜੂਠੀ ਝੂਠੀ ਜੀਵ ਚੱਕੀ ਪੀਸੇ, ਲੁਕਿਆ ਰਹਿਣ ਨਾ ਦੇਵੇ ਕੋਈ ਜੰਗਲ ਜੂਹ ਉਜਾੜ ਪਹਾੜੀ । ਆਪਣਾ ਭੇਵ

੨੧੩
੦੪

ਨਾ ਕਿਸੇ ਦੱਸੇ, ਗੁਰਮੁਖਾਂ ਵਸੇ ਨਾੜੀ ਨਾੜੀ । ਮਾਇਆ ਫਾਹੀ ਸਾਰੇ ਫਸੇ, ਧਰਮ ਰਾਏ ਦਰ ਜਾਏ ਵਾੜੀ । ਲਾੜੀ ਮੌਤ ਦਰ ਘਰ ਵੇਖ ਵੇਖ ਹੱਸੇ, ਕਲਜੁਗ ਤੇਰੀ ਪੱਕੀ ਵਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦਿਤਾ ਵਰ, ਮੈਂ ਗਈ ਮਾਤ ਭਰ, ਜਾਵਾਂ ਘਰ ਘਰ, ਚਾਰ ਕੁੰਟ ਦਿਸਾਵਾਂ ਇਕੋ ਇਕ ਉਜਾੜੀ । ਚਾਰ ਕੁੰਟ ਹੋਏ ਉਜਾੜ । ਬਚਿਆ ਰਹੇ ਨਾ ਕੋਈ ਜੰਗਲ ਜੂਹ ਵਿਚ ਪਹਾੜ । ਲਹਿਣਾ ਦੇਣਾ ਆਪੇ ਲਏ, ਸ੍ਰਿਸ਼ਟ ਸਬਾਈ ਆਪ ਚਬਾਏ ਆਪਣੀ ਦਾੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮੇਟੇ ਮੇਟ ਮਿਟਾਏ, ਲੱਖ ਚੁਰਾਸੀ ਜੋ ਘੜਿਆ ਘਾੜ । ਲੱਖ ਚੁਰਾਸੀ ਘਾੜਨ ਘੜਿਆ । ਵੇਲੇ ਅੰਤ ਨਾ ਕੋਈ ਅੜਿਆ । ਪ੍ਰਭ ਅਬਿਨਾਸ਼ੀ ਏਕਾ ਖੰਡਾ ਸੋਹੰ ਹੱਥ ਵਿਚ ਫੜਿਆ । ਸਾਚਾ ਮਾਰੇ ਸਿਰ ਵਿਚ ਡੰਡਾ, ਕੋਈ ਨਾ ਰਹੇ ਅੰਦਰ ਵੜਿਆ । ਸਾਚਾ ਖੇਲ ਕਰੇ ਵਿਚ ਵਰਭੰਡਾ, ਸ਼ਬਦ ਸਰੂਪੀ ਘੋੜੀ ਚੜ੍ਹਿਆ । ਆਪੇ ਪਾਉਂਦਾ ਜਾਏ ਵੰਡਾਂ ਵਿਚ ਨਵਖੰਡਾ, ਅੱਡ ਕਰਾਏ ਸਿਰ ਧੜਿਆ । ਚਾਰੋਂ ਕੁੰਟ ਚਲੇ ਚੰਡ ਪ੍ਰਚੰਡਾ, ਗੁਰਸਿਖਾਂ ਪਾਏ ਠੰਡਾ, ਦਰ ਦਵਾਰੇ ਆਏ ਖੜਿਆ । ਘਰ ਘਰ ਰੋਵਣ ਨਾਰਾਂ ਰੰਡਾਂ, ਕਲਜੁਗ ਜੀਵ ਝੂਠਾ ਧੜਿਆ । ਆਤਮ ਤੋੜੇ ਸਰਬ ਘਮੰਡਾ, ਜੋਤ ਸਰੂਪੀ ਸਾਚਾ ਲੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਪਾਰ ਉਤਾਰੇ, ਚਰਨ ਆਏ ਜੋ ਨਿਮਸਕਾਰੇ, ਆਪੇ ਫੜੇ ਗੁਰਸਿਖਾਂ ਲੜਿਆ । ਗੁਰਸਿਖਾਂ ਲੈਣਾ ਲੜ ਫੜ । ਹਰਿ ਕੀ ਪੌੜੀ ਜਾਣਾ ਚੜ੍ਹ । ਤੋੜ ਦੇਣਾ ਕਿਲ੍ਹਾ ਹੰਕਾਰੀ ਗੜ੍ਹ । ਇਕ ਮਹੱਲ ਸਚ ਅਟਾਰੀ, ਗੁਰਮੁਖ ਸਾਚੇ ਅੰਦਰ ਜਾਣਾ ਵੜ । ਨਿਹਚਲ ਧਾਮ ਸਾਚੇ ਰਾਮ ਜੁਗੋ ਜੁਗ ਅਟੱਲ, ਆਪ ਲੈ ਜਾਏ ਬਾਹੋਂ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਅਵਤਾਰ ਨਰ ਕਿਰਪਾ ਕਰੇ ਸਾਚਾ ਹਰਿ ਦੇਵੇ ਵਰ, ਗੁਰਮੁਖ ਸਾਚਾ ਰਾਹ ਵਿਚ ਨਾ ਜਾਏ ਅੜ । ਦਰ ਆਏ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮਾਨਸ ਜਨਮ ਦੇ ਸਵਾਰ । ਦਰਸ਼ਨ ਪਾਇਆ ਪਹਿਲੀ ਵਾਰ । ਜੋਤ ਸਰੂਪੀ ਹਰਿ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਕਾਇਆ ਕਰੇ ਠੰਡੀ ਠਾਰ । ਦੁੱਖਾਂ ਦਰਦਾਂ ਕਰੇ ਨਬੇੜਾ । ਸੁਖ ਵਖਾ ਕਾਇਆ ਨਗਰ ਖੇੜਾ । ਕਲਜੁਗ ਅੰਤਮ ਵੇਲਾ, ਪ੍ਰਭ ਅਬਿਨਾਸ਼ੀ ਬੰਨ੍ਹੇ ਬੇੜਾ । ਆਪੇ ਬਣੇ ਸੱਜਣ ਸੁਹੇਲਾ, ਲੱਖ ਚੁਰਾਸੀ ਮਿਟਾਇਆ ਗੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚੇ ਹਰਿ ਦਿਤਾ ਵਰ, ਵੇਲੇ ਅੰਤ ਕਰੇ ਨਬੇੜਾ । ਆਤਮ ਦੁੱਖ ਕਟੇ ਫਾਹੀ । ਕਾਇਆ ਲਾਹੇ ਝੂਠੀ ਛਾਹੀ । ਮਿਲਿਆ ਹਰਿ ਸਾਚਾ ਮਾਹੀ । ਅੱਗੋਂ ਮਿਲਿਆ ਕਰ ਕੇ ਲੰਮੀਆਂ ਬਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਰਬ ਵੇਖੇ ਥਾਉਂ ਥਾਈਂ । ਮੰਗਣ ਆਇਆ ਇਕ ਦਵਾਰਾ । ਪ੍ਰਭ ਅਬਿਨਾਸ਼ੀ ਸੱਚੋ ਸਚ ਸੱਚੀ ਸਰਕਾਰਾ । ਘਨਕਪੁਰ ਵਾਸੀ ਪ੍ਰਗਟ ਜੋਤ, ਸਾਚਾ ਦੇਵੇ ਨਾਮ ਅਧਾਰਾ । ਆਪ ਕਰਾਏ ਬੰਦ ਖ਼ਲਾਸੀ, ਆਤਮ ਲੇਖਾ ਪਾਵੇ ਸਾਰਾ । ਰਸਨਾ ਗਾਵੇ ਸਵਾਸ ਸਵਾਸੀ, ਖੁਲ੍ਹੇ ਦਰ ਦਵਾਰਾ । ਮਾਨਸ ਜਨਮ ਕਰਾਏ ਰਹਿਰਾਸੀ, ਅੰਮ੍ਰਿਤ ਝਿਰਨਾ ਆਪ ਝਿਰਾਏ, ਕਾਇਆ ਕਰੇ ਠੰਡੀ ਠਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਰਿ ਕਿਰਪਾ ਕਰ ਲਾਹੇ ਤਨ ਅਫਾਰਾ । ਆਤਮ ਲੱਗਾ ਦੁੱਖ ਭਾਰਾ । ਕਲਜੁਗ ਦੇਵੇ ਨਾ ਕੋਈ ਸਹਾਰਾ । ਦਿਵਸ ਰੈਣ ਅੱਠੇ ਪਹਿਰ ਆਤਮ ਰੋਵੇ ਕਰੇ ਹਾਹਾਕਾਰਾ । ਹੰਝੂ ਨਾਲ ਮੁਖੜਾ ਧੋਵੇ, ਨਾ ਸੁਣੇ ਕੋਈ ਪੁਕਾਰਾ । ਸਾਚਾ ਬੀਜ ਹਰਿ ਜੀ ਬੋਵੇ, ਗੁਰਮੁਖ ਆਏ ਚਲ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ

੨੧੪
੦੪

ਨਿਤਾਣਿਆਂ ਬੇਮੁਹਾਣਿਆਂ ਆਪੇ ਹੋਏ ਸਹਾਰਾ । ਆਪੇ ਹੋਏ ਸਹਾਰ ਜਗਤ ਨਿਮਾਣਿਆਂ । ਦੇਵੇ ਸੱਚਾ ਨਾਮ ਬ੍ਰਹਮ ਗਿਆਨਿਆ । ਦੇਖੇ ਸੱਚਾ ਨਾਮ ਵਾਲੀ ਦੋ ਜਹਾਨਿਆਂ । ਸੁੱਕਾ ਹਰਿਆ ਕਰੇ ਚਾਮ, ਦੇਵੇ ਦਾਤ ਸ਼ਬਦ ਵਡ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਲੇ ਹੱਥ ਨਾ ਆਏ ਕਿਸੇ ਰਾਜਿਆਂ ਰਾਣਿਆਂ । ਆਤਮ ਆਇਆ ਦਰ ਭਿਖਾਰੀ । ਪ੍ਰਭ ਅਬਿਨਾਸ਼ੀ ਪਾਏ ਸਾਰੀ । ਦੁੱਖਾਂ ਰੋਗਾਂ ਕਰੇ ਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਜਾਏ ਉਤਾਰੀ । ਪਾਰ ਉਤਾਰਾ ਦੇਵੇ ਕਰ । ਵਿਚ ਸੰਸਾਰ ਮਿਲਿਆ ਵਰ । ਸ਼ਬਦ ਅਧਾਰਾ ਸਾਚਾ ਹਰਿ । ਜਗਤ ਪਸਾਰਾ ਚੁਕਾਏ ਜਮ ਕਾ ਡਰ । ਇਕ ਵਖਾਏ ਸੱਚਾ ਘਰ । ਜਿਥੇ ਵਸੇ ਸਾਚਾ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਆਪ ਪਿਲਾਏ, ਦੂਈ ਦਵੈਤੀ ਮਿਟਾਏ ਦੁੱਖ ਲੱਗਾ ਭਾਰਾ । ਪੂਰਬ ਕਰਮ ਹਰਿ ਵਿਚਾਰੇ । ਜੋਤ ਸਰੂਪੀ ਵਾਜਾਂ ਮਾਰੇ । ਦੇਵੇ ਸਾਚੀ ਸ਼ਬਦ ਧੁਨ, ਆਏ ਚਲ ਦਵਾਰੇ । ਲੱਖ ਚੁਰਾਸੀ ਵਿਚੋਂ ਜਨ, ਆਤਮ ਤੋੜੇ ਸਰਬ ਹੰਕਾਰੇ । ਕਵਣ ਜਾਣੇ ਹਰਿ ਤੇਰੇ ਗੁਣ, ਕਲਜੁਗ ਜੀਵ ਹੋਏ ਗਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਇਆ ਕਮਾਏ, ਆਪ ਮਿਟਾਏ ਆਤਮ ਅੰਧ ਅੰਧਿਆਰੇ । ਆਤਮ ਮਿਟੇ ਅੰਧੇਰ ਜੋਤ ਪ੍ਰਕਾਸ਼ਿਆ । ਗੁਰਸਿਖ ਨਾ ਜਾਣੇ ਸੰਞ ਸਵੇਰ, ਮਿਲਿਆ ਹਰਿ ਪੁਰਖ ਅਬਿਨਾਸ਼ਿਆ । ਪ੍ਰਗਟ ਹੋਏ ਦਰਸ ਦਿਖਾਏ ਨਾ ਲਾਏ ਦੇਰ, ਰੱਖੇ ਵਾਸ ਸਰਬ ਘਟ ਵਾਸਿਆ । ਦਰ ਘਰ ਹਰਿ ਚਰਨ ਬਹਾਏ ਘੇਰ, ਗੁਰਮੁਖ ਸਾਚੇ ਸਦ ਬਲ ਬਲ ਜਾਸਿਆ । ਆਪੇ ਤਾਰੇ ਕਰ ਕਰ ਮਿਹਰ , ਕਰੇ ਬੰਦ ਖਲਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਸਵਾਸ ਸਵਾਸਿਆ । ਰਸਨਾ ਗਾਏ ਗੁਰ ਗੋਬਿੰਦਾ । ਆਪ ਮਿਟਾਏ ਆਤਮ ਚਿੰਦਾ । ਗੁਰਸਿਖ ਬਣਾਏ ਸਾਚੀ ਬਿੰਦਾ । ਦੇਵੇ ਵਡਿਆਈ ਸਰਨ ਲਗਾਏ ਸੁਰਪਤ ਰਾਜੇ ਇੰਦਾ । ਹੋਏ ਸਹਾਈ ਆਤਮ ਤੋੜੇ ਜਿੰਦਾ । ਬੇਮੁਖਾਂ ਦਏ ਸਜਾਈ, ਕਲਜੁਗ ਅੰਤਮ ਜੋ ਕਰਨ ਨਿੰਦਾ । ਗੁਰਮੁਖ ਤੇਰੀ ਆਤਮ ਵੱਜਦੀ ਰਹੇ ਵਧਾਈ, ਮਿਲਿਆ ਹਰਿ ਗੁਣੀ ਗਹਿੰਦਾ । ਦਰ ਘਰ ਸਾਚੇ ਆਏ ਚਾਈਂ ਚਾਈਂ, ਆਦਿ ਅੰਤ ਜਗਤ ਬਖ਼ਸ਼ਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਧਾਮ ਆਪ ਵਸੰਦਾ । ਬਹੱਤਰ ਨਾੜੀ ਤਿੰਨ ਸੌ ਸੱਠ ਹਾਡੀ ਜੋੜੇ । ਲੱਗਾ ਕਾਇਆ ਦੁੱਖ ਕੋੜ੍ਹੇ । ਪ੍ਰਭ ਅਬਿਨਾਸ਼ੀ ਵਾਗਾਂ ਮੋੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਇਕ ਚੜ੍ਹਾਏ ਸ਼ਬਦ ਘੋੜੇ । ਹੱਡੀ ਨਾੜੀ ਲੱਗੇ ਤਾੜੀ । ਆਸ ਪਾਸ ਹਿਰਦੇ ਵਾਸ, ਨਾ ਦਿਸੇ ਕਿਸੇ ਪਿਛੇ ਅਗਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖਾਂ ਰੋਗਾਂ ਦਰ ਬਹਾਏ ਦਇਆ ਕਮਾਏ, ਸ਼ਬਦ ਡੰਡੇ ਨਾਲ ਜਾਏ ਝਾੜੀ ।



### ❇ ੫ ਵਿਸਾਖ ੨੦੧੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ ਪਿੰਡ ਵੈਰੋਵਾਲ ਜ਼ਿਲਾ ਅੰਮ੍ਰਿਤਸਰ ❇

ਜਗਤ ਗਰੀਬ ਨਿਮਾਣਿਆਂ, ਦੇਵੇ ਚਰਨ ਸਹਾਰਾ । ਆਪ ਚਲਾਏ ਆਪਣੇ ਭਾਣਿਆਂ, ਦੇਵੇ ਨਾਮ ਅਧਾਰਾ । ਦੇਵੇ ਮਾਣ ਵਿਚ ਵਡੇ ਰਾਜੇ ਰਾਣਿਆਂ, ਕਲਜੁਗ ਤੇਰੀ ਅੰਤਮ ਵਾਰਾ । ਆਪ ਬਣਾਏ ਸੁਘੜ ਸਿਆਣਿਆਂ, ਆਤਮ ਭਰੇ ਸ਼ਬਦ ਭੰਡਾਰਾ । ਗੁਰਮੁਖ ਵਿਰਲੇ ਕਲ ਪਛਾਣਿਆਂ,

ਨਿਹਕਲੰਕ ਲਿਆ ਅਵਤਾਰਾ । ਜਿਸ ਜਨ ਆਤਮ ਮਾਰੇ ਬਾਣਿਆਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਅਪਰ ਅਪਾਰਾ । ਅਗੰਮ ਅਪਾਰ ਹਰਿ ਕਰਤਾਰ । ਆਪੇ ਵੇਖੇ ਕਰੇ ਵਿਚਾਰ । ਗੁਰਮੁਖ ਸਾਚਾ ਨੇਤਰ ਪੇਖੇ, ਪ੍ਰਭ ਅਬਿਨਾਸ਼ੀ ਦਰ ਦਰਬਾਰ । ਬੇਮੁਖ ਰਹੇ ਭਰਮ ਭੁਲੇਖੇ, ਕਲਜੁਗ ਅੰਤਮ ਆਈ ਹਾਰ । ਆਪ ਮਿਟਾਏ ਬਿਧਨਾ ਲਿਖੀ ਰੇਖੇ, ਸਾਚਾ ਬਣੇ ਲੇਖ ਲਿਖਾਰ । ਜੋਤ ਸਰੂਪੀ ਧਾਰ ਭੇਖੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਅਵਗੁਣ ਸਰਬ ਰਿਹਾ ਵਿਚਾਰ । ਆਪ ਵਿਚਾਰੇ ਦਰ ਦਰਬਾਰੇ । ਪ੍ਰਗਟ ਜੋਤ ਜੋਤ ਸਰੂਪ, ਜਨ ਭਗਤਾਂ ਦੇਵੇ ਜੋਤ ਅਧਾਰੇ । ਨਾ ਕੋਈ ਰੰਗ ਨਾ ਕੋਈ ਰੂਪ, ਸਾਚੀ ਦੇਵੇ ਸ਼ਬਦ ਉਡਾਰੇ । ਪ੍ਰਗਟ ਹੋਇਆ ਮਾਝੇ ਦੇਸ ਵਿਚ ਅੰਧ ਕੂਪ, ਕਲਜੁਗ ਰੈਣ ਅੰਧ ਅੰਧਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਪਕੜ ਬਾਹੋਂ ਅੰਤਮ ਵੇਲੇ ਪਾਰ ਉਤਾਰੇ । ਪਾਰ ਉਤਾਰਨਹਾਰ ਹਰਿ ਸਮਰੱਥ ਹੈ । ਦੇਵੇ ਸ਼ਬਦ ਅਧਾਰ ਵਿਚ ਸੰਸਾਰ, ਆਤਮ ਦੁੱਖੜੇ ਜਾਇਣ ਲੱਥ ਹੈ । ਬਖ਼ਸ਼ੇ ਚਰਨ ਪਿਆਰ, ਅੰਤਮ ਵੇਲੇ ਲਾਏ ਪਾਰ, ਭਾਣਾ ਰੱਖੇ ਆਪਣੇ ਹੱਥ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਦਾਤ ਸ਼ਬਦ ਵਡ ਕਰਾਮਾਤ, ਸੱਚੀ ਸੁੱਚੀ ਵਥ ਹੈ । ਦੇਵੇ ਵਥ ਸਚ ਸੁਲਤਾਨਾ । ਆਤਮ ਵਸੂਰੇ ਜਾਇਣ ਲਥ, ਕਿਰਪਾ ਕਰੇ ਹਰਿ ਭਗਵਾਨਾ । ਬੇਮੁਖਾਂ ਜਾਏ ਮਥ, ਕਲਜੁਗ ਅੰਤਮ ਨਾ ਪਛਾਨਾ । ਜਗਤ ਚਲਾਏ ਸਾਚੀ ਗਥ, ਸੋਹੰ ਸ਼ਬਦ ਵਡ ਮਹਾਨਾ । ਆਪ ਚੜ੍ਹਾਏ ਸ਼ਬਦ ਰਥ, ਗੁਰਸਿਖ ਉਡਾਏ ਵਿਚ ਬਬਾਣਾ । ਅੰਤ ਰੱਖੇ ਦੇ ਕਰ ਹੱਥ, ਜੋਤ ਸਰੂਪੀ ਹਰਿ ਭਗਵਾਨਾ । ਬੇਮੁਖਾਂ ਹਰਿ ਜਾਏ ਮਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣੀ ਨਿਧਾਨਾ । ਗੁਣਵੰਤ ਗੁਣੀ ਨਿਧਾਨੀ । ਸਾਚੀ ਦੇਵੇ ਨਾਮ ਨਿਸ਼ਾਨੀ । ਅੰਮ੍ਰਿਤ ਪਿਆਏ ਆਤਮ ਸੱਚਾ ਪਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਰਾਗ ਸੁਣਾਏ, ਹੱਥ ਨਾ ਆਏ ਵਿਚੋਂ ਕਿਸੇ ਖਾਣੀ ਬਾਣੀ । ਖਾਣੀ ਬਾਣੀ ਕਰੇ ਪੁਕਾਰ । ਜੋਤ ਸਰੂਪੀ ਹਰਿ ਨਿਰੰਕਾਰ । ਗੁਰਮੁਖ ਸਾਚੇ ਕਰ ਵਿਚਾਰ । ਪ੍ਰਭ ਅਬਿਨਾਸ਼ੀ ਸਚ ਭਤਾਰ । ਲੋਕਮਾਤ ਆਇਆ ਜਾਮਾ ਧਾਰ । ਸਾਚਾ ਵਕਤ ਸੁਹਾਇਆ, ਜਨ ਭਗਤ ਦਵਾਰ । ਗੁਰ ਸੰਗਤ ਸਾਚੀ ਸੰਗ ਰਲਾਇਆ, ਆਤਮ ਦੁੱਖੜਾ ਦਏ ਨਿਵਾਰ । ਪੁਰਖ ਅਬਿਨਾਸ਼ੀ ਸਾਚਾ ਪਾਇਆ, ਰਸਨਾ ਕੀਆ ਮੰਗਲਾਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਜੋਤ ਸਰੂਪੀ ਦੇਵੇ ਦਰਸ ਅਗੰਮ ਅਪਾਰ । ਗਊ ਗਰੀਬ ਦਰ ਨਿਮਾਣਾ । ਆਪੇ ਕਰੇ ਹਰਿ ਪਛਾਣਾ । ਨਾ ਕੋਈ ਜਾਣੇ ਰਾਜਾ ਰਾਣਾ । ਨਾ ਕੋਈ ਪਰਖੇ ਸੁਘੜ ਸਿਆਣਾ । ਅੰਮ੍ਰਿਤ ਮੇਘ ਸਾਚਾ ਬਰਖੇ, ਗੁਰਮੁਖ ਜਾਣੇ ਹਰਿ ਬਾਲ ਅੰਵਾਣਾ । ਅੰਤਮ ਵੇਲੇ ਹਰਿ ਜੀ ਰੱਖੇ, ਵਸੇ ਸਚ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਕਾਂ ਲਾਏ ਆਪ ਇਕ ਉਡਾਨਾ, ਆਪ ਚੜ੍ਹਾਏ ਸ਼ਬਦ ਬਿਬਾਨਾ । ਸ਼ਬਦ ਬਿਬਾਣੇ ਜਾਏ ਚੜ੍ਹ । ਸ੍ਰਿਸ਼ਟ ਸਬਾਈ ਆਪ ਵਹਾਏ ਵਹਿੰਦੇ ਹੜ੍ਹ । ਨਾ ਕੋਈ ਦੀਸੇ ਕਿਲ੍ਹਾ ਗੜ੍ਹ । ਆਪ ਉਖੇੜੇ ਸਭ ਦੀ ਜੜ੍ਹ । ਦੁਸ਼ਟ ਦੁਰਾਚਾਰੀ ਵਡ ਹੰਕਾਰੀ ਮਾਇਆਧਾਰੀ, ਕੋਈ ਨਾ ਸਕੇ ਅੱਗੇ ਅੜ । ਚਾਰੋਂ ਕੁੰਟ ਹੋਏ ਖੁਆਰੀ, ਪੰਚਮ ਜੇਠ ਪਹਿਲੀ ਵਾਰੀ, ਕੱਚੇ ਫਲ ਜਾਣੇ ਝੜ । ਜੋਤ ਸਰੂਪੀ ਹਰਿ ਨਿਰੰਕਾਰੀ, ਗੁਰਮੁਖ ਆਤਮ ਦਰ ਦਵਾਰੇ ਖੜ । ਆਪੇ ਕਟੇ ਦੁੱਖਾਂ ਭੁੱਖਾਂ ਕਾਰੀ, ਪ੍ਰਭ ਅਬਿਨਾਸ਼ੀ ਬਾਹੋਂ ਫੜ । ਵੇਲੇ ਅੰਤ ਨਾ ਆਏ ਹਾਰੀ, ਇਕੋ ਅੱਖਰ ਸੋਹੰ ਜੋ ਜਨ ਲਏ ਪੜ੍ਹ । ਗੁਰ ਚਰਨ ਸਰਨ ਜਾਓ ਬਲਿਹਾਰੀ, ਸਾਚੇ

ਅੰਦਰ ਜਾਏ ਵੜ । ਪ੍ਰਭ ਅਬਿਨਾਸ਼ੀ ਜਾਏ ਤਾਰੀ, ਆਪ ਬੰਨਾਏ ਆਪਣੇ ਲੜ । ਚਰਨ ਲਗਾਏ ਵਾਰੋ ਵਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਭੰਨੇ ਆਪੇ ਲਏ ਘੜ । ਭਾਂਡਾ ਭਉ ਹਰਿ ਹਰਿ ਭੰਨਣਾ । ਗੁਰਮੁਖ ਆਤਮ ਸਾਚੇ ਮੰਨਣਾ । ਹਰਿ ਹਿਰਦੇ ਵਾਚੇ ਬੇੜਾ ਬੰਨ੍ਹਣਾ । ਪ੍ਰਭ ਅਬਿਨਾਸ਼ੀ ਸਾਚੋ ਸਾਚੇ, ਦੂਜਾ ਦਰ ਕੋਈ ਨਾ ਮੰਗਣਾ । ਲੱਖ ਚੁਰਾਸੀ ਵੰਗ ਕਾਚੀ, ਗੁਰਸਿਖ ਕਾਇਆ ਸਾਚਾ ਕੰਗਣਾ । ਆਪੇ ਢਾਲੇ ਸਾਚੇ ਢਾਂਚੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਨਾ ਹੋਏ ਭੰਗਣਾ । ਮਾਨਸ ਜਨਮ ਆਪ ਸਵਾਰੇ । ਆਏ ਚਲ ਹਰਿ ਦਵਾਰੇ । ਕਿਰਪਾ ਕਰੇ ਸਾਚਾ ਹਰਿ ਦੇਵੇ ਵਰ, ਗੁਰਮੁਖ ਸਾਚਾ ਜਾਏ ਤਰ, ਮਿਲੇ ਸ਼ਬਦ ਭੰਡਾਰੇ । ਕਲਜੁਗ ਅੰਤਮ ਜਾਏ ਤਰ, ਆਪ ਨੁਹਾਏ ਸਾਚੇ ਸਰ, ਇਕ ਖੁਲ੍ਹਾਏ ਆਤਮ ਦਰ, ਦੇਵੇ ਦਰਸ ਅਗੰਮ ਅਪਾਰੇ । ਨਿੰਦਿਆ ਕਰਨ ਘਰ ਘਰ, ਅੱਗੇ ਆਵਣ ਆਏ ਡਰ । ਸ਼ਬਦ ਸਰੂਪੀ ਹਰਿ ਜੀ ਸੱਚਾ ਰਿਹਾ ਲੜ । ਨਿਹਕਲੰਕ ਨਰਾਇਣ ਨਰ ਅਵਤਾਰ, ਕੋਈ ਨਾ ਸਕੇ ਅੱਗੇ ਅੜ । ਅੜੋ ਅੱੜ ਕਰੇ ਸੀਸ ਧੜ । ਆਪ ਉਖਾੜੇ ਆਪਣੀ ਹੱਥੀਂ ਜੜ੍ਹ । ਜੋ ਜਨ ਆਤਮ ਭਰੇ ਹੰਕਾਰੇ, ਲੁਕਿਆ ਰਹੇ ਨਾ ਅੰਦਰ ਵੜ, ਰਹਿਣ ਨਾ ਦੇਵੇ ਜੋ ਰਸਨਾ ਲਾਉਂਦੇ ਨੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਹਰਿ ਜਾਮਾ ਪਾਏ, ਮਨ ਹੰਕਾਰਾ ਤਨ ਅਫਾਰਾ ਆਏ ਨਾ ਚਲ ਹਰਿ ਦਵਾਰਾ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਇਆ ਨਰ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਵਡਿਆਈ ਸਦਾ ਸਹਾਈ, ਆਦਿ ਅੰਤ ਜੁਗਾ ਜੁਗੰਤ ਰਿਹਾ ਬਣਤ ਬਣਾਈ, ਦੇਵੇ ਨਾਮ ਅਪਰ ਅਪਾਰਾ । ਨਾਮ ਅਪਾਰ ਹਰਿ ਦਾਤਾਰ । ਪੂਰਬ ਕਰਮ ਰਿਹਾ ਵਿਚਾਰ । ਜਨਮ ਮਰਨ ਰਿਹਾ ਸਵਾਰ । ਝੂਠਾ ਭਰਮ ਰਿਹਾ ਨਿਵਾਰ । ਸਚ ਲਿਖਾਏ ਕਰਮ, ਕਲਜੁਗ ਅੰਤਮ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਬੈਠਾ ਸਚ ਸੱਚੇ ਦਰਬਾਰ । ਲੇਖਾ ਲਿਖੇ ਲਿਖਣਹਾਰ । ਪੂਰਬ ਕਰਮ ਰਿਹਾ ਵਿਚਾਰ । ਬੰਨ੍ਹਦਾ ਜਾਏ ਸਾਚੀ ਧਾਰ । ਵਿਚ ਸੰਸਾਰ ਪਹਿਲੀ ਵਾਰ । ਕਲਜੁਗ ਭੁਲੇ ਨਰ ਨਾਰ । ਹੋਏ ਗਵਾਰ ਅੰਧ ਅੰਧਿਆਰ । ਗੁਰਮੁਖਾਂ ਕਰੇ ਹਰਿ ਉਜਿਆਰ । ਪਾਵੇ ਸਾਰ ਸੋਹੰ ਦੇਵੇ ਸ਼ਬਦ ਧਾਰ । ਬੇਮੁਖਾਂ ਸਿਰ ਰੱਖੇ ਆਰਾ । ਆਪੇ ਚੀਰ ਚਿਰਾਏ ਕਰੇ ਦੋ ਫਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਏ, ਸਾਚਾ ਸ਼ਾਹੋ ਬੇਪ੍ਰਵਾਹੋ ਪਹਿਲੀ ਹਾੜਾ । ਕਲਜੁਗ ਤੱਤੀ ਵਾ ਜਗਤ ਅੰਧੇਰ ਹੈ । ਕੋਈ ਨਾ ਦੇਵੇ ਠੰਡੀ ਛਾਂ, ਮਾਇਆ ਰਾਣੀ ਮਾਰੇ ਘੇਰ ਘੇਰ ਹੈ । ਨਾ ਕੋਈ ਸਮਝਾਵੇ ਪੁੱਤਾਂ ਮਾਂ, ਪ੍ਰਗਟ ਹੋਇਆ ਸਿੰਘ ਸ਼ੇਰ ਸ਼ੇਰ ਦਲੇਰ ਹੈ । ਦਰਗਹਿ ਸਾਚੀ ਦੇਵੇ ਥਾਂ, ਸਦਾ ਵਸੇ ਨੇਰਨ ਨੇਰ ਹੈ । ਘਰ ਘਰ ਉਡਦੇ ਝੂਠੇ ਕਾਂ, ਨਾ ਕੋਈ ਚੁਕਾਏ ਮੇਰ ਤੇਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਇਕ ਬੰਧਾਏ, ਬਾਲ ਅਵਸਥਾ ਦਇਆ ਕਮਾਏ, ਨਾ ਲਾਏ ਕਲਜੁਗ ਦੇਰ ਹੈ । ਬਾਲ ਅਵਸਥਾ ਬਾਲੀ ਬੁੱਧ । ਪ੍ਰਭ ਅਬਿਨਾਸ਼ੀ ਕੀਨੀ ਸੁਧ । ਸ਼ਬਦ ਘੋੜੇ ਆਪ ਚੜ੍ਹਾਏ, ਗੁਰਮੁਖ ਸਾਚਾ ਮਾਰੇ ਛਾਲ ਚੜ੍ਹੇ ਕੁੱਦ । ਸਾਚਾ ਦੇਵੇ ਨਾਮ ਨਿਧਾਨ, ਪੰਜਾਂ ਚੋਰਾਂ ਕਰੇ ਯੁੱਧ । ਆਤਮ ਦੇਵੇ ਬ੍ਰਹਮ ਗਿਆਨ, ਪ੍ਰਭ ਅਬਿਨਾਸ਼ੀ ਸਰਬ ਘਟ ਵਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਕਰੇ ਬੁਧ । ਬੁੱਧ ਨਿਮਾਣੀ ਚਤੁਰ ਸੁਜਾਨੀ । ਦਰ ਘਰ ਸਾਚੇ ਪੀਵੇ ਪਾਣੀ । ਸੋਹੰ ਗਾਏ ਰਸਨਾ ਬਾਣੀ । ਆਪ ਚੁਕਾਏ ਜਮ ਕੀ ਕਾਣੀ । ਸਤਿਜੁਗ ਬਣਾਏ ਸਾਚੀ ਰਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ


੨੧੭
੦੪

੨੧੮
੦੪

ਚੜ੍ਹਾਏ ਸ਼ਬਦ ਬਬਾਣੀ । ਸ਼ਬਦ ਬਬਾਣੇ ਦੇ ਉਡਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਜੂਠਾ ਝੂਠਾ ਦਾਗ ਆਤਮ ਧੋਏ, ਨਿਰਮਲ ਕਰੇ ਕਾਇਆ ਜਗੇ ਜੋਤ ਅਪਰ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ ਹਰਿ ਭਗਵਾਨ, ਅੱਠੇ ਪਹਿਰ ਨਾਮ ਖੁਮਾਰੀ । ਨਾਮ ਖੁਮਾਰੀ ਦਿਵਸ ਰੈਣ । ਆਪੇ ਬਣੇ ਸਾਕ ਸੱਜਣ ਸਾਚਾ ਸੈਣ । ਚਰਨ ਧੂੜ ਕਰੇ ਸਾਚਾ ਮਜਨ, ਦੋਏ ਤਾਰੇ ਭਾਈ ਭੈਣ । ਆਤਮ ਤਾਲ ਸਾਚੇ ਵੱਜਣ, ਪ੍ਰਭ ਅਬਿਨਾਸ਼ੀ ਰਸਨਾ ਕਹਿਣ । ਪੀ ਪੀ ਅੰਮ੍ਰਿਤ ਘਰ ਸਾਚੇ ਰੱਜਣ, ਗੁਰ ਸੰਗਤ ਸਾਚੀ ਮਿਲ ਕੇ ਬਹਿਣ । ਕੁਲ ਆਪਣੀ ਦੇ ਪੜਦੇ ਕੱਜਣ, ਦਰਸ ਪੇਖਣ ਸਾਚੇ ਨੈਣ । ਬੇਮੁਖ ਦਰ ਤੋਂ ਡਰਦੇ ਭੱਜਣ, ਪ੍ਰਭ ਅਬਿਨਾਸ਼ੀ ਖਾਣ ਆਇਆ ਬਣ ਕੇ ਡੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤਨ ਸ਼ਿੰਗਾਰ ਪਹਿਨਾਏ, ਆਪਣੀ ਦਇਆ ਆਪ ਕਮਾਏ, ਗੁਰਮੁਖਾਂ ਆਤਮ ਜੋਤੀ ਦੀਵੇ ਦੀਪਕ ਸਾਚੇ ਜਗਣ । ਜਗੇ ਦੀਪ ਕਾਇਆ ਮੰਦਰ । ਪ੍ਰਭ ਅਬਿਨਾਸ਼ੀ ਦਿਸੇ ਅੰਦਰ । ਆਪੇ ਪਾਏ ਸਾਚੇ ਹਿੱਸੇ, ਦਰਸ ਦਿਖਾਏ ਡੂੰਘੀ ਕੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪੇ ਤੋੜੇ ਤੋੜ ਤੁੜਾਏ ਜੂਠਾ ਝੂਠਾ ਆਤਮ ਵੱਜਾ ਜੰਦਰ । ਹਰਿ ਦਰਸ ਪਿਆਸਾ, ਭਗਤ ਜਨ ਦਿਵਸ ਰੈਣੀ । ਮਿਲਿਆ ਹਰਿ ਸਰਬ ਗੁਣਤਾਸਾ, ਦਰਸ਼ਨ ਪੇਖੇ ਨੈਣੀ । ਗੁਰਸਿਖ ਸਾਚਾ ਜਿਉਂ ਕੰਚਨ ਪਾਸਾ, ਗੁਰ ਸੰਗਤ ਸਾਚੀ ਬਹਿਣੀ । ਅੰਤਮ ਵੇਖੇ ਜਗਤ ਤਮਾਸ਼ਾ, ਗੁਰ ਪੂਰੇ ਦੀ ਮੰਨੋਂ ਕਹਿਣੀ । ਜਪੇ ਜਾਪ ਸਵਾਸ ਸਵਾਸਾ, ਔਝੜ ਰਾਹ ਸ੍ਰਿਸ਼ਟ ਪੈਣੀ । ਮਾਨਸ ਜਨਮ ਕਰਾਏ ਰਾਸਾ, ਆਪ ਚੁਕਾਏ ਲਹਿਣੀ ਦੇਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਹਰਿ ਸਾਕ ਸੱਜਣ ਸਾਚਾ ਸੈਣੀ । ਜਨ ਭਗਤਾਂ ਆਤਮ ਬਿਲਲਾਏ । ਦਰਸ਼ਨ ਦੇਵੇ ਸ੍ਰੀ ਹਰਿ ਰਾਏ । ਕਲਜੁਗ ਲੱਗਾ ਅੰਤਮ ਨਿਹੋਂ ਤੋੜ ਨਿਭਾਏ । ਜੋਤ ਸਰੂਪੀ ਵਡ ਵੱਡਾ ਮਹਾਂ ਦਿਓ ਨਿਹਕਲੰਕ ਕਲ ਨਾਮ ਰਖਾਏ । ਜੋਤ ਸਰੂਪੀ ਅਲਖ ਅਭੇਓ, ਨਾ ਫੇਰ ਕਿਸੇ ਜਗਾਏ । ਆਪੇ ਬਣੇ ਮਾਂ ਪਿਓ, ਗੁਰਸਿਖ ਬਾਲੇ ਗਲੇ ਲਗਾਏ । ਅੰਤਮ ਰੱਖੇ ਠੰਡੀ ਛਾਂਓ, ਦਰਗਹਿ ਸਾਚੀ ਲਏ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਜੋਤੀ ਮੇਲ ਮਿਲਾਏ । ਭਗਤ ਭਿਖਾਰ ਬਣੇ ਭਿਖਾਰ ਬਣੇ ਦਾਤਾਰਾ । ਕਲਜੁਗ ਅੰਤਮ ਹਰਿ, ਗੁਰ ਧਾਮ ਬਣਾਏ ਬਣਤ ਵਿਚ ਸੰਸਾਰਾ । ਵਡਿਆਏ ਸਾਧ ਸੰਗਤ ਨੈਣ ਮੁੰਧਾਰਾ । ਮਿਲਿਆ ਮੇਲ ਸਾਚੇ ਕੰਤ, ਜਨ ਭਗਤ ਸਾਚੀ ਨਾਰਾ । ਮਾਤ ਹੋਈ ਸੁਹੰਜਣੀ ਰੁੱਤ ਬਸੰਤ, ਆਤਮ ਖਿੜੀ ਰਹੇ ਗੁਲਜ਼ਾਰਾ । ਇਕ ਸੁਣਾਏ ਸੋਹੰ ਸਾਚਾ ਛੰਤ, ਚਾਰ ਵਰਨ ਚਾਰ ਕੁੰਟ ਜੈਕਾਰਾ । ਏਕਾ ਏਕ ਕਰੇ ਹਰਿ ਕੰਤ, ਦਸ ਅੱਠ ਭੇਵ ਨਿਵਾਰਾ । ਗੁਰਮੁਖਾਂ ਬਣਦੀ ਜਾਏ ਬਣਤ, ਆਇਣ ਚਲ ਚਰਨ ਦਵਾਰਾ । ਕਲਜੁਗ ਭੁਲੇ ਜੀਵ ਜੰਤ, ਹੋਏ ਮੂਰਖ ਮੁਗਧ ਗਵਾਰਾ । ਪਕੜ ਪਛਾੜੇ ਹਰਿ ਦੇਵ ਦੰਤ, ਆਤਮ ਭਰਿਆ ਕਲ ਹੰਕਾਰਾ । ਝੂਠੇ ਢੋਲ ਮਰਦੰਗ ਵਜੰਤ, ਕਲਜੁਗ ਝੂਠਾ ਚੜ੍ਹਿਆ ਖਾਰਾ । ਗੁਰਸਿਖ ਸਾਚੇ ਹਰਿ ਦਰ ਬਹੰਤ, ਦੇਵੇ ਸ਼ਬਦ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ ਜੋ ਜਨ ਆਏ ਦਵਾਰਾ । ਆਏ ਚਲ ਦਵਾਰ ਦਰਸ ਪੇਖਿਆ । ਮਾਨਸ ਜਨਮ ਲਿਆ ਸਵਾਰ, ਲਿਖਾਇਆ ਸਾਚਾ ਲੇਖਿਆ । ਤਨ ਮਿਲਿਆ ਸ਼ਬਦ ਸ਼ਿੰਗਾਰ, ਮਿਟਿਆ ਭਰਮ ਭੁਲੇਖਿਆ । ਸਤਿਜੁਗ ਦੱਸੇ ਸਾਚੀ ਧਾਰ, ਧੁਰਦਰਗਾਹੀ ਸਾਚੀ ਮੇਖਿਆ । ਲੱਖ ਚੁਰਾਸੀ ਗਈ ਹਾਰ, ਔਲੀਆ ਪੀਰ ਸ਼ੇਖ਼ਿਆ । ਸੋਹੰ ਖੰਡੇ ਤਿੱਖੀ ਧਾਰ, ਨੇਤਰ ਖੋਲ੍ਹ ਹਰਿ ਜੀ ਵੇਖਿਆ । ਸ੍ਰਿਸ਼ਟ ਸਬਾਈ ਹਿੱਸੇ ਚਾਰ, ਵਾਰੋ ਵਾਰ ਚੁਕਾਏ ਲੇਖਿਆ । ਬੇਮੁਖਾਂ

ਸਿਰ ਪਾਏ ਛਾਰ, ਰਹੇ ਭਰਮ ਭੁਲੇਖਿਆ । ਗੁਰਮੁਖ ਹਰਿ ਜਾਏ ਤਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਏ ਨੈਣ ਨੇਤਰ ਪੇਖਿਆ । ਜਨ ਭਗਤ ਅਧਾਰਾ ਸਾਚਾ ਮੀਤ । ਦੇਵੇ ਦਰਸ ਅਪਾਰਾ, ਪਰਖੇ ਨੀਤ । ਵਸਾਇਆ ਕਾਇਆ ਮਹੱਲ ਮੁਨਾਰਾ, ਦੱਸੇ ਸਾਚੀ ਰੀਤ । ਸਾਚਾ ਦੇਵੇ ਸ਼ਬਦ ਭੰਡਾਰਾ, ਸੋਹੰ ਸੁਹਾਗੀ ਗੀਤ । ਅੰਮ੍ਰਿਤ ਝਿਰਨਾ ਝਿਰੇ ਅਪਾਰਾ, ਮਾਨਸ ਜਨਮ ਜਾਏ ਜੀਤ । ਨਾ ਕੋਈ ਜਾਣੇ ਸ਼ਾਹ ਦਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੱਸੇ ਚਰਨ ਪ੍ਰੀਤ । ਸ਼ਾਹ ਦਾਰਾ ਨਾ ਕੋਈ ਸੁਲਤਾਨ ਹੈ । ਵਡ ਹੰਕਾਰਾ ਵਿਚ ਸੰਸਾਰਾ, ਨਾ ਕੋਈ ਬਲਵਾਨ ਹੈ । ਅਸਤਰ ਸ਼ਸਤਰ ਨਾ ਕੋਈ ਭਾਰਾ, ਸਾਚਾ ਬਸਤਰ ਹਰਿ ਇਕ ਤਨ ਪਹਿਨਾਣ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਿਹਰਬਾਨ ਹੈ । ਜਨ ਭਗਤ ਜਗਤ ਵਡਿਆਈ । ਪ੍ਰਭ ਅਬਿਨਾਸ਼ੀ ਦੇ ਮਤ ਰਿਹਾ ਸਮਝਾਈ । ਸਰਬ ਘਟ ਵਾਸੀ ਸਾਚੀ ਮਤ ਰਿਹਾ ਸਮਝਾਈ । ਘਨਕਪੁਰ ਵਾਸੀ, ਸਾਚੇ ਵੱਤ ਸੋਹੰ ਬੀਜ ਰਿਹਾ ਬਿਜਾਈ । ਸੋਹੰ ਜਪਾਏ ਸਵਾਸ ਸਵਾਸੀ, ਅੰਮ੍ਰਿਤ ਫਲ ਰਿਹਾ ਲਗਾਈ । ਜੋ ਜਨ ਹੋਏ ਮਦਿਰਾ ਮਾਸੀ, ਸਾਚੇ ਦਰ ਰਿਹਾ ਦੁਰਕਾਈ । ਜਨ ਭਗਤਾਂ ਹੋ ਰਿਹਾ ਦਾਸੀ, ਆਤਮ ਬੈਠਾ ਜੋਤ ਜਗਾਈ । ਕਿਸੇ ਪੰਡਤ ਨਾ ਮਿਲੇ ਵਿਚ ਕਾਸ਼ੀ, ਮਾਝੇ ਦੇਸ ਰਿਹਾ ਭਾਗ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਤਮ ਤ੍ਰਿਸ਼ਨਾ ਅਗਨ ਦੇ ਬੁਝਾਈ । ਜਗਤ ਤ੍ਰਿਸ਼ਨਾ ਅਗਨ ਭਾਹ । ਪ੍ਰਭ ਅਬਿਨਾਸ਼ੀ ਮਗਰੋਂ ਦੇਵੇ ਲਾਹ । ਪੂਰੇ ਗੁਰ ਬਲ ਬਲ ਜਾਸੀ, ਦੇਵੇ ਸੱਚਾ ਥਾਂ । ਹਰਿ ਸੱਚਾ ਸ਼ਾਹੋ ਭੂਪੀ, ਜਪਾਏ ਸਾਚਾ ਨਾਂ । ਅੰਗ ਸੰਗ ਸਦ ਵਸੇ ਆਸ ਪਾਸ, ਅੰਤਮ ਵੇਲੇ ਪਕੜੇ ਬਾਂਹ । ਜੋਤ ਸਰੂਪੀ ਪੁਰਖ ਅਬਿਨਾਸ਼ੀ, ਨਾ ਕੋਈ ਪਿਤਾ ਨਾ ਕੋਈ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਦ ਰੱਖੇ ਠੰਡੀ ਛਾਂ । ਠੰਡਾ ਠਾਰਾ ਹਰਿ ਗਿਰਧਾਰਾ । ਸ਼ਬਦ ਦੱਸੇ ਸਾਚੀ ਧਾਰਾ । ਪੂਰਬ ਕਰਮ ਰਿਹਾ ਵਿਚਾਰਾ । ਮਾਨਸ ਜਨਮ ਦਰ ਸਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲਾਏ ਪਾਰ, ਸੋਹੰ ਦੇਵੇ ਜਗਤ ਸਹਾਰਾ । ਸਾਚਾ ਸ਼ਬਦ ਹੋਏ ਸਹਾਈ । ਅੰਤਮ ਵੇਲੇ ਦਏ ਹਿਲਾਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਸਾਚਾ ਕੰਤ ਲਏ ਛੁਡਾਈ । ਧਰਮ ਰਾਏ ਨਾ ਦਏ ਸਜ਼ਾਈ । ਸਚ ਧਾਮ ਸਾਚਾ ਥਾਨ, ਦਰਗਹਿ ਸਾਚੀ ਮਾਣ ਦਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਤਮ ਜੋਤੀ ਦਏ ਜਗਾਈ । ਆਤਮ ਜੋਤੀ ਜਗੇ । ਸ਼ਬਦ ਬੱਤੀ ਇਕੋ ਲੱਗੇ । ਸੋਹੰ ਬੰਨ੍ਹੇ ਕੱਚੇ ਤਗੇ । ਚੜ੍ਹ ਕੇ ਆਏ ਅਸਵ ਬੱਗੇ । ਦਾਗ ਲੱਗਣ ਨਾ ਦੇਵੇ ਚਿੱਟੀ ਪੱਗੇ । ਗੁਰਸਿਖ ਹੰਸ ਬਣਾਏ ਕੱਗੇ । ਪੰਚਮ ਜੇਠ ਸਰਨ ਜੋ ਲੱਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਤ ਜਗਾਏ ਸ੍ਰਿਸ਼ਟ ਸਬਾਈ ਦਗੇ । ਭਗਤ ਭੰਡਾਰਾ ਨਾਮ । ਪ੍ਰਭ ਅਬਿਨਾਸ਼ੀ ਦੇਵੇ ਸੱਚਾ ਰਾਮ । ਹਰਿਆ ਹੋਇਆ ਸੁੱਕਾ ਚਾਮ । ਕਲਜੁਗ ਮਿਟੇ ਅੰਧੇਰੀ ਸ਼ਾਮ । ਅੰਮ੍ਰਿਤ ਪਿਆਏ ਸਾਚਾ ਜਾਮ । ਇਕ ਵਖਾਏ ਸੱਚਾ ਧਾਮ । ਜਿਥੇ ਵਸੇ ਰਮਈਆ ਰਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਪੂਰ ਕਰਾਏ ਆਪਣਾ ਕਾਮ । ਕਰੇ ਕਾਮ ਆਪਣਾ ਪੂਰਾ । ਪ੍ਰਭ ਅਬਿਨਾਸ਼ੀ ਵਡਾ ਸੂਰਾ । ਲਿਖਿਆ ਬਚਨ ਨਾ ਕੋਇ ਹਦੂਰਾ । ਚਾਰੋਂ ਕੁੰਟ ਉਡੇ ਧੂੜਾ । ਗੁਰਮੁਖਾਂ ਰੰਗ ਚੜ੍ਹਾਏ ਗੂੜ੍ਹਾ । ਲਾੜੀ ਮੌਤ ਅੰਤਮ ਹੱਥੀਂ ਪਾਏ ਜੂੜਾ । ਬੇਮੁਖ ਜੀਵ ਮੌਤ ਲਾੜੀ ਝੂਲਣ ਇਕ ਪੰਘੂੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਇਕੋ

ਉਚਾ ਸੁੱਚਾ, ਸ੍ਰਿਸ਼ਟ ਸਬਾਈ ਦਿਸੇ ਕੂੜ ਕੂੜਾ । ਕੂੜ ਕੁੜਿਆਰੀ ਚਾਰ ਯਾਰੀ । ਵੇਲੇ ਅੰਤਮ ਕਲ ਹਾਰੀ । ਦਰ ਘਰ ਹੋਏ ਖੁਆਰੀ । ਡਰ ਡਰ ਭੱਜਣ ਨਰ ਨਾਰੀ । ਗੁਰਸਿਖ ਪੀ ਅੰਮ੍ਰਿਤ ਰੱਜਣ, ਗੁਰ ਚਰਨ ਦਵਾਰੀ । ਗੁਰ ਸੰਗਤ ਬਹਿ ਕੇ ਸੱਜਣ, ਸੋਹੰ ਰਸਨਾ ਜੈ ਜੈਕਾਰੀ । ਆਪਣੇ ਪੜਦੇ ਆਪੇ ਕੱਜਣ, ਦਰਸ਼ਨ ਪਾਇਆ ਹਰਿ ਮੁਰਾਰੀ । ਕਲਜੁਗ ਜੂਠੇ ਝੂਠੇ ਭਾਂਡੇ ਭੱਜਣ, ਸ਼ਬਦ ਡੰਡਾ ਹਰਿ ਰਿਹਾ ਹੁਲਾਰੀ । ਝੂਠੇ ਤਾਲ ਕਲਜੁਗ ਵੱਜਣ, ਆਤਮ ਹੋਏ ਸਰਬ ਹੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਦਇਆ ਕਮਾਏ, ਖਿੱਚ ਲਿਆਏ ਚਰਨ ਦਵਾਰੀ । ਚਰਨ ਦਵਾਰਾ ਸਚ ਘਰ ਬਾਹਰਾ ਮਹੱਲ ਮੁਨਾਰਾ । ਪ੍ਰਭ ਅਬਿਨਾਸ਼ੀ ਆਪ ਉਸਾਰਾ । ਸਰਬ ਘਟ ਵਾਸੀ ਆਪ ਅਪਾਰਾ । ਗੁਰਸਿਖ ਬਣਿਆ ਦਾਸ ਦਾਸੀ, ਦੇਵੇ ਸ਼ਬਦ ਅਧਾਰਾ । ਕਲਜੁਗ ਜੀਵ ਕਰਨ ਹਾਸੀ, ਨਿਹਕਲੰਕ ਨਰਾਇਣ ਨਰ ਅਵਤਾਰਾ । ਵੇਲੇ ਅੰਤ ਪਾਏ ਫਾਸੀ, ਨਾ ਹੋਏ ਕਿਸੇ ਛੁਟਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਖਿੱਚ ਲਿਆਏ ਚਰਨ ਦਵਾਰਾ । ਚਰਨ ਪ੍ਰੀਤੀ ਦੇਵੇ ਬੰਨ੍ਹ । ਪੰਚਾਂ ਚੋਰਾਂ ਦੇਵੇ ਡੰਨ । ਭਰਮ ਭੁਲੇਖਾ ਕੱਢੇ ਜੰਨ । ਸੋਹੰ ਸ਼ਬਦ ਮਾਲ ਧਨ । ਸਾਚਾ ਰਾਗ ਸੁਣਾਏ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਧਾਮ ਬਹਾਏ, ਕਿਲਾ ਕੋਟ ਨਾ ਕੋਈ ਰਖਾਏ, ਨਾ ਕੋਈ ਛੱਪਰੀ ਨਾ ਕੋਈ ਛੰਨ । ਦਰ ਘਰ ਸਾਚਾ ਹਰਿ ਅਸਥੂਲ । ਜੋਤ ਸਰੂਪੀ ਸਾਚੋ ਸਾਚਾ, ਨਾ ਜਾਣਾ ਮਾਤ ਭੂਲ । ਕਲਜੁਗ ਭਾਂਡਾ ਝੂਠਾ ਕਾਚਾ, ਨਾ ਕੋਈ ਚੁਕਾਵੇ ਮੂਲ । ਜਿਸ ਜਨ ਹਿਰਦੇ ਵਾਚਾ, ਸ਼ਬਦ ਪੰਘੂੜਾ ਰਿਹਾ ਝੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਚ ਸੁਲਤਾਨ ਸਚ ਤਖ਼ਤ ਬਿਰਾਜੇ, ਜਨ ਭਗਤ ਨਾ ਜਾਣਾ ਭੂਲ । ਦੇਵੇ ਨਾਮ ਦਾਨ ਜਗਤ ਸੁਗਾਤ, ਕਿਰਪਾ ਕਰੇ ਹਰਿ ਭਗਵਾਨ । ਮਿਟਾਏ ਅੰਧੇਰੀ ਰਾਤ, ਨਾ ਕੋਈ ਪੁੱਛੇ ਜਾਤ ਪਾਤ, ਦੇਵੇ ਦਾਤ ਗੁਣ ਨਿਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਸਾਚੀ ਦੇਵੇ ਕਰ, ਜੋ ਜਨ ਸੋਹੰ ਰਸਨਾ ਗਾਣ । ਮਿਲੇ ਨਾਮ ਹਰਿ ਦਰਬਾਰੇ । ਗੁਰਮੁਖ ਨਾ ਮਨ ਵਿਸਾਰੇ । ਆਪੇ ਢਾਲੇ ਸਾਚੇ ਢਾਂਚੇ, ਸ਼ਬਦ ਭੱਠੀ ਸਾਚੀ ਚਾੜ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੂਠ ਝੂਠ ਤਨ ਕਾਇਆ ਮੰਦਰ ਕਢਾਏ ਬਾਹਰੇ । ਕਾਇਆ ਮੰਦਰ ਸਾਚੀ ਡੋਲੀ । ਅੰਦਰ ਵਸੇ ਭਾਓ ਭੋਲੀ । ਬੇਮੁਖ ਜਾਨਣ ਝੂਠੀ ਚੋਲੀ । ਹਰਿ ਜੀ ਬੈਠਾ ਬਣ ਕੇ ਗੋਲੀ । ਦਰ ਦਰ ਭੌਂਦੇ ਫਿਰਦੇ ਬੰਦਰ, ਆਤਮ ਤਾਕੀ ਕਿਸੇ ਨਾ ਖੋਲ੍ਹੀ । ਪ੍ਰਭ ਅਬਿਨਾਸ਼ੀ ਤੋੜੇ ਜੰਦਰ , ਸੋਹੰ ਸ਼ਬਦ ਮਾਰੇ ਹਥੌੜਾ ਹੌਲੀ ਹੌਲੀ । ਪ੍ਰਗਟੇ ਜੋਤ ਅੰਦਰੇ ਅੰਦਰ, ਚਰਨ ਪ੍ਰੀਤੀ ਜਿਸ ਘੋਲ ਘੋਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਨਾਮ ਨਿਧਾਨ ਪੂਰੇ ਤੋਲ ਰਿਹਾ ਤੋਲੀ । ਸਦਾ ਸਦਾ ਕਿਰਪਾਲ, ਰਾਮ ਦਿਆਲ ਹੈ । ਨਾ ਖਾਏ ਕਦੇ ਕਾਲ, ਤੋੜੇ ਜਗਤ ਜੰਜ਼ਾਲ ਹੋਏ ਸਦਾ ਰਖਵਾਲ ਹੈ । ਆਤਮ ਜੋਤੀ ਦੇਵੇ ਬਾਲ, ਫਲ ਲਗਾਏ ਸਾਚੇ ਡਾਲ, ਦੱਸੇ ਇਕ ਅਵਲੜੀ ਚਾਲ, ਪੂਰੀ ਘਾਲਣਾ ਲੈਣੀ ਘਾਲ, ਸੋਹੰ ਸ਼ਬਦ ਵਜਾਣਾ ਤਾਲ, ਚਰਨ ਪ੍ਰੀਤੀ ਨਿਭੇ ਨਾਲ ਹੈ । ਆਤਮ ਤਾਲ ਲਾਈ ਛਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਸੱਚਾ ਧਾਮ ਦੇਵੇ ਅੰਤ ਵਖਾਲ ਹੈ । ਸੱਚਾ ਧਾਮ ਧਰਮ ਦੀ ਜੜ੍ਹ । ਸੋਹੰ ਸ਼ਬਦ ਲੈਣਾ ਪੜ੍ਹ । ਪ੍ਰਭ ਦਰ ਦਵਾਰੇ ਰਿਹਾ ਖੜ । ਆਤਮ ਤੋੜੇ ਕਿਲ੍ਹਾ ਹੰਕਾਰੀ ਗੜ੍ਹ । ਚਰਨ ਪ੍ਰੀਤੀ ਜੋੜੇ, ਜੋਤ ਸਰੂਪੀ ਅੰਦਰ ਵੜ । ਆਪ ਚੜ੍ਹਾਏ ਸ਼ਬਦ ਘੋੜੇ, ਗੁਰਸਿਖਾਂ ਵਾਗ ਲਏ ਫੜ । ਵੇਲੇ ਅੰਤਮ ਹਰਿ

ਜੀ ਬਹੁੜੇ । ਗੁਰਮੁਖ ਸਾਚਾ ਸਾਚਾ ਲੋੜੇ । ਸਾਚੇ ਪੌੜੇ ਜਾਏ ਚੜ੍ਹ, ਜੋ ਜਨ ਚਰਨ ਆਏ ਦੌੜੇ । ਪ੍ਰਭ ਆਪਣੀ ਹੱਥੀਂ ਬੰਨ੍ਹੇ ਲੜ, ਮਿੱਠੇ ਹੋਏ ਦਰ ਕੌੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਈ ਪੰਜ ਤੱਤੇ ਧਾੜੇ । । ਧੰਨ ਧੰਨ ਜਣੇਂਦੀ ਮਾਂ, ਜਗਤ ਵਡਿਆਈਆ । ਧੰਨ ਧੰਨ ਧੰਨ ਸੁਹਾਏ ਥਾਂ, ਜਿਸ ਥਾਨ ਗੁਰ ਚਰਨ ਛੁਹਾਇਆ । ਧੰਨ ਧੰਨ ਧੰਨ ਗੁਰ ਪੂਰਾ ਜਿਸ ਪਕੜੀ ਬਾਂਹ, ਸਾਚੀ ਰਚਨਾ ਜਿਸ ਰਚਾਇਆ । ਵਿਚ ਮਾਤ ਰਖਾਇਆ ਸਾਚਾ ਨਾਂ, ਠਾਕਰ ਸਿੰਘ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਵਾਪਰ ਵਿਛੋੜਾ ਕਲਜੁਗ ਜੋੜਾ ਦੁਰਬਾਸ਼ਾ ਰਿਖੀ ਭੇਖ ਵਟਾਇਆ । ਦੁਰਬਾਸ਼ੇ ਚਲੀ ਅਵਲੜੀ ਚਾਲ । ਦਰਯੋਧਨ ਹੰਕਾਰੀ ਦਿਤਾ ਸਿਖਾਲ । ਪੰਜੇ ਪਾਂਡਵ ਦੇਣੇ ਗਾਲ । ਸਾਚਾ ਰਿਖੀ ਹੋਇਆ ਭਿਖੀ, ਦਰ ਆਇਆ ਬਣ ਕੰਗਾਲ । ਜੋਤੀ ਜੋਤ ਸਰੂਪ ਹਰਿ, ਗਊ ਗਰੀਬ ਨਿਮਾਣਿਆਂ ਰਿਹਾ ਸੁਰਤ ਸੰਭਾਲ । ਦੁਰਬਾਸ਼ਾ ਆਏ ਦਰ ਦਰਬਾਰੇ । ਧਰਮ ਪੂਤ, ਸੁਣ ਸਚ ਪੁਕਾਰੇ । ਸਾਧ ਸੰਤ ਬਿਲਲਾਇਣ, ਦੁਖੀ ਭੁੱਖੀ ਕਰਨ ਹਾਹਾਕਾਰੇ । ਭੋਜਨ ਦਰ ਤੇਰੇ ਤੇ ਪਾਇਣ, ਮੰਗਣਾ ਇਕ ਭੰਡਾਰੇ । ਜੋਤੀ ਜੋਤ ਸਰੂਪ ਹਰਿ, ਗਊ ਗਰੀਬ ਨਿਮਾਣਿਆਂ ਆਪੇ ਪਾਵੇ ਸਾਰ । ਦੁਰਬਾਸ਼ਾ ਪੁਕਾਰੇ ਸੁਣ ਸੱਚੀ ਸਰਕਾਰ, ਆਏ ਚਲ ਦਵਾਰੇ ਬਣ ਭਿਖਾਰ । ਆਤਮ ਤ੍ਰਿਸ਼ਨਾ ਭੁੱਖ ਨਿਵਾਰੇ, ਦੇ ਸੱਚਾ ਇਕ ਭੰਡਾਰ । ਧਰਮ ਪੁੱਤ ਸਾਚੇ ਸੁਤ, ਰਿਖੀ ਰਸਨਾ ਚੱਲੇ ਤਿੱਖੀ ਤਲਵਾਰ । ਜੋਤੀ ਜੋਤ ਸਰੂਪ ਹਰਿ, ਗਊ ਗਰੀਬ ਨਿਮਾਣਿਆ ਪਾਵੇ ਸਾਰੇ । ਸਾਚਾ ਬਚਨ ਰਿਖੀ ਅਲਾਇਆ । ਸੁਣ ਯੁਧਿਸ਼ਟਰ ਮਨ ਵਿਸ਼ਿਸਟ, ਇਕੋ ਇਸ਼ਟ ਕ੍ਰਿਸ਼ਨ ਧਿਆਇਆ । ਖੁਲ੍ਹੀ ਦ੍ਰਿਸ਼ਟ, ਪ੍ਰਭ ਆਪਣੇ ਦਰ ਦਵਾਰੇ ਅੱਗੇ ਨਜ਼ਰੀ ਆਇਆ । ਦੁਰਬਾਸ਼ੇ ਆਤਮ ਹੋਈ ਭਰਿਸ਼ਟ, ਕਾਹਨੇ ਕ੍ਰਿਸ਼ਨੇ ਖੇਲ ਰਚਾਇਆ । ਬੈਠਾ ਵਡ ਗੁਰ ਵਸ਼ਿਸ਼ਟ, ਪ੍ਰਭ ਅਬਿਨਾਸ਼ੀ ਭੇਵ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਗਊ ਗਰੀਬ ਨਿਮਾਣਿਆਂ ਪਾਵੇ ਸਾਰ, ਸਿਰ ਹੱਥ ਜੁਗੋ ਜੁਗ ਰੱਖਦਾ ਆਇਆ । ਆਇਆ ਕ੍ਰਿਸ਼ਨ ਭਗਤ ਦਵਾਰੇ । ਦੋਏ ਜੋੜ ਧਰਮ ਸੁਤ, ਕਰੇ ਨਿਮਸਕਾਰੇ । । ਧੰਨ ਸੋ ਵੇਲਾ ਧੰਨ ਸੁਹੰਜਣੀ ਰੁੱਤ, ਘਰ ਆਇਆ ਕ੍ਰਿਸ਼ਨ ਮੁਰਾਰੇ । ਪੰਜੇ ਪਾਂਡੋ ਖਾਲੀ ਦਿਸਣ ਬੁਤ, ਆਤਮ ਮੁਨਾਰੇ ਕਰਨ ਵਿਚਾਰੇ, ਪ੍ਰਭ ਅਬਿਨਾਸ਼ੀ ਸਦਾ ਚੇਤ, ਚੇਤਨ ਸਤਾ ਸਦਾ ਵਿਚਾਰੇ । ਜੋਤੀ ਜੋਤ ਸਰੂਪ ਹਰਿ, ਗਊ ਗਰੀਬ ਨਿਮਾਣਿਆਂ ਦੇਵੇ ਜਗਤ ਸਹਾਰੇ । ਬੋਲੇ ਹਰਿ ਸਨਮੁਖ । ਭਗਤ ਦਰ ਪੁੱਛਣ ਆਇਆ ਦੁੱਖ । ਇਕੋ ਦੇਵੇ ਸੱਚਾ ਵਰ, ਉਜਲ ਕਰੇ ਮੁਖ । ਸਚ ਭੰਡਾਰਾ ਦੇਵੇ ਭਰ, ਰਿਖੀਆਂ ਮੁਨੀਆਂ ਉਤਰੇ ਭੁੱਖ । ਇਕ ਖੁਲ੍ਹਾਏ ਸਾਚਾ ਸਰ, ਆਤਮ ਅਗਨ ਬੁਝਾਏ ਜੋ ਰਹੀ ਧੁਖ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜਨ ਭਗਤਾਂ ਕਰਾਏ ਸੁਫਲ ਮਾਤ ਕੁੱਖ । ਧਰਮ ਸੁਤ ਅੱਗੇ ਹਰਿ ਬਿਲਲਾਇਆ । ਦੁਰਬਾਸ਼ਾ ਰਿਖੀ ਦਰ ਮੰਗਣ ਆਇਆ । ਸਾਚਾ ਮੰਗੇ ਦਾਨ ਭਿਖ, ਬੀਸ ਸਹੰਸਰ ਸੰਤ ਬਿਲਲਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਕਿਰਪਾ ਕਰ, ਪੜਦਾ ਉਹਲਾ ਨਾ ਕੋਈ ਰਖਾਇਆ । ਸਾਚਾ ਭੋਜਨ ਦਰ ਪਕਾਣਾ । ਘਰ ਨਹੀਂ ਕੋਈ ਅੰਨ ਦਾਣਾ । ਜਿਹੜਾ ਬਹਿ ਕੇ ਸੰਤਾਂ ਖਾਣਾਂ । ਦੁਰਬਾਸ਼ਾ ਰਿਖੀ ਕਿਸ ਰਜਾਣਾ । ਧੁਰ ਦਰਗਾਹੋਂ ਕਿਸਮਤ ਕਿਹੜੀ ਲਿਖੀ, ਹਰਿ ਸ੍ਰੀ ਭਗਵਾਨਾ । ਔਖੀ ਦਿਸੇ ਧਾਰ ਤਿੱਖੀ, ਟੁਟਦਾ ਜਾਏ ਸਰਬ ਦਾ ਮਾਣਾ । ਦਰ ਦਵਾਰੇ ਆਵਣ ਵਾਲਾ ਰਿਖੀ, ਨਾਲ ਲੈ ਸੰਤ ਰਿਖ ਚਤੁਰ ਸੁਜਾਨਾ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਦੇਵੇ ਵਰ, ਹੋਏ ਦਰ ਨਿਮਾਣ ਨਿਮਾਣਾ । ਦਿਤਾ ਵਰ ਹਰਿ ਮੁਰਾਰੀ । ਕਿਰਪਾ ਆਪਣੀ ਆਪੇ ਧਾਰੀ । ਅਚਰਜ


੨੨੧ ੦੪

ਖੇਲ ਕਰੇ ਹਰਿ ਬਨਵਾਰੀ । ਦੁਰਬਾਸ਼ੇ ਰਿਖੀ ਚੜ੍ਹਦੀ ਜਾਏ ਖ਼ੁਮਾਰੀ ਤਨ ਅਫਾਰੀ । ਲਹਿੰਦੀ ਜਾਏ ਆਤਮ ਲੱਗੀ ਹੰਕਾਰ ਬਿਮਾਰੀ । ਕਾਇਆ ਝੂਠੀ ਵਹਿੰਦੀ ਜਾਏ, ਉਡਦਾ ਜਾਏ ਮਾਣ ਹੰਕਾਰੀ । ਪੰਜੇ ਪਾਂਡੋ ਸੰਗ ਦਰੋਪਦ ਵੇਂਹਦੀ ਜਾਏ, ਪਾਇਣ ਦਰਸ ਨੈਣ ਮੁਧਾਰੀ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰੀ । ਭੀਮਾ ਗਿਆ ਹਰਿ ਦਵਾਰ । ਦੋਏ ਜੋੜ ਕਰੇ ਨਿਮਸਕਾਰ । ਸੁਣੋ ਰਿਖੀ ਹਰਿ ਗਿਰਧਾਰ । ਚਰਨ ਛੁਹਾਓ ਦਰ ਸਾਚੇ ਆਓ, ਭੋਜਨ ਭਰੇ ਭੰਡਾਰ, ਸਹਿੰਸਾ ਲਾਹੋ ਆਤਮ ਤ੍ਰਿਸ਼ਨਾ ਭੁੱਖ ਗਵਾਓ, ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਸਭ ਦੇ ਕਰਮ ਰਿਹਾ ਵਿਚਾਰ । ਅੱਗੋਂ ਰਿਖੀ ਉਠ ਪੁਕਾਰੇ । ਚੜ੍ਹਦਾ ਜਾਏ ਤਨ ਅਫਾਰੇ । ਸੁਕਦਾ ਜਾਏ ਮੁਖ, ਨਾ ਦੇਵੇ ਕੋਈ ਸਹਾਰੇ । ਮਾਤ ਗਰਭ ਉਲਟਾ ਰੁੱਖ, ਆਤਮ ਤੁਟੇ ਹੰਕਾਰੇ । ਜੋਤੀ ਜੋਤ ਸਰੂਪ ਹਰਿ, ਕਰੇ ਕਰਾਏ ਜੋ ਮਨ ਭਾਏ, ਜਨ ਭਗਤਾਂ ਪਾਵੇ ਸਾਰੇ । ਦੁਰਬਾਸ਼ਾ ਦਏ ਦੁਹਾਈ । ਕੌਣ ਲੇਵੇ ਅੰਤ ਛੁਡਾਈ । ਨਾ ਹੋਏ ਕੋਈ ਸਹਾਈ । ਫੜਦਾ ਕੌਣ ਬਾਹੀਂ । ਦੂਰ ਦੁਰਾਡੇ ਵੇਖਣ ਥਾਉਂ ਥਾਈਂ । ਜੋਤ ਸਰੂਪੀ ਜੋਤ ਹਰਿ, ਜਨ ਭਗਤਾਂ ਦਰ ਸੁਹਾਇਆ ਆਸਣ ਲਾਇਆ ਚਾਈਂ ਚਾਈਂ । ਤਨ ਅਫਾਰਾ ਵੱਡਾ ਚੜ੍ਹਿਆ । ਜੋਤ ਸਰੂਪੀ ਹਰਿ ਜੀ ਫੜਿਆ । ਨਾ ਜਾਣੇ ਅੰਦਰ ਕੀ ਕੁਛ ਵੜਿਆ । ਕਾਇਆ ਝੂਠਾ ਮੰਦਰ ਲੱਗਾ ਭੰਨਣ, ਜਿਸ ਨੇ ਘੜਿਆ । ਜੋਤੀ ਜੋਤ ਸਰੂਪ ਹਰਿ, ਕੋਈ ਨਾ ਰਹੇ ਅੱਗੇ ਅੜਿਆ । ਉਠੇ ਉਠ ਉਠ ਬਲਧਾਰੇ । ਸਾਧ ਸੰਗਤ ਸੰਗ ਰਲਾਏ ਆਏ ਚਰਨ ਦਵਾਰੇ । ਜਿਸ ਘਰ ਸਾਚੇ ਚਰਨ ਛੁਹਾਏ, ਨਜ਼ਰੀ ਆਏ ਕ੍ਰਿਸ਼ਨ ਮੁਰਾਰੇ । ਤਨ ਅਫਾਰੇ ਸਾਰੇ ਲਾਹੇ, ਚਰਨੀ ਡਿੱਗੇ ਮੂੰਹ ਦੇ ਭਾਰੇ । ਰੋ ਰੋ ਦਰ ਤੇ ਮਾਰੇ ਨਾਅਰੇ । ਅਵਗੁਣ ਬਖ਼ਸ਼ ਹਰਿ ਜੀ ਸਾਰੇ । ਜੋਤ ਸਰੂਪੀ ਹਰਿ ਨਿਰੰਕਾਰੇ । ਅਵਗੁਣ ਬਖ਼ਸ਼ ਦੂਜੀ ਵਾਰੇ । ਜਾਮਾ ਧਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਵਾਰ ਬੰਕ ਕਲਜੁਗ ਸੁਹਾਇਆ, ਗੁਰਸਿਖ ਬਹਾਇਆ ਚਰਨ ਦਵਾਰੇ । ਜੋਤੀ ਜੋਤ ਸਰੂਪ ਹਰਿ, ਆਪਣਾ ਕੀਆ ਸਚ ਵਿਹਾਰੇ । ਕ੍ਰਿਸ਼ਨ ਕਾਹਨ ਹਰਿ ਮੁਰਾਰੀ । ਕਰੇ ਖੇਲ ਵਿਚ ਸੰਸਾਰੀ । ਦਵਾਪਰ ਤੁਟੀ ਕਲਜੁਗ ਗੰਢੀ ਅੰਤਮ ਵਾਰੀ । ਦੁਰਬਾਸ਼ਾ ਰਿਖੀ ਰੱਖੀ ਸ਼ਬਦ ਧਾਰ ਤਿੱਖੀ ਹੋਏ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪੇ ਪਾਏ ਸਾਰੀ । ਸਚ ਸਰਨਾਈ ਚਰਨ ਗੁਰ ਪੂਰੇ । ਆਤਮ ਤ੍ਰਿਖਾ ਦਏ ਬੁਝਾਈ, ਉਤਰੇ ਸਗਲ ਵਸੂਰੇ । ਸਾਚੀ ਸਿੱਖਿਆ ਦੇ ਮਤ ਸਮਝਾਈ, ਸਰਬ ਕਲਾ ਭਰਪੂਰੇ । ਦੇਵੇ ਨਾਮ ਸੰਗਤ ਵਡਿਆਈ, ਆਤਮ ਜੋਤੀ ਸਾਚਾ ਨੂਰੇ । ਘਰ ਸਾਚੇ ਮਿਲਦੀ ਰਹੇ ਵਡਿਆਈ, ਆਸਾ ਮਨਸਾ ਹਰਿ ਜੀ ਪੂਰੇ । ਆਪ ਕਟਾਏ ਜਮ ਕੀ ਫਾਹੀ, ਪ੍ਰਗਟ ਹੋਇਆ ਪ੍ਰਭ ਹਾਜ਼ਰ ਹਜ਼ੂਰੇ । ਕਲਜੁਗ ਮਿਟੇ ਝੂਠੀ ਛਾਹੀ, ਕਿਰਪਾ ਕਰੀ ਵਡ ਸੂਰੇ । ਗੁਰਸਿਖਾਂ ਪ੍ਰਗਟਾਏ ਥਾਉਂ ਥਾਈਂ, ਨਾ ਜਾਣੇ ਦੂਰ ਨੇੜੇ । ਅੰਤਮ ਤਾਰੇ ਫੜ ਕੇ ਬਾਹੀਂ, ਵੱਸਿਆ ਰਹੇ ਆਤਮ ਨਗਰ ਖੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਏਕਾ ਗੇੜ ਗੇੜੇ । ਸਾਚਾ ਮਾਣ ਜਗਤ ਗੁਰ ਦਵਾਇਆ । ਜੋ ਜਨ ਚਰਨੀ ਡਿਗੇ ਆਣ, ਆਸਾ ਮਨਸਾ ਪ੍ਰਭ ਪੂਰਿਆ । ਆਪੇ ਕਰੇ ਜਗਤ ਪਛਾਣ, ਦੇਵੇ ਮਾਣ ਸ਼ਬਦ ਸਾਚੀ ਤੂਰਿਆ । ਆਪ ਚੁਕਾਏ ਜਮ ਕੀ ਕਾਨ, ਸੋਹੰ ਸ਼ਬਦ ਚਲਾਏ ਬਾਣ, ਜੋਤੀ ਨੂਰੋ ਨੂਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਦਿ ਜੁਗਾਦਿ ਆਸਾ ਮਨਸਾ ਪੂਰਿਆ । ਹਾਜ਼ਰ ਹਜ਼ੂਰ ਹਰਿ ਨਿਰੰਕਾਰਾ । ਜੋਤ ਸਰੂਪੀ ਖੇਲ ਅਪਾਰਾ । ਵੇਖੇ ਵਿਗਸੇ ਕਰੇ ਵਿਚਾਰ, ਲੱਖ ਚੁਰਾਸੀ ਸਰਬ ਪਸਾਰਾ । ਗੁਰਮੁਖਾਂ

੨੨੨
੦੪

ਹੋਏ ਦਾਸਨ ਦਾਸੀ, ਜੋ ਜਨ ਆਏ ਚਲ ਦਵਾਰਾ । ਮਾਣ ਗਵਾਏ ਮਦਿਰਾ ਮਾਸੀ, ਬੇਮੁਖਾਂ ਅੰਤਮ ਕਰੇ ਖੁਆਰਾ । ਪ੍ਰਗਟ ਹੋਏ ਘਨਕਪੁਰ ਵਾਸੀ, ਸ਼ਬਦ ਡੰਡਾ ਹੱਥ ਵਿਚ ਭਾਰਾ । ਗੁਰਸਿਖ ਸਾਚੇ ਸੰਤ ਜਨਾਂ ਮਾਨਸ ਜਨਮ ਕਰੇ ਰਾਸੀ, ਸਾਚਾ ਦੇਵੇ ਨਾਮ ਰੰਗ ਅਪਾਰਾ, ਜੋ ਜਨ ਮੰਗਣ ਆਏ ਚਲ ਦਵਾਰਾ । ਕਰੇ ਸਚ ਪਿਆਰ ਵਡ ਜੋਧਨ ਜੋਧ, ਅੰਤਮ ਕਲ ਜਾਮਾ ਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਸਾ ਮਨਸਾ ਪੂਰਾ । ਪੂਰੀ ਆਸ ਹਰਿ ਦਵਾਰੇ । ਚਰਨ ਧਰਵਾਸ ਗੁਰਸਿਖ ਪਿਆਰੇ । ਦੁਸ਼ਟਾਂ ਦੂਤਾਂ ਕਰੇ ਨਾਸ, ਮਾਰੇ ਸ਼ਬਦ ਕਟਾਰੇ । ਜੋਤ ਸਰੂਪੀ ਸਭ ਦੇ ਅੰਦਰ ਰੱਖੇ ਵਾਸ, ਬੇਮੁਖ ਆਤਮ ਅੰਧ ਅੰਧਿਆਰੇ । ਇਕੋ ਜੋਤ ਮਾਤ ਪਤਾਲ ਅਕਾਸ਼, ਲੱਖ ਚੁਰਾਸੀ ਵਿਚ ਪਸਾਰੇ । ਪ੍ਰਭ ਅਬਿਨਾਸ਼ੀ ਪੁਰਖ ਅਬਿਨਾਸ਼, ਨਿਹਕਲੰਕ ਕਲ ਜਾਮਾ ਧਾਰੇ । ਘਨਕਪੁਰ ਰੱਖੇ ਵਾਸ, ਕਲਜੁਗ ਕਰੇ ਸਰਬ ਖੁਆਰੇ । ਗੁਰਮੁਖ ਵਿਰਲਾ ਰਸਨਾ ਗਾਏ ਸਵਾਸ ਸਵਾਸ, ਜਿਸ ਦੇਵੇ ਨਾਮ ਅਧਾਰੇ । ਹਰਿ ਹਿਰਦੇ ਰੱਖੇ ਵਾਸ, ਜੋਤ ਸਰੂਪੀ ਨਰ ਨਰਾਇਣ ਨਰ ਹਰਿ ਹਰਿ ਨਰ ਨਿਰੰਕਾਰੇ । ਨਰ ਨਰ ਨਿਰੰਕਾਰਿਆ । ਜੋਤ ਜੋਤ ਵਡ ਪਸਾਰਿਆ । ਜੋਤ ਅਧਾਰ ਖੇਲ ਅਪਾਰਿਆ । ਕਲਜੁਗ ਅੰਤਮ ਵਾਰਿਆ । ਸਤਿਜੁਗ ਸਾਚੇ ਦੇਵੇ ਸੱਚੀ ਸਿਕਦਾਰਿਆ । ਸਚ ਸੁਲਤਾਨ ਸੱਚਾ ਸ਼ਾਹ ਸੋਹੰ ਤਾਜ ਸਿਰ ਪਹਿਨਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਿਆ । ਅਛਲ ਅਛੱਲ ਕਰ ਵਲ ਛਲ ਸ੍ਰਿਸ਼ਟ ਸਬਾਈ ਆਪੇ ਆਪ ਭੁਲਾ ਰਿਹਾ । ਆਪ ਚਲਾਏ ਜਗਤ ਰੀਤ । ਬੇਮੁਖਾਂ ਪਰਖੇ ਮਾਤ ਨੀਤ । ਗੁਰਸਿਖਾਂ ਬਣੇ ਹਰਿ ਜੀ ਮੀਤ । ਮਾਨਸ ਜਨਮ ਗੁਰਮੁਖ ਸਾਚੇ ਜੀਤ । ਏਕਾ ਗਾਓ ਸੋਹੰ ਸੱਚਾ ਗੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਸਦਾ ਸਦਾ ਅਤੀਤ । ਗੁਰ ਪੂਰਾ ਚਤੁਰ ਸੁਜਾਨਿਆਂ । ਗੁਰਸਿਖ ਆਤਮ ਦੇਵੇ ਬ੍ਰਹਮ ਗਿਆਨਿਆਂ । ਸਾਚਾ ਦੇਵੇ ਚਰਨ ਧਿਆਨ, ਕਰ ਕਰ ਵਡ ਮਿਹਰਬਾਨਿਆਂ । ਅਮਰਾ ਪਦ ਗੁਰਮੁਖ ਸਾਚੇ ਪਾਣ, ਹਰਿ ਦੇਵੇ ਨਾਮ ਨਿਸ਼ਾਨਿਆਂ । ਦਰ ਘਰ ਸਾਚੇ ਸ਼ਬਦ ਸਰੂਪੀ ਆਪੇ ਲਏ ਸੋਧ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਗਤ ਭਗਤ ਪਛਾਨਿਆਂ । ਭਗਤ ਪਛਾਣੇ ਹਰਿ ਭਗਵਾਨ । ਦਰਸ ਦਿਖਾਏ ਹਰਸ ਮਿਟਾਏ, ਆਤਮ ਜੋਤ ਜਗਾਏ ਮਹਾਨ । ਅੰਮ੍ਰਿਤ ਆਤਮ ਮੇਘ ਬਰਸ ਵਖਾਏ, ਤੇਜ ਕਰਾਏ ਕੋਟਨ ਭਾਨ । ਪਰਗਟ ਹੋ ਦਰਸ ਦਿਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਚਤੁਰ ਸੁਜਾਨ । ਚਤੁਰ ਸੁਜਾਨ ਹਰਿ ਭਗਵਾਨ । ਆਪ ਚੁਕਾਏ ਜਮ ਕੀ ਕਾਨ । ਸੱਚਾ ਦੇਵੇ ਨਾਮ ਰਸ ਪੀਣ ਖਾਣ । ਇਕ ਪਿਆਏ ਅੰਮ੍ਰਿਤ ਜਾਮ, ਮਾਰੇ ਸ਼ਬਦ ਬਾਣ ਮਹਾਨ । ਹਰਾ ਕਰਾਏ ਚਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਏ ਚਰਨ ਧਿਆਨ । ਦਰ ਘਰ ਮੰਦਰ ਤਨ ਸੁਹਾਇਆ । ਹਰਿ ਵਸੇ ਕਾਇਆ ਸਾਚੇ ਅੰਦਰ, ਸੁਖ ਆਸਣ ਡੇਰਾ ਲਾਇਆ । ਆਪੇ ਤੋੜੇ ਆਤਮ ਜੰਦਰ, ਸ਼ਬਦ ਹਥੌੜਾ ਇਕ ਰਖਾਇਆ । ਕਰੇ ਪ੍ਰਕਾਸ਼ ਕਾਇਆ ਅੰਧੇਰੀ ਕੰਦਰ, ਜੋਤ ਸਰੂਪੀ ਡਗਮਗਾਇਆ । ਮੂੰਡ ਮੁੰਡਾਏ ਗੋਰਖ ਤੇ ਮਛੰਦਰ, ਹਰਿ ਕੀ ਸਾਰ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਵਸੇ ਆਤਮ ਅੰਦਰ, ਨਿਜ ਘਰ ਆਸਣ ਲਾਇਆ ।

੨੨੩ ੦੪

## ❁ ੨੫ ਵਿਸਾਖ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਦਰਬਾਰ ਵਿਚ ਵਿਹਾਰ ਹੋਇਆ ❁



ਸਤਿਜੁਗ ਸਾਚਾ ਤੇਰਾ ਰਥ । ਆਪ ਚਲਾਏ ਹਰਿ ਸਮਰਥ । ਤਿੰਨਾਂ ਲੋਆਂ ਪਾਏ ਨੱਥ । ਪਿਛਲਾ ਭੇਵ ਹਰਿ ਖੁਲ੍ਹਾਏ, ਸਤਿਜੁਗ ਸਾਚੇ ਮਾਨਸ ਦੇਹੀ ਲੰਮੀ ਇੱਕੀ ਹੱਥ । ਸਾਚਾ ਹਰਿ ਹਰਿ ਗੁਣਵੰਤਾ । ਖੇਲ ਜਾਣੇ ਵਕਤ ਪਛਾਣੇ ਜਨ ਭਗਵੰਤਾ । ਭੇਵ ਖੁਲ੍ਹਾਣੇ ਸਾਚੇ ਸੰਤ ਜਗਾਣੇ, ਚੋਗ ਚੁਗਾਏ ਆਦਿਨ ਅੰਤਾ । ਤਰੇਤਾ ਭੇਵ ਆਪ ਜਣਾਏ, ਮਾਨਸ ਦੇਹੀ ਚੌਦਾਂ ਹੱਥ ਰਖਾਏ, ਪ੍ਰਭ ਅਬਿਨਾਸ਼ੀ ਸਾਚਾ ਕੰਤਾ । ਦਰ ਦਰਬਾਨਾ, ਕਰੇ ਖੇਲ ਹਰਿ ਬਣ ਬਣ ਕਾਹਨਾ । ਸ੍ਰਿਸ਼ਟ ਸਬਾਈ ਆਪਣੀ ਹੱਥੀਂ ਬੰਨ੍ਹੇ ਗਾਨਾ । ਚਤੁਰ ਸੁਜਾਨ ਹਰਿ ਭਗਵਾਨ ਕਰੇ ਖੇਲ ਜਗਤ ਮਹਾਨਾ । ਜੋਤੀ ਜੋਤ ਸਰੂਪ ਹਰਿ, ਪਿਛਲਾ ਭੇਵ ਆਪ ਖੁਲ੍ਹਾਏ ਮਾਨਸ ਦੇਹੀ ਵਿਚ ਦਵਾਪਰ ਸੱਤ ਹੱਥ ਰਖਾਨਾ । ਕਲਜੁਗ ਕੂਕ ਕੂਕ ਪੁਕਾਰੇ । ਦਰ ਘਰ ਸਾਚੇ ਵਿਚੋਂ ਹੋਣਾ ਬਾਹਰੇ । ਮੁੱਲ ਮਸੀਤੇ ਅੱਲਾ ਹੂ ਲਾਵਣ ਨਾਅਰੇ । ਨਿਹਕਲੰਕ ਤੇਰੀ ਕੋਇ ਨਾ ਪਾਵੇ ਸਾਰੇ । ਕ੍ਰਿਸ਼ਨ ਲਿਖਾਈ ਅਠਾਰਾਂ ਧਿਆਏ ਗੀਤਾ, ਪੰਡਤ ਪੜ੍ਹ ਪੜ੍ਹ ਥੱਕੇ ਸਾਰੇ । ਪ੍ਰਭ ਅਬਿਨਾਸ਼ੀ ਕਿਸੇ ਨਾ ਦਿਸਿਆ, ਅਠਾਰਾਂ ਪੁਰਾਨ ਵੇਦ ਵਿਆਸ ਉਚਾਰੇ । ਅੰਤਮ ਕਲਜੁਗ ਨਿਹਕਲੰਕ ਪ੍ਰਗਟ ਜੋਤ, ਸਾਢੇ ਤਿੰਨ ਹੱਥ ਮਾਨਸ ਦੇਹੀ ਲੇਖ ਲਿਖਾਰੇ । ਸਾਢੇ ਤਿੰਨ ਹੱਥ ਮਾਨਸ ਦੇਹੀ ਜਾਮਾ । ਅੰਤਮ ਪੂਰ ਕਰਾਏ ਹਰਿ ਆਪਣਾ ਕਾਮਾ । ਗੁਰਸਿਖਾਂ ਲੇਖੇ ਲਾਏ, ਮਾਨਸ ਦੇਹੀ ਸਾਚਾ ਜਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸੰਤ ਮਨੀ ਸਿੰਘ ਤੇਰਾ ਪਹਿਨੇ ਗਲ ਵਿਚ ਚਿੱਟਾ ਬਾਣਾ । ਸਾਢੇ ਤਿੰਨ ਹੱਥ ਰੱਖ ਲੰਬਾਈ । ਪੌਣੇ ਦੋ ਕਰ ਚੌੜਾਈ । ਸੋਲਾਂ ਤਣੀਆਂ ਨਾਲ ਗੁੰਦਾਈ । ਚਾਰੋਂ ਕੁੰਟ ਚਾਰੇ ਚਾਰ ਬਣਾਈ । ਇਕੋ ਚਿੱਟਾ ਬਾਣਾ ਆਪਣੀ ਹੱਥੀਂ ਜਾ ਪਹਿਨਾਈ । ਚਿੱਟੇ ਅਸਵ ਸੋਹੇ ਚਿੱਟਾ ਬਾਣਾ, ਉਤੇ ਸ਼ਾਹ ਅਸਵਾਰ ਬਿਠਾਈ । ਹਰਿ ਵਰਤੇ ਅੰਤਮ ਆਪਣਾ ਭਾਣਾ , ਪੰਚਮ ਜੇਠ ਵਕਤ ਸੁਹਾਈ । ਸ੍ਰਿਸ਼ਟ ਸਬਾਈ ਆਪੇ ਲਾਏ ਵੰਞ ਮੁਹਾਣਾ, ਡੂੰਘਰ ਸੰਸਾਰ ਕਿਸੇ ਹੱਥ ਨਾ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਾਚੇ ਘੋੜੇ ਆਪ ਚੜ੍ਹਾਈ । ਚਿੱਟੇ ਘੋੜੇ ਚਿੱਟਾ ਦੋਸ਼ਾਲਾ । ਵਾਗ ਫੜੇ ਹਰਿ ਤੇਰਾ ਸੱਚਾ ਸੰਭਾਲਾ । ਲੱਗਾ ਫਲ ਵਿਚ ਮਾਤ ਕਾਇਆ ਸੱਚੇ ਡਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਰ ਵੇਸ ਮਾਝੇ ਦੇਸ ਪੰਚਮ ਜੇਠ, ਬੇਮੁਖਾਂ ਆਇਆ ਕਰਨ ਮੂੰਹ ਕਾਲਾ । ਮੂੰਹ ਕਾਲਾ ਸਿਰ ਛਾਹੀ ਪਾਈ । ਪ੍ਰਗਟ ਹੋਏ ਹਰਿ ਸਾਚਾ ਮਾਹੀ । ਦੂਰੋਂ ਵੇਖਣ ਜਾਂਦੇ ਰਾਹੀ । ਗੁਰਸਿਖਾਂ ਦਰਸ ਦਿਖਾਏ ਥਾਉਂ ਥਾਈਂ । ਆਪਣੀ ਚਰਨ ਸਰਨ ਰਖਾਏ, ਉਤੇ ਰੱਖੀ ਠੰਡੀ ਛਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘੋੜ ਚੜ੍ਹਾਈਂ ਅੱਗੇ ਜਾ ਚਾਈਂ ਚਾਈਂ । ਸੋਲਾਂ ਕਲੀਆਂ ਹਰਿ ਪਾਏ ਵੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤ ਦੀਪ ਨੌਂ ਖੰਡ ਖੋਲ੍ਹੇ ਗੰਢ । ਪੰਚਮ ਜੇਠ ਪ੍ਰਭ ਅਬਿਨਾਸ਼ੀ ਕਿਰਪਾ ਕਰ ਅੱਡੋ ਅੱਡੀ ਜਾਏ ਵੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਬੈਠ ਲੱਖ ਚੁਰਾਸੀ ਦੇਵੇ ਦੰਡ । ਹਰਿ ਦੇਵੇ ਸਾਚੀ ਮਤੀ । ਘਰ ਆਇਆ ਸਾਚਾ ਪਤੀ । ਚਰਨ ਬੰਨ੍ਹਾਏ ਸਾਚੀ ਨਤੀ । ਧੀਰਜ ਧੀਰ ਰਖਾਏ ਆਤਮ ਜਤੀ । ਅੰਮ੍ਰਿਤ ਸੀਰ ਪਿਆਏ ਕਰੇ ਸਤੀ । ਹਉਮੇ ਪੀੜ ਗਵਾਏ, ਵਾ ਨਾ ਲੱਗੇ ਤੱਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ, ਪੰਚਮ ਜੇਠ ਵਕਤ ਸੁਹਾਏ, ਕੇਸਰ ਲਿਆਉਣਾ ਸਵਾ ਰੱਤੀ । ਪ੍ਰਭ ਸਚ ਲਗਾਏ ਹੱਟੀ । ਏਕੋ ਏਕ ਹੱਟ

ਰਖਾਏ, ਸ਼ਬਦ ਕੰਡਾ ਇਕ ਲਗਾਏ, ਨਾ ਕੋਈ ਰੱਖੇ ਧੜੀ ਵੱਟੀ । ਸੋਹੰ ਡੰਡਾ ਉਪਰ ਲਗਾਏ ਗੁਰਮੁਖ ਬੇਮੁਖ ਦੋਵੇਂ ਤੋਲੇ ਕਾਇਆ ਝੂਠੀ ਸੱਚੀ ਮਿੱਟੀ । ਅੰਤਮ ਵੇਲਾ ਨੇੜੇ ਆਇਆ, ਗੁਰਸਿਖ ਭਰੇ ਨਾ ਕਿਸੇ ਚੱਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮਤ ਸਮਝਾਏ ਪੰਚਮ ਜੇਠ ਵਕਤ ਸੁਹਾਏ ਇਕ ਲਿਆਉਣੀ ਮੌਲੀ ਅੱਟੀ । ਕਲਜੁਗ ਤੇਰੀ ਧਾਰ ਵਹਿੰਦੀ । ਸ੍ਰਿਸ਼ਟ ਸਬਾਈ ਇਕ ਦੂਜੇ ਦੇ ਨਾਲ ਖਹਿੰਦੀ । ਚਾਰੋਂ ਤਰਫ ਪਏ ਦੁਹਾਈ, ਭੇਖ ਧਾਰੇ ਹਰਿ ਅਮਾਮ ਮਹਿੰਦੀ । ਗੁਰ ਸੰਗਤ ਆਏ ਚਰਨ ਸਰਨਾਈ, ਨੇੜੇ ਹੋ ਹੋ ਬਹਿੰਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਹੁਕਮ ਆਪ ਸੁਣਾਏ, ਪੰਚਮ ਜੇਠ ਖ਼ੁਸ਼ੀਆਂ ਨਾਲ ਮਨਾਏ, ਸਵਾ ਪੰਜ ਤੋਲੇ ਨਾਲ ਲਿਆਉਣੀ ਮਹਿੰਦੀ । ਹਰਿ ਜੀ ਵਰਤੇ ਸੱਚਾ ਭਾਣਾ । ਕਰੇ ਖੇਲ ਜਗਤ ਰਾਣਾ । ਸਾਚਾ ਹੁਕਮ ਧੁਰ ਫਰਮਾਣਾ । ਨਾ ਕੋਈ ਜਾਣੇ ਸੁਘੜ ਸਿਆਣਾ । ਗੁਰਮੁਖਾਂ ਦੇਵੇ ਸਾਚਾ ਮਾਣਾ । ਖ਼ੁਸ਼ੀਆਂ ਨਾਲ ਹੁਕਮ ਮਨਾਣਾ । ਨੀਲਾ ਚੋਗਾ ਮੱਸਾ ਸਿੰਘ ਖ਼ਰੀਦ ਲਿਆਣਾ । ਘਰ ਦਾ ਖੱਦਰ ਉਤੇ ਲਾਣਾ । ਸਤਿ ਬਟਨ ਉਪਰ ਰਖਾਣਾ । ਸੱਤ ਉਂਗਲੀ ਖਾਲੀ ਰਖਾਣਾ । ਦੂਜਾ ਸਾਤਾ ਫੇਰ ਛੁਹਾਣਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਤਨ ਛੁਹਾਣਾ । ਉਤਰ ਪੂਰਬ ਪੱਛਮ ਦੱਖਣ । ਚਾਰੋਂ ਦਿਸ਼ਾ ਦਿਸੇ ਸੱਖਣ । ਗੁਰਮੁਖ ਸਾਚੇ ਪ੍ਰਭ ਆਪ ਵਿਰੋਲੇ, ਜਿਉਂ ਵਿਚੋਂ ਛਾਛ ਮੱਖਣ । ਚਰਨ ਬਹਾਏ ਸਾਚੇ ਗੋਲੇ, ਅੰਮ੍ਰਿਤ ਰਸ ਸਾਚਾ ਚੱਖਣ । ਬੇਮੁਖਾਂ ਦਿਸਣ ਆਲੇ ਭੋਲੇ, ਲਜਪਤ ਆਪਣੀ ਕਲਜੁਗ ਰੱਖਣ । ਆਪ ਬਿਠਾਏ ਸ਼ਬਦ ਡੋਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੁੱਲ ਪਵਾਏ ਨਾ ਕੋਈ ਚੁਕਾਏ ਲੱਖਣ । ਨਾ ਕੀਮਤ ਨਾ ਕੋਈ ਮੁੱਲ । ਗੁਰਮੁਖ ਵਿਰਲਾ ਤੁਲੇ, ਗੁਰ ਚਰਨ ਪੂਰੇ ਤੋਲ । ਲੋਕਮਾਤ ਸਾਚਾ ਸੂਰਾ, ਭਾਗ ਲਗਾਏ ਆਪਣੀ ਕੁਲ । ਰਸਨਾ ਗਾਏ ਹਰਿ ਸਰਬ ਕਲਾ ਭਰਪੂਰਾ, ਆਤਮ ਪੜਦਾ ਜਾਏ ਖੁਲ੍ਹ । ਹਰਿ ਵਸੇ ਹਾਜ਼ਰ ਹਜ਼ੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖਿੜਾਏ ਕਵਲ ਫੁੱਲ । ਕਵਲ ਫੁੱਲ ਮੁਖ ਉਘਾੜ । ਉਤਰੇ ਭੁੱਖ ਮਿਲੇ ਅੰਮ੍ਰਿਤ ਧਾਰ । ਉਪਜੇ ਸੁਖ ਕਰ ਦਰਸ ਜੋਤ ਨਿਰੰਕਾਰ । ਉਜਲ ਹੋਏ ਮੁਖ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰ ਚਰਨ ਪਿਆਰ । ਕਾਇਆ ਡੂੰਘਾ ਵਹਿਣ, ਹਰਿ ਵਹਾਇੰਦਾ । ਗੁਰਮੁਖ ਵਿਰਲੇ ਭਾਣਾ ਸਹਿਣ, ਜਿਨ ਸਿਰ ਹੱਥ ਰਖਾਇੰਦਾ । ਪ੍ਰਗਟ ਹੋਏ ਦਰਸ ਦਿਖਾਏ ਆਤਮ ਸਾਚੇ ਨੈਣ, ਅਗਿਆਨ ਅੰਧੇਰ ਮਿਟਾਇੰਦਾ । ਗੁਰਮੁਖ ਸਾਚੇ ਸੰਤ ਜਨ ਪੰਚਮ ਜੇਠ ਗੁਰ ਸੰਗਤ ਮਿਲ ਬਹਿਣ, ਪ੍ਰਭ ਲੇਖਾ ਸਰਬ ਚੁਕਾਇੰਦਾ । ਬਣ ਆਪੇ ਸੱਚਾ ਸਾਕ ਸੈਣ, ਸ਼ਬਦ ਰਥ ਉਪਰ ਆਪ ਚੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਕਰ ਕਰ ਵੱਖ, ਗੁਰਮੁਖਾਂ ਚਰਨ ਧੂੜ ਇਸ਼ਨਾਨ ਕਰਾਇੰਦਾ । ਚਰਨ ਧੂੜ ਇਸ਼ਨਾਨ ਕਰਾਇੰਦਾ । ਚਿੱਟਾ ਕਾਲਾ ਸੂਹਾ ਲਾਲ ਸਾਚਾ ਰੰਗ ਵਟਾਇੰਦਾ । ਅੰਤਮ ਕਲਜੁਗ ਸੁਹਾਏ ਤਾਲ, ਅੰਮ੍ਰਿਤ ਹਰਿ ਭਰਾਇੰਦਾ । ਗੁਰਮੁਖ ਸਾਚੇ ਵਿਚ ਮਾਰਨ ਛਾਲ, ਮਾਣਕ ਮੋਤੀ ਨੂਰੀ ਜੋਤੀ ਸੋਹੰ ਕੱਢ ਵਖਾਇੰਦਾ । ਫਲ ਲਗਾਏ ਕਾਇਆ ਡਾਲ, ਮੁਖ ਸਾਚਾ ਰਸ ਚਵਾਇੰਦਾ । ਤੋੜ ਜਗਤ ਜੰਜ਼ਾਲ ਭਗਤ ਰਖਵਾਲ, ਸਾਚੇ ਮਾਰਗ ਪਾਇੰਦਾ । ਗੁਰਮੁਖ ਸਾਚੇ ਮਾਤ ਸੰਭਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪਣੀ ਗੋਦ ਉਠਾਇੰਦਾ । ਆਪਣੀ ਗੋਦ ਹਰਿ ਰੱਖੇ ਚੁੱਕ । ਗੁਰਸਿਖ ਬੂਟਾ ਨਾ ਜਾਏ ਸੁੱਕ । ਧੁਰਦਰਗਾਹੀ ਦਾਣਾ ਪਾਣੀ ਨਾ ਜਾਏ ਮੁੱਕ । ਕਟੇ ਗਲੋਂ


੨੨੫
੦੪

ਜਮ ਦੀ ਫਾਹੀ, ਵੇਲਾ ਨੇੜੇ ਆਇਆ ਢੁਕ । ਬੇਮੁਖਾਂ ਮੁਖ ਲਾਏ ਛਾਹੀ, ਮੂੰਹ ਵਿਚ ਪਾਏ ਥੁੱਕ । ਕਲਜੁਗ ਜੀਵ ਝੂਠੇ ਰਾਹੀ, ਅਧ ਵਿਚ ਜਾਣ ਰੁਕ । ਮੇਲ ਵਿਛੋੜਾ ਭੈਣਾਂ ਭਾਈ, ਇਕ ਦੂਜੇ ਦਾ ਭਾਰ ਨਾ ਸਕੇ ਚੁਕ । ਗੁਰਮੁਖਾਂ ਤਾਰੇ ਕਰ ਪਿਆਰ ਥਾਉਂ ਥਾਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਮੁਖ ਪਾਏ ਥੁੱਕ । ਇਕ ਇਕ ਪ੍ਰਭ ਏਕਾ ਏਕਾ । ਦੂਜੀ ਰਖਾਏ ਸ੍ਰਿਸ਼ਟ ਸਬਾਈ ਚਰਨ ਟੇਕ । ਤੀਜਾ ਦਇਆ ਕਮਾਏ ਨੇਤਰ ਲੋਇਣ, ਗੁਰਸਿਖ ਸਾਚਾ ਲਏ ਵੇਖ । ਚੌਥੇ ਚਾਰ ਕੁੰਟ ਬਣਾਏ ਰਣ ਖੇਤ । ਖੇਤਰ ਉਠਾਏ ਮਿਟਾਏ ਔਲੀਏ ਪੀਰ ਸ਼ੇਖ਼ । ਪੰਜਵੇਂ ਨਰ ਨਰਾਇਣ ਪੇਖ । ਪ੍ਰਭ ਅਬਿਨਾਸ਼ੀ ਜਗਤ ਲਿਖਾਏ ਸਾਚੇ ਲੇਖ । ਛੇਵਾਂ ਰਹੇ ਦਰ ਦਰਵੇਸ਼ । ਮਾਝੇ ਦੇਸ ਕਰ ਕਰ ਭੇਸ, ਸੱਤਾਂ ਦੀਪਾਂ ਲਿਖਾਏ ਲੇਖ, ਮਿਟਾਏ ਪਿਛਲੀ ਰੇਖ । ਅਠਵਾਂ ਉਠੇ ਜਾਗੇ, ਚਾਰੋਂ ਕੁੰਟ ਭਾਗੇ, ਧਰ ਅਵਲੜਾ ਭੇਖ । ਨੌਵਾਂ ਨੌਂ ਖੰਡ ਪ੍ਰਭ ਪਾਏ ਵੰਡ, ਵਿਚ ਬ੍ਰਹਿਮੰਡ ਗੁਰਸਿਖ ਬਣਾਏ, ਸਾਚੇ ਲਾਲ ਸ਼ਬਦ ਜੋਤੀ ਆਪੇ ਵੇਖ, ਦਸਵਾਂ ਦਹਿ ਦਿਸ਼ ਉਠ ਧਾਏ । ਅੱਠ ਦਸ ਅਠਾਰਾਂ ਮਾਣ ਚੁਕਾਏ, ਵੇਦ ਪੁਰਾਨਾ ਸਰਬ ਮਿਟਾਏ, ਖਾਣੀ ਬਾਣੀ ਅੰਤ ਹੋ ਜਾਏ, ਅੰਜ਼ੀਲ ਕੁਰਾਨ ਦਏ ਦੁਹਾਏ, ਸੁਘੜ ਸਿਆਣੀ ਜਗਤ ਰਾਣੀ ਆਤਮ ਬੁੱਧ ਗੁਰਸਿਖਾਂ ਵਿਚ ਰਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪੀ ਸਾਚਾ ਭੇਖ । ਯਾਰਵਾਂ ਆਏ ਸੱਚਾ ਯਾਰ । ਨਿਹਕਲੰਕ ਲੈ ਅਵਤਾਰ । ਚਿੱਟਾ ਘੋੜਾ ਹੋ ਅਸਵਾਰ । ਸ਼ਬਦ ਡੰਡਾ ਪਹਿਰੇਦਾਰ । ਸ੍ਰਿਸ਼ਟ ਸਬਾਈ ਪਾਉਂਦਾ ਜਾਏ ਵੰਡਾਂ, ਗੁਰਮੁਖਾਂ ਕਰੇ ਖ਼ਬਰਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਖੇਲ ਜਨ ਭਗਤਾਂ ਮੇਲ, ਪੰਚਮ ਜੇਠ ਕਰੇ ਕਰਤਾਰ । ਪਹਿਲੀ ਜੇਠ ਹਰਿ ਕਰ ਜੋਤ ਪ੍ਰਕਾਸ਼ । ਸਚਖੰਡ ਕਰੇ ਸਚ ਸੱਚਾ ਵਾਸ । ਵਿਚ ਬ੍ਰਹਿਮੰਡ ਸ਼ਬਦ ਸਰੂਪੀ ਪਾਵੇ ਰਾਸ । ਬੇਮੁਖਾਂ ਦੇਵੇ ਕੰਡ, ਅੰਤਮ ਕਲਜੁਗ ਗੁਰਸਿਖਾਂ ਹੋਏ ਦਾਸ । ਜੇਠ ਦੂਜੇ ਗੁਰਸਿਖਾਂ ਕਰੇ ਰੀਝੇ, ਲੇਖੇ ਲਾਏ ਜਨਮ ਦਸ ਮਾਸ । ਜੇਠ ਤੀਜੇ ਹਰਿ ਪਤੀਜੇ, ਸੋਹੰ ਸਾਚਾ ਬੀਜ ਗੁਰਮੁਖਾਂ ਆਤਮ ਬੀਜੇ, ਬਣਾਏ ਇਕ ਸੱਚੀ ਜਮਾਤ । ਚਾਰ ਵਰਨਾਂ ਆਤਮ ਕਾਇਆ ਸ਼ਿੰਗਾਰੇ, ਹਰਿ ਸਚ ਸੱਚੀ ਸਰਕਾਰੇ । ਜੇਠ ਚਾਰ ਹਰਿ ਦਿਵਸ ਵਿਚਾਰ । ਆਪਣਾ ਕਰੇ ਆਪ ਵਿਹਾਰ । ਗੁਰ ਸੰਗਤ ਤੇਰੇ ਆਏ ਚਲ ਦਵਾਰ । ਅੱਗੋਂ ਮਿਲੇ ਹਰਿ ਜੀ ਹਰੇ, ਸ਼ਬਦ ਘੋੜੇ ਹੋ ਅਸਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਏ ਸਾਰਨ ਤਰਨੀ ਤਾਰਨ, ਗੁਰਮੁਖ ਖੜੇ ਅੱਧਵਿਚਕਾਰ । ਚਾਰ ਜੇਠ ਖੇਲ ਨਿਰਾਲੀ । ਕਰੇ ਹਰਿ ਘਨਕਪੁਰ ਵਾਸੀ ਜੋ ਜਨ ਆਵਣ ਬਣ ਸਵਾਲੀ । ਦੇਵੇ ਵਰ ਜਗੀ ਜੋਤ ਇਕ ਅਕਾਲੀ । ਆਤਮ ਭੰਡਾਰੇ ਦੇਵੇ ਭਰ, ਗੁਰਸਿਖ ਰਹੇ ਨਾ ਕੋਈ ਖਾਲੀ । ਚਾਰੋਂ ਵਰਨ ਏਕਾ ਏਕ ਦਿਸੇ, ਊਚ ਨੀਚ ਰਾਓ ਰੰਕ, ਸ਼ਾਹ ਸੁਲਤਾਨ ਵਿਚ ਜਹਾਨ, ਬਿਰਧ ਜਵਾਨ ਨਾ ਕੋਈ ਬਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਸਤਕ ਜੋਤ ਜਗਾਏ, ਜਿਉਂ ਜਗੇ ਜੋਤ ਜਵਾਲੀ । ਚਾਰ ਜੇਠ ਹੋਏ ਦਿਵਸ ਵਡ ਭਾਗੀ, ਚਿੱਟੇ ਬਸਤਰ ਹਰਿ ਤਨ ਪਹਿਨਾਏ, ਕਲਜੁਗ ਤੇਰੇ ਧੋਵੇ ਦਾਗੀ । ਗੁਰਸਿਖਾਂ ਬੇੜਾ ਬੰਨ੍ਹ ਵਖਾਏ, ਸ੍ਰਿਸ਼ਟ ਸਬਾਈ ਫੇਰੇ ਸੁਹਾਗੀ । ਆਪ ਬਿਨ ਛੱਪਰੀ ਹਰਿ ਛੰਨ ਰਹਾਏ, ਕਰੇ ਸਵਾਂਗ ਵਡ ਸਵਾਂਗੀ । ਬੇਮੁਖਾਂ ਹਰਿ ਡੰਨ ਲਗਾਏ, ਗੁਰਸਿਖ ਬਣਾਏ ਹੰਸ ਕਾਗੀ । ਭਾਂਡਾ ਭਰਮ ਭਉ ਹਰਿ ਭੰਨਾਏ, ਚਰਨ ਪ੍ਰੀਤ ਜਿਸ ਜਨ ਲਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹਰਿ ਕਿਰਪਾ ਜਾਏ ਕਰ, ਵਿਚ ਮਾਤ ਆਏ ਜੋਤ ਧਰ, ਕਰੇ ਖੇਲ ਜਨ ਭਗਤਾਂ ਮੇਲ, ਬਣ ਸੱਜਣ ਸੁਹੇਲ, ਮੱਕੇ ਜਾਏ ਬਣ ਕੇ ਸਾਚਾ

੨੨੬ ੦੪

ਹਾਜੀ । ਸਾਚਾ ਬਾਣਾ ਤਨ ਛੁਹਾ । ਸਾਚਾ ਰਾਣਾ ਦੀਨ ਮੁਹੰਮਦੀ ਮੰਗੇ ਇਕ ਦੁਆ । ਵੇਲੇ ਅੰਤ ਨਾ ਕਿਸੇ ਛੁਡਾਉਣਾ, ਸ਼ਬਦ ਸਰੂਪੀ ਗਲ
ਪਾਇਆ ਫਾਹ । ਪੰਚਮ ਜੇਠ ਹਰਿ ਵਰਤੇ ਭਾਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲੇਖ ਆਪੇ ਰਿਹਾ ਲਿਖਾ । ਪੰਚਮ
ਜੇਠ ਸਚ ਦਰਬਾਰਾ । ਨਰ ਨਰਾਇਣ ਲਏ ਅਵਤਾਰਾ । ਬਣੇ ਆਪ ਸੱਚੀ ਸਰਕਾਰਾ । ਦੱਸੇ ਜਾਪ ਸੋਹੰ ਅਪਰ ਅਪਾਰਾ । ਮਾਰੇ ਤੀਨੋਂ ਤਾਪ,
ਤਨ ਲੱਥੇ ਅਫਾਰਾ । ਜਮਰਾਜ ਜਾਏ ਕਾਂਪ, ਖੋਲ੍ਹੇ ਬੰਦ ਕੁਆੜਾ । ਕਲਜੁਗ ਵਧਿਆ ਅੰਤਮ ਪਾਪ, ਉਠੇ ਸ਼ਬਦ ਸੱਚੀ ਧਾੜਾ । ਪ੍ਰਗਟ ਹੋਏ
ਪ੍ਰਭ ਆਪੇ ਆਪ, ਨੌਂ ਖੰਡ ਪ੍ਰਿਥਮੀ ਜੰਗਲ ਜੂਹ ਵਿਚ ਪਹਾੜਾ । ਉਜਾੜ ਪਹਾੜ ਵਿਚ ਲਾਏ ਢੇਰ ਪਹਿਲੀ ਹਾੜਾ । ਪਾਏ ਫੇਰਾ ਸ੍ਰਿਸ਼ਟ ਸਬਾਈ
ਚਬਾਏ ਦਾੜ੍ਹ, ਸ਼ਬਦ ਸਰੂਪੀ ਪਾਏ ਘੇਰਾ । ਗੁਰਮੁਖਾਂ ਜੋਤ ਜਗਾਏ ਬਹੱਤਰ ਨਾੜ, ਦੁੱਖਾਂ ਭਰਮਾਂ ਢਾਹੇ ਡੇਰਾ । ਅਗਨ ਜੋਤ ਹਰਿ ਦਏ ਸਾੜ,
ਉਠੇ ਸ਼ਾਹ ਵਡ ਦਲੇਰਾ । ਕਲਜੁਗ ਫਲ ਹਰਿ ਦੇਵੇ ਝਾੜ, ਚਲਾਏ ਮੇਰਾ ਤੇਰਾ । ਦੂਈ ਦਵੈਤੀ ਹਰਿ ਦੇਵੇ ਪਾੜ, ਸਤਿਜੁਗ ਵਕਤ ਸੁਹਾਏ
ਨੇੜਾ । ਪੰਚਮ ਜੇਠ ਸੁਹੰਜਣੀ ਰਾਤ, ਵਸਿਆ ਪੁਰੀ ਘਨਕ ਸਾਚਾ ਨਗਰ ਖੇੜਾ । ਪ੍ਰਗਟ ਹੋਏ ਹਰਿ ਵਿਚ ਮਾਤ, ਖੁਲ੍ਹਾ ਕਰਾਏ ਧਰਤ ਮਾਤ
ਤੇਰਾ ਵਿਹੜਾ । ਗੁਰ ਸੰਗਤ ਬਣਾਏ ਨਾਲ ਬਰਾਤ, ਜਾਂਵੀ ਲਾੜਾ ਲੱਭੇ ਕਿਹੜਾ । ਜਨ ਭਗਤਾਂ ਪੁੱਛੇ ਅੰਤਮ ਵਾਤ, ਲੱਖ ਚੁਰਾਸੀ ਦੇਵੇ ਗੇੜਾ ।
ਬੈਠਾ ਰਹੇ ਇਕ ਇਕਾਂਤ, ਚੌਥੇ ਜੁਗ ਚੁਕਾਏ ਝੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤੀਰ ਚਲਾਏ, ਸ੍ਰਿਸ਼ਟ ਸਬਾਈ ਲਾਏ
ਉਖੇੜਾ । ਸ੍ਰਿਸ਼ਟ ਸਬਾਈ ਹੋਏ ਚਾਨਣਾ । ਦੀਪਕ ਜੋਤੀ ਆਪ ਜਗਾਵਣਾ । ਆਤਮ ਸੋਤੀ ਹਰਿ ਉਠਾਵਣਾ । ਵਰਨ ਗੋਤੀ ਸਰਬ ਮਿਟਾਵਣਾ ।
੨੨੭ ੦੪ ਸ੍ਰਿਸ਼ਟ ਸਬਾਈ ਰਹੀ ਰੋਤੀ, ਨਾ ਮਿਲਿਆ ਹਰਿ ਭਗਵਾਨਣਾ । ਗੁਰਮੁਖਾਂ ਮੈਲ ਦੁਰਮਤ ਧੋਤੀ, ਦਰਗਹਿ ਸਾਚੀ ਸੁਖ ਸਾਚਾ ਮਾਨਣਾ । ਪੰਚਮ ੨੨੭ ੦੪
ਜੇਠ ਹਰਿ ਚੁਣੇ ਗੁਰਸਿਖ ਮਾਣਕ ਮੋਤੀ, ਹੱਥ ਬੰਨ੍ਹੇ ਸਾਚਾ ਗਾਨਣਾ । ਨਿਹਕਲੰਕ ਨਰਾਇਣ ਨਰ, ਨੂਰ ਨੁਰਾਨੀ ਜੋਤ ਕਰੇ ਪ੍ਰਕਾਸ਼ ਕੋਟਨ ਭਾਨਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਮਾਂ ਆਪਣਾ ਆਪ ਸੁਹਾਨਣਾ । ਚਰਨ ਕਵਲ ਚਰਨ ਗੁਰ ਪੂਰੇ । ਉਪਰ ਧਵਲ ਕਰ ਦਰਸ
ਉਤਰੇ ਸਗਲ ਵਸੂਰੇ । ਆਤਮ ਜਾਏ ਮਵਲ, ਦੁੱਖ ਕਲੇਸ਼ ਹੋਣ ਦੂਰੇ । ਖਿਲੇ ਸੱਚਾ ਫੁੱਲ ਕਵਲ, ਪ੍ਰਭ ਦਿਸੇ ਹਾਜ਼ਰ ਹਜ਼ੂਰੇ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਰਸਨਾ ਗਾਏ ਕਾਰਜ ਹੋਣ ਪੂਰੇ । ਕਾਇਆ ਦੁੱਖ ਆਤਮ ਅੰਧੇਰਾ । ਅੱਠੇ ਪਹਿਰ ਧੁੰਏ ਰਹੇ ਧੁੱਖ,
ਨਾ ਮਿਟੇ ਭਰਮਾਂ ਡੇਰਾ । ਰੈਣ ਦਿਵਸ ਨਾ ਮਿਲੇ ਸੁਖ, ਕਾਇਆ ਤਨ ਤਨ ਕਾਇਆ ਦੁੱਖਾਂ ਰੋਗਾਂ ਘੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਿਰਪਾ ਕਰ ਦਰਦ ਦੁੱਖ ਹਰ, ਕਰ ਕਰ ਆਪਣੀ ਮਿਹਰਾ । ਦੁੱਖ ਦਰਦ ਪ੍ਰਭ ਪੂਰੇ ਕੱਢ । ਹੋਣ ਸੁਖਾਲੇ ਨਿਮਾਣੇ ਹੱਡ । ਕਿਰਪਾ ਕਰ ਭਗਵਾਨ,
ਡਿੱਗੇ ਕਲਜੁਗ ਡੂੰਘੀ ਖੱਡ । ਚਰਨ ਧੂੜ ਕਰ ਇਸ਼ਨਾਨੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਦਿਰਾ ਮਾਸ ਦਈਏ ਛੱਡ । ਮਦਿਰਾ ਮਾਸ
ਜਨ ਤਜਾਏ । ਪ੍ਰਭ ਅਬਿਨਾਸ਼ੀ ਰਸਨਾ ਗਾਏ । ਸੋਹੰ ਸਾਚਾ ਜਾਪ ਜਪਾਏ । ਪ੍ਰਗਟ ਹੋਏ ਆਪ ਦਇਆ ਕਮਾਏ । ਉਤਾਰੇ ਤੀਨੋਂ ਤਾਪ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਰਘੁਰਾਏ । ਅਸ਼ਟਮ ਜੇਠ ਲਾਉਣਾ ਜਗ । ਸੰਤ ਮਨੀ ਸਿੰਘ ਪ੍ਰਭ ਪੂਰੇ ਦੇ ਪਕੜੇ ਪਗ ।
ਘਨਕਪੁਰ ਵਾਸੀ ਸ੍ਰਿਸ਼ਟ ਸਬਾਈ ਲਾਵਣ ਜਾਣਾ ਅੱਗ । ਨਾ ਚਲੇ ਕਿਸੇ ਚਤੁਰਾਈ, ਘਰ ਘਰ ਬੈਠੇ ਜਾਣ ਦਗ । ਪ੍ਰਭ ਹੱਥ ਸੱਚੀ ਵਡਿਆਈ,

ਬੇਮੁਖਾਂ ਪਕੜ ਪਛਾੜੇ ਸ਼ਾਹ ਰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੇਵਾ ਲਾਏ, ਬੁਝਾਏ ਤ੍ਰਿਸ਼ਨਾ ਅੱਗ । ਗੁਰ ਸੰਗਤ ਸੰਗਤ ਗੁਰ ਜੇਠੂਵਾਲ । ਸਾਚਾ ਸ਼ਬਦ ਹਰਿ ਸੁਣਾਏ, ਰੱਖਣਾ ਗੁਰਸਿਖ ਸੰਭਾਲ । ਅਚਰਜ ਖੇਲ ਆਪ ਵਰਤਾਏ, ਗੁਰਸਿਖ ਬਣਾਏ ਸਾਚੇ ਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੇਠ ਅਸ਼ਟਮ ਚਲੇ ਅਵਲੜੀ ਚਾਲ । ਅਸ਼ਟਮ ਜੇਠ ਪਕੇ ਪਕਵਾਨ । ਗੁਰ ਸੰਗਤ ਰਲ ਮਿਲ, ਪ੍ਰਭ ਅਬਿਨਾਸ਼ੀ ਰਸਨਾ ਗਾਣ । ਸ੍ਰਿਸ਼ਟ ਸਬਾਈ ਜਾਏ ਬਲ, ਬੇਮੁਖ ਜੀਵ ਸਰਬ ਪਛਤਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰਨ ਜਾਏ ਸ਼ਬਦ ਬਾਣ ।

### ✻ ੧ ਜੇਠ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਅੰਮ੍ਰਿਤਸਰ ਦਰਬਾਰ ਵਿਚ ✻

ਪਹਿਲੀ ਜੇਠ ਖ਼ੁਸ਼ੀ ਮਨਾਉਂਦੇ । ਪ੍ਰਭ ਰੱਖੀਂ ਸਾਇਆ ਹੇਠ, ਦਿਵਸ ਰੈਣ ਧਿਆਉਂਦੇ । ਕਲਜੁਗ ਭੰਨੀ ਜੀਵ ਕੌੜੇ ਰੇਠ, ਘਰ ਘਰ ਵੈਣ ਬਹਿ ਬਹਿ ਭਾਈ ਭੈਣ ਸੁਣਾਉਂਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੁਹਾਏ ਸਾਚੇ ਦਰ, ਮਿਲ ਮੰਗਲ ਸਾਚਾ ਗਾਉਂਦੇ । ਪਹਿਲੀ ਜੇਠ ਉਠੇ ਬਲਕਾਰੀ । ਜੇਠਾ ਪੁਤ ਬਣੇ ਗੁਰ ਸੰਗਤ, ਦੇਵੇ ਮਾਤ ਸੱਚੀ ਸਰਦਾਰੀ । ਚਾੜ੍ਹੇ ਆਤਮ ਸਾਚੀ ਰੰਗਤ, ਦਿਵਸ ਰੈਣ ਰਹੇ ਖੁਮਾਰੀ । ਦੂਜਾ ਦਰ ਨਾ ਜਾਣਾ ਮੰਗਣ, ਨਿਹਕਲੰਕ ਚਰਨ ਸਰਨ ਬਲਿਹਾਰੀ । ਆਪੇ ਰੱਖੇ ਆਪਣੇ ਅੰਗਣ, ਜਿਉਂ ਬਾਲਕ ਮਾਂ ਪਿਆਰੀ । ਸ਼ਬਦ ਪਹਿਨਾਏ ਸਾਚਾ ਕੰਗਣ, ਜਗਤ ਚਲੇ ਚਾਲ ਨਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਕਰਮ ਰਿਹਾ ਵਿਚਾਰੀ । ਪਹਿਲੀ ਜੇਠ ਹਰਿ ਹੋ ਤਿਆਰ । ਤਿੰਨਾਂ ਲੋਕਾਂ ਕਰ ਵਿਚਾਰ । ਸੁਣਾਏ ਸ਼ਬਦ ਸਲੋਕਾ, ਖਾਣੀ ਬਾਣੀ ਵਸੇ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਪਹਿਲ ਕਰੇ ਵਿਚ ਸੰਸਾਰ । ਪਹਿਲੀ ਜੇਠ ਪਹਿਲੀ ਵਾਰ, ਕਰੇ ਖੇਲ ਹਰਿ ਨਿਆਰੀ, ਲਿਖਿਆ ਲੇਖ ਜੋ ਗੋਬਿੰਦ ਨਿਰੰਕਾਰੀ । ਪ੍ਰਗਟ ਹੋਇਆ ਹਰਿ ਸਾਚਾ ਵਿਚ ਹਿੰਦ, ਰਾਓ ਉਮਰਾਓ ਸੁੱਤੇ ਪੈਰ ਪਸਾਰੀ । ਗੁਰਮੁਖ ਉਪਜਾਏ, ਬੇਮੁਖ ਡੁਬਾਏ ਕਰਨ ਜੋ ਨਿੰਦ, ਮਾਰੇ ਖੰਡਾ ਦੋ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਪੁਰਖੋਤਮ ਨਾ ਕੋਈ ਜਾਣੇ ਜੀਵ ਗਵਾਰੀ । ਪਹਿਲੀ ਜੇਠ ਪਹਿਲਾ ਵਰ । ਗੁਰ ਸੰਗਤ ਸਾਚਾ ਲੈਣਾ ਕਰ । ਇਕੋ ਘਰ ਜਿਥੇ ਚੁੱਕੇ ਜਮ ਕਾ ਡਰ । ਅੰਮ੍ਰਿਤ ਸਾਚਾ ਸੋਮਾ ਵਗੇ ਆਤਮ ਸਾਚੇ ਸਰ । ਤੱਤੀ ਵਾ ਨਾ ਕਲਜੁਗ ਲੱਗੇ, ਨਿਹਕਲੰਕ ਆਏ ਤੇਰੇ ਦਰ । ਪ੍ਰਭ ਅਬਿਨਾਸ਼ੀ ਫਿਰੇ ਪਿਛੇ ਅੱਗੇ, ਗੁਰਸਿਖਾਂ ਰਿਹਾ ਕਿਰਪਾ ਕਰ ।

### ✻ ੨ ਜੇਠ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਵਿਚ ✻

ਏਕਾ ਏਕ ਪੁਰਖ ਅਬਿਨਾਸ਼ਾ । ਤਿੰਨਾਂ ਲੋਆਂ ਕਰੇ ਪ੍ਰਕਾਸ਼ਾ । ਖੰਡ ਬ੍ਰਹਿਮੰਡ ਵਿਚ ਵਰਭੰਡ, ਜੋਤ ਸਰੂਪੀ ਵੇਖੇ ਜਗਤ ਤਮਾਸ਼ਾ । ਵਿਚ ਨੌਂ ਖੰਡ ਜੇਰਜ ਅੰਡ, ਅੰਤਮ ਹੋਏ ਨਾਸਾ । ਸ੍ਰਿਸ਼ਟ ਸਬਾਈ ਹੋਈ ਰੰਡ, ਗੁਰਮੁਖ ਵਿਰਲਾ ਦਾਸਨ ਦਾਸਾ । ਸ਼ਬਦ ਚਲੇ ਚੰਡ ਪ੍ਰਚੰਡ ਹਰਿ ਪਾਏ

੨੨੯
੦੪

ਵੰਡ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਮਾਨਸ ਜਨਮ ਕਰੇ ਰਹਿਰਾਸਾ । ਜੇਠ ਦੂਜਾ ਗੁਰ ਪੂਰਾ ਬੂਝਾ । ਆਤਮ ਭੇਵ ਖੁਲ੍ਹਾਏ ਗੁਝਾ । ਸਚ ਵਿਹਾਰਾ ਅੰਤਮ ਕਰ, ਨਿਹਕਲੰਕ ਨਰਾਇਣ ਨਰ ਏਕਾ ਸੁਝਾ । ਚਾਰ ਵਰਨ ਖੁਲ੍ਹਾਏ ਇਕ ਦਰ, ਕਲਜੁਗ ਹਟਾਏ ਤੇਰੀ ਅੰਤਮ ਪੂਜਾ । ਸਚ ਇਸ਼ਨਾਨ ਕਰੇ ਆਤਮ ਸਰੋਵਰ ਸਰ, ਚਰਨ ਪ੍ਰੀਤੀ ਜੋ ਜਨ ਝੂਜਾ । ਆਪ ਚੁਕਾਏ ਜਮ ਕਾ ਡਰ, ਸਾਚਾ ਸਗਨ ਮੁਖ ਲਗਾਏ ਪੰਚਮ ਜੇਠ ਮਿਸ਼ਰੀ ਕੂਜਾ । ਲਗਾਏ ਮੁਖ ਹਰਿ ਮਿਠਾਸ । ਸ਼ਬਦ ਚਲਾਏ ਸਵਾਸ ਸਵਾਸ । ਹਉਮੇ ਦੁਖੜਾ ਕਰੇ ਨਾਸ । ਜੋਤ ਸਰੂਪੀ ਕਰ ਪ੍ਰਕਾਸ਼ । ਬਿਨ ਰੰਗ ਰੂਪੀ ਹੋਏ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖੇ ਆਪ ਲਿਖਾਏ, ਮਾਤ ਪਤਾਲ ਅਕਾਸ਼ । ਲੇਖ ਲਿਖਾਏ ਮਾਤ ਪਤਾਲ ਅਕਾਸ਼ਾ । ਵੇਖ ਵੇਖ ਗੁਰਸਿਖ ਜਗਾਏ, ਚਰਨ ਕਰੇ ਦਾਸਾ । ਮਾਤ ਕੁੱਖ ਸੁਫਲ ਕਰਾਏ, ਆਤਮ ਭਰਿਆ ਸਾਚਾ ਕਾਸਾ । ਹਉਮੇ ਰੋਗ ਚਿੰਤਾ ਸੋਗ ਦੁੱਖ ਗਵਾਏ, ਨਿਜ ਘਰ ਰਖੇ ਵਾਸਾ । ਵਿਚ ਮਾਤ ਉਜਲ ਮੁਖ ਕਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਕੰਚਨ ਜਿਉਂ ਸੋਨਾ ਪਾਸਾ । ਗੁਰਮੁਖ ਰੰਗ ਰੰਗ ਚਲੂਲ । ਪ੍ਰਗਟ ਜੋਤ ਨਿਹਕਲੰਕ, ਚੁਕਾਏ ਪਿਛਲਾ ਮੂਲ । ਸ਼ਬਦ ਵਜਾਏ ਇਕ ਡੰਕ, ਇਕ ਕਰਾਏ ਰਾਓ ਰੰਕ, ਗੁਰਮੁਖਾਂ ਸ਼ਬਦ ਪੰਘੂੜਾ ਲੈਣਾ ਝੂਲ । ਸੋਹੰ ਸ਼ਬਦ ਤੇਰਾ ਸਾਚਾ ਰੰਗ, ਗੁਰਸਿਖ ਤੇਰੀ ਆਤਮ ਸੇਜਾ ਹਰਿ ਵਿਛਾਏ, ਚੁਣ ਚੁਣ ਸਾਚੇ ਫੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰ ਵਖਾਏ, ਸਾਚੇ ਆਸਣ ਡੇਰਾ ਲਾਏ, ਬੇਮੁਖ ਜੀਵਾਂ ਦਿਸ ਨਾ ਆਏ, ਲੱਖ ਚੁਰਾਸੀ ਰੱਖੇ ਵਾਸਾ । ਨੌਂ ਲੱਖ ਵਿਚ ਜਲ ਟਿਕਾਸਾ । ਦਸ ਲੱਖ ਅੰਡਜ ਵਾਸਾ । ਗਿਆਰਾਂ ਲੱਖ ਢਿੱਡ ਭਾਰ ਰਿੜਾਸਾ । ਬੀਸ ਲੱਖ ਬਨਾਸਪਤ ਉਗਾਸਾ । ਤੀਸ ਲੱਖ ਚਾਰ ਪਾਉਂ ਵਿਖਾਸਾ । ਚਾਰ ਲੱਖ ਮਾਨਸ ਦੇਹੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਭੇਵ ਖੁਲਾਸਾ । ਲੇਖ ਲਿਖਣਾ ਹਰਿ ਕਰਤਾਰ । ਚੌਥੇ ਜੁਗ ਪਹਿਲੀ ਵਾਰ । ਪੂਰਬ ਕਰਮ ਆਪ ਵਿਚਾਰ । ਪ੍ਰਗਟ ਹੋ ਕੇ ਜਾਣਾ ਵਿਚ ਪਿੰਡ ਬੁੱਗ, ਤਰਨ ਤਾਰਨ ਸੋਹੰ ਸ਼ਬਦ ਜੈਕਾਰ । ਬੇਮੁਖ ਮਾਰੇ ਚੁਗ ਚੁਗ, ਸਤਿਜੁਗ ਬੰਨ੍ਹੇ ਤੇਰੀ ਧਾਰ । ਸਚ ਫ਼ਰਮਾਨ ਧੁਰ ਦੀ ਬਾਣ, ਪੰਚਮ ਪੰਚਮ ਪੰਚਮ, ਪੰਜ ਫੁੱਲ ਗਲ ਪਾਏ ਫੂਲਨਹਾਰ । ਫੂਲਨਹਾਰ ਦਰ ਦਵਾਰ ਗੁਲ ਪੰਜ । ਖਿਲਾਏ ਮਿਟਾਏ ਮੁਹੰਮਦ ਯਾਰ, ਲੇਖ ਲਿਖਾਏ ਤੇਗ ਬਹਾਦਰ ਸੀਸ ਗੰਜ । ਚਿੱਟੇ ਅਸਵ ਸ਼ਬਦ ਅਸਵਾਰ, ਗੁਰ ਸੰਗਤ ਸੰਸਾਰ ਸਾਗਰ ਪਾਰ ਕਰਾਏ, ਸ਼ਬਦ ਰੱਖੇ ਮੁਹਾਣਾ ਵੰਞ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸੋਹਣਾ ਦਿਵਸ ਚੜ੍ਹਾਏ, ਇਕ ਕਰਾਏ ਸਵੇਰ ਸੰਞ । ਪੰਚਮ ਹਾਰ ਏਕਾ ਲੱਗਾ ਤਨ ਛੁਹਾਏ, ਹਰਿ ਵਡ ਦਾਤਾ ਸੂਰਾ ਸਰਬੰਗਾ । ਚਾਰ ਜੁਗ ਭੇਵ ਖੁਲ੍ਹਾਏ, ਕਲਜੁਗ ਵਜਾਏ ਇਕ ਮਰਦੰਗਾ । ਪੂਰਨ ਇੱਛਿਆ ਆਪ ਕਰਾਏ, ਜੋ ਦਰ ਸਾਚੇ ਮੰਗਣ ਆਏ, ਪੰਚਮ ਜੇਠ ਭੁੱਖਾ ਨੰਗਾ । ਆਤਮ ਰੰਗ ਇਕ ਚੜ੍ਹਾਏ, ਸ਼ਬਦ ਸੱਚਾ ਸੀਰ ਪਿਆਏ, ਮਾਣ ਗਵਾਏ ਹੰਕਾਰੀ ਗੰਦਾ । ਇਕੋ ਸੱਚਾ ਸੀਰ ਪਿਲਾਏ, ਨੌਂ ਖੰਡ ਚੀਰ ਵਖਾਏ, ਪਹਿਲੀ ਕੂਟ ਲਗਾਏ ਦੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਦਰਸ ਦਾਨ, ਦਰ ਘਰ ਸਾਚੇ ਆਏ ਮੰਗਾ । ਚਿੱਟਾ ਅਸਵ ਪਾਵੇ ਸ਼ੋਰ । ਦੂਜਾ ਵੇਖ ਮਾਤ ਅੰਧ ਘੋਰ । ਪ੍ਰਭ ਅਬਿਨਾਸ਼ੀ ਰਖੀਂ ਸਾਇਆ ਹੇਠ, ਲੋਕਮਾਤ ਛੇਤੀ ਬਹੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਅੰਤਮ ਵਾਰੀ, ਚਾਰੇ ਵਾਗਾਂ ਆਪਣੇ ਹੱਥ ਰੱਖੀ ਡੋਰ । ਆਪਣੇ ਹੱਥ ਰੱਖੀਂ ਡੋਰੀ । ਆਪ ਚੜ੍ਹੀਂ ਸ਼ਬਦ

ਘੋੜੀ । ਗੁਰ ਸੰਗਤ ਨਾਲ ਜਾਈਂ ਤੋਰੀ । ਸੰਗਤ ਗੁਰ ਗੁਰ ਸੰਗਤ, ਦੋਹਾਂ ਬਣ ਜਾਏ ਇਕੋ ਜੋੜੀ । ਦਰ ਗੁਰ ਸਾਚੇ ਮੰਗਣ ਆਏ, ਨਾਮ ਰੰਗਤ ਸ਼ਬਦ ਡੰਡਾ ਸਾਚੀ ਪੌੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲਾ ਕਲਜੁਗ ਨੇੜੇ, ਪ੍ਰਗਟ ਜੋਤ ਛੇਤੀ ਬਹੁੜੀ । ਚਿੱਟਾ ਅਸਵ ਚੱਬੇ ਦਾਣਾ । ਪਹਿਲਾਂ ਮਾਰੇ ਰਾਜਾ ਰਾਣਾ । ਫੇਰ ਵੇਖਣਾ ਸ਼ਾਹ ਸੁਲਤਾਨਾ । ਮਾਰ ਮੁਕਾਵਾਂ ਨੌਂਜਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਹੋ ਅਸਵਾਰ, ਬੰਨ੍ਹਣ ਆਏ ਹੱਥੀਂ ਗਾਨਾ । ਪਰਮ ਪੁਰਖ ਦੀ ਏਕਾ ਜਾਤ । ਸ੍ਰਿਸ਼ਟ ਸਬਾਈ ਏਕਾ ਨਾਤ । ਸੋਹੰ ਸ਼ਬਦ ਸਾਚੀ ਦਾਤ । ਆਦਿ ਅੰਤ ਜੁਗਾ ਜੁਗੰਤ, ਗੁਰਮੁਖਾਂ ਦੇਵੇ ਵਡ ਕਰਾਮਾਤ । ਅੰਤਮ ਕਲ ਆਤਮ ਅੰਧੇਰ ਮਿਟਾਏ, ਮਿਟੇ ਅੰਧੇਰੀ ਰਾਤ । ਸਾਚੀ ਜੋਤ ਦੀਪ ਜਗਾਏ, ਬੈਠਾ ਰਹੇ ਇਕ ਇਕਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਕਾਇਆ ਮਹੱਲ ਪਸਰ ਪਸਾਰੇ, ਗੁਰਮੁਖ ਆਤਮ ਮਾਰ ਝਾਤ । ਆਤਮ ਮਾਰ ਗੁਰਮੁਖ ਝਾਕੀ । ਪ੍ਰਭ ਚੁਕਾਉਣ ਆਇਆ ਬਾਕੀ । ਗੁਰਮੁਖ ਸਾਚੇ ਜਗਾਉਣ ਆਇਆ, ਆਤਮ ਖੋਲ੍ਹੇ ਤਾਕੀ । ਫੜ ਫੜ ਬਾਹੋਂ ਰਾਹੇ ਪਾਉਣ ਆਇਆ, ਚਾਰ ਵਰਨ ਕੋਈ ਨਾ ਦਿਸੇ ਆਕੀ । ਬੇਮੁਖਾਂ ਅੰਤ ਮਿਟਾਉਣ ਆਇਆ, ਸੋਹੰ ਸ਼ਬਦ ਚੜ੍ਹਿਆ ਰਾਕੀ । ਸਤਿਜੁਗ ਸਾਚਾ ਵਿਚ ਮਾਤ, ਚਾਰ ਵਰਨ ਕਰ ਉਤਮ ਜਾਤ, ਅੰਮ੍ਰਿਤ ਪਿਆਏ ਸਾਚਾ ਸਾਕੀ । ਸਾਚਾ ਸਾਕੀ ਹਰਿ ਸੁਲਤਾਨ । ਜੋਤ ਪ੍ਰਗਟਾਏ ਵਾਲੀ ਦੋ ਜਹਾਨ । ਇਕੋ ਸੱਚਾ ਰਾਹ ਵਖਾਏ, ਊਚ ਨੀਚ ਭੇਵ ਮਿਟ ਜਾਣ । ਦਰ ਦਵਾਰ ਅਲਖ ਜਗਾਏ, ਗੁਰਮੁਖਾਂ ਦੇਵੇ ਬ੍ਰਹਮ ਗਿਆਨ । ਲੱਖ ਚੁਰਾਸੀ ਵਿਚੋਂ ਵਖ ਕਰਾਏ, ਸਾਚਾ ਦੇਵੇ ਜੀਆ ਦਾਨ । ਕਲਜੁਗ ਅੰਤਮ ਵੇਲੇ ਸਿਰ ਹੱਥ ਰਖਾਏ ਕਿਰਪਾ ਕਰ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰ ਸੰਗਤ ਦੇਵੇ ਸਾਚਾ ਮਾਣ । ਪਹਿਲੀ ਦੂਜੀ ਆਈ ਤੀਜ । ਸੋਹੰ ਆਤਮ ਬੀਜੇ ਬੀਜ । ਗੁਰਸਿਖ ਤਨ ਮਨ ਸਿੰਚੇ ਜਾਏ ਸੀਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸੋਲਾਂ ਕਰ ਸ਼ਿੰਗਾਰ, ਗੁਰਸਿਖਾਂ ਪੂਰ ਕਰਾਏ ਰੀਝ । ਸੋਲਾਂ ਕਲੀਆਂ ਕਰੇ ਤਨ ਸ਼ਿੰਗਾਰ । ਕਲਜੁਗ ਤੇਰੀ ਅੰਤਮ ਵਾਰ । ਸਤਿਜੁਗ ਬੰਨ੍ਹੇ ਤੇਰੀ ਸਾਚੀ ਧਾਰ । ਪੂਰਬ ਕਰਮ ਰਿਹਾ ਵਿਚਾਰ । ਜੋਤ ਸਰੂਪੀ ਹਰਿ ਨਿਰੰਕਾਰ । ਖਾਣੀ ਬਾਣੀ ਵਸੇ ਬਾਹਰ । ਪੰਚਮ ਰੈਣ ਸਾਚੀ ਰਾਣੀ, ਨਿਹਕਲੰਕ ਲਏ ਅਵਤਾਰ । ਸ੍ਰਿਸ਼ਟ ਸਬਾਈ ਆਪ ਪਛਾਣੇ, ਗੁਰਮੁਖ ਬੇਮੁਖ ਦੋਹਾਂ ਕਰਮ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ ਕਰੇ ਸਚ ਪਿਆਰ । ਸਚ ਪਿਆਰ ਦੀਨਾ ਨਾਥ । ਆਪ ਨਿਭਾਏ ਸਗਲਾ ਸਾਥ । ਜਨ ਭਗਤਾਂ ਲੇਖ ਲਿਖਾਏ ਪੰਚਮ ਜੇਠ ਕਲਜੁਗ ਜੀਵ ਕੌੜੇ ਰੇਠ, ਭੰਨ ਵਖਾਏ ਸੋਹੰ ਚਲਾਏ ਸਾਚੀ ਗਾਥ । ਗੁਰਮੁਖਾਂ ਧਨ ਜਣੇਂਦੀ ਮਾਈ, ਕਰ ਦਰਸ ਸਗਲ ਵਸੂਰੇ ਗਏ ਲਾਥ । ਅੰਤਮ ਵੇਲੇ ਰੱਖੇ ਠੰਡੀ ਛਾਈਂ, ਸਾਚੇ ਸ਼ਬਦ ਚੜ੍ਹਾਏ ਰਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਖ ਚੁਰਾਸੀ ਭੇਵ ਖੁਲ੍ਹਾਏ, ਪ੍ਰਗਟ ਹੋਏ ਤ੍ਰੈਲੋਕੀ ਨਾਥ । ਸਚ ਸੁਣਾਏ ਰਾਗ ਛਤੀਸਾ । ਮੇਟ ਮਿਟਾਏ ਮੂਸਾ ਈਸਾ । ਨਾ ਕੋਈ ਮੁਹੰਮਦੀ ਛੱਤਰ ਝੁਲਾਏ ਸੀਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਭੇਵ ਖੁਲ੍ਹਾਏ ਬੀਸ ਇਕੀਸਾ । ਬੀਸ ਇਕੀਸਾ ਖੁਲ੍ਹੇ ਭੇਵ । ਪ੍ਰਭ ਅਬਿਨਾਸ਼ੀ ਵਡ ਦੇਵੀ ਦੇਵ । ਸਰਬ ਘਟ ਵਾਸੀ, ਗੁਰਮੁਖਾਂ ਪੂਰ ਕਰਾਏ ਸੇਵ । ਆਤਮ ਲਾਹੇ ਜਗਤ ਉਦਾਸੀ, ਜਨ ਗਾਏ ਰਸਨਾ ਜਿਹਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਮੁਖਾਂ ਮੁਖ ਲਗਾਏ

੨੩੦
੦੪

ਸੋਹੰ ਸੱਚਾ ਮੇਵ । ਸਾਚੇ ਮੇਵ ਲੱਗੇ ਮੁਖ । ਆਪ ਮਿਟਾਏ ਆਤਮ ਦੁੱਖ । ਜਗਤ ਤ੍ਰਿਸਨਾ ਜਾਏ ਭੁੱਖ । ਹਰੀ ਕਰਾਏ ਮਾਤ ਕੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਖੁਸ਼ੀਆਂ ਨਾਲ ਮਨਾਏ, ਗੁਰਮੁਖ ਜਾਗਣ ਨੌਂ ਖੰਡ । ਸ਼ਬਦ ਸਰੂਪੀ ਪ੍ਰਭ ਸਾਚੀ ਦਾਤ ਜਾਏ ਵੰਡ । ਵਡ ਵਡ ਸ਼ਾਹੋ ਭੂਪੀ ਵਢਾਈ ਬੈਠੇ ਕੰਡ । ਸ੍ਰਿਸ਼ਟ ਸਬਾਈ ਅੰਧ ਕੂਪੀ, ਨਾ ਕੋਈ ਸੁਹਾਗਣ ਨਾ ਕੋਈ ਰੰਡ । ਏਕਾ ਜੋਤ ਸਤਿ ਸਰੂਪੀ, ਜਨ ਭਗਤਾਂ ਪਾਏ ਆਤਮ ਠੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਭੇਵ ਖੁਲ੍ਹਾਏ, ਚਾਰੋਂ ਕੁੰਟ ਚਲੇ ਚੰਡ ਪ੍ਰਚੰਡ । ਚਲੇ ਚੰਡੀ ਵਿਚ ਵਰਭੰਡੀ । ਨਾ ਕੋਈ ਦੀਸੇ ਕਰੀਰ ਜੰਡੀ । ਪ੍ਰਭ ਵੱਢਦਾ ਜਾਏ ਸਭ ਦੀ ਗੰਢੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚੀ ਜੋਤ ਬਲੋਏ, ਨਾ ਕੋਈ ਦੀਸੇ ਜਗਤ ਪਖੰਡੀ । ਨਾ ਕੋਈ ਧਰੇ ਝੂਠਾ ਭੇਖ । ਪ੍ਰਭ ਅਬਿਨਾਸ਼ੀ ਲਏ ਵੇਖ । ਲੱਖ ਚੁਰਾਸੀ ਲਿਖਾਏ ਲੇਖ । ਮੇਟ ਮਿਟਾਏ ਔਲੀਏ ਪੀਰ ਸ਼ੇਖ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵਕਤ ਸੁਹਾਏ, ਗੁਰਮੁਖਾਂ ਲਿਖਾਏ ਸਾਚੀ ਰੇਖ । ਪੰਚਮ ਜੇਠ ਰੈਣ ਸੁਹੰਵਣੀ । ਜਗੇ ਜੋਤ ਹਰਿ ਨਿਰੰਜਣੀ । ਗੁਰ ਸੰਗਤ ਚਰਨ ਧੂੜ ਇਸ਼ਨਾਨ ਕਰਾਏ ਸਾਚੀ ਮਜਨੀ । ਸੋਹੰ ਸਾਚਾ ਦਾਨ ਝੋਲੀ ਪਾਏ, ਅੰਮ੍ਰਿਤ ਆਤਮ ਮੁਖ ਚੁਆਏ, ਗੁਰਸਿਖਾਂ ਆਤਮ ਰਜਨੀ । ਚਿੰਤਾ ਰੋਗ ਸੋਗ ਕਰਮ ਵਿਜੋਗ ਗਵਾਏ, ਗੁਰਮੁਖਾਂ ਪੜਦੇ ਕੱਜਣੀ । ਲਿਖਿਆ ਧੁਰ ਸੰਜੋਗ ਕਲਜੁਗ ਅੰਤ ਮਿਲਾਏ, ਹਰਿ ਮਿਲਿਆ ਸੱਚਾ ਸਾਕ ਸੈਣ ਸੱਜਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਆਪ ਉਪਾਈ, ਕਲਜੁਗ ਵੇਲੇ ਅੰਤਮ ਭੱਜਣੀ । ਸੋਇਆ ਜਾਗੇ ਭਗਤ ਨਿਧਾਨਾ । ਪ੍ਰਭ ਆਪ ਬੁਝਾਏ ਤ੍ਰਿਸ਼ਨਾ ਆਗ, ਦੇਵੇ ਨਾਮ ਨਿਸ਼ਾਨਾ । ਹੰਸ ਬਣਾਏ ਕਾਗ, ਗੁਣਵੰਤ ਗੁਣੀ ਨਿਧਾਨਾ । ਆਤਮ ਸਰ ਸਚ ਸਰੋਵਰ । ਕਰਾਏ ਹਰਿ ਇਸ਼ਨਾਨਾ । ਇਕ ਸੁਣਾਏ ਸੱਚਾ ਰਾਗਣ, ਆਤਮ ਮਾਰੇ ਸੋਹੰ ਬਾਣਾ । ਗੁਰ ਸੰਗਤ ਗੁਰਮੁਖ ਵਡ ਵਡਭਾਗੀ, ਪੰਚਮ ਜੇਠ ਮਿਲੇ ਸ੍ਰੀ ਭਗਵਾਨਾ । ਅੰਤਮ ਕਲਜੁਗ ਹੱਥੀ ਬੰਨ੍ਹੇ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਹੱਥੀਂ ਗਾਨਾ ਦੇਵੇ ਬੰਨ੍ਹ । ਬੇਮੁਖਾਂ ਦੇਵੇ ਡੰਨ । ਕੱਚੇ ਆਂਡੇ ਦੇਵੇ ਭੰਨ । ਬੇਮੁਖ ਜੀਵ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਚੜ੍ਹਿਆ ਚੰਨ । ਉਠੇ ਸੰਤ ਹਰਿ ਦੁਲਾਰਾ । ਵੇਖੇ ਅੱਗੇ ਸੱਚੀ ਸਰਕਾਰਾ । ਆਤਮ ਚੜ੍ਹੇ ਰੰਗ ਰੂਪ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੰਗ ਸ਼ਬਦ ਖੰਡਾ ਹੱਥ ਉਠਾਏ, ਤਿੱਖੀਆਂ ਰੱਖੇ ਦੋਵੇਂ ਧਾਰਾ । ਸ਼ਬਦ ਕਟਾਰੀ ਰਸਨ ਚਲਾਈ ਜਾ । ਸੋਹੰ ਆਰੀ ਸੰਗ ਰਲਾਈ ਜਾ । ਮੌਤ ਲਾੜੀ ਹੱਥ ਬਹਾਰੀ, ਆਪਣੀ ਹੱਥੀਂ ਫੜਾਈ ਜਾ । ਚਾਰੋਂ ਕੁੰਟ ਫੇਰੇ ਵਾਰੋ ਵਾਰੀ, ਦੇ ਮਤ ਆਪ ਸਮਝਾਈ ਜਾ । ਨਾ ਕੋਈ ਜਾਣੇ ਨਰ ਨਾਰੀ, ਬਿਰਧ ਬਾਲ ਜਵਾਨਾਂ ਸੁਰਤ ਭੁਲਾਈ ਜਾ । ਕਲਜੁਗ ਅੰਤਮ ਹੋਵੇ ਖੁਆਰੀ, ਨਿਹਕਲੰਕ ਜੋਤ ਧਾਰੀ, ਗੁਰਮੁਖ ਸੋਏ ਆਪ ਉਠਾਈ ਜਾ । ਪੰਚਮ ਜੇਠ ਦੇਵੇ ਸੱਚੀ ਸਰਦਾਰੀ ਪਹਿਲੀ ਵਾਰੀ, ਉਚਾ ਸੁੱਚਾ ਵਰਨਾਂ ਬਰਨਾਂ, ਏਕਾ ਸੰਗ ਰਲਾਈ ਜਾ । ਪ੍ਰਭ ਅਬਿਨਾਸ਼ੀ ਧਰਨੀ ਧਰਨਾ, ਗੁਰਮੁਖ ਵਿਰਲੇ ਆਏ ਸਰਨਾ, ਸਾਚੇ ਸੰਤ ਸਾਚੀ ਸੇਵ ਕਮਾਈ ਜਾ । ਖੁਲ੍ਹਾ ਰਹੇ ਹਰਨਾ ਫਰਨਾ, ਆਪ ਚੁਕਾਏ ਮਰਨਾ ਡਰਨਾ, ਸਾਚੀ ਤਰਨੀ ਗੁਰਮੁਖ ਤਰਨਾ, ਏਕਾ ਓਟ ਰਖਾਈ ਜਾ । ਪ੍ਰਭ ਕਾ ਭਾਣਾ ਸਿਰ ਤੇ ਜਰਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰਸਨ ਧਿਆਈ ਜਾ । ਰਸਨਾ ਗਾਓ ਗਹਿਰ ਗੰਭੀਰ । ਆਤਮ ਵੱਜੇ ਸ਼ਬਦ ਤੀਰ । ਅੰਤਮ ਵੇਲੇ ਪ੍ਰਭ ਪੜਦੇ ਕੱਜੇ, ਜਨ ਭਗਤਾਂ ਦੇਵੇ ਸਾਚੀ ਧੀਰ । ਸ਼ਬਦ

੨੩੧ ੦੪

ਬਾਣ ਆਤਮ ਵੱਜੇ, ਸ੍ਰਿਸ਼ਟ ਸਬਾਈ ਜਾਏ ਚੀਰ । ਸਾਚਾ ਘਾੜਨ ਘੜੇ ਸਰਬ ਜਗ ਭੱਜੇ, ਕਾਇਆ ਮਾਟੀ ਕਿਸੇ ਨਾ ਦਿਸੇ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਇਆ ਕਮਾਏ, ਜਗਤ ਲੇਖ ਆਪ ਲਿਖਾਏ, ਨਾ ਦਿਸਾਏ ਸ਼ਾਹ ਹਕੀਰ । ਨਾ ਕੋਈ ਸ਼ਾਹ ਫ਼ਕੀਰ ਸੁਲਤਾਨਾ । ਅੰਤਮ ਕਲਜੁਗ ਲੱਥੇ ਚੀਰ, ਲੱਖ ਚੁਰਾਸੀ ਬੇਈਮਾਨਾ । ਗੁਰਮੁਖਾਂ ਕੱਢੇ ਹਉਮੇ ਪੀੜ, ਦੇਵੇ ਨਾਮ ਨਿਧਾਨਾ । ਸਤਿਜੁਗ ਤੇਰੀ ਬੰਨ੍ਹੇ ਸਾਚੀ ਬੀੜ, ਝੁੱਲੇ ਸਚ ਨਿਸ਼ਾਨਾ । ਨਾ ਕੋਈ ਜਾਣੇ ਹਸਤ ਕੀੜ । ਏਕਾ ਰੰਗ ਹਰਿ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਚਾ ਭੇਵ ਆਪ ਖੁਲ੍ਹਾਏ, ਜੋਤ ਸਰੂਪੀ ਪਹਿਰੇ ਬਾਨਾ । ਜੋਤ ਸਰੂਪੀ ਪਵਣ ਮਸਾਣੀ । ਭਿੰਨੜੀ ਰੈਣ ਸਾਚੀ ਰਾਣੀ । ਜਨ ਭਗਤਾਂ ਬਣੇ ਸਾਕ ਸੱਜਣ ਸੈਣ, ਚੁਕਾਏ ਜਮ ਕੀ ਕਾਣੀ । ਕਲਜੁਗ ਸਤਿਜੁਗ ਲਹਿਣ ਦੇਣ ਚੁਕਾਏ, ਸਤਿਜੁਗ ਲਿਖਾਏ ਸਾਚੀ ਬਾਣੀ । ਸਮਰੱਥ ਗੁਰ ਸਿਰ ਹੱਥ ਹੈ । ਦੇਵੇ ਸੱਚਾ ਨਾਮ, ਸ਼ਬਦ ਪਿਆਏ ਸੱਚਾ ਜਾਮ, ਸਗਲ ਵਸੂਰੇ ਜਾਣ ਲਥ ਹੈ । ਰੱਖੇ ਹੱਥ ਸਿਰ ਨਿਰੰਕਾਰਾ । ਪਾਏ ਸ਼ਬਦ ਨੱਥ, ਤਿੰਨਾਂ ਲੋਆਂ ਕਰੇ ਇਕ ਬਹਾਰਾ । ਸ੍ਰਿਸ਼ਟ ਸਬਾਈ ਜਾਏ ਮਥ, ਨਿਹਕਲੰਕ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਾਣ ਦਵਾਏ, ਆਪਣੀ ਦਇਆ ਕਮਾਏ, ਜਿਉਂ ਸਨਕ ਸਨੰਦਨ ਸਨਾਤਨ ਸੰਤ ਕੁਮਾਰਾ । ਬੰਧਨ ਕਟੇ ਹਰਿ ਦਵਾਰ । ਅੰਮ੍ਰਿਤ ਰਸ ਸਾਚਾ ਚੱਟੇ, ਖੁਲ੍ਹੇ ਬੰਦ ਕਵਾੜ । ਜਗੇ ਜੋਤ ਕਾਇਆ ਮੱਟੇ, ਜਿਉਂ ਅਗਨੀ ਤਪੇ ਹਾੜ । ਜੋਤ ਸਰੂਪੀ ਵਸੇ ਘਟ ਘਟੇ, ਕਰੇ ਪ੍ਰਕਾਸ਼ ਬਹੱਤਰ ਨਾੜ । ਬੇਮੁਖ ਜੀਵ ਕਲਜੁਗ ਜਿਉਂ ਬਾਜੀਗਰ ਨਟੇ, ਸ੍ਰਿਸ਼ਟ ਸਬਾਈ ਚਬਾਈ ਬੈਠਾ ਹੇਠਾਂ ਦਾੜ੍ਹ । ਸਾਚਾ ਨਾਮ ਮਿਲੇ ਤੂਰ ਦਰ ਸਾਚੇ ਹੱਟੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਈ ਦਵੈਤੀ ਪੜਦਾ ਪੰਚਮ ਜੇਠ ਦੇਵੇ ਪਾੜ । ਅੰਮ੍ਰਿਤ ਰਸ ਆਤਮ ਰਸੀਲਾ । ਗੁਰਮੁਖ ਪੀਤਾ ਕਰ ਕਰ ਹੀਲਾ । ਸਦਾ ਸਦਾ ਜਗ ਵਿਚ ਜੀਣਾ, ਨਾ ਕੋਈ ਰੰਗ ਦਿਸੇ ਕਾਲਾ ਪੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਮੁਖਾਂ ਆਤਮ ਧਾਰ ਚਲਾਏ, ਦੀਨ ਮੁਹੰਮਦੀ ਨੂਰ ਗਵਾਏ, ਪਹਿਨੇ ਚੋਲਾ ਨੀਲਾ । ਨੀਲਾ ਚੋਲਾ ਲੱਗੇ ਤਨ । ਸੰਗ ਮੁਹੰਮਦ ਲੱਗੇ ਡੰਨ । ਪਹਿਲੀ ਕੁੰਟ ਕਰ ਖੁਆਰ, ਮੇਟ ਮਿਟਾਏ ਛੱਪਰੀ ਛੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਸ਼ਬਦ ਸੁਣਾਏ ਕੰਨ । ਅੰਗ ਸੰਗ ਸਦਾ ਸੁਹੇਲਾ । ਜਨ ਭਗਤਾਂ ਕਰਾਏ ਆਪੇ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਭੇਵ ਖੁਲ੍ਹਾਏ, ਸਾਚੀ ਲਿਖਤ ਭਵਿਖਤ ਕਰਾਏ, ਬਣ ਵਖਾਏ ਆਪੇ ਗੁਰ ਆਪੇ ਚੇਲਾ । ਜਗਤ ਜੋਤ ਇਕ ਭਗਵਾਨ । ਜੀਆਂ ਜੰਤਾਂ ਦੇਵੇ ਦਾਨ । ਆਦਿਨ ਅੰਤਾ ਹਰਿ ਸਾਚਾ ਕੰਤਾ, ਬਣਾਏ ਬਣਤਾ ਵਾਲੀ ਦੋ ਜਹਾਨ । ਦੇਵੇ ਮਾਣ ਗੁਰਮੁਖ ਸਾਚੇ ਸੰਤਾ ਆਤਮ ਦਰ ਖੜੇ, ਕਾਇਆ ਅੰਧੇਰੀ ਕੰਦਰ ਵੜੇ, ਬੇਮੁਖਾਂ ਦਿਸੇ ਸੁੰਞ ਮਸਾਣ । ਗੁਰਮੁਖ ਸਾਚਾ ਅੰਦਰੋਂ ਫੜੇ, ਅੱਠੇ ਪਹਿਰ ਦਿਵਸ ਰੈਣ ਲੜੇ, ਦਰਸ ਕਰੇ ਜੋਤ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਵਰੇ, ਅੰਤ ਬਿਠਾਏ ਵਿਚ ਬਿਬਾਣ । ਦਰਗਹਿ ਸਾਚੀ ਜਾਏ ਵੜੇ, ਚਰਨ ਬਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਚਾਰ ਜੇਠ ਚਾਰ ਦੀਵਾਰੀ । ਗੁਰ ਸੰਗਤ ਕਰੇ ਪ੍ਰਭ ਸ਼ਬਦ ਵਾੜੀ । ਚਾੜ੍ਹੇ ਨਾਮ ਰੰਗਤ, ਫਿਰੇ ਪਿੱਛੇ ਅਗਾੜੀ । ਦੂਜੇ ਦਰ ਨਾ ਹੋਣਾ ਮੰਗਤ, ਦੇਵੇ ਦਰਸ ਜੰਗਲ ਜੂਹ ਉਜਾੜ ਪਹਾੜੀ । ਮਾਨਸ ਜਨਮ ਨਾ ਹੋਏ ਭੰਗਤ, ਪ੍ਰਭ ਲਾਜ ਰਖਾਏ ਗੁਰਸਿਖ

੨੩੨
੦੪

ਚਰਨ ਛੁਹਾਈ ਦਾਹੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਪੰਚਮ ਜੇਠ ਲਾਏ ਸੱਚੀ ਫੁਲਵਾੜੀ । ਕਵਲ ਫੁੱਲ ਉਪਾਏ ਪ੍ਰਭ ਸਾਚਾ ਕਲ । ਸੋਹੰ ਕੰਡੇ ਤੋਲ ਤੁਲਾਏ ਭਾਗ ਲਗਾਏ ਪਹਿਲੀ ਹਾੜ੍ਹੀ । ਆਪ ਅਡੁਲ ਗੁਰਸਿਖ ਅਡੋਲ, ਸ਼ਬਦ ਅੰਧੇਰੀ ਜਾਏ ਝੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਵਰ ਨਰ ਹਰਿ ਵਿਰਲਾ ਗੁਰਮੁਖ ਪਾਏ, ਜੋ ਦਰ ਆਏ ਪੰਚਮ ਜੇਠ ਭੁਲ । ਪੰਚਮ ਜੇਠ ਚਾਰ ਜੁਗ, ਚਹੁੰ ਵਰਨਾਂ ਸੱਚੀ ਮਾਂ । ਗੁਰਮੁਖ ਸਾਚੇ ਸੰਤਾਂ ਦੇਵੇ ਠੰਡੀ ਛਾਂ । ਏਕਾ ਬਖ਼ਸ਼ੇ ਨਾਮ ਧਨਾ, ਜਗਤ ਦੇਵੇ ਸੱਚਾ ਥਾਂ । ਸਚ ਸੁਣਾਏ ਨਾਮ ਕੰਨਾ, ਝੂਠਾ ਕਢਾਏ ਮਨ ਜੰਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜੇ ਸੱਚੀ ਬਾਂਹ । ਪਕੜ ਬਾਂਹ ਰੱਖੇ ਲਜ । ਸ਼ਬਦ ਤੀਰ ਜਗ ਜਾਣਾ ਵੱਜ । ਸ੍ਰਿਸ਼ਟ ਸਬਾਈ ਰਿਹਾ ਚੀਰ, ਪੰਚਮ ਜੇਠ ਸਾਚਾ ਹਾਜੀ ਮੱਕੇ ਕਰੇ ਹੱਜ । ਕੋਈ ਨਾ ਕਿਸੇ ਦੇਵੇ ਧੀਰ ਪੀਰ ਫ਼ਕੀਰ, ਹੱਥ ਨਾ ਆਏ ਨੀਰ, ਬੇਮੁਖਾਂ ਬੇੜਾ ਜਾਏ ਭੱਜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਗੁਰ ਸੰਗਤ ਵਿਚ ਜਾਏ ਸਜ ।

### ❇ ੪ ਜੇਠ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਦਰਬਾਰ ਵਿਚ ਵਿਹਾਰ ਹੋਇਆ ❇

ਪ੍ਰਭ ਸਾਚਾ ਹੁਕਮ ਸੁਣਾਇੰਦਾ । ਵਾਲੀ ਦੋ ਜਹਾਨ, ਵਿਚ ਮਾਤ ਦਇਆ ਕਮਾਇੰਦਾ । ਜਨ ਭਗਤਾਂ ਰੱਖਣ ਆਇਆ ਮਾਣ, ਸਾਚੀ ਸੇਵਾ ਲਾਇੰਦਾ । ਸੰਗ ਲਿਆਇਆ ਸ਼ਬਦ ਬਬਾਣ, ਫੜ ਉਪਰ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਚੁਕਾ ਡਰ, ਧੁਰ ਫਰਮਾਣ ਹਰਿ ਭਗਵਾਨ, ਗੁਰ ਸੰਗਤ ਕੰਨ ਸੁਣਾਇੰਦਾ । ਧੁਰ ਫ਼ਰਮਾਣ ਨਾ ਕਿਸੇ ਮੋੜਾ । ਸਾਚਾ ਮੇਲ ਗੁਰ ਪੂਰੇ ਜੋੜਾ । ਸ੍ਰਿਸ਼ਟ ਸਬਾਈ ਤੋੜ ਵਿਛੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੇਵਾ ਲੇਖੇ ਲਾਈ ਚਰਨ ਛੁਹਾਏ ਚਿੱਟਾ ਜੋੜਾ ਚਰਨ ਜੋੜਾ ਜਾਏ ਲੱਗ । ਸ੍ਰਿਸ਼ਟ ਸਬਾਈ ਤੁੱਟੇ ਤਗ । ਪ੍ਰਭ ਪਕੜ ਉਠਾਏ ਸ਼ਾਹ ਰਗ । ਏਕਾ ਜੋਤ ਜਗਾਏ ਪ੍ਰਗਟ ਹੋਏ, ਦੋ ਜਹਾਨੀ ਵਿਚੋਂ ਜਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜਾ ਹੁਕਮ ਆਪ ਸੁਣਾਏ, ਗੁਰਸਿਖਾਂ ਸੇਵਾ ਲੇਖੇ ਲਾਏ, ਸਿਰ ਧਰ ਆਪਣੀ ਚਿੱਟੀ ਪਗ । ਚਿੱਟੀ ਪੱਗ ਹਰਿ ਦਸਤਾਰ । ਗੁਰ ਸੰਗਤ ਚਰਨ ਪ੍ਰੀਤੀ ਗਈ ਲੱਗ, ਧੁਰਦਰਗਾਹੀ ਹੋ ਤਿਆਰ । ਸ੍ਰਿਸ਼ਟ ਸਬਾਈ ਜਾਏ ਦਗ, ਘਰ ਘਰ ਰੋਵੇ ਨਾਰੀ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰੇ ਸੱਚਾ ਇਕ ਵਿਹਾਰ । ਸਿਰ ਦਸਤਾਰ ਪੈਰ ਜੋੜਾ । ਸ਼ਬਦ ਸਰੂਪੀ ਪ੍ਰਭ ਇਕ ਮੰਗਵਾਏ ਚਿੱਟਾ ਘੋੜਾ । ਬਿਨ ਰੰਗ ਰੂਪੀ ਦਿਸ ਨਾ ਆਏ, ਆਏ ਜਾਏ ਚਾਰ ਵਰਨਾਂ ਵਿਚ ਰਹਾਏ, ਚੌਥੇ ਜੁਗ ਕਾਣ ਚੁਕਾਏ, ਕੋਈ ਨਾ ਸਕੇ ਮੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਜੀਵਾਂ ਪਾਪੀ ਕਾਇਆ ਭੰਨੇ ਫੋੜਾ । ਗੁਰ ਪੂਰਾ ਸ਼ਬਦ ਅਮੋਲਾ । ਸਚ ਵਿਹਾਰ ਹਰਿ ਕਰਤਾਰ, ਪ੍ਰਭ ਬਣਿਆ ਸਾਚਾ ਤੋਲਾ । ਵੇਖ ਵਖਾਣੇ ਸਰਬ ਘਟ ਜਾਣੇ ਕਰੇ ਸਰਬ ਵਿਚਾਰ, ਆਪੇ ਜਾਣੇ ਝੂਠਾ ਬੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਸੇਵਾ ਲੇਖੇ ਲਾਏ, ਤਨ ਛੁਹਾਏ ਗੁਰ ਸੰਗਤ ਚੋਲਾ । ਗੁਰ ਸੰਗਤ ਚੋਲਾ ਕਰ ਅਰਦਾਸ । ਜੋਤ ਪ੍ਰਕਾਸ਼ੇ, ਰੱਖੇ ਘਨਕ ਪੁਰ ਵਾਸ । ਬੇਮੁਖਾਂ ਵਕਤ ਗਵਾਇਆ ਹਾਸੇ, ਅੰਤਮ ਕਲਜੁਗ ਹੋਣਾ ਨਾਸ । ਗੁਰਮੁਖਾਂ ਨਾਮ

ਜਪਾਏ ਸਵਾਸ ਸਵਾਸੇ, ਮਾਤ ਗਰਭ ਨਾ ਲਟਕੇ ਦਸ ਮਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਗੁਰਮੁਖਾਂ ਕਰਾਏ ਰਹਿਰਾਸ । ਗੁਰ ਸੰਗਤ ਹਰਿ ਦੇਵੇ ਆਦਰ । ਧਰੇ ਜੋਤ ਹਰਿ ਕਰਤਾ ਕਾਦਰ । ਗੁਰਸਿਖ ਸਾਚਾ ਸੰਗ ਰਲਾਏ, ਘਰ ਲੈ ਜਾਏ ਕਰ ਕਰ ਆਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ, ਤਨ ਛੁਹਾਏ ਚਿੱਟੀ ਚਾਦਰ, ਪੂਰਾ ਹਰਿ ਨਾ ਕਦੇ ਤੋਟ । ਬੇਮੁਖਾਂ ਪ੍ਰਭ ਆਤਮ ਕੱਢੇ ਖੋਟ । ਏਕਾ ਸ਼ਬਦ ਲਗਾਏ, ਚਾਰ ਕੁੰਟ ਸਾਚੀ ਚੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਜਵਾਂ ਤਨ ਛੁਹਾਏ, ਨਾ ਰਖਾਏ ਕਿਲ੍ਹਾ ਕੋਟ । ਕਿਲ੍ਹਾ ਕੋਟ ਕਾਇਆ ਚਾਰ ਦੀਵਾਰੀ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਹੋਇਆ ਰਹੇ ਅੱਠੇ ਪਹਿਰ ਪਹਿਰਾਦਾਰੀ । ਸਾਚਾ ਮਾਣ ਤਾਣ ਵਿਚ ਜਹਾਨ ਗੁਰ ਸੰਗਤ ਰੱਖੇ, ਦਰ ਆਏ ਨਰ ਨਾਰੀ । ਸ੍ਰਿਸ਼ਟ ਸਬਾਈ ਏਕਾ ਗਾਹ ਗਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਲਿਖਤ ਲਿਖਾਏ ਅਪਰ ਅਪਾਰੀ । ਹਰਿ ਚਲੇ ਚਾਲ ਨਿਰਾਲਾ । ਆਤਮ ਲਾਇਆ ਫਲ ਕਾਇਆ ਸੱਚੇ ਡਾਲਾ । ਦਰ ਦਵਾਰੇ ਜਨ ਆਏ ਚਲ, ਪ੍ਰਭ ਦੇਵੇ ਸ਼ਬਦ ਦੁਸ਼ਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜੇ ਜਗਤ ਜੰਜ਼ਾਲਾ । ਭਗਵਾ ਭੇਖ ਵੇਖ ਭਗਵਾਨ । ਨੇਤਰ ਲੈਣਾ ਪੇਖ, ਹਰਿ ਜੋਤ ਮਹਾਨ । ਆਪ ਮਿਟਾਏ ਪਿਛਲੀ ਰੇਖ, ਚੁਕਾਏ ਭੇਵ ਫੇਰ ਮਹਾਨ । ਜੋਤੀ ਜੋਤ ਸਰੂਪ ਹਰਿ, ਮਾਤਲੋਕ ਹਰਿ ਜੋਤ ਧਰ, ਬਣ ਕੇ ਆਇਆ ਸਾਚਾ ਕਾਹਨ । ਰੰਗ ਰੰਗੀਲਾ ਚਿੱਟਾ ਬਾਣਾ ਛੈਲ ਛਬੀਲਾ । ਅੰਤਮ ਵੇਲਾ ਪ੍ਰਭ ਮਿਲਣ ਦਾ, ਕਲਜੁਗ ਜੀਵ ਕਰ ਲਓ ਹੀਲਾ । ਜੋਤੀ ਜੋਤ ਸਰੂਪ ਹਰਿ, ਸਾਚੇ ਬਾਣੇ ਤਨ ਛੁਹਾਏ, ਸੂਹਾ ਲਾਲ ਸੰਗ ਰਲਾਏ ਨੀਲਾ । ਨੀਲਾ ਬਾਣਾ ਤਨ ਛੁਹਾਣਾ । ਤਖ਼ਤੋਂ ਲਾਹੇ ਰਾਜਾ ਰਾਣਾ । ਭੇਖ ਮਿਟਾਏ ਕਲਜੁਗ ਬਾਣਾ । ਇਕੋ ਇਕ ਸੱਚਾ ਸ਼ਾਹ ਅਖਵਾਣਾ । ਨਿਹਕਲੰਕ ਸੱਚਾ ਰਾਣਾ । ਸਭਨਾ ਠੰਡੀ ਛਾਂ ਰਖਾਣਾ । ਚਾਰ ਵਰਨਾਂ ਏਕਾ ਦੇਵੇ ਨਾਮ ਬਬਾਣਾ । ਜੋਤੀ ਜੋਤ ਸਰੂਪ ਹਰਿ, ਨੇਤਰ ਵੇਖ ਹਰਿ ਭਗਵਾਨ, ਭੇਖ ਮਾਰੇ ਮੇਖ ਮਿਲਾਵੇ ਸਚ ਟਿਕਾਣਾ । ਸਚ ਸ਼ਬਦ ਆਤਮ ਲਗਾਏ ਭਬੂਤੀ । ਦੁਰਮਤ ਮੈਲ ਜਾਏ ਧੋਤੀ । ਇਕੋ ਜਗੇ ਸੱਚੀ ਜੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਪੂਰੇ ਸੀਸ ਨਿਵਾਇਆ, ਆਪ ਉਠਾਏ ਤੇਰੀ ਆਤਮ ਸੋਤੀ । ਮੰਗਿਆ ਦਾਨ ਹਰਿ ਮਿਹਰਬਾਨ ਹੈ । ਦੇਵੇ ਦਾਨ ਗੁਣ ਨਿਧਾਨ, ਆਪ ਵਿਚ ਜਹਾਨ ਹੈ । ਚਰਨ ਧੂੜ ਕਰਾਏ ਸਚ ਇਸ਼ਨਾਨ, ਹਰਿ ਭਗਵਾਨ ਹੈ । ਆਤਮ ਸਰ ਸਾਚੇ ਆਪ ਨੁਹਾਨ ਹੈ । ਸ਼ਬਦ ਤੀਰ ਚਿੱਲੇ ਚੜ੍ਹੇ ਅਪਾਰੇ, ਸਿੱਧਾ ਜਾਏ ਨਿਸ਼ਾਨ ਹੈ । ਸੱਚਾ ਝੁਲਾਏ ਇਕ ਨਿਸ਼ਾਨਾ, ਲਿਖਾਏ ਲੇਖ ਹਰਿ ਭਗਵਾਨ, ਸੋਹੰ ਜਾਪ ਵਡ ਮਹਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਚ ਵਖਾਣਾ । ਕਾਕਾ ਮਨਜੀਤ ਗੁਰਸਿਖੀ ਦੀ ਸਾਚੀ ਰੀਤ, ਚੜ੍ਹਿਆ ਸਚ ਬਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ, ਗੁਰ ਸੰਗਤ ਦਇਆ ਕਮਾਏ, ਗੁਰ ਪੂਰੇ ਅੱਗੇ ਝੁਲਦਾ ਜਾਏ, ਇਕੋ ਸਚ ਨਿਸ਼ਾਨਾ । ਕਲਜੁਗ ਚੜ੍ਹਿਆ ਅੰਤਮ ਤਾਪਾ । ਝੂਠਾ ਪਾਪ ਜਗਤ ਕਾਂਪਾ । ਧਰੇ ਜੋਤ ਹਰਿ ਆਪੇ ਆਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਜਪਾਏ ਸੱਚਾ ਜਾਪਾ । ਸੱਚਾ ਜਾਪ ਹਰਿ ਜਪਾਵਣਾ । ਗੁਰ ਸੰਗਤ ਸੰਗ ਆਪ ਨਿਭਾਵਣਾ । ਨਾਮ ਰੰਗ ਇਕ ਚੜ੍ਹਾਵਣਾ । ਦਾਸਨ ਦਾਸ ਜੋ ਜਨ ਹੋਏ ਪ੍ਰਭ ਦਰਸ ਦਿਖਾਵਣਾ । ਕਟੇ ਭੁੱਖ ਨੰਗ, ਸਗਲਾ ਸਾਥ ਆਪ ਨਿਭਾਵਣਾ । ਜੋਤੀ ਜੋਤ ਸਰੂਪ ਹਰਿ, ਚਿੱਟਾ ਬਾਣਾ ਸਾਚਾ ਰਾਣਾ ਤਨ ਛੁਹਾਏ, ਸੰਤ ਮਨੀ

ਸਿੰਘ ਹੁਕਮ ਸੁਣਾਵਣਾ । ਸੰਤ ਮਨੀ ਸਿੰਘ ਸੁਣ ਕਾਨ । ਚਰਨ ਕਵਲ ਕਰ ਧਿਆਨ । ਧਰੇ ਜੋਤ ਸ੍ਰੀ ਭਗਵਾਨ । ਗੁਰ ਸੰਗਤ ਦੇਵਣ ਆਇਆ ਸੱਚਾ ਦਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟਾ ਜੋੜਾ ਸ਼ਬਦ ਪੁਸ਼ਾਕਾ । ਪ੍ਰਭ ਰਖਾਏ ਏਕਾ ਵਾਕਾ । ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਏਕਾ ਸ਼ਬਦ, ਨਾ ਕੋਈ ਦਿਸੇ ਸੱਜਣ ਸਾਕਾ । ਗੁਰਮੁਖਾਂ ਵਸੇ ਅੰਗ ਸੰਗ, ਚੁਕਾਵਣ ਆਇਆ ਪੰਚਮ ਜੇਠ ਬਾਕਾ । ਸਚਖੰਡ ਨਿਵਾਸੀ ਪੰਚਮ ਜੇਠ ਬਾਕਾ । ਸਚਖੰਡ ਨਿਵਾਸੀ ਸਚ ਦਰਬਾਰ, ਚਿੱਟੇ ਅਸਵ ਕਸਾਏ ਤੰਗ ਉਤੇ ਚੜੇ, ਦਵਾਰ ਬੰਕ ਖੜ੍ਹੇ ਸ੍ਰਿਸ਼ਟ ਸਬਾਈ ਦਿਨ ਦਿਹਾੜੇ ਮਾਰੇ ਡਾਕਾ । ਦਿਨ ਦਿਹਾੜੇ ਜਾਏ ਲੁੱਟੀ । ਬੇਮੁਖਾਂ ਜੜ੍ਹ ਜਾਏ ਪੁੱਟੀ । ਸ਼ਬਦ ਹਥੌੜਾ ਹੱਥ ਹਰਿ ਫੜਿਆ, ਅੱਠੇ ਪਹਿਰ ਜਾਏ ਕੁੱਟੀ । ਕਲਜੁਗ ਜੀਵ ਕੋਇ ਨਾ ਅੜਿਆ, ਅੰਤਮ ਵੇਲੇ ਚੋਗ ਨਿਖੁਟੀ । ਗੁਰਮੁਖ ਸਾਚੇ ਸੰਤ ਜਨ, ਗੁਰ ਦਰ ਲਾਹਾ ਜਾਣ ਖੱਟੀ । ਸੰਤ ਮਨੀ ਸਿੰਘ ਚਲ ਦਵਾਰ । ਸ਼ਬਦ ਘੋੜਾ ਕਰ ਤਿਆਰ । ਚਿੱਟਾ ਜੋੜਾ ਹਰਿ ਨਿਰੰਕਾਰ । ਸਚਖੰਡ ਨਿਵਾਸੀ ਆਇਆ ਦੌੜਾ, ਜਨ ਭਗਤਾਂ ਸੁਣ ਪੁਕਾਰ । ਆਪ ਚੜ੍ਹਾਏ ਸੱਚੇ ਪੌੜਾ, ਜੋਤ ਸਰੂਪੀ ਹਰਿ ਨਿਰੰਕਾਰ । ਅੱਗੇ ਅੱਗੇ ਸੰਤ ਮਨੀ ਸਿੰਘ ਦੌੜਾ, ਪ੍ਰਭ ਚਰਨ ਕਰੇ ਨਿਮਸਕਾਰ । ਸੰਤ ਮਨੀ ਸਿੰਘ ਕਿਸਮਤ ਜਾਗੀ । ਪ੍ਰਭ ਬਣ ਕੇ ਆਇਆ ਗੁਰਸਿਖਾਂ ਦਾ ਸੱਚਾ ਵਾਗੀ । ਹੱਥ ਡੰਗੋਰੀ ਹੌਲੀ ਹੌਲੀ ਜਾਏ ਤੋਰੀ, ਤੁੱਟੀ ਪ੍ਰੀਤ ਚਰਨਾ ਨਾਲ ਜਾਏ ਜੋੜੀ, ਧੋਂਦਾ ਜਾਏ ਸੱਚਾ ਦਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਬਾਣੇ ਤਨ ਪਹਿਨਾਏ, ਗੁਰਸਿਖਾਂ ਮਾਣ ਦਵਾਏ, ਪੰਚਮ ਜੇਠ ਲਿਖਤ ਲਿਖਾਏ, ਗੁਰਸਿਖਾਂ ਬਣਾਏ ਬਣਤ ਰੱਖੇ ਲਾਜੀ । ਬਣੇ ਕਾਗ ਗੁਰਸਿਖ ਹੰਸ । ਪ੍ਰਭ ਆ ਬਣਾਏ ਸਾਚਾ ਬੰਸ ।
੨੩੫ ੦੪ ਸਤਿਜੁਗ ਤੇਰੀ ਸਾਚੀ ਅੰਸ । ਸਾਚੀ ਲਿਖਤ ਲੇਖ ਲਿਖਾਏ, ਭੇਵ ਨਾ ਪਾਏ ਕੋਈ ਵਿਚ ਸਹੰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ੨੩੫ ੦੪
ਨਰਾਇਣ ਨਰ, ਮਾਤਲੋਕ ਜੋਤ ਧਰੇ ਬੇਮੁਖ ਪਛਾੜੇ ਜਿਉਂ ਕਾਹਨਾ ਕੰਸ । ਦਵਾਪਰ ਕਰਿਆ ਖੇਲ ਅਪਾਰਿਆ । ਵੇਦ ਵਿਆਸ ਲਿਖੇ ਲਿਖਤ, ਨਰਾਇਣ ਨਰ ਭਗਤ ਬਨਵਾਰਿਆ । ਅੰਤਮ ਕਲ ਜੋਤ ਧਰ ਵਿਚ ਮਾਤ ਮਿਟਾਏ ਜ਼ਾਤ ਪਾਤ, ਊਚ ਨੀਚ ਭੇਵ ਚੁਕਾ ਰਿਹਾ । ਸੋਲਾਂ ਕਲੀਆਂ ਸ਼ਬਦ ਦੁਸ਼ਾਲਾ । ਪ੍ਰਭ ਪਰਖਣ ਆਇਆ ਵਿਚੋਂ ਮਾਤ ਲਾਲਾ । ਗੁਰ ਸੰਗਤ ਬਣੇ ਇਕੋ ਜਮਾਤ, ਨਾ ਕੋਈ ਵੇਖੇ ਰੰਗ ਨਿਰਾਲਾ । ਚਾਰ ਵਰਨ ਏਕਾ ਸਰਨ, ਇਕ ਰਖਵਾਲਾ । ਬੇਮੁਖਾਂ ਹੋਈ ਅੰਧੇਰੀ ਰਾਤ, ਅੰਤਮ ਕਲਜੁਗ ਚਾਰੋਂ ਕੁੰਟ ਦਿਸੇ ਮੂੰਹ ਕਾਲਾ । ਗੁਰਮੁਖਾਂ ਦੇਵੇ ਸਚ ਸੁਗਾਤ ਨਾਮ ਦਾਤ, ਪੰਚਮ ਜੇਠ ਹਰਿ ਦੱਸੇ ਰਾਹ ਸੁਖਾਲਾ । ਅੰਤਮ ਵੇਲੇ ਪੁੱਛੇ ਵਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਤੋੜੇ ਜਗਤ ਜੰਜਾਲਾ । ਜਗਤ ਜੰਜ਼ਾਲਾ ਜਾਏ ਤੁੱਟ । ਸ਼ਬਦ ਤੀਰ ਜਾਏ ਛੁੱਟ । ਸਤਿਜੁਗ ਤੇਰੀ ਬਣਤ ਬਣਾਏ ਸੁਹਾਏ ਰੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਇਕ ਭੰਡਾਰਾ ਰੱਖੇ ਅਤੁੱਟ । ਸਚ ਭੰਡਾਰਾ ਹਰਿ ਆਪ ਲਗਾਵਣਾ । ਸ਼ਬਦ ਵਰਤਾਰਾ ਆਪ ਅਖਵਾਵਣਾ । ਸੋਹੰ ਸਾਚਾ ਨਾਉਂ ਜਪਾਵਣਾ । ਚਾਰ ਵਰਨਾਂ ਏਕਾ ਸਰਨਾ ਠੰਡੀ ਛਾਉਂ ਰਖਾਵਣਾ । ਸਾਕ ਸੈਣ ਭਾਈ ਭੈਣ ਆਪ ਅਖਵਾਵਣਾ । ਬੇਮੁਖਾਂ ਖਾਏ ਕਲਜੁਗ ਮਾਇਆ ਡੈਣ, ਅੰਤਮ ਵੇਲੇ ਸਰਬ ਪਛਤਾਵਣਾ । ਗੁਰਮੁਖ ਸਾਚੇ ਦਰਸ਼ਨ ਪੇਖਣ ਨੈਣ, ਸ੍ਰਿਸ਼ਟ ਸਬਾਈ ਆਪ ਵਹਾਏ ਵਹਿੰਦੇ ਵਹਿਣ, ਦਾਣਾ ਅੰਨ ਕਿਸੇ ਹੱਥ ਨਾ ਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਕਿਰਪਾ ਕਰ, ਜੋਤ ਧਰ ਦੇਵੇ ਵਰ, ਗੁਰਸਿਖਾਂ ਬੇੜਾ ਬੰਨ੍ਹ

੨੩੬ ੦੪ ੨੩੬ ੦੪

ਵਖਾਵਣਾ । ਤੇਰਾ ਬੇੜਾ ਬੰਨ੍ਹੇ ਅੰਤਮ ਵਾਰੀ । ਕਲਜੁਗ ਪਾਸਾ ਆਇਆ ਹਾਰੀ । ਜਗਤ ਤਮਾਸ਼ਾ ਵੇਖੇ, ਕਰੇ ਖੇਲ ਅਪਰ ਅਪਾਰੀ । ਬੇਮੁਖਾਂ ਦਿਸੇ ਨਾ ਹੱਥ ਕਾਸਾ, ਚਾਰੋਂ ਕੁੰਟ ਦਿਸੇ ਨਾਸਾ, ਜੋਤ ਨਿਰੰਕਾਰੀ । ਜਨ ਭਗਤਾਂ ਕਰੇ ਰਹਿਰਾਸਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜਾ ਸੰਗ ਰਲਾਇਆ, ਦੱਖਣ ਦਿਸ਼ਾ ਬੰਨ੍ਹ ਵਖਾਏ ਕਲਜੁਗ ਤੇਰੀ ਅੰਤਮ ਵਾਰੀ । ਚਾਰ ਦਰ ਹਰਿ ਦਵਾਰੇ । ਪੂਰਬ ਪੱਛਮ ਦੱਖਣ ਉੱਤਰ, ਚਾਰੇ ਕੁੰਟਾਂ ਵੇਖ ਵਿਚਾਰੇ । ਪੂਰਬ ਮਿਲੇ ਅੰਮ੍ਰਿਤ ਫਲ, ਪਾਰਜਾਤ ਖੜ੍ਹਾ ਝੁਲਾਰੇ । ਪੱਛਮ ਮਿਲੇ ਆਤਮ ਸਰ ਸਰੋਵਰ, ਗੁਰਸਿਖ ਸਾਚਾ ਕਾਇਆ ਕਰੇ ਠੰਡੀ ਠਾਰੇ । ਉਤਰ ਰਹੇ ਐਰਾਪਤ ਹਾਥੀ ਝੁਲਦਾ ਰਹੇ, ਦੱਖਣ ਦਿਸ਼ਾ ਚਿੱਟਾ ਘੋੜਾ ਪ੍ਰਭ ਸਾਚੇ ਦਾ ਸਾਚਾ ਜੋੜਾ, ਅੱਠੇ ਪਹਿਰ ਮੰਗੇ ਦਰਸ ਕਰਤਾਰੇ । ਚਿੱਟਾ ਘੋੜਾ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਕਲਜੁਗ ਵੇਲਾ ਅੰਤਮ ਹੋਇਆ, ਲੱਖ ਚੁਰਾਸੀ ਹੋਈ ਖੁਆਰ । ਗੁਰਸਿਖਾਂ ਵਕਤ ਦੁਹੇਲਾ ਹੋਇਆ, ਕੋਇ ਨਾ ਸੁਣੇ ਪੁਕਾਰ । ਨਿਹਕਲੰਕ ਕਲ ਜਾਮਾ ਪਾਇਆ, ਅੰਤਮ ਸਾਚਾ ਮੇਲਾ ਹੋਇਆ ਪੰਚਮ ਜੇਠ ਹੋ ਆਏ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਸੁਣ ਪੁਕਾਰ । ਸੁਣ ਪੁਕਾਰ ਹਰਿ ਦਾਤਾਰ । ਉਤੇ ਹੋਣ ਵਾਲਾ ਅਸਵਾਰ । ਪੰਚਮ ਜੇਠ ਕਰ ਤਿਆਰ । ਚਾਰੇ ਵਾਗਾਂ ਕਲਜੁਗ ਤੇਰੀਆਂ, ਆਪਣੀ ਹੱਥੀਂ ਰਿਹਾ ਸਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਰੰਗ ਇਕ ਅਪਾਰ । ਸਤਿਜੁਗ ਤੇਰੀ ਸੁਣੀ ਪੁਕਾਰੀ । ਤਰੇਤੇ ਤੇਰੀ ਬਧੀ ਧਾਰੀ । ਦਵਾਪਰ ਭੇਖ ਹਰਿ ਬਨਵਾਰੀ । ਕਲਜੁਗ ਜਗੀ ਜੋਤ ਜਵਾਲੇ, ਈਸਾ ਮੂਸਾ ਆਪ ਉਪਾਏ । ਸੰਗ ਮੁਹੰਮਦ ਚਾਰ ਯਾਰ ਦਸ ਅਵਤਾਰ ਜੋਤ ਜਗਾਏ । ਅੰਤਮ ਵੇਲਾ ਅੰਤਮ ਆਇਆ । ਜੋਤ ਸਰੂਪੀ ਜੋਤ ਜਗਾਇਆ, ਪੁਰੀ ਘਨਕ ਡੰਕ ਵਜਾਇਆ, ਆਪ ਉਠਾਏ ਰਾਓ ਰੰਕ ਜਨ ਭਗਤਾਂ ਸਾਰ ਸਮਾਲੇ । ਸਾਚਾ ਸ਼ਬਦ ਡੰਕ ਵਜਾਵਣਾ । ਰਾਜਾ ਰਾਣਾ ਸਰਬ ਉਠਾਵਣਾ । ਏਕਾ ਬਾਣਾ ਆਪ ਰਖਾਣਾ । ਜਨ ਭਗਤਾਂ ਦਇਆ ਕਮਾਣਾ । ਬੇਮੁਖਾਂ ਗੂੜ੍ਹੀ ਨੀਂਦ ਸਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਜੋਤ ਧਰ, ਅੰਧ ਅੰਧੇਰ ਮਿਟਾਣਾ । ਕਲਜੁਗ ਤੇਰੀ ਅੰਤਮ ਵੇਰੀ । ਪ੍ਰਭ ਅਬਿਨਾਸ਼ੀ ਪਾਏ ਫੇਰੀ । ਚਾਰੇ ਕੁੰਟਾਂ ਜਾਏ ਘੇਰੀ । ਕੋਈ ਨਾ ਕਰੇ ਹੇਰੀ ਫੇਰੀ । ਗੁਰਮੁਖ ਵਿਰਲਾ ਬਣੇ ਸਾਚੀ ਚੇਰੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤ ਮਿਟਾਏ ਆਪਣੀ ਹੱਥੀਂ ਢੇਰੀ । ਸ੍ਰਿਸ਼ਟ ਸਬਾਈ ਆਪ ਕਰਾਏ, ਪ੍ਰਭ ਅਬਿਨਾਸ਼ੀ ਇਕ ਮੁੱਠ । ਗੁਰਮੁਖ ਸਾਚੇ ਸੰਤ ਜਨਾਂ ਧੀਰ ਧਰਾਏ, ਏਕਾ ਦੇਵੇ ਸ਼ਬਦ ਰਥ । ਬੇਮੁਖਾਂ ਅੰਤਮ ਚੀਰ ਲੁਹਾਏ, ਗੁਰਮੁਖ ਸਾਚੇ ਸੰਤ ਜਨ ਤੇਰੀ ਸਰਨ ਆਇਣ ਨੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਤਿਜੁਗ ਸਾਚੇ ਤੇਰੀ ਗੁਰ ਸੰਗਤ ਸੰਗ ਰਲਾਏ, ਕਰਨ ਆਇਆ ਚੱਠ । ਸੰਤ ਮਨੀ ਸਿੰਘ ਸ਼ਬਦ ਲਿਖਾਇਆ । ਰਾਣਾ ਸੰਗਰੂਰ ਆਪ ਸਮਝਾਇਆ । ਅੰਤਮ ਵੇਲੇ ਹੋਣਾ ਚੂਰ, ਨਿਹਕਲੰਕ ਕਰੇ ਜੋਤ ਰੁਸ਼ਨਾਇਆ । ਬੇਮੁਖ ਵੇਲਾ ਜਾਨਣ ਦੂਰ, ਅੰਤਮ ਨੇੜੇ ਆਇਆ । ਪ੍ਰਭ ਅਬਿਨਾਸ਼ੀ ਕਰੇ ਚੂਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰ, ਪੰਚਮ ਜੇਠ ਪਿੰਡ ਬੁੱਗੇ ਹੋਏ ਉਘੇ, ਸਿੰਘ ਪ੍ਰੇਮ ਤੇਰੇ ਝੁੱਗੇ ਡੇਰਾ ਲਾਇਆ । ਝੁਲਦਾ ਜਾਏ ਇਕ ਨਿਸ਼ਾਨਾ । ਕਰੇ ਖੇਲ ਹਰਿ ਭਗਵਾਨਾ । ਗੁਰ ਸੰਗਤ ਸਾਚਾ ਮੇਲ ਮਿਲਾਨਾ । ਨਾਰੀ ਨਰ ਦੇਵੇ ਦਾਨਾ । ਦਰਗਹਿ ਸਾਚੀ ਦੇਵੇ ਮਾਣਾ । ਬੇਮੁਖਾਂ ਤੋੜੇ ਆਤਮ ਅਭਿਮਾਨਾ । ਗੁਰਮੁਖਾਂ ਚਰਨ ਪ੍ਰੀਤੀ ਜੋੜੇ, ਆਪ ਦਿਸਾਏ ਆਪਣਾ ਭਾਣਾ । ਪ੍ਰਭ ਅਬਿਨਾਸ਼ੀ ਚੜ੍ਹਿਆ ਘੋੜੇ, ਸ਼ਬਦ ਸਰੂਪੀ

ਪਹਿਰੇ ਚਿੱਟਾ ਬਾਣਾ । ਚਿੱਟਾ ਬਾਣਾ ਪਹਿਨੇ ਤਨ, ਗੁਰ ਸੰਗਤ ਮਨ ਜਾਏ ਮੰਨ, ਆਤਮ ਕੱਢੇ ਝੂਠਾ ਜੰਨ, ਜੋਤ ਸਰੂਪੀ ਫੇਰਾ ਪਾਇਆ । ਸਾਚਾ
ਸ਼ਬਦ ਸੁਣਾਏ ਕੰਨ, ਅਗਿਆਨ ਅੰਧੇਰ ਦਏ ਮਿਟਾਇਆ । ਸਾਚੀ ਜੋਤ ਜਗੇ ਤਨ, ਅੰਧੇਰੀ ਕੰਦਰ ਹੋਏ ਰੁਸ਼ਨਾਇਆ । ਭਾਂਡਾ ਭਰਮ ਦੇਵੇ ਭੰਨ,
ਸ਼ਬਦ ਹਥੌੜਾ ਹੱਥ ਉਠਾਇਆ । ਬੇਮੁਖ ਜੀਵਾਂ ਦੇਵੇ ਡੰਨ, ਨਿਹਕਲੰਕ ਕਲ ਜਾਮਾ ਪਾਇਆ । ਨਾ ਕੋਈ ਛੱਪਰੀ ਨਾ ਕੋਈ ਛੰਨ, ਜਿਥੇ ਆਸਣ
ਸੱਚਾ ਲਾਇਆ । ਚਾਰ ਕੁੰਟ ਹਰਿ ਕਾ ਵਾਸ । ਗੁਰ ਸੰਗਤ ਵਸੇ ਆਸ ਪਾਸ । ਜੋਤ ਸਰੂਪੀ ਹੋਇਆ ਦਾਸ । ਜੋਤ ਜਗਾਏ ਵਿਚ ਮਾਤ ਪਤਾਲ
ਅਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੂਰੀ ਘਨਕ ਜੋਤ ਧਰ, ਸ਼ਬਦ ਚਲਾਏ ਗੁਰਮੁਖਾਂ ਸਵਾਸ ਸਵਾਸ ।
ਫੜੇ ਵਾਗ ਸੰਤ ਦੁਲਾਰੇ । ਗੁਰ ਸੰਗਤ ਕਰੇ ਪਿਆਰੇ । ਦਰ ਖਲੋਤਾ ਵਾਜਾਂ ਮਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪ
ਆਪਣੀ ਕਿਰਪਾ ਧਾਰੇ । ਸੰਤ ਮਨੀ ਸਿੰਘ ਵਾਗ ਫੜ । ਸ੍ਰਿਸ਼ਟ ਸਬਾਈ ਕੋਈ ਨਾ ਸਕੇ ਅੱਗੇ ਅੜ । ਪੁਟੀ ਜਾਏ ਸਭ ਦੀ ਜੜ੍ਹ । ਜੋਤੀ
ਜੋਤ ਸਰੂਪ ਹਰਿ, ਸ਼ਬਦ ਸਰੂਪੀ ਚਾਰ ਕੁੰਟ ਰਿਹਾ ਲੜ । ਦਏ ਚੀਰ ਕਰੇ ਦੋ ਫਾੜੇ । ਆਪ ਮਿਟਾਏ ਸੁਟਾਏ ਜੰਗਲ ਜੂਹ ਵਿਚ ਪਹਾੜੇ ।
ਤੇਰੇ ਲੇਖ ਆਪ ਲਿਖਾਏ, ਸਤਿਜੁਗ ਸਾਚੇ ਨਾ ਕੋਈ ਵੇਖੇ ਚੰਗੇ ਮਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਚਾ ਲੇਖ ਲਿਖਾਏ,
ਸ੍ਰਿਸ਼ਟ ਸਬਾਈ ਚਬਾਏ ਆਪਣੀ ਦਾੜ੍ਹੇ । ਚਿੱਟਾ ਜੋੜਾ ਸ਼ਬਦ ਘੋੜਾ ਹਰਿ ਜਗਦੀਸ਼ । ਧੁਰਦਰਗਾਹੀ ਆਇਆ ਦੌੜਾ, ਨਾਮ ਕਲਗੀ ਰੱਖੇ ਸੀਸ ।
ਨਾ ਲੰਬਾ ਨਾ ਚੌੜਾ, ਦਰ ਘਰ ਸਾਚੇ ਇੱਕਾ ਪੌੜਾ, ਭੇਵ ਚੁਕਾਏ ਬੀਸ ਇਕੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਮਿੱਠਾ ਨਾ ਕੌੜਾ,
੨੩੭ ੦੪ ਨਾ ਕੋਈ ਕਰੇ ਰੀਸ । ਹਰਿ ਸਾਚੀ ਮਾਲਣ ਭਗਤ ਦਲਾਲਣ, ਹੱਥੀਂ ਬੰਨ੍ਹੇ ਸਾਚੇ ਗਾਨਣ । ਦਰ ਦਰਬਾਨ ਵਿਚ ਜਹਾਨ, ਦੇਵੇ ਸੱਚਾ ਮਾਨਣ । ੨੩੭ ੦੪
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਧਰੇ ਸ੍ਰਿਸ਼ਟ ਸਬਾਈ ਕਰਦਾ ਜਾਏ ਚਾਨਣ । ਪੰਚਮ ਹਾਰ ਪੰਚਮ ਵੰਡੇ । ਚੌਥੇ ਜੁਗ
ਤੁੱਟੀ ਗੰਢੇ । ਵੇਲਾ ਅੰਤਮ ਨੇੜੇ ਆਇਆ । ਗੁਰ ਸੰਗਤ ਖੜ੍ਹੀ ਸਾਚੇ ਕੰਢੇ । ਕਲਜੁਗ ਝੇੜਾ ਦਏ ਮਿਟਾਇਆ, ਜੋਤ ਸਰੂਪੀ ਡੇਰਾ ਲਾਇਆ
ਵਿਚ ਵਰਭੰਡੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਖੇਲ ਆਪ ਰਚਾਇਆ, ਸ਼ਬਦ ਘੋੜੇ ਤੰਗ ਕਸਾਇਆ, ਗੁਰ ਸੰਗਤ ਸਾਚੀ
ਸੰਗ ਰਲਾਇਆ, ਮਾਤਲੋਕ ਹਰਿ ਵਾਗਾਂ ਮੋੜੇ । ਵਾਗ ਮੋੜੇ ਕਰੇ ਤਿਆਰੀ । ਨਿਭਾਏ ਤੋੜ ਅੰਤਮ ਵਾਰੀ । ਸ੍ਰਿਸ਼ਟ ਸਬਾਈ ਜਾਏ ਰੋੜ੍ਹੀ ਕਰ
ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਸ਼ਬਦ ਤਨ ਪਹਿਨਾਏ, ਗੁਰ ਸੰਗਤ ਜਾਏ ਸ਼ਿੰਗਾਰੀ ।
ਚਾਰ ਕੁੰਟ ਹਰਿ ਵੇਖ ਵਿਚਾਰੇ । ਗੁਰਮੁਖ ਵਿਰਲੇ ਸਿੱਖ ਪਿਆਰੇ । ਸ਼ਬਦ ਸਰੂਪੀ ਵਾਜਾਂ ਮਾਰੇ । ਵਡ ਸ਼ਾਹੋ ਭੂਪੀ ਬਿਨ ਰੰਗ ਰੂਪੀ, ਸ਼ਬਦ
ਘੋੜੇ ਹੋ ਅਸਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਖਿੱਚ ਲਿਆਏ ਚਰਨ ਦਵਾਰੇ । ਪੱਛਮ ਦਿਸ਼ਾ ਹਰਿ
ਵਿਚਾਰੀ । ਨਿਹਕਲੰਕ ਪਹਿਲੀ ਵਾਰੀ । ਸਾਚੀ ਕਰੇ ਹਰਿ ਅਸਵਾਰੀ । ਦੇਵੇ ਵਰ ਮੌਤ ਲਾੜੀ, ਆਈ ਦਰ ਨਰ ਨਿਰੰਕਾਰੀ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ । ਫੇਰੀ ਜਾਏ ਜਗਤ ਬਹਾਰੀ । ਦੱਖਣ ਵੇਖੇ ਲਖਮੀ ਨਰਾਇਣ । ਲਿਖਾਏ ਲੇਖੇ ਬਣ ਸਾਕ
ਸੱਜਣ ਸੈਣ । ਕਲਜੁਗ ਮਿਟਾਏ ਰੇਖੇ, ਅੰਤਮ ਵੇਲੜੇ ਪਾਏ ਵੈਣ । ਜੋ ਜਨ ਰਹੇ ਭਰਮ ਭੁਲੇਖੇ, ਲਾੜੀ ਮੌਤ ਖਾਏ ਡੈਣ । ਮਿਟਦੇ ਜਾਣ ਔਲੀਏ

ਪੀਰ ਸ਼ੇਖ਼ੇ, ਗੁਰਮੁਖਾਂ ਵਖਾਏ ਪ੍ਰਭ ਸਾਚੇ ਨੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋੜ ਜੁੜਾਇਆ, ਗੁਰ ਸੰਗਤ ਬਣਾਏ ਭਾਈ ਭੈਣ । ਪੂਰਬ ਪੂਰਾ ਗੁਰ ਅਵਤਾਰ । ਜੋਤ ਸਰੂਪੀ ਜਾਮਾ ਧਾਰ । ਕਲਗੀ ਤੋੜਾ ਨਾਮ ਅਧਾਰ । ਚਿੱਟਾ ਜੋੜਾ ਸ਼ਬਦ ਅਸਵਾਰ । ਸ੍ਰਿਸ਼ਟ ਸਬਾਈ ਪਹਿਲਾਂ ਮਾਰੇ ਪੌੜਾ, ਕਰੇ ਦੋ ਫਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਚਾਰ ਚੁਫੇਰੇ ਕਰੇ ਸ਼ਬਦ ਵਾੜ । ਉਤਰ ਪਰਬਤ ਟਿੱਲੇ । ਅੰਤਮ ਵੇਲੇ ਸਾਰੇ ਹਿੱਲੇ । ਪ੍ਰਭ ਤਨ ਖ਼ਾਕ ਛੁਹਾਈ, ਸਾਚਾ ਸ਼ਬਦ ਚੜ੍ਹਾਇਆ ਚਿੱਲੇ । ਉਚੇ ਬੁਰਜ ਜਾਵੇ ਢਾਹੀ, ਕਲਜੁਗ ਜੀਵ ਕੱਚੇ ਪਿੱਲੇ । ਗੁਰਮੁਖਾਂ ਦਰਸ ਦਿਖਾਏ ਥਾਉਂ ਥਾਈਂ, ਨਾ ਕੋਈ ਕਰਾਏ ਵਡੇ ਸ਼ਿਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਲੇਖਾ ਆਪ ਲਿਖਾਏ, ਮਿਟਾਏ ਕੱਕੇ ਬਿੱਲੇ । ਗੁਰ ਬੇੜਾ ਆਪ ਉਠਾਇਆ । ਆਪਣੇ ਸੀਸ ਹਰਿ ਧਰਾਇਆ । ਗੁਰ ਸੰਗਤ ਦੁੱਖ ਨਾ ਲੱਗੇ ਰਾਇਆ । ਦੂਜਾ ਦਰ ਨਾ ਜਾਏ ਮੰਗਤ ਮਿਲਿਆ ਨਰ ਹਰਿ ਸੱਚਾ ਘਰ ਆਇਆ । ਲਾਜ ਰਖਾਏ ਜਿਉਂ ਨਾਨਕ ਅੰਗਦ, ਸਾਚਾ ਪੱਲੂ ਆਪ ਬੰਧਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਪਿੰਡ ਬੁੱਗੇ ਵਕਤ ਸੁਹਾਇਆ । ਪਿੰਡ ਬੁੱਗੇ ਵੱਜੇ ਵਧਾਈ । ਜਗੇ ਜੋਤ ਹਰਿ ਰਘੁਰਾਈ । ਬੇਮੁਖ ਸਾਰੇ ਰਹੇ ਰੋਤ, ਘਰ ਘਰ ਦੇਣ ਦੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਕੱਟਣ ਆਇਆ ਜਮ ਕੀ ਫਾਹੀ । ਜਮ ਕੀ ਫਾਸੀ ਦੇਵੇ ਕਟ । ਸ਼ਬਦ ਪਹਿਨਾਇਆ ਤਨ ਸਾਚਾ ਪੱਟ । ਸਾਚਾ ਲਾਹਾ ਗੁਰਮੁਖ ਸਾਚੇ, ਪੰਚਮ ਜੇਠ ਲੈਣ ਖੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੋਲਾ ਲਾਇਆ, ਇਕ ਖੁਲ੍ਹਾਇਆ ਸਾਚਾ ਹੱਟ । ਲੱਗੇ ਤੋਲਾ ਸੰਤ ਦੁਲਾਰਾ ।



ਪ੍ਰਭ ਅਬਿਨਾਸ਼ੀ ਗਲ ਪਾਇਆ ਚੋਲਾ, ਕਰੇ ਖੇਲ ਜਗਤ ਨਿਆਰਾ । ਸੋਹੰ ਸ਼ਬਦ ਗਾਵੇ ਢੋਲਾ, ਕਰਾਏ ਜੈ ਜੈ ਜੈਕਾਰਾ । ਲੱਖ ਚੁਰਾਸੀ ਮੇਟ ਮਿਟਾਏ, ਲਹੂ ਮਿਝ ਬਣਾਏ ਗਾਰਾ । ਕਲਜੁਗ ਤੇਰਾ ਅੰਤਮ ਵੇਲਾ, ਨਿਹਕਲੰਕ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਗੁਰਮੁਖ ਸਾਚੇ ਸੰਤ ਜਨਾਂ, ਖਿੱਚ ਲਿਆਏ ਚਰਨ ਦਵਾਰਾ । ਗੁਰਸਿਖ ਆਓ ਚਲ ਦਵਾਰੇ । ਅੰਮ੍ਰਿਤ ਬਖ਼ਸ਼ੇ ਸਾਚੀ ਧਾਰੇ । ਖੁਲ੍ਹੇ ਕਵਲ ਆਤਮ ਹੋਏ ਉਜਿਆਰੇ । ਮਿਲੇ ਵਡਿਆਈ ਉਪਰ ਧਵਲ, ਨਿਹਕਲੰਕ ਵੱਜਾ ਡੰਕ ਸੁਣੇ ਸਰਬ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਤੇਰੀ ਪੁਰੀ ਅਨੰਦ, ਲੇਖ ਲਿਖਾਏ ਅਪਰ ਅਪਾਰੇ । ਸਚ ਸੁੱਚ ਸਚ ਧਰਵਾਸਾ । ਅੰਮ੍ਰਿਤ ਪੀ ਮਿਟੇ ਪਿਆਸਾ । ਨਿਜ ਘਰ ਆਤਮ ਗੁਰਸਿਖ ਹੋਏ ਵਾਸਾ । ਦਰਸ ਅਮੋਘ ਹਰਿ ਦਿਖਾਏ, ਅੱਠੇ ਪਹਿਰ ਵੇਖ ਤਮਾਸ਼ਾ । ਚਿੰਤਾ ਰੋਗ ਆਤਮ ਸੋਗ ਦਏ ਮਿਟਾਏ, ਜਗਤ ਦੁੱਖੜਾ ਕਰ ਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜਾ ਹੁਕਮ ਫੇਰ ਸੁਣਾਏ, ਗੁਰਮੁਖ ਸਾਚੇ ਦਇਆ ਕਮਾਏ, ਹੱਥ ਫੜਾਏ ਸਾਚਾ ਕਾਸਾ । ਸਾਚਾ ਕਾਸਾ ਹਰਿ ਸਚ ਪਿਆਲਾ । ਮੁਖ ਲਗਾਏ ਹਰਿ ਗੁਰ ਗੋਪਾਲਾ । ਗੁਰ ਸੰਗਤ ਤੋੜੇ ਜਗਤ ਜੰਜ਼ਾਲਾ । ਸੋਹੰ ਦੇਵੇ ਸੱਚਾ ਨਾਮ ਧਨ ਮਾਲਾ । ਆਤਮ ਕੱਢੇ ਜੰਨ, ਭਾਂਡਾ ਭਰਮ ਦੇਵੇ ਭੰਨ, ਏਕਾ ਦੱਸੇ ਰਾਹ ਸੁਖਾਲਾ । ਗੁਰਮੁਖ ਆਤਮ ਜਾਏ ਮੰਨ, ਪ੍ਰਭ ਬੇੜਾ ਦੇਵੇ ਬੰਨ੍ਹ, ਸਾਚੀ ਜੋਤ ਜਗਾਏ ਜਿਉਂ ਜਗੇ ਜਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਮੁਖ ਲਗਾਏ, ਗੁਰਮੁਖਾਂ ਪਿਆਏ ਸੱਚਾ ਇਕ ਪਿਆਲਾ । ਤੀਜੀ ਵਾਰੀ ਤੀਜਾ ਲੇਖ । ਪ੍ਰਭ ਅਬਿਨਾਸ਼ੀ ਨੇਤਰ ਪੇਖ, ਮਾਤਲੋਕ ਧਰਿਆ ਭੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸੋਏ ਆਪ

੨੩੮ ੦੪

ਜਗਾਏ ਲੱਖ ਚੁਰਾਸੀ ਵਿਚੋਂ ਵੇਖ । ਅੰਮ੍ਰਿਤ ਦੇਵੇ ਸਾਚੀ ਧਾਰੀ । ਗੁਰ ਸੰਗਤ ਹਰਿ ਕਰ ਪਿਆਰੀ । ਆਏ ਦਰ ਬਣ ਭਿਖਾਰੀ । ਦੇਵੇ ਵਰ
ਨਰ ਨਿਰੰਕਾਰੀ । ਚੁੱਕੇ ਡਰ, ਮਾਰੇ ਸ਼ਬਦ ਉਡਾਰੀ । ਆਤਮ ਭੰਡਾਰੇ ਜਾਏ ਭਰ, ਖੁਲ੍ਹੇ ਸੱਚਾ ਸਰ, ਨਿਹਕਲੰਕ ਕਿਰਪਾ ਧਾਰੀ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਾਚੇ ਲੇਖ ਲਿਖਾਏ, ਗੁਰ ਸੰਗਤ ਜਾਏ ਤਾਰੀ । ਚੌਥੇ ਜੁਗ ਚੌਥੀ ਰਾਤ । ਗੁਰ ਸੰਗਤ ਬਣੀ ਸਚ
ਬਰਾਤ । ਸਾਚਾ ਲਾੜਾ ਹਰਿ ਜੀ ਵੇਖਣ, ਬੈਠਾ ਰਹੇ ਇਕ ਇਕਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਜਾਮ ਪਿਆਏ,
ਚਰਨ ਪ੍ਰੀਤ ਬੰਧਾਏ ਸਾਚਾ ਨਾਤ । ਪੰਚਮ ਉਠੇ ਉਠ ਉਠ ਜਾਗੇ । ਗੁਰ ਸੰਗਤ ਧੋਏ ਪਾਪਾਂ ਦਾਗੇ । ਚਰਨ ਸਰਨ ਜੋ ਜਨ ਸਾਚੀ ਲਾਗੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਅਮੋਲ ਦੂਈ ਦਵੈਤੀ ਪੜਦੇ ਦੇਵੇ ਖੋਲ੍ਹ, ਏਕਾ ਸ਼ਬਦ ਵਜਾਏ ਢੋਲ, ਦੇਵੇ ਮਾਤ ਸੱਚੀ ਸੁਗਾਤੇ ।
ਪਰਮ ਪੁਰਖ ਦੀ ਉਤਮ ਜ਼ਾਤੀ । ਨਾ ਕੋਈ ਪਿਤਾ ਨਾ ਕੋਈ ਮਾਤੀ । ਨਾ ਕੋਈ ਭੈਣ ਨਾ ਕੋਈ ਭਰਾਤੀ । ਨਾ ਕੋਈ ਸਾਕ ਸਜਣ ਸੈਣ, ਨਾ
ਕੋਈ ਬਰਾਤੀ । ਨਾ ਕੋਈ ਰਸਨਾ ਸਕੇ ਕਹਿਣ, ਬੈਠਾ ਰਹੇ ਇਕ ਇਕਾਂਤੀ । ਗੁਰਮੁਖ ਵਿਰਲਾ ਪੇਖੇ ਤੀਜੇ ਨੈਣ, ਜਿਸ ਆਤਮ ਜੋਤ ਜਗਾਈ
ਬਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰ ਸੰਗਤ ਪ੍ਰਭ ਦੇਣ ਆਇਆ ਵਡੀਆਂ ਦਾਤੀ । ਦੇਵੇ ਦਾਤ ਧੁਰ ਦਰਬਾਰੀ ।
ਨਾ ਕੋਈ ਪੁੱਛੇ ਜ਼ਾਤ ਪਾਤ, ਊਚ ਨੀਚ ਭੇਵ ਨਿਆਰੀ । ਗੁਰ ਸੰਗਤ ਸਦ ਵਡ ਕਰਾਮਾਤ, ਆਦਿ ਜੁਗਾਦਿ ਜੁਗ ਜੁਗੰਤਰ ਸਚਖੰਡ ਨਿਵਾਸੀ
ਦੇਵੇ ਸੱਚੀ ਸਰਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਵਿਹਾਰਾ ਆਪ ਕਰਾਏ, ਪੰਚਮ ਜੇਠ ਹੋਏ ਸਹਾਏ, ਕਲਜੁਗ ਤੇਰੀ ਅੰਤਮ
ਵਾਰੀ । ਲੋਕਮਾਤ ਹਰਿ ਨਿਰੰਕਾਰਾ । ਕਰੇ ਭੇਖ ਵਿਚ ਸੰਸਾਰਾ । ਮਾਝੇ ਦੇਸ ਗਿਰਵਰ ਗਿਰਧਾਰਾ । ਗੁਰਮੁਖ ਸਾਚੇ ਵਿਚ ਪ੍ਰਵੇਸ਼, ਰੂਪ ਰੰਗ
ਨਾ ਕੋਈ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੀ ਲਾਏ ਲੇਖੇ ਜੋ ਜਨ ਆਏ ਚਲ ਦਵਾਰਾ । ਚੌਥੇ ਜੁਗ ਤੇਰਾ
ਸਾਚਾ ਚੰਦ । ਸੋਹੰ ਸ਼ਬਦ ਇਕ ਅਨੰਦ । ਖ਼ੁਸ਼ੀ ਕਰਾਏ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਵਕਤ ਆਪ ਸੁਹਾਏ, ਗੁਰ
ਸੰਗਤ ਸਾਚੇ ਮਾਰਗ ਪਾਏ, ਦੂਈ ਦਵੈਤੀ ਢਾਹੇ ਕੰਧ । ਦੂਈ ਦਵੈਤੀ ਹੋਈ ਦੂਰ । ਪ੍ਰਗਟ ਹੋਇਆ ਹਰਿ ਹਾਜ਼ਰ ਹਜ਼ੂਰ । ਦੇਵੇ ਜੋਤ ਹਰਿ
ਸੱਚਾ ਨੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਬੇੜਾ ਪਾਰ ਕਰਾਏ ਵਡ ਦਾਤਾ ਸਰਬ ਗੁਣਾਂ ਭਰਪੂਰ । ਕਲਜੁਗ ਮਾਇਆ
ਹੋ ਭਿਖਾਰਨ । ਮੰਗਣ ਚੜ੍ਹੀ ਪ੍ਰਭ ਸਚ ਦਵਾਰਨ । ਕਾਇਆ ਮਮਤਾ ਝੂਠੀ ਗੜ੍ਹੀ ਹੋਈ ਭੁੱਖ ਨੰਗਨ । ਕਿਰਪਾ ਕਰੀ ਪ੍ਰਭ ਸਾਚੇ ਸਾਚੀ ਘੜੀ,
ਗੁਰ ਸੰਗਤ ਚਾੜ੍ਹੇ ਨਾਮ ਰੰਗਣ । ਕਲਜੁਗ ਮਾਇਆ ਪੜਦਾ ਪਾਟਾ । ਗੁਰ ਸੰਗਤ ਪੂਰ ਕਰਾਇਆ ਤੇਰਾ ਘਾਟਾ । ਹਾਜ਼ਰ ਹਜ਼ੂਰ ਦਰਸ ਦਿਖਾਇਆ,
ਨਾ ਕੋਈ ਜਾਣੇ ਖੇਲ ਬਾਜ਼ੀਗਰ ਨਾਟਾ । ਏਕਾ ਸ਼ਬਦ ਤੂਰ ਉਪਜਾਇਆ, ਜਗਾਏ ਜੋਤ ਕਾਇਆ ਮਾਟਾ । ਵੇਲਾ ਦੂਰ ਨੇੜ ਕਰਾਇਆ, ਸਾਚੀ
ਜੋਤ ਜਗਾਏ ਵਿਚ ਲਲਾਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਸਰਨ ਏਕਾ ਨਾਮ ਪਿਆਏ ਕਾਇਆ ਸੱਚੇ ਬਾਟਾ । ਕਲਜੁਗ
ਮਾਇਆ ਚਿੱਟੀ ਚਾਂਦੀ । ਵੇਲੇ ਅੰਤਮ ਥੱਕੀ ਮਾਂਦੀ । ਪ੍ਰਭ ਅਬਿਨਾਸ਼ੀ ਦਰ ਸਾਚੇ ਬਾਂਦੀ । ਅਠਾਰਾਂ ਮਾਘ ਖੇਲ ਰਚਾਇਆ, ਗੁਰਸਿਖ ਘੋੜੇ
ਦੇਹ ਛੁਡਾਇਆ, ਲੇਖੇ ਲਾਇਆ ਕਲਜੁਗ ਗਾਂਧੀ । ਮੰਗੇ ਨਾਮ ਦਾਤ ਚਰਨ ਦਵਾਰਿਆ । ਮਿਟੇ ਅੰਧੇਰੀ ਰਾਤ, ਜਗੇ ਜੋਤ ਅਗੰਮ ਅਪਾਰਿਆ ।

ਅੰਦਰ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਸਾਚੇ ਮੰਦਰ ਵਿਚ ਸੁਹਾ ਰਿਹਾ । ਬੈਠਾ ਰਹੇ ਇਕ ਇਕਾਂਤ, ਦਿਵਸ ਰੈਣ ਅੱਠੇ ਪਹਿਰ ਸਾਚੇ ਲੇਖੇ ਆਪ ਲਿਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਾਇਆ ਚੋਲੀ ਸੱਚੀ ਡਾਲੀ, ਵਿਚ ਮਾਤ ਲੇਖੇ ਲਾ ਰਿਹਾ । ਦੇਵੇ ਨਾਮ ਸ਼ਬਦ ਹੁਲਾਰਾ । ਏਕਾ ਬਖ਼ਸ਼ੇ ਚਰਨ ਦਵਾਰਾ । ਆਤਮ ਖੋਲ੍ਹੇ ਦਰ ਦਵਾਰਾ । ਵਖਾਏ ਸੱਚਾ ਘਰ, ਜਿਥੇ ਵਸੇ ਹਰਿ ਨਿਰੰਕਾਰਾ । ਨਾ ਜਨਮੇ ਨਾ ਜਾਏ ਮਰ, ਨਿਹਕਲੰਕ ਜੋ ਆਏ ਤੇਰੇ ਚਰਨ ਦਵਾਰਾ । ਆਤਮ ਖੋਲ੍ਹੇ ਦਰ ਦਵਾਰਾ । ਵਖਾਏ ਸੱਚਾ ਘਰ, ਜਗੇ ਜੋਤ ਇਕ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਝੋਲੀ ਪਾਏ, ਭਰਿਆ ਰਹੇ ਤੇਰਾ ਭੰਡਾਰਾ । ਤੇਰਾ ਭੇਖ ਜਗਤ ਅਨੋਖਾ । ਪੂਰੇ ਘਰ ਕਦੇ ਨਾ ਹੋਵੇ ਧੋਖਾ । ਅੰਤਮ ਵੇਲੇ ਪ੍ਰਭ ਸਾਚਾ ਬਖ਼ਸ਼ੇ ਤੈਨੂੰ ਮੋਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤੀ ਮੇਲ ਮਿਲਾਏ, ਔਝੜ ਰਾਹ ਨਾ ਅੰਤਮ ਪਾਏ, ਨਾ ਕੋਈ ਦੱਸੇ ਰਾਹ ਔਖਾ । ਵੇਲੇ ਅੰਤ ਹੋਏ ਸਹਾਈ । ਸਾਧ ਸੰਤ ਗੁਰ ਚਰਨ ਬਹਾਈ । ਬਣੇ ਬਣਤ ਹਰਿ ਸਰਨਾਈ । ਜੀਵ ਜੰਤ ਵਿਚ ਦੇਵੇ ਵਡਿਆਈ । ਮੇਲ ਮਿਲਾਵਾ ਸਾਚੇ ਕੰਤ, ਆਤਮ ਜੋਤੀ ਦੇ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਗਵੰਤ, ਨਿਹਕਲੰਕ ਕਲ ਜਾਮਾ ਪਾਈ । ਪਹਿਲੀ ਕੂਟ ਕਰ ਖ਼ਬਰਦਾਰੇ । ਦੂਜੀ ਕੂਟੇ ਪਾਏ ਸਾਰ ਹਰਿ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਏ ਸਚ ਸੁੱਚ ਦਰਬਾਰੇ । ਤੀਜੀ ਕੂਟ ਜਾਏ ਵੇਖੀ । ਦਰ ਘਰ ਏਕਾ ਸੱਚਾ ਸਾਚਾ ਗੁਰ ਸਿੱਖੀ । ਗੁਰਮੁਖ ਸਾਚੇ ਸੰਤ ਜਨਾਂ ਸਾਚੀ ਸੇਵਾ ਲਾਏ ਦਇਆ ਕਮਾਏ ਹੋਏ ਵਡਭਾਗੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੀ ਕੂਟੇ ਇਕ ਸੁਣਾਏ ਸੱਚੇ ਰਾਗੇ । ਭਿੰਨੜੀ ਰੈਣ ਰਾਜ ਕੁਮਾਰੀ । ਉਠਾਏ ਹਰਿ ਪਹਿਲੀ ਵਾਰੀ । ਕਲਜੁਗ ਤੇਰੀ ਮਿਟੇ ਅੰਧ ਅੰਧਿਆਰੀ । ਸਤਿਜੁਗ ਜਾਗੇ ਹੋਏ ਵਡਭਾਗੇ, ਕਰੇ ਮਿਹਰ ਭਾਰੀ । ਬੁਝਾਏ ਤ੍ਰਿਸ਼ਨਾ ਆਗੇ, ਗੁਰਸਿਖ ਤੇਰੀ ਕਾਇਆ ਅਜੇ ਕਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੱਚੀ ਜੋਤ ਬਲੋਏ, ਦੁਰਮਤ ਮੈਲ ਪਿਛਲੀ ਧੋਏ, ਫੇਰ ਕਰੇ ਉਜਿਆਰੀ । ਭਿੰਨੜੀ ਰੈਣ ਰੰਗ ਸਾਚਾ ਮਾਣ । ਹੋਇਆ ਮੇਲ ਭਗਤ ਭਗਵਾਨ । ਸ਼ਬਦ ਵਜਾਏ ਡੰਕ, ਆਪ ਉਠਾਏ ਰਾਓ ਰੰਕ, ਊਚ ਨੀਚ ਭੇਵ ਮਿਟਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਫੇਰ ਕਰੇ ਪਛਾਣ । ਭਿੰਨੀ ਰੈਨੜੀਏ ਤੇਰੀ ਧਨ ਕਮਾਈ । ਭਿੰਨੀ ਰੈਨੜੀਏ ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਦਰ ਮਿਲੇ ਵਡਿਆਈ । ਭਿੰਨੀ ਰੈਨੜੀਏ ਸਾਚਾ ਮਿਲਦਾ ਨਾਮ ਧਨਾਂ, ਇਕ ਸੁਣਾਏ ਰਾਗ ਕੰਨਾ, ਅਗਿਆਨ ਅੰਧੇਰ ਦਏ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਅੰਤਮ ਕਲ ਵਿਚ ਮਾਤ ਪ੍ਰਗਟਾਈ । ਭਿੰਨੜੀ ਰੈਣ ਨੇਤਰ ਖੋਲ੍ਹੇ । ਚਾਰੋਂ ਕੁੰਟ ਉਠ ਉਠ ਵੇਖੇ, ਪ੍ਰਭ ਅਬਿਨਾਸ਼ੀ ਕਿਥੇ ਬੋਲੇ । ਗੁਰਮੁਖ ਵਿਰਲਾ ਨੇਤਰ ਪੇਖੇ, ਬੇਮੁਖਾਂ ਰੱਖੇ ਪੜਦੇ ਉਹਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਣਾ ਵਕਤ ਸੁਹਾਣਾ, ਤਨ ਪਹਿਨਾਏ ਸਾਚੇ ਚੋਲੇ । ਸਾਚਾ ਚੋਲਾ ਤਨ ਛੁਹਾਏ । ਆਦਿ ਅੰਤ ਜੁਗਾ ਜੁਗੰਤ ਸਾਚਾ ਭੇਖੀ ਭੇਖ ਧਰਦਾ ਆਏ । ਆਪ ਬਣਾਏ ਸਾਚੀ ਬਣਤ, ਗੁਰਮੁਖਾਂ ਆਪਣੀ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬੈਠਾ ਹਰਿ ਇਕਾਂਤ ਕਲਜੁਗ ਜੀਵਾਂ ਦਿਸ ਨਾ ਆਏ । ਏਕਾ ਕੰਤ ਆਪ ਨਰ ਹਰੀ । ਗੁਰਮੁਖ ਵਿਰਲੇ ਕਿਰਪਾ ਕਰੀ ਦੇਵੇ ਵਰੀ । ਦਰ ਘਰ ਆਏ ਭਰਮ ਭੁਲੇਖਾ ਦੂਰ ਕਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,


੨੪੦ ੦੪

ਆਦਿਨ ਅੰਤਾ ਜੁਗਾ ਜੁਗੰਤਾ ਸਾਧਨ ਸੰਤਾ ਪੂਰਨ ਭਗਵੰਤਾ, ਏਕਾ ਅੰਗ ਏਕਾ ਸੰਗ ਏਕਾ ਮੰਗ ਜਨ ਭਗਤਾਂ ਦੇਵੇ ਸਾਚਾ ਵਰੀ । ਆਦਿ ਅੰਤ ਇਕ ਅਕਾਰ ਹੈ । ਨਾ ਕੋਈ ਦੂਜਾ ਹੋਰ ਵਿਹਾਰ ਹੈ । ਨਾ ਤੀਜਾ ਰੱਖੇ ਕੋਈ ਅਹਾਰ ਹੈ । ਚੌਥੇ ਘਰ ਨਾ ਹੋਏ ਬਾਹਰ ਹੈ । ਪੰਜਵਾਂ ਹਰਿ ਆਪ ਸਰਦਾਰ ਹੈ । ਛੇਵਾਂ ਛੇ ਘਰ ਵੇਖੇ ਦੂਰ ਦੁਰਾਡਾ, ਕੋਈ ਨਾ ਲੰਘੇ ਪਾਰ ਹੈ । ਸਤਵਾਂ ਸੱਤਾਂ ਦੀਪਾਂ ਰਿਹਾ ਵਿਚਾਰ ਹੈ । ਅਠਵਾਂ ਉਠ ਉਠ ਵੇਖੇ ਗੁਰਮੁਖ ਸਾਚੇ ਸੰਤ ਜਨਾਂ, ਪੂਰਬ ਕਰਮ ਆਪੇ ਰਿਹਾ ਵਿਚਾਰ ਹੈ । ਪ੍ਰਭ ਨੌਵੇਂ ਦਰ ਦਵਾਰੇ ਸ੍ਰਿਸ਼ਟ ਸਬਾਈ ਕਰੇ ਖੁਆਰ ਹੈ । ਦਸਵਾਂ ਦਹਿ ਦਿਸ਼ ਉਠ ਉਠ ਧਾਏ । ਗੁਰਮੁਖ ਸਾਚੇ ਆਪ ਜਗਾਏ । ਭਿੰਨੜੀ ਰੈਣ ਸੰਗ ਰਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਜਗਾਏ, ਬਿਨ ਬਾਤੀ ਬਿਨ ਤੇਲ ਆਪਣੇ ਭਾਣੇ ਵਿਚ ਸਮਾਏ । ਦਸ ਇਕ ਗਿਆਰਾਂ, ਗੁਰ ਦਰ ਲੱਗੀ ਰਹੇ ਬਹਾਰਾ । ਦਸ ਦੋ ਬਾਰਾਂ, ਵੇਲੇ ਅੰਤਮ ਪਾਏ ਸਾਰਾ । ਦਸ ਤਿੰਨ ਤੇਰਾਂ, ਤੇਰਾਂ ਕਰ ਵਖਾਏ । ਦਸ ਚਾਰ ਚੌਦਾਂ, ਚੌਦਾਂ ਹੱਟ ਚੌਦਾਂ ਲੋਕ ਖੁਲ੍ਹਾਏ । ਦਸ ਪੰਜ ਪੰਦਰਾਂ, ਪ੍ਰਭ ਸਭ ਦੀਆਂ ਜਾਣੇ ਅੰਦਰਾਂ, ਕਿਆ ਕੋਈ ਭੇਵ ਛੁਪਾਏ । ਦਸ ਛੇ ਸੋਲਾਂ, ਗਈ ਰੈਣ ਆਈ ਪ੍ਰਭਾਤੀ । ਜਗੀ ਜੋਤ ਇਕ ਇਕਾਂਤੀ । ਕਲਜੁਗ ਮਿਟੇ ਅੰਧੇਰੀ ਰਾਤੀ । ਗੁਰਮੁਖਾਂ ਮਿਲੇ ਸਚ ਸੁਗਾਤੀ । ਸੋਹੰ ਦੇਵੇ ਵਡੀ ਦਾਤੀ, ਪ੍ਰਗਟ ਹੋਇਆ ਕਮਲਾਪਾਤੀ । ਨਾ ਕੋਈ ਪੁੱਛੇ ਜਾਤ ਪਾਤੀ । ਅੰਤਮ ਵੇਲੇ ਪੁੱਛੇ ਬਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਇਕ ਬੰਨ੍ਹਾਏ ਚਰਨ ਨਾਤੀ । ਚਰਨ ਨਾਤਾ ਦੇਵੇ ਬੰਨ੍ਹ । ਭਾਂਡਾ ਭਰਮ ਪ੍ਰਭ ਦੇਵੇ ਭੰਨ । ਸਾਚਾ ਰਾਗ ਸੁਣਾਏ ਕੰਨ । ਗੁਰਸਿਖ ਬਣਾਏ ਧਰਮ ਰਾਏ ਨਾ ਲਾਏ ਡੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮੰਦਰ ਆਪ ਵਸਾਏ, ਨਾ ਕੋਈ ਛੱਪਰੀ ਨਾ ਕੋਈ ਛੰਨ । ਨਾ ਕੋਈ ਦਿਸੇ ਛੱਪਰੀ ਛੰਨਾ । ਨਾ ਕੋਈ ਦਿਸੇ ਕਿਨਾਰਾ ਬੰਨਾ । ਸ੍ਰਿਸ਼ਟ ਸਬਾਈ ਰਿਹਾ ਜਗਾਈ, ਕਲਜੁਗ ਵੇਲਾ ਨੇੜੇ ਆਇਆ, ਪ੍ਰਭ ਅਬਿਨਾਸ਼ੀ ਦੇਵੇ ਡੰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਗਾਏ ਸਤਿਜੁਗ ਚੜ੍ਹਾਏ ਸੱਚਾ ਚੰਨਾ । ਸਤਿਜੁਗ ਚੜ੍ਹੇ ਸਾਚਾ ਚੰਨ । ਪ੍ਰਭ ਅਬਿਨਾਸ਼ੀ ਆਪ ਉਠਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਆਤਮ ਤ੍ਰਿਖਾ ਭੁੱਖ ਨਿਵਾਰ, ਸੁਖੀ ਹੋਏ ਬੰਦ ਬੰਦ ।

## ❇ ੫ ਜੇਠ ੨੦੧੧ ਬਿਕ੍ਰਮੀ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ਗੁਰਪੂਰਬ ਉਤੇ ❇

ਹਰਿ ਜੋਤ ਜਗਤ ਰੁਸ਼ਨਾਈ ਹੈ । ਪ੍ਰਭ ਅਬਿਨਾਸ਼ੀ ਏਕਾ ਏਕ ਜਗਾਈ ਹੈ । ਜਨ ਭਗਤਾਂ ਬਖ਼ਸ਼ੇ ਚਰਨ ਟੇਕ, ਸੇਕ ਨਾ ਲੱਗੇ ਰਾਈ ਹੈ । ਗੁਰਮੁਖਾਂ ਬੁੱਧ ਕਰੇ ਬਿਬੇਕ, ਦਰ ਘਰ ਸਾਚੇ ਮਿਲੇ ਵਡਿਆਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆ ਦੇਣ ਵਧਾਈ ਹੈ । ਜਗੇ ਜੋਤ ਜਗਤ ਨਿਰਾਲੀ । ਸਤਿ ਸਰੂਪ ਹਰਿ ਵੱਡਾ ਸ਼ਾਹੋ ਭੂਪ, ਸ੍ਰਿਸ਼ਟ ਸਬਾਈ ਰਹੀ ਸਵਾਲੀ । ਕਰੇ ਪ੍ਰਕਾਸ਼ ਵਿਚ ਅੰਧ ਕੂਪ, ਨਾ ਕੋਈ ਮੰਗੇ ਵਿਚ ਦਲਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਜਨ ਭਗਤਾਂ ਕਰੇ ਆਪ ਰਖਵਾਲੀ । ਹਰਿ ਜੋਤ ਜਗਤ ਅਕਾਰਾ । ਆਪਣਾ ਕਰੇ ਸਚ ਵਿਹਾਰਾ । ਨਿਹਕਲੰਕ ਨਰ ਅਵਤਾਰਾ । ਲੱਖ ਚੁਰਾਸੀ ਗਲ ਪਾਏ ਫਾਸੀ, ਨਾ ਹੋਏ ਛੁਟਕਾਰਾ ।

ਗੁਰ ਪੂਰੇ ਗੁਰਮੁਖ ਸਾਚੇ ਬਲ ਬਲ ਜਾਸੀ, ਸੋਹੰ ਸ਼ਬਦ ਚਾਰ ਕੁੰਟ ਕਰਾਏ ਜੈ ਜੈ ਕਾਰਾ । ਕਲਜੁਗ ਅੰਧੇਰ ਅੰਤ ਵਿਨਾਸੀ, ਮਿਟੇ ਧੁੰਧੂਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਪੰਚਮ ਜੇਠ ਨਿਹਕਲੰਕ ਨਰਾਇਣ ਨਰ ਅਵਤਾਰਾ । ਹਰਿ ਜੋਤ ਸਦਾ ਇਕਾਗਰ । ਗੁਰਮੁਖਾਂ ਕਰਮ ਕਰੇ ਉਜਾਗਰ । ਸਾਚੀ ਵਸਤ ਵਿਚ ਟਿਕਾਏ, ਗੁਰਸਿਖ ਤੇਰੀ ਕਾਇਆ ਗਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਵ ਆਪ ਖੁਲ੍ਹਾਏ, ਗੁਰਮੁਖ ਸਾਚੇ ਪਾਰ ਕਰਾਏ, ਵਿਚ ਮਾਤ ਸੰਸਾਰ ਸਾਗਰ । ਹਰਿ ਜੋਤ ਜਗਤ ਦਿਵਾਲੀ । ਕਲਜੁਗ ਅੰਧੇਰੀ ਰਾਤ ਘਟਾ ਕਾਲੀ । ਕਿਸੇ ਫੁੱਲ ਨਾ ਦਿਸੇ ਡਾਲੀ । ਗੁਰਮੁਖ ਸਾਚੇ ਸੰਤ ਜਨਾਂ, ਪੰਚਮ ਜੇਠ ਪ੍ਰਗਟ ਹੋਏ ਆਪ ਕਰੇ ਰਖਵਾਲੀ । ਦੁਰਮਤ ਮੈਲ ਪਾਪਾਂ ਧੋਏ, ਦੂਸਰ ਅਵਰ ਨਾ ਦਿਸੇ ਕੋਇ, ਆਪੇ ਬਣੇ ਸੱਚਾ ਮਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵੇਸ ਮਾਝੇ ਦੇਸ, ਚਾਰ ਕੁੰਟ ਉਠ ਉਠ ਵੇਖੇ, ਬੇਮੁਖ ਸਾਰੇ ਕੱਢਣ ਗਾਲੀ । ਬੇਮੁਖਾਂ ਆਤਮ ਹੋਈ ਅੰਧ । ਦੂਈ ਦਵੈਤੀ ਮਾਇਆ ਕੰਧ । ਬੇਮੁਖ ਲਾਇਣ ਰਸਨਾ ਮਦਿਰਾ ਮਾਸ ਗੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਭੰਨੇ ਬੱਤੀ ਦੰਦ । ਬੱਤੀ ਦੰਦ ਦੇਵੇ ਤੋੜ । ਚੜ੍ਹ ਕੇ ਆਏ ਸ਼ਬਦ ਘੋੜ । ਗੁਰਮੁਖਾਂ ਜੋੜ ਲਏ ਜੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਬਣਾਏ, ਤਨ ਪਹਿਨਾਏ ਚਿੱਟੇ ਬਾਣੇ, ਆਪੇ ਪਰਖੇ ਕਲਜੁਗ ਜੀਵ ਮਿੱਠੇ ਕੌੜ । ਆਪੇ ਪਰਖੇ ਮਿੱਠੇ ਕੌੜੇ । ਨਿਹਕਲੰਕ ਕਲ ਜਾਮਾ ਪਾਇਆ, ਅਚਰਜ ਖੇਲ ਆਪ ਰਚਾਏ, ਵੇਲੇ ਅੰਤਮ ਗੁਰਸਿਖਾਂ ਬਹੁੜੇ । ਪੰਡਤ ਪਾਂਧੇ ਭੁਲੇ ਫਿਰਦੇ, ਕਲਜੁਗ ਮਾਇਆ ਰੁਲੇ ਫਿਰਦੇ, ਸਰਬ ਸੁਣਾਉਂਦੇ, ਪ੍ਰਗਟ ਹੋਣਾ ਘਰ ਬ੍ਰਹਿਮਣ ਗੌੜੇ । ਜੋਤੀ ਜੋਤ ਸਰੂਪ ਹਰਿ, ਕਲ ਕਲਕੀ ਅਵਤਾਰ ਗੁਰ ਗੋਬਿੰਦ ਬਣਿਆ ਆਪ ਲਿਖਾਰ, ਵਿਚ ਸੰਸਾਰ ਹਰਿ ਜੀ ਬਹੁੜੇ । ਆਦਿ ਪੁਰਖ ਨਿਰੰਜਣਾ । ਪੁਰਖ ਪੁਰਖੋਤਮ ਦਰਦ ਦੁੱਖ ਭੈ ਭੰਜਨਾ । ਜੁਗਾ ਜੁਗੰਤ ਹਰਿ ਸਾਚਾ ਸਾਕ ਸੈਣ ਸੱਜਣਾ । ਮਾਣ ਰਖਾਏ ਸਾਧ ਸੰਤ, ਹਰਿ ਸਾਚਾ ਕੰਤ ਬਣਤ ਬਣਾਏ ਵਿਚ ਮਾਤ ਪਰਦੇ ਕੱਜਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਆਪ ਰਚਾਏ, ਲੱਖ ਚੁਰਾਸੀ ਭਾਂਡਾ ਤੇਰਾ ਅੰਤਮ ਵਾਰੀ ਭੱਜਣਾ । ਚਾਰ ਜੁਗ ਹਰਿ ਕਥਾ ਵਖਾਣੇ । ਆਪ ਲਿਖਾਏ ਆਪਣੇ ਬਾਣੇ । ਚਾਰ ਜੁਗ ਹਰਿ ਭੇਖ ਵਟਾਣੇ । ਭੁਲੇ ਫਿਰਦੇ ਰਾਜੇ ਰਾਣੇ । ਸਾਰ ਨਾ ਪਾਇਣ ਸੁਘੜ ਸਿਆਣੇ । ਕਲਜੁਗ ਡੋਬੇ ਪੂਰ, ਨਾ ਕੋਈ ਹੱਥ ਆਏ ਵੰਝ ਮੁਹਾਣੇ । ਬੇਮੁਖ ਜਾਨਣ ਹਰਿ ਵਸੇ ਦੂਰ, ਗੁਰਮੁਖਾਂ ਆਤਮ ਹਰਿ ਸਮਾਣੇ । ਏਕਾ ਜੋਤ ਸਾਚਾ ਨੂਰ, ਜਨ ਭਗਤਾਂ ਰੰਗ ਸਾਚਾ ਮਾਣੇ । ਜੋਤੀ ਜੋਤ ਸਰੂਪ ਹਰਿ, ਅੱਠੇ ਪਹਿਰ ਖੜਿਆ ਰਹੇ ਸਿਰਹਾਣੇ । ਆਤਮ ਸੇਜਾ ਵੇਖ ਵਿਚਾਰ । ਪ੍ਰਭ ਅਬਿਨਾਸ਼ੀ ਪਹਿਰੇਦਾਰ । ਖੜਾ ਰਹੇ ਦਰ ਦਵਾਰ । ਅੱਠੇ ਪਹਿਰ ਵਾਜਾਂ ਮਾਰੇ ਕਰੇ ਖ਼ਬਰਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਪਸਰ ਪਸਾਰ । ਲੱਖ ਚੁਰਾਸੀ ਹਰਿ ਉਪਾਈ । ਸਾਚੀ ਜੋਤ ਹਰਿ ਟਿਕਾਈ । ਗੁਰਮੁਖ ਵਿਰਲੇ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤਾ ਜੁਗਾ ਜੁਗੰਤਾ ਏਕਾ ਜੋਤ ਹਰਿ ਰਘੁਰਾਈ । ਲੱਖ ਚੁਰਾਸੀ ਹਰਿ ਉਪਾਏ । ਸਾਰਾ ਭੇਵ ਦਏ ਖੁਲ੍ਹਾਏ । ਚਵੀ ਜਾਮੇ ਪ੍ਰਗਟ ਕਰ, ਕਲਜੁਗ ਤੇਰਾ ਅੰਤ ਕਰਾਏ । ਆਪੇ ਵਸੇ ਸਾਚੇ ਘਰ, ਦਿਸ ਕਿਸੇ ਨਾ ਆਏ । ਗੁਰਮੁਖਾਂ ਚੁਕਾਏ ਜਮ ਕਾ ਡਰ, ਆਪਣੀ ਦਇਆ ਕਮਾਏ । ਆਪ ਨੁਹਾਏ ਅੰਮ੍ਰਿਤ ਆਤਮ ਸਾਚੇ ਸਰ, ਦੂਈ ਦਵੈਤੀ ਮੈਲ ਗਵਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ



੨੪੨
੦੪

ਸਿੰਘ ਵਿਸ਼ਨੂੰ ਭਗਵਾਨ, ਪਹਿਲਾ ਜਾਮਾ ਸਤਿਜੁਗ ਸਾਚੇ ਸਨਕ ਸਨੰਦਨ ਸਨਾਤਨ ਸੰਤ ਕੁਮਾਰ ਉਪਾਏ । ਪਹਿਲਾ ਜਾਮਾ ਪਹਿਲਾ ਰੂਪ । ਕਰੇ ਕਰਾਏ ਹਰਿ ਵਡਾ ਭੂਪ । ਨਾ ਕੋਈ ਜਾਣੇ ਰੰਗ ਰੂਪ । ਇੱਕਾ ਜੋਤੀ ਇੱਕਾ ਗੋਤੀ, ਤਿੰਨਾਂ ਲੋਕਾਂ ਸਤਿ ਸਰੂਪ । ਕਰੇ ਕਰਾਏ ਹਰਿ ਵਡਾ ਭੂਪ । ਤਿੰਨਾਂ ਲੋਕਾਂ ਹਰਿ ਸਤਿਵਾਦੀ । ਸਦਾ ਰਹੇ ਇਕ ਅਨਾਦੀ । ਸ੍ਰਿਸ਼ਟ ਸਬਾਈ ਜਿਸ ਨੇ ਸਾਧੀ । ਜੋਤੀ ਜੋਤ ਸਰੂਪ ਹਰਿ, ਆਪਣੀ ਜੋਤ ਆਪ ਜਗਾਏ ਨਾ ਕੋਈ ਮਾਤ ਪਿਤਾ ਨਾ ਕੋਈ ਦਾਦਾ ਦਾਦੀ । ਮਾਤ ਪਿਤਾ ਨਾ ਹਰਿ ਰਖਾਏ । ਸਾਚਾ ਸੀਰ ਨਾ ਕੋਈ ਪਿਆਏ । ਇਕੋ ਮਿਤਾ ਜਿਸ ਮਾਨਸ ਜਨਮ ਜਿੱਤਾ, ਚਰਨ ਪ੍ਰੀਤੀ ਸੇਵ ਕਮਾਏ । ਜੋਤ ਸਰੂਪੀ ਜੋਤ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਰਿ ਇਕੋ ਜੋਤ ਇਕੋ ਗੋਤ ਆਦਿ ਅੰਤ ਜੁਗਾ ਜੁਗੰਤ ਵਿਚ ਮਾਤ ਰਖਾਏ । ਦੂਜਾ ਜਾਮਾ ਹਰਿ ਜੀ ਪਾਏ । ਬਰਾਹ ਰੂਪ ਭੇਖ ਵਟਾਏ । ਦੁਸ਼ਟ ਦੈਂਤ ਆਪ ਖਪਾਏ । ਧਰਤ ਮਾਤ ਵਿਚੋਂ ਪਤਾਲ ਬਾਹਰ ਲਿਆਏ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਆਪਣੇ ਭਾਣੇ ਸਦ ਸਮਾਏ । ਤੀਜਾ ਲੈ ਹਰਿ ਅਵਤਾਰ । ਆਪਣੇ ਖੇਲ ਕਰੇ ਅਪਾਰ । ਯਗੇ ਪੁਰਸ਼ ਨਾਮ ਕਰਤਾਰ । ਕਿਆ ਕੋਈ ਜਾਣੇ ਇਸ ਦੀ ਸਾਰ । ਆਦਿ ਅੰਤ ਜੁਗਾ ਜੁਗੰਤ ਆਪੇ ਕਰੇ ਆਪ ਅਕਾਰ । ਜਗਤ ਰੀਤੀ ਆਪ ਚਲਾਈ । ਲੱਖ ਚੁਰਾਸੀ ਜਿਸ ਉਪਾਈ । ਨੌਂ ਲੱਖ ਵਿਚ ਜਲ ਟਿਕਾਈ । ਦਸ ਲੱਖ ਅੰਡਜ ਵਿਚ ਰਖਾਈ । ਗਿਆਰਾਂ ਲੱਖ ਢਿੱਡ ਭਾਰ ਰਿੜਾਈ । ਵੀਹ ਲੱਖ ਬਨਾਸਪਤ ਉਪਾਈ । ਤੀਹ ਲੱਖ ਚਾਰ ਪਾਉਂ ਲਿਖਾਈ । ਚਾਰ ਲੱਖ ਮਾਨਸ ਦੇਹੀ ਉਪਜਾਈ । ਆਦਿ ਅੰਤ ਸਾਚੇ ਭਗਵੰਤ ਆਪਣੀ ਖੇਲ ਆਪਣੇ ਹੱਥ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜੇ ਜਾਮੇ ਯਗ ਕਰਨ ਦੀ ਆਪਣੀ ਆਪ ਰੀਤ ਚਲਾਈ । ਕੀਆ ਯਗਯ ਹਰਿ ਭਗਵਾਨ । ਸਾਧਾਂ ਸੰਤਾਂ ਦੇਵੇ ਦਾਨ । ਏਕਾ ਨਾਮ ਕਰੇ ਪਛਾਣ । ਜੋਤੀ ਜੋਤ ਸਰੂਪ ਹਰਿ, ਏਕਾ ਸ਼ਬਦ ਸੁਣਾਏ ਆਤਮ ਜਾਏ ਮਾਨ । ਚੌਥਾ ਲਿਆ ਅਵਤਾਰ ਹਾਵ ਗਰੀਵ ਨਾਮ ਰੂਪ ਕਰੇ ਕਰਤਾਰ । ਲਾਲ ਰੰਗ ਸੱਚੀ ਸਰਕਾਰ । ਬ੍ਰਹਮਾ ਵੇਦ ਹੋਏ ਖੁਆਰ । ਕੈਂਟਬ ਦੈਂਤ ਖੜੇ ਵਿਚ ਧਰਤ ਮਾਤ ਮੰਝਧਾਰ । ਪ੍ਰਗਟ ਹੋ ਆਏ ਦਰੇ, ਵਿਚੋਂ ਪਤਾਲ ਕੱਢੇ ਬਾਹਰ । ਜੋਤੀ ਜੋਤ ਸਰੂਪ ਹਰਿ, ਕਿਆ ਕੋਈ ਪਾਵੇ ਸਾਰ । ਆਦਿ ਅੰਤ ਆਪਣਾ ਕਰੇ ਆਪ ਵਿਚਾਰ । ਜੋਤੀ ਜੋਤ ਸਰੂਪ ਹਰਿ, ਤਿੰਨਾਂ ਲੋਕਾਂ ਕਰੇ ਆਪਣਾ ਪਸਰ ਪਸਾਰ । ਪੰਜਵਾਂ ਜਾਮਾ ਨਰਾਇਣ ਨਰ ਪਾਇਆ । ਬਦਰੀ ਕੇਦਾਰ ਨਾਥ ਡੇਰਾ ਲਾਇਆ । ਤਪ ਕਰਨ ਦਾ ਰਾਹ ਵਖਾਇਆ । ਸਤਿਜੁਗ ਸਾਚੇ ਤੇਰਾ ਸਾਚਾ ਰਾਹ, ਆਪਣੀ ਹੱਥੀਂ ਆਪ ਬਣਾਇਆ । ਦੇਵੇ ਮਾਣ ਥਾਉਂ ਥਾਈਂ ਆਪ ਵਿਹਾਇਆ । ਜੋਤੀ ਜੋਤ ਸਰੂਪ ਹਰਿ, ਵੇਲਾ ਵਕਤ ਆਪ ਪਛਾਣੇ ਕਿਸੇ ਦੂਸਰ ਭੇਵ ਨਾ ਪਾਇਆ । ਛੇਵਾਂ ਜਾਮਾ ਹਰਿ ਲਿਖਾਏ । ਕਪਲ ਮੁਨ ਨਾਮ ਰਖਾਏ । ਮੁਨ ਸੁੰਨ ਆਪ ਤੁੜਾਏ । ਕਵਣ ਜਾਣੇ ਹਰਿ ਤੇਰੇ ਗੁਣ, ਆਵੇ ਜਾਵੇ ਭੇਖ ਵਟਾਏ । ਏਕਾ ਮਾਤਾ ਸੰਖ ਯੋਗ, ਸਾਚਾ ਰਾਹ ਆਪ ਵਖਾਏ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਆਪਣਾ ਅੰਕ ਆਪਣੇ ਸੰਗ ਆਪ ਨਿਭਾਏ । ਸਤਵਾਂ ਜਾਮਾ ਲੇਖ ਲਿਖਾਵਣਾ । ਦਤਾ ਤ੍ਰੈ ਨਾਮ ਲਿਖਾਵਣਾ । ਯਦੁ ਬੰਸੀ ਜਿਸ ਉਪਜਾਵਣਾ । ਆਪਣਾ ਆਪ ਜਗਤ ਉਪਾਵਣਾ । ਆਵਣ ਜਾਣ ਜਾਣ ਆਵਣ ਖੇਲ ਰਚਾਵਣਾ । ਭਗਤ ਭਗਵਾਨ ਦੇਵੇ ਜੀਆ ਦਾਨ, ਮਾਇਆ ਪੜਦਾ ਹਰਿ ਜੀ ਲਾਹਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਆਦਿ ਅੰਤ ਜੁਗਾ ਜੁਗੰਤ ਭੇਖ ਧਾਰੀ, ਹਰਿ ਨਰ ਨਿਰੰਕਾਰੀ, ਆਵੇ

ਜਾਵੇ ਵਾਰੋ ਵਾਰੀ, ਨਾ ਲੇਖੇ ਕਿਸੇ ਲਿਖਾਵਣਾ । ਨਾ ਕੋਈ ਲੇਖਾ ਲਿਖਾ ਹਿਸਾਬ । ਨਾ ਕੋਈ ਵੇਖੇ ਵਿਚ ਕਿਤਾਬ । ਨਾ ਕੋਈ ਜਾਣੇ ਖ਼ਾਕੀ ਬੰਦਾ ਆਪ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸੱਚੇ ਘਰ, ਦੂਸਰ ਕੋਈ ਨਾ ਝੱਲੇ ਤਾਬ । ਅਠਵਾਂ ਜਾਮਾ ਹਰਿ ਲਿਖਾਏ । ਰਿਖਵ ਦੇਵ ਨਾਮ ਧਰਾਏ । ਉਜੈਨ ਮਤ ਵਿਚ ਆਪ ਉਪਜਾਏ । ਆਪੇ ਜਾਣੇ ਮਿਤ ਗਤ, ਜੁਗੋ ਜੁਗ ਆਵੇ ਜਾਵੇ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਵਿਚ ਆਪ ਸਮਾਏ । ਨੌਵਾਂ ਜਾਮਾ ਨਾਂ ਪੁਕਾਰੇ । ਪ੍ਰਿਥੂ ਰੂਪ ਖੇਲ ਅਪਾਰੇ । ਮਥਨ ਕਰੀ ਧਰਤ, ਅੰਨ ਦੇਵਤਾ ਬਾਹਰ ਨਿਕਾਲੇ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਦਿ ਅੰਤ ਜੁਗਾ ਜੁਗੰਤ ਪ੍ਰਭ ਅਬਿਨਾਸ਼ੀ ਨਰ ਨਿਰੰਕਾਰੇ । ਦਸਵਾਂ ਜਾਮਾ ਦਸ ਵਖਾਣੇ । ਮਤਸ ਨਾਮ ਹਰਿ ਭਗਵਾਨੇ । ਸੱਤ ਬਰਤ ਰਾਜੇ ਹਰਿ ਪਰਲੋ ਆਪ ਵਖਾਣੇ । ਜੋਤੀ ਜੋਤ ਸਰੂਪ ਹਰਿ, ਆਪੇ ਚਲੇ ਆਪਣੇ ਭਾਣੇ । ਗਿਆਰਵਾਂ ਜਾਮਾ ਹਰਿ ਜੀ ਪਾਇਆ । ਕਛਪ ਰੂਪ ਨਾਮ ਲਿਖਾਇਆ । ਮੰਦਰਾਚਲ ਪਿੱਠ ਉਠਾਇਆ । ਸੱਤ ਸਮੁੰਦਰ ਬਾਸ਼ਕ ਨਾਗੀ ਨੇਤਰਾ ਆਪੇ ਪਾਏ, ਸਾਗਰ ਸੰਸਾਰ ਰਿੜਕ ਵਖਾਣਿਉਂ ਚੌਦਾਂ ਰਤਨ ਬਾਹਰ ਕਢਾਇਆ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਬਾਹਰਵਾਂ ਜਾਮਾ ਆਖ ਸੁਣਾਏ । ਮੋਹਣੀ ਰੂਪ ਹਰਿ ਵਟਾਏ । ਸੁਰ ਅਸੁਰ ਵੱਖ ਵੱਖ ਕਰਾਏ । ਰਾਜੇ ਬਲ ਤੇਰਾ ਵਕਤ ਸੁਹਾਏ । ਤੇਤੀਸ ਕਰੋੜ ਦੇਵਤੇ ਆਪਣੇ ਹੱਥੀਂ ਆਪ ਬਣਾਏ । ਅੰਮ੍ਰਿਤ ਸਾਚਾ ਜਾਮ ਮੁਖ ਲਗਾਏ । ਬੇਮੁਖ ਜੀਵ ਹੋਏ ਅਸੁਰ, ਮਦਿਰਾ ਜਿਨ੍ਹਾਂ ਮੁਖ ਛੁਹਾਏ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਪੂਰਾ ਤੋਲ, ਗੁਰਮੁਖ ਵਿਰਲਾ ਤੁਲ ਤੁਲ ਜਾਏ । ਕਰੇ ਭੇਖ ਹਰਿ ਨਿਰੰਕਾਰੀ । ਤੇਰਵਾਂ ਜਾਮਾ ਭੇਖ ਬਾਵਨ, ਮੰਗਣ ਆਏ ਚਲ ਦਵਾਰੀ । ਕੋਈ ਨਾ ਜਾਣੇ ਪ੍ਰਭ ਸਾਚੇ ਤੇਰੀ ਸਾਚੀ ਸਾਰੀ । ਦੂਰ ਦੁਰਾਡੇ ਸਾਰੇ ਤੱਕਣ, ਵੇਖਣ ਜੀਵ ਗਵਾਰੀ । ਚਾਰ ਵੇਦ ਰਸਨ ਉਚਾਰੇ ਨਾ ਕੋਈ ਪਾਵੇ ਤੇਰੀ ਸਾਰੀ । ਝੂਠੀ ਚੜ੍ਹੀ ਜਗਤ ਖ਼ੁਮਾਰੀ । ਜੋਤੀ ਜੋਤ ਸਰੂਪ ਹਰਿ, ਇੱਕਾ ਦਿਤਾ ਸੱਚਾ ਵਰ, ਆਪ ਚੁਕਾਇਆ ਜਮ ਕਾ ਡਰ, ਰਾਜੇ ਬਲ ਆਇਆ ਦਵਾਰੀ । ਚੌਧਵਾਂ ਜਾਮਾ ਪਾਏ ਭਗਵਾਨ । ਧਨੰਤਰ ਵੈਦ ਨਾਮ ਵਖਾਨ । ਜਗਤ ਔਸ਼ਧੀ ਮਾਰੇ ਬਾਣ । ਆਪੇ ਜਾਣੇ ਪ੍ਰਭ ਅਬਿਨਾਸ਼ੀ ਆਪਣੀ ਆਣ । ਪੰਦਰਵਾਂ ਜਾਮਾ ਗੁਰ ਪੂਰੇ ਪਾਇਆ । ਨਰ ਸਿੰਘ ਰੂਪ ਆਪ ਵਟਾਇਆ । ਭਗਤ ਪ੍ਰਹਿਲਾਦ ਜਗਤ ਤਰਾਇਆ । ਹਰਨਾਖਸ਼ ਦੁਸ਼ਟ ਮਾਰ ਖਪਾਇਆ । ਜੋਤ ਸਰੂਪੀ ਜੋਤ ਹਰਿ, ਅਚਰਜ਼ ਭੇਖ ਮਾਤ ਵਟਾਇਆ । ਸੋਲਵਾਂ ਜਾਮਾ ਸਰਗੁਣ ਧਾਰੇ । ਪੰਖੀ ਰੂਪ ਕਰੇ ਕਰਤਾਰੇ । ਪ੍ਰਗਟ ਜੋਤ ਸਤਿ ਸਰੂਪ ਨਾਮ ਹੰਸ ਕਰੇ ਉਜਿਆਰੇ । ਮਾਤਲੋਕ ਮਾਣ ਗਵਾਏ, ਰਿਖੀਆਂ ਮੁਨੀਆਂ ਸਰਨ ਲਗਾਏ । ਗਿਆਨੀਆਂ ਧਿਆਨੀਆਂ ਵਡ ਵਡ ਦਾਨੀਆਂ ਆਤਮ ਸਹਿੰਸਾ ਹਉਮੇ ਰੋਗ ਗਵਾਏ । ਗੁਰਮੁਖ ਸਾਚੇ ਸੰਤ ਜਨਾਂ ਸਾਚੇ ਸ਼ਬਦ ਮੁਖ ਸਾਚੀ ਚੋਗ ਚੁਗਾਏ । ਜੋਤੀ ਜੋਤ ਸਰੂਪ ਹਰਿ, ਹੰਸਾ ਅਵਤਾਰ ਆਪਣਾ ਨਾਮ ਆਪ ਰਖਾਏ । ਸਤਾਰਵਾਂ ਅਵਤਾਰ ਨਰਾਇਣ ਪ੍ਰਭ ਧਾਰੇ । ਬਾਲਕ ਧਰੂ ਦੇ ਦਰਸ ਖੜਿਆ ਚਰਨ ਦਵਾਰੇ । ਮਿਟੀ ਜਗਤ ਹਰਸ, ਲੱਗੀ ਪ੍ਰੀਤ ਚਰਨ ਕਮਲਾਰੇ । ਅੰਮ੍ਰਿਤ ਆਤਮ ਰਿਹਾ ਬਰਸ, ਉਲਟਾ ਕਵਲ ਨਭਲਾਰੇ । ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਵਾਰੋ ਵਾਰੇ । ਅਠਾਰਵਾਂ ਜਾਮਾ ਹਰਿ ਜੀ ਪਾਇਆ । ਗਜ ਗ੍ਰਾਹ ਆਣ ਛੁਡਾਇਆ । ਸੁਣ ਪੁਕਾਰ ਹਰਿ ਰਘੁਰਾਇਆ । ਤਾਣਾ ਤਣਿਆ ਦਿਤਾ ਤੋੜ, ਚਰਨ ਪ੍ਰੀਤੀ ਲਈ ਜੋੜ, ਜੋਤੀ ਜੋਤ ਸਰੂਪ ਹਰਿ, ਬੇੜਾ ਬੰਨ੍ਹ ਵਖਾਇਆ ।

੨੪੪
੦੪

ਉਨੀਆਂ ਜਾਮਾ ਹਰਿ ਲਿਖਾਏ । ਪਰਸਰਾਮ ਭੇਖ ਵਟਾਏ । ਰਾਜੇ ਕਸ਼ਤਰੀ ਇੱਕੀ ਵਾਰ ਹਰਾਏ । ਜੋਤੀ ਜੋਤ ਸਰੂਪ ਹਰਿ, ਆਪਣੀ ਕਲ ਧਾਰ ਸ੍ਰਿਸ਼ਟ ਸਬਾਈ ਵੇਖ ਵਿਚਾਰੇ । ਵੀਹਵਾਂ ਜਾਮਾ ਰਾਮ ਅਵਤਾਰਾ । ਆਪ ਅਖਵਾਏ ਰਾਮ ਅਵਤਾਰਾ । ਹੋਏ ਉਜਿਆਰਾ ਮਾਤਲੋਕ ਖੇਲ ਅਪਾਰਾ । ਦਹਿਸਰ ਦੁਸ਼ਟ ਆਪਣੀਂ ਹੱਥੀਂ ਮਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਧਾਰਾ । ਇੱਕੀਆਂ ਜਾਮਾ ਹਰਿ ਜੀ ਪਾਏ । ਕਵਾਰੀ ਕੰਨਿਆਂ ਮਾਂ ਬਣਾਏ । ਸਪਤ ਰਿਖੀ ਜਿਸ ਪਾਰ ਲੰਘਾਏ । ਵੇਦ ਵਿਆਸ ਨਾਉਂ ਰਖਾਏ । ਅਠਾਰਾਂ ਪੁਰਾਨ ਜਿਸ ਲਿਖਾਏ । ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਲਿਖਾਏ । ਸ੍ਰੀ ਮਧ ਭਗਵਤ ਅੰਤਮ ਇਕ ਰਖਾਏ । ਕਲਗੀ ਧਰ ਅਵਤਾਰਾ ਸਾਰਾ ਭੇਵ ਖੁਲ੍ਹਾਏ । ਬਾਈਵਾਂ ਜਾਮਾ ਹਰਿ ਗਿਰਧਾਰ । ਪ੍ਰਗਟ ਹੋਇਆ ਕ੍ਰਿਸ਼ਨ ਮੁਰਾਰ । ਨਿਮਾਣਿਆਂ ਨਿਤਾਣਿਆਂ ਹੋਇਆ ਆਪ ਸਹਾਰ । ਬਿਦਰ ਸੁਦਾਮਾ ਤਾਰਿਆ ਦਰੋਪਦ ਲਾਈ ਪਾਰ । ਅੰਤ ਦੁਰਬਾਸ਼ਾ ਰਿਖੀ ਹੰਕਾਰਿਆ, ਆਤਮ ਲਾਹਿਆ ਇਕ ਬੁਖ਼ਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਿਤਾ ਵਰ, ਅਠਾਰਾਂ ਧਿਆਏ ਗੀਤਾ ਲਈ ਉਚਾਰ । ਅਵਤਾਰ ਤੇਈਸਵਾਂ ਜਗਤ ਆਇਆ ਮਹਾਤਮਾ ਬੋਧ । ਨਾਮ ਬੋਧ ਵਡ ਧਨ ਧਨਾ, ਜੋਤੀ ਜੋਤ ਸਰੂਪ ਹਰਿ, ਕਲਜੁਗ ਜੀਵਾਂ ਕਰ ਸਚ ਨਾ ਕਿਸੇ ਮੰਨਾ । ਕਲਜੁਗ ਹੁੰਦਾ ਗਿਆ ਅੰਧੇਰਾ । ਮਿਟਦਾ ਗਿਆ ਕਲਜੁਗ ਸਵੇਰਾ । ਪ੍ਰਭ ਕਰੇ ਖੇਲ ਅਚਰਜ, ਲੱਖ ਚੁਰਾਸੀ ਭੁਲਾਏ ਕਰ ਕਰ ਹੇਰਾ ਫੇਰਾ । ਈਸਾ ਮੂਸਾ ਆਪ ਉਪਜਾਏ, ਤੀਜਾ ਰਾਹ ਜਗਤ ਦਿਸਾਏ, ਏਕਾ ਜੋਤ ਵਸੇ ਨਗਰ ਕਾਇਆ ਖੇੜਾ । ਕਲਜੁਗ ਸੁਣੀ ਫੇਰ ਪੁਕਾਰ । ਦਿਤਾ ਵਰ ਹਰਿ ਦਾਤਾਰ । ਮੁਹੰਮਦ ਉਪਜਾਇਆ ਨਾਲ ਲਿਆਇਆ ਚਾਰ ਯਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਧਾਰ । ਨਾਨਕ ਗੁਰ ਜਗਤ ਉਪਾਇਆ । ਏਕਾ ਜੋਤ ਭੇਖ ਵਟਾਇਆ । ਦਸਵੇਂ ਘਰ ਖੇਲ ਰਚਾਇਆ । ਸੱਚਾ ਨਾਮ ਡੰਕ ਰਾਓ ਰੰਕ ਸਰਬ ਸੁਣਾਇਆ । ਏਕਾ ਓਟ ਰੱਖੀ ਏਕਾ ਰੰਗ, ਗੁਰ ਨਾਨਕ ਗੁਰ ਗੋਬਿੰਦ ਕਲਗੀ ਧਰ ਅਵਤਾਰ ਸਚ ਕਰਤਾਰ, ਕਲਜੁਗ ਵੇਲੇ ਅੰਤਮ ਜਾਮਾ ਪਾਇਆ । ਚਵੀਆਂ ਅਵਤਾਰ ਸਚਖੰਡ ਹੋ ਤਿਆਰ, ਵਿਚ ਆਏ ਵਰਭੰਡ ਲਾ ਤਨ ਸ਼ਿੰਗਾਰ । ਫੜੇ ਹੱਥ ਸ਼ਬਦ ਚੰਡ ਪ੍ਰਚੰਡ, ਸ੍ਰਿਸ਼ਟ ਸਬਾਈ ਕਰੇ ਦੋ ਫਾੜ । ਬੇਮੁਖਾਂ ਹਰਿ ਵੱਢੇ ਕੰਡ, ਅਗਨ ਜੋਤ ਸਾੜੇ ਜਿਉਂ ਅੱਗ ਲੱਗੀ ਹਾੜ । ਜੋਤੀ ਜੋਤ ਸਰੂਪ ਹਰਿ, ਸ਼ਬਦ ਡੰਡਾ ਹੱਥ ਵਿਚ ਫੜਿਆ, ਲੱਖ ਚੁਰਾਸੀ ਤਿੰਨਾਂ ਲੋਕਾਂ ਲੋਆਂ ਪੁਰੀਆਂ ਰਿਹਾ ਤਾੜ । ਪਹਿਲੀ ਪੁਰੀ ਹਰਿ ਆਪ ਵਖਾਣੀ । ਬ੍ਰਹਮਾ ਕਰੇ ਚਰਨ ਧਿਆਨੀ । ਪ੍ਰਭ ਚੁਕਾਏ ਅੰਤਮ ਕਾਨੀ । ਚੌਥੇ ਜੁਗ ਆਏ ਹਾਨੀ । ਜੋਤੀ ਜੋਤ ਸਰੂਪ ਹਰਿ, ਪੰਚਮ ਜੇਠ ਨਿਹਕਲੰਕ ਵਿਚ ਮਾਤ ਜਾਮਾ ਪਾਇਆ, ਭਾਗ ਲਗਾ ਸੁਹੰਜਣੀ ਰੈਣ ਸਾਚੀ ਰਾਣੀ । ਸਾਚੀ ਰਾਣੀ ਚੜ੍ਹਿਆ ਚਾਅ ਭਿੰਨੜੀ ਰੈਣ । ਦੂਜਾ ਮਿਲੇ ਪ੍ਰਭ ਅਬਿਨਾਸ਼ੀ ਸਾਚਾ ਸਾਕ ਸੱਜਣ ਸੈਣ । ਤੀਜੀ ਰਲੇ ਨਾਲ ਗੁਰਸਿਖਾਂ ਦੇਵੇ ਮਾਣ ਕਿਸੇ ਰਸਨਾ ਸਕੇ ਨਾ ਕਹਿਣ, ਘਰ ਘਰ ਪੈਂਦੇ ਵੈਣ । ਗੁਰਮੁਖ ਵਿਰਲੇ ਵਿਚ ਮਾਤ ਦੇ ਰਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਹੱਥ ਉਠਾਇਆ, ਘਰ ਘਰ ਉਡਾਏ ਕਾਗ । ਘਰ ਘਰ ਉਡਦੇ ਦਿਸਣ ਕਾਗ । ਗੁਰਮੁਖ ਵਿਰਲੇ ਗਏ ਜਾਗ । ਬੇਮੁਖਾਂ ਮਾੜੇ ਹੋਏ ਭਾਗ । ਨਾ ਕੋਈ ਧੋਵੇ ਕਲਜੁਗ ਲੱਗੇ ਦਾਗ । ਨਾ ਕੋਈ ਬੁਝਾਏ ਆਤਮ ਤ੍ਰਿਸ਼ਨਾ ਆਗ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਬਣਾਏ ਹੰਸ ਕਾਗ । ਹੰਸ ਕਾਗ ਸ਼ਬਦ ਉਡਾਰੀ । ਆਓ ਚਲ

੨੪੫
੦੪

੨੪੬
੦੪

ਹਰਿ ਦਵਾਰੀ । ਪੰਚਮ ਜੇਠ ਪ੍ਰਭ ਸੁਣੇ ਪੁਕਾਰੀ । ਵਡ ਵਡ ਸੇਠ ਚਾਰੋਂ ਕੁੰਟ ਕਰਨ ਹਾਹਾਕਾਰੀ । ਪ੍ਰਭ ਅਬਿਨਾਸ਼ੀ ਭੰਨੇ ਕੌੜੇ ਰੇਠ, ਸ਼ਬਦ ਹਥੌੜਾ ਰਿਹਾ ਮਾਰੀ । ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਬਖ਼ਸ਼ੇ ਚਰਨ ਸੱਚੀ ਸਰਦਾਰੀ । ਸੱਚਾ ਸਰਦਾਰ ਹਰਿ ਸੁਲਤਾਨ । ਪ੍ਰਗਟ ਹੋਇਆ ਵਿਚ ਜਹਾਨ । ਨਿਹਕਲੰਕ ਬਲੀ ਬਲਵਾਨ । ਨੇਤਰ ਖੋਲ੍ਹੇ ਚਾਰ ਕੁੰਟ ਵੇਖੇ ਵਾਲੀ ਦੋ ਜਹਾਨ । ਗੁਰ ਸੰਗਤ ਤੇਰੇ ਆਤਮ ਬੋਲੇ, ਨਾ ਕਦੇ ਡੋਲੇ ਵਸੇ ਕਾਇਆ ਚੋਲੇ, ਨਾ ਰੱਖੇ ਪੜਦੇ ਉਹਲੇ, ਚੁਕਾਏ ਜਮ ਕੀ ਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਹੱਥ ਵਿਚ ਫੜਿਆ, ਆਪ ਮਿਟਾਏ ਕਲਜੁਗ ਜੀਵ ਬੇਈਮਾਨ । ਵੇਦ ਵਿਆਸ ਬਣ ਲਿਖਾਰੀ । ਵਿਸ਼ਨੂੰ ਬੰਸੀ ਵਡ ਸਰਬੰਸੀ ਲਿਖਾਏ ਲੇਖ ਅਪਰ ਅਪਾਰੀ । ਸਤਿਜੁਗ ਤ੍ਰੇਤਾ ਦਵਾਪਰ ਬੀਤਿਓ, ਕਿਸੇ ਨਾ ਬੰਧੀ ਏਕਾ ਸੱਚੀ ਧਾਰੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਦਿੱਤੀ ਸੱਚੀ ਦਾਤ ਇਕ ਸੁਗਾਤ, ਤਿੰਨਾਂ ਜੁਗਾਂ ਭੇਵ ਖੁਲ੍ਹਾਰੀ । ਆਪ ਖੁਲ੍ਹਾਇਆ ਪਿਛਲਾ ਭੇਦਾ । ਤੋਲ ਤੁਲਾਇਆ ਚਾਰੇ ਵੇਦਾ । ਪ੍ਰਭ ਅਬਿਨਾਸ਼ੀ ਅਛਲ ਅਛੱਲ ਅਛਲ ਅਛੇਦਾ । ਜੋਤੀ ਜੋਤ ਸਰੂਪ ਹਰਿ, ਦਵਾਪਰ ਕਿਰਪਾ ਕਰ ਪੁਰਾਨ ਅਠਾਰਾਂ ਸੰਗ ਰਲਾਏ ਚਾਰ ਵੇਦਾ । ਅਠਾਰਾਂ ਪੁਰਾਨ ਵੇਦ ਵਿਆਸ ਲਿਖਾਏ । ਪਹਿਲਾ ਮਾਣ ਬ੍ਰਹਮ ਦਵਾਏ । ਵੀਹ ਹਜ਼ਾਰ ਸਲੋਕ ਬਣਾਏ । ਦੂਜਾ ਪਦਮ ਆਖ ਸੁਣਾਏ । ਪਚਵੰਜਾ ਹਜ਼ਾਰੀ ਲੇਖ ਲਿਖਾਏ । ਤੀਜਾ ਵਿਸ਼ਨੂੰ ਨਾਲ ਰਲਾਏ । ਤੀਹ ਹਜ਼ਾਰ ਸਲੋਕ ਰਲਾਏ । ਚੌਥਾ ਸ਼ਿਵ ਆਪ ਉਪਜਾਏ । ਚਵੀ ਹਜ਼ਾਰ ਜਿਸ ਦੇ ਅੱਖਰ, ਕਰ ਕਰ ਵੱਖਰ ਸਾਰੇ ਭੇਵ ਖੁਲ੍ਹਾਏ । ਪੰਜਵਾਂ ਭਗਵੰਤ ਕਰ ਧਿਆਨ, ਚਤੁਰ ਸੁਜਾਨ ਅਠਾਰਾਂ ਹਜ਼ਾਰ ਬਣਾਏ । ਛੇਵਾਂ ਪੁਰਾਨ ਨਾਰਦ ਜਾਣ, ਪੰਝੀ ਹਜ਼ਾਰ ਸਲੋਕ ਆਪ ਉਪਜਾਏ । ਸਤਵਾਂ ਵੇਖੇ ਚਾਰ ਕੁੰਟੇ ਮਾਰਕੰਡੇ, ਜਿਹੜਾ ਚੜ੍ਹਾਏ ਸਾਚੇ ਡੰਡੇ, ਨੌਂ ਹਜ਼ਾਰ ਸਲੋਕ ਹਰਿ ਚਿੱਟੇ ਉਤੇ ਆਪ ਲਿਖਾਏ । ਅਠਵਾਂ ਅਗਨੀ ਲਗਾ ਬਾਣ, ਪ੍ਰਭ ਅਬਿਨਾਸ਼ੀ ਕਰ ਧਿਆਨ, ਪੰਦਰਾਂ ਹਜ਼ਾਰ ਚਾਰ ਸੌ ਸਲੋਕ ਸੰਗ ਰਲਾਏ । ਨੌਵਾਂ ਭਵਿਖਤ ਵੇਖ ਵਿਚਾਰ, ਹਰਿ ਗਿਰਧਾਰ ਵਿਚ ਸੰਸਾਰ ਚੌਦਾਂ ਹਜ਼ਾਰ ਪੰਜ ਸੌ ਦਏ ਉਪਜਾਏ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਵੇਦ ਵਿਆਸ ਵਸੇ ਪਾਸ ਬ੍ਰਹਮ ਵੈਵਰਤ ਅਠਾਰਾਂ ਹਜ਼ਾਰ ਲਿਖਾਏ । ਗਿਆਰਵਾਂ ਲਿੰਗ ਪੁਰਾਨ, ਗਿਆਰਾਂ ਹਜ਼ਾਰ ਸਲੋਕ ਲਿਖਾਏ । ਹਰਿ ਭਗਵਾਨ ਬਾਰਵਾਂ ਬਰਾਹ ਪੁਰਾਨ ਆਪ ਉਪਜਾਇਆ । ਚਵੀ ਹਜ਼ਾਰ ਸਲੋਕ ਬਣਾਇਆ । ਤੇਰਵਾਂ ਸੁਕੰਦ ਨਾਮ ਰਖਾਇਆ । ਇਕਾਸੀ ਹਜ਼ਾਰ ਇਕ ਵਾਹ ਵਾਹ ਸੋਹਣਾ ਜੋੜ ਜੁੜਾਇਆ । ਪੰਦਰਵਾਂ ਬਾਵਨ ਨਾਮ ਉਪਜਾਇਆ । ਦਸ ਹਜ਼ਾਰੀ ਮਾਣ ਦਵਾਇਆ । ਸੋਲਵਾਂ ਕੁਕਰਮ ਕਰਮ ਕਮਾਇਆ । ਸਤਾਰਾ ਹਜ਼ਾਰ ਸਲੋਕ ਰਖਾਇਆ । ਸਤਾਰਵਾਂ ਗਰੜ ਸੰਗ ਰਲਾਇਆ । ਉਨੀ ਹਜ਼ਾਰ ਕਰ ਵਿਚਾਰ ਧਰਮ ਰਾਏ ਦੇ ਸਚ ਦਵਾਰ ਅਠਾਈ ਕੁੰਡਾਂ ਚਿਤੁਰ ਗੁਪਤ ਸਾਰਾ ਭੇਵ ਖੁਲ੍ਹਾਇਆ । ਅਠਾਰਵਾਂ ਦਸ ਅੱਠ ਅਠਾਰਾਂ, ਸਲੋਕ ਲਿਖੇ ਹਜ਼ਾਰ ਬਾਰਾਂ । ਬ੍ਰਹਿਮੰਡ ਨਾਮ ਰਖਾਇਆ । ਕਲਜੁਗ ਅੰਤਮ ਅੰਤ ਪ੍ਰਭ ਅਬਿਨਾਸ਼ੀ ਜੋਤ ਧਰ ਸਾਰੇ ਦਏ ਮਿਟਾਇਆ । ਵੇਦ ਪੁਰਾਨ ਸਰਬ ਪੁਕਾਰਨ । ਪ੍ਰਭ ਸਾਚੇ ਨੂੰ ਵਾਜਾਂ ਮਾਰਨ । ਪ੍ਰਗਟ ਜੋਤ ਪ੍ਰਭ ਵਿਚ ਮਾਤ ਆਪ ਬੰਨ੍ਹੇ ਸਾਚੀ ਧਾਰਨ । ਜੋਤੀ ਜੋਤ ਸਰੂਪ ਹਰਿ, ਏਕਾ ਜਾਣੇ ਆਪਣਾ ਕਾਰਨ । ਆਪਣਾ ਕਾਰਨ ਹਰਿ ਆਪੇ ਜਾਣਦਾ । ਆਪਣਾ ਭੇਵ ਹਰਿ ਆਪ ਵਖਾਣਦਾ । ਧਰੇ ਨਰ ਹਰੇ ਭੇਖ ਸ੍ਰੀ ਭਗਵਾਨ ਦਾ । ਜਿਸ ਜਨ ਕਿਰਪਾ ਕਰੇ, ਸੋਈ ਜਨ ਵਿਚ ਮਾਤ ਪਛਾਣਦਾ । ਆਤਮ ਜੋਤ ਸਾਚੀ ਧਰ, ਮਾਰੇ ਖੰਡਾ ਬ੍ਰਹਮ ਗਿਆਨ ਦਾ । ਪ੍ਰਭ ਅਬਿਨਾਸ਼ੀ

ਗੁਰਮੁਖ ਵਿਰਲਾ ਵਰੇ, ਕਰੇ ਧਿਆਨ ਚਰਨ ਭਗਵਾਨ ਦਾ । ਦਰ ਘਰ ਆਇਆਂ ਕਾਰਜ ਸਰੇ, ਨਿਹਕਲੰਕ ਦਰ ਦਵਾਰੇ ਅੱਗੇ ਖੜੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਆਤਮ ਚਾੜ੍ਹੇ ਰੰਗਤ ਲੱਖ ਚੁਰਾਸੀ ਭਗਤ ਉਦਾਸੀ ਸਰਬ ਜੀਆਂ ਦੀ ਜਾਣਦਾ । ਜਨ ਭਗਤਾਂ ਮਨ ਉਦਾਸੀਆ । ਪ੍ਰਗਟ ਹੋਏ ਘਨਕਪੁਰ ਵਾਸੀਆ । ਸਾਚਾ ਜਾਪ ਇਕ ਜਪਾਏ, ਸੋਹੰ ਸ਼ਬਦ ਸਵਾਸ ਸਵਾਸੀਆ । ਸਾਚੇ ਘਰ ਵਾਸ ਰਖਾਏ, ਨਾ ਕਦੇ ਆਪ ਵਿਨਸੇ ਨਾ ਗੁਰਸਿਖ ਵਿਨਾਸੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਨਿਹਕਲੰਕ ਦੇਵੇ ਮਾਣ ਤਾਣ ਵਿਚ ਜਹਾਨ, ਗੁਰਸਿਖ ਬਿਠਾਏ ਸ਼ਬਦ ਬਬਾਣ, ਵਡ ਸ਼ਾਹੋ ਸ਼ਾਹ ਸ਼ਾਬਾਸਿਆ । ਵਡਾ ਸ਼ਾਹ ਸ਼ਾਹ ਸ਼ਾਬਾਸੇ, ਨਿਜ ਘਰ ਆਤਮ ਰੱਖੇ ਵਾਸੇ । ਜਗੇ ਜੋਤ ਮਾਤ ਪਤਾਲ ਅਕਾਸ਼ੇ । ਜਨ ਭਗਤਾਂ ਦਰ ਦਵਾਰੇ ਖੜਾ ਰਹੇ ਬਣ ਦਾਸਨ ਦਾਸੇ । ਆਪੇ ਵਸੇ ਸਾਚੇ ਘਰ, ਜੋਤ ਸਰੂਪੀ ਪਾਵੇ ਰਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗੀ ਨਰਾਇਣ ਨਰ ਹਰਿ ਨਿਰੰਕਾਰੇ, ਬੇਮੁਖ ਜੀਵ ਜਗਤ ਗਵਾਰ ਕਰਨ ਹਾਸੇ । ਕਲਜੁਗ ਜੀਵ ਅੰਤ ਹੋਏ ਖੁਆਰੀ । ਭੁਲੇ ਫਿਰਨ ਸਰਬ ਨਰ ਨਾਰੀ । ਪਾਸਾ ਆਇਆ ਅੰਤਮ ਹਾਰੀ । ਜੋਤੀ ਜੋਤ ਸਰੂਪ ਹਰਿ, ਪੰਚਮ ਜੇਠ ਫੜੇ ਸ਼ਬਦ ਹੱਥ ਸੱਚੀ ਕਟਾਰੀ । ਪਾਇਆ ਹੱਥ ਸੱਚੀ ਕਟਾਰ । ਸੋਹੰ ਸ਼ਬਦ ਤਿੱਖੀ ਧਾਰ । ਫੜੀ ਹੱਥ ਸੱਚੀ ਸਰਕਾਰ । ਸ੍ਰਿਸ਼ਟ ਸਬਾਈ ਕਰੇ ਆਰ ਪਾਰ । ਪਹਿਲਾ ਵਾਰ ਏਕਾ ਕਰ, ਲੋਕਮਾਤ ਜੋਤ ਧਰ, ਚੀਰ ਚਿਰਾਏ ਕਰੇ ਦੋ ਫਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਆਪਣਾ ਆਪ ਵਰਤਾਏ, ਸਾਚਾ ਰਾਣਾ ਸਚ ਸੁਲਤਾਨ, ਸਚ ਤਖ਼ਤ ਬੈਠ ਸਚ ਰਾਜ ਕਮਾਏ, ਖੇਲ ਵਰਤਾਏ ਪਹਿਲੀ ਹਾੜਾ । ਸਚ ਸੁਲਤਾਨਾ ਹਰਿ ਮਿਹਰਬਾਨਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ । ਬੇਮੁਖਾਂ ਲਾਏ ਸ਼ਬਦ ਤੀਰ, ਇਕੋ ਬਾਨਾ । ਚਾਰ ਕੁੰਟ ਹੋਏ ਵਹੀਰ, ਤਖ਼ਤੋਂ ਲਾਹੇ ਰਾਜਾ ਰਾਣਾ । ਚਾਰ ਕੁੰਟ ਹੋਏ ਭੀੜ, ਮਾਤ ਪਿਤ ਭਾਈ ਭੈਣ ਨਾ ਸਕੇ ਕੋਈ ਪਛਾਣਾ । ਵਾਹੋ ਦਾਹੀ ਰਾਹੋ ਰਾਹੀ ਸਾਰੇ ਫਿਰਨ, ਨਾ ਕੋਈ ਕਿਸੇ ਮਿਲਾਨਾ । ਗੁਰਮੁਖਾਂ ਮਿਲੇ ਸਾਚਾ ਮਾਹੀ, ਪ੍ਰਗਟ ਹੋਏ ਵਾਲੀ ਦੋ ਜਹਾਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਡ ਬਲੀ ਬਲਵਾਨਾ । ਵਡ ਬਲਵਾਨ ਜਗਤ ਉਜਾਗਰਾ । ਚਾਰੋਂ ਕੁੰਟ ਡੂੰਘਾ ਸਿੰਧ ਵਡ ਵਡ ਸਾਗਰਾ । ਗੁਰਸਿਖ ਤੇਰੀ ਕਾਇਆ ਸੱਚਾ ਘਰ, ਨਾ ਝੂਠੀ ਗਾਗਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਧੂ ਸਿੰਘ ਤੇਰਾ ਵੇਖੇ ਗੁਰ ਵਿਚ ਜਾਏ ਆਗਰਾ । ਆਗਰੇ ਜਾਵੇ ਮਾਰੇ ਸ਼ਬਦ ਉਡਾਰ । ਦੂਜਾ ਕੋਈ ਨਾ ਪਾਵੇ ਸਾਰ । ਦਿਆਲ ਬਾਗ਼ ਹਰਿ ਪੂਰਬ ਕਰੇ ਵਿਚਾਰ । ਦੇਵੇ ਸ਼ਬਦ ਲਿਖਤ ਅਪਾਰ ਪਹਿਲੀ ਹਾੜ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਇਕ ਇਕੱਲਾ ਵਸੇ ਸਚ ਮਹੱਲਾ, ਦੂਜੇ ਕਿਸੇ ਨਾ ਹੱਥ ਫੜਾਏ ਪੱਲਾ, ਨਾ ਕੋਈ ਚੋਬਦਾਰ । ਪ੍ਰਭ ਅਬਿਨਾਸ਼ੀ ਹੋਏ ਬੇਹਾਲਾ । ਬੇਮੁਖਾਂ ਆਤਮ ਕਰੇ ਕੰਗਾਲਾ । ਗੁਰਮੁਖ ਲੱਭੇ ਸਾਚੇ ਲਾਲਾ । ਆਤਮ ਦੇਵੇ ਸ਼ਬਦ ਦੁਸ਼ਾਲਾ । ਫਲ ਲਗਾਏ ਸਾਚੇ ਡਾਲਾ । ਦੇਵੇ ਸ਼ਬਦ ਨਾਮ ਧਨ, ਕਰੇ ਮਾਲ ਮਾਲਾ । ਗੁਰਮੁਖ ਆਤਮ ਜਾਏ ਮੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਬੰਨ੍ਹਣ ਆਇਆ ਹੱਥੀਂ ਮੌਤ ਗਾਨਾ । ਚੌਦਾਂ ਰਤਨ ਨਿਕਾਲੇ ਸਮੁੰਦਰ ਸਾਗਰ ਮੱਥ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਥਾਉਂ ਥਾਈਂ ਲਏ ਰੱਖ । ਆਪ ਰਖਾਏ ਭੇਵ ਖੁਲ੍ਹਾਏ ਸਾਚੇ ਦਰ, ਪ੍ਰਭ ਦੀ ਮਹਿੰਮਾ ਅਕਥਨਾ ਅਕਥ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ

ਵੱਜੇ ਡੰਕ, ਉਠੇ ਰਾਓ ਰੰਕ, ਨਰ ਹਰਿ ਸਰਬ ਕਲਾ ਸਮਰਥ । ਨਰ ਹਰਿ ਨਿਰੰਕਾਰਿਆ । ਕਲਜੁਗ ਝੂਠੇ ਜੁਗ ਖੇਲ ਕਰੇ ਅਪਰ ਅਪਾਰਿਆ । ਭਾਗ ਲੱਗਾ ਪਿੰਡ ਬੁਗ, ਖੁਲ੍ਹੜੇ ਕੇਸ ਦਰ ਦਰਵਾਜ਼ੇ ਦਰ ਦਰਬਾਰਿਆ । ਆਵੇ ਜਾਵੇ ਜਗਤ ਹਮੇਸ਼, ਭੁਲੇ ਫਿਰਨ ਨਰ ਨਰਾਇਣ ਨਾ ਪਾਵੇ ਕੋਈ ਸਾਰਿਆ । ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਕਰੇ, ਸਾਚੀ ਜੋਤ ਮਾਤ ਧਰੇ, ਆਵੇ ਜਾਵੇ ਨਾ ਜਨਮੇ ਨਾ ਮਰੇ । ਏਕਾ ਸੱਚੇ ਧਾਮ ਰਹਾਵੇ, ਨਾ ਕੋਈ ਭੰਨੇ ਨਾ ਕੋਈ ਘੜੇ । ਲੱਖ ਚੁਰਾਸੀ ਆਪ ਉਪਾਵੇ, ਆਪਣੇ ਭਾਣੇ ਵਿਚ ਰਖਾਵੇ, ਸ਼ਬਦ ਖੰਡਾ ਹੱਥ ਰਖਾਵੇ, ਅੱਗੇ ਕੋਇ ਨਾ ਹਰਿ ਦੇ ਅੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਜਾਮਾ ਪਾਇਆ, ਬੇਮੁਖ ਝੂਠੇ ਫਲ ਸ਼ਬਦ ਡੰਡੇ ਨਾਲ ਝੜੇ । ਸ਼ਬਦ ਡੰਡਾ ਦੇਵੇ ਝਾੜ । ਪ੍ਰਭ ਅਬਿਨਾਸ਼ੀ ਮਾਰੇ ਕਾੜ ਕਾੜ । ਸ਼ਬਦ ਸਰੂਪੀ ਉਠੇ ਧਾੜ । ਲੁਕਿਆ ਕੋਈ ਰਹਿਣ ਨਾ ਦੇਵੇ, ਅੰਦਰ ਜੰਗਲ ਵਿਚ ਪਹਾੜ । ਅੰਦਰ ਕਿਸੇ ਬਹਿਣ ਨਾ ਦੇਵੇ, ਸ਼ਬਦ ਸਰੂਪੀ ਰਿਹਾ ਸਾੜ । ਰਸਨਾ ਕਿਸੇ ਕਹਿਣ ਨਾ ਦੇਵੇ, ਲੱਗੀ ਅੱਗ ਬਹੱਤਰ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਦੇਵੇ ਨਾਮ ਧਨਾ, ਦੂਈ ਦਵੈਤੀ ਰਿਹਾ ਪਾੜ । ਦੂਈ ਦਵੈਤੀ ਪੜਦਾ ਪਾੜੇ । ਗੁਰਮੁਖਾਂ ਤਾਰੇ ਪਹਿਲੀ ਹਾੜੇ । ਲੱਗੇ ਭਾਗ ਵਿਚ ਉਜਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਇਕ ਨਿਸ਼ਾਨ ਝੁਲਾਏ, ਸਿੰਘ ਮਨਜੀਤ ਜਿਥੇ ਸਾੜੇ । ਜਿਥੇ ਸੜਿਆ ਬਾਲ ਅੰਞਾਣਾ । ਓਥੇ ਕਰੇ ਖੇਲ ਮਹਾਨਾ । ਜਗਤ ਜਗਦੀਸ਼ ਸਿੰਘ ਸੰਗ ਰਲਾਣਾ । ਦੋਵਾਂ ਮੇਲ ਹਰਿ ਮਿਲਾਣਾ । ਸਚ ਦਰਬਾਰ ਆਪ ਸੁਹਾਵਣਾ । ਪਹਿਲੀ ਹਾੜ ਕਰਾਏ ਚਰਨ ਧੂੜ ਇਸ਼ਨਾਨਾ । ਤਿੰਨਾਂ ਲੋਕਾਂ ਹਰਿ ਏਕਾ ਰੱਖੇ ਆਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਵ ਆਪ ਖੁਲ੍ਹਾਏ, ਰਾਜਾ ਰਾਣਾ ਪਕੜ ਉਠਾਏ , ਆਪ ਆਪਣੀ ਸਰਨੀ ਲਾਣਾ । ਰਾਜੇ ਰਾਣੇ ਉਠ ਉਠ ਵੇਖਣ । ਪ੍ਰਭ ਅਬਿਨਾਸ਼ੀ ਨੇਤਰ ਪੇਖਣ । ਜੋਤ ਸਰੂਪੀ ਧਾਰੇ ਭੇਖਣ । ਆਪ ਮਿਟਾਏ ਬਿਧਨਾ ਰੇਖਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਦਰ ਘਰ ਸਾਚੇ ਮੰਗਲ ਗਾਏ, ਸੰਤ ਰਲਾਏ ਵਡ ਵਡਭਾਗੀ । ਵਡ ਵਡਭਾਗੀ ਸੁਹੰਜਣੀ ਰੈਣ ਜਾਗੀ । ਗੁਰਸਿਖ ਬਣੇ ਹੰਸ ਕਾਗੀ । ਦੋਏ ਜੋੜ ਚਰਨ ਪ੍ਰੀਤੀ ਪ੍ਰਭ ਲਾਗੀ । ਆਪ ਬਣਾਏ ਭਾਈ ਭੈਣ । ਭਾਈ ਭੈਣ ਆਪ ਭਰਾਤਾ । ਸਾਚੇ ਦਰ ਮਿਲੇ ਇਕ ਸੱਚੀ ਸੁਗਾਤਾ । ਕਲਜੁਗ ਮਿਟੇ ਤੇਰੀ ਅੰਧੇਰੀ ਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਰੀ ਸੰਗ ਰਲਾਈ, ਕਲਜੁਗ ਤੇਰੀ ਅੰਤ ਮੁਕਾਣ ਆਪੇ ਲਾਹੀ, ਜਗਤ ਤੁੱਟਾ ਨਾਤਾ । ਜਗਤ ਨਾਤਾ ਦਿਤਾ ਤੋੜ । ਚੜ੍ਹ ਕੇ ਆਇਆ ਸ਼ਬਦ ਘੋੜ । ਦੂਰ ਦੁਰਾਡਾ ਗਿਆ ਬਹੁੜ । ਪਹਿਲਾ ਮਾਰੇ ਸ਼ਬਦ ਤੀਰ ਵਿਚ ਕੂਟ ਦੀਨ ਮੁਹੰਮਦ ਹੋਵੇ ਚੌੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਡੰਡਾ ਏਕਾ ਝੰਡਾ, ਪਾਈ ਪਹਿਲੀ ਵੰਡਾ, ਚੜ੍ਹ ਕੇ ਸ਼ਬਦ ਘੋੜ । ਸਾਚਾ ਘਰ ਜਿਥੇ ਕੋਈ ਜਾਏ ਨਾ । ਨਾ ਕੋਈ ਪਿਤਾ ਨਾ ਕੋਈ ਮਾਂ । ਸਦਾ ਰੱਖੇ ਠੰਡੀ ਛਾਂ । ਅੰਮ੍ਰਿਤ ਸਾਚਾ ਸੀਰ ਪਿਆਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਰੱਖੇ ਮੱਝ ਗਾਂ । ਸਾਚਾ ਸੀਰ ਆਪ ਪਿਆਵਣਾ । ਗੁਰਮੁਖ ਸੋਇਆ ਆਪ ਜਗਾਵਣਾ । ਫੜ ਫੜ ਬਾਹੋਂ ਰਾਹੇ ਪਾਵਣਾ । ਸਿੱਧਾ ਰਾਹ ਇਕ ਵਖਾਵਣਾ । ਚਾਰ ਵਰਨ ਏਕਾ ਸਰਨ, ਨਿਹਕਲੰਕ ਕਲਜੁਗ ਅੰਤ ਰਖਾਵਣਾ । ਭੇਖ ਵੇਖ ਹਰਿ ਭਗਵੰਤ, ਮੇਲ ਮਿਲਾਵਾ ਸਾਚੇ ਕੰਤ, ਰਾਜਾ ਰਾਣਾ ਆਪ ਉਠਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਧਰ,

੨੪੮
੦੪

ਮਸਤੂਆਣੇ ਭਾਗ ਲਗਾਵਣਾ । ਮਸਤੂਆਣਾ ਸੰਬਲ ਦੇਸ । ਭੁਲੇ ਫਿਰਦੇ ਜਗਤ ਨਰੇਸ਼ । ਰਾਣਾ ਸੰਗਰੂਰ ਹਰਿ ਪਕੜ ਉਠਾਏ, ਸ਼ਬਦ ਡੰਡਾ
ਸਿਰ ਲਗਾਏ, ਨਾ ਕੋਈ ਹੋਏ ਸਹਾਏ, ਰੋ ਰੋ ਕੁਰਲਾਏ, ਨੰਗੀਂ ਪੈਰੀਂ ਜਾਏ ਦਰ ਦਰਬਾਰੇ, ਗਲ ਵਿਚ ਖੁਲ੍ਹੜੇ ਕੇਸ । ਸੱਤਾਂ ਦੀਪਾਂ ਹਰਿ ਵੰਡ
ਕਰਾਏ । ਭਾਰਤ ਖੰਡ ਡੇਰਾ ਲਾਏ । ਜੰਬੂ ਦੀਪ ਜੋਤ ਜਗਾਏ । ਲੱਖਣ ਦੀਪ ਸ਼ਬਦ ਚਲਾਏ । ਕਰੌਚ ਦੀਪ ਡੰਕ ਵਜਾਏ । ਪੁਸ਼ਕਰ ਦੀਪ
ਸੁਨ ਲਗਾਏ । ਕੁਸ਼ਾ ਦੀਪ ਹੋਏ ਹਲਕਾਏ । ਸਲਮਲ ਦੀਪ ਹੋਏ ਰੁਸ਼ਨਾਏ । ਸਾਨ ਦੀਪ ਹਰਿ ਆਪ ਤੜਫਾਏ । ਇੱਕਾ ਜੋਤ ਸੱਤਾਂ ਦੀਪਾਂ
ਕਰੇ ਖੇਲ ਹਰਿ ਰਘੁਰਾਏ । ਨੌਂ ਖੰਡ ਹਰਿ ਪਾਏ ਵੰਡ, ਪਹਿਲਾ ਹਿੱਸਾ ਕੁਲਾ ਖੰਡ । ਦੂਜਾ ਹਿੱਸਾ ਇਲਾਬ੍ਰਤ । ਤੀਜਾ ਹਿੱਸਾ ਕਿੰਪੁਰਖ । ਚੌਥਾ
ਹਿੱਸਾ ਹਰਿਵਰਖ । ਪੰਜਵਾਂ ਹਿੱਸਾ ਹਿਰਣਯਮਹ । ਛੇਵਾਂ ਹਿੱਸਾ ਕੇਤਮਾਲ । ਸਤਵਾਂ ਹਿੱਸਾ ਰਮਕ । ਅਠਵਾਂ ਹਿੱਸਾ ਭਦਰ । ਨੌਵਾਂ ਹਿੱਸਾ
ਭਾਰਤ ਖੰਡ । ਨੌਵਾਂ ਖੰਡਾਂ ਪ੍ਰਭ ਜਾਏ ਵੰਡੀ । ਔਝੜ ਰਾਹ ਔਖੀ ਡੰਡੀ । ਚਾਰੋਂ ਕੁੰਟ ਜੀਵ ਪਖੰਡੀ । ਕਲਜੁਗ ਜੀਵਾਂ ਆਤਮ ਹੋਈ ਅੰਤਮ
ਰੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਭ ਦੀਆਂ ਕੰਡਾਂ ਜਾਏ ਵੱਢੀ । ਬੇਮੁਖਾਂ
ਹਰਿ ਵੰਡ ਕਰਾਏ । ਅੰਤਮ ਕਲਜੁਗ ਡੰਡ ਲਗਾਏ । ਆਪਣੀ ਹੱਥੀਂ ਖੰਡ ਖੰਡ ਕਰਾਏ । ਚਾਰੋਂ ਤਰਫ ਹੋਏ ਰੰਡ, ਨਾਰ ਸੁਹਾਗਣ ਕੋਈ ਦਿਸ
ਨਾ ਆਏ । ਬੇਮੁਖਾਂ ਸਿਰ ਚੁੱਕੀ ਪਾਪਾਂ ਪੰਡ, ਨਾ ਕੋਈ ਲੁਹਾਏ । ਕਲਜੁਗ ਔਧ ਬੇਮੁਖਾਂ ਨਾਲ ਗਈ ਹੰਢ, ਸਤਿਜੁਗ ਸਾਚਾ ਪ੍ਰਭ ਅਬਿਨਾਸ਼ੀ
੨੪੯ ਮਾਤ ਧਰਾਏ । ਜਗੇ ਜੋਤ ਵਿਚ ਵਰਭੰਡ, ਨਿਹਕਲੰਕ ਕਲ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਤਭੁਜ ਜੇਰਜ ਸੇਤਜ ਅੰਡਜ਼ ੨੪੯
੦੪ ਵਿਚ ਰਹਾਏ । ਚਾਰੇ ਖਾਣੀ ਚਾਰੇ ਬਾਣੀ, ਪੰਚਮ ਜੇਠ ਭਿੰਨੜੀ ਰੈਣ ਪ੍ਰਭਾਤੀ ਵੇਲਾ, ਸਭਨਾਂ ਉਤੇ ਸੱਚੀ ਬਾਣੀ । ਪ੍ਰਭ ਅਬਿਨਾਸ਼ੀ ਬਣਿਆ ਸੱਜਣ ੦੪
ਸੁਹੇਲਾ, ਮੁਖ ਲਗਾਏ ਅੰਮ੍ਰਿਤ ਫਲ ਕੇਲਾ, ਗੁਰਸਿਖਾਂ ਦਇਆ ਕਮਾਏ, ਗੁਰ ਪੂਰੇ ਮਿਲੇ ਜੀਵ ਪ੍ਰਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੱਚਾ ਦਰ ਦਰਬਾਰਾ ਆਪ ਖੁਲ੍ਹਾਇਆ, ਸਿੰਘ ਸਿੰਘਾਸਣ ਡੇਰਾ ਲਾਇਆ, ਦੇਵਣ ਆਇਆ ਨਾਮ ਸੱਚਾ ਦਾਨੀ । ਦੇਵੇ ਸੱਚਾ ਨਾਮ ਦਾਨ । ਕਿਰਪਾ
ਕਰ ਹਰਿ ਭਗਵਾਨ । ਏਥੇ ਓਥੇ ਦੋ ਜਹਾਨੀ, ਗੁਰਮੁਖ ਸਾਚੇ ਬਹਿ ਕੇ ਖਾਣ । ਏਕਾ ਮਾਰੇ ਸ਼ਬਦ ਕਾਨੀ, ਚੁੱਕੇ ਜਮ ਕੀ ਕਾਨ । ਸੋਹੰ ਸ਼ਬਦ
ਜਪਾਏ ਸੱਚੀ ਬਾਣੀ, ਕਰੇ ਪ੍ਰਕਾਸ਼ ਕਾਇਆ ਕੋਟ ਤੇਜ ਭਾਨਣ ਭਾਨ । ਫਲ ਲਗਾਏ ਸੱਚੀ ਡਾਹਣੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ
ਸੂਰਾ ਬਲੀ ਬਲਵਾਨ, ਮੰਗਣ ਆਏ ਸੱਚਾ ਸ਼ਾਹ । ਵਸੇ ਸਚ ਘਰ, ਹਰਿ ਦਾਤਾ ਬੇਪ੍ਰਵਾਹ । ਖੁਲ੍ਹਾ ਰੱਖੇ ਸਦਾ ਦਰ, ਕਦੇ ਨਾ ਹੋਵੇ ਨਾਹ ।
ਲੱਖ ਚੁਰਾਸੀ ਦੇਵੇ ਵਰ, ਚਰਨ ਸਰਨ ਜੋ ਜਨ ਜਾਏ ਪੜ, ਅੱਗੇ ਹੋਏ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ
ਸੰਤ ਜਨਾਂ ਅੰਮ੍ਰਿਤ ਸਾਚਾ ਸੀਰ ਪਿਆਏ, ਜਿਉਂ ਬਾਲਕ ਮਾਤਾ ਮਾਂ । ਅੰਮ੍ਰਿਤ ਸੀਰ ਮੁਖ ਚੁਆਏ । ਬਜ਼ਰ ਕਪਾਟੀ ਚੀਰ ਵਖਾਏ । ਸਾਚੀ ਹਾਟੀ
ਆਪ ਖੁਲ੍ਹਾਏ । ਤੀਰਥ ਤਾਟੀ ਆਤਮ ਸਰ ਏਕਾ ਏਕ ਦਿਖਾਏ । ਆਪ ਚੜ੍ਹਾਏ ਔਖੀ ਘਾਟੀ, ਪੰਚਮ ਜੇਠ ਦਇਆ ਕਮਾਏ । ਗੁਰਮੁਖ ਸਾਚੇ
ਚਰਨ ਲਗਾਏ । ਮਿਟੇ ਕਲਜੁਗ ਅੰਧੇਰੀ ਰੈਣ, ਲਾਲੀ ਪਾਟੀ, ਸਤਿਜੁਗ ਕਰਨ ਆਇਆ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਦਰ ਦਵਾਰਾ ਸਾਚਾ ਲਾਹਾ ਖਾਟੀ, ਵੇਲੇ ਅੰਤ ਹੋਏ ਸਹਾਏ । ਵੇਲੇ ਅੰਤ ਹੋਏ ਸਹਾਈ । ਗੁਰ ਪੂਰੇ ਮਿਲਣਾ ਚਾਈਂ ਚਾਈਂ । ਦੇਵੇ ਮਾਣ ਥਾਉਂ

ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਅੱਠੇ ਪਹਿਰ ਰਸਨਾ ਗਾਈ । ਰਸਨਾ ਗਾਉਣਾ ਹਰਿ ਭਗਵਾਨਾ । ਨੌਂ ਨਿਧ ਅਠਾਰਾਂ ਸਿਧ ਪ੍ਰਭ ਸਾਚੇ ਘਰ ਉਪਜਾਣਾ । ਆਤਮ ਜਾਏ ਵਿਧ, ਸ਼ਬਦ ਤੀਰ ਇਕ ਚਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਮਿਲਣ ਦੀ ਦੱਸੇ ਬਿਧ, ਸੋਹੰ ਸੁਹਾਗੀ ਗੀਤ ਗਾਣਾ । ਸੋਹੰ ਗਾਓ ਸੁਹਾਗੀ ਗੀਤਾ । ਮਿਲੇ ਪ੍ਰਭ ਹਰਿ ਸਾਚਾ ਮੀਤਾ । ਜਗਤ ਦੇਵੇ ਮਾਣ ਤਾਣ, ਕਾਇਆ ਕਰੇ ਠੰਡਾ ਸੀਤਾ । ਆਪ ਬਿਠਾਏ, ਸ਼ਬਦ ਬਬਾਣ ਇਕ ਉਡਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਨੇਤਰ ਪੇਖ, ਗੁਰਸਿਖਾਂ ਪਰਖਣ ਆਇਆ ਨੀਤਾ । ਗੁਰਮੁਖਾਂ ਪਰਖੇ ਆਪੇ ਨੀਤੀ । ਜਿਨ੍ਹਾਂ ਬਖ਼ਸ਼ੇ ਚਰਨ ਪ੍ਰੀਤੀ । ਅੰਮ੍ਰਿਤ ਬਖ਼ਸ਼ੇ ਸਾਚੀ ਧਾਰਾ, ਕਾਇਆ ਕਰੇ ਠੰਡੀ ਸੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਗੁਰਸਿਖਾਂ ਮਿਲਿਆ ਹਰਿ ਸਾਚਾ ਮਾਹੀ । ਹਰਿ ਸਾਚਾ ਮੀਤ ਮੁਰਾਰ ਹੈ । ਮਾਨਸ ਜਨਮ ਜਗ ਜਾਣਾ ਜੀਤ, ਕਰਨਾ ਸ਼ਬਦ ਪਿਆਰ ਹੈ । ਸਤਿਜੁਗ ਬਣੇ ਤੇਰੀ ਸਾਚੀ ਰੀਤ, ਊਚ ਨੀਚ ਭਰਮ ਨਿਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਏ ਜਿਵੇਂ ਸਤਿਜੁਗ ਬੰਨ੍ਹੇ ਤੇਰੀ ਧਾਰ ਹੈ । ਪੰਚਮ ਜੇਠ ਮਾਤ ਪ੍ਰਭਾਤੀ । ਗੁਰਮੁਖਾਂ ਪਿਆਏ ਬੂੰਦ ਸਵਾਂਤੀ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਖੋਲ੍ਹੇ ਆਤਮ ਤਾਕੀ । ਸਾਚਾ ਲੇਖ ਆਪ ਮਿਟਾਏ, ਦੇਵਣ ਆਇਆ ਕਲਜੁਗ ਤੇਰੀ ਬਾਕੀ । ਗੁਰਮੁਖ ਸਾਚੇ ਰਸਨਾ ਸੇਵਣ ਆਇਆ, ਪ੍ਰਭ ਮਿਲਿਆ ਭਾਂਤਨ ਭਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੈ ਕੇ ਆਇਆ ਸ਼ਬਦ ਘੋੜਾ ਸੱਚਾ ਰਾਕੀ । ਸ਼ਬਦ ਘੋੜੇ ਹਰਿ ਅਸਵਾਰਾ । ਅੰਮ੍ਰਿਤ ਦੇਵੇ ਸਾਚੀ ਧਾਰਾ । ਗੁਰਮੁਖ ਵਿਰਲਾ ਸੇਵੇ, ਦੇਵੇ ਦਰਸ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਫਲ ਸੱਚਾ ਮੇਵਾ । ਅੰਮ੍ਰਿਤ ਵੇਲਾ ਹਰਿ ਸੁਹਾਇਆ । ਅੰਮ੍ਰਿਤ ਸਾਚਾ ਮੁਖ ਚੁਆਇਆ । ਹਉਮੇ ਰੋਗ ਤ੍ਰਿਸ਼ਨਾ ਭੁੱਖ, ਪ੍ਰਭ ਦਏ ਗਵਾਇਆ । ਕਾਇਆ ਲੱਗੇ ਝੂਠੇ ਦੁੱਖ, ਕਾਇਆ ਕੋਹੜ ਦੁੱਖ ਜੋੜ ਜੋੜ, ਪ੍ਰਭ ਅਬਿਨਾਸ਼ੀ ਦਏ ਮਿਟਾਇਆ । ਨਿਹਕਲੰਕ ਕਲ ਵਾਗਾਂ ਮੋੜ, ਕਲਜੁਗ ਅੰਧੇਰਾ ਡਾਹਢਾ ਪਾਇਆ । ਗੁਰਸਿਖ ਗੁਰ ਚਰਨ ਪ੍ਰੀਤੀ ਜੋੜ, ਨਾ ਕਰ ਤੋੜ ਵਿਛੋੜ, ਚੜ੍ਹਿਆ ਘੋੜ ਧੁਰ ਦਰਗਾਹੋਂ ਆਇਆ ਦੌੜ, ਪ੍ਰਭ ਅਬਿਨਾਸ਼ੀ ਨੇਤਰ ਖੋਲ੍ਹ, ਗੁਰਸਿਖਾਂ ਪਾਇਆ ਵੈਣ ਪ੍ਰਭ ਪੂਰੇ ਹੋ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਦੇਹ ਤਜਾਈ, ਅਗਨੀ. ਭੇਟ ਆਪ ਚੜ੍ਹਾਈ । ਮਾਤ ਪਿਤਾ ਨਾ ਕੋਈ ਰਖਾਈ । ਗੁਰਮੁਖ ਸਾਚੇ ਵਿਚ ਜੋਤ ਟਿਕਾਈ । ਨਾ ਕੋਈ ਭਾਈ ਨਾ ਕੋਈ ਭੈਣ, ਨਾ ਕੋਈ ਦਿਸੇ ਧੀ ਜਵਾਈ । ਏਕਾ ਗੁਰ ਸੰਗਤ ਤੇਰੀ ਚਰਨ ਪ੍ਰੀਤ ਪ੍ਰਭ ਸਾਚੇ ਭਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਮਿਲਣ ਆਇਆ ਸਾਚਾ ਮਾਹੀ । ਮਿਲਣ ਆਇਆ ਚਲ ਦਵਾਰੇ । ਗੁਰਮੁਖ ਸਾਚੇ ਸੰਤ ਜਨ ਵਿਚ ਮਾਤ ਪੁਕਾਰੇ । ਬੇਮੁਖਾਂ ਲਾਏ ਡੰਨ, ਭਾਂਡੇ ਦੇਵੇ ਭੰਨ, ਜੋ ਘੜਿਆ ਲੱਖ ਚੁਰਾਸੀ ਬਣ ਠਠਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਆਪ ਬਣਾਏ, ਕਾਇਆ ਭਾਂਡੇ ਸਰਬ ਮਿਟਾਏ, ਨਾ ਕੋਈ ਰੱਖੇ ਕੋਲ ਠਠਿਆਰੇ । ਸੋਹਣੇ ਸਾਚੇ ਥੇਵੇ ਲਾਏ, ਨਾ ਕੋਈ ਸੰਗ ਸੁਨਿਆਰੇ । ਨਾ ਕੋਈ ਸੁਨਿਆਰ ਧਾਰ ਹਰਿ ਕਰਤਾਰ । ਨਾ ਕੋਈ ਵੇਖੇ ਚੂਹੜਾ ਚਮਿਆਰ । ਨਾ ਕੋਈ ਵਰਨ ਨਾ ਕੋਈ ਗੋਤ, ਏਕ ਰੰਗ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਵੇਖ ਵਿਚਾਰ । ਪ੍ਰਭ ਆਇਆ ਜਾਮਾ

੨੫੧
੦੪

ਧਾਰ । ਗਰੀਬ ਨਿਮਾਣਿਆ ਆਪੇ ਪਾਏ ਸਾਰ । ਗਰੀਬ ਨਿਮਾਣਾ ਗਲੇ ਲਗਾਣਾ । ਰਾਜਾ ਰਾਣਾ ਤਖ਼ਤੋਂ ਲਾਹਣਾ । ਚਾਰ ਕੁੰਟ ਏਕਾ ਸ਼ਬਦ ਡੰਕ ਵਜਾਣਾ । ਰਾਓ ਰੰਕ ਸਰਬ ਉਠਾਣਾ । ਦਵਾਰ ਬੰਕ ਗੁਰਮੁਖਾਂ ਆਪ ਸੁਹਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਫੇਰ ਅਖਵਾਣਾ । ਦਿੱਲੀ ਜਾਏ ਤਖ਼ਤ ਸਾਚੇ ਚਰਨ ਛੁਹਾਣਾ । ਪ੍ਰਗਟ ਹੋਏ ਦੇਸ ਮਾਝੇ, ਆਪ ਸਵਾਰੇ ਆਪਣੇ ਕਾਜੇ, ਨਿਹਕਲੰਕ ਨਰਾਇਣ ਨਰ, ਤੇਰਾ ਸੱਚਾ ਸਾਜਨ ਆਪੇ ਸਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੇ ਵਧਾਈ ਖ਼ੁਸ਼ੀ ਮਨਾਈ, ਅਨਹਦ ਵਜਾਏ ਵਾਜੇ । ਅਨਹਦ ਸ਼ਬਦ ਤੇਰੀ ਸੱਚੀ ਤੂਰ । ਪ੍ਰਭ ਅਬਿਨਾਸ਼ੀ ਆਸਾ ਮਨਸਾ ਦੇਵੇ ਪੂਰ । ਸਰਬ ਗੁਣਾਂ ਹਰਿ ਭਰਪੂਰ । ਬੇਮੁਖਾਂ ਦਿਸੇ ਦੂਰ ਦੂਰ । ਗੁਰਮੁਖਾਂ ਆਇਆ ਹਿੱਸੇ ਸਦਾ ਦਿਸੇ ਹਾਜ਼ਰ ਹਜ਼ੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦੇਵੇ ਸਾਚਾ ਵਰ, ਸਾਚੀ ਜੋਤ ਜਗਾਏ, ਗੁਰਸਿਖ ਤੇਰੀ ਕਾਇਆ ਵਿਚ ਟਿਕਾਏ, ਹੋਏ ਰੁਸ਼ਨਾਈ ਜਿਉਂ ਕੋਹਤੂਰ । ਗੁਰ ਪੂਰਾ ਭੋਗ ਲਗਾਇੰਦਾ । ਗੁਰਮੁਖਾਂ ਚੋਗ ਚੁਗਾਇੰਦਾ । ਗਈ ਰੈਣ ਸਵੇਰ ਆਇੰਦਾ । ਦਿਨ ਦਿਹਾੜੇ ਪ੍ਰਭ ਅਬਿਨਾਸ਼ੀ ਪੇਖਣਾ ਨੈਣ, ਸੋਏ ਪੂਤ ਗੁਰਸਿਖ ਆਪ ਜਗਾਇੰਦਾ । ਸ੍ਰਿਸ਼ਟ ਸਬਾਈ ਵਹਾਏ ਵਹਿੰਦੇ ਵਹਿਣ, ਧਰਮ ਰਾਏ ਜਮਦੂਤ ਚਾਰੋਂ ਕੁੰਟ ਦੁੜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਨ ਦਿਹਾੜੇ ਸਾਚੇ ਲਾੜੇ ਸ਼ਬਦ ਘੋੜੀ ਆਪੇ ਚਾੜ੍ਹੇ, ਪਰਮ ਪੁਰਖ ਪਰਮੇਸ਼ਵਰ ਸਾਚੀ ਲਾੜੀ ਨਾਲ ਵਿਆਹਿੰਦਾ । ਸਚ ਦਿਵਸ ਮਿਲੇ ਵਧਾਈ । ਪੰਚਮ ਜੇਠ ਰੁੱਤ ਸੁਹਾਈ । ਜੋਤ ਸਰੂਪੀ ਜਾਮਾ ਧਰ, ਗੁਰ ਸੰਗਤ ਮੇਲ ਸਾਚਾ ਕਰ, ਕਰੇ ਖੇਲ ਹਰਿ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਏ, ਦਿਨ ਦਿਹਾੜੇ ਚੋਲੇ ਤਨ ਛੁਹਾਈ । ਹਰਿ ਆਤਮ ਰਤਨ ਅਮੋਲ ਹੈ । ਪਹਿਲਾ ਤੋਲੇ ਪੂਰਾ ਤੋਲ ਹੈ । ਵਸੇ ਗੁਰ ਸੰਗਤ ਕੋਲ ਹੈ । ਸ਼ਬਦ ਵਜਾਏ ਡੰਕ ਆਦਿ ਜੁਗਾਦੀ, ਸਦ ਬ੍ਰਹਿਮਾਦੀ ਰਿਹਾ ਪੜਦੇ ਖੋਲ੍ਹ ਹੈ । ਸਾਚਾ ਨਾਮ ਸਦਾ ਅਨਾਦੀ, ਸਚ ਵਸਤ ਗੁਰਸਿਖਾਂ ਲਾਧੀ, ਪੰਚਮ ਜੇਠ ਸ੍ਰਿਸ਼ਟ ਸਬਾਈ ਸੁੱਤੀ ਅਨਭੋਲ ਹੈ । ਆਪੇ ਮੱਥੇ ਮਥਣਹਾਰਾ । ਕਰੇ ਖੇਲ ਅਪਰ ਅਪਾਰਾ । ਰਾਜੇ ਬਲ ਤੇਰੀ ਪਾਏ ਸਾਰਾ । ਪ੍ਰਗਟ ਹੋ ਮੋਹਣੀ ਰੂਪ ਲਿਆ ਅਵਤਾਰਾ । ਦੂਜਾ ਬਾਵਨ ਭੇਖ ਧਰ, ਮੰਗਣ ਗਿਆ ਦਵਾਰਾ । ਤੀਜਾ ਧਨੰਤਰ ਵੈਦ ਬਣ, ਦੁੱਖਾਂ ਰੋਗਾਂ ਪਾਏ ਸਾਰਾ । ਦੋਵੇਂ ਹੱਥੀਂ ਚਲੇ ਨੇਤਰਾ, ਇਕ ਬਣਾਇਆ ਸਾਚਾ ਖੇਤਰ, ਪ੍ਰਭ ਅਬਿਨਾਸ਼ੀ ਤੇਰੀ ਕੋਈ ਨਾ ਹੋਏ ਝੂਠੀ ਬਣਤਰ । ਪਹਿਲਾ ਰਤਨ ਹਰਿ ਨਿਕਾਲਾ । ਨਾਮ ਵਿੱਖ ਇਕ ਪਿਆਲਾ । ਸ਼ਿਵਜੀ ਗਲ ਪਾਏ ਕੰਠ ਮਾਲਾ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਜਗਤ ਨਿਰਾਲਾ । ਦੂਜਾ ਰਤਨ ਹਰਿ ਵਿਰੋਲੇ । ਕਾਮ ਧੇਨ ਵਿਚੋਂ ਬੋਲੇ । ਅੰਮ੍ਰਿਤ ਸੀਰ ਸਾਚਾ ਕੱਢੇ, ਪ੍ਰਭ ਅਬਿਨਾਸ਼ੀ ਮੱਖਣ ਵਿਚੋਂ ਕੱਢੇ, ਸਾਚੇ ਧਾਮ ਆਪ ਬਹਾਈ, ਦੇਵਤਿਆਂ ਦਾ ਕੁੰਡਾ ਖੋਲ੍ਹੇ । ਜੋਤੀ ਜੋਤ ਸਰੂਪ ਹਰਿ, ਦੂਜਾ ਗੇੜਾ ਆਪ ਦਵਾਇਆ । ਤੀਜਾ ਰਤਨ ਕੱਢ ਵਖਾਇਆ । ਚਿੱਟਾ ਘੋੜਾ ਬਾਹਰ ਆਇਆ । ਦੱਖਣ ਦਿਸ਼ਾ ਆਪ ਬਹਾਇਆ । ਜੋਤ ਸਰੂਪੀ ਜੋਤ ਹਰੀ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਕੱਢੇ ਰਤਨ ਤ੍ਰੈਲੋਕੀ ਨਾਥੀ । ਬਾਹਰ ਨਿਕਲਿਆ ਐਰਾਪਤ ਹਾਥੀ । ਪ੍ਰਭ ਸਾਚੇ ਦਾ ਬਣਿਆ ਸਾਥੀ । ਪੂਰਬ ਦਿਸ਼ਾ ਖੜੇ ਖੜੋਤਾ ਦੋਏ ਵਕਤ ਸੀਸ ਝੁਕਾਇਆ, ਖੜਾ ਦਰ ਤੇ ਟੇਕੇ ਮੱਥਾ । ਪੰਜਵਾਂ ਰਤਨ ਕੱਢੇ ਬਾਹਰੇ । ਕਲਜੁਗ ਜੀਵ ਹੋਏ ਗਵਾਰੇ । ਕਵਣ ਜਾਣੇ ਤੇਰੀ ਖੇਲ ਅਪਾਰੇ । ਸਤਿਜੁਗ ਕਰੇ ਖੇਲ ਨਿਆਰੇ ।

ਜੋਤੀ ਜੋਤ ਸਰੂਪ ਹਰਿ, ਸਚ ਸੁੱਚ ਆਪਣਾ ਭੇਵ ਆਪ ਖੁਲ੍ਹਾਰੇ । ਸਾਚੀ ਕਰੇ ਖੇਲ ਨਿਰਾਲੀ । ਵਿਚੋਂ ਨਿਕਲ ਲਛਮੀ ਗਲ ਪਾਈ ਫੂਲਾਂ ਮਾਲੀ । ਪ੍ਰਭ ਅਬਿਨਾਸ਼ੀ ਕਿਰਪਾ ਕਰ ਸਾਚੇ ਧਾਮ ਆਪ ਬਹਾਲੀ । ਅੱਠੇ ਪਹਿਰ ਝੱਸੇ ਚਰਨ, ਦਿਵਸ ਰੈਣ ਰਹੇ ਮਤਵਾਲੀ । ਜੋਤੀ ਜੋਤ ਸਰੂਪ ਹਰਿ, ਆਪ ਕਰੇ ਰਖਵਾਲੀ । ਪੂਰਨ ਕਿਰਪਾ ਹਰਿ ਸਾਚੇ ਕਰੀ । ਬਾਹਰ ਆਈ ਅਰੰਭਾ ਪਰੀ । ਗੰਧਰਬ ਵਾਸ ਮੇਂ ਜਾਏ ਤਰੀ । ਸਾਚਾ ਦੇਵੇ ਵਰ ਹਰੀ । ਆਪਣੀ ਕਿਰਪਾ ਆਪੇ ਕਰੀ । ਨੇਤਰਾ ਚਲੇ ਵਾਰੋ ਵਾਰ, ਅੰਮ੍ਰਿਤ ਕੱਢੀ ਸਾਚੀ ਧਾਰ, ਵਿਚੋਂ ਮਦਿ ਹੋਈ ਬਾਹਰ, ਚੱਕਰ ਸੁਦਰਸ਼ਨ ਹਰਿ ਹੱਥ ਛੁਹਾਇਆ, ਚਾਰੋਂ ਕੁੰਟ ਫਿਰਾਇਆ ਸੱਚਾ ਰਤਨ ਆਇਆ ਬਾਹਰ, ਜੋਤੀ ਜੋਤ ਸਰੂਪ ਹਰਿ, ਕਿਰਪਾ ਕਰੀ ਗਿਰਵਰ ਗਿਰਧਾਰੀ । ਧਰਤ ਮਾਤ ਹਰਿ ਸਾਚੇ ਤੋਲੀ । ਵਿਚੋਂ ਨਿਕਲੀ ਨਾਲ ਸੰਜੀਵਨੀ ਬੂਟੀ । ਜੋਤੀ ਜੋਤ ਸਰੂਪ ਹਰਿ, ਚੌਦਾਂ ਰਤਨਾਂ ਭੇਵ ਖੁਲ੍ਹਾਏ, ਗੁਰਮੁਖ ਵਿਰਲਾ ਸੇਵ ਕਮਾਏ, ਦਰ ਘਰ ਸਾਚੇ ਦਰਸ਼ਨ ਪਾਏ, ਕਰ ਦਰਸ ਜਿਸ ਆਤਮ ਤ੍ਰੈਕੁਟੀ ਛੁੱਟੀ । ਮਾਇਆ ਮੋਹ ਜਗਤ ਜੰਜ਼ਾਲਾ । ਹਰਿ ਬਿਨ ਅਵਰ ਨਾ ਦਿਸੇ ਕੋ, ਸ੍ਰਿਸ਼ਟ ਸਬਾਈ ਹੋਈ ਕੰਗਾਲਾ । ਅੰਮ੍ਰਿਤ ਆਤਮ ਕੋਈ ਨਾ ਦੇਵੇ ਚੋ, ਨਾ ਦੱਸੇ ਰਾਹ ਸੁਖਾਲਾ । ਸਾਚਾ ਬੀਜ ਕੋਈ ਨਾ ਦੇਵੇ ਬੋ, ਫਲ ਲੱਗੇ ਆਤਮ ਡਾਲਾ । ਲੱਖ ਚੁਰਾਸੀ ਰਹੀ ਰੋ, ਕਲਜੁਗ ਹੱਡਾਂ ਲੱਗੇ ਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਪਹਿਲੇ ਦੇ, ਪਿੱਛੇ ਪ੍ਰਗਟ ਆਵੇ ਹੋ । ਸਚ ਸੁਨੇਹੜਾ ਦੇ ਕਰ ਘੱਲੇ । ਏਕਾ ਸ਼ਬਦ ਧਾਰ ਵਿਚ ਸੰਸਾਰ ਗੁਰ ਨਿਰੰਕਾਰ ਜਾਮਾ ਧਾਰ ਤਲਵੰਡੀ ਖੇੜਾ ਨਾਨਕ ਮੱਲੇ । ਕਰਿਆ ਸਚ ਵਿਹਾਰਾ, ਸ਼ਬਦ ਧਾਰ ਚਲਦਾ ਰਿਹਾ ਕੱਲਮ ਕੱਲੇ । ਜੋਤੀ ਜੋਤ ਸਰੂਪ ਹਰਿ, ਗੁਰ ਸੇਵਾ ਲਾਈ ਨਾ ਜਾਏ ਛਲਿਆ ਨਾ ਕੋਈ ਛਲੇ । ਨਾਨਕ ਜੋਤ ਜਗੇ ਨਿਰਾਲੀ । ਕਲਜੁਗ ਮੇਟੇ ਸ਼ਾਹੀ ਕਾਲੀ । ਸਾਚੀ ਜੋਤੀ ਦੀਪਕ ਬਾਲੀ । ਚਾਰ ਵਰਨਾਂ ਦਾ ਸੱਚਾ ਬਾਨੀ, ਦਰ ਦਵਾਰਾ ਇਕ ਰਖਾਇਆ, ਕੋਈ ਨਾ ਜਾਵੇ ਖਾਲੀ । ਹਿੰਦੂ ਮੁਸਲਿਮ ਸਿੱਖ ਈਸਾਈ ਸੱਚਾ ਰਾਹ ਇਕ ਵਖਾਇਆ, ਆਪੇ ਬਣਿਆ ਪਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਨਕ ਗੁਰ ਲਿਖਿਆ ਲੇਖ ਧੁਰ, ਸਚ ਪ੍ਰੀਤੀ ਗਈ ਜੁੜ, ਮਿਲਿਆ ਨਰ ਹਰਿ ਬਨਵਾਲੀ । ਨਾਨਕ ਨਾਮ ਨਿਧਾਨ ਜਗਤ ਚਲਾਇਆ । ਗੁਰਮੁਖ ਵਿਰਲੇ ਕੀਆ ਪ੍ਰਵਾਨ ਕੰਨ ਸੁਣਾਇਆ । ਬੇਮੁਖਾਂ ਆਤਮ ਭਰਿਆ ਮਾਣ ਤਾਣ, ਵੇਲਾ ਗਿਆ ਕਿਸੇ ਹੱਥ ਨਾ ਆਇਆ । ਆਪੇ ਕਰੇ ਪੁਣ ਛਾਣ । ਮਾਰੇ ਸ਼ਬਦ ਸੱਚਾ ਬਾਣ । ਚਾਰ ਦਿਸ਼ਾ ਅਠ ਅਠ ਦਵਾਰੇ ਚਾਰ ਉਦਾਸੀਆਂ, ਆਪੇ ਲਏ ਕਰੇ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਸਾਚੀ ਸੇਵਾ ਆਪੇ ਲਾਈ, ਕਿਰਪਾ ਕਰ ਸ੍ਰੀ ਭਗਵਾਨ । ਕਿਰਪਾ ਕਰੇ ਨਾਨਕ ਨਿਰੰਕਾਰੀ । ਸ੍ਰਿਸ਼ਟ ਸਬਾਈ ਜਾਏ ਤਾਰੀ । ਵੰਡੀ ਜਾਏ ਨਾਮ, ਗਰੀਬ ਨਿਮਾਣੇ ਗਲੇ ਲਗਾਏ, ਬੇਮੁਖਾਂ ਜਾਏ ਦਰ ਦੁਰਕਾਰੀ । ਸਾਚਾ ਮਾਣ ਤਾਣ ਆਪਣੇ ਚਰਨ ਰਖਾਏ, ਗੁਰ ਪੂਰੇ ਦੀ ਬੂਝ ਬੁਝਾਏ, ਜਿਥੇ ਜਗੇ ਜੋਤ ਨਿਰੰਕਾਰੀ । ਗੋਰਖ ਮਛੰਦਰ ਬੈਠੇ ਅੰਦਰ, ਮਾਰਨ ਜੰਦਰ ਨਾ ਕੋਈ ਬੂਝ ਬੁਝਾਰੀ । ਏਕਾ ਰਾਹ ਸਾਚਾ ਦੱਸੇ, ਜਿਥੇ ਹਰਿ ਜੀ ਸਾਚਾ ਵਸੇ, ਕਾਇਆ ਡੂੰਘੀ ਕੰਦਰ ਇਕ ਮਹੱਲਾ ਸਦਾ ਅਟੱਲਾ, ਸਦਾ ਅਟੱਲ ਕਾਇਆ ਮਹੱਲ ਅਟਾਰੀ । ਮਹੱਲ ਮੁਨਾਰਾ ਦੇ ਪਿਆਰਾ ਵਿਚ ਸੰਸਾਰਾ । ਹਰਿ ਗਿਰਧਾਰਾ ਪਾਵੇ ਸਾਰਾ । ਕਰੇ ਖੇਲ ਅਪਰ ਅਪਾਰਾ । ਪਾਏ ਭੇਵ ਨਾਨਕ ਜੋਤ ਨਿਰੰਜਣ ਨਿਰਾਕਾਰਾ । ਨਾਨਕ ਨਿਰੰਕਾਰ ਦੱਸੇ ਧਾਰ । ਚਾਰ ਵਰਨਾਂ ਇਕ ਪਿਆਰ । ਧੁਰਦਰਗਾਹੀ ਸਾਚਾ ਮਾਹੀ ਵਿਚ ਸੰਸਾਰ । ਹੱਥ ਵਿਚ ਫੜੀ


੨੫੨
੦੪

ਸਾਚੀ ਫਾਹੀ, ਸਤਿਨਾਮ ਸਤਿਨਾਮ ਗੁਰਮੁਖਾਂ ਗਲ ਰਿਹਾ ਡਾਰ । ਗੁਰਮੁਖਾਂ ਮੁੜ ਮੁੜ ਵੇਖੇ, ਗੁਣ ਵਿਚਾਰੇ ਕਿਰਪਾ ਧਾਰੇ, ਚਾਰ ਕੁੰਟ ਚਾਰ ਚੁਫੇਰੇ ਉਠ ਉਠ ਵਾਜਾਂ ਮਾਰੇ, ਜਗੀ ਜੋਤ ਨਿਰਾਲਮ ਆਓ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਇਕ ਅਕਾਰ । ਚਾਰੋਂ ਕੁੰਟ ਪੈਣ ਧੱਕੇ, ਨਾ ਕੋਈ ਦੇਵੇ ਮਾਣ ਬੂਰੇ ਕੱਕੇ, ਰੋੜਾਂ ਉਪਰ ਸੇਜ ਵਿਛਾਈ ਰਹੇ ਸੁੱਤਾ । ਬੇਮੁਖ ਜੀਵ ਜਾਨਣ ਕਲਜੁਗ ਗਵਾਰੀ, ਨੰਗੀਂ ਪੈਰੀਂ ਚਲਦਾ ਫਿਰਦਾ, ਬਾਬਰ ਸ਼ਾਹੀ ਰੁਲਦਾ ਫਿਰਦਾ, ਝੂਠਾ ਸ਼ਾਹ ਅੱਗੇ ਮੁਠਾ । ਜੋਤੀ ਜੋਤ ਸਰੂਪ ਹਰਿ, ਮੱਕੇ ਮਦੀਨੇ ਹੁਕਮ ਸੁਣਾਏ, ਨਿਹਕਲੰਕ ਕਲ ਜਾਮਾ ਪਾਏ, ਬੇਮੁਖਾਂ ਵੱਢੇ ਨੱਕ ਗੁੱਤਾ । ਨੱਕ ਗੁੱਤ ਦੇਵੇ ਵੱਢ । ਦਰ ਘਰ ਵਿਚੋਂ ਦੇਵੇ ਕੱਢ । ਖ਼ਾਲੀ ਘਰ ਕੋਈ ਨਾ ਦੇਵੇ ਛੱਡ, ਫੜ ਕਰੇ ਹੱਡ ਹੱਡ । ਸ਼ਬਦ ਖੰਡਾ ਦੇਵੇ ਵੱਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਪ੍ਰਗਟਾਏ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਗੋਦ ਬਿਠਾਏ, ਆਪ ਲੜਾਏ ਲੜ । ਨਾਨਕ ਤੇਰਾ ਚਲਿਆ ਤੀਰ । ਪ੍ਰਭ ਅਬਿਨਾਸ਼ੀ ਜੋਤ ਧਰ, ਵਡਾ ਪੈਂਡਾ ਆਇਆ ਚੀਰ । ਸ੍ਰਿਸ਼ਟ ਸਬਾਈ ਕਰੇ ਸਰ, ਸੋਹੰ ਸ਼ਬਦ ਚਲਾਏ ਤੀਰ । ਕਿਸੇ ਕੋਲੋਂ ਨਾ ਜਾਏ ਡਰ, ਮੇਟ ਮਿਟਾਏ ਔਲੀਏ ਪੀਰ, ਦਸਤਗੀਰ ਸ਼ਾਹ ਹਕੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਰਾਣਾ ਸੱਚਾ ਭਾਣਾ ਆਪਣੇ ਹੱਥ ਰਖਾਏ, ਕਿਸੇ ਹੱਥ ਨਾ ਆਏ ਨੀਰ । ਬੇਮੁਖਾਂ ਮੁਖ ਹੋਇਆ ਕਾਲਾ ਨਿਕਲੇ ਦਵਾਲਾ, ਗੁਰਮੁਖਾਂ ਹਰਿ ਸਾਚਾ ਹੁਕਮ ਸੁਣਾਇਆ, ਜਗੇ ਜੋਤ ਜਿਉਂ ਜਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹਣਾ ਸੱਚਾ ਹਲ ਬਣਾਇਆ, ਸੋਹੰ ਰੱਖਿਆ ਤਿੱਖਾ ਫਾਲਾ । ਧਰਤ ਮਾਤ ਇਕ ਕਿਆਰੀ । ਚਲੇ ਹਲ ਵਾਰੋ ਵਾਰੀ । ਪ੍ਰਭ ਅਬਿਨਾਸ਼ੀ ਪਹਿਲੀ ਰਹਿਲ, ਮੱਕੇ ਮਦੀਨੇ ਮਾਰੀ । ਆਪੇ ਕਰੇ ਪਹਿਲੋਂ ਪਹਿਲ, ਵੇਖੇ ਹੁੰਦੀ ਕਿਵੇਂ ਖੁਆਰੀ । ਜੋਤੀ ਜੋਤ ਸਰੂਪ ਹਰਿ, ਸਿੰਘ ਸਿੰਘਾਸਣ ਬੈਠਾ ਚਾਰੋਂ ਕੁੰਟ ਪਾਵੇ ਸਾਰੀ । ਸੁੱਤਾ ਅੰਤ ਨਾ ਕੋਈ ਉਠੇ, ਬੇਮੁਖਾਂ ਨਾ ਕੋਈ ਮਨਾਵੇ, ਲੁਕਿਆ ਰਹਿਣ ਨਾ ਦੇਵੇ ਗੁੱਠੇ, ਸ਼ਬਦ ਡੰਡਾ ਮਗਰ ਲਗਾਵੇ । ਧਰਮ ਰਾਏ ਦੇ ਦਰ ਟੰਗਾਵੇ ਪੁੱਠੇ, ਹਾਹਾਕਾਰ ਕਰਨ ਨਾ ਕੋਈ ਛੁਡਾਵੇ । ਗੁਰਮੁਖਾਂ ਪ੍ਰਭ ਸਾਚਾ ਤੁਠੇ, ਲਾਲ ਅਨਮੁਲੜੇ ਲੱਭੇ ਇਕੋ ਇਕ ਮੁੱਠੇ, ਸਾਚੇ ਤੋਲ ਤੁਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਦਾ ਅਡੋਲ, ਨਾ ਕਦੇ ਕੋਈ ਡੁਲਾਵੇ । ਨਾ ਡੋਲੇ ਨਾ ਡੋਲਣਹਾਰਾ । ਨਾ ਤੁਲੇ, ਸ੍ਰਿਸ਼ਟ ਸਬਾਈ ਤੋਲਣਹਾਰਾ । ਨਾ ਭੁਲੇ, ਸ਼ਬਦ ਅਗਾਧ ਬੋਧ ਬੋਲਣਹਾਰਾ । ਭਾਗ ਲਗਾਏ ਗੁਰਮੁਖਾਂ ਕੁੱਲੇ, ਜੋ ਚਲ ਆਇਣ ਚਰਨ ਦਵਾਰਾ । ਪਾਏ ਪੰਚਮ ਜੇਠ ਮੁੱਲੇ, ਖੋਲ੍ਹੇ ਅੰਮ੍ਰਿਤ ਸਾਚਾ ਭੰਡਾਰਾ । ਬੇਮੁਖ ਜੀਵ ਰਹੇ ਭੁੱਲੇ, ਨਿਹਕਲੰਕ ਕਲ ਲੈ ਅਵਤਾਰਾ । ਜਨ ਭਗਤ ਵਿਚ ਮਾਤ ਫਲੇ ਫੁਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਖੜੇ ਦਰ ਦਵਾਰਾ । ਆਤਮ ਤਨ ਜਿਸ ਜਨ ਹੰਕਾਰ । ਆਏ ਚਲ ਹਰਿ ਦਵਾਰ । ਭਰਮ ਭੁਲੇਖੇ ਦਏ ਨਿਵਾਰ । ਨਾ ਕੋਈ ਦਿਸੇ ਝੂਠਾ ਯਾਰ । ਤਿੰਨਾਂ ਲੋਕਾ ਇਕੋ ਯਾਰ । ਲੱਖ ਚੁਰਾਸੀ ਜਿਸ ਉਪਾਈ, ਸਾਚੀ ਜੋਤ ਵਿਚ ਟਿਕਾਈ, ਬ੍ਰਹਮਾ ਵਿਸ਼ਨ ਮਹੇਸ਼ ਸੇਵਾ ਲਾਈ । ਵੇਂਹਦਾ ਰਹੇ ਹਰਿ ਕਰੋੜ ਤੇਤੀਸ, ਦੇਣ ਦੁਹਾਈ, ਇੰਦਰਪੁਰੀ ਹਾਹਾਕਾਰ ਮਚਾਈ । ਸਿੰਘ ਮਨਜੀਤ ਦੱਸ ਸਾਚੀ ਰੀਤ, ਸਤਿਜੁਗ ਸਾਚੇ ਪੁਰੀ ਘਨਕ ਜਨਮ ਦਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨ ਮਿਲੇ ਵਡਿਆਈ । ਹਰਿ ਸਰਨ ਮਿਲੇ ਵਡਿਆਈਆ । ਧਰਨੀ ਧਰਨ ਗੁਰਮੁਖਾਂ ਚੁਕਾਏ ਮਰਨ ਡਰਨ, ਸਾਚੀ ਡੋਲੀ ਆਪ ਚੜ੍ਹਾਈਆ । ਆਪ ਖੁਲ੍ਹਾਏ

ਹਰਨ ਫਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੱਚਾ ਡੇਰਾ ਲਾਈਆ । ਗੁਰਮੁਖਾਂ ਆਤਮ ਡੇਰਾ ਲਾਇਆ, ਪੰਚਮ ਜੇਠ ਦਏ ਵਡਿਆਈ, ਆਤਮ ਅੰਧੇਰਾ ਜਾਏ ਚੁਕ । ਕਲਜੁਗ ਫੇਰਾ ਜਾਏ ਮੁਕ । ਅੰਤਮ ਵੇਲਾ ਗਿਆ ਢੁਕ । ਨਾ ਕੋਈ ਰੋਕੇ ਨਾ ਸਕੇ ਰੁਕ । ਬੇਮੁਖਾਂ ਮੁਖ ਪਾਏ ਥੁੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਕਰ ਖੁਆਰੀ ਹਾਹਾਕਾਰੀ, ਮੌਤ ਲਾੜੀ ਫੇਰ ਬਹਾਰੀ, ਦਰ ਦਰਬਾਰੀ ਸ਼ਾਹ ਸੁਲਤਾਨ ਜਾਈਂ ਮਾਰੀ, ਵਿਚ ਮੈਦਾਨ ਨਿਹਕਲੰਕ ਦਰਸ ਕਰੀਂ ਆਣ ਦੋਹਾਂ ਹੱਥਾਂ ਦਏ ਪਿਆਰੀ । ਪਹਿਲੀ ਕੂਟ ਦੀਨ ਮੁਹੰਮਦੀ ਕਰ ਖੁਆਰੀ । ਦੂਜੀ ਕੂਟ ਚਿੱਟੇ ਫਰੰਗੀ ਆਵੀਂ ਜਾਵੀਂ ਜਾਵੀਂ ਆਵੀਂ ਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੀ ਭੁੱਖੀ ਨੰਗੀ, ਨਾ ਦੇਵੇ ਕੋਈ ਸਹਾਰੀ । ਭੁੱਖੀ ਨੰਗੀ ਸ੍ਰਿਸ਼ਟ, ਲੁੱਟਿਆ ਮਾਲ ਧਨ । ਨਾ ਕੋਈ ਜਾਣੇ ਪ੍ਰਭ ਸਾਚੇ ਦਾ ਸਾਚਾ ਇਸ਼ਟ, ਨਾ ਸਾਚਾ ਸ਼ਬਦ ਸੁਣੇ ਕੰਨ । ਰਾਮ ਅਵਤਾਰ ਗੁਰ ਵਸ਼ਿਸ਼ਟ, ਸ੍ਰਿਸ਼ਟ ਸਬਾਈ ਚੁਕਾਇਆ ਲਹਿਣ ਦੇਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਖੇ ਨੈਣ । ਕਲਜੁਗ ਡੰਨੇ ਬੇਮੁਖ ਭੰਨੇ ਆਤਮ ਅੰਨ੍ਹੇ । ਪਾਣੀ ਮਿਲੇ ਨਾ ਕਿਸੇ ਛੰਨੇ । ਗੁਰਮੁਖਾਂ ਆਤਮ ਏਕਾ ਮੰਨੇ । ਅੱਠੇ ਪਹਿਰ ਦਰ ਦਵਾਰ ਖਲੋਤਾ ਹੋਏ ਸਹਾਈ, ਜਿਉਂ ਮਾਲ ਚਰਾਏ ਧੰਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਆਦਿ ਅੰਤ ਆਪੇ ਘੜੇ ਆਪੇ ਭੰਨੇ । ਘੜੇ ਭੰਨੇ ਭੰਨਣਹਾਰਾ । ਨਾ ਵਸੇ ਕਿਸੇ ਛੱਪਰੀ ਛੰਨੇ, ਜੋਤ ਸਰੂਪੀ ਖੇਲ ਅਪਾਰਾ । ਸ੍ਰਿਸ਼ਟ ਸਬਾਈ ਹੰਨੇ ਬੰਨੇ, ਚਲੇ ਸ਼ਬਦ ਤੀਰ ਕਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਨਾਮ ਦਾਨ ਸਾਚਾ ਸ਼ਬਦ ਸੱਚੀ ਸਰਕਾਰਾ । ਸੱਚਾ ਮੀਤ ਮੁਰਾਰ ਪੁਰਖ ਕਰਤਾਰ ਹੈ । ਸਾਲ ਬਿਆਸੀ
੨੫੪ ੦੪ ਪਹਿਲੇ ਅੰਮ੍ਰਿਤ ਮੇਘ ਦਿਤਾ ਬਰਖ, ਚਲੀ ਸੱਚੀ ਧਾਰ ਹੈ । ਕਲਜੁਗ ਤੇਰਾ ਲੇਖ ਪਰਖ, ਸਿੰਘ ਮਤਾਬ ਬੱਧੀ ਸਿਰ ਦਸਤਾਰ ਹੈ । ਸੰਤ ਮਨੀ ਸਿੰਘ ਕਰ ਵਿਚਾਰ, ਦਰ ਦਰ ਨਾ ਹੋਣਾ ਮਾਤ ਖੁਆਰ ਹੈ । ਸੌਂ ਜਾ ਘਰ ਪੈਰ ਪਸਾਰ, ਨਿਹਕਲੰਕ ਲਏ ਅਵਤਾਰ ਹੈ । ਹਰਿ ਗੋਬਿੰਦ ਤੇਰੀ ਸੁਣ ਪੁਕਾਰ, ਛੇਵਾਂ ਜਾਮਾ ਸਿੰਘ ਮਤਾਬ ਸਾਚੇ ਘਰ ਕਰੇ ਪਿਆਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਤੇਰੀ ਰੱਖੀ ਓਟ, ਸਾਚਾ ਸ਼ਬਦ ਡੰਕ ਵਜਾਇਣ ਇਕ ਅਪਾਰ ਹੈ । ਇਕ ਨਗਾਰਾ ਜਗਤ ਵਜਾਉਣਾ । ਨਿਹਕਲੰਕ ਹਰਿ ਨਾਉਂ ਰਖਾਉਣਾ । ਰਾਓ ਰੰਕ ਦਵਾਰ ਬੰਕ ਏਕਾ ਅੰਕ, ਚਰਨ ਟੇਕ ਸ੍ਰਿਸ਼ਟ ਸਬਾਈ ਆਪ ਰਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸੋਇਆ ਤੈਨੂੰ ਆਪ ਜਗਾਉਣਾ । ਸੰਤ ਮਨੀ ਸਿੰਘ ਸੁੱਤਾ ਪੈਰ ਪਸਾਰ । ਅੱਠੇ ਪਹਿਰ ਦਿਵਸ ਰੈਣ, ਆਤਮ ਕਰੇ ਇਕ ਵਿਚਾਰ । ਦਰਸ ਪੇਖਣ ਜਾਏ ਨੈਣ, ਘਨਕਪੁਰ ਆਏ ਹਰਿ ਜਾਮਾ ਧਾਰ । ਦਰ ਦਵਾਰੇ ਸੱਚਾ ਬਹਿਣ, ਚਾਰ ਕੁੰਟ ਹੋਏ ਖੁਆਰ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਜੋਤ ਦੇਵੇ ਲਹਿਣ ਦੇਣ ਕਰੇ ਸਚ ਪਿਆਰ । ਨਿਹਕਲੰਕ ਨਰਾਇਣ ਨਰ ਕਲਗੀ ਧਰ ਸ਼ਬਦ ਤੋੜਾ । ਕਲਜੁਗ ਜੀਵ ਲੱਭਣ ਨੀਲਾ ਘੋੜਾ । ਦੂਰ ਖਲੋਤੇ ਵੇਖਣ ਬਾਂਕੇ ਵਾਲਾ ਕਿਹੜਾ ਪੈਰੀਂ ਪਾਇਆ ਜੋੜਾ । ਜੋਤੀ ਜੋਤ ਸਰੂਪ ਹਰਿ, ਸੰਤ ਮਨੀ ਸਿੰਘ ਦੇਵੇ ਵਡਿਆਈ, ਵਿਚ ਮਾਤ ਦਿੱਤੀ ਦਾਤ ਵਡ ਕਰਾਮਾਤ ਹਰਿ ਸਾਚਾ ਬਹੁੜਾ । ਸੰਤ ਮਨੀ ਸਿੰਘ ਸ਼ਬਦ ਜਣਾਇਆ । ਉਨੀ ਸੌ ਅਠਤਾਲੀ ਬਿਕ੍ਰਮੀ ਜੋਤ ਜਗਾਇਆ । ਚੁੱਪ ਚੁਪੀਤਾ ਸਾਚਾ ਸੰਤ ਦਰ ਘਰ ਸਾਚੇ ਆਏ, ਭਰਮ ਭੁਲੇਖੇ ਗਏ ਦੂਜੀ ਵੇਰ ਦਰਸ਼ਨ ਪਾਇਆ । ਪ੍ਰਭ ਕਰ ਕਰ ਹੇਰ ਫੇਰ ਦਰਸ ਦਿਖਾਇਆ । ਦਰਸ ਕਰ ਹਰਿ ਗਿਰਧਾਰੀ । ਸੰਤ ਮਨੀ ਸਿੰਘ

ਉਤਰੇ ਪਾਰੀ । ਦਿਵਸ ਰੈਣ ਅੱਠੇ ਪਹਿਰ ਚੜ੍ਹੀ ਰਹੇ ਨਾਮ ਖ਼ੁਮਾਰੀ । ਛੱਡੀ ਆਏ ਭਾਈ ਭੈਣ, ਦੇਸ ਮਾਲਵੇ ਛੱਡੀ ਮਹੱਲ ਅਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਰਾਣਾ ਲੱਭਾ, ਜਿਥੇ ਮਿਲੀ ਸੱਚੀ ਸਰਦਾਰੀ । ਸਾਚਾ ਰਾਣਾ ਹਰਿ ਭਗਵਾਨਾ । ਦਰ ਘਰ ਆਇਆ ਹੋ ਨਿਮਾਣਾ । ਪ੍ਰਭ ਅਬਿਨਾਸ਼ੀ ਏਕਾ ਦੇਵੇ ਧੁਰ ਫ਼ਰਮਾਣਾ । ਸੋਹੰ ਸ਼ਬਦ ਆਸ ਪਾਸ ਰਖਾਏ, ਆਤਮ ਧਰਵਾਸ ਰਖਾਏ ਚੜ੍ਹਾਏ ਸਚ ਬਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਮਨੀ ਸਿੰਘ ਪੂਰਾ ਗੁਰ ਇਕੋ ਇਕ ਪਛਾਣਾ । ਸੰਤ ਮਨੀ ਸਿੰਘ ਕਰ ਪਛਾਣ । ਦਰ ਘਰ ਸਾਚੇ ਮਿਲਿਆ ਆਣ । ਉਠ ਸੰਤ ਵਡ ਬਲਵੰਤ, ਪ੍ਰਭ ਅਬਿਨਾਸ਼ੀ ਚੁਕ ਸਾਚਾ ਕੰਤ, ਸਾਚਾ ਨਾਮ ਝੁੱਲੇ ਇਕ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਖੇਲ ਕਰੇ ਮਹਾਨ । ਸੰਤ ਮਨੀ ਸਿੰਘ ਸ਼ਬਦ ਜਣਾਈ । ਨਿਹਕਲੰਕ ਹੁਕਮ ਸੁਣਾਈ । ਆਪਣੇ ਹੱਥ ਡੋਰ ਰਖਾਈ । ਉਠੇ ਸੰਤ ਨਾਲ ਸਾਚਾ ਕੰਤ, ਸਰ ਅੰਮ੍ਰਿਤ ਨੂੰ ਕਰੇ ਧਾਈ । ਜੋਤੀ ਜੋਤ ਸਰੂਪ ਹਰਿ, ਹਰਿ ਮੰਦਰ ਜਾਏ ਡੇਰਾ ਲਾਈ । ਹਰਿ ਮੰਦਰ ਦੇ ਵਡ ਪੁਜਾਰੀ । ਦੁਸ਼ਟ ਦੁਰਾਚਾਰ ਨਰ ਨਾਰੀ । ਸੰਤ ਮਹੰਤਾ ਹੋਏ ਖ਼ੁਆਰੀ । ਮਿਟਦੇ ਜਾਣ ਵਾਰੋ ਵਾਰੀ । ਲਿਖਿਆ ਲੇਖ ਸੰਤ ਕਲਮ ਚਲਾਈ ਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਡੰਡਾ ਅੱਗੇ ਡਾਹਿਆ, ਜਿਸ ਦਾ ਕੰਨਾ ਆਪ ਰਖਾਇਆ, ਨਾ ਕੋਈ ਸਕੇ ਪਛਾੜੀ । ਕੀਆ ਖੇਲ ਹਰਿ ਗਿਰਧਾਰੇ । ਸਾਚਾ ਸ਼ਬਦ ਫੇਰ ਉਪਜਾਵੇ, ਪੁਰੀ ਅਨੰਦ ਚਲ ਡੇਰਾ ਮਲ, ਸੰਤ ਮਨੀ ਸਿੰਘ ਵਾਜਾਂ ਮਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅਵਸਥਾ ਕਰੇ ਖੇਲ ਨਿਆਰੇ । ਅਨੰਦਪੁਰੀ ਡੇਰਾ ਲਾਇਆ । ਚਾਰੋਂ ਤਰਫ ਘੇਰਾ ਪਾਇਆ । ਚਾਰੇ ਰਾਣੇ ਦੂਰ ਦੁਰਾਡੇ ਨੇਤਰ ਵੇਖ, ਸਾਚਾ ਹੁਕਮ ਆਪ ਸੁਣਾਇਆ । ਨਿਹਕਲੰਕ ਪ੍ਰਗਟ ਹੋਇਆ ਮਾਝੇ ਦੇਸ, ਆਓ ਚਲ ਸਰਨਾਇਆ । ਅੰਤਮ ਅੰਤ ਲੈਣਾ ਵੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੱਡੇ ਦੇਹ ਨਿਮਾਣੀ ਜਗਤ ਰਾਣੀ ਆਏ ਹਾਨੀ, ਜੋਤੀ ਖੇਲ ਰਚਾਇਆ, ਸਾਚਾ ਖੇਲ ਕਰੇ ਕਰਾਇਆ । ਸੰਤ ਮਨੀ ਸਿੰਘ ਸਹਿਜ ਸੁਖ ਧਾਰਿਆ । ਪੂਰਬ ਕਰਮ ਆਪ ਵਿਚਾਰਿਆ । ਮਾਨਸ ਜਨਮ ਜਿਸ ਸੁਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਹਰਿ ਰਸਨਾ ਨਾਲ ਉਚਾਰਿਆ । ਰਸਨਾ ਗਾਏ ਗੋਬਿੰਦ ਗੀਤ । ਝੂਠਾ ਤਨ ਕਾਇਆ ਛੱਡੀ ਇਕ ਪ੍ਰੀਤ । ਮਾਨਸ ਜਨਮ ਲਿਆ ਜਗਤ ਕਲ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਈ ਰੱਖੇ ਸਦਾ ਅਤੀਤ । ਰੱਖੇ ਸਦਾ ਅਤੀਤ, ਜਗਤ ਨਿਸ਼ਾਨ ਹੈ । ਬਣਿਆ ਸੱਚਾ ਮੀਤ, ਵਾਲੀ ਦੋ ਜਹਾਨ ਹੈ । ਚਲਾਏ ਸੱਚੀ ਰੀਤ, ਦੇਵੀ ਦੇਵਤ ਫੁੱਲ ਬਰਸਾਨ ਹੈ । ਇਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣਾਏ ਸੁਹਾਗੀ ਗੀਤ, ਸੋਹੰ ਰਸਨ ਵਖਾਨ ਹੈ । ਸਾਚੇ ਸੰਤ ਲਿਖਤ ਲਿਖਾਈ । ਬਣੇ ਬਣਤ ਨਿਹਕਲੰਕ ਤੇਰੀ ਸਰਨਾਈ । ਮੇਲ ਮਿਲਾਏ ਪੂਰੇ ਭਗਵੰਤ, ਮਿਲੇ ਜਗਤ ਵਡਿਆਈ । ਨਾ ਕੋਈ ਜਾਣੇ ਜੀਵ ਜੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਹੋਏ ਆਪ ਸਹਾਈ । ਸੰਤ ਮਨੀ ਸਿੰਘ ਦੇਹ ਤਜ । ਸਚ ਸਿੰਘਾਸਣ ਚੜ੍ਹਿਆ ਭੱਜ । ਅੰਮ੍ਰਿਤ ਪੀਤਾ ਜਾ ਕੇ ਰੱਜ । ਸ਼ਬਦ ਤਾਲ ਗਿਆ ਵੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਸਾਚੇ ਘਰ ਆਪ ਬਹਾਇਆ, ਪੜਦੇ ਰਿਹਾ ਕੱਜ । ਕਰੇ ਪੁਕਾਰ ਰੂਹ ਨਿਮਾਣੀ ਅੰਮ੍ਰਿਤ ਪਿਆ ਸੱਚੇ ਪਾਣੀ । ਦੂਈ ਦਵੈਤੀ ਪੜਦਾ ਲਾਹ, ਭੇਵ ਖੁਲ੍ਹਾ ਖਾਣੀ ਬਾਣੀ । ਸਾਚਾ ਛਤਰ ਸਿਰ ਝੁਲਾ, ਆਤਮ ਜੋਤ

ਜਗਾ ਮਹਾਨੀ । ਜੋਤੀ ਜੋਤ ਸਰੂਪ ਹਰਿ, ਇਕੋ ਦੇ ਸੱਚਾ ਘਰ, ਅੰਤ ਚੁਕਾ ਜਮ ਕੀ ਕਾਨੀ । ਸੁਣ ਪੁਕਾਰ ਪੁਰਖ ਅਬਿਨਾਸ਼ਿਆ । ਗੁਰਮੁਖ ਤਾਰ ਕਰ ਪਿਆਰ, ਸਾਚੀ ਜੋਤ ਕਰ ਪ੍ਰਕਾਸ਼ਿਆ । ਆਪੇ ਪੁਰਖ ਆਪੇ ਨਾਰ ਹਰਿ ਕਰਤਾਰ, ਆਪੇ ਦੇਵੇ ਸ਼ਬਦ ਸਵਾਸਿਆ । ਆਪੇ ਚੁੱਕੇ ਗੁਰਸਿਖਾਂ ਭਾਰ ਹੋ ਤਿਆਰ, ਮਾਨਸ ਜਨਮ ਕਰੇ ਰਹਿਰਾਸਿਆ । ਕਲਜੁਗ ਲਾਹੇ ਤਨ ਬੁਖ਼ਾਰ, ਮਾਰੇ ਸ਼ਬਦ ਕਟਾਰ ਪਹਿਲੀ ਵਾਰ ਹੋ ਹੋ ਤਿਆਰ, ਕਰੇ ਬੰਦ ਖਲਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦਰ ਦਵਾਰੇ ਬਣ ਭਿਖਾਰੇ ਸਚ ਵਣਜਾਰੇ ਕਲਜੁਗ ਜਾਏ ਤਾਰ । ਮੰਗੀ ਮੰਗ ਇਕ ਉਮੰਗ । ਪ੍ਰਭ ਅਬਿਨਾਸ਼ੀ ਚਾੜ੍ਹੇ ਰੰਗ । ਸ਼ਬਦ ਤੁਰੰਗ ਵਸਣਾ ਅੰਗ ਸੰਗ । ਕਟੀ ਭੁੱਖ ਨੰਗ । ਪ੍ਰਗਟ ਹੋਏ ਦਰਸ ਦਿਖਾਇਆ, ਤੀਜੇ ਲੋਇਣ ਚਾੜ੍ਹ ਰੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਓਟ ਸਰਨ ਤਕਾਈ ਆਏ ਸਰਨਾਈ, ਆਪ ਵਜਾਈ ਸ਼ਬਦ ਮਰਦੰਗ । ਨਿਹਕਲੰਕ ਨਰਾਇਣ ਨਰ, ਸੱਚਾ ਦਵਾਰਾ ਲਿਆ ਮੰਗ । ਆਤਮ ਵੱਜੇ ਮਰਦੰਗ ਢੋਲ ਨਗਾਰਾ । ਚੜ੍ਹੇ ਸੱਚਾ ਰੰਗ, ਚਲੇ ਸ਼ਬਦ ਅਪਰ ਅਪਾਰਾ । ਸਾਚੇ ਸ਼ਬਦ ਘੋੜੇ ਕੱਸਿਆ ਤੰਗ, ਗੁਰਮੁਖ ਸਾਚੇ ਹੋ ਤਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪੜਦਾ ਲਾਹੇ ਇਕ ਵਖਾਏ ਸੱਚਾ ਦਰ ਦਵਾਰਾ । ਸੱਚਾ ਦਰ ਦਵਾਰ ਨੇਤਰ ਖੋਲ੍ਹੇ । ਗੁਰਮੁਖ ਸਾਚੇ ਵੇਖ ਵਿਚਾਰ । ਪ੍ਰਭ ਅਬਿਨਾਸ਼ੀ ਆਪੇ ਬੋਲੇ, ਨਾ ਹੋਏ ਕਦੇ ਬੰਦ ਕਵਾੜ । ਨਾ ਸਾੜੇ ਧੁੱਪ ਹਾੜ, ਪ੍ਰਭ ਅਬਿਨਾਸ਼ੀ ਫਿਰੇ ਪਿਛੇ ਅਗਾੜ । ਆਪੇ ਬਣੇ ਸੱਚਾ ਤੋਲੇ, ਜੋਤ ਜਗਾਏ ਬਹੱਤਰ ਨਾੜ । ਦੂਈ ਦਵੈਤੀ ਬਜ਼ਰ ਕਪਾਟੀ ਦੇਵੇ ਪਾੜ । ਸਾਚੀ ਹਾਟੀ ਇਕ ਖੁਲ੍ਹਾਏ, ਗੁਰਮੁਖਾਂ ਸਾਚਾ ਰਾਹ ਵਖਾਏ, ਦਰ ਘਰ ਸਾਚੇ ਦੇਵੇ ਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਮਾਣ ਦਵਾਏ ਬਣਾਏ ਸਾਚੇ ਲਾੜ । ਸਾਚੇ ਲਾੜੇ ਚੜ੍ਹ ਘੋੜੀ । ਗੁਰ ਚਰਨ ਪ੍ਰੀਤੀ ਸਾਚੀ ਜੋੜੀ । ਲੱਗੀ ਪ੍ਰੀਤ ਨਾ ਕਿਸੇ ਤੋੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਹ ਨਿਮਾਣੀ ਦੇਵੇ ਪਾਣੀ, ਪ੍ਰਭ ਅਬਿਨਾਸ਼ੀ ਮਿਲਿਆ ਇਕੋ ਸੱਚਾ ਹਾਣੀ, ਆਪ ਬੁਝਾਏ ਤ੍ਰਿਸ਼ਨਾ ਅੱਗ ਕਲਜੁਗ ਲੱਗੀ ਔੜੀ । ਤ੍ਰਿਸ਼ਨਾ ਅੱਗ ਲੱਗੀ ਜਗ । ਗੁਰਮੁਖ ਸਾਚੇ ਸੰਤ ਪ੍ਰਭ ਅਬਿਨਾਸ਼ੀ ਪਕੜੇ ਤੇਰੇ ਪਗ । ਸ੍ਰਿਸ਼ਟ ਸਬਾਈ ਗਈ ਦਗ । ਘਨਕ ਪੁਰ ਵਾਸੀ ਲਾਹ ਉਦਾਸੀ, ਸ਼ਬਦ ਚਲਾਇਆ ਸਵਾਸ ਸਵਾਸੀ, ਚਰਨ ਪ੍ਰੀਤੀ ਗਈ ਲੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਰ ਬੰਦ ਖਲਾਸੀ, ਪੰਜਾਂ ਚੋਰਾਂ ਮਾਰ ਮਿਟਾਈ ਆਤਮ ਪਕੜ ਸ਼ਾਹ ਰਗ । ਪੰਜਾਂ ਚੋਰਾਂ ਵੱਜੇ ਤੀਰ । ਘੱਤੀ ਜਾਣ ਵਹੀਰ । ਏਕਾ ਦੇਵੇ ਸਾਚੀ ਧੀਰ । ਕਰੇ ਸ਼ਾਂਤ ਸਰੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਿਤਾ ਵਰ, ਆਇਆ ਦਰ ਠੰਡਾ ਭਏ ਸਰੀਰ । ਆਤਮ ਠੰਡ ਹਰਿ ਵਰਤਾ ਰਿਹਾ । ਸਾਚਾ ਨਾਮ ਦੇਵੇ ਵੰਡ, ਖੁਲ੍ਹੀ ਗੰਢ ਬੰਧਾ ਰਿਹਾ । ਗੁਰਸਿਖ ਆਤਮ ਕਦੇ ਨਾ ਹੋਏ ਰੰਡ, ਸਦ ਸੁਹਾਗਣ ਆਪ ਰਖਾਈਆ । ਆਪ ਉਠਾਏ ਦੁੱਖਾਂ ਪੰਡ, ਚਰਨ ਪ੍ਰੀਤੀ ਜਿਸ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨੀਤ ਗੁਰਮੁਖ ਪਰਖ, ਸ਼ਬਦ ਘੋੜੇ ਦਏ ਚੜ੍ਹਾਈਆ । ਸ਼ਬਦ ਘੋੜੇ ਹੋ ਅਸਵਾਰ । ਰਸਨਾ ਗਾਉਣਾ ਹਰਿ ਕਰਤਾਰ । ਸੋਇਆ ਭਗਤ ਜਿਸ ਉਠਾਉਣਾ, ਆਏ ਚਲ ਦਵਾਰ । ਫੜ ਫੜ ਬਾਹੋਂ ਰਾਹੇ ਪਾਉਣਾ, ਅੰਤਮ ਕਲ ਨਾ ਕਰੇ ਕੋਈ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪ੍ਰੀਤੀ ਗੁਰਮੁਖ ਸਾਚੇ ਸਚ ਪਿਆਰ । ਸਚ ਪਿਆਰਾ ਜਗਤ ਵਿਹਾਰਾ । ਚਰਨ ਦਵਾਰਾ ਨਾਰੀ ਨਾਰਾ


੨੫੬
੦੪

ਏਕਾ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚਾ ਤੀਰ ਚਲਾਏ, ਅੰਮ੍ਰਿਤ ਸੀਰ ਮੁਖ ਚੁਆਏ, ਚਲਦੀ ਰਹੇ ਸੱਚੀ ਧਾਰਾ । ਅੰਮ੍ਰਿਤ ਧਾਰ ਵਗੇ ਤਨ । ਠੰਡਾ ਠਾਰ ਕਰੇ ਮਨ । ਨਾ ਆਵੇ ਹਾਰ ਵਿਚ ਸੰਸਾਰ, ਗੁਰਮੁਖ ਆਤਮ ਜਾਏ ਮੰਨ । ਪ੍ਰਭ ਅਬਿਨਾਸ਼ੀ ਪਸਰ ਪਸਾਰ ਜੋਤ ਅਕਾਰ, ਸਾਚਾ ਸ਼ਬਦ ਸੁਣਾਇਨ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਏ, ਜੋ ਜਨ ਚਲ ਸਰਨਾਈ ਆਏ, ਬੇੜਾ ਦੇਵੇ ਬੰਨ੍ਹ । ਬੇੜਾ ਬੰਨ੍ਹੇ ਕੰਧ ਉਠਾਏ । ਖ਼ੁਸ਼ੀ ਬੰਦ ਬੰਦ ਕਰਾਏ । ਪਰਮਾਨੰਦ ਵਿਚ ਸਮਾਏ । ਨਿਜਾਨੰਦ ਸੋਝੀ ਪਾਏ । ਏਕਾ ਛੰਦ ਸ਼ਬਦ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਬਖ਼ਸ਼ਿੰਦ, ਦਰ ਘਰ ਆਇਆਂ ਮਾਣ ਦਵਾਏ । ਆਪੇ ਬਖ਼ਸ਼ੇ ਬਖ਼ਸ਼ਣ ਯੋਗ । ਦੇਵੇ ਦਰਸ ਹਰਿ ਅਮੋਘ । ਵਿਚੋਂ ਕਟੇ ਹਉਮੇ ਰੋਗ । ਸਾਚਾ ਮੇਲ ਮਿਲਾਇਆ ਲਿਖਿਆ ਧੁਰ ਸੰਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਕਾਇਆ ਨਾ ਹੋਏ ਵਿਜੋਗ । ਸਾਚਾ ਰਸ ਲੈਣਾ ਚਟ । ਜਗੇ ਜੋਤ ਕਾਇਆ ਮੱਟ । ਹੋਏ ਪ੍ਰਕਾਸ਼ ਘਟ ਘਟ । ਆਪੇ ਢਾਹੇ ਪਾਪਾਂ ਵਟ । ਅੱਗੇ ਦਿਸੇ ਸਾਚਾ ਹੱਟ । ਜੋਤ ਸਰੂਪੀ ਸਾਚਾ ਹਰਿ ਇਕੋ ਪਹਿਨ ਬੈਠਾ ਸਾਚਾ ਬਾਣਾ ਚਿੱਟਾ ਪਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲਾਹਾ ਲੈਣਾ ਖੱਟ । ਸਾਚਾ ਲਾਹਾ ਲੈਣ ਖੱਟ, ਬਣ ਵਣਜਾਰਾ । ਪ੍ਰਭ ਅਬਿਨਾਸ਼ੀ ਕਰੇ ਤਰਸ, ਦੇਵੇ ਨਾਮ ਅਧਾਰਾ । ਅੰਮ੍ਰਿਤ ਮੇਘ ਜਾਏ ਬਰਸ, ਏਕਾ ਵਗੇ ਵਹਿਣ ਵਡੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕਿਸੇ ਹੱਥ ਨਾ ਆਏ, ਲੱਖ ਚੁਰਾਸੀ ਫਿਰੇ ਹਲਕਾਏ, ਨਿਹਕਲੰਕ ਨਰਾਇਣ ਨਰ, ਤੇਰੇ ਖੜਾ ਰਹੇ ਆਤਮ ਦਰ ਦਵਾਰਾ । ਆਤਮ ਦਰ ਸੱਚਾ ਦਰਵਾਜਾ । ਜਿਥੇ ਵਸੇ ਗਰੀਬ ਨਿਵਾਜਾ । ਗੁਰਮੁਖਾਂ ਰੱਖਣ ਆਇਆ ਲਾਜਾ । ਆਪ ਸਵਾਰੇ ਆਪਣਾ ਕਾਜਾ । ਚਾਰੋਂ ਕੁੰਟ ਪੈਣ ਭਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਡੇਰਾ ਲਾਇਆ, ਨਿਹਕਲੰਕ ਜੋਤ ਜਗਾਏ, ਸੰਤ ਮਨੀ ਸਿੰਘ ਸੰਗ ਰਲਾਏ, ਪੂਰਾ ਲੇਖਾ ਆਪ ਚੁਕਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਵਿਚ ਮਾਤ ਦੇਵਣ ਆਇਆ ਸੱਚਾ ਦਾਜਾ । ਗੁਰਸਿਖ ਆਤਮ ਬਿਲਲਾਈਆ । ਦਰ ਘਰ ਸਾਚੇ ਦਏ ਦੁਹਾਈਆ । ਕਲਜੁਗ ਜੀਵ ਭਾਂਡੇ ਕਾਚੇ, ਏਕਾ ਹਰਿ ਸਾਚੋ ਸਾਚੇ, ਕਰੇ ਸਰਬ ਰੁਸ਼ਨਾਈਆ । ਗੁਰਮੁਖ ਵਿਰਲਾ ਹਿਰਦੇ ਵਾਚੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਸਾਚੀ ਬੂਝ ਬੁਝਾਈਆ । ਜਗਤ ਅੰਧੇਰਾ ਆਪ ਹਟਾਵਣਾ । ਸੰਞ ਸਵੇਰ ਇਕ ਕਰਾਵਣਾ । ਸ਼ਬਦ ਘੋੜਾ ਚਾਰੋਂ ਕੁੰਟ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਤਮ ਸੇਜਾ ਡੇਰਾ ਲਾਵਣਾ । ਆਤਮ ਸੇਜਾ ਸੁੱਤਾ ਪੈਰ ਪਸਾਰੀ । ਨਿਹਕਲੰਕ ਨਰਾਇਣ ਨਰ ਅਵਤਾਰੀ । ਏਕਾ ਜੋਤ ਜਗੇ ਅਟੱਲ, ਕਾਇਆ ਮਹੱਲ ਅਟਾਰੀ । ਸ੍ਰਿਸ਼ਟ ਸਬਾਈ ਆਪ ਭੁਲਾਏ, ਕਰ ਕਰ ਵਲ ਛਲ, ਨਾ ਕੋਈ ਜਾਣੇ ਨਿਹਚਲ ਧਾਮ ਜਿਥੇ ਵਸੇ ਹਰਿ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਏ ਮੰਗੀ ਮੰਗ ਪਹਿਲੀ ਵਾਰੀ । ਮੰਗੀ ਮੰਗ ਹਰਿ ਦਏ ਦਿਲਾਸਾ । ਨਿਜ ਘਰ ਆਤਮ ਰੱਖੇ ਵਾਸਾ । ਸਾਚੀ ਜੋਤ ਕਰੇ ਪ੍ਰਕਾਸ਼ਾ । ਏਕਾ ਜੋਤੀ ਵਿਚ ਟਿਕਾਏ ਨਾ ਤੋਲਾ ਨਾ ਮਾਸਾ । ਨਾ ਕੋਈ ਤੋਲੇ ਤੋਲ ਤੁਲਾਏ, ਬੇਮੁਖ ਜੀਵ ਕਰਨ ਹਾਸਾ । ਕਲਜੁਗ ਅੰਤਮ ਜਾਮਾ ਪਾਇਆ, ਲੱਖ ਚੁਰਾਸੀ ਵੇਖਣ ਆਇਆ, ਆਪਣੀ ਅੱਖੀਂ ਆਪ ਤਮਾਸ਼ਾ । ਸਚ ਪੁਰੀ ਹਰਿ ਤਜਾਈਆ । ਬ੍ਰਹਮਲੋਕ ਨਾ ਦੇਵੇ ਵਡਿਆਈਆ । ਸ਼ਿਵਲੋਕ ਸ਼ਿਵ ਸ਼ੰਕਰ

ਗਣੇਸ਼ ਮਹੇਸ਼ ਨੇਤਰ ਖੋਲ੍ਹ ਰਹੇ ਤਕਾਈਆ । ਪੁਰੀ ਇੰਦਰ ਕਰੋੜ ਤੇਤੀਸ ਦੇਵਣ ਦੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਘਰ ਸਾਚੇ ਮਾਤ ਜੋਤ ਪ੍ਰਗਟਾਈਆ । ਮਾਤਲੋਕ ਲੋਕਮਾਤ, ਹਰਿ ਦੇਵਣ ਆਇਆ ਸੱਚੀ ਦਾਤ । ਗੁਰ ਸੰਗਤ ਬਣਾਏ ਇਕ ਜਮਾਤ । ਨਾ ਕੋਈ ਪੁਛੇ ਜ਼ਾਤ ਪਾਤ । ਸਾਚਾ ਸ਼ਬਦ ਦੇਵੇ ਦਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਧੁਰਦਰਗਾਹੀ ਇਕ ਲਿਆਇਆ ਨਾਮ ਸੁਗਾਤ । ਨਾਮ ਸੁਗਾਤ ਜਾਏ ਵੰਡੀ । ਆਪ ਮਿਟਾਏ ਭੇਖ ਜਗਤ ਪਖੰਡੀ । ਚਿੱਟਾ ਬਾਣਾ ਤਨ ਰਖਾਏ, ਸ੍ਰਿਸ਼ਟ ਸਬਾਈ ਡੰਨ ਲਗਾਏ, ਗੁਰਸਿਖਾਂ ਬੇੜਾ ਬੰਨ੍ਹ ਵਖਾਏ, ਚੁੱਕੀ ਫਿਰੇ ਆਪਣੀ ਕੰਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਫੜ ਬਾਹੋਂ ਰਾਹੇ ਪਾਏ, ਸਚਖੰਡ ਨਿਵਾਸੀ ਇਕੋ ਲਾਇਆ ਸਾਚਾ ਡੰਡੀ । ਸੱਚਾ ਡੰਡਾ ਗਿਆ ਲੱਗ । ਗੁਰਮੁਖ ਧਰਨਾ ਸੰਭਲ ਪਗ । ਜਗਤ ਅੰਧੇਰੀ ਜਾਣੀ ਵਗ । ਜੋਤ ਅਗਨ ਜਾਣੀ ਲੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਖੇਲ ਰਚਾਏ, ਕੂਜਾ ਮਿਸਰੀ ਸੰਗ ਰਲਾਏ, ਕੇਸਰ ਤਿਲਕ ਮਸਤਕ ਲਾਏ, ਸੰਤ ਮਨੀ ਸਿੰਘ ਨਾ ਕੋਈ ਕਰੇ ਅਜ ਪਜ । ਸੰਤ ਮਨੀ ਸਿੰਘ ਦਿਤਾ ਮਾਣ । ਜਗਾਏ ਜੋਤ ਹਰਿ ਭਗਵਾਨ । ਖੁਲ੍ਹੇ ਸੋਤ ਸਾਚਾ ਸ਼ਬਦ ਕੰਨ ਸੁਨਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਚੁਕਾਵਣ ਆਇਆ, ਦੇ ਜੋਤ ਸ੍ਰੀ ਭਗਵਾਨ । ਸੰਤ ਮਨੀ ਸਿੰਘ ਮੁਖ ਲੱਗੇ ਸਗਨ, ਅੱਠੇ ਪਹਿਰ ਰਹੇ ਮਗਨ । ਕਿਰਪਾ ਕਰੇ ਸਾਚਾ ਹਰਿ, ਜੋ ਜਨ ਚਰਨੀ ਮੇਰੀ ਲੱਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੋ ਸਚ ਕਰੇ ਵਿਹਾਰਾ, ਵਿਚ ਸੰਸਾਰਾ ਬੰਨ੍ਹੇ ਧਾਰਾ, ਗੁਰਮੁਖ ਧੁਰ ਦਰਗਹਿ ਕੋਈ ਨਾ ਦਿਸੇ ਨਗਨ । ਨੰਗਾ ਜਾਏ ਨਾ ਦੋਜ਼ਖ਼ ਭਾਹ । ਧਰਮ ਰਾਏ ਨਾ ਲਏ ਅਟਕਾ । ਜਮ ਰਾਏ ਦੋਏ ਜੋੜ ਅੱਗੇ ਸੀਸ ਦਏ ਝੁਕਾ । ਨਿਹਕਲੰਕ ਜਿਧਰ ਪੇਖੇ, ਸਾਚੇ ਰਾਹੇ ਦੇਵੇ ਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮਾਣ ਦਵਾਏ, ਗੁਰ ਸੰਗਤ ਇਕ ਬਹਾਏ ਸੱਚੇ ਥਾਂ । ਸੱਚਾ ਥਾਂ ਇਕ ਨਿਰੰਕਾਰ । ਗੁਰਮੁਖਾਂ ਮਿਲੇ ਵਿਚ ਸੰਸਾਰ । ਸ੍ਰਿਸ਼ਟ ਸਬਾਈ ਕਰਨਾ ਹਾਹਾਕਾਰ । ਅੰਤਮ ਵੇਲਾ ਜਿਨ੍ਹਾਂ ਖੋਹਣਾ, ਨਾ ਹੋਵੇ ਕੋਈ ਸਹਾਰ । ਗੁਰ ਚਰਨੀ ਜਿਨ੍ਹਾਂ ਬਹਿਣਾ, ਧਰਮ ਰਾਏ ਨਾ ਮਾਰੇ ਡਾਹਢੀ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਕਲਗੀ ਧਰ ਅਵਤਾਰ । ਸੰਤ ਮਨੀ ਸਿੰਘ ਤਿਲਕ ਲਗਾਇਆ । ਸਾਚੀ ਕਿਲਕ ਨਾਦ ਵਜਾਇਆ । ਚਾਰ ਕੁੰਟ ਦਏ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਹੋਇਆ ਦਰਵੇਸ਼ ਦਰ ਦਰਬਾਰ ਪ੍ਰਗਟ ਜੋਤ ਸ੍ਰੀ ਭਗਵਾਨਾ । ਨਾ ਕੋਈ ਵਰਨ ਨਾ ਕੋਈ ਗੋਤ, ਏਕਾ ਝੁੱਲੇ ਸ਼ਬਦ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਪ੍ਰਗਟਾਈ, ਪ੍ਰਗਟ ਹੋਇਆ ਜਿਉਂ ਦਵਾਪਰ ਕ੍ਰਿਸ਼ਨਾ ਕਾਹਨਾ । ਕ੍ਰਿਸ਼ਨ ਕਾਹਨ ਹਰਿ ਮੁਰਾਰੀ । ਕਰੇ ਖੇਲ ਵਿਚ ਸੰਸਾਰੀ । ਦਵਾਪਰ ਤੁੱਟੀ ਕਲਜੁਗ ਗੰਢੀ ਅੰਤਮ ਵਾਰੀ । ਦੁਰਬਾਸ਼ਾ ਰਿਖੀ ਸ਼ਬਦ ਧਾਰ, ਤਿੱਖੀ ਹੋਏ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਜਨਮ ਦਵਾਇਆ, ਸਿੰਘ ਠਾਕਰ ਨਾਮ ਰਖਾਇਆ, ਕਰੇ ਖੇਲ ਅਪਰ ਅਪਾਰੀ । ਸਿੰਘ ਠਾਕਰ ਹਰਿ ਰਤਨਾਗਰ । ਕਾਇਆ ਭਰੇ ਅੰਮ੍ਰਿਤ ਗਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਣਜ ਕਰਾਏ, ਗੁਰਸਿਖ ਬਣੇ ਸਚ ਸੁਦਾਗਰ । ਉਠ ਵਣਜ ਕਰ ਵਣਜਾਰਿਆ । ਗੁਰਸਿਖ ਪੂਰੇ ਹਰਿ ਦੁਲਾਰਿਆ । ਪ੍ਰਭ ਅਬਿਨਾਸ਼ੀ ਨੰਗੇ ਸਿਰ ਸੀਸ ਧਰ ਦਸਤਾਰਿਆ ।

੨੫੮
੦੪

੨੫੯
੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਲਾ ਵੇਖ ਤੇਰਾ ਮਾਨਸ ਜਨਮ ਸਵਾਰਿਆ । ਨਿਹਕਲੰਕ ਨਰਾਇਣ ਨਰ, ਦੂਜਾ ਜਾਮਾ ਫੇਰ ਦੁਆਇਆ ਦਵਾਪਰ ਰਿਖੀ ਹੰਕਾਰਿਆ । ਸੰਤ ਮਨੀ ਸਿੰਘ ਚੁਗ ਸਾਚੀ ਚੋਗ, ਸਾਚਾ ਰਸ ਲੈਣਾ ਭੋਗ, ਇਕੋ ਸ਼ਬਦ ਸੱਚਾ ਜੋਗ, ਜਗਤ ਝੂਠਾ ਮਾਇਆ ਲੂਠਾ ਵੱਡਾ ਰੋਗ, ਅੰਤਮ ਹੋਇਆ ਮੂਧਾ ਠੂਠਾ ਹੋਏ ਕਰਮ ਵਿਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਨਿਭਾਏ ਧੁਰਦਰਗਾਹ ਸੱਚਾ ਸਚ ਸੰਜੋਗ । ਧਰੀ ਸੀਸ ਸੱਚੀ ਦਸਤਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਪੂਰਬ ਕਰਮ ਵਿਚ ਮਾਤ ਵਿਚਾਰੇ । ਦਿਤਾ ਸਾਚਾ ਜਰਮ ਮਿਟਾਏ ਭਰਮ, ਦਰਸ ਦਿਖਾਏ ਅਗੰਮ ਅਪਾਰੇ । ਨਾ ਕੋਈ ਰੱਖੇ ਦੂਜੀ ਸ਼ਰਮ, ਕਾਇਆ ਝੂਠੀ ਝੂਠਾ ਚਰਮ, ਏਕਾ ਜੋਤ ਹਰਿ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਜੀਆ ਦਾਨ ਕਰੇ ਪਾਰ ਉਤਾਰੇ । ਨਾਲ ਭਤਾਰ ਤਰੇ ਨਾਰ । ਏਕਾ ਦੱਸੇ ਹਰਿ ਪਿਆਰ । ਹਿਰਦੇ ਵਸੇ ਕਰ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਏ, ਸਾਚੀ ਸੇਵਾ ਲਾਏ, ਨਾ ਆਏ ਕਦੇ ਹਾਰ । ਦੁੱਖ ਦਰਦ ਜਾਣੇ ਢਹਿ । ਸਾਧ ਸੰਤ ਜਾਣਾ ਪੈਰੀਂ ਪੈ । ਅੱਠੇ ਪਹਿਰ ਦਰ ਦਵਾਰੇ ਚਰਨ ਨਿਮਸਕਾਰੇ ਦੂਜੇ ਥਾਂ ਨਾ ਕੋਈ ਰਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਮਾਣ ਤਾਣ ਜਨ ਭਗਤਾਂ ਦਏ । ਦੇਵੇ ਮਾਣ ਭਗਤ ਨਿਮਾਣਿਆਂ । ਰੱਖੇ ਆਣ ਚਰਨ ਧਿਆਨਿਆ । ਵੱਜੇ ਬਾਣ ਸਚ ਨਿਸ਼ਾਨਿਆ । ਚੁਕੇ ਕਾਣ ਵਿਚ ਜਹਾਨਿਆ । ਸੱਚਾ ਦੇਵੇ ਪੀਣ ਖਾਣ, ਸੋਹੰ ਨਾਮ ਇਕ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਪੂਰਾ ਸਤਿਗੁਰ ਜਾਣਿਆ । ਪੂਰਾ ਸਤਿਗੁਰ ਹਾਜ਼ਰ ਹਜ਼ੂਰ । ਲਿਖਿਆ ਧੁਰ ਘਰ ਆਇਆ ਤੁਰ ਨਾ ਵਸੇ ਦੂਰ । ਚਰਨ ਪ੍ਰੀਤੀ ਜਾਏ ਜੁੜ, ਆਸਾ ਮਨਸਾ ਪ੍ਰਭ ਸਾਚਾ ਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਤਮ ਸਹਿੰਸਾ ਕਰੇ ਦੂਰ । ਸਤਿ ਸਤਵੰਤੀ ਘਰ ਰੱਖੇ ਵਾਸ । ਅੱਠੇ ਪਹਿਰ ਰਹੇ ਉਦਾਸ । ਕਰਦੀ ਰਹੇ ਆਪਣਾ ਵਾਸ । ਦਰ ਖਲੋਤੀ ਖਿੜ ਖਿੜ ਹੱਸੇ, ਨਾ ਆਵੇ ਗੁਰਸਿਖ ਤੇਰੇ ਪਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਚਰਨਾਂ ਹੇਠ ਝੱਸੇ, ਮਿਟੇ ਅੰਧੇਰ ਕਰੇ ਪ੍ਰਕਾਸ਼ ਕੋਟ ਰਵ ਸੱਸੇ । ਬ੍ਰਹਮੇ ਮਿਲੀ ਮਾਤ ਵਡਿਆਈ । ਸੁਰਸਤੀ ਨਾਰ ਜਿਸ ਉਪਾਈ । ਵਿਚੋਂ ਨਾਸਕਾਂ ਕੱਢ ਵਖਾਈ । ਲੈ ਕੇ ਬੀਨਾ ਬਾਹਰ ਆਈ । ਛੱਤੀ ਰਾਗ ਰਹੀ ਸੁਣਾਈ । ਨਾਰਦ ਸੁਤ ਆਪ ਉਪਜਾਈ । ਜੋਤੀ ਜੋਤ ਸਰੂਪ ਹਰਿ, ਕਵਣ ਜਾਣੇ ਤੇਰੀ ਵਡਿਆਈ । ਨਾਰਦ ਸੁਤ ਕਰ ਤਪ । ਇਕ ਜਪਾ ਸਾਚਾ ਜਪ । ਤਨ ਕਾਇਆ ਨਾ ਕੋਈ ਰਹੇ ਚੜ੍ਹਿਆ ਤਪ । ਜੋਤੀ ਜੋਤ ਸਰੂਪ ਹਰਿ, ਆਪ ਬੁਝਾਏ ਪ੍ਰਗਟ ਹੋਇਆ ਆਪੇ ਆਪ । ਨਾਰਦ ਹੋਏ ਜਗਤ ਅਨਾਦੀ । ਵੇਖੇ ਖੇਲ ਜਗਤ ਬ੍ਰਹਿਮਾਦੀ । ਜੁੜਿਆ ਰਹੇ ਜੋੜ ਮਾਧਵ ਮਾਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਗੁਰਮੁਖ ਆਤਮ ਜਾਏ ਸਾਧੀ । ਨਾਸ ਕੇਸ ਬਾਲ ਯਹ ਜਨਮਾ । ਅੱਠ ਵਰਸ਼ ਰਹੇ ਵਿਚ ਭਰਮਾ । ਆਪੇ ਜਾਣੇ ਆਪਣੇ ਕਰਮਾ । ਦੇਵੇ ਵਰ ਕਿਰਪਾ ਕਰ ਮਾਣ ਦਵਾਏ ਬ੍ਰਹਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਚਰਨ ਪ੍ਰੀਤੀ ਇਕ ਰਖਾਏ । ਸਤਿਜੁਗ ਤ੍ਰੇਤਾ ਖੇਲ ਅਪਾਰ । ਦਵਾਪਰ ਪ੍ਰਗਟ ਹੋਇਆ ਕ੍ਰਿਸ਼ਨ ਮੁਰਾਰ । ਗਊ ਗਰੀਬ ਨਿਮਾਣਿਆਂ ਪਾਵੇ ਸਾਰ । ਦੇਵੇ ਨਾਮ ਸੱਚਾ ਵੰਵ ਮੁਹਾਣਿਆਂ । ਬੇੜਾ ਕਰਦਾ ਜਾਏ ਪਾਰ । ਮਾਣ ਗਵਾਏ ਰਾਜੇ ਰਾਣਿਆਂ, ਹੰਕਾਰੀ ਦਰਯੋਧਨ ਮਾਰ । ਜੋਤੀ ਜੋਤ ਸਰੂਪ ਹਰਿ,

ਬਿਪਰ ਸੁਦਾਮੇ ਪਾਏ ਸਾਰ । ਬਿਪਰ ਸੁਦਾਮਾ ਵਡ ਕੰਗਾਲਾ । ਨਾ ਕੋਈ ਸੱਚਾ ਦਿਸੇ ਧੰਨ ਮਾਲਾ । ਫਸਿਆ ਵਿਚ ਜਗਤ ਜੰਜ਼ਾਲਾ । ਅੱਠੇ ਪਹਿਰ ਹੱਡੀਂ ਪਾਲਾ । ਨਾ ਕੋਈ ਨਿਕਲੇ ਸਾਹ ਸੁਖਾਲਾ । ਜੋਤੀ ਜੋਤ ਸਰੂਪ ਹਰਿ, ਸਾਚੇ ਭਗਤ ਝੂਠੀ ਮਾਇਆ ਤੇਰਾ ਕੱਢੇ ਆਪ ਦਵਾਲਾ । ਝੂਠੀ ਮਾਇਆ ਗਈ ਰੁਠ । ਦਰ ਘਰ ਸਾਚੇ ਭਗਤ ਵਸੇਰਾ, ਮਿਲੇ ਨਾ ਆਟਾ ਮੁੱਠ । ਪ੍ਰਭ ਅਬਿਨਾਸ਼ੀ ਖੇਲ ਰਚਾਇਆ, ਬਿਪਰ ਸਵਾਣੀ ਗਈ ਰੁਠ । ਸਾਚਾ ਮਿਹਣਾ ਸੀਨੇ ਲਾਇਆ, ਕ੍ਰਿਸ਼ਨ ਨਗੀਨੇ ਵਡ ਹਸੀਨੇ ਵਿਚ ਦਵਾਰਕਾ ਬੰਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਜਨ ਭਗਤ ਭਗਤ ਜਨ ਆਪੇ ਦਏ ਸੱਚੀ ਸਰਨਾਇਆ । ਬਿਪਰ ਸੁਦਾਮਾ ਕਰ ਵਿਚਾਰ । ਦਰ ਘਰ ਸਾਚੇ ਹੋ ਤਿਆਰ । ਵੱਜੇ ਸ਼ਬਦ ਤਮਾਚਾ ਹਰਿ ਹਿਰਦੇ ਰਾਚਾ ਚੜ੍ਹਿਆ ਨਾਮ ਖੁਮਾਰ । ਕਾਇਆ ਵੇਖੇ ਭਾਂਡਾ ਕਾਚਾ, ਹਰਿ ਜੀ ਦਿਸੇ ਸਾਚੋ ਸਾਚਾ, ਜਾਏ ਦਰ ਕ੍ਰਿਸ਼ਨ ਮੁਰਾਰ । ਜੋਤੀ ਜੋਤ ਸਰੂਪ ਹਰਿ, ਵਡ ਭੂਪ ਸਿੰਘ ਸਿੰਘਾਸਣ ਡੇਰਾ ਲਾਏ ਬੈਠਾ ਪੈਰ ਪਸਾਰ । ਸਿੰਘ ਸਿੰਘਾਸਣ ਹਰਿ ਆਪ ਬਿਰਾਜੇ । ਭਗਤਾਂ ਖੜੇ ਦਰ ਦਰਵਾਜੇ । ਦਰ ਦਰਬਾਨ ਅੱਗੇ ਆਇਆ, ਦੋਵੇਂ ਜੋੜ ਕਰੇ ਪੁਕਾਰ । ਗਰੀਬ ਨਿਮਾਣੇ ਭੁੱਖਾ ਬ੍ਰਹਿਮਣ ਇਕ ਤਸਾਇਆ, ਕ੍ਰਿਸ਼ਨ ਮੁਰਾਰੇ ਮਾਰੇ ਆਵਾਜ਼ੇ । ਬਿਪਰ ਸੁਦਾਮਾ ਨਾਂ ਸੁਣਾਇਆ । ਨੇਤਰ ਵੇਖਾ ਆਪੇ ਆਪ, ਜੋਤੀ ਜੋਤ ਸਰੂਪ ਹਰਿ, ਛੱਡ ਸਿੰਘਾਸਣ ਜਨ ਭਗਤਾਂ ਰੱਖਣ ਆਇਆ ਲਾਜੇ । ਆਇਆ ਚਲ ਭਗਤ ਦਵਾਰ । ਵਡ ਸਿੰਘਾਸਣ ਹਰਿ ਜੀ ਮੁਰਾਰ । ਦੋਏ ਜੋੜ ਕਰੇ ਨਿਮਸਕਾਰ । ਲਈ ਪਰਦਖਣਾ ਬਿਪਰ ਸੁਦਾਮਾ ਖੜਾ ਵਿਚਕਾਰ । ਆਪਣੀ ਗੋਦ ਉਠਾਇਆ ਹਰਿ ਦਇਆ ਕਮਾਇਆ, ਸਿੰਘ ਸਿੰਘਾਸਣ ਡੇਰਾ ਲਾਇਆ, ਦਿੱਤੀ ਪੈਜ ਸਵਾਰ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਜਨ ਭਗਤਾਂ ਸਾਚੇ ਸੰਤਾਂ ਕਰਦਾ ਆਇਆ ਸਚ ਪਿਆਰ । ਬਿਪਰ ਸੁਦਾਮੇ ਆਈ ਲਜ । ਬਹੁਤੇ ਕਰੇ ਅੱਜ ਪੱਜ । ਕਿਹੜਾ ਦੱਸੇ ਮੈਂ ਜਾਵਾਂ ਭੱਜ । ਦਰ ਦਰਬਾਰ ਸਾਚਾ ਲੱਗਾ ਕਵਣ ਦੇਵੇ ਪੜਦੇ ਕੱਜ । ਜੋਤੀ ਜੋਤ ਸਰੂਪ ਹਰਿ, ਅੱਗੇ ਹੋਏ ਖਲੋਤਾ ਬਿਪਰ ਸੁਦਾਮੇ ਦਰਸ਼ਨ ਕਰ ਲੈ ਰੱਜ । ਦਰਸ਼ਨ ਕਰ ਹਰਿ ਮੁਰਾਰ । ਲੱਥੇ ਤਨ ਦਲਿਦ੍ਰ ਭਾਰ । ਜੋਤੀ ਜੋਤ ਸਰੂਪ ਹਰਿ, ਆਤਮ ਵੇਖੇ ਵੇਖ ਵਿਚਾਰ । ਆਇਆ ਦਰ ਲੈ ਕੇ ਪੂਜਾ । ਰਖਿਆ ਭੇਵ ਆਤਮ ਗੂਝਾ । ਸਾਚੇ ਰਾਹ ਪ੍ਰਭ ਸਾਚੇ ਸੂਝਾ । ਜੋਤੀ ਜੋਤ ਸਰੂਪ ਹਰਿ, ਆਪ ਚੁਕਾਏ ਭੇਵ ਏਕਾ ਦੂਜਾ । ਕ੍ਰਿਸ਼ਨ ਮੁਰਾਰੀ ਰਿਹਾ ਬੋਲ । ਬਿਪਰ ਸੁਦਾਮੇ ਗੰਢੀ ਖੋਲ੍ਹ । ਕਿਹੜੀ ਵਸਤ ਤੂੰ ਰੱਖੀ ਕੋਲ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਭਗਤ ਜਨ ਆਪਣੀ ਗੋਦ ਉਠਾਏ ਕਰੇ ਚੋਲ੍ਹ । ਬਿਪਰ ਸੁਦਾਮਾ ਕੀ ਕਰੇ ਵਿਚਾਰਾ । ਪੱਲੇ ਨਾ ਕੋਈ ਦਾਮ, ਇਕੋ ਸੁੱਕਾ ਦਿਸੇ ਚਾਮ, ਦੂਜਾ ਪੀਣਾ ਨਾਮ ਜਾਮ, ਅੰਮ੍ਰਿਤ ਚਲੇ ਸਚ ਫੁਹਾਰਾ । ਚਾਰੋਂ ਕੁੰਟ ਦਿਸੇ ਰਾਮ ਘਨਈਆ ਸ਼ਾਮ । ਜੋਤ ਸਰੂਪੀ ਪਸਰ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਖੋਲ੍ਹੇ ਗੰਢ ਦੇਵੇ ਵੰਡ, ਪੱਲੇ ਬੰਨ੍ਹੇ ਜੋ ਤੰਦਲ ਭਾਰਾ । ਤੰਦਲ ਤਿਲ ਭਗਤ ਭਗਵਾਨ । ਦੋਏ ਗਏ ਮਿਲ, ਸ੍ਰਿਸ਼ਟ ਸਬਾਈ ਗਈ ਹਿੱਲ, ਸ਼ਬਦ ਤੀਰ ਚੜ੍ਹਿਆ ਚਿੱਲ, ਜੋਤੀ ਜੋਤ ਸਰੂਪ ਹਰਿ, ਇਕੋ ਨਾਮ ਸਾਚੀ ਮੇਖ ਲਗਾਏ ਧਰਤ ਮਾਤ ਤੇਰੇ ਵਿਚ ਕਿੱਲ । ਸਾਚੇ ਦਰ ਮੇਰੀ ਵਡਿਆਈ , ਮੁੜਿਆ ਘਰ ਚਾਈਂ ਚਾਈਂ । ਦੋਏ ਜੋੜ ਕਰੇ ਬੇਨੰਤੀ, ਏਕਾ ਅਰਜ਼ ਆਪ ਸੁਣਾਈ । ਕਿਰਪਾ ਕਰੀ ਅੰਤ ਭਗਵੰਤੀ, ਚਰਨ ਸੇਵਾ ਫੇਰ ਕਰਾਈ । ਘਰ ਵੇਖੇ ਮੇਰੀ ਨਾਰ ਸਤਵੰਤੀ, ਅੱਠੇ ਪਹਿਰ ਰਹੇ ਭੁੱਖੀ ਤਿਹਾਈ । ਟਿਕਾਣਾ ਮਿਲੇ ਨਾ ਜੀਵ ਜੰਤੀ, ਇਕੋ ਓਟ ਤੇਰੇ ਚਰਨ ਰਖਾਈ ।

ਜੋਤੀ ਜੋਤ ਸਰੂਪ ਹਰਿ, ਸਾਚਾ ਸੁਖਨ ਜਨ ਭਗਤਾਂ ਅੱਗੋਂ ਰਿਹਾ ਸੁਣਾਈ । ਜਨ ਭਗਤ ਹਰਿ ਦੁਲਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਕਲਜੁਗ ਵਰਤੇ ਵਿਚ ਸੰਸਾਰੇ । ਈਸਾ ਮੂਸਾ ਲਾਇਣ ਨਾਅਰੇ । ਸੰਗ ਮੁਹੰਮਦ ਚਾਰ ਯਾਰੇ । ਦਸ ਗੁਰ ਲਏ ਅਵਤਾਰੇ । ਚਾਰੋਂ ਕੁੰਟ ਕਰਨ ਪੁਕਾਰੇ । ਸ਼ਬਦ ਖੰਡਾ ਵਿਚ ਵਰਭੰਡਾ ਮਾਰੇ ਅਪਾਰੇ । ਕਲਜੁਗ ਜੀਵ ਕੋਈ ਨਾ ਜਾਣੇ, ਅੰਤਮ ਹੋਏ ਸਰਬ ਗਵਾਰੇ । ਨਿਹਕਲੰਕ ਨਰਾਇਣ ਨਰ ਕਲ ਕਲਗੀ ਅਵਤਾਰ ਚੌਥੇ ਜੁਗ ਜਾਮਾ ਧਾਰੇ । ਪ੍ਰਗਟ ਹੋ ਗੁਰ ਗੋਬਿੰਦ ਵਿਚ ਹਿੰਦ, ਕਰੇ ਖੇਲ ਅਪਰ ਅਪਾਰੇ । ਬੇਮੁਖ ਰੁੜ੍ਹਾਏ ਸਾਗਰ ਸਿੰਧ, ਵਹਾਏ ਵਹਿੰਦੀ ਧਾਰੇ । ਗੁਰਮੁਖ ਬਣਾਏ ਸਾਚੀ ਬਿੰਦ ਵਡ ਮਰਗਿੰਦ, ਬੇਮੁਖ ਕਰਨ ਨਿੰਦ, ਨਾ ਕੋਈ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਪਰ ਸੁਦਾਮੇ ਦਿਤਾ ਵਰ ਸਾਚੇ ਘਰ, ਦਵਾਪਰ ਤੇਰੀ ਅੰਤਮ ਵਾਰੇ । ਦਿਤਾ ਵਰ ਹਰਿ ਨਿਰੰਕਾਰ । ਬਿਪਰ ਸੁਦਾਮਾ ਦਿਤਾ ਤਾਰ । ਕਲਜੁਗ ਵਰਿਆ ਵਿਚ ਸੰਸਾਰ । ਪ੍ਰਗਟ ਹੋਇਆ ਹਰਿ ਨਿਰੰਕਾਰ । ਸੋਹੰ ਸ਼ਬਦ ਰਹੇ ਰਸਨ ਅਪਾਰ । ਆਤਮ ਲੱਥੇ ਤਨ ਅਫਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਫੜ ਫੜ ਬਾਹੋਂ ਜਾਏ ਤਾਰ । ਬਿਪਰ ਸੁਦਾਮੇ ਜਾਮਾ ਪਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਸਾਚਾ ਨਗਰ ਖੇੜਾ ਖੁਲ੍ਹਾ ਵਿਹੜਾ ਇਕ ਰਖਾਇਆ । ਚੌਥੇ ਜੁਗ ਦਿਤਾ ਗੇੜਾ, ਗੁਰਮੁਖ ਸਾਚਾ ਆਪ ਉਪਾਇਆ । ਮਾਤਲੋਕ ਮੁਕਾਏ ਝੂਠਾ ਝੇੜਾ, ਗੁਰਮੁਖਾਂ ਬੇੜਾ ਬੰਨ੍ਹ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਪਰ ਸੁਦਾਮੇ ਸਾਚੇ ਰਾਮੇ ਵਿਚ ਮਾਤ ਜਨਮ ਦਵਾਇਆ । ਮਾਤ ਜਨਮੇ ਮਿਟੇ ਭਰਮੇ ਵਡੇ ਹੋਏ ਕਰਮੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਇਆ, ਇਕ ਧਿਆਨ ਚਰਨ ਲਗਾਇਆ । ਨਾ ਜਨਮੇ ਨਾ ਮਰੇ, ਬਿਪਰ ਸੁਦਾਮੇ ਲੇਖ ਲਿਖਾਏ । ਦੂਜਾ ਜਾਮਾ ਮਾਤ ਦਵਾਏ । ਸਿੰਘ ਪ੍ਰੀਤਮ ਨਾਮ ਰਖਾਏ । ਸਿੰਘ ਪਾਲ ਤੇਰੀ ਰੱਖੇ ਲਾਜ, ਸੋਹੰ ਸ਼ਬਦ ਮਾਰ ਉਡਾਰ, ਦੂਤੀ ਦੁਸ਼ਟ ਜਾਇਣ ਭਾਗ, ਸ਼ਬਦ ਤੀਰ ਇਕ ਚਲਾਏ । ਸ਼ਬਦ ਸਰੂਪੀ ਰਿਹਾ ਗੱਜ, ਗੁਰਸਿਖ ਤੇਰੀ ਆਤਮ ਮਾਰੇ ਇਕ ਅਵਾਜ਼, ਸਾਚਾ ਡੇਰਾ ਆਪ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਇਆ ਦੇਸ ਮਾਝ, ਗੁਰਸਿਖਾਂ ਸਵਾਰੇ ਆਪ ਕਾਜ, ਨਿਹਕਲੰਕ ਨਰਾਇਣ ਆਪ ਆਪਣਾ ਕਾਜ ਸਵਾਰੇ । ਪ੍ਰੀਤਮ ਸਿੰਘ ਪ੍ਰੀਤ ਨਿਭਾਈਆ । ਬਿਪਰ ਸੁਦਾਮੇ ਸੇਵ ਕਮਾਈਆ । ਕਲਜੁਗ ਅੰਤ ਮਿਲੇ ਵਡਿਆਈਆ । ਚਾਰ ਕੁੰਟ ਹੋਏ ਰੁਸ਼ਨਾਈਆ । ਨਿਹਕਲੰਕ ਵਜਾ ਡੰਕ, ਸਿਰ ਆਪਣਾ ਹੱਥ ਰਖਾਈਆ । ਵੇਖੋ ਉਠ ਉਠ ਰਾਓ ਰੰਕ, ਚਾਰੋਂ ਕੁੰਟ ਦਏ ਦੁਹਾਈਆ । ਸ਼ਬਦ ਲਗਾਏ ਠਨਕ, ਦਿਨੋ ਦਿਨ ਕਰੇ ਦੂਣ ਸਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰਾ ਦੇਵੇ ਨਾ ਆਵੇ ਤੋਟ, ਅਤੁੱਟ ਭੰਡਾਰ ਵੰਡਣ ਆਈਆ । ਵਿਚ ਸੰਸਾਰਾ ਜਨ ਭਗਤਾਂ ਕਰੇ ਆਪ ਪਿਆਰਾ । ਦੇਂਦਾ ਜਾਏ ਵਾਰੋ ਵਾਰਾ । ਚਾਰੋਂ ਕੁੰਟ ਵੇਂਹਦਾ ਜਾਏ, ਲੱਖ ਚੁਰਾਸੀ ਪਾਵੇ ਸਾਰਾ । ਚਾਰੇ ਕੁੰਟ ਉਠ ਉਠ ਵੇਖੇ, ਨਿਹਕਲੰਕ ਨਰ ਅਵਤਾਰਾ । ਬੇਮੁਖਾਂ ਕੱਢੇ ਭਰਮ ਭੁਲੇਖੇ, ਜੋ ਜੀਵ ਹੋਏ ਹੰਕਾਰਾ । ਵੇਦ ਪੁਰਾਨ ਖਾਣੀ ਬਾਣੀ ਬੇਮੁਖਾਂ ਤੋੜੇ ਜਗਤ ਹੰਕਾਰਾ । ਬੰਨ੍ਹੇ ਸੀਸ ਸੱਚਾ ਦਸਤਾਰਾ । ਸੰਤ ਮਨੀ ਸਿੰਘ ਭਰਿਆ ਪਾਣੀ, ਨਿਹਕਲੰਕ ਛੱਡ ਦੇਹ ਦੂਜੀ ਵਾਰ ਬਣਿਆ ਹਾਣੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਰਿਹਾ ਸਵਾਰਾ । ਮਾਨਸ ਜਨਮ ਦਏ ਸਵਾਰ । ਮਨੀ ਸਿੰਘ ਜਨਮ ਦਵਾਇਆ ਸ਼ਬਦੀ ਧਾਰ । ਆਪਣੀ ਦੇਹ ਆਪ ਤਜਾਈ, ਘਨਕਪੁਰ ਦੇ ਵਿਚ ਜਲਾਈ । ਇਕ ਸਮਾਧ ਆਪ


੨੬੧ ੦੪

ਰਖਾਈ । ਜਗਤ ਵਿਵਾਦ ਸਰਬ ਮਿਟਾਈ । ਏਕਾ ਨਾਦ ਸ਼ਬਦ ਵਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣੇ ਲੋਕਾਈ । ਆਪਣੀ ਦੇਹ ਹਰਿ ਤਜਾ ਕੇ । ਬੇਮੁਖਾਂ ਤੋਂ ਮੁਖ ਛੁਪਾਇਆ, ਆਤਮ ਤ੍ਰਿਸ਼ਨਾ ਭੁੱਖ ਮਿਟਾਇਆ, ਗੁਰਸਿਖਾਂ ਏਕਾ ਸੁਖ ਵਖਾ ਕੇ । ਪ੍ਰਗਟ ਹੋਇਆ ਨਿਹਕਲੰਕ ਬਲੀ ਬਲਵਾਨ, ਜੋਤ ਸਰੂਪੀ ਜਾਮਾ ਪਾ ਕੇ । ਨਾ ਹੱਥ ਫੜੇ ਤੀਰ ਕਮਾਨ, ਚਲੇ ਇਕ ਰਸਨ ਕਟਾਰ, ਚਾਰੋਂ ਕੁੰਟ ਰਾਜੇ ਰਾਣੇ ਡਿੱਗਣ ਚਰਨੀ ਆ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਕੰਨ ਸੁਣਾਏ ਵਾਲੀ ਹਿੰਦ ਫੜ ਉਠਾ ਕੇ । ਵਾਲੀ ਹਿੰਦ ਉਠ ਹੋ ਤਿਆਰ । ਨਿਹਕਲੰਕ ਕਲ ਆਇਆ ਜਾਮਾ ਧਾਰ । ਦਿਲੀ ਤਖ਼ਤ ਸੁੱਤਾ ਪੈਰ ਪਸਾਰ । ਪ੍ਰਭ ਅਬਿਨਾਸ਼ੀ ਅੱਠੇ ਪਹਿਰ ਲਿਖਾਈ ਜਾਵੇ ਲਿਖਤ, ਸੰਤ ਮਨੀ ਸਿੰਘ ਬਣ ਲਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਡੇਰਾ ਲਾਇਆ, ਇਕ ਲਾਏ ਸੱਚਾ ਦਰਬਾਰ । ਇਕ ਲਾਏ ਸਚ ਦਰਬਾਰਾ । ਵਾਲੀ ਹਿੰਦ ਆਏ ਦਵਾਰਾ । ਨਿਹਕਲੰਕ ਬੈਠੇ ਚਰਨ ਦਵਾਰਾ । ਦੇਵੇ ਜੋਤ ਪ੍ਰਭ ਸ਼ਬਦ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਕਾਂ ਬੂਝ ਬੁਝਾਏ, ਚੌਥਾ ਘਰ ਫੇਰ ਵਖਾਏ ਜਿਥੇ ਵਸੇ ਹਰਿ ਨਿਰੰਕਾਰਾ । ਪੰਚਮ ਸ਼ਬਦ ਸਚ ਨਿਸ਼ਾਨ ਹੈ । ਦੇਵੇ ਕੰਤ ਇਕ ਭਗਵਾਨ ਹੈ । ਸੋਹੰ ਬਣਾਏ ਜਗਤ ਬਣਤ, ਆਦਿ ਅੰਤ ਵਿਚ ਜਹਾਨ ਹੈ । ਚਾਰੇ ਬਣੇ ਸੱਚੇ ਯਾਰ, ਚਾਰ ਕੁੰਟ ਖੜੇ ਰਹਿਣ ਦਰ ਦਰਬਾਨ ਹੈ । ਜੋਤੀ ਜੋਤ ਸਰੂਪ ਹਰਿ, ਪੰਜਵੇਂ ਦੇਵੇ ਏਕਾ ਵਰ, ਸਭਨਾਂ ਉਪਰ ਰੱਖੇ ਬਲੀ ਬਲਵਾਨ ਹੈ । ਪੰਜਵਾਂ ਇਕ ਚੋਟ ਨਗਾਰਾ । ਚਲਦੀ ਰਹੇ ਸ਼ਬਦ ਧਾਰਾ । ਡਿਗਦੀ ਰਹੇ ਕਵਲ ਮਝਾਰਾ । ਉਲਟੇ ਨਾਭੀ ਕਵਲ ਖਿਲੇ ਗੁਲਜ਼ਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਖੋਲ੍ਹੇ ਦਸਮ ਦਵਾਰਾ । ਪ੍ਰਭ ਅਬਿਨਾਸ਼ੀ ਦਇਆ ਕਮਾਈ ਜਾਂਦਾ । ਹੱਥ ਆਪਣੇ ਛਤਰ ਉਠਾਈ ਜਾਂਦਾ । ਗੁਰਮੁਖਾਂ ਸਿਰ ਝੁਲਾਈ ਜਾਂਦਾ । ਸਾਚੀ ਜੋਤ ਵਿਚ ਟਿਕਾਈ ਜਾਂਦਾ । ਮਹਿੰਮਾ ਹਰਿ ਅਗਣਤ, ਗੁਰਮੁੱਖ ਸਾਚੇ ਸਾਚਾ ਭੇਵ ਖੁਲ੍ਹਾਈ ਜਾਂਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਥਾਂ ਦੋਹਾਂ ਧਿਰਾਂ ਮੇਲ ਮਿਲਾਈ ਜਾਂਦਾ । ਸਾਚਾ ਹਰਿ ਸਾਚਾ ਘਰ ਸਾਚਾ ਦੇਵੇ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸਾਚਾ ਮਾਣ ਦਵਾਏ ਦਇਆ ਕਮਾਏ, ਆਪਣੀ ਹੱਥੀਂ ਸੀਸ ਛਤਰ ਝੁਲਾਈ ਜਾਂਦਾ । ਛਤਰ ਸੀਸ ਹਰਿ ਜਗਦੀਸ਼ । ਭੇਵ ਖੁਲ੍ਹਾਏ ਭਿੰਨੜੀ ਰੈਣ ਬੀਸ ਇਕੀਸ । ਸਾਚੇ ਲੇਖ ਲਿਖਾਏ, ਕੋਈ ਨਾ ਕਰੇ ਪ੍ਰਭ ਸਾਚੇ ਦੀ ਰੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਜਨ ਜਪੋ ਸ਼ਬਦ ਸਾਚਾ ਏਕਾ ਦੱਸੇ ਸ਼ਰਅ ਸ਼ਰਾਇਤ, ਨਾ ਕੋਈ ਪੜ੍ਹਾਏ ਦੂਜੀ ਹਦੀਸ । ਨਾ ਕੋਈ ਪੜ੍ਹਾਏ ਹੋਰ ਹਦੀਸਾ । ਮੇਟ ਮਿਟਾਏ ਮੂਸਾ ਈਸਾ । ਰੱਖੇ ਲਾਜ ਗੁਰਸਿਖ ਤੇਰੇ ਕੇਸਾਂ ਸੀਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਜੋਤ ਜਗਾਏ, ਆਪਣਾ ਡੰਕ ਸੱਚੋ ਸਚ ਵਜਾਏ ਸ੍ਰੀ ਹਰਿ ਨਰ ਗੁਰ ਦਸਮੇਸਾ । ਗੁਰ ਦਸਮੇਸ ਜੋਤ ਅਕਾਲੀ । ਪ੍ਰਗਟ ਹੋ ਕਰੇ ਰਖਵਾਲੀ । ਗੁਰਮੁਖਾਂ ਬਣੇ ਸਾਚਾ ਪਾਲੀ ਵਿਚ ਮਾਤ ਪਤਾਲੀ । ਕਲਜੁਗ ਵੇਲਾ ਅੰਤਮ ਨੇੜੇ ਆਇਆ, ਨਗਰ ਖੇੜਾ ਢਾਹਵਣ ਆਇਆ, ਫੁੱਲ ਝਾੜੇ ਬੇਮੁਖਾਂ ਲੱਗੇ ਪੱਤ ਡਾਲੀ । ਪੱਤ ਡਾਲ ਜਾਏ ਝੜ । ਖਾਲੀ ਦਿਸਣ ਸਾਰੇ ਧੜ । ਸ਼ਬਦ ਉਠਾਏ ਮਗਰ ਲਗਾਏ ਇਕ ਵਹਾਏ ਆਪਣਾ ਹੜ । ਬੇਮੁਖ ਜੀਵ ਸਰਬ ਰੁੜ੍ਹਾਏ, ਲਾੜੀ ਮੌਤ ਤੇਰੇ ਅੱਗੇ ਲਾਏ, ਧਰਮ ਰਾਏ ਦਰ ਜਾਣ ਵੜ । ਗੁਰਮੁਖ ਸਾਚੇ ਚਰਨ ਬਹਾਏ ਅੰਤਮ ਵੇਲੇ

ਬਾਹੋਂ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਖੰਡਾ ਹੱਥ ਫੜਾਇਆ, ਪੰਜਾਂ ਚੋਰਾਂ ਨਾਲ ਰਹੇ ਲੜ । ਸੰਤ ਜਨਾਂ ਹੋਏ ਸਹਾਈ । ਪੰਜਾਂ ਚੋਰਾਂ ਦਏ ਸਜਾਈ । ਅੰਦਰ ਬੈਠੇ ਹਾਹਾਕਾਰ ਪੁਕਾਰਨ, ਨਾ ਸਕੇ ਕੋਈ ਛੁਡਾਈ । ਬੇਮੁਖਾਂ ਨੂੰ ਵਾਜਾਂ ਮਾਰਨ, ਜਨ ਸੰਤਾਂ ਰਹਿਣ ਸਰਨਾਈ । ਕਾਮ ਕਰੋਧ ਹੰਕਾਰ ਲੋਭ ਮੋਹ ਬੇਮੁਖਾਂ ਨਾਲ ਪ੍ਰਨਾਈ । ਗੁਰਸਿਖ ਤੇਰੀ ਆਤਮ ਸਾਚੀ ਜੋਤ ਕਰੇ ਰੁਸ਼ਨਾਈ । ਪੰਜਾਂ ਚੋਰਾਂ ਆਵੇ ਡਰ, ਮੌਤ ਦੇਵੇ ਹਰ । ਸਾਚਾ ਧਰਮ ਨਾ ਛੱਡੀਂ, ਜਾਣਾ ਸਾਚੇ ਘਰ । ਚੁਕਾਈ ਜਾਏ ਹਰਿ ਸਾਚਾ ਜਮ ਕੀ ਕਾਨ, ਏਕਾ ਨਾਮ ਵੱਖ ਕਰ । ਗੁਰਮੁਖ ਸਾਚਾ ਆਪ ਪਛਾਣੇ, ਲੱਖਾਂ ਤਾਈਂ ਕੱਖ ਕਰ । ਸਤਿਜੁਗ ਸਾਚੇ ਤੇਰਾ ਚਿੱਟਾ ਚੋਲਾ, ਪ੍ਰਭ ਆਪਣੇ ਹੱਥ ਰਖਾਇੰਦਾ । ਕਲਜੁਗ ਤੇਰਾ ਵਿਆਹਵਣ ਆਇਆ ਅੰਤਮ ਬੋਲਾ, ਸ਼ਬਦ ਘੋੜ ਚੜ੍ਹਾਇੰਦਾ । ਸੋਹੰ ਸੁਣਾਏ ਸੱਚਾ ਢੋਲਾ, ਗੁਰ ਸੰਗਤ ਸੰਗ ਰਲਾਇੰਦਾ । ਸੰਤ ਮਨੀ ਸਿੰਘ ਹਰਿ ਪੜਦਾ ਖੋਲ੍ਹਾ, ਲਹਿਣਾ ਦੇਣ ਚੁਕਾਇੰਦਾ । ਕੀਆ ਭੇਟ ਪ੍ਰਭ ਸਾਚੇ ਅੱਗੇ ਚੋਲਾ, ਹਰਿ ਸਾਚਾ ਤਨ ਛੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਰੀ ਆਪਣੀ ਬਣਤ ਆਪ ਬਣਾਇੰਦਾ । ਆਪ ਬਣਾਏ ਸੱਚਾ ਸਿਕਦਾਰ । ਕਰੇ ਨਿਆਉਂ ਧਰਮ ਦਰਬਾਰ । ਸੋਹੰ ਸ਼ਬਦ ਰੱਖੇ ਠੰਡੀ ਛਾਉਂ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਰਨ ਆਇਆ ਸੱਚਾ ਇਕ ਵਿਹਾਰ । ਸੰਤ ਮਨੀ ਸਿੰਘ ਸਚ ਦਰਬਾਰੀ । ਦੇਵੇ ਨਾਮ ਸ਼ਬਦ ਉਡਾਰੀ । ਨਿਹਕਲੰਕ ਹੋਇਆ ਪਹਿਰੇਦਾਰੀ । ਸ੍ਰਿਸ਼ਟ ਸਬਾਈ ਕਰੀ ਜਾਏ ਖ਼ਬਰਦਾਰੀ । ਗੁਰਮੁਖ ਸਾਚੇ ਤਾਰੀ ਜਾਵੇ ਵਾਰੋ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਇਕ ਸਰਨ ਰਖਾਏ, ਸਤਿਜੁਗ ਸਾਚਾ ਮਾਰਗ ਲਾਏ, ਨਾ ਕੋਈ ਜੰਮੇ ਪੁੱਤ ਧੀ ਕਵਾਰੀ । ਸੱਚਾ ਮਾਰਗ ਹਰਿ ਪ੍ਰਭ ਲਾਣਾ । ਅਠਾਰਾਂ ਬਰਨਾਂ ਭੇਵ ਚੁਕਾਣਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਅਖਵਾਣਾ । ਗੈਲ ਗੁੰਡ ਦੋਵੇਂ ਅੰਤ ਮੇਟ ਮਿਟਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੱਸੇ ਸਚ ਟਿਕਾਣਾ । ਚਾਰ ਵਰਨ ਸਚ ਦਵਾਰੇ । ਸਤਿਜੁਗ ਸਾਚੀ ਬੱਝੇ ਧਾਰੇ । ਸੰਤ ਮਨੀ ਸਿੰਘ ਤੇਰੇ ਸੋਹਣ ਬੰਕ ਦਵਾਰੇ । ਪ੍ਰਭ ਅਬਿਨਾਸ਼ੀ ਕਰ ਕਰ ਵੇਸ, ਧਰ ਧਰ ਭੇਸ ਦਰ ਦਰ ਘਰ ਘਰ ਵਾਜਾਂ ਮਾਰੇ । ਖੁਲ੍ਹੇ ਰੱਖੇ ਹਰਿ ਜੀ ਕੇਸ, ਦਰ ਦਰਵੇਸ਼ ਕਰੇ ਭੇਖ ਅਪਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟਾ ਬਾਣਾ ਤਨ ਛੁਹਾਇਆ, ਸੰਤ ਮਨੀ ਸਿੰਘ ਮਾਣ ਦਵਾਇਆ, ਸਤਿਜੁਗ ਸਾਚੇ ਰੂਪ ਵਟਾਇਆ । ਸਚ ਦਵਾਰੇ ਦੇਵੇ ਮਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਚਤੁਰ ਸੁਜਾਨ । ਭੇਟ ਚੜ੍ਹਾਇਆ ਚਿੱਟਾ ਦੁੱਪਟਾ । ਬੇਮੁਖਾਂ ਸਿਰ ਪਾਏ ਘੱਟਾ । ਗੁਰਮੁਖਾਂ ਸਾਚਾ ਲਾਹਾ ਖਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਤਮ ਜੋਤ ਜਗਾਏ ਜਗੇ ਲਟ ਲਟਾ । ਚਿੱਟਾ ਦੁਪੱਟਾ ਸਾਚੀ ਚੁੰਨੀ । ਕਲਜੁਗ ਦੀ ਜਿਸ ਚੋਟੀ ਮੁੰਨੀ । ਪ੍ਰਭ ਅਬਿਨਾਸ਼ੀ ਆਪਣਾ ਖੇਲ ਆਪ ਰਚਾਏ, ਬੇਮੁਖ ਚਾਰੋਂ ਕੁੰਟ ਜਾਏ ਭੁੰਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜਨ ਭਗਤਾਂ ਪੁਕਾਰ ਆਪੇ ਸੁਣੀ । ਸੁਣੇ ਪੁਕਾਰ ਭਗਤ ਪਿਆਰਾ । ਜਾਮਾ ਧਾਰ ਹਰਿ ਅਵਤਾਰਾ । ਨਿਹਕਲੰਕ ਨਰਾਇਣ ਨਰ ਸਤਿਜੁਗ ਸਾਚੀ ਬੰਨ੍ਹੇ ਧਾਰਾ । ਦਰਸ ਪੇਖੇ ਜੋ ਜਨ ਨੈਣ, ਮਨ ਤਨ ਉਤਰੇ ਅਫਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਪਿਆਏ ਪੰਜਵੇਂ ਛੇਵੀਂ ਰੈਣ ਦੋਵੇਂ ਇਕ ਥਾਂ ਬਹਾਏ । ਪੰਜ ਛੇ ਹੋ ਇਕੱਠੇ । ਆਪ ਗਿੜਾਏ ਉਲਟੀ ਲੱਠੇ । ਕਲਜੁਗ ਤੇਰੇ ਤਪੇ ਭੱਠੇ । ਪ੍ਰਭ ਅਬਿਨਾਸ਼ੀ


੨੬੩ ੦੪

ਰੈਣ ਸਬਾਈ ਅਗਨੀ ਡਾਹੇ ਮੱਠੇ ਮੱਠੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੈਣ ਭਿੰਨੜੀ ਸਾਚੀ ਆਵੇ, ਛੇਵਾਂ ਰੂਪ ਹਰਿ ਵਟਾਵੇ, ਗੁਰ ਸੰਗਤ ਕਰੀ ਦਰ ਇਕੱਠੇ । ਅੱਧੀ ਰਾਤ ਰੈਣ ਵਿਹਾਵੇ । ਪ੍ਰਭ ਅਬਿਨਾਸ਼ੀ ਦਇਆ ਕਮਾਵੇ । ਚਰਨ ਧੂੜ ਘੋਲ ਗੁਰਮੁਖਾਂ ਦੇ ਮੁਖ ਚੁਆਵੇ । ਆਪੇ ਵਸੇ ਆਤਮ ਕੋਲ, ਦੂਰ ਦੁਰਾਡਾ ਨਾ ਡੇਰਾ ਲਾਵੇ । ਆਤਮ ਪਰਦੇ ਦੇਵੇ ਖੋਲ੍ਹ, ਤਿੰਨ ਸੌ ਸੱਠ ਹਾਡੀ ਡਾਢਾ ਜੋੜ ਜੁੜਾਵੇ । ਜਗਤ ਵਾੜੀ ਆਪਣੇ ਹੱਥੀਂ ਵੱਢ ਵੱਢ, ਧਰਮ ਰਾਏ ਤੇਰੇ ਦਰ ਘਰ ਬਣ ਬਣ ਗਾਡੀ ਆਪ ਪੁਚਾਵੇ । ਬਣੇ ਗਾਡੀ ਹਰਿ ਨਿਰੰਕਾਰੀ । ਧਰੇ ਵਾਢੀ ਵਿਚ ਸੰਸਾਰ, ਨਾ ਕੋਈ ਮਾਣ ਤਾਣ ਰਖਾਏ ਘਰ ਘਰ ਰੋਵੇ ਨਰ ਨਾਰ, ਬੇਮੁਖਾਂ ਮਾਤ ਲੋਕ ਵਿਚੋਂ ਜਾਏ ਬਾਹਰ ਕਾਢੀ । ਫੜਿਆ ਹੱਥ ਖੰਡਾ ਦੋ ਧਾਰ, ਪੁਰੀਆਂ ਲੋਆਂ ਕਰ ਅਕਾਰ, ਪੁਰੀਆਂ ਲੋਆਂ ਪਾਏ ਸਾਰ, ਬ੍ਰਹਮਾ ਬ੍ਰਹਮਲੋਕ ਵਿਚੋਂ ਹੋ ਜਾਏ ਬਾਹਰ, ਸਿੰਘ ਪਾਲ ਉਠ ਦੁਲਾਰੇ ਪ੍ਰਭ ਅਬਿਨਾਸ਼ੀ ਦੇਵੇ ਇਕ ਸੱਚੀ ਸਰਦਾਰੀ । ਸੱਚੀ ਕਰ ਹਰਿ ਚਰਨ ਨਿਮਸਕਾਰੀ । ਆਪੇ ਹੋਵੇ ਪਹਿਰੇਦਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਵਜਾਏ ਡੰਕ, ਤਿੰਨਾਂ ਲੋਕਾਂ ਕਰਾਏ ਹਾਹਾਕਾਰੀ । ਹਾਹਾਕਾਰ ਜਗਤ ਬਿਲਲਾਇਆ । ਸ਼ਬਦ ਖੰਡਾ ਦੋ ਧਾਰ, ਹਰਿ ਕਰਤਾਰ ਪੰਚਮ ਜੇਠ ਆਪਣੇ ਹੱਥ ਉਠਾਇਆ । ਸੰਤ ਮਨੀ ਸਿੰਘ ਤੇਰੀ ਲੇਖ ਲਿਖਤ ਅਪਾਰ, ਵਿਚ ਦਿੱਲੀ ਬੈਠ ਤਿੰਨ ਸਾਲ ਕਲਮ ਚਲਾਇਆ । ਰਾਣੇ ਸੰਗਰੂਰ ਤੇਰਾ ਕਰਮ ਵਿਚਾਰ, ਸਾਚੀ ਸੇਵ ਕਮਾਇਆ । ਪ੍ਰਭ ਅਬਿਨਾਸ਼ੀ ਪਾਵੇ ਸਾਰ, ਰਾਜੇ ਰਾਣੇ ਫੜ ਫੜ ਮੂੰਹ ਦੇ ਭਾਰ ਸੁਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਝੰਡਾ ਉਚ ਨੀਚ, ਦੂਸਰ ਕੋਇ ਨਾ ਸੀਸ ਝੁਲਾਇਆ । ਸਚ ਦਰਬਾਰ ਹਰਿ ਨਿਰੰਕਾਰ । ਕੂੜ ਕੁੜਿਆਵੇ ਕਲਜੁਗ ਜੀਵ ਰਿਹਾ ਵਿਚਾਰ । ਬੇਮੁਖ ਬੰਨ੍ਹਣ ਝੂਠੇ ਦਾਅਵੇ, ਅੰਤਮ ਵੇਲੇ ਬਾਜ਼ੀ ਜਾਣ ਹਾਰ । ਨਾ ਕੋਈ ਛੁਡਾਵੇ ਪਿਤਾ ਮਾਂਵੇ, ਝੂਠੇ ਕਰਨ ਜਗਤ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ, ਮਦਿਰਾ ਮਾਸ ਜੋ ਰਸਨਾ ਲਾਏ, ਗੁਰ ਦਰ ਅੱਗੇ ਨਾ ਤਜਾਏ, ਬੇਮੁਖਾਂ ਵਿਚ ਨਾਂ ਰਖਾਏ, ਦਰ ਘਰ ਸਾਚੇ ਵਿਚੋਂ ਹੋ ਜਾਏ ਬਾਹਰ । ਮਦਿਰਾ ਮਾਸ ਜਿਸ ਰਸਨਾ ਲਾਉਣਾ । ਬੇਮੁਖ ਜੀਵ ਕਲਜੁਗ ਵੇਲੇ ਅੰਤ ਨਾ ਕਿਸੇ ਛੁਡਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਤਰ ਲੈਣਾ ਪੇਖ, ਔਲੀਆ ਪੀਰ ਸ਼ੇਖ਼ ਜਿਸ ਮਿਟਾਉਣਾ । ਬੇਮੁਖ ਜੀਵ ਜਗਤ ਕੰਗਾਲ । ਕਲਜੁਗ ਅੰਤਮ ਹੋਏ ਬੇਹਾਲ । ਆਤਮ ਰੁਲਿਆ ਅਨਮੁਲੜਾ ਲਾਲ । ਪ੍ਰਭ ਅਬਿਨਾਸ਼ੀ ਭੁੱਲਿਆ, ਫਲ ਨਾ ਲੱਗੇ ਕਾਇਆ ਡਾਲ । ਗੁਰਮੁਖ ਵਿਰਲਾ ਪੂਰੇ ਤੋਲ ਤੁਲਿਆ, ਪ੍ਰਭ ਤਾਰੇ ਬਿਰਧ ਜਵਾਨ ਬਾਲ । ਸਚ ਭੰਡਾਰਾ ਪ੍ਰਭ ਸਾਚੇ ਦਾ ਸਾਚਾ ਖੁਲ੍ਹਿਆ, ਗੁਰਮੁਖਾਂ ਰਿਹਾ ਸੁਰਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਣ ਆਇਆ ਜੋਤ ਸਰੂਪੀ ਬਣ ਕੇ ਕਾਲ । ਕਾਲ ਰੂਪ ਹਰਿ ਕਾਲਾ ਵੇਸ । ਪ੍ਰਗਟ ਜੋਤ ਕਰੇ ਹਰਿ ਮਾਝੇ ਦੇਸ । ਭੁੱਲੇ ਰਹੇ ਨਰ ਨਰੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰਾ ਲੇਖਾ ਆਣ ਚੁਕਾਇਆ, ਨਾ ਕੋਈ ਰੱਖਿਆ ਭਰਮ ਭੁਲੇਖ । ਲਾਲ ਰੰਗ ਹਰਿ ਵਟਾਇਆ । ਧਰਤ ਮਾਤ ਦਏ ਦੁਹਾਇਆ । ਕਲਜੁਗ ਹੋਏ ਅੰਧੇਰੀ ਰਾਤ, ਪਾਪ ਵਧਿਆ ਦੂਣ ਸਵਾਇਆ । ਮਾਰ ਮਾਤ ਹਰਿ ਸਾਚੇ ਝਾਤ, ਬੇਮੁਖਾਂ ਮੇਰੇ ਉਪਰ ਪੜਦਾ ਪਾਇਆ । ਕਿਉਂ ਬੈਠਾ ਇਕ ਇਕਾਂਤ, ਸੰਝ ਸਵੇਰ ਕਿਸੇ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰ ਲਾਲ ਚੀਰਾ ਸਿਰ ਬੰਧਾਇਆ । ਬੰਨ੍ਹੇ ਸਿਰ ਲਾਲ ਚੀਰਾ । ਭੈਣਾਂ ਮਿਲੇ ਨਾ ਕਿਸੇ ਵੀਰਾ । ਪ੍ਰਭ ਅਬਿਨਾਸ਼ੀ

ਪੰਚਮ ਜੇਠ ਚਲਾਏ ਇਕੋ ਤੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ ਮੇਟ ਮਿਟਾਏ ਪੀਰ ਫਕੀਰਾ । ਪੀਰ ਫਕੀਰ ਸਖੀ ਸੁਲਤਾਨ । ਮਿਟਦੇ ਜਾਣ ਵਿਚ ਜਹਾਨ । ਡੁਬਦੀ ਜਾਏ ਨਾਲ ਕੁਰਾਨ । ਮਾਰੇ ਫੜ ਫੜ ਬੇਈਮਾਨ । ਸਾਚਾ ਝੁਲੇ ਇਕ ਨਿਸ਼ਾਨ । ਪ੍ਰਭ ਅਬਿਨਾਸ਼ੀ ਸਾਚੇ ਦਰ ਦਵਾਰੇ ਗਿਆ ਖੜ, ਧਰਤ ਮਾਤ ਝੁੱਲੇ ਲਾਲ ਅੰਧੇਰੀ ਹੋਏ ਸੁੰਞ ਮਸਾਣ । ਲਹੂ ਮਿਝ ਘਾਣ ਸਾਚਾ ਵਿਚ ਮਾਤ ਦੇ ਦਿਸੇ, ਪ੍ਰਗਟੇ ਜੋਤ ਸਿੰਘ ਸਿੰਘਾਸਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਚੋਲਾ ਤਨ ਛੁਹਾਇਆ । ਕਲਜੁਗ ਤੇਰਾ ਡੋਲਾ ਪ੍ਰਭ ਰੰਗ ਰੰਗਾਇਆ । ਵਿਚ ਸੁਹਾਇਆ ਹਰਿ ਭੋਲਾ ਭਾਲਾ, ਦਿਸ ਕਿਸੇ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸ਼ਬਦ ਗੋਲਾ ਨਾਲ ਲਿਆਇਆ । ਸ਼ਬਦ ਤਾਲ ਕਾਲ ਸਾਚਾ ਵੱਜੇ । ਕਲਜੁਗ ਜੀਵ ਲਾਉਂਦੇ ਪੱਜੇ । ਅੰਤਮ ਵੇਲਾ ਧਰਤ ਮਾਤ ਤੇਰੇ ਪੜਦੇ ਹਰਿ ਜੀ ਕੱਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਉਠ ਉਠ ਵੇਖੇ ਸੱਜੇ ਖੱਬੇ । ਸੱਜੇ ਖੱਬੇ ਹਰਿ ਭਗਵਾਨ । ਚਾਰੇ ਕੁੰਟਾਂ ਹਰਿ ਵਖਾਨ । ਲਾਲ ਬਾਣਾ ਧਰੇ ਸ੍ਰੀ ਭਗਵਾਨ । ਕਲਜੁਗ ਜੀਵ ਫੇਰ ਪਛਤਾਨ । ਧਰਤ ਮਾਤ ਤੇਰੀ ਸਚ ਤਲਾਈ, ਪ੍ਰਭ ਅਬਿਨਾਸ਼ੀ ਚੋਲੀ ਪਾਈ, ਬੇਮੁਖਾਂ ਤਨ ਵਿਚ ਖ਼ਾਕ ਰੁਲਾਈ, ਗੁਰਮੁਖਾਂ ਆਇਆ ਗੋਦ ਉਠਾਨ । ਲਾਲ ਰੰਗ ਲਾਲ ਅਨਮੁਲੜਾ । ਗੁਰਸਿਖ ਰਖਾਇਆ ਇਕ ਇਕੱਲੜਾ । ਆਪ ਫੜਾਇਆ ਆਪਣਾ ਪੱਲੜਾ । ਸਚ ਦਵਾਰਾ ਏਕਾ ਮੱਲੜਾ । ਸਿੰਘ ਮਨਜੀਤ ਅੱਗੇ ਲਾਇਆ, ਕਰੋੜ ਤੇਤੀਸ ਸਰਨ ਬਹਾਇਆ, ਦਰ ਦਰਬਾਰੇ ਦੇਣ ਦੁਹਾਇਆ, ਦੇਵੀ ਦੇਵਤ ਸਰਬ ਪੁਕਾਰੇ, ਗੁਰਮੁਖਾਂ ਕਰੇ ਭਾਰਾ ਪਲੜਾ । ਸਾਚੀ ਚੋਲੀ ਹਰਿ ਜੀ ਰੰਗੀ । ਆਪ ਮਿਟਾਏ ਸ਼ਾਹ ਫਰੰਗੀ । ਚਾਰੇ ਕੁੰਟ ਉਠ ਉਠ ਵੇਖੇ, ਕਿਹੜੀ ਕੂਟ ਦਿਸੇ ਨੰਗੀ । ਸਾਚਾ ਬਾਣਾ ਹਰਿ ਜੀ ਤਨ ਛੁਹਾਇਆ, ਪੰਚਮ ਜੇਠ ਵਡ ਵਡਭਾਗੀ । ਲੇਖ ਲਿਖਤ ਲਿਖਾਏ ਕਲਜੁਗ ਅੰਤਮ ਪਾਏ ਵੰਡਾ ਨਰ ਅਵਤਾਰੇ । ਬੇਮੁਖਾਂ ਵੱਢੇ ਕੰਡਾਂ, ਕਰੇ ਖੰਡ ਖੰਡਾ, ਨਾ ਦੇਵੇ ਕੋਈ ਸਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਲਾਲ ਰੰਗਾਇਆ । ਗੁਰਸਿਖ ਸਾਚਾ ਲਾਲ ਅਨਮੁਲੜਾ ਲਪੇਟ ਵਖਾਇਆ । ਪੂਰੇ ਤੋਲ ਜੋ ਜਨ ਤੁਲੜਾ, ਪੰਚਮ ਜੇਠ ਛਾਇਆ ਹੇਠ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਲ ਰੰਗਣ ਇਕ ਚੜ੍ਹਾਇਆ । ਨਾ ਕੋਈ ਮੁੱਲਾ ਨਾ ਕੋਈ ਸ਼ੇਖ਼ ਸ਼ਿਖ਼ਾਨਾ । ਨਾ ਕੋਈ ਜਾਣੇ ਸ਼ਾਹ ਸੁਲਤਾਨਾ । ਇਕੋ ਜੋਤ ਸ੍ਰੀ ਭਗਵਾਨਾ । ਗਿਆਨ ਧਿਆਨ ਨਾ ਕੋਈ ਵਿਚਾਰੇ । ਚਰਨ ਧੂੜ ਨਾ ਪਾਵੇ ਸਾਰੇ । ਗੁਰ ਕੀ ਬਾਣੀ ਜਮ ਕੀ ਖਾਣੀ ਨਾ ਕੋਈ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਸਭ ਨੂੰ ਦਿੱਤੀ ਆਣੀ, ਨਾ ਕੋਈ ਪਾਵੇ ਸਾਰੇ । ਆਣਾ ਜਾਣਾ ਪੀਣਾ ਖਾਣਾ ਕਲਜੁਗ ਮੁੱਕ ਜਾਣ । ਹਰੇ ਫੁੱਲ ਸਰਬ ਸੁੱਕ ਜਾਣ । ਘੜੀ ਘੜੀ ਪਲ ਪਲ ਕਰੇ ਖੇਲ ਆਪ ਭਗਵਾਨ । ਆਪ ਕਰਾਏ ਜਲ ਥਲ ਥਲ ਜਲ, ਜੰਗਲ ਪਹਾੜ ਸਰਬ ਮਿਟ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਤੇਰਾ ਸਚ ਨਿਸ਼ਾਨ, ਗੁਰਮੁਖ ਵਿਰਲੇ ਸੰਤ ਜਨ ਜਗਤ ਰਹਿ ਜਾਣ । ਲਾਲ ਰੰਗ ਗੁਰ ਸੰਗਤ ਜੇਠੂਵਾਲ । ਹਰਿ ਵਸੇ ਅੰਗ ਸੰਗ, ਅੱਠੇ ਪਹਿਰ ਰਿਹਾ ਸੁਰਤ ਸੰਭਾਲ । ਆਤਮ ਕਸੀ ਰੱਖੇ ਤੰਗ, ਨਾ ਹੋਣ ਕਦੇ ਨੰਗ, ਦੇਵੇ ਮਾਲ ਸੱਚਾ ਧਨ, ਬੇੜਾ ਜਾਏ ਬੰਨ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫ਼ਲ ਲਗਾਏ ਸਾਚੇ ਡਾਲ । ਫੁਲਨਾ ਫੁਲਨਾ, ਵਿਚ ਮਾਤ ਫੁਲਨਾ । ਪੂਰਾ ਕੰਡਾ ਸਾਚਾ ਡੰਡਾ, ਨਿਹਕਲੰਕ ਪਾਏ ਵੰਡਾ, ਸਾਚੇ ਤੋਲ ਤੁਲਨਾ । ਤੋੜੇ ਆਤਮ ਸਰਬ

ਘਮੰਡਾ, ਚਰਨ ਪ੍ਰੀਤੀ ਘੋਲ ਘੁਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ ਸਤਿਜੁਗ ਸਾਚੇ ਸਤਿ ਦਵਾਰਾ ਏਕੋ ਖੁਲ੍ਹਣਾ । ਇਕ ਦਵਾਰਾ ਜਾਏ ਖੁਲ੍ਹ । ਕੋਈ ਨਾ ਲਾਏ ਹਰਿ ਜੀ ਮੁੱਲ । ਦੇਵੇ ਮਾਣ ਜੋ ਦਰ ਆਏ ਭੁੱਲ । ਅੰਮ੍ਰਿਤ ਸਾਚਾ ਸੀਰ ਪਿਆਏ, ਭਾਗ ਲਗਾਏ ਆਪਣੀ ਕੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਕਮਾਏ, ਚਰਨ ਪ੍ਰੀਤੀ ਦੱਸੇ ਮਾਨਸ ਦੇਹੀ ਲੇਖੇ ਲਾਏ, ਦੇਵੇ ਨਾਮ ਸ਼ਬਦ ਅਨਮੁੱਲ । ਉਚੀ ਕੂਕੇ ਦੇ ਦੁਹਾਈਆ । ਪ੍ਰਗਟ ਹੋਇਆ ਸਾਚਾ ਮਾਹੀਆ । ਸਾਚੀ ਬਣਤ ਵਿਚ ਮਾਤ ਜਿਸ ਬਣਾਈਆ । ਵੰਡਣ ਆਇਆ ਸੱਚੀ ਦਾਤ, ਸਾਚਾ ਤੱਕੜ ਹੱਥ ਉਠਾਈਆ । ਸੋਹੰ ਕੰਡਾ ਉਤਮ ਜ਼ਾਤ, ਜਨ ਭਗਤਾਂ ਦਏ ਗਵਾਹੀਆ । ਲੱਭਣ ਆਇਆ ਮਾਤ, ਪੰਚਮ ਜੇਠ ਮਿਲੇ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣਿਆ ਤੋਲਣਹਾਰਾ ਪੂਰੇ ਤੋਲ ਰਿਹਾ ਤੁਲਾਈਆ । ਪੂਰਾ ਤੋਲ ਤੋਲੇ ਤੋਲਣਹਾਰ । ਗੁਰ ਸੰਗਤ ਤੇਰਾ ਵੇਖ ਚਰਨ ਪਿਆਰ । ਮਾਤਲੋਕ ਲਾ ਜਾਏ ਮੇਖ, ਨਾ ਕੋਈ ਉਖੇੜੇ ਆਪੇ ਰੱਖਣਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚ ਸੰਗਤ ਸੋਹਣੇ ਫਲ, ਕੋਈ ਨਾ ਮੁੱਲ, ਮਾਤ ਬਗੀਚਾ ਲੱਗਾ ਭਾਰਾ । ਮਾਤ ਲੱਗੀ ਫੁਲਵਾੜੀ । ਗੁਰਮੁਖਾਂ ਕਰੇ ਸ਼ਬਦ ਵਾੜੀ । ਬੇਮੁਖਾਂ ਪਕੜੇ ਦਾਹੜੀ । ਹਲੂਣੇ ਦੇ ਦੇ ਹੱਥ ਉਠਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਪੂਰੇ ਤੋਲ ਰਿਹਾ ਤੁਲਾਈ । ਸਾਚਾ ਕੰਡਾ ਪ੍ਰਭ ਦਰ ਪੁਕਾਰੇ । ਆਓ ਸਿੱਖੋ ਉਤਰੋ ਪਾਰੇ । ਪ੍ਰਭ ਅਬਿਨਾਸ਼ੀ ਹੱਥ ਵਿਚ ਫੜਿਆ, ਦੂਜਾ ਕੋਈ ਨਾ ਏਥੇ ਚੜ੍ਹਿਆ, ਗੁਰਮੁਖ ਸਾਚਾ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਖਲੋਤਾ ਮਾਝੇ ਦੇਸ, ਕਰ ਕਰ ਵੇਸ ਸ਼ਬਦ ਸਰੂਪੀ ਵਾਜਾਂ ਮਾਰੇ । ਮਾਝਾ ਦੇਸ ਉਠ ਉਠ ਜਾਗ । ਪ੍ਰਭ ਅਬਿਨਾਸ਼ੀ ਲਾਇਆ ਭਾਗ । ਸੁਣਾਉਣ ਆਇਆ ਸਾਚਾ ਰਾਗ । ਧੋਣ ਆਇਆ ਗੁਰ ਗੋਬਿੰਦ ਤੇਰੇ ਲੱਗੇ ਦਾਗ । ਉਠ ਉਠ ਵਾਲੀ ਹਿੰਦ, ਪ੍ਰਭ ਅਬਿਨਾਸ਼ੀ ਵਰਤੇ ਸਾਂਗ । ਸ੍ਰਿਸ਼ਟ ਸਬਾਈ ਛਪੰਜਾ ਕਰੋੜ ਗੁਰਸਿਖ ਆਪ ਜਗਾਏ । ਪਹਿਲੋਂ ਆਪ ਜਾਏ ਜਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਆਪਣੀ ਹੱਥੀਂ ਆਪ ਲਗਾਇਆ ਬਾਗ਼ । ਸ਼ਬਦ ਫੂਲ ਜਗਤ ਬਹਾਰ ਹੈ । ਹਰਿ ਮਿਲਿਆ ਕੰਤ ਕੰਤੂਹਲ, ਸੱਚਾ ਮੀਤ ਮੁਰਾਰ ਹੈ । ਆਦਿ ਅੰਤ ਨਾ ਜਾਏ ਭੂਲ, ਸਦਾ ਰਹੇ ਪਹਿਰੇਦਾਰ ਹੈ । ਗੁਰਮੁਖ ਵਿਰਲੇ ਸ਼ਬਦ ਪੰਘੂੜਾ ਲੈਣਾ ਝੂਲ, ਪ੍ਰਭ ਕਰਨ ਆਇਆ ਖ਼ਬਰਦਾਰ ਹੈ । ਕਲਜੁਗ ਤੇਰਾ ਅੰਤ ਚੁਕਾਇਆ ਮੂਲ, ਤੇਰੀ ਕਲਜੁਗ ਭੰਨੀ ਚੂਲ, ਸਤਿਜੁਗ ਸਚਖੰਡ ਵਿਚੋਂ ਆਇਆ ਬਾਹਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗਾਂ ਇਕ ਸੱਚਾ ਸਰਦਾਰ ਹੈ । ਸਤਿਜੁਗ ਬਣਾਏ ਇਕ ਸੱਚੀ ਸਰਦਾਰੀ । ਪੰਚਮ ਜੇਠ ਕਰ ਵਿਹਾਰ, ਪ੍ਰਭ ਅਬਿਨਾਸ਼ੀ ਪਹਿਲੀ ਵਾਰੀ । ਨਾ ਕੋਈ ਜਾਣੇ ਸ਼ਾਹ ਦਾਰਾ, ਕਲਜੁਗ ਜੀਵ ਸਰਬ ਗਵਾਰ ਹੈ, ਪ੍ਰਭ ਅਬਿਨਾਸ਼ੀ ਫੜਿਆ ਆਰਾ, ਸੋਹੰ ਡੰਡਾ ਜਾਏ ਪਾੜੀ । ਸ਼ਬਦ ਰੱਖੇ ਤਿੱਖੀ ਆਰੀ, ਨਰ ਨਿਰੰਕਾਰਾ ਪਿੱਛੇ ਅੱਗੇ ਮੌਤ ਲਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮਾਣ ਦਵਾਏ, ਅੰਗ ਸੰਗ ਆਪ ਹੋ ਜਾਏ, ਦੂਤਾਂ ਦੁਸ਼ਟਾਂ ਜਗਤ ਹੰਕਾਰਿਆਂ ਵਡ ਗਵਾਰਿਆਂ ਪ੍ਰਭ ਸਾਚਾ ਜਾਏ ਪਾੜੀ । ਨਰਾਇਣ ਨਰ ਗੁਰ ਗੋਪਾਲ । ਨਰਾਇਣ ਨਰ ਭਗਤ ਰਖਵਾਲ । ਨਰਾਇਣ ਨਰ ਤੋੜੇ ਜਗਤ ਜੰਜ਼ਾਲ । ਨਰਾਇਣ ਨਰ ਸਾਚਾ ਦੇਵੇ ਮਾਲ ਧਨ, ਗੁਰਮੁਖ ਦਰ ਆਏ ਕੰਗਾਲ । ਨਰਾਇਣ ਨਰ ਪੰਚਮ ਜੇਠ ਦੇਵੇ ਸਾਚਾ ਵਰ, ਗੁਰਮੁਖਾਂ ਸੁਰਤ ਲਏ ਸੰਭਾਲ । ਨਰਾਇਣ

੨੬੬
੦੪

ਨਰ ਫਲ ਲਗਾਏ ਸਾਚੇ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਉਪਜਾਏ ਸਾਚੇ ਲਾਲ । ਨਰਾਇਣ ਨਰ ਨਰ ਹਰੀ । ਪੰਚਮ ਜੇਠ ਆਸਾ ਵਰੀ । ਦਰ ਘਰ ਆਏ ਕਿਰਪਾ ਕਰੀ । ਗੁਰ ਸੰਗਤ ਸਾਚੀ ਦਰ ਬਹਾਏ, ਪ੍ਰਭ ਅਬਿਨਾਸ਼ੀ ਦਇਆ ਕਮਾਏ, ਦੇਵੇ ਦਾਤ ਸ਼ਬਦ ਸੁਗਾਤ ਵਡ ਕਰਾਮਾਤ, ਸੋਹੰ ਸ਼ਬਦ ਲਾਏ ਝੜੀ । ਮੰਦਰਾਂ ਮਸੀਤਾਂ ਸਾਰੇ ਢਾਹੇ, ਉਤੇ ਕਿਸੇ ਨਾ ਦਿਸੇ ਕੜੀ । ਨਰਾਇਣ ਨਰ ਨਿਰਾਧਾਰ । ਨਰਾਇਣ ਨਰ ਜੋਤ ਅਕਾਰ । ਨਰਾਇਣ ਨਰ ਚਾਰ ਕੁੰਟ ਉਠ ਉਠ ਵੇਖੇ, ਸ਼ਬਦ ਸਰੂਪੀ ਕਰ ਪਸਾਰ । ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸ਼ਬਦ ਧੁਨ ਰਿਹਾ ਸੁਨਾਰ । ਨਰਾਇਣ ਨਰ ਬੰਧੇ ਧਾਰੀ । ਕਲਜੁਗ ਤੇਰੀ ਅੰਤਮ ਵਾਰੀ । ਗੁਰ ਸੰਗਤ ਤੇਰੀ ਪੈਜ ਸਵਾਰੀ । ਪ੍ਰਭ ਅਬਿਨਾਸ਼ੀ ਚਾੜ੍ਹੇ ਰੰਗਤ ਮੰਗਣ ਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਦੇਵੇ ਸੱਚੀ ਸਰਦਾਰੀ । ਨਰਾਇਣ ਨਰ ਦਰ ਦਰ ਬੋਲੇ । ਨਰਾਇਣ ਨਰ ਹਰਿ ਪੜਦੇ ਖੋਲ੍ਹੇ । ਗੁਰਮੁਖ ਸਾਚੇ ਸੰਤ ਜਨਾਂ ਆਪ ਸੁਣਾਏ ਸੋਹੰ ਸੱਚੇ ਢੋਲੇ । ਗੁਰਮੁਖ ਸਾਚੇ ਸਰਬ ਉਠਾਏ, ਚਾਰੋਂ ਤਰਫ ਆਪ ਬਣਾਏ ਦਰ ਦੇ ਗੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਰ ਵੇਸ ਮਾਝੇ ਦੇਸ, ਪੰਜੇ ਰੰਗ ਆਪ ਰੰਗਾਏ ਬਣਾਏ ਸੱਚੇ ਚੋਲੇ । ਪਹਿਲਾ ਰੰਗ ਹਰਿ ਵਖਾਣੇ । ਚਿੱਟਾ ਬਣੇ ਸਾਚਾ ਬਾਣੇ । ਸਚ ਸੁਲਤਾਨ ਸਚ ਤਖ਼ਤ ਬਰਾਜੇ, ਤਿੰਨਾਂ ਲੋਕਾਂ ਲਾਹੁਣ ਆਇਆ ਆਪ ਮੁਕਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟਾ ਜੋੜਾ ਪੈਰੀਂ ਪਾਇਆ ਕਰਿਆ ਖੇਲ ਮਹਾਨੇ । ਸਾਚਾ ਬਾਣਾ ਤਨ ਛੁਹੰਦਾ । ਵਾਸੀ ਪੁਰੀ ਘਨਕ ਸੁਰਪਤ ਰਾਜਾ ਇੰਦ ਮਾਣ ਗਵੰਦਾ । ਗੁਰਮੁਖਾਂ ਕਰੇ ਬੰਦ ਖਲਾਸੀ, ਛੋਟੇ ਕਾਕੇ ਬਾਲ ਅੰਞਾਣੇ ਮਾਣ ਦਵੰਦਾ । ਬੇਮੁਖ ਮਾਰੇ ਮਦਿਰਾ ਮਾਸੀ, ਦਰ ਘਰ ਆਏ ਕਰਨ ਨਿੰਦਾ । ਗੁਰਮੁਖ ਸਾਚੇ ਆਤਮ ਜੋਤ ਸਦਾ ਪ੍ਰਕਾਸ਼ੀ, ਦੇਵੇ ਦਰਸ ਹਰਿ ਗੁਣੀ ਗਹਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ, ਜਨ ਭਗਤਾਂ ਸਦਾ ਬਖ਼ਸ਼ੰਦਾ । ਸਾਚਾ ਕੀਆ ਜਗਤ ਪਸਾਰਾ । ਕਲਜੁਗ ਤੇਰੀ ਅੰਤਮ ਵਾਰਾ । ਚਾਰ ਕੁੰਟ ਕਰੇ ਖ਼ੁਵਾਰਾ । ਧਰਮ ਕੰਡਾ ਆਪੇ ਲਾਇਆ, ਪ੍ਰਭ ਅਬਿਨਾਸ਼ੀ ਤੋਲਣਹਾਰਾ । ਗੁਰਮੁਖ ਤੇਰੀ ਆਤਮ ਵੱਜੇ ਮਰਦੰਗ ਢੋਲ ਨਗਾਰਾ । ਵਸੇ ਤੇਰੀ ਕਾਇਆ ਚੋਲੇ, ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਏ ਵਿਚ ਸੰਸਾਰਾ । ਨਰਾਇਣ ਨਰ ਸਾਚੇ ਘਰ । ਕਲਜੁਗ ਤੇਰੀ ਅੰਤਮ ਵਾਰੀ, ਆਪ ਖੁਲ੍ਹਾਏ ਸਾਚਾ ਦਰ । ਚਾਰ ਕੁੰਟ ਬੇਮੁਖਾਂ ਜੀਵਾਂ ਪਹਿਲੀ ਹਾੜ੍ਹੀ ਆਵੇ ਡਰ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਸਾਚੇ ਸੰਤ ਜਨਾਂ ਆਪ ਬਹਾਏ ਸਾਚੇ ਘਰ । ਸਾਚਾ ਘਰ ਗੁਰ ਦਰ ਵੇਖ । ਪ੍ਰਭ ਅਬਿਨਾਸ਼ੀ ਧਾਰੇ ਭੇਖ । ਲੱਗੀ ਮੇਖ ਮਾਝੇ ਦੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਤਖ਼ਤ ਸੁਲਤਾਨ ਬਰਾਜੇ ਵਡਾ ਨਰ ਨਰੇਸ਼ । ਸੱਚਾ ਨਰ ਸੱਚਾ ਰਾਜਾ । ਪ੍ਰਭ ਅਬਿਨਾਸ਼ੀ ਗਰੀਬ ਨਿਵਾਜ਼ਾ । ਥੱਲੇ ਰੱਖੇ ਸ਼ਬਦ ਘੋੜਾ ਸੱਚਾ ਤਾਜਾ । ਚਾਰ ਕੁੰਟ ਚਾਰ ਚੁਫੇਰ ਆਪ ਸਵਾਰੇ ਆਪਣੇ ਕਾਜਾ । ਬੇਮੁਖ ਮਾਰੇ ਘੇਰ ਘੇਰ, ਗੁਰਮੁਖਾਂ ਅੰਤਮ ਰੱਖੇ ਲਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਆਪ ਉਪਾਈ, ਅੰਤਮ ਵੇਲੇ ਦਏ ਮਿਟਾਈ, ਗੁਰਮੁਖਾਂ ਸਾਚੀ ਬਣਤ ਬਣਾਈ, ਅਨਹਦ ਸ਼ਬਦ ਧੁਨਕਾਰੀ, ਆਪ ਵਜਾਏ ਅਨਹਦ ਵਾਜਾ । ਸ੍ਰਿਸ਼ਟ ਸਬਾਈ ਛਾਣ ਪੁਣ, ਵਿਚੋਂ ਲੱਭੇ ਲਾਲ, ਪ੍ਰਭ ਅਬਿਨਾਸ਼ੀ ਕਰੇ ਸਾਚੀ ਕਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਤ ਦੇਣ ਆਇਆ ਤੈਨੂੰ ਸੱਚੀ ਸਰਦਾਰੀ । ਸਤਿਜੁਗ ਸਾਚੇ ਸੱਚੀ ਸਰਦਾਰੀ । ਦੇਵੇ ਆਪ ਹਰਿ ਨਿਰੰਕਾਰੀ । ਨਿਹਕਲੰਕ

੨੬੭
੦੪

ਜੋਤ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸੱਚੀ ਸਰਕਾਰੀ । ਆਪੇ ਬਣੇ ਸੱਚੀ ਸਰਕਾਰਾ । ਸਾਚੇ ਤਖ਼ਤ ਚਰਨ ਛੁਹਾਏ, ਜਾਏ ਦਿੱਲੀ ਦਰਬਾਰਾ । ਸਾਚੀ ਖੇਲ ਫਿਰ ਵਰਤਾਏ, ਸ੍ਰਿਸ਼ਟ ਸਬਾਈ ਕਰੇ ਖੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਖੰਡਾ ਫੜਿਆ ਹੱਥ ਦੋ ਧਾਰਾ । ਸ਼ਬਦ ਖੰਡਾ ਹੱਥ ਰਿਹਾ ਸਜ । ਗੁਰਮੁਖ ਸਾਚੇ ਸੰਤ ਜਨਾਂ ਪੜਦੇ ਲਏ ਕੱਜ । ਪੰਚਮ ਜੇਠ ਖ਼ੁਸ਼ੀ ਮਨਾਈ, ਦਰਸ਼ਨ ਕਰ ਲਓ ਰੱਜ । ਕਲਜੁਗ ਵੇਲਾ ਨੇੜੇ ਆਇਆ, ਨਾ ਕਰਨ ਦੇਵੇ ਅੱਜ ਪੱਜ । ਜੋਤ ਸਰੂਪੀ ਡੇਰਾ ਲਾਇਆ, ਸਚ ਸਿੰਘਾਸਣ ਰਿਹਾ ਸੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮਾਣ ਦਵਾਇਆ, ਦਰ ਦਵਾਰੇ ਆਣ ਬਹਾਇਆ, ਆਪੇ ਰੱਖੇ ਪਤ ਲਜ । ਨਰ ਨਰਾਇਣ ਨੂਰ ਨੁਰਾਨ ਹੈ । ਏਕਾ ਲੇਖ ਲਿਖਾਏ ਅੰਜ਼ੀਲ ਕੁਰਾਨ ਹੈ । ਈਸਾ ਮੂਸਾ ਮਾਤ ਉਪਾਏ, ਕਿਰਪਾ ਕਰੀ ਸ੍ਰੀ ਭਗਵਾਨ ਹੈ । ਸਚ ਮੁਹੰਮਦ ਆਪ ਉਪਾਏ, ਦੇਵੇ ਸ਼ਕਤ ਮਹਾਨ ਹੈ । ਚਾਰ ਯਾਰ ਸੰਗ ਰਲਾਏ, ਹੱਥ ਫੜਾਏ ਸ਼ਬਦ ਕਟਾਰ ਹੈ । ਕਲਜੁਗ ਅੰਤਮ ਵੇਲਾ ਨੇੜ ਲਿਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਕਰੀ ਜਗਤ ਅਪਾਰ ਹੈ । ਮੁਹੰਮਦ ਮੰਗਿਆ ਵਰ ਸੱਚੇ ਦਰਬਾਰ ਹੈ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਕਲਜੁਗ ਸਾਚੇ ਤੋੜ ਨਿਭਾਈਂ ਮੇਰਾ ਸਾਥ ਹੈ । ਚਾਰੋਂ ਕੁੰਟ ਆਵੇ ਡਰ, ਸ੍ਰਿਸ਼ਟ ਸਬਾਈ ਕਰਾਂ ਬੇਮੁਖ, ਕਲਜੁਗ ਜੀਵ ਹੋਣ ਸਰਬ ਬੇਹਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਜਾਮਾ ਪਾਈ, ਸਦੀ ਚੌਧਵੀਂ ਮੇਰਾ ਮਾਣ ਤਾਣ ਸ਼ਾਨ ਆਪਣੇ ਚਰਨ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਬਣ ਅਮਾਮ ਮਹਿੰਦੀ ਪੰਚਮ ਜੇਠ ਸਾਰਾ ਭੇਵ ਖੁਲ੍ਹਾਈ । ਨੀਲਾ ਚੋਲਾ ਹਰਿ ਰੰਗਾਇਆ । ਸੰਤ ਮਨੀ ਸਿੰਘ ਤੇਰਾ ਬਚਨ ਪੂਰ ਕਰਾਇਆ । ਪੁਰੀ ਘਨਕ ਜੋ ਲਿਖਾਇਆ । ਅਨੰਦਪੁਰੀ ਜਾ ਡੰਕ ਵਜਾਇਆ । ਹਿੰਦੂ ਮੁਸਲਿਮ ਦੋਹਾਂ ਸੁਣਾਇਆ । ਨਿਹਕਲੰਕ ਆਪਣੇ ਸੀਸ ਉਠਾਇਆ । ਗਲੀ ਕੂਚੇ ਹੋਕਾ ਦੇ ਦੇ ਆਪੇ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਜੋਤ ਨਿਹਕਲੰਕ ਕਲ ਜਾਮਾ ਪਾਇਆ । ਉਠੋ ਭਾਈ ਅਮਾਮ ਮਹਿੰਦੀ, ਲਜ ਪਤ ਮਾਤ ਕਿਸੇ ਨਾ ਰਹਿੰਦੀ, ਸੱਚਾ ਹਰਿ ਕਰੇ ਨਬੇੜਾ । ਕਲਜੁਗ ਤੇਰਾ ਉਜੜੇ ਖੇੜਾ । ਧਰਤ ਮਾਤ ਮੰਗੇ ਵਰ, ਪ੍ਰਭ ਅਬਿਨਾਸ਼ੀ ਖੁਲ੍ਹਾ ਕਰੇ ਤੇਰਾ ਵਿਹੜਾ । ਗੁਰਮੁਖ ਸਾਚੇ ਆਏ ਦਰ, ਦੋਏ ਜੋੜ ਸਰਨੀ ਗਏ ਪੜ, ਪ੍ਰਭ ਅਬਿਨਾਸ਼ੀ ਪੰਚਮ ਜੇਠ ਬੰਨ੍ਹੇ ਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਭੇਖ ਧਰ, ਲੱਖ ਚੁਰਾਸੀ ਮੁਕਾਵਣ ਆਇਆ ਝੇੜਾ । ਕਲਜੁਗ ਝੇੜਾ ਮੁਕਦਾ ਜਾਏ । ਬੇਮੁਖਾਂ ਸਾਹ ਸੁਕਦਾ ਜਾਏ । ਗੁਰਮੁਖਾਂ ਪੈਂਡਾ ਮੁਕਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਾਮਾ ਧਾਰੇ, ਕਲਜੁਗ ਬੂਟਾ ਸੁੱਕਦਾ ਜਾਏ । ਪੰਚਮ ਜੇਠ ਠੰਡਾ ਠਾਰ ਹੈ । ਜਨ ਭਗਤਾਂ ਮਿਲਿਆ ਸਚ ਭਤਾਰ ਹੈ । ਖ਼ੁਸ਼ੀ ਹੋਈ ਸੱਚੀ ਸਰਕਾਰ ਹੈ । ਅੰਮ੍ਰਿਤ ਸਾਚਾ ਮੁਖ ਚੁਆਏ, ਗੁਰਮੁਖਾਂ ਕਰੇ ਪਿਆਰ ਹੈ । ਚਿੰਤਾ ਰੋਗ ਦੁੱਖ ਮਿਟਾਏ, ਸਾਚਾ ਸੁਖ ਇਕ ਉਪਜਾਏ, ਦਰ ਦਰਬਾਰ ਬਿਰਧ ਬਾਲ ਜਵਾਨ ਰਿਹਾ ਤਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਲਾਂ ਕਲਾ ਸਮਰੱਥ ਹਾਜ਼ਰ ਹਜ਼ੂਰਾ, ਤਨ ਪਹਿਨੇ ਸੋਲਾਂ ਸ਼ਿੰਗਾਰ ਹੈ । ਸੋਲਾਂ ਸ਼ਿੰਗਾਰ ਤਨ ਸ਼ਿੰਗਾਰੇ । ਸ਼ਬਦ ਅਧਾਰ ਇਕ ਸੰਸਾਰੇ । ਗੁਰਮੁਖ ਸਾਚੇ ਸੰਤ ਜਨ, ਕਰ ਕਿਰਪਾ ਪਾਰ ਉਤਾਰੇ । ਬੇਮੁਖਾਂ ਲਾਏ ਡੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖਾਂ ਰੋਗਾਂ ਗੁਰਮੁਖਾਂ ਪਾਵੇ ਸਾਰੇ । ਦੁੱਖਾਂ ਰੋਗਾਂ ਡੇਰਾ ਢੱਠਾ । ਕਿਸੇ ਨਾ ਦੱਸੇ ਤਾਪ ਮੱਠਾ ।


੨੬੮
੦੪

ਪ੍ਰਭ ਆਪਣੇ ਚਰਨ ਸਾਰੇ ਦੁੱਖਾਂ ਕਰੇ ਇਕੱਠਾ । ਪੰਚਮ ਜੇਠ ਪੜਦਾ ਪਾਏ, ਉਤੇ ਰੱਖੇ ਚਿੱਟਾ ਲੱਠਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਸਾਚੀ ਕਰ ਇਕੱਠੀ, ਨਰ ਨਾਰੀ ਪਰ ਉਪਕਾਰੀ, ਇਕ ਰਖਾਏ ਆਤਮ ਹੱਥਾ । ਆਤਮ ਹੱਥ ਗੁਰਸਿਖ ਸੁਹੇਲਾ । ਪ੍ਰਭ ਅਬਿਨਾਸ਼ੀ ਮਿਲਿਆ ਛੈਲ ਛਬੀਲਾ । ਏਕਾ ਸ਼ਬਦ ਨਾਮ ਰੰਗੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਜਗਾਈ, ਗੁਰਮੁਖ ਸਾਚੇ ਸੰਤ ਜਨੋ ਅੰਤਮ ਸੱਚਾ ਮੇਲਾ । ਕਰ ਕਰ ਹੀਲਾ ਕਰੋ ਮੇਲਾ । ਉਠੋ ਧਾਰੋ ਬਲ, ਪ੍ਰਭ ਅਬਿਨਾਸ਼ੀ ਸਾਚਾ ਪਾਓ, ਦਿਵਸ ਰੈਣ ਰਸਨਾ ਗਾਓ । ਆਤਮ ਸਰ ਸਰੋਵਰ ਲੈਣਾ ਵਰ, ਅੰਤਮ ਵੇਲੇ ਹੋਏ ਸਹਾਈ । ਸਾਚਾ ਮਾਣ ਰਖਾਏ ਸ਼ਬਦ ਘੋੜੇ ਚੜ੍ਹ, ਅੰਦਰ ਬੈਠਾ ਮਾਰੇ ਵਾਜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਗੁਰਸਿਖ ਹੋਏ ਨਾ ਕਦੇ ਭਲਾਓ । ਨਾ ਭੁਲਣਾ, ਮਾਇਆ ਕਲਜੁਗ ਗੁਰਸਿਖ ਨਾ ਰੁਲਣਾ । ਸਾਚਾ ਧਾਮ ਆਪ ਸੁਹਾਏ, ਭਾਗ ਲਗਾਏ ਪਿੰਡ ਬੁੱਗਨਾ । ਵੇਲੇ ਅੰਤ ਕਿਸੇ ਕੋਈ ਨਾ ਪਾਏ ਮੁੱਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਸਚ ਦਵਾਰਾ ਸ੍ਰਿਸ਼ਟ ਸਬਾਈ ਤੇਰੇ ਅੰਦਰ ਖੁਲ੍ਹਨਾ । ਸ੍ਰਿਸ਼ਟ ਸਬਾਈ ਇਕ ਦਵਾਰਾ ਖੁਲ੍ਹੇ । ਪ੍ਰਭ ਅਬਿਨਾਸ਼ੀ ਪਾਵਣ ਆਇਆ ਮੁੱਲੇ । ਗੁਰਮੁਖਾਂ ਸਾਚੇ ਸੰਤ ਜਨਾਂ ਦਰ ਦਵਾਰ ਖੁਲ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਭਾਗ ਲਗਾਏ, ਧੰਨ ਧੰਨ ਜਣੇਂਦੀ ਮਾਏ, ਮਿਲੇ ਵਡਿਆਈ ਸਾਚੀ ਕੁਲੇ । ਸਾਚੀ ਕੁਲ ਉਧਰੀ ਪਾਰ । ਪਾਇਆ ਮੁੱਲ ਸੱਚੀ ਸਰਕਾਰ । ਨਾ ਕੋਈ ਕੀਆ ਅੰਤ ਉਧਾਰ । ਗੁਰਮੁਖ ਸਾਚੇ ਸੰਤ ਜਨ ਹੋ ਜਾਇਣ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੂਠਿਆਂ ਝੂਠਿਆਂ ਦੇਵੇ ਦਰ ਦੁਰਕਾਰ । ਦਰ ਦੁਰਕਾਰੇ ਨਰ ਨਾਰੇ, ਮਦਿਰਾ ਮਾਸੀ ਹੋਇਣ ਖੁਆਰੇ । ਆਓ ਚਲ ਸਚ ਮਹੱਲ, ਨਿਹਚਲ ਧਾਮ ਇਕ ਅਟੱਲ, ਜਿਥੇ ਵਸੇ ਹਰਿ ਨਿਰੰਕਾਰੇ । ਨਾ ਕੋਈ ਵੇਖੋ ਅੱਜ ਕੱਲ, ਕਲਜੁਗ ਪਾਪੀ ਜਾਏ ਜਲ, ਅੰਤਮ ਵੇਲੇ ਪਕਿਆ ਫਲ, ਪ੍ਰਭ ਅਬਿਨਾਸ਼ੀ ਸੋਹੰ ਡੰਡੇ ਨਾਲ ਝਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰਾ ਬਣਾਏ ਇਕੋ ਇਕ ਅਖਾੜੇ । ਧਰਤ ਮਾਤ ਤੇਰਾ ਬਣੇ ਅਖਾੜਾ ਪਹਿਲੀ ਹਾੜਾ । ਅੱਗੇ ਲੱਗਾ ਸਾਚਾ ਲਾੜਾ । ਆਪ ਚਬਾਏ ਸ੍ਰਿਸ਼ਟ ਸਬਾਈ ਹੇਠ ਦਾੜ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਜ਼ਿਮੀ ਅਸਮਾਨੀ ਤੁਟਾ ਪਾੜਾ, ਨਾ ਜ਼ਿਮੀ ਨਾ ਅਸਮਾਨ । ਪ੍ਰਭ ਅਬਿਨਾਸ਼ੀ ਜੋਤ ਮਹਾਨ । ਜਿਥੇ ਵਸੇ ਮਿਹਰਬਾਨ । ਸ਼ਬਦ ਤੀਰ ਏਕਾ ਕਸੇ, ਚਾਰ ਕੁੰਟ ਮਾਰੇ ਬਾਣ । ਦੂਰ ਦੁਰਾਡਾ ਖਿੜ ਖਿੜ ਹੱਸੇ, ਕਲਜੁਗ ਜੀਵ ਭੁੱਲੇ ਅੰਞਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਹਿਰਦੇ ਵਸੇ, ਆਤਮ ਕਰ ਪਛਾਣ । ਆਤਮ ਕਰ ਪਛਾਣ ਹਰਿ ਨਿਰੰਕਾਰ ਹੈ । ਦੇਵੇ ਜੀਆ ਦਾਨ ਭਰੇ ਭੰਡਾਰ ਹੈ । ਜਗਤ ਰੱਖੇ ਲਾਜ ਹਰਿ ਮਿਹਰਵਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਤਾ ਪੀਣ ਖਾਣ ਸੱਚਾ ਨਾਮ, ਗੁਰਮੁਖਾਂ ਨਾਮ ਨਿਧਾਨ ਹੈ । ਗੁਣ ਨਿਧਾਨ ਗੁਣਵੰਤਾ । ਭਾਗ ਲਗਾਏ ਗੁਰਸਿਖ ਤੇਰੇ ਦਰ, ਦੇਵੇ ਮਾਣ ਸਾਚੇ ਸੰਤਾ । ਸਾਚਾ ਮਿਲਿਆ ਮੇਲ ਸ੍ਰੀ ਭਗਵੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਦਏ ਵਡਿਆਈ ਗੁਰਸਿਖ ਸਾਚੇ ਲਾਲ ਉਪਜਾਈ, ਚਰਨ ਸਰਨ ਇਕ ਰਖਾਈ ਆਦਿ ਅੰਤ ਏਕਾ ਧਾਮ ਰਹੰਦਾ । ਅੰਮ੍ਰਿਤ ਸ਼ਬਦ ਭੰਡਾਰ ਹਰਿ ਵਰਤਾਇੰਦਾ । ਗੁਰ ਸੰਗਤ ਆਤਮ ਠੰਡੀ, ਪ੍ਰਭ ਅਬਿਨਾਸ਼ੀ ਆਪ ਕਰਾਇੰਦਾ । ਬੈਠ ਸਚ ਸੱਚੇ ਦਰਬਾਰ, ਪਿਛਲਾ ਲੇਖਾ ਆਪ ਚੁਕਾਇੰਦਾ ।

੨੬੯
੦੪

ਇਕ ਵਖਾਏ ਸੱਚਾ ਘਰ ਬਾਹਰ, ਜੋਤ ਸਰੂਪੀ ਜੋਤ ਆਪ ਜਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਬਾਲ ਅੰਞਾਨਿਆਂ ਆਪਣੀ ਗੋਦ ਉਠਾਇੰਦਾ । ਉਠਾਏ ਗੋਦ ਬਾਲ ਨਿਧਾਨ । ਆਤਮ ਜਾਏ ਸੋਧ, ਦੇਵੇ ਮਾਣ ਤਾਣ । ਪ੍ਰਭ ਅਬਿਨਾਸ਼ੀ ਵਡ ਜੋਧਨ ਜੋਧ, ਸ਼ਬਦ ਫੜੇ ਤੀਰ ਕਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚਿੱਲ੍ਹਾ ਆਪ ਚੜ੍ਹਾਏ, ਖਿਚੇ ਰਸਨ ਕਮਾਨ । ਰਸਨ ਕਮਾਨਾ ਦਏ ਖਿਚ । ਵੱਜੇ ਤੀਰ ਮਦੀਨੇ ਵਿਚ । ਧਰਤ ਮਾਤ ਲਾਲ ਰੰਗ ਹਰਿ ਉਪਰ ਪਾਏ, ਤੇਰੀ ਕਾਇਆ ਦਏ ਸਿੰਚ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਕਰੇ ਖੁਆਰੀ ਖਾਲੀ ਥਾਂ ਨਾ ਛੱਡੇ ਇੰਚ । ਚਾਰ ਕੁੰਟ ਹੋਏ ਖੁਆਰਾ । ਮਿਟਦਾ ਜਾਏ ਮੁਹੰਮਦ ਯਾਰਾ । ਚੌਥੇ ਜੁਗ ਆਈ ਹਾਰਾ । ਪੀਰ ਫਕੀਰ ਲੱਗੇ ਧੱਕਾ ਭਾਰਾ । ਸ਼ਾਹ ਹਕੀਰ ਹੱਥ ਨਾ ਆਵੇ ਨੀਰ, ਨਾ ਦੇਵੇ ਕੋਈ ਸਹਾਰਾ । ਪ੍ਰਭ ਅਬਿਨਾਸ਼ੀ ਲਾਹਿਆ ਚੀਰਾ, ਪ੍ਰਗਟ ਹੋਇਆ ਵਡ ਪੀਰਨ ਪੀਰਾ, ਮਾਰੇ ਸ਼ਬਦ ਸਚ ਕਟਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਜਗਾਈ, ਕਲਜੁਗ ਸਤਿਜੁਗ ਤੇਰੀ ਬਣਤ ਰਿਹਾ ਬਣਾਈ, ਆਪੇ ਬਣੇ ਲਾੜੀ ਲਾੜਾ । ਗੁਰ ਪੂਰੇ ਕੀਤੀ ਚਰਨ ਪਿਆਰੀ । ਦਿੱਤੀ ਸੱਚੀ ਦਾਤ ਧੁਰਦਰਗਾਹੀ ਸਚ ਸਰਦਾਰੀ । ਆਪੇ ਪੁੱਛੇ ਵਾਤ, ਕਲਜੁਗ ਅੰਧੇਰੀ ਰਾਤ, ਜਿਉਂ ਸੁਦਾਮਾ ਕ੍ਰਿਸ਼ਨ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਲਜ ਪਤਿ, ਜਿਉਂ ਦਰੋਪਤਾ ਨੰਗੀ ਨਾਰੀ । ਰੱਖੇ ਲਾਜ ਆਪ ਭਗਵਾਨ, ਤੇਰੇ ਪੜਦੇ ਲਏ ਕੱਜ, ਤੇਰਾ ਝੁੱਲਦਾ ਰਹੇ ਨਿਸ਼ਾਨ । ਸ਼ਬਦ ਤਾਲ ਸੱਚਾ ਗਿਆ ਵੱਜ, ਚਰਨ ਪ੍ਰੀਤੀ ਨਿਭੀ ਨਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਿਹਰਾ ਸੀਸ ਗੁੰਦਾਇਆ, ਆਪਣਾ ਲਾਲ ਲਏ ਬਣਾਇਆ, ਦੂਜਾ ਜਾਮਾ ਫੇਰ ਦਵਾਇਆ, ਚਲੀ ਅਵਲੜੀ ਚਾਲ । ਮਾਨਸ ਜਨਮ ਹਰਿ ਦਵਾਏ । ਗੁਰਸਿਖ ਸਾਚਾ ਇਕ ਉਪਜਾਏ, ਮੱਥੇ ਤਿਲਕ ਆਪਣੀ ਹੱਥੀਂ ਵਿਚ ਮਾਤ ਆਪ ਲਗਾਏ । ਪ੍ਰਗਟ ਹੋਏ ਵਾਸੀ ਪੁਰੀ ਘਨਕ, ਗੁਰ ਗੋਬਿੰਦ ਜੋ ਗਏ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾਏ ।



੨੭੦ ੦੪

### ❇ ੬ ਜੇਠ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹਿ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ❇

ਕਲਜੁਗ ਸਾਲਸ ਆਪ ਪ੍ਰਭ, ਕਰੇ ਹੱਕ ਨਬੇੜਾ । ਕਲਜੁਗ ਸਾਲਸ ਆਪ ਪ੍ਰਭ, ਜਨ ਭਗਤਾਂ ਬੰਨ੍ਹੇ ਆਪੇ ਬੇੜਾ । ਕਲਜੁਗ ਸਾਲਸ ਆਪ ਪ੍ਰਭ, ਬੇਮੁਖਾਂ ਲਾਏ ਸ਼ਬਦ ਉਖੇੜਾ । ਕਲਜੁਗ ਸਾਲਸ ਆਪ ਪ੍ਰਭ, ਲੱਖ ਚੁਰਾਸੀ ਦੇਵੇ ਏਕਾ ਗੇੜਾ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਪ ਵਸਾਏ ਤੇਰੀ ਕਾਇਆ ਨਗਰ ਖੇੜਾ । ਕਲਜੁਗ ਸਾਲਸ ਆਪ ਪ੍ਰਭ, ਵਡਾ ਸ਼ਾਹ ਸ਼ਹਾਨਾ । ਕਲਜੁਗ ਸਾਲਸ ਆਪ ਪ੍ਰਭ, ਸੱਚੋ ਸਚ ਕਰੇ ਵਖਾਨਾ । ਕਲਜੁਗ ਸਾਲਸ ਆਪ ਪ੍ਰਭ, ਬੇਮੁਖ ਜੀਆਂ ਕਰੇ ਅੰਤ ਪਛਾਨਾ । ਕਲਜੁਗ ਸਾਲਸ ਆਪ ਪ੍ਰਭ, ਜਨ ਭਗਤਾਂ ਬੰਨ੍ਹੇ ਆਤਮ ਸ਼ਬਦ ਸਰੂਪੀ ਹਰਿ ਜੀ ਗਾਨਾ । ਬੇਮੁਖ ਜੀਵ ਆਪ ਖਪਾਏ, ਮਾਰੇ ਸ਼ਬਦ ਤੀਰ ਨਿਸ਼ਾਨਾ । ਸਤਿਜੁਗ ਸਾਲਸ ਆਪ ਪ੍ਰਭ, ਗੁਰਮੁਖ ਸਾਚੇ ਆਪ ਜਗਾਏ, ਕਰੇ ਪ੍ਰਕਾਸ਼ ਕੋਟਨ ਭਾਨਾ । ਕਲਜੁਗ ਸਾਲਸ ਆਪ ਪ੍ਰਭ, ਬੇਮੁਖਾਂ ਆਤਮ ਪੜਦਾ ਪਾਏ ਹੋਏ ਅੰਧ ਅੰਧਿਆਨਾ ।

ਸਤਿਜੁਗ ਸਾਲਸ ਆਪ ਪ੍ਰਭ, ਗੁਰਸਿੱਖ ਸਾਚੇ ਚਰਨ ਲਗਾਏ, ਬਣਾਏ ਚਤੁਰ ਸੁਜਾਨਾ । ਕਲਜੁਗ ਸਾਲਸ ਆਪ ਪ੍ਰਭ, ਬੇਮੁਖ ਗੂੜ੍ਹੀ ਨੀਂਦ ਸਵਾਏ, ਨਾ ਮਿਲਿਆ ਹਰਿ ਭਗਵਾਨਾ । ਸਤਿਜੁਗ ਸਾਲਸ ਆਪ ਪ੍ਰਭ, ਸਤਿਜੁਗ ਸਾਚੇ ਮਾਰਗ ਲਾਏ, ਦੇਵੇ ਨਾਮ ਸੱਚਾ ਨਿਸ਼ਾਨਾ । ਕਲਜੁਗ ਸਾਲਸ ਆਪ ਪ੍ਰਭ, ਸ੍ਰਿਸ਼ਟ ਸਬਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਕਲਜੁਗ ਸਾਲਸ ਆਪ ਪ੍ਰਭ, ਕਰੇ ਸਚ ਦਲਾਲੀ । ਕਲਜੁਗ ਸਾਲਸ ਆਪ ਪ੍ਰਭ, ਸ੍ਰਿਸ਼ਟ ਸਬਾਈ ਬਣਿਆ ਮਾਲੀ । ਕਲਜੁਗ ਸਾਲਸ ਆਪ ਪ੍ਰਭ, ਜਨ ਭਗਤਾਂ ਕਰੇ ਹਰਿ ਰਖਵਾਲੀ । ਸਤਿਜੁਗ ਸਾਲਸ ਆਪ ਪ੍ਰਭ, ਅੰਤਮ ਵੇਲੇ ਪ੍ਰਗਟ ਹੋਇਆ ਹਿੰਦ ਬਾਗ਼ ਦਾ ਵਾਲੀ । ਕਲਜੁਗ ਸਾਲਸ ਆਪ ਪ੍ਰਭ, ਕੱਚੇ ਫਲ ਤੋੜੇ, ਕਲਜੁਗ ਤੇਰੀ ਝੂਠੀ ਡਾਲੀ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖਾਂ ਚਰਨ ਪ੍ਰੀਤੀ ਜੋੜੇ, ਅੰਤਮ ਨਿਭੇ ਨਾਲੀ । ਕਲਜੁਗ ਸਾਲਸ ਆਪ ਪ੍ਰਭ, ਸਾਚਾ ਦਰ ਸਾਚਾ ਘਰ ਕੋਇ ਨਾ ਜਾਵੇ ਖਾਲੀ । ਕਲਜੁਗ ਸਾਲਸ ਆਪ ਪ੍ਰਭ, ਮਿਟਾਏ ਰੈਣ ਕਾਲੀ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਪੰਚਮ ਜੇਠ ਆਤਮ ਜੋਤੀ ਸਾਚੀ ਬਾਲੀ । ਕਲਜੁਗ ਸਾਲਸ ਆਪ ਪ੍ਰਭ, ਕਰਿਆ ਸਚ ਨਿਆਉਂ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖ ਜਗਾਏ ਥਾਉਂ ਥਾਉਂ । ਕਲਜੁਗ ਸਾਲਸ ਆਪ ਪ੍ਰਭ, ਵੇਲੇ ਅੰਤਮ ਰੱਖੇ ਠੰਡੀ ਛਾਉਂ । ਕਲਜੁਗ ਸਾਲਸ ਆਪ ਪ੍ਰਭ, ਪ੍ਰਗਟ ਹੋਏ ਨਿਹਕਲੰਕ ਜਨ ਭਗਤਾਂ ਪਕੜੇ ਬਾਹੋਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਖਪਾਏ ਦਰ ਦਰ ਫਿਰਾਏ, ਜਿਉਂ ਸੁੰਞੇ ਘਰ ਕਾਉਂ । ਕਲਜੁਗ ਸਾਲਸ ਆਪ ਪ੍ਰਭ, ਕਰੇ ਵਡ ਚਤੁਰਾਈ । ਕਲਜੁਗ ਸਾਲਸ ਆਪ ਪ੍ਰਭ, ਆਪਣਾ ਭੇਵ ਰਿਹਾ ਛੁਪਾਈ । ਕਲਜੁਗ ਸਾਲਸ ਆਪ ਪ੍ਰਭ, ਨਿਹਕਲੰਕ ਨਰਾਇਣ ਜੋਤ ਸਰੂਪੀ ਖੇਲ ਰਚਾਈ । ਕਲਜੁਗ ਸਾਲਸ ਆਪ ਪ੍ਰਭ, ਤਿੰਨਾਂ ਲੋਕਾਂ ਦੇਵੇ ਸਚ ਸਲਾਹੀ । ਕਲਜੁਗ ਸਾਲਸ ਆਪ ਪ੍ਰਭ, ਇੰਦਲੋਕ ਸ਼ਿਵਲੋਕ ਬ੍ਰਹਮਲੋਕ ਸਭ ਥਾਈਂ ਰੱਖੇ ਸੋਹੰ ਨਾਮ ਸਹਾਈ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਚਰਨ ਪ੍ਰੀਤੀ ਤੋੜ ਨਿਭਾਈ । ਸਤਿਜੁਗ ਸਾਲਸ ਆਪ ਪ੍ਰਭ, ਕਰਨ ਕਰਾਵਣ ਜੋਗ । ਕਲਜੁਗ ਸਾਲਸ ਆਪ ਪ੍ਰਭ, ਜਨ ਭਗਤਾਂ ਬਖ਼ਸ਼ੇ ਸਾਚਾ ਦਰਸ ਅਮੋਘ । ਕਲਜੁਗ ਸਾਲਸ ਆਪ ਪ੍ਰਭ, ਕਟਣ ਆਇਆ ਹਉਮੇ ਰੋਗ । ਕਲਜੁਗ ਸਾਲਸ ਆਪ ਪ੍ਰਭ, ਜਨ ਭਗਤਾਂ ਆਪ ਮਿਟਾਏ ਚਿੰਤਾ ਸੋਗ । ਕਲਜੁਗ ਸਾਲਸ ਆਪ ਪ੍ਰਭ, ਬੇਮੁਖਾਂ ਆਤਮ ਕਰਾਏ ਵਿਜੋਗ । ਕਲਜੁਗ ਸਾਲਸ ਆਪ ਪ੍ਰਭ, ਸਤਿਜੁਗ ਸਾਚੇ ਮਾਣ ਦਵਾਏ, ਗੁਰਮੁਖ ਸਾਚੇ ਸਾਚਾ ਰਸ ਪ੍ਰਭ ਦਰਸ਼ਨ ਪਾਏ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਚਾਰ ਵਰਨ, ਇਕ ਸੁਣਾਏ ਸੋਹੰ ਸਚ ਸਲੋਕ । ਕਲਜੁਗ ਸਾਲਸ ਆਪ ਪ੍ਰਭ, ਚਾਰੇ ਕੁੰਟਾਂ ਵੇਖ ਵਿਚਾਰੇ । ਸਤਿਜੁਗ ਸਾਲਸ ਆਪ ਪ੍ਰਭ, ਊਚ ਨੀਚ ਨੀਚ ਊਚ ਏਕਾ ਜੋਤ ਜਗੇ ਕਰਤਾਰੇ । ਕਲਜੁਗ ਸਾਲਸ ਆਪ ਪ੍ਰਭ, ਰਾਓ ਰੰਕਾਂ ਭੇਵ ਨਿਵਾਰੇ । ਕਲਜੁਗ ਸਾਲਸ ਆਪ ਪ੍ਰਭ, ਸਾਧਾਂ ਸੰਤਾਂ ਪਾਵੇ ਸਾਰੇ । ਕਲਜੁਗ ਸਾਲਸ ਆਪ ਪ੍ਰਭ, ਬੇਮੁਖਾਂ ਮਾਇਆ ਪਾਏ ਬੇਅੰਤ ਸੁੱਤੇ ਗੂੜ੍ਹੀ ਨੀਂਦ ਪੈਰ ਪਸਾਰੇ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਫੜ ਫੜ ਬਾਹੋਂ ਤਾਰੇ । ਕਲਜੁਗ ਸਾਲਸ ਆਪ ਪ੍ਰਭ, ਸ੍ਰਿਸ਼ਟ ਸਬਾਈ ਵੇਖ ਸਭੇ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖ ਸਾਚੇ ਸੰਤ ਜਨਾਂ ਦਰ ਘਰ ਜਾਏ ਲੱਭੇ । ਕਲਜੁਗ ਸਾਲਸ ਆਪ ਪ੍ਰਭ, ਬੇਮੁਖ ਦਰ ਤੋਂ ਜਾਇਣ

੨੭੧ ੦੪

ਨੱਸੇ । ਕਲਜੁਗ ਸਾਲਸ ਆਪ ਪ੍ਰਭ, ਹੋਈ ਅੰਧੇਰੀ ਰੈਣ ਸਚ ਸੁੱਚ ਦਿਸ ਨਾ ਆਏ ਜਿਉਂ ਅੰਧੇਰੀ ਰੈਣ ਮੱਸੇ । ਕਲਜੁਗ ਸਾਲਸ ਆਪ ਪ੍ਰਭ, ਆਤਮ ਜੋਤ ਜਗਾਏ ਕਰੇ ਪ੍ਰਕਾਸ਼ ਕੋਟ ਰਵ ਸੱਸੇ । ਕਲਜੁਗ ਸਾਲਸ ਆਪ ਪ੍ਰਭ, ਕਰੇ ਖੇਲ ਅਪਾਰ । ਕਲਜੁਗ ਸਾਲਸ ਆਪ ਪ੍ਰਭ, ਬੰਨ੍ਹੇ ਸਾਚੀ ਧਾਰ । ਕਲਜੁਗ ਸਾਲਸ ਆਪ ਪ੍ਰਭ, ਨਿਹਕਲੰਕ ਕਲਗੀ ਅਵਤਾਰ । ਕਲਜੁਗ ਸਾਲਸ ਆਪ ਪ੍ਰਭ, ਲੱਖ ਚੁਰਾਸੀ ਪਾਵੇ ਸਾਰ । ਕਲਜੁਗ ਸਾਲਸ ਆਪ ਪ੍ਰਭ, ਬੇਮੁਖਾਂ ਗਲ ਪਾਏ ਫਾਸੀ ਅੰਤਮ ਵੇਲੇ ਆਈ ਹਾਰ । ਕਲਜੁਗ ਸਾਲਸ ਆਪ ਪ੍ਰਭ, ਜਨ ਭਗਤਾਂ ਹੋਏ ਦਾਸਨ ਦਾਸੀ, ਆਏ ਚਲ ਦਵਾਰ । ਕਲਜੁਗ ਸਾਲਸ ਆਪ ਪ੍ਰਭ, ਆਪ ਮਿਟਾਏ ਮਦਿਰਾ ਮਾਸੀ, ਚਾਰੋਂ ਕੁੰਟ ਸ਼ਬਦ ਖੰਡਾ ਮਾਰ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਤੋਲ ਤੁਲਾਏ, ਸੋਹੰ ਕੰਡਾ ਲੱਗੇ ਡੰਡਾ, ਅੰਤਮ ਵੇਲੇ ਵਿਚ ਸੰਸਾਰ । ਆਪ ਚੜ੍ਹਾਏ ਸਚ ਬਬਾਣ ਸਤਿਜੁਗ ਸਾਚੇ ਲੇਖ ਲਿਖਾਰ । ਖੰਡਾਂ ਵਰਭੰਡਾਂ ਵਿਚ ਕਲਜੁਗ ਨਾ ਮਿਲੇ ਤੇਰਾ ਨਿਸ਼ਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਬੱਧਾ ਗਾਨਾ, ਗੁਰਮੁਖਾਂ ਦੇਵੇ ਜੋਤ ਭਾਨਾ, ਕਰੇ ਖੇਲ ਅਪਰ ਅਪਾਰ । ਸਾਚਾ ਝੰਡਾ ਜਾਏ ਚੜ੍ਹ । ਗੁਰਮੁਖ ਤੇਰੀ ਆਤਮ ਦਰ ਆਪੇ ਵੇਖੇ ਸਿੰਘ ਸਿੰਘਾਸਣ ਉਪਰ ਖੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਅੱਠੇ ਪਹਿਰ ਸ਼ਬਦ ਸਰੂਪੀ ਰਿਹਾ ਲੜ । ਅੱਠੇ ਪਹਿਰ ਮਾਰੇ ਧਾੜੇ । ਪ੍ਰਭ ਅਬਿਨਾਸ਼ੀ ਸ਼ਬਦ ਚਲੇ ਕਾੜ ਕਾੜੇ । ਬੇਮੁਖ ਜੀਆਂ ਅੰਤਮ ਕਲ ਦਿਨ ਆਏ ਮਾੜੇ । ਪ੍ਰਭ ਕਾ ਭਾਣਾ ਨਾ ਜਾਏ ਟਲ, ਵਰਤੇ ਪਹਿਲੀ ਹਾੜੇ, ਸ੍ਰਿਸ਼ਟ ਸਬਾਈ ਸਾੜੇ । ਵੱਖ ਵੱਖ ਕਰੇ ਫੜ ਫੜ, ਮੁਖ ਨਾਲ ਜੋ ਲਾਉਂਦੇ ਨੜ । ਮਦਿਰਾ ਮਾਸੀ ਕੋਈ ਰਹਿਣ ਨਾ ਪਾਏ, ਆਪੇ ਮਾਰੇ ਫੜ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰੇ ਉਤੇ ਜੋਤ ਧਰ, ਸ੍ਰਿਸ਼ਟ ਸਬਾਈ ਜਾਏ ਛੜ । ਕਲਜੁਗ ਸਾਲਸ ਆਪ ਪ੍ਰਭ ਸਖੀ ਸੁਲਤਾਨਾ । ਕਲਜੁਗ ਸਾਲਸ ਆਪ ਪ੍ਰਭ, ਲਿਖਾਏ ਲੇਖ ਵਾਲੀ ਦੋ ਜਹਾਨਾਂ । ਕਲਜੁਗ ਸਾਲਸ ਆਪ ਪ੍ਰਭ, ਜੂਠਾ ਝੂਠਾ ਮਿਟੇ ਨਿਸ਼ਾਨਾ । ਕਲਜੁਗ ਸਾਲਸ ਆਪ ਪ੍ਰਭ, ਸਾਚਾ ਮਾਣ ਮਾਤ ਧਰਾਏ ਸਚ ਸੁੱਚ ਲੱਗੇ ਵਿਚ ਜਹਾਨਾ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਝੁਲਾਏ ਸਚ ਧਰਮ ਦਾ ਸੱਚਾ ਝੰਡਾ, ਚਾਰ ਕੁੰਟ ਵੇਖੇ ਪ੍ਰਗਟ ਹੋਣਾ ਜਿਉਂ ਦਵਾਪਰ ਕ੍ਰਿਸ਼ਨਾ ਕਾਹਨਾ । ਕ੍ਰਿਸ਼ਨ ਮੁਰਾਰਿਆ, ਜਾਮਾ ਧਾਰਿਆ ਵਿਚ ਸੰਸਾਰਿਆ । ਕਲਜੁਗ ਤੇਰੀ ਅੰਤਮ ਵਾਰਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਆਏ ਗੁਰਮੁਖ ਸਾਚੇ ਸੰਤ ਚਲ ਦਰ ਦਵਾਰਿਆ । ਕਲਜੁਗ ਸਾਲਸ ਆਪ ਪ੍ਰਭ, ਹਰਿ ਰੰਗ ਰੰਗੀਲਾ । ਕਲਜੁਗ ਸਾਲਸ ਆਪ ਪ੍ਰਭ, ਕਰੇ ਸਚ ਨਿਆਉਂ, ਬੈਠ ਸਾਚੇ ਥਾਉਂ, ਕਰ ਕਰ ਸਾਚਾ ਹੀਲਾ । ਚਾਰੇ ਕੁੰਟ ਪ੍ਰਭ ਅਬਿਨਾਸ਼ੀ ਜੋਤੀ ਅਗਨ ਲਾਏ ਏਕਾ ਤੀਲਾ । ਪ੍ਰਗਟ ਹੋ ਘਨਕਪੁਰ ਵਾਸੀ, ਤਨ ਛੁਹਾਇਆ ਬਾਣਾ, ਚਿੱਟਾ ਸੂਹਾ ਲਾਲ ਕਾਲਾ ਨੀਲਾ । ਗੁਰਮੁਖਾਂ ਮਾਨਸ ਜਨਮ ਕਰੇ ਰਹਿਰਾਸੀ, ਕਰ ਕਰ ਸਾਚਾ ਹੀਲਾ । ਬੇਮੁਖਾਂ ਆਤਮ ਲਾਹੇ ਉਦਾਸੀ, ਡੰਕ ਵਜਾਏ ਅਸਰਾਫ਼ੀਲਾ । ਅੰਤਮ ਗੂੜ੍ਹੀ ਨੀਂਦ ਸਵਾਏ, ਮਗਰ ਲਗਾਏ ਅਜ਼ਰਾਈਲਾ । ਸਚ ਸੁਨੇਹੜਾ ਆਪ ਸੁਣਾਏ, ਮਾਤਲੋਕ ਵਿਚ ਆਏ ਬਣ ਫਰਿਸ਼ਤਾ ਜ਼ਬਰਾਈਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਇਕ ਵਰਤਾਇਆ, ਗੁਰਸਿਖਾਂ ਆਤਮ ਆਪ ਧਰਾਇਆ, ਦੇਵੇ ਸੱਚੀ ਰੋਜ਼ੀ ਰਾਜ਼ਕ ਰਹੀਮਾ, ਰਹੀਮ ਕਰੀਮਾ ਗੁਣੀ ਗ਼ਨੀਮਾ, ਨਾਲ ਰਖਾਇਆ ਮੇਕਾਈਲਾ । ਚਾਰ ਫ਼ਰਿਸਤੇ ਆਇਣ ਦਰ । ਸਾਚਾ ਮੰਗਣ ਪ੍ਰਭ ਦਰ ਵਰ,

ਪ੍ਰਭ ਅਬਿਨਾਸ਼ੀ ਕਿਰਪਾ ਕਰ । ਉਮਤ ਨਬੀ ਰਸੂਲ ਦੀ, ਆਪਣਾ ਆਪ ਗਈ ਹਰ । ਸ੍ਰਿਸ਼ਟ ਸਬਾਈ ਅੰਤਮ ਵੇਲੇ ਝੂਰਦੀ, ਆਤਮ ਗਿਆ ਹੰਕਾਰ ਵੜ । ਨਾ ਜਾਣੇ ਸਾਰ ਕੰਤ ਕੰਤੂਹਲ ਦੀ, ਕਾਇਆ ਕਾਚੀ ਹੰਕਾਰੀ ਗੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਰ ਝੋਲੀ ਪਾ । ਕਲਜੁਗ ਸਾਲਸ ਆਪ ਪ੍ਰਭ, ਕਿਲ ਵਿਖ ਪਾਪ ਗਵਾਏ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖ ਸਾਚੇ ਜਗਤ ਉਪਾਏ । ਕਲਜੁਗ ਸਾਲਸ ਆਪ ਪ੍ਰਭ, ਵਿਛੜਿਆਂ ਹਰਿ ਮੇਲ ਮਿਲਾਏ । ਕਲਜੁਗ ਸਾਲਸ ਆਪ ਪ੍ਰਭ, ਗੁਰਸਿਖ ਆਤਮ ਭੁੱਖੜਿਆਂ ਪ੍ਰਗਟ ਜੋਤ ਦਰਸ ਦਿਖਾਏ । ਕਲਜੁਗ ਸਾਲਸ ਆਪ ਪ੍ਰਭ, ਮਾਤ ਗਰਭ ਉਲਟੇ ਰੁੱਖੜਿਆਂ ਪ੍ਰਭ ਲੱਖ ਚੁਰਾਸੀ ਫੰਦ ਕਟਾਏ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖਾਂ ਕਲਜੁਗ ਲੱਗੀ ਭੁੱਖੜਿਆ, ਪ੍ਰਭ ਅੰਮ੍ਰਿਤ ਸਾਚਾ ਸੀਰ ਪਿਲਾਏ । ਕਲਜੁਗ ਸਾਲਸ ਆਪ ਪ੍ਰਭ, ਉਜਲ ਕਰਾਏ ਮੁਖੜਿਆ, ਜੋ ਜਨ ਸਰਨਾਈ ਆਏ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸੋਹੰ ਸੱਚਾ ਗੀਤ ਸੁਹਾਗੀ ਆਪੇ ਗਾਏ । ਕਲਜੁਗ ਸਾਲਸ ਆਪ ਪ੍ਰਭ, ਬੇਮੁਖ ਵਿਚਾਰੇ ਆਤਮ ਮੰਦੇ । ਕਲਜੁਗ ਸਾਲਸ ਆਪ ਪ੍ਰਭ, ਲਾਏ ਝੂਠੇ ਧੰਦੇ । ਕਲਜੁਗ ਸਾਲਸ ਆਪ ਪ੍ਰਭ, ਦਰ ਰਹਿਣ ਨਾ ਪਾਇਣ ਮਦਿਰਾ ਮਾਸੀ ਗੰਦੇ । ਕਲਜੁਗ ਸਾਲਸ ਆਪ ਪ੍ਰਭ, ਆਤਮ ਹੰਕਾਰੀਆਂ ਆਪੇ ਮਾਰੇ ਝੂਠੇ ਜੰਦੇ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਝੂਠੇ ਜਗਤ ਵਣਜਾਰਿਆਂ, ਦੁਖੀ ਰੱਖੇ ਬੰਦ ਬੰਦੇ । ਕਲਜੁਗ ਸਾਲਸ ਆਪ ਪ੍ਰਭ, ਕਲ ਬਣੇ ਵਿਚੋਲਾ । ਗੁਰਮੁਖ ਸਾਚੇ ਸੰਤ ਜਨਾਂ ਆਪ ਸੁਣਾਏ ਸਾਚਾ ਬੋਲਾ । ਸਾਚਾ ਦੇਵੇ ਨਾਮ ਧਨਾ, ਪਹਿਲਾਂ ਤਨ ਛੁਹਾਇਆ ਚਿੱਟਾ ਚੋਲਾ । ਆਤਮ ਗੁਰਸਿਖ ਜਾਏ ਮੰਨ, ਪ੍ਰਭ ਅਬਿਨਾਸ਼ੀ ਹੋਏ ਚਰਨ ਗੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਅਚਰਜ ਖੇਲ ਖੇਲਾ । ਆਪ ਆਪਣਾ ਖੇਲ ਰਚਾਇਆ । ਭੋਲਾ ਭਾਲਾ ਬਣ ਕੇ ਆਇਆ । ਸਾਚਾ ਡੋਲਾ ਨਾਲ ਲਿਆਇਆ । ਸਾਚੀ ਦਰਗਹਿ ਲਏ ਬਹਾਇਆ । ਸ੍ਰਿਸ਼ਟ ਸਬਾਈ ਰਹੀ ਰੋ, ਪ੍ਰਭ ਕਾ ਭੇਵ ਕਿਸੇ ਨਾ ਪਾਇਆ । ਆਪੇ ਗੁਰਸਿਖ ਮਾਣਕ ਮੋਤੀ ਸੋਹਣੇ ਹਾਰ ਕੰਠ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭੇਵ ਆਪ ਸਮਾਇਆ । ਕਲਜੁਗ ਸਾਲਸ ਆਪ ਪ੍ਰਭ, ਚਾਰੋਂ ਕੁੰਟ ਉਠ ਉਠ ਤੱਕੇ । ਕਲਜੁਗ ਸਾਲਸ ਆਪ ਪ੍ਰਭ, ਵੇਖ ਵਖਾਣੇ ਮਦੀਨੇ ਮੱਕੇ । ਕਲਜੁਗ ਸਾਲਸ ਆਪ ਪ੍ਰਭ, ਉਮਤ ਨਬੀ ਰਸੂਲ ਦੀ ਚਾਰੋਂ ਕੁੰਟ ਪੈਣ ਧੱਕੇ । ਕਲਜੁਗ ਸਾਲਸ ਆਪ ਪ੍ਰਭ, ਗੌਂਸ ਮਜੌਰ ਪੀਰ ਫ਼ਕੀਰ ਆਪੇ ਜਾਵਣ ਧੱਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਕੂਟ ਹੁਕਮ ਸੁਣਾਏ, ਸਾਚਾ ਡੰਕ ਆਪ ਵਜਾਏ, ਰਾਓ ਰੰਕ ਸਰਬ ਉਠਾਏ, ਧਰਮ ਰਾਏ ਦਰ ਸਾਰੇ ਧੱਕੇ । ਪਹਿਲੀ ਕੂਟ ਤੀਰ ਤੁਫੰਗ । ਪ੍ਰਭ ਅਬਿਨਾਸ਼ੀ ਵੇਖੇ ਰੰਗ । ਵਗੇ ਸੱਚੀ ਧਾਰ, ਲਹੂ ਮਿਝ ਭਰੀ ਜਾਏ ਗੰਗ । ਪ੍ਰਗਟ ਹੋ ਹਰਿ ਵਿਚ ਸੰਸਾਰ, ਚਾਰੋਂ ਕੁੰਟ ਕਰਾਵੇ ਜੰਗ । ਗੁਰਮੁਖ ਸਾਚੇ ਜਾਏ ਤਾਰ, ਮਾਨਸ ਜਨਮ ਨਾ ਹੋਏ ਭੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋ ਗੁਰਮੁਖਾਂ ਕਟਣ ਆਇਆ ਭੁੱਖ ਨੰਗ । ਭੁੱਖ ਨੰਗ ਆਪੇ ਕਟੇ । ਆਪੇ ਮੇਟੇ ਦੂਈ ਦਵੈਤੀ ਫੱਟੇ । ਸਾਚਾ ਸੰਤ ਆਪ ਲਪੇਟੇ ਸ਼ਬਦ ਪਟੇ । ਪੰਚਮ ਜੇਠ ਜੋਤ ਜਗਾਏ ਕਾਇਆ ਮੱਟੇ । ਬੇਮੁਖ ਸਾਰੇ ਗਏ ਰੁੱਠ, ਗੁਰਸਿਖ ਬੰਨ੍ਹੇ ਏਕਾ ਮੁੱਠੇ । ਬੇਮੁਖ ਕਲਜੁਗ ਜੀਵ ਝੂਠੀ ਮਾਟੀ ਝੂਠੀ ਮਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਣੇ ਛਾਣੇ ਬੇਮੁਖ ਦਰ ਤੋਂ ਜਾਇਣ ਨੱਠੇ । ਕਲਜੁਗ ਸਾਲਸ ਆਪ ਪ੍ਰਭ,

ਦਏ ਦੁਹਾਈ । ਕਲਜੁਗ ਸਾਲਸ ਆਪ ਪ੍ਰਭ, ਸਾਚੀ ਰਚਨਾ ਮਾਤ ਰਚਾਈ । ਕਲਜੁਗ ਸਾਲਸ ਆਪ ਪ੍ਰਭ, ਸਾਚਾ ਕੰਡਾ ਹੱਥ ਵਿਚ ਫੜਿਆ, ਸੋਹੰ ਡੰਡਾ ਉਤੇ ਧਰਿਆ, ਸਾਚਾ ਤੋਲ ਰਿਹਾ ਤੁਲਾਈ । ਕਲਜੁਗ ਸਾਲਸ ਆਪ ਪ੍ਰਭ, ਕਰੇ ਖੇਲ ਵਿਚ ਵਰਭੰਡਾ, ਪੜਦਾ ਉਹਲਾ ਉਹਲਾ ਪੜਦਾ ਨਾ ਕੋਈ ਰਖਾਈ । ਕਲਜੁਗ ਸਾਲਸ ਆਪ ਪ੍ਰਭ, ਸ੍ਰਿਸ਼ਟ ਸਬਾਈ ਆਪੇ ਘੜੇ ਆਪੇ ਭੰਨੇ, ਅੱਠੇ ਪਹਿਰ ਲੜੇ, ਸ਼ਬਦ ਤੀਰ ਰਿਹਾ ਚਲਾਈ । ਕੋਈ ਨਾ ਅੱਗੇ ਆਏ ਨੇੜੇ ਅੰਦਰ ਜਾਇਣ ਵੜ, ਕਿਲ੍ਹਾ ਕੋਟ ਨਾ ਕੋਈ ਅਟਕਾਈ । ਗੁਰਮੁਖ ਵਿਰਲਾ ਅੱਗੇ ਹੋ ਹੋ ਫੜਦਾ, ਜਿਸ ਜਨ ਪੂਰਨ ਬੂਝ ਬੁਝਾਈ । ਬੇਮੁਖ ਕੋਈ ਨਾ ਅੱਗੇ ਅੜਦਾ, ਪ੍ਰਭ ਮੂੰਹ ਦੇ ਭਾਰ ਸੁਟਾਈ । ਵੇਖੋ ਖੇਲ ਸੱਚੇ ਨਰ ਹਰਿ ਦਾ, ਸ੍ਰਿਸ਼ਟ ਸਬਾਈ ਲਏ ਉਠਾਈ । ਕਾਦਰ ਕਰਤਾ ਵਡ ਧਰਨੀ ਧਰਤਾ, ਆਪਣੇ ਭਾਣੇ ਰਿਹਾ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਨਿਹਕਲੰਕ ਨਰਾਇਣ ਨਰ, ਸਚ ਨਿਆਂ ਕਰਾਈ । ਕਲਜੁਗ ਸਾਲਸ ਆਪ ਪ੍ਰਭ, ਹਰਿ ਛੈਲ ਛਬੀਲਾ । ਪ੍ਰਗਟ ਹੋ ਨਿਹਕਲੰਕ ਵਿਚ ਮਾਤ ਲਗਾਏ ਸਾਚਾ ਕੀਲਾ । ਇਕ ਲਗਾਏ ਸ਼ਬਦ ਡੰਕ, ਗਲ ਪਹਿਨੇ ਚੋਲਾ ਨੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਗਨ ਮੁਖ ਲਗਾਏ, ਪੰਚਮ ਜੇਠ ਦੁੱਖ ਮਿਟਾਏ, ਅੰਮ੍ਰਿਤ ਭੰਡਾਰ ਗੁਰਮੁਖ ਵਿਰਲਾ ਪਾਏ, ਦਰ ਆਏ ਕਰ ਹੀਲਾ । ਕਲਜੁਗ ਸਾਲਸ ਆਪ ਪ੍ਰਭ, ਧੁਰਦਰਗਾਹੀ ਸੱਚਾ ਜਾਮਨ । ਕਲਜੁਗ ਸਾਲਸ ਆਪ ਪ੍ਰਭ, ਜਿਉਂ ਸਤਿਜੁਗ ਭੇਖ ਧਾਰੇ ਬਾਵਨ । ਕਲਜੁਗ ਸਾਲਸ ਆਪ ਪ੍ਰਭ, ਵੇਖ ਵਿਚਾਰੇ ਕਿਰਪਾ ਧਾਰੇ, ਜਿਉਂ ਤਰੇਤੇ ਰਾਮਾ ਰਾਵਣ । ਕਲਜੁਗ ਸਾਲਸ ਆਪ ਪ੍ਰਭ, ਜਿਉਂ ਦਵਾਪਰ ਕ੍ਰਿਸ਼ਨ ਮੁਰਾਰੇ, ਪੰਜਾਂ ਪਾਂਡੋ ਪਕੜੇ ਦਾਮਨ । ਕਲਜੁਗ ਸਾਲਸ ਆਪ ਪ੍ਰਭ, ਆਪੇ ਪੂਰ ਕਰੇ ਭਗਤਾਂ ਕਾਮਨ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਚਲਾਏ ਏਕਾ ਸੱਚਾ ਨਾਮ ਨਿਸ਼ਾਨਨ । ਕਲਜੁਗ ਸਾਲਸ ਆਪ ਪ੍ਰਭ, ਜਗ ਸਾਚਾ ਮੀਤਾ । ਕਲਜੁਗ ਸਾਲਸ ਆਪ ਪ੍ਰਭ, ਪਰਖਣ ਆਇਆ ਸ੍ਰਿਸ਼ਟ ਸਬਾਈ ਵੇਲੇ ਅੰਤਮ ਨੀਤਾ । ਕਲਜੁਗ ਸਾਲਸ ਆਪ ਪ੍ਰਭ, ਸਾਚਾ ਸ਼ਬਦ ਇਕ ਸੁਣਾਏ, ਸਤਿਜੁਗ ਸਾਚਾ ਮਾਰਗ ਲਾਏ, ਮਾਣ ਰਖਾਏ ਜਿਉਂ ਅਠਾਰਾਂ ਧਿਆਏ ਗੀਤਾ । ਸਤਿਜੁਗ ਸਾਲਸ ਆਪ ਪ੍ਰਭ, ਗੁਰਮੁਖ ਸਾਚੇ ਲਏ ਉਪਾਏ, ਵਿਚ ਮਾਤ ਜਨਮ ਦਵਾਏ, ਸਤਿਜੁਗ ਸਾਲਸ ਆਪ ਪ੍ਰਭ, ਸਤਿ ਸਰੂਪੀ ਸਾਚੀ ਜੋਤੀ ਵਿਚ ਟਿਕਾਏ, ਵਰਨ ਗੋਤ ਭੇਵ ਚੁਕਾਏ, ਆਪ ਚਲਾਏ ਸਾਚੀ ਰੀਤਾ । ਕਲਜੁਗ ਸਾਲਸ ਆਪ ਪ੍ਰਭ, ਹੱਥ ਹਥੌੜਾ । ਕਲਜੁਗ ਸਾਲਸ ਆਪ ਪ੍ਰਭ, ਲੱਖ ਚੁਰਾਸੀ ਆਪੇ ਵੇਖੇ ਪਰਖੇ ਕਲਜੁਗ ਜੀਵ ਮਿੱਠਾ ਕੌੜਾ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖ ਉਪਜਾਏ ਆਪ ਚੜ੍ਹਾਏ ਉਚਾ ਸੁੱਚਾ ਇਕੋ ਪੌੜਾ । ਕਲਜੁਗ ਸਾਲਸ ਆਪ ਪ੍ਰਭ, ਸ਼ਬਦ ਸਰੂਪੀ ਪੰਚਮ ਜੇਠ ਚੜ੍ਹ ਕੇ ਆਏ, ਚਿੱਟੇ ਅਸਵ ਸਾਚੇ ਘੋੜਾ । ਕਲਜੁਗ ਸਾਲਸ ਆਪ ਪ੍ਰਭ, ਆਪ ਵਖਾਏ ਸਾਚਾ ਹੁਕਮ ਸੁਣਾਏ, ਵਕਤ ਰਹਿ ਗਿਆ ਥੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਡਤ ਪਾਂਧੇ ਵਿਚ ਕਾਸ਼ੀ ਪਰਾਗ ਲੱਭਦੇ ਫਿਰਦੇ, ਪ੍ਰਗਟ ਹੋਣਾ ਘਰ ਬ੍ਰਹਾਮਣ ਗੌੜਾ । ਨਾ ਕੋਈ ਵੇਖੇ ਵੇਖ ਵਖਾਣੇ । ਨਾ ਕੋਈ ਜਾਣੇ ਸੁਘੜ ਸਿਆਣੇ । ਗੁਰਮੁਖ ਵਿਰਲੇ ਪ੍ਰਭ ਅਬਿਨਾਸ਼ੀ ਆਪ ਪਛਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਬਾਣੇ ਤਨ ਛੁਹਾਏ । ਆਪਣੀ ਦਇਆ ਆਪ ਕਮਾਏ । ਪੰਚਮ ਜੇਠ ਵਕਤ ਸੁਹਾਏ । ਵਡ ਵਡ ਸੇਠ ਦਏ ਮਿਟਾਏ । ਗੁਰਮੁਖਾਂ ਰੱਖੇ ਸਾਇਆ ਹੇਠ, ਕਲਜੁਗ ਭੰਨੇ ਕੌੜੇ ਰੇਠ, ਨਾ ਕੋਈ ਅੰਤ ਛੁਡਾਏ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ

੨੭੪
੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਸਚ ਨਿਉਂ ਕਰਾਏ । ਕਲਜੁਗ ਸਾਲਸ ਆਪ ਪ੍ਰਭ, ਸਖੀ ਸਰਵਰ । ਕਲਜੁਗ ਸਾਲਸ ਆਪ ਪ੍ਰਭ, ਚਾਰੋਂ ਕੁੰਟ ਜਾਏ ਦਰ ਦਰ ਘਰ ਘਰ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖ ਜਗਾਏ ਬਾਹੋਂ ਫੜ ਫੜ । ਕਲਜੁਗ ਸਾਲਸ ਆਪ ਪ੍ਰਭ, ਬੇਮੁਖ ਮਿਟਾਏ ਮਰਨ ਲੜ ਲੜ । ਕਲਜੁਗ ਸਾਲਸ ਆਪ ਪ੍ਰਭ, ਗੁਰਮੁਖ ਸਾਚੇ ਸੰਤ ਉਠਾਏ ਸ਼ਬਦ ਸਰੂਪੀ ਅੰਦਰ ਵੜ ਵੜ । ਕਲਜੁਗ ਸਾਲਸ ਆਪ ਪ੍ਰਭ, ਕਲਜੁਗ ਜੀਵ ਦਏ ਖਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੱਖ ਕਰਾਏ ਸਿਰ ਸਿਰ ਧੜ ਧੜ । ਸਿਰ ਸਿਰ ਧੜ ਧੜ ਹੋਇਣ ਵੱਖ । ਚਾਰੋਂ ਕੁੰਟ ਲਾਉਂਦੇ ਭੱਖ । ਗੁਰਮੁਖ ਸਾਚੇ ਸੰਤ ਜਨਾਂ, ਪੰਚਮ ਜੇਠ ਕਿਰਪਾ ਕਰ, ਪ੍ਰਭ ਅਬਿਨਾਸ਼ੀ ਲਏ ਰੱਖ । ਪ੍ਰਗਟ ਹੋਏ ਘਨਕਪੁਰ ਵਾਸੀ । ਗੁਰ ਸੰਗਤ ਕਰੇ ਚਰਨ ਦਾਸੀ । ਨਾ ਕੋਈ ਬਹਾਏ ਦਰ ਮਦਿਰਾ ਮਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਵੇਖੇ ਵੇਖ ਵਖਾਣੇ, ਬੇਮੁਖ ਜੀਵਾਂ ਕਾਇਆ ਭਾਂਡੇ ਹੋਏ ਸਖ । ਕਾਇਆ ਭਾਂਡੇ ਹੋਏ ਸੱਖਣੇ । ਅੰਤਮ ਵੇਲੇ ਨਾ ਕਿਸੇ ਰੱਖਣੇ । ਗੁਰਮੁਖ ਸਾਚੇ ਸੰਤ ਜਨ ਪ੍ਰਭ ਅਬਿਨਾਸ਼ੀ ਕਿਰਪਾ ਕਰ, ਕਲਜੁਗ ਕੀਨੇ ਵੱਖਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਝੇੜਾ ਆਪ ਚੁਕਾਏ, ਸ਼ਬਦ ਉਖੇੜਾ ਏਕਾ ਲਾਏ, ਨੀਲਾ ਬਾਣਾ ਤਨ ਛੁਹਾਏ, ਸਯਦ ਮੁਹੰਮਦ ਦੀਨ ਦਰਸ ਦਿਖਾਏ ਉਤੇ ਰੋੜੀ ਸਖਰੇ । ਰੋੜੀ ਸੱਖਰ ਹਰਿ ਕਰੇ ਵੱਖਰ । ਪ੍ਰਭ ਅਬਿਨਾਸ਼ੀ ਇਕ ਲਿਖਾਏ ਅੱਖਰ । ਨੀਲਾ ਚੋਲਾ ਆਪ ਪਹਿਨਾਏ, ਆਪ ਆਪਣਾ ਖੇਲ ਰਚਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਜੰਗਲ ਜੂਹ ਵਡ ਵਡ ਪੱਥਰ । ਕਲਜੁਗ ਸਾਲਸ ਆਪ ਪ੍ਰਭ, ਕਰੇ ਖੇਲ ਅਪਾਰ । ਕਲਜੁਗ ਸਾਲਸ ਆਪ ਪ੍ਰਭ, ਨੀਲਾ ਚੋਲਾ ਤਨ ਛੁਹਾਏ, ਨਿਹਕਲੰਕ ਕਲਗੀ ਅਵਤਾਰ । ਚਾਰੇ ਕੁੰਟ ਉਠ ਉਠ ਵੇਖੇ, ਕਰੇ ਸੋਲਾਂ ਤਨ ਸ਼ਿੰਗਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਇਆ ਕਮਾਏ, ਆਪਣਾ ਭਾਣਾ ਆਪ ਵਰਤਾਏ, ਦੀਨ ਮੁਹੰਮਦ ਸੋਇਆ ਹਰਿ ਜਗਾਏ, ਪ੍ਰਗਟ ਹੋਇਆ ਵਿਚ ਮਾਝੇ ਦੇਸ । ਇਬਰਾਹੀਮ ਵਡ ਗ਼ਨੀਮ ਬਲਖ ਬੁਖ਼ਾਰੇ ਲਏ ਜਗਾਏ । ਬਲਖ ਬੁਖ਼ਾਰਾ ਹਰਿ ਵਿਚਾਰਾ । ਜਿਥੇ ਬੈਠਾ ਐਲੀ ਅੱਲਾ ਨੂਰ ਪਿਆਰਾ । ਅੱਠੇ ਪਹਿਰ ਰਹੇ ਇਕੱਲਾ, ਮੱਲਿਆ ਇਕ ਦਵਾਰਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਧੁਰਦਰਗਾਹੀ ਘਲਿਆ । ਸੋਹੰ ਸ਼ਬਦ ਚੜ੍ਹਿਆ ਚਿੱਲਿਆ । ਕਾਬਲ ਕੰਧਾਰੀ ਮਾਰੇ ਧਾੜਾ, ਜੂਹ ਜੰਗਲ ਉਜਾੜ ਪਹਾੜ ਪ੍ਰਭ ਅਬਿਨਾਸ਼ੀ ਲਾਹੇ ਉਚੇ ਟਿੱਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਹਰਿ ਕਰਤਾਰ, ਬਾਵਨ ਭੇਖ ਕੀਆ ਭਗਵਾਨ, ਰਾਜੇ ਬਲ ਦੀਆ ਦਾਨ, ਸਮੁੰਦ ਸਾਗਰ ਰਿੜਕਿਆ । ਕੱਢੇ ਚੌਦਾਂ ਲਾਲ ਰਤਨ ਭਗਵਾਨ, ਅੰਮ੍ਰਿਤ ਮੇਘ ਚੁਆਇਆ ਮੁਖ, ਕਰੋੜ ਤੇਤੀਸ ਦੇਵਤ ਬਣ ਜਾਣ, ਬੇਮੁਖ ਮੁਖ ਮਦਿਰਾ ਆਪ ਲਗਾਇਆ, ਵੇਲੇ ਅੰਤ ਆਪ ਪਛਤਾਨ । ਮੋਹਣੀ ਰੂਪ ਹਰਿ ਵਟਾਇਆ । ਪਾਪੀ ਗੰਦੇ ਆਤਮ ਅੰਧੇ ਆਪਣਾ ਆਪ ਭੁਲਾਇਆ । ਕਿਰਪਾ ਕਰੀ ਸ੍ਰੀ ਭਗਵਾਨ ਚਤੁਰ ਸੁਜਾਨ, ਸਤਿਜੁਗ ਸਾਚੇ ਸਚ ਨਿਆਉਂ ਕਰਾਇਆ । ਕਲਜੁਗ ਸਾਲਸ ਆਪ ਪ੍ਰਭ, ਬਣੇ ਦਿਸ਼ਾ ਲਹਿੰਦੀ । ਕਲਜੁਗ ਸਾਲਸ ਆਪ ਪ੍ਰਭ, ਕਰੋੜ ਤੇਤੀਸ ਰਸਨਾ ਕਹਿੰਦੀ । ਕਲਜੁਗ ਸਾਲਸ ਆਪ ਪ੍ਰਭ, ਧਰਤ ਮਾਤ ਖ਼ੁਸ਼ੀ ਹੋ ਹੋ ਬਹਿੰਦੀ । ਕਲਜੁਗ ਸਾਲਸ ਆਪ ਪ੍ਰਭ, ਲੱਖ ਚੁਰਾਸੀ ਭਾਣਾ ਪ੍ਰਭ ਕਾ ਸਹਿੰਦੀ । ਕਲਜੁਗ ਸਾਲਸ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਜਗਤ ਮਹਾਨ, ਕਲਜੁਗ ਜੀਵ ਭੁੱਲੇ ਨਿਧਾਨ, ਆਤਮ ਆਏ ਨਾ ਕਿਸੇ ਗਿਆਨ, ਘਰ ਘਰ

ਝੂਠੇ ਝੁਲਦੇ ਨਿਸ਼ਾਨ, ਆਤਮ ਵਧਿਆ ਸਭ ਦੇ ਮਾਣ, ਨਾ ਕੋਈ ਸਕੇ ਪਛਾਣ, ਪ੍ਰਗਟ ਹੋਣਾ ਸਦੀ ਚੌਧਵੀਂ ਬੁੱਢਾ ਸਯਦ ਅਮਾਮ ਮਹਿੰਦੀ, ਬੁੱਢਾ ਸ਼ੇਖ਼ ਮੁੱਲਾ ਕਾਜ਼ੀ । ਸਦੀ ਚੌਧਵੀਂ ਲਏ ਵੇਖ, ਪ੍ਰਭ ਸਾਚਾ ਆਪ ਚੜ੍ਹਾਏ ਉਤੇ ਸ਼ਬਦ ਤਾਜ਼ੀ । ਪ੍ਰਭ ਸਾਚਾ ਭੇਖ ਆਪ ਵਟਾਏ, ਮਾਰੇ ਵਡ ਵਡ ਗਾਜ਼ੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਉਮਤ ਨਬੀ ਰਸੂਲ ਦੀ ਜਿਸ ਹਰਿ ਸਾਚੇ ਆਪੇ ਸਾਜੀ । ਬੁੱਢਾ ਸ਼ੇਖ਼ ਹੱਥ ਡੰਗੋਰਾ । ਕੋਈ ਨਾ ਲੱਭੇ ਉਤੇ ਚੜ੍ਹਨ ਨੂੰ ਵਿਚ ਮਾਤ ਘੋੜਾ । ਸਦੀ ਚੌਧਵੀਂ ਤੇਰਾ ਵੇਲਾ ਵਕਤ ਰਹਿ ਗਿਆ ਥੋੜ੍ਹਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਮਾਰਨ ਆਇਆ ਮੱਕੇ ਮਦੀਨੇ ਪਹਿਲਾ ਪੌੜਾ । ਰੋਵੇ ਰੋ ਰੋ ਧਾਹਾਂ ਮਾਰੇ । ਸੰਗ ਮੁਹੰਮਦ ਚਾਰ ਯਾਰਾਂ ਪੁਕਾਰੇ, ਅੰਤ ਭੱਜਣਾ ਰੀਠਾ ਕੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰਦਰਗਾਹੀ ਸਾਚਾ ਮਾਹੀ ਵਿਚ ਮਾਤ ਆਇਆ ਦੌੜਾ । ਰੋ ਰੋ ਪੁਕਾਰੇ ਅਮਾਮ ਮਹਿੰਦੀ । ਹੱਥੀਂ ਲਗਾਈ ਜੋ ਰੱਖੀ ਮਹਿੰਦੀ । ਉਮਤ ਨਬੀ ਰਸੂਲ ਦੀ ਇਕ ਦੂਜੇ ਦੇ ਨਾਲ ਖਹਿੰਦੀ । ਭਾਣਾ ਹਰਿ ਨਾ ਕਬੂਲਦੀ, ਖੇਲ ਕਰੇ ਦਿਸ਼ਾ ਲਹਿੰਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਤੇਰਾ ਦਰ ਦਵਾਰ ਗੁਰ ਸੰਗਤ ਮਿਲ ਮਿਲ ਬਹਿੰਦੀ । ਮੱਕਾ ਮਦੀਨਾ ਵਡ ਪ੍ਰਬੀਨਾ ਏ, ਵਡਾ ਅਮਾਮ ਤਨ ਸੁੱਕਾ ਪਿੰਜਰ ਆ ਗਿਆ ਸਦੀ ਚੌਧਵੀਂ ਸੁੱਕਾ ਚਾਮ, ਨੇਤਰ ਨੀਰ ਵਹਾ ਗਿਆ । ਪ੍ਰਭ ਦਰ ਆਏ ਭੁੱਲ ਬਖ਼ਸ਼ਾ ਗਿਆ । ਪ੍ਰਭ ਪੂਰੇ ਕਰੇ ਕਾਮ, ਸਚ ਮੁਹੰਮਦ ਜੋ ਲਿਖਾ ਗਿਆ । ਅੱਲਾ ਹੂ ਤੇਰਾ ਸੱਚਾ ਨਾਅਰਾ ਵਿਚ ਮਾਤ ਦੇ ਲਾ ਗਿਆ । ਨਿਹਕਲੰਕ ਪ੍ਰਗਟ ਜੋਤ, ਸੋਹੰ ਖੰਡਾ ਮਿਆਨੋ ਕੱਢ ਆਪਣੇ ਹੱਥ ਉਠਾ ਗਿਆ । ਵੇਖੋ ਉਲਟੀ ਵਗੇ ਨਦੀ ਨੂਹ, ਸਾਰੇ ਇਕੋ ਵਾਰ ਰੁੜ੍ਹਾ ਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਸਾਚਾ ਰਾਣਾ ਗਰੀਬ ਨਿਮਾਣਾ ਸਿੰਘ ਸਿੰਘਾਸਣ ਗੁਰ ਸਾਚਾ ਬੈਠ ਵਿਚ ਮਾਤ ਵਰਤਾ ਗਿਆ । ਹੋਇਆ ਬੁੱਢਾ ਆਇਆ ਬੁਢਾਪਾ । ਸਦੀ ਚੌਧਵੀਂ ਚੜ੍ਹਿਆ ਤਾਪਾ । ਕਲਜੁਗ ਪਾਪ ਤੇਰਾ ਕਾਂਪਾ । ਪ੍ਰਗਟ ਜੋਤ ਇਕ ਸੁਣਾਇਆ ਸੱਚਾ ਜਾਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਮੂਲ ਨਾ ਭੁਲੇ, ਪੂਰੇ ਤੋਲ ਤੁਲੇ, ਨਾ ਕੋਈ ਮਾਈ ਨਾ ਕੋਈ ਬਾਪਾ । ਮਾਈ ਬਾਪ ਨਾ ਹੋਏ ਪਿਆਰ । ਨਾ ਕੋਈ ਭਾਈ ਭੈਣ ਨਾ ਕੋਈ ਸਾਕ ਸੈਣ, ਨਾ ਕੋਈ ਪਾਵੇ ਸਾਰ । ਗੁਰ ਦਰ ਸਾਚੇ ਗੁਰ ਸੰਗਤ ਖਿੜੀ ਸਚ ਗੁਲਜ਼ਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਚੁਕਾਏ ਲਹਿਣ ਦੇਣ, ਧਰਿਆ ਭੇਖ ਨਰ ਅਵਤਾਰ । ਅੰਧਾ ਸ਼ੇਖ਼ ਹੱਥ ਡੰਗੋਰੀ । ਲੱਖ ਬਹੱਤਰ ਆਪ ਉਠਾਏ ਹੌਲੀ ਹੌਲੀ ਆਏ ਤੋਰੀ । ਸਾਚਾ ਹੁਕਮ ਆਪ ਲਿਖਾਏ, ਨਾ ਕੋਈ ਕਰੇ ਚੋਰੀ । ਵੇਲੇ ਅੰਤ ਨਾ ਕੋਈ ਰੱਖ ਵਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਨਾ ਦਿਸੇ ਅੰਧ ਘੋਰੀ । ਅੰਧ ਘੋਰ ਹੋਇਆ ਸੰਸਾਰ । ਜੋਤ ਸਰੂਪੀ ਖੇਲ ਨਿਆਰ । ਧਰੇ ਭੇਖ ਗਿਰਵਰ ਗਿਰਧਾਰ । ਨੇਤਰ ਲੈਣਾ ਪੇਖ ਜੋ ਵਰਤੇ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੰਗੀ ਪੈਰੀਂ ਭੱਜਾ ਫਿਰਦਾ ਆਪ ਉਠਾਏ ਵਡ ਵਡ ਸੂਰਬੀਰ ਸਰਦਾਰ । ਨੰਗੀ ਪੈਰੀਂ ਚਲ ਚਾਲ । ਗੁਰਮੁਖ ਲੱਭੇ ਸਾਚੇ ਲਾਲ । ਬੇਮੁਖਾਂ ਖਾਏ ਅੰਤ ਜਮ ਕਾਲ । ਪ੍ਰਭ ਅਬਿਨਾਸ਼ੀ ਦੇਵੇ ਗਾਲ । ਕਿਸੇ ਰਹਿਣ ਨਾ ਦੇਵੇ ਫਲ ਡਾਲ । ਸ੍ਰਿਸ਼ਟ ਸਬਾਈ ਆਪ ਕਰਾਏ ਦੋ ਫਾੜੇ ਦਾਲ । ਗੁਰਮੁਖ ਆਤਮ ਕਰੇ ਰੁਸ਼ਨਾਈ, ਸ੍ਰਿਸ਼ਟ ਸਬਾਈ ਸੁਰਤ ਸੰਭਾਲ । ਕੋਈ ਨਾ ਚਲੇ ਕਿਸੇ ਦਾਨਾਈ ਵਡ ਚਤੁਰਾਈ, ਆਤਮ ਹੋਈ ਸਰਬ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਕਟਣ ਆਇਆ ਝੂਠਾ



੨੭੬ ੦੪

ਜਗਤ ਜੰਜ਼ਾਲ । ਜਗਤ ਜੰਜ਼ਾਲਾ ਦੇਵੇ ਤੋੜ । ਨਾ ਕੋਈ ਸਕੇ ਅੱਗੋਂ ਮੋੜ । ਕਲਜੁਗ ਜੀਵ ਕਾਇਆ ਕੌੜ । ਪ੍ਰਗਟ ਹੋਇਆ ਨਿਹਕਲੰਕ ਘਰ ਬ੍ਰਹਿਮਣ ਗੌੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਤੇਰੀ ਪੱਟੀ ਕਰ ਜਾਏ ਚੌੜ । ਗੌੜ ਬ੍ਰਹਿਮਣ ਜੋ ਜਨ ਜਾਣੇ । ਪ੍ਰਭ ਅਬਿਨਾਸ਼ੀ ਫੇਰ ਪਛਾਣੇ । ਤੀਜੇ ਲੋਇਣ ਵੇਖ ਵਖਾਣੇ । ਚੌਥੇ ਘਰ ਆਪ ਮਿਲਾਏ, ਪੰਜਵੇਂ ਸੰਗ ਤੋੜ ਨਿਭਾਏ, ਛੇਵੇਂ ਛੇ ਸ਼ਾਸਤਰ ਮਾਣ ਗਵਾਏ, ਸਤਵੇਂ ਸੱਤਾਂ ਦੀਪਾਂ ਜੋਤ ਜਗਾਏ, ਅਠਵਾਂ ਉਠ ਉਠ ਵੇਖੇ ਗੁਰਮੁਖ ਸਾਚੇ ਸੰਤ ਜਗਾਏ, ਨੌਂਵਾਂ ਨੌਂ ਦਰ ਵੇਖੇ ਗੁਰਮੁਖ ਸਾਚੇ ਆਪ ਕਢਾਏ, ਸਾਚੇ ਦਰ ਬਹਾਏ, ਬੇਮੁਖ ਜੀਵ ਲਿਆਏ ਅੰਧੇ ਕਾਣੇ । ਦਸਵਾਂ ਦਹਿ ਦਿਸ਼ ਧਾਏ, ਦਸਵੇਂ ਸਾਲ ਜਾਮਾ ਧਾਰ ਪ੍ਰਭ ਅਬਿਨਾਸ਼ੀ ਅੰਤ ਦਏ ਕਰਾਇਆ । ਸਦੀ ਬੀਸ ਸਾਲ ਗਿਆਰਵਾਂ ਜਾਏ ਚੜ੍ਹ, ਏਕਾ ਹੜ੍ਹ ਦਏ ਰੁੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਲੱਖ ਚੁਰਾਸੀ ਵਿਚੋਂ ਫੜ ਆਪਣੇ ਚਰਨ ਬਹਾਇਆ । ਵਡ ਮੌਲਵੀ ਵਡ ਮੌਲਾਣਾ । ਗਲ ਪਾਏ ਤਸਬੀਆਂ ਹੱਥ ਬੰਨ੍ਹੇ ਗਾਨਾ । ਹੱਥ ਡੰਗੋਰੀ ਬਗ਼ਲੇ ਪਕੜੇ ਕੁਰਾਨਾ । ਨਾਲ ਲੈ ਕੇ ਆਇਆ ਅੱਟੀ ਮੌਲੀ, ਉਮਤ ਨਬੀ ਰਸੂਲ ਦੀ ਤੈਨੂੰ ਬੰਨ੍ਹੇ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਤਖ਼ਤ ਆਪ ਬਿਰਾਜੇ, ਵਡ ਸ਼ਾਹੋ ਸ਼ਾਹ ਸ਼ਹਾਨਾ । ਹੱਥੀਂ ਗਾਨਾ ਬੰਨ੍ਹ ਕੇ ਜਾਏ ਪੂਰ ਕਰਾਏ ਮੰਗ ਮੰਗੀ । ਕਾਲੀ ਚੋਲੀ ਪ੍ਰਭ ਕਰੇ ਨੰਗੀ । ਸਾਚੀ ਡੋਲੀ ਆਪ ਬਣਾਏ, ਕੁਹਾਰ ਬਣਾਏ ਸ਼ਾਹ ਫ਼ਰੰਗੀ । ਅਚਰਜ਼ ਖੇਲ ਹਰਿ ਵਰਤਾਏ, ਸਾਚਾ ਰੰਗ ਰਿਹਾ ਰੰਗੀ । ਦੋਹਾਂ ਧਿਰਾਂ ਹਰਿ ਮੇਲ ਮਿਲਾਏ, ਵਡ ਦਾਤਾ ਸੂਰਾ ਸਰਬੰਗੀ । ਬਿਨ ਬਾਤੀ ਬਿਨ ਤੇਲ ਜਗਾਏ, ਵੇਲੇ ਅੰਤ ਨਾ ਕੋਇ ਛੁਡਾਏ, ਨਾ ਕੋਈ ਦਿਸੇ ਸਾਚਾ ਸੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਧਿਰਾਂ ਰਲ ਮਿਲ ਆਪਣੀ ਹੱਥੀਂ ਵਾਹਿਣ ਆਇਆ ਕੰਘੀ । ਦੋਵੇਂ ਨਾਰਾਂ ਹੋਈਆਂ ਮੁਟਿਆਰ । ਪ੍ਰਭ ਅਬਿਨਾਸ਼ੀ ਖੇਲ ਰਚਾਏ, ਨੇਤਰ ਨੈਣੀ ਆਪ ਵਖਾਏ, ਸ਼ਾਹ ਮੁਹੰਮਦ ਸੰਗ ਚਾਰ ਯਾਰ । ਅਹਿਮਦ ਮੁਹੰਮਦ ਹਰਿ ਦੋਵੇਂ ਨਾਮ ਉਪਜਾਏ, ਕਰੇ ਸਚ ਵਿਹਾਰ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰਾ ਅੰਤਮ ਵੇਲਾ ਨੇੜਾ ਕਰੇ ਆਜ ਅਪਰ ਅਪਾਰ । ਇਕ ਪਾਸੇ ਸ਼ਾਹ ਫਰੰਗੀ । ਦੂਜੇ ਪਾਸੇ ਕਰੇ ਕਟਾਰ ਰੂਸਾ ਨੰਗੀ । ਵਿਚ ਆਈ ਉਮਤ ਨਬੀ ਰਸੂਲ ਦੀ ਭਾਗਾਂ ਮੰਦੀ । ਸਾਚਾ ਦਰ ਨਾ ਵੇਂਹਦੀ, ਹੋਈ ਵਾਸ਼ਨਾ ਗੰਦੀ । ਸਚ ਪੰਘੂੜਾ ਧੁਰ ਦਰਗਾਹੀ ਨਾ ਝੂਲਦੀ, ਪੜਦਾ ਮਾਇਆ ਪਾਇਆ ਕਾਲਾ ਸੂਸਾ, ਹੋਈ ਅੰਤਮ ਆਤਮ ਅੰਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਜਗਾਈ, ਉਮਤ ਨਬੀ ਰਸੂਲ ਦੀ ਆਪ ਮਿਟਾਏ, ਮੁੜ ਕੇ ਚੜ੍ਹੇ ਨਾ ਚੰਦ ਨੌਂ ਚੰਦੀ । ਚੰਦ ਸੂਰਜ ਭਏ ਅਵਤਾਰਾ । ਐਤਵਾਰ ਰਵੀ ਸੂਰਜ ਸਾਚੇ ਰਥ ਹੋਏ ਅਸਵਾਰਾ । ਸੋਮਵਾਰ ਨਾਮ ਚੰਦਰਮਾ ਉਤੇ ਹਰਨ ਆਸਣ ਰਖੇ ਭਾਰਾ । ਮੰਗਲ ਹਰਿ ਜੀ ਭੇਵ ਖੁਲ੍ਹਾਏ, ਉਤੇ ਭੇਡੂ ਖੇਲ ਨਿਆਰਾ । ਬੁੱਧਵਾਰ ਕਰ ਵਿਚਾਰ, ਉਤੇ ਘੋੜੇ ਹੋਏ ਅਸਵਾਰਾ । ਅੱਗੇ ਆਵੇ ਵੀਰਵਾਰ, ਗੁਰ ਪੂਰਾ ਕਰੇ ਸਚ ਵਿਹਾਰਾ । ਸ਼ੁੱਕਰਵਾਰ ਸ਼ੁਕਰ ਪ੍ਰੋਹਤ ਬਲ ਦਵਾਰੇ ਭਰੇ ਅਸਵਾਰੇ ਉਤੇ ਬੈਲ, ਪ੍ਰਭ ਅਬਿਨਾਸ਼ੀ ਖੋਲ੍ਹੇ ਭੇਵ ਅਪਾਰਾ । ਛਨਿੱਚਰਵਾਰ ਉਤੇ ਕੱਛ ਅੱਠੇ ਪਹਿਰ ਕਰਦਾ ਰਹੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਆਪਣੀ ਸੱਚੀ ਧਾਰਾ । ਇਹ ਕਾਲਾ ਸੂਸਾ ਆਪ ਰਖਾਏ । ਈਸਾ ਮੂਸਾ ਦੂਜੇ ਪਾਸੇ ਸ਼ਾਹ ਰੂਸਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਮਤ ਨਬੀ ਰਸੂਲ ਦੀ ਆਪ ਉਡਾਏ, ਜਿਉਂ ਉਡੇ ਭੂਸਾ । ਕਾਲੇ ਸੂਸੇ ਤੇਰੀ ਇਹ ਨਿਸ਼ਾਨੀ । ਮੰਗਣ ਆਇਆ

ਬਣ ਕੇ ਦਾਨੀ । ਸਾਚੀ ਚੋਲੀ ਰੰਗਣ ਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਲ ਰੰਗ ਇਕੋ ਮੰਗੇ । ਮੂਲ ਨਾ ਸੰਗੇ ਕਲਜੁਗ ਜੀਵ ਹੋਏ ਨਿਧਾਨੀ । ਲਾਲ ਚੋਲੀ ਲਈ ਰੰਗ । ਆਪ ਕਰਾਏ ਸਾਚਾ ਜੰਗ । ਹੱਥੀਂ ਬੰਨ੍ਹੇ ਸੱਚੇ ਗਾਨਾ, ਕਲਜੁਗ ਜੀਵ ਭੰਨੇ ਜਿਉਂ ਕਾਚੀ ਵੰਗ । ਚਿੱਟੇ ਅਸਵ ਹੋ ਅਸਵਾਰ, ਦੋਹੀਂ ਹੱਥੀਂ ਕਸੇ ਤੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਆਪਣਾ ਰੰਗ । ਕਸਿਆ ਤੰਗ ਨਾ ਹੋਏ ਢਿੱਲਾ । ਸ਼ਬਦ ਸਰੂਪੀ ਹੋ ਅਸਵਾਰ, ਤੋੜੇ ਝੂਠਾ ਕਿਲਾ । ਵੇਖ ਵਖਾਣੇ ਬੂਰਾ ਕੱਕਾ ਬਿੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਪੜਦਾ ਉਹਲਾ ਰਖਾਏ, ਨਾ ਕਿਸੇ ਭੋਰੇ ਪਾਏ, ਨਾ ਕਰਾਏ ਚਾਲਿਆ ਛਿਲਾ । ਸਚ ਪੁਕਾਰੇ ਸਚ ਵਰਤਾਰੇ । ਨਿਹਕਲੰਕ ਨਰਾਇਣ ਨਰ ਅਵਤਾਰੇ । ਚਾਰੋਂ ਕੁੰਟ ਉਠ ਉਠ ਵੇਖੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹਣਾ ਝੰਡਾ ਹੱਥ ਵਿਚ ਫੜਿਆ, ਅੱਗੇ ਉਹਦੇ ਕੋਈ ਨਾ ਅੜਿਆ, ਉਠੇ ਰੂਸਾ ਧਾੜੇ । ਉਠੇ ਰੂਸਾ ਲਸ਼ਕਰ ਭਾਰੀ । ਚਾਰੋਂ ਕੁੰਟ ਕਰੇ ਖ਼ਵਾਰੀ । ਗੁਰਮੁਖਾਂ ਆਤਮ ਜੋਤ ਜਗਾਏ ਜਿਉਂ ਜਗੇ ਜੋਤ ਦੀਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਉਪਰ ਪੜਦਾ ਪਾਏ ਗੁਰਸਿਖਾਂ ਕਰੇ ਆਪ ਰਖਵਾਲੀ । ਕਾਲੇ ਝੰਡੇ ਸ਼ਬਦ ਹੁਲਾਰਾ ਹੈ । ਦੇਵੇ ਹਰਿ ਨਰ ਅਵਤਾਰਾ ਹੈ । ਬੰਨ੍ਹੇ ਸੀਸ ਆਪਣੇ ਇਕ ਲਾਲ ਦਸਤਾਰਾ ਹੈ । ਮਿਟਦਾ ਜਾਏ ਸੰਗ ਮੁਹੰਮਦ ਨਾਲ ਚਾਰ ਯਾਰਾਂ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਉਠਾਇਆ, ਉਤੇ ਝੰਡਾ ਕਾਲਾ ਲਾਇਆ, ਕਰਦਾ ਜਾਏ ਆਰਾ ਪਾਰਾ ਹੈ । ਆਰਾ ਪਾਰਾ ਵੰਡੀ ਜਾਏ ਚਾਰ ਯਾਰਾਂ, ਉਮਤ ਨਬੀ ਰਸੂਲ ਦੀ ਆਇਆ ਪਾਸਾ ਹਾਰਾ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹੀਂ ਹੱਥੀਂ ਫੜੀ ਦੋਹੀਂ ਹੱਥੀਂ ਰਿਹਾ ਪਾੜਾ ਹੈ । ਸਿੱਧਾ ਪਾਏ ਹਰਿ ਜੀ ਚੀਰ । ਕੋਈ ਨਾ ਦੇਵੇ ਕਿਸੇ ਧੀਰ । ਭੈਣਾਂ ਮੁੜ ਮੁੜ ਤੱਕਣ, ਕਿਧਰ ਗਏ ਸਾਡੇ ਵੀਰ । ਪ੍ਰਭ ਅਬਿਨਾਸ਼ੀ ਵਟਾਏ ਭੇਖਣ, ਕਿਸੇ ਹੱਥ ਨਾ ਆਵੇ ਨੀਰ । ਮਿਟਦੇ ਜਾਣ ਔਲੀਏ ਪੀਰ ਸ਼ੇਖ਼ਨ, ਆਪ ਮਿਟਾਏ ਤੇਰੀ ਅੰਤਮ ਲਿਖੀ ਰੇਖਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪੇ ਕੱਢੇ ਹਉਮੇ ਪੀੜ । ਕਾਲਾ ਸੂਸਾ ਸਚ ਮਸੱਲਾ । ਆਪ ਉਠਾਏ ਦਇਆ ਕਮਾਏ ਨੂਰ ਨੁਰਾਨੀ ਜੋਤੀ ਅੱਲਾ । ਨਾ ਕੋਈ ਬਣਾਏ ਵਰਨ ਗੋਤੀ, ਪ੍ਰਗਟ ਹੋਇਆ ਇਕ ਇਕੱਲਾ, ਚਾਰ ਕੁੰਟ ਰਹੀ ਸੋਤੀ, ਵਸੇ ਇਕੋ ਇਕ ਗੁਰ ਸੰਗਤ ਤੇਰਾ ਸਚ ਮਹੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਾਚਾ ਸਮਾਂ ਸੁਹਾਏ, ਗੁਰਮੁਖਾਂ ਆਪ ਦਇਆ ਕਮਾਏ, ਆਪ ਫੜਾਏ ਆਪਣਾ ਪੱਲਾ । ਸਾਚਾ ਪੱਲਾ ਲੈਣਾ ਫੜ । ਸਾਚੀ ਪੌੜੀ ਜਾਣਾ ਚੜ੍ਹ । ਪ੍ਰਭ ਢਾਹੁੰਦਾ ਜਾਏ ਮੇਟ ਮਿਟਾਉਂਦਾ ਜਾਏ, ਕੋਈ ਨਾ ਦਿਸੇ ਕਿਲ੍ਹਾ ਗੜ੍ਹ । ਸ੍ਰਿਸ਼ਟ ਸਬਾਈ ਵਹਾਏ ਵਹਿੰਦੀ ਧਾਰ, ਬੇਮੁਖ ਰਹੇ ਵੇਖੀ ਵੇਖ ਹੱਥ ਨਾ ਆਏ ਔਲੀਏ ਪੀਰ ਸ਼ੇਖ਼, ਵਿਚ ਵਰਭੰਡ ਸਰਬ ਪਛਤਾਉਂਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਚ ਦਵਾਰੇ ਵਡ ਮੁਨਾਰੇ ਢਾਹੁੰਦਾ ਜਾਏ । ਢਾਹੇ ਉਚ ਮੁਨਾਰਿਆ । ਕਰੇ ਖੇਲ ਨਰ ਨਰਾਇਣ ਨਰ ਅਵਤਾਰਿਆ । ਕਿਸੇ ਨਾ ਮਿਲੇ ਰਸਨਾ ਕਹਿਣ, ਵੇਦ ਪੁਰਾਨਾਂ ਸਰਬ ਵਿਚਾਰਿਆ । ਕੁਰਾਨ ਅੰਜੀਲ ਇਕੱਠੇ ਹੋ ਹੋ ਬਹਿਣ, ਪ੍ਰਭ ਅਬਿਨਾਸ਼ੀ ਕਿਹੜੀ ਕੁਟੇ ਜਾਮਾ ਧਾਰਿਆ । ਕਿਸੇ ਨਾ ਦਿਸੇ ਸਾਚੇ ਨੈਣ, ਆਤਮ ਹੋਈ ਸਰਬ ਹੰਕਾਰਿਆ । ਆਪ ਵਹਾਏ ਏਕਾ ਵਹਿਣ, ਸਾਚਾ ਭੇਖ ਕਰ ਅਪਰ ਅਪਾਰਿਆ । ਮੁਕਾਉਣ ਆਇਆ ਲਹਿਣ ਦੇਣ, ਕਲਜੁਗ ਤੇਰੀ ਅੰਤਮ ਵਾਰਿਆ । ਕੋਈ ਨਾ ਦਿਸੇ ਸਾਕ ਸੱਜਣ ਸੈਣ ਭਾਈ ਭੈਣ, ਕਾਲਾ

੨੭੮
੦੪

ਸੂਸਾ ਸਭ ਦੇ ਉਪਰ ਪੜਦਾ ਪਾ ਰਿਹਾ । ਕਾਲਾ ਸੂਸਾ ਕਾਲੀ ਰਾਤ । ਦੋਹਾਂ ਬਣੀ ਇਕ ਜਮਾਤ । ਸਾਚਾ ਤੁਟਾ ਚਰਨ ਨਾਤ । ਪੱਲੇ ਰਹੀ ਨਾ ਨਾਮ ਦਾਤ । ਵੇਲੇ ਅੰਤ ਕੋਇ ਨਾ ਪੁੱਛੇ ਵਾਤ । ਧਰਤ ਮਾਤ ਪ੍ਰਭ ਦਰ ਕੁਰਲਾਈ, ਪ੍ਰਗਟ ਹੋਇਆ ਵਿਚ ਮਾਤ । ਚਾਰੋਂ ਕੁੰਟ ਪਏ ਦੁਹਾਈ, ਪ੍ਰਭ ਅਬਿਨਾਸ਼ੀ ਵੇਖੇ ਮਾਰ ਝਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਦਾਂ ਤਬਕ ਆਪ ਮਿਟਾਏ, ਸਾਚਾ ਭੇਖ ਤਨ ਕਰ ਵਖਾਏ, ਸੱਤ ਬਟਨ ਉਪਰ ਲਾਏ, ਸੱਤ ਉਂਗਲ ਵਿਚ ਰਖਾਏ, ਵਿਚੋਂ ਬਨ ਆਪ ਵਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਧਿਰਾਂ ਨੂੰ ਉਤੋਂ ਬੱਧਾ ਸੱਤ ਬਟਨ ਥਲੇ ਲਾਏ, ਚੌਦਾਂ ਤਬਕ ਕੌਣ ਛੁਡਾਏ । ਸੱਤ ਜ਼ਿਮੀਂ ਸੱਤ ਅਸਮਾਨਾਂ । ਪ੍ਰਗਟ ਹੋਇਆ ਕ੍ਰਿਸ਼ਨਾ ਕਾਹਨਾ । ਕਰੇ ਖੇਲ ਵਾਲੀ ਦੋ ਜਹਾਨਾਂ । ਏਕਾ ਝੰਡਾ ਨਾਮ ਝੁਲਾਏ, ਝੁੱਲੇ ਜਗਤ ਨਿਸ਼ਾਨਾ । ਦੂਜਾ ਕੋਈ ਦਿਸ ਨਾ ਆਏ, ਸੱਤਾਂ ਦੀਪਾਂ ਤੋੜੇ ਮਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਤੇਲ ਅੱਜ ਚੜ੍ਹਾਇਆ, ਇਹ ਵਿਚ ਰਖਾਇਆ ਸੋਹਣਾ ਕਾਨਾ । ਸੋਹਣਾ ਕਾਨਾ ਨਾਲ ਕਲੀਰੇ । ਇਕ ਦੂਜੇ ਤੋਂ ਵਿਛੜਨ ਵੀਰੇ । ਅੰਤਮ ਵੇਲੇ ਲੱਬੇ ਚੀਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਸੱਚੀ ਨਾਰੀ ਬੰਨ੍ਹਣ ਆਇਆ ਹੱਥੀਂ ਗਾਨਾ ਨਾਲ ਕਲੀਰੇ । ਹੱਥ ਬੰਨ੍ਹ ਕਲੀਰੇ । ਤੈਨੂੰ ਤੋਰਨ ਆਏ ਤੇਰੇ ਵੀਰੇ । ਅੰਤਮ ਵੇਲਾ ਨੇੜੇ ਆਇਆ, ਤੈਨੂੰ ਕੋਈ ਨਾ ਦੇਵੇ ਧੀਰੇ । ਉਮਤ ਨਬੀ ਰਸੂਲ ਦੀ ਕੱਢੇ ਹਉਮੇ ਪੀੜੇ । ਸਾਚਾ ਦਰ ਜੇ ਇਕ ਕਬੂਲਦੀ, ਕਿਉਂ ਟੁੱਟਦੀ ਹੱਡੀ ਰੀੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਨ੍ਹਣ ਆਇਆ ਸਤਿਜੁਗ ਸਾਚੀ ਬੀੜੇ । ਆਪੇ ਗਰੀਬ ਨਿਮਾਣਾ ਹੈ । ਆਪੇ ਬਾਲ ਅੰਞਾਣਾ ਹੈ । ਆਪੇ ਨੌਜਵਾਨਾ ਹੈ । ਆਪੇ ਬਿਰਧ ਨਿਧਾਨਾ ਹੈ । ਹਰਿ ਆਪੇ ਚਤੁਰ ਸੁਜਾਨਾ ਹੈ । ਆਪੇ ਬ੍ਰਹਮ ਗਿਆਨਾ ਹੈ । ਆਪੇ ਚਰਨ ਧੂੜ ਇਸ਼ਨਾਨਾ ਹੈ । ਆਪੇ ਸ੍ਰਿਸ਼ਟ ਸਬਾਈ ਆਪਣੀ ਹੱਥੀਂ ਬੰਨ੍ਹੇ ਗਾਨਾ ਹੈ । ਆਪੇ ਇਕੋ ਤੀਰ ਚਲਾਏ, ਰਸਨਾ ਖਿਚ ਤੀਰ ਕਮਾਨਾ ਹੈ । ਬੂਰੇ ਕੱਕੇ ਕਾਲੇ ਬਿੱਲੇ ਮਾਰ ਮੁਕਾਵੇ, ਮੇਟੇ ਜਗਤ ਨਿਸ਼ਾਨਾ ਹੈ । ਮੰਦਰ ਮਸੀਤਾਂ ਸਾਰੇ ਢਾਹੇ, ਆਪ ਝੁਲਾਏ ਸ਼ਬਦ ਨਿਸ਼ਾਨਾ ਹੈ । ਲੱਖ ਚੁਰਾਸੀ ਲਾਏ ਫਾਹੇ, ਧਰਮ ਰਾਏ ਵਡ ਬਲੀ ਬਲਵਾਨਾ ਹੈ । ਵੇਲੇ ਅੰਤ ਨਾ ਕੋਈ ਛੁਡਾਏ, ਪ੍ਰਭ ਅਬਿਨਾਸ਼ੀ ਆਪਣਾ ਮੁਖ ਛੁਪਾਨਾ ਹੈ । ਗੁਰਮੁਖ ਸਾਚੇ ਲਏ ਬਚਾਏ, ਜਿਨ੍ਹਾਂ ਦੇਵੇ ਸੋਹੰ ਨਾਮ ਹਰਿ ਭਗਵਾਨਾ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜਗਾਈ ਜੋਤ ਵਿਚ ਮਾਤ ਮਹਾਨਾ ਹੈ । ਮਾਤਲੋਕ ਹੋਏ ਪ੍ਰਕਾਸ਼ । ਕਲਜੁਗ ਤੇਰਾ ਅੰਧ ਅੰਧੇਰ ਜਾਏ ਵਿਨਾਸ । ਆਪ ਚੁਕਾਏ ਮੇਰ ਤੇਰ, ਨਾ ਕੋਈ ਦਿਸੇ ਸੰਞ ਸਵੇਰ, ਸ਼ਬਦ ਸਰੂਪੀ ਏਕਾ ਮੰਡਲ ਏਕਾ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਰਬ ਰਹਾਏ ਮਾਤ ਪਤਾਲ ਅਕਾਸ਼ । ਮਾਤ ਪਤਾਲ ਅਕਾਸ਼ਾ । ਹਰਿ ਰੱਖੇ ਸਾਚਾ ਵਾਸਾ । ਜਨ ਭਗਤਾਂ ਹੋਇਆ ਦਾਸਾ । ਹੱਥ ਫੜੇ ਸੱਚਾ ਕਾਸਾ । ਸ਼ਬਦ ਜਪਾਏ ਸਵਾਸ ਸਵਾਸਾ । ਮਾਨਸ ਜਨਮ ਕਰਾਏ ਰਹਿਰਾਸਾ । ਪੰਚਮ ਜੇਠ ਸ਼ਾਹ ਸ਼ਾਬਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਦਾਸਨ ਦਾਸਾ । ਦਾਸਨ ਦਾਸ ਗਰੀਬ ਨਿਮਾਣਾ । ਪ੍ਰਭ ਅਬਿਨਾਸ਼ੀ ਹਰਿ ਭਗਵਾਨਾ । ਗੁਰਮੁਖਾਂ ਦਇਆ ਕਮਾਏ ਲੱਭੇ ਸਚ ਟਿਕਾਣਾ । ਤਿੰਨਾਂ ਲੋਕਾਂ ਸਾਰ ਨਾ ਪਾਏ, ਸਿੰਘ ਸਿੰਘਾਸਣ ਡੇਰਾ ਲਾਏ, ਆਪ ਆਪਣੀ ਜੋਤ ਜਗਾਏ, ਨਾਲ ਲਿਆਏ ਸ਼ਬਦ ਬਬਾਣਾ । ਗੁਰਮੁਖ ਸਾਚੇ ਸੰਤ ਉਠਾਏ, ਅੰਤਮ ਵੇਲੇ ਲਏ ਮਿਲਾਏ, ਬਾਹੋਂ ਫੜ ਫੜ ਉਪਰ ਹਰਿ ਚੜ੍ਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ

੨੭੯
੦੪

ਸੱਚਾ ਧਾਮ ਗੁਰ ਸੰਗਤ ਅੰਤਮ ਵਾਰ ਵਖਾਨਾ । ਸਾਚਾ ਧਾਮ ਹਰਿ ਨਿਆਰਾ । ਜਿਥੇ ਜਗੇ ਜੋਤ ਅਪਾਰਾ । ਕਿਆ ਕੋਈ ਜਾਣੇ ਜੀਵ ਗਵਾਰਾ । ਏਕਾ ਰੰਗ ਅਪਰ ਅਪਾਰਾ । ਪਹਿਲੋਂ ਮੰਗੇ ਨਾਨਕ ਰਾਏ ਸੱਚਾ ਸਚ ਅਪਾਰਾ । ਸਚ ਨਾਮ ਹਰਿ ਝੋਲੀ ਪਾਏ, ਭਰਿਆ ਸਚ ਭੰਡਾਰਾ । ਮਾਤਲੋਕ ਵਿਚ ਡੇਰਾ ਲਾਏ, ਸਰਗੁਣ ਕਰੇ ਖੇਲ ਅਪਾਰਾ । ਸਤਿਨਾਮ ਮੰਤਰ ਦ੍ਰਿੜਾਏ, ਲੱਖ ਚੁਰਾਸੀ ਭੁੱਲੇ ਜੀਵ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਤੇਰੀ ਓਟ ਰਖਾਈ ਨਰ ਹਰਿ ਨਿਰੰਕਾਰਾ । ਨਿਹਕਲੰਕ ਦਏ ਮਾਤ ਦੁਹਾਈ । ਸੁੱਤੀ ਰਹੀ ਜਗਤ ਲੋਕਾਈ । ਕਿਸੇ ਨਾ ਮਿਲਿਆ ਸਾਚਾ ਮਾਹੀ । ਅੰਤਮ ਵੇਲੇ ਪਾਏ ਫਾਹੀ । ਕਿਸੇ ਨਾ ਸਕੇ ਕੋਈ ਛੁਡਾਈ । ਸਾਚਾ ਦੇਸ ਸਾਚਾ ਭੇਸ ਭੁਲੇ ਨਰ ਨਰੇਸ਼ ਆਪ ਦਏ ਦੁਹਾਈ ਰਸਨ ਪੁਕਾਰਦਾ । ਪ੍ਰਭ ਪੰਚਮ ਜੇਠ ਖ਼ੁਸ਼ੀ ਮਨਾਈ, ਜਨ ਭਗਤਾਂ ਤਾਰਦਾ । ਜੋ ਜਨ ਆਏ ਚਾਈਂ ਚਾਈਂ, ਕਰ ਕਿਰਪਾ ਪਾਰ ਉਤਾਰਦਾ । ਪੰਚਮ ਜੇਠ ਦਰਸ ਦਿਖਾਏ ਦਇਆ ਕਮਾਏ, ਜੋ ਜਨ ਆਏ ਦੂਰ ਦੁਰਾਡਾ ਚਰਨ ਨਿਮਸਕਾਰਦਾ । ਗੁਰ ਪੂਰੇ ਜੋ ਜਨ ਨਿਮਸਕਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਦਰਸ਼ਨ ਦੇਵੇ ਅਗੰਮ ਅਪਾਰੇ । ਦੂਰ ਨੇੜੇ ਨਾ ਹਰਿ ਵਿਚਾਰੇ । ਨਗਰ ਖੇੜੇ ਕਾਇਆ ਘਰ ਪਸਾਰੇ । ਖੁਲ੍ਹੇ ਰੱਖੇ ਵਿਹੜੇ ਸੱਚੇ ਦਰ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੇ । ਨਰਾਇਣ ਨਰਿਆ, ਗੁਰ ਸੰਗਤ ਬੇੜਾ ਪਾਰ ਕਰਿਆ । ਬੇਮੁਖਾਂ ਦਰ ਆਏ ਡਰਿਆ । ਗੁਰਮੁਖ ਸਾਚੇ ਸਾਧ ਸੰਤ ਆਸਾ ਮਨਸਾ ਪੂਰ ਕਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਵਿਰਲੇ ਵਿਚ ਮਾਤ ਦੇ ਵਰਿਆ । ਆਸਾ ਮਨਸਾ ਹਰਿ ਜੀ ਪੂਰੇ । ਜੋ ਜਨ ਚਲ ਆਏ ਹਜ਼ੂਰੇ । ਆਤਮ ਜੋਤੀ ਦੇਵੇ ਨੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਖ ਆਪ ਵਟਾਇਆ, ਸਾਚਾ ਲੇਖ ਲਿਖਾਇਆ, ਸਤਿਜੁਗ ਕਰੇ ਕਾਰਜ ਪੂਰੇ । ਕਾਰਜ ਪੂਰਾ ਹਰਿ ਕਰਾਵਣਾ । ਝੂਠਾ ਤਖ਼ਤ ਰਾਜ ਕਾਜ ਪ੍ਰਭ ਅਬਿਨਾਸ਼ੀ ਆਪ ਮਿਟਾਵਣਾ । ਸਤਿਜੁਗ ਤੇਰਾ ਸਾਚਾ ਸਾਜਣ ਸਾਜ, ਸੱਚਾ ਧਰਮ ਆਪ ਚਲਾਵਣਾ । ਪ੍ਰਭ ਅਬਿਨਾਸ਼ੀ ਮਾਝਨ ਮਾਝ, ਸ਼ਬਦ ਅਵਾਜ਼ ਇਕ ਲਗਾਵਣਾ । ਸਿਰ ਪਹਿਨਾਏ ਸਾਚਾ ਤਾਜ, ਸ਼ਬਦ ਬਾਜ ਗੁਰਸਿਖ ਤੇਰੀ ਆਤਮ ਇਕ ਉਡਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵਾਰੀ ਧਾਰੀ ਭੇਖ, ਜਿਉਂ ਬਲ ਦਵਾਰੇ ਬਾਵਨਾ । ਅਮਾਮ ਮਹਿੰਦੀ ਕੀ ਕਰੇ ਵਿਚਾਰਾ । ਦਿਸ਼ਾ ਲਹਿੰਦੀ ਹੋਏ ਖੁਆਰਾ । ਨਿਹਕਲੰਕ ਨਰਾਇਣ ਨਰ ਲਿਆ ਅਵਤਾਰਾ । ਵੇਲਾ ਅੰਤ ਨਾ ਕੋਈ ਛੁਡਾਏ, ਹੱਥੀਂ ਪੈਰੀਂ ਜੰਜ਼ੀਰ ਵੱਜਾ ਭਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਪਰ ਅਪਾਰਾ । ਵੱਜਾ ਜੰਜ਼ੀਰ ਤਨ ਬੱਧਿਆ । ਪੂਰਾ ਹਰਿ ਕਿਸੇ ਨਾ ਲੱਧਿਆ । ਆਪਣੇ ਦਰ ਘਰ ਵਲੀ ਸਖੀ ਸੁਲਤਾਨ ਹਰਿ ਸਾਚੇ ਸਾਚਾ ਸੱਦਿਆ । ਚਾਰ ਕੁੰਟ ਜਾਏ ਕਰ ਸਰ, ਆਪ ਵਹਾਏ ਇਕੋ ਲਾਲ ਨਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਸੋਹੰ ਸ਼ਬਦ ਧਾਗੇ ਨਾਲ ਬੱਧਿਆ । ਸੋਹੰ ਸ਼ਬਦ ਤੇਰੀ ਸਾਚੀ ਡੋਰੀ । ਪੀਰ ਫ਼ਕੀਰ ਕੋਈ ਨਾ ਸਕੇ ਤੋੜੀ । ਅੱਗੇ ਕੋਈ ਨਾ ਸਕੇ ਇਹਨੂੰ ਬਹੁੜੀ । ਗਿਆਨੀ ਧਿਆਨੀ ਵਡ ਵਿਦਵਾਨੀ ਕਲਜੁਗ ਥੱਕੇ ਅੱਕੇ ਪਏ, ਕੋਈ ਨਾ ਫੜੇ ਚੜ੍ਹ ਕੇ ਸਾਚੀ ਪੌੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜੋਤ ਧਰ ਤਿੰਨਾਂ ਲੋਕਾਂ ਇਕ ਲਗਾਈ ਸੋਹੰ ਸੱਚੀ ਪੌੜੀ । ਪੈਰੀਂ ਬੇੜੀ ਹੱਥਕੜੀ ਹੈ । ਬੁੱਢੇ ਸ਼ੇਖ਼ ਮੂੰਹ ਵਿਚ ਨੜੀ ਹੈ । ਸ਼ਬਦ ਕਟਾਰੀ ਨਿਹਕਲੰਕ ਮਾਝੇ ਦੇਸ ਹੱਥ ਵਿਚ ਫੜੀ ਹੈ । ਫੇਰੀ ਜਾਏ ਆਪ ਬਹਾਰੀ, ਸਾਚੇ ਤੋਲ ਤੋਲੇ ਨਾ ਕੋਈ ਰੱਖੇ

ਸੇਰ ਧੜੀ ਹੈ । ਨਾ ਕੋਈ ਅੱਗੋਂ ਉਠ ਕੇ ਬੋਲੇ । ਪ੍ਰਭ ਅਬਿਨਾਸ਼ੀ ਵਸਿਆ ਵਿਚ ਨੀਲੇ ਚੋਲੇ । ਅਗਾਧ ਬੋਧ ਭੇਵ ਭੇਖਣੀ ਸਾਰੇ ਖੋਲ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਸੁਲਤਾਨ ਵਡ ਰਾਜਾਨ ਬੇਈਮਾਨ ਬੰਨ੍ਹ ਲਿਆਏ ਬਣਾਏ ਚਰਨ ਗੋਲੇ । ਚਰਨ ਗੋਲੇ ਲਏ ਬਣਾ । ਸਾਚੇ ਢੋਲੇ ਸ਼ਬਦ ਸੁਣਾ । ਨੀਲੇ ਚੋਲੇ ਪ੍ਰਭ ਅਬਿਨਾਸ਼ੀ ਤਨ ਛੁਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਮਤ ਨਬੀ ਰਸੂਲ ਦੀ ਆਪਣੇ ਭਾਣੇ ਲਏ ਚਲਾ । ਸਾਚਾ ਭਾਣਾ ਹਰਿ ਚਲਾਣਾ । ਦੂਜਾ ਨਾ ਕੋਈ ਵਿਚ ਰਖਾਣਾ । ਤੀਜਾ ਨਾ ਕੋਈ ਦਿਸੇ ਟਿਕਾਣਾ । ਚੌਥਾ ਯਾਰ ਆਪ ਮਿਟਾਣਾ । ਪੰਜਾਂ ਸਿਰ ਹਰਿ ਤਾਜ ਰਖਾਣਾ । ਵਾਲੀ ਹਿੰਦ ਸਰਨ ਲਗਾਣਾ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦ, ਚਾਰ ਵਰਨਾ ਮਾਣ ਦਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਬੈਠ ਸ੍ਰਿਸ਼ਟ ਸਬਾਈ ਤੇਰਾ ਲੇਖ ਆਪਣੀ ਹੱਥੀਂ ਆਪ ਲਿਖਾਣਾ । ਦਿੱਲੀ ਤਖ਼ਤ ਹਰਿ ਬਰਾਜੇ । ਪਹਿਲੋਂ ਕਰੇ ਖੇਲ ਦੇਸ ਮਾਝੇ । ਫੇਰ ਉਠਾਏ ਰਾਜਨ ਰਾਜੇ । ਸੋਹੰ ਸ਼ਬਦ ਮਾਰੇ ਵਾਜੇ । ਆਪ ਚੜ੍ਹਾਏ ਚਿੱਟੇ ਤਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਆਪੇ ਸਾਜਣ ਸਾਜੇ । ਦਿੱਲੀ ਜਾਏ ਚਰਨ ਛੁਹਾਵਣਾ । ਸਾਧ ਸੰਤ ਸਰਬ ਉਠਾਵਣਾ । ਸਾਚੇ ਕੰਤ ਮੇਲ ਮਿਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਰੈਣ ਅੰਧੇਰੀ, ਧੂੰਆਂ ਧਾਰ ਸਰਬ ਸੰਸਾਰ, ਆਪੇ ਆਪ ਹਟਾਵਣਾ । ਪੈਰੀਂ ਵੱਜੇ ਜੰਜ਼ੀਰਾ । ਵੇਖੇ ਹਾਲ ਹਰਿ ਫ਼ਕੀਰਾ । ਆਪੇ ਬਣੇ ਸ਼ਾਹ ਹਕੀਰਾ । ਉਤੋਂ ਸਿਰ ਤੋਂ ਲੱਥਾ ਚੀਰਾ । ਨਾ ਦੇਵੇ ਕੋਈ ਧੀਰਾ । ਬੁੱਢੀ ਹੋਈ ਸਦੀ ਚੌਧਵੀਂ, ਲੱਕੀਂ ਹੋਣ ਪੀੜਾਂ । ਤੁਰਿਆ ਜਾਏ ਨਾ ਮੁੜਿਆ ਜਾਏ, ਕਲਜੁਗ ਅੰਤਮ ਵੇਲੇ ਰੁੜ੍ਹਿਆ ਜਾਏ, ਆਤਮ ਲੱਗਾ ਹੰਕਾਰੀ ਕੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਬੰਨ੍ਹਣ ਆਇਆ ਬੀੜਾ । ਪਹਿਲੇ ਹੱਥ ਹੱਥਕੜੀ ਖੋਲ੍ਹੇ । ਜੋਤ ਸਰੂਪੀ ਹਰਿ ਜੀ ਬੋਲੇ । ਭਾਗ ਲੱਗਾ ਨੀਲੇ ਚੋਲੇ । ਆਪ ਬਣਾਏ ਧਰਮ ਰਾਏ ਦੇ ਸਾਰੇ ਗੋਲੇ । ਪਹਿਲੀ ਹਾੜੀ ਪਾਏ ਸਾਰੇ ਧਰਮ ਰਾਏ ਸਾਚੇ ਡੋਲੇ । ਆਪਣੀ ਹੱਥੀਂ ਤੁਲਾਏ, ਮੁੱਲ ਕੋਈ ਨਾ ਪਾਏ, ਜਿਉਂ ਝੋ ਛੋਲੇ । ਨਾ ਕੋਈ ਮੁੱਲ ਨਾ ਕੋਈ ਕੀਮਤ, ਪ੍ਰਭ ਅਬਿਨਾਸ਼ ਪ੍ਰਗਟ ਹੋਇਆ ਵਡ ਗੁਣੀ ਗਨੀਮਤ । ਪਰਖਣ ਆਇਆ ਸਚ ਘਸਵਟੀ, ਨਾਲ ਲਿਆਇਆ ਕਲਜੁਗ ਪਾਪੀ ਤੇਰੀ ਜ਼ੀਨਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਾਣਾ ਆਪੇ ਪਾਇਆ, ਅੰਧਾ ਕਾਣਾ ਆਪ ਅਖਵਾਇਆ, ਕਿਸੇ ਘਰ ਨਾ ਦਿਸੇ ਕੋਈ ਜ਼ੀਨਤ । ਪ੍ਰਭ ਅੰਧਾ ਜਗਤ ਅੰਧੇਰਾ । ਕਲਜੁਗ ਤੇਰਾ ਭਾਗ ਮੰਦਾ, ਨਿਹਕਲੰਕ ਪਾਇਆ ਫੇਰਾ । ਆਪੇ ਪਰਖੇ ਪਾਪੀ ਗੰਦਾ, ਚੁਕਾਏ ਹੇਰਾ ਫੇਰਾ । ਗੁਰਮੁਖਾਂ ਤੋੜੇ ਆਤਮ ਜੰਦਾ, ਆਤਮ ਆਸਣ ਲਾਏ ਡੇਰਾ । ਆਪ ਉਪਜਾਏ ਪਰਮਾਨੰਦਾ, ਨਾ ਲਾਏ ਦੇਰਾ । ਨਾਲ ਲਿਆਇਆ ਸੋਹੰ ਸ਼ਬਦ ਸਾਚਾ ਰੰਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਕਰਾਏ ਸੰਝ ਸਵੇਰਾ । ਖੱਬੇ ਮੁਹੰਮਦ ਸੱਜੇ ਈਸਾ । ਦੋਹਾਂ ਦਾ ਨੰਗਾ ਦਿਸੇ ਸੀਸਾ । ਪ੍ਰਗਟ ਹੋਇਆ ਹਰਿ ਜਗਦੀਸ਼ਾ । ਭੇਵ ਖੁਲ੍ਹਾਏ ਅੰਤ ਕਰਾਏ, ਸਾਚੇ ਲੇਖ ਲਿਖਾਏ ਬੀਸ ਇਕੀਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਾਰ ਕੁੰਟ ਏਕਾ ਛਤਰ ਝੁਲਾਏ ਸੀਸਾ । ਲਾਲ ਰੰਗ ਸ਼ਾਹ ਫਰੰਗੀ । ਅੰਤਮ ਵੇਲੇ ਆਏ ਤੰਗੀ । ਪਿਛੋਂ ਪਿੱਠ ਹੋਈ ਨੰਗੀ । ਸਾਚੀ ਦਾਤ ਨਾ ਪ੍ਰਭ ਦਰ ਮੰਗੀ । ਆਪੇ ਭੰਨੇ ਕੱਚੀ ਵੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਫਾਸੀ ਗਲ ਵਿਚ ਪਾਈ ਜਿਉਂ ਕ੍ਰਿਸਤੂ ਆਈ ਤੰਗੀ । ਚੜ੍ਹਿਆ ਫਾਸੀ ਮਰੀਯਮ ਜਾਇਆ । ਇਕੋ ਪੂਤ

੨੮੧
੦੪

ਖ਼ੁਦਾ ਨੇ ਜਾਇਆ । ਸਾਚਾ ਸੂਤ ਤਾਣਾ ਪੇਟਾ ਇਕ ਰਖਾਇਆ । ਧੁਰਦਰਗਾਹੀ ਵਿਚ ਮਾਤ ਖੇਲ ਖਲਾਇਆ । ਹਰਿ ਸਾਚਾ ਦੂਤ ਉਠੇ, ਗੇੜਾ ਜਗਤ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਪਣਾ ਆਪੇ ਖੇਲ ਰਚਾਇਆ । ਕਾਲਾ ਮੁਹੰਮਦ ਕਾਲੀ ਧਾਰ । ਚਲਦੀ ਜਾਏ ਵਿਚ ਸੰਸਾਰ । ਅੰਤਮ ਪੈਣੀ ਡਾਹਢੀ ਮਾਰ । ਹਾਡੀ ਹਾਡੀ ਕਰੇ ਕਰਤਾਰ । ਬਣੇ ਸੱਚਾ ਗਾਡੀ, ਚੁੱਕ ਲੈ ਜਾਏ ਧਰਮ ਰਾਏ ਦੇ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਆਪ ਚੁਕਾਏ, ਨਾ ਕਰੇ ਕੋਈ ਉਧਾਰ । ਨਾ ਕਰੇ ਕੋਈ ਉਧਾਰਾ । ਨਾਲ ਰਖਾਏ ਚਾਰ ਯਾਰਾ । ਸੰਗ ਮੁਹੰਮਦ ਹੋਏ ਖ਼ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਫੇਰੇ ਚਾਰ ਚੁਫੇਰੇ ਤਿੱਖਾ ਆਰਾ । ਪ੍ਰਗਟ ਹੋਏ ਘਨਕਪੁਰ ਵਾਸੀ । ਦੋਹਾਂ ਧਿਰਾਂ ਚਾੜ੍ਹੇ ਫਾਸੀ । ਬੇਮੁਖ ਹੱਸਣ ਕਰ ਕਰ ਹਾਸੀ । ਨਾਲ ਰਲਾਏ ਆਪ ਫ਼ਰਾਂਸੀ । ਮੇਟ ਮਿਟਾਏ ਮਦਿਰਾ ਮਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਹੋਇਆ ਦਾਸੀ । ਆਪ ਉਠਾਏ ਸ਼ਾਹ ਫ਼ਰਾਂਸੀ । ਏਧਰ ਉਠਣ ਪੰਡਤ ਕਾਂਸੀ । ਭਾਰਤ ਮਾਤ ਨਿਹਕਲੰਕ ਮੰਗਣ ਆਈ ਸਾਚੀ ਦਾਤ, ਹੋਏ ਚਰਨ ਦਾਸੀ । ਏਕਾ ਦੇ ਸ਼ਬਦ ਵਡ ਕਰਾਮਾਤ, ਲਾਹ ਮੇਰੀ ਕਲਜੁਗ ਅੰਤਮ ਉਦਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਅਟਲ ਅਚਲ ਸ੍ਰਿਸ਼ਟ ਸਬਾਈ ਅੰਤ ਵਿਨਾਸੀ । ਅੰਤ ਵਿਨਾਸੇ ਸ੍ਰਿਸ਼ਟ ਸਬਾਈ । ਚਾਰੋਂ ਕੁੰਟ ਪਏ ਦੁਹਾਈ, , ਨਿਹਕਲੰਕ ਤੇਰੀ ਵਡ ਵਡਿਆਈ । ਏਕਾ ਜੋਤ ਹੋਈ ਰੁਸ਼ਨਾਈ । ਕਲਜੁਗ ਜੀਵਾਂ ਕੋਈ ਸਾਰ ਨਾ ਪਾਈ । ਹੰਝੂਆਂ ਮੂੰਹ ਧੋਵਨ, ਨਾ ਕੋਇ ਲਏ ਬਚਾਈ । ਸਿਰ ਦੇ ਵਾਲ ਸਾਰੇ ਖੋਹਵਣ, ਕੁਰਾਨ ਅੰਜ਼ੀਲ ਵੇਦ ਪੁਰਾਨ ਖਾਣੀ ਬਾਣੀ ਨਾ ਕੋਈ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਨਾਮ ਚਾਰ ਕੁੰਟ ਕਰੇ ਦੁਹਾਈ । ਵੇਦ ਪੁਰਾਨਾਂ ਤੁੱਟਾ ਲੱਕ । ਪ੍ਰਭ ਅਬਿਨਾਸ਼ੀ ਮਾਤਲੋਕ ਵਿਚੋਂ ਬਾਹਰ ਕਰਾਏ ਧੱਕ । ਕੋਇ ਨਾ ਹੋਏ ਸਹਾਏ, ਸਾਰੇ ਗਏ ਥੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਪਾਉਣ ਆਇਆ, ਸ਼ਬਦ ਸਰੂਪੀ ਨਕੇਲ ਨੱਕ । ਕੁਰਾਨ ਅੰਜ਼ੀਲ ਸਰਬ ਪੁਕਾਰੇ । ਅੰਤਮ ਵੇਲੇ ਧਾਹਾਂ ਮਾਰੇ । ਦੋਵੇਂ ਬਾਹਵਾਂ ਕਰ ਕਰ ਵਾਜਾਂ ਮਾਰੇ । ਹੋਣਾ ਦਰ ਦਰ ਘਰ ਘਰ ਸਰਬ ਖੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ । ਕੁਰਾਨ ਕੁਰਲਾਈ ਦਏ ਦੁਹਾਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਨਿਹਕਲੰਕ ਨਰਾਇਣ ਨਰ ਸਾਚੀ ਜੋਤ ਮਾਤ ਜਗਾਈ । ਨੀਲਾ ਚੋਲਾ ਤਨ ਛੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਭਵਿਖਤ ਆਪਣਾ ਆਪ ਰਿਹਾ ਖੁਲ੍ਹਾਈ । ਗੁਰ ਸੰਗਤ ਗੁਰ ਚਰਨ ਧਿਆਨ ਰਖਾਵੇ । ਪੂਰਨ ਇਛਿਆ ਪ੍ਰਭ ਆਪ ਕਰਾਵੇ । ਸੋਹੰ ਸ਼ਬਦ ਸਚ ਦਾਤ ਹਰਿ ਝੋਲੀ ਪਾਵੇ ਭਿਛਿਆ, ਖਾਲੀ ਕੋਈ ਨਾ ਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਰ ਆਈ ਸੰਗਤ ਜੁਗਾਂ ਜੁਗਾਂ ਦੀ ਵਿਛੜੀ ਰੁਠੜੀ ਆਪੇ ਆਣ ਮਨਾਵੇ । ਆਪ ਬਣਾਏ ਗੁਰਸਿਖ ਦੁਲਾਰਾ । ਕਿਰਪਾ ਕਰ ਹਰਿ ਨਿਰੰਕਾਰਾ । ਦੇਵੇ ਵਰ ਸੋਹੰ ਸ਼ਬਦ ਅਪਰ ਅਪਾਰਾ । ਆਤਮ ਭੰਡਾਰਾ ਦੇਵੇ ਭਰ, ਨਾ ਖ਼ਾਲੀ ਦਿਸੇ ਗੁਰਸਿਖ ਤੇਰੀ ਕਾਇਆ ਤਨ ਸੱਚਾ ਗੁਰਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਿਥੇ ਵਸੇ ਲਾ ਆਸਣ ਭਾਰਾ । ਆਏ ਦਰ ਬਣ ਭਿਖਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਪੰਚਮ ਜੇਠ ਪਹਿਲੀ ਵਾਰੀ । ਸਾਚੀ ਦੇਵੇ ਨਾਮ ਸੁਗਾਤ ਵਡ ਦਾਤ, ਬਣੇ ਆਪ ਜਨ ਭਗਤ ਚਰਨ ਪਨਿਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਬਿਰਧ ਬਾਲ

੨੮੨
੦੪

੨੮੩
੦੪

ਨੌਜਵਾਨ ਅੰਞਾਣਿਆਂ ਬੁਢੀ ਮਾਂ ਨੌਜਵਾਨ ਮੁਟਿਆਰ ਧੀ ਕਵਾਰੀ । ਸਾਰੇ ਰੰਗ ਆਪੇ ਵਸੇ । ਇਕੋ ਰਾਹ ਸਾਚਾ ਦੱਸੇ । ਚਰਨ ਪ੍ਰੀਤੀ ਸਾਚੀ ਰੀਤੀ, ਦੋ ਜਹਾਨ ਮਿਲੇ ਸੱਚੀ ਸਰਦਾਰੀ । ਦੋ ਜਹਾਨਾਂ ਦੇਵੇ ਮਾਣ । ਪਹਿਲੋਂ ਬਖ਼ਸ਼ੇ ਚਰਨ ਧਿਆਨ । ਆਤਮ ਦੇਵੇ ਬ੍ਰਹਮ ਗਿਆਨ । ਜੋ ਜਨ ਮੰਗਣ ਆਏ ਸੋਹੰ ਦਾਨ । ਆਤਮ ਕਾਇਆ ਰੰਗਣ ਆਏ, ਪ੍ਰਭ ਅਬਿਨਾਸ਼ੀ ਅੱਗੇ ਬਣ ਕੇ ਸੱਚਾ ਕਾਹਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਜਨ ਆਪ ਕਰਾਇਆ । ਸਾਚਾ ਸੱਜਣ ਆਪ ਅਖਵਾਇਆ, ਚਰਨ ਧੂੜ ਕਰਾਏ ਸੱਚਾ ਇਸ਼ਨਾਨ । ਚਰਨ ਧੂੜੀ ਸਾਚੀ ਨੁਹਾਓ । ਸੋਹੰ ਸ਼ਬਦ ਰਸਨਾ ਗਾਓ । ਪਰਮ ਪੁਰਖ ਪਰਮੇਸ਼ਵਰ ਪ੍ਰਭ ਅਬਿਨਾਸ਼ੀ ਸਾਚਾ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਘਰ ਜਾਏ ਭੁੱਲ ਨਾ ਜਾਓ । ਘਰ ਜਾਏ ਮੂਲ ਨਾ ਭੁਲਣਾ । ਕਲਜੁਗ ਮਾਇਆ ਵਿਚ ਨਾ ਰੁਲਣਾ । ਭਾਗ ਲਗਾਉਣਾ ਆਪਣੀ ਕੁਲਨਾ । ਪ੍ਰਭ ਧੋਵੇ ਸੱਚੇ ਝੂਠੇ ਦਾਗ, ਨਾ ਲੈਂਦਾ ਕੋਈ ਮੁਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚਾ ਹੱਟ ਖੁਲ੍ਹਾਏ, ਚੌਦਾਂ ਲੋਕਾਂ ਮਾਣ ਦਵਾਇਆ ਦਰ ਦਵਾਰਾ ਏਕਾ ਖੁਲ੍ਹਣਾ । ਨਿਹਕਲੰਕ ਨਰਾਇਣ ਨਰ, ਸੋਹੰ ਕੰਡੇ ਗੁਰਮੁਖ ਸਾਚੇ ਸੰਤ ਜਨੋਂ, ਕਲਜੁਗ ਅੰਤਮ ਵੇਲੇ ਪੂਰੇ ਤੋਲ ਤੁਲਨਾ । ਪ੍ਰਭ ਦੋਵੇਂ ਭੁਜਾ ਉਠਾਇੰਦਾ । ਤੀਜੀ ਗੁਰ ਸੰਗਤ ਨਾਲ ਰਲਾਇੰਦਾ । ਚੌਥਾ ਮਨੀ ਸਿੰਘ ਮਾਣ ਦਵਾਇੰਦਾ । ਚਾਰੇ ਭੁਜਾਂ ਹਰਿ ਕਰਤਾਰ, ਚਤਰਭੁਜ ਆਪ ਅਖਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਿਹਾਰਾ ਕੀਆ ਪੰਚਮ ਜੇਠ ਖ਼ੁਸ਼ੀਆਂ ਨਾਲ ਲੋਕਮਾਤ ਮਨਾਇੰਦਾ । ਉਠਾਏ ਭੁਜ ਵਡ ਬਲਕਾਰੀ । ਨਿਹਕਲੰਕ ਨਰ ਅਵਤਾਰੀ । ਸ਼ਬਦ ਖੰਡਾ ਫੜੇ ਹੱਥ ਦੋ ਧਾਰੀ । ਸਤਿਜੁਗ ਸਾਚਾ ਇਕੋ ਅੱਖਰ ਪੜ੍ਹੇ, ਸੋਹੰ ਸ਼ਬਦ ਅਪਰ ਅਪਾਰੀ । ਪੰਜੇ ਚੋਰ ਦਰ ਦਵਾਰੇ ਰਹਿਣ ਖੜ੍ਹੇ, ਕਰਦੇ ਰਹਿਣ ਨਿਮਸਕਾਰੀ । ਸਾਚੇ ਪੌੜੇ ਗੁਰਸਿਖ ਸਾਚਾ ਚੜ੍ਹੇ, ਪ੍ਰਭ ਖਿੱਚ ਲਿਆਏ ਚਰਨ ਦਵਾਰੀ । ਕਲਜੁਗ ਜੀਵ ਵਹਿੰਦੇ ਵਹਿਣ ਹੜ੍ਹੇ, ਆਪ ਵਹਾਏ ਵਹਿੰਦੀ ਧਾਰੀ । ਸ਼ਬਦ ਸਰੂਪੀ ਰਾਜੇ ਰਾਣੇ ਫੜੇ, ਗਲ ਕੁਆਏ ਪਾਏ ਭਾਰੀ । ਗੁਰਮੁਖਾਂ ਰੱਖੇ ਏਕਾ ਧੜੇ, ਨਾ ਆਏ ਪਾਸਾ ਹਾਰੀ । ਸਚ ਚੁਬਾਰੇ ਆਪੇ ਚੜ੍ਹੇ, ਸ਼ਬਦ ਹਲੂਣਾ ਦੇਵੇ ਭਾਰੀ । ਬੇਮੁਖ ਅੰਤਮ ਸਾਰੇ ਝੜੇ, ਦੂਰ ਦੁਰਾਡੇ ਪਾਏ ਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੀ ਕਾਰੀ । ਸਚ ਸਿੰਘਾਸਣ ਮਾਤ ਧਰਾਇਆ । ਪ੍ਰਭ ਅਬਿਨਾਸ਼ੀ ਫੇਰਾ ਪਾਇਆ । ਧਰਤ ਮਾਤ ਤੇਰਾ ਦੀਪਕ ਸੱਚਾ, ਸੱਚਾ ਥਾਲ ਵਿਚ ਮਾਤ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਚਾਰੋਂ ਤਰਫ ਫੇਰਾ ਲਾਇਆ । ਫਿਰੇ ਹਰਿ ਚਾਰ ਚੁਫੇਰੇ । ਸ੍ਰਿਸ਼ਟ ਸਬਾਈ ਆਈ ਘੇਰੇ । ਨਿਹਕਲੰਕ ਕਲ ਜੋਤ ਪ੍ਰਗਟਾਏ, ਆਪ ਦਵਾਏ ਉਲਟੇ ਗੇੜੇ । ਸਾਚਾ ਸ਼ਬਦ ਡੰਕ ਵਜਾਈ, ਉਜੜ ਜਾਣ ਨਗਰ ਖੇੜੇ । ਰਾਓ ਰੰਕ ਖ਼ਾਕ ਮਿਲਾਈ, ਸਾਚਾ ਭੇੜ ਹਰਿ ਜੀ ਭੇੜੇ । ਗੁਰਮੁਖ ਆਤਮ ਤਾਕ ਖੁਲ੍ਹਾਈ, ਕਰੇ ਰੁਸ਼ਨਾਈ ਕਾਇਆ ਵਿਹੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰੀ ਸੁਣ ਪੁਕਾਰ ਨਿਹਕਲੰਕ ਆਇਆ ਕਰਨ ਨਬੇੜੇ । ਕਰੇ ਨਬੇੜਾ ਸੱਚਾ ਜੋਗੀ । ਸਾਚਾ ਰਸ ਪ੍ਰਭ ਦਰ ਭੋਗੀ । ਮਿਟਾਉਣ ਆਇਆ ਹੰਗਤਾ ਰੋਗੀ । ਮਿਲਾਉਣ ਆਇਆ ਭਗਤ ਸੰਜੋਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਏ । ਧਰਤ ਮਾਤ ਦਏ ਵਡਿਆਏ । ਸਤਿਜੁਗ ਸਾਚਾ ਪੂਤ ਤੇਰੀ ਗੋਦ ਬਿਠਾਏ । ਨਾਲ ਰਲਾਏ ਸੋਹੰ ਸ਼ਬਦ ਸਾਚਾ ਦੂਤ, ਚਾਰ ਕੁੰਟ ਡੰਕ ਵਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ

ਆਪ ਸਮਾਏ । ਧਰਤ ਮਾਤ ਹੋ ਖੁਸ਼ਹਾਲ । ਪ੍ਰਭ ਲੱਭਣ ਆਇਆ ਸਾਚੇ ਲਾਲ । ਗੁਰਮੁਖ ਸਾਚੇ ਲਏ ਸੰਭਾਲ । ਤੋੜੀ ਜਾਏ ਜਗਤ ਜੰਜ਼ਾਲ । ਚਰਨ ਪ੍ਰੀਤੀ ਜੋੜੀ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨਿਭਾਏ ਆਪਣੇ ਨਾਲ । ਨਿਭਦੀ ਜਾਏ ਲੱਗੀ ਤੋੜ । ਵੇਲੇ ਅੰਤ ਨਾ ਹਰਿ ਛੁੱਟੇ, ਨਾ ਕਰੇ ਤੋੜ ਵਿਛੋੜ । ਬੇਮੁਖਾਂ ਹਰਿ ਆਪੇ ਕੁੱਟੇ, ਮਾਰੇ ਸ਼ਬਦ ਹਥੌੜ । ਦੋਵੇਂ ਹੱਥੀਂ ਕਰੇ, ਆਪੇ ਝੁੱਗਾ ਚੌੜ । ਕਲਜੁਗ ਜੀਵਾਂ ਚੋਗ ਨਿਖੁੱਟੇ, ਨਾ ਸਕੇ ਕੋਈ ਬਹੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਅੰਤਮ ਦਇਆ ਕਮਾਏ, ਅੰਮ੍ਰਿਤ ਮੇਘ ਆਪ ਬਰਸਾਏ, ਕਲਜੁਗ ਅੰਤਮ ਲੱਗੀ ਔੜ । ਆਪੇ ਮੁਲਾਂ ਆਪੇ ਕਾਜ਼ੀ । ਬਣ ਕੇ ਆਇਆ ਸੱਚਾ ਹਾਜੀ । ਪੰਚਮ ਵੇਲੇ ਪੜ੍ਹੇ ਨਿਮਾਜ਼ੀ । ਮੇਟ ਮਿਟਾਏ ਵਡੇ ਵੱਡੇ ਸ਼ਾਹ ਗਾਜ਼ੀ । ਇਕੋ ਸੱਚਾ ਰਾਹ ਵਖਾਏ, ਸ੍ਰਿਸ਼ਟ ਸਬਾਈ ਜਿਸ ਸਾਜਨ ਸਾਜੀ । ਦੂਸਰ ਕੋਈ ਦਿਸ ਨਾ ਆਏ, ਪੰਚਮ ਜੇਠ ਚਾਰ ਕੁੰਟ ਸੋਹੰ ਸ਼ਬਦ ਪ੍ਰਭ ਭੇਜੇ ਭਾਜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਤਾਣ ਰਖਾਏ, ਜੋ ਜਨ ਆਏ ਦਰਸ਼ਨ ਪਾਏ, ਖ਼ੁਸ਼ੀਆਂ ਨਾਲ ਜਾਏ ਘਰ, ਆਪੇ ਰਿਹਾ ਰਾਜੀ । ਆਪਣਾ ਘਰ ਜਿਸ ਪਛਾਨਾ । ਦੋ ਜਹਾਨਾਂ ਵਿਚ ਮਾਨਾ । ਜਿਥੇ ਵਸੇ ਹਰਿ ਭਗਵਾਨਾ । ਇਕੋ ਘਰ ਇਕੋ ਦਰ, ਜੋਤ ਸਰੂਪੀ ਖੇਲ ਮਹਾਨਾ । ਕਲਜੁਗ ਜੀਵ ਭੁੱਲੇ ਫਿਰਦੇ, ਮਾਇਆ ਝੂਠੀ ਅਗਨ ਲੂਠੀ ਮੂਧੀ ਹੋਈ ਆਤਮ ਠੂਠੀ, ਨਾ ਕੋਈ ਕਰੇ ਪਛਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਹੰ ਸ਼ਬਦ ਜਾਮ ਪਿਲਾਏ, ਆਤਮ ਜੋਤੀ ਰੱਖੇ ਸਦਾ ਮਸਤਾਨਾ । ਸਾਚੀ ਜੋਤੀ ਲਾਏ ਘੋਟਾ । ਹੱਥ ਵਿਚ ਫੜਿਆ ਸੋਹੰ ਸੋਟਾ । ਨਾ ਇਹ ਪਤਲਾ ਨਾ ਇਹ ਮੋਟਾ । ਤੇਰਾ ਬੰਨ੍ਹੇ ਹਰਿ ਲੰਗੋਟਾ । ਵਿਚੋਂ ਮਾਤ ਕੱਢੇ ਬਾਹਰ, ਮਾਰ ਮਾਰ ਹੰਕਾਰੀ ਸੋਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਪਰਖਣ ਆਇਆ ਧਰਤ ਮਾਤ ਤੇਰਾ ਕਿਹੜਾ ਸਪੂਤ ਖਰਾ ਖੋਟਾ । ਖੋਟਾ ਖਰਾ ਆਪੇ ਪਰਖੇ । ਧਰਤ ਮਾਤ ਅੰਤਮ ਵੇਲੇ ਮੂਲ ਨਾ ਹਰਖੇ । ਆਪ ਚੜ੍ਹਾਏ ਸੋਹੰ ਸ਼ਬਦ ਸਾਚੇ ਚਰਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਢਾਹੇ ਚਾਰ ਚੁਫੇਰੇ ਕੰਧਾਂ, ਗੁਰਮੁਖਾਂ ਆਤਮ ਅੰਮ੍ਰਿਤ ਬਰਖੇ । ਬਰਖੇ ਅੰਮ੍ਰਿਤ ਆਤਮ ਧਾਰ । ਡਿਗੇ ਕਵਲ ਮਝਾਰ । ਕਵਲ ਨਾਭ ਹੋਏ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਗੁਰਮੁਖ ਅੰਤਮ ਕਰ ਵਿਚਾਰ । ਸ਼ਬਦ ਡੰਕ ਵੱਜੇ ਸੰਸਾਰ । ਪ੍ਰਭ ਅਬਿਨਾਸ਼ੀ ਖੇਲ ਕੀਆ ਪੰਚਮ ਜੇਠ ਅਚਰਜ਼ ਅਪਾਰ । ਆਪ ਮਿਟਾਏ ਵਡ ਵਡ ਸੇਠ, ਸੋਹੰ ਡੰਡਾ ਸਿਰ ਲੱਗੇ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕੋਈ ਨਾ ਪਾਵੇ ਸਾਰ । ਆਪ ਸਮਝਾਵੇ ਦੇਵੇ ਮਤ । ਸੋਹੰ ਸ਼ਬਦ ਦੱਸੇ ਸਾਚਾ ਤਤ । ਸੱਚਾ ਬੀਜ ਬਿਜਾਏ ਗੁਰਮੁਖ ਸਾਚੇ ਤੇਰੀ ਆਤਮ ਵਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੂਤਰ ਆਪੇ ਕੱਤੇ ਸੋਹੰ ਚਰਖਾ ਕਤ । ਸਾਚੀ ਸੇਵਾ ਗੁਰ ਪੂਰੇ ਲਾਈ । ਸ਼ਬਦ ਡੰਡਾ ਗੁਰ ਸੰਗਤ ਲਿਆਈ । ਤਰਨ ਤਾਰਨ ਭੇਟ ਚੜ੍ਹਾਈ । ਅਚਰਜ ਖੇਲ ਹਰਿ ਵਰਤਾਈ । ਧਰਤ ਮਾਤ ਤੇਰੇ ਉਤੇ ਰੱਖ, ਤੀਰ ਕਮਾਨ ਸੋਹਣੀ ਬਣਾਈ । ਇਕੋ ਰਗੜਾ ਆਪੇ ਲਾਇਆ, ਜਗਤ ਝਗੜਾ ਵਾਹ ਵਾਹ ਪਾਇਆ । ਨਾ ਕੋਈ ਸਕੇ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਕਿਆ ਕੋਈ ਪਛਾਣੇ, ਕਰੇ ਕਰਾਏ ਖੇਲ ਆਪਣੇ ਆਪ ਰਘੁਰਾਈ । ਤਰਨਤਾਰਨ ਕਰ ਵਿਹਾਰਾ । ਫੇਰ ਹੋਇਆ ਘੋੜ ਅਸਵਾਰਾ । ਸੰਤ ਮਨੀ ਸਿੰਘ ਤੇਰਾ ਮੱਲਿਆ ਆਣ ਦਵਾਰਾ । ਚਾਰੋਂ ਕੁੰਟ ਉਚ ਮਹੱਲ ਮੰਦਰ ਅਟਾਰੀ, ਨਾ ਵੱਸਿਆ ਕਿਸੇ

੨੮੫
੦੪

ਮੰਦਰ ਮਸੀਤ ਗੁਰਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਰਾਹ ਇਕ ਚਲਾਇਆ, ਚੌਹਾਂ ਵਰਨਾਂ ਊਚਾਂ ਨੀਚਾਂ ਸਾਧਾਂ ਸੰਤਾਂ ਦੱਸੇ ਇਕ ਪਿਆਰਾ । ਸੱਚੇ ਘੋੜੇ ਹੋ ਅਸਵਾਰ । ਚਿੱਟੀ ਚਾਦਰ ਸੋਲਾਂ ਕਲੀਆਂ ਤਨ ਸ਼ਿੰਗਾਰ । ਪ੍ਰਭ ਅਬਿਨਾਸ਼ੀ ਵਲੀਆ ਛਲੀਆ, ਕੋਈ ਨਾ ਪਾਵੇ ਸਾਰ । ਸ੍ਰਿਸ਼ਟ ਸਬਾਈ ਹੋਏ ਦੁਖੀਆ, ਪ੍ਰਭ ਅਬਿਨਾਸ਼ੀ ਆਪੇ ਚੀਰ ਕਰੇ ਦੋਫਾੜ । ਪਾਏ ਹਾਰ ਤਨ ਸ਼ਿੰਗਾਰ ਚੋਲਾ ਹਰਿ ਸੋਲਾਂ ਕਲੀਆਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਸੋਲਾਂ ਕਲੀਆਂ, ਸੋਲਾਂ ਕਲਾ ਹਰਿ ਬਤਾਵੇ । ਪਹਿਲਾਂ ਆਪਣੇ ਤਨ ਛੁਹਾਏ । ਚਿੱਟੇ ਘੋੜੇ ਤੇਰਾ ਆਸਣ, ਗੁਰਸਿਖਾਂ ਉਤੇ ਪਰਦਾ ਪਾਵੇ । ਆਪੇ ਹੋਏ ਦਾਸ ਦਾਸਨ, ਬਾਹੋਂ ਫੜ ਕੇ ਗਲੇ ਲਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸੱਚਾ ਤਟ ਤੀਰਥ, ਚਰਨ ਪ੍ਰੀਤੀ ਚਰਨ ਧੂੜੀ ਆਤਮ ਮੂੜ੍ਹੀ, ਚੜ੍ਹੇ ਰੰਗ ਗੂੜ੍ਹੀ, ਸਤਿ ਇਸ਼ਨਾਨ ਕਰਾਏ । ਏਕਾ ਸੰਗਤ ਗੁਰ ਪੂਰੇ ਆਪ ਬਣਾਈਆ । ਨਾ ਹੋਰ ਦੂਸਰ ਕਿਸੇ ਥਾਈਆ । ਤੀਸਰ ਤੀਜੇ ਲੋਇਣ ਬੂਝ ਬੁਝਾਈਆ । ਭੇਖ ਪਖੰਡ ਕਰ ਕਰ ਬਹੁ ਥੱਕੇ, ਪ੍ਰਭ ਤੇਰੀ ਸਾਰ ਕਿਸੇ ਨਾ ਪਾਈਆ । ਬੇਮੁਖ ਕਰਦੇ ਆਪਣੇ ਧੱਕੇ, ਨਾ ਜਾਣੇ ਪੈਣੇ ਧੱਕੇ, ਨਾ ਸਕੇ ਕੋਈ ਛੁਡਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਏਕਾ ਸੰਗਤ ਦਰ ਦਵਾਰ ਬਹਾਈਆ । ਸੱਚਾ ਦਰ ਦਵਾਰਾ ਸੰਗਤ ਮੇਲ ਹੈ । ਚਾਰ ਕੁੰਟ ਕਰੇ ਪੁਕਾਰਾ, ਨਾ ਮਿਲਦਾ ਸੱਜਣ ਸੁਹੇਲ ਹੈ । ਗੁਰਮੁਖ ਬਣਿਆ ਸਚ ਵਣਜਾਰਾ, ਆਇਆ ਚਰਨ ਦਵਾਰਾ, ਜੋਤ ਜਗਾਏ ਬਿਨ ਬਾਤੀ ਬਿਨ ਤੇਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਹੰਕਾਰਿਆ ਜੀਵ ਗਵਾਰਿਆ ਘੱਲੇ ਧਰਮ ਰਾਏ ਦੀ ਜੇਲ ਹੈ । ਆਤਮ ਹੰਕਾਰ ਮਨ ਲਲਚਾਏ । ਪ੍ਰਭ ਅਬਿਨਾਸ਼ੀ ਤੈਨੂੰ ਕਿਹੜਾ ਆਣ ਭੁਲਾਵੇ । ਆਪ ਅਡੋਲ ਅਡੁੱਲ ਅਡੁੱਲਾ, ਸ੍ਰਿਸ਼ਟ ਸਬਾਈ ਡੁਲਾਏ ਰੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਹੁਕਮ ਸੁਣਾਏ, ਨਾ ਕੋਈ ਸਾਚਾ ਸੰਤ ਸਤਿ ਵਖਾਏ । ਏਕਾ ਮਤ ਸ੍ਰੀ ਭਗਵਾਨੇ । ਦੂਜਾ ਨਾਹੀ ਕੋਈ ਤੱਤ, ਨਾ ਮਿਲੇ ਕਿਸੇ ਟਿਕਾਣੇ । ਆਪੇ ਜਾਣੇ ਮਿਤ ਗਤ, ਜਿਸ ਦਿਤਾ ਜੀਆ ਦਾਨੇ । ਏਕਾ ਹਰਿ ਸੱਚਾ ਜਾਣੋ, ਹਰਿ ਜੀ ਸਾਚੇ ਸੰਤ, ਸ੍ਰਿਸ਼ਟ ਸਬਾਈ ਝੂਠੀ ਖ਼ਾਕ ਛਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗੁਣਵੰਤ ਹਰਿ ਸੱਚਾ ਗੁਣ ਨਿਧਾਨੇ । ਜੇ ਕੋਈ ਕਰੇ ਜਗਤ ਵਡਿਆਈ ਪ੍ਰਭ ਪਾਏ ਗਲ ਵਿਚ ਫਾਹੀ । ਨਾ ਲਵੇ ਕੋਈ ਛੁਡਾਈ । ਅੰਦਰ ਬੈਠਾ ਦਏ ਦੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸੰਗਤ ਜਿਸ ਤਜਾਈ । ਸੋਹੇ ਸੰਗਤ ਜਿਸ ਘਰ ਵਸੇ ਸਤਿਗੁਰ ਪੂਰਾ । ਦੂਜਾ ਦਰ ਕਿਉਂ ਮੰਗੇ ਜੋ ਹੋਏ ਅਧੂਰਾ । ਪ੍ਰਭ ਆਤਮ ਗਿਆਨ ਬਖ਼ਸ਼ੇ ਅਨਹਦ ਤੂਰਾ । ਬੇਮੁਖਾਂ ਏਕਾ ਭਰਿਆ ਆਤਮ ਅਭਿਮਾਨ, ਪ੍ਰਭ ਦਰ ਤੋਂ ਜਾਇਣ ਦੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚਲਾਏ ਤੀਰ ਨਿਸ਼ਾਨ, ਕਰੇ ਚੂਰਨ ਚੂਰਾ । ਸਾਧ ਸੰਤ ਕਿਆ ਪਛਾਣੇ । ਕਲਜੁਗ ਮਾਇਆ ਝੂਠੀ ਛਾਇਆ ਭੁੱਲੇ ਜੀਵ ਅੰਞਾਣੇ । ਮਾਇਆ ਮਮਤਾ ਮੋਹ ਰਚਾਇਆ । ਪ੍ਰਭ ਅਬਿਨਾਸ਼ੀ ਤੇਰੇ ਦਰ ਆਏ, ਝੂਠਾ ਧਰੋਹ ਇਕ ਕਮਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਤਮ ਵੇਖੇ ਫੋਲ ਫਰੋਲੇ, ਸੱਚਾ ਝੂਠਾ ਟੋਹ ਵਖਾਇਆ । ਸਾਚਾ ਸਾਂਈ ਸੈਨਾਪਤ । ਲੱਖ ਚੁਰਾਸੀ ਦੇਵੇ ਯਤ । ਏਕਾ ਤਾਣਾ ਸਾਚਾ ਤਣਿਆ, ਆਪਣੀ ਹੱਥੀਂ ਸਾਚਾ ਸੂਤਰ ਕੱਤ । ਚਿੱਟਾ ਬਾਣਾ ਉਪਰ ਧਰਿਆ, ਗੁਰਮੁਖ ਨਾ ਡੋਲੇ ਤੇਰਾ ਆਤਮ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਸਾਚੀ ਸੰਗਤ ਆਪ ਬਣਾਈ, ਸਾਚਾ ਬੀਜ ਰਿਹਾ ਬਿਜਾਈ, ਪੰਚਮ ਜੇਠ ਸਾਚੇ ਵੱਤ । ਹਰਿ ਦਸਤਾਰਾ ਪਾੜ ਵਖਾਇਆ । ਸਾਚੀ ਧਾਰਾ ਜਗਤ ਬੰਧਾਇਆ । ਸੋਹੰ ਡੰਡੇ ਤੇਰਾ ਸੱਚਾ ਤੀਰ ਕਮਾਨਾ ਆਪ ਬਣਾਇਆ । ਆਪ ਚੜ੍ਹਾਏ ਸਾਚੇ ਚਿੱਲੇ, ਪਹਿਲੀ ਦਿਸ਼ਾ ਆਪੇ ਹਿੱਲੇ, ਲੱਗੇ ਰਹਿਣ ਨਾ ਕਿਸੇ ਕਿੱਲੇ, ਪ੍ਰਭ ਅਬਿਨਾਸ਼ੀ ਮੱਕਾ ਮਦੀਨਾ ਦੇਵੇ ਢਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣਾ ਭੇਵ ਆਪੇ ਆਣ ਖੁਲ੍ਹਾਇਆ । ਦੂਜਾ ਚਲੇ ਤੀਰ ਨਿਰਾਲਾ । ਫ਼ਰੰਗੀਆਂ ਹੋਏ ਮੂੰਹ ਕਾਲਾ । ਫਲ ਨਾ ਦਿਸੇ ਕਿਸੇ ਡਾਲਾ । ਕੋਈ ਨਾ ਝੱਲੇ ਇਹਦੀ ਝਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਪਾਲੀ ਮਾਲੀ, ਆਪੇ ਕਰੇ ਰਖਵਾਲੀ, ਬੇਮੁਖਾਂ ਪਾਏ ਚਾਲੀ, ਆਪੇ ਚਲੇ ਨਾਲ ਨਾਲਾ । ਤੀਜਾ ਤੀਰ ਤੀਰ ਤੁਫੰਗਾ । ਵਿਚ ਪਤਾਲ ਲਹੂ ਗੰਗਾ । ਸਾਚਾ ਰੰਗ ਹਰਿ ਜੀ ਰੰਗਾ । ਮਹਿੰਦੀ ਲਾਵੇ ਘੋੜੇ ਤੰਗਾ । ਵਡ ਦਾਤਾ ਹਰਿ ਸੂਰਾ ਸਾਰੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਤੀਰ ਆਪ ਚਲਾਇਆ, ਡੂੰਘੀ ਧਾਰੇ ਭੰਨੇ ਅੰਗ ਅੰਗਾ । ਹੱਥੀਂ ਮਹਿੰਦੀ ਪੰਜ ਨਿਸ਼ਾਨ । ਹੱਥੀਂ ਫੜੇ ਤੀਰ ਕਮਾਨ । ਚਾਰੋਂ ਤਰਫ ਮਾਰੇ ਬਾਣ । ਬੇਮੁਖਾਂ ਲਾਹੇ ਘਾਣ । ਪਾਉਂਦਾ ਜਾਏ ਨਾਮ ਆਣ । ਝੁਲਦਾ ਜਾਏ ਸੋਹੰ ਸੱਚਾ ਇਕ ਨਿਸ਼ਾਨ । ਮਿਟਦੀ ਜਾਏ ਅੰਤ ਕੁਰਾਨ, ਖਾਣੀ ਬਾਣੀ ਵੇਦ ਪੁਰਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸ੍ਰੀ ਭਗਵਾਨ । ਮਹਿੰਦੀ ਚਾੜ੍ਹੇ ਮਜੀਠੀ ਰੰਗ । ਉਲਟੀ ਵਹਾਏ ਗੋਦਾਵਰੀ ਗੰਗ । ਕਲਜੁਗ ਜੀਵ ਹੋਏ ਨੰਗ । ਅਠਸਠ ਤੀਰਥ ਹੋਏ ਭੰਗ । ਇਕੋ ਚੜ੍ਹੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਚਰਨ ਧੂੜ ਮਸਤਕ ਸਾਚਾ ਰੰਗ । ਚਾੜ੍ਹੇ ਰੰਗ ਜੋਤ ਨਿਰਾਲੀ । ਜਗੀ ਜੋਤ ਮਾਝੇ ਦੇਸ ਇਕ ਅਕਾਲੀ । ਦੁਰਮਤ ਮੈਲ ਰਿਹਾ ਧੋਤ, ਜੋ ਜਨ ਆਏ ਸਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਖਪਾਏ, ਸ਼ਬਦ ਸਰੂਪੀ ਖੇਲ ਰਚਾਏ, ਹੱਥ ਹਥਿਆਰ ਨਾ ਕੋਇ ਉਠਾਏ, ਗੁਰਮੁਖ ਵੇਖੇ ਹੱਥੀਂ ਸਾਰੇ ਖਾਲੀ । ਨਾ ਕੋਈ ਤੀਰ ਨਾ ਤਲਵਾਰ । ਨਾ ਕੋਈ ਬਰਛਾ ਨਾ ਕਟਾਰ । ਨਾ ਕੋਈ ਸੰਖ ਨਾ ਕੋਈ ਚੱਕਰ ਨਾ ਕੋਈ ਗਦਾ ਧਾਰ । ਏਕਾ ਸ਼ਬਦ ਚਲੇ ਅੰਕਰ, ਢਾਹੇ ਕੰਕਰ ਨਗਰ ਖੇੜੇ ਦਏ ਉਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਤੇਰਾ ਸੱਚਾ ਤੀਰ ਚਲਾਏ, ਰਸਨਾ ਖਿੱਚ ਕਮਾਨ, ਵਿਚ ਜਹਾਨ ਮਿਟਾਏ ਸ਼ੈਤਾਨ ਬੇਈਮਾਨ, ਕੋਈ ਨਾ ਦੇਵੇ ਧੀਰ । ਗੁਰਸਿਖ ਗੁਰ ਏਕਾ ਜੋਗ, ਕਲਜੁਗ ਅੰਤਮ ਦੋਹਾਂ ਹੋਇਆ ਇਕ ਸੰਜੋਗ । ਭੇਵ ਮਿਟਾਏ ਦੋਐਂ ਦੋਆ, ਸੋਹੰ ਸ਼ਬਦ ਦੇਵੇ ਸੱਚਾ ਜੋਗ । ਬਿਨ ਗੁਰ ਪੂਰੇ ਕੋਇ ਨਾ ਜਾਣੇ ਕੋਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਇਆ ਕਮਾਏ ਆਪ ਮਿਟਾਏ ਚਿੰਤਾ ਸੋਗ । ਮਾਣ ਦਿਤਾ ਤੇਰੇ ਥਾਉਂ । ਪ੍ਰਭ ਅਬਿਨਾਸ਼ੀ ਆਪੇ ਬਣੇ ਪਿਤਾ ਮਾਉਂ । ਕ੍ਰਿਸ਼ਨ ਮੁਰਾਰੀ ਵਡ ਬਲਕਾਰੀ ਵੇਲੇ ਦਵਾਪਰ ਮਾਣੀ ਠੰਡੀ ਛਾਉਂ । ਸਾਚੇ ਦਰ ਚਲਿਆ ਰਾਹੀ, ਪਹੁੰਚਿਆ ਆਣ ਗੁੜਗਾਉਂ । ਜੋਤੀ ਜੋਤ ਸਰੂਪ ਹਰਿ, ਅਚਰਜ਼ ਖੇਲ ਇਕ ਵਰਤਾਈ, ਉਧੋ ਤਾਈਂ ਆਪ ਸਮਝਾਈ, ਏਥੇ ਰਥ ਖਲ੍ਹਾਰੋ ਥਾਉਂ । ਕਲਜੁਗ ਤੇਰਾ ਅੰਤ ਵਿਚਾਰ । ਕੀਆ ਖੇਲ ਕ੍ਰਿਸ਼ਨ ਮੁਰਾਰ । ਰਥ ਖਲੋਤਾ ਵਿਚ ਗੁੜਗਾਉਂ, ਜਿਥੇ ਬਣਿਆ ਤੇਰਾ ਘਰ ਬਾਹਰ । ਅੰਤਮ ਵੇਲੇ ਜਾਮਾ ਪਾਇਆ, ਨਿਹਕਲੰਕ ਨਰਾਇਣ ਨਰ ਅਵਤਾਰ । ਗੁਰਸਿਖ ਤੇਰੀ ਸਚ ਅਟਾਰੀ । ਧਰੇ ਚਰਨ ਆਪ ਬਨਵਾਰੀ । ਅੰਤਮ ਕਲ ਤੇਰੇ ਸੰਗ ਨਾਲ ਤਰੇ ਬਲਵੰਤ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨੇਤਰ ਬੰਦ ਕਰਾਇਆ,

੨੮੬
੦੪

ਸ੍ਰਿਸ਼ਟ ਸਬਾਈ ਅੰਧ ਕਰਾਇਆ, ਗੁਰਮੁਖ ਖ਼ੁਸ਼ੀ ਬੰਦ ਬੰਦ ਕਰਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਦੇਵੇ ਬ੍ਰਹਮ ਗਿਆਨ, ਆਤਮ ਉਜਿਆਰ ਆਪ ਕਰਾਇਆ । ਆਤਮ ਕਰੇ ਹਰਿ ਉਜਿਆਰੀ । ਗੁਰਸਿਖ ਤੇਰੀ ਪੈਜ ਸਵਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਨਾਲ ਤਰੇ ਤੇਰੀ ਸੁਲੱਖਣੀ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਚੁਕਾਏ, ਲਿਖਿਆ ਕ੍ਰਿਸ਼ਨ ਮੁਰਾਰੀ । ਕ੍ਰਿਸ਼ਨ ਮੁਰਾਰੀ ਲੇਖ ਮੁਕਾਈ । ਨਿਹਕਲੰਕ ਪ੍ਰਗਟ ਹੋ, ਵਾਰੋ ਵਾਰੀ ਵੇਖ ਔਲੀਏ ਪੀਰ ਸ਼ੇਖ਼ ਮਿਟਾਵਾਂ, ਪਹਿਲੋਂ ਅੰਧ ਅੰਧੇਰ ਕਰ, ਆਪ ਕਰਾਵਾਂ ਸ੍ਰਿਸ਼ਟੀ ਨੰਗ, । ਨੇਤਰ ਨੀਰ ਵਗੇ ਧਾਰ । ਤੇਰਾ ਮੇਰਾ ਸਾਂਝਾ ਹੋਇਆ ਇਕ ਪਿਆਰ । ਦਵਾਪਰ ਵਿਛੜੇ ਕਲਜੁਗ ਮਿਲੇ ਯਾਰ । ਨਾ ਕੋਈ ਘੜੇ ਨਾ ਕੋਈ ਭੰਨੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਚਾਰੇ ਕੁੰਟਾਂ ਦਏ ਫਿਰਾ, ਕਰੇ ਖੇਲ ਅਪਰ ਅਪਾਰ । ਗੁਰਮੁਖ ਤੇਰੀ ਸਚ ਵਡਿਆਈਆ । ਸੰਤ ਮਨੀ ਸਿੰਘ ਸੇਵ ਕਮਾਈਆ । ਫਿਰ ਮਿਲੀ ਜਗਤ ਵਡਿਆਈ, ਜੋਤ ਜਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਬ੍ਰਹਮ ਗਿਆਨ, ਇਕ ਚਰਨ ਧਿਆਨ, ਦਿਵਸ ਰੈਣ ਜੋਤ ਦੂਣ ਸਵਾਈਆ । ਗੁਰਸਿਖ ਝੂਠ ਕਦੇ ਨਾ ਬੋਲੇ । ਪ੍ਰਭ ਅਬਿਨਾਸ਼ੀ ਪੂਰੇ ਤੋਲ ਤੋਲੇ । ਆਪੇ ਵਸੇ ਕਾਇਆ ਚੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮਾਣ ਦਵਾਇਆ, ਆਪਨੀ ਚਰਨੀ ਆਪੇ ਲਾਇਆ, ਸਦਾ ਵਸੇ ਕੋਲ ਕੋਲੇ । ਗੁਰ ਸੰਗਤ ਚਾਰ ਦਿਵਾਰੀ । ਸਚ ਮਹੱਲ ਪ੍ਰਭ ਰਿਹਾ ਉਸਾਰੀ । ਰਹੇ ਅਟੱਲ ਵਿਚ ਸੰਸਾਰੀ । ਕਲਜੁਗ ਕਰ ਕਰ ਵਲ ਛਲ, ਕਰੇ ਖੇਲ ਨਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਵਿਚ ਲੋਕਮਾਤ ਬਣਾਈ ਇਕ ਕਿਆਰੀ । ਗੁਰ ਸੰਗਤ ਚਾਰ ਚੁਫੇਰੇ । ਹਰਿ ਸਾਚਾ ਆਇਆ ਵਿਚ ਘੇਰੇ । ਰਾਹ ਕੋਈ ਨਾ ਦਿਸੇ ਗੁਰਮੁਖਾਂ ਆਇਆ ਹਿੱਸੇ, ਪੰਚਮ ਜੇਠ ਨਾ ਜਾਏ ਕਰ ਕੇ ਹੇਰੇ ਫੇਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਇਕ ਜੁੜਾਏ ਭੇਵ ਖੁਲ੍ਹਾਏ ਤੇਰੇ ਮੇਰੇ । ਮੇਰੇ ਤੇਰੇ ਤੇਰੇ ਮੇਰੇ ਹਰਿ ਕਾ ਭੇਵ ਜਾਏ ਖੁਲ੍ਹ । ਗੁਰ ਸੰਗਤ ਤੇਰਾ ਪੈ ਜਾਏ ਮੁੱਲ । ਕਲਜੁਗ ਜੀਵ ਗਏ ਹੁਲ । ਭਾਗ ਲਗਾਏ ਸੁਲੱਖਣੀ ਕੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਤੋਲ ਆਪ ਤੁਲਾਏ, ਗੁਰਮੁਖ ਸਾਚਾ ਜਾਏ ਤੁਲ । ਗੁਰਮੁਖ ਸਾਚਾ ਵੰਡੇ ਹਿੱਸਾ । ਦੂਸਰ ਕਿਸੇ ਨਾ ਹਰਿ ਜੀ ਦਿਸਾ । ਕਲਜੁਗ ਸਤਿਜੁਗ ਦੋਵੇਂ ਪੁੜ ਚੱਕੀ, ਬੇਮੁਖ ਜੀਵ ਵਿਚਕਾਰੇ ਪਿਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਆਪ ਖੁਲ੍ਹਾਏ, ਸ੍ਰਿਸ਼ਟ ਸਬਾਈ ਅੰਤ ਕਰਾਏ, ਬੀਸ ਇਕੀਸਾ । ਪੰਚਮ ਜੇਠ ਸਾਚੀ ਰਾਣੀਏ । ਗੁਰ ਪੂਰੇ ਦੀ ਸਾਚੀ ਪੁੱਤਰੀ ਕੰਨਿਆ ਧੀ ਧਿਆਣੀਏ । ਗੁਰਮੁਖ ਸਾਚੇ ਸੰਗ ਰਲਾਈਂ, ਨਾ ਝੂਠੇ ਵਣਜ ਕਰਾਈਂ, ਏਕਾ ਮੰਗੀਂ ਵਡਾ ਸ਼ਾਹ ਬਾਣੀਏ । ਥਾਉਂ ਥਾਈਂ ਜਾ ਜਗਾਈਂ, ਜੋਤ ਸਰੂਪੀ ਦਰਸ ਦਿਖਾਈਂ, ਦੇ ਮਤ ਜਾ ਸਮਝਾਈਂ, ਨਿਹਕਲੰਕ ਨਰਾਇਣ ਨਰ ਮਾਝੇ ਦੇਸ ਜਗੀ ਜੋਤ ਚਾਰ ਕੁੰਟ ਆਪ ਵਖਾਣੀਏ । ਪੰਚਮ ਜੇਠ ਕਰ ਰੁਸ਼ਨਾਈ । ਚਾਰ ਕੁੰਟ ਦੇ ਦੁਹਾਈ । ਨਿਹਕਲੰਕ ਮਾਝੇ ਦੇਸ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਆਪੇ ਦੇਵੇ ਮਾਝੇ ਦੇਸ ਵੱਜੀ ਵਧਾਈ । ਮਾਝੇ ਦੇਸ ਵੱਜੀ ਵਧਾਈਆ । ਪੰਚਮ ਜੇਠ ਸਾਚੀ ਖ਼ੁਸ਼ੀ ਮਨਾਈਆ । ਗੁਰਮੁਖ ਸਾਚੇ ਸੰਤ ਜਨਾਂ ਵਾਹ ਵਾਹ ਸੋਹਣਾ ਮੰਗਲ ਗਾਈਆ । ਕਲਜੁਗ ਤੇਰਾ ਵੱਜਾ ਸੰਗਲ, ਆਪਨੀ ਹੱਥੀਂ ਆਪ ਤੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੰਗਲ

੨੮੭
੦੪

ਜੂਹ ਉਜਾੜ ਪਹਾੜ ਕਿਸੇ ਹੱਥ ਨਾ ਆਈਆ । ਹਰਿ ਮਿਲੇ ਨਾ ਹਰਿਦਵਾਰ, ਨਾ ਤਰਬੈਣੀ ਨਾ ਪਰਾਗ । ਨਾ ਕਾਸ਼ੀ ਨਾ ਡੂੰਘੀ ਵਹਿਣੀ, ਗੁਰਮੁਖ ਸਾਚੇ ਸੰਤ ਜਨਾਂ ਆਪ ਬੁਝਾਏ ਤ੍ਰਿਸ਼ਨਾ ਆਗ । ਪੰਚਮ ਜੇਠ ਦਰਸ ਦਿਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲਾਏ ਜਾਗ, ਗੁਰਸਿਖਾਂ ਪਕੜਨ ਆਇਆ ਵਾਗ । ਆਪ ਚੁਕਾਏ ਲਹਿਣਾ ਦੇਣ । ਗੁਰਸਿਖ ਉਠਾਏ ਫੜ ਉਤੇ ਧਵਲ । ਚਾਰੋਂ ਕੁੰਟ ਸ਼ਬਦ ਸੁਣਾਏ ਦਏ ਸੁਨੇਹੜਾ ਪਵਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਅੰਤਮ ਆਇਆ, ਹਰਿ ਬਿਨ ਬੇੜਾ ਬੰਨੇ ਲਾਏ ਕਵਣ । ਸਾਚਾ ਬੇੜਾ ਕਿਹੜਾ ਬੰਨ੍ਹੇ, ਸੰਤ ਮਨੀ ਸਿੰਘ ਤੇਰੀ ਕੁੜਮਾਈ । ਪ੍ਰਭ ਅਬਿਨਾਸ਼ੀ ਆਪਣੀ ਹੱਥੀਂ ਆਣ ਕਰਾਈ । ਤਿੰਨ ਦਿਨ ਪਹਿਲੇ ਸੋਹਣਾ ਸਗਨ ਤੇਰੇ ਮੁਖ ਲਗਾਈ । ਅੱਠੇ ਪਹਿਰ ਰਹੇ ਲਗਨ, ਰਹੀ ਹਰਿ ਸ਼ਰਨਾਈ । ਜੋਤ ਸਰੂਪੀ ਹੋਇਆ ਮਗਨ, ਭੁੱਲੀ ਸਰਬ ਲੋਕਾਈ । ਅਸ਼ਟਮ ਜੇਠ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰ ਦਵਾਰੇ ਜਾ ਪੂਰੀ ਲਿਖਤ ਕਰਾਈ । ਸਾਚਾ ਕਰੇ ਸਗਨ ਵਿਹਾਰਾ । ਪ੍ਰਭ ਅਬਿਨਾਸ਼ੀ ਗੁਰ ਕਰਤਾਰਾ । ਨਾ ਕੋਈ ਜਾਣੇ ਜੀਵ ਜੰਤ ਸੰਸਾਰਾ । ਨਿਹਕਲੰਕ ਨਰਾਇਣ ਨਰ, ਸਤਿਜੁਗ ਬੰਨ੍ਹੇ ਆਪੇ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੀ ਪਾਉਣ ਆਇਆ ਸਾਚੀ ਸਾਰਾ । ਸੰਤ ਮਨੀ ਸਿੰਘ ਪਿਆ ਉਡੀਕੇ । ਪ੍ਰਭ ਅਬਿਨਾਸ਼ੀ ਅਸ਼ਟਮ ਜੇਠ ਬਣ ਕੇ ਮੁਲਜ਼ਮ, ਭੁਗਤਣ ਆਇਆ ਇਕ ਤਰੀਕੇ । ਸ੍ਰਿਸ਼ਟ ਸਬਾਈ ਦਏ ਦੁਹਾਈ, ਤੇਰਾ ਬਚਨ ਹਰਿ ਪੂਰ ਕਰਾਈ, ਜੋ ਜਨ ਦਰ ਘਰ ਸਾਚੇ ਜਾਏ ਆਏ ਅੰਮ੍ਰਿਤ ਪੀ ਕੇ । ਅੰਮ੍ਰਿਤ ਆਏ ਲਹਿੰਦੀ ਧਾਰ । ਛੱਤੀ ਮੀਲ ਬਣੇ ਹਰਿ ਲੇਖ ਲਿਖਾਰ । ਛੱਤੀ ਰਾਗ ਹਰਿ ਗੁਣਵੰਤ ਦਏ ਉਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਾਹਣਾ ਆਪ ਵਿਚ ਦਏ ਖਲ੍ਹਾਰ । ਅੱਗੇ ਬੁੱਢਾ ਪਿਛੇ ਬਾਲਾ । ਹੀਰਾ ਕੁੰਡ ਤੇਰਾ ਬਣੇ ਹਰਿ ਰਖਵਾਲਾ । ਸਤਿਜੁਗ ਸਾਚੇ ਪ੍ਰਭ ਸਾਚਾ ਮਾਣ ਦਵਾਏ, ਨੌਂ ਖੰਡ ਪ੍ਰਿਥਮੀ ਕਰੇ ਉਜਾਲਾ । ਅੰਮ੍ਰਿਤ ਸਰ ਸਰੋਵਰ ਭਰੇ, ਮਿਟਾਏ ਦਾਗ਼ ਜੋ ਲੱਗਾ ਕਲਜੁਗ ਕਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਬੇਮੁਖ ਜੀਵਾਂ ਕੱਢਣ ਆਇਆ ਅੰਤ ਦਵਾਲਾ । ਸੰਤ ਮਨੀ ਸਿੰਘ ਹਰਿ ਦਿਤਾ ਨਾਮ ਸੱਚਾ ਧੰਨ ਮਾਲਾ । ਸਚ ਦਾਤ ਹਰਿ ਝੋਲੀ ਪਾਈ, ਲੱਗਾ ਫਲ ਸਾਚੇ ਡਾਲਾ । ਕਲਜੁਗ ਅੰਤਮ ਵਿਚ ਮਾਤ ਦੇਵੇ ਵਡਿਆਈ, ਤੇਰਾ ਆਪ ਹੋਏ ਰਖਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਕਰੇ ਪ੍ਰਿਤਪਾਲਾ । ਹੋਏ ਰਖਵਾਲਾ ਪਹਿਰੇਦਾਰ । ਲੱਖ ਚੁਰਾਸੀ ਕਰੇ ਖ਼ਬਰਦਾਰ । ਹੋਕਾ ਦੇ ਕੇ ਵਾਜਾਂ ਮਾਰੇ, ਆਓ ਚਲ ਦਵਾਰ । ਨਿਹਕਲੰਕ ਨਰਾਇਣ ਨਰ ਪ੍ਰਗਟ ਹੋਇਆ, ਜਗਤ ਜੀਵ ਨਾ ਭੁੱਲ ਗਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਕਾਂ ਇਕ ਸੱਚਾ ਸਰਦਾਰ । ਗੁਰ ਪੂਰੇ ਸੇਵ ਕਮਾਈਆ । ਪੂਰਨ ਘਾਲ ਅੰਤਮ ਵੇਲੇ ਪ੍ਰਭ ਸਾਚੇ ਲੇਖੇ ਲਾਈਆ । ਸਾਚਾ ਦੀਆ ਨਾਮ ਧਨ ਮਾਲ, ਆਤਮ ਖ਼ਜ਼ਾਨਾ ਇਕ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਰੀ ਰਲ ਮਿਲ ਤੇਰੇ ਧਾਮ ਆਈਆ । ਆਏ ਚਲ ਹਰਿ ਨਿਰੰਕਾਰ । ਦੂਜੀ ਕੀਨੀ ਪ੍ਰਭ ਅਬਿਨਾਸ਼ੀ ਨਾਲ ਸੰਗਤ ਤਿਆਰ । ਪ੍ਰਗਟ ਹੋਏ ਘਨਕਪੁਰ ਵਾਸੀ, ਗੁਰਮੁਖ ਸੰਤ ਜਨ ਆਪ ਬਣਾਏ ਨਰ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਆਪ ਬਣਾਇਆ ਸੱਚਾ ਸਰਦਾਰ । ਪੂਰੇ ਗੁਰ ਕਰੋ ਪ੍ਰਦੱਖਣਾ । ਕੋਈ ਜਾਏ ਨਾ ਦਰ ਤੋਂ ਸੱਖਣਾ । ਅੰਤਮ ਵੇਲੇ ਕਲਜੁਗ, ਗੁਰਮੁਖ ਵਿਰਲਾ ਵਿਚ ਮਾਤ ਦੇ ਲੱਭਣਾ । ਚਾਰ ਕੁੰਟ ਚਾਰ ਚੁਫੇਰੇ,

੨੮੮
੦੪

੨੮੯
੦੪

ਪ੍ਰਭ ਅਬਿਨਾਸ਼ੀ ਮਾਰੇ ਗੇੜੇ, ਕਲਜੁਗ ਤੇਰਾ ਹੋ ਸਹਾਈ ਕਿਸੇ ਨਾ ਰੱਖਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਕਰੇ ਹਾਸੀ, ਮਦਿਰਾ ਮਾਸੀ ਮੁੱਲ ਨਾ ਪਾਏ ਕੱਖਣਾ । ਲੱਖ ਚੁਰਾਸੀ ਛਾਣ ਪੁਣ, ਗੁਰ ਸੰਗਤ ਕੀਨੀ ਵੱਖ । ਇਕ ਉਪਜਾਏ ਸ਼ਬਦ ਧੁਨ, ਗੁਰਮੁਖਾਂ ਆਤਮ ਹੋਏ ਸੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਕੋਈ ਨਾ ਜਾਣੇ ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਕਹਿਣਾ ਮੁਖ । ਮਨੀ ਸਿੰਘ ਮੰਨ ਸਾਚਾ ਕਹਿਣਾ । ਨਿਹਕਲੰਕ ਸਰਨੀ ਰਹਿਣਾ । ਗੁਰ ਸੰਗਤ ਦਾ ਭਾਰ ਸਹਿਣਾ । ਊਚ ਨੀਚ ਨੀਚ ਊਚ ਨਾ ਰਸਨਾ ਕਿਸੇ ਕਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਕਾਂ ਆਪ ਵਖਾਣੇ ਦਰਸ਼ਨ ਵੇਖ ਨੈਣਾਂ । ਨਾ ਕੋਈ ਜ਼ਾਤੀ ਜਾਤ ਪਾਤ । ਇਕੋ ਬੰਨ੍ਹੀਂ ਚਰਨ ਨਾਤ । ਪ੍ਰਭ ਅਬਿਨਾਸ਼ੀ ਲੱਭੇ ਸੱਚਾ ਮਾਤ । ਕਲਜੁਗ ਅੰਤਮ ਪ੍ਰਗਟ ਹੋਇਆ ਦੇਵਣ ਆਇਆ ਸੱਚੀ ਦਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾ ਸੋਹੰ ਵਡ ਕਰਾਮਾਤ । ਚਾਰ ਵਰਨਾਂ ਇਕ ਭੰਡਾਰਾ । ਨਿਹਕਲੰਕ ਨਰਾਇਣ ਨਰ ਅਵਤਾਰਾ । ਸੰਤ ਮਨੀ ਸਿੰਘ ਖੜ੍ਹੇ ਦਵਾਰਾ । ਗੁਰਮੁਖ ਆਵਣ ਵਾਰੋ ਵਾਰਾ । ਭਰੇ ਰਹਿਣ ਸਦ ਭੰਡਾਰਾ । ਖੁਲ੍ਹਿਆ ਰਹੇ ਦਰ ਦਵਾਰਾ । ਪ੍ਰਗਟ ਹੋਇਆ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਕਾਂ ਪਸਰ ਪਸਾਰਾ । ਪਸਰ ਪਸਾਰੀ ਹਰਿ ਨਿਰੰਕਾਰੀ ਗੁਰ ਸੰਗਤ ਕਰੇ ਇਕ ਪਿਆਰੀ । ਆਪੇ ਕਰੇ ਚਰਨ ਪਨਿਹਾਰੀ । ਫੜ ਫੜ ਬਾਹੋਂ ਕਲਜੁਗ ਅੰਤਮ ਵੇਲੇ ਪ੍ਰਭ ਸਾਚਾ ਜਾਏ ਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਤੇਰੀ ਬਣਾਈ ਰੱਖੇ ਸਰਦਾਰੀ । ਪੰਚ ਬਣਾਏ ਹਰਿ ਸਰਦਾਰਾ । ਹੋਏ ਆਪ ਪਹਿਰੇਦਾਰਾ । ਘਨਕਪੁਰ ਵਾਸੀ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰਾ । ਸੂਰਜ ਦੇਵਤਾ ਕਰੇ ਨਿਮਸਕਾਰ । ਗੁਰ ਸੰਗਤ ਤੇਰਾ ਵੇਖੇ ਮੁਖੜਾ, ਲਥੇ ਦੁੱਖੜਾ ਚੜ੍ਹਿਆ ਰਹੇ ਜੋ ਬੁਖਾਰ । ਤਿੰਨਾਂ ਲੋਕਾਂ ਚਹੁੰ ਜੁਗਾਂ ਹੋਇਆ ਭੁੱਖੜਾ, ਅੰਤਮ ਵੇਲੇ ਕਲਜੁਗ ਪ੍ਰਭ ਅਬਿਨਾਸ਼ੀ ਪਾਈ ਸਾਰ, ਉਜਲ ਕਰਾਏ ਰਵੀ ਤੇਰਾ ਮੁਖੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ਼ਨ ਪੇਖੇ ਨੇਤਰ ਵੇਖੇ ਗੁਰਸਿਖ ਸਾਚੇ ਸੰਤ ਜਨ ਵਿਚ ਮਾਤ ਸੱਚੇ ਸਰਦਾਰ । ਸੂਰਜ ਦੇਵਤਾ ਕਰੇ ਸਲਾਮ । ਕਲਜੁਗ ਕਿਹੜਾ ਆਇਆ ਰਾਮ । ਗੁਰ ਸੰਗਤ ਦੇਵੇ ਸੱਚਾ ਧਾਮ । ਗਰੀਬ ਨਿਮਾਣਿਆਂ ਜਗਤ ਨਿਤਾਣਿਆਂ ਪਕੜਨ ਆਇਆ ਦਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਲਾਈ ਜੇਠ ਦੁਪਹਿਰ ਗੁਰਸਿਖ ਮਾਨਣ ਠੰਡੀ ਛਾਂ । ਕਲਜੁਗ ਤੇਰੀ ਅਗਨੀ ਘੋਰ । ਪੰਚਮ ਜੇਠ ਲੱਗੀ ਦੁਪਹਿਰ, ਗੁਰ ਸੰਗਤ ਹੌਲੀ ਹੌਲੀ ਲਏ ਤੋਰ । ਦਰ ਘਰ ਸਾਚੇ ਕੋਈ ਨਾ ਪਾਵੇ ਸ਼ੋਰ । ਆਪ ਖਪਾਏ ਅਗਨ ਲਗਾਏ ਲਾਹੌਰ ਸ਼ਹਿਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਇਕ ਵਹਾਏ ਵਗਾਏ ਅੰਮ੍ਰਿਤ ਸਾਚੀ ਨਹਿਰ । ਨਿਹਕਲੰਕ ਨਰ ਅਵਤਾਰਾ । ਗੁਰਮੁਖਾਂ ਪਾਏ ਸਾਰਾ । ਚਲ ਆਏ ਹਰਿ ਦਵਾਰਾ । ਸੰਤ ਮਨੀ ਸਿੰਘ ਤੇਰਾ ਲੇਖਾ ਆਪ ਚੁਕਾਇਆ, ਆਪ ਬਣਾਏ ਸੱਚੀ ਸਰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸੇਵਾ ਘਾਲ ਪਾਈ ਥਾਂਏ ਆਪ ਕਰਾਏ ਤੈਥੋਂ ਚਰਨ ਨਿਮਸਕਾਰਾ । ਅੰਮ੍ਰਿਤ ਧਾਰ ਠੰਡੀ ਠਾਰ ਹੈ । ਗੁਰਮੁਖਾਂ ਰਹੀ ਤਾਰ ਹੈ । ਪ੍ਰਭ ਪਾਵੇ ਸਾਚੀ ਸਾਰ ਹੈ । ਕਲਜੁਗ ਲਾਹੁਣ ਆਇਆ ਅੰਤ ਬੁਖ਼ਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਬੇੜਾ ਕਰੇ ਪਾਰ ਹੈ । ਸਾਚਾ ਅੰਮ੍ਰਿਤ ਲੈਣਾ ਪੀ । ਗੁਰਮੁਖ ਸਾਚੇ ਸੰਤ ਜਨੋਂ ਮਾਤ ਵਿਚ ਰਖਾਈ ਸਾਚੀ ਨੀਂਹ । ਸਤਿਜੁਗ ਸਾਚੀ ਰੀਤ ਚਲਾਈ,

ਅੰਮ੍ਰਿਤ ਬਰਖੇ ਸਾਚਾ ਮੀਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਬੀਜ ਗੁਰਸਿਖ ਆਪਣੀ ਹੱਥੀਂ ਲੈਣਾ ਬੀ । ਸਾਚੀ ਬਖ਼ਸ਼ੇ ਅੰਮ੍ਰਿਤ ਧਾਰ । ਉਤੋਂ ਚਲੇ ਇਕ ਫੁਹਾਰ । ਸੰਤ ਮਨੀ ਸਿੰਘ ਠੰਡਾ ਠਾਰ । ਖੁਲ੍ਹਿਆ ਬੰਦ ਇਕ ਕਵਾੜ । ਕਾਇਆ ਚੋਲਾ ਦਿਤਾ ਸਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਚੰਨ ਚੜ੍ਹਾਇਆ, ਲੱਖ ਚੁਰਾਸੀ ਬੇੜਾ ਲਾਏ ਪਾਰ । ਸਾਚੇ ਸੰਤ ਮਿਲੀ ਵਡਿਆਈ । ਮਾਤਲੋਕ ਹਰਿ ਖੇਲ ਵਰਤਾਈ । ਸਤਿਗੁਰ ਪੂਰਾ ਦਏ ਵਡਿਆਈ । ਆਪ ਕਰਾਏ ਸਰਬ ਗੁਣ ਭਰਪੂਰਾ, ਪੜਦਾ ਉਹਲਾ ਨਾ ਕੋਈ ਰਖਾਈ । ਇਕ ਉਪਜਾਏ ਸ਼ਬਦ ਤੂਰਾ, ਗੁਰ ਸੰਗਤ ਤੇਰਾ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਆਪ ਕਮਾਏ, ਦੁਖੜਾ ਭੁਖੜਾ ਰੋਗ ਗਵਾਏ, ਦੋਹਾਂ ਭਾਈਆਂ ਮੇਲ ਮਿਲਾਈ । ਧਰਤ ਮਾਤ ਖ਼ੁਸ਼ੀ ਮਨਾਈਆ । ਪੂਰਨ ਇੱਛਿਆ ਪ੍ਰਭ ਕਰਾਈਆ । ਸਾਚੀ ਭਿੱਛਿਆ ਝੋਲੀ ਪਾਈਆ । ਕਰੇ ਰਛਿਆ ਵੇਲੇ ਅੰਤ ਪ੍ਰਗਟ ਹੋਇਆ ਰਘੁਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਸੋਹਣੀ ਬਣਤ ਬਣਾਈਆ । ਧਰਤ ਮਾਤ ਖ਼ੁਸ਼ੀ ਮਨਾਉਂਦੀ । ਪੰਚਮ ਜੇਠ ਗੀਤ ਸੁਹਾਗੀ ਗਾਉਂਦੀ । ਜੁਗਾਂ ਜੁਗਾਂ ਦੀ ਸਾਚੀ ਰੀਤ, ਚਰਨ ਧੂੜ ਤੇਰੀ ਨਿਹਕਲੰਕ ਲਾਉਂਦੀ । ਇਕ ਬੰਨ੍ਹਾਏ ਸਚ ਪ੍ਰੀਤ, ਗੁਰਮੁਖਾਂ ਮਸਤਕ ਜਾ ਸਮਾਉਂਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਨਿਹਕਲੰਕ ਰਸਨਾ ਗਾਉਂਦੀ । ਧਰਤ ਮਾਤ ਜਾਏ ਬਲਿਹਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਪੰਚਮ ਜੇਠ ਕਲਜੁਗ ਤੇਰੀ ਅੰਤਮ ਵਾਰੀ । ਜੋਤੀ ਜੋਤ ਸਰੂਪ ਹਰਿ, ਗਊ ਗਰੀਬ ਨਿਮਾਣਿਆਂ ਪਾਵੇ ਸਾਰੀ । ਆਪੇ ਸਾੜੇ ਤਹਿਸੀਲਾਂ ਥਾਣਿਆਂ, ਮਾਰੇ ਤੀਰ ਸੱਚਾ ਬਾਣਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਧਰਤ ਮਾਤ ਗੀਤ ਸੁਹਾਗਾ । ਸੋਹੰ ਸੁਣਿਆ ਸੱਚਾ ਰਾਗਾ । ਨਿਹਕਲੰਕ ਲੋਕਮਾਤ ਹਰਿ ਸਾਚਾ ਜਾਗਾ । ਚਾਰੋਂ ਕੁੰਟ ਉਠ ਉਠ ਵੇਖੇ, ਬੇਮੁਖ ਜਾਏ ਦਰ ਤੋਂ ਭਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਪਾਰ ਉਤਾਰੇ ਜੋ ਜਨ ਸਰਨੀ ਲਾਗਾ । ਧਰਤ ਮਾਤ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਜੋਤ ਜਗਾਈ, ਆਪਣਾ ਚਰਨ ਦਿਤਾ ਛੁਹਾ । ਅਚਰਜ ਖੇਲ ਹਰਿ ਵਰਤਾਈ, ਸਚ ਸੁਹਾਗਣ ਨਾਰ ਬਣਾਈ, ਆਪਣਾ ਭੇਵ ਦਏ ਖੁਲ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਹੋਈ ਸੁਹਾਗਣ ਸੂਹਾ ਵੇਸ ਲਏ ਕਰਾ । ਧਰਤ ਮਾਤ ਤੇਰਾ ਸੂਹਾ ਵੇਸ । ਪ੍ਰਗਟ ਹੋਏ ਪ੍ਰਭ ਮਾਝੇ ਦੇਸ । ਜੋਤ ਸਰੂਪੀ ਧਾਰੇ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਆਹਵਣ ਆਇਆ ਕਰ ਕਰ ਅਵਲੜਾ ਭੇਸ । ਗੁਰਸਿਖ ਮੰਗੇ ਦਾਤ, ਅੰਤ ਅੰਧੇਰ ਹੈ । ਪ੍ਰਭ ਅਬਿਨਾਸ਼ੀ ਪੁੱਛੇ ਵਾਤ, ਕਰ ਦੇਵੇ ਆਪਣੀ ਮਿਹਰ ਹੈ । ਸਾਚੀ ਦੇਵੇ ਨਾਮ ਕਰਾਮਾਤ, ਨਾ ਲਾਏ ਕੋਈ ਦੇਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਰੂਪੀ ਬੱਧਾ ਨਾਤ, ਮਿਟਾਵੇ ਹੇਰ ਫੇਰ ਹੈ । ਧੁਰਦਰਗਾਹੀ ਸਚ ਸੁਗਾਤ, ਤੇਰੀ ਕਾਇਆ ਅੰਦਰ ਕਰੇ ਢੇਰ ਹੈ । ਏਕਾ ਰੰਗ ਹਰਿ ਆਪ ਸਮਾਏ, ਮੈਂ ਤੂੰ ਤੂੰ ਮੈਂ ਕੱਢੇ ਏਕਾ ਵੇਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਏ, ਨਾ ਲਾਏ ਦੇਰ ਹੈ । ਪ੍ਰਭ ਪੂਰੇ ਕਰੀ ਬੁੱਧ ਬਿਬੇਕ । ਗੁਰਮੁਖਾਂ ਹਰਿ ਰੱਖੀ ਟੇਕ । ਸਾਚਾ ਨਾਮ ਤਨ ਵਸਾਏ, ਕਲਜੁਗ ਮਾਇਆ ਨਾ ਲਾਏ ਸੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਹੋਏ ਏਕਾ ਏਕ । ਕਾਇਆ ਚੋਲੀ ਚੜ੍ਹਿਆ ਰੰਗ । ਪ੍ਰਭ ਅਬਿਨਾਸ਼ੀ ਸਾਚੇ ਘਰ ਮੰਗੀ ਇਕੋ ਮੰਗ ।

ਸ਼ਬਦ ਘੋੜੇ ਹੋ ਅਸਵਾਰ, ਮਾਤ ਆਇਆ ਪਹਿਲੀ ਵਾਰ ਕਸਿਆ ਤੰਗ । ਗੁਰਮੁਖਾਂ ਜਾਏ ਹਰਿ ਦਵਾਰ ਕਟੀ ਭੁੱਖ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਤੇਰਾ ਲੇਖੇ ਲਾਇਆ, ਆਪਣਾ ਬਾਣਾ ਤੇਰੇ ਤਨ ਛੁਹਾਇਆ, ਅੰਤਮ ਵੇਲਾ ਨਾ ਹੋਏ ਭੰਗ । ਸੱਤ ਸਾਗਰ ਨੀਰ ਵਿਰੋਲ । ਤੇਰੀ ਸੁੱਕੀ ਕਾਇਆ ਗਾਗਰ, ਆਤਮ ਪੜਦੇ ਦੇਵੇ ਖੋਲ੍ਹ । ਹੋਏ ਨਾਮ ਜਗਤ ਉਜਾਗਰ, ਹਰਿ ਵਸੇ ਸਦਾ ਕੋਲ । ਬਣ ਜਾਏ ਦਰ ਸੱਚੇ ਦਾ ਸਚ ਸੁਦਾਗਰ, ਨਾਮ ਲਏ ਵਸਤ ਅਨਮੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਸਾਚੀ ਧੀਰ ਬੰਧਾਏ, ਅੰਤਮ ਤੋਲੇ ਪੂਰੇ ਤੋਲ । ਪ੍ਰਭ ਅਬਿਨਾਸ਼ੀ ਨਾ ਡੋਲੇ ਨਾ ਕੋਈ ਡੁਲਾਏ । ਪ੍ਰਭ ਅਬਿਨਾਸ਼ੀ ਤੇਰੀ ਆਤਮ ਬੋਲੇ, ਅੱਠੇ ਪਹਿਰ ਵਿਚ ਸਮਾਏ । ਕਾਇਆ ਦਿਸੇ ਅੰਧੇਰੀ ਡੋਲੀ, ਸ੍ਰਿਸ਼ਟ ਸਬਾਈ ਦਿਸ ਨਾ ਆਏ । ਗੁਰਮੁਖਾਂ ਵਸੇ ਕਾਇਆ ਚੋਲੇ, ਜੋਤ ਸਰੂਪੀ ਡਗਮਗਾਏ । ਗੁਰਸਿਖ ਬਣਾਏ ਚਰਨ ਗੋਲੇ, ਸ਼ਬਦ ਡੋਲੇ ਲਏ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣ ਬਣ ਸਾਚਾ ਤੋਲਾ ਆਪੇ ਤੋਲਾ, ਅਗਲਾ ਪਿਛਲਾ ਲੇਖ ਲੇਖਾ ਸਰਬ ਚੁਕਾਏ । ਉਠ ਸਿੱਖ ਹੋ ਹੁਸ਼ਿਆਰ । ਹਰਿ ਮਿਲਿਆ ਕਮਲਾਪਾਤੀ, ਬਣ ਦਰ ਘਰ ਸਾਚੇ ਦੀ ਸਾਚੀ ਨਾਰ । ਏਕਾ ਸਾਚਾ ਆਸਣ ਲਾਗੇ ਹਰਿ ਨਾਰੀ ਬੈਠੇ ਸਚ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਕਰੇ ਸਚ ਉਜਿਆਰ । ਆਤਮ ਕਰੇ ਉਜਿਆਰ ਹਰਿ ਗੁਰਦੇਵਾ । ਕੀਆ ਚਰਨ ਪਿਆਰ, ਪ੍ਰਭ ਅਬਿਨਾਸ਼ੀ ਸਾਚੀ ਸੇਵਾ । ਬੱਧੀ ਜਗਤ ਧਾਰ, ਮਾਨਸ ਜਨਮ ਦਿਤਾ ਸਵਾਰ, ਸੋਹੰ ਫਲ ਲਾਇਆ ਸਾਚਾ ਮੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਗਾਇਆ ਰਸ ਰਸਨਾ ਸਾਚੀ ਜਿਹਵਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰਾ ।



ਬਰਾਹ ਰੂਪ ਅਪਰ ਅਪਾਰਾ । ਯਗਯ ਪੁਰਸ਼ ਹਰਿ ਨਿਰੰਕਾਰਾ । ਹਾਵ ਗਰੀਵ ਭੇਖ ਧਾਰਾ । ਨਰਾਇਣ ਨਰ ਜੋਤ ਪਸਾਰਾ । ਕਪਲ ਮੁਨ ਮੋਹਣ ਧਾਰਾ । ਦਤਾ ਤ੍ਰੈ ਮਾਤ ਮਝਾਰਾ । ਰਿਖਵ ਦੇਵ ਭੇਖ ਨਿਆਰਾ । ਪ੍ਰਿਥੁ ਰੂਪ ਅਗੰਮ ਅਪਾਰਾ । ਮਤਸ ਬੰਨ੍ਹੇ ਆਪਣੀ ਧਾਰਾ । ਕਛਪ ਰੂਪ ਹਰਿ ਪਸਾਰਾ । ਮੋਹਣੀ ਰੂਪ ਬਲ ਦਵਾਰਾ । ਨਰ ਸਿੰਘ ਹਰਿ ਭਗਤ ਅਧਾਰਾ । ਧਨੰਤਰ ਵੈਦ ਦੁੱਖ ਲਾਹੇ ਸਾਰਾ । ਬਾਵਨ ਰੂਪ ਚੋਜ ਅਪਾਰਾ । ਹੰਸ ਪੰਖੀ ਪ੍ਰਭ ਨਿਰੰਕਾਰਾ । ਨਰਾਇਣ ਨਰ ਧ੍ਰੂ ਪਾਰ ਉਤਾਰਾ । ਹਰੀ ਹਰਿ ਗਜ ਦਏ ਸਹਾਰਾ । ਪਰਸ ਰਾਮ ਕਸ਼ਤਰੀ ਸੰਘਾਰਾ । ਰਾਮ ਅਵਤਾਰੀ ਦਹਿਸਰ ਮਾਰਾ । ਵੇਦ ਵਿਆਸ ਬਣੇ ਲਿਖਾਰਾ । ਕ੍ਰਿਸ਼ਨ ਮੁਰਾਰ ਯੁੱਧ ਕਰਾਏ ਭਾਰਾ । ਗੌਤਮ ਬੁੱਧ ਸਾਚਾ ਧਰਮ ਚਲਾਏ ਵਿਚ ਸੰਸਾਰਾ । ਕਲਜੁਗ ਤੇਰੀ ਅੰਤਮ ਵਾਰੀ, ਨਿਹਕਲੰਕ ਲਏ ਅਵਤਾਰਾ । ਵੇਦ ਵਿਆਸ ਕਿਰਪਾ ਧਾਰੀ । ਪੁਰਾਨ ਅਠਾਰਾਂ ਲੇਖ ਲਿਖਾਰੀ । ਪਹਿਲਾ ਬ੍ਰਹਮ ਲਿਆ ਵਿਚਾਰੀ । ਫੇਰ ਪਦਮ ਪਾਈ ਸਾਰੀ । ਵਿਸ਼ਨੂੰ ਤੇਰੀ ਆਈ ਵਾਰੀ । ਸ਼ਿਵ ਤੇਰੀ ਬੱਧੀ ਧਾਰੀ । ਸ੍ਰੀ ਭਗਵਤ ਧਰ ਸੰਸਾਰੀ । ਨਾਰਦ ਮੁਨ ਤੇਰੀ ਕਰੇ ਜੋਤ ਉਜਿਆਰੀ । ਮਾਰਕੰਡੇ ਹਰਿ ਭੇਵ ਖੁਲ੍ਹਾਰੀ । ਅਗਨ ਦੇਵਤਾ ਬਣ ਪੁਜਾਰੀ । ਭਵਿਖਤ ਪੁਰਾਨ ਦਏ ਉਚਾਰੀ । ਬ੍ਰਹਮ ਵੈਵਰਤ ਪਾਵੇ ਸਾਰੀ । ਲਿੰਗ ਪੁਰਾਨ ਹੋਵੇ ਪਾਰੀ । ਬਰਾਹ ਤੇਰੀ ਖੇਲ ਨਿਆਰੀ । ਸੁਕੰਦ ਪੁਸਤਕ ਬੰਨ੍ਹੀ ਭਾਰੀ । ਬਾਵਨ ਪੁਰਾਨ ਰਾਜੇ ਬਲ ਕਿਰਪਾ ਧਾਰੀ । ਕੂਰਮ ਹਰਿ ਜੀ ਪਾਵੇ ਸਾਰੀ । ਮਤਸ ਤੇਰੀ ਕਲ ਵਿਚਾਰੀ । ਗਰੜ ਰਹੇ ਤੇਰੇ ਚਰਨ ਦਵਾਰੀ । ਬ੍ਰਹਿਮੰਡ ਤੇਰਾ ਬਣਿਆ ਆਪ ਲਿਖਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਖੁਲ੍ਹਾਏ ਕਲ ਅੰਤਮ ਵਾਰੀ । ਚਾਰ ਵੇਦ ਹਰਿ ਲਿਖਾਏ । ਪਹਿਲਾ

ਸ਼ਾਮ ਮੁਖ ਰਖਾਏ । ਛੱਤੀ ਰਾਗ ਵਿਚ ਭਰਾਏ । ਦੂਜਾ ਰਿਗ ਵੇਦ ਚਲਾਏ । ਕਲਾ ਕਾਲ ਜਿਸ ਨਾਲ ਉਪਾਏ । ਤੀਜਾ ਯਜੁਰ ਨਾਂ ਰਖਾਏ । ਔਸ਼ਧੀਆਂ ਦੀ ਬਿਧ ਬਣਾਏ । ਚੌਥਾ ਅਥਰਬਣ ਕਲਜੁਗ ਆਏ । ਵਿਦਿਆ ਸਾਗਰ ਆਪ ਲਿਖਾਏ । ਜੋਤੀ ਜੋਤ ਸਰੂਪ ਹਰਿ, ਕਲਜੁਗ ਵੇਲੇ ਅੰਤ ਆਪਣੀ ਝੋਲੀ ਸਾਰੇ ਪਾਏ । ਝੋਲੀ ਪਾਏ ਹਰਿ ਗਿਰਧਾਰਾ । ਭੇਵ ਖੁਲ੍ਹਾਏ ਜਨ ਭਗਤਾਂ ਸਾਰਾ । ਆਦਿ ਅੰਤ ਹੋਏ ਸਹਾਰਾ । ਦੇਵੇ ਨਾਮ ਕਰ ਪਿਆਰਾ । ਜੋਤ ਸਰੂਪੀ ਪ੍ਰਭ ਅਬਿਨਾਸ਼ੀ ਕਿਆ ਕੋਈ ਜਾਣੇ ਜੀਵ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਉਧਾਰੇ । ਬਣਾਏ ਬਣਤਰ ਵਿਚ ਸੰਸਾਰੇ । ਇਕ ਜਪਾਏ ਸਾਚਾ ਮੰਤਰ, ਕਰਾਏ ਜੈ ਜੈਕਾਰੇ । ਜੋਤੀ ਜੋਤ ਸਰੂਪ ਹਰਿ, ਕਿਆ ਕੋਈ ਪਾਵੇ ਪ੍ਰਭ ਦੀ ਸਾਰੇ । ਧਰੂ ਪ੍ਰਹਿਲਾਦ ਜਿਸ ਉਧਾਰਿਆ । ਸੰਗ ਅਮਰੀਕ ਰਾਜੇ ਬਲ ਕਰੇ ਪਿਆਰਿਆ । ਰਾਜੇ ਜਨਕ ਪੂਰਾ ਕਰਮ ਆਪ ਵਿਚਾਰਿਆ । ਤਾਰਾ ਰਾਣੀ ਸੁਖ ਸਾਚਾ ਮਾਣੀ, ਦੇਵੇ ਚਰਨ ਧਿਆਨਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਮਾਨਿਆ । ਬਿਦਰ ਸੁਦਾਮਾ ਆਪੇ ਤਾਰੇ । ਦਰੋਪਦ ਲਾਜ ਰੱਖੇ ਮੁਰਾਰੇ । ਜੈ ਦਿਓ ਹਰਿ ਲੇਖ ਅਪਾਰੇ । ਨਾਮ ਦਿਓ ਹਰਿ ਪਾਰ ਉਤਾਰੇ । ਧੰਨੇ ਜੱਟ ਪਾਵੇ ਸਾਰੇ । ਗਰੀਬ ਰਵਿਦਾਸਾ ਉਤਰੇ ਪਾਰੇ । ਸੈਣ ਨਾਈ ਦਰ ਜਾਏ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤੀ ਏਕਾ ਗੋਤੀ ਨਾ ਜਾਣੇ ਜੀਵ ਗਵਾਰੇ । ਪਾਪਣ ਪੂਤਨਾ ਦਿੱਤੀ ਤਾਰ । ਗਨਕਾ ਨਾਲ ਕੀਆ ਪਿਆਰ । ਅਜਾਮਲ ਪਾਪੀ ਉਧਰਿਆ ਨਾਲ । ਜੋਤ ਸਰੂਪੀ ਆਦਿ ਅੰਤ ਜਨ ਭਗਤਾਂ ਰਿਹਾ ਪੈਜ ਸਵਾਰ । ਕਿਰਪਾ ਕਰ ਬੱਧਕ ਤਾਰੇ, ਮਾਰੇ ਤੀਰ ਕ੍ਰਿਸ਼ਨ

੨੯੨ ੦੪ ਮੁਰਾਰੇ, ਦੇਵੇ ਦਰਸ ਅਪਰ ਅਪਾਰੇ, ਜਨ ਭਗਤਾਂ ਆਪੇ ਪਾਵੇ ਸਾਰ । ਤਾਰੇ ਭਗਤ ਹਰਿ ਭਗਵਾਨਾ । ਕਰੇ ਖੇਲ ਜਗਤ ਮਹਾਨਾ । ਸ਼ਬਦ ਹੱਥੀਂ ਬੰਨ੍ਹੇ ਗਾਨਾ । ਗੁਰਮੁਖ ਸਾਚੇ ਆਪੇ ਰੱਖੇ, ਸ਼ਬਦ ਚਲੇ ਇਕ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤ ਜੋਤ ਸਰੂਪੀ ਪਹਿਰੇ ਬਾਣਾ ਘਨਈਆ ਸ਼ਾਮਾ । ਕਲਜੁਗ ਤੇਰੇ ਲੇਖ ਲਿਖਾਏ । ਪਹਿਲਾ ਮਾਣ ਬੁੱਧ ਦਵਾਏ । ਈਸਾ ਮੂਸਾ ਆਪ ਉਪਾਏ । ਸਚ ਮੁਹੰਮਦ ਜਨਮ ਦਵਾਏ । ਚਾਰ ਯਾਰ ਸੰਗ ਰਲਾਏ । ਨੌਂ ਦਰ ਘਰ ਵਣਜਾਰਾ, ਦਸਵੇਂ ਦੀ ਨਾ ਬੂਝ ਬੁਝਾਏ । ਵਰਤੇ ਕਹਿਰ ਵਿਚ ਸੰਸਾਰ, ਕਿਰਪਾ ਕਰ ਹਰਿ ਨਿਰੰਕਾਰ, ਗੁਰ ਨਾਨਕ ਹਰਿ ਮਾਤ ਉਪਾਏ । ਸਿਰ ਰੱਖੇ ਹੱਥ ਦਾਤਾਰ, ਅੰਤਮ ਵੇਲੇ ਗਿਆ ਹਾਰ, ਦੂਜੀ ਜੋਤ ਅੰਗਦ ਪਾਏ । ਅੰਗਦ ਕੀਆ ਇਕ ਵਿਚਾਰ । ਖਡੂਰ ਵਿਚੋਂ ਹੋਇਆ ਬਾਹਰ । ਅਮਰਦਾਸ ਸੇਵ ਕਮਾਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਸਾਚੀ ਮਤ ਜਗਤ ਚਲਾਈ । ਰਾਮ ਦਾਸ ਦਿੱਤੀ ਵਡਿਆਈ । ਸਰ ਅੰਮ੍ਰਿਤ ਨੀਂਹ ਰਖਾਈ । ਪੰਚਮ ਗੁਰ ਸ਼ਬਦ ਨਿਧਾਨੀ । ਮਿਲੀ ਚਰਨ ਪ੍ਰੀਤੀ, ਸੱਚੀ ਸੇਵ ਕੁਰਬਾਨੀ । ਮਿਲਿਆ ਨਾਮ ਅਪਾਰ, ਅੰਤਮ ਵੇਲਾ ਉਹਦਾ ਆਇਆ ਕਲਜੁਗ ਜੀਵ ਨਾ ਸਮਝੇ ਗਵਾਰ, ਸਾਚੀ ਸੇਵਾ ਹਰਿ ਕਮਾਈ । ਭਾਈ ਗੁਰਦਾਸ ਸੰਗ ਰਲਾਈ । ਨਾ ਕੋਈ ਜਾਣੇ ਜੀਵ ਗਵਾਰ, ਭੁੱਲੀ ਰਹੀ ਸਰਬ ਲੋਕਾਈ । ਅੰਤਮ ਵੇਲੇ ਦੇਹ ਤਜਾਈ । ਹਰਿ ਗੋਬਿੰਦ ਜੋਤ ਜਗਾਈ । ਮੀਰੀ ਪੀਰੀ ਕਟਾਰ ਗਲ ਵਿਚ ਪਾਈ । ਸਾਚੀ ਜੋਤ ਕਰ ਅਕਾਰ, ਬੇਮੁਖਾਂ ਡੰਨ ਰਿਹਾ ਲਾਈ । ਅੰਤਮ ਜੋਤੀ ਮੇਲ ਮਿਲਾਈ । ਸ੍ਰੀ ਹਰਿ ਰਾਏ ਮਾਣ ਦਵਾਈ । ਸਾਚੀ ਜੋਤ ਕਰ ਅਕਾਰ, ਸਾਚੇ ਲੇਖ ਰਿਹਾ ਲਿਖਾਈ । ਅੱਠਵੇਂ ਜਾਮੇ ਹਰਿ ਕ੍ਰਿਸ਼ਨ ਛੋਟੇ ਬਾਲੇ ਬਲ ਵਧਾਈ । ਦਿੱਲੀ

ਜਾਏ ਮੁਖ ਛੁਪਾਏ, ਉਤੇ ਸੀਤਲਾ ਆਏ ਭਾਰੀ । ਅੰਤਮ ਵੇਲੇ ਲੇਖੇ ਲਾਏ, ਗੁਰ ਸੰਗਤ ਸਾਚਾ ਹੁਕਮ ਸੁਣਾਏ, ਪਿੰਡ ਬਕਾਲਾ ਦੇ ਵਖਾਈ । ਸਾਚਾ ਹੁਕਮ ਇਕ ਸੁਣਾਇਆ । ਗੁਰ ਤੇਗ ਬਹਾਦਰ ਬਾਹਰ ਕਢਾਇਆ । ਹਿੰਦ ਦੀ ਚਾਦਰ ਜਗਤ ਬਣਾਇਆ । ਦਿੱਲੀ ਸੀਸ ਦਿਤਾ ਕਰਤੇ ਕਾਦਰ, ਆਪਣੇ ਭਾਣੇ ਸਰਬ ਸਮਾਇਆ । ਫਿਰ ਉਠਾਇਆ ਗੁਰ ਗੋਬਿੰਦ, ਮਾਣ ਦਵਾਇਆ ਵਾਲੀ ਹਿੰਦ, ਦੁਸ਼ਟ ਸੰਘਾਰੇ ਫੜ ਖੰਡਾ ਦੋ ਧਾਰੇ, ਜੋ ਕਰਨ ਨਿੰਦ । ਜੋਤੀ ਜੋਤ ਸਰੂਪ ਹਰਿ, ਸਦਾ ਸਦਾ ਬਖ਼ਸ਼ਿੰਦ । ਗੁਰ ਗੋਬਿੰਦ ਗਿਆਨ ਤੁਮਾਰਾ । ਏਕਾ ਓਟ ਰੱਖੀ ਕਰਤਾਰਾ । ਵੱਜੇ ਡੰਕ ਸ਼ਬਦ ਅਪਾਰਾ । ਰਾਓ ਰੰਕ ਆਪ ਉਠਾਏ, ਕਰੇ ਖੇਲ ਅਪਰ ਅਪਾਰਾ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰਮੁਖਾਂ ਦੇਵੇ ਨਾਮ ਅਪਾਰ । ਪੂਰਨ ਕਾਮ ਆਪ ਕਰਾਏ, ਕਰੇ ਸਚ ਵਿਹਾਰ । ਸੁੱਕਾ ਚਾਮ ਹਰਾ ਕਰਾਏ, ਜੋ ਜਨ ਆਏ ਚਲ ਦਵਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਅਵਤਾਰ । ਤਣਨੇ ਆਇਆ ਪ੍ਰਭ ਸਾਚਾ ਤਾਣਾ । ਬੰਨ੍ਹਣ ਆਇਆ ਰਾਜਾ ਰਾਣਾ । ਚਿੱਟੇ ਅਸਵ ਪਾ ਪਲਾਣਾ । ਸੋਲਾਂ ਕਲੀਆਂ ਲੜ ਰਖਾਨਾ । ਸੱਤ ਦੀਪ ਨੌਂ ਖੰਡ ਦੋਹਾਂ ਮੇਲ ਇਕ ਮਿਲਾਣਾ । ਇਕ ਇੱਕ ਕਲੀ ਹਰਿ ਦੇਵੇ ਵੰਡ, ਡਾਢੀ ਗੰਢ ਆਪ ਬੰਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਬੱਧਾ ਨਾ ਕਿਸੇ ਛੁਡਾਣਾ । ਸਚ ਪਲਾਣਾ ਹਰਿ ਜੀ ਪਾਇਆ । ਉਤੇ ਪਹਿਲੋਂ ਆਸਣ ਲਾਇਆ । ਫੇਰ ਆਪਣੇ ਹੱਥ ਰਖਾਇਆ । ਧਰਤ ਮਾਤ ਤੇਰੇ ਉਤੇ ਦਏ ਭਜਾਇਆ । ਚਾਰੇ ਕੁੰਟਾਂ ਬੰਨ੍ਹ ਵਖਾਇਆ । ਸੋਲਾਂ ਲੜ ਹਰਿ ਰਖਾਇਆ । ਜੋਤ ਸਰੂਪੀ ਘਰ ਘਰ ਜਾਏ ਵੜ, ਦਿਸ ਕਿਸੇ ਨਾ ਆਇਆ । ਸ਼ਬਦ ਸਰੂਪੀ ਰਿਹਾ ਲੜ, ਹੱਥ ਹਥਿਆਰ ਨਾ ਕੋਈ ਉਠਾਇਆ । ਚਾਰ ਕੁੰਟ ਵੱਖ ਵੱਖ ਕਰੇ ਸਿਰ ਧੜ, ਇਕ ਦੂਜੇ ਦਾ ਸੰਗ ਤੁੜਾਇਆ । ਸ਼ਬਦ ਗੋਲਾ ਵੱਜੇ ਕੜ ਕੜ, ਧੂੰਆਂਧਾਰ ਜਗਤ ਕਰਾਇਆ । ਬੇਮੁਖ ਜੀਵਾਂ ਦੇਵੇ ਛੜ, ਮੋਹਲੇ ਧਾਰ ਸ਼ਬਦ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੇ ਅੱਗੇ ਖੜ, ਸਾਰਾ ਭੇਵ ਖੁਲ੍ਹਾਇਆ । ਸੱਚਾ ਚੋਲਾ ਸੋਲਾਂ ਕਲੀ । ਹੋਕਾ ਦੇਵੇ ਗਲੀਓ ਗਲੀ । ਕਲਜੁਗ ਔਖੀ ਆਈ ਘੜੀ । ਕਿਸੇ ਕੰਧ ਉਤੇ ਨਾ ਦਿਸੇ ਕੋਈ ਕੜੀ । ਜੋਤੀ ਜੋਤ ਸਰੂਪ ਹਰਿ, ਲਾਈ ਇਕੋ ਸ਼ਬਦ ਝੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਰਾਹ ਇਕ ਵਖਾਏ, ਨਾ ਕੋਈ ਮੁਖ ਲਗਾਏ ਹੁੱਕਾ ਨੜੀ । ਸੋਲਾਂ ਕਲੀਆਂ ਹਰਿ ਸ਼ਿੰਗਾਰ । ਸਤਿਜੁਗ ਤੇਰੇ ਸਾਚੇ ਸੰਤ ਆਪ ਬਣਾਏ ਸਚ ਦੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਨਿਹਕਲੰਕ ਲਿਆ ਅਵਤਾਰ । ਸੋਲਾਂ ਕਲੀਆਂ ਵੇਖ ਬੱਗੇ । ਨਾਲੇ ਰੋਵੇ ਨਾਲੇ ਹੱਸੇ । ਗੁਰਮੁਖਾਂ ਰਾਹ ਸਾਚਾ ਦੱਸੇ । ਬੇਮੁਖਾਂ ਪੈਰਾਂ ਹੇਠ ਝੱਸੇ । ਚਾਰੋਂ ਕੁੰਟ ਜਾਣ ਨੱਸੇ । ਧਰਮ ਰਾਏ ਵਾਜਾਂ ਮਾਰੇ, ਮਾਇਆ ਜਾਲ ਸਾਰੇ ਫਸੇ । ਮੌਤ ਲਾੜੀ ਸ਼ਬਦ ਬਹਾਰੀ ਹੱਥ ਆਪਣੇ ਕਸੇ । ਅੰਤਮ ਵੇਲੇ ਹੋਏ ਖੁਆਰੀ । ਕਲਜੁਗ ਭਾਰੀ ਮੌਤ ਲਾੜੀ ਫਿਰੇ ਪਿੱਛੇ ਅਗਾੜੀ । ਪ੍ਰਭ ਆਪ ਚਬਾਵਣ ਆਇਆ ਆਪਣੀ ਦਾੜ੍ਹੀਂ । ਨਾ ਹੋਵੇ ਕੋਈ ਸਹਾਈ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਾਰ ਵਿਚ ਮਾਤ ਲਿਆ ਅਵਤਾਰੀ । ਸੋਲਾਂ ਕਲੀਆਂ ਸੋਲਾਂ ਰਾਹ । ਚਾਰੋਂ ਕੁੰਟਾਂ ਪਾਏ ਫਾਹ । ਕੋਈ ਨਾ ਲੱਗੇ ਕਿਸੇ ਦਾਅ । ਗਿਆਨੀਆਂ ਧਿਆਨੀਆਂ ਮਰਨੀ ਮਾਂ । ਵਡ ਵਡ ਸ਼ੈਤਾਨੀਆਂ ਕਰਨ ਜਗਤ ਬੇਈਮਾਨੀਆਂ, ਘਰ ਘਰ ਉਡਣ ਕਾਂ । ਗੁਰਮੁਖਾਂ ਦੇਵੇ ਪੰਚਮ ਜੇਠ ਸਚ ਨਿਸ਼ਾਨੀਆਂ, ਵੇਲੇ ਅੰਤਮ ਕਰੇ ਠੰਡੀ ਛਾਂ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਏ ਗੁਰਮੁਖਾਂ ਦਰਗਹਿ ਸਾਚੀ ਲਾਏ ਨਾਂ । ਸੋਲਾਂ ਕਲੀਆਂ ਹਰਿ ਹੱਥ ਕਲੀਰੇ । ਗੁਰਮੁਖ ਉਪਜਾਏ ਸਾਚੇ ਹੀਰੇ । ਇਕ ਦੂਜੇ ਦੇ ਬਣ ਗਏ ਵੀਰੇ । ਪੰਚਮ ਜੇਠ ਪ੍ਰਭ ਦਰ ਆਏ, ਪ੍ਰਭ ਅਬਿਨਾਸ਼ੀ ਕਢੇ ਆਤਮ ਹਉਮੇ ਪੀੜੇ । ਬੇਮੁਖ ਜੀਵਾਂ ਕਲਜੁਗ ਕਾਇਆ ਲੱਗੇ ਹੰਕਾਰੀ ਕੀੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਲਾਹਿਆ ਤੇਰਾ ਬਾਣਾ, ਬੇਮੁਖਾਂ ਆਪਣੀ ਹੱਥੀਂ ਪੀੜੇ । ਜੰਬੂ ਦੀਪ ਹਰਿ ਪਾਏ ਗੰਢ । ਪਹਿਲੀ ਕੂਟ ਹਰਿ ਦਏ ਵੰਡ । ਲੱਖਣ ਦੀਪ ਹੋਏ ਰੰਡ । ਕਰੌਚ ਦੀਪ ਤੋੜੇ ਘੁਮੰਡ । ਪੁਸ਼ਕਰ ਦੀਪ ਪਾਏ ਡੰਡ । ਕੁਸ਼ਾ ਦੀਪ ਹੋਏ ਖੰਡ ਖੰਡ । ਸਲਮਲ ਦੀਪ ਕੱਚੇ ਭੱਜਣ ਅੰਡ । ਸਾਨ ਦੀਪ ਘਰ ਘਰ ਦਿਸੇ ਨਾਰ ਰੰਡ । ਨਿਹਕਲੰਕ ਕਲ ਜਾਮਾ ਪਾਇਆ, ਸਿੰਘ ਸਿੰਘਾਸਣ ਬੈਠ ਪੰਚਮ ਜੇਠ ਧਰਤ ਮਾਤ ਤੇਰੀ ਪਾਏ ਵੰਡ । ਸੱਤਾਂ ਦੀਪਾਂ ਵੰਡ ਕਰਾਈ । ਧਰਤ ਮਾਤ ਪ੍ਰਭ ਦਰ ਕੁਰਲਾਈ । ਬੁੱਢੀ ਮਾਤਾ ਦਏ ਦੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਿਰਪਾ ਕਰ, ਨਿਹਕਲੰਕ ਜੋਤ ਜਗਾਈ । ਕਲਜੁਗ ਮੱਥੇ ਲੱਗੇ ਛਾਹੀ । ਸਾਚਾ ਨਾਉਂ ਕਿਤੇ ਦਿਸੇ ਨਾਹੀਂ । ਮੰਦਰ ਮਸੀਤਾਂ ਗੁਰਦਵਾਰੇ ਝੂਠੇ ਬੈਠੇ ਪਾਈ ਫਾਹੀ । ਅੱਠ ਸੱਠ ਤੀਰਥ ਨਾ ਮਿਲੇ ਸਾਚਾ ਨੀਰਥ, ਵੱਢੀ ਖਾਇਣ ਫੜ ਫੜ ਗਾਈਂ । ਇਕ ਪਿਲਾ ਅੰਮ੍ਰਿਤ ਸਾਚਾ ਸੀਰਥ, ਧਰਤ ਮਾਤ ਦਏ ਦੁਹਾਈ । ਧਰਤ ਮਾਤ ਤੇਰੀ ਸੁਣ ਪੁਕਾਰੀ । ਹਰਿ ਜੂ ਆਇਆ ਕਲਜੁਗ ਤੇਰੀ ਅੰਤਮ ਵਾਰੀ । ਚਾਰੇ ਕੁੰਟਾਂ ਵੇਖ ਵਖਾਨੇ, ਨਾ ਕੋਈ ਕਰੇ ਜੂਏ ਬਾਜ਼ੀ, ਨਾ ਕੋਈ ਰੰਡੀ ਦਿਸੇ ਨਾਰੀ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਵੇਖ ਵਖਾਣੇ, ਸ਼ਬਦ ਸਰੂਪੀ ਫੇਰੇ ਆਰੀ । ਧਰਤ ਮਾਤ ਦਰ ਕੱਢੇ ਹਾੜੇ । ਕਲਜੁਗ ਦਿਨ ਆਏ ਮਾੜੇ । ਲਾੜੀ ਮੌਤ ਮੰਗੇ ਵਰ, ਲੱਖ ਚੁਰਾਸੀ ਸਾਰੇ ਲਾੜੇ । ਪ੍ਰਭ ਅਬਿਨਾਸ਼ੀ ਕਿਰਪਾ ਕਰ ਦੇਵੇ ਦਾਤ ਪਹਿਲੀ ਹਾੜੇ । ਆਪ ਚੁਕਾਏ ਆਪਣਾ ਡਰ, ਮੈਂ ਚਬਾਵਾਂ ਆਪਣੀ ਦਾੜ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਪ੍ਰਗਟ ਹੋ ਗੁਰ ਸੰਗਤ ਆਇਆ ਦਰ ਦਵਾਰੇ । ਧਰਤ ਮਾਤ ਹਰਿ ਦਰ ਕੁਰਲਾਈ । ਦੋਹਾਂ ਨੈਣਾਂ ਨੀਰ ਵਹਾਈ । ਔਖੀ ਹੋਈ ਕਲਜੁਗ ਅੰਧੇਰੀ ਰੈਣ, ਨਾ ਹੋਏ ਕੋਈ ਸਹਾਈ । ਨਾਤਾ ਤੁੱਟਾ ਭਾਈ ਭੈਣ, ਨਾ ਜਾਏ ਕੋਈ ਬੰਧਾਈ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਪੰਚਮ ਜੇਠ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਜੋਤ ਵਿਚ ਮਾਤ ਜਗਾਈ । ਸੱਤਾਂ ਦੀਪਾਂ ਹਰਿ ਵੰਡ ਕਰਾਈ । ਨਵਾਂ ਖੰਡਾਂ ਦੀ ਵਾਰੀ ਆਈ । ਕੁਲਾ ਖੰਡ ਹਰਿ ਭੰਨ ਵਖਾਈ । ਇਲਾ ਬੁੱਤ ਹਰਿ ਖੇਹ ਉਡਾਈ । ਹਰਿ ਵਰਖ ਕੁਛ ਦੀਸੇ ਨਾਹੀ । ਹਰਣਮਯ ਦੀ ਜੋਤ ਬੁਝਾਈ । ਕੇਤਮਾਲ ਅੰਧੇਰ ਕਰਾਈ । ਰਮਕ ਰੋਵੇ ਸਰਬ ਲੋਕਾਈ । ਭਦਰ ਕੁਛ ਹੱਥ ਨਾ ਆਈ । ਭਾਰਤ ਖੰਡ ਪ੍ਰਭ ਅਬਿਨਾਸ਼ੀ ਜੋਤ ਜਗਾਈ । ਸੋਲਾਂ ਕਲਾ ਹਰਿ ਸੰਪੂਰਾ, ਸੋਲਾਂ ਵੰਡਾਂ ਬਣਤ ਬਣਾਈ । ਬਚਨ ਹੋਏ ਨਾ ਮਾਤ ਅਧੂਰਾ, ਜੋ ਰਿਹਾ ਲੇਖ ਲਿਖਾਈ । ਪ੍ਰਗਟ ਹੋਇਆ ਵਡ ਜੋਧਨ ਸੂਰਾ, ਹੱਥ ਕਟਾਰ ਨਾ ਕੋਈ ਉਠਾਈ । ਇਕ ਉਪਜਾਏ ਜੋਤੀ ਨੂਰਾ, ਸੋਲਾਂ ਖੰਡਾਂ ਕਰੇ ਰੁਸ਼ਨਾਈ । ਸ਼ਬਦ ਚਲੇ ਸਾਚੀ ਤੂਰਾ, ਪਵਣ ਸੁਨੇਹੜਾ ਲੈ ਲੈ ਜਾਈ । ਬਹਿਸ਼ਤਾਂ ਛੱਡਣ ਬੈਠੀਆਂ ਹੂਰਾਂ, ਨਿਹਕਲੰਕ ਕਲ ਜੋਤ ਜਗਾਈ । ਕਲਜੁਗ ਤੇਰੀ ਅੰਤਮ ਵਾਰੀ, ਜੂਠ ਝੂਠ ਲੱਖ ਚੁਰਾਸੀ ਤੇਰੀ ਝੋਲੀ ਪਾਈ । ਕੂੜਾ ਧਰਮ ਰਾਏ ਘਰ ਸਾਂਭ ਲੈ ਜਾਈ । ਗੁਰਮੁਖਾਂ ਮਸਤਕ ਲਾਈ ਧੂੜਾ, ਆਏ ਚਲ ਸਰਨਾਈ । ਇਕ ਰੰਗ ਚੜ੍ਹਾਏ ਗੂੜ੍ਹਾ, ਉਤਰ ਫੇਰ ਨਾ ਜਾਈ । ਗਲ ਪਾਇਆ ਚੋਲਾ ਰੰਗ ਲਸੂੜਾ, ਸਾਚੀ ਦਇਆ

੨੯੪ ੦੪

ਹਰਿ ਕਮਾਈ । ਵਾਸੀ ਘਨਕਪੁਰ ਸਾਚੀ ਬਣਤ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਚੋਲੀ ਤਨ ਛੁਹਾਈ । ਸੂਹਾ ਵੇਸ ਹਰਿ ਰੰਗ ਰੰਗਾਵੇ । ਧਰਤ ਮਾਤ ਤੈਨੂੰ ਲਾਇਆ ਭਾਗ, ਤੇਰਾ ਭੇਖ ਹਰਿ ਮਿਟਾਵੇ । ਧਰਤੀ ਮਾਂ ਸੁੱਤੀ ਜਾਗ, ਲੱਖ ਚੁਰਾਸੀ ਤੇਰੇ ਪੂਤ ਪ੍ਰਭ ਵਿਆਹਵਣ ਆਇਆ ਕਰ ਕਰ ਦਾਅਵੇ । ਸੋਹੰ ਸ਼ਬਦ ਨਾਲ ਲੈ ਆਇਆ ਦੂਤ, ਦੋਹਾਂ ਧਿਰਾਂ ਦਾ ਮੇਲ ਮਿਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਸਤਿਜੁਗ ਦੋਹਾਂ ਧਿਰਾਂ ਦਾ ਹੋ ਵਿਚੋਲਾ ਪੰਚਮ ਜੇਠ ਜੋਤ ਜਗਾਵੇ । ਕਲਜੁਗ ਤੇਰੀ ਮਾਂ ਪਿਆਰੀ । ਤੂੰ ਹੈਂ ਇਹਦੀ ਧੀ ਕਵਾਰੀ । ਵਿਆਹਵਣ ਆਵੇ ਸਤਿਜੁਗ ਸਾਚੇ ਮਾਤਲੋਕ ਵਿਚ ਏਕਾ ਨਾਰੀ । ਲੱਖ ਚੁਰਾਸੀ ਕੀਨੀ ਜਿਸ ਪਿਆਰੀ । ਧਰਤ ਮਾਤ ਹੋਏ ਸੁਭਾਗਣ, ਸੂਹਾ ਵੇਸ ਕਰੇ ਤੇਰੀ ਅੰਤਮ ਵਾਰੀ । ਨਿਹਕਲੰਕ ਨਰਾਇਣ ਨਰ ਸਾਚੀ ਡੋਲੀ ਅੰਤਮ ਵੇਲੇ ਲਿਆਇਆ ਕਰ ਤਿਆਰੀ । ਵਿਚ ਵਿਚੋਲਾ ਮਾਰੇ ਫੇਰੇ । ਸਤਿਜੁਗ ਸਾਚੇ ਬੰਨ੍ਹ ਲੈ ਸਿਹਰੇ । ਪ੍ਰਭ ਦਵਾਏ ਚੌਥੇ ਜੁਗ ਚਾਰ ਗੇੜੇ । ਅੰਤਮ ਵੇਲਾ ਨੇੜੇ ਆਇਆ, ਕਲਜੁਗ ਮਿਟਾਏ ਹਰਿ ਜੀ ਝੇੜੇ । ਸਾਚੀ ਨਾਰੀ ਇਕ ਵਿਆਹੀ, ਛਡਾਈਂ ਧਰਮ ਰਾਏ ਦੇ ਸਾਚੇ ਖੇੜੇ । ਲੱਖ ਚੁਰਾਸੀ ਆਪਣੀ ਗੋਲੀ ਆਪ ਬਣਾਈ, ਸੁੰਞੇ ਕਰਾਈਂ ਘਰ ਘਰ ਵਿਹੜੇ । ਪ੍ਰਭ ਅਬਿਨਾਸ਼ੀ ਫੇਰ ਧਿਆਈਂ, ਆਵੇ ਤੇਰੇ ਦਰ ਸਾਚਾ ਹਰਿ ਬੰਨ੍ਹੀ ਜਾਏ ਬੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਪੰਚਮ ਜੇਠ ਦਿਵਸ ਸੁਹਾਇਆ । ਸ੍ਰਿਸ਼ਟ ਸਬਾਈ ਭੇੜ ਭੇੜੇ । ਸੂਹਾ ਵੇਸ ਸੂਹੀ ਵੇਲ । ਅਚਰਜ ਕੀਆ ਹਰਿ ਜੀ ਖੇਲ । ਲੱਖ ਚੁਰਾਸੀ ਕਰ ਤਿਆਰੀ, ਨਾਲ ਚਲੇ ਕਲਜੁਗ ਨਾਰ, ਸਿਰ ਉਠਾਏ ਪਾਪਾਂ ਭਾਰ, ਧਰਤ ਮਾਤ ਇਹ ਕਰੀ ਪੁਕਾਰ, ਨਿਹਕਲੰਕ ਲਿਆ ਅਵਤਾਰ, ਅੰਤਮ ਘਲੇ ਧਰਮ ਰਾਏ ਦੀ ਸਾਚੀ ਜੇਲ੍ਹ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੀਆ ਰੰਗ ਨਵੇਲ । ਸੂਹਾ ਰੰਗ ਹਰਿ ਰੰਗਾਇਆ । ਚੋਲਾ ਸੋਹਣਾ ਗਲ ਵਿਚ ਪਾਇਆ । ਡੋਲਾ ਸਾਚਾ ਆਪ ਲਿਆਇਆ । ਸੋਲਾਂ ਤਣੀਆਂ ਨਾਲ ਬੰਧਾਇਆ । ਚਿੱਟੇ ਘੋੜੇ ਉਤੇ ਪਾਇਆ । ਆਪਣੀ ਹੱਥੀਂ ਸੀਸ ਗੁੰਦਾਇਆ । ਉਤੇ ਲਾੜਾ ਇਕ ਸਜਾਇਆ । ਨਿਹਕਲੰਕ ਨਾਂ ਰਖਾਇਆ । ਸ਼ਬਦ ਨਗਾਰਾ ਇਕ ਵਜਾਇਆ । ਤਰਨ ਤਾਰਨ ਤੇਰਾ ਮੁਨਾਰਾ ਪਹਿਲੇ ਢਾਹਿਆ । ਸਿੰਘ ਊਧਮ ਤੇਰਾ ਇਕ ਚੁਬਾਰਾ, ਜਿਥੇ ਹਰਿ ਜੀ ਭੇਸ ਵਟਾਇਆ । ਚਿੱਟਾ ਬਾਣਾ ਤਨ ਛੁਹਾਇਆ । ਧੁਰ ਦਰਗਾਹੀ ਹੁਕਮ ਸੁਣਾਇਆ । ਦੂਜਾ ਜੋੜਾ ਪੈਰੀਂ ਪਾਇਆ । ਤੇਜ ਭਾਨ ਜੋ ਬਣਾਇਆ । ਚਰਨ ਧੂੜ ਜੋ ਇਸ਼ਨਾਨ ਕਰਾਇਆ । ਗੁਰ ਸੰਗਤ ਸੰਗ ਰਲਾਇਆ । ਅੰਗ ਸੰਗ ਹੋਏ ਸਹਾਇਆ । ਕਟੇ ਭੁੱਖ ਨੰਗ, ਚਲਦਾ ਆਇਆ ਵਾਹੋ ਦਾਹਿਆ । ਚਿੱਟੇ ਅਸਵ ਕਸਿਆ ਤੰਗ, ਉਤੇ ਆਸਣ ਲਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਸੰਤ ਮਨੀ ਸਿੰਘ ਘਰ ਬਹਾਇਆ । ਧੰਨ ਧੰਨ ਧੰਨ ਤੇਰੀ ਸੰਗਤ, ਜਿਸ ਨੇ ਸੇਵ ਕਮਾਇਆ । ਧੁਰ ਦਰਗਾਹੋਂ ਉਤਰੀ ਨਿਹਕਲੰਕ ਤੇਰੀ ਜੋਤ ਤੇਰੇ ਸਿੱਖ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਹੋ ਤਿਆਰ, ਚਰਨ ਰਕਾਬ ਆਪਣਾ ਆਪ ਛੁਹਾਇਆ । ਚਰਨ ਰਕਾਬ ਆਪ ਛੁਹਾਇਆ । ਹੰਨੇ ਹੱਥ ਉਤੇ ਪਾਇਆ । ਤਿੰਨਾਂ ਲੋਕਾਂ ਫੜ ਹਿਲਾਇਆ । ਦੂਜਾ ਕਦਮ ਨਾਲ ਉਠਾਇਆ । ਚਿੱਟੇ ਅਸਵ ਪਾਰ ਕਰਾਇਆ । ਧਰਤ ਮਾਤ ਤੇਰਾ ਗੇੜਾ ਪਹਿਲੀ ਵਾਰ ਲਗਾਇਆ । ਚਾਰੋਂ ਕੁੰਟ ਲੱਗੇ ਉਖੇੜਾ, ਪਹਿਲਾ ਪੌੜ ਚਿੱਟੇ ਅਸਵ ਧਰਤ ਮਾਤ ਤੇਰੇ ਸਿਰ ਟਿਕਾਇਆ । ਚੌਥੇ ਜੁਗ ਚਾਰੇ ਵਾਗਾਂ ਚਿੱਟਾ ਰੰਗ ਹਰਿ ਰਖਾਇਆ ।

੨੯੫
੦੪

ਸੰਤ ਮਨੀ ਸਿੰਘ ਹੋਇਆ ਸੰਗੀ, ਚਿੱਟੇ ਘੋੜੇ ਹੱਥ ਲਾਇਆ । ਨਾਲ ਚਲੇ ਪੈਰੀਂ ਨੰਗੀ, ਸਾਚਾ ਜੋੜਾ ਆਪ ਤਜਾਇਆ । ਪ੍ਰਭ ਦਰ ਮੰਗੀ ਸਾਚੀ ਮੰਗ, ਰਾਣੇ ਸੰਗਰੂਰ ਜੇਲ੍ਹ ਵਿਚ ਪਾਇਆ । ਏਕਾ ਚਾੜ੍ਹੇ ਨਾਮ ਰੰਗਤ ਰੰਗ, ਭੁੱਲ ਕਦੇ ਨਾ ਜਾਇਆ । ਅੰਮ੍ਰਿਤ ਵਗਾਇਣ ਸਾਚੀ ਗੰਗ, ਚਰਨ ਧੂੜ ਇਸ਼ਨਾਨ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੰਗ, ਸ਼ਬਦ ਧਾਰ ਜਨਮ ਦਵਾਇਆ । ਘਰ ਆਪਣੇ ਹਰਿ ਜਨਮ ਦਵਾਏ । ਆਪਣੀ ਸੇਵਾ ਲੇਖੇ ਲਾਵੇ । ਅੰਤਮ ਸਾਚੀ ਖੇਲ ਰਚਾਏ । ਕਾਇਆ ਝੂਠੀ ਦੇਹ ਤਜਾਏ । ਅੰਤਮ ਅੰਤ ਪ੍ਰਗਟ ਹੋਏ ਜੋਤ ਸਰੂਪੀ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਖੋਲ੍ਹੇ ਵੱਜੀ ਤਾਕੀ, ਸੰਤ ਮਨੀ ਸਿੰਘ ਦਇਆ ਕਮਾਏ । ਸੰਤ ਮਨੀ ਸਿੰਘ ਫੜੀ ਡੋਰ । ਕਲਜੁਗ ਹੋਇਆ ਅੰਧ ਘੋਰ । ਗੁਰਦਵਾਰੇ ਮੰਦਰ ਲੁੱਟਣ ਚੋਰ । ਘਰ ਘਰ ਬੈਠੇ ਵੱਢੀ ਖਾਣ ਹਰਾਮ ਖੋਰ । ਪ੍ਰਭ ਅਬਿਨਾਸ਼ੀ ਮਨੋਂ ਭੁਲਾਵਣ, ਝੂਠਾ ਪਾਵਣ ਸ਼ੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਮਾਣ ਦਵਾਇਆ, ਪੰਚਮ ਜੇਠ ਵਾਗ ਫੜਾਇਆ, ਹੌਲੀ ਹੌਲੀ ਸੰਗ ਆਪਣੇ ਰਿਹਾ ਤੋਰ । ਹੌਲੀ ਹੌਲੀ ਆਪ ਚਲਈਆ । ਸਾਚਾ ਸੰਗ ਆਪ ਨਿਭਈਆ । ਆਪੇ ਬਣੇ ਸਾਚਾ ਪਿਤਾ ਸਾਚੀ ਮਈਆ । ਕਲਜੁਗ ਤੇਰਾ ਭਰਿਆ ਪੂਰ, ਵੇਲੇ ਅੰਤਮ ਡੋਲੇ ਨਈਆ । ਪ੍ਰਗਟ ਹੋਇਆ ਵਡ ਦਾਤਾ ਸੂਰ, ਰਾਮ ਅਵਤਾਰੀ ਕ੍ਰਿਸ਼ਨ ਘਨੈਈਆ । ਲੱਖ ਚੁਰਾਸੀ ਕਰੇ ਚੂਰ, ਗੁਰਮੁਖਾਂ ਪਾੜੇ ਹੱਥੀਂ ਵਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰ, ਸੰਤ ਮਨੀ ਸਿੰਘ ਸਾਚਾ ਰੂਪ ਆਪ ਵਟਈਆ । ਸਾਚਾ ਦੇਵੇ ਮਾਣ ਜਗਤ ਵਡਿਆਈਆ । ਜਗੀ ਜੋਤ ਮਹਾਨ ਖ਼ੁਸ਼ੀ ਮਨਾਈਆ । ਪੰਚਮ ਜੇਠ ਵਕਤ ਸੁਹਾਣ, ਗੁਰ ਸੰਗਤ ਰਲ ਮਿਲ ਸੋਹਣਾ ਸੰਗ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਸਚ ਨਿਸ਼ਾਨ, ਆਪਣੀ ਹੱਥੀਂ ਆਪ ਝੁਲਾਈਆ । ਸਤਿਜੁਗ ਤੇਰਾ ਸਚ ਨਿਸ਼ਾਨ, ਲੇਖ ਲਿਖਾਏ ਹਰਿ ਭਗਵਾਨ । ਸੋਹੰ ਦਿਤਾ ਸਾਚਾ ਦਾਨ । ਨਿਹਕਲੰਕ ਬਲੀ ਬਲਵਾਨ । ਸੰਤ ਮਨੀ ਸਿੰਘ ਇਕ ਦੂਜੇ ਦੀ ਕਰਨ ਪਛਾਣ । ਕਲਜੁਗ ਵੇਲਾ ਅੰਤਮ ਆਇਆ, ਨਾਲ ਰਲਾਇਆ ਸਿੰਘ ਮਨਜੀਤ ਛੋਟਾ ਬਾਲਾ ਨੌਜਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਦਿਵਸ ਰੈਣ ਸੰਞ ਸਵੇਰ ਚਰਨ ਧੂੜ ਇਕ ਕਰਾਏ ਇਸ਼ਨਾਨ । ਹਰਿ ਕਾ ਰੂਪ ਅਗੰਮ, ਖੇਲ ਅਪਾਰ ਹੈ । ਹਰਿ ਕਾ ਰੂਪ ਅਗੰਮ, ਜੋਤ ਅਧਾਰ ਹੈ । ਹਰਿ ਕਾ ਰੂਪ ਅਗੰਮ, ਏਕਾ ਏਕ ਅਕਾਰ ਹੈ । ਹਰਿ ਕਾ ਰੂਪ ਅਗੰਮ, ਆਦਿ ਅੰਤ ਨਿਰਾਧਾਰ ਹੈ । ਹਰਿ ਕਾ ਰੂਪ ਅਗੰਮ, ਜੁਗਾ ਜੁਗੰਤ ਨਿਰਾਹਾਰ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਪਾਵੇ ਸਾਰ ਹੈ । ਹਰਿ ਕਾ ਰੂਪ ਅਗੰਮ, ਏਕਾ ਜੋਤ ਅਪਰ ਅਪਾਰ ਹੈ । ਹਰਿ ਕਾ ਰੂਪ ਅਗੰਮ, ਖਿੜੀ ਰਹੇ ਸੱਚੀ ਗੁਲਜ਼ਾਰ ਹੈ । ਹਰਿ ਕਾ ਰੂਪ ਅਗੰਮ, ਏਕਾ ਸ਼ਬਦ ਸਾਚੀ ਧਾਰ ਹੈ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਏਕਾ ਅਕਾਰ ਹੈ । ਹਰਿ ਕਾ ਰੂਪ ਅਗੰਮ, ਭੇਵ ਛੁਪਾਇੰਦਾ । ਹਰਿ ਕਾ ਰੂਪ ਅਗੰਮ, ਕਿਸੇ ਦੇਵੀ ਦੇਵ ਦਿਸ ਨਾ ਆਇੰਦਾ । ਹਰਿ ਕਾ ਰੂਪ ਅਗੰਮ, ਬ੍ਰਹਮਾ ਚਾਰੇ ਵੇਦ ਵਿਚਾਰੇ, ਅੰਤ ਕੋਈ ਨਾ ਪਾਇੰਦਾ । ਹਰਿ ਕਾ ਰੂਪ ਅਗੰਮ, ਅਠਾਰਾਂ ਪੁਰਾਨ ਰਹੇ ਪੁਕਾਰੇ, ਵੇਦ ਵਿਆਸ ਬਨਿਆ ਲਿਖਾਰੇ, ਪਾਸਾ ਕੋਈ ਦਿਸ ਨਾ ਆਇੰਦਾ । ਹਰਿ ਕਾ ਰੂਪ ਅਗੰਮ, ਖਾਣੀ ਬਾਣੀ ਕਲਜੁਗ ਰਾਣੀ ਦਿਸ ਕਿਸੇ ਨਾ ਆਇੰਦਾ । ਹਰਿ ਕਾ ਰੂਪ ਅਗੰਮ, ਅੰਜੀਲ ਕੁਰਾਨ ਲਿਖ ਲਿਖ ਥੱਕੇ ਬਹਿ ਬਹਿ ਮੱਕੇ, ਦੂਜੇ ਪਾਸੇ ਬੂਰੇ

ਕੱਕੇ, ਅੰਤਮ ਵੇਲੇ ਦੋਵੇਂ ਬਣ ਗਏ ਭਾਈ ਸਕੇ, ਪ੍ਰਭ ਅਬਿਨਾਸ਼ੀ ਪ੍ਰਗਟ ਜੋਤ ਮਾਤਲੋਕ ਵਿਚੋਂ ਬਾਹਰ ਧੱਕੇ, ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸਦ ਸਮਾਇੰਦਾ । ਹਰਿ ਕਾ ਰੂਪ ਅਗੰਮ, ਕੋਈ ਨਾ ਜਾਣੇ । ਹਰਿ ਕਾ ਰੂਪ ਅਗੰਮ, ਹਰਿ ਚਲੇ ਆਪਣੇ ਭਾਣੇ । ਹਰਿ ਕਾ ਰੂਪ ਅਗੰਮ, ਦਿਸ ਆਏ ਨਾ ਕਿਸੇ ਰਾਜੇ ਰਾਣੇ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਆਪਣਾ ਰੰਗ ਆਪੇ ਮਾਣੇ । ਹਰਿ ਕਾ ਰੂਪ ਅਗੰਮ, ਖੇਲ ਨਿਰਾਲੀ । ਹਰਿ ਕਾ ਰੂਪ ਅਗੰਮ, ਦੋ ਜਹਾਨਾਂ ਬਣੇ ਵਾਲੀ । ਹਰਿ ਕਾ ਰੂਪ ਅਗੰਮ, ਦਿਸ ਕਿਸੇ ਨਾ ਆਏ ਚਾਰੋ ਕੁੰਟਾਂ ਦਿਸਣ ਖ਼ਾਲੀ । ਹਰਿ ਕਾ ਰੂਪ ਅਗੰਮ, ਤਿੰਨਾਂ ਲੋਕਾਂ ਬਣੇ ਪਾਲੀ । ਹਰਿ ਕਾ ਰੂਪ ਅਗੰਮ, ਲੱਖ ਚੁਰਾਸੀ ਜਿਸ ਉਪਾ ਲੀ । ਹਰਿ ਕਾ ਰੂਪ ਅਗੰਮ, ਸਾਚੀ ਜੋਤ ਵਿਚ ਟਿਕਾ ਲੀ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਕਲਜੁਗ ਵੇਲਾ ਅੰਤਮ ਹੋਇਆ, ਚਾਰੋਂ ਕੁੰਟ ਦਿਸੇ ਰੈਣ ਕਾਲੀ । ਹਰਿ ਕਾ ਰੂਪ ਅਗੰਮ, ਬੇਪ੍ਰਵਾਹ ਹੈ । ਹਰਿ ਕਾ ਰੂਪ ਅਗੰਮ, ਵਸੇ ਹਰਿ ਹਰ ਥਾਂ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਪਿਤਾ ਨਾ ਕੋਈ ਮਾਂ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਭੈਣ ਨਾ ਕੋਈ ਭਰਾ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਧੁਪ ਨਾ ਕੋਈ ਛਾਂ ਹੈ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਏਕਾ ਏਕ ਅਕਾਰੀ ਸੱਚਾ ਨਾਉਂ ਹੈ । ਹਰਿ ਕਾ ਰੂਪ ਅਗੰਮ, ਨਿਰਵੈਰ ਹੈ । ਹਰਿ ਕਾ ਰੂਪ ਅਗੰਮ, ਨਾ ਸਕੇ ਕੋਈ ਥੰਮ੍ਹ, ਕਿਸੇ ਦਰ ਨਾ ਸਕੇ ਠਹਿਰ ਹੈ । ਹਰਿ ਕਾ ਰੂਪ ਅਗੰਮ, ਕਿਸੇ ਮਾਤ ਘਰ ਨਾ ਪਏ ਜੰਮ, ਏਕੋ ਨੂਰ ਨੁਰਾਨੀ ਸੱਚੀ ਲਹਿਰ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਹੱਡੀ ਨਾ ਕੋਈ ਚੰਮ, ਜੋਤ ਸਰੂਪੀ ਆਪੇ ਵਸੇ ਆਪਣੇ ਸ਼ਹਿਰ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਛਤ ਨਾ ਕੋਈ ਥੰਮ੍ਹ, ਜਿਥੇ ਬੈਠਾ ਰਹੇ ਅੱਠੇ ਪਹਿਰ ਹੈ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਸ਼ਬਦ ਸਰੂਪੀ ਤਿੰਨਾਂ ਲੋਕਾਂ ਆਪੇ ਕਰਦਾ ਸੈਰ ਹੈ । ਹਰਿ ਕਾ ਰੂਪ ਅਗੰਮ, ਇਕ ਰੁਸ਼ਨਾਈ ਹੈ । ਹਰਿ ਕਾ ਰੂਪ ਅਗੰਮ, ਕਿਸੇ ਵਿਰਲੇ ਬੂਝ ਬੁਝਾਈ ਹੈ । ਹਰਿ ਕਾ ਰੂਪ ਅਗੰਮ, ਸਾਰ ਕਿਸੇ ਨਾ ਪਾਈ ਹੈ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਸਾਚੇ ਧਾਮ ਆਪਣਾ ਆਪ ਬੈਠਾ ਸਦ ਲੁਕਾਈ ਹੈ । ਸਾਚਾ ਘਰ ਹਰਿ ਸੁਲਤਾਨ । ਸਚ ਘਰ ਜੋਤ ਮਹਾਨ । ਸਚ ਘਰ ਪ੍ਰਕਾਸ਼ ਕੋਟਨ ਭਾਨ । ਸਚ ਘਰ ਏਕਾ ਜੋਤ ਜਗੇ, ਨਾ ਦਿਸੇ ਕੋਈ ਹੋਰ ਨਿਸ਼ਾਨ । ਸਚ ਘਰ ਸ਼ਬਦ ਘਨਘੋਰ । ਸਚ ਘਰ ਨਾ ਲੱਗੇ ਕੋਈ ਚੋਰ । ਸਚ ਘਰ ਨਾ ਦਿਸੇ ਕੋਈ ਹਰਾਮ ਖੋਰ । ਜੋਤ ਸਰੂਪੀ ਜੋਤ ਹਰਿ, ਏਕਾ ਏਕ ਨਾ ਕੋਈ ਮੋਰ ਤੋਰ । ਸਚ ਘਰ ਸਚ ਅਟਾਰੀ । ਜਿਥੇ ਵਸੇ ਏਕਾ ਪੁਰਖ ਏਕਾ ਨਾਰੀ । ਸਚ ਘਰ ਜੋਤ ਸਰੂਪੀ ਰਿਹਾ ਜੋਤ ਅਧਾਰੀ । ਸਚ ਘਰ ਏਕਾ ਜੋਤ ਜਗੇ ਅਗੰਮ ਅਪਾਰੀ । ਜੋਤੀ ਜੋਤ ਸਰੂਪ ਹਰਿ, ਆਪਣੀ ਧਾਰ ਕਰ ਉਜਿਆਰੀ । ਸਚ ਘਰ ਸਚ ਅਸਥਾਨ ਹੈ । ਸਚ ਘਰ ਜੋਤ ਭਗਵਾਨ ਹੈ । ਸਚ ਘਰ ਹਰਿ ਮਿਹਰਵਾਨ ਹੈ । ਸਚ ਘਰ ਲੱਖ ਚੁਰਾਸੀ ਮਿਲਦਾ ਜੀਆ ਦਾਨ ਹੈ । ਸਚ ਘਰ ਏਕਾ ਸ਼ਬਦ ਸੱਚੀ ਧੁਨਕਾਨ ਹੈ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਸ਼ਾਹ ਸੁਲਤਾਨ ਹੈ । ਸਚ ਘਰ ਸਚ ਨਿਸ਼ਾਨੀ । ਸਚ ਘਰ ਏਕਾ ਜੋਤ ਜਗੇ ਨੁਰਾਨੀ । ਸਚ ਘਰ ਨਾ ਕੋਈ ਕਿਲ੍ਹਾ ਕੋਟ ਨਾ ਛੱਤ ਛਤਾਨੀ । ਸਚ ਘਰ ਏਕਾ ਵੱਜਦੀ ਰਹੇ ਸ਼ਬਦ ਚੋਟ, ਸਾਚੀ ਸੁਣ ਸੁਣਾਨੀ । ਸਚ ਘਰ ਏਕਾ ਜਗੇ ਸਾਚੀ ਜੋਤ, ਪ੍ਰਭ ਅਬਿਨਾਸ਼ੀ ਪੁਰਖ ਸੁਜਾਨੀ । ਸਚ ਘਰ ਜੋਤੀ ਜੋਤ ਸਰੂਪ ਹਰਿ, ਏਕਾ ਵਡ ਬਲਵਾਨੀ । ਸਚ ਘਰ ਸੀਤਲ ਧਾਰ । ਸਚ

੨੯੭
੦੪

ਘਰ ਸ਼ਬਦ ਅਪਾਰ । ਸਚ ਘਰ ਰੰਗ ਕਰਤਾਰ । ਸਚ ਘਰ ਜਗੇ ਜੋਤ ਲੱਖ ਚੁਰਾਸੀ ਪਸਰ ਪਸਾਰ । ਸਚ ਘਰ ਸਾਚਾ ਭੇਖਾ । ਏਕਾ ਹਰਿ ਅਲੱਖਣਾ ਅਲੇਖਾ । ਨਾ ਕੋਈ ਰੂਪ ਨਾ ਕੋਈ ਰੇਖਾ । ਏਕਾ ਜਗੇ ਸਾਚੀ ਜੋਤ, ਨਾ ਕੋਈ ਦਿਸੇ ਵਰਨ ਗੋਤ, ਸਾਚਾ ਘਰ ਜਿਸ ਜਨ ਸਾਚੇ ਦੇਖਾ । ਸਾਚਾ ਘਰ ਸਦਾ ਅਡੁੱਲ । ਸਚ ਘਰ ਸਦਾ ਅਟੱਲ । ਸਚ ਘਰ ਅੰਮ੍ਰਿਤ ਫਲ । ਸਚ ਘਰ ਧਾਮ ਅਚੱਲ । ਸਚ ਘਰ ਜਗੇ ਜੋਤ ਘੜੀ ਘੜੀ ਪਲ ਪਲ । ਸਾਚਾ ਘਰ ਸੱਚਾ ਰਾਹ । ਸਾਚਾ ਘਰ ਹਰਿ ਮਲਾਹ । ਸਚ ਘਰ ਹੋਏ ਇਕ ਸਲਾਹ । ਸਚ ਘਰ ਜਗੇ ਜੋਤ ਏਕਾ ਥਾਂ । ਜੋੜਾ ਜੋੜੇ ਸਚ ਜੋੜ । ਨਾ ਕੋਈ ਸਕੇ ਮਾਤ ਤੋੜ । ਵੇਲੇ ਅੰਤ ਪਏ ਲੋੜ । ਪ੍ਰਭ ਅਬਿਨਾਸ਼ੀ ਚੜ੍ਹਿਆ ਘੋੜ । ਧੁਰਦਰਗਾਹੀ ਆਇਆ ਦੌੜ । ਕਲਜੁਗ ਭੰਨੇ ਰੀਠੇ ਕੌੜ । ਚਿੱਟਾ ਅਸਵ ਮਾਰੇ ਪੌੜ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਕਲਜੁਗ ਵੇਲੇ ਅੰਤਮ ਘਰੇ ਘਰ ਜਾਏ ਬਹੁੜ । ਜੋੜੇ ਘੋੜੇ ਮੇਲ ਮਿਲਾਇਆ । ਸਾਚੀ ਡੋਰੀ ਪ੍ਰਭ ਹੱਥ ਰਖਾਇਆ । ਕਲਜੁਗ ਅੰਧ ਅੰਧੇਰ ਅੰਧ ਘੋਰੇ, ਹਰਿ ਸਾਚਾ ਕਿਸੇ ਦਿਸ ਨਾ ਆਇਆ । ਕਲਜੁਗ ਜੀਵ ਹਰਾਮ ਖੋਰੇ, ਮਦਿਰਾ ਮਾਸ ਰਸਨ ਲਗਾਇਆ । ਅੱਠੇ ਪਹਿਰ ਲੱਗੇ ਰਹਿਣ ਪੰਜੇ ਚੋਰੇ, ਸਾਚਾ ਨਾਮ ਧੰਨ ਮਾਲ ਖ਼ਜੀਨਾ, ਆਤਮ ਨਾਮ ਲੁਟਾਇਆ । ਨਾ ਮਿਲਿਆ ਹਰਿ ਪ੍ਰਬੀਨਾ, ਜਿਸ ਜੀਆ ਦਾਨ ਦਵਾਇਆ । ਪ੍ਰਭ ਸਚ ਨਾ ਰਸਨਾ ਚੀਨਾ, ਆਤਮ ਜੋਤੀ ਜਿਸ ਸਾਚਾ ਨੂਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਪਣਾ ਮੇਲ ਮਿਲਾਇਆ । ਮਿਲਿਆ ਮੇਲ ਗੁਰ ਦਰਬਾਰ । ਪੰਚਮ ਜੇਠ ਪਹਿਲੀ ਵਾਰ । ਆਤਮ ਤੁਟੇ ਸਰਬ ਹੰਕਾਰ । ਨਾ ਚੋਗ ਨਿਖੁਟੇ ਵਿਚ ਸੰਸਾਰ । ਪੰਜਾਂ ਚੋਰਾਂ ਪ੍ਰਭ ਆਪ ਕੁੱਟੇ, ਤਨ ਕਾਇਆ ਵਿਚੋਂ ਕੱਢੇ ਬਾਹਰ । ਆਤਮ ਬੀਜ ਸਾਚਾ ਬੋਏ, ਸੋਹੰ ਸ਼ਬਦ ਅਪਾਰ । ਪੰਚਮ ਜੇਠ ਅੰਮ੍ਰਿਤ ਵੇਲੇ ਪਹੁ ਸਾਚੀ ਫੁੱਟੇ, ਨਿਹਕਲੰਕ ਤੇਰੇ ਦਰ ਦਵਾਰ । ਇਕ ਪਿਆਏ ਅੰਮ੍ਰਿਤ ਘੁਟੇ, ਖੁਲ੍ਹੇ ਕਵਲ ਖਿੜੇ ਗੁਲਜ਼ਾਰ । ਲੱਖ ਚੁਰਾਸੀ ਤੇਰੀ ਛੁਟੇ, ਮਿਲੇ ਜੋਤ ਨਾਲ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਪ੍ਰਗਟ ਹੋਏ ਗੁਰਮੁਖ ਸਾਚੇ ਸੰਤ ਜਨਾਂ ਪੰਚਮ ਜੇਠ ਜਾਏ ਤਾਰ । ਪੰਚਮ ਜੇਠ ਜੇਠਾ ਪੁੱਤ । ਗੁਰ ਸੰਗਤ ਬਣੇ ਸਾਚਾ ਸੁਤ । ਕਲਜੁਗ ਸੁਹਾਈ ਤੇਰੀ ਰੁਤ । ਬੇਮੁਖਾਂ ਵੱਢੇ ਨੱਕ ਗੁੱਤ । ਦਰ ਦਰ ਭੌਂਦੇ ਫਿਰਨ ਕੁੱਤ । ਨਾ ਹੋਏ ਮੇਲ ਮਿਲਾਵਾ, ਪ੍ਰਭ ਅਬਿਨਾਸ਼ੀ ਹਰਿ ਅਚੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਗੁਰਮੁਖ ਸਾਚੇ ਆਪ ਸੰਭਾਲੇ, ਆਪਣੀ ਗੋਦ ਆਪ ਉਠਾਏ ਜਿਉਂ ਮਾਂ ਪੁੱਤ । ਸਾਚੀ ਸੇਵਾ ਹਰਿ ਨਿਰੰਕਾਰਾ । ਆਤਮ ਮੇਵਾ ਦਰਸ ਅਪਾਰਾ । ਪ੍ਰਭ ਅਬਿਨਾਸ਼ੀ ਸੇਵਾ ਅੰਮ੍ਰਿਤ ਵਗੇ ਸਾਚੀ ਧਾਰਾ । ਦੇਵੇ ਵਡਿਆਈ ਵਡ ਦੇਵੀ ਦੇਵਾ, ਗੁਰਮੁਖ ਬਹਾਏ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਈ ਦਵੈਤੀ ਪੜਦਾ ਪਾੜੇ ਸੋਹੰ ਫੇਰੇ ਉਤੇ ਆਰਾ । ਦੂਈ ਦਵੈਤੀ ਪੜਦਾ ਪਾਟੇ । ਪੂਰ ਕਰਾਏ ਹਰਿ ਜੀ ਘਾਟੇ । ਜੋਤ ਜਗਾਏ ਵਿਚ ਲਲਾਟੇ । ਹੋਏ ਰੁਸ਼ਨਾਈ ਕਾਇਆ ਮਾਟੇ । ਅੰਮ੍ਰਿਤ ਰਸ ਸਾਚਾ ਚਾਟੇ । ਸਾਚਾ ਲਾਹ ਪ੍ਰਭ ਦਰ ਖਾਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਸਮਾਂ ਸੁਹਾਏ ਪੰਚਮ ਜੇਠ ਦਇਆ ਕਮਾਏ, ਅੱਗੇ ਨੇੜੇ ਰਹਿ ਗਈ ਥੋੜੀ ਵਾਟੇ । ਚਰਨ ਜੋੜਾ ਢੋਰ ਚੰਮ । ਰੱਖੇ ਸੁਖਾਲੇ ਤੇਰੇ ਦਮ । ਅੰਤਮ ਵੇਲੇ ਆਏ ਕੰਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਇਕ ਸਹਾਰਾ ਸੋਹੰ ਸ਼ਬਦ ਕਾਇਆ ਮੰਦਰ ਸਾਚਾ ਥੰਮ੍ਹ । ਕਾਇਆ ਮੰਦਰ

ਦਏ ਸਹਾਰਾ । ਸਾਚਾ ਸ਼ਬਦ ਹਰਿ ਗਿਰਧਾਰਾ । ਕਲਜੁਗ ਲੱਗੇ ਨਾ ਧੱਕਾ ਭਾਰਾ । ਸਾਚਾ ਫਲ ਅੰਤਮ ਪੱਕਾ, ਨਾ ਡਿੱਗੇ ਕਿਸੇ ਝਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਚਾਰੋਂ ਤਰਫ ਸ਼ਬਦ ਸਰੂਪੀ ਕਰੇ ਵਾੜਾ ।

✻ ੭ ਜੇਠ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਘੇ ਜ਼ਿਲਾ ਅੰਮ੍ਰਿਤਸਰ ✻

ਖੰਡ ਮੰਡਲ ਬ੍ਰਹਿਮੰਡ, ਗਗਨ ਪ੍ਰਬਤ ਪਾਤਾਲ । ਚਾਰ ਕੁੰਟ ਪ੍ਰਿਥਮੀ ਨੌਂ ਖੰਡ, ਪ੍ਰਭ ਅਬਿਨਾਸ਼ੀ ਰਿਹਾ ਸੁਰਤ ਸੰਭਾਲ । ਤੀਰ ਤੁਫੰਗ ਚੰਡ ਪ੍ਰਚੰਡ, ਵੱਜੇ ਏਕਾ ਤਾਲ । ਸਭ ਹੋਵਣ ਖੰਡ ਖੰਡ, ਨਾ ਸਕੇ ਕੋਈ ਸੁਰਤ ਸੰਭਾਲ । ਕੱਚੇ ਭੱਜਣ ਅੰਡ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਰੂਪੀ ਤਣਿਆ ਜਾਲ । ਮਾਇਆ ਰੂਪੀ ਪਾਏ ਘੇਰਾ । ਬਿਨ ਰੰਗ ਰੂਪੀ ਨਾ ਆਵੇ ਘੇਰਾ । ਹੋਈ ਵਰਭੰਡ ਸਰਬ ਅੰਧ ਕੂਪੀ, ਨਾ ਕੋਈ ਗੁਰੂ ਨਾ ਕੋਈ ਚੇਰਾ । ਆਤਮ ਭਰਿਆ ਸਰਬ ਘਮੰਡ, ਕਰਦੇ ਮੇਰਾ ਮੇਰਾ । ਪ੍ਰਭ ਅਬਿਨਾਸ਼ੀ ਸਰਬ ਬ੍ਰਹਿਮੰਡ, ਚੁਕਾਏ ਹੇਰਾ ਫੇਰਾ । ਨਾ ਕੋਈ ਪੂਜੇ ਕਰੀਰ ਜੰਡ, ਪ੍ਰਗਟ ਹੋਇਆ ਸਿੰਘ ਸ਼ੇਰ ਸ਼ੇਰ ਦਲੇਰਾ । ਕਲਜੁਗ ਜੀਵਾਂ ਬਾਲ ਜਵਾਨੀ ਗਈ ਹੰਢ, ਅੰਤਮ ਵੇਲਾ ਆਇਆ ਨੇੜਾ । ਹੋਈ ਸੁਹਾਗਣ ਨਾਰ ਰੰਡ, ਕਲਜੁਗ ਉਜੜੇ ਨਗਰ ਖੇੜਾ । ਸਿਰ ਉਠਾਈ ਪਾਪਾਂ ਪੰਡ, ਅੰਤਮ ਭਾਰ ਵੰਡਾਏ ਕਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਅੰਤਮ ਫੇਰਾ । ਨਿਹਕਲੰਕ ਕਲ ਪਾਏ ਫੇਰੀ । ਸੱਤ ਦੀਪ ਬਣਾਏ ਚੇਰੀ । ਸੁਰ ਨਰ ਗੰਧਰਬ



ਗਨ ਸਭ ਹੋਵਣ ਢੇਰੀ । ਜਨ ਭਗਤਾਂ ਗੁਰ ਚਰਨ ਪ੍ਰੀਤੀ ਗਈ ਬਣ, ਚੁੱਕੇ ਮੇਰੀ ਤੇਰੀ । ਸਚ ਸਪੂਤ ਧਰਤ ਮਾਤ ਲਏ ਚੁਣ, ਕਲਜੁਗ ਤੇਰੀ ਅੰਤਮ ਵੇਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਪਾਈ ਫੇਰੀ । ਅੰਤਮ ਆਇਆ ਹਰਿ ਬਲਵਾਨਾ । ਕਲਜੁਗ ਪਹਿਨ ਗਰੀਬੀ ਬਾਣਾ । ਸ਼ਬਦ ਲਿਆ ਤੀਰ ਕਮਾਨਾ । ਸਿੱਧਾ ਰੱਖੇ ਇਕ ਨਿਸ਼ਾਨਾ । ਆਪੇ ਮਾਰੇ ਕਰੇ ਖੁਆਰੇ, ਵਡੇ ਵਡੇ ਸ਼ਾਹ ਸੁਲਤਾਨਾ । ਉਚੇ ਮੰਦਰ ਢਾਹੇ ਚੁਬਾਰੇ, ਇੱਟ ਨਾਲ ਇੱਟ ਰਹਿਣ ਨਾ ਪਾਏ, ਬੇਮੁਖ ਜੀਵਾਂ ਆਏ ਹਾਰੇ, ਆਪ ਭੁਲਾਏ ਪੀਣਾ ਖਾਣਾ । ਏਕਾ ਸ਼ਬਦ ਕਰਾਏ ਜੈ ਜੈ ਜੈਕਾਰੇ, ਹੱਥੀਂ ਬੰਨ੍ਹੇ ਗਾਨਾ । ਦੂਤੀ ਦੁਸ਼ਟ ਆਪ ਸੰਘਾਰੇ, ਏਕਾ ਕਰ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣਾ ਭਾਣਾ । ਆਪਣਾ ਭਾਣਾ ਹਰਿ ਵਖਾਣੇ । ਮੇਟ ਮਿਟਾਏ ਰਾਜੇ ਰਾਣੇ । ਸਿਰ ਤੇ ਤਾਜ ਨਾ ਕੋਈ ਰਖਾਏ, ਚਾਰੋਂ ਕੁੰਟ ਕਰਾਏ ਭਾਜ, ਸ੍ਰਿਸ਼ਟ ਸਬਾਈ ਹੋਏ ਬੇਮੁਹਾਨੇ । ਸ਼ਬਦ ਛੁੱਟੇ ਏਕਾ ਬਾਜ, ਕਲਜੁਗ ਜੀਵ ਜਿਸ ਨੇ ਮਾਰ ਮੁਕਾਨੇ । ਸਾਚੇ ਰਿਹਾ ਸਾਜਨ ਸਾਜ, ਲੱਖ ਚੁਰਾਸੀ ਕਲਜੁਗ ਜੀਵ ਹੋਏ ਅੰਧੇ ਕਾਣੇ । ਅੰਤਮ ਵੇਲੇ ਗੁਰਮੁਖ ਸਾਚੇ ਸੰਤ ਜਨਾਂ ਦੇਵਣ ਆਇਆ ਸੱਚਾ ਦਾਜ, ਸੋਹੰ ਸ਼ਬਦ ਇਕ ਮਹਾਨੇ । ਪੁਰੀ ਸੱਚੀ ਦਾ ਸੱਚਾ ਰਾਜ, ਜਿਥੇ ਵਸੇ ਹਰਿ ਭਗਵਾਨੇ । ਅੰਤਮ ਵੇਲੇ ਰੱਖੇ ਲਾਜ, ਚਰਨ ਧੂੜ ਜੋ ਜਨ ਕਰੇ ਇਸ਼ਨਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਸੁਖ ਗੁਰ ਚਰਨ ਮਾਣੇ । ਗੁਰ ਚਰਨ ਸਹਿਜ ਸੁਖ ਦਾਇਆ । ਕਲਜੁਗ ਤੇਰਾ ਅੰਤ ਕਰਾਇਆ । ਨਿਹਕਲੰਕ ਕਲਗੀ ਧਰ ਨਰ ਅਵਤਾਰ ਵਿਚ ਮਾਤ ਦੇ ਆਇਆ । ਏਕਾ ਏਕੀ ਰਿਹਾ ਕਰ, ਊਚ ਨੀਚ ਦਾ ਭੇਵ ਚੁਕਾਇਆ । ਜੋਤੀ ਜੋਤ ਸਰੂਪ

ਹਰਿ, ਰਾਓ ਰੰਕਾਂ ਇਕ ਕਰਾਇਆ । ਰਾਓ ਰੰਕ ਇਕ ਦਵਾਰੇ । ਊਚ ਨੀਚ ਨਾ ਕੋਇ ਵਿਚਾਰੇ । ਸਾਧ ਸੰਤ ਹੋਏ ਪਨਿਹਾਰੇ । ਪ੍ਰਭ ਅਬਿਨਾਸ਼ੀ ਮਿਲਿਆ ਸਾਚਾ ਕੰਤ, ਦੇਵੇ ਦਰਸ ਅਗੰਮ ਅਪਾਰੇ । ਆਪ ਬਣਾਏ ਕਲਜੁਗ ਬਣਤ, ਦੇਵੇ ਨਾਮ ਅਪਰ ਅਪਾਰੇ । ਪ੍ਰਭ ਮਹਿੰਮਾ ਤੇਰੀ ਅਗਣਤ, ਨਾ ਕੋਈ ਜਾਣੇ ਜੀਵ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰੇ । ਜੋਤ ਸਰੂਪੀ ਜਾਮਾ ਧਾਰ, ਕਰੇ ਖੇਲ ਅਵੱਲੜਾ । ਪ੍ਰਭ ਅਬਿਨਾਸ਼ੀ ਹਰਿ ਗਿਰਧਾਰ, ਵਸੇ ਇਕ ਇਕੱਲੜਾ । ਆਪਣੀ ਕਿਰਪਾ ਕਰੇ ਪਹਿਲੀ ਵਾਰ, ਗੁਰਮੁਖਾਂ ਫੜਾਏ ਆਪਣਾ ਪਲੜਾ । ਨਾ ਕੋਈ ਹੱਥ ਫੜੇ ਤੀਰ ਕਟਾਰ, ਸਚ ਅਖਾੜਾ ਹਰਿ ਜੀ ਮੱਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਜੋਤ ਆਦਿ ਅੰਤ ਇਕ ਇਕੱਲੜਾ । ਇਕ ਇਕੱਲੜਾ ਚਾਰੋਂ ਓਟ । ਢਾਹੁੰਦਾ ਜਾਏ ਕਿਲ੍ਹਾ ਕੋਟ । ਗਿਰਾਉਂਦਾ ਜਾਏ ਆਹਲਣਿਆਂ ਵਿਚੋਂ ਬੋਟ । ਬੇਮੁਖ ਜੀਵਾਂ ਅਜੇ ਨਾ ਭਰੀ ਪੇਟ । ਆਤਮ ਤਨ ਸੋਹੰ ਸ਼ਬਦ ਅਜੇ ਨਾ ਲੱਗੀ ਚੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਬਖ਼ਸ਼ੇ ਚਰਨ ਓਟ । ਚਰਨ ਓਟ ਹਰਿ ਧਿਆਨਾ । ਦੇਵੇ ਸੱਚਾ ਨਾਮ ਨਿਧਾਨਾ । ਗੁਰਸਿਖ ਆਤਮ ਉਪਜੇ ਬ੍ਰਹਮ ਗਿਆਨਾ । ਸਤਿਜੁਗ ਮੈਲ ਸਾਚੀ ਧੁਪ ਜਾਏ, ਮਿਟੇ ਨਾਮ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਸੁਣਾਏ, ਆਦਿ ਅੰਤ ਇਕ ਰਖਾਏ ਦੇਵੇ ਸੱਚਾ ਇਕ ਮਾਣਾ । ਆਦਿ ਅੰਤ ਦੇਵੇ ਮਾਣ, ਪ੍ਰਭ ਅਬਿਨਾਸ਼ੀ ਚਤੁਰ ਸੁਜਾਨ । ਘਨਕਪੁਰ ਵਾਸੀ ਦੇਵੇ ਸੋਹੰ ਦਾਨ । ਸੱਚੀ ਜੋਤ ਮਾਤ ਪ੍ਰਗਟਾਈ, ਕਰੇ ਪ੍ਰਕਾਸ਼ ਕੋਟਨ ਭਾਨ । ਬੇਮੁਖਾਂ ਲਾਹੇ ਉਦਾਸੀ, ਆਪ ਮਿਟਾਏ ਮਦਿਰਾ ਮਾਸੀ, ਸ਼ਬਦ ਸਰੂਪੀ ਕਰ ਧਿਆਨ । ਪੰਡਤ ਪੜ੍ਹ

ੰ੩੦੦ ੦੪ ਪੜ੍ਹ ਥੱਕੇ ਕਾਸ਼ੀ, ਗੀਤਾ ਗਿਆਨ ਵੇਦ ਪੁਰਾਨ । ਅੱਠੇ ਪਹਿਰ ਰਹੇ ਉਦਾਸੀ, ਨਾ ਮਿਲਿਆ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਏ ਮਾਝੇ ਦੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਸ਼ੀ ਪੰਡਤ ਪੜ੍ਹ ਪੜ੍ਹ ਥੱਕੇ । ਅੱਕੇ ਮਜ਼ੌਰ ਮਦੀਨੇ ਮੱਕੇ । ਚਾਰ ਕੁੰਟ ਪੈਣ ਧੱਕੇ । ਕਿਸੇ ਨਾ ਦਿਸੇ ਬੂਰੇ ਕੱਕੇ । ਕਲਜੁਗ ਫਲ ਅੰਤਮ ਪੱਕੇ । ਦੂਰ ਦੁਰਾਡਾ ਧਰਮ ਰਾਏ ਰਾਹ ਏਕਾ ਤੱਕੇ । ਨਿਹਕਲੰਕ ਕਲ ਜਾਮਾ ਪਾਇਆ, ਸਿਰ ਮੇਰੇ ਤੇ ਹੱਥ ਰਖਾਇਆ, ਲੱਖ ਚੁਰਾਸੀ ਕਿਹੜੇ ਵੇਲੇ ਘਰ ਮੇਰੇ ਵਿਚ ਧੱਕੇ । ਧਰਮ ਰਾਏ ਮਾਰੇ ਝਾਤੀ । ਪ੍ਰਭ ਅਬਿਨਾਸ਼ੀ ਖੋਲ੍ਹੀ ਤਾਕੀ । ਅੰਤ ਮਿਟਾਏ ਤੇਰੀ ਬਾਕੀ । ਕੋਈ ਨਾ ਹੋਵੇ ਅੱਗੇ ਆਕੀ । ਸ਼ਬਦ ਲਿਆਇਆ ਸਾਚਾ ਰਾਕੀ । ਮੇਟ ਮਿਟਾਏ ਬੰਦੇ ਖ਼ਾਕੀ । ਗੁਰਮੁਖਾਂ ਅੰਮ੍ਰਿਤ ਪਿਆਏ ਜਾਮ, ਪੁਰਖ ਅਬਿਨਾਸ਼ੀ ਬਣੇ ਸਾਕੀ । ਪ੍ਰਗਟ ਹੋਇਆ ਰਮਈਆ ਰਾਮ, ਮੁਕਾਵਣ ਆਇਆ ਪਿਛਲੀ ਬਾਕੀ । ਇੱਕਾ ਜੋਤ ਘਨਈਆ ਸ਼ਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਉਂ ਜਗਤ ਜਪਾ ਕੇ । ਏਕਾ ਰਾਮ ਰਹੀਮਾ ਆਇਆ । ਪ੍ਰਭ ਅਬਿਨਾਸ਼ੀ ਵਡ ਕਰੀਮਾ, ਮਾਤਲੋਕ ਵਿਚ ਜਾਮਾ ਪਾਇਆ । ਵਡ ਗੁਣ ਗੁਣੀ ਗ਼ਨੀਮਾ ਨਾਮ ਰਖਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਇਆ । ਨਿਹਕਲੰਕੀ ਭੇਖ ਨਿਆਰ, ਵੱਜੇ ਸ਼ਬਦ ਡੰਕੀ ਧੁਨਕਾਰ । ਦਵਾਪਰ ਸੰਗੀ ਆਪ ਸਹਾਏ, ਆਏ ਚਲ ਦਵਾਰ । ਰਾਓ ਰੰਕ ਆਪ ਉਠਾਏ, ਕਰੇ ਖੇਲ ਅਪਰ ਅਪਾਰ । ਸ਼ਬਦ ਲਾਏ ਏਕ ਧਨਕੀ, ਖਿੱਚ ਲਿਆਏ ਚਰਨ ਦਵਾਰ । ਪੈਜ ਰਾਖੇ ਪ੍ਰਭ ਅਬਿਨਾਸ਼ੀ ਜਨ ਕੀ, ਕਲਜੁਗ ਤੇਰੀ ਅੰਤਮ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਲਿਆ ਅਵਤਾਰ । ਪੈਜ ਸਵਾਰੇ ਅੰਤਮ ਵੇਲਾ । ਪ੍ਰਭ ਅਬਿਨਾਸ਼ੀ ਸੱਜਣ ਸੁਹੇਲਾ ।

ਸਾਚੇ ਘਰ ਅੰਤਮ ਵੇਲੇ ਕੀਆ ਮੇਲਾ । ਗੁਰ ਪੂਰੇ ਸਦ ਬਲ ਬਲ ਜਾਸੀ, ਅੰਮ੍ਰਿਤ ਫਲ ਖਵਾਏ ਕੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਆਂ ਕਰਿਆ ਵਕਤ ਦੁਹੇਲਾ । ਵਕਤ ਦੁਹੇਲਾ ਹੋਏ ਦੁਹਾਗਣ ਨਾਰ । ਕਲਜੁਗ ਜੂਠੇ ਝੂਠੇ, ਨਾ ਮਿਲਿਆ ਸਚ ਭਤਾਰ । ਝੂਠੀ ਮਾਇਆ ਲੂਠੇ, ਹੋਵਣ ਅੰਤ ਖੁਆਰ । ਮੂਧੇ ਹੋਏ ਠੂਠੇ, ਨਾ ਮਿਲੇ ਅੰਮ੍ਰਿਤ ਧਾਰ । ਨਿਹਕਲੰਕ ਤੇਰੇ ਦਰ ਤੋਂ ਰੂਠੇ, ਕੋਇ ਨਾ ਦਿਸੇ ਸਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਏਕਾ ਕੀਆ ਅਕਾਰ । ਨਰ ਨਰਾਇਣ ਜੋਤ ਹਰਿ ਧਰਿਆ । ਸਾਕ ਸੱਜਣ ਸੈਣ, ਗੁਰਮੁਖਾਂ ਸਾਚਾ ਵਰਿਆ । ਬਣਾਏ ਭਾਈ ਭੈਣ, ਪ੍ਰਭ ਆਏ ਸਾਚੇ ਦਰਿਆ । ਆਪ ਚੁਕਾਏ ਲਹਿਣ ਦੇਣ, ਨਾ ਆਵੇ ਪਾਸਾ ਹਰਿਆ । ਰਸਨਾ ਹਰਿ ਹਰਿ ਕਹਿਣ, ਚੁਕਾਏ ਜਮ ਕਾ ਡਰਿਆ । ਬੇਮੁਖ ਝੂਠੇ ਵਹਿਣ ਵਹਿਣ, ਮਾਇਆ ਰਾਣੀ ਪਾਣੀ ਤੇਰਾ ਭਰਿਆ । ਅੰਤਮ ਵੇਲੇ ਫਿਰਨ ਮੜ੍ਹੀ ਮਸਾਣੀ, ਮਾਨਸ ਜਨਮ ਹਰਿਆ । ਸਤਿਜੁਗ ਤੇਰੀ ਸਾਚੀ ਰਾਣੀ, ਪੰਚਮ ਜੇਠ ਰੈਣ ਸਵਾਣੀ, ਪ੍ਰਭ ਅਬਿਨਾਸ਼ੀ ਕਿਰਪਾ ਕਰਿਆ । ਇਕ ਤਣਾਏ ਸਾਚੀ ਤਾਣੀ, ਨਾਲ ਧੋਏ ਸੋਹੰ ਸ਼ਬਦ ਸੱਚੀ ਬਾਣੀ, ਪ੍ਰਭ ਅਬਿਨਾਸ਼ੀ ਆਸਾ ਵਰਿਆ । ਗੁਰ ਪੂਰੇ ਮਿਲੇ ਜੀਵ ਪਰਾਨੀ, ਜਮ ਕੀ ਕਾਨ ਆਪ ਛੁਡਾਨੀ, ਲਾਗ ਚਰਨ ਜਗ ਤਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਚ ਭੰਡਾਰ, ਗੁਰਮੁਖ ਸਾਚੇ ਭਰਿਆ । ਸਚ ਭੰਡਾਰਾ ਹਰਿ ਭਰੀਜੇ । ਗੁਰਸਿਖ ਆਤਮ ਫੇਰ ਪਤੀਜੇ । ਦੇਵੇ ਦਰਸ ਹਰਿ ਨੈਣ ਤੀਜੇ । ਤਨ ਮਨ ਆਪਣੀ ਕਾਇਆ ਬੀਜ ਸਾਚਾ ਬੀਜ, ਗੁਰਸਿਖ ਆਪਣੀ ਦੇਹੀ ਆਤਮ ਬੀਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਭੇਖ ਚਾਰੋਂ ਕੁੰਟ ਕੀਜੇ । ਚਾਰੋਂ ਕੁੰਟਾਂ ਇਕ ਅਕਾਰਾ । ਜੋਤ ਸਰੂਪੀ ਖੇਲ ਅਪਾਰਾ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ, ਆਪੇ ਵਸੇ ਬਾਹਰਾ । ਅੰਡਜ ਜੇਰਜ ਉਤਭੁਜ ਸੇਤਜ, ਰੱਖੇ ਜੋਤ ਅਧਾਰਾ । ਗੁਰਮੁਖਾਂ ਦਰ ਜਾਏ ਭੱਜ ਭੱਜ, ਤਿੰਨਾਂ ਲੋਕਾਂ ਪਾਏ ਸਾਰਾ । ਗੁਰਮੁਖਾਂ ਹਰਿ ਪੜਦੇ ਕੱਜ ਕੱਜ, ਪਾਏ ਪੜਦਾ ਭਾਰਾ । ਕਲਜੁਗ ਜੀਵ ਜੂਠਾ ਝੂਠਾ ਭਾਂਡਾ ਜਾਣਾ ਭੱਜ, ਭੇਵ ਨਾ ਪਾਏ ਗਵਾਰਾ । ਅਗਨ ਜੋਤ ਵਿਚ ਜਾਣਾ ਦਜ, ਦੁੱਖ ਲੱਗੇ ਭਾਰਾ । ਗੁਰਮੁਖਾਂ ਅੰਮ੍ਰਿਤ ਪ੍ਰਭ ਦਰ ਪੀਣਾ ਰੱਜ, ਆਤਮ ਦੁੱਖੜਾ ਲੱਥੇ ਸਾਰਾ । ਸਚ ਸੁੱਚ ਵਿਚ ਜਾਣਾ ਸਜ, ਮਦਿਰਾ ਮਾਸ ਕਰ ਕਿਨਾਰਾ । ਸ਼ਬਦ ਤਾਲ ਜਾਏ ਵੱਜ, ਸੋਹੰ ਸੱਚੀ ਧੁਨਕਾਰਾ । ਭਾਂਡਾ ਭਰਮ ਜਾਏ ਭੱਜ, ਵੱਜੇ ਚੋਟ ਸਚ ਨਗਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਦਰਸ ਦਿਖਾਏ ਨਿਹਕਲੰਕ ਨਰ ਅਵਤਾਰਾ । ਦਰਸ ਦਿਖਾਏ ਦੀਨ ਦਿਆਲਾ । ਗੁਰਮੁਖ ਤੇਰੀ ਆਪ ਕਰੇ ਪ੍ਰਿਤਪਾਲਾ । ਅੱਠੇ ਪਹਿਰ ਹੋਇਆ ਰਹੇ ਰਖਵਾਲਾ । ਜੋਤ ਸਰੂਪੀ ਸਾਚੀ ਸੇਜਾ ਮਾਣੇ, ਜਨ ਭਗਤਾਂ ਆਤਮ ਮਿਰਗਸ਼ਾਲਾ । ਆਪ ਚਲਾਏ ਆਪਣੇ ਭਾਣੇ, ਤੋੜੇ ਜਗਤ ਜੰਜ਼ਾਲਾ । ਆਪ ਭੁਲਾਏ ਰਾਜੇ ਰਾਣੇ, ਆਤਮ ਕਰੇ ਕੰਗਾਲਾ । ਭੱਜੇ ਫਿਰਨ ਬੇਮੁਹਾਣੇ, ਫਲ ਨਾ ਦਿਸੇ ਕਿਸੇ ਡਾਲਾ । ਲੱਭਦੇ ਫਿਰਦੇ ਸੁਘੜ ਸਿਆਣੇ, ਬੇਮੁਖਾਂ ਮੂੰਹ ਹੋਇਆ ਕਾਲਾ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਸਾਚਾ ਜਾਪ ਜਪਾਏ, ਸੋਹੰ ਸ਼ਬਦ ਸੁਖਾਲਾ । ਦੇਵੇ ਸੱਚਾ ਨਾਮ ਧਨਾ, ਕਰੇ ਮਾਲ ਮਾਲਾ । ਸ਼ਬਦ ਸੁਣਾਏ ਸੱਚਾ ਕੰਨਾ, ਤੋੜੇ ਹੰਕਾਰੀ ਸ਼ਾਲਾ । ਧਰਮ ਰਾਏ ਨਾ ਦਏ ਡੰਨਾ, ਪ੍ਰਭ ਅਬਿਨਾਸ਼ੀ ਸਾਚਾ ਭਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸਚ ਦਲਾਲਾ । ਸਚ ਦਲਾਲ ਹੋਏ ਗੁਰ ਪੂਰਾ । ਕਰੇ ਹਲਾਲ ਸ਼ਬਦ ਧੁਨ ਤੂਰਾ । ਆਤਮ ਬਖ਼ਸ਼ੇ ਸਾਚਾ ਲਾਲ, ਸੋਹੰ ਸ਼ਬਦ ਸਾਚਾ ਨੂਰਾ । ਆਤਮ ਹੋਏ ਮਾਲਾ


੩੦੧ ੦੪

ਮਾਲ, ਕਿਰਪਾ ਕਰੇ ਸਤਿਗੁਰ ਪੂਰਾ । ਫਲ ਲਗਾਏ ਸਾਚੇ ਡਾਲ, ਕਿਸੇ ਹੱਥ ਨਾ ਆਵੇ ਵਿਚ ਬਹਿਸ਼ਤੀ ਹੂਰਾ । ਲੱਖ ਚੁਰਾਸੀ ਖਾਏ ਕਾਲ, ਨਾ ਮਿਲਿਆ ਸਾਚਾ ਨੂਰਾ । ਗੁਰਸਿਖ ਮਾਰੋ ਇਕੋ ਛਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕੇ ਜਾਏ ਕਾਰਜ ਪੂਰਾ । ਕਾਲ ਕਾਲ ਕਾਲ ਮਹਾਂਕਾਲ । ਕਾਲ ਕਾਲ ਕਾਲ ਨਾ ਕੋਈ ਸਕੇ ਸੁਰਤ ਸੰਭਾਲ । ਕਾਲ ਕਾਲ ਕਾਲ ਲਏ ਨਾਮ ਧਨ ਨਾ ਸੱਚਾ ਮਾਲ । ਕਾਲ ਕਾਲ ਕਾਲ ਬੇਮੁਖਾਂ ਲਾਏ ਡੰਨ, ਵਜਾਏ ਝੂਠਾ ਤਾਲ । ਅੰਤਮ ਕਲ ਕਰੇ ਖੰਨ ਖੰਨ, ਭੰਨੇ ਜਵਾਨੀ ਡਾਲ । ਬੇਮੁਖ ਜੀਵ ਆਤਮ ਅੰਨ੍ਹ, ਨਾ ਰਹੇ ਵਸਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਰੂਪੀ ਤਣਿਆ ਏਕਾ ਜਾਲ । ਕਾਲ ਕਾਲ ਕਾਲ ਕੁਲਵੰਤਾ । ਕਾਲ ਕਾਲ ਕਾਲ ਪ੍ਰਭ ਆਪ ਕਰਾਏ, ਸ੍ਰਿਸ਼ਟ ਸਬਾਈ ਹਰਿ ਭਗਵੰਤਾ । ਕਾਲ ਕਾਲ ਕਾਲ ਨੇੜ ਨਾ ਆਏ ਗੁਰਮੁਖ ਸਾਚੇ ਸੰਤਾ । ਕਾਲ ਕਾਲ ਕਾਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਝੋਲੀ ਪਾਏ, ਏਕਾ ਡੋਲੀ ਆਪ ਚਲਾਏ, ਬੇਮੁਖ ਉਤੇ ਸਰਬ ਚੜ੍ਹਾਏ ਚਾਰੋਂ ਕੁੰਟ ਜੀਵ ਜੰਤਾ । ਜਗਤ ਜੰਜ਼ਾਲਾ ਮਾਇਆ ਧਰੋਹ । ਕਲਜੁਗ ਜੀਵ ਕੰਗਾਲ, ਜਗਤ ਨਾਤਾ ਝੂਠਾ ਮੋਹ । ਨਾ ਰਿਹਾ ਵਕਤ ਸੰਭਾਲ, ਅੱਠੇ ਪਹਿਰ ਰਿਹਾ ਰੋ । ਅੰਤਮ ਵੇਲੇ ਹੋਏ ਕੰਗਾਲ, ਪੱਲੇ ਧੰਨ ਨਾ ਦਿਸੇ ਕੋ । ਡੂੰਘੀ ਕੰਦਰ ਮਾਰੇ ਛਾਲ, ਦਰ ਸੱਚੇ ਨਾ ਸਕੇ ਛੋਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਾਇਆ ਆਪ ਤਜਾਈ, ਵੀਹ ਸੌ ਬਿਕ੍ਰਮੀ ਛੱਬੀ ਪੋਹ । ਛੱਬੀ ਪੋਹ ਦੇਹ ਤਜਾਈ । ਅਚਰਜ਼ ਖੇਲ ਹਰਿ ਵਰਤਾਈ । ਚਾਰ ਮਹੀਨੇ ਨੌਂ ਦਿਨ ਗਿਣ ਗਿਣ ਲੰਘਾਈ । ਜੋਤੀ ਜੋਤ ਸਰੂਪ ਹਰਿ, ਪੰਚਮ ਜੇਠ ਅਚਰਜ਼ ਖੇਲ ਮਾਤ ਵਰਤਾਈ । ਪੰਚਮ ਜੇਠ ਜੋਤ ਜਗਾਈ । ਵਿਚ ਮਾਤ ਕਰੀ ਰੁਸ਼ਨਾਈ । ਗੁਰਮੁਖ ਸਾਚੇ ਲਏ ਜਗਾਈ । ਘਨਕਪੁਰੀ ਹਰਿ ਦਇਆ ਕਮਾਈ । ਗੁਰ ਸੰਗਤ ਸਾਚੀ ਸੰਗ ਰਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਅਵੱਲੜੀ ਰੀਤ ਚਲਾਈ । ਪਹਿਲਾ ਸਾਲ ਹਰਿ ਗੁਜਾਰੇ । ਕਰੇ ਜੋਤ ਸਤਿ ਚਮਤਕਾਰੇ । ਸਾਚਾ ਹੁਕਮ ਆਪ ਸੁਣਾਏ, ਬਣਾਏ ਦਰਬਾਰ ਇਕ ਅਪਾਰੇ । ਚਾਰ ਦਰ ਦਰਵਾਜੇ ਅੱਠ ਬਾਰੇ । ਜੋਤੀ ਜੋਤ ਸਰੂਪ ਹਰਿ, ਸਤਾਰਾਂ ਹਾੜ ਪਲੰਘ ਡਾਹਿਆ ਸਚ ਦਰਬਾਰੇ । ਸਚ ਦਰਬਾਰ ਆਪ ਸਜਾਇਆ । ਚਾਰ ਦਰਵਾਜੇ ਕੁੰਟ ਚਾਰੇ ਮੁਖ ਰਖਾਇਆ । ਵੇਖ ਵਿਚਾਰੇ ਸ੍ਰਿਸ਼ਟ ਸਬਾਈ ਤੇਰੇ ਦੁੱਖ, ਪੜਦਾ ਉਹਲਾ ਨਾ ਕੋਇ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਸਾਚਾ ਰਾਣਾ ਆਪੇ ਰਿਹਾ ਜਣਾਇਆ । ਦੂਜੇ ਸਾਲ ਦਇਆ ਹਰਿ ਧਾਰੇ । ਗੁਰਮੁਖਾਂ ਦੇਵੇ ਨਾਮ ਅਧਾਰੇ । ਖਾਣੀ ਬਾਣੀ ਰਸਨ ਉਚਾਰੇ । ਕੁਰਾਨ ਅੰਜੀਲਾਂ ਪਾਵੇ ਸਾਰੇ । ਵੇਦ ਪੁਰਾਨਾਂ ਪੜ੍ਹ ਪੜ੍ਹ ਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਅਪਾਰੇ । ਤੀਜੇ ਸਾਲ ਤਿੰਨੇ ਲੋਕ । ਏਕਾ ਚਲੇ ਸ਼ਬਦ ਸਲੋਕ । ਕੋਈ ਨਾ ਸਕੇ ਅੱਗੋਂ ਰੋਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਅਪਾਰੇ, ਆਪਣਾ ਗੇੜਾ ਆਪੇ ਲਾਇਆ, ਸ੍ਰਿਸ਼ਟ ਸਬਾਈ ਰਿਹਾ ਝੋਕ । ਚੌਥੇ ਸਾਲ ਚਰਨ ਗੁਰ ਧਰੇ । ਅੰਤਮ ਖੇਲ ਆਪੇ ਕਰੇ । ਸਚ ਦਵਾਰੇ ਹਰਿ ਜੀ ਖੜੇ । ਲੇਖ ਲਿਖਾਏ, ਵੇਖ ਵੇਖ ਸਰਬ ਉਠਾਏ, ਪਹਿਲੀ ਮਾਘੀ ਭੇਵ ਖੁਲ੍ਹਾਏ, ਗੁਰਸਿਖ ਅੱਗੇ ਸੀਸ ਝੁਕਾਏ, ਪ੍ਰਭ ਅਬਿਨਾਸ਼ੀ ਕਿਰਪਾ ਕਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਆਪਣੇ ਕਾਰਜ ਆਪੇ ਕਰੇ ਹਰੇ । ਆਪਣਾ ਕਾਜ ਆਪ ਰਚਾਇਆ । ਤਿੰਨ ਅੱਸੂ ਨੀਂਹ ਰਖਾਇਆ । ਸੋਹਣਾ ਮੰਦਰ ਇਕ ਬਣਾਇਆ । ਕਾਲਾ ਰਖਾਇਆ

੩੦੨
੦੪

ਹਰਿ ਜੀ ਅੰਦਰ, ਅੰਧ ਅੰਧੇਰਾ ਜਗਤ ਕਰਾਇਆ । ਬੇਮੁਖਾਂ ਆਤਮ ਵੱਜਾ ਜੰਦਰ, ਨਾ ਕਿਸੇ ਤੁੜਾਇਆ । ਘਰ ਘਰ ਰੋਵਣ ਗਵਾਰੀ ਬੰਦਰ, ਹਾਹਾਕਾਰ ਕਰੇ ਬਿਲਲਾਇਆ । ਮਾਝੇ ਦੇਸ ਤੇਰੀ ਹੱਦ ਪੁਰੀ ਘਨਕ ਆਪ ਬਣਾਇਆ । ਪੁਰੀ ਘਨਕ ਹਰਿ ਖਿਚ ਲਕੀਰੇ । ਫਿਰੇ ਹਾਲ ਵਾਂਗ ਫ਼ਕੀਰੇ । ਨੀਂਹ ਰਖਾਏ ਧੀਰੇ ਧੀਰੇ । ਸਿਰੋਂ ਲਾਹੇ ਸਭ ਦੇ ਚੀਰੇ । ਇਕ ਦੂਜੇ ਨਾਲੋਂ ਵਿਛੜਨ ਵੀਰੇ । ਹਉਮੇ ਲੱਗੇ ਸਭ ਨੂੰ ਪੀੜੇ । ਸੰਤ ਮਨੀ ਸਿੰਘ ਲੇਖ ਲਿਖਾਇਆ, ਨਿਹਕਲੰਕ ਬੰਨ੍ਹੇ ਬੀੜੇ । ਸਾਚਾ ਸ਼ਬਦ ਲਿਖਾਏ ਆਪ, ਉਠਾਏ ਹਸਤ ਕੀੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵਾਂ ਆਪੇ ਪੀੜੇ । ਚੌਥੇ ਸਾਲ ਖੇਲ ਨਿਰਾਲੀ । ਆਪ ਉਠਾਏ ਘਟਾ ਕਾਲੀ । ਬੈਠੀ ਰਹੇ ਹੱਥਾਂ ਖ਼ਾਲੀ । ਲੁੱਟੀ ਜਾਏ ਵਡ ਵਡ ਧਨ ਮਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦੂਜੇ ਦੀ ਕਰੇ ਚਾਲੀ । ਚਲੇ ਚਾਲ ਹਰਿ ਨਿਰਾਲੀ । ਨਾ ਕੋਈ ਜਾਣੇ ਜੋਤ ਜਵਾਲੀ । ਨਾ ਕੋਈ ਬੂਝੇ ਜੀਵ ਅਕਾਲੀ । ਬੈਠੇ ਲੱਭਣ ਧਰਮਸ਼ਾਲੀ । ਫਲ ਨਾ ਦਿਸਿਆ ਕਿਸੇ ਡਾਲੀ । ਚਾਰੇ ਕੁੰਟਾਂ ਹੋਇਆ ਖ਼ਾਲੀ । ਕਰੇ ਖੇਲ ਦੋ ਜਹਾਨਾਂ ਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪੇ ਸਾਰ ਸਮਾਲੀ । ਪੰਜ ਸਾਲ ਪੰਜ ਪਿਆਰਾ । ਕਰੇ ਖੇਲ ਅਪਰ ਅਪਾਰਾ । ਸਾਚੀ ਜੋਤ ਆਪ ਜਗਾਏ, ਮਾਝੇ ਦੇਸ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਆਪਣਾ ਖੇਲ ਅਪਰ ਅਪਾਰਾ । ਛੇਵੇਂ ਸਾਲ ਹਰਿ ਮਾਝੇ ਦੇਸੇ । ਜੋਤ ਸਰੂਪੀ ਹਰਿ ਪ੍ਰਵੇਸ਼ੇ । ਸਾਚਾ ਸ਼ਬਦ ਕਰੇ ਆਦੇਸ਼ੇ । ਭੁੱਲੇ ਫਿਰਨ ਨਰ ਨਰੇਸ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਧਾਰੇ ਭੇਸੇ । ਸਾਲ ਸਤਵੇਂ ਖੇਲ ਰਚਾਇਆ । ਪੰਚਮ ਜੇਠ ਮਾਤ ਸੁਹਾਇਆ । ਸਪਤਮ ਜੇਠ ਖ਼ੁਸ਼ੀ ਮਨਾਇਆ । ਸਿੰਘ ਸਵਰਨ ਅੱਗੇ ਲਾਇਆ । ਧੁਰ ਦੀ ਬਾਣ ਮਾਣ ਗਵਾਇਆ । ਸਚ ਦਵਾਰੇ ਆਸਣ ਲਾਇਆ । ਭਗਤ ਭਗਵਾਨ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਣੀ ਬਾਣੀ ਰਾਹ ਚਲਾਇਆ । ਅੱਠਵੇਂ ਸਾਲ ਹਰਿ ਦਇਆ ਕਮਾਈ । ਦਸਵੇਂ ਚੇਤ ਕਰੇ ਰੁਸ਼ਨਾਈ । ਗੁਰਬਾਣੀ ਦੀ ਨੀਂਹ ਰਖਾਈ । ਜੋਤੀ ਜੋਤ ਸਰੂਪ ਹਰਿ, ਆਪਣੀ ਰਚਨਾ ਆਪ ਰਚਾਈ । ਨਾਵੇਂ ਨੌਕਾ ਇਕ ਚਲਾਈ । ਸੰਸਾਰ ਸਾਗਰ ਵਿਚ ਟਿਕਾਈ । ਕਾਇਆ ਪਾਣੀ ਗਾਗਰ ਆਪ ਭਰਾਈ । ਗੁਰਮੁਖ ਵਿਰਲੇ ਹੋਏ ਉਜਾਗਰ, ਆਏ ਹਰਿ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਫੜ ਬਾਹੋਂ ਉਪਰ ਲਏ ਚੜ੍ਹਾਈ । ਦਸਵੇਂ ਸਾਲ ਦਹਿ ਦਿਸ਼ ਵਿਚਾਰੇ । ਧਰਤ ਮਾਤ ਤੇਰੇ ਪਾਏ ਹਿੱਸੇ, ਕਰੇ ਖੇਲ ਅਪਾਰੇ । ਜੋਤ ਸਰੂਪੀ ਨਾ ਕਿਸੇ ਦਿਸੇ, ਭੁੱਲੇ ਜੀਵ ਗਵਾਰੇ । ਜੂਠੀ ਝੂਠੀ ਚੱਕੀ ਪੀਸੇ, ਨਾ ਦਿਸੇ ਹਰਿ ਕਰਤਾਰੇ । ਭੇਵ ਮਿਟਾਏ ਬੀਸ ਇਕੀਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੇ । ਸਾਲ ਯਾਰਵੇਂ ਮਿਲਿਆ ਯਾਰ । ਪ੍ਰਭ ਅਬਿਨਾਸ਼ੀ ਸਚ ਭਤਾਰ । ਗੁਰ ਸੰਗਤ ਕਰਨ ਆਇਆ ਪਿਆਰ । ਦਰ ਘਰ ਸਾਚੇ ਹੋਇਆ ਮੰਗਤ, ਮੰਗੇ ਭਿਖ ਨਾਮ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਲ ਗਯਾਰਵੇਂ ਕਰੇ ਖੇਲ ਅਪਰ ਅਪਾਰ । ਸਾਲ ਗਯਾਰਵੇਂ ਮਿਟਦੀ ਜਾਏ ਚਾਰ ਯਾਰੀ । ਫਿਰਦੀ ਜਾਏ ਘਰ ਘਰ ਬਹਾਰੀ । ਰੋਂਦੇ ਫਿਰਨ ਨਰ ਨਾਰੀ । ਢਾਹੁੰਦੀ ਜਾਏ ਉਚ ਉਸਾਰੀ । ਵਹਿੰਦੇ ਵਹਿਣ ਵਹਿੰਦੀ ਜਾਏ ਸ੍ਰਿਸ਼ਟੀ ਸਾਰੀ । ਬੇਮੁਖਾਂ ਨੀਂਹ ਬਹਿੰਦੀ ਜਾਏ, ਇਕੋ ਲੱਗੇ ਧੱਕਾ ਭਾਰੀ । ਇਕੋ ਗਾਹ ਗਹਿੰਦੀ ਜਾਏ, ਉਤੇ ਲੱਗੇ ਸੁਹਾਗਾ ਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ

੩੦੩
੦੪

ਖੇਲ ਹਰਿ ਨਿਰੰਕਾਰੀ । ਚੜ੍ਹਿਆ ਸਚ ਪੰਚ ਪ੍ਰਧਾਨਾ । ਮਾਤਲੋਕ ਹੋਏ ਹਰਿ ਪ੍ਰਵਾਨਾ । ਹੱਥੀਂ ਆਇਆ ਬੰਨ੍ਹਣ ਗਾਨਾ । ਫੜ ਫੜ ਸ਼ਬਦ ਤੀਰ ਕਮਾਨਾ । ਸੋਹੰ ਚਲਾਏ ਸਚ ਨਿਸ਼ਾਨਾ । ਆਪ ਉਠਾਏ ਬਲੀ ਬਲਵਾਨਾ । ਵਿਚ ਬਿਠਾਏ ਸ਼ਬਦ ਬਬਾਣਾ । ਚਾਰੋਂ ਕੁੰਟ ਅਗਨ ਮੇਘ, ਹਰਿ ਆਪ ਬਰਸਾਨਾ । ਇਕ ਚਲਾਏ ਸ਼ਬਦ ਤੇਗ, ਫਤਿਹ ਡੰਕ ਆਪ ਵਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਅੰਕ ਰਖਾਨਾ । ਏਕਾ ਅੰਕ ਅੰਕ ਅਕਾਰਾ । ਵੱਜੇ ਡੰਕ ਸ਼ਬਦ ਅਪਾਰਾ । ਪ੍ਰਗਟ ਹੋਏ ਘਨਕਪੁਰ ਵਾਸੀ, ਜਗਤ ਕਰਾਏ ਹਾਹਾਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਆਪ ਚੁਕਾਏ, ਸਿਰੋਂ ਲਾਹੇ ਆਪਣਾ ਭਾਰਾ । ਭਾਰਾ ਤੇਰਾ ਹਰਿ ਲਾਹਵਣਾ । ਸੰਤ ਮਨੀ ਸਿੰਘ ਤੇਰਾ ਲਿਖਿਆ ਲੇਖ, ਪੂਰ ਕਰਾਵਣਾ । ਆਪਣੇ ਨੇਤਰ ਲੈਣਾ ਪੇਖ, ਨਾ ਕੋਈ ਕਿਸੇ ਛੁਡਾਵਣਾ । ਆਪੇ ਫੜ ਫੜ ਬੰਨ੍ਹੇ ਔਲੀਏ ਪੀਰ ਸ਼ੇਖ਼, ਮੁੱਲਾ ਮਸੀਤੋਂ ਬਾਹਰ ਕਢਾਵਣਾ । ਆਪੇ ਧਾਰੇ ਜੋਤ ਸਰੂਪੀ ਭੇਖ, ਲਾਲ ਰੰਗੀਲਾ ਸਾਚਾ ਮਾਹੀ ਧਰਤ ਮਾਤ ਲਾਲ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸੱਚਾ ਰੰਗ ਗੁਲਾਲ, ਗੁਰਮੁਖਾਂ ਆਤਮ ਆਪ ਚੜ੍ਹਾਵਣਾ । ਰੰਗੇ ਰੰਗ ਲਾਲ, ਬਣ ਹਰਿ ਲਲਾਰੀ । ਗੁਰਮੁਖ ਵੇਖੇ ਸਾਚੇ ਲਾਲ । ਕਰੇ ਸ਼ਬਦ ਪਿਆਰੀ । ਆਤਮ ਜੋਤੀ ਦੇਵੇ ਬਾਲ, ਹਉਮੇ ਕੱਢੇ ਜਗਤ ਬਿਮਾਰੀ । ਆਪੇ ਬਣੇ ਹਰਿ ਪ੍ਰਿਤਪਾਲ, ਜਾਏ ਪੈਜ ਸਵਾਰੀ, ਆਤਮ ਸੁਹਾਏ ਸਾਚਾ ਤਾਲ, ਅੰਮ੍ਰਿਤ ਭਰੇ ਭੰਡਾਰਾ ਭਾਰੀ । ਗੁਰਮੁਖਾਂ ਕਰੇ ਮਾਲਾ ਮਾਲ, ਦੇਵੇ ਸ਼ਬਦ ਖ਼ੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਲਾਲ ਰੰਗ ਰੰਗ ਰੰਗੀਲਾ । ਕਲਜੁਗ ਆਇਆ ਕਰ ਕਰ ਹੀਲਾ । ਨਾਲ ਲਿਆਇਆ ਸ਼ਬਦ ਤੀਲਾ । ਢਾਹੁਣ ਆਇਆ ਉਚਾ ਟੀਲਾ । ਹਿਲਾਉਣ ਆਇਆ ਹੰਕਾਰੀ ਕਿਲ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਛੈਲ ਛਬੀਲਾ । ਹਰਿ ਉਠਾਈ ਗੁਰਸਿਖਾਂ ਖਾਰੀ ਹੈ । ਗੁਰ ਸੰਗਤ ਸੱਚੀ ਹਰੀ ਕਿਆਰੀ ਹੈ । ਘਰ ਘਰ ਦਵਾਉਂਦੀ ਗਈ ਬਹਾਰੀ ਹੈ । ਬਿਰਧ ਬਾਲ ਜਵਾਨਾਂ ਲੱਗੀ ਤਨ ਖੁਆਰੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ, ਆਏ ਚਲ ਦਵਾਰੀ ਹੈ । ਸੱਚਾ ਰੋਗ ਇਕ ਗਵਾਣਾ । ਪ੍ਰਭ ਅਬਿਨਾਸ਼ੀ ਦਰਸ ਦਿਖਾਣਾ । ਹਉਮੇ ਵਿਚੋਂ ਰੋਗ ਗਵਾਣਾ । ਝੂਠੀ ਮਮਤਾ ਕਢ ਵਖਾਣਾ । ਸਾਚੇ ਦਰ ਬਣਾਏ ਇਕ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੋਗਾਂ ਸੋਗਾਂ ਚਿੰਤ ਮਿਟਾਣਾ । ਹਉਮੇ ਰੋਗ ਜੋ ਗਵਾਏ । ਸਾਚਾ ਜੋਗ ਝੋਲੀ ਪਾਏ । ਦਰਸ ਅਮੋਘ ਹਰਿ ਦਿਖਾਏ । ਕਰਮ ਵਿਜੋਗ ਮੇਟ ਮਿਟਾਏ । ਸਤਿ ਸੰਜੋਗ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਏ । ਲੱਗਾ ਰੋਗ ਆਤਮ ਭਾਰਾ । ਅੱਠੇ ਪਹਿਰ ਹਾਹਾਕਾਰਾ । ਦਿਸ ਨਾ ਆਏ ਹਰਿ ਨਿਰੰਕਾਰਾ । ਜੀਆਂ ਜੰਤਾਂ ਲੱਗਾ ਪਿਆਰਾ । ਆਦਿਨ ਅੰਤ ਸਚ ਭੁਲਾਇਆ, ਵਧਿਆ ਮੋਹ ਹੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਹਿਕਮਤ ਆਪੇ ਜਾਣੇ, ਰੋਗ ਗਵਾਏ ਸਾਚਾ ਕਰਤਾਰਾ । ਸਾਚੀ ਦੇਵੇ ਨਾਮ ਦਵਾਈ । ਗੁਰਮੁਖ ਸਾਚੇ ਰਸਨਾ ਖਾਈ । ਕਾਇਆ ਰੋਗ ਸਰਬ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਰਸਨ ਧਿਆਈ । ਇਕ ਮੰਗਿਆ ਨਾਮ ਕ੍ਰਿਪਾਲ ਹੈ । ਸੁਖੀ ਹੋਵੇ ਵਾਲ ਵਾਲ ਹੈ । ਧੀਆਂ ਪੁੱਤਰ ਭੈਣ ਭਾਈ, ਝੂਠੇ ਦਿਸੇ ਜਗਤ ਜੰਜ਼ਾਲ ਹੈ । ਚਾਰੋਂ ਕੁੰਟ ਦਿਸੇ ਖਾਲੀ, ਵੇਲੇ ਅੰਤ ਕੰਗਾਲ ਹੈ । ਗੁਰਮੁਖ ਸਾਚੇ ਸੰਤ ਜਨ, ਤੇਰੇ ਅੰਦਰ ਸੱਚਾ ਮਾਲ ਹੈ । ਕਾਇਆ ਭਾਂਡਾ ਕੱਚਾ

ਵਿਚ ਆਪਣੀ ਸੰਭਾਲ ਹੈ । ਇਕੋ ਰਾਮ ਹਰਿ ਜੀ ਸੱਚਾ, ਕਰੇ ਅੰਤ ਰਖਵਾਲ ਹੈ । ਮਾਇਆ ਅਗਨ ਜਗਤ ਮੱਚਾ, ਦੁਖੀ ਵਾਲ ਵਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਸੁਣਾਏ ਬਚਨ ਸੱਚਾ, ਚਰਨ ਪ੍ਰੀਤੀ ਨਿਭੇ ਨਾਲ ਨਾਲ ਹੈ । ਮੰਗੇ ਮੰਗ ਇਕ ਭਿਖਾਰੀ । ਚਰਨ ਪ੍ਰੀਤੀ ਅੰਤਮ ਵਾਰੀ । ਚਹੁੰ ਜੁਗਾਂ ਤੋਂ ਰਹੇ ਨਿਆਰੀ । ਤਿੰਨਾਂ ਲੋਕਾਂ ਵਸੇ ਬਾਹਰੀ । ਖਿੱਚ ਲੈ ਜਾਏ ਸਚ ਦਰਬਾਰੀ । ਦੁੱਖ ਰੋਗ ਨਾ ਲੱਗੇ ਭਾਰੀ । ਤਨ ਨਾ ਛੋਹੇ ਕੋਇ ਬਿਮਾਰੀ । ਆਤਮ ਨਿਵਾਰੇ ਦੁਖੜਾ ਭਾਰੀ । ਜਗੇ ਜੋਤ ਹਰਿ ਨਿਰੰਕਾਰੀ । ਕਿਰਪਾ ਕਰੇ ਪ੍ਰਭ ਆਪ ਗਿਰਧਾਰੀ । ਜੋ ਜਨ ਆਏ ਚਲ ਦਵਾਰੀ । ਕਰੇ ਉਜਿਆਰੀ ਕਾਇਆ ਮਹੱਲ ਸਚ ਅਟਾਰੀ । ਛੱਤੀ ਰਾਗ ਆਪ ਉਪਜਾਏ, ਗੁਰਮੁਖ ਤੇਰੇ ਕੰਨ ਸੁਣਾਏ, ਅੱਠੇ ਪਹਿਰ ਰਹੇ ਧੁਨਕਾਰੀ । ਮੁਨ ਸੁਨ ਤੇਰੀ ਆਪ ਪੁਣ ਛਾਣ, ਛਾਣ ਪੁਣ ਹਰਿ ਦਏ ਕਰਾਏ । ਆਪੇ ਲਾਹੇ ਦੂਈ ਦਵੈਤੀ ਵਡੀ ਬਿਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ, ਏਕਾ ਮੰਗੇ ਚਰਨ ਪਿਆਰੀ । ਚਰਨ ਪ੍ਰੀਤੀ ਸਾਚਾ ਨਾਤਾ । ਘਰ ਘਰ ਬੈਠਿਆਂ ਦੇਵੇ ਸੱਚੀਆਂ ਸੁਗਾਤਾਂ । ਨਾ ਕੋਈ ਭਾਈ ਨਾ ਕੋਈ ਭੈਣ ਭਰਾਤਾ । ਰਸਨਾ ਕਿਸੇ ਨਾ ਸਕੇ ਕਹਿਣ, ਅੰਤਮ ਵੇਲੇ ਪੁੱਛੇ ਵਾਤਾ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਅਬਿਨਾਸ਼ੀ ਆਪੇ ਪਿਤਾ ਆਪੇ ਮਾਤਾ । ਪ੍ਰਭ ਅਬਿਨਾਸ਼ੀ ਚਿੱਟੇ ਅਸਵ ਹੋ ਅਸਵਾਰ, ਆਵੇ ਜਾਵੇ ਪੁਰਖ ਬਿਧਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੀ ਇਕੋ ਹੁਕਮ ਸੁਣਾਏ, ਮੰਗੇ ਸੋਹੰ ਸਾਚਾ ਜਾਪਾ । ਸਚ ਬੀਮਾਰ ਵਡਾ ਰੋਗੀ । ਅੱਠੇ ਪਹਿਰ ਧੁਰਦਰਗਾਹੀ ਸਚ ਸੰਜੋਗੀ । ਭੁੱਖ ਤ੍ਰਿਸ਼ਨਾ ਬਲਦੀ ਅੱਗ ਹੈ । ਤੱਤੀ ਵਾ ਵਗਦੀ ਜਗ ਹੈ । ਕਾਇਆ ਕੁੱਲੇ ਰਹੇ ਦੱਗ ਹੈ । ਗੁਰਮੁਖ ਆਏ ਤੇਰੇ ਦਰ, ਦੂਰ ਦੁਰਾਡੇ ਸਦ ਹੈ । ਅੱਗੇ ਬੈਠਾ ਹਰਿ ਜੀ ਦਿਸੇ, ਸਿੰਘ ਸਿੰਘਾਸਣ ਰਿਹਾ ਸਜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰ ਸੰਗਤ ਤੇਰੀ ਰੱਖਣ ਆਇਆ ਲਜ ਹੈ । ਸਾਚਾ ਰੋਗ ਕਿਵੇਂ ਗਵਾਈ ਦਾ । ਪਹਿਲੋਂ ਚਰਨ ਪਿਆਰ ਪਾਈ ਦਾ । ਫਿਰ ਕਰਨਾ ਦਰਸ ਸੱਚੇ ਮਾਹੀ ਦਾ । ਫਿਰ ਮਸਤਕ ਜੋਤੀ ਨੂਰ ਜਗਾਈ ਦਾ । ਵੇਖੋ ਰੰਗ ਹਰਿ ਰਘੁਰਾਈ ਦਾ । ਬਹੱਤਰ ਨਾੜਾਂ ਹਰਿ ਵਸਾਈ ਦਾ । ਜੰਗਲ ਜੂਹ ਵਿਚ ਪਹਾੜਾਂ, ਆਪਣੇ ਸੰਗ ਰਖਾਈ ਦਾ । ਤਨ ਸਾੜੇ ਜੇਠ ਤੱਤੀ ਅਗਨੀ ਹਾੜਾ, ਅੰਮ੍ਰਿਤ ਠੰਡੀ ਧਾਰ ਵਹਾਈਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਨਾਲ ਜੋ ਧਿਆਈ ਦਾ । ਰਸਨਾ ਗਾਓ ਸਹਿਜ ਸੁਭਾਓ । ਹਉਮੇ ਰੋਗ ਸਰਬ ਗਵਾਓ । ਕਿਰਪਾ ਕਰ ਹਰਿ ਰਘੁਰਾਓ । ਮਾਤਾ ਕੁੱਖੜੀ ਸੁਫਲ ਕਰਾਓ । ਭੁੱਖ ਲਹਿ ਜਾਏ, ਉਜਲ ਮੁਖੜੀ ਵਿਚ ਮਾਤ ਕਰਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਓ । ਗਹਿਰ ਗੰਭੀਰਾ ਆਪੇ ਕਰੇ ਠੰਡਾ ਸਰੀਰਾ । ਸ਼ਬਦ ਦੇਵੇ ਸਾਚੀ ਧੀਰਾ । ਵਿਚੋਂ ਮਾਰੇ ਹਉਮੇ ਕੀੜਾ । ਖਾਈ ਜਾਏ ਹੱਡੀ ਰੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਬੰਨ੍ਹਣ ਆਇਆ ਬੀੜਾ । ਰੋਗ ਤਨ ਜਗਤ ਵਧਾਇਆ । ਪ੍ਰਭ ਅਬਿਨਾਸ਼ੀ ਇਕ ਭੁਲਾਇਆ । ਝੂਠਾ ਨਾਤਾ ਜਗਤ ਬੰਧਾਇਆ । ਸਾਚਾ ਦਾਤਾ ਦਿਸ ਨਾ ਆਇਆ । ਬੈਠਾ ਰਹੇ ਇਕ ਇਕਾਂਤਾ, ਕਾਇਆ ਕੋਠੜੀ ਡੇਰਾ ਲਾਇਆ । ਨੇਤਰ ਮੀਟ ਅੰਦਰ ਮਾਰੋ ਝਾਤਾ, ਜੋਤ ਸਰੂਪੀ ਡਗਮਗਾਇਆ । ਪਾੜ ਆਇਆ ਗਗਨ ਦੀਆਂ ਛਾਤਾਂ, ਗੁਰਮੁਖ ਸਾਚੇ ਵਿਚ ਸਮਾਇਆ । ਕਲਜੁਗ ਮਿਟਾਏ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਜਾਮ ਪਿਆਇਆ । ਹਉਮੇ

ਰੋਗ ਗੁਰ ਦਰ ਗਵਾਣਾ । ਸਿਰ ਤੇ ਮੰਨਣਾ ਪੈਣਾ ਭਾਣਾ । ਸ਼ਾਹ ਸੁਲਤਾਨ ਵਡ ਰਾਜ ਰਾਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰੇ ਜੋਤ ਸ੍ਰੀ ਭਗਵਾਨਾ । ਰੋਗੀਆਂ ਰੋਗ ਗਵਾਈ ਜਾ । ਅੰਮ੍ਰਿਤ ਜਾਮ ਪਿਆਈ ਜਾ । ਸੋਹੰ ਸਾਚਾ ਨਾਮ ਧਿਆਈ ਜਾ । ਫੜ ਫੜ ਬਾਹੋਂ ਉਠਾਈ ਜਾ । ਸਾਚੇ ਰਾਹੇ ਪਾਈ ਜਾ । ਸੰਤ ਮਨੀ ਸਿੰਘ ਤੇਰਾ ਦਵਾਰਾ, ਆਪਨੇ ਹੱਥੀਂ ਵਖਾਈ ਜਾ । ਆਪ ਵਖਾਈਂ ਘਰ ਬਾਹਰ, ਜਿਥੇ ਹਰਿ ਜੀ ਬਹਾਈਦਾ । ਅੰਮ੍ਰਿਤ ਵਗੇ ਸੋਮਾ ਧਾਰ, ਕਾਇਆ ਠੰਡੀ ਠਾਰ ਕਰਾਈ ਜਾ । ਕਵਲ ਨਾਭ ਹੋਏ ਉਜਿਆਰ, ਅੰਮ੍ਰਿਤ ਮੁਖ ਚੁਆਈ ਜਾ । ਉਤੋਂ ਲੱਥੇ ਸਿਰ ਦੇ ਭਾਰ, ਚਰਨੀਂ ਸੀਸ ਨਿਵਾਈਦਾ । ਪ੍ਰਭ ਅਬਿਨਾਸ਼ੀ ਮਿਲੇ ਸਚ ਭਤਾਰ, ਅੱਗੇ ਬਹਿ ਦਰਸ਼ਨ ਪਾਈਦਾ । ਗੁਰਮੁਖ ਸੁਲੱਖਣੀ ਨਾਰ, ਸਾਚੀ ਸੇਜਾ ਕੰਤ ਹੰਢਾਈ ਜਾ । ਪ੍ਰਭ ਅਬਿਨਾਸ਼ੀ ਦੱਸੇ ਧਾਰ, ਕਿਵੇਂ ਪੀਆ ਮਨਾਈ ਦਾ । ਨਿਹਕਲੰਕ ਲਿਆ ਅਵਤਾਰ, ਪੰਚਮ ਜੇਠ ਖ਼ੁਸ਼ੀਆਂ ਨਾਲ ਮਨਾਈ ਦਾ । ਸਾਚੀ ਕਰੇ ਹਰਿ ਜੀ ਕਾਰੀ । ਦੇਵੇ ਨਾਮ ਸੱਚੀ ਇਕ ਖ਼ੁਮਾਰੀ । ਲਾਹੇ ਤਨ ਜੂਠ ਝੂਠ ਹਰਿ ਬਿਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਲ ਦਵਾਰੀ । ਲਾਹੇ ਦੁੱਖ ਹਰਿ ਭਗਵਾਨੇ । ਬਿਰਧ ਬਾਲ ਜਵਾਨ ਨਾ ਕੋਈ ਪਛਾਨੇ । ਏਕਾ ਜਾਮ ਸਰਬ ਪਿਲਾਨੇ । ਨਾ ਕੋਈ ਮੰਗੇ ਦਾਮ । ਸੁੱਕੇ ਚਾਮ ਹਰੇ ਕਰਾਏ ਪੂਰ ਕਰਾਏ ਕਾਮ । ਜੋ ਜਨ ਚਰਨ ਧਿਆਨ ਰਖਾਏ, ਮਿਟੇ ਅੰਧੇਰੀ ਸ਼ਾਮ । ਆਤਮ ਸਾਚੀ ਜੋਤ ਜਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਤਨ ਅੰਦਰ ਸਾਚੇ ਮੰਦਰ, ਏਕਾ ਜੋਤੀ ਰਾਮ । ਸਾਚਾ ਰੋਗ ਗੁਰ ਦਰ ਗਵਾਈਏ । ਪੂਰੇ ਗੁਰ ਦਾ ਦਰਸ਼ਨ ਪਾਈਏ । ਗੁਰ ਸੰਗਤ ਸੇਵ ਕਮਾਈਏ । ਭੈਣ ਭਾਈ ਸਰਬ ਬਣ ਜਾਈਏ । ਨੇਤਰ ਖੋਲ੍ਹ ਨਾ ਕਿਸੇ ਤਕਾਈਏ । ਕਾਮ ਕਰੋਧ ਦੂਰ ਕਰਾਈਏ । ਹਿਰਦਾ ਸੋਧ ਗੁਰ ਚਰਨ ਆਈਏ । ਅਗਾਧ ਬੋਧ ਸ਼ਬਦ ਕੰਨ ਪਾਈਏ । ਵਡ ਦਾਤਾ ਜੋਧਨ ਜੋਧ, ਏਕਾ ਸਰਨ ਰਖਾਈਏ । ਸਾਚਾ ਸ਼ਬਦ ਦੇਵੇ ਧਰਵਾਸ, ਲੱਖ ਚੁਰਾਸੀ ਗੇੜ ਕਟਾਈਏ । ਨਿਜ ਘਰ ਆਤਮ ਰੱਖੇ ਵਾਸ, ਆਤਮ ਜੋਤੀ ਆਪ ਜਗਾਈਏ । ਲਾਏ ਕੌਲ ਵਿਚ ਪਰਭਾਸ, ਕਾਇਆ ਚੰਦਨ ਰੱਖ ਬਣਾਈਏ । ਅੰਤਮ ਵੇਲਾ ਹੋਣਾ ਨਾਸ, ਪ੍ਰਭ ਅਬਿਨਾਸ਼ੀ ਨਾ ਮਨੋਂ ਭੁਲਾਈਏ । ਅੱਠੇ ਪਹਿਰ ਰਹੀਏ ਦਾਸ, ਜਿਸ ਦਾ ਦਿਤਾ ਪੀਏ ਖਾਈਏ । ਰਸਨਾ ਜਪੀਏ ਸਵਾਸ ਸਵਾਸ, ਮਾਨਸ ਜਨਮ ਕਰਾਈਏ ਰਾਸ, ਸਿਰ ਸਾਚਾ ਛਤਰ ਝੁਲਾਈਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਆਤਮ ਰੱਖੇ ਵਾਸ, ਅੰਦਰ ਬੈਠਾ ਦਰਸ਼ਨ ਪਾਈਏ । ਅੰਦਰ ਵੇਖ ਵਿਚਾਰੋ । ਪ੍ਰਭ ਅਬਿਨਾਸ਼ੀ ਸਚ ਭਤਾਰੋ । ਆਤਮ ਆਸਣ ਸਾਚੀ ਸੇਜਾ, ਸੁੱਤਾ ਪੈਰ ਪਸਾਰੋ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨੋਂ, ਕਰੋ ਸੱਚਾ ਇਕ ਪਿਆਰੋ । ਆਤਮ ਸੇਜਾ ਹਰਿ ਵਿਛਾਈਆ । ਉਤੇ ਸੁੱਤਾ ਹਰਿ ਰਘੁਰਾਈਆ । ਮਾਇਆ ਪੜਦਾ ਇਕ ਰਖਾਈਆ । ਬੇਮੁਖਾਂ ਦਿਸ ਨਾ ਆਈਆ । ਗੁਰਸਿਖਾਂ ਆਤਮ ਵਜੇ ਵਧਾਈਆ । ਜਿਸ ਦੂਈ ਦਵੈਤੀ ਦੂਰ ਕਰਾਈਆ । ਨਾ ਕੋਈ ਸ਼ਰਅ ਨਾ ਹਦਾਇਤੀ, ਨਾ ਕੋਈ ਔਖਾ ਮਾਰਗ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸੱਚਾ ਇਕੋ ਰਾਗ, ਸਭਨਾਂ ਸਿਰ ਰੱਖੇ ਵਡਿਆਈਆ । ਸੋਹੰ ਰਾਗ ਇਕ ਸੁਣਾਇਆ । ਰਾਗ ਛਤੀਸਾ ਮਾਣ ਗਵਾਇਆ । ਨਾ ਕੋਈ ਕਰੇ ਪ੍ਰਭ ਸਾਚੇ ਦੀ ਸਾਚੀ ਰੀਸਾ, ਰਾਜ ਤਾਜ ਸਾਜ ਬਾਜ ਜਗਤ ਕਾਜ ਆਪਨੇ ਹੱਥ ਰਖਾਇਆ । ਜਿਸ ਜਨ ਮਾਰੇ ਸ਼ਬਦ ਅਵਾਜ਼, ਸੋਇਆ ਲਏ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਪ੍ਰਗਟ ਹੋਇਆ ਦੇਸ ਮਾਝ, ਬੇਮੁਖਾਂ

੩੦੬
੦੪

ਗੂੜ੍ਹੀ ਨੀਂਦ ਸਵਾਇਆ । ਸਾਚੀ ਡੋਲੀ ਹਰਿ ਬਣਾਈਆ । ਚਾਰ ਕਹਾਰ ਚਾਰੇ ਜੁਗ ਰਖਾਈਆ । ਉਤੇ ਲਾਲ ਪਾਏ ਪੜਦਾ, ਸਾਚਾ ਚੋਲਾ ਤਨ ਛੁਹਾਈਆ । ਕਲਜੁਗ ਲੱਖ ਚੁਰਾਸੀ ਝੂਠੀ ਨਾਰੀ, ਇਹਦੇ ਵਿਚ ਬਹਾਈਆ । ਹਰਿ ਚੁਕਾਏ ਪੰਡ ਭਾਰੀ, ਨਾ ਸਕੇ ਇਹ ਉਠਾਈਆ । ਤੋਰੀ ਜਾਏ ਵਾਰੋ ਵਾਰੀ, ਚਾਰੇ ਕੁੰਟ ਫਿਰਾਈਆ । ਫੇਰੀ ਜਾਏ ਮਗਰ ਬਹਾਰੀ, ਲਾੜ੍ਹੀ ਮੌਤ ਮਗਰ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਮਾਇਆ ਆਪਣੀ ਆਪ ਵਰਤਾਈਆ । ਲੱਖ ਚੁਰਾਸੀ ਨਾਰੀ, ਡੋਲੇ ਪਾਈ ਰੋਨੀ । ਇਕ ਇਕੱਲੀ ਜੂਠ ਝੂਠ ਦਿਸੇ ਨਾਲ ਇਕੋ ਚੁੰਨੀ । ਅੰਤਮ ਵੇਲੇ ਨਾ ਕੋਈ ਸੁਹੇਲ ਬਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਆਪੇ ਘੜੇ ਆਪੇ ਜਾਏ ਭੰਨੀ । ਡੋਲੀ ਚੁੱਕਣ ਚਾਰ ਕੁਹਾਰ । ਲੱਖ ਚੁਰਾਸੀ ਰੋਵੇ ਧਾਹਾਂ ਮਾਰ । ਕਰ ਬੰਦ ਖ਼ਲਾਸੀ, ਹਰਿ ਕਰਤਾਰ । ਪਈ ਫਾਂਸੀ, ਧਰਮ ਰਾਏ ਦੇ ਸਚ ਦਵਾਰ । ਕਲਜੁਗ ਕਰਦੇ ਰਹੇ ਹਾਸੀ ਮਦਿਰਾ ਮਾਸੀ, ਨਿਹਕਲੰਕ ਲਿਆ ਅਵਤਾਰ । ਬਣੇ ਧਰਮ ਰਾਏ ਦੀ ਦਾਸੀ, ਸਿਰ ਚੁਕਿਆ ਡਾਹਢਾ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਧੱਕਾ ਆਪੇ ਲਾਇਆ, ਸਕੇ ਨਾ ਕੋਈ ਖਲ੍ਹਾਰ । ਲੱਖ ਚੁਰਾਸੀ ਪਾਵੇ ਹਾਵੇ, ਵੇਲੇ ਅੰਤ ਨਾ ਕੋਈ ਛੁਡਾਵੇ । ਝੂਠੇ ਬੱਧੇ ਕਲਜੁਗ ਦਾਅਵੇ । ਧਰਮ ਰਾਏ ਅਠਾਈ ਕੁੰਡਾਂ ਆਪ ਭਰਾਵੇ । ਛੋਟਾ ਬਾਲਾ ਸਿੰਘ ਮਨਜੀਤ, ਆਪਣੀ ਹੱਥੀਂ ਬੂਹਾ ਲਾਹਵੇ । ਲੱਖ ਚੁਰਾਸੀ ਗਿਆ ਜੀਤ, ਇੰਦਰਪੁਰੀ ਵਿਚ ਡੇਰਾ ਲਾਵੇ । ਆਪੇ ਢਾਹੇ ਮੰਦਰ ਮਸੀਤ, ਨਿਹਕਲੰਕ ਸਾਚਾ ਡੰਕ ਇਕ ਵਜਾਵੇ । ਜਗਤ ਚਲਾਏ ਸਾਚੀ ਰੀਤ, ਪਹਿਲੀ ਹਾੜ੍ਹੀ ਨੀਂਹ ਰਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜ ਦਿਨ ਖ਼ੁਸ਼ੀਆਂ ਨਾਲ ਮਨਾਵੇ । ਪਹਿਲੀ ਹਾੜ੍ਹੀ ਨੀਂਹ ਰਖਾਉਣੀ । ਸਤਿ ਸਰੂਪੀ ਇੱਟ ਲਗਾਉਣੀ । ਸਿੰਘ ਗੁਰਮੁਖ ਜੋ ਲਾਈ ਮੇਖ, ਪ੍ਰਭ ਅਬਿਨਾਸ਼ੀ ਪੂਰ ਕਰਾਉਣੀ । ਸਾਢੇ ਤਿੰਨ ਹੱਥ ਧਰਤੀ ਵੇਖ, ਚਾਰੋਂ ਤਰਫ ਲਕੀਰ ਲਗਾਉਣੀ । ਨੇਤਰ ਲੈਣਾ ਵੇਖ, ਚੜ੍ਹਦੇ ਪਾਸੇ ਮੁਖ ਰਖਾਉਣੀ । ਸਾਚੀ ਬਣਤ ਹਰਿ ਬਣਾ, ਲਾਲ ਚੋਲੀ ਗਲ ਵਿਚ ਪਾਉਣੀ । ਗੁਰ ਸੰਗਤ ਸਾਚੀ ਸੇਵ ਕਮਾ, ਪੱਕੀ ਰਹੇ ਤੇਰੀ ਹਾੜ੍ਹੀ ਸਾਉਣੀ । ਚਰਨ ਪ੍ਰੀਤੀ ਏਕਾ ਦਿਸੇ, ਨਾ ਹੋਰ ਕੋਈ ਅੜਾਉਣੀ । ਆਪ ਤੋੜੇ ਜਗਤ ਜੰਜ਼ਾਲ, ਜਿਸ ਨੇ ਸਾਚੀ ਬਣਤ ਬਣਾਉਣੀ । ਗੁਰ ਸੰਗਤ ਨਾ ਹੋਏ ਕਦੇ ਕੰਗਾਲ, ਸਾਚੀ ਝੋਲੀ ਨਾਮ ਭਰਾਉਣੀ । ਫਲ ਲਗਾਉਣਾ ਸਾਚੇ ਡਾਲ, ਪਹਿਲੀ ਹਾੜ ਦਇਆ ਕਮਾਉਣੀ । ਸ੍ਰਿਸ਼ਟ ਸਬਾਈ ਦਲੇ ਜਿਉਂ ਦਾਲ, ਅਚਰਜ਼ ਖੇਲ ਕਰ ਵਖਾਉਣੀ । ਆਪੇ ਚਲੇ ਅਵੱਲੜੀ ਚਾਲ, ਗੁਰ ਸੰਗਤ ਰੱਖੇ ਨਾਲ ਨਾਲ, ਬੇਮੁਖ ਜੀਵਾਂ ਖ਼ਾਕ ਉਡਾਉਣੀ । ਸਿੰਘ ਮਨਜੀਤ ਧੋਏ ਦਾਗ ਛੋਟੇ ਬਾਲ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਤੇਰੀ ਇਕ ਬਣਤ ਬਣਾਉਣੀ । ਸਾਚੀ ਨੀਂਹ ਦੇਵੇ ਰੱਖ । ਲੱਖ ਚੁਰਾਸੀ ਵਿਚੋਂ ਵੱਖ । ਚਾਰੋਂ ਕੁੰਟ ਦਿਸਣ ਭੱਖ । ਗੁਰਮੁਖ ਸਾਚੇ ਲਏ ਰੱਖ । ਸ੍ਰਿਸ਼ਟ ਸਬਾਈ ਜਾਏ ਮਥ । ਸ਼ਬਦ ਸਰੂਪੀ ਪਾਏ ਨੱਥ । ਗੁਰਮੁਖ ਸਾਚੇ ਸੰਤ ਜਨਾਂ, ਸਗਲ ਵਸੂਰੇ ਜਾਇਣ ਲਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਜਗਾਈ, ਸਰਬ ਕਲਾ ਸਮਰੱਥ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਮਨ ਸਾਚੇ ਧੀਰ ਧਰੀਜੇ । ਸੋਹੰ ਦੇਵੇ ਸਾਚਾ ਵਰ, ਆਤਮ ਜੀਵ ਫੇਰ ਪਤੀਜੇ । ਸਾਚੀ ਵਸਤ ਵਿਚ ਧਰ, ਸੋਹੰ ਬੀਜ ਸਾਚਾ ਬੀਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਗੁਰਸਿਖ ਸਾਚੇ ਤੇਰੀ ਖੜਿਆ ਰਹੇ ਆਤਮ ਦਰ ਦਹਿਲੀਜੇ । ਸ਼ਬਦ ਭੰਡਾਰਾ ਵੰਡ, ਆਤਮ ਦੁੱਖ ਦੁਖਦਾਈ ਹੈ । ਆਤਮ ਤੋੜ

੩੦੭
੦੪

ਘਮੰਡ, ਕਾਮ ਕਰੋਧ ਹੰਕਾਰ ਗਵਾਈ ਹੈ । ਕਾਇਆ ਤਨ ਝੂਠਾ ਘਮੰਡ, ਆਤਮ ਵਸਤ ਪਰਾਈ ਹੈ । ਨਾਰ ਸੁਹਾਗਣ ਸਦਾ ਰੰਡ, ਸਾਚੀ ਸੇਜ ਨਾ ਕੰਤ ਹੰਢਾਈ ਹੈ । ਅੰਤਮ ਵੇਲੇ ਹਰਿ ਦੇਵੇ ਦੰਡ, ਨਾ ਲਏ ਕੋਈ ਛੁਡਾਈ ਹੈ । ਕਰੇ ਖੇਲ ਵਿਚ ਬ੍ਰਹਿਮੰਡ, ਸਾਚੀ ਜੋਤ ਜਗਾਈ ਹੈ । ਬੇਮੁਖਾਂ ਵੱਢਣ ਆਇਆ ਕੰਡ, ਸ਼ਬਦ ਤੇਗ ਹੱਥ ਉਠਾਈ ਹੈ । ਜੂਠੇ ਝੂਠੇ ਪਾਵਣ ਵੰਡ, ਵੇਲੇ ਅੰਤ ਕਰੇ ਸਫ਼ਾਈ ਹੈ । ਕੱਚੇ ਭੰਨੇ ਘਰ ਘਰ ਅੰਡ, ਛੁਪਿਆ ਰਹੇ ਨਾ ਕੋਈ ਥਾਈਂ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਸਰਨ ਰਿਹਾ ਬਹਾਈ ਹੈ । ਨਾਥ ਤ੍ਰੈਲੋਕੀ ਰਚਨ ਰਚਾਇੰਦਾ । ਜੋਤ ਸਰੂਪੀ ਸ਼ਬਦ ਸਲੋਕੀ ਇਕ ਸੁਣਾਇੰਦਾ । ਸਾਚਾ ਭਾਣਾ ਜੋ ਵਰਤਾਏ ਨਾ ਸਕੇ ਕੋਈ ਰੋਕੀ, ਵਿਚ ਮਾਤ ਭੇਵ ਖੁਲ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਕਾਂ ਬਣਤ ਬਣਾਇੰਦਾ । ਸਚ ਤ੍ਰੈਲੋਕੀ ਆਪ ਬਣਾਈ । ਮਾਤ ਪਤਾਲ ਅਕਾਸ਼ ਲਿਖਾਈ । ਉਪਰ ਰੱਖੇ ਹਰਿ ਜੀ ਵਾਸ, ਅਚਰਜ ਧਾਮ ਰਚਾਈ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਚਰਨਾਂ ਹੇਠ ਰਖਾਈ । ਜੋਤੀ ਜੋਤ ਸਰੂਪ ਹਰਿ, ਚੌਦਾਂ ਹੱਟਾਂ ਚੌਦਾਂ ਭਵਨ ਇਕ ਦੁਕਾਨ ਰਖਾਈ । ਚੌਦਾਂ ਲੋਕ ਹਰਿ ਭੇਵ ਖੁਲ੍ਹਾਰੇ । ਵਿਚ ਧਰਤ ਨਾ ਕੋਈ ਉਸਾਰੇ । ਇਕ ਵਖਾਏ ਕਾਇਆ ਮਹੱਲ ਮੁਨਾਰੇ । ਜਿਸ ਦੇ ਅੱਗੇ ਪੜਦੇ ਲੱਗੇ ਭਾਰੇ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸੱਚੇ ਇਕ ਚੁਬਾਰੇ । ਚੌਦਾਂ ਹੱਟ ਸਰਬ ਖੁਲ੍ਹਾਏ । ਸਾਚਾ ਭੇਵ ਆਪ ਸੁਣਾਏ । ਸਮੇਰੂ ਵਿਚ ਸਰਬ ਰਖਾਏ । ਸਚ ਸਮੇਰੂ ਕਵਣ ਵਖਾਏ । ਕਿਸ ਦਾ ਨਾਂ ਰਖਾਏ । ਵੇਦ ਪੁਰਾਨ ਸਰਬ ਪੁਕਾਰੇ, ਵਿਚ ਮੇਲ ਸਾਚੇ ਸਾਗਰ, ਹਰਿ ਜੀ ਆਪ ਟਿਕਾਏ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਜੋਤ ਪੰਚਮ ਜੇਠ ਸਾਚਾ ਭੇਵ ਖੁਲ੍ਹਾਏ । ਨਾ ਉਹ ਸਮੇਰੂ ਨਾ ਉਹ ਸਾਗਰ । ਚੌਦਾਂ ਹੱਟ ਕਾਇਆ ਗਾਗਰ । ਏਕਾ ਜੋਤ ਕਰੇ ਉਜਾਗਰ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਵ ਆਪ ਖੁਲ੍ਹਾਏ, ਗੁਰਮੁਖ ਸਾਚਾ ਬਣੇ ਸੁਦਾਗਰ । ਤ੍ਰੈਲੋਕੀ ਹਰਿ ਬਣਾਈਆ । ਹਰਿ ਹੱਥ ਆਪਣੇ ਵਿਚ ਲਟਕਾਈਆ । ਉਤੇ ਅਕਾਸ਼ ਹਰਿ ਰਹਾਈਆ । ਬਿਨਾਂ ਥੰਮ੍ਹਾਂ ਗਗਨ ਟਿਕਾਈਆ । ਚੰਦ ਸਿਤਾਰੇ ਦੀਪਕ ਸਾਚੇ ਸੂਰਜ ਜੋਤ ਜਗਾਈਆ । ਆਪੇ ਵਸੇ ਸਾਚੇ ਉਪਰ ਮਹੱਲ ਮੁਨਾਰੇ, ਜੋਤੀ ਦੂਣ ਸਵਾਈਆ । ਕਦੇ ਨਾ ਲੱਗੇ ਕਿਸੇ ਕਿਨਾਰੇ, ਉਚ ਅਟੱਲ ਹਰਿ ਪਰਬਲ, ਏਕਾ ਧਾਮ ਵਸਾਈਆ । ਥਲ ਪਤਾਲ ਹਰਿ ਪਸਾਰੇ, ਬਾਸ਼ਕ ਸੇਜਾ ਸੁੱਤਾ ਪੈਰ ਪਸਾਰੇ, ਲਛਮੀ ਚਰਨ ਝੱਸਣ ਲਾਈਆ । ਨਿਹਕਲੰਕ ਨਰਾਇਣ ਨਰ, ਆਪਣੀ ਕਿਰਪਾ ਦਿੱਤੀ ਕਰ, ਕਾਲਾ ਚੋਲਾ ਗੁਰ ਸੰਗਤ ਬਣਾ ਲਿਆਈਆ । ਤ੍ਰੈਲੋਕੀ ਦੀ ਦੱਸਾਂ ਧਾਰ । ਮਿਰਤੂ ਲੋਕ ਇਹ ਸੰਸਾਰ । ਆਪੇ ਬੱਧਾ ਅੱਧਵਿਚਕਾਰ । ਲੱਖ ਚੁਰਾਸੀ ਪਸਰ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਭਾਣੇ ਆਪ ਵਰਤਾਏ ਬੇਮੁਖਾਂ ਅੰਤਮ ਆਈ ਹਾਰ । ਲੱਖ ਚੁਰਾਸੀ ਲਾਏ ਫਾਸੀ । ਵੇਖੋ ਲਟਕਣ ਮਦਿਰਾ ਮਾਸੀ । ਵੇਦ ਪੁਰਾਨਾਂ ਸਾਰ ਨਾ ਪਾਈ, ਪੜ੍ਹ ਪੜ੍ਹ ਥੱਕੇ ਪੰਡਤ ਕਾਂਸ਼ੀ । ਕੁਰਾਨ ਅੰਜ਼ੀਲਾਂ ਅੰਤਮ ਹਾਰ ਆਈ, ਨਾ ਕੋਈ ਜਾਣੇ ਭੇਵ ਰਾਈ । ਖਾਣੀ ਬਾਣੀ ਦਏ ਦੁਹਾਈ । ਓਹੋ ਜਾਣੇ ਜਿਸ ਸ੍ਰਿਸ਼ਟੀ ਸਾਜੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਨਿਹਕਲੰਕ ਨਰਾਇਣ ਨਰ, ਚੜ੍ਹ ਕੇ ਆਇਆ ਸ਼ਬਦ ਘੋੜੇ ਚਿੱਟੇ ਤਾਜੀ । ਸ਼ਬਦ ਘੋੜੇ ਹੋ ਅਸਵਾਰ । ਸ੍ਰਿਸ਼ਟ ਸਬਾਈ ਵੇਖ ਗੁਰ ਸੰਗਤ ਰਿਹਾ ਤਾਰ । ਬਣ ਕੇ ਆਇਆ ਪਹਿਰੇਦਾਰ । ਲੱਖ ਚੁਰਾਸੀ ਪਈ ਲਟਕੇ ਅੱਧਵਿਚਕਾਰ । ਪ੍ਰਭ ਅਬਿਨਾਸ਼ੀ ਸਾਚਾ ਮਾਹੀ, ਏਕਾ

ਦਏ ਹੁਲਾਰ । ਆਪੇ ਕਰੇ ਬੰਦ ਖ਼ਲਾਸੀ, ਧਰਮ ਰਾਏ ਨਾ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਹੱਥ ਫੜੇ ਕੋਈ ਕਟਾਰ । ਨਾ ਕੋਈ ਖੰਡਾ ਨਾ ਤਲਵਾਰ । ਏਕਾ ਸ਼ਬਦ ਕਰਾਏ ਲੱਖ ਚੁਰਾਸੀ ਆਰ ਪਾਰ । ਆਪੇ ਬੈਠੇ ਇਕ ਕਿਨਾਰ । ਧਰਮ ਰਾਏ ਦਾ ਖੋਲ੍ਹ ਕਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਲਾ ਸੂਸਾ ਤਨ ਪਹਿਨਾਏ ਈਸਾ ਮੂਸਾ ਆਣ ਮਿਟਾਏ, ਜੋਤ ਜਗਾਏ ਅਗਨ ਲਗਾਏ ਬਹੱਤਰ ਨਾੜ । ਕਾਲੇ ਸੂਸੇ ਤੇਰੀ ਵਾਰੀ, ਚੌਥੇ ਜੁਗ ਕਰ ਖੁਆਰੀ । ਗੁਰਸਿਖ ਪੂਰੇ ਕਿਰਪਾ ਧਾਰੀ । ਨਿਹਕਲੰਕ ਪ੍ਰਗਟ ਹੋਇਆ ਨਰਾਇਣ ਨਰ ਅਵਤਾਰੀ । ਪ੍ਰਗਟ ਹੋਇਆ ਚਿੱਟੇ ਅਸਵ ਕਰ ਅਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਘਰ ਚਾਰ ਚੁਫੇਰੇ ਵੇਂਹਦਾ ਜਾਏ ਦੇਂਦਾ ਜਾਏ ਸਰਬ ਬਹਾਰੀ । ਦੇਵੇ ਆਪ ਬਹਾਰੀ । ਬੇਮੁਖਾਂ ਕਰੇ ਖੁਆਰੀ । ਘਰ ਸਾਚੇ ਵਿਚੋਂ ਕੱਢੇ ਬਾਹਰੀ । ਨਾ ਕੋਈ ਅਟਕੇ ਵਿਚ ਸੰਸਾਰੀ । ਸ਼ਬਦ ਖੰਡਾ ਏਕਾ ਫੜੇ, ਮਾਰੇ ਵਾਰੋ ਵਾਰੀ । ਰਾਜੇ ਰਾਣਿਆਂ ਆਤਮ ਫੜੇ ਨਿਹਕਲੰਕ ਵਡਾ ਵਡ ਬਲਕਾਰੀ । ਆਪ ਕਰਾਏ ਪਾਰ ਅਟਕੋਂ, ਮਗਰ ਜਾਏ ਕਰੇ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਅੱਗੇ ਕੋਈ ਨਾ ਅਟਕੇ, ਸੋਹੰ ਚਲੇ ਤਿੱਖੀ ਆਰੀ । ਤਿੱਖੀ ਆਰੀ ਜਾਏ ਵੱਢੀ । ਰਾਜ ਤਾਜ ਜਾਣ ਛੱਡੀ । ਕੋਈ ਨਾ ਦੇਵੇ ਨਾਮ ਵੱਢੀ । ਪ੍ਰਭ ਇਕ ਖੁਲ੍ਹਾਏ ਸਾਚਾ ਦਰ, ਬੇਮੁਖਾਂ ਜਾਏ ਵੱਢੀ । ਬੇਮੁਖ ਸੁੱਟੇ ਮੂੰਹ ਦੇ ਭਾਰੇ, ਉਤੋਂ ਜਾਏ ਦੱਬੀ । ਘਰ ਘਰ ਰੋਵਣ ਨਰ ਨਾਰੇ, ਚਾਰੋਂ ਤਰਫ ਧਾਹਾਂ ਮਾਰੇ, ਦਾੜ੍ਹਾਂ ਹੇਠ ਜਾਏ ਚੱਬੀ । ਸਾਚੀ ਖੇਲ ਆਪ ਰਚਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਅੰਤਮ ਦਿਨ ਬਾਕੀ ਰਹਿ ਗਏ ਛੱਬੀ । ਇਕ ਸੌ ਗਿਆਰਾਂ ਦਿਨ ਪ੍ਰਭ ਜਾਏ ਵੰਡੀ । ਨੌਂ ਖੰਡ ਪ੍ਰਿਥਮੀ ਵੱਢੇ ਕੰਡੀ । ਘਰ ਘਰ ਪਾਉਂਦਾ ਜਾਏ ਵੰਡੀ । ਨਾ ਕੋਈ ਸੁਹਾਗਣ ਨਾ ਕੋਈ ਰੰਡੀ । ਆਪ ਚਮਕਾਏ ਸਾਚੀ ਚੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਵਖਾਏ ਸਾਚੀ ਡੰਡੀ । ਪਹਿਲਾ ਖੇਲ ਕਰੇ ਅਕਾਸ਼ ਹੈ । ਸਾਚੀ ਜੋਤ ਕਰੇ ਪ੍ਰਕਾਸ਼ ਹੈ । ਬ੍ਰਹਮਾ ਅੰਤਮ ਹੋਏ ਨਾਸ ਹੈ । ਸਿੰਘ ਪਾਲ ਹੋਇਆ ਪ੍ਰਭ ਦਾਸ ਹੈ । ਮਾਨਸ ਜਨਮ ਹੋਇਆ ਰਾਸ ਹੈ । ਹਰਿ ਜਪਿਆ ਸਵਾਸ ਸਵਾਸ ਹੈ । ਦਿਤੀ ਦਾਤ ਸੱਚੀ ਵਡਿਆਈ, ਪ੍ਰਭ ਅਬਿਨਾਸ਼ੀ ਪੁਰਖ ਅਬਿਨਾਸ਼ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਲੋਕ ਕਰੇ ਪ੍ਰਕਾਸ਼ ਹੈ । ਦੂਜੀ ਖੇਲ ਹਰਿ ਰਚਾਏ । ਭਗਤ ਧਰੂ ਜੋਤ ਮਿਲਾਏ । ਸਿੰਘ ਸਵਰਨ ਆਪ ਉਠਾਏ । ਬਾਹੋਂ ਪਕੜ ਦਰ ਬਹਾਏ । ਅੱਠੇ ਪਹਿਰ ਸੇਵਾ ਲਾਏ । ਦਿਵਸ ਰੈਣ ਦਰਸ ਦਿਖਾਏ । ਸ਼ਬਦ ਡੰਡਾ ਹੱਥ ਫੜਾਏ । ਸਾਚੇ ਡੰਡੇ ਆਪ ਚੜ੍ਹਾਏ । ਧੁਰਦਰਗਾਹੀ ਏਕਾ ਖੰਡਾ, ਹੱਥ ਉਠਾਏ । ਬੇਮੁਖਾਂ ਕਰਨ ਆਇਆ ਝੰਡਾਂ, ਨਿਹਕਲੰਕ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇੰਦਰਪੁਰੀ ਫੇਰ ਜਗਾਏ । ਇੰਦਰ ਪੁਰੀ ਪਾਇਆ ਫੇਰਾ । ਸਿੰਘ ਮਨਜੀਤ ਤੇਰਾ ਵੇਖੇ ਸੱਚਾ ਡੇਰਾ । ਜਿਥੇ ਕਰਾਇਆ ਹਰਿ ਵਸੇਰਾ । ਚਾਰੋਂ ਤਰਫ ਘੁੰਮਰ ਪੈਂਦੀ ਅਪੱਛਰਾ ਦੇਣਾ ਗੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੋੜ ਤੇਤੀਸ ਤੇਰਾ ਬੰਨ੍ਹਣ ਜਾਏ ਬੇੜਾ । ਸ਼ਿਵ ਪੁਰੀ ਹਰਿ ਚਰਨ ਛੁਹਾਏ । ਸ਼ਿਵ ਸ਼ੰਕਰ ਅੱਗੋਂ ਸੀਸ ਝੁਕਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਗਲੋਂ ਨਾਗ ਕਾਲੇ ਲਾਹੇ । ਜਗਤ ਜਗਦੀਸ਼ ਸਿੰਘ ਸੇਵਾ ਲਾਏ । ਪ੍ਰਭ ਅਬਿਨਾਸ਼ੀ ਚਰਨ ਧੂੜੀ ਮਸਤਕ ਲਾਏ । ਸਾਚਾ ਹੁਕਮ ਦਏ ਫ਼ਰਮਾਨ, ਮੋਹਣੀ ਰੂਪ ਆਪ ਵਟਾਏ । ਪ੍ਰਭ ਅਬਿਨਾਸ਼ੀ ਨਿਹਕਲੰਕ, ਸੋਹਣੀ ਸੂਰਤ ਇਕ ਬਣਾਏ । ਏਕਾ ਜੋਤ ਦਿਸੇ ਅਕਾਲ ਮੂਰਤ,


੩੦੯
੦੪

੩੧੦
੦੪

ਮਾਤਲੋਕ ਹਰਿ ਜਾਮਾ ਪਾਏ । ਨਾਲ ਰਖਾਏ ਸ਼ਬਦ ਤੁਰਤ, ਤਿੰਨਾਂ ਲੋਕਾਂ ਆਪ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਪੂਰਤ, ਪੁਰੀਆਂ ਲੋਆਂ ਆਪ ਸਮਾਏ । ਸੰਤ ਮਨੀ ਸਿੰਘ ਦੇਗ ਚੜ੍ਹਾਉਣੀਆ । ਲੱਖ ਚੁਰਾਸੀ ਵਿਚ ਪਕਾਉਣੀਆ । ਸਿੰਘ ਪ੍ਰੀਤਮ ਸੇਵਾ ਲਾਉਣੀਆ । ਅੱਗ ਮੱਠੀ ਮੱਠੀ ਡਾਹਣੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਕਲਜੁਗ ਤੇਰੇ ਗੁਰ ਸੰਗਤ ਰਿੰਨ੍ਹ ਖਵਾਣੀਆ । ਮੱਠੀ ਮੱਠੀ ਅਗਨੀ ਬਾਲ । ਸਾਚੀ ਦੇਗ ਲੈਣੀ ਉਬਾਲ । ਸੰਤ ਮਨੀ ਸਿੰਘ ਪ੍ਰਗਟ ਹੋਵੇ, ਸਾਚਾ ਸੰਤ ਸਾਚਾ ਲਾਲ । ਕਲਜੁਗ ਤੇਰਾ ਮੁਖੜਾ ਧੋਵੇ, ਸਿਰ ਤੇ ਬੰਨ੍ਹੇ ਚਿੱਟਾ ਰੁਮਾਲ । ਕਾਲਾ ਸੂਸਾ ਤਨ ਪਹਿਨਾਏ, ਜੋ ਲਿਆਏ ਗੁਰਮੁਖ ਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੀਪਕ ਦੇਵੇ ਬਾਲ । ਸਾਚੀ ਦੇਗ ਦੇਣੀ ਚਾੜ੍ਹ । ਆਪ ਉਠਾਏ ਸਾਚੀ ਧਾੜ । ਗੁਰ ਸੰਗਤ ਤੇਰਾ ਹੋਏ ਸਹਾਈ, ਫਿਰੇ ਪਿਛੇ ਅਗਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਅੰਤ ਖਪਾਏ, ਉਚੇ ਟਿੱਲੇ ਫੁੱਲ ਰਹਿਣ ਨਾ ਪਾਏ, ਸ਼ਬਦ ਡੰਡੇ ਨਾਲ ਦੇਵੇ ਝਾੜ । ਉਬਲੇ ਦੇਗ ਚਿੱਟਾ ਰੰਗ । ਸ੍ਰਿਸ਼ਟ ਸਬਾਈ ਕੱਚੀ ਵੰਗ । ਅੰਤਮ ਵੇਲੇ ਹੋਏ ਭੰਗ । ਚਾਰੋਂ ਕੁੰਟ ਦਿਸਣ ਨੰਗ । ਗੁਰ ਸੰਗਤ ਤੇਰਾ ਸਾਚਾ ਸੰਗ । ਪ੍ਰਭ ਦਰ ਮੰਗੀ ਸਾਚੀ ਮੰਗ । ਸੰਤ ਮਨੀ ਸਿੰਘ ਸਾਚਾ ਗੁਰ, ਅੰਤਮ ਦੇਵੇ ਰੰਗ । ਨਿਹਕਲੰਕ ਲੇਖ ਲਿਖਾਇਆ, ਲਿਖਿਆ ਲੇਖ ਧੁਰ, ਚੜ੍ਹ ਕੇ ਸਾਚੇ ਘੋੜੇ ਆਇਆ । ਚਿੱਟੇ ਅਸਵ ਤੰਗ ਕਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਅੰਤਮ ਵੇਲੇ, ਸਾਚਾ ਪੂਤ ਸਾਚਾ ਦੂਤ, ਆਪੇ ਆਣ ਉਠਾਇਆ । ਸੰਤ ਮਨੀ ਸਿੰਘ ਉਠੇ ਜਾਗੇ । ਘਨਕਪੁਰ ਵਿਚ ਲੱਗੇ ਆਗੇ । ਸੜਦੇ ਜਾਣ ਕੋਲ ਵਾਗੇ । ਕੋਇ ਨਾ ਧੋਏ ਪਿਛਲਾ ਦਾਗੇ । ਆਪ ਸੁਣਾਏ ਸਾਚਾ ਰਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ, ਆਪਣੀ ਖੇਲ ਆਪ ਰਚਾਏ, ਸ੍ਰਿਸ਼ਟ ਸਬਾਈ ਉਠ ਉਠ ਭਾਗੇ । ਉਬਲੇ ਦੇਗ ਮਾਰੇ ਉਛੱਲ । ਸ੍ਰਿਸ਼ਟ ਸਬਾਈ ਜਾਏ ਹੱਲ । ਬੈਠੇ ਆਪ ਨਿਹਚਲ ਧਾਮ ਅਟੱਲ । ਸਾਚਾ ਵੇਲਾ ਆਣ ਸੁਹਾਇਆ, ਵੇਲੇ ਅੰਤਮ ਕੱਲ । ਸ੍ਰਿਸ਼ਟ ਸਬਾਈ ਆਪ ਭੁਲਾਇਆ, ਕਰ ਕਰ ਵਲ ਛਲ । ਗੁਰਮੁਖਾਂ ਬੇੜਾ ਬੰਨ੍ਹ ਵਖਾਇਆ, ਫਲ ਲਗਾਏ ਸਾਚੇ ਡਾਲ । ਅੰਤਮ ਵੇਲੇ ਕੰਧ ਉਠਾਇਆ, ਪੱਲੂ ਪਾਇਆ ਗਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਜਾਏ ਬਲ ਬਲ । ਉਬਲੇ ਦੇਗ ਪਾਣੀ ਗੜਕੇ । ਪ੍ਰਭ ਅਬਿਨਾਸ਼ੀ ਸ੍ਰਿਸ਼ਟੀ ਰਿੜਕੇ । ਜੇਠ ਦੁਪਹਿਰ ਡਾਹਢੀ ਕੜਕੇ । ਲੱਖ ਚੁਰਾਸੀ ਆਪੇ ਮਰੇ, ਇਕ ਦੂਜੇ ਦੇ ਨਾਲ ਲੜ ਕੇ । ਬੇਮੁਖ ਜੀਵਾਂ ਨੀਤ ਖੋਟੀ, ਧੁਰ ਦਰਗਾਹੋਂ ਫਿਟਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਗੁਰਸੰਗਤ ਤੇਰਾ ਮਾਣ ਰਖਾਇਆ, ਸਾਚਾ ਲੇਖ ਆਪ ਲਿਖਾਇਆ, ਵਿਚ ਮਾਤ ਕੋਈ ਨਾ ਮੇਟੇ । ਪ੍ਰਭ ਸਾਚੇ ਖ਼ੁਸ਼ੀ ਮਨਾਈਆ । ਗੁਰ ਸੰਗਤ ਦਏ ਸੁਣਾਈਆ । ਜੋ ਸਚ ਦਾਨ ਆਏ ਮੰਗਤ, ਸਚ ਨਾਮ ਦਾਤ, ਹਰਿ ਭਿੱਛਿਆ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁੱਖਿਆਂ ਨੰਗਿਆਂ ਪੂਰਨ ਆਸ ਕਰਾਈਆ । ਪੰਚਮ ਜੇਠ ਹਰਿ ਜੋਤ ਜਗਾਵੇ । ਜੋ ਜਨ ਆਵੇ ਰਾਜੀ ਜਾਵੇ । ਖ਼ੁਸ਼ੀਆਂ ਨਾਲ ਮੰਗਲ ਗਾਵੇ । ਪ੍ਰਭ ਅਬਿਨਾਸ਼ੀ ਨਾ ਭੁਲਾਵੇ । ਪ੍ਰਭ ਅਬਿਨਾਸ਼ੀ ਸਹਿਜ ਸਮਾਵੇ । ਘਨਕਪੁਰ ਵਾਸੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਚਰਨ ਧੂੜ, ਅੰਮ੍ਰਿਤ ਆਤਮ ਤੀਰਥ ਗੁਰਮੁਖ ਸਾਚਾ ਸਦਾ ਸਦਾ ਨੁਹਾਵੇ । ਆਤਮ ਤੀਰਥ ਸਾਚੇ ਨਹਾਓ । ਦੁਰਮਤ ਮੈਲ ਤਨ

ਗਵਾਓ । ਅਠਸਠ ਤੀਰਥ ਜੋ ਰਹੀ ਫੈਲ, ਪ੍ਰਭ ਦਰ ਆਏ ਦੂਰ ਕਰਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟਾ ਹਰਸ, ਸੁਖੀ ਵਸੰਦੜੇ ਘਰ ਨੂੰ ਜਾਓ । ਰਚਨਾਂ ਸਾਚੀ ਆਪ ਰਚਾਈਆ । ਜੋਤੀ ਪੂਰੇ ਸਿੱਖ ਵਿਚ ਟਿਕਾਈਆ । ਦੁਰਮਤ ਮੈਲ ਪਹਿਲੋਂ ਧੋਤੀ, ਕਾਇਆ ਮਾਟੀ ਸਾਫ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤੀ ਏਕਾ ਆਪ ਜਗਾਈਆ । ਸਾਚੀ ਜੋਤ ਕੀਆ ਉਜਿਆਰਾ । ਨਿਹਕਲੰਕ ਵਿਚ ਮਾਤ ਲਿਆ ਅਵਤਾਰਾ । ਕਦੇ ਗੁਪਤ ਕਦੇ ਪ੍ਰਗਟ ਕਦੇ ਹੋਵੇ ਜਾਹਰਾ । ਗੁਰ ਸੰਗਤ ਚਾਰ ਚੁਫੇਰੇ ਪ੍ਰਭ ਅਬਿਨਾਸ਼ੀ ਦੇਵੇ ਪਾਹਿਰਾ । ਅੱਖੀਂ ਕਿਸੇ ਦਿਸ ਨਾ ਆਏ, ਬੇਮੁਖ ਫਿਰਨ ਸਰਬ ਹਲਕਾਏ, ਪ੍ਰਭ ਅਬਿਨਾਸ਼ੀ ਦਇਆ ਕਮਾਏ, ਗੁਰ ਸੰਗਤ ਤੇਰੇ ਲੇਖ ਲਿਖਾਏ, ਭਰਮ ਹੋਵੇ ਤੇਰੇ ਵਿਚੋਂ ਬਾਹਰਾ । ਸਰਬ ਗਿਆਤਾ ਆਪ ਪ੍ਰਭ, ਸਰਬ ਘਟ ਜਾਣੇ । ਆਤਮ ਰਾਮ ਸਰਬ ਪਛਾਣੇ । ਸਰਬ ਘਟ ਦਾਤਾ ਆਪ ਪ੍ਰਭ, ਗੁਰਮੁਖ ਸਾਚੇ ਆਪ ਪਛਾਣੇ । ਸਰਬ ਘਟ ਦਾਤਾ ਆਪ ਪ੍ਰਭ, ਏਕਾ ਜੋਤ ਜਗੇ ਮਹਾਨੇ । ਸਰਬ ਘਟ ਦਾਤਾ ਆਪ ਪ੍ਰਭ, ਕਲ ਮਿਟਾਏ ਅੰਧ ਅੰਧਿਆਨੇ । ਸਰਬ ਘਟ ਦਾਤਾ ਆਪ ਪ੍ਰਭ, ਕਲਜੁਗ ਤੇਰੀ ਲਾਹੁਣ ਆਇਆ ਮੁਕਾਨੇ । ਸਰਬ ਘਟ ਦਾਤਾ ਆਪ ਪ੍ਰਭ, ਚੋਜੀ ਚੋਜ ਕਰੇ ਭਗਵਾਨੇ । ਸਰਬ ਘਟ ਦਾਤਾ ਆਪ ਪ੍ਰਭ, ਕੱਢੇ ਖੋਜ ਲੱਖ ਚੁਰਾਸੀ ਫੋਲ ਵਖਾਣੇ । ਸਰਬ ਘਟ ਦਾਤਾ ਆਪ ਪ੍ਰਭ, ਨਾਮ ਝੁਲਾਏ ਸਚ ਨਿਸ਼ਾਨੇ । ਸਰਬ ਘਟ ਦਾਤਾ ਆਪ ਪ੍ਰਭ, ਗੁਰਮੁਖਾਂ ਹੱਥੀਂ ਬੰਨ੍ਹੇ ਗਾਨੇ । ਸਰਬ ਘਟ ਦਾਤਾ ਆਪ ਪ੍ਰਭ, ਧਰਤ ਮਾਤ ਖ਼ੁਸ਼ੀ ਮਨਾਨੇ । ਸਰਬ ਘਟ ਦਾਤਾ ਆਪ ਪ੍ਰਭ, ਲੱਖ ਚੁਰਾਸੀ ਵਿਆਹੀ ਜਾਏ, ਧਰਮ ਰਾਏ ਦੇ ਘਰ ਰਖਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਲ ਚੋਲੀ ਸੱਚੀ ਡੋਲੀ ਨਾਲ ਬੰਨ੍ਹੇ ਸ਼ਬਦ ਕਲੀਰੇ ਸੱਚੇ ਗਾਨੇ । ਸਰਬ ਘਟ ਦਾਤਾ ਆਪ ਪ੍ਰਭ, ਵਕਤ ਵਿਚਾਰੇ । ਸਰਬ ਘਟ ਦਾਤਾ ਆਪ ਪ੍ਰਭ, ਕਲਜੁਗ ਤੇਰੀ ਪਾਏ ਸਾਰੇ । ਸਰਬ ਘਟ ਦਾਤਾ ਆਪ ਪ੍ਰਭ, ਕਰੇ ਖੇਲ ਰੰਗ ਅਪਾਰੇ । ਸਰਬ ਘਟ ਦਾਤਾ ਆਪ ਪ੍ਰਭ, ਧਰਮ ਰਾਏ ਤੇਰਾ ਬਣਿਆ ਸੰਗ, ਲੱਖ ਚੁਰਾਸੀ ਬਣ ਭਤਾਰੇ । ਸਰਬ ਘਟ ਦਾਤਾ ਆਪ ਪ੍ਰਭ, ਵਿਆਹੁਣ ਆਇਆ ਜਗਤ ਨਾਰੇ । ਸਰਬ ਘਟ ਦਾਤਾ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੇਈਏ ਸਹੁਰੇ ਦੋਵੀਂ ਥਾਈਂ ਕਾਜ ਸਵਾਰੇ । ਮਾਤਲੋਕ ਤੇਰੇ ਕਵਣ ਮਾਪੇ । ਧਰਮ ਰਾਏ ਪਿਤ ਸਾਚਾ ਜਾਪੇ । ਲੱਖ ਚੁਰਾਸੀ ਬੁਝ ਆਪਣਾ ਆਪੇ । ਅੰਤਮ ਵੇਲੇ ਪੈਣੀ ਫਾਸੀ, ਅੱਠੇ ਪਹਿਰ ਚੜ੍ਹਨਾ ਤਾਪੇ । ਖੜੇ ਤੱਕਣ ਮਦਿਰਾ ਮਾਸੀ, ਵੇਖ ਵੇਖ ਧਰਤ ਮਾਤ ਕਾਂਪੇ । ਪ੍ਰਗਟ ਹੋਇਆ ਘਨਕਪੁਰ ਵਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜਨਮ ਕਰਾਏ ਰਹਿਰਾਸੇ । ਲੱਖ ਚੁਰਾਸੀ ਕਲਜੁਗ ਕੰਨਿਆ । ਨੇਤਰ ਵੇਖ ਧਰਮ ਰਾਏ ਨਾ ਮੰਨਿਆ । ਵਿਚ ਰਲ ਗਏ ਪੀਰ ਔਲੀਏ ਸ਼ੇਖ਼, ਝੂਠਾ ਬੇੜਾ ਜਿਨ੍ਹਾਂ ਬੰਨਿਆ । ਪ੍ਰਭ ਉਖਾੜੇ ਮਾਤਲੋਕ ਲੱਗੀ ਮੇਖ, ਅੱਗੇ ਦੇਵੇ ਡੰਨਿਆ । ਕਲਜੁਗ ਰੋਏ ਧੀ ਨਿਮਾਣੀ ਮਾੜੇ ਹੋਏ ਆਪਣੇ ਲੇਖ, ਧਰਮ ਰਾਏ ਡਾਹਢਾ ਬੰਨ੍ਹਿਆ । ਕਰਦੀ ਆਪਣੇ ਝੂਠੇ ਭੇਖ, ਆਤਮ ਰਾਮ ਅਜੇ ਨਾ ਮੰਨਿਆ । ਅੰਤਮ ਵੇਲੇ ਨੇਤਰ ਰਹੀ ਵੇਖ, ਮਾਤ ਪਿਤ ਭੈਣ ਭਾਈ ਸਾਕ ਸੱਜਣ ਸੈਣ, ਹੁੰਦੇ ਜਾਣ ਖੰਨ ਖੰਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਜੁਗਾਂ ਜੁਗੰਤ ਜਿਹੜਾ ਘੜਿਆ ਸੋ ਭੰਨਿਆ । ਲੱਖ ਚੁਰਾਸੀ ਨੀਰ ਵਹਾਵੇ । ਅੱਗੇ ਕੋਈ ਨਾ ਧੀਰ ਧਰਾਵੇ । ਧਰਮ ਰਾਏ ਦੇ ਸਜਾਏ । ਰੁਸਿਆ ਪਤੀ ਕੌਣ ਮਨਾਏ । ਆਤਮ ਜਤੀ ਕੋਈ ਦਿਸ ਨਾ ਆਏ । ਵਾ ਤੱਤੀ ਸਰਬ ਜਲਾਏ । ਦੇ ਮਤੀ ਹਰਿ ਸਮਝਾਏ ।

ਟੁੱਟਾ ਨੱਤੀ ਹਰਿ ਰਘੁਰਾਏ । ਡੂੰਘੇ ਕੁੰਦਰ ਜਾਏ ਘੱਤੀ, ਅਠਾਈ ਕੁੰਡਾਂ ਆਪ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲਾਲ ਬਾਣਾ ਤਨ ਛੁਹਾਏ । ਲੱਖ ਚੁਰਾਸੀ ਹੋਏ ਨਿਮਾਣੀ । ਧਰਮ ਰਾਏ ਨਾ ਮਿਲਿਆ ਹਾਣੀ । ਰੁੜ੍ਹਦੀ ਜਾਏ ਐਵੇਂ ਜਵਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਮਾਇਆ ਰਾਣੀ ਜਾਲ ਵਿਛਾਇਆ, ਵਡਾ ਸ਼ਾਹੋ ਭੂਪੀ ਵਿਚੱ ਫਸਾਇਆ, ਅੰਧ ਕੂਪੀ ਕਲਜੁਗ ਕਰਾਇਆ, ਦਿਸ ਕਿਸੇ ਨਾ ਆਇਆ, ਲੱਖ ਚੁਰਾਸੀ ਹੋ ਨਿਮਾਣੀ । ਧਰਮ ਰਾਏ ਤੇਰਾ ਭਰੇ ਪਾਣੀ । ਵੇਲੇ ਅੰਤਮ ਹੋਈ ਅੰਧੀ ਕਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਫਲ ਰਹਿਣ ਨਾ ਦੇਵੇ ਕਿਸੇ ਡਾਹਣੀ । ਪ੍ਰਭ ਸਾਚੇ ਰੰਗ ਰੰਗਾਇਆ । ਰਲ ਮਿਲ ਸਈਆਂ ਮੰਗਲ ਗਾਇਆ । ਮਾਤ ਪਿਤ ਭੈਣਾਂ ਭਈਆਂ ਮਿਲੀ ਵਧਾਈਆ । ਧਰਤ ਤੇਰੀ ਨਈਆ, ਅੰਤਮ ਅੰਤ ਡੁਲਾਈਆ । ਪ੍ਰਗਟ ਹੋਇਆ ਸ਼ਾਮ ਘਨਈਆ, ਸਾਚੀ ਅੰਗੀ ਤਨ ਛੁਹਾਈਆ । ਚੂੜਾ ਲਟਕਾਏ ਸਾਚੀ ਬਹੀਆਂ, ਲਾਲ ਰੰਗ ਕਰਾਈਆ । ਲੱਖ ਚੁਰਾਸੀ ਵਿਦਾ ਕਰਾਏ, ਸਿੱਧਾ ਰਾਹ ਇਕ ਵਖਾਏ, ਮਿਲ ਮਿਲ ਅੰਕ ਸਹੇਲੜੀਆਂ ਮਹਿੰਦੀ ਲਾਏ, ਦੋ ਹੱਥੀਂ ਗਿੱਧਾ ਆਪੇ ਪਾਏ, ਚਲੀ ਇਕ ਅਕੇਲੜੀਆ, ਨਾ ਬਣਿਆ ਕੋਈ ਬੇਲੜੀਆ, ਵੇਲੇ ਅੰਤ ਪਛਤਾਈਆ । ਜਨ ਭਗਤਾਂ ਪੁਰਖ ਅਬਿਨਾਸ਼ੀ ਸਾਚਾ ਮੇਲ ਮੇਲੜੀਆ, ਨਿਹਕਲੰਕ ਕਲ ਜਾਮਾ ਪਾਏ, ਲੱਖ ਚੁਰਾਸੀ ਮਿਲੀ ਸਹੇਲੀ ਜਗਤ ਵਿਛੁੰਨੀਆ । ਕਲਜੁਗ ਅੰਤਮ ਹੋਈ ਦੁਹੇਲੀ, ਨਾ ਹਰਿ ਰਿਹਾ ਸੁਹਾਗ, ਚੋਟੀ ਗਈ ਮੁੰਨੀਆ । ਏਕਾ ਤੁਟਾ
੩੧੨ ੦੪ ਧੀਰਜ ਤਾਗ, ਹੋਈ ਕੱਚੀ ਭੁੰਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਪਕੜਨ ਆਇਆ ਵਾਗ, ਪੰਚਮ ਜੇਠ ਚਿਰੀ ਵਿਛੁੰਨੀਆ । ਲੱਖ ਚੁਰਾਸੀ ਪਾਏ ਵਹੀਰ । ਇਕ ਦੂਜੇ ਨੂੰ ਵੇਖਣ, ਕਿਧਰੇ ਭੈਣ ਤੇ ਕਿਧਰੇ ਵੀਰ । ਰੁੜ੍ਹਦੇ ਜਾਣ ਪੰਡਤ ਸ਼ੇਖ਼ਣ, ਗ੍ਰੰਥੀਆਂ ਕਿਸੇ ਹੱਥ ਨਾ ਆਉਣਾ ਨੀਰ । ਲੱਖ ਚੁਰਾਸੀ ਮਿਟੇ ਦੋਖਣ, ਚਲੇ ਸੱਚਾ ਸ਼ਬਦ ਤੀਰ । ਸਤਿਜੁਗ ਲੱਗੇ ਸਾਚੀ ਮੇਖਨ, ਪ੍ਰਗਟ ਹੋਏ ਗੁਣੀ ਗਹੀਰ । ਗੁਰਮੁਖ ਸਾਚੇ ਨੇਤਰ ਪੇਖਣ, ਕਲਜੁਗ ਅੰਤ ਅਖ਼ੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਪ੍ਰਗਟ ਹੋਏ, ਗੁਰਮੁਖਾਂ ਕਟਣ ਆਇਆ ਭੀੜ । ਲੱਖ ਚੁਰਾਸੀ ਭੌਂ ਭੌਂ ਤੱਕੇ । ਪ੍ਰਭ ਅਬਿਨਾਸ਼ੀ ਪਿੱਛੋਂ ਹੱਕੇ । ਉਚ ਮੁਨਾਰੇ ਢਹਿੰਦੇ ਜਾਣ, ਪਹਿਲੇ ਗਾਹ ਗਹਿੰਦੇ ਜਾਣ, ਉਮਤ ਨਬੀ ਰਸੂਲ ਦੀ ਝੂਠੇ ਵਹਿਣ ਵਹਿੰਦੇ ਜਾਣ, ਆਪਣਾ ਲਹਿਣਾ ਲੈਂਦੇ ਜਾਣ, ਨਾਲ ਮਿਲਾਏ ਜਾਮਨ ਬੂਰੇ ਕੱਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡੇ ਆਪੇ ਝਾੜੇ, ਕਲਜੁਗ ਅੰਤਮ ਫਲ ਤੇਰੇ ਪੱਕੇ । ਫਲ ਗਿਆ ਪੱਕ ਲੱਗੇ ਡਾਲ । ਦੂਰੋਂ ਹਰਿ ਜੀ ਰਿਹਾ ਤੱਕ, ਉਠੇ ਮਾਰੇ ਪਹਿਲੀ ਛਾਲ । ਪਹਿਲੀ ਕੂਟ ਲਾਉਂਦੇ ਭੱਖ, ਚੁਲ੍ਹੇ ਚੜ੍ਹੀ ਰਹਿ ਜਾਏ ਦਾਲ । ਬੱਧਾ ਭਾਰ ਨਾ ਕੋਈ ਸਕੇ ਚੱਕ, ਦਰ ਦਰ ਫਿਰਨ ਹੋਏ ਕੰਗਾਲ । ਨਬੇੜਾ ਕਰੇ ਪ੍ਰਭ ਹੱਕੋ ਹੱਕ, ਸ਼ਬਦ ਸਰੂਪੀ ਪਾਏ ਜਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਕਿਹੜਾ ਝੱਲੇ ਇਹਦੀ ਝਾਲ । ਘੜੀ ਵਿਛੋੜਾ ਪਾਈਂ ਨਾ । ਚਰਨੋਂ ਪਰੇ ਹਟਾਈਂ ਨਾ । ਆਤਮ ਹੰਕਾਰ ਵਿਕਾਰ ਚਲਾਈਂ ਨਾ । ਵਿਚ ਸੰਸਾਰ ਝੂਠੀ ਮਾਇਆ ਜਾਲ ਵਿਛਾਈਂ ਨਾ । ਏਕਾ ਦੇਵੀਂ ਸ਼ਬਦ ਅਧਾਰ, ਭਰਮ ਭੁਲੇਖੇ ਗੁਰਮੁਖਾਂ ਭੁਲਾਈਂ ਨਾ । ਫੜ ਫੜ ਬਾਹੋਂ ਲਾਈਂ ਪਾਰ, ਦੇ ਧੱਕਾ ਜਗਤ ਵਹਿਣ ਵਹਾਈਂ ਨਾ । ਆਤਮ ਅੰਧੇ ਨਾ ਦਿਸੇ ਕੋਈ ਕਿਨਾਰ, ਦਰ ਸਾਚੇ ਹਰਿ ਦੁਰਕਾਈਂ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੩੧੨ ੦੪

ਅੰਤਮ ਵੇਲਾ ਤੇਰਾ ਆਇਆ, ਗੁਰਸਿਖ ਨਿਮਾਣਾ ਗਊ ਗਰੀਬ ਆਤਮ ਵਿਚੋਂ ਭੁਲਾਈਂ ਨਾ । ਗਊ ਗਰੀਬ ਨਿਮਾਣਾ ਹੈ । ਹੋਏ ਸੁਘੜ ਸਿਆਣਾ ਹੈ । ਜਿਸ ਦੇਵੇ ਚਰਨ ਧਿਆਨਾ ਹੈ । ਵਡਾ ਪ੍ਰੇਮ ਨਿਭਾਣਾ ਹੈ । ਚਰਨ ਧੂੜ ਸੱਚਾ ਇਸ਼ਨਾਨਾ ਹੈ । ਅਠਸਠ ਤੀਰਥ ਮੇਟ ਮਿਟਾਨਾ ਹੈ । ਖਾਣੀ ਬਾਣੀ ਵਕਤ ਚੁਕਾਣਾ ਹੈ । ਵੇਦ ਪੁਰਾਨਾਂ ਅੰਤ ਪਛਤਾਣਾ ਹੈ । ਕੁਰਾਨ ਅੰਜ਼ੀਲਾਂ ਬੱਧਾ ਗਾਨਾ ਹੈ । ਸੋਹੰ ਸ਼ਬਦ ਚੜ੍ਹਿਆ ਵਿਚ ਬਬਾਨਾ ਹੈ । ਨਾਲ ਲਿਆਏ ਸਚ ਕਮਾਨਾ ਹੈ । ਆਪ ਚਲਾਏ ਵਿਚ ਜਹਾਨਾ ਹੈ । ਜਨ ਭਗਤਾਂ ਦੇਵੇ ਸੱਚਾ ਮਾਨਾ ਹੈ । ਆਤਮ ਜਿੰਦਾ ਇਕ ਤੁੜਾਨਾ ਹੈ । ਝੂਠੀ ਚਿੰਦਾ ਹਰਿ ਮਿਟਾਨਾ ਹੈ । ਗੁਰ ਗੋਬਿੰਦਾ ਮੇਲ ਮਿਲਾਨਾ ਹੈ । ਸੁਰਪਤ ਰਾਜੇ ਇੰਦਾ ਸਰਨ ਲਗਾਣਾ ਹੈ । ਕਰੋੜ ਤੇਤੀਸ ਸੰਗ ਰਖਾਣਾ ਹੈ । ਸ਼ਿਵ ਸ਼ੰਕਰ ਤੀਰ ਤ੍ਰਸੂਲ ਚਲਾਣਾ ਹੈ । ਧੂੰਆਂਧਾਰ ਹੋਏ ਮਹਾਨਾ ਹੈ । ਹਨਵੰਤ ਬੀਰ ਆਪ ਉਠਾਨਾ ਹੈ । ਰਾਮ ਰਮਈਆ ਆਪ ਅਖਵਾਨਾ ਹੈ । ਅਰਜਨ ਰਥ ਹਰਿ ਆਪ ਚਲਾਨਾ ਹੈ । ਕ੍ਰਿਸ਼ਨ ਘਨਈਆ ਹੱਥ ਆਪਣੇ ਵਾਗ ਰਖਾਨਾ ਹੈ । ਕਲਜੁਗ ਤੇਰੀ ਡੋਬੇ ਨਈਆ । ਪ੍ਰਗਟ ਹੋਏ ਹਰਿ ਭਗਵਾਨਾ ਹੈ । ਮਿਲਣ ਨਾ ਆਏ ਤੇਰੀ ਸਾਚੀ ਮਈਆ, ਨਿਹਕਲੰਕ ਬਲੀ ਬਲਵਾਨਾ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵਕਤ ਸੁਹਾਨਾ ਹੈ । ਨੀਲ ਕੰਠ ਜੋ ਅਖਵਾਈ ਹੈ । ਦੂਜੇ ਰੱਖੇ ਨਾਲ ਪਾਰਬਤੀ ਮਾਈ ਹੈ । ਕਲਜੁਗ ਤੇਰੀ ਵਗੀ ਵਾ ਤੱਤੀ, ਦੂਆ ਆਸਣ ਦਿਤਾ ਹਿਲਾਈ ਹੈ । ਉਠੇ ਸ਼ਿਵ ਸੱਚਾ ਜਤੀ, ਪਿਠ ਤ੍ਰਸੂਲ ਉਠਾਈ ਹੈ । ਪਾਰਬਤੀ ਤੇਰਾ ਸਾਚਾ ਪਤੀ, ਲੈ ਅੰਗੜਾਈ ਹੈ । ਸ਼ਬਦ ਸਰੂਪੀ ਦੇਵੇ ਮਤੀ, ਨਾ ਕੋਈ ਬੂਝ ਬੁਝਾਈ ਹੈ । ਧਰਤ ਮਾਤ ਹੋਈ ਸਤੀ, ਦੇਵੇ ਅੰਤ ਦੁਹਾਈ ਹੈ । ਕਲਜੁਗ ਵੇਲਾ ਅੰਤਮ ਆਇਆ, ਸ਼ਿਵ ਸੁੰਨ ਸਮਾਧ ਖੁਲ੍ਹਾਈ ਹੈ । ਨੇਤਰ ਖੋਲ੍ਹੇ ਪਵਣ ਬੋਲੇ, ਨਿਹਕਲੰਕ ਜੋਤ ਜਗਾਈ ਹੈ । ਸਾਚਾ ਭੇਵ ਨਾਥ ਭੋਲਾ ਖੋਲ੍ਹੇ, ਪਾਰਬਤੀ ਰਿਹਾ ਸਮਝਾਈ ਹੈ । ਪ੍ਰਗਟ ਹੋਇਆ ਰਾਮ ਰਮਈਆ, ਲਛਮਣ ਜਤੀ ਨਾਲ ਉਪਜਾਈ ਸੀਤਾ ਮਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਕਲਜੁਗ ਤੇਰੇ ਅੰਤਮ ਵੇਲੇ, ਝੂਠੇ ਜਗ ਲੱਖ ਚੁਰਾਸੀ ਕਰਨ ਆਇਆ ਕੁੜਮਾਈ ਹੈ । ਧ੍ਰਿਗਕਾਰ ਧ੍ਰਿਗਕਾਰ ਧ੍ਰਿਗਕਾਰ, ਬੇਮੁਖ ਨਿੰਦਕ ਚੁਗਲ ਦੁਰਾਚਾਰ । ਕਾਇਆ ਹੋਈ ਨਸ਼ਟ, ਅੱਠੇ ਪਹਿਰ ਰਹੇ ਬੁਖ਼ਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਮਾਰਨ ਆਇਆ ਪੰਚਮ ਜੇਠ ਡਾਹਢੀ ਮਾਰ । ਦੁਸ਼ਟ ਦੁਰਾਚਾਰ ਜੀਵ ਵਡ ਕਾਮੀ । ਪ੍ਰਭ ਦਰ ਆਏ ਹੋਏ ਹਰਾਮੀ । ਆਪੇ ਪਰਖੇ ਅੰਤਰਜਾਮੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰੇ ਸੁਕਾਏ ਕਾਇਆ ਚਾਮੀ । ਝੂਠਾ ਚੰਮ ਗਿਆ ਸੁੱਕ । ਪ੍ਰਭ ਅਬਿਨਾਸ਼ੀ ਮੁਖ ਪਾਏ ਥੁੱਕ । ਡਾਹਣ ਜਵਾਨੀ ਜਾਇਣ ਟੁੱਟ । ਜਗਤ ਚੋਗ ਜਾਏ ਨਿਖੁੱਟ । ਸੱਤਾਂ ਪੀੜ੍ਹੀਆਂ ਜੜ੍ਹ ਦੇਵੇ ਪੁੱਟ । ਸ਼ਬਦ ਤੀਰ ਰਸਨਾ ਜਾਏ ਛੁੱਟ । ਬੇਮੁਖ ਦੁਸ਼ਟ ਦੁਰਜਨਾਂ ਧੁਰਦਰਗਾਹੀ ਬਾਹਰ ਕਢੇ ਕੁੱਟ । ਬੇਮੁਖਾਂ ਜੜ੍ਹ ਜਹਾਨੋਂ ਦੇਵੇ ਪੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਨ ਦਿਹਾੜੇ ਦੇਵੇ ਲੁੱਟ । ਦਿਨ ਦਿਹਾੜੇ ਮਾਰੇ ਡਾਕਾ । ਘਰ ਨਾ ਦਿਸੇ ਬਾਲ ਕਾਕਾ । ਜਗਤ ਜਹਾਨੋਂ ਤੁੱਟਾ ਨਾਤਾ । ਪ੍ਰਭ ਅਬਿਨਾਸ਼ੀ ਨਾ ਪਛਾਤਾ, ਹੋਈ ਨਾਰ ਵਡ ਕਮਜ਼ਾਤਾ । ਗਈ ਜਹਾਨੋਂ ਸੱਖਣੀ, ਨਾ ਮਿਲੇ ਸੱਚੀ ਦਾਤਾ । ਲਜ ਪਤਿ ਕਿਸੇ ਨਾ ਰੱਖਣੀ, ਨਾ ਬਣੇ ਕੋਈ ਸਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾਏ ਤ੍ਰੈਲੋਕੀ ਨਾਥਾ । ਨਰ ਨਾਰੀ ਹੋਏ ਚੋਰ । ਪ੍ਰਭ ਅਬਿਨਾਸ਼ੀ ਆਪੇ ਪਾਏ ਨਰਕ ਨਿਵਾਸੀ ਅੰਧ ਘੋਰ । ਵੇਲੇ ਅੰਤ ਨਾ ਕੋਇ ਛੁਡਾਏ, ਅੱਧ ਵਿਚ

੩੧੪
੦੪

ਟੁੱਟੀ ਡੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ੌਹ ਦਰਿਆ ਦੇਵੇ ਰੋੜ੍ਹ । ਚੋਰੀ ਕਰੇ ਨਾਰ ਦੁਹਾਗਣ । ਮਾਤਲੋਕ ਨਾ ਹੋਏ ਸੁਹਾਗਣ । ਸ਼ਬਦ ਸਰੂਪੀ ਲੜੇ ਨਾਗਨ । ਸੋਏ ਮੌਤ ਨਾ ਫਿਰ ਜਾਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਤੀਰ ਰਸਨਾ ਚਲਾਇਆ, ਘਰ ਉਡਦੇ ਦਿਸਣ ਕਾਗਣ । ਉਡਣ ਕਾਗ ਘਰ ਬਨੇਰੇ । ਪ੍ਰਭ ਅਬਿਨਾਸ਼ੀ ਸਾਚਾ ਘੇਰੇ । ਸੁੰਞ ਮਸਾਣੀ ਹੋਣ ਡੇਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਰੇ ਹੱਕ ਨਬੇੜੇ । ਠੱਗੀ ਚੋਰੀ ਕਰੀ ਪਿਆਰੀ । ਪ੍ਰਭ ਦਰ ਭੁਲੀ ਆਏ ਨਾਰੀ । ਵੇਲੇ ਅੰਤਮ ਹੋਏ ਖੁਆਰੀ । ਘਰ ਸਾਚੇ ਵਿਚੋਂ ਹੋਏ ਬਾਹਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰੇ ਸ਼ਬਦ ਕਟਾਰੀ । ਮਾਰੇ ਮਾਰ ਹਰਿ ਅਚੁੱਤ । ਘਰ ਨਾ ਰਹੇ ਦੁੱਧ ਪੁੱਤ । ਜਗਤ ਜਹਾਨੋਂ ਨਾਤਾ ਤੁੱਟਾ, ਵੱਢੇ ਨੱਕ ਗੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਆਪ ਖਿਚਾਏ, ਖਾਲੀ ਰਹਿ ਜਾਏ ਬੁੱਤ । ਚੋਰ ਯਾਰ ਠਗ ਵਣਜਾਰੇ । ਕਾਮ ਕਰੋਧ ਲੋਭ ਹੰਕਾਰੇ । ਪ੍ਰਭ ਸਾਰੇ ਲਏ ਸੋਧ, ਮਾਰੇ ਸ਼ਬਦ ਖੰਡਾ ਦੋ ਧਾਰੇ । ਜੋਤ ਸਰੂਪੀ ਵਡ ਜੋਧਨ ਜੋਧ, ਦੂਤੀ ਦੁਸ਼ਟ ਆਪ ਸੰਘਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਘਰ ਕਰਾਏ ਹਾਹਾਕਾਰੇ । ਹਾਹਾਕਾਰ ਹੋਏ ਘਰ ਕੱਚੇ । ਖਾਲੀ ਕਰੇ ਕੱਖ ਨਾ ਰਸਨ ਜਪੇ । ਸਾਚਾ ਜਾਪ ਕਿਸੇ ਨਾ ਪਚੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਹਥੌੜਾ ਇਕੋ ਮਾਰੇ ਭੰਨੇ ਅੰਡੇ ਕੱਚੇ । ਸ਼ਬਦ ਹਥੌੜਾ ਦਿਤਾ ਮਾਰ । ਨਰ ਨਾਰੀ ਸੁੱਟੇ ਮੂੰਹ ਦੇ ਭਾਰ । ਦਰ ਘਰ ਸਾਚੇ ਹੋਏ ਵਿਭਚਾਰ । ਕੁਕਰਮ ਕਮਾਇਆ ਧਰਮ ਗਵਾਇਆ ਮਾਨਸ ਜਨਮ ਆਈ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰੇ ਸ਼ਬਦ ਸੱਚੀ ਕਟਾਰ । ਬੇਮੁਖ ਮੁਗਧ ਅੰਞਾਣ ਹੈ, ਪਾਪੀ ਆਤਮ ਅੰਧਾ । ਬੇਮੁਖ ਮੁਗਧ ਅੰਞਾਣ ਹੈ, ਲੋਭੀ ਝੂਠਾ ਪਾਪਾਂ ਮੰਦਾ । ਬੇਮੁਖ ਮੁਗਧ ਅੰਞਾਣ ਹੈ, ਮਦਿਰਾ ਮਾਸੀ ਕਲਜੁਗ ਗੰਦਾ । ਬੇਮੁਖ ਮੁਗਧ ਅੰਞਾਣ ਹੈ, ਹਰਿ ਨਾ ਗਾਇਆ ਬੱਤੀ ਦੰਦਾ । ਬੇਮੁਖ ਮੁਗਧ ਅੰਞਾਣ ਹੈ, ਆਤਮ ਵਿਚ ਝੂਠਾ ਜੰਦਾ । ਬੇਮੁਖ ਮੁਗਧ ਅੰਞਾਣ ਹੈ, ਅੱਗੇ ਹੋਈ ਪਾਪਾਂ ਕੰਧਾ । ਬੇਮੁਖ ਮੁਗਧ ਅੰਞਾਣ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲਾਏ ਝੂਠੇ ਧੰਦਾ । ਬੇਮੁਖ ਮੁਗਧ ਅੰਞਾਣ ਹੈ, ਆਤਮ ਵਿਕਾਰੀ । ਬੇਮੁਖ ਮੁਗਧ ਅੰਞਾਣ ਹੈ, ਦੁਸ਼ਟ ਦੁਰਾਚਾਰੀ । ਬੇਮੁਖ ਮੁਗਧ ਅੰਞਾਣ ਹੈ, ਜੂਏ ਬਾਜੀ ਆਪਣੀ ਹਾਰੀ । ਬੇਮੁਖ ਮੁਗਧ ਅੰਞਾਣ ਹੈ, ਪਾਪਾਂ ਪੰਡ ਚੁੱਕੀ ਸਿਰ ਭਾਰੀ । ਬੇਮੁਖ ਮੁਗਧ ਅੰਞਾਣ ਹੈ, ਘਰ ਆਪਣੇ ਫੇਰਨ ਆਪ ਬਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਮਨੋਂ ਵਿਸਾਰੀ । ਬੇਮੁਖ ਮੁਗਧ ਅੰਞਾਣ ਹੈ, ਆਤਮ ਭੁੱਲਾ । ਬੇਮੁਖ ਮੁਗਧ ਅੰਞਾਣ ਹੈ, ਵਿਚ ਮਾਇਆ ਰੁਲਾ । ਬੇਮੁਖ ਮੁਗਧ ਅੰਞਾਣ ਹੈ, ਵਸਿਆ ਰਹੇ ਨਾ ਕਾਇਆ ਕੁੱਲਾ । ਬੇਮੁਖ ਮੁਗਧ ਅੰਞਾਣ ਹੈ, ਮਿਟ ਜਾਏ ਪਹਿਲੇ ਬੁਲ੍ਹਾ । ਬੇਮੁਖ ਮੁਗਧ ਅੰਞਾਣ ਹੈ, ਕਾਇਆ ਫਲ ਅੰਤਮ ਹੁੱਲਾ । ਬੇਮੁਖ ਮੁਗਧ ਅੰਞਾਣ ਹੈ, ਬੁਝੇ ਅਗਨੀ ਕਾਇਆ ਚੁੱਲ੍ਹਾ । ਬੇਮੁਖ ਮੁਗਧ ਅੰਞਾਣ ਹੈ, ਦਰ ਘਰ ਸਾਚੇ ਆਇਆ ਭੁੱਲਾ । ਬੇਮੁਖ ਮੁਗਧ ਅੰਞਾਣ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦ ਦਵਾਰਾ ਰਹੇ ਖੁਲ੍ਹਾ । ਬੇਮੁਖ ਮੁਗਧ ਅੰਞਾਣ, ਪ੍ਰਭ ਅਬਿਨਾਸ਼ੀ ਨਾ ਪਛਾਣਿਆ । ਬੇਮੁਖ ਮੁਗਧ ਅੰਞਾਣ ਘਨਕਪੁਰ ਵਾਸੀ ਆਪ ਭੁੰਨਾਏ ਜਿਉਂ ਭਠਿਆਲੇ ਦਾਣਿਆ । ਝੂਠੀ ਕਾਇਆ ਅੰਤ ਵਿਨਾਸੀ, ਰੋ ਰੋ ਪਛੋਤਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਤੀਰ ਸਾਚਾ ਮਾਰੇ ਬਾਣਿਆ । ਸ਼ਬਦ ਬਾਣ ਸਾਚਾ ਵੱਜੇ ।

ਕਵਣ ਤੇਰੇ ਪੜਦੇ ਕੱਜੇ । ਬੇਮੁਖ ਦਰ ਘਰ ਸਾਚੇ ਮੂਲ ਨਾ ਆਈ ਲਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਮਗਰ ਲਗਾਏ ਕਾਇਆ ਭਾਂਡਾ ਤੇਰਾ ਭੱਜੇ । ਬੇਮੁਖ ਆਤਮ ਖੋਟੀ ਹੈ । ਪ੍ਰਭ ਮਾਸ ਤੁੜਾਏ ਬੋਟੀ ਬੋਟੀ ਹੈ । ਕਿਤੇ ਹੱਥ ਨਾ ਆਉਣੀ ਰੋਟੀ ਹੈ । ਕਲਜੁਗ ਮੁੰਨੀ ਗਈ ਚੋਟੀ ਹੈ । ਸਿਰ ਵੱਜੇ ਸ਼ਬਦ ਸੋਟੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਭਾਂਡਾ ਦੇਵੇ ਫੋਟੀ ਹੈ । ਬੇਮੁਖ ਮੂਰਖ ਅਗਿਆਨੀਆਂ । ਦਰ ਘਰ ਆਏ ਜਾਇਣ ਕਰ ਕਰ ਬੇਈਮਾਨੀਆਂ । ਸਾਚਾ ਲਾਹਾ ਲੈਣ ਤੂੰ ਆਇਆ, ਝੂਠੀ ਲੈ ਲੀ ਨਾਲ ਨਿਸ਼ਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰੇ ਤੀਰ ਸ਼ਬਦ ਸੱਚੀ ਕਾਨੀਆਂ । ਪ੍ਰਭ ਸਾਚੇ ਦਇਆ ਕਮਾਈ ਜਾ । ਬਿਧਨਾ ਲਿਖੀ ਰੇਖ ਮਿਟਾਈ ਜਾ । ਸਾਚਾ ਲੇਖਾ ਫੇਰ ਲਿਖਾਈ ਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਆਪ ਸਮਾਈ ਜਾ । ਲਿਖਿਆ ਲੇਖ ਬਣ ਲਿਖਾਰੀ । ਮੰਗਣ ਆਏ ਦਰ ਭਿਖਾਰੀ । ਕਿਰਪਾ ਕਰ ਹਰਿ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਕੋਇ ਨਾ ਮਾਰੀ । ਆਪੇ ਰੱਖੇ ਆਪ ਜਵਾਲੇ । ਆਪੇ ਰੱਖੇ ਸਵਾਸ ਸੁਖਾਲੇ । ਪੰਜ ਸਠ ਸਠ ਪੰਜ ਪ੍ਰਭ ਸਾਚਾ ਲੇਖ ਲਿਖਾ ਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁੱਟੀ ਗੰਢ ਵਖਾਲੇ । ਪ੍ਰਭ ਪੂਰੇ ਖੇਲ ਰਚਾਈਆ । ਦੇਵਣ ਆਇਆ ਜਗਤ ਵਧਾਈਆ । ਪੰਚਮ ਜੇਠ ਜਾਮਾ ਧਰ, ਜੋਤ ਸਰੂਪੀ ਜੋਤ ਜਗਾਈਆ । ਬੇਮੁਖ ਲੱਭਣ ਦਰ ਦਰ, ਸਾਚੀ ਜੋਤ ਕਿਸੇ ਹੱਥ ਨਾ ਆਈਆ । ਆਪੇ ਵਸੇ ਸਾਚੇ ਘਰ, ਬੇਮੁਖਾਂ ਬੂਝ ਨਾ ਪਾਈਆ । ਵਿਰਲਾ ਗੁਰਮੁਖ ਆਵੇ ਦਰ, ਜਿਸ ਪ੍ਰਭ ਦਇਆ ਕਮਾਈਆ । ਪ੍ਰਗਟ ਜੋਤ ਨਾਰੀ ਨਰ, ਚਰਨ ਧੂੜੀ ਮਸਤਕ ਦਏ ਛੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੇ ਅੰਤਮ ਵੇਲੇ ਸਾਚੀ ਜੋਤ ਜਗਾਈਆ । ਜਗੇ ਜੋਤ ਹਰਿ ਨਿਰੰਕਾਰੇ । ਪ੍ਰਗਟ ਹੋਇਆ ਵਿਚ ਸੰਸਾਰੇ । ਬੇਮੁਖ ਜੀਵ ਕਲਜੁਗ ਡੋਬੇ ਵਿਚ ਮੰਝਧਾਰੇ । ਗੁਰਮੁਖ ਸਾਚੇ ਰਸਨਾ ਗਾਉਂਦੇ, ਮਿਲਿਆ ਪੁਰਖ ਅਪਾਰੇ । ਅੱਠੇ ਪਹਿਰ ਚਿਤ ਧਿਆਉਂਦੇ, ਜਗਾਏ ਜੋਤ ਅਪਰ ਅਪਾਰੇ । ਅੰਮ੍ਰਿਤ ਸਾਚੇ ਤੀਰਥ ਨਹਾਉਂਦੇ, ਦੁਰਮਤ ਮੈਲ ਰਿਹਾ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਵਡ ਬਲੀ ਬਲਕਾਰੇ । ਵਡ ਬਲਕਾਰ ਹਰਿ ਨਿਰੰਕਾਰ । ਤਿੰਨਾਂ ਲੋਕਾਂ ਬੰਨ੍ਹੇ ਧਾਰ । ਫਿਰ ਫਿਰ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲਾ ਕਲਜੁਗ ਆਇਆ, ਪ੍ਰਗਟ ਹੋਇਆ ਵਿਚ ਮਾਝੇ ਦੇਸ, ਕਰ ਕਰ ਅਵਲੜਾ ਭੇਸ, ਆਪ ਬਣਾਏ ਸੱਚੀ ਸਰਕਾਰ । ਸੱਚੀ ਸਰਕਾਰ ਸਚ ਵਿਹਾਰਿਆ । ਜੋਤ ਸਰੂਪੀ ਜਾਮਾ ਧਾਰ, ਕਰੇ ਖੇਲ ਅਪਰ ਅਪਾਰਿਆ । ਪ੍ਰਗਟ ਹੋ ਨਰ ਨਰਾਇਣ, ਚਾਰ ਕੁੰਟ ਕਰੇ ਜੋਤ ਅਕਾਰਿਆ । ਪ੍ਰਭ ਅਬਿਨਾਸ਼ੀ ਧਰਨੀ ਧਰ, ਭਰਮ ਭੁਲੇਖੇ ਜਗਤ ਭੁਲਾ ਰਿਹਾ । ਗੁਰਮੁਖਾਂ ਮਿਲਿਆ ਵਰਨੀ ਵਰ, ਆਤਮ ਬੂਝ ਆਪ ਬੁਝਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨੀ ਗਏ ਪੜ, ਲੱਖ ਚੁਰਾਸੀ ਗੇੜ ਕਟਾ ਲਿਆ । ਲੱਖ ਚੁਰਾਸੀ ਕਟੇ ਗੇੜਾ । ਕਲਜੁਗ ਤੇਰਾ ਅੰਤ ਮਿਟਾਏ ਝੂਠਾ ਝੇੜਾ । ਸ਼ਬਦ ਸਰੂਪੀ ਜੋਤ ਜਗਾਈ, ਧਰਤ ਮਾਤ ਤੈਨੂੰ ਦੇਵੇ ਪੁੱਠਾ ਗੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਨਿਹਕਲੰਕ ਜਾਮਾ ਪਾਇਆ, ਵਕਤ ਰਹਿ ਗਿਆ ਥੋੜਾ । ਕਲਜੁਗ ਪਾਪੀ ਕਰੇ ਵਿਚਾਰ । ਬੇਮੁਖ ਜੀਵ ਹੋਏ ਵਿਭਚਾਰ । ਘਰ ਘਰ ਬੈਠੇ ਨਰ ਨਾਰ । ਮਦਿਰਾ ਮਾਸੀ ਦੁਸ਼ਟ ਦੁਰਾਚਾਰ । ਪ੍ਰਭ ਅਬਿਨਾਸ਼ੀ ਜਾਮਾ ਧਾਰ, ਧਰਤ ਮਾਤ ਕਰੇ ਪੁਕਾਰ ।

ਗੁਰਮੁਖਾਂ ਕਰ ਸਚ ਪਿਆਰ । ਸਾਚੀ ਲਾਈ ਇਕ ਫੁਲਵਾੜੀ, ਬੇਮੁਖਾਂ ਵੱਢੀਂ ਪਹਿਲੀ ਹਾੜੀ, ਕਰੀਂ ਖੇਲ ਅਪਰ ਅਪਾਰ । ਬੇਮੁਖਾਂ ਫੜ ਫੜ
ਖੋਹੀਂ ਦਾਹੜੀ, ਸ਼ਬਦ ਮਾਰੀਂ ਡਾਹਢੀ ਮਾਰ । ਅੱਗੇ ਲਾਈਂ ਮੌਤ ਲਾੜੀ, ਧਰਮ ਰਾਏ ਦੇ ਘਰ ਬਹਾਈਂ, ਪਿੱਛੇ ਲਾਈਂ ਡੰਡਾ ਭਾਰ । ਅੰਦਰ
ਵਾੜ ਕਰੀਂ ਬੰਦ ਕਿਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਅਗਨ ਜੋਤ ਵਿਚ ਦੇਵੇ ਸਾੜ । ਨਿਹਕਲੰਕ
ਜਾਮਾ ਪਾਇਆ । ਸੋਹਣਾ ਬਗੀਚਾ ਇਕ ਲਗਾਇਆ । ਗੁਰਮੁਖ ਸਾਚਾ ਵਿਚ ਮਹਿਕਾਇਆ । ਜੋਤੀ ਦੀਪਕ ਆਪ ਜਗਾਇਆ । ਏਕਾ ਸੱਚਾ
ਰਾਗ ਸੁਣਾਇਆ । ਧੋਇਆ ਦਾਗ ਅੰਧੇਰ ਮਿਟਾਇਆ । ਪਕੜੀ ਵਾਗ ਹੋਇਆ ਸਹਾਇਆ । ਚਰਨ ਪ੍ਰੀਤੀ ਗਈ ਲਾਗ, ਆਪਣਾ ਬਿਰਧ
ਨਿਭਾਇਆ । ਪੂਰਨ ਹੋਏ ਵਡ ਵਡ ਭਾਗ, ਪੰਚਮ ਜੇਠ ਜੋ ਸਰਨੀ ਆਇਆ । ਬੇਮੁਖਾਂ ਤਨ ਲਾਏ ਆਗ, ਜੋਤੀ ਅਗਨ ਦਏ ਜਲਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਸ ਅਵਲੜਾ ਆਪ ਰਖਾਇਆ । ਮਾਤਲੋਕ ਖੇਲ ਰਚਾਈਆ । ਬਣ ਮਾਲਣ ਹਰਿ ਜੀ ਆਈਆ । ਡਾਲੀ
ਡਾਲੀ ਪੱਤ ਪੱਤ ਇਕ ਇਕ ਕਲੀ ਤੋੜ ਲਿਆਈਆ । ਗੁਰਮੁਖਾਂ ਮਿਲਿਆ ਸਾਚਾ ਮਾਲੀ, ਅੰਮ੍ਰਿਤ ਪਾਣੀ ਮੁਖ ਚੁਆਈਆ । ਕਰੇ ਆਪ ਸੱਚੀ
ਰਖਵਾਲੀ । ਸੋਹਣਾ ਹਾਰ ਇਕ ਗੁੰਦਾਈਆ । ਗੁਰਸਿਖ ਸਾਚੇ ਦੋ ਜਹਾਨੀ ਨਾ ਹੋਣ ਖਾਲੀ, ਵਿਚ ਵਿਚੋਲਾ ਨਿਹਕਲੰਕ ਨਰਾਇਣ ਹਰਿ ਰਘੁਰਾਈਆ ।
ਪੂਰਾ ਤੋਲ ਜਿਸ ਨੇ ਤੋਲਾ, ਸੋਹੰ ਕੰਡਾ ਮਾਤ ਲਗਾਈਆ । ਵਿਚ ਲਗਾਇਆ ਸ਼ਬਦ ਡੰਡਾ, ਪੜਦਾ ਓਹਲਾ ਨਾ ਕੋਈ ਰਖਾਈਆ । ਇਕ ਸੁਣਾਇਆ
ਸ਼ਬਦ ਢੋਲਾ, ਸੋਹੰ ਸੱਚਾ ਨਾਉਂ ਰਖਾਈਆ । ਆਪ ਬਣਿਆ ਸੱਚਾ ਗੋਲਾ, ਮਾਤਲੋਕ ਜੋਤ ਪ੍ਰਗਟਾਈਆ । ਪ੍ਰਭ ਪਹਿਨ ਕੇ ਆਏ ਚਿੱਟਾ ਲਾਲ
ਸੂਹਾ ਨੀਲਾ ਕਾਲਾ ਚੋਲਾ, ਕਲਜੁਗ ਤੇਰੇ ਸਾਰੇ ਭੇਖ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਬੇਮੁਖਾਂ
ਸਿਰ ਪਾਏ ਛਾਹੀਆ । ਬੇਮੁਖ ਜਗਤ ਵਣਜਾਰਾ । ਮਾਨਸ ਜਨਮ ਜਿਸ ਨੇ ਹਾਰਾ । ਮਦਿਰਾ ਮਾਸੀ ਜੀਵ ਗਵਾਰਾ । ਨਾ ਕੋਈ ਕਰੇ ਬੰਦ
ਖਲਾਸੀ, ਮਾਨਸ ਜਨਮ ਨਾ ਕਿਸੇ ਵਿਚਾਰਾ । ਘਰ ਘਰ ਬੈਠੇ ਕਰਨ ਹਾਸੀ । ਕਰੇ ਖੇਲ ਹਰਿ ਅਪਾਰਾ । ਗੁਰਮੁਖ ਵਿਰਲਾ ਹੋਏ ਚਰਨ ਦਾਸੀ,
ਜਿਸ ਦੇਵੇ ਦਰਸ ਅਗੰਮ ਅਪਾਰਾ । ਮਾਨਸ ਜਨਮ ਕਰੇ ਰਹਿਰਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ ।
ਬੇਮੁਖ ਦੇਵੇ ਜਗਤ ਦੁਹਾਈ ਹੈ । ਕਲਜੁਗ ਤੇਰੀ ਅੰਧੇਰੀ ਰਾਤੀ, ਸਭ ਦੇ ਉਤੇ ਛਾਈ ਹੈ । ਆਪ ਮੁਕਾਏ ਬਣ ਬਣ ਡੈਣ, ਭੈਣਾਂ ਛੱਡੇ ਭਾਈ
ਹੈ । ਲੱਖ ਚੁਰਾਸੀ ਵਹੇ ਡੂੰਘੇ ਵਹਿਣ, ਨਾ ਸਕੇ ਕੋਈ ਬਚਾਈ ਹੈ । ਨਾ ਕੋਈ ਮਾਤ ਪਿਤ ਨਾ ਭਾਈ ਭੈਣ, ਸਾਕ ਸੱਜਣ ਸੈਣ ਵੇਲੇ ਅੰਤ
ਮੁਖ ਛੁਪਾਈ ਹੈ । ਪ੍ਰਭ ਅਬਿਨਾਸ਼ੀ ਜਾਮਾ ਧਾਰੇ, ਗੁਰਮੁਖ ਵੇਖ ਜਿਸ ਜਨ ਲਿਆ ਮਿਲਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ
ਤੇਰੀ ਅੰਤਮ ਵਾਰੀ ਸਾਚੀ ਜੋਤ ਜਗਾਈ ਹੈ । ਕਲਜੁਗ ਤੇਰਾ ਵੇਖ ਲੇਖਾ । ਪ੍ਰਭ ਅਬਿਨਾਸ਼ੀ ਧਾਰੇ ਭੇਖਾ । ਸ੍ਰਿਸ਼ਟ ਸਬਾਈ ਆਪ ਭੁਲਾਈ, ਪਾਇਆ
ਭਰਮ ਭੁਲੇਖਾ । ਮਾਤਾ ਬਿਧਨਾ ਦਏ ਦੁਹਾਈ, ਨਿਹਕਲੰਕ ਮਿਟਾਏ ਮੇਰੀ ਲਿਖੀ ਰੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ
ਖ਼ੁਸ਼ੀਆਂ ਨਾਲ ਮਨਾਈ, ਮਿਟਦੇ ਜਾਣ ਔਲੀਏ ਪੀਰ ਸ਼ੇਖ਼ਾ । ਔਲੀਏ ਪੀਰ ਸ਼ੇਖ਼ ਮੁਲਾਣੇ । ਕਲਜੁਗ ਤੇਰੇ ਅੰਤਮ ਵੇਲੇ ਘਰ ਘਰ ਸਰਬ ਬਿਲਲਾਣੇ ।
ਪ੍ਰਭ ਅਬਿਨਾਸ਼ੀ ਕਰੇ ਖੁਆਰੀ, ਬਗ਼ਲੇ ਰਹੇ ਕੁਰਾਣੇ । ਪ੍ਰਗਟ ਹੋਇਆ ਨਰ ਅਵਤਾਰੀ, ਹੱਥ ਮਸੱਲਾ ਇਕ ਇਕੱਲਾ ਮੁਹੰਮਦ ਸੰਗ ਚਾਰ ਯਾਰੇ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਤਿਜੁਗ ਦੋਹਾਂ ਮੇਲ ਮਿਲਾਏ, ਦੋਹਾਂ ਧਿਰਾਂ ਦਾ ਸਚ ਭਤਾਰੇ । ਹਰਿ ਸਾਚੀ ਸੇਵ ਕਮਾਇੰਦਾ । ਗੁਰਮੁਖਾਂ ਛਤਰ ਝੁਲਾਇੰਦਾ । ਫੂਲਨ ਬਰਖਾ ਆਪ ਬਰਖਾਇੰਦਾ । ਆਤਮ ਤ੍ਰਿਖਾ ਸਰਬ ਬੁਝਾਇੰਦਾ । ਜਿਸ ਜਨ ਆਏ ਦਰਸ ਪੇਖਾ, ਪ੍ਰਗਟ ਜੋਤ ਦਰਸ ਦਿਖਾਇੰਦਾ । ਧੰਨ ਕਮਾਈ ਗੁਰਸਿਖ ਤੇਰੀ ਪੰਚਮ ਜੇਠ ਖ਼ੁਸ਼ੀਆਂ ਨਾਲ ਮਨਾਇੰਦਾ । ਪ੍ਰਭ ਅਬਿਨਾਸ਼ੀ ਸੋਹੰ ਤੀਰ ਹੱਥ ਵਿਚ ਫੜਿਆ ਤਿੱਖਾ, ਕਲਜੁਗ ਤੇਰੀ ਭੁੱਖ ਮਿਟਾਇੰਦਾ । ਆਤਮ ਲਾਹੇ ਮਾਇਆ ਰਾਣੀ ਝੂਠੀ ਵਿੱਖਾ, ਗੁਰਮੁਖਾਂ ਦਇਆ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਆਪਣੇ ਭਾਣੇ ਵਿਚ ਸਮਾਇੰਦਾ । ਆਪਣਾ ਭਾਣਾ ਹਰਿ ਜੀ ਜਾਣਦਾ । ਜਨ ਭਗਤਾਂ ਆਪ ਪਛਾਣਦਾ । ਮਾਰੇ ਖੰਡਾ ਸ਼ਬਦ ਬ੍ਰਹਮ ਗਿਆਨ ਦਾ । ਚੜ੍ਹਾਏ ਸਾਚਾ ਡੰਡਾ, ਦਰਸ ਕਰਾਏ ਗੁਣ ਨਿਧਾਨ ਦਾ । ਕੋਇ ਨਾ ਦਿਸੇ ਅੱਗੇ ਕੰਢਾ, ਪ੍ਰਭ ਅਬਿਨਾਸ਼ੀ ਮਿਹਰਵਾਨ ਦਾ । ਜੋਤ ਪ੍ਰਕਾਸ਼ ਕਰੇ ਵਿਚ ਵਰਭੰਡਾ, ਵਾਲੀ ਦੋ ਜਹਾਨ ਦਾ । ਪਾਏ ਸਾਚੀਆਂ ਵੰਡਾਂ, ਤੋੜੇ ਕਿਲਾ ਆਤਮ ਹੰਕਾਰ ਦਾ । ਖੜਕਾਏ ਚੰਡ ਪ੍ਰਚੰਡਾ, ਆਪਣੀ ਬਿਧ ਹਰਿ ਆਪੇ ਜਾਣਦਾ । ਚਾਰ ਕੁੰਟ ਰੋਵਣ ਨਾਰਾਂ ਰੰਡਾਂ, ਸੁਹਾਗੀ ਕੰਤ ਨਾ ਕੋਇ ਹੰਢਾਂਵਦਾ । ਪ੍ਰਭ ਤੋੜੇ ਸਰਬ ਘਮੰਡਾ, ਰਾਜੇ ਰਾਣੇ ਪਕੜ ਹਰਿ ਆਪ ਵਖਾਣਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਧਾਰੇ ਭੇਖ ਸ੍ਰੀ ਭਗਵਾਨ ਦਾ । ਧਾਰੇ ਭੇਖ ਸ੍ਰੀ ਭਗਵਾਨ ਹੈ । ਧਰੀ ਜੋਤ ਵਿਚ ਜਹਾਨ ਹੈ । ਕਰਨ ਆਇਆ ਸੁੰਞ ਮਸਾਣ ਹੈ । ਜਨ ਭਗਤਾਂ ਦੇਵਣ ਆਇਆ ਸੱਚਾ ਨਾਮ ਦਾਨ ਹੈ । ਸਾਧਾਂ ਸੰਤਾਂ ਬਖ਼ਸ਼ੇ ਚਰਨ ਧਿਆਨ ਹੈ । ਆਦਿਨ ਅੰਤਾ ਜੁਗਾ ਜੁਗੰਤਾ ਸ੍ਰਿਸ਼ਟ ਸਬਾਈ ਆਪ ਜਗਾਵੇ ਸਦਾ ਸਦਾ ਨਿਗਹਬਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਭੇਖ ਮਿਟਾਏ, ਆਪੇ ਮੇਟੇ ਬੇਈਮਾਨ ਹੈ । ਕਲਜੁਗ ਅੰਤ ਕੁਰਾਨ ਕੁਰਲਾਈ ਹੈ । ਅੱਠੇ ਪਹਿਰ ਦਏ ਦੁਹਾਈ ਹੈ । ਸਚ ਮੁਹੰਮਦ ਤੇਰੀ ਸਦੀ ਚੌਧਵੀਂ ਆਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਜਗਾਈ ਹੈ । ਕੁਰਾਨ ਪੁਕਾਰੇ ਧਾਹਾਂ ਮਾਰਦੀ । ਢਹਿੰਦੇ ਜਾਣ ਮਹੱਲ ਮੁਨਾਰੇ, ਵੇਖੇ ਖੇਲ ਸੱਚੀ ਸਰਕਾਰ ਦੀ । ਛੁੱਟਾ ਸੰਗ ਚਾਰ ਯਾਰੇ, ਢੇਰੀ ਢਹੇ ਬੇਈਮਾਨ ਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਖਾੜੇ ਜੜ੍ਹ ਅੰਦਰ ਵੜ, ਉਲਟੀ ਮਤ ਬਾਹਰ ਕਢੇ ਫੜ, ਕਿਲੇ ਕੋਟ ਜੋ ਉਸਾਰਦੀ । ਮੁਕੇ ਵਕਤ ਅੰਤ ਕੁਰਾਨਾ । ਪ੍ਰਭ ਅਬਿਨਾਸ਼ੀ ਮਾਰੇ ਸ਼ਬਦ ਬਾਨਾ । ਦੀਨ ਮੁਹੰਮਦੀ ਪ੍ਰਭ ਬੰਨ੍ਹਣ ਆਇਆ ਹੱਥੀਂ ਗਾਨਾ । ਧਰਤ ਮਾਤ ਕਲਜੁਗ ਤੇਰੇ ਅੰਤਮ ਵੇਲੇ ਕਹਿੰਦੀ, ਪ੍ਰਭ ਅਬਿਨਾਸ਼ੀ ਕਿਰਪਾ ਕਰ, ਮਾਰ ਵਡ ਸ਼ੈਤਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਦੀਨ ਮੁਹੰਮਦੀ ਦੇਵਣ ਆਇਆ ਤੈਨੂੰ ਹਾਨਾ । ਪ੍ਰਭ ਅਚਰਜ ਭੇਖ ਵਟਾਇਆ । ਕਲਜੁਗ ਤੇਰਾ ਵੇਖ ਲੇਖ, ਨੀਲਾ ਚੋਗਾ ਆਪ ਰੰਗਾਇਆ । ਪੁੱਠੀ ਮਤ ਹੋਈ ਔਲੀਏ ਪੀਰ ਸ਼ੇਖ਼, ਸਾਚਾ ਰਾਹ ਸਰਬ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਟਾਵਣ ਆਇਆ ਅੰਤਮ ਰੇਖ, ਸਦੀ ਚੌਧਵੀਂ ਵਕਤ ਚੁਕਾਇਆ । ਨੀਲਾ ਚੋਲਾ ਗਲ ਵਿਚ ਪਾਏ । ਸ਼ਬਦ ਗੋਲਾ ਇਕ ਚਲਾਏ । ਸਾਚਾ ਡੋਲਾ ਇਕ ਲਿਆਏ । ਪੂਰਾ ਤੋਲਾ ਸਾਚਾ ਤੋਲ ਇਕ ਤੁਲਾਏ । ਦੀਨ ਮੁਹੰਮਦੀ ਹੋਇਆ ਗੋਲਾ, ਪ੍ਰਭ ਅਬਿਨਾਸ਼ੀ ਗਏ ਭੁਲਾਏ । ਨਿਹਕਲੰਕ ਨਰਾਇਣ ਨਰ, ਅੰਤਮ ਕਲਜੁਗ ਜਾਮਾ ਪਾਏ । ਨੀਲਾ ਚੋਲਾ ਤਨ ਛੁਹਾਏ । ਜੋਤ ਸਰੂਪੀ ਭੇਖ ਵਟਾਏ । ਅਮਾਮ ਮਹਿੰਦੀ ਨਾਮ ਰਖਾਏ । ਉਮਤ ਨਬੀ ਰਸੂਲ ਦੀ ਵਹਿੰਦੀ ਧਾਰ ਜਾਏ ਵਹਿੰਦੀ,

੩੧੭ ੦੪

ਪਿਛੋਂ ਜਾਏ ਧੱਕਾ ਲਾਏ । ਕੁਰਾਨ ਅੰਜੀਲ ਇਕੱਠੀ ਹੋ ਹੋ ਬਹਿੰਦੀ, ਇਕ ਦੂਜੇ ਦੇ ਘਰ ਜਾਵਣ ਮਤਾ ਪਕਾਏ । ਪਹਿਲਾ ਗੇੜਾ ਲਾਏ ਦਿਸ਼ਾ ਲਹਿੰਦੀ । ਮਾਰੇ ਭੇੜ ਭਿੜਾ ਕੇ । ਉਮਤ ਨਬੀ ਰਸੂਲ ਦੀ ਇਕੋ ਗਾਹੇ ਗਹਿੰਦੀ, ਰੂਸਾ ਚੀਨਾ ਨਾਲ ਰਲਾਏ, ਦੀਨ ਮੁਹੰਮਦੀ ਵੱਖ ਕੀਨਾ ਸੰਤ ਮਨੀ ਸਿੰਘ ਤੇਰੀ ਕਲਮ ਚਲਾ ਕੇ । ਨਾਲ ਰਲਾਏ ਸ਼ਾਹ ਫਰੰਗੀ ਵਡ ਨਗੀਨਾ, ਅੰਤਮ ਪਿੱਠ ਵੱਢੀ ਜਾਏ ਭੰਨੇ ਹੰਕਾਰੀ ਬੀਨਾ, ਨਿਹਕਲੰਕ ਕਲ ਆਇਆ ਜਾਮਾ ਪਾ ਕੇ । ਸਾਚਾ ਰਾਜ ਤਾਜ ਜਗਤ ਕਾਜ ਜਿਸ ਦੀਨਾ, ਬੈਠੇ ਮਨੋਂ ਭੁਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਏ ਖ਼ਾਕ ਰੁਲਾ ਕੇ । ਲਹਿੰਦੀ ਦਿਸ਼ਾ ਉਡੇ ਖ਼ਾਕ । ਨਾ ਕੋਈ ਦਿਸੇ ਜੀਵ ਪਾਕ । ਅੰਤਮ ਬੰਦ ਹੋਵੇ ਤਾਕ । ਪ੍ਰਭ ਅਬਿਨਾਸ਼ੀ ਆਪ ਲਿਖਾਏ ਪਹਿਲੇ ਭਵਿਖਤ ਵਾਕ । ਸੰਗ ਮੁਹੰਮਦ ਸ਼ਾਹ ਫਰੰਗੀ, ਇਕ ਦੂਜੇ ਦੇ ਬਣ ਗਏ ਸਾਕ । ਅੰਤਮ ਵੇਲੇ ਆਈ ਤੰਗੀ, ਮਿਟਦੇ ਜਾਣ ਜਗਤ ਫਰੰਗੀ, ਮਗਰ ਲਗਾਏ ਡਾਕਨ ਹਾਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਇਕੋ ਇਕ ਸੱਚਾ ਸੁੱਚ ਪਾਕ । ਪਹਿਲੀ ਦਿਸ਼ਾ ਆਪ ਤਕਾਈਆ । ਲਾੜੀ ਮੌਤ ਸੋਈ ਉਠਾਈਆ । ਹੱਥ ਬਹਾਰੀ ਆਪ ਫੜਾਈਆ । ਕੰਨਿਆ ਕੁਮਾਰੀ ਮਾਤਲੋਕ ਵਿਚ ਆਈਆ । ਧਰਮ ਰਾਏ ਤੇਰੀ ਸਚ ਦੁਲਾਰੀ, ਲੱਖ ਚੁਰਾਸੀ ਦੂਲ੍ਹਾ ਵੇਖਣ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਅੰਤਮ ਵੇਲੇ ਕਰ ਕੇ ਸੂਹਾ ਵੇਸ ਕਰਨ ਆਇਆ ਕੁੜਮਾਈਆ । ਲਾੜੀ ਮੌਤ ਉਠੀ ਬਲਕਾਰਨ । ਆਈ ਚਲ ਦਵਾਰ ਪ੍ਰਭ ਦਰ ਕਰੇ ਨਿਮਸਕਾਰਨ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੇ ਵਰ ਸੱਚੀ ਸਰਕਾਰਨ । ਮੈਂ ਜਾਵਾਂ ਘੋੜੀ ਚੜ੍ਹ, ਮਾਰਾਂ ਵਡ ਵਡ ਹੰਕਾਰਨ । ਬੰਨ੍ਹ ਲਿਆਵਾਂ ਫੜ ਬਾਹਵਾਂ, ਧਰਮ ਰਾਏ ਦੇ ਦਰ ਦਵਾਰਨ । ਕੋਈ ਨਾ ਸਕੇ ਅੱਗੇ ਅੜ, ਅੱਡ ਅੱਡ ਕਰਾਵਾਂ ਸੀਸ ਧੜ, ਕਲਜੁਗ ਫਲ ਜਾਣ ਝੜ, ਅੰਤਮ ਭਾਗ ਹੋਏ ਮਾੜ, ਇਕ ਦੂਜੇ ਦੇ ਨਾਲ ਮਰਨ ਲੜ, ਫਲ ਨਾ ਦਿਸੇ ਕਿਸੇ ਡਾਲ, ਦੂਰ ਦੁਰਾਡਾ ਵੇਖੇ ਹਰਿ ਜੀ ਖੜ, ਮੈਂ ਬੰਨ੍ਹਣ ਜਾਵਾਂ ਸਾਚੇ ਗਾਨਣ । ਪਹਿਲੇ ਵਹਿਣ ਜਾਇਣ ਹੜ੍ਹ, ਜੋ ਜਨ ਹੋਏ ਅੰਤ ਬੇਈਮਾਨਣ । ਕੋਈ ਨਾ ਦਿਸੇ ਜੋ ਮੁਖ ਲਗਾਇਣ ਨੜ, ਭੁੱਲਿਆ ਹਰਿ ਭਗਵਾਨਣ । ਸ਼ਬਦ ਗੋਲਾ ਵੱਜੇ ਕੜ ਕੜ, ਧੂੰਆਂਧਾਰ ਹੋਏ ਅਸਮਾਨਣ । ਵੱਖ ਵੱਖ ਦਿਸਣ ਸਿਰ ਧੜ, ਚਲੇ ਜਗਤ ਚਾਲ ਨਿਰਾਲਨ । ਗੁਰਮੁਖ ਸਾਚਾ ਏਕਾ ਅੱਖਰ ਜਾਏ ਪੜ੍ਹ, ਸੋਹੰ ਸੱਚਾ ਨਾਮ ਨਿਸ਼ਾਨਣ । ਸਚ ਦਰਬਾਰੇ ਜਾਏ ਵੜ, ਮਾਤਲੋਕ ਕਰਦਾ ਜਾਏ ਚਾਨਣ । ਪ੍ਰਭ ਅਬਿਨਾਸ਼ੀ ਅੱਗੋਂ ਬਾਹੋਂ ਲਏ ਫੜ, ਕਰਾਏ ਚਰਨ ਧੂੜ ਇਸ਼ਨਾਨਣ । ਬੇਮੁਖ ਜੀਵ ਕਲਜੁਗ ਤੇਰੀ ਅਗਨੀ ਜਾਣ ਸੜ, ਆਤਮ ਹੋਈ ਸਰਬ ਕੰਗਾਲਣ । ਨਾ ਕੋਈ ਦਿਸੇ ਕਿਲ੍ਹਾ ਗੜ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਰਸਨਾ ਚਿੱਲੇ ਤੀਰ ਚੜ੍ਹਾਇਆ ਵੱਜੇ ਪਹਿਲਾ ਬਾਨਣ । ਸਚ ਨਿਸ਼ਾਨਾ ਹਰਿ ਜੀ ਤੱਕੇ । ਪਹਿਲਾ ਵਜੇ ਮਦੀਨੇ ਮੱਕੇ । ਗੌਂਸ ਔਲੀਏ ਪੀਰ ਸ਼ੇਖ਼, ਫੜ ਫੜ ਬਾਹਰ ਧੱਕੇ । ਬੇਮੁਖਾਂ ਪ੍ਰਭ ਆਤਮ ਵੇਖ, ਆਪ ਵਿਛੋੜੇ ਭਾਈ ਸਕੇ । ਜੋਤ ਸਰੂਪੀ ਧਾਰੇ ਭੇਖ, ਧਰਤ ਮਾਤ ਰਾਹ ਸਾਚਾ ਤੱਕੇ । ਪ੍ਰਭ ਅਬਿਨਾਸ਼ੀ ਆ ਨੇਤਰ ਪੇਖ, ਵੇਖ ਕਲਜੁਗ ਫਲ ਅੰਤਮ ਵੇਲੇ ਪੱਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਤੀਰ ਆਪ ਚਲਾਏ, ਸਿਧੀ ਧਾਰ ਇਕ ਰਖਾਏ, ਜੜ੍ਹ ਅਮਰੀਕਾ ਪਤਾਲੋਂ ਤੇਰੀ ਚੱਕੇ । ਪੁੱਟੇ ਜੜ੍ਹ ਦਏ ਉਖੇੜ । ਚਿੱਟੀਆਂ ਚੰਮੜੀਆਂ ਦਏ ਉਧੇੜ । ਕਲਜੁਗ ਵਧਾਏ ਤੇਰਾ ਝੇੜ । ਆਪ ਦਵਾਏ ਏਕਾ ਗੇੜਾ, ਮਾਰੇ ਸ਼ਬਦ ਇਕ ਲਫੇੜ । ਲੱਖ ਚੁਰਾਸੀ ਗਾਹੁਣ ਆਇਆ,

੩੧੮
੦੪

ਬੀਰ ਬੈਤਾਲਿਆਂ ਪਾਈ ਮੇੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਚੁੱਪ ਚੁਪੀਤਾ ਬੈਠਾ ਰਿਹਾ ਛੇੜਾਂ ਛੇੜ । ਛੇੜਾਂ ਛੇੜੇ ਹਰਿ ਕਲ ਧਾਰ । ਨਾ ਕੋਈ ਜਾਣੇ ਜੀਵ ਗਵਾਰ । ਨਾ ਕੋਈ ਕਰੇ ਸਚ ਵਿਹਾਰ । ਭਾਣਾ ਵਰਤੇ ਹਰਿ ਕਰਤਾਰ । ਉਪਰ ਧਰਤ ਮਿਟਦੇ ਜਾਣ ਚਾਰ ਯਾਰ । ਇਕ ਦੂਜੇ ਦੇ ਨਾਲ ਲੜ ਲੜ ਮਰਦੇ, ਅੰਤਮ ਹੋਏ ਸਰਬ ਦੋ ਫਾੜ । ਗੁਰਮੁਖ ਵਿਰਲੇ ਭਾਣਾ ਜਰਤੇ, ਪ੍ਰਭ ਜੋਤ ਜਗਾਏ ਨਾੜ ਨਾੜ । ਕੀਆ ਖੇਲ ਕਾਦਰ ਕਰਤੇ, ਜੂਹ ਜੰਗਲ ਵਿਚ ਉਜਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸ੍ਰਿਸ਼ਟ ਸਬਾਈ ਚਬਾਏ ਆਪਣੀ ਦਾੜ੍ਹ । ਲੱਖ ਚੁਰਾਸੀ ਆਪ ਚਬਾਇੰਦਾ । ਕਲਜੁਗ ਸਤਿਜੁਗ ਦੋਵੇਂ ਪੁੜ, ਚੱਕੀ ਸਚ ਬਣਾਇੰਦਾ । ਇਕ ਦੂਜੇ ਦੇ ਨਾਲ ਗਏ ਜੁੜ, ਬੇਮੁਖ ਵਿਚ ਟਿਕਾਇੰਦਾ । ਚੜ੍ਹ ਕੇ ਆਇਆ ਸ਼ਬਦ ਘੋੜ, ਉਤੇ ਚਿੱਟਾ ਆਸਣ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਡੰਡਾ ਸਾਚਾ ਹੱਥਾਂ ਵਿਚ ਲਾਇੰਦਾ । ਸਾਚੇ ਹੱਥਾਂ ਆਪ ਜੁੜਾਏ । ਪਹਿਲਾ ਗੇੜਾ ਆਪ ਦਵਾਏ । ਉਮਤ ਨਬੀ ਰਸੂਲ ਦੀ ਕਰਦੀ ਹਾਏ ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਡੰਡਾ ਹੱਥ ਵਿਚ ਫੜਿਆ, ਉਤੋਂ ਰਿਹਾ ਦਬਾਏ । ਦੇਵੇ ਗੇੜਾ ਲਾਏ ਜ਼ੋਰ । ਲੱਖ ਚੁਰਾਸੀ ਪਾਏ ਸ਼ੋਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਹੌਲੀ ਹੌਲੀ ਤੋਰ । ਅੱਗੇ ਆਵੇ ਸਾਨੂੰ ਡਰ, ਨਰਕ ਪਿਆ ਅੰਧਘੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਗੁਰਮੁਖਾਂ ਪਕੜੇ ਹੱਥੀਂ ਡੋਰ । ਗੁਰਮੁਖਾਂ ਸੁਰਤ ਸੰਭਾਲਦਾ । ਅਕਾਲ ਮੂਰਤ ਰੰਗ ਭਗਵਾਨ ਦਾ । ਸ਼ਬਦ ਤੂਰਤ ਸੁਰਤ ਸੰਭਾਲਦਾ । ਏਕਾ ਨੂਰਤ ਮਿਹਰਵਾਨ ਦਾ । ਸ੍ਰਿਸ਼ਟ ਸਬਾਈ ਦਿਸੇ ਕੂੜਤ, ਏਕਾ ਝੁਲੇ ਸਚ ਨਿਸ਼ਾਨ ਸ੍ਰੀ ਭਗਵਾਨ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਪੁਣ ਛਾਣਦਾ । ਲੱਖ ਚੁਰਾਸੀ ਪੁਣੇ ਛਾਣੇ । ਤਖ਼ਤੋਂ ਲਾਹੇ ਰਾਜੇ ਰਾਣੇ । ਗਲੇ ਲਗਾਏ ਗਰੀਬ ਨਿਮਾਣੇ । ਰਾਓ ਰੰਕ ਇਕ ਕਰਾਨੇ । ਊਚ ਨੀਚ ਭੇਵ ਚੁਕਾਨੇ । ਗੁਰਮੁਖ ਸਾਚੇ ਸੇਵ ਲਗਾਨੇ । ਪ੍ਰਭ ਅਬਿਨਾਸ਼ੀ ਵਡ ਦੇਵੀ ਦੇਵ, ਕਿਰਪਾ ਕਰੇ ਅੰਤ ਮਹਾਨੇ । ਸੋਹੰ ਦੇਵੇ ਸਾਚਾ ਮੇਵ, ਆਤਮ ਹੋਏ ਬ੍ਰਹਮ ਗਿਆਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਪਣਾ ਸਾਚੀ ਰਸਨਾ ਜਿਹਵਾ, ਗੁਣਵੰਤ ਹਰਿ ਗੁਣ ਨਿਧਾਨੇ । ਰਾਜਾ ਰਾਣਾ ਕਰ ਖੁਆਰ । ਖਿੱਚ ਲਿਆਏ ਚਰਨ ਦਵਾਰ । ਸ੍ਰਿਸ਼ਟ ਸਬਾਈ ਅੰਧ ਕੂਪੀ, ਬੇਮੁਖ ਸੁੱਤੇ ਪੈਰ ਪਸਾਰ । ਪ੍ਰਗਟ ਹੋਇਆ ਸਤਿ ਸਰੂਪੀ, ਨਿਹਕਲੰਕ ਨਰਾਇਣ ਨਰ ਅਵਤਾਰ । ਨਾ ਕੋਈ ਰੰਗ ਰੇਖ ਰੂਪੀ, ਏਕਾ ਸ਼ਬਦ ਅਧਾਰ । ਜਮ ਕੀ ਕਾਨ ਗੁਰਮੁਖਾਂ ਚੁੱਕੀ ਆਏ ਸਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਲੇ ਫੜ ਫੜ ਬਾਹੋਂ ਜਾਏ ਤਾਰ । ਪਹਿਲਾ ਖੇਲ ਹਰਿ ਰਚਾਉਣਾ । ਚਰਨ ਬਿਆਸੋਂ ਪਾਰ ਟਿਕਾਉਣ । ਰਾਜੇ ਸੰਗਰੂਰ ਦਰਸ ਦਿਖਾਉਣਾ । ਅੰਮ੍ਰਿਤ ਮੇਘ ਬਰਸ, ਆਤਮ ਠੰਡੀ ਠਾਰ ਕਰਾਉਣਾ । ਕਰ ਕਰ ਮਿਹਰ ਦੇਵੇ ਦਰਸ, ਗੁਰਮੁਖ ਚਰਨੀ ਸੀਸ ਝੁਕਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਮਸਤੂਆਣੇ ਭਾਗ ਲਗਾਉਣਾ । ਮਸਤੂਆਣੇ ਜਾਏ ਚਲ । ਸੰਬਲ ਦੇਸ ਧਾਮ ਅਟੱਲ ਗੁਰ ਗੋਬਿੰਦ ਜੋ ਲਿਖਾਇਆ, ਕਲਜੁਗ ਪ੍ਰਗਟ ਹੋਵੇ ਅੰਤਮ ਕਲ । ਪ੍ਰਭ ਅਬਿਨਾਸ਼ੀ ਭੇਖ ਵਟਾਇਆ, ਸ੍ਰਿਸ਼ਟ ਭੁਲਾਏ ਕਰ ਕਰ ਵਲ ਛਲ । ਨਿਹਕਲੰਕ ਕਲ ਜਾਮਾ ਪਾਇਆ, ਕਰੇ ਕਰਾਏ ਜਲ ਥਲ । ਸਾਚਾ ਸ਼ਬਦ ਡੰਕ ਵਜਾਇਆ, ਵਾਹ ਵਾਹ ਸੋਹਣਾ ਖੇਲ ਰਚਾਇਆ ਨਾ ਕੋਈ ਸਕੇ ਝੱਲ । ਰਾਓ

ਰੰਕ ਇਕ ਕਰਾਇਆ, ਦਵਾਰ ਬੰਕ ਆਣ ਸੁਹਾਇਆ, ਪ੍ਰਗਟ ਹੋਏ ਜੋਤ ਸਰੂਪੀ ਘੜੀ ਘੜੀ ਪਲ ਪਲ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਮਾਂ ਆਣ ਸੁਹਾਇਆ, ਗੁਰ ਸੰਗਤ ਜਾਏ ਬਲ ਬਲ। ਮਸਤੂਆਣਾ ਮਾਣ ਦਵਾਣਾ। ਸਾਚਾ ਲੇਖ ਆਪ ਲਿਖਾਣਾ। ਰਾਜਾ ਰਾਣਾ ਸਰਨ ਲਗਾਣਾ। ਗੁਰ ਸੰਗਤ ਹਰਿ ਸੰਗ ਰਖਾਣਾ। ਪ੍ਰਭ ਅਬਿਨਾਸ਼ੀ ਦੇਵੇ ਵਰ, ਮੰਗੀ ਮੰਗ ਹਰਿ ਪੂਰ ਕਰਾਨਾ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੀਪਕ ਜੋਤ ਜਗਾਣਾ। ਜੋਤੀ ਦੀਪ ਹੋਏ ਪ੍ਰਕਾਸ਼। ਕਲਜੁਗ ਅੰਧੇਰ ਜਾਏ ਵਿਨਾਸ। ਸ਼ਬਦ ਸਰੂਪੀ ਪ੍ਰਗਟ ਹੋਵੇ, ਜੋਤ ਸਰੂਪੀ ਪਾਵੇ ਰਾਸ। ਗੁਰਮੁਖਾਂ ਮੈਲ ਪਾਪਾਂ ਧੋਵੇ, ਕਰੇ ਬੰਦ ਖ਼ਲਾਸ। ਲੱਖ ਚੁਰਾਸੀ ਦਰ ਦਰ ਰੋਵੇ, ਅੰਤਮ ਹੋਵੇ ਨਾਸ। ਗੁਰਮੁਖ ਸਾਚਾ ਚਰਨ ਧੂੜ ਮਲ ਮਲ ਧੋਵੇ, ਕਿਰਪਾ ਕਰੇ ਪੁਰਖ ਅਬਿਨਾਸ਼। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸੰਗਤ ਤੇਰਾ ਹੋਇਆ ਦਾਸ। ਰਾਣਾ ਸੰਗਰੂਰ ਚਰਨੀ ਲਗ। ਚਰਨਾਂ ਉਪਰ ਧਰੇ ਪੱਗ। ਪ੍ਰਭ ਅਬਿਨਾਸ਼ੀ ਕਿਰਪਾ ਕਰ, ਆਤਮ ਸਾਚੀ ਜੋਤ ਧਰ ਲੱਗੀ ਰਹੀ ਅੱਗ। ਨਿਹਕਲੰਕ ਅਵਤਾਰ ਨਰ, ਇਕ ਖੁਲ੍ਹਾਏ ਸਾਚਾ ਸਰ, ਹੰਸ ਬਣਾਏ ਕਗ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ। ਵਡ ਦਾਤਾ ਸੂਰਾ ਸਰਬਗ। ਰਾਣੇ ਸੰਗਰੂਰ ਵਡ ਦੇਵੀ ਦੇਵ ਦਇਆ ਕਮਾਇੰਦਾ। ਪ੍ਰਭ ਅਬਿਨਾਸ਼ੀ ਅਲਖ ਅਭੇਵ, ਮਾਇਆ ਪੜਦਾ ਲਾਹਿੰਦਾ। ਪੂਰਨ ਹੋਈ ਤੇਰੀ ਸੇਵ, ਸਾਚੀ ਘਾਲ ਥਾਂਏ ਪਾਇੰਦਾ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇ ਕੇ ਵਰ, ਸਾਚਾ ਚਰਨ ਉਠਾਇੰਦਾ। ਸਾਚਾ ਚਰਨ ਆਪ ਉਠਾਏ। ਗੁਰ ਸੰਗਤ ਸਾਰੀ ਸੰਗ ਰਲਾਏ। ਰਾਣਾ ਸੰਗਰੂਰ ਸੇਵ ਕਮਾਏ।
ਪ੍ਰਭ ਅਬਿਨਾਸ਼ੀ ਸਾਚਾ ਪੱਲੂ ਆਪ ਫੜਾਏ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰੇ ਜਾਏ ਡੇਰਾ ਲਾਏ। ਜਮਨ ਕਿਨਾਰੇ ਡੇਰਾ ਲੱਗੇ। ਏਕਾ ਪਵਣ ਜਗਤ ਵਗੇ। ਸ੍ਰਿਸ਼ਟ ਸਬਾਈ ਕਲਜੁਗ ਦੱਗੇ। ਦੀਪਕ ਜੋਤੀ ਸਾਚੀ ਜਗੇ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰੇ ਫਿਰੇ ਪਿੱਛੇ ਅੱਗੇ। ਜਮਨ ਕਿਨਾਰੇ ਚਰਨ ਸੁਹਾਨਾ। ਸਾਚਾ ਸ਼ਬਦ ਹਰਿ ਚਲਾਨਾ। ਸਾਧਾਂ ਸੰਤਾਂ ਪਕੜ ਉਠਾਨਾ। ਜੋਤ ਸਰੂਪੀ ਖੇਲ ਰਚਾਨਾ। ਜੰਗਲ ਜੂਹ ਉਜਾੜ ਪਹਾੜ ਏਕਾ ਰੰਗ ਸਾਚਾ ਸੰਗ ਆਪ ਨਿਭਾਣਾ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਨਾਮ ਚੜ੍ਹਾਨਾ। ਸਾਚਾ ਸੰਗ ਆਪ ਨਿਭਾਇੰਦਾ। ਡੂੰਘੀ ਕੰਦਰ ਫੋਲ ਫੁਲਾਇੰਦਾ। ਗੁਰਦਵਾਰਾ ਮੰਦਰ ਵੇਖ ਵਖਾਇੰਦਾ। ਬੈਠਾ ਕੋਈ ਲੁਕਿਆ ਰਹੇ ਨਾ ਅੰਦਰ, ਜੋ ਜਨ ਪ੍ਰਭ ਸਾਚਾ ਧਿਆਇੰਦਾ। ਉਚੇ ਟਿੱਲੇ ਫੜ ਫੜ ਹਿਲਾਏ ਗੋਰਖ ਮਛੰਦਰ, ਆਪਣੀ ਸਰਨ ਬਹਾਇੰਦਾ। ਗੁਰਮੁਖਾਂ ਜੋਤ ਜਗਾਏ ਅੰਦਰੇ ਅੰਦਰ, ਸ਼ਬਦ ਸਰੂਪੀ ਦਰਸ ਦਿਖਾਇੰਦਾ। ਆਤਮ ਤੋੜੇ ਆਪੇ ਜੰਦਰ, ਦੂਈ ਦਵੈਤੀ ਪੜਦੇ ਲਾਹਿੰਦਾ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਏ ਸੁਨੇਹੜਾ ਜਾਂਦੀ ਪਵਣ, ਸਾਧਾਂ ਸੰਤਾਂ ਪਕੜ ਉਠਾਇੰਦਾ। ਉਠੋ ਸੰਤੋ ਕਰੋ ਤਿਆਰੀ। ਆਓ ਚਲ ਜਮਨ ਕਿਨਾਰੀ। ਨਿਹਕਲੰਕ ਜਗੀ ਜੋਤ, ਕਲਜੁਗ ਤੇਰੀ ਅੰਤਮ ਵਾਰੀ। ਆਪ ਮਿਟਾਏ ਚਿੰਤਾ ਸੋਗ, ਹਉਮੇ ਕਟੇ ਤਨ ਬਿਮਾਰੀ। ਏਕਾ ਦੇਵੇ ਦਰਸ ਅਮੋਘ, ਪੱਕੀ ਸੱਚੀ ਯਾਰੀ। ਆਪੇ ਦੇਵੇ ਸੱਚਾ ਜੋਗ, ਸੋਹੰ ਸ਼ਬਦ ਨਾਮ ਖੁਮਾਰੀ। ਕਦੇ ਨਾ ਹੋਏ ਜਗਤ ਵਿਜੋਗ, ਪ੍ਰਭ ਅਬਿਨਾਸ਼ੀ ਕਿਰਪਾ ਧਾਰੀ। ਅੰਤਮ ਹੋਏ ਸਚ ਸੰਜੋਗ, ਗੁਰਮੁਖਾਂ ਮਿਲੇ ਸਾਚਾ ਪੀਆ। ਬਣ ਜਾਏ ਸਾਚੀ ਨਾਰੀ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ


੩੨੦ ੦੪

੩੨੧
੦੪

ਆਪੇ ਚੀਰੇ, ਚੀਰ ਕਰਾਏ ਕਰੇ ਦੋ ਫਾੜੀ । ਸਾਧਾਂ ਸੰਤਾਂ ਦਏ ਹੁਲਾਰਾ । ਪ੍ਰਭ ਅਬਿਨਾਸ਼ੀ ਹਰਿ ਗਿਰਧਾਰਾ । ਖੇਲ ਅਪਾਰਾ ਜੋਤ ਸਰੂਪੀ ਇਕ ਅਕਾਰਾ । ਚਾਰੋਂ ਕੁੰਟ ਪਾਵੇ ਸਾਰਾ । ਨਾ ਕੋਈ ਵੇਖੇ ਧੁੰਦੂਕਾਰਾ । ਅੱਠੇ ਪਹਿਰ ਇਕ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਉਠਾਏ ਸਰਨ ਲਿਆਏ ਦਇਆ ਕਮਾਏ ਸ਼ਬਦ ਸੁਣਾਏ ਅਪਰ ਅਪਾਰਾ । ਉਠ ਉਠ ਸੰਤ ਖ਼ੁਸ਼ੀ ਮਨਾਉਂਦੇ । ਪ੍ਰਭ ਅਬਿਨਾਸ਼ੀ ਰਸਨਾ ਗਾਉਂਦੇ । ਧਨ ਧਨ ਹੋਇਆ ਵਕਤ ਸੁਹੇਲਾ, ਕਲਜੁਗ ਕਾਲੀ ਰੈਣ ਮਿਟਾਉਂਦੇ । ਗੁਰ ਪੂਰੇ ਘਰ ਹੋਏ ਮੇਲਾ, ਇਕ ਦੂਜੇ ਨੂੰ ਦੁੱਖ ਸੁਣਾਉਂਦੇ । ਆਪੇ ਬਣ ਜਾਏ ਗੁਰ ਚੇਲਾ, ਸਾਚਾ ਲੇਖ ਕਲਜੁਗ ਤੇਰੀ ਅੰਤਮ ਵਾਰ, ਆਪਣਾ ਆਪ ਮਿਟਾਉਂਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨ ਧਿਆਉਂਦੇ । ਪ੍ਰਭ ਅਬਿਨਾਸ਼ੀ ਦਇਆ ਕਮਾਈਆ । ਸਰਬ ਘਟ ਵਾਸੀ ਸਾਚੀ ਜੋਤ ਜਗਾਈਆ । ਮਾਇਆ ਰਾਣੀ ਕਰ ਦਾਸੀ, ਬੇਮੁਖਾਂ ਝੋਲੀ ਪਾਈਆ । ਦੂਰ ਖਲੋ ਕੇ ਕਰਨ ਹਾਸੀ, ਝੂਠੇ ਧੰਦੇ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇ ਮਤ ਸੱਚੀ ਸਮਝਾਈਆ । ਸਾਚੀ ਦਇਆ ਹਰਿ ਕਮਾਇਆ । ਸੰਤਾਂ ਭਗਤਾਂ ਮੇਲ ਮਿਲਾਇਆ । ਖੇਲ ਕਰਨ ਹਰਿ ਜੀ ਆਇਆ । ਸਾਚਾ ਖੰਡਾ ਹੱਥ ਉਠਾਇਆ । ਸੋਹੰ ਡੰਡਾ ਵਿਚ ਲਗਾਇਆ । ਪਾਵੇ ਸਾਚੀ ਵੰਡਾ, ਪੜਦਾ ਉਹਲਾ ਨਾ ਕੋਈ ਰਖਾਇਆ । ਜੇ ਕੋਈ ਪਾਵੇ ਝੂਠੀ ਵੰਡਾ, ਪ੍ਰਭ ਅਬਿਨਾਸ਼ੀ ਦਏ ਮਿਟਾਇਆ । ਆਪੇ ਡੋਬੇ ਡੂੰਘੇ ਸਾਗਰ, ਘੁੰਮਣ ਘੇਰ ਰੁੜ੍ਹਾਇਆ । ਪ੍ਰਭ ਕਰੇ ਖੰਡ ਖੰਡਾ, ਸ਼ਬਦ ਸੱਚਾ ਹੱਥ ਉਠਾਇਆ । ਜਿਸ ਆਤਮ ਹੋਈ ਰੰਡਾ, ਝੂਠਾ ਰਹੇ ਮਨ ਘਮੰਡਾ, ਪ੍ਰਭ ਪੂਰੇ ਭੇਵ ਖੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਵਰਤੀ ਆਪਣੀ ਮਾਇਆ । ਅਚਰਜ ਖੇਲ ਕੀਆ ਕਰਤਾਰੇ । ਸੰਤ ਭਗਤ ਦੋਏ ਇਕ ਦਵਾਰੇ । ਇਕ ਦੂਜੇ ਦਾ ਕਰਨ ਵਿਚਾਰੇ । ਪ੍ਰਭ ਅਬਿਨਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਖ਼ਸ਼ੇ ਇਕੋ ਧਾਰੇ । ਭਗਵੰਤ ਬੋਲੇ ਭਗਤ ਵਡਿਆਈ । ਸ਼ਬਦ ਪੂਰਾ ਤੋਲ ਤੋਲੇ, ਦੇਵੇ ਭੇਵ ਖੁਲ੍ਹਾਈ । ਪ੍ਰਭ ਅਬਿਨਾਸ਼ੀ ਫੇਰ ਬੋਲੇ, ਦੋਹਾਂ ਧਿਰਾਂ ਦਾ ਮੇਲ ਮਿਲਾਈ । ਸਾਚਾ ਦਰ ਨਾ ਬਣਨਾ ਗੋਲੇ, ਜੋਤ ਸਰੂਪੀ ਰਿਹਾ ਸੁਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸੱਚਾ ਤੋਲਾ, ਸਚ ਨਬੇੜਾ ਰਿਹਾ ਕਰਾਈ । ਸਾਚਾ ਤੋਲ ਤੋਲਣ ਆਇਆ । ਕੂੜ ਕੁੜਿਆਰਾ ਫੋਲਣ ਆਇਆ । ਵਡ ਵਣਜਾਰੇ ਹਰਿ ਗਿਰਧਾਰੇ ਸਾਚਾ ਲਾਲ ਖ਼ਰੀਦਣ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤਾਂ ਭਗਤਾਂ ਆਦਿਨ ਅੰਤਾ ਜੁਗਾ ਜੁਗੰਤਾ ਸਾਚਾ ਸੰਗ ਨਿਭਾਵਣ ਆਇਆ । ਸਾਚਾ ਸੰਤ ਸਹਿਜ ਸੁਭਾਏ ਹੈ । ਵਸੇ ਏਕਾ ਸੱਚੇ ਥਾਂਏ ਹੈ । ਜਿਥੇ ਹੋਵੇ ਸਚ ਨਿਆਂਏ ਹੈ । ਨਾ ਕੋਈ ਪਿਤਾ ਨਾ ਕੋਈ ਮਾਂਏ ਹੈ । ਏਕਾ ਜੋਤ ਹੋਏ ਰੁਸ਼ਨਾਏ ਹੈ । ਜੋਤ ਸਰੂਪੀ ਜੋਤ ਹਰਿ ਪ੍ਰਗਟਾਏ ਹੈ । ਆਤਮ ਸਾਚਾ ਭੇਵ ਖੁਲ੍ਹਾਏ ਹੈ । ਸੰਤ ਬੰਨ੍ਹੇ ਆਪਣਾ ਮਨ, ਪ੍ਰਭ ਅਬਿਨਾਸ਼ੀ ਦੇਵੇ ਸਾਚਾ ਨਾਮ ਧਨ । ਆਪ ਸੁਣਾਏ ਇਕੋ ਰਾਗ ਕੰਨ । ਭਾਂਡਾ ਭਰਮ ਭੌ , ਭੁਲੇਖਾ ਪ੍ਰਭ ਦੇਵੇ ਭੰਨ । ਜੋਤੀ ਜੋਤ ਸਰੂਪ ਹਰਿ, ਜੂਠਿਆਂ ਝੂਠਿਆਂ ਲਾਉਂਦਾ ਆਇਆ ਅੰਤਮ ਡੰਨ । ਆਪੇ ਡੰਨੇ ਆਪੇ ਭੰਨੇ । ਕਾਇਆ ਭਾਂਡੇ ਕਾਚੇ ਛੰਨੇ । ਗੁਰਮੁਖਾਂ ਹੋਏ ਸਹਾਈ ਪੈਜ ਰਖਾਈ, ਆਤਮ ਦਰ ਦਵਾਰੇ ਆਈ, ਜਿਉਂ ਮਾਲ ਚਰਾਏ ਧੰਨੇ । ਪ੍ਰਭ ਅਬਿਨਾਸ਼ੀ ਕੀ ਕਰੇ ਵਿਚਾਰਾ । ਜਨ ਭਗਤਾਂ ਖਿਚ ਲਿਆਏ ਦਵਾਰਾ । ਗੁਰਮੁਖ ਥੱਲੇ ਕਰੇ ਹਾਹਾਕਾਰਾ । ਉਤੋਂ ਆਵੇ ਸ਼ਾਹ ਅਸਵਾਰਾ । ਸ਼ਬਦ ਸਰੂਪੀ ਅੰਦਰ

ਬੋਲੇ, ਸੁਣੇ ਸਚ ਪੁਕਾਰਾ । ਸਾਚੀ ਜਗੇ ਜੋਤ ਅਮੁਲੇ । ਜੋਤ ਸਰੂਪੀ ਹਰਿ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਮਾਤਲੋਕ ਪਰਖਣ ਆਇਆ ਸੋਹੰ ਘਸਵਟੀ ਲੈ ਕੇ ਆਇਆ, ਕੋਈ ਨਾ ਦਿਸੇ ਝੂਠਾ ਸੁਨਿਆਰਾ । ਭਗਤ ਤੇਰੀ ਧੰਨ ਕਮਾਈਆ । ਆਤਮ ਸੇਜਾ ਇਕ ਵਿਛਾਈਆ । ਉਤੇ ਪ੍ਰੇਮ ਪਟੋਲੀ ਪਾਈਆ । ਪ੍ਰਭ ਸਾਚੀ ਡੋਲੀ ਬਣਾਈਆ । ਚੜ੍ਹ ਜਾਏ ਹੌਲੀ ਹੌਲੀ, ਅਚਰਜ ਰੀਤ ਇਹ ਚਲਾਈਆ । ਗੁਰਮੁਖ ਆਤਮ ਤੇਰੀ ਮੌਲੀ, ਪ੍ਰਭ ਅਬਿਨਾਸ਼ੀ ਦੇਵੇ ਸ਼ਬਦ ਇਹ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੈਜ ਰਖਾਈਆ । ਸੰਤ ਜਨਾ ਹਰਿ ਦਏ ਦਿਲਾਸਾ । ਏਕਾ ਨਾਮ ਸਚ ਭਰਵਾਸਾ । ਬੇਮੁਖ ਕਰਨ ਜਗਤ ਤਮਾਸ਼ਾ । ਝੂਠੀ ਪਾਉਂਦੇ ਮਾਨਸ ਰਾਸਾ । ਖ਼ਾਲੀ ਦਿਸੇ ਕਾਇਆ ਕਾਸਾ । ਜੋਤ ਨਾ ਲੱਭੇ ਕਿਤੋਂ ਮਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਦੋਹਾਂ ਧਿਰਾਂ ਆਪੇ ਵੇਖੇ ਜਗਤ ਤਮਾਸ਼ਾ । ਭਗਤ ਜਨ ਜਗ ਲਾਏ ਪ੍ਰੀਤ । ਪ੍ਰਭ ਅਬਿਨਾਸ਼ੀ ਪਰਖੇ ਨੀਤ । ਆਤਮ ਘਰ ਸਾਚੇ ਆਏ, ਬਣ ਕੇ ਸਾਚਾ ਮੀਤ । ਅੰਮ੍ਰਿਤ ਸਾਚਾ ਜਾਮ ਪਿਆਏ, ਖੰਡਾ ਧਾਰ ਇਕ ਰਖਾਏ, ਕਰੇ ਕਾਇਆ ਠੰਡੀ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਿਹਕਲੰਕ ਕਿਸੇ ਨਾ ਮਿਲੇ ਮੰਦਰ ਵਿਚ ਮਸੀਤ । ਸੰਤ ਜਨਾਂ ਹਰਿ ਕਰ ਪਿਆਰਾ । ਸ਼ਬਦ ਦੇਵੇ ਸਾਚੀ ਧਾਰਾ । ਏਕਾ ਬਖ਼ਸ਼ੇ ਚਰਨ ਪਿਆਰਾ । ਆਪੇ ਮਿਲੇ ਯਾਰ ਪਿਆਰਾ । ਕਿਸੇ ਵੇਲੇ ਨਾ ਕਰੇ ਉਧਾਰਾ । ਅੱਠੇ ਪਹਿਰ ਦਏ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ, ਦੋਹਾਂ ਧਿਰਾਂ ਦਾ ਸਾਂਝਾ ਯਾਰਾ ।



## ❇ ੮ ਜੇਠ ੨੦੧੧ ਬਿਕ੍ਰਮੀ ਹੀਰਾ ਘਾਟ ਨਹਿਰ ਦੇ ਕੰਢੇ ਘਵਿੰਡ ਵਾਲੇ ਖੇਤਾਂ ਵਿਚ (ਕਲਸੀਂ) ❇

(ਇਹ ਲਿਖਤ ਬਾਬਾ ਮਨੀ ਸਿੰਘ ਦੇ ਪਰਥਾਏ ਅਤੇ ਸ੍ਰ ਸਰੂਪ ਸਿੰਘ ਦੀ ਕਾਕੀ ਅਮਰਜੀਤ ਦੀ ਦੇਹ ਛੁਡਾਉਣ ਦੇ ਨਵਿਤ ਸਾਰੀ ਸੰਗਤ ਦੇ ਸੌਂ ਜਾਣ ਤੋਂ ਬਾਅਦ ਸਤਿਗੁਰਾਂ ਆਪ ਇਕਲਿਆਂ ਬੈਠ ਕੇ ਲਿਖੀ ਸੀ)

ਆਪੇ ਦੁੱਧ ਆਪੇ ਪਾਣੀ । ਆਪੇ ਸ਼ਬਦ ਆਪੇ ਬਾਣੀ । ਆਪੇ ਰਾਜਾ ਆਪੇ ਰਾਣੀ । ਆਪੇ ਵੇਦ ਆਪ ਪੁਰਾਣੀ । ਆਪੇ ਜਾਣੇ ਅੰਜੀਲ ਕੁਰਾਨੀ । ਆਪੇ ਆਪ ਸ਼ਾਹ ਸੁਲਤਾਨੀ । ਆਪੇ ਆਪ ਵਾਲੀ ਦੋ ਜਹਾਨੀ । ਆਪੇ ਆਪ ਜੋਤ ਸਰੂਪ ਹਰਿ ਦੇਵਣ ਆਇਆ ਮਾਤਲੋਕ ਸੱਚੀ ਨਿਸ਼ਾਨੀ । ਆਪੇ ਦੁੱਧ ਆਪੇ ਹਰਿ ਪਾਣੀਆ । ਦੋਹਾਂ ਏਕਾ ਮੇਲ ਮਿਲਾਨੀਆ । ਸ਼ਬਦ ਪਾਏ ਵਿਚ ਮਧਾਨੀਆ । ਰਿੜਕਣ ਆਇਆ ਬਣ ਸਵਾਣੀਆ । ਮੇਲ ਮਿਲਾਇਆ ਹਾਣੀ ਹਾਣੀਆ । ਅਚਰਜ ਖੇਲ ਵਰਤਾਇਆ, ਸੰਤ ਮਨੀ ਸਿੰਘ ਤੇਰਾ ਜਾਨਿਆ । ਨਿਹਕਲੰਕ ਕਲ ਜਾਮਾ ਪਾਇਆ, ਮਿਟਾਏ ਬਾਣੀ ਖਾਣੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਲੱਖ ਚੁਰਾਸੀ ਤੇਰੀ ਕਾਣੀਆ । ਪਾਣੀ ਦੁੱਧ ਆਪ ਵਿਰੋਲੇ । ਜੋਤ ਸਰੂਪੀ ਸਾਚਾ ਪੂਰਾ ਤੋਲ ਤੋਲੇ । ਵਡਾ ਸ਼ਾਹੋ ਹਰਿ ਵਡਾ ਭੂਪ, ਜਨ ਭਗਤਾਂ ਦੇਵੇ ਸ਼ਬਦ ਝਕੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਅਸ਼ਟਮ ਜੇਠ ਤੈਨੂੰ ਆਪ ਚੜ੍ਹਾਣ ਆਇਆ ਸ਼ਬਦ ਸਰੂਪੀ ਸਾਚੇ ਡੋਲੇ । ਸਾਚਾ ਡੋਲਾ ਕਰ ਤਿਆਰ । ਨਿਹਕਲੰਕ ਨਰ ਅਵਤਾਰ ।

ਚੁੱਕ ਲਿਆਇਆ ਬਣ ਕੁਹਾਰ । ਮਾਤਲੋਕ ਹਰਿ ਲਏ ਅਵਤਾਰ । ਅਸ਼ਟਮ ਜੇਠ ਕਰੇ ਅਸਵਾਰ । ਗੁਰ ਸੰਗਤ ਸਾਰੀ ਹੋ ਤਿਆਰ । ਆਪੇ ਲਾਏ ਤਨ ਸ਼ਿੰਗਾਰ । ਕਾਇਆ ਕਰੇ ਠੰਡੀ ਠਾਰ । ਉਤੋਂ ਪਾਣੀ ਦੇਵੇ ਵਾਰ । ਦੁੱਧ ਵਹਾਏ ਸੀਤਲ ਧਾਰ । ਜਗੇ ਜੋਤ ਅਗੰਮ ਅਪਾਰ । ਸਤਿਜੁਗ ਤੇਰੀ ਬੰਨ੍ਹੇ ਧਾਰ । ਸੰਤ ਮਨੀ ਸਿੰਘ ਤੇਰੀ ਕਰੇ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋ ਕਰਨ ਆਇਆ ਆਪ ਆਪਣੇ ਨਾਲ ਤੈਨੂੰ ਮਾਤ ਤਿਆਰ । ਉਠ ਸੰਤ ਕਰ ਤਿਆਰੀ । ਤੇਰੀ ਆਈ ਅੰਤਮ ਵਾਰੀ । ਲਿਖਿਆ ਲੇਖ ਬਣ ਲਿਖਾਰੀ । ਵਾਸੀ ਪੁਰੀ ਘਨਕ ਪ੍ਰਗਟ ਜੋਤ ਆਇਆ ਚਲ ਦਵਾਰੀ । ਸ਼ਬਦ ਵਜਾਏ ਤੇਰਾ ਡੰਕ, ਚਾਰ ਕੁੰਟ ਹੋਕਾ ਦੇਵੇ ਅਵਾਜਾਂ ਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਸ਼ਟਮ ਜੇਠ ਤੇਰੀ ਪਾਏ ਕੀਮਤ ਸਾਰੀ । ਚਿੱਟਾ ਦੁੱਧ ਅੰਮ੍ਰਿਤ ਧਾਰ ਹੈ । ਨਿਰਮਲ ਕਰੇ ਬੁਧ, ਕਿਰਪਾ ਕਰੇ ਅਪਰ ਅਪਾਰ ਹੈ । ਕਾਰਜ ਕਰੇ ਸਿਧ, ਬਣ ਆਇਆ ਹਰਿ ਭਿਖਾਰ ਹੈ । ਚਿੱਟੇ ਅਸਵ ਮਾਰ ਛਾਲ ਚੜ੍ਹਿਆ ਕੁੱਦ, ਜੋਤ ਸਰੂਪੀ ਖੇਲ ਅਪਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਗੀ ਧਰ ਅਵਤਾਰ ਹੈ । ਅੰਮ੍ਰਿਤ ਜਲ ਠੰਡਾ ਸੀਰ । ਗੁਰਸਿਖਾਂ ਕਟਣ ਆਇਆ ਭੀੜ । ਕਲਜੁਗ ਤੇਰੇ ਅੰਤਮ ਵੇਲੇ ਬੰਨ੍ਹਣ ਆਇਆ ਸਾਚਾ ਬੀੜ । ਸੰਤ ਮਨੀ ਸਿੰਘ ਗੁਰਸਿਖ ਤੇਰੇ ਸਾਚੇ ਸਾਕ ਸੱਜਣ ਸੁਹੇਲੇ ਇਕ ਦੂਜੇ ਦੇ ਬਣ ਜਾਣ ਵੀਰ । ਅਸ਼ਟਮ ਜੇਠ ਕਰੇ ਮੇਲੇ, ਮਾਇਆ ਰਾਣੀ ਲਾਹੇ ਚੀਰ । ਖੇਲ ਵਰਤਾਏ ਜੋਤ ਜਗਾਏ ਆਪੇ ਬਣੇ ਗੁਰ ਚੇਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚਲਾਏ ਸ਼ਬਦ ਤੀਰ । ਪ੍ਰਭ ਅਬਿਨਾਸ਼ੀ ਨੇਤਰ ਖੋਲ੍ਹੇ । ਸੰਤ ਮਨੀ ਸਿੰਘ ਤੇਰੀ ਆਤਮ ਬੋਲੇ । ਆਪਣੀ ਕਾਇਆ ਹਰਿ ਤਜਾਈ, ਜੋਤ ਸਰੂਪੀ ਖੇਲ ਰਚਾਈ, ਵਡ ਸ਼ਾਹੋ ਭੂਪੀ ਦਿਸ ਕਿਸੇ ਨਾ ਆਈ, ਸਾਚੀ ਜੋਤ ਜਗਾਏ ਤੇਰੀ ਸਾਚੀ ਕਾਇਆ ਚੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਅਗਲਾ ਪਿਛਲਾ ਲਹਿਣਾ ਦੇਣਾ ਸਾਚਾ ਭੇਵ ਖੋਲ੍ਹੇ । ਗੁਰ ਸੰਗਤ ਗੁਰ ਇਕ ਬਣਾਈਆ । ਦੋਹਾਂ ਵਿਚ ਭੇਵ ਨਾ ਰਾਈਆ । ਏਕਾ ਸ਼ਬਦ ਸਰਬ ਜਣਾਈਆ । ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਧਾਰ ਹਰਿ ਰਖਾਈਆ । ਏਕਾ ਕਾਰ ਦਏ ਕਰਾਈਆ । ਚਰਨ ਪਿਆਰ ਫੇਰ ਵਧਾਈਆ । ਵਿਚ ਸੰਸਾਰ ਦਏ ਵਡਿਆਈਆ । ਸੁਖੀ ਰੱਖੇ ਨਰ ਨਾਰ, ਜੋ ਸਰਨਾਈ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਬੇਪਰਵਾਹੀਆ । ਅੰਮ੍ਰਿਤ ਧਾਰ ਸਹਿਜ ਸੁਖ ਧਾਰੀ । ਪ੍ਰਭ ਦੇਵੇ ਕਰ ਪਿਆਰ, ਜਨ ਆਏ ਬਣ ਭਿਖਾਰੀ । ਆਪਾ ਆਪ ਦੇਵੇ ਉਤੋਂ ਵਾਰ, ਗੁਰ ਸੰਗਤ ਮਾਣ ਦਵਾਏ ਵਡ ਦਾਤਾ ਵਿਚ ਸੰਸਾਰੀ । ਮਾਣ ਤਾਣ ਜਗਤ ਰਖਾਏ, ਹਰਿ ਸ਼ਾਹੋ ਵਡਾ ਸਿਕਦਾਰੀ । ਏਕਾ ਆਣ ਸਰਬ ਜਣਾਏ, ਨਿਹਕਲੰਕ ਚਰਨ ਦਵਾਰੀ । ਸ਼ਬਦ ਬਾਣ ਆਪ ਚਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ । ਸਾਚਾ ਅੰਮ੍ਰਿਤ ਸਾਚਾ ਸੀਰਾ । ਗੁਰਮੁਖਾਂ ਦੇਵੇ ਆਤਮ ਧੀਰਾ । ਵਿਚੋਂ ਕਢੇ ਹਉਮੇ ਪੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਕਟਣ ਆਇਆ ਦੁੱਖੀਆਂ ਭੀੜਾ । ਨਾ ਕੋਈ ਘਰ ਨਾ ਕੋਈ ਟਿਕਾਣਾ । ਨਾ ਕੋਈ ਦਰ ਨਾ ਕੋਈ ਮਕਾਨਾ । ਨਾ ਕੋਈ ਸਰ ਨਾ ਕੋਈ ਇਸ਼ਨਾਨਾ । ਜਿਥੇ ਦੇਵੇ ਹਰਿ ਸਾਚਾ ਵਰ, ਉਜਾੜ ਬੀਆਬਾਨਾ । ਨਾ ਕੋਈ ਮਹੱਲ ਨਾ ਕੋਈ ਅਟਾਰੀ । ਨਾ ਕੋਈ ਮੰਦਰ ਕੀਆ ਤਿਆਰੀ । ਵੇਖ ਜੰਗਲ ਡੂੰਘੀ ਕੰਦਰ, ਧਰਮ ਰਾਏ ਤੇਰਾ ਟੁੱਟਾ ਜੰਦਰ, ਪ੍ਰਗਟ ਹੋਇਆ ਨਰ ਅਵਤਾਰੀ । ਕਲਜੁਗ ਜੀਵ ਫੜਨ

ਆਇਆ ਝੂਠੇ ਬੰਦਰ, ਸ਼ਬਦ ਡੋਰੀ ਫੜ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੈਨੂੰ ਦੇਣ ਆਇਆ ਸੱਚੀ ਸਰਦਾਰੀ । ਅਸ਼ਟਮ ਜੇਠ ਪ੍ਰਭ ਆਏ ਦਵਾਰੇ । ਪੂਰਨ ਭਗਤੀ ਸਾਚੇ ਸੰਤ ਪੂਰੀ ਹੋਈ ਵਿਚ ਸੰਸਾਰੇ । ਪ੍ਰਭ ਅਬਿਨਾਸ਼ੀ ਮਿਲਿਆ ਸਾਚਾ ਕੰਤ, ਦੇਵੇ ਮਾਣ ਸਚ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਦੁਖੀਆਂ ਭੁਖੀਆਂ ਗੁਰਮੁਖਾਂ ਪ੍ਰਭ ਸਾਚੇ ਘਰ ਪਾਵੇ ਸਾਰੇ । ਸਾਚਾ ਮੰਦਰ ਇਕ ਬਣਾਉਣਾ । ਝੰਡਾ ਸੱਚਾ ਇਕ ਝੁਲਾਉਣਾ । ਸੰਤ ਮਨੀ ਸਿੰਘ ਤੇਰਾ ਥਾਉਂ, ਸਤਿਜੁਗ ਸਾਚੇ ਆਪ ਸੁਹਾਉਣਾ । ਆਪ ਸੁਹਾਏ ਸਾਚਾ ਥਾਉਂ, ਜੰਗਲ ਡੇਰਾ ਆਪ ਕਰਾਉਣਾ । ਸ੍ਰਿਸ਼ਟ ਸਬਾਈ ਉਡੇ ਕਾਉਂ, ਘਰ ਘਰ ਦੀਵਾ ਆਪ ਬੁਝਾਉਣਾ । ਦੇਵਣ ਆਇਆ ਸੰਤਾਂ ਠੰਡੀ ਛਾਉਂ, ਹੀਰਾ ਘਾਟ ਆਪ ਸੁਹਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਿਖਿਆ ਲੇਖ ਪੂਰ ਕਰਾਉਣਾ । ਲੇਖ ਲਿਖਿਆ ਜਿਹੜਾ ਬਹਿ ਕੇ । ਭਾਣਾ ਪ੍ਰਭ ਦਾ ਸਿਰ ਤੇ ਸਹਿ ਕੇ । ਸੰਸਾਰ ਅੰਤਮ ਜਾਏ ਝੂਠੇ ਵਹਿਣ ਵਹਿ ਕੇ । ਨਿਹਕਲੰਕ ਕਲ ਜੋਤ ਪ੍ਰਗਟਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਰੁਸ਼ਨਾਏ ਸਾਚੇ ਸਿੰਘ ਸਿੰਘਾਸਣ ਬਹਿ ਕੇ । ਉਤੇ ਪੜਦਾ ਹਰਿ ਜੀ ਪਾਇਆ । ਲੱਖ ਚੁਰਾਸੀ ਤੇਰਾ ਕਫ਼ਨ ਹਰਿ ਜੀ ਆਪ ਸਵਾਇਆ । ਕਰਨ ਆਇਆ ਤੈਨੂੰ ਦਫ਼ਨ, ਸਤਿ ਸੰਗ ਨਾਲ ਲਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਸੋਹਣਾ ਖੇਲ ਰਚਾਇਆ । ਚੁੱਕਣ ਆਇਆ ਬਣ ਕੁਹਾਰ । ਆਪੇ ਕੱਢੇ ਘਰ ਚੋਂ ਬਾਹਰ । ਭਾਂਡਾ ਭੰਨੇ ਅੱਧ ਵਿਚਕਾਰ । ਉਤੋਂ ਪਾਣੀ ਦੇਵੇ ਵਾਰ । ਲੱਖ ਚੁਰਾਸੀ ਗਈ ਹਾਰ । ਮਦਿਰਾ ਮਾਸੀ ਹੋਣ ਖੁਆਰ । ਸੰਤ ਮਨੀ ਸਿੰਘ ਸਤਿਗੁਰ ਸਾਚਾ, ਪ੍ਰਗਟ ਹੋਵੇ ਵਿਚ ਸੰਸਾਰ । ਨਿਹਕਲੰਕ ਕਲ ਜਾਮਾ ਪਾਇਆ, ਬੰਨ੍ਹਣ ਆਇਆ ਸਿਰ ਦਸਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਾ ਕਰੇ ਆਪਨਾ ਅੰਤ ਵਿਹਾਰ । ਸੰਤ ਮਨੀ ਸਿੰਘ ਬੰਨ੍ਹੇ ਧਾਰ । ਪ੍ਰਗਟ ਹੋ ਵਿਚ ਸੰਸਾਰ । ਚੌਬਲਦ ਸੁਹਾਗਾ ਰਿਹਾ ਜੋਹ, ਹੋਣਾ ਖਬਰਦਾਰ । ਧਰਤ ਮਾਤ ਰਹੀ ਰੋਹ, ਆਇਆ ਸੁਣ ਪੁਕਾਰ । ਸਿਰ ਦੇ ਵਾਲ ਰਹੀ ਖੋਹ, ਉਚੀ ਕੂਕੇ ਕੂਕ ਪੁਕਾਰ । ਦੇਹ ਛੱਡੀ ਛੱਬੀ ਪੋਹ, ਕੀਆ ਖੇਲ ਅਪਰ ਅਪਾਰ । ਜਗਤ ਜੰਜ਼ਾਲਾ ਤੁੱਟਾ ਮੋਹ, ਪੁੱਤਰ ਧੀਆਂ ਨਾ ਕੀਆ ਪਿਆਰ । ਤੀਰ ਚਲਾਇਆ ਸੱਚਾ ਸੋ, ਹੰ ਕੀਆ ਆਕਾਰ । ਦੋਏ ਏਕਾ ਜੋਤੀ ਗਏ ਹੋ, ਭਰਮ ਭੁਲੇਖਾ ਆਪ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਵੇਲੇ ਆਪਨਾ ਕੀਆ ਸਚ ਵਿਹਾਰ । ਸੰਤ ਮਨੀ ਸਿੰਘ ਸੇਵ ਕਮਾਈ । ਅੱਠੇ ਪਹਿਰ ਕਲਮ ਚਲਾਈ । ਦਿਵਸ ਰੈਣ ਚਰਨ ਲਿਵ ਲਾਈ । ਝੂਠੇ ਸਾਕ ਸੱਜਣ ਸੈਣ ਭੈਣ ਭਾਈ । ਗੁਰ ਚਰਨ ਮਿੱਠਾ ਸਾਚਾ ਬਹਿਣ, ਨਾਰ ਭਤਾਰ ਪ੍ਰੀਤ ਨਾ ਲਗਾਈ । ਆਤਮ ਰੋਵੇ ਪਾ ਪਾ ਵੈਣ, ਝੱਲੀ ਜਾਏ ਨਾ ਹਰਿ ਜੁਦਾਈ । ਪੂਰਬ ਜਨਮ ਦਾ ਲਹਿਣਾ ਦੇਣ, ਮੇਰੀ ਸੇਵਾ ਪੂਰੀ ਲਾਈ । ਕਲਜੁਗ ਅੰਤਮ ਵਹਿਣਾ ਝੂਠੇ ਵਹਿਣ, ਸਿਰ ਮੇਰੇ ਤੇ ਹੱਥ ਰਖਾਈ । ਗੁਰਮੁਖ ਭਾਣਾ ਸਚ ਸਹਿਣ, ਚਰਨ ਪ੍ਰੀਤੀ ਤੋੜ ਨਿਭਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਪ੍ਰਗਟ ਜੋਤ ਆਪ ਆਪਨੀ ਦਇਆ ਕਮਾਈ । ਸੰਤ ਮਨੀ ਸਿੰਘ ਕਾਰ ਕਮਾਵੇ । ਸ਼ਬਦ ਅਧਾਰ ਇਕ ਰਖਾਵੇ । ਚਰਨ ਪਿਆਰ ਰਸਨਾ ਗਾਵੇ । ਪਰਮ ਪੁਰਖ ਅਪਾਰ ਨਾ ਕਦੇ ਡੁਲਾਵੇ । ਲੱਖ ਚੁਰਾਸੀ ਦੱਬੀ ਪੈਰਾਂ ਹੇਠ, ਉਤੇ ਭਾਰ ਡਾਹਢਾ ਪਾਵੇ । ਲਿਖਾਏ ਲੇਖ ਔਲੀਏ ਪੀਰ ਸ਼ੇਖ਼, ਅੰਤਮ ਵੇਲੇ ਖ਼ਾਕ ਰੁਲਾਵੇ । ਫਲ ਲੱਗੇ ਅਸ਼ਟਮ ਜੇਠ, ਪ੍ਰਭ ਅਬਿਨਾਸ਼ੀ ਭੋਗ ਲਗਾਵੇ ।


੩੨੪
੦੪

ਰੱਖਣ ਆਇਆ ਸਾਇਆ ਹੇਠ, ਜੋਤ ਸਰੂਪੀ ਜੋਤ ਜਗਾਵੇ । ਭੰਨਣ ਆਇਆ ਕੌੜੇ ਰੇਠ, ਦੋਹਾਂ ਧਿਰਾਂ ਦਾ ਭੇੜ ਭਿੜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣਾ ਭਾਣਾ ਆਪ ਜਣਾਵੇ । ਸੰਤ ਮਨੀ ਸਿੰਘ ਚਰਨ ਹਜ਼ੂਰੀ । ਏਕਾ ਨਾਮ ਸਬਰ ਸਬੂਰੀ । ਸੱਚਾ ਬੱਧਾ ਪੱਲੇ ਨਾਮ, ਏਕਾ ਸ਼ਬਦ ਜੋਤ ਨੂਰੀ । ਹਰਿਆ ਹੋਵੇ ਸੁੱਕਾ ਚਾਮ, ਪ੍ਰਭ ਆਸਾ ਮਨਸਾ ਕਰੇ ਪੂਰੀ । ਜੋਤ ਜਗਾਏ ਸਾਚਾ ਰਾਮ, ਆਸਾ ਮਨਸਾ ਕਰੇ ਪੂਰੀ । ਪ੍ਰਗਟ ਹੋਏ ਘਨਈਆ ਸ਼ਾਮ, ਗੁਰਮੁਖਾਂ ਮੁਖ ਲਗਾਏ ਚੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਚੁਕਾਏ, ਸੰਤ ਮਨੀ ਸਿੰਘ ਦਇਆ ਕਮਾਏ, ਤੇਰੀ ਲਿਖਤ ਨਾ ਹੋਏ ਹਦੂਰੀ । ਸੰਤ ਮਨੀ ਸਿੰਘ ਸੇਵਾ ਲੱਗਾ । ਸ਼ਬਦ ਪਾਇਆ ਏਕਾ ਝੱਗਾ । ਮਾਣ ਗਵਾਇਆ ਝੂਠੇ ਜੱਗਾ । ਇਕ ਬੁਝਾਏ ਤ੍ਰਿਸ਼ਨਾ ਅੱਗਾ । ਦਰਸ਼ਨ ਪਾਇਆ ਵਡ ਸੂਰਾ ਸਰਬੱਗਾ । ਭਾਂਡਾ ਭਰਮ ਭੌ ਭੰਨਾਇਆ, ਸ਼ਬਦ ਜੋਤੀ ਸਾਚਾ ਜਗਾ । ਪੂਰਬ ਕਰਮ ਹਰਿ ਕਰਾਇਆ, ਸੋਹੰ ਪਹਿਨਾਇਆ ਤਨ ਸਾਚਾ ਝੱਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਵਾ ਆਪੇ ਲਾਈ, ਆਪ ਲਗਾਇਆ ਆਪਣੇ ਪਗਾ । ਸੰਤ ਮਨੀ ਸਿੰਘ ਰਸਨਾ ਗਾਏ । ਦਿਵਸ ਰੈਣ ਰਸਨਾ ਧਿਆਏ । ਤੀਜਾ ਲੋਇਣ ਹਰਿ ਖੁਲ੍ਹਾਏ । ਅੱਠੇ ਪਹਿਰ ਨਾ ਦਏ ਸੌਣ, ਸਾਚੀ ਸ਼ਬਦ ਧੁਨ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਿੰਚ ਤਨ ਸੀਤ ਕਰਾਏ । ਸੰਤ ਮਨੀ ਸਿੰਘ ਰਸਨਾ ਗਾਉਂਦਾ । ਦਰਸ ਅਮੋਘੀ ਸਾਚਾ ਪਾਉਂਦਾ । ਸਾਚਾ ਜੋਗੀ ਜੋਗ ਕਮਾਉਂਦਾ । ਰਸਨਾ ਭੋਗੀ ਜਗਤ ਤਜਾਉਂਦਾ । ਸਚ ਸੰਜੋਗੀ ਕੰਤ ਹੰਢਾਉਂਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਰਨ ਲਾਗ ਹਉਮੇ ਆਪਣਾ ਰੋਗ ਗਵਾਉਂਦਾ । ਸੰਤ ਮਨੀ ਸਿੰਘ ਘਾਲ ਘਾਲੇ । ਚਰਨ ਪ੍ਰੀਤੀ ਨਿਭੇ ਨਾਲੇ । ਪ੍ਰਭ ਅਬਿਨਾਸ਼ੀ ਆਪੇ ਪਾਲੇ । ਘਨਕਪੁਰ ਵਾਸੀ ਜਿਉਂ ਮਾਤਾ ਬਾਲੇ । ਮਾਨਸ ਜਨਮ ਕਰੇ ਰਹਿਰਾਸੀ, ਉਤੇ ਦੇਵੇ ਸ਼ਬਦ ਦੋਸ਼ਾਲੇ । ਆਤਮ ਜੋਤ ਸੱਚੀ ਪ੍ਰਕਾਸ਼ੀ, ਕਾਇਆ ਸੱਚੇ ਸ਼ਿਵਦਵਾਲੇ । ਆਤਮ ਅੰਧੇਰ ਜਾਏ ਵਿਨਾਸੀ, ਫਲ ਲੱਗਾ ਸਾਚੇ ਡਾਲੇ । ਲੱਖ ਚੁਰਾਸੀ ਚੜ੍ਹਾਉਣ ਆਇਆ ਫ਼ਾਸੀ, ਅਸਵ ਚੜ੍ਹ ਚਾਰ ਚੁਫੇਰੇ ਭਾਲੇ । ਧਰਮ ਰਾਏ ਤੇਰੀ ਕਰੇ ਦਾਸੀ, ਬੇਮੁਖਾਂ ਮੁਖ ਕਰੇ ਕਾਲੇ । ਮੇਟ ਮਿਟਾਏ ਮਦਿਰਾ ਮਾਸੀ, ਫਸੇ ਮਾਇਆ ਜਗਤ ਜੰਜ਼ਾਲੇ । ਗੁਰਮੁਖ ਵਿਰਲਾ ਗਾਏ ਸਵਾਸ ਸਵਾਸੀ, ਸੋਹੰ ਸ਼ਬਦ ਸੱਚਾ ਗਾ ਲੇ । ਪੰਡਤ ਪੜ੍ਹਦੇ ਵੇਦ ਪੁਰਾਨਾਂ ਕਾਸ਼ੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਮਨੀ ਸਿੰਘ ਸਾਚਾ ਗੁਰ ਤੇਰੀ ਅੰਤਮ ਸਾਰ ਸਮਾਲੇ । ਸੰਤ ਮਨੀ ਸਿੰਘ ਸਾਚੀ ਕਾਰਾ । ਅੱਠੇ ਪਹਿਰ ਨਾਮ ਅਧਾਰਾ । ਦਿਵਸ ਰੈਣ ਚਰਨ ਪਿਆਰਾ । ਬਣਿਆ ਰਹੇ ਲੇਖ ਲਿਖਾਰਾ । ਲਿਖੇ ਲੇਖ ਸਰਬ ਸੰਸਾਰਾ । ਕਿਰਪਾ ਕਰੇ ਹਰਿ ਗਿਰਧਾਰਾ । ਦੇਵੇ ਦਰਸ ਹਰਿ ਮੁਰਾਰਾ । ਜਾਈਂ ਕਰ ਕਲਜੁਗ ਅੰਤਮ ਵਾਰਾ । ਪ੍ਰਭ ਅਬਿਨਾਸ਼ੀ ਆਏ ਘਰ, ਚਿੱਟੇ ਅਸਵ ਹੋ ਅਸਵਾਰਾ । ਖੁਲ੍ਹਾ ਰੱਖੀਂ ਏਕਾ ਦਰ, ਅੰਮ੍ਰਿਤ ਭਰੇ ਹਰਿ ਭੰਡਾਰਾ । ਆਪ ਵਖਾਏ ਸਾਚਾ ਸਰ, ਚਲੇ ਏਕਾ ਸੱਚੀ ਧਾਰਾ । ਆਵਣ ਜਾਵਣ ਚੁੱਕੇ ਡਰ, ਮੇਲ ਮਿਲਾਵੇ ਸਚ ਭਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਸੰਤ ਮਨੀ ਸਿੰਘ ਦੇਵੇ ਵਰ, ਵਸਦਾ ਰਹੇ ਇਕ ਦਵਾਰਾ । ਸੰਤ ਮਨੀ ਸਿੰਘ ਚਰਨ ਧੂੜੀ, ਏਕਾ ਰੰਗ ਚੜ੍ਹਿਆ ਗੂੜ੍ਹੀ । ਸ੍ਰਿਸ਼ਟ ਸਬਾਈ ਲਿਖਿਆ ਲੇਖ, ਸ਼ਬਦ ਵੇਲਣੇ ਆਪੇ ਰੱਖੇ ਤਿੱਖੀ ਬੂੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ,


੩੨੫ ੦੪

ਰਾਜੇ ਰਾਣਿਆਂ ਪਾਏ ਜੂੜੀ । ਸੰਤ ਮਨੀ ਸਿੰਘ ਸਾਚਾ ਸੰਗ, ਏਕਾ ਚੜ੍ਹਿਆ ਨਾਮ ਰੰਗ । ਅੱਠੇ ਪਹਿਰ ਮੰਗੇ ਮੰਗ । ਪ੍ਰਭ ਅਬਿਨਾਸ਼ੀ ਤੇਰਾ ਸੰਗ । ਮਾਨਸ ਜਨਮ ਨਾ ਹੋਏ ਭੰਗ । ਚਿੱਟੇ ਅਸਵ ਕਸੇ ਤੰਗ । ਚਾਰੋਂ ਕੁੰਟ ਕਰਾਈਂ ਏਕਾ ਜੰਗ । ਲੱਖ ਚੁਰਾਸੀ ਭੰਨ ਵਖਾਈਂ, ਧਰਮ ਰਾਏ ਦੀ ਕੱਚੀ ਵੰਗ । ਚਾਰੋਂ ਕੁੰਟ ਅੰਧੇਰ ਕਰਾਈਂ, ਲੱਖ ਚੁਰਾਸੀ ਕਰੀਂ ਭੰਗ । ਚਰਨ ਪ੍ਰੀਤੀ ਸੇਵ ਕਮਾਈਂ, ਮੰਗੀਏ ਮੰਗ । ਨਿਹਕਲੰਕ ਦਿੱਤੀ ਵਡਿਆਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਸ਼ਟਮ ਜੇਠ ਤੇਰੀ ਕਾਇਆ ਚੋਲੀ ਆਪ ਚੜ੍ਹਾਵਣ ਆਇਆ ਸਾਚਾ ਰੰਗ । ਸੰਤ ਮਨੀ ਸਿੰਘ ਸ਼ਬਦ ਅਧਾਰਾ । ਮੰਗਿਆ ਏਕਾ ਹਰਿ ਦਵਾਰਾ । ਬਣਿਆ ਰਿਹਾ ਨਾਮ ਭਿਖਾਰਾ । ਲਿਖਦਾ ਰਹੇ ਲੇਖ ਅਪਾਰਾ । ਨਿਹਕਲੰਕ ਨਰਾਇਣ ਨਰ, ਏਕਾ ਬਖ਼ਸ਼ੇ ਸ਼ਬਦ ਅਧਾਰਾ । ਆਪ ਖੁਲ੍ਹਾਇਆ ਤੀਜਾ ਨੈਣ, ਦੇਵੇ ਜੋਤੀ ਚਮਤਕਾਰਾ । ਸਚ ਚੁਕਾਵਣ ਆਇਆ ਲਹਿਣ ਦੇਣ, ਤਨ ਪਹਿਨਾਏ ਸਾਚਾ ਗਹਿਣ, ਸੋਹੰ ਸਾਚਾ ਸ਼ਬਦ ਅਪਾਰਾ । ਲਾਜ ਰੱਖਣੀ ਗੁਰ ਸੰਗਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੱਸੇ ਸਚ ਵਿਹਾਰਾ । ਸੰਤ ਮਨੀ ਸਿੰਘ ਸਚ ਭਤਾਰ । ਪ੍ਰਭ ਅਬਿਨਾਸ਼ੀ ਇਕ ਪਿਆਰ । ਘਨਕਪੁਰ ਵਾਸੀ ਇਕ ਸੱਚਾ ਯਾਰ । ਅੰਤਮ ਵੇਲੇ ਪਾਏ ਸਾਰ । ਪ੍ਰਗਟ ਜੋਤ ਨਿਹਕਲੰਕ, ਸ਼ਬਦ ਸਰੂਪੀ ਜਾਮਾ ਧਾਰ । ਇਕ ਵਜਾਏ ਸਾਚਾ ਡੰਕ, ਚਾਰੇ ਕੁੰਟਾਂ ਕਰੇ ਖ਼ਬਰਦਾਰ । ਰਾਓ ਰੰਕ ਖਿਚ ਲਿਆਏ ਤੇਰੇ ਚਰਨ ਦਵਾਰ । ਸਾਚੀ ਗੁਰ ਸੰਗਤ ਕਰ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮਾਣ ਦਵਾਏ, ਆਪੇ ਬਣੇ ਪਹਿਰੇਦਾਰ । ਸੰਤ ਮਨੀ ਸਿੰਘ ਦਰਸ਼ਨ ਪਾਇੰਦਾ । ਕਰ ਦਰਸ ਤ੍ਰਿਖਾ ਬੁਝਾਇੰਦਾ । ਬੀਸ ਬਰਸ ਜੋ ਰਿਹਾ ਤਰਸ, ਆਤਮ ਤ੍ਰਿਪਤ ਕਰਾਇੰਦਾ । ਅੰਮ੍ਰਿਤ ਮੇਘ ਪ੍ਰਭ ਸਾਚਾ ਬਰਸ, ਅੱਠੇ ਪਹਿਰ ਦਰ ਤੇਰੇ ਬਿਲਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਖ਼ੁਸ਼ੀਆਂ ਨਾਲ ਮਨਾਇੰਦਾ । ਸੰਤ ਮਨੀ ਸਿੰਘ ਚੜ੍ਹਿਆ ਚਾਅ । ਏਕਾ ਵੇਖਿਆ ਸੱਚਾ ਥਾਂ । ਜਿਹੜਾ ਪਕੜੇ ਅੰਤਮ ਬਾਂਹ । ਹੋਏ ਸਹਾਈ ਸਭਨੀ ਥਾਂ । ਭੈਣ ਭਾਈ ਬਣੇ ਪਿਤਾ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਾਣੇ ਸਦਾ ਸਦਾ ਸਦਾ ਠੰਡੀ ਛਾਂ । ਗੁਰ ਸੰਗਤ ਧੰਨ ਕਮਾਈਆ, ਸੰਤ ਮਨੀ ਸਿੰਘ ਤੇਰੀ ਸੇਵਾ ਲਾਈਆ । ਗੁਰ ਸੰਗਤ ਧੰਨ ਕਮਾਈਆ, ਸਾਚੀ ਰੁੱਤ ਆਣ ਸੁਹਾਈਆ । ਗੁਰ ਸੰਗਤ ਧੰਨ ਕਮਾਈਆ, ਅਸ਼ਟਮ ਜੇਠ ਖ਼ੁਸ਼ੀ ਮਨਾਈਆ । ਗੁਰ ਸੰਗਤ ਧੰਨ ਕਮਾਈਆ, ਮਿਟਦੇ ਜਾਣ ਵਡ ਵਡ ਸੇਠ, ਗੁਰ ਸੰਗਤ ਧੰਨ ਕਮਾਈਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਣ ਆਇਆ ਚਿੱਟੇ ਅਸਵ ਹੋ ਅਸਵਾਰ ਗੁਰ ਸੰਗਤ ਤੈਨੂੰ ਇਕ ਵਧਾਈਆ । ਗੁਰ ਸੰਗਤ ਸਚ ਵਧਾਈਆ । ਸੰਤ ਮਨੀ ਸਿੰਘ ਤੇਰੀ ਅੰਤਮ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਕੱਚੀ ਗਾਗਰ, ਸ਼ਬਦ ਹਥੌੜਾ ਹਰਿ ਜੀ ਉਤੇ ਲਾਈਆ । ਪ੍ਰਭ ਦਰ ਆਏ ਮਾਇਆ ਰਾਣੀ ਨਾਚੀ, ਗੁਰ ਸੰਗਤ ਫੜ ਕੇ ਬਾਹੋਂ ਵਿਚ ਅਗਨੀ ਆਪ ਜਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੀ ਲਿਖਤ ਸਾਚੀ ਕਰਨ ਆਇਆ ਰਘੁਰਾਈਆ । ਲਿਖਦਾ ਰਿਹਾ ਅੰਦਰ ਵੜ । ਲੱਖ ਚੁਰਾਸੀ ਪੁਟਦਾ ਰਿਹਾ ਜੜ੍ਹ । ਸਾਚੀ ਕਲਮ ਚਲਾਉਂਦਾ ਰਿਹਾ, ਰਾਜੇ ਰਾਣੇ ਮਾਰੇ ਫੜ ਫੜ । ਚਰਨ ਪ੍ਰੀਤੀ ਲਾਉਂਦਾ ਰਿਹਾ, ਅੱਠੇ ਪਹਿਰ ਧਿਆਉਂਦਾ ਰਿਹਾ, ਸਾਚੀ ਸੇਵ ਕਮਾਉਂਦਾ ਰਿਹਾ, ਸ਼ਬਦ ਘੋੜੇ ਸਾਚੇ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਸ਼ਟਮ ਜੇਠ ਪਹਿਰੇਦਾਰ ਹੋਏ, ਆਪ ਫੜਾਵਣ ਆਇਆ ਆਪਣਾ ਲੜ । ਇਕ ਗੁਰ ਇਕ

੩੨੬
੦੪

ਗੋਬਿੰਦ ਕਰਤਾਰ ਹੈ । ਦੋਹਾਂ ਧਿਰਾਂ ਦਾ ਇਕ ਪਿਆਰ ਹੈ । ਗੁਰ ਸੰਗਤ ਵਸੇ ਵਿਚਕਾਰੇ, ਪ੍ਰਭ ਰੱਖੇ ਠੰਡੀ ਠਾਰ ਹੈ । ਚਾਰੋਂ ਤਰਫ ਮਾਰੇ ਕਾਰੇ, ਸ਼ਬਦ ਘੋੜੇ ਹੋ ਅਸਵਾਰ ਹੈ । ਪਾਰ ਉਤਾਰੇ ਨਰ ਨਾਰ ਹੈ । ਬੁੱਢਾ ਬਿਰਧ ਬਾਲ ਜਵਾਨ ਲੰਗੜਾ ਲੂਲਾ ਅੰਧਾ ਕਾਣਾ ਜੀਵ ਨਿਮਾਣਾ, ਜੋ ਆਇਆ ਚਲ ਦਵਾਰ ਹੈ । ਤਖ਼ਤੋਂ ਲਾਹੇ ਰਾਜਾ ਰਾਣਾ, ਵਾਸਾ ਕੀਆ ਵਿਚ ਉਜਾੜ ਹੈ । ਆਪ ਚਲਾਏ ਆਪਣਾ ਭਾਣਾ, ਸਭ ਦੀ ਦੇਵੇ ਜੜ੍ਹ ਉਖਾੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦਰ ਘਰ ਘਰ ਦਰ ਸਾਚੇ ਵਿਚ ਦੇਵੇ ਵਾੜ ਹੈ । ਪ੍ਰਭ ਫਿਰਦਾ ਚਾਰ ਚੁਫੇਰੇ, ਸਿੰਘ ਸ਼ੇਰ ਸ਼ੇਰ ਦਲੇਰ ਹੈ । ਗੁਰ ਸੰਗਤ ਰੱਖੀ ਘੇਰ ਹੈ । ਆਪੇ ਵਸੇ ਨੇੜਨ ਨੇਰ ਹੈ । ਬੇਮੁਖਾਂ ਕਰੇ ਢੇਰ ਹੈ । ਕਲਜੁਗ ਤੇਰੀ ਅੰਤਮ ਵਾਰ ਹੈ, ਆਪ ਭੁਲਾਏ ਕਰ ਕਰ ਹੇਰ ਫੇਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਮਨੀ ਸਿੰਘ ਤਾਰਨ ਆਇਆ ਲੱਖ ਚੁਰਾਸੀ ਮਾਰਨ ਆਇਆ, ਚੌਥੇ ਜੁਗ ਅੰਤਮ ਵੇਰ, ਆਪ ਭੁਲਾਏ ਕਰ ਕਰ ਹੇਰ ਫੇਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਲਰ, ਕਲਜੁਗ ਅੰਤਮ ਜਾਮਾ ਪਾਇਆ, ਸੰਤ ਮਨੀ ਸਿੰਘ ਤੇਰਾ ਲੇਖਾ ਆਪ ਚੁਕਾਇਆ, ਚੁਕਾਏ ਮੇਰ ਤੇਰ ਹੈ । ਅਸ਼ਟਮ ਜੇਠ ਸਤਿਗੁਰ ਆਇਆ ਚਲ ਹਰਿ ਘਰ । ਸੰਤ ਮਨੀ ਸਿੰਘ ਖੁਲ੍ਹੇ ਸਾਚਾ ਦਰ । ਹੀਰਾ ਘਾਟ ਬਣੇ ਸਾਚਾ ਸਰ । ਨਿਹਕਲੰਕ ਸੰਗਤ ਸੰਗ ਚਰਨ ਜਾਏ ਧਰ । ਸ਼ਬਦ ਵਜਾਏ ਇਕ ਡੰਕ, ਰਾਓ ਰੰਕ ਇਕ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਕ ਸ਼ਬਦ ਕਰ । ਗੁਰ ਸੰਗਤ ਸੰਗ ਪ੍ਰਭ ਧੁਰਦਰਗਾਹੀ । ਪ੍ਰਭ ਅਬਿਨਾਸ਼ੀ ਸਾਚਾ ਮਾਹੀ । ਕਲਜੁਗ ਰੈਣ ਅੰਧੇਰੀ ਦੀਪਕ ਜੋਤ ਜਗਾਈ । ਕਰ ਕੇ ਹੇਰੀ ਫੇਰੀ ਲੀਲਾ ਖੇਤਰ ਲਾਈ । ਲੇਖ ਲਿਖਾਇਆ ਮਹੀਨੇ ਚੇਤਰ, ਅਸ਼ਟਮ ਜੇਠ ਪੂਰ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਵਿਚ ਮਾਤ ਤੇਰੀ ਕਰੇ ਸੱਚੀ ਕੁੜਮਾਈ । ਲਾਏ ਮੁਖ ਸ਼ਬਦ ਛੁਹਾਰਾ । ਸ੍ਰਿਸ਼ਟ ਸਬਾਈ ਆਈ ਕਲਜੁਗ ਕਿਨਾਰਾ । ਮਾਰਨ ਆਇਆ ਧੱਕਾ ਭਾਰਾ । ਕਾਲਾ ਬੂਰਾ ਕੱਕਾ ਮਦੀਨਾ ਮੱਕਾ ਸੁੱਟੇ ਮੂੰਹ ਦੇ ਭਾਰਾ । ਗੁਰਮੁਖ ਪੂਰਾ ਫਲ ਸਾਚਾ ਪੱਕਾ, ਪ੍ਰਭ ਆਇਆ ਦਰ ਦਵਾਰਾ । ਜੋਤ ਸਰੂਪੀ ਕਿਰਪਾ ਕਰ, ਗੁਰਸਿਖਾਂ ਲਾਏ ਪਾਰ ਕਿਨਾਰਾ । ਪਾਰ ਕਿਨਾਰਾ ਨੇੜੇ ਵਾਟੀ । ਚਾੜ੍ਹਨ ਆਇਆ ਔਖੀ ਘਾਟੀ । ਨੁਹਾਵਣ ਆਇਆ ਹੀਰਾ ਘਾਟੀ । ਬਜ਼ਰ ਕਪਾਟੀ ਗੁਰਸਿਖ ਪਾਟੀ । ਜਗੇ ਜੋਤ ਵਿਚ ਲਲਾਟੀ । ਕਰੇ ਰੁਸ਼ਨਾਈ ਕਾਇਆ ਮਾਟੀ । ਅੱਠੇ ਪਹਿਰ ਰਸਨਾ ਰਸ ਸਾਚਾ ਚਾਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚਾ ਸਰ ਸਰੋਵਰ ਚਾਰ ਵਰਨ ਚਾਰ ਕੁੰਟ ਤੀਰਥ ਤਾਟੀ । ਹੀਰਾ ਘਾਟ ਖੇਲ ਅਨਮੋਲਾ । ਅੰਮ੍ਰਿਤ ਮੀਲ ਛੱਤੀ ਪ੍ਰਭ ਸਾਚੇ ਤੋਲਾ । ਜੋ ਜਨ ਲਾਏ ਦੰਦੀ ਬੱਤੀ, ਆਤਮ ਪੜਦਾ ਪ੍ਰਭ ਸਾਚੇ ਖੋਲ੍ਹਾ । ਆਤਮ ਦੇਵੇ ਧੀਰਜ ਜਤੀ, ਨਾ ਰੱਖੇ ਰੋਲ ਘਚੋਲਾ । ਵਾ ਲੱਗਣ ਨਾ ਦੇਵੇ ਤੱਤੀ, ਸੁਣਾਏ ਸ਼ਬਦ ਸੱਚਾ ਸੋਹਲਾ । ਦੇ ਸਮਝਾਵੇ ਮਤੀ, ਗੁਰਸਿਖ ਭੋਲਾ ਭਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰਾ ਬਣਿਆ ਜਗਤ ਵਿਚੋਲਾ । ਜਗਤ ਵਿਚੋਲਾ ਹਰਿ ਨਿਰੰਕਾਰ । ਹੀਰਾ ਘਾਟ ਕਰੇ ਤਿਆਰ । ਕਲਜੁਗ ਤੇਰੀ ਅੰਤਮ ਵਾਰ । ਨਿਹਕਲੰਕ ਨਰ ਅਵਤਾਰ । ਅਸ਼ਟਮ ਜੇਠ ਦਿਵਸ ਵਿਚਾਰ । ਵੀਹ ਸੌ ਗਿਆਰਾਂ ਬਿਕ੍ਰਮੀ ਸ਼ੁਕਰਵਾਰ । ਸ਼ਾਮ ਵੇਲਾ ਸੱਤ ਅੱਠ ਵਿਚਕਾਰ । ਜਿਥੇ ਬਣੇ ਸੱਚਾ ਇਕ ਦਰਬਾਰ । ਛਤਰ ਝੁੱਲੇ ਵਿਚ ਸੰਸਾਰ । ਜੋ ਜਨ ਆਇਣ ਭੁੱਲੇ, ਮਿਲੇ ਘਰ ਸੱਚੀ

੩੨੭ ੦੪

ਸਰਕਾਰ । ਕੋਈ ਨਾ ਲੇਵੇ ਮੁੱਲੇ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਸਦਾ ਰਹਿਣ ਭੰਡਾਰੇ ਖੁਲ੍ਹੇ, ਅੰਮ੍ਰਿਤ ਭਰੇ ਹਰਿ ਭੰਡਾਰ । ਸਾਚੇ ਤੋਲ ਗੁਰ ਸੰਗਤ ਤੁਲੇ, ਜੋ ਚਲ ਆਈ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੀਰਾ ਘਾਟ ਨੀਂਹ ਰਖਾਈ ਕਲਜੁਗ ਤੇਰੀ ਅੰਤਮ ਵਾਰ । ਨੀਂਹ ਰਖਾਈ ਹੀਰਾ ਘਾਟ । ਸ੍ਰਿਸ਼ਟ ਸਬਾਈ ਜਾਏ ਪਾਟ । ਆਪੇ ਪਾਏ ਡੂੰਘੇ ਖਾਟ । ਨਾ ਕੋਈ ਚੜ੍ਹਾਵੇ ਕਲਜੁਗ ਘਾਟ । ਨਾ ਕੋਈ ਦਿਸੇ ਅੱਗੇ ਵਾਟ । ਗੁਰਮੁਖਾਂ ਜੋਤ ਜਗਾਏ ਵਿਚ ਲਲਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਰੁਸ਼ਨਾਈ ਕਾਇਆ ਮਾਟ । ਹੀਰਾ ਘਾਟ ਦਏ ਮਾਣਾ । ਸਤਿਜੁਗ ਸਾਚੇ ਆਪ ਉਪਜਾਣਾ । ਸਾਚਾ ਸੀਰ ਵਿਚ ਰਖਾਣਾ । ਅੰਨ੍ਹਾ ਕਾਣਾ ਰਾਜੀ ਕਰਾਣਾ । ਦੋ ਜਹਾਨਾਂ ਨਾਮ ਰਖਾਣਾ । ਲੱਖ ਚੁਰਾਸੀ ਗੇੜ ਕਟਾਣਾ । ਘਨਕਪੁਰ ਵਾਸੀ ਅੰਮ੍ਰਿਤ ਸੀਰ ਪਿਲਾਨਾ । ਏਕਾ ਨਿਰਮਲ ਨੀਰ ਕਰ, ਅਠ ਸਠ ਤੀਰਥ ਭੇਵ ਚੁਕਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਰੋਵਰ ਇਸ਼ਨਾਨ ਕਰਾਨਾ । ਦੇਵੇ ਮਾਣ ਸਰਬ ਗੁਣਵੰਤਾ । ਵਿਚ ਨਾ ਪਾਵੇ ਮਾਣ ਹੰਗਤਾ । ਦਇਆ ਕਮਾਏ ਉਪਰ ਸੰਗਤਾ । ਭਿਛਿਆ ਪਾਏ ਜੋ ਆਏ ਭੁੱਖਾ ਨੰਗਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਰੋਗ ਸੋਗ ਜਗਤ ਵਿਜੋਗ ਖੰਡਤਾ । ਦੁੱਖ ਖੰਡੇ ਨਾਮ ਵੰਡੇ । ਵਿਚ ਲਾਏ ਛੱਤੀ ਡੰਡੇ । ਹੀਰਾ ਘਾਟ ਤੇਰੇ ਕੰਢੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੀਲ ਮੀਲ ਤੇ ਗੱਡੇ ਝੰਡੇ । ਝੂਲਨ ਝੰਡੇ ਜਗਤ ਨਿਸ਼ਾਨ । ਉਤੇ ਲਿਖਿਆ ਹੋਵੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਨਾਲ ਚਤੁਰ ਸੁਜਾਨ । ਕਾਕਾ ਮਨਜੀਤ ਸਿੰਘ ਬਾਲ ਨਾਦਾਨ । ਪ੍ਰਭ ਅਬਿਨਾਸ਼ੀ ਗੁਣ ਨਿਧਾਨ । ਕਿਰਪਾ ਕਰੇ ਆਪ ਭਗਵਾਨ । ਛੱਤੀ ਰਾਗਾਂ ਗਵਾਏ ਮਾਣ । ਛੱਤੀ ਪਦਾਰਥ ਰਸ ਸਾਚਾ ਪਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਜੀਆ ਦਾਨ । ਇਕੋ ਇਕ ਝੁੱਲੇ ਨਿਸ਼ਾਨ । ਸੱਚੀ ਚਲੇ ਇਕ ਦੁਕਾਨ । ਸਤਿ ਸੰਤੋਖੀ ਵਿਚ ਜਹਾਨ । ਅੰਤਮ ਮੋਖੀ ਰੰਗ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਸਾਚੀ ਵੰਡ । ਗੁਰ ਸੰਗਤ ਹਰਿ ਪਾਏ ਠੰਡ । ਕੋਈ ਨਾ ਦੀਸੇ ਨਾਰ ਰੰਡ । ਸਤਿਜੁਗ ਸਾਚੇ ਤੇਰੀ ਸਾਚੀ ਵੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਨਾ ਦੇਵੇ ਕਦੀ ਕੰਡ । ਹੀਰਾ ਘਾਟ ਸਚ ਨਿਸ਼ਾਨੀ । ਅੱਗੇ ਖਲਾ ਸੰਤ ਮਨੀ ਸਿੰਘ ਤੇਰਾ ਸੱਚਾ ਬਾਨੀ । ਪਿਛੇ ਬੈਠਾ ਕਾਕਾ ਮਨਜੀਤ ਸਿੰਘ ਬਾਲੀ ਬੁਧ ਅੰਞਾਣੀ । ਵਿਚ ਕਾਰਜ ਕਰੇ ਸੁਧ, ਮਾਹਣਾ ਸਿੰਘ ਗੁਣ ਨਿਧਾਨੀ । ਤਿੰਨਾਂ ਮਿਲਿਆ ਸਚ ਸੰਜੋਗ, ਪ੍ਰਭ ਅਬਿਨਾਸ਼ੀ ਗੁਣ ਨਿਧਾਨੀ । ਸਾਚਾ ਰਸ ਸ੍ਰਿਸ਼ਟ ਸਬਾਈ ਲੈਣਾ ਭੋਗ, ਨਾ ਕੋਈ ਮਰੇ ਵਿਚ ਜਵਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਧਾਰ ਬੰਨ੍ਹਾਨੀ । ਨਾ ਕੋਈ ਮਰੇ ਬਾਲ ਅੰਞਾਣਾ । ਮਾਤਾ ਪਿਤਾ ਸੁਖ ਉਪਜਾਣਾ । ਜਗਤ ਨਿਸ਼ਾਨਾ ਹਰਿ ਝੁਲਾਨਾ । ਸਚ ਧਰਮ ਦੀ ਜੜ੍ਹ ਲਗਾਨਾ । ਹੀਰਾ ਘਾਟ ਤੇਰੇ ਅੰਦਰ ਵੜ, ਪ੍ਰਭ ਅਬਿਨਾਸ਼ੀ ਕਰੇ ਟਿਕਾਣਾ । ਹਰਿ ਸੰਗਤ ਤੇਰੇ ਦਰ ਦਵਾਰੇ ਖੜ੍ਹ, ਵੇਖੇ ਖੇਲ ਸ੍ਰੀ ਭਗਵਾਨਾ । ਬੇਮੁਖਾਂ ਪੁੱਟੇ ਜੜ੍ਹ, ਮਾਰੇ ਤੀਰ ਸ਼ਬਦ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਭੰਨੇ ਸੋ ਲਏ ਘੜ, ਮਾਰੇ ਸਚ ਨਿਸ਼ਾਨਾ । ਹੀਰਾ ਘਾਟ ਸਾਚਾ ਹੀਰਾ । ਭੈਣ ਨਾ ਵਿਛੜੇ ਸਾਚਾ ਵੀਰਾ । ਨਿਰਮਲ ਕਰੇ ਪ੍ਰਭ ਸਾਚਾ ਨੀਰਾ । ਕਾਰਜ ਹੋਇਣ ਸੁਧ, ਜੋ ਆਇਆ ਚਲ ਵਾਂਗ ਫ਼ਕੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਰਹਿਣ ਨਾ ਦੇਵੇ ਕਿਸੇ ਕਾਇਆ ਪੀੜਾ । ਨੌਂ ਖੰਡ ਪ੍ਰਿਥਮੀ ਕਰੇ ਰੁਸ਼ਨਾਏ । ਸੱਤਾਂ ਦੀਪਾਂ ਬੂਝ ਬੁਝਾਏ ।

੩੨੮
੦੪

ਖੰਡ ਬ੍ਰਹਿਮੰਡਾਂ ਵਰਭੰਡਾਂ ਮਾਣ ਦਵਾਏ । ਸੇਹਤਜ ਉਤਭੁਜ ਅੰਡਜ਼ ਜੇਰਜ ਮੁਖ ਚੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਜਰ ਅਮਰ ਦੀ ਸ਼ਕਤ ਭਰਾਏ । ਅਜਰ ਅਮਰ ਆਪ ਕਰਾਏ । ਦਰ ਆਏ ਜੋ ਇਸ਼ਨਾਨ ਕਰਾਏ । ਅੰਮ੍ਰਿਤ ਸੀਰ ਮੁਖ ਚੁਆਏ । ਕਟੀ ਜਾਏ ਭੀੜ, ਨਾ ਜਮ ਰਾਜ ਸਤਾਏ । ਸਤਿਜੁਗ ਤੇਰੀ ਬੱਧੀ ਬੀੜ, ਅਸ਼ਟਮ ਜੇਠ ਵੀਹ ਸੌ ਗਿਆਰਾਂ ਬਿਕ੍ਰਮੀ ਲਿਖਤ ਲਿਖਾਏ । ਲਿਖਤ ਲਿਖਾਈ ਵਿਚ ਉਜਾੜ । ਜਗਤ ਖੇਲ ਆਪ ਰਚਾਏ ਪਹਿਲੀ ਹਾੜ । ਸਿੰਘ ਮਨਜੀਤ ਤੇਰੇ ਚਾਰ ਚੁਫੇਰੇ ਸ਼ਬਦ ਕਰਾਏ ਸਾਚੀ ਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਸਚ ਘਰ ਦੇਵੇ ਵਾੜ । ਸਾਚੇ ਤੀਰਥ ਲਾਏ ਤਾਰੀ । ਚੁਰਾਸੀ ਛੁੱਟੇ ਪਹਿਲੀ ਵਾਰੀ । ਪੰਜਾਂ ਚੋਰਾਂ ਕੁੱਟੇ, ਕਾਇਆ ਕੱਢੇ ਬਾਹਰੀ । ਏਕਾ ਅੰਮ੍ਰਿਤ ਜੋ ਜਨ ਮੁਖ ਲਾਏ ਘੁਟੇ, ਆਤਮ ਹੋਏ ਠੰਡੀ ਠਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਣ ਦਵਾਏ ਜਗਤ ਨਰ ਨਾਰੀ । ਨਾਰੀ ਨਰਾਂ ਦਏ ਮਾਣਾ । ਚਰਨ ਧੂੜ ਜੋ ਕਰੇ ਇਸ਼ਨਾਨਾ । ਆਤਮ ਮੂੜ੍ਹ ਹੋਏ ਚਤੁਰ ਸੁਜਾਨਾ । ਰੰਗ ਚੜ੍ਹੇ ਗੂੜ੍ਹ ਸ੍ਰੀ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣ ਨਿਧਾਨਾ । ਹੀਰਾ ਘਾਟ ਹਰਿ ਕੀ ਪੌੜੀ । ਛੱਤੀ ਮੀਲ ਲੰਮੀ ਸੌ ਗਜ਼ ਚੌੜੀ । ਏਥੇ ਸਾਚਾ ਪ੍ਰਗਟ ਹੋਵੇ ਬ੍ਰਹਿਮਣ ਗੌੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਧੁਰਦਰਗਾਹੀ ਲਾਏ ਏਕਾ ਪੌੜੀ । ਪਹਿਲੀ ਪੌੜੀ ਸਿੰਘ ਮਨਜੀਤ ਹੈ । ਅਧਵਿਚਕਾਰੇ ਮਾਹਣਾ ਸਿੰਘ ਕਰੇ ਪ੍ਰੀਤ ਹੈ । ਅੰਤ ਬੈਠਾ ਸੰਤ ਮਨੀ ਸਿੰਘ ਕਰੇ ਠੰਡਾ ਸੀਤ ਹੈ । ਸਾਚੀ ਬਾਣੀ ਅੰਕ ਸਹੇਲੀ ਨਾਲ ਅਮਰਜੀਤ ਹੈ । ਸਚ ਸਹੇਲੀ ਸਚ ਘਰਾਨੇ, ਜਾਏ ਚੜ੍ਹ ਵਿਚ ਬਬਾਨੇ, ਸਿੰਘ ਮਨਜੀਤ ਤੇਰੀ ਹੱਥੀਂ ਬੰਨ੍ਹੇ ਗਾਨੇ, ਜਗਤ ਚਲੇ ਸਾਚੀ ਰੀਤ ਹੈ । ਜਗਤ ਚਲੇ ਸਾਚੀ ਰੀਤ ਸਤਿਜੁਗ ਵਿਚ ਜਹਾਨੇ । ਭੈਣ ਭਰਾਵਾਂ ਸਾਚਾ ਨਾਤਾ ਦੁੱਖੜਾ ਕੋਈ ਨਾ ਮਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੀਰਾ ਘਾਟ ਇਸ਼ਨਾਨ ਕਰਾਨੇ । ਹੀਰਾ ਘਾਟ ਹਰਿ ਕੀ ਲਾਟ । ਸ਼ਬਦ ਟਿਕਾਈ ਸਾਚੀ ਖਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਰਚਾਏ ਤਿੰਨ ਲੋਕ ਚੌਥੇ ਜੁਗ ਨੇੜੇ ਵਾਟ । ਸੰਤ ਮਨੀ ਸਿੰਘ ਤੇਰਾ ਜੈਕਾਰ । ਚਾਰ ਕੁੰਟ ਚਲੇ ਵਿਚ ਸੰਸਾਰ । ਨਿਹਕਲੰਕ ਸ਼ਬਦ ਡੰਕ ਵਜਾਏ ਭਾਰ । ਰਾਓ ਰੰਕ ਉਠਾਏ, ਖਿੱਚ ਲਿਆਏ ਚਰਨ ਦਵਾਰ । ਪਿਛਲਾ ਲੇਖਾ ਲੇਖੇ ਲਾਏ, ਨਰ ਨਰਾਇਣ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਆਪ ਸਹਾਰ । ਸੰਤ ਮਨੀ ਸਿੰਘ ਤੇਰੀ ਸਚ ਨਿਸ਼ਾਨੀ । ਸ੍ਰਿਸ਼ਟ ਸਬਾਈ ਹੋਈ ਨਾਦਾਨੀ । ਘਰ ਘਰ ਵਧਦੀ ਬੇਈਮਾਨੀ । ਝੂਠੀ ਵਗੇ ਜਗਤ ਨਦੀ, ਰੁੜ੍ਹਦੇ ਜਾਣ ਵਡ ਗਿਆਨੀ । ਝੂਠੀ ਮਾਇਆ ਵਾ ਤੱਤੀ ਲੱਗੇ, ਵਿਚ ਸੜ ਗਏ ਬ੍ਰਹਮ ਗਿਆਨੀ । ਲੱਗਾ ਦਾਗ ਚਿੱਟੀ ਪੱਗੇ, ਮੁਖ ਕਾਲਾ ਹੋਇਆ ਦੋ ਜਹਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਮੰਗੇ ਜਗਤ ਇਕ ਨਿਸ਼ਾਨੀ ।



### ✻ ੯ ਜੇਠ ੨੦੧੧ ਬਿਕ੍ਰਮੀ ਨਹਿਰ ਉਤੇ ਹੀਰਾ ਘਾਟ ਘਵਿੰਡ ਬਾੜੇ ਵਿਚ (ਕਲਸੀ) ✻

ਧੰਨ ਕਮਾਈ ਸੰਤ ਜਨ, ਹਰਿ ਰਸਨ ਧਿਆਈਏ । ਧੰਨ ਕਮਾਈ ਸੰਤ ਜਨ, ਏਕਾ ਲਿਵ ਲਾਈਏ । ਧੰਨ ਕਮਾਈ ਸੰਤ ਜਨ, ਹਉਮੇ

ਮਮਤਾ ਰੋਗ ਗਵਾਈਏ । ਧੰਨ ਕਮਾਈ ਸੰਤ ਜਨ, ਚਿੰਤਾ ਸੋਗ ਰੋਗ ਮਿਟਾਈਏ । ਧੰਨ ਕਮਾਈ ਸੰਤ ਜਨ, ਜਗਤ ਵਿਜੋਗ ਆਪ ਕਰਾਈਏ । ਧੰਨ ਕਮਾਈ ਸੰਤ ਜਨ, ਸਚ ਸੰਜੋਗ ਇਕ ਹੰਢਾਈਏ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਵਿਚ ਆਤਮ ਰਿਹਾ ਸਮਾਈਏ । ਧੰਨ ਕਮਾਈ ਸੰਤ ਜਨ, ਆਤਮ ਬੰਧੇ । ਧੰਨ ਕਮਾਈ ਸੰਤ ਜਨ, ਆਪ ਮਿਟਾਏ ਦੂਈ ਦਵੈਤੀ ਕੰਧੇ । ਧੰਨ ਕਮਾਈ ਸੰਤ ਜਨ, ਦੁਰਮਤ ਮੈਲ ਸ਼ਬਦ ਰੰਦੇ ਆਪੇ ਰੰਦੇ । ਧੰਨ ਕਮਾਈ ਸੰਤ ਜਨ, ਏਕਾ ਸੱਚਾ ਗਾਇਣ ਨਾਉਂ ਸਾਚਾ ਸ਼ਬਦ ਸਾਚਾ ਛੰਦੇ । ਧੰਨ ਕਮਾਈ ਸੰਤ ਜਨ, ਵੇਖਣ ਸੱਚਾ ਥਾਉਂ, ਜਿਥੇ ਵਸੇ ਹਰਿ ਗੋਬਿੰਦੇ । ਧੰਨ ਕਮਾਈ ਸੰਤ ਜਨ, ਸਦ ਮਾਨਣ ਠੰਡੀ ਛਾਉਂ, ਨਿਜ ਆਤਮ ਪਰਮਾਨੰਦੇ । ਧੰਨ ਕਮਾਈ ਸੰਤ ਜਨ, ਇਕ ਬਣਾਏ ਪਿਤਾ ਮਾਉਂ, ਪ੍ਰਭ ਅਬਿਨਾਸ਼ੀ ਸਦ ਬਖ਼ਸ਼ੰਦੇ । ਧੰਨ ਕਮਾਈ ਸੰਤ ਜਨ, ਫੜਦਾ ਅੰਤਮ ਬਾਹੋਂ, ਮੇਟ ਮਿਟਾਏ ਸਗਲੀ ਚਿੰਦੇ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਰਸਨਾ ਕਹਿਣ ਆਤਮ ਜਾਏ ਮੰਨ, ਜੋਤੀ ਜੋਤ ਸਰੂਪ ਹਰਿ, ਆਪ ਚੜ੍ਹਾਏ ਸਾਚਾ ਚੰਦੇ । ਧੰਨ ਕਮਾਈ ਸੰਤ ਜਨ, ਏਕਾ ਲਿਵ ਲਾਈ । ਧੰਨ ਕਮਾਈ ਸੰਤ ਜਨ, ਸ੍ਰਿਸ਼ਟ ਸਬਾਈ ਜਿਸ ਤਜਾਈ । ਧੰਨ ਕਮਾਈ ਸੰਤ ਜਨ, ਏਕਾ ਇਸ਼ਟ ਹਰਿ ਬਣਾਈ । ਧੰਨ ਕਮਾਈ ਸੰਤ ਜਨ, ਸਾਚੀ ਦ੍ਰਿਸ਼ਟ ਆਪ ਖੁਲ੍ਹਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਬਣਤ ਬਣਾਈ । ਧੰਨ ਕਮਾਈ ਸੰਤ ਜਨ, ਏਕਾ ਲਿਵ ਲਾਵੇ । ਧੰਨ ਕਮਾਈ ਸੰਤ ਜਨ, ਅੰਮ੍ਰਿਤ ਆਤਮ ਅੱਠੇ ਪਹਿਰ ਨੁਹਾਵੇ । ਧੰਨ ਕਮਾਈ ਸੰਤ ਜਨ, ਆਤਮ ਖੋਲ੍ਹੇ ਸਾਚਾ ਦਰ ਸਚ ਮਹੱਲੇ ਬੂਝ ਬੁਝਾਵੇ । ਧੰਨ ਕਮਾਈ ਸੰਤ ਜਨ, ਏਕਾ ਸਾਚੋ ਸਾਚਾ ਘਰ, ਨਰ ਨਰਾਇਣ ਜੋਤ ਸਰੂਪ ਜਿਥੇ ਡੇਰਾ ਲਾਵੇ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋ ਦਰਸ ਅਮੋਘ ਦਿਖਾਵੇ । ਧੰਨ ਕਮਾਈ ਸੰਤ ਜਨ, ਸਚ ਵਹਿੰਦੇ ਵਹਿਣੀ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਦਰਸ਼ਨ ਪੇਖਣ ਸਾਚੇ ਨੈਣੀ । ਧੰਨ ਕਮਾਈ ਸੰਤ ਜਨ, ਹਰਿ ਸੱਚਾ ਸਾਕ ਸੱਜਣ ਸੈਣੀ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਤਮ ਦੇਵੇ ਸਾਚਾ ਵਰ, ਅੰਤਮ ਸਾਰ ਜਿਸ ਲੈਣੀ । ਧੰਨ ਕਮਾਈ ਸੰਤ ਜਨ, ਜਗਤ ਵਿਛੋੜੇ । ਧੰਨ ਕਮਾਈ ਸੰਤ ਜਨ, ਇਕ ਪ੍ਰੀਤ ਚਰਨ ਜੋੜੇ । ਧੰਨ ਕਮਾਈ ਸੰਤ ਜਨ, ਵੇਖੇ ਏਕਾ ਦਰ ਚੜ੍ਹੇ ਸ਼ਬਦ ਘੋੜੇ । ਧੰਨ ਕਮਾਈ ਸੰਤ ਜਨ, ਨਾ ਜਨਮੇ ਨਾ ਜਾਏ ਮਰ, ਏਕਾ ਵਰ ਹਰਿ ਜੀ ਲੋੜੇ । ਧੰਨ ਕਮਾਈ ਸੰਤ ਜਨ, ਅੰਮ੍ਰਿਤ ਭੰਡਾਰੇ ਪ੍ਰਭ ਜਾਏ ਭਰ, ਦੇਵੇ ਵਰ ਜਿਹਾ ਲੋੜੇ । ਧੰਨ ਕਮਾਈ ਸੰਤ ਜਨ, ਸਾਚੀ ਤਰਨੀ ਜਾਇਣ ਤਰ, ਲੱਖ ਚੁਰਾਸੀ ਬੰਧਨ ਤੋੜੇ । ਧੰਨ ਕਮਾਈ ਸੰਤ ਜਨ, ਆਪ ਚੁਕਾਇਨ ਜਮ ਕਾ ਡਰ, ਜੋਤੀ ਜੋਤ ਸਰੂਪ ਹਰਿ, ਏਕਾ ਮੰਗਣ ਤੇਰੀ ਲੋੜੇ । ਧੰਨ ਕਮਾਈ ਸੰਤ ਜਨ, ਜਗ ਸਾਚੀ ਰੀਤਾ । ਧੰਨ ਕਮਾਈ ਸੰਤ ਜਨ, ਏਕਾ ਮੇਲ ਸਾਚੇ ਮੀਤਾ । ਧੰਨ ਕਮਾਈ ਸੰਤ ਜਨ, ਆਤਮ ਰਹੇ ਸਦਾ ਅਤੀਤਾ । ਧੰਨ ਕਮਾਈ ਸੰਤ ਜਨ, ਮਾਨਸ ਜਨਮ ਜਗ ਵਿਚ ਜੀਤਾ । ਧੰਨ ਕਮਾਈ ਸੰਤ ਜਨ, ਏਕਾ ਸ਼ਬਦ ਰਸਨਾ ਗਾਇਣ, ਮਾਣ ਗਵਾਇਣ ਅਠਾਰਾਂ ਧਿਆਏ ਗੀਤਾ । ਧੰਨ ਕਮਾਈ ਸੰਤ ਜਨ, ਚਰਨ ਪ੍ਰੀਤੀ ਏਕਾ ਲਾਇਣ, ਦਿਵਸ ਰੈਣ ਹਿਰਦੇ ਵਸਾਇਣ, ਰੱਖਣ ਸਾਚੀ ਪ੍ਰੀਤਾ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਦਰਸ਼ਨ ਪਾਇਣ, ਸਰਬ ਘਟ ਵਾਸੀ ਰਿਦੇ ਵਸਾਇਣ, ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਮਾਨਸ ਜਨਮ ਜਾਏ ਜਗ ਜੀਤਾ । ਧੰਨ ਕਮਾਈ ਸੰਤ ਜਨ, ਹਰਿ ਸਾਚਾ ਸੱਜਣ ਸੁਹੇਲਾ । ਧੰਨ ਕਮਾਈ ਸੰਤ ਜਨ,

੩੩੦
੦੪

ਆਦਿਨ ਅੰਤਾ ਜੁਗਾ ਜੁਗੰਤਾ ਸਾਧਨ ਸੰਤਾ ਆਪ ਕਰਾਏ ਸਾਚਾ ਮੇਲਾ । ਧੰਨ ਕਮਾਈ ਸੰਤ ਜਨ, ਸਾਚੀ ਜੋਤ ਆਤਮ ਧਾਰੇ । ਧੰਨ ਕਮਾਈ ਸੰਤ ਜਨ, ਦਰਸ਼ਨ ਲੋੜੇ ਹਰਿ ਗਿਰਧਾਰੇ । ਧੰਨ ਕਮਾਈ ਸੰਤ ਜਨ, ਦੇਵੇ ਦਰਸ ਹਰਿ ਅਪਰ ਅਪਾਰੇ । ਧੰਨ ਕਮਾਈ ਸੰਤ ਜਨ, ਜਗੇ ਜੋਤ ਅਲਖ ਅਭੇਵ ਇਕ ਅਪਾਰੇ । ਧੰਨ ਕਮਾਈ ਸੰਤ ਜਨ, ਏਕਾ ਵੰਡ ਜਗਤ ਵਣਜਾਰੇ । ਧੰਨ ਕਮਾਈ ਸੰਤ ਜਨ, ਏਕਾ ਪ੍ਰੀਤ ਚਰਨ ਕਵਲਾਰੇ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਪੇ ਰੰਗੇ ਕਾਇਆ ਚੋਲਾ ਵਿਚ ਸੰਸਾਰੇ । ਧੰਨ ਕਮਾਈ ਸੰਤ ਜਨ, ਰੰਗੀ ਕਾਇਆ ਚੋਲੀ । ਧੰਨ ਕਮਾਈ ਸੰਤ ਜਨ, ਸ਼ਬਦ ਬੈਠੇ ਸਾਚੀ ਡੋਲੀ । ਧੰਨ ਕਮਾਈ ਸੰਤ ਜਨ, ਕਾਇਆ ਮਾਟੀ ਰੁੱਤ ਮੌਲੀ । ਧੰਨ ਕਮਾਈ ਸੰਤ ਜਨ, ਔਖੀ ਵਾਟੀ ਦੂਰ ਘਾਟੀ, ਜਿਨ੍ਹਾਂ ਰੋਲ ਘਚੋਲੀ । ਧੰਨ ਕਮਾਈ ਸੰਤ ਜਨ, ਜੋਤ ਜਗੇ ਇਕ ਲਲਾਟੀ, ਜੋਤੀ ਜੋਤ ਸਰੂਪ ਹਰਿ, ਇਕ ਸੁਣਾਏ ਸਾਚੀ ਬੋਲੀ । ਧੰਨ ਕਮਾਈ ਸੰਤ ਜੰਨ, ਨਾਮ ਵਣਜਾਰਾ । ਧੰਨ ਕਮਾਈ ਸੰਤ ਜਨ, ਦੇਵੇ ਸੱਚਾ ਨਾਮ ਧਨ ਹਰਿ ਪਿਆਰਾ । ਧੰਨ ਕਮਾਈ ਸੰਤ ਜਨ, ਆਪੇ ਕੱਢੇ ਝੂਠਾ ਜਨ, ਪੰਜਾਂ ਚੋਰਾਂ ਕਰ ਖੁਆਰਾ । ਧੰਨ ਕਮਾਈ ਸੰਤ ਜਨ, ਭਾਂਡਾ ਭਰਮ ਦੇਵੇ ਭੰਨ, ਸਾਚਾ ਦੀਪਕ ਕਰੇ ਜੋਤ ਉਜਿਆਰਾ । ਧੰਨ ਕਮਾਈ ਸੰਤ ਜਨ, ਧਰਮ ਰਾਏ ਨਾ ਦੇਵੇ ਡੰਨ, ਪ੍ਰਭ ਅਬਿਨਾਸ਼ੀ ਹੋਏ ਰਖਵਾਰਾ । ਧੰਨ ਕਮਾਈ ਸੰਤ ਜਨ, ਸਾਚਾ ਸ਼ਬਦ ਸੁਣਾਏ ਕੰਨ, ਦੇਵੇ ਅਨਹਦ ਸ਼ਬਦ ਸੱਚੀ ਧੁਨਕਾਰਾ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਅੰਤ ਨਾ ਪਾਰਾਵਾਰਾ । ਧੰਨ ਕਮਾਈ ਸੰਤ ਜਨ, ਹਰਿ ਸਾਚਾ ਸੰਗੀ । ਧੰਨ ਕਮਾਈ ਸੰਤ ਜਨ, ਇਕ ਵਸਤ ਦਰ ਸਾਚੇ ਮੰਗੀ । ਧੰਨ ਕਮਾਈ ਸੰਤ ਜਨ, ਖ਼ਿਮਾ ਗਰੀਬੀ ਭਿਖੀ ਅੰਗੀ । ਧੰਨ ਕਮਾਈ ਸੰਤ ਜਨ, ਏਕਾ ਚੋਲੀ ਨਾਮ ਰੰਗੀ । ਧੰਨ ਕਮਾਈ ਸੰਤ ਜਨ, ਸਾਚੀ ਲਿਖਤ ਲਿਖਾਈ ਸਿੰਘ ਮਨੀ ਮਿਟਦੇ ਜਾਣ ਫਰੰਗੀ । ਧੰਨ ਕਮਾਈ ਸੰਤ ਜਨ, ਕਲਜੁਗ ਨੇੜ ਨਾ ਆਏ ਮਾਤ ਤੰਗੀ । ਧੰਨ ਕਮਾਈ ਸੰਤ ਜਨ, ਗੁਰਮੁਖ ਸਚ ਸੁਹੇਲੇ ਸਾਚੀ ਦਾਤ ਏਕਾ ਮੰਗੀ । ਜੋਤੀ ਜੋਤ ਸਰੂਪ ਹਰਿ, ਬੇਮੁਖ ਜੀਵਾਂ ਮਾਨਸ ਜਨਮ ਕਰੇ ਭੰਗੀ । ਧੰਨ ਕਮਾਈ ਸੰਤ ਜਨ, ਹਰਿ ਰਸਨਾ ਗਾਵੇ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਸਾਚਾ ਧਿਆਵੇ । ਧੰਨ ਕਮਾਈ ਸੰਤ ਜਨ, ਸਚ ਘਰ ਆਤਮ ਦੁਖੜਾ ਲਾਹਵੇ । ਧੰਨ ਕਮਾਈ ਸੰਤ ਜਨ, ਏਕਾ ਘਰ ਸਚ ਮਹੱਲ ਸੋਹਣੀ ਸੇਜਾ ਆਸਣ ਲਾਵੇ । ਧੰਨ ਕਮਾਈ ਸੰਤ ਜਨ, ਸਾਚਾ ਹਰਿ ਸਾਚਾ ਨਰ ਸਾਚਾ ਰੰਗ ਰੰਗਾਵੇ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਦੋਹਾਂ ਮੇਲ ਇਕ ਕਰਾਵੇ । ਧੰਨ ਕਮਾਈ ਸੰਤ ਜਨ, ਹਰਿ ਮਿਲੇ ਗਹਿਰ ਗੰਭੀਰ । ਧੰਨ ਕਮਾਈ ਸੰਤ ਜਨ, ਹੋਏ ਸ਼ਾਂਤ ਸਰੀਰ । ਧੰਨ ਕਮਾਈ ਸੰਤ ਜਨ, ਰਸਨਾ ਚਲਾਇਣ ਸ਼ਬਦ ਸਾਚਾ ਤੀਰ । ਧੰਨ ਕਮਾਈ ਸੰਤ ਜਨ, ਸੰਤ ਮਨੀ ਸਿੰਘ ਤੇਰਾ ਵਕਤ ਅਖ਼ੀਰ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਪੇ ਮੇਟ ਮਿਟਾਏ ਸ਼ੇਖ਼ ਗੌਂਸ ਔਲੀਏ ਪੀਰ ਫ਼ਕੀਰ । ਧੰਨ ਕਮਾਈ ਸੰਤ ਜਨ, ਵਸੇ ਸਚ ਟਿਕਾਣਾ । ਧੰਨ ਕਮਾਈ ਸੰਤ ਜਨ, ਸਾਚੇ ਚੜ੍ਹੇ ਸ਼ਬਦ ਬਬਾਣਾ । ਧੰਨ ਕਮਾਈ ਸੰਤ ਜਨ, ਕੋਈ ਨਾ ਵੇਖੇ ਰਾਜਾ ਰਾਣਾ । ਧੰਨ ਕਮਾਈ ਸੰਤ ਜਨ, ਦੇਵੇ ਵਡਿਆਈ ਗਊ ਗਰੀਬ ਨਿਮਾਣਾ । ਧੰਨ ਕਮਾਈ ਸੰਤ ਜਨ, ਸਾਚਾ ਦੇਵੇ ਨਾਮ ਨਿਧਾਨਾ । ਧੰਨ ਕਮਾਈ ਸੰਤ ਜਨ, ਇਕ ਪਿਆਏ ਅੰਮ੍ਰਿਤ ਜਾਮ । ਧੰਨ ਕਮਾਈ ਸੰਤ ਜਨ, ਚਰਨ ਧੂੜ ਕਰਾਏ ਇਸ਼ਨਾਨ । ਧੰਨ ਕਮਾਈ ਸੰਤ ਜਨ, ਮਿਲਿਆ ਮੇਲ ਸਾਚੇ ਸ਼ਾਮ । ਧੰਨ ਕਮਾਈ ਸੰਤ ਜਨ, ਸੋਹੰ


੩੩੧
੦੪

ਬੰਨ੍ਹੇ ਹਰਿ ਸਾਚਾ ਗਾਨ । ਧੰਨ ਕਮਾਈ ਸੰਤ ਜਨ, ਪੂਰਨ ਹੋਏ ਕਲਜੁਗ ਕਾਮ, ਸਾਚਾ ਮਿਲਿਆ ਏਕਾ ਦਾਨ । ਧੰਨ ਕਮਾਈ ਸੰਤ ਜਨ, ਕੋਈ ਨਾ ਲੱਗੇ ਏਥੇ ਦਾਮ । ਧੰਨ ਕਮਾਈ ਸੰਤ ਜਨ, ਮਿਲੇ ਜੋਤ ਹਰਿ ਭਗਵਾਨ । ਧੰਨ ਕਮਾਈ ਸੰਤ ਜਨ, ਸੁੱਕਾ ਹਰਿਆ ਹੋਵੇ ਚਾਮ, ਅੰਮ੍ਰਿਤ ਪਿਆਏ ਹਰਿ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਤਮ ਸਾਚੀ ਜੋਤ ਜਗਾਏ, ਕਰੇ ਪ੍ਰਕਾਸ਼ ਕੋਟਨ ਭਾਨ । ਧੰਨ ਕਮਾਈ ਸੰਤ ਜਨ, ਹਰਿ ਹਾਜ਼ਰ ਹਜ਼ੂਰੇ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਆਸਾ ਮਨਸਾ ਪੂਰੇ । ਧੰਨ ਕਮਾਈ ਸੰਤ ਜਨ, ਏਕਾ ਸ਼ਬਦ ਬਖ਼ਸ਼ੇ ਧੁਨ, ਅਨਹਦ ਸ਼ਬਦ ਅਨਾਹਦ ਤੂਰੇ । ਧੰਨ ਕਮਾਈ ਸੰਤ ਜਨ, ਸ੍ਰਿਸ਼ਟ ਸਬਾਈ ਛਾਣ ਪੁਣ ਵਿਚੋਂ ਲੱਭੇ ਸਾਚੇ ਸੂਰੇ । ਧੰਨ ਕਮਾਈ ਸੰਤ ਜਨ, ਇਕ ਜਣਾਏ ਹਰਿ ਤੇਰੇ ਗੁਣ, ਏਕਾ ਬਖ਼ਸ਼ੇ ਸਾਚਾ ਨੂਰੇ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਪੇ ਬਖ਼ਸ਼ੇ ਸਰਬ ਕਲਾ ਭਰਪੂਰੇ । ਧੰਨ ਕਮਾਈ ਸੰਤ ਜਨ, ਲਾਏ ਮਸਤਕ ਧੂੜ । ਧੰਨ ਕਮਾਈ ਸੰਤ ਜਨ, ਚਰਨ ਪ੍ਰੀਤੀ ਦੇਵੇ ਗੂੜ੍ਹ । ਧੰਨ ਕਮਾਈ ਸੰਤ ਜਨ, ਚਤੁਰ ਸੁਜਾਨ ਵਿਚ ਜਹਾਨ ਕਰਾਇਣ ਬੇਮੁਖ ਮੂੜ੍ਹ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਚੜ੍ਹਾਏ ਗੂੜ੍ਹ । ਧੰਨ ਕਮਾਈ ਸੰਤ ਜਨ, ਹਰਿ ਮਿਲਿਆ ਛੈਲ ਛਬੀਲਾ । ਧੰਨ ਕਮਾਈ ਸੰਤ ਜਨ, ਏਕਾ ਰੰਗ ਰੰਗਾਏ ਨਾ ਜਾਣੇ ਚਿੱਟਾ ਲਾਲ ਸੂਹਾ ਪੀਲਾ । ਧੰਨ ਕਮਾਈ ਸੰਤ ਜਨ, ਪ੍ਰਭ ਮਿਲਣ ਦਾ ਸਾਚਾ ਕੀਆ ਹੀਲਾ । ਧੰਨ ਕਮਾਈ ਸੰਤ ਜਨ, ਏਕਾ ਜੋਤ ਅਗਨ ਲਾਇਆ ਤੀਲਾ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਰੰਗੀਲਾ । ਧੰਨ ਕਮਾਈ ਸੰਤ ਜਨ, ਆਤਮ ਸਾਚਾ ਸੁਖ । ਧੰਨ ਕਮਾਈ ਸੰਤ ਜਨ, ਕਲਜੁਗ ਮਾਇਆ ਨਾ ਲਾਏ ਦੁੱਖ । ਧੰਨ ਕਮਾਈ ਸੰਤ ਜਨ, ਆਤਮ ਮਿਟੀ ਤ੍ਰਿਸ਼ਨਾ ਭੁੱਖ । ਧੰਨ ਕਮਾਈ ਸੰਤ ਜਨ, ਮਾਤ ਸੁਫ਼ਲ ਕਰਾਏ ਕੁੱਖ । ਧੰਨ ਕਮਾਈ ਸੰਤ ਜਨ, ਜਨ ਭਗਤ ਉਜਲ ਹੋਏ ਮੁਖ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਮਾਤ ਗਰਭ ਨਾ ਹੋਏ ਉਲਟਾ ਰੁਖ਼ । ਧੰਨ ਕਮਾਈ ਸੰਤ ਜਨ, ਆਤਮ ਕੁੰਡਾ ਖੋਲ੍ਹੇ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਅੰਦਰ ਬੋਲੇ । ਧੰਨ ਕਮਾਈ ਸੰਤ ਜਨ, ਚਰਨ ਪ੍ਰੀਤੀ ਘੋਲ ਘੋਲੇ । ਧੰਨ ਕਮਾਈ ਸੰਤ ਜਨ, ਪ੍ਰਭ ਦਰ ਬਹਾਏ ਦਇਆ ਕਮਾਏ, ਦਰ ਘਰ ਸਚ ਬਣਾਏ ਗੋਲੇ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਪ ਚੜ੍ਹਾਏ ਸ਼ਬਦ ਡੋਲੇ । ਧੰਨ ਕਮਾਈ ਸੰਤ ਜਨ, ਆਤਮ ਸਾਚਾ ਚਾਓ । ਧੰਨ ਕਮਾਈ ਸੰਤ ਜਨ, ਕਾਇਆ ਮਾਟੀ ਭਾਂਡਾ ਕੱਚਾ ਰਹੇ ਨਾ ਕਿਸੇ ਥਾਉਂ । ਧੰਨ ਕਮਾਈ ਸੰਤ ਜਨ, ਆਪੇ ਬਣੇ ਛੋਟਾ ਬੱਚਾ, ਪ੍ਰਭ ਅਬਿਨਾਸ਼ੀ ਪਿਤਾ ਮਾਉਂ । ਧੰਨ ਕਮਾਈ ਸੰਤ ਜਨ, ਹਰਿ ਸਾਚਾ ਕਾਇਆ ਰਚਾ, ਏਕਾ ਵੇਖਣ ਸਾਚਾ ਨਾਉਂ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਇਕ ਵਖਾਏ ਸੱਚਾ ਥਾਉਂ । ਧੰਨ ਕਮਾਈ ਸੰਤ ਜਨ, ਆਤਮ ਮਿਟੇ ਅੰਧੇਰਾ । ਧੰਨ ਕਮਾਈ ਸੰਤ ਜਨ, ਨਾ ਹੋਵੇ ਸੰਝ ਸਵੇਰਾ । ਧੰਨ ਕਮਾਈ ਸੰਤ ਜਨ, ਚੁੱਕੇ ਮੇਰਾ ਤੇਰਾ । ਧੰਨ ਕਮਾਈ ਸੰਤ ਜਨ, ਚਾਰੋਂ ਤਰਫ ਚਾਰ ਚੁਫੇਰੇ ਸ਼ਬਦ ਸਰੂਪੀ ਘੇਰਾ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਸਦਾ ਵਸੇ ਆਤਮ ਨੇਰਨ ਨੇਰਾ । ਧੰਨ ਕਮਾਈ ਹਰਿ ਸਾਚੇ ਸੰਤਾ । ਧੰਨ ਕਮਾਈ ਸੰਤ ਜਨ, ਮਿਲਿਆ ਮੇਲ ਹਰਿ ਭਗਵੰਤਾ । ਧੰਨ ਕਮਾਈ ਸੰਤ ਜਨ, ਸਚ ਸੰਜੋਗ ਪ੍ਰਭ ਸਾਚੇ ਕੰਤਾ । ਧੰਨ ਕਮਾਈ ਸੰਤ ਜਨ, ਸਾਚਾ ਰਸ ਭੋਗ, ਹਰਿ ਗੁਣੀ ਗੁਣਵੰਤਾ । ਧੰਨ ਕਮਾਈ ਸੰਤ ਜਨ, ਇਕ

੩੩੩
੦੪

ਚੁਗਾਏ ਰਸਨਾ ਚੋਗ ਸਾਚਾ ਸ਼ਬਦ ਆਦਿਨ ਅੰਤਾ । ਦੇਵੇ ਦਰਸ ਹਰਿ ਅਮੋਘ, ਆਪ ਬਣਾਏ ਸਾਚੀ ਬਣਤਾ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਸਚ ਦਏ ਵਡਿਆਈ, ਵਿਚ ਲੱਖ ਚੁਰਾਸੀ ਜੀਵ ਜੰਤਾ । ਧੰਨ ਕਮਾਈ ਸੰਤ ਜਨ, ਨਿਰਮਲ ਕਰਮ ਉਜਾਗਰ । ਧੰਨ ਕਮਾਈ ਸੰਤ ਜਨ, ਅੰਮ੍ਰਿਤ ਭਰਿਆ ਕਾਇਆ ਗਾਗਰ । ਧੰਨ ਕਮਾਈ ਸੰਤ ਜਨ, ਏਕਾ ਵੇਖਣ ਸਾਚਾ ਸਾਗਰ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਸਾਚਾ ਵਣਜ ਆਪ ਕਰਾਏ, ਗੁਰਮੁਖ ਸਾਚੇ ਲਏ ਜਗਾਏ, ਸਾਚੇ ਕਰੇ ਨਾਮ ਸੌਦਾਗਰ । ਧੰਨ ਕਮਾਈ ਸੰਤ ਜਨ, ਅੰਤਰ ਆਤਮ ਧੁਨ । ਧੰਨ ਕਮਾਈ ਸੰਤ ਜਨ, ਆਤਮ ਤੁੱਟੇ ਲੱਗੀ ਮੁਨ । ਧੰਨ ਕਮਾਈ ਸੰਤ ਜਨ, ਪ੍ਰਭ ਅਬਿਨਾਸ਼ੀ ਸਚ ਪੁਕਾਰ ਲਏ ਸੁਣ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਕਵਣ ਜਾਣੇ ਹਰਿ ਤੇਰੇ ਗੁਣ । ਧੰਨ ਕਮਾਈ ਸੰਤ ਜਨ, ਚਲੇ ਹਰਿ ਹਰਿ ਭਾਏ । ਧੰਨ ਕਮਾਈ ਸੰਤ ਜਨ, ਦੇਵੇ ਦਰਸ ਆਪ ਰਘੁਰਾਏ । ਧੰਨ ਕਮਾਈ ਸੰਤ ਜਨ, ਅੱਠੇ ਪਹਿਰ ਪ੍ਰਭ ਅੰਮ੍ਰਿਤ ਰਿਹਾ ਬਰਸ, ਤ੍ਰਿਸ਼ਨਾ ਅਗਨ ਬੁਝਾਏ । ਧੰਨ ਕਮਾਈ ਸੰਤ ਜਨ, ਲੱਖ ਚੁਰਾਸੀ ਵਿਚੋਂ ਲਏ ਪਰਖ, ਜੋਤ ਸਰੂਪੀ ਜੋਤ ਜਗਾਏ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਏਕਾ ਏਕ ਧਿਆਏ । ਧੰਨ ਕਮਾਈ ਸੰਤ ਜਨ, ਏਕਾ ਏਕ ਹਰਿ ਧਿਆਵਣਾ । ਧੰਨ ਕਮਾਈ ਸੰਤ ਜਨ, ਦੂਜੇ ਨਾਹੀਂ ਸੀਸ ਝੁਕਾਵਣਾ । ਧੰਨ ਕਮਾਈ ਸੰਤ ਜਨ, ਤੀਜੇ ਨੈਣ ਮੇਲ ਮਿਲਾਵਣਾ । ਧੰਨ ਕਮਾਈ ਸੰਤ ਜਨ, ਚੌਥੇ ਘਰ ਪੰਜਾਂ ਤੱਤਾਂ ਹਰਿ ਜੋੜ ਜੁੜਾਵਣਾ । ਧੰਨ ਕਮਾਈ ਸੰਤ ਜਨ, ਛੇਆਂ ਘਰਾਂ ਭੇਵ ਗੂੜ ਖੁਲ੍ਹਾਵਣਾ । ਧੰਨ ਕਮਾਈ ਸੰਤ ਜਨ, ਸੱਤਾਂ ਦੀਪਾਂ ਪਾਰ ਕਰਾਵਣਾ । ਧੰਨ ਕਮਾਈ ਸੰਤ ਜਨ, ਅੱਠਾਂ ਤੱਤਾਂ ਬਣਤ ਬਣਾਵਣਾ । ਧੰਨ ਕਮਾਈ ਸੰਤ ਜਨ, ਨੌਵਾਂ ਦਰਾਂ ਬੰਦ ਕਰਾਵਣਾ । ਦਸਵੇਂ ਘਰ ਗੁਰਮੁਖ ਸਾਚਾ ਆਪ ਬਹਾਵਣਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸੁਖਮਨ ਨਾੜੀ ਟੇਡਾ ਰਸਤਾ ਸੌਖਾ ਰਾਹ ਵਖਾਵਣਾ । ਨਿਰਗੁਣ ਸਾਚੀ ਜੋਤ ਧਰ, ਈੜਾ ਪਿੰਗਲ ਆਪ ਖੁਲ੍ਹਾਵਣਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਦਰਸ ਦਿਖਾਵਣਾ । ਏਕਾ ਸੇਵ ਹਰਿ ਗੁਰ ਲਾਈ । ਸੰਤ ਮਨੀ ਸਿੰਘ ਤੇਰੀ ਆਤਮ ਵੱਜੀ ਵਧਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਸਾਚੀ ਜੋਤ ਟਿਕਾਈ । ਜਗੀ ਜੋਤ ਅਗੰਮ ਅਪਾਰ । ਆਤਮ ਮਿਟਿਆ ਅੰਧ ਅੰਧਿਆਰ । ਏਕਾ ਹੋਇਆ ਸਚ ਉਜਿਆਰ । ਤਿੰਨਾਂ ਲੋਕਾਂ ਪਾਈ ਸਾਰ । ਏਕਾ ਵੇਖੇ ਸਚ ਦਰਬਾਰ । ਜਿਥੇ ਵਸੇ ਹਰਿ ਨਿਰੰਕਾਰ । ਜਗੇ ਜੋਤ ਅਗੰਮ ਅਪਾਰ । ਆਤਮ ਮਿਟਿਆ ਅੰਧ ਅੰਧਿਆਰ । ਰੂਪ ਰੰਗ ਨਾ ਰੇਖ ਨਾ ਕੋਈ ਭੇਖ ਏਕਾ ਖੇਲ ਅਪਰ ਅਪਾਰ । ਪ੍ਰਭ ਅਬਿਨਾਸ਼ੀ ਨੇਤਰ ਪੇਖ ਹੋਇਆ ਠੰਡਾ ਠਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਪੰਚਮ ਜੇਠ ਲੋਕਮਾਤ ਲਏ ਅਵਤਾਰ । ਸੰਤ ਮਨੀ ਸਿੰਘ ਸ਼ਬਦ ਕਮਾਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਆਤਮ ਭੇਵ ਗੂੜ ਖੁਲ੍ਹਾਈ । ਏਕਾ ਦੂਜਾ ਭੇਵ ਚੁਕਾਈ । ਗੁਰਮੁਖ ਸਾਚੇ ਆਤਮ ਚੜ੍ਹਿਆ ਚਾਓ, ਪ੍ਰਭ ਅਬਿਨਾਸ਼ੀ ਵੇਖੇ ਸਭਨੀ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦਰਸ਼ਨ ਪਾਇਆ ਚਾਈਂ ਚਾਈਂ । ਦਰ ਆਏ ਪ੍ਰਭ ਤੋੜੇ ਆਤਮ ਹੰਕਾਰੀ ਜਿੰਦਾ । ਗੁਰਮੁਖ ਬਣਾਏ ਸਾਚੀ ਬਿੰਦਾ । ਪ੍ਰਭ ਅਬਿਨਾਸ਼ੀ ਦਰਸ ਦਿਖਾਏ, ਸਰਨ ਲਗਾਏ ਕਰੋੜ ਤੇਤੀਸ ਸੁਰਪਤ ਰਾਜੇ ਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਜਾਮਾ ਪਾਇਆ ਵਡ ਵਡ

ਗੁਣ ਗਹਿੰਦਾ । ਵਡ ਵਡ ਗੁਣੀ ਗਹੀਰ ਹੈ । ਕਲਜੁਗ ਤੇਰੇ ਅੰਤਮ ਵੇਲੇ ਲੱਥੇ ਚੀਰ ਹੈ । ਗੁਰਮੁਖ ਸਾਚੇ ਸੱਜਣ ਸੁਹੇਲੇ, ਇਕ ਦੂਜੇ ਦੇ ਆਪ ਬਣਾਏ ਵੀਰ ਹੈ । ਪੰਚਮ ਜੇਠ ਕਰੇ ਮੇਲੇ, ਸੋਹੰ ਸ਼ਬਦ ਚਲਾਏ ਤੀਰ ਹੈ । ਅਚਰਜ ਖੇਲ ਪਾਰਬ੍ਰਹਮ ਕਲ ਖੇਲੇ, ਬੇਮੁਖ ਜੀਵਾਂ ਕੋਈ ਨਾ ਦੇਵੇ ਧੀਰ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਮਿਟਾਏ ਸ਼ੇਖ਼ ਸੁਲਤਾਨ ਪੀਰ ਹੈ । ਆਪ ਮਿਟਾਏ ਸ਼ੇਖ਼ ਸੁਲਤਾਨਾ । ਹੱਥੀਂ ਬੰਨ੍ਹੇ ਏਕਾ ਗਾਨਾ । ਸ਼ਬਦ ਤੀਰ ਮਾਰੇ, ਮਿਟਦਾ ਜਾਏ ਜਗਤ ਨਿਸ਼ਾਨਾ । ਪ੍ਰਗਟ ਹੋਇਆ ਨਿਹਕਲੰਕ ਬਲੀ ਬਲਵਾਨਾ । ਜੋਤ ਸਰੂਪੀ ਜਾਮਾ ਪਾਇਆ, ਕੀਆ ਖੇਲ ਹਰਿ ਭਗਵਾਨਾ । ਬੇਮੁਖ ਜੀਵਾਂ ਦਿਸ ਨਾ ਆਇਆ, ਪ੍ਰਭ ਅਬਿਨਾਸ਼ੀ ਕ੍ਰਿਸ਼ਨਾ ਸ਼ਾਮਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਵੇਲਾ ਜਿਨ੍ਹ ਭਗਤਾਂ ਆਣ ਸੁਹਾਇਆ । ਕਲਜੁਗ ਰੈਣ ਅੰਧਿਆਰੀ । ਸ੍ਰਿਸ਼ਟ ਸਬਾਈ ਸੁੱਤੀ ਪੈਰ ਪਸਾਰੀ । ਚਾਰ ਕੁੰਟ ਦਰ ਦਰ ਘਰ ਘਰ ਵਧੀ ਠੱਗੀ ਚੋਰੀ ਯਾਰੀ । ਬੇਮੁਖਾਂ ਪਾਪ ਜਰ, ਧਰਤ ਮਾਤ ਦਰ ਸਾਚੇ ਜਾ ਪੁਕਾਰੀ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਲੋਕਮਾਤ ਬਣੀ ਭਾਰੀ । ਕੋਈ ਨਾ ਦਿਸੇ ਸਾਚਾ ਘਰ, ਚਾਰ ਕੁੰਟ ਝੂਠੀ ਸਾਰੀ । ਕੋਈ ਨਾ ਦੇਵੇ ਕਿਸੇ ਵਰ, ਭੁੱਲੇ ਸਰਬ ਨਰ ਨਾਰੀ । ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਜੋਤ ਸਰੂਪ ਪ੍ਰਗਟ ਹੋਏ ਵਿਚ ਸੰਸਾਰੀ । ਧਰਤ ਮਾਤ ਦਰ ਕੱਢੇ ਹਾੜੇ । ਕਲਜੁਗ ਜੀਆਂ ਅੰਤਮ ਵੇਲੇ ਦਿਨ ਆਏ ਮਾੜੇ । ਲਾੜੀ ਮੌਤ ਹਰਿ ਆਪ ਉਠਾਏ, ਲੱਖ ਚੁਰਾਸੀ ਬਣਾਏ ਸਾਚੇ ਲਾੜੇ । ਫੜ ਫੜ ਬਾਹੋਂ ਰਾਹੇ ਪਾਏ । ਧਰਮ ਰਾਏ ਦੇ ਵਾੜੇ ਵਾੜੇ । ਆਪਣਾ ਵੇਲਾ ਆਪੇ ਜਾਣੇ, ਪਹਿਲੀ ਹਾੜੇ ਸਾਰੇ ਸਾੜੇ । ਨਾ ਕੋਈ ਛੁਡਾਵੇ ਪਿਤਾ ਮਾਈ, ਰੁਲਦੇ ਫਿਰਨ ਵਿਚ ਜੰਗਲ ਜੂਹ ਉਜਾੜ ਪਹਾੜੇ । ਗੁਰਮੁਖਾਂ ਪਕੜੇ ਆਪਣੇ ਬਾਹੀਂ, ਫਿਰੇ ਪਿੱਛੇ ਅਗਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਸ੍ਰਿਸ਼ਟ ਸਬਾਈ ਚਬਾਉਣ ਆਇਆ ਆਪਣੀ ਦਾੜ੍ਹੇ । ਕਲਜੁਗ ਤੇਰਾ ਸਚ ਨਿਸ਼ਾਨਾ । ਅੰਤਮ ਵੱਜਾ ਵਿਚ ਜਹਾਨਾ । ਤਿੱਖਾ ਰੱਖਿਆ ਮੁਖੜਾ ਬਾਨਾ । ਜੋਤੀ ਜੋਤ ਸਰੂਪ ਹਰਿ, ਦਿਤਾ ਵਰ ਸ੍ਰੀ ਭਗਵਾਨਾ । ਕਲਜੁਗ ਤੇਰੀ ਕਾਲ ਅੰਧੇਰੀ । ਚੜ੍ਹੀ ਰਹੇ ਚਾਰ ਚੁਫੇਰੀ । ਬੇਮੁਖਾਂ ਰਹੇ ਅੱਠੇ ਪਹਿਰ ਘੇਰੀ । ਬੇਮੁਖ ਜੀਵ ਝੂਠੇ ਵਹਿਣ ਵਹੇ, ਆਤਮ ਹੋਏ ਅੰਧੇਰੀ । ਪ੍ਰਭ ਕਾ ਭਾਣਾ ਵਿਰਲਾ ਗੁਰਮੁਖ ਸਹੇ, ਜੋਤੀ ਜੋਤ ਸਰੂਪ ਹਰਿ, ਚੁਕਾਵਣ ਆਇਆ ਤੇਰੀ ਮੇਰੀ ਮੇਰੀ ਤੇਰੀ । ਕਲਜੁਗ ਤੇਰੀ ਤੱਤੀ ਵਾਓ । ਵੇਲੇ ਅੰਤ ਵਗੀ ਸਾਰੇ ਥਾਉਂ । ਕੋਈ ਨਾ ਦਿਸੇ ਸਾਧ ਸੰਤ, ਚਾਰੋਂ ਕੁੰਟ ਉਡਣ ਕਾਉਂ । ਜੂਠੇ ਝੂਠੇ ਜੀਵ ਜੰਤ, ਨਾ ਕੋਈ ਪੁੱਤ ਸਮਝਾਵੇ ਮਾਉਂ । ਵਾਹ ਵਾਹ ਤੇਰੀ ਬਣ ਗਈ ਬਣਤ, ਗਰੀਬ ਨਿਮਾਣਿਆਂ ਕੋਈ ਨਾ ਦੇਵੇ ਛਾਉਂ । ਪ੍ਰਭ ਅਬਿਨਾਸ਼ੀ ਮਹਿੰਮਾ ਅਗਣਤ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਏਕਾ ਪਿਤਾ ਏਕਾ ਮਾਉਂ । ਕਲਜੁਗ ਤੇਰੀ ਘਟਾ ਕਾਲੀ । ਚਾਰੋਂ ਕੁੰਟ ਚਾਰ ਚੁਫੇਰ ਦਹਿ ਦਿਸ਼ ਦਿਸੇ ਖ਼ਾਲੀ । ਬੇਮੁਖ ਝੂਠੀ ਚੱਕੀ ਪਿਸੇ, ਫਲ ਨਾ ਦਿਸੇ ਕਿਸੇ ਡਾਲੀ । ਸੁੰਞੇ ਦਿਸਣ ਆਤਮ ਵਿਹੜੇ, ਮਸਤਕ ਦਿਸੇ ਨਾ ਕਿਸੇ ਲਾਲੀ । ਜੂਠੇ ਝੂਠੇ ਜਗਤ ਝੇੜੇ, ਧੀਆਂ ਭੈਣਾਂ ਮੰਗਣ ਵਿਚ ਦਲਾਲੀ । ਸਚ ਨਾ ਦਿਸੇ ਕਿਸੇ ਖੇੜੇ, ਸ੍ਰਿਸ਼ਟ ਸਬਾਈ ਹੋਈ ਬੇਹਾਲੀ । ਕਲਜੁਗ ਅੰਤਮ ਆਇਆ ਨੇੜੇ, ਪ੍ਰਗਟ ਹੋਵੇ ਦੋ ਜਹਾਨਾਂ ਵਾਲੀ । ਜੋਤੀ ਜੋਤ ਸਰੂਪ ਹਰਿ, ਬੇਮੁਖ ਜੀਆਂ ਅੰਤਮ ਕਲ ਧਰਮ ਰਾਏ ਘਰ ਕਰੇ ਚਾਲੀ । ਕਲਜੁਗ ਤੇਰੀ ਉਲਟੀ ਲੱਠ । ਤੁਟਾ ਮਾਣ ਤੀਰਥ ਅਠਸਠ । ਅੰਤਮ ਵੇਲੇ ਹੋਏ ਭੱਠ । ਜੂਠੇ


੩੩੪ ੦੪

ਝੂਠੇ ਮਾਇਆ ਧਾਰੀ ਮਠ । ਪਾਪੀ ਗੰਦੇ ਮਦਿਰਾ ਮਾਸੀ ਬੈਠੇ ਕਰ ਇਕੱਠ । ਜੋਤੀ ਜੋਤ ਸਰੂਪ ਹਰਿ, ਮਾਰ ਮੁਕਾਏ ਆਤਮ ਅੰਧੇ, ਸ਼ਬਦ ਸਰੂਪੀ ਹਰਿ ਵੱਡਾ ਸ਼ਾਹੋ ਭੂਪੀ ਸ੍ਰਿਸ਼ਟ ਸਬਾਈ ਇਕ ਤਪਾਏ ਵਡਾ ਭੱਠ । ਕਲਜੁਗ ਤੇਰੀ ਉਲਟੀ ਚਾਲ । ਲੱਖ ਚੁਰਾਸੀ ਦਿੱਤੀ ਗਾਲ । ਅੰਤਮ ਵੇਲਾ ਕਲਜੁਗ ਆਇਆ, ਪ੍ਰਭ ਅਬਿਨਾਸ਼ੀ ਜਾਮਾ ਪਾਇਆ ਲੈ ਕੇ ਆਇਆ ਸੱਚਾ ਕਾਲ । ਲਾੜੀ ਮੌਤ ਹੁਕਮ ਸੁਣਾਇਆ, ਫੜ ਕੇ ਬਾਹੋਂ ਰਾਹੇ ਪਾਇਆ, ਧਰਤ ਮਾਤ ਦਏ ਦੁਹਾਇਆ, ਮਾਤਲੋਕ ਵਿਚ ਡੇਰਾ ਲਾਇਆ, ਪਹਿਲੀ ਮਾਰੇ ਇਕੋ ਛਾਲ । ਮੱਕਾ ਮਦੀਨਾ ਦਏ ਢਾਹਿਆ । ਸ਼ਾਹ ਫਰੰਗੀ ਰਹਿਣ ਨਾ ਪਾਇਆ । ਸਭ ਦੀ ਪਿੱਠ ਹੋਈ ਨੰਗੀ, ਪ੍ਰਭ ਅਬਿਨਾਸ਼ੀ ਪਾਏ ਤੰਗੀ, ਧਰਮ ਰਾਏ ਦੇ ਘਰ ਜਾਏ ਟੰਗੀ, ਨਾ ਕੋਈ ਦਏ ਛੁਡਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਅੰਤਮ ਵੇਲਾ ਆਪੇ ਆਣ ਸੁਹਾਇਆ । ਕਲਜੁਗ ਪਾਪੀ ਵਧਿਆ ਵਡ ਪ੍ਰਤਾਪੀ, ਚਾਰੋਂ ਕੁੰਟ ਕਿਤੇ ਨਾ ਦਿਸੇ ਗੁਰਮੁਖ ਸੱਚਾ ਜਾਨੀ । ਬੇਮੁਖਾਂ ਦੇ ਆਇਆ ਹਿੱਸੇ, ਸੰਗ ਮੁਹੰਮਦ ਚਾਰ ਯਾਰਾਂ ਮਿਲੀ ਸੱਚੀ ਗੁਲਾਮੀ । ਘਰ ਘਰ ਰੋਵਣ ਰੰਡੀਆਂ ਨਾਰਾਂ, ਕਿਸੇ ਬਾਲ ਨਾ ਲੱਭੇ ਬਾਲੀ । ਨਿਹਕਲੰਕ ਕਲ ਜਾਮਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਅੰਤਮ ਕਾਲੀ । ਕਲਜੁਗ ਕਾਲਾ ਰੂਪ ਕਰ ਅਪਾਰਾ । ਚਾਰੋਂ ਤਰਫ ਉਠ ਉਠ ਵੇਖੇ, ਕਰੇ ਆਪਣੀ ਕਾਰਾ । ਸੰਗ ਰਲਾਏ ਔਲੀਏ ਪੀਰ ਸ਼ੇਖ਼ੇ, ਨਾਲ ਮੁਹੰਮਦ ਚਾਰ ਯਾਰਾ । ਆਪ ਭੁਲਾਏ ਭਰਮ ਭੁਲੇਖੇ, ਜੋਤੀ ਜੋਤ ਸਰੂਪ ਹਰਿ, ਸ਼ਬਦ ਸਰੂਪੀ ਸੋਹੰ ਆਰਾ । ਸੰਗ ਮੁਹੰਮਦ ਚਾਰ ਯਾਰੀ । ਅੰਤਮ ਹੋਏ ਕਲ ਖੁਆਰੀ । ਮਿਟਦੀ ਜਾਏ ਉਮਤ ਸਾਰੀ । ਨਬੀ ਰਸੂਲ ਨਾ ਚੁਕਣਾ ਭਾਰੀ । ਸਦੀ ਚੌਧਵੀਂ ਨਾ ਹੋਈ ਕਬੂਲ, ਸਭ ਦੀ ਮਤ ਗਈ ਮਾਰੀ । ਝੂਠੇ ਝੂਲੇ ਰਹੀ ਝੂਲ, ਅੰਤਮ ਦੇਵੇ ਇਕ ਹੁਲਾਰੀ । ਪ੍ਰਭ ਅਬਿਨਾਸ਼ੀ ਗਈ ਭੂਲ, ਆਤਮ ਚੜ੍ਹੀ ਹੰਕਾਰ ਖ਼ੁਮਾਰੀ । ਅੰਤਮ ਵੇਲੇ ਗਈ ਫਲ ਫੂਲ, ਪ੍ਰਭ ਅਬਿਨਾਸ਼ੀ ਤੋੜਨ ਆਇਆ ਸ਼ਬਦ ਲਿਆਇਆ ਨਾਲ ਖਾਰੀ । ਆਪੇ ਕੰਤ ਸੱਚਾ ਕੰਤੂਹਲ, ਮੇਟੀ ਜਾਏ ਵਾਰੋ ਵਾਰੀ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਜਨ ਭਗਤਾਂ ਮੇਲ ਬਣੇ ਸੱਜਣ ਸੁਹੇਲ ਨਿਹਕਲੰਕ ਨਰਾਇਣ ਨਰ ਅਵਤਾਰੀ । ਕਲਜੁਗ ਤੇਰਾ ਕਾਲਾ ਮੁਖ । ਸਚ ਧਰਮ ਦੀ ਪੈ ਗਈ ਭੁੱਖ । ਘਰ ਘਰ ਸਾਰੇ ਵੱਧਿਆ ਦੁੱਖ । ਹਰੇ ਰੁਖੜੇ ਗਏ ਸੁੱਕ । ਭਾਗ ਨਾ ਲੱਗੇ ਕਿਸੇ ਮਾਤਾ ਕੁੱਖ । ਸਚ ਸੁਹਾਗ ਨਾ ਕੋਈ ਹੰਢਾਵੇ, ਆਤਮ ਧੂੰਏਂ ਘਰ ਘਰ ਰਹੇ ਧੁਖ । ਸਚ ਰਾਗ ਨਾ ਕੋਈ ਸੁਣਾਵੇ, ਉਜਲ ਕਰਾਏ ਮੁਖ । ਪਿਛਲਾ ਦਾਗ਼ ਨਾ ਕੋਈ ਧੁਆਏ, ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰਾ ਅੰਤਮ ਵੇਲੇ ਜਨ ਭਗਤਾਂ ਕਟਣ ਆਇਆ ਭੁੱਖ । ਕਲਜੁਗ ਤੇਰੀ ਨਿਕਲੇ ਲਲਾਟ । ਅੰਤਮ ਵੇਲੇ ਹੀਰਾ ਘਾਟ । ਨੌਂ ਖੰਡ ਪ੍ਰਿਥਮੀ ਜਾਏ ਹਾਰੀ, ਅੱਗੇ ਨੇੜੇ ਆਈ ਵਾਟ । ਨਾ ਕੋਈ ਤੀਰਥ ਨਾ ਕੋਈ ਤਾਟ । ਸਾਚਾ ਸੀਰਥ ਪ੍ਰਭ ਅਬਿਨਾਸ਼ੀ ਆਪ ਪਿਆਏ, ਬਜ਼ਰ ਕਪਾਟੀ ਜਾਏ ਪਾਟ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਦਇਆ ਕਮਾਏ, ਰਸਨਾ ਰਸ ਲੈਣਾ ਚਾਟ । ਕਲਜੁਗ ਤੇਰੀ ਕਾਲੀ ਕੰਧੀ ਚਾਰੋਂ ਤਰਫ ਸੋ ਆਵੇ ਮੰਦੀ । ਬੇਮੁਖ ਜੀਵ ਘਰ ਘਰ ਰਹੇ ਰੋ, ਪ੍ਰਭ ਅਬਿਨਾਸ਼ੀ ਰਸਨਾ ਨਾ ਗਾਇਆ ਬੱਤੀ ਦੰਦੀ । ਗੁਰਮੁਖ ਵਿਰਲਾ ਦਿਸੇ ਕੋ, ਜਿਸ ਪਾਇਆ ਪ੍ਰਭ ਅਬਿਨਾਸ਼ੀ ਮਿਲਿਆ ਪਰਮਾਨੰਦੀ । ਆਪੇ ਪੁਰਖ ਨਿਰੰਜਣ ਸਚ ਵਡ ਦਾਤਾ ਗੁਣੀ ਗਹਿੰਦੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲਾ ਖੇਲ ਆਪ ਰਚਾਏ, ਧਰਤ ਮਾਤ ਤੇਰੀ ਦਿਸ਼ਾ ਲਹਿੰਦੀ । ਵੇਖ ਵਿਚਾਰੇ

੩੩੫
੦੪

ਨਿਹਕਲੰਕ ਨਰ ਅਵਤਾਰੇ । ਜੋਤ ਸਰੂਪੀ ਜਾਮਾ ਧਾਰੇ । ਸ਼ਬਦ ਸਰੂਪੀ ਖੇਲ ਅਪਾਰੇ । ਵੱਜਾ ਡੰਕ ਇਕ ਕਿਨਾਰੇ । ਰਾਓ ਰੰਕ ਉਠਣ ਸਾਰੇ । ਦਵਾਰ ਬੰਕ ਖੁਲ੍ਹੇ ਰਹਿਣ ਘਰ ਘਰ ਚੁਬਾਰੇ । ਆਪ ਮਿਟਾਏ ਸਭ ਦੇ ਸ਼ੰਕ, ਸ਼ਬਦ ਉਠਾਏ ਖੰਡਾ ਦੋ ਧਾਰੇ । ਗੁਰਮੁਖਾਂ ਦੇਵੇ ਆਪ ਵਡਿਆਈ । ਜਿਉਂ ਰਾਜਾ ਜਨਕ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੁਰੀ ਘਨਕ ਜਾਮਾ ਧਾਰੇ । ਕਲਜੁਗ ਤੇਰਾ ਕਾਲਾ ਰੂਪ । ਲੋਕਮਾਤ ਹਰਿ ਸਾਚਾ ਭੁੱਲੇ, ਵਡ ਵਡ ਸ਼ਾਹੋ ਭੂਪ । ਕਲਜੁਗ ਝੂਠੀ ਮਾਇਆ ਰੁਲੇ, ਹੋਈ ਅੰਧ ਕੂਪ । ਕਿਸੇ ਭਾਗ ਨਾ ਦਿਸੇ ਕੁੱਲੇ, ਨਾ ਮਿਲਿਆ ਸਤਿ ਸਰੂਪ । ਸਭ ਦੇ ਪਾਣੀ ਪਿਆ ਚੁੱਲ੍ਹੇ, ਰੁੜ੍ਹਦੇ ਜਾਇਣ ਪਹਿਲੇ ਬੁੱਲ੍ਹੇ, ਜਗਤ ਅੰਧੇਰੀ ਏਕਾ ਝੁਲੇ, ਕਰੇ ਖੇਲ ਹਰਿ ਸਤਿ ਸਰੂਪ । ਗੁਰਮੁਖ ਵਿਰਲਾ ਵਿਚ ਮਾਤ ਅੰਤਮ ਫਲੇ ਫੁਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਤਮ ਜੋਤੀ ਦੇਵੇ ਧਰ, ਵਰਨ ਗੋਤੀ ਏਕਾ ਕਰ, ਗੁਰਮੁਖ ਮਾਣਕ ਮੋਤੀ ਸੋਹੰ ਸ਼ਬਦ ਸਾਚੀ ਚੋਗ ਕਰ । ਕਲਜੁਗ ਤੇਰੀ ਕਾਲੀ ਰੈਣ । ਨਾਤਾ ਤੁੱਟਾ ਭਾਈ ਭੈਣ । ਨਾ ਕੋਈ ਮੀਤ ਪਿਆਰਾ ਦਿਸੇ, ਨਾ ਕੋਈ ਸਾਕ ਸੱਜਣ ਸੈਣ । ਨਾ ਕੋਈ ਸਚ ਨਿਸ਼ਾਨਾ ਦਿਸੇ, ਪ੍ਰਭ ਅਬਿਨਾਸ਼ੀ ਵੇਖਣ ਆਇਆ ਨੈਣ । ਕਲਜੁਗ ਝੂਠਾ ਭੇਖ ਭਿਖਾਰਾ, ਨਾ ਦਿਸੇ ਨਿਹਕਲੰਕ ਨਰਾਇਣ ਨਰ ਆਇਆ ਜੋਤੀ ਜੋਤ ਤਪਾਇਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਗੁਰਮੁਖ ਸਾਚੇ ਸੰਤ ਜਨ ਅੰਤਮ ਵੇਲੇ ਕਲਜੁਗ ਤੇਰੀ ਚਰਨ ਸਰਨ ਪ੍ਰਭ ਰਹਿਣ । ਕਲਜੁਗ ਤੇਰਾ ਕਾਲਾ ਵੇਸ । ਘਰ ਘਰ ਫਿਰਨ ਦਰ ਦਰਵੇਸ । ਭੁੱਲੇ ਫਿਰਨ ਵਡ ਵਡ ਨਰੇਸ਼ । ਕਿਸੇ ਹੱਥ ਨਾ ਆਏ ਸ੍ਰੀ ਦਸਮੇਸ਼ । ਪੰਡਤ ਪੜ੍ਹਨ ਵਿਚਾਰਨ ਵੇਦ, ਗੀਤਾ ਗਿਆਨ ਵਖਾਨਣ, ਹੱਥ ਨਾ ਆਵੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ । ਕੁਰਾਨ ਅੰਜੀਲਾਂ ਲੈਣਾ ਜਾਮਨ, ਨਾ ਕੋਈ ਦੇਵੇ ਨਾਮ ਨਿਸ਼ਾਨਣ, ਸ਼ਬਦ ਸੱਚਾ ਜਾਮਨ ਘਰ ਘਰ ਪਿਆ ਕਲੇਸ਼ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਕਲ ਜਾਮਾ ਪਾਇਆ, ਸ੍ਰਿਸ਼ਟ ਸਬਾਈ ਬੰਨ੍ਹੇ ਝੂਠੇ ਦਾਅਵੇ । ਆਵੇ ਜਾਵੇ ਜੋਤ ਜਗਾਵੇ । ਜੁਗਾ ਜੁਗੰਤ ਜਾਮਾ ਪਾਵੇ । ਨਿਤ ਨਵਿਤ ਖੇਲ ਰਚਾਵੇ । ਸਾਚਾ ਮਿਤ ਆਪ ਅਖਵਾਵੇ । ਸਾਚੀ ਮਾਤ ਧਰਤ ਬਣ ਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਬੇਮੁਖ ਭੁੱਲੇ ਭਰਮ ਭੁਲਾਵੇ । ਕਲਜੁਗ ਤੇਰਾ ਕਾਲਾ ਭੇਖ । ਸਾਰੇ ਭੁੱਲੇ ਔਲੀਏ ਪੀਰ ਸ਼ੇਖ਼ । ਅੰਮ੍ਰਿਤ ਆਤਮ ਸਭ ਦੇ ਡੁਲ੍ਹੇ, ਨਾ ਕੋਈ ਸਕੇ ਵੇਖ । ਲੱਗੀ ਅੱਗ ਕਾਇਆ ਕੁੱਲੇ, ਮਿਟਦੀ ਜਾਏ ਝੂਠੀ ਰੇਖ । ਸ਼ਾਹ ਸੁਲਤਾਨ ਸਾਰੇ ਭੁੱਲੇ, ਨੇਤਰ ਲੈਣੇ ਪੇਖ । ਏਕਾ ਸੱਚਾ ਦਵਾਰਾ ਖੁਲ੍ਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਜੋਤ ਸਰੂਪੀ ਧਾਰੇ ਭੇਖ । ਕਲਜੁਗ ਤੇਰਾ ਕਰਮ ਵਿਚਾਰ । ਧਰਤ ਮਾਤ ਤੇਰੀ ਸੁਣ ਪੁਕਾਰ । ਗਰੀਬ ਨਿਮਾਣੇ ਕਰਨ ਹਾਹਾਕਾਰ । ਰਾਜੇ ਰਾਣੇ ਜੂਠੇ ਝੂਠੇ ਹੋਏ ਮਾਤ ਖੁਆਰ । ਕਾਮੀ ਕਰੋਧੀ ਮਾਇਆ ਲੂਠੇ, ਭਰਿਆ ਇਕ ਹੰਕਾਰ । ਆਤਮ ਹੋਏ ਮੂਧੇ ਠੂਠੇ, ਬਣੇ ਕੂੜੇ ਕੁੜਿਆਰ । ਧੁਰਦਰਗਾਹੀ ਬੇਮੁਖ ਝੂਠੇ, ਮਦਿਰਾ ਮਾਸ ਕਰਨ ਅਹਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਏ ਜਾਮਾ ਧਾਰ । ਕਲਜੁਗ ਤੇਰਾ ਕਰਮ ਵਿਚਾਰੇ । ਨਿਹਕਲੰਕ ਹਰਿ ਜਾਮਾ ਧਾਰੇ । ਬੇਮੁਖ ਲੱਗੇ ਝੂਠੀ ਕਾਰੇ । ਸਾਚਾ ਸੁਖ ਨਾ ਵਿਚ ਸੰਸਾਰੇ । ਮਾਇਆ ਮਮਤਾ ਵਧੀ ਭੁੱਖ, ਘਰ ਘਰ ਕੁਰਲਾਵੇ ਨਰ ਨਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੇ ਅੰਤਮ ਵੇਲੇ ਜੋਤ ਸਰੂਪੀ

੩੩੭ ੦੪

ਜਾਮਾ ਧਾਰੇ । ਜਾਮਾ ਧਾਰ ਲਿਆ ਅਵਤਾਰਾ । ਨਿਹਕਲੰਕ ਖੇਲ ਅਪਾਰਾ । ਵੱਜੇ ਡੰਕ ਚਾਰ ਕੁੰਟ ਜੈ ਜੈਕਾਰਾ । ਆਪ ਉਠਾਏ ਰਾਓ ਰੰਕ, ਕਲਜੁਗ ਮਿਟੇ ਧੁੰਦੂਕਾਰਾ । ਇਕ ਸੁਹਾਏ ਦਵਾਰ ਬੰਕ, ਸੰਤ ਮਨੀ ਸਿੰਘ ਤੇਰਾ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸ਼ਬਦ ਸਰੂਪੀ ਬਣੇ ਲਿਖਾਰਾ । ਸਾਚਾ ਬਣੇ ਹਰਿ ਲਿਖਾਰੇ । ਕਲਜੁਗ ਤੇਰੀ ਅੰਤਮ ਵਾਰੇ । ਸਤਿਜੁਗ ਭੇਵ ਖੁਲ੍ਹਾਏ ਸਾਰੇ । ਗੁਰਮੁਖ ਸਾਚੇ ਸੰਤ ਜਨ, ਆਪ ਬਣਾਏ ਸਚ ਦੁਲਾਰੇ । ਸਾਚਾ ਦੇਵੇ ਨਾਮ ਧਨ, ਮੇਲ ਮਿਲਾਏ ਕੰਤ ਪਿਆਰੇ । ਅੰਤਮ ਬੇੜਾ ਦੇਵੇ ਬੰਨ੍ਹ, ਲਾਏ ਪਾਰ ਕਿਨਾਰੇ । ਭਾਂਡਾ ਭਰਮ ਹਰਿ ਦੇਵੇ ਭੰਨ, ਸ਼ਬਦ ਹਥੌੜਾ ਇਕੋ ਮਾਰੇ । ਗੁਰਮੁਖਾਂ ਕਦੇ ਨਾ ਦੇਵੇ ਡੰਨ, ਪ੍ਰਭ ਅਬਿਨਾਸ਼ੀ ਹੋਏ ਰਖਵਾਰੇ । ਸ਼ਬਦ ਕੰਗਣ ਪਹਿਨਾਏ ਤਨ, ਕਾਇਆ ਦੁੱਖੜੇ ਲੱਥਣ ਸਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਰਾਜਿਆਂ ਰਾਣਿਆਂ ਕਰੇ ਖੁਆਰੇ । ਜੋਤ ਸਰੂਪੀ ਪਹਰਿਆ ਬਾਣਾ । ਤਖ਼ਤੋਂ ਲਾਹੇ ਰਾਜਾ ਰਾਣਾ । ਸਾਜ ਬਾਜ ਤਖ਼ਤ ਤਾਜ ਕਿਸੇ ਰਹਿਣ ਨਾ ਪਾਣਾ । ਪ੍ਰਗਟ ਹੋਵੇ ਦੇਸ ਮਾਝ, ਜੋਤ ਸਰੂਪੀ ਭੇਖ ਵਟਾਣਾ । ਸੰਬਲ ਦੇਸ ਲਾਇਆ ਭਾਗ, ਸਾਚਾ ਧਾਮ ਇਕ ਸੁਹਾਨਾ । ਲਿਖੇ ਲੇਖ ਹਰਿ ਜੀ ਵੇਸ, ਰਾਣਾ ਸੰਗਰੂਰ ਪਕੜ ਉਠਾਨਾ । ਖੁਲ੍ਹੇ ਰੱਖੇ ਆਪਣੇ ਕੇਸ, ਜੋਤ ਸਰੂਪੀ ਦਰਸ ਦਿਖਾਣਾ । ਬੇਮੁਖ ਭੁੱਲੇ ਲੱਭਣ ਸ੍ਰੀ ਦਸਮੇਸ਼, ਜੋਤ ਸਰੂਪੀ ਏਕਾ ਰੰਗ ਸ੍ਰੀ ਭਗਵਾਨਾ । ਨਿਹਕਲੰਕ ਨਰਾਇਣ ਨਰ, ਏਕਾ ਜੋਤੀ ਏਕਾ ਗੋਤੀ ਚਾਰ ਵਰਨ ਏਕਾ ਧਾਮ ਬਹਾਨਾ । ਚਾਰ ਵਰਨ ਇਕ ਦਵਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਸਾਚਾ ਸ਼ਬਦ ਇਕ ਚਲਾਏ, ਸਤਿਜੁਗ ਤੇਰੀ ਸਾਚੀ ਧਾਰੇ । ਰਾਓ ਰੰਕ ਇਕ ਥਾਂ ਬਹਾਏ, ਏਕਾ ਦੂਆ ਭੇਵ ਨਿਵਾਰੇ । ਊਚ ਨੀਚ ਜ਼ਾਤ ਪਾਤ ਭੇਵ ਚੁਕਾਏ, ਪ੍ਰਭ ਅਬਿਨਾਸ਼ੀ ਕਿਰਪਾ ਕਰੇ, ਦੇਵੀ ਦੇਵਤ ਸ਼ਿਵ ਸ਼ੰਕਰ ਗਣੇਸ਼ ਮਹੇਸ਼ ਏਕਾ ਆਪ ਅਖਵਾਏ, ਦੂਸਰ ਨਾ ਕੋਈ ਦਿਸੇ ਕਿਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਜਾਮਾ ਧਾਰੇ । ਪ੍ਰਗਟ ਹੋਵੇ ਸਾਚਾ ਰਾਣਾ । ਵਕਤ ਚੁਕਾਏ ਵੇਦ ਪੁਰਾਨਾਂ । ਗੀਤਾ ਤੇਰਾ ਸਾਥ ਨਾ ਕਿਸੇ ਨਿਭਾਣਾ । ਕੁਰਾਨ ਅੰਜ਼ੀਲ ਮੇਟ ਮਿਟਾਨਾ । ਖਾਣੀ ਬਾਣੀ ਵਕਤ ਚੁਕਾਨਾ । ਕਲਜੁਗ ਅੰਤਮ ਆਈ ਹਾਨੀ, ਅੰਤਮ ਝੰਡਾ ਇਕ ਝੁਲਾਨਾ । ਸੋਹੰ ਡੰਡਾ ਸਾਚਾ ਲਾਇਆ, ਸਤਿਜੁਗ ਸਾਚਾ ਮਾਰਗ ਲਾਨਾ । ਸੰਤ ਮਨੀ ਸਿੰਘ ਸੰਗ ਰਖਾਣਾ । ਚਾਰੋਂ ਕੁੰਟ ਆਪ ਫਿਰਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਲਿਆਏ ਧੁਰਦਰਗਾਹੀ ਸੱਚਾ ਸਚ ਬਬਾਣਾ । ਜੋਤ ਸਰੂਪੀ ਪਹਿਰੇ ਬਾਣਾ । ਜਨ ਭਗਤਾਂ ਦੇਵੇ ਸਾਚਾ ਮਾਣਾ । ਸਾਚਾ ਰੰਗ ਇਕ ਚੜ੍ਹਾਨਾ । ਸ਼ਬਦ ਘੋੜੇ ਤੰਗ ਕਸਾਨਾ । ਚਿੱਟਾ ਅਸਵ ਸੋਲਾਂ ਕਲੀਆਂ ਨਾਲ ਗੁੰਦਾਨਾ । ਸੋਲਾਂ ਕਲਾ ਸਮਰਥ ਹਰਿ ਹੋ ਅਸਵਾਰ ਆਪ ਆਏ । ਸ੍ਰਿਸ਼ਟ ਸਬਾਈ ਵਾਗ ਪਕੜੇ ਹੱਥ, ਚੌਥੇ ਜੁਗ ਖੇਲ ਰਚਾਏ । ਬੇਮੁਖਾਂ ਪਾਏ ਨੱਥ, ਧਰਮ ਰਾਏ ਦੇ ਦਰ ਫਿਰਾਏ । ਸ੍ਰਿਸ਼ਟ ਸਬਾਈ ਹੋਈ ਸੱਖ, ਗੁਰਮੁਖ ਵਿਰਲਾ ਰਹਿ ਜਾਏ । ਜਿਉਂ ਰਾਮਾ ਘਰ ਦਸਰਥ, ਕਰੇ ਖੇਲ ਕਲਜੁਗ ਮਹਾਨੇ । ਪ੍ਰਭ ਕੀ ਮਹਿੰਮਾ ਜਗਤ ਅਕਥ, ਗਿਆਨੀ ਧਿਆਨੀ ਵਡ ਵਿਦਵਾਨੀ ਕਿਸੇ ਭੇਵ ਨਾ ਪਾਇਆ, ਗਿਆਨ ਧਿਆਨ ਕੋਈ ਨਾ ਜਾਣੇ, ਨਾ ਕੋਈ ਕਰੇ ਹਰਿ ਪਛਾਨੇ । ਆਵੇ ਜਾਵੇ ਜਾਵੇ ਆਵੇ ਆਦਿ ਅੰਤ ਸ੍ਰੀ ਭਗਵਾਨੇ । ਆਪਣਾ ਭੇਵ ਨਾ ਕਿਸੇ ਜਣਾਵੇ । ਵਡ ਵਡ ਭੁੱਲੇ ਸਾਧ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਵੇ, ਗੁਰਮੁਖ ਸਾਚੇ ਸੰਤ ਤਰਾਵੇ, ਮੇਲ ਮਿਲਾਵਾ ਪੂਰਨ ਭਗਵੰਤ । ਰਾਜਾ ਸੰਗਰੂਰ

੩੩੮
੦੪

ਸਰਨ ਲਗਾਉਣਾ । ਜਮਨ ਕਿਨਾਰੇ ਡੇਰਾ ਲਾਉਣਾ । ਅਚਰਜ ਖੇਲ ਹਰਿ ਵਰਤਾਉਣਾ । ਸਾਧਾਂ ਸੰਤਾਂ ਸੰਗ ਨਿਭਾਉਣਾ । ਵਾਲੀ ਹਿੰਦ ਪਕੜ ਉਠਾਵਣਾ । ਵਡ ਦਾਤਾ ਗੁਣੀ ਗਹਿੰਦ, ਜੋਤ ਸਰੂਪੀ ਮੇਲ ਮਿਲਾਉਣਾ । ਬੇਮੁਖ ਜੀਵ ਚਾਰੋਂ ਕੁੰਟ ਕਰਨ ਨਿੰਦ, ਹਰਿ ਦਾ ਭੇਵ ਕਿਸੇ ਨਾ ਪਾਉਣਾ । ਵਡ ਦਾਤਾ ਗੁਣੀ ਗਹਿੰਦ, ਜੋਤ ਸਰੂਪੀ ਮੇਲ ਮਿਲਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਦਏ ਸ਼ਬਦ ਸੁਨੇਹੜਾ, ਗੁਰਮੁਖ ਵਿਰਲੇ ਦਰਸ਼ਨ ਪਾਉਣਾ । ਗੁਰਮੁਖ ਸਾਚੇ ਸੰਤ ਜਨਾਂ ਦੇਵੇ ਰਾਹ ਇਕ ਮਹੱਲੇ । ਬੇਮੁਖ ਜੀਵ ਚਾਰੋਂ ਕੁੰਟ ਅੰਤਮ ਵੇਲਾ ਰਹਿ ਗਏ ਇਕੱਲੇ । ਕਲਜੁਗ ਤੇਰੀ ਢਲਦੀ ਜਾਏ ਛਾਇਆ, ਝੂਠੀ ਮਾਇਆ ਨਾ ਕੋਈ ਫਲੇ ਨਾ ਕੋਈ ਫੁੱਲੇ । ਸਾਚਾ ਰਾਹ ਕਿਸੇ ਹੱਥ ਨਾ ਆਇਆ, ਸੋਹੰ ਵੱਖਰ ਏਕਾ ਅੱਖਰ ਵਿਚ ਮਾਤ ਚਲਾਇਆ । ਨਾ ਕੋਈ ਚੜ੍ਹਿਆ ਚੋਟੀ ਸਿਖਰ, ਜਿਥੇ ਹਰਿ ਜੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਜੀਆਂ ਜੰਤਾਂ ਏਕਾ ਰੂਪ ਸਭਨਾ ਵਿਚ ਸਮਾਇਆ । ਏਕਾ ਜੋਤ ਹਰਿ ਨਿਰੰਕਾਰੀ । ਲੱਖ ਚੁਰਾਸੀ ਆਪ ਪਸਾਰੀ । ਵੇਖੇ ਪਰਖੇ ਕਰੇ ਵਿਚਾਰੀ । ਨਾ ਕੋਈ ਜਾਣੇ ਬਿਰਧ ਬਾਲ ਜਵਾਨ ਨਰ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਵੇ ਕਲਜੁਗ ਤੇਰੀ ਅੰਤਮ ਵਾਰੀ । ਆਦਿ ਪੁਰਖ ਆਦਿ ਗੁਰਦੇਵਾ । ਆਦਿ ਅੰਤ ਏਕਾ ਜਿਹਵਾ । ਕਲਜੁਗ ਫੜੇ ਬਸੰਤਰ, ਪ੍ਰਭ ਅਬਿਨਾਸ਼ੀ ਕਰੇ ਤੇਰੀ ਸੇਵਾ । ਹੋਏ ਰੁਸ਼ਨਾਈ ਵਿਚ ਗਗਨੰਤਰ, ਉਠੇ ਸੁਰਪਤ ਰਾਜਾ ਦੇਵਾ । ਸੋਹੰ ਸ਼ਬਦ ਮਾਤ ਵਿਚ ਸਾਚਾ ਮੰਤਰ, ਆਪ ਜਪਾਏ, ਪ੍ਰਭ ਅਬਿਨਾਸ਼ੀ ਅਲੱਖ ਅਭੇਵਾ । ਸਰਬ ਜੀਆਂ ਦੀ ਜਾਣੇ ਅੰਤਰ, ਨਾ ਕੋਈ ਕਰੇ ਭਰਮ ਭੁਲੇਵਾ । ਸਤਿਜੁਗ ਬਣਾਏ ਤੇਰੀ ਬਣਤਰ, ਇਕ ਲਗਾਏ ਫਲ ਸੋਹੰ ਸੱਚਾ ਮੇਵਾ । ਸ਼ਬਦ ਉਠਾਏ ਸਾਚਾ ਸ਼ਸਤਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਲਾਏ, ਸਾਚਾ ਨਾਮ ਜਪਾਏ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਰਸਨਾ ਜਿਹਵਾ । ਏਕਾ ਜੋਤ ਕਰੇ ਰੁਸ਼ਨਾਈ । ਲੱਖ ਚੁਰਾਸੀ ਵਿਚ ਟਿਕਾਈ । ਆਦਿ ਅੰਤ ਭੇਵ ਨਾ ਰਾਈ । ਸਾਚਾ ਕੰਤ ਦੇ ਵਡਿਆਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹੋਏ ਆਪ ਸਹਾਈ । ਆਪਣਾ ਖੇਲ ਆਪੇ ਕਰੇ । ਜੁਗਾ ਜੁਗੰਤਰ ਦੇਵੇ ਵਰੇ । ਨਾ ਕਦੇ ਜਨਮੇ ਨਾ ਕਦੇ ਮਰੇ । ਵਸਦਾ ਰਹੇ ਸਾਚੇ ਘਰੇ । ਹੱਸਦਾ ਰਹੇ ਗੁਰਮੁਖਾਂ ਦਰ ਦਰੇ । ਨੱਸਦਾ ਰਹੇ ਬੇਮੁਖਾਂ ਵੇਖ ਡਰੇ । ਅੰਮ੍ਰਿਤ ਮੇਘ ਵਸਦਾ ਰਹੇ, ਚਰਨ ਪ੍ਰੀਤੀ ਜੋ ਜਨ ਕਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਰਾਹ ਦੱਸਦਾ ਰਹੇ, ਆਦਿ ਅੰਤ ਸਾਚੀ ਜੋਤ ਧਰੇ । ਪਹਿਲੀ ਜੋਤ ਹਰਿ ਨਿਰੰਕਾਰਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰਾ । ਦੂਜੀ ਜੋਤ ਹਰਿ ਜੀ ਬਰਾਹ ਲਿਆ ਅਵਤਾਰਾ । ਤੀਜੀ ਜੋਤ ਹਰਿ ਜੀ ਧਰੇ, ਯਗਯ ਪੁਰਖ ਭੇਵ ਨਿਆਰਾ । ਚੌਥੀ ਜੋਤ ਹਰਿ ਜੀ ਹਰਿ ਹਰੇ, ਹਾਵ ਗਰੀਵ ਰੂਪ ਨਿਆਰਾ । ਪੰਚਮ ਜਾਮਾ ਸਾਚਾ ਕਰੇ, ਨਰਾਇਣ ਨਰ ਨਰ ਅਵਤਾਰਾ । ਛੇਵੇਂ ਜਾਮਾ ਏਕਾ ਵਰੇ ਕਪਲਮੁਨ ਮੁਨੀ ਮੁਨ ਧਾਰਾ । ਸਤਵਾਂ ਭੇਖ ਹਰਿ ਜੀ ਧਰ, ਦਤਾ ਤ੍ਰੈ ਨਾਉਂ ਉਚਾਰਾ । ਅਠਵਾਂ ਰੰਗ ਆਪੇ ਕਰੇ, ਰਿਖਵ ਦੇਵ ਖੇਲ ਅਪਾਰਾ । ਨੌਵਾਂ ਖੇਲ ਹਰਿ ਕਰੇ, ਪ੍ਰਿਥੁ ਰੂਪ ਅਗੰਮ ਅਪਾਰਾ । ਦੱਸਵਾਂ ਖੇਲ ਦਹਿ ਦਿਸ਼ਾ ਮਤੱਸ ਨਾਮ ਰੱਖੇ, ਅਚਰਜ ਖੇਲ ਕਰੇ ਕਰਤਾਰਾ । ਦਸ ਇਕ ਗਿਆਰਾਂ ਕਛਵ ਰੂਪ ਹਰਿ ਜੀ ਧਾਰਾ, ਵੜੇ ਵਿਚ ਜਲੇ । ਦਸ ਦੋ ਬਾਰਾਂ, ਧਨੰਤਰ ਵੈਦ ਆਇਆ ਬਾਹਰਾ, ਸਮੁੰਦ ਸਾਗਰ ਮਥਨ ਆਪ ਕਰੇ । ਦਸ ਤਿੰਨ ਤੇਰਾਂ, ਮੋਹਣੀ ਰੂਪ ਜੋਤ ਧਰੇ ਦੇਵਾਂ ਦੰਤਾਂ ਕਿਨਾਰਾ ਕਰੇ । ਦਸ ਚਾਰ ਚੌਦਾਂ ਨਰ ਸਿੰਘ ਰੂਪ ਨਰ ਹਰੇ ।

ਭਗਤ ਪ੍ਰਹਿਲਾਦ ਰੱਖੇ ਲਾਜ ਆਏ ਦਰ ਘਰੇ । ਦਸ ਪੰਜ ਪੰਦਰਾਂ ਪ੍ਰਭ ਸਭ ਦੀ ਜਾਣੇ ਅੰਦਰਾਂ, ਬਾਵਨ ਰੂਪ ਹਰਿ ਜੀ ਬਲ ਦਵਾਰੇ ਹਰਿ ਹਰੇ । ਦਸ ਛੇ ਸੋਲਾਂ ਹੰਸ ਪੰਖੀ ਬਣੇ ਦੇਵੇ ਗਿਆਨ ਸਰਬ ਸੰਸਾਰੇ । ਸੱਤ ਦਸ ਸਤਾਰਾਂ, ਪ੍ਰਭ ਅਬਿਨਸ਼ੀ ਤੇਰੀ ਸੱਚੀ ਧਾਰਾ । ਨਰ ਨਰਾਇਣੀ ਜਾਮਾ ਧਾਰ, ਬਾਲਕ ਧਰੂ ਕੀਆ ਪਿਆਰਾ । ਦਸ ਅਠ ਅਠਾਰਾਂ, ਪ੍ਰਭ ਪ੍ਰਗਟ ਹੋਇਆ ਵਿਚ ਸੰਸਾਰਾ । ਗਜ ਗਰਾਹ ਆਪ ਅਧਾਰਾ । ਦਸ ਨੌਂ ਉਨੀ, ਪਰਸ ਰਾਮ ਹਰਿ ਜਾਮਾ ਧਾਰੇ, ਕਸ਼ਤਰੀਆਂ ਦੀ ਚੋਟੀ ਮੁੰਨੀ । ਦਸ ਦਸ ਬੀਸ, ਹੋਇਆ ਰਾਮ ਅਵਤਾਰ ਹਰਿ ਜਗਦੀਸ, ਰਾਵਣ ਦਹਿਸਰ ਜਿਸ ਨੇ ਮਾਰਾ । ਬੀਸ ਇਕ ਇੱਕੀ, ਧਾਰੀ ਜੋਤ ਇਕ ਨਿੱਕੀ, ਵੇਦ ਵਿਆਸ ਅਠਾਰਾਂ ਪੁਰਾਨ ਲਿਖਤ ਜਿਸ ਨੇ ਲਿਖੀ, ਕੀਆ ਖੇਲ ਹਰਿ ਗਿਰਧਾਰਾ । ਬੀਸ ਦੋ ਬਾਈ, ਸਾਚੀ ਹੋਈ ਮਾਤ ਰੁਸ਼ਨਾਈ । ਕਾਹਨ ਘਨਈਆ ਕ੍ਰਿਸ਼ਨ ਮੁਰਾਰੀ ਜਗੀ ਜੋਤ ਸਵਾਈ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਏਕਾ ਜੋਤ ਏਕਾ ਗੋਤ ਵਿਚ ਮਾਤ ਆਪਣੀ ਦਏ ਉਪਜਾਈ । ਬੀਸ ਤਿੰਨ ਤੇਈ, ਪ੍ਰਭ ਅਬਿਨਾਸ਼ੀ ਪ੍ਰਗਟ ਹੋਇਆ ਬੋਧ ਨਾਮ ਰਖਾਈ । ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਤਿੰਨਾਂ ਲੋਕਾਂ ਸਾਰ ਭੇਵ ਨਾ ਜਾਣੇ ਕੋਈ । ਚੌਵੀਵੇਂ ਜਾਮੇ ਤੇਰੀ ਵਾਰੀ । ਜੂਠ ਝੂਠ ਵੱਧੀ ਸੰਸਾਰੀ । ਗੁਰਮਤ ਗਈ ਜਗਤ ਤੋਂ ਰੁਠ, ਦੁਰਮਤ ਬੈਠੀ ਪੈਰ ਪਸਾਰੀ । ਮੰਦਰ ਮਸੀਤਾਂ ਗੁਰਦਵਾਰੇ ਬੇਮੁਖ ਜੀਵ ਕਲਜੁਗ ਅੰਤਮ ਰਹੇ ਝਖ ਮਾਰੀ । ਏਕਾ ਭੁੱਲੇ ਹਰਿ ਨਿਰੰਕਾਰੇ, ਧੀਆਂ ਭੈਣਾਂ ਕਰਨ ਖੁਆਰੀ । ਰਾਮ ਦਾਸ ਤੇਰਾ ਸਾਚਾ ਸਰ ਸਰੋਵਰ ਗੁਰ ਅਰਜਨ ਤੇਰੀ ਸਚ ਅਟਾਰੀ । ਅੰਤਮ ਵੇਲਾ ਕਲਜੁਗ ਹੋਇਆ, ਲਗਦੀ ਦਿਸੇ ਉਥੇ ਯਾਰੀ । ਗੁਰ ਗੋਬਿੰਦ ਬਣਿਆ ਲੇਖ ਲਿਖਾਰੀ, ਸਾਚੀ ਲਿਖੀ ਧਾਰੀ । ਪੂਰਬ ਕਰਮ ਆਪ ਵਿਚਾਰੀ । ਕਲਜੁਗ ਜੀਵਾਂ ਅੰਤਮ ਵੇਲਾ ਆਤਮ ਪੜਦਾ ਪਾਇਆ ਭਾਰੀ । ਝੂਠੇ ਲਗਦੇ ਦਰ ਘਰ ਸਾਚੇ ਮੇਲੇ, ਝੂਠੇ ਵਣਜ ਵਪਾਰੀ । ਇਕੱਠੇ ਕਰਦੇ ਪੈਸੇ ਧੇਲੇ, ਇਕ ਬਣਾਉਣ ਸੱਚੀ ਸਰਦਾਰੀ । ਅੰਤਮ ਜਾਣਾ ਧਰਮ ਰਾਏ ਦੇ ਘਰੇ, ਨਾ ਹੋਏ ਕੋਈ ਸਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਇਆ ਚੌਵੀਆਂ ਅਵਤਾਰੀ । ਰਾਮ ਦਾਸ ਤੇਰੇ ਸਚ ਦਵਾਰੇ । ਖਾਲੀ ਦਿਸਣ ਸਰਬ ਚੁਬਾਰੇ । ਆਤਮ ਹੋਈ ਸਰਬ ਹੰਕਾਰੇ । ਮਾਇਆ ਸੁੱਤੀ ਪੈਰ ਪਸਾਰੇ । ਕਲਜੁਗ ਤੇਰੀ ਅੰਤਮ ਰਾਤੀ, ਆਤਮ ਹੋਈ ਅੰਧਿਆਰੇ । ਦੁਰਮਤ ਮੈਲ ਪਾਪਨ ਭਰੇ ਤੱਤੀ, ਕਰੇ ਖੇਲ ਚੰਚਲਹਾਰੇ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਵੇਖ ਵਿਚਾਰੇ । ਰਾਮ ਦਾਸ ਤੇਰਾ ਨਾਮ ਨਿਸ਼ਾਨਾ । ਗੁਰ ਅਰਜਨ ਤੇਰਾ ਸ਼ਬਦ ਬਬਾਨਾ । ਚਾਰੇ ਦਰ ਦਵਾਰ ਰਖਾਨਾ । ਚਾਰੇ ਵਰਨਾਂ ਮਿਲੇ ਮਾਣਾ । ਸਾਚੀ ਧਾਰ ਇਕ ਰਖਾਏ, ਏਕਾ ਦੀਆ ਸਰਬ ਮਾਣਾ । ਊਚ ਨੀਚ ਨਾ ਕੋਈ ਜਣਾਏ, ਜੋ ਜਨ ਆਏ ਹੋਏ ਨਿਮਾਣਾ । ਮਦਿਰਾ ਮਾਸੀ ਨਾ ਕੋਈ ਚਰਨ ਛੁਹਾਏ, ਨਾ ਕਰੇ ਤੀਰਥ ਇਸ਼ਨਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਇਆ, ਵੇਲੇ ਅੰਤ ਲਏ ਉਠਾਏ, ਆਪੇ ਮਾਰੇ ਸ਼ਬਦ ਬਾਨਾ । ਅੰਤਮ ਵੇਲੇ ਹੋਏ ਵਹੀਰ । ਹੱਥ ਨਾ ਆਉਣਾ ਕਿਸੇ ਨੀਰ । ਝੂਠੇ ਲੱਥੇ ਮਾਇਆ ਚੀਰ । ਇਕ ਦੂਜੇ ਦੇ ਵਿਛੜਨ ਵੀਰ । ਚਾਰੋਂ ਕੁੰਟ ਭੱਜੇ ਫਿਰਨ, ਨਾ ਕੋਈ ਸ਼ਾਹ ਨਾ ਕੋਈ ਫ਼ਕੀਰ । ਮਾਇਆ ਰੂਪੀ ਚਾਰ ਦੁਆਰੀ । ਅੰਦਰ ਪਾਪੀ ਪਾਪ ਕਰਨ, ਨਾ ਕੋਈ ਕਰੇ ਰਖਵਾਰੀ । ਜੋਤੀ ਜੋਤ ਸਰੂਪ ਹਰਿ, ਸੋਹੰ ਖੰਡਾ ਹੱਥ ਉਠਾਇਆ, ਤਿੱਖੀ ਰੱਖੇ ਦੋਵੇਂ ਧਾਰੀ । ਰਾਮ ਦਾਸ ਤੇਰਾ ਸਚ ਅਸਥਾਨਾ, ਅੰਮ੍ਰਿਤ ਭਰਿਆ ਆਪ ਮਹਾਨਾ । ਕਲਜੁਗ ਅੰਤਮ ਕਲਜੁਗ

੩੩੯
੦੪

ਜੀਵਾਂ ਦਿਤਾ ਸੱਚਾ ਦਾਨਾ । ਬੇਮੁਖਾਂ ਮਾਇਆ ਪਾਈ ਬੇਅੰਤ, ਭੁਲਿਆ ਹਰਿ ਭਗਵਾਨਾ । ਝੂਠਾ ਹੋਏ ਸਾਧ ਸੰਤ, ਆਤਮ ਵਧਿਆ ਇਕ ਅਭਿਮਾਨਾ । ਰਸਨ ਨਾ ਜਪਿਆ ਏਕਾ ਸਾਚਾ ਮੰਤ, ਸ੍ਰੀ ਧਰ ਸ੍ਰੀ ਭਗਵਾਨਾ । ਮੇਲ ਮਿਲਾਵਾ ਨਾ ਹੋਇਆ ਸਾਚੇ ਕੰਤ, ਗਿਆਨ ਧਿਆਨ ਝੂਠ ਵਖਾਨਾ । ਜੋਤ ਸਰੂਪ ਆਦਿਨ ਅੰਤ, ਸਤਿ ਸਰੂਪੀ ਰੱਖੇ ਸੱਦ ਟਿਕਾਣਾ । ਆਪ ਬਣਾਏ ਆਪਣੀ ਬਣਤ, ਪੰਚਮ ਗੁਰ ਵਾਲੀ ਦੋ ਜਹਾਨਾਂ । ਜੋਤੀ ਜੋਤ ਸਰੂਪ ਹਰਿ, ਸਾਚੇ ਗੁਰ ਜੋਤ ਧਰ, ਸਚ ਧਰਮ ਦਾ ਆਪ ਝੁਲਾਏ ਸੱਚਾ ਇਕ ਨਿਸ਼ਾਨਾ । ਸਚ ਨਿਸ਼ਾਨਾ ਵੇਲਾ ਜਾਗ ਨਿਧਾਨਾ, ਦਇਆ ਕਮਾਨਾ, ਵਿਚ ਬਬਾਣਾ ਆਪ ਬਿਠਾਇਆ । ਸ਼ਬਦ ਬਾਣੀ ਬੱਧਾ ਗਾਨਾ, ਸਾਚਾ ਹੁਕਮ ਸੁਣਾਇਆ । ਭਰਿਆ ਤੇਜ ਕੋਟਨ ਭਾਨਾ, ਅੱਠੇ ਪਹਿਰ ਰਹੇ ਰੁਸ਼ਨਾਇਆ । ਸਾਚਾ ਬਖ਼ਸ਼ੇ ਹਰਿ ਇਸ਼ਨਾਨਾ, ਦੁਰਮਤ ਮੈਲ ਦਏ ਗਵਾਇਆ । ਗੁਰਮੁਖ ਵਿਰਲੇ ਆਤਮ ਮਾਨਾ, ਜਿਸ ਧੀਰਜ ਯਤ ਸਾਚਾ ਤੱਤ ਆਪਣਾ ਆਪ ਨਿਭਾਇਆ । ਬੇਮੁਖਾਂ ਮਾਰੀ ਗਈ ਮਤ, ਮਦਿਰਾ ਮਾਸ ਰਸਨ ਲਗਾਇਆ । ਸਚ ਨਾ ਬੈਠਾ ਆਤਮ ਵੱਤ, ਝੂਠਾ ਰਸਨਾ ਹਲ ਚਲਾਇਆ । ਹੱਥ ਨਾ ਆਇਆ ਸਾਚਾ ਮਿਤ, ਪੰਜਾਂ ਤੱਤਾਂ ਝੇੜਾ ਲਾਇਆ । ਕੋਇ ਨਾ ਰੱਖੇ ਅੰਤਮ ਪਤਿ, ਨਿਹਕਲੰਕ ਕਲ ਜਾਮਾ ਪਾਇਆ । ਬੇਮੁਖਾਂ ਨੱਕ ਪਾਏ ਨੱਥ, ਚਾਰੋਂ ਕੁੰਟ ਲਏ ਫਿਰਾਇਆ । ਜੋਤੀ ਜੋਤ ਸਰੂਪ ਹਰਿ ਸਮਰੱਥ, ਸ਼ਬਦ ਤਾਲ ਲੈ ਆਇਆ ਵਥ, ਕਲਜੁਗ ਤੇਰਾ ਵਕਤ ਸੁਹਾਇਆ । ਪ੍ਰਭ ਦੀ ਮਹਿੰਮਾ ਅਕੱਥ, ਸ੍ਰਿਸ਼ਟ ਸਬਾਈ ਜਾਏ ਮਥ, ਕਲਜੁਗ ਤੇਰੀ ਲਾਹੇ ਮਾਇਆ । ਰਾਮ ਦਾਸ ਤੇਰਾ ਸਚ ਦਵਾਰਾ । ਜਗੇ ਜੋਤ ਅਗੰਮ ਅਪਾਰਾ । ਉਚਾ ਦਿਸੇ ਮਹੱਲ ਮੁਨਾਰਾ । ਧਰੀ ਨੀਂਹ ਹਰਿ ਆਪ ਗਿਰਧਾਰਾ । ਸੇਵਾ ਕਰੇ ਬਣ ਭਿਖਾਰਾ । ਸਾਚਾ ਮੇਵਾ ਅੰਤਮ ਲੇਵੇ, ਜੋ



ਜਨ ਆਏ ਚਲ ਦਵਾਰਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਜੀਵਾਂ ਅੰਤਮ ਇਕ ਵਿਸਾਰਾ । ਸਾਚੀ ਕਾਰ ਹਰਿ ਕਮਾਈ । ਸਾਚੀ ਸੇਵਾ ਸ੍ਰਿਸ਼ਟੀ ਲਾਈ । ਵਡ ਦੇਵੀ ਦੇਵ ਪ੍ਰਗਟ ਹੋਏ, ਗੁਰ ਅਰਜਨ ਦੇਵ ਦਰਸ ਦਿਖਾਈ । ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਆਪ ਰਚਾਈ । ਸਾਚੀ ਕਾਰ ਹਰਿ ਕਮਾਇੰਦਾ । ਸਾਚਾ ਰਾਗ ਕੰਨ ਸੁਣਾਉਂਦਾ । ਸਾਚਾ ਬਾਜ ਸ਼ਬਦ ਉਡਾਉਂਦਾ । ਸਾਚਾ ਰਾਗ ਸਰਬ ਸੁਣਾਉਂਦਾ । ਗੁਰ ਅਰਜਨ ਦਰ ਦਰਬਾਨ ਰਖਾਉਂਦਾ । ਖਾਣੀ ਬਾਣੀ ਸ਼ਬਦ ਬਬਾਣੀ ਆਪ ਚੜ੍ਹਾਉਂਦਾ । ਏਕਾ ਕੀਆ ਚਰਨ ਧਿਆਨ, ਜੋਤੀ ਮੇਲ ਮਿਲਾਉਂਦਾ । ਆਪੇ ਬਣਿਆ ਬ੍ਰਹਮ ਗਿਆਨੀ, ਆਪਣੀ ਰਸਨਾ ਆਪ ਅਲਾਉਂਦਾ । ਆਪੇ ਮਾਰੇ ਸ਼ਬਦ ਨਿਸ਼ਾਨ, ਵੇਦ ਪੁਰਾਨਾਂ ਢਾਹ ਵਖਾਉਂਦਾ । ਆਪ ਚੁਕਾਏ ਜਮ ਕੀ ਕਾਨ, ਅਠ ਸਠ ਮਾਣ ਗਵਾਉਂਦਾ । ਇਕ ਉਠਾਏ ਨਾਮ ਨਿਸ਼ਾਨ, ਪ੍ਰਭ ਅਬਿਨਾਸ਼ੀ ਜੋ ਜਨ ਗਾਉਂਦਾ । ਸਾਚਾ ਕੀਆ ਹਰਿ ਵਖਿਆਣ, ਗਊ ਗਰੀਬ ਨਿਮਾਣਿਆਂ ਸਾਚਾ ਬੇੜਾ ਬੰਨ੍ਹ ਵਖਾਉਂਦਾ । ਜੋਤੀ ਜੋਤ ਸਰੂਪ ਹਰਿ, ਪੰਚਮ ਗੁਰ ਲਿਖਿਆ ਧੁਰ, ਚਰਨ ਪ੍ਰੀਤੀ ਗਈ ਜੁੜ, ਆਤਮ ਪੜਦਾ ਸਾਰਾ ਲਾਹੁੰਦਾ । ਗੁਰ ਅਰਜਨ ਇਕ ਇਕੱਲਾ, ਵਿਚ ਵਸਿਆ ਹਰਿ ਨਿਰੰਕਾਰ ਹੈ । ਦੋਹਾਂ ਬਣੀ ਸੱਚੀ ਧਾਰ ਹੈ । ਚਲੇ ਸ਼ਬਦ ਇਕ ਅਪਾਰ ਹੈ । ਲਿਖਾਏ ਲੇਖ ਅਪਰ ਅਪਾਰ ਹੈ । ਮਾਤਲੋਕ ਬਣਾਏ ਸੱਚੀ ਸਰਕਾਰ ਹੈ । ਕਲਜੁਗ ਤੇਰੀ ਬੰਨ੍ਹਣ ਆਇਆ ਆਪੇ ਸੱਚੀ ਧਾਰ ਹੈ । ਨਾਮ ਰੰਗਣ ਜਗ ਰੰਗਣ ਆਇਆ, ਰਾਗ ਛਤੀਸ ਉਚਾਰ ਹੈ । ਪ੍ਰੇਮ ਪ੍ਰੀਤੀ ਮੰਗਣ ਆਇਆ, ਬਣ ਕੇ ਹਰਿ ਭਿਖਾਰ ਹੈ । ਸਾਚੀ ਨੀਤੀ ਰੰਗਣ ਆਇਆ, ਚੜ੍ਹ ਕੇ ਸ਼ਬਦ ਅਸਵਾਰ ਹੈ । ਜੋਤੀ ਜੋਤ ਸਰੂਪ ਹਰਿ, ਦੋਹਾਂ ਪਿਰਾਂ ਦਾ ਇਕੋ ਸਾਂਝਾ ਸਦਾ ਪਿਆਰ ਹੈ । ਗੁਰ ਅਰਜਨ

੩੪੦ ੦੪

ਇਹ ਲੇਖ ਲਿਖਾਇਆ । ਸ੍ਰਿਸ਼ਟ ਸਬਾਈ ਮਾਰਗ ਲਾਇਆ । ਸਾਰੰਗ ਧਰ ਭਗਵਾਨ ਬੀਠਲਾ, ਹਰਿ ਕਾ ਭੇਵ ਆਪ ਖੁਲ੍ਹਾਇਆ । ਰਸਨਾ ਗਾਓ ਪਰਮ ਪਦ ਪਾਓ । ਆਤਮ ਸੁਖ ਸਹਿਜ ਸਮਾਓ । ਨਿਜਾਨੰਦ ਵਿਚ ਸਮਾਇਆ, ਆਤਮ ਵਿਕਾਰ ਹੰਕਾਰ ਕਾਮ ਕਰੋਧ ਲੋਭ ਮੋਹ ਚੰਡਾਲ ਗਵਾਓ । ਸਚ ਧਿਆਨ ਰਿਦੇ ਲਗਾਇਆ । ਹਰਿ ਜੂ ਹਰਿ ਮੰਦਰ ਆਵੇ ਦਇਆ ਕਮਾਵੇ ਦਰਸ ਦਿਖਾਵੇ, ਸਾਚਾ ਦਰਸ ਦਰ ਸਾਚੇ ਪਾਓ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਕਲਜੁਗ ਤੇਰੇ ਅੰਤਮ ਵੇਲੇ ਚਰਨ ਛੁਹਾ ਸਾਚੇ ਨਿਰਮਲ ਜਲ ਤੀਰਥ ਸਾਚੇ ਥਾਉਂ । ਸੰਤ ਮਨੀ ਸਿੰਘ ਸੇਵ ਕਮਾਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਸ਼ਬਦ ਸਰੂਪੀ ਧੁਨ ਉਪਜਾਈ । ਸਾਚੇ ਤਨ ਹੋਏ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਪ੍ਰੀਤ ਚਰਨ ਲਿਵ ਲਾਈ । ਚਰਨ ਪ੍ਰੀਤੀ ਹਰਿ ਜੀ ਲਾਗੇ । ਆਤਮ ਧੋਇਆ ਝੂਠਾ ਦਾਗੇ । ਸੋਇਆ ਸੰਤ ਫੇਰ ਜਾਗੇ । ਬਣ ਗਈ ਬਣਤ ਵਿਚ ਦੇਸ ਮਾਝੇ । ਪ੍ਰਗਟ ਜੋਤ ਘਨਕਪੁਰ ਵਾਸੀ, ਰੱਖਣ ਆਇਆ ਸਾਚੀ ਲਾਜੇ । ਸ੍ਰਿਸ਼ਟ ਸਬਾਈ ਕਰੇ ਦਾਸੀ, ਛੇੜ ਛਿੜਾਏ ਪਹਿਲੀ ਵਾਘੇ । ਕਲਜੁਗ ਜੀਵ ਭੁੱਲੇ ਰੁੱਲੇ, ਕੋਈ ਨਾ ਜਾਣੇ ਸਾਚਾ ਰਾਗੇ । ਘਰ ਘਰ ਦਿਸਣ ਮਦਿਰਾ ਮਾਸੀ, ਗੁਰਮੁਖ ਵਿਰਲੇ ਹੋਏ ਸੁਭਾਗੇ । ਸੋਹੰ ਸ਼ਬਦ ਜਪਣ ਸਵਾਸ ਸਵਾਸੀ, ਸਤਿਜੁਗ ਤੇਰੀ ਸਾਚੀ ਜਾਗ ਕਲਜੁਗ ਵੇਲੇ ਅੰਤਮ ਲਾਗੇ । ਆਪੇ ਕਰੇ ਬੰਦ ਖਲਾਸੀ, ਝੂਠੇ ਤੋੜੇ ਮਾਇਆ ਤਾਗੇ । ਮਾਨਸ ਜਨਮ ਕਰਾਏ ਰਹਿਰਾਸੀ, ਗੁਰਮੁਖ ਸਾਚਾ ਸੰਤ ਬਣੇ ਸੁਹਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਰਤੇ ਸਵਾਂਗ ਬਣ ਵਡ ਸਵਾਂਗੀ । ਸਾਚੇ ਸੰਤ ਹਰਿ ਸਾਚਾ ਪਾਇਆ । ਕਾਇਆ ਮਾਟੀ ਭਾਂਡਾ ਕਾਚਾ, ਸਚ ਵਸਤ ਹਰਿ ਵਿਚ ਟਿਕਾਇਆ । ਆਪੇ ਢਾਲੇ ਕਾਇਆ ਢਾਂਚਾ, ਨਾਮ ਕੁਠਾਲੀ ਸਾਚੀ ਪਾਇਆ । ਅਗਨੀ ਜੋਤ ਦੇਵੇ ਆਂਚਾ, ਅੱਠੇ ਪਹਿਰ ਰਿਹਾ ਜਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਮਨੀ ਸਿੰਘ ਸਾਚੇ ਗੁਰ ਸਚ ਉਪਦੇਸ਼ ਇਕ ਸੁਣਾਇਆ । ਸੰਤ ਮਨੀ ਸਿੰਘ ਲਿਖੀ ਜਾਓ ਲੇਖ ਸੰਸਾਰੇ । ਵੇਖੀ ਜਾਓ ਜੀਵ ਗਵਾਰੇ । ਭੇਖ ਮਿਟਾਓ ਕਲਮ ਚਲਾਓ, ਨਿਹਕਲੰਕ ਕਲ ਜਾਮਾ ਧਾਰੇ । । ਕਲਜੁਗ ਝੂਠੀ ਰੇਖ ਮਿਟਾਓ, ਸਤਿਜੁਗ ਸਾਚੀ ਮੇਖ ਲਗਾਓ, ਮਿਟੀ ਰੈਣ ਧੁੰਦੂਕਾਰੇ । ਔਲੀਏ ਪੀਰ ਸ਼ੇਖ਼ ਮਿਟਾਓ, ਵੇਖ ਵੇਖ ਕੇ ਸਰਬ ਉਠਾਓ, ਆਤਮ ਹੋਈ ਸਰਬ ਹੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਖੰਡਾ ਹੱਥ ਫੜਾਇਆ, ਬੇਮੁਖਾਂ ਦੇ ਸਿਰ ਵਿਚ ਮਾਰੇ । ਸੰਤ ਮਨੀ ਸਿੰਘ ਨੂਰ ਨੁਰਾਨੀ । ਮਿਲਿਆ ਵਾਲੀ ਦੋ ਜਹਾਨੀ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਹੱਥ ਫੜਾਈ ਇਕ ਕਾਨੀ । ਸ੍ਰਿਸ਼ਟ ਸਬਾਈ ਕਰਨੀ ਸਰ, ਲਿਖਣਾ ਲੇਖ ਚੜ੍ਹ ਜਵਾਨੀ । ਲੇਖ ਲਿਖਾਰਾ ਇਕ ਦਰ, ਜਿਥੇ ਜੋਤ ਜਗੇ ਭਗਵਾਨੀ । ਇਕ ਬਣਾਉਣਾ ਸਾਚਾ ਸਰ, ਹੀਰਾ ਘਾਟ ਨਾਮ ਨਿਸ਼ਾਨੀ । ਸਤਿਜੁਗ ਬਣੇ ਸਾਚਾ ਘਰ, ਛੱਤੀ ਮੀਲ ਸ਼ਾਮ ਕਟਾਨੀ । ਜੋਤੀ ਜੋਤ ਸਰੂਪ ਹਰਿ, ਸਾਚਾ ਖੇਲ ਹਰਿ ਵਰਤਾਏ । ਸਤਿਜੁਗ ਸਾਚੇ ਮਾਣ ਦਵਾਏ । ਏਕਾ ਝੰਡਾ ਨਾਮ, ਦੂਜਾ ਮੀਲ ਮੀਲ ਤੇ ਡੰਡਾ ਆਪ ਲਗਾਏ । ਪਾਉਂਦਾ ਜਾਏ ਸਾਚੀ ਵੰਡਾ, ਰਾਗ ਛਤੀਸ ਮਾਣ ਚੁਕਾਏ । ਤੋੜਨ ਜਾਏ ਸਭ ਦੀਆਂ ਗੰਢਾਂ, ਕੁਰਾਨ ਹਦੀਸ ਨਾ ਕੋਈ ਪੜ੍ਹਾਏ । ਗੁਰਮੁਖਾਂ ਪਾਉਂਦਾ ਜਾਏ ਠੰਡਾਂ, ਸੋਹੰ ਸੁਹਾਗੀ ਗੀਤ ਸੁਣਾਉਂਦਾ ਜਾਏ । ਸੱਤਾਂ ਦੀਪਾਂ ਕਰੇ ਖੰਡ ਖੰਡਾ, ਦਰ ਦਰ ਘਰ ਘਰ ਦਿਸਣ ਨਾਰਾਂ ਰੰਡਾਂ, ਕੰਤ ਸੁਹਾਗੀ ਨਾ ਕੋਈ ਹੰਢਾਏ । ਆਤਮ ਤੋੜੇ ਸਰਬ ਘਮੰਡਾ, ਸ਼ਬਦ ਹਥੌੜਾ ਉਤੋਂ

ਲਾਏ । ਆਪ ਛੁਡਾਏ ਮਹੱਲਾ, ਮੰਦਰ ਝੁੱਗੀ ਵਾਸ ਨਾ ਕੋਈ ਰਖਾਏ । ਚੁੱਕਣਾ ਭਾਰ ਨਾ ਮਿਲੇ ਕਿਸੇ ਪੰਡਾ, ਸ਼ਬਦ ਤੀਰ ਇਕ ਚਲਾਏ । ਏਕਾ ਚਲੇ ਚੰਡ ਪ੍ਰਚੰਡਾ, ਲੱਖ ਚੁਰਾਸੀ ਭੇੜ ਭਿੜਾਏ । ਕੱਚੇ ਭੰਨੇ ਅੰਡਾ, ਦੇਵੀ ਦੇਵ ਨਾ ਹੋਏ ਸਹਾਏ । ਹੱਥ ਵਿਚ ਫੜਿਆ ਸੋਹੰ ਸ਼ਬਦ ਡੰਡਾ, ਕਲਜੁਗ ਫਲ ਸਰਬ ਝੜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਖੇਲ ਕਰੇ ਰਘੁਰਾਏ । ਸੰਤ ਮਨੀ ਸਿੰਘ ਸਚ ਵਖਾਨਿਆਂ । ਪ੍ਰਭ ਅਬਿਨਾਸ਼ੀ ਸਾਚਾ ਜਾਣਿਆ । ਮਿਲਿਆ ਸ਼ਬਦ ਜਗਤ ਮਹਾਨਿਆਂ । ਮਿਟਾਏ ਸੁਖ ਰਾਜੇ ਰਾਣਿਆਂ । ਕਰ ਕਰ ਭੇਖ ਹਰਿ ਭਗਵਾਨਿਆਂ । ਆਵੇ ਜਾਵੇ ਵਿਚ ਜਹਾਨਿਆਂ । ਸਰ ਅੰਮ੍ਰਿਤ ਜਾਏ ਚਰਨ ਛੁਹਾਨਿਆਂ । ਪੁਜਾਰੀ ਦੁਸ਼ਟ ਦੁਰਾਚਾਰੀ ਆਤਮ ਹੋਈ ਸਰਬ ਹੰਕਾਰੀ, ਲਿਖੇ ਲੇਖ ਬਣ ਲਿਖਾਰੀ, ਸੰਤ ਮਨੀ ਸਿੰਘ ਮਾਰੀ ਕਾਨੀਆ । ਪ੍ਰਭ ਅਬਿਨਾਸ਼ੀ ਪ੍ਰਗਟ ਹੋਏ ਵਾਲੀ ਦੋ ਜਹਾਨਿਆਂ । ਘਰ ਘਰ ਹੋਏ ਖੁਆਰੀ, ਰੋਏ ਨਰ ਨਾਰੀ, ਧੀਆਂ ਪੁੱਤ ਨਾ ਕੋਈ ਪਛਾਨੀਆ । ਫੇਰੀ ਜਾਏ ਸਰਬ ਬਹਾਰੀ, ਚਾਰੋਂ ਕੁੰਟ ਵਾਰੋ ਵਾਰੀ, ਮਾਰੇ ਬਾਣ ਸਚ ਨਿਸ਼ਾਨੀਆਂ । ਜਗੇ ਜੋਤ ਇਕ ਨਿਰੰਕਾਰੀ । ਕਲਜੁਗ ਮਿਟੇ ਧੁੰਦੂਕਾਰੀ । ਗੁਰ ਗੋਬਿੰਦ ਸਾਚੀ ਲਿਖਤ ਲਿਖਾਈ ਭਵਿਖਤ, ਕਰੇ ਖੇਲ ਹਰਿ ਨਿਰੰਕਾਰੀ । ਪ੍ਰਗਟ ਹੋਵੇ ਵਾਲੀ ਹਿੰਦ ਗੁਣੀ ਗਹਿੰਦ ਵਡ ਮਰਗਿੰਦ, ਜਨ ਭਗਤਾਂ ਜਾਏ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪੇ ਕਰੇ ਆਪਣੀ ਸਚ ਵਿਹਾਰੀ । ਏਕਾ ਮਾਰੇ ਸ਼ਬਦ ਚੋਸਾ । ਆਪੇ ਪਾੜੇ ਕਲਜੁਗ ਤੇਰਾ ਕਾਲਾ ਸੂਸਾ । ਏਕਾ ਜੋਤੀ ਅਗਨੀ ਲਾਏ, ਸੱਤਾਂ ਸਾਗਰ ਪਾਣੀ ਕਰੇ ਕੋਸਾ । ਗਗਨ ਪਤਾਲੀ ਜੀਅ ਜਹਾਨੀ ਖਾਣੀ ਬਾਣੀ ਵੇਦ ਪੁਰਾਨੀ ਅੰਜ਼ੀਲ ਕੁਰਾਨੀ
੩੪੨ ੦੪ ਕੋਈ ਰਹਿਣ ਨਾ ਪਾਏ, ਨਾ ਕੋਈ ਬੈਠਾ ਨਾ ਕੋਈ ਸੋਤਾ । ਗੁਰਮੁਖ ਵਿਰਲਾ ਜਾਏ ਚਰਨ ਕੁਰਬਾਨੀ, ਜਿਸ ਦੇਵੇ ਨਾਮ ਨਿਸ਼ਾਨੀ । , ਬਣ ਜਾਏ ਝੂਠਾ ਰੋਸਾ । ਸੰਤ ਮਨੀ ਸਿੰਘ ਸਚ ਦੁਲਾਰਿਆ । ਆਪ ਆਪਣਾ ਉਤੋਂ ਵਾਰਿਆ । ਸੇਵਾ ਲਾਏ ਹਰਿ ਜੀ ਪਿਆਰਿਆ । ਅੱਠੇ ਪਹਿਰ ਲਿਖਦਾ ਰਹੇ ਚਲੇ ਕਲਮ ਅਪਰ ਅਪਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਨ੍ਹੀ ਸ਼ਬਦ ਧਾਰ ਸੰਤ ਮਨੀ ਸਿੰਘ ਤੇਰਾ ਮਾਨਸ ਜਨਮ ਸਵਾਰਿਆ । ਸੰਤ ਮਨੀ ਸਿੰਘ ਸੇਵ ਕਮਾਈ । ਦਿੱਲੀ ਜਾਏ ਚਰਨ ਟਿਕਾਈ । ਸਾਲ ਤਿੰਨ ਰਕਾਬ ਗੰਜ ਆਪਣਾ ਬੈਠਾ ਭੇਵ ਛੁਪਾਈ । ਸਾਚਾ ਲੇਖ ਲਿਖਦਾ ਰਹੇ, ਨਿਹਕਲੰਕ ਸ਼ਬਦ ਸਰੂਪੀ ਰਿਹਾ ਸ਼ਬਦ ਚਲਾਈ । ਮਸਤੂਆਣਾ ਸਾਚਾ ਧਾਮ, ਸਚ ਨਿਸ਼ਾਨ ਆਪਣੀ ਹੱਥੀਂ ਆਪ ਟਿਕਾਈ । ਪ੍ਰਗਟ ਹੋਏ ਰਮਈਆ ਰਾਮ, ਕਲਜੁਗ ਤੇਰੇ ਅੰਤ ਵੇਲੇ ਸਾਚਾ ਧਾਮ ਆਪ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਪ੍ਰਗਟ ਹੋਏ, ਹੋਏ ਸਹਾਈ ਸਭਨੀਂ ਥਾਈਂ । ਸੰਤ ਮਨੀ ਸਿੰਘ ਲਿਖਤ ਅਪਾਰ । ਉਠੇ ਦੁਸ਼ਟ ਦੂਤ ਦੁਰਾਚਾਰ । ਦਰ ਦਰਬਾਰੇ ਜਾਏ ਕਰੀ ਪੁਕਾਰ । ਉਠਿਆ ਰਾਣਾ ਸੰਗਰੂਰ, ਆਤਮ ਭਰਿਆ ਇਕ ਹੰਕਾਰ । ਸਦ ਸਦ ਸਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਿੱਤੀ ਸ਼ਬਦ ਧੂੜ, ਫੜਿਆ ਸੰਤ ਮਨੀ ਸਿੰਘ ਝੂਠੀ ਸਰਕਾਰ । ਨਾ ਜਾਣੇ ਖੇਲ ਕਰਤਾਰ । ਕੀ ਜਾਣੇ ਸੰਤ ਗਵਾਰ । ਪਿੱਛੇ ਲੱਗਾ ਸ਼ਬਦ ਡੰਡਾ ਭਾਰ । ਵੱਜੀ ਜਾਏ ਵਾਰੋ ਵਾਰ । ਖੋਲ੍ਹੀ ਜਾਏ ਬੰਦ ਕਵਾੜ । ਦਸਮ ਦਵਾਰੀ ਸਵਾਸ ਚਾੜ੍ਹੇ, ਜਗੇ ਜੋਤ ਬਹੱਤਰ ਨਾੜ । ਮਾਇਆ ਅਗਨੀ ਦੇਵੇ ਸਾੜ । ਦੂਈ ਦਵੈਤੀ ਦੇਵੇ ਪੜਦੇ ਪਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਇਆ ਕਮਾਏ, ਗੁਰਸਿਖ ਬਣਾਏ ਸਤਿਜੁਗ ਸਾਚਾ ਲਾੜ ।

ਸੰਤ ਮਨੀ ਸਿੰਘ ਦਏ ਦੁਹਾਈ । ਮੇਰੀ ਨਹੀਂ ਕੋਈ ਵਡਿਆਈ । ਨਿਹਕਲੰਕ ਕਲ ਜਾਮਾ ਪਾਈ । ਜੋਤ ਸਰੂਪੀ ਰਿਹਾ ਲਿਖਾਈ । ਸਾਚੀ ਸੇਵਾ ਮੇਰੀ ਲਾਈ । ਦਿਵਸ ਰੈਣ ਮੈਂ ਕਲਮ ਚਲਾਈ । ਸ਼ਬਦ ਦੇਵੇ ਸਭਨੀਂ ਥਾਈਂ । ਅੱਠੇ ਪਹਿਰ ਸੌਣ ਨਾ ਦੇਵੇ । ਮਾਰ ਮਾਰ ਰਿਹਾ ਉਠਾਈ । ਰਸਨਾ ਮੇਰੀ ਹਰਿ ਜੂ ਸੇਵੇ, ਦੂਸਰ ਕਿਸੇ ਦਿਸੇ ਨਾਹੀ । ਰਾਣੇ ਸੰਗਰੂਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਅੰਤਮ ਆਉਣਾ ਪਏ ਹਜ਼ੂਰ, ਲੈਣੀ ਪਏ ਸੱਚੀ ਸਰਨਾਈ । ਸੁਣ ਰਾਜੇ ਰਾਜ ਦਵਾਰ । ਨਿਹਕਲੰਕ ਲਿਆ ਅਵਤਾਰ । ਰਾਜੇ ਰਾਣਿਆਂ ਕਰੇ ਖੁਆਰ । ਲਿਖਿਆ ਲੇਖ ਸੰਤ ਅਪਾਰ । ਅੰਤਮ ਪੈਣੀ ਡਾਹਢੀ ਮਾਰ । ਝੂਠੇ ਜਾਣੋ ਬੰਕ ਦਵਾਰ । ਘਰ ਘਰ ਫਿਰੋ ਬਣ ਭਿਖਾਰ । ਝੂਠੇ ਕਰੋ ਵਣਜ ਵਪਾਰ । ਪ੍ਰਭ ਅਬਿਨਾਸ਼ੀ ਸਾਚਾ ਹੁਕਮ ਸੁਣਾਇਆ । ਧੁਰ ਫ਼ਰਮਾਨ ਲੇਖਾ ਲਿਖਣ ਸਿੰਘ ਮਨੀ, ਸਿੰਘ ਘਰ ਸਾਚੇ ਆਇਆ । ਚੜ੍ਹ ਸ਼ਬਦ ਬਬਾਣ, ਸਿੰਘ ਮਨੀ ਸਿੰਘ ਸਾਚਾ ਧਨੀ ਆਪ ਬਣਾਇਆ । ਆਤਮ ਖੁਲ੍ਹਾਈ ਇਕ ਸੱਚੀ ਦੁਕਾਨ, ਸਾਚਾ ਮਾਣ ਤਾਣ ਜਗਤ ਰਖਾਇਆ । ਦਿਤਾ ਮਾਣ ਤਾਣ, ਏਕਾ ਰਾਗ ਕੰਨ ਸੁਣਾਇਆ । ਭੁੱਲਿਆ ਪੀਣ ਖਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਅੰਤਮ ਵੇਲੇ ਕਰੇ ਸਰਬ ਪਛਾਣ, ਸੰਤ ਮਨੀ ਸਿੰਘ ਕਰੇ ਸਿਕਦਾਰ । ਰਾਣੇ ਸੰਗਰੂਰ ਮਨ ਕਰ ਵਿਚਾਰ । ਅੰਤਮ ਵੇਲਾ ਆਏ, ਰਾਓ ਰੰਕਾਂ ਪਾਵੇ ਸਾਰ । ਤਖ਼ਤ ਰਾਜ ਨਾ ਕਿਸੇ ਰਹਿਣੇ, ਨਾ ਕੋਈ ਲਾਏ ਝੂਠਾ ਦਰਬਾਰ । ਕਲਜੁਗ ਅੰਤਮ ਪ੍ਰਗਟ ਹੋਇਆ ਨਿਹਕਲੰਕ ਕਲਕੀ ਅਵਤਾਰ । ਆਪ ਚੁਕਾਏ ਲਹਿਣੇ ਦੇਣੇ , ਪ੍ਰਗਟ ਹੋ ਸੱਚੀ ਸਰਕਾਰ । ਗੁਰਮੁਖਾਂ ਤਨ ਪਹਿਨਾਏ ਸ਼ਬਦ ਗਹਿਣੇ, ਸੋਲਾਂ ਕਰੇ ਸ਼ਿੰਗਾਰ । ਗੁਰ ਸੰਗਤ ਬਣਾਏ ਭਾਈ ਭੈਣੇ, ਸਾਂਝਾ ਕਰੇ ਇਕ ਪਿਆਰ । ਆਪ ਵਖਾਏ ਸਾਚੇ ਨੈਣੇ, ਨਾ ਭੁੱਲੇ ਜੀਵ ਗਵਾਰ । ਲੇਖੇ ਅੰਤਮ ਦੇਣੇ ਪੈਣੇ, ਚਿਤਰ ਗੁਪਤ ਬਣਿਆ ਰਹੇ ਲਿਖਾਰ । ਧਰਮ ਰਾਏ ਡੰਨ ਸਹਿਣੇ ਪੈਣੇ, ਅਠਾਈ ਕੁੰਡਾਂ ਤਪੇ ਅੰਗਿਆਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਵੇ ਅੰਤਮ ਵੇਲੇ ਜੋਤ ਸਰੂਪੀ ਜਾਮਾ ਧਾਰ । ਸੰਤ ਮਨੀ ਸਿੰਘ ਖ਼ੁਸ਼ੀ ਮਨਾਉਂਦਾ । ਏਕਾ ਗੀਤ ਸੁਹਾਗੀ ਗਾਉਂਦਾ । ਸਚ ਪ੍ਰੀਤ ਚਰਨ ਨਿਭਾਉਂਦਾ । ਪ੍ਰਭ ਅਬਿਨਾਸ਼ੀ ਸਾਚੋ ਸਾਚਾ ਮੀਤ, ਜਗਤ ਜੀਵ ਨਾ ਝੂਠ ਦਿਸਾਉਂਦਾ । ਆਦਿ ਅੰਤ ਅਚਰਜ ਰੀਤ, ਲਜ ਪਤਿ ਆਪਣੇ ਹੱਥ ਰਖਾਉਂਦਾ । ਸਾਚਾ ਸੰਤ ਵੇਲੇ ਅੰਤ ਆਪ ਉਠਾਉਂਦਾ । ਪਰਖਣ ਆਇਆ ਸਾਚੀ ਨੀਤ, ਲੋਕਮਾਤ ਫੇਰਾ ਪਾਉਂਦਾ । ਮਾਨਸ ਜਨਮ ਗਿਆ ਜਗ ਜੀਤ, ਸਾਚੀ ਸੇਵਾ ਸੰਤ ਕਮਾਉਂਦਾ । ਏਕਾ ਕੀਆ ਹਰਿ ਜੀ ਮੀਤ, ਅੱਠੇ ਪਹਿਰ ਨਾ ਕਦੇ ਭੁਲਾਉਂਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਸਾਚਾ ਹਰਿ, ਸਾਚੇ ਘਰ ਮਾਨਸ ਜਨਮ ਪੂਰ ਕਰਾਉਂਦਾ । ਵਾਹ ਵਾਹ ਸਾਚੀ ਸੇਵਾ ਲਾਇਆ । ਵਾਹ ਵਾਹ ਸਾਚਾ ਅੰਮ੍ਰਿਤ ਫਲ ਖਵਾਇਆ । ਪ੍ਰਗਟ ਹੋਏ ਵਡ ਦੇਵੀ ਦੇਵਾ, ਸਾਚਾ ਰਾਗ ਕੰਨ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣਾ ਭੇਖ ਆਪ ਵਟਾਇਆ । ਸੰਤ ਮਨੀ ਸਿੰਘ ਦਏ ਦੁਹਾਏ । ਚਰਨ ਪ੍ਰੀਤੀ ਤੋੜ ਨਿਭਾਏ । ਏਕਾ ਸਾਚੇ ਮਾਰਗ ਪਾਏ । ਏਕਾ ਰਾਗ ਕੰਨ ਸੁਣਾਏ । ਸਾਚੀ ਨਈਆ ਆਪ ਚੜ੍ਹਾਏ । ਫੜਾਏ ਬਹੀਆ ਦਇਆ ਕਮਾਏ । ਕਾਹਨ ਘਨਈਆ ਦਰਸ ਦਿਖਾਏ । ਆਤਮ ਸਾਚੀ ਸੇਜਾ ਲੇਟਾ, ਸੋਇਆ ਆਸਣ ਲਾਏ । ਨਰ ਨਾਰੀ ਇਕ ਥਾਂ ਬਹਾਏ । ਸਾਚਾ ਮੇਲ ਮਿਲਾਏ । ਧਰਮ ਰਾਏ ਨਾ ਕਰੇ ਖੁਆਰੇ, ਸਾਚਾ ਮਾਣ

੩੪੩
੦੪

ਆਪ ਦਵਈਆ, ਕਲਜੁਗ ਤੇਰੇ ਅੰਤਮ ਵੇਲੇ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਪਾਏ । ਜੋਤ ਸਰੂਪੀ ਜੋਤ ਜਗਾਈ । ਬਿਨ ਰੰਗ ਰੂਪੀ ਦਿਸ ਨਾ ਆਈ । ਗੁਰਮੁਖ ਸਾਚੇ ਹੋਏ ਸਹਾਈ । ਅੱਠੇ ਪਹਿਰ ਵਿਚ ਸਮਾਈ । ਸ਼ਬਦ ਧਾਰ ਇਕ ਰਖਾਈ । ਪੁਰੀਆਂ ਲੋਆਂ ਬੂਝ ਬੁਝਾਈ । ਚੌਦਾਂ ਲੋਕਾਂ ਹੱਟ ਖੁਲ੍ਹਾਈ । ਖੰਡਾਂ ਬ੍ਰਹਿਮੰਡਾਂ ਆਪਣੀ ਬੂਝ ਆਪ ਬੁਝਾਈ । ਸਦਾ ਸੁਹਾਗਣ ਵਡ ਵਡ ਭਾਗਣ ਗੁਰਮੁਖ ਆਤਮ ਨਾ ਹੋਏ ਰੰਡ, ਸਾਚਾ ਕੰਤ ਹਰਿ ਸਚ ਮਨਾਈ । ਬੇਮੁਖ ਪਾਉਂਦੇ ਝੂਠੀਆਂ ਵੰਡਾਂ, ਆਤਮ ਹੋਈ ਸਰਬ ਘਮੰਡਾ, ਸਚ ਵਸਤ ਕਿਸੇ ਹੱਥ ਨਾ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅਸ਼ਟਮ ਜੇਠ ਦੇਣ ਆਇਆ ਸੱਚੀ ਵਡਿਆਈ । ਸਾਚੀ ਸੇਵਾ ਲੇਖੇ ਲਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਭਰਮ ਭੁਲੇਖਾ ਦੂਰ ਕਰਾਏ । ਔਲੀਆ ਪੀਰ ਸ਼ੇਖ਼ਾ ਸਰਬ ਮਿਟਾਏ । ਕਲਜੁਗ ਤੇਰੀ ਮਿਟਦੀ ਜਾਏ ਰੇਖਾ, ਸਤਿਜੁਗ ਸਾਚਾ ਚੰਦ ਚੜ੍ਹਾਏ । ਲੱਖ ਚੁਰਾਸੀ ਨੇਤਰ ਵੇਖਾ, ਜੂਠ ਝੂਠ ਕਲਜੁਗ ਫਿਰੇ ਹਲਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਾਮਾ ਧਰ, ਸੰਤ ਮਨੀ ਸਿੰਘ ਮਾਣ ਰਖਾਏ । ਕਲਜੁਗ ਹੋਇਆ ਅੰਧ ਅੰਧੇਰ । ਨਾ ਕੋਈ ਸ਼ਾਮ ਨਾ ਸਵੇਰ । ਸ੍ਰਿਸ਼ਟ ਸਬਾਈ ਕਰੇ ਹੇਰ ਫੇਰ । ਪ੍ਰਗਟ ਹੋਇਆ ਸਿੰਘ ਸ਼ੇਰ ਸ਼ੇਰ ਦਲੇਰ । ਚਾਰੋਂ ਕੁੰਟ ਬੇਮੁਖਾਂ ਮਾਰੇ ਘੇਰ ਘੇਰ । ਏਕਾ ਖੰਡਾ ਹੱਥ ਉਠਾਇਆ, ਸੋਹੰ ਸ਼ਬਦ ਸੱਚੀ ਸ਼ਮਸ਼ੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਮਿਟਾਏ ਮੇਰ ਤੇਰ । ਸੰਤ ਮਨੀ ਸਿੰਘ ਸੇਵ ਕਮਾਉਂਦਾ ਜਾ । ਪ੍ਰਭ ਅਬਿਨਾਸ਼ੀ ਅੱਠੇ ਪਹਿਰ ਧਿਆਉਂਦਾ ਜਾ । ਸ਼ਬਦ ਸੁਨੇਹੜਾ ਆਪਣਾ ਆਪ ਸੁਣਾਉਂਦਾ ਜਾ । ਬੇਮੁਖਾਂ ਪਕੜ ਘਰ ਘਰ ਕਾਗ ਉਡਾਉਂਦਾ ਜਾ । ਸ੍ਰਿਸ਼ਟ ਸਬਾਈ ਚਾਰੋਂ ਕੁੰਟ ਬੇਮੁਖ ਜੀਵ ਸੁੰਞ ਮਸਾਣ ਕਰਾਉਂਦਾ ਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਰਨੀ ਸੀਸ ਝੁਕਾਉਂਦਾ ਜਾ । ਸੰਤ ਮਨੀ ਸਿੰਘ ਸਚ ਦੁਲਾਰੇ । ਪਹਿਲਾਂ ਕਰ ਇਕ ਵਿਹਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਤੀਜਾ ਨੈਣ ਆਪੇ ਖੋਲ੍ਹੇ, ਆਪੇ ਜੋਤ ਸਰੂਪ ਕਰੇ ਚਮਤਕਾਰੇ । ਹਰਿ ਜੀ ਸਦ ਵਸੇ ਕੋਲੇ, ਬੇਮੁਖਾਂ ਦਿਸੇ ਪੜਦੇ ਉਹਲੇ, ਕੋਈ ਨਾ ਪਾਵੇ ਸਾਰੇ । ਪੂਰਾ ਤੋਲ ਸਾਚਾ ਤੋਲੇ, ਸਦ ਵਸੇ ਕਾਇਆ ਚੋਲੇ, ਜੋਤ ਸਰੂਪੀ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਮਨੀ ਸਿੰਘ ਦੇਵੇ ਦਰਸ ਹਰਿ ਨਿਰੰਕਾਰੇ । ਸੰਤ ਮਨੀ ਸਿੰਘ ਦੇਵੇ ਵਰ । ਕਲਜੁਗ ਅੰਤਮ ਕਿਰਪਾ ਕਰ ਸਤਿਜੁਗ ਸਾਚੀ ਜੋਤ ਧਰ । ਜਗੇ ਜੋਤ ਲਲਾਟੀ ਸ਼ੋਹਲੇ, ਸੰਤ ਮਨੀ ਸਿੰਘ ਮਨ ਵਧਾਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਆਤਮ ਚਿੰਤਾ ਸੋਗ ਮਿਟਾਈ । ਹਉਮੇ ਵਿਚੋਂ ਰੋਗ ਗਵਾਈ । ਸਚ ਸੰਜੋਗ ਸਾਚੇ ਕੰਤਾ, ਆਪਣਾ ਆਪ ਬਣਾਈ । ਮੇਲ ਮਿਲਾਵਾ ਆਦਿਨ ਅੰਤਾ, ਫਿਰ ਵਿਛੜ ਨਾ ਜਾਈ । ਏਕਾ ਰੰਗ ਚੜ੍ਹੇ ਬਸੰਤਾ, ਸਾਚੀ ਰੁੱਤ ਆਪ ਸੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚੀ ਮਾਤ ਵੱਜੀ ਵਧਾਈ । ਦੇਵੇ ਮਾਤ ਸੱਚੀ ਵਡਿਆਈਆ । ਚਰਨ ਬੰਨ੍ਹਾਏ ਸਾਚਾ ਨਾਤ, ਵਿਛੜ ਕਦੇ ਨਾ ਜਾਈਆ । ਨਾ ਕੋਈ ਪੁੱਛੇ ਜ਼ਾਤ ਪਾਤ, ਚਾਰ ਵਰਨ ਏਕਾ ਗੋਤ ਬਣਾਈਆ । ਮੇਟ ਮਿਟਾਏ ਚਾਰ ਵਰਨ, ਪ੍ਰਭ ਅਬਿਨਾਸ਼ੀ ਧਰਨੀ ਧਰਨ, ਸ਼ੂਦਰ ਕਸ਼ਤਰੀ ਬ੍ਰਾਹਮਣ ਵੈਸ਼ ਨਾ ਕੋਇ ਅਖਵਾਈਆ । ਆਪੇ ਹੋਏ ਸਰਨੀ ਸਰਨ, ਨੇਰਨ ਦੂਰ ਨਾ ਕੋਇ ਬਣਾਈਆ । ਆਪੇ ਹੋਏ ਹਰਨੀ ਫਰਨੀ, ਹਰਨ ਫਰਨ ਆਪ ਖੁਲ੍ਹਾਈਆ ।

ਹਰਿ ਪੂਰੇ ਦੀ ਲੋੜ ਸਰਨ, ਜਨਮ ਮਰਨ ਹਰਿ ਕਟਾਈਆ । ਗੁਰ ਪੂਰੇ ਦੀ ਰਾਖੋ ਸਰਨ, ਲੱਖ ਚੁਰਾਸੀ ਗੇੜ ਕਟਾਈਆ । ਬੇਮੁਖ ਆਪਣਾ ਕੀਆ ਭਰਨ, ਪ੍ਰਭ ਦੇਵੇ ਅੰਤ ਸਜਾਈਆ । ਪ੍ਰਭ ਕਾ ਭਾਣਾ ਸਿਰ ਤੇ ਜਰਨ, ਨਾ ਸਕੇ ਕੋਈ ਛੁਡਾਈਆ । ਗੁਰਮੁਖ ਸਾਚੇ ਚਰਨ ਪ੍ਰੀਤੀ ਕਰਨ, ਦੇਵੇ ਦਰਸ ਆਪ ਰਘੁਰਾਈਆ । ਮਾਨਸ ਜਨਮ ਅਤੀਤ ਕਰ, ਜਗੇ ਜੋਤ ਦੂਣ ਸਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚੇ ਗੁਰ ਸਾਚੇ ਘਰ ਚਰਨ ਪ੍ਰੀਤੀ ਗਈ ਜੁੜ, ਚੜ੍ਹ ਕੇ ਆਇਆ ਸ਼ਬਦ ਘੋੜ, ਦੇਵਣ ਆਇਆ ਵਧਾਈਆ । ਮਾਤਲੋਕ ਦੇਵੇ ਵਧਾਈ । ਧਰਤ ਮਾਤ ਖ਼ੁਸ਼ੀ ਮਨਾਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਨਿਹਕਲੰਕ ਕਲਕੀ ਹੋਈ ਰੁਸ਼ਨਾਈ । ਵੱਜਾ ਡੰਕ ਚਾਰੋਂ ਕੁੰਟ ਪਏ ਦੁਹਾਈ । ਰਾਓ ਰੰਕਾਂ ਸੁਧ ਰਹੇ ਨਾ ਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ ਨਾਮ ਧਨਾ, ਸਾਚਾ ਰਾਗ ਸੁਣਾਏ ਕੰਨਾ, ਅੰਤਮ ਵੇਲੇ ਬਣ ਸਾਚਾ ਸੱਜਣ ਸੁਹੇਲ, ਜੋਤੀ ਜੋਤ ਲਏ ਮਿਲਾਈ । ਸੰਤ ਮਨੀ ਸਿੰਘ ਪਾਏ ਸਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਦੇਵੇ ਦਰਸ ਅਗੰਮ ਅਪਾਰ । ਜਗਾਏ ਜੋਤ ਅਪਰ ਅਪਾਰਾ । ਗੁਰਮੁਖ ਵਿਰਲਾ ਆਤਮ ਵੇਖੇ ਤੀਜੇ ਨੈਣ ਲਏ ਵੇਖ, ਪ੍ਰਭ ਕਿਰਪਾ ਕਰੇ ਅਪਰ ਅਪਾਰ । ਗੁਰ ਸੰਗਤ ਰਲ ਮਿਲ ਸਭ ਪ੍ਰਭ ਅਬਿਨਾਸ਼ੀ ਰਸਨਾ ਕਹਿਣ, ਆਪੇ ਬਣੇ ਸਾਕ ਸੱਜਣ ਸੈਣ, ਦੇਵੇ ਨਾਮ ਸ਼ਬਦ ਉਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਤੀਰ ਇਕ ਚਲਾਏ ਸ੍ਰਿਸ਼ਟ ਸਬਾਈ ਪਾਏ ਵੈਣ, ਨਾ ਕੋਈ ਦੀਸੇ ਬੇਮੁਖ ਜੀਵਾਂ ਸੱਜਣ ਸੈਣ ਮੁਰਾਰ । ਏਕਾ ਏਕ ਹਰਿ ਸਾਚਾ ਪੁਰਖ ਨਿਰੰਜਣ ਸਰਬ ਜੀਆਂ ਦੀ ਜਾਣੇ ਸੋਏ ਜਨਮ ਪੂਤ ਵੱਡਾ ਬਲਕਾਰੀ । ਆਤਮ ਚਲੇ ਸ਼ਬਦ ਅਪਾਰੀ ।

੩੪੫ ੦੪ ਹੱਥ ਹੋਵੇ ਸ਼ਸਤਰ, ਤਨ ਪਹਿਨੇ ਸੱਚਾ ਬਸਤਰ, ਉਤੇ ਚੜ੍ਹੇ ਸੱਚੇ ਅਸਤਰ, ਪ੍ਰਭ ਅਬਿਨਾਸ਼ੀ ਦੇਵੇ ਸੱਚੀ ਸਰਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੀ ਗੋਦ ਸੁਹਾਈ, ਧਰਤ ਮਾਤ ਦੀ ਸਚ ਸਪੁੱਤਰੀ ਸਚ ਦੁਲਾਰੀ । ਸਚ ਸਪੁੱਤਰੀ ਸਚ ਦੁਲਾਰੀ । ਚਰਨ ਧੂੜ ਮਸਤਕ ਲਾਈ, ਗੁਰ ਸੰਗਤ ਚੜ੍ਹੀ ਵਡੀ ਭਾਰੀ । ਪਹਿਲੀ ਵਾਰੀ ਹੀਰਾ ਘਾਟ ਵਾਗ ਗੁੰਦਣ ਸਾਚੀ ਆਈ ਸਿੰਘ ਮਨਜੀਤ ਤੇਰੀ ਛੋਟੀ ਭੈਣ ਪਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਮਨੀ ਸਿੰਘ ਤੇਰਾ ਬੇੜਾ ਬੰਨ੍ਹਣ ਆਇਆ, ਭੇਟ ਚੜ੍ਹਾਏ ਕੰਨਿਆ ਧੀ ਕਵਾਰੀ । ਹੀਰਾ ਘਾਟ ਹਰਿ ਕੀ ਪੌੜੀ । ਭੈਣ ਭਰਾਵਾਂ ਬਣ ਗਈ ਜੋੜੀ । ਗੁਰ ਸੰਗਤ ਸਾਰੀ ਅੱਖੀਂ ਵੇਖੇ ਦੋਵੇਂ ਚੜ੍ਹੇ ਸੱਚੀ ਘੋੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਵਾ ਤਨ ਲਗਾਇਆ, ਕਲਜੁਗ ਤੇਰੀ ਵਿਚੋਂ ਕੱਢਣ ਆਇਆ ਵੇਲ ਕੌੜੀ । ਕਵਾਰ ਕੰਨਿਆ ਅੰਞਾਣ ਬਾਲ । ਆਪਣੀ ਸਕੇ ਨਾ ਅਜੇ ਸੁਰਤ ਸੰਭਾਲ । ਕਿਰਪਾ ਕਰੀ ਨਰ ਗੋਪਾਲ । ਜਗਤ ਅਵਲੜੀ ਚਲੀ ਚਾਲ । ਸਤਿਜੁਗ ਸਾਚੇ ਤੇਰੀ ਸਾਚੀ ਧੀਰ ਧਰਾਏ, ਨੀਂਹ ਰਖਾਏ ਭੇਟ ਚੜ੍ਹਾਏ ਅਨਮੁਲੜੇ ਲਾਲ । ਵਾਹ ਵਾਹ ਸੋਹਣਾ ਵਕਤ ਸੁਹਾਏ, ਗੁਰ ਸੰਗਤ ਸਾਚੀ ਸੰਗ ਰਲਾਏ, ਆਤਮ ਜੋਤੀ ਆਪ ਖਿਚਾਏ, ਸਾਚੇ ਧਾਮ ਆਪ ਬਹਾਏ ਸਦਾ ਕਰੇ ਰਖਵਾਲ । ਸੰਤ ਭਗਤ ਨਾ ਕੋਇ ਕਰਾਏ । ਏਕਾ ਨਾਮ ਰੰਗ ਚੜ੍ਹਾਏ । ਸਾਚੀ ਗੰਗ ਹੀਰਾ ਘਾਟ ਸਚ ਸਰੋਵਰ ਆਣ ਨੁਹਾਏ । ਸੱਚੇ ਅਸਵ ਕਸ ਤੰਗ, ਸਚ ਅਸਵਾਰਾ ਆਸਣ ਲਾਏ ਵਡ ਦਾਤਾ ਸੂਰਾ ਸਰਬੰਗ, ਨਿਹਕਲੰਕ ਨਰਾਇਣ ਨਰ, ਆਪਣਾ ਲੇਖਾ ਆਣ ਲਿਖਾਏ ਅੰਤ ਮੁਕਾਏ । ਸਾਚਾ ਲੇਖਾ ਲਿਖਦਾ ਰਹਿ । ਵਿਹਲਾ ਨਾ ਕੋਈ ਬਹਿ । ਏਕਾ ਵਾ ਵਗਦੀ ਰਹਿ । ਸਚ ਸੱਚ ਦੀ ਸਦਾ ਜੈ ।

੩੪੫ ੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਵਿਰਲਾ ਛਾਵੇਂ ਬਹਿ । ਸੱਚੀ ਛਾਂ ਜਿਸ ਜਨ ਮਾਣੀ । ਚਹੁੰ ਜੁਗਾਂ ਦੀ ਸਾਚੀ ਰਾਣੀ । ਸਿੰਘ ਸਰੂਪ ਧੀ ਨਿਮਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਜਮ ਕੀ ਕਾਨੀ । ਘਰ ਘਰ ਜਮ ਨਾ ਆਏ ਨੇੜੇ । ਪ੍ਰਭ ਅਬਿਨਾਸ਼ੀ ਕਰੇ ਸੱਚੇ ਨਿਬੇੜੇ । ਸਾਚੇ ਘਰ ਆਪ ਵਸਾਏ, ਸੰਤ ਮਨੀ ਸਿੰਘ ਤੇਰੇ ਨਗਰ ਖੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪੇ ਬੰਨ੍ਹੇ ਜਨ ਭਗਤਾਂ ਬੇੜੇ , ਧੀ ਧਨ ਮਾਲ ਬੇਗਾਨਾ । ਲੈ ਕੇ ਜਾਏ ਸ੍ਰੀ ਭਗਵਾਨਾ । ਸੱਚਾ ਕੰਤ ਸ਼ਾਹ ਸੁਲਤਾਨਾ । ਬਣ ਗਈ ਸਾਚੀ ਬਣਤ ਵਿਚ ਦੋ ਜਹਾਨਾਂ । ਮਹਿੰਮਾ ਜਗਤ ਅਗਣਤ, ਝੁਲਦਾ ਰਹੇ ਜਗਤ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਵਾ ਲੇਖੇ ਲਾਏ, ਗੁਣਵੰਤ ਗੁਣੀ ਨਿਧਾਨਾ । ਸਹਿਜੇ ਸਹਿਜ ਸੁਖ ਧਾਰੀ । ਸਾਚੀ ਕਰੇ ਆਪ ਵਿਹਾਰੀ । ਮਾਤ ਪਿਤਾ ਦੀ ਧੀ ਪਿਆਰੀ । ਖਿਚ ਲੈ ਜਾਏ ਚਰਨ ਦਵਾਰੀ । ਆਪ ਬਹਾਏ ਸੱਚੀ ਵਿਚ ਮਹੱਲ ਅਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਧੀ ਨਿਮਾਣੀਏ ਸਾਚੀ ਮਾਤ ਰਾਣੀਏ । ਚੁਕੀ ਜਮ ਕੀ ਕਾਣੀਏ । ਨਾ ਆਈ ਅੰਤਮ ਹਾਣੀਏ । ਵਡ ਸੋਹਣੀ ਸੁਘੜ ਸਿਆਣੀਏ । ਸਾਚਾ ਰੰਗ ਸੱਜਣ ਸੁਹੇਲੇ ਰੰਗ ਤੇਰਾ ਸਾਚਾ ਮਾਣੀਏ । ਗੁਰ ਸੰਗਤ ਕਰਨ ਆਈ ਮੇਲੇ ਖ਼ੁਸ਼ੀਆਂ ਸਾਚੀ ਮਾਣੀਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਕਮਾਏ ਪ੍ਰਗਟ ਹੋਏ ਵਾਲੀ ਦੋ ਜਹਾਨੀਏ । ਪ੍ਰਭ ਅਬਿਨਾਸ਼ੀ ਹੁਕਮ ਸੁਣਾਇਆ । ਫੂਲਣ
੩੪੬ ੦੪ ਹਾਰ ਸੰਗ ਲਿਆਇਆ । ਸੱਚੋ ਸਚ ਵਿਹਾਰ ਜਾਣੇ ਕਰਤਾਰ, ਭਾਣਾ ਆਪਣੇ ਹੱਥ ਰਖਾਇਆ । ਸੰਤ ਮਨੀ ਸਿੰਘ ਤੇਰੇ ਸਚ ਦਰਬਾਰ, ਹਰਿ ੩੪੬ ੦੪
ਨਿਰੰਕਾਰ ਇਕ ਇਕ ਫੁਲ ਆਪ ਵਰਤਾਇਆ । ਚੁਕਾਵਣ ਆਇਆ ਅਗਲਾ ਪਿਛਲਾ ਲੇਖਾ, ਸੋਹਣਾ ਗਹਿਣਾ ਸਦਾ ਰਹਿਣਾ, ਧੀ ਨਿਮਾਣੀ ਤਨ ਪਹਿਨਾਇਆ । ਖ਼ੁਸ਼ੀ ਹੋ ਹੋ ਬਹਿਣਾ, ਨਾ ਵੈਣ ਪਾਉਣਾ ਨੈਣਾਂ, ਮੰਨਣਾ ਪ੍ਰਭ ਪੂਰੇ ਦਾ ਕਹਿਣਾ, ਸੋਹਣਾ ਸੱਚਾ ਚੰਨ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਖ਼ੁਸ਼ੀ ਬੰਦ ਬੰਦ ਕਰਾਇਆ । ਸਾਚਾ ਸਿੱਖ ਇਕ ਬਲਕਾਰੀ । ਸੇਵਾ ਕੀਤੀ ਗੁਰ ਦਰ ਭਾਰੀ । ਉਤੇ ਰੱਖੇ ਹਰਿ ਸਵਾਰੀ । ਜਿਉਂ ਗਰੜ ਹਰਿ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਗ ਗੁਰਮੁਖ ਗੁਰਮੁਖ ਸਿੰਘ ਚਰਨ ਪ੍ਰੀਤੀ ਬਖ਼ਸ਼ੇ ਭਾਰੀ । ਮਨ ਤਨ ਗੁਰ ਸੇਵਾ ਲਾਏ । ਆਪਣੇ ਕੰਧ ਰਿਹਾ ਉਠਾਏ । ਬੰਦ ਬੰਦ ਖ਼ੁਸ਼ੀ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰ ਅੱਡੀ ਸੈਨਤ ਨਾਲ ਸਮਝਾਏ । ਵੱਜੇ ਅੱਡੀ ਹੋਏ ਇਸ਼ਾਰਾ । ਉਤੇ ਬੈਠਾ ਹਰਿ ਅਸਵਾਰਾ । ਨਾਲ ਰੱਖੇ ਸ਼ਬਦ ਆਰਾ । ਵਾਗਾਂ ਖਿੱਚੇ ਵਾਰੋ ਵਾਰਾ । ਤੁਣਕਾ ਲਾਏ ਨਾਮ ਭਾਰਾ । ਪ੍ਰੇਮ ਖਿਚੀ ਜਾਏ ਜੰਗਲ ਜੂਹੇ ਵਿਚ ਉਜਾੜ ਪਹਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਵਾਰੀ ਹਰਿ ਜੀ ਕਰੇ, ਗੁਰਮੁਖ ਸਾਚਾ ਸੇਵਾ ਕਰੇ, ਉਤੇ ਬੈਠਾ ਸ਼ਾਹ ਅਸਵਾਰਾ । ਪ੍ਰਭ ਅਬਿਨਾਸ਼ੀ ਸਿਰ ਤੇ ਚੁਕੇ, ਵਾਂਗ ਵਿਚੋਲੇ ਮਾਰੇ ਫੇਰੇ, ਚਾਰੋਂ ਤਰਫ ਪਾਏ ਘੇਰੇ ਕਦੇ ਨਾ ਰੁਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਗ ਫੇਰ ਲਗਾਇਆ, ਗੁਰਮੁਖ ਕਾਇਆ ਖੁਲ੍ਹੇ ਵਿਹੜੇ । ਸਾਚੀ ਸੇਵਾ ਹਰਿ ਕਮਾਈ । ਚਰਨ ਪ੍ਰੀਤੀ ਤੋੜ ਨਿਭਾਈ । ਸਾਚੀ ਨੀਤੀ ਪ੍ਰਭ ਸਾਚਾ ਪਰਖੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਅਬਿਨਾਸ਼ੀ ਕਿਰਪਾ ਕਰ ਸਾਚੀ ਜੋਤ ਫੇਰ ਜਗਾਈ । ਸਾਚੀ ਜੋਤ ਕਰ ਅਕਾਰੇ । ਚਵੀ ਸਾਲ ਨਾ ਪਾਈ ਸਾਰੇ । ਸਾਲ ਪੰਝੀਵੇਂ ਕਿਰਪਾ

ਧਾਰੇ । ਖਿੱਚ ਲਿਆਏ ਚਰਨ ਦਵਾਰੇ । ਨਿਹਕਲੰਕ ਚੌਵੀਆਂ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਆਪੇ ਜਾਣੇ ਨਾ ਕੋਈ ਪਾਵੇ ਸਾਰੇ । ਆਪੇ ਪਾਏ ਗਲ ਵਿਚ ਰੱਸਾ । ਏਕਾ ਰਾਹ ਸੱਚਾ ਦੱਸਾ, ਚਰਨੀ ਗੁਰਸਿਖ ਆਇਆ ਨੱਸਾ । ਨਾਂ ਰਖਾਇਆ ਸਿੰਘ ਮੱਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕਰੇ ਪ੍ਰਕਾਸ਼ ਕੋਟ ਰਵ ਸੱਸਾ । ਸਾਚਾ ਜਨਮ ਹਰਿ ਦਵਾਏ । ਆਪ ਆਪਣੀ ਸਰਨ ਬਹਾਏ । ਗੁਰ ਸੰਗਤ ਸਾਚੀ ਸੇਵਾ ਲਾਏ । ਅੱਠੇ ਪਹਿਰ ਪ੍ਰੇਮ ਵਧਾਏ । ਰਿਧ ਸਿਧ ਵਸ ਕਰਾਏ । ਕਰੇ ਕਾਰਜ ਸਿਧ, ਅੰਤਮ ਅੰਤ ਆਪੇ ਜਾਏ ਬਣਤ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਜਾਏ ਦਰਸ ਦਿਖਾਏ । ਅਵਲੜੀ ਚਾਲੇ ਹਰਿ ਕਿਰਪਾਲੇ । ਵੇਖ ਵਖਾਣੇ ਬਾਲ ਅੰਵਾਣੇ ਸਿੰਘ ਪਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਰਬ ਜੀਆਂ ਦੀ ਆਪੇ ਜਾਣੇ । ਸਾਧੂ ਸਿੰਘ ਸਹਿਜ ਸੁਖ ਧਾਰੀ । ਆਤਮ ਖ਼ਿਮਾ ਗਰੀਬੀ ਭਾਰੀ । ਭਗਤ ਬੈਣੀ ਦੀ ਨਾਰ ਪਿਆਰੀ । ਭੁੱਖੀ ਨੰਗੀ ਪ੍ਰਭ ਅਬਿਨਾਸ਼ੀ ਆਪ ਬਣਾਏ ਤੇਰੀ ਸਾਚੀ ਯਾਰੀ । ਸਾਚੀ ਵਸਤ ਨਾ ਦਰ ਕਿਸੇ ਤੋਂ ਮੰਗੀ, ਨਿਹਕਲੰਕ ਬਣੇ ਭਿਖਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਖਿੱਚ ਲਿਆਏ ਚਰਨ ਦਵਾਰੀ । ਚਰਨ ਦਵਾਰ ਜੋ ਜਨ ਜਾਣੇ । ਗੁਰਮੁੱਖ ਸਾਚਾ ਖ਼ੁਸ਼ੀਆਂ ਮਾਣੇ । ਦੇਵੇ ਦਾਨ ਹਰਿ ਭਗਵਾਨ, ਗੁਰਮੁਖ ਵੇਖੇ ਬਾਲ ਅੰਵਾਣੇ । ਚਰਨ ਧੂੜ ਕਰਾਏ ਇਸ਼ਨਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਸਮਾਣੇ । ਸਾਚਾ ਰੰਗ ਸ਼ਬਦ ਚੜ੍ਹਾਇਆ, ਨਾਲ ਰਲਾਇਆ ਚੋਲਾ ਨੀਲਾ । ਗੁਰਮੁਖਾਂ ਸਾਚਾ ਕੰਤ ਹੰਢਾਇਆ, ਸੂਹਾ ਕਾਲਾ ਲਾਲ ਪੀਲਾ । ਰੰਗੇ ਰੰਗ ਰੰਗੀਲਾ, ਆਪੇ ਕਰ ਕਰ ਗੁਰਸਿਖ ਹੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਦਿਵਸ ਰੈਣ ਜੁਗਾ ਜੁਗੰਤ ਆਦਿ ਅੰਤ ਸਦਾ ਰਹੇ ਛੈਲ ਛਬੀਲਾ । ਨਾ ਬੁੱਢਾ ਨਾ ਹਰਿ ਜਵਾਨ । ਅੱਠੇ ਪਹਿਰ ਜੋਤ ਸਰੂਪੀ ਹਰਿ ਬਲਵਾਨ । ਬਿਨ ਰੰਗ ਰੂਪੀ ਵਡ ਸ਼ਾਹੋ ਭੂਪੀ ਏਕਾ ਏਕ ਜਗਤ ਟੇਕ ਰੱਖੇ ਸ਼ਬਦ ਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਨਾਮ ਵਡਿਆਈ, ਆਪ ਚੁਕਾਏ ਜਮ ਕੀ ਕਾਨ । ਪ੍ਰਭ ਅਬਿਨਾਸ਼ੀ ਸਾਚੀ ਗੋਦ, ਧੀ ਨਿਮਾਣੀ ਬਹਿ ਕੇ ਜਾ । ਸਾਚਾ ਦੇਵੇ ਦਾਜ ਮਾਲ ਧਨ, ਦਰਗਹਿ ਸਾਚੀ ਬਹਿ ਕੇ ਖਾ । ਸ਼ਬਦ ਸੁਣ ਸਾਚਾ ਰਾਗ ਕਲਜੁਗ ਅੰਤਮ ਗਈ ਜਾਗ, ਸਾਰਿਆਂ ਤਾਈਂ ਕਹਿ ਕੇ ਜਾ । ਗੁਰ ਪੂਰੇ ਦੀ ਪਕੜੀ ਵਾਗ, ਮਾਤਲੋਕ ਜਾਏ ਚਰਨੀ ਪੈਂਦੀ ਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਇਕ ਸੁਨੇਹੜਾ, ਧਰਮ ਰਾਏ ਨੂੰ ਕਹਿੰਦੀ ਜਾ । ਧਰਮ ਰਾਏ ਨੂੰ ਜਾ ਜਣਾਈ । ਨਿਹਕਲੰਕ ਕਲ ਜਾਮਾ ਪਾਇਆ, ਹੀਰੇ ਘਾਟ ਡੇਰਾ ਲਾਈ, ਕਲਜੁਗ ਤੇਰੀ ਔਖੀ ਵਾਟ, ਪ੍ਰਭ ਅਬਿਨਾਸ਼ੀ ਗਿਆ ਪੰਧ ਮੁਕਾਈ । ਰਸਨਾ ਰਸ ਸਾਚਾ ਚਾਟੀ, ਅੰਮ੍ਰਿਤ ਮੁਖ ਚੁਆਈ । ਆਪੇ ਬੰਨ੍ਹੇ ਸਾਚੀ ਘਾਟੀ, ਸੰਤ ਮਨੀ ਸਿੰਘ ਫੂਲ ਚੜ੍ਹਾਈ । ਜਗੇ ਜੋਤ ਇਕ ਲਲਾਟੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚੀ ਬਣਤ ਰਿਹਾ ਬਣਾਈ । ਸਾਚਾ ਬਣੇ ਧਾਮ ਨਿਆਰਾ । ਸਤਿਜੁਗ ਤੇਰੀ ਪਹਿਲੀ ਵਾਰਾ । ਆਪ ਕਰਾਏ ਸਾਚੀ ਕਾਰਾ । ਸੇਵਾ ਲਾਏ ਸੱਚੀ ਸਰਕਾਰਾ । ਵਾਲੀ ਹਿੰਦ ਉਠ ਉਠ ਕਰੇ ਚਰਨ ਨਿਮਸਕਾਰਾ । ਨਿਹਕਲੰਕ ਕਲ ਜੋਤ ਜਗਾਏ, ਅੱਠ ਪਹਿਰ ਅਟੱਲ ਰਹੇ ਤੇਰਾ ਇਕ ਮੁਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੰਦਰ ਆਪਣਾ ਅੰਦਰ ਏਕਾ ਉਚ


੩੪੭
੦੪

ਮੁਨਾਰਾ । ਹੀਰਾ ਘਾਟ ਜੋਤ ਜਗਾਏ ਹਰਿ ਭਗਵਾਨ ਹੈ । ਪ੍ਰਗਟ ਹੋਵੇ ਸੱਚਾ ਕਾਹਨ ਹੈ । ਪ੍ਰਭ ਅਬਿਨਾਸ਼ੀ ਆਪੇ ਰੰਗੇ, ਸੱਤਾਂ ਰੰਗਾਂ ਹਰਿ ਰੰਗਾਨ ਹੈ । ਚੌਥੇ ਲੇਖ ਹਰਿ ਭਗਵਾਨ, ਪੰਜਵੇਂ ਨੇਤਰ ਲੈਣਾ ਪੇਖ ਨਿਸ਼ਾਨ ਹੈ । ਪ੍ਰਭ ਅਬਿਨਾਸ਼ੀ ਨਿਹਕਲੰਕ ਪ੍ਰਗਟ ਹੋਇਆ ਬਲੀ ਬਲਵਾਨ ਹੈ । ਘਨਕਪੁਰ ਵਾਸੀ ਜਾਗਿਆ ਸੋਇਆ ਆਪ ਉਠਿਆ ਹਰਿ ਭਗਵਾਨ ਹੈ । ਦੁਰਮਤ ਮੈਲ ਗੁਰਸਿਖਾਂ ਧੋਇਆ, ਅੰਮ੍ਰਿਤ ਸਾਚਾ ਹਰਿ ਪਿਆਣ ਹੈ । ਧੁਰ ਦਰਗਾਹੀ ਸਚ ਵਿਚੋਲਾ, ਹੱਥ ਫੜੀ ਸ਼ਬਦ ਕਮਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭਾਣਾ ਕੋਇ ਨਾ ਜਾਣੇ ਭੁੱਲੇ ਰਾਜ ਰਾਜਾਨ ਹੈ । ਰਾਜੇ ਰਾਣੇ ਵਡ ਹੰਕਾਰੀ । ਸੁੱਤੇ ਪੈਰ ਪਸਾਰੀ । ਉਤੋਂ ਆਏ ਅੰਤਮ ਵਾਰੀ । ਛੁੱਟੇ ਲਾਲ ਇਕ ਅੰਗਿਆਰੀ । ਕਲਜੁਗ ਜੀਵ ਚਾਰੋਂ ਕੁੰਟ ਰਾਹ ਨਾ ਦਿਸੇ ਘਰ ਘਰ ਹੋਏ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਕੰਢੇ ਡੇਰਾ ਲਾਇਆ, ਅਖੀਰੀ ਡੰਡਾ ਇਹ ਲਗਾਇਆ, ਜਿਥੇ ਵਸੇ ਧੀ ਕਵਾਰੀ । ਸਾਚੇ ਡੰਡੇ ਗਈ ਚੜ੍ਹ । ਰੁੜ੍ਹੀ ਨਾ ਕਲਜੁਗ ਤੇਰੇ ਹੜ੍ਹ । ਸਾਚੇ ਅੰਦਰ ਗਈ ਵੜ । ਸੰਤ ਮਨੀ ਸਿੰਘ ਤੇਰੇ ਦਰ ਦਵਾਰੇ ਅੱਗੇ ਆਈ ਹੜ੍ਹ । ਨਿਹਕਲੰਕ ਕਲ ਜਾਮਾ ਪਾਇਆ, ਬਾਹੋਂ ਲਿਆਇਆ ਫੜ । ਸਤਿਜੁਗ ਤੇਰੇ ਸਾਚੇ ਅੰਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਫੜਾਇਆ ਆਪਣਾ ਲੜ । ਸਾਚਾ ਗਹਿਣਾ ਆਪ ਪਹਿਨਾਇਆ । ਸੋਹੰ ਕੰਗਣ ਤਨ ਛੁਹਾਇਆ । ਸਾਚੀ ਚੋਲੀ ਹਰਿ ਰੰਗਾਇਆ । ਏਕਾ ਰੰਗਣ ਮਜੀਠ ਰੰਗਾਇਆ । ਸ਼ਬਦ ਘੋੜੇ ਤੰਗ ਕਸਾਇਆ । ਹੋ ਅਸਵਾਰ ਹਰਿ ਜੀ ਆਇਆ । ਪ੍ਰਗਟ ਹੋਏ ਦਰਸ ਦਿਖਾਇਆ । ਸੰਤ ਮਨੀ ਸਿੰਘ ਤੇਰਾ ਡੇਰਾ ਅੰਤਮ ਵਾਰੀ ਆਣ ਸੁਹਾਇਆ । ਬਾਰਾਂ ਸਾਲ ਕਰ ਕਰ ਹੇਰਾ ਫੇਰਾ, ਤੈਨੂੰ ਖ਼ਾਕ ਦੇ ਵਿਚ ਦਬਾਇਆ । ਨਿਹਕਲੰਕ ਨਰਾਇਣ ਨਰ ਫੇਰ ਬੱਧੀ ਤੇਰੀ ਢੇਰੀ, ਹੀਰਾ ਘਾਟ ਦਏ ਰੁੜ੍ਹਾਇਆ । ਕਲਜੁਗ ਅੰਤਮ ਪਾਏ ਫੇਰੀ, ਸਾਚਾ ਚੰਦ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਬਖ਼ਸ਼ਿੰਦ, ਗੁਰਮੁਖ ਤੇਰਾ ਬੇੜਾ ਬੰਨ੍ਹ ਵਖਾਇਆ । ਬੰਨ੍ਹੇ ਬੇੜਾ ਚਾਲ ਨਿਰਾਲੀਆ । ਕਲਜੁਗ ਤੇਰੀ ਘਟਾ ਕਾਲੀਆ । ਪ੍ਰਗਟ ਹੋਇਆ ਹਿੰਦ ਦਾ ਵਾਲੀਆ । ਗੁਰ ਸੰਗਤ ਬਣਿਆ ਪਾਲੀਆ । ਖੂੰਡੀ ਭੂਰੀ ਆਪ ਉਠਾਲੀਆ । ਚਾਰੋਂ ਕੁੰਟ ਕਰੇ ਰਖਵਾਲੀਆ । ਦੀਪਕ ਜੋਤੀ ਜਗੇ ਦੀਵਾਲੀਆ । ਗੁਰਮੁਖ ਮਸਤਕ ਚੜ੍ਹੇ ਲਾਲੀਆ । ਸਾਚੀ ਮਤ ਪ੍ਰਭ ਸਾਚੇ ਅੰਤਮ ਕਲ ਮਾਤ ਵਿਚ ਪਾਲੀਆ । ਰੱਖੇ ਸਾਸ ਸੁਖਾਲੇ ਜਿਸ ਪ੍ਰੀਤੀ ਨਿਭੇ ਨਾਲੀਆ । ਨਾ ਦਗਨ ਕਲਜੁਗ ਆਗ, ਆਪ ਤੋੜੇ ਜਗਤ ਜੰਜਾਲੀਆ । ਹਰਿ ਆਪਣੀ ਗੋਦ ਆਪ ਉਠਾਲੀਆ । ਸੱਚਾ ਦਿਤਾ ਨਾਮ ਧਨ, ਨਾ ਹੋਏ ਅੰਤ ਕੰਗਾਲੀਆ । ਫਲ ਲਗਾਏ ਸਾਚੇ ਡਾਲੇ, ਫੁੱਲ ਚੜ੍ਹਾਏ ਹਰਿ ਬਨਵਾਲੀਆ । ਸਾਰੇ ਦਿਸਣ ਹੱਥੋਂ ਖ਼ਾਲੀ, ਨਿਹਕਲੰਕ ਨਰਾਇਣ ਨਰ ਜਨ ਭਗਤਾਂ ਅੰਮ੍ਰਿਤ ਮੁਖ ਚੁਆਲੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਆਪ ਸਾਚਾ ਭੋਗੀ ਸਚ ਸੰਜੋਗੀ ਬਣਾਲੀਆ । ਗੁਰ ਗੋਬਿੰਦ ਤੇਰੀ ਦੁਲਾਰੀ । ਮੁਕਤਸਰ ਦੀ ਮੁਕਤ ਅਧਾਰੀ । ਮਾਤਾ ਭਾਗੋ ਕਰਮ ਵਿਚਾਰੀ । ਕਲਜੁਗ ਅੰਤਮ ਆਈ ਨਿਹਕਲੰਕ ਚਰਨ ਦਵਾਰੀ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਿਰ ਉਤੋਂ ਲਾਹੀ ਪੰਡ ਭਾਰੀ । ਜਗਤ ਵਿਚੋਲੀ ਸਾਚੀ ਡੋਲੀ, ਬੈਠੀ ਭੋਲੀ ਧੀ ਕਵਾਰੀ । ਨਾ ਕੋਈ ਮਾਰੇ ਗੁਰਸਿਖ ਬੋਲੀ, ਪ੍ਰਭ ਅਬਿਨਾਸ਼ੀ ਆਪੇ ਵਰਤੇ ਆਪਣੀ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਜਾ ਆਪ ਸਵਾਇਆ, ਸਿਰ ਚੁਕਾਈਂ ਫੂਲਾਂ ਖਾਰੀ । ਸਾਚੀ ਖਾਰੀ ਸਿਰ ਉਠਾਉਂਦੀ ਜਾ । ਪ੍ਰਭ ਅਬਿਨਾਸ਼ੀ

੩੪੮ ੦੪

ਰਸਨਾ ਧਿਆਉਂਦੀ ਜਾ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜ, ਸਚਖੰਡ ਨਿਵਾਸ ਰਖਾਉਂਦੀ ਜਾ । ਗੁਰਮੁਖਾਂ ਸਾਚੇ ਸਚ ਸੁਨੇਹੜੇ ਸਾਚੇ ਹਾਰ, ਪ੍ਰਭ ਅਬਿਨਾਸ਼ੀ ਭੇਟ ਚੜ੍ਹਾਉਂਦੀ ਜਾ । ਇਕ ਇੱਕ ਫੂਲ ਕੋਇ ਨਾ ਮੁੱਲ ਕਰ ਵਿਚਾਰ ਹਰਿ ਭਤਾਰ ਚਰਨਾਂ ਨਾਲ ਛੁਹਾਉਂਦੀ ਜਾ । ਦੱਸੀ ਜਾਏ ਸਚ ਪੁਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਤਿੰਨਾਂ ਲੋਕਾਂ ਏਕਾ ਧਾਰ, ਚਰਨ ਪਿਆਰ ਜਾਂਦੀ ਵਾਰ ਸਿਖਾਉਂਦੀ ਜਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਜਨ ਭਗਤਾਂ ਆਪ ਪਛਾਣਦਾ । ਦੇਵੇ ਮਾਣ ਦੋ ਜਹਾਨ ਦਾ । ਚੜ੍ਹੇ ਝੰਡਾ ਬ੍ਰਹਮ ਗਿਆਨ ਦਾ । ਵਜੇ ਖੰਡਾ ਸ਼ਬਦ ਨਿਸ਼ਾਨ ਦਾ । ਹੀਰਾ ਘਾਟ ਇਹ ਤੇਰਾ ਕੰਢਾ, ਚਰਨ ਧੂੜ ਇਸ਼ਨਾਨ ਦਾ । ਨਿਹਕਲੰਕ ਕਲ ਜਾਮਾ ਪਾਇਆ, ਪੁਰੀ ਘਨਕ ਵਿਚ ਪਿੰਡ ਘਵਿੰਡਾ, ਸੂਰਬੀਰ ਵਡ ਦਾਤੇ ਬਲਵਾਨ ਦਾ । ਹੀਰਾ ਘਾਟ ਤੇਰਾ ਬੰਨ੍ਹ ਬੰਨ੍ਹਾਇੰਦਾ । ਆਪ ਮਿਟਾਏ ਅਠ ਸਠ ਤੀਰਥ ਤਟ, ਕਲਜੁਗ ਅੰਤ ਕਰਾਇੰਦਾ । ਗੰਗਾ ਗੋਦਾਵਰੀ ਸੀਨਾ ਗਿਆ ਪਾਟ, ਅੰਮ੍ਰਿਤ ਧਾਰ ਬਾਹਰ ਕਢਾਇੰਦਾ । ਗੁਰ ਦਰ ਮੰਦਰ ਮਸਜਿਦ ਪ੍ਰਭ ਆਪ ਸੁਹਾਇਆ ਡੋਲੀ ਖਾਟ, ਗੁਰਸਿਖਾਂ ਕੰਧ ਉਠਾਇੰਦਾ । ਚੁੱਕ ਲਿਆਏ ਸਾਚੇ ਤਾਟ, ਵਹਿੰਦੀ ਧਾਰ ਵਹਾਇੰਦਾ । ਗੁਰਮੁਖਾਂ ਦੇਵੇ ਸੀਤ ਪ੍ਰਸਾਦ, ਪਹਿਲੇ ਆਪਣੀ ਰਸਨ ਲਗਾਇੰਦਾ । ਪ੍ਰਭ ਅਬਿਨਾਸ਼ੀ ਬੋਧ ਅਗਾਧ, ਸਾਚਾ ਸ਼ਬਦ ਲਿਖਾਇੰਦਾ । ਸਾਚਾ ਵੱਜੇ ਨਾਦ, ਚਿੱਟੇ ਅਸਵ ਸ਼ਬਦ ਡੰਕ ਵਜਾਇੰਦਾ । ਗੁਰ ਸੰਗਤ ਸਾਰੀ ਰੱਖਣਾ ਯਾਦ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਜੋਤ ਸਰੂਪੀ ਜਾਮਾ ਪਾਇੰਦਾ । ਚੌਥੇ ਜੁਗ ਜਾਮਾ ਧਾਰੇ । ਨਿਹਕਲੰਕ ਨਰਾਇਣ ਨਰ ਅਵਤਾਰੇ । ਮਾਝੇ ਦੇਸ ਜਗੀ ਜੋਤ , ਤਿੰਨਾਂ ਲੋਆਂ ਕਰੇ ਉਜਿਆਰੇ । ਬੇਮੁਖ ਕਲਜੁਗ ਰਹੇ ਸੋਤ, ਨਾ ਪਾਇਣ ਸਾਰੇ । ਗੁਰ ਸੰਗਤ ਸਾਰੀ ਸੰਗ ਰਲਾਈ, ਚਿੱਟੇ ਘੋੜੇ ਤੰਗ ਕਸਾਈ, ਉਤੇ ਆਸਣ ਸੋਹਣਾ ਲਾਇਆ, ਆਇਆ ਨਹਿਰ ਕਿਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਘਾਟ ਆਪ ਬਣਾਇਆ । ਸੰਤ ਮਨੀ ਸਿੰਘ ਅੱਗੇ ਡਾਹਿਆ । ਛੋਟੀ ਬਾਲੀ ਗੋਦ ਬਿਠਾਇਆ । ਚੜ੍ਹ ਜਾਏ ਲਾਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਭਾਣੇ ਆਪ ਸਮਾਇਆ । ਸਚ ਦਰ ਆ ਕੇ ਗਿਆ ਰੁਕ । ਕਲਜੁਗ ਤੇਰਾ ਭਾਰ ਚੁਕ । ਬੇਮੁਖਾਂ ਮੁਖ ਪਾਏ ਥੁੱਕ । ਅੰਤਮ ਵੇਲਾ ਆਇਆ ਢੁਕ । ਪ੍ਰਭ ਕਾ ਭਾਣਾ ਨਾ ਜਾਏ ਰੁਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਰੁੱਖੜੇ ਹਰੇ ਕਰਾਏ, ਅੰਤਮ ਵੇਲੇ ਗਏ ਸੁੱਕ । ਆਇਆ ਹਰਿ ਛੈਲ ਛਬੀਲਾ । ਚੋਲਾ ਪਾਇਆ ਗਲ ਵਿਚ ਨੀਲਾ । ਦੀਨ ਮੁਹੰਮਦੀ ਆਤਮ ਤੇਰੀ ਲਾਵਣ ਆਇਆ ਤੀਲਾ । ਧਰਤ ਮਾਤ ਕੰਬਦੀ ਥੱਲੇ ਰੋ ਰੋ ਪੁਕਾਰੇ, ਨਿਹਕਲੰਕ ਕਲ ਜਾਮਾ ਧਾਰੇ, ਅੰਤਮ ਵੇਲਾ ਮਿਲ ਲਓ ਕਰ ਕਰ ਸਾਚਾ ਹੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਭੇਖ ਵਟਾਇਆ, ਸੋਹਣਾ ਰੰਗ ਆਪ ਰੰਗਾਇਆ, ਚਿੱਟਾ ਲਾਲ ਸੂਹਾ ਪੀਲਾ । ਸਾਚੀ ਭੇਟਾ ਆਪ ਚੜ੍ਹਾਇੰਦਾ । ਸੰਤ ਮਨੀ ਸਿੰਘ ਸਾਚਾ ਬੇਟਾ ਵਡ ਖੇਵਟ ਖੇਟਾ, ਬੇੜਾ ਬੰਨ੍ਹਣ ਆਇੰਦਾ । ਪ੍ਰਭ ਅਬਿਨਾਸ਼ੀ ਵਡ ਵਡ ਥੇਟਾ, ਨਗਰ ਖੇੜਾ ਇਕ ਵਸਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੀਰਾ ਘਾਟ ਪਹਿਲੀ ਸੇਵਾ ਤੇਰੀ ਆਪਣੀ ਹੱਥੀਂ ਆਪ ਕਰਾਇੰਦਾ । ਸ਼ਬਦ ਘੋੜੇ ਹੋ ਅਸਵਾਰ । ਪਹੁੰਚੇ ਆਣ ਸਚ ਕਿਨਾਰ । ਸੰਤ ਮਨੀ ਸਿੰਘ ਹੋ ਤਿਆਰ । ਸਤਿਜੁਗ ਆਈ ਤੇਰੀ ਵਾਰ । ਅੰਮ੍ਰਿਤ ਜਲ ਸਰੋਵਰ ਸਾਚਾ ਕਰ, ਸਤਿਜੁਗ ਮਿੱਠੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ

ਹੁਕਮ ਆਪ ਸੁਣਾਏ ਦੂਜੀ ਕਰ ਸਾਚੀ ਕਾਰ । ਤੀਜਾ ਹੁਕਮ ਆਪ ਸੁਣਾਏ । ਗੁਰ ਸੰਗਤ ਸਾਰੀ ਦਇਆ ਕਮਾਏ । ਪੱਲੇ ਬੱਧੀ ਗੰਢ ਖੋਲ੍ਹ ਵਖਾਏ । ਧੁਰਦਰਗਾਹੀ ਪਾਏ ਠੰਡ, ਦਾਣਾ ਪਾਣੀ ਮੁਕ ਨਾ ਜਾਏ । ਆਪਣੀ ਹੱਥੀਂ ਰਿਹਾ ਵੰਡ, ਗੁਰਮੁਖ ਸਾਚੇ ਲਏ ਉਠਾਏ । ਬੇਮੁਖ ਪਾਉਂਦੇ ਕਲਜੁਗ ਡੰਡ, ਦਾਣਾ ਹੱਥ ਕਿਸੇ ਨਾ ਆਏ । ਚਾਰੋਂ ਕੁੰਟ ਚਲੇ ਚੰਡ ਪ੍ਰਚੰਡ, ਦੀਨ ਮੁਹੰਮਦੀ ਮਿਟਦਾ ਜਾਏ । ਕਰਨ ਆਇਆ ਖੰਡ ਖੰਡ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਹਾਗੀ ਗੁਰਮੁਖ ਨਾਰ ਸੁਲੱਖਣੀ ਆਪ ਉਠਾਏ । ਸਤਿਜੁਗ ਆਈ ਤੇਰੀ ਵਾਰੀ । ਮਿੱਠੀ ਹੋਈ ਜਲ ਧਾਰੀ । ਸਤਿਜੁਗ ਤੇਰੀ ਨੀਂਹ ਅਪਾਰੀ । ਬੱਕਰੀ ਸ਼ੀਂਹ ਇਕ ਦਵਾਰੀ । ਊਚ ਨੀਚ ਦਾ ਭੇਵ ਨਿਆਰੀ । ਰਾਓ ਰੰਕ ਦਰ ਦਰਬਾਨ ਵਡ ਸੁਲਤਾਨ ਚਰਨ ਕਰੇ ਪਨਿਹਾਰੀ । ਆਪੇ ਹੋਏ ਰਾਜ ਰਾਜਾਨ ਹਰਿ ਮਿਹਰਬਾਨ, ਚਿੱਟੇ ਅਸਵ ਹੋ ਅਸਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੇ ਸਾਚੇ ਫੁੱਲ ਚੜ੍ਹਾਵਣ ਆਇਆ, ਕਲਜੁਗ ਅੰਤਮ ਗੁਰ ਸੰਗਤ ਨਾਲ ਕਰ ਤਿਆਰੀ ।

### ❇ ੯ ਜੇਠ ੨੦੧੧ ਬਿਕ੍ਰਮੀ ਚੇਤ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ❇

ਚੇਤ ਸਿੰਘ ਤੇਰੇ ਸਚ ਦਵਾਰੇ । ਪ੍ਰਭ ਅਬਿਨਾਸ਼ੀ ਸਾਚਾ ਆਇਆ, ਗੁਰ ਸੰਗਤ ਕਰ ਨਾਲ ਤਿਆਰੇ । ਏਕਾ ਨਾਮ ਰੰਗਤ ਚਾੜ੍ਹੇ, ਖਿੜੀ ਸੱਚੀ ਗੁਲਜ਼ਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਪ੍ਰਗਟ ਹੋਇਆ ਵਿਚ ਸੰਸਾਰੇ । ਸਿੰਘ ਸਵਰਨ ਵੱਜੀ ਵਧਾਈ । ਪ੍ਰਭ ਦਰ ਆਇਆ ਚਾਈਂ ਚਾਈਂ । ਸਾਚਾ ਲੇਖਾ ਹਰਿ ਲਿਖਾਏ, ਚਰਨ ਬਹਾਏ ਫੜ ਕੇ ਬਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਸ਼ਟਮ ਜੇਠ ਖ਼ੁਸ਼ੀ ਮਨਾਈ । ਸਿੰਘ ਸਵਰਨ ਹਰਿ ਦਵਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਦੇਵੇ ਸੱਚੀ ਨਾਮ ਦਾਤ, ਅੱਠੇ ਪਹਿਰ ਦਰਸ ਅਪਾਰੇ । ਸੱਚਾ ਝੁੱਲਿਆ ਨਾਮ ਨਿਸ਼ਾਨ, ਤੇਰੇ ਸਚ ਮਹੱਲ ਮੁਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਏ ਆਪ ਕਰਾਏ ਜੈ ਜੈ ਜੈਕਾਰੇ । ਸਾਚਾ ਚਲੇ ਸ਼ਬਦ ਜੈਕਾਰਾ । ਪ੍ਰਭ ਅਬਿਨਾਸ਼ੀ ਪਾਵੇ ਸਾਰਾ । ਮੰਗਣ ਆਇਆ ਬਣ ਭਿਖਾਰਾ । ਭਗਤ ਜਨਾਂ ਦਾ ਹਰਿ ਲਿਖਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੀਆ ਜੋਤ ਸਚ ਵਿਹਾਰਾ । ਸਿੱਖ ਸਾਚੀ ਸੇਵ ਕਮਾਈਆ । ਚਰਨ ਪ੍ਰੀਤੀ ਤੋੜ ਨਿਭਾਈਆ । ਦੇਵਣ ਆਇਆ ਭਗਤ ਵਡਿਆਈਆ । ਆਪੇ ਪਰਖੇ ਕਲਜੁਗ ਨੀਤੀ, ਲੱਖ ਚੁਰਾਸੀ ਵੇਖ ਵਖਾਈਆ । ਮਾਤ ਜਨਮ ਗਿਆ ਜਗ ਜੀਤੀ, ਸਾਚੇ ਧਾਮ ਡੇਰਾ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦਵਾਰੇ ਆਇਆ ਗੁਰਮਤ ਨਾਲ ਰਲਾਈਆ । ਸੰਗਤ ਸਾਰੀ ਬਲ ਬਲ ਜਾਓ । ਪ੍ਰਭ ਅਬਿਨਾਸ਼ੀ ਸਾਚਾ ਪਾਓ । ਸਤਿ ਸਰੂਪੀ ਸਾਚੀ ਮੋਹਰ ਨਾਮ ਲਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਅੰਤਮ ਵੇਲੇ ਲੱਖ ਚੁਰਾਸੀ ਗੇੜ ਕਟਾਓ । ਸਿੰਘ ਚੇਤ ਅੰਤ ਵਿਚਾਰਿਆ । ਪ੍ਰਭ ਅਬਿਨਾਸ਼ੀ ਪਾਰ ਉਤਾਰਿਆ । ਘਨਕਪੁਰ ਵਾਸੀ ਮਾਨਸ ਜਨਮ ਕਰਾਏ ਰਹਿਰਾਸੀ, ਕਲਜੁਗ ਤੇਰੀ ਅੰਤਮ ਵਾਰਿਆ । ਕਰਨ ਆਇਆ ਬੰਦ ਖ਼ਲਾਸੀ, ਮਿਟਾਵਣ ਆਇਆ ਮਦਿਰਾ ਮਾਸੀ, ਹੱਥ ਫੜ ਖੰਡਾ ਦੋ ਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਗੁਰਮੁਖ ਸਾਚੇ ਸੰਤ ਜਨ ਬੇੜਾ ਪਾਰ ਉਤਾਰਿਆ । ਸਿੰਘ ਸਵਰਨ ਸਚ ਦੁਲਾਰਾ । ਗਿਆ


੩੫੦
੦੪

ਚੜ੍ਹ ਹਰਿ ਦਵਾਰਾ । ਅੱਗੇ ਖੜਾ ਹਰਿ ਨਿਰੰਕਾਰਾ । ਦੇਵੇ ਦਰਸ ਅਗੰਮ ਅਪਾਰਾ । ਮਾਤਲੋਕ ਬੱਧੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਵਾ ਆਪੇ ਲਾਈ, ਅੱਠੇ ਪਹਿਰ ਰਹੇ ਦਰ ਦਰਬਾਨ ਨਰ ਨਿਰੰਕਾਰਾ । ਪ੍ਰਭ ਅਬਿਨਾਸ਼ੀ ਜਗਤ ਜੰਜਾਲ ਤੋੜੇ, ਚਰਨ ਪ੍ਰੀਤੀ ਜੋੜੇ ਦਰਸ ਦਿਖਾਇੰਦਾ । ਪ੍ਰਭ ਅਬਿਨਾਸ਼ੀ ਵਾਗ ਮੋੜੇ, ਚੜ੍ਹ ਕੇ ਆਏ ਸ਼ਬਦ ਘੋੜੇ ਤਰਸ ਕਮਾਇੰਦਾ । ਗੁਰਮੁਖ ਦਰਸ ਦਾਨ ਦਰ ਲੋੜੇ, ਪ੍ਰਭ ਅਬਿਨਾਸ਼ੀ ਕਦੇ ਨਾ ਮੋੜੇ, ਦਇਆਵਾਨ ਦਇਆਨਿਧ ਦਇਆ ਨਿਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਮਾਤ ਜਾਮਾ ਪਾਇੰਦਾ । ਜਾਮਾ ਪਾਏ ਕਲਗੀ ਧਰ ਨਰ ਅਵਤਾਰ । ਪੂਰਨ ਕਰਮ ਜਾਏ ਕਰ । ਸ੍ਰਿਸ਼ਟ ਸਬਾਈ ਕਰ ਜਾਏ ਸਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ । ਆਪ ਆਪਣੀ ਕਾਰ ਕਮਾਵੇ, ਸ਼ਬਦ ਸਰੂਪੀ ਖੇਲ ਰਚਾਵੇ, ਜੋਤ ਸਰੂਪੀ ਬਣ ਬਣ ਸਾਚਾ ਕਾਹਨ । ਝੁਲਾਇਆ ਸਚ ਨਿਸ਼ਾਨ । ਮਾਤ ਜੋਤ ਪ੍ਰਗਟਾਏ ਮਿਟਾਏ ਬੇਈਮਾਨ । ਸ਼ਬਦ ਸਰੂਪੀ ਨਾ ਕੋਈ ਛੱਡੇ, ਗੁਰਮੁਖਾਂ ਕਰੇ ਪਛਾਣ । ਪ੍ਰਭ ਬਾਹੋਂ ਪਕੜ ਚਰਨ ਬਹਾਏ, ਆਤਮ ਦੇਵੇ ਬ੍ਰਹਮ ਗਿਆਨ । ਸ਼ਬਦ ਤੀਰ ਇਕ ਚਲਾਵੇ, ਇਕ ਰਖਾਵੇ ਚਰਨ ਧਿਆਨ । ਅੰਮ੍ਰਿਤ ਸਾਚਾ ਸੀਰ ਪਿਲਾਵੇ, ਆਪ ਚੁਕਾਵੇ ਜਮ ਕੀ ਕਾਨ । ਲੱਖ ਚੁਰਾਸੀ ਫੰਦ ਕਟਾਵੇ, ਵਿਚ ਬਿਠਾਏ ਸ਼ਬਦ ਬਬਾਣ । ਦਰ ਘਰ ਸਾਚੇ ਮਾਣ ਦਵਾਵੇ । ਸੱਚਾ ਦੇਵੇ ਪੀਣ ਖਾਣ । ਤ੍ਰਿਸ਼ਨਾ ਭੁੱਖ ਅਗਨ ਬੁਝਾਵੇ, ਸਾਚਾ ਸ਼ਬਦ ਸੁਣਾਵੇ ਕਾਨ । ਅਨਹਦ ਧੁਨ ਸਹਿਜ ਧੁਨ ਉਪਜਾਵੇ, ਸ੍ਰਿਸ਼ਟ ਸਬਾਈ ਪੁਣ ਛਾਣ । ਲਾਲ ਅਨਮੁਲੜਾ ਸਾਚਾ ਹੀਰਾ ਗੁਰਮੁਖਾਂ ਪਕੜ ਲਿਆਵੇ, ਨਿਹਕਲੰਕ ਨਰਾਇਣ ਨਰ ਮਾਤਲੋਕ ਜੋਤ ਧਰ, ਰਾਜੇ ਰਾਣੇ ਵਡ ਜਰਵਾਣੇ, ਬਾਹੋਂ ਪਕੜ ਆਪ ਉਠਾਵੇ ਹਰਿ ਨਿਰੰਕਾਰਿਆ । ਚਾਰੋਂ ਕੁੰਟ ਮਿਲਦਾ ਰਹੇ ਸਰਬ ਸੰਸਾਰਿਆ । ਸ਼ਬਦ ਤੀਰ ਇਕ ਚਲਾਏ, ਵੱਜੇ ਸਾਚਾ ਬਾਣਿਆ । ਤਟ ਤੀਰਥ ਮਾਣ ਗਵਾਏ, ਤਖ਼ਤੋਂ ਲਾਹੇ ਰਾਜੇ ਰਾਣਿਆਂ । ਸਾਚਾ ਸੀਰਥ ਕਿਸੇ ਹੱਥ ਨਾ ਆਏ, ਕਲਜੁਗ ਜੀਵ ਭੁੱਲੇ ਵਡ ਗਿਆਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਧਾਰੇ ਭੇਖ ਪ੍ਰਗਟ ਹੋਇਆ ਵਿਚ ਜਹਾਨਿਆ । ਜੋਤ ਸਰੂਪੀ ਜਾਮਾ ਪਾਏ । ਸ਼ਬਦ ਕਲਗੀ ਸੀਸ ਟਿਕਾਏ । ਨਾਮ ਤੋੜਾ ਆਪ ਲਗਾਏ । ਚਿੱਟਾ ਘੋੜਾ ਪੌਣ ਬਣਾਏ । ਉਤੇ ਸੋਹਣਾ ਆਸਣ ਪਾਏ । ਸੋਲਾਂ ਕਲੀਆਂ ਜੜਤ ਜੁੜਾਏ । ਸੱਤਾਂ ਦੀਪਾਂ ਨੌਵਾਂ ਖੰਡਾਂ ਚਾਰੋਂ ਤਰਫ ਆਪ ਦੌੜਾਏ । ਪ੍ਰਭ ਪਾਏ ਜਾ ਜਾ ਵੰਡਾਂ, ਸਚ ਵਿਹਾਰਾ ਆਪ ਕਰਾਏ । ਬੇਮੁਖਾਂ ਦੇਵਣ ਆਇਆ ਦੰਡਾਂ, ਵੇਲੇ ਅੰਤ ਹੋਏ ਦੁੱਖਦਾਏ । ਆਤਮ ਤੋੜੇ ਸਰਬ ਘਮੰਡਾ, ਹੰਕਾਰ ਵਿਕਾਰ ਸਰਬ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ਼ਬਦ ਕਟਾਰੀ ਹੱਥ ਉਠਾਏ । ਫੜੇ ਸ਼ਬਦ ਕਟਾਰ ਤਿੱਖੀ ਧਾਰੇ । ਚਾਰੋਂ ਕੁੰਟ ਜਾਏ ਵਾਰੋ ਵਾਰੀ, ਮਾਰੇ ਡਾਹਢੀ ਮਾਰੇ । ਪੂਰਨ ਪੁਰਖ ਨਰ ਅਵਤਾਰ, ਰੂਪ ਰੰਗ ਅਗੰਮ ਅਪਾਰੇ । ਸਾਚੇ ਘੋੜੇ ਹੋ ਅਸਵਾਰ, ਫਿਰਦਾ ਚਾਰ ਚੁਫੇਰੇ । ਆਪੇ ਵੇਖ ਕਾਬਲ ਕੰਧਾਰ, ਸੱਤਰ ਲੱਖ ਕਰੇ ਖ਼ਬਰਦਾਰੇ । ਪੂਰਬ ਕਰਮ ਸਰਬ ਰਿਹਾ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਇਆ ਵਿਚ ਸੰਸਾਰੇ । ਚਲੇ ਨਾਮ ਤੀਰ ਨਿਸ਼ਾਨਾ । ਆਪ ਉਠਾਏ ਵਡ ਬਲੀ ਬਲਵਾਨਾ । ਸਾਚਾ ਹੁਕਮ ਆਪ ਸੁਣਾਏ, ਮੇਟ ਮਿਟਾਏ ਜੀਵ ਸ਼ੈਤਾਨਾ । ਚਾਰੋਂ ਕੁੰਟ ਅਗਨ ਲਗਾਏ, ਆਪ ਬਿਠਾਏ ਵਿਚ ਬਬਾਨਾ ।

੩੫੧ ੦੪

੩੫੨ ੦੪
੩੫੨ ੦੪

ਵਾਹਵਾ ਡਾਹਢਾ ਭੇੜ ਭਿੜਾਏ, ਜਗਤ ਵਿਕਾਰਾ ਹੋਏ ਧੁੰਦੂਕਾਰ ਜ਼ਿਮੀਂ ਅਸਮਾਨਾਂ । ਪਹਿਲੀ ਹਰਿ ਜੀ ਛੇੜ ਛਿੜਾਏ, ਮੱਕਾ ਮਦੀਨਾ ਪਹਿਲੇ ਢਾਹੁਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ ਬਣ ਕੇ ਆਇਆ ਸਾਚਾ ਕਾਹਨਾ । ਸਾਚਾ ਕਾਹਨ ਕ੍ਰਿਸ਼ਨ ਮੁਰਾਰ ਹੈ । ਪ੍ਰਗਟ ਹੋਇਆ ਜੋਤ ਸਰੂਪੀ ਜਾਮਾ ਧਾਰੇ, ਨਰ ਨਰਾਇਣ ਲਿਆ ਅਵਤਾਰੇ, ਗੁਰਮੁਖ ਵੇਖਣ ਤੀਜੇ ਨੈਣੇ ਕਰੇ ਸਚ ਵਿਹਾਰ ਹੈ । ਇਕ ਦੂਜੇ ਦੇ ਛੁਟਣ ਸਾਕ ਸੈਣੀ, ਧੀਆਂ ਭੈਣਾਂ ਨਾ ਕੋਈ ਕਰੇ ਪਿਆਰ ਹੈ । ਗੁਰ ਚਰਨ ਪ੍ਰੀਤੀ ਸਾਚੀ ਦਿੱਤੀ, ਅੰਤਮ ਪਾਵੇ ਸਾਚੀ ਸਾਰ ਹੈ । ਜੋਤ ਜਗਾਏ ਲਹਿਣੀ ਦੇਣੀ ਅੰਤਮ ਪਾਵੇ ਸਾਚੀ ਸਾਰ ਹੈ । ਨਿਹਕਲੰਕ ਨਰਾਇਣ ਨਰ ਜੋਤ ਸਰੂਪੀ ਲਿਆ ਮਾਤ ਅਵਤਾਰ ਹੈ ।

## ✻ ੯ ਜੇਠ ੨੦੧੧ ਬਿਕ੍ਰਮੀ ਮਨੀ ਰਾਮ ਦੇ ਗ੍ਰਿਹ ਪਿੰਡ ਸਿਧਵਾਂ ਜ਼ਿਲਾ ਅੰਮ੍ਰਿਤਸਰ ✻

ਪ੍ਰਭ ਸੁਹਾਏ ਥਾਨ, ਚਰਨ ਛੁਹਾਇੰਦਾ । ਪ੍ਰਭ ਸੁਹਾਏ ਥਾਨ, ਮਾਣ ਦਵਾਇੰਦਾ । ਸੱਚਾ ਨਾਮ ਜਗਤ ਨਿਸ਼ਾਨ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਇਕ ਚੜ੍ਹਾਇੰਦਾ । ਪ੍ਰਭ ਸੁਹਾਏ ਥਾਨ, ਅੰਤਮ ਅੰਤ ਸਾਚਾ ਸੰਗ ਪ੍ਰਭ ਅਬਿਨਾਸ਼ੀ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਪੈਜ ਰਖਾਇੰਦਾ । ਸਾਚਾ ਧਾਮ ਆਪ ਸੁਹਾਇਆ । ਪ੍ਰਭ ਅਬਿਨਾਸ਼ੀ ਜਾਮਾ ਪਾਇਆ । ਨਿਰਗੁਣ ਸਰਗੁਣ ਦੋਵੇਂ ਰੰਗ ਕਰ ਹਰਿ ਵਖਾਇਆ । ਨਾ ਕੋਈ ਦਿਸੇ ਸਤਿ ਸਰੂਪ, ਭੇਵ ਕਿਸੇ ਨਾ ਪਾਇਆ । ਏਕਾ ਜੋਤ ਸਤਿ ਸਰੂਪੀ, ਗੁਰਮੁਖ ਸਾਚੇ ਵਿਚ ਸਮਾਇਆ । ਸ੍ਰਿਸ਼ਟ ਸਬਾਈ ਅੰਧ ਕੂਪੀ, ਭਰਮ ਭੁਲੇਖੇ ਸਰਬ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪੀ ਜਾਮਾ ਪਾਇਆ । ਜਾਮਾ ਧਾਰੇ ਸ੍ਰੀ ਭਗਵਾਨੇ । ਕਰੇ ਖੇਲ ਜਗਤ ਮਹਾਨੇ । ਸ਼ਬਦ ਚਲਾਏ ਤੀਰ ਕਮਾਨੇ । ਚਾਰੋਂ ਕੁੰਟ ਪ੍ਰਭ ਅਬਿਨਾਸ਼ੀ ਆਪੇ ਕਰੇ ਵੈਰਾਨੇ । ਪ੍ਰਗਟ ਹੋਇਆ ਘਨਕਪੁਰ ਵਾਸੀ, ਜਨ ਭਗਤਾਂ ਹੋਇਆ ਦਾਸ ਦਾਸੀ, ਆਪ ਚੜ੍ਹਾਏ ਸ਼ਬਦ ਬਬਾਣੇ । ਏਕਾ ਆਤਮ ਰੱਖੇ ਵਾਸ, ਸਾਚੀ ਜੋਤ ਜਗਾਏ ਮਹਾਨੇ । ਸੋਹੰ ਸ਼ਬਦ ਜਪੇ ਸਵਾਸ ਸਵਾਸੇ, ਗੁਰਮੁਖ ਸਾਚੇ ਮਾਣ ਦਵਾਨੇ । ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਰ, ਅਚਰਜ ਖੇਲ ਕਰੇ ਵਿਚ ਮਾਤ ਜਹਾਨੇ । ਨਿਹਕਲੰਕ ਕਲ ਜਾਮਾ ਧਾਰੇ । ਜੋਤ ਸਰੂਪੀ ਜਾਮਾ ਧਾਰੇ । ਨਰ ਨਰਾਇਣ ਵਿਚ ਸੰਸਾਰੇ । ਗੁਰਮੁਖ ਵਿਰਲੇ ਲਾਹਾ ਲੈਣ, ਜਿਸ ਦੇਵੇ ਨਾਮ ਅਧਾਰੇ । ਆਪੇ ਬਣੇ ਸਾਕ ਸੱਜਣ ਸੈਣ ਭਾਈ ਭੈਣ, ਆਪੇ ਹੋਏ ਪਹਿਰੇਦਾਰੇ । ਆਪ ਚੁਕਾਏ ਲੈਣ ਦੇਣ, ਗੁਰਮੁਖ ਸਾਚੇ ਸੰਤ ਦੁਲਾਰੇ । ਬੇਮੁਖ ਜਾਣ ਵਹਿੰਦੇ ਵਹਿਣ, ਕਲਜੁਗ ਤੇਰੀ ਅੰਤਮ ਵਾਰੇ । ਗੁਰਸਿਖ ਸਾਚਾ ਲਾਹਾ ਲੈਣ, ਆਏ ਚਲ ਦਵਾਰੇ । ਲੱਖ ਚੁਰਾਸੀ ਗੇੜ ਕਟਾਇਣ, ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਨਾਮ ਅਧਾਰੇ । ਦੇਵੇ ਨਾਮ ਨਿਧਾਨ, ਸਾਚਾ ਬਖ਼ਸ਼ੇ ਚਰਨ ਧਿਆਨ ਹੈ । ਮਾਨਸ ਜਨਮ ਜਾਏ ਸਵਾਰ, ਪ੍ਰਭ ਅਬਿਨਾਸ਼ੀ ਵਡ ਦਾਤਾ ਮਿਹਰਬਾਨ ਹੈ । ਏਕਾ ਦੇਵੇ ਸ਼ਬਦ ਸੱਚੀ ਧਾਰ, ਆਦਿ ਅੰਤ ਜੁਗਾ ਜੁਗੰਤ ਸੱਚਾ ਨਿਗਾਹਬਾਨ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਤਮ ਸਾਚੀ ਜੋਤ ਜਗਾਏ, ਅਗਿਆਨ ਅੰਧੇਰ ਸਰਬ ਮਿਟਾਨ ਹੈ । ਅਗਿਆਨ ਅੰਧੇਰ ਸਰਬ ਮਿਟਾਏ । ਸੰਞ ਸਵੇਰਾ ਇਕ ਕਰਾਏ । ਦੀਪਕ ਸਾਚਾ ਇਕ ਜਗਾਏ । ਅੱਠੇ ਪਹਿਰ ਡਗਮਗਾਏ । ਦਿਵਸ ਰੈਣ ਕਰੇ ਰੁਸ਼ਨਾਏ । ਇੱਕਾ

ਦਿਸੇ ਸਾਚੀ ਨਾਏ । ਵੇਲੇ ਅੰਤ ਆਪ ਚੜ੍ਹਾਏ । ਗੁਰਮੁਖਾਂ ਫੜ ਕੇ ਬਾਹੀਂ, ਦਰਗਹਿ ਸਾਚੀ ਮਾਣ ਦਵਾਏ । ਜਿਥੇ ਕੋਈ ਜਾਏ ਨਾਹੀ, ਗੁਰਮੁਖ ਸਾਚੇ ਸੰਤ ਜਨਾਂ, ਅੰਤਮ ਜੋਤੀ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਆਵੇ ਜਾਵੇ ਖੇਲ ਰਚਾਵੇ, ਭੇਵ ਕੋਈ ਨਾ ਪਾਏ । ਆਪੇ ਆਵੇ ਆਪੇ ਜਾਵੇ, ਜਗਤ ਰਹਾਵੇ ਪੂਰਨ ਭਗਵੰਤਾ । ਵਿਰਲੇ ਗੁਰਮੁਖ ਭੇਵ ਚੁਕਾਏ ਸਾਚੇ ਸੰਤਾਂ । ਸਾਚਾ ਨਾਮ ਝੋਲੀ ਪਾਏ, ਮੇਲ ਮਿਲਾਵਾ ਸਾਚਾ ਕੰਤਾ । ਬੇਮੁਖ ਬੰਨ੍ਹਣ ਝੂਠੇ ਦਾਅਵੇ, ਮਦਿਰਾ ਮਾਸ ਮੁਖ ਲਗਾਉਣਾ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਦਿ ਜੁਗਾਦੀ ਬਣਾਏ ਸਾਚੀ ਬਣਤਾ । ਆਦਿ ਅੰਤ ਬਣਤ ਬਣਾਏ । ਮਹਿੰਮਾ ਅਗਣਤ ਗਣੀ ਨਾ ਜਾਏ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਅਬਿਨਾਸ਼ੀ ਚਰਨੀ ਲਾਏ । ਆਪ ਕਰਾਏ ਸਾਚੀ ਕਾਰੀ, ਸਾਚੀ ਸੇਵਾ ਲਾਏ । ਪੰਡਤ ਪੜ੍ਹਨ ਵਿਦਿਆ ਕਾਂਸ਼ੀ, ਪ੍ਰਭ ਅਬਿਨਾਸ਼ੀ ਹੱਥ ਨਾ ਆਏ । ਕਲਜੁਗ ਤੇਰਾ ਅੰਤਮ ਵੇਲਾ ਚਾਰੋਂ ਕੁੰਟ ਦਿਸਣ ਮਦਿਰਾ ਮਾਸੀ, ਹਰਿ ਕਾ ਨਾਮ ਗਏ ਭੁਲਾਏ । ਪ੍ਰਗਟ ਹੋਇਆ ਘਨਕਪੁਰ ਵਾਸੀ ਦੇਵੇ ਸਜ਼ਾਏ । ਧਰਮ ਰਾਏ ਕਰ ਤਿਆਰ ਫ਼ਾਸੀ, ਲੱਖ ਚੁਰਾਸੀ ਤੇਰੇ ਦਰ ਬਹਾਏ । ਅੰਤਮ ਵੇਲੇ ਕਰ ਕਰ ਹਾਸੀ, ਬੇਮੁਖ ਸਾਰੇ ਗਏ ਭੁਲਾਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਨਾਮ ਜਪਾਏ ਸਵਾਸ ਸਵਾਸੀ, ਵੇਲੇ ਅੰਤ ਲਏ ਛੁਡਾਏ । ਵੇਲਾ ਅੰਤ ਆਪ ਸੁਹਾਵਣਾ । ਗੁਰਮੁੱਖ ਸਾਚਾ ਸੰਤ ਜਗਾਵਣਾ । ਜੋਤ ਸਰੂਪੀ ਦਰਸ ਦਿਖਾਵਣਾ । ਜੋਤੀ ਜੋਤ ਸਰੂਪ ਹਰਿ, ਹਰਿ ਚਰਨ ਪ੍ਰੀਤੀ ਤੋੜ ਨਿਭਾਵਣਾ । ਉਠ ਜੀਵ ਜਾਗ ਵਕਤ ਦੁਹੇਲਾ । ਕਲਜੁਗ ਅੰਤਮ ਆ ਗਿਆ, ਪ੍ਰਭ ਮਿਲਣ ਦਾ ਵੇਲਾ । ਜਨ ਭਗਤਾਂ ਸਾਚਾ ਵਕਤ ਸੁਹਾ ਲਿਆ, ਕਲਜੁਗ ਅੰਧੇਰਾ ਛਾ ਗਿਆ, ਚਾਰੋਂ ਕੁੰਟ ਹੋਏ ਵਾਵੈਲਾ । ਨਿਹਕਲੰਕੀ ਜਾਮਾ ਪਾ ਗਿਆ, ਆਪੇ ਇਕ ਇਕੇਲਾ । ਚਾਰੋਂ ਕੁੰਟ ਸ਼ਬਦ ਡੰਕ ਵਜਾ ਲਿਆ, ਅਪੇ ਬਣੇ ਸੱਜਣ ਸੁਹੇਲਾ । ਰਾਓ ਰੰਕ ਸਰਬ ਉਠਾ ਗਿਆ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਜੋਤੀ ਜੋਤ ਸਰੂਪ ਹਰਿ, ਚਾਰ ਵਰਨਾਂ ਏਕਾ ਸਰਨਾ ਸਤਿਜੁਗ ਸਾਚਾ ਰਾਹ ਵਖਾ ਗਿਆ । ਭਗਤ ਵਛਲ ਗਿਰਧਾਰ ਸਰਬ ਸੁਖਦਾਈ ਹੈ । ਆਪੇ ਬਖ਼ਸ਼ੇ ਚਰਨ ਪਿਆਰ, ਸਾਚੀ ਰੀਤ ਚਲਾਈ ਹੈ । ਦੂਜੀ ਦਿਸੇ ਸ਼ਬਦ ਧਾਰ, ਸਾਚਾ ਰਾਗ ਸੁਣਾਈ ਹੈ । ਤੀਜੇ ਕਰਮ ਲਏ ਵਿਚਾਰ, ਪੂਰਬ ਲਹਿਣਾ ਆਪ ਚੁਕਾਈ ਹੈ । ਚੌਥੇ ਸ਼ਬਦ ਘੋੜੇ ਕਰ ਅਸਵਾਰ, ਤਿੰਨਾਂ ਲੋਕਾਂ ਫੇਰ ਫਿਰਾਈ ਹੈ । ਪੰਜਵੇਂ ਪਰਮ ਪੁਰਖ ਅਪਾਰ, ਸਾਚੀ ਜੋਤ ਮੇਲ ਮਿਲਾਈ ਹੈ । ਛੇਵੇਂ ਖੇਲ ਵੇਖ ਕਰਤਾਰ, ਕਰੇ ਖੇਲ ਰਘੁਰਾਈ ਹੈ । ਸਤਵੇਂ ਸੱਤਾਂ ਦੀਪਾਂ ਪਾਏ ਸਾਰ, ਜੋਤ ਜਗਾਈ ਹੈ । ਅਠਵੇਂ ਉਠੇ ਸ਼ਬਦ ਲੇਖ ਲਿਖਾਰ, ਡੰਕ ਰਿਹਾ ਵਜਾਈ ਹੈ । ਨਾਵੇਂ ਨੌਂ ਖੰਡ ਪ੍ਰਿਥਮੀ ਪ੍ਰਭ ਅਬਿਨਾਸ਼ੀ ਸੋਈ ਆਪ ਜਗਾਈ ਹੈ । ਦਸਵੇਂ ਦਹਿ ਦਿਸ਼ਾ ਆਤਮ ਘਰ ਸਾਚੇ ਦਰ ਜੋਤ ਸਰੂਪੀ ਡੇਰਾ ਲਾਈ ਹੈ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਸਮਾਈ ਹੈ । ਆਪਣਾ ਭਾਣਾ ਆਪੇ ਜਾਣੇ ਨਾ ਕੋਈ ਰਾਜਾ ਰਾਣੇ । ਆਤਮ ਹੋਏ ਅੰਧੇ ਕਾਣੇ । ਪ੍ਰਭ ਅਬਿਨਾਸ਼ੀ ਕਵਣ ਪਛਾਣੇ । ਅੰਤਮ ਵੇਲੇ ਸਾਰੇ ਸੁੱਤੇ ਬਾਹਵਾਂ ਹੇਠ ਰੱਖ ਸਰਹਾਣੇ । ਨਿਹਕਲੰਕ ਕਲ ਜਾਮਾ ਪਾਇਆ, ਫੜ ਕੇ ਬਾਹੋਂ ਬਾਹਰ ਸੁੱਟੇ, ਮਾਤਲੋਕ ਰਹਿਣ ਨਾ ਪਾਣੇ । ਧਰਮ ਰਾਏ ਦੇ ਅੱਗੇ ਫੜ ਫੜ ਕੁੱਟੇ, ਦੇਵੇ ਦੁੱਖ ਮਹਾਨੇ । ਡੂੰਘੀ ਕੰਦਰ ਨਰਕ ਨਿਵਾਸ ਸੁੱਟੇ, ਅਗਨੀ ਅੱਗ ਜਲਾਨੇ । ਬੇਮੁਖਾਂ ਜੜ੍ਹ ਆਪੇ ਪੁੱਟੇ, ਜਾਮਾ ਧਾਰ ਸ੍ਰੀ ਭਗਵਾਨੇ । ਕਲਜੁਗ ਅੰਤਮ ਚੋਗ ਨਿਖੁੱਟੇ, ਨਾ ਮਿਲੇ ਕਿਸੇ ਕੋਈ ਦਾਨੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ

ਨਰ, ਭੇਖ ਧਰੇ ਸ੍ਰੀ ਭਗਵਾਨੇ । ਬੇਮੁਖ ਜਗਤ ਅੰਧਿਆਰ ਹੈ । ਏਕਾ ਵੇਖੇ ਰਸਨਾ ਸੁਖ, ਆਤਮ ਰਹੇ ਹੰਕਾਰੀ ਦੁੱਖ, ਅੱਠੇ ਪਹਿਰ ਰਹੇ ਬੁਖ਼ਾਰ ਹੈ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਅਬਿਨਾਸ਼ੀ ਇਕ ਉਪਜਾਏ ਸਾਚਾ ਸੁਖ, ਆਤਮ ਸਰ ਸਰੋਵਰ ਨੁਹਾਵੇ, ਕਰੇ ਭਗਤ ਉਧਾਰ ਹੈ । ਉਜਲ ਕਰਾਏ ਜਗਤ ਮੁਖ, ਮਾਨਸ ਜਨਮ ਨਾ ਆਏ ਹਾਰ ਹੈ । ਸੁਫ਼ਲ ਕਰਾਏ ਮਾਤ ਕੁੱਖ, ਪ੍ਰਭ ਅਬਿਨਾਸ਼ੀ ਜੋ ਜਨ ਰਸਨਾ ਰਿਹਾ ਉਚਾਰ ਹੈ । ਪ੍ਰਗਟ ਹੋਵੇ ਘਨਕਪੁਰ ਵਾਸੀ, ਨਿਹਕਲੰਕ ਨਰਾਇਣ ਨਰ, ਵਡ ਬਲੀ ਬਲਵਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਅੰਤਮ ਵੇਲੇ ਨਿਹਕਲੰਕ ਕਲਗੀ ਧਰ ਅਵਤਾਰ ਹੈ । ਸੰਤ ਜਨਾਂ ਹਰਿ ਆਸਾ ਪੂਰ । ਆਤਮ ਦੇਵੇ ਜੋਤੀ ਨੂਰ । ਦੁਰਮਤ ਮੈਲ ਪ੍ਰਭ ਸਾਚੇ ਧੋਈ, ਸ਼ਬਦ ਦੇਵੇ ਸਾਚੀ ਤੂਰ, ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਸਦਾ ਸਦਾ ਭਰਪੂਰ । ਸੰਤ ਜਨਾਂ ਧਨ ਕਮਾਈ ਹੈ । ਸਾਚੀ ਸੇਵਾ ਪ੍ਰਭ ਚਰਨ ਕਮਾਈ ਹੈ । ਦੇਵੇ ਦਰਸ ਵਡ ਦੇਵੀ ਦੇਵਾ, ਜੋਤ ਸਰੂਪੀ ਜਾਮਾ ਪਾਈ ਹੈ । ਏਕਾ ਹਰਿ ਅਲਖ ਅਭੇਵਾ, ਬੇਮੁਖਾਂ ਦਿਸ ਨਾ ਆਈ ਹੈ । ਸੋਹੰ ਜੋਤੀ ਮੇਲ ਅੰਮ੍ਰਿਤ ਮੇਵਾ, ਕਾਇਆ ਠੰਡੀ ਠਾਰ ਰਖਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਗਾਇਆ ਰਸਨਾ ਜਿਹਵਾ, ਲੱਖ ਚੁਰਾਸੀ ਗੇੜ ਕਟਾਈ ਹੈ । ਸੰਤ ਜਨਾਂ ਹਰਿ ਸਦ ਬਲਿਹਾਰੇ । ਏਕਾ ਦੇਵੇ ਨਾਮ ਅਧਾਰੇ । ਸ਼ਬਦ ਸਰੂਪੀ ਵਾਜਾਂ ਮਾਰੇ । ਸੋਹੰ ਦੇਵੇ ਸੱਚਾ ਤਾਜਾ, ਨਰ ਹਰਿ ਨਰਾਇਣ ਨਿਰੰਕਾਰੇ । ਆਪ ਸਵਾਰੇ ਆਪਣਾ ਕਾਜਾ, ਗੁਰਮੁਖ ਸਾਚਾ ਪਾਰ ਉਤਾਰੇ । ਪ੍ਰਗਟ ਹੋਏ ਦੇਸ ਮਾਝਾ, ਨਿਹਕਲੰਕ ਵਡ ਬਲੀ ਬਲਵਾਨ ਸੱਚੀ ਸਰਕਾਰੇ । ਸ਼ਬਦ ਉਡਾਏ ਸੱਚਾ ਬਾਜਾ, ਚਾਰ ਕੁੰਟ ਕਰਾਏ ਜੈ ਜੈ ਜੈਕਾਰੇ । ਆਪ ਰਖਾਏ ਤੇਰੀ ਲਾਜਾ, ਦੇਵੇ ਦਰਸ ਅਗੰਮ ਅਪਾਰੇ । ਚਾਰੋਂ ਕੁੰਟ ਕਰਾਏ ਭਾਜਾ, ਸ਼ਬਦ ਖੰਡਾ ਮਾਰੇ ਭਾਰੇ । ਲੱਖ ਚੁਰਾਸੀ ਜਿਸ ਸਾਜਨ ਸਾਜਾ, ਸਰਬ ਜੀਆਂ ਹਰਿ ਪਾਵੇ ਸਾਰੇ । ਆਪੇ ਮੱਕਣ ਆਪੇ ਹਾਜਣ, ਦੂਜਾ ਕਾਅਬਾ ਨਾ ਕੋਈ ਵਿਚਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਾਤਲੋਕ ਹਰਿ ਜਾਮਾ ਧਾਰੇ । ਸੰਤ ਜਨਾਂ ਹਰਿ ਸਾਚਾ ਗਾਇਆ । ਪ੍ਰਭ ਅਬਿਨਾਸ਼ੀ ਸਾਚਾ ਪਾਇਆ । ਹਉਮੇ ਮਮਤਾ ਰੋਗ ਗਵਾਇਆ । ਕਰਮ ਵਿਜੋਗ ਨਾ ਰਹੇ ਰਾਇਆ । ਸਤਿ ਸੰਜੋਗ ਪ੍ਰਭ ਅਬਿਨਾਸ਼ੀ ਸੰਗ ਨਿਭਾਇਆ । ਦੇਵੇ ਦਰਸ ਅਮੋਘ, ਜੋਤੀ ਦੀਪਕ ਆਪ ਜਗਾਇਆ । ਸੋਹੰ ਸ਼ਬਦ ਚੁਗਾਏ ਸਾਚੀ ਚੋਗ, ਗੁਰਮੁਖ ਸਾਚਾ ਹੰਸ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ , ਏਕਾ ਆਪਣੇ ਰੰਗ ਸਮਾਇਆ । ਨਾ ਕੋਈ ਪਿਤਾ ਨਾ ਕੋਈ ਮਾਏ । ਗੁਰਮੁਖਾਂ ਕਰੇ ਹਿਤਾ, ਸਾਚੀ ਬਣਤ ਬਣਾਏ । ਆਪੇ ਬਣੇ ਸਾਚਾ ਮਿਤਾ, ਵੇਲੇ ਅੰਤ ਹੋਏ ਸਹਾਏ । ਸਾਚਾ ਮਾਣ ਦਵਾਏ ਅਠਾਰਾਂ ਧਿਆਏ ਗੀਤਾ, ਚਰਨ ਪ੍ਰੀਤੀ ਜੋ ਜਨ ਲਾਏ । ਕਾਇਆ ਕਰੇ ਠੰਡੀ ਸੀਤਾ, ਆਤਮ ਧਾਰ ਹਰਿ ਕਰਤਾਰ ਆਪ ਰਹਾਏ । ਆਪੇ ਪਰਖੇ ਲੱਖ ਚੁਰਾਸੀ ਨੀਤਾ, ਭਗਤ ਜਨਾਂ ਦੀ ਲਾਜ ਰਖਾਏ । ਸਤਿਜੁਗ ਚਲਾਏ ਸਾਚੀ ਰੀਤਾ, ਕਲਜੁਗ ਅੰਤਮ ਮੇਟ ਮਿਟਾਏ । ਚਾਰ ਵਰਨ ਪ੍ਰਭ ਏਕਾ ਕੀਆ, ਊਚ ਨੀਚ ਦਾ ਭੇਵ ਮਿਟਾਏ । ਸਾਚਾ ਮਾਣ ਤਾਣ ਸਤਿਜੁਗ ਸਾਚੇ ਦੇਣਾ, ਗੁਰਮੁਖ ਸਾਚੇ ਸੰਤ ਜਨ ਉਪਾਏ । ਗੁਰਮੁਖ ਸਾਚੇ ਅੰਤ ਕਾਲ ਕਲ ਮਾਨਸ ਜਨਮ ਮਿਲਿਆ, ਦਿਵਸ ਰੈਣ ਅੱਠੇ ਪਹਿਰ ਪ੍ਰਭ ਅਬਿਨਾਸ਼ੀ ਰਸਨਾ ਗਾਏ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਵਿਚ ਸਮਾਏ । ਸੰਤ ਜਨਾਂ ਹਰਿ ਦੇਵੇ ਨਾਮ ਅਨਮੋਲ । ਗੁਰਮੁਖ ਸਾਚੇ ਸੰਤ ਜਨ, ਉਤਰਨ ਪੂਰੇ ਤੋਲ । ਸਾਚਾ ਦੇਵੇ ਨਾਮ ਧਨ, ਗੁਰਮੁਖ

ਅੰਤ ਨਾ ਜਾਏ ਡੋਲ । ਸਾਚਾ ਹਰਿ ਦੂਈ ਦਵੈਤੀ ਦੇਵੇ ਪੜਦੇ ਖੋਲ੍ਹ । ਧਰਮ ਰਾਏ ਨਾ ਲਾਏ ਡੰਨ, ਪ੍ਰਭ ਅਬਿਨਾਸੀ ਵਸੇ ਕੋਲ । ਅੰਤਮ ਬੇੜਾ ਜਾਏ ਬੰਨ੍ਹ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਲੋਇਣ ਤੀਜਾ ਦੇਵੇ ਖੋਲ੍ਹ । ਸੰਤ ਜਨਾਂ ਹਰਿ ਲੋਇਣ ਤੀਜਾ ਖੋਲ੍ਹੇ । ਜੋਤ ਸਰੂਪੀ ਕਿਰਪਾ ਕਰ, ਪੜਦਾ ਲਾਹੇ ਰੱਖਿਆ ਓਹਲੇ । ਸਾਚੀ ਦੇਵੇ ਜੋਤ ਧਰ, ਜਗੇ ਜੋਤ ਇਕ ਅਮੋਲੇ । ਆਤਮ ਨੁਹਾਏ ਸਾਚੇ ਸਰ, ਗੁਰਮੁਖ ਸਾਚਾ ਕਦੇ ਨਾ ਡੋਲੇ । ਆਪ ਵਖਾਏ ਸਾਚਾ ਘਰ, ਪ੍ਰਭ ਅਬਿਨਾਸ਼ੀ ਜਿਥੇ ਬੋਲੇ । ਰੰਗ ਚੜ੍ਹਾਏ ਅਪਰ ਅਪਾਰ, ਗੁਰਮੁਖ ਸਾਚੇ ਕਾਇਆ ਚੋਲੇ । ਜੋਤ ਜਗਾਏ ਚਰਨ ਲਾਗ ਜਾਏ ਤਰ, ਪ੍ਰਭ ਦਰ ਆਏ ਹੋਏ ਗੋਲੇ । ਚਰਨ ਸਰਨ ਜੋ ਜਨ ਆਏ, ਜੋਤੀ ਜੋਤ ਸਰੂਪ ਹਰਿ, ਭੇਵ ਅਵਲੜਾ ਏਕਾ ਆਪਣਾ ਖੋਲ੍ਹੇ । ਸੰਤ ਜਨਾਂ ਹਰਿ ਦੇਵੇ ਨਾਮ ਨਿਧਾਨਾ । ਜਿਸ ਜਨ ਆਤਮ ਜਾਏ ਸੀਝ, ਮਿਟੇ ਅੰਧੇਰ ਪ੍ਰਕਾਸ਼ ਕਰਾਏ ਕੋਟਨ ਭਾਨਾ । ਜਨ ਭਗਤ ਕਰਾਏ ਰੀਝ । ਜਗਤ ਚਲਾਏ ਸਚ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਸਾਚਾ ਮੇਲ ਮਿਲਾਏ ਗੁਰਮੁਖ ਸਾਚੇ ਸੰਤ ਜਨਾਂ ਆਦਿ ਅੰਤਾ ਹਰਿ ਭਗਵੰਤਾ, ਗੁਣਵੰਤਾ ਗੁਣ ਨਿਧਾਨਾ । ਸੰਤ ਜਨਾਂ ਹਰਿ ਕਰ ਪਿਆਰ । ਆਤਮ ਦੇਵੇ ਸਾਚੀ ਧਾਰ । ਸ਼ਬਦ ਸਰੂਪੀ ਇਕ ਧੁਨਕਾਰ । ਬਿਨ ਰੰਗ ਰੂਪੀ ਹਰਿ ਕਰਤਾਰ । ਵਡਾ ਸ਼ਾਹੋ ਭੂਪੀ, ਦਰਸ ਦਿਖਾਏ ਅਗੰਮ ਅਪਾਰ । ਏਕਾ ਜੋਤ ਸਦਾ ਸਤਿ ਸਰੂਪੀ, ਪ੍ਰਗਟ ਹੋਏ ਕਾਇਆ ਮੰਦਰ ਸਾਚੇ ਅੰਦਰ ਡੂੰਘੀ ਕੰਦਰ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਸੰਤ ਜਨਾਂ ਹਰਿ ਵਸੇ ਪਾਸੇ । ਮਾਨਸ ਜਨਮ ਕਰਾਏ ਰਹਿਰਾਸੇ । ਸਾਚਾ ਨਾਮ ਹਰਿ ਝੋਲੀ ਪਾਏ । ਸ਼ਬਦ ਚਲਾਏ ਸਵਾਸ ਸਵਾਸੇ । ਸਾਚੀ ਡੋਲੀ ਆਪ ਚੜ੍ਹਾਏ । ਕਰੇ ਬੰਦ ਖ਼ਲਾਸੇ । ਤੋਰੀ ਜਾਏ ਹੌਲੀ ਹੌਲੀ, ਨਿਜ ਘਰ ਆਤਮ ਕਰਾਏ ਆਪ ਵਾਸੇ । ਸਚ ਘਰ ਆਤਮ ਦਰ ਹਰਿ ਦੇਵੇ ਖੋਲ੍ਹ, ਆਪੇ ਤੋਲੇ ਪੂਰੇ ਤੋਲ, ਗੁਰਮੁਖ ਸਾਚੇ ਸੰਤ ਜਨਾਂ ਕਾਇਆ ਮਾਟੀ ਭਾਂਡੇ ਕਾਚੇ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਸਰਬ ਘਟਾਂ ਘਟ ਰੱਖੇ ਵਾਸੇ । ਹਰਿਜਨ ਹਰਿ ਦੋਏ ਏਕ ਹੈ । ਜਨ ਭਗਤਾਂ ਕਰੇ ਬੁੱਧ ਬਬੇਕ ਹੈ । ਸੋਹੰ ਸ਼ਬਦ ਦੱਸੇ ਸਾਚੀ ਏਕਾ ਟੇਕ ਹੈ । ਕਲਜੁਗ ਅਗਨ ਤਨ ਨਾ ਲਾਏ ਸੇਕ ਹੈ । ਜੋਤੀ ਜੋਤ ਸਰੂਪ ਹਰਿ, ਆਦਿਨ ਅੰਤਾ ਜੁਗਾ ਜੁਗੰਤਾ, ਸਾਧਨ ਸੰਤਾ ਸਾਚਾ ਕੰਤਾ, ਜੀਵਾਂ ਜੰਤਾਂ ਬਣਾਏ ਬਣਤਾ, ਆਪ ਮਿਟਾਏ ਬਿਧਨਾ ਲਿਖੀ ਰੇਖ ਹੈ । ਧੰਨ ਕਮਾਈ ਭਗਤ ਜਨ, ਹਰਿ ਚਰਨ ਪਿਆਸਾ । ਧੰਨ ਕਮਾਈ ਭਗਤ ਜਨ, ਰਸਨ ਤਜਾਏ ਮਦਿਰਾ ਮਾਸਾ । ਧੰਨ ਕਮਾਈ ਸੰਤ ਜਨ, ਸੋਹੰ ਸ਼ਬਦ ਜਪਾਏ ਸਵਾਸ ਸਵਾਸਾ । ਧਨ ਕਮਾਈ ਭਗਤ ਜਨ, ਪ੍ਰਭ ਮਿਲਣ ਦੀ ਰੱਖੇ ਆਸਾ । ਧਨ ਕਮਾਈ ਸੰਤ ਜਨ, ਨਿਜ ਘਰ ਆਤਮ ਨਰ ਨਰਾਇਣ ਰੱਖੇ ਵਾਸਾ । ਧੰਨ ਕਮਾਈ ਸੰਤ ਜਨ, ਦਰਸਨ ਪੇਖੇ ਤੀਜੇ ਨੈਣ, ਮਾਨਸ ਜਨਮ ਕਰਾਏ ਰਹਿਰਾਸਾ । ਧੰਨ ਕਮਾਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਪੇ ਹੋਏ ਦਾਸਨ ਦਾਸਾ । ਧੰਨ ਕਮਾਈ ਭਗਤ ਜਨ, ਹਰਿ ਵੇਖਣ ਸਾਚੇ ਥਾਉਂ । ਧੰਨ ਕਮਾਈ ਭਗਤ ਜਨ, ਹਰਿ ਪ੍ਰਭ ਅਬਿਨਾਸ਼ੀ ਦੇਵੇ ਠੰਡੀ ਛਾਉਂ । ਧੰਨ ਕਮਾਈ ਸੰਤ ਜਨ, ਦਰਗਹਿ ਸਾਚੀ ਲੱਗੀ ਏਕਾ ਨਾਉਂ । ਧੰਨ ਕਮਾਈ ਭਗਤ ਜਨ, ਲੱਖ ਚੁਰਾਸੀ ਫੰਦ ਕਟਾਓ । ਧੰਨ ਕਮਾਈ ਭਗਤ ਜਨ, ਜੋਤੀ ਜੋਤ ਸਰੂਪ ਹਰਿ, ਕਿਰਪਾ ਕਰੇ ਅਗੰਮ ਅਥਾਹੋ । ਧੰਨ ਕਮਾਈ ਭਗਤ ਜਨ, ਹਰਿ ਰਸਨ ਉਚਾਰੇ । ਧੰਨ ਕਮਾਈ ਭਗਤ ਜਨ, ਸਾਚਾ ਮੇਲ ਮਿਲੇ ਪ੍ਰਭ ਅਬਿਨਾਸ਼ੀ ਕੰਤ ਭਤਾਰੇ । ਧੰਨ ਕਮਾਈ ਸੰਤ ਜਨ, ਆਪ ਬਹਾਏ ਨਿਹਚਲ ਧਾਮ ਅਟੱਲ ਅਟੱਲੇ,


੩੫੫
੦੪

ਸੱਚਾ ਦਿਸੇ ਇਕ ਮਹੱਲ ਮੁਨਾਰੇ । ਜਿਥੇ ਵਸੇ ਹਰਿ ਇਕ ਇਕੱਲੇ, ਦੂਸਰ ਨਾ ਕੋਈ ਪਾਵੇ ਸਾਰੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਤੇਰੇ ਆਤਮ ਦਰ, ਆਪੇ ਵਸੇ ਸਾਚੇ ਘਰ, ਸਾਚੀ ਜੋਤ ਕਰੇ ਉਜਿਆਰੇ । ਸਾਚੀ ਜੋਤ ਕਰ ਉਜਿਆਰ । ਗੁਰਮੁਖ ਸਾਚਾ ਜਾਏ ਤਾਰ । ਅਗਿਆਨ ਅੰਧੇਰ ਦਏ ਨਿਵਾਰ । ਸ਼ਬਦ ਸਰੂਪ ਅਵਾਜ਼ ਮਾਰ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗ ਰੰਗੇ ਕਰਤਾਰ । ਆਪਣੇ ਰੰਗ ਰੰਗੇ ਕਰਤਾਰਾ । ਸਾਚਾ ਸੰਗ ਚਲੇ ਸਚ ਭਤਾਰਾ । ਪ੍ਰਭ ਦਰ ਇਕ ਮੰਗੇ ਮੰਗ, ਚਰਨ ਪਿਆਰਾ । ਸ਼ਬਦ ਘੋੜੇ ਹਰਿ ਤੰਗ ਕਸੇ, ਪੰਚਮ ਜੇਠ ਹੋਏ ਅਸਵਾਰਾ । ਧਰਤ ਮਾਤ ਵੇਖ ਵੇਖ ਹੱਸੇ, ਨਿਹਕਲੰਕ ਲਏ ਅਵਤਾਰਾ । ਭਗਤ ਜਨਾਂ ਰਾਹ ਸਾਚਾ ਦੱਸੇ, ਆਓ ਚਲ ਦਵਾਰਾ । ਬੇਮੁਖਾਂ ਸ਼ਬਦ ਤੀਰ ਕਸੇ । ਲੱਗੇ ਖੰਡਾ ਭਾਰਾ । ਚਾਰੋਂ ਕੁੰਟ ਫਿਰਨ ਨੱਸੇ, ਘਰ ਘਰ ਹੋਵਣ ਖੁਆਰਾ । ਕਲਜੁਗ ਹੋਏ ਅੰਧੇਰ ਜਿਉਂ ਚੰਦ ਮੱਸੇ, ਹੋਏ ਅੰਧ ਅੰਧਿਆਰਾ । ਨਿਹਕਲੰਕ ਨਰਾਇਣ ਨਰ, ਜਾਮਾ ਧਾਰ ਲਾਹਵਣ ਆਇਆ ਆਤਮ ਹੰਕਾਰਾ । ਪ੍ਰਭ ਅਬਿਨਾਸ਼ੀ ਵੱਢੇ ਨੱਕ ਗੁੱਤੇ, ਚਿੱਟੇ ਅਸਵ ਹੋ ਅਸਵਾਰਾ । ਪ੍ਰਭ ਅਬਿਨਾਸ਼ੀ ਬਿਰਖ ਉਲਟੇ ਰੱਖੇ, ਕੋਈ ਨਾ ਪਾਵੇ ਸਾਰਾ । ਆਪ ਲਿਆਏ ਸਾਚੀ ਰੁੱਤੇ, ਪੰਚਮ ਜੇਠ ਨਿਹਕਲੰਕੀ ਲੈ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਚੌਥੇ ਜੁਗ ਸਭ ਦੀ ਜੋਤੀ ਖਿੱਚੇ, ਆਈ ਤੇਰੀ ਵਾਰਾ । ਚੌਥੇ ਜੁਗ ਤੇਰੀ ਆਈ ਵਾਰੀ । ਚਾਰੋਂ ਕੁੰਟ ਕਰੇ ਖੁਆਰੀ । ਗੁਰਮੁਖਾਂ ਰਾਹ ਸਚ ਦਿਸਾਏ, ਜਿਥੇ ਮਿਲੇ ਹਰਿ ਮੁਰਾਰੀ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਇਆ ਵਿਚ ਸੰਸਾਰੀ । ਕਲਜੁਗ ਤੇਰਾ ਕਰਮ ਵਿਚਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਮਦਿਰਾ ਮਾਸੀ ਜੀਵ ਹੰਕਾਰੇ । ਪੜ੍ਹ ਪੜ੍ਹ ਵੇਦ ਥੱਕੇ ਕਾਂਸ਼ੀ, ਪ੍ਰਭ ਅਬਿਨਾਸ਼ੀ ਨਾ ਕੋਈ ਵਿਚਾਰੇ । ਚਾਰੋਂ ਕੁੰਟ ਘਰ ਘਰ ਫਿਰਦੇ ਕਰਨ ਹਾਸੀ, ਪ੍ਰਭ ਅਬਿਨਾਸ਼ੀ ਮਨੋਂ ਵਿਸਾਰੇ । ਜੋਤੀ ਜੋਤ ਸਰੂਪ ਹਰਿ, ਪ੍ਰਭ ਅਬਿਨਾਸ਼ੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ ਜਾਮਾ ਧਾਰੇ । ਕਲਜੁਗ ਤੇਰਾ ਕਾਲਾ ਵੇਸ । ਘਰ ਘਰ ਫਿਰਨ ਲੱਭਦੇ ਸ੍ਰੀ ਦਸਮੇਸ਼ । ਨਾ ਕੋਈ ਹੋਏ ਸਹਾਈ, ਕਿਸੇ ਨਾ ਚਲੇ ਪੇਸ਼, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਾਮਾ ਧਾਰ ਚਾਰੋਂ ਕੁੰਟ ਰਿਹਾ ਵੇਖ । ਚਾਰੋਂ ਕੁੰਟ ਹਰਿ ਵਖਾਏ, ਭੁੱਲੇ ਫਿਰਦੇ ਰਾਜੇ ਰਾਣੇ । ਬਾਹੋਂ ਪਕੜ ਆਪ ਉਠਾਏ, ਕਰੇ ਦਰ ਨਿਮਾਣੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਚੇ ਸੰਤ ਜਨਾਂ, ਆਪੇ ਬਣੇ ਵੰਞ ਮੁਹਾਣੇ । ਸਾਚਾ ਖੰਡਾ ਸ਼ਬਦ ਚਲਾਇਆ । ਇਕੋ ਡੰਡਾ ਵਿਚ ਰਖਾਇਆ । ਵਿਚ ਵਰਭੰਡਾਂ ਪ੍ਰਭ ਸੁਹਾਏ ਥਾਂਏ ਪਾਏ ਵੰਡਾਂ, ਸਾਚੀ ਵੰਡ ਹਰਿ ਕਰਾਇਆ । ਘਰ ਘਰ ਦਿਸਣ ਨਾਰਾਂ ਰੰਡਾਂ, ਕੰਤ ਸੁਹਾਗ ਨਾ ਕਿਸੇ ਹੰਢਾਇਆ । ਸਾਚਾ ਭੇਵ ਕਿਸੇ ਨਾ ਪਾਇਆ । ਆਪ ਖੜਕਾਏ ਚੰਡ ਪ੍ਰਚੰਡਾ, ਪ੍ਰਭ ਖੇਲ ਅਪਰ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜਾਮਾ ਧਾਰ ਲੱਖ ਚੁਰਾਸੀ ਸ੍ਰਿਸ਼ਟ ਸਬਾਈ ਤੇਰਾ ਭੇਖ ਮਿਟਾਇਆ । ਗੁਰ ਚਰਨ ਜੋ ਜਨ ਨਿਮਸਕਾਰੇ । ਪ੍ਰਭ ਅਬਿਨਾਸ਼ੀ ਪਾਵੇ ਸਾਰੇ । ਲੱਖ ਚੁਰਾਸੀ ਪਾਰ ਉਤਾਰੇ । ਜੋਤੀ ਜੋਤ ਸਰੂਪ ਹਰਿ, ਥਿਰ ਘਰ ਵਾਸੀ ਆਪ ਬਹਾਏ ਸਚ ਚੁਬਾਰੇ । ਗੁਰ ਚਰਨ ਸੁਖ ਸਹਿਜ ਸੁਭਾਏ । ਗੁਰਮੁਖ ਵਿਰਲਾ ਪ੍ਰਭ ਦਰ ਪਾਏ । ਆਤਮ ਤ੍ਰਿਖਾ ਅਗਨ ਬੁਝਾਏ । ਸਾਚੀ ਮੰਗੇ ਨਾਮ ਭਿੱਖਾ, ਹਉਮੇ ਰੋਗ ਦੁੱਖ ਸੋਗ ਗਵਾਏ । ਸਚ ਲੇਖ ਪ੍ਰਭ ਸਾਚੇ ਲਿਖਾ, ਲਿਖਿਆ ਲੇਖ ਨਾ ਕੋਈ ਮਿਟਾਏ । ਆਪ ਗਵਾਏ ਕਲਜੁਗ ਕਾਇਆ ਝੂਠੀ ਵਿੱਖਾ, ਅੰਮ੍ਰਿਤ ਸਾਚਾ ਜਾਮ ਪਿਆਏ । ਸੋਹੰ ਸ਼ਬਦ ਤੀਰ ਲਿਆ ਤਿੱਖਾ, ਦੂਈ ਦਵੈਤੀ ਪੜਦਾ ਲਾਹੇ । ਜੋਤੀ ਜੋਤ ਸਰੂਪ ਹਰਿ,

੩੫੬
੦੪

ਜਨ ਭਗਤਾਂ ਹੋਏ ਆਪ ਸਹਾਏ । ਗੁਰ ਚਰਨ ਗੁਰਮੁਖ ਸਾਚੀ ਧੂੜੀ । ਪ੍ਰਭ ਅਬਿਨਾਸ਼ੀ ਆਪ ਬਣਾਏ ਸਾਚੇ ਸੰਤ ਮੂਰਖ ਮੁਗਧ ਮੂੜ੍ਹੀ । ਮੇਲ ਮਿਲਾਵਾ ਸਾਚੇ ਕੰਤ, ਸ੍ਰਿਸ਼ਟ ਸਬਾਈ ਕੂੜੋ ਕੂੜੀ । ਦਰਸ ਦਿਖਾਏ ਆਦਿਨ ਅੰਤ, ਜੋਤੀ ਜੋਤ ਸਰੂਪ ਹਰਿ, ਬੇਮੁਖ ਜੀਵਾਂ ਆਪੇ ਪੀੜੇ ਸ਼ਬਦ ਬੂੜੀ । ਗੁਰ ਚਰਨ ਹਰਿ ਭਰਵਾਸਾ । ਅੰਤਮ ਕਰੇ ਬੰਦ ਖ਼ਲਾਸਾ । ਨਿਜ ਘਰ ਸਾਚੇ ਦਰ ਆਪ ਕਰਾਏ ਵਾਸਾ । ਆਪ ਨੁਹਾਏ ਅੰਮ੍ਰਿਤ ਸਾਚੇ ਸਰ, ਮਿਟੇ ਤ੍ਰਿਸ਼ਨ ਪਿਆਸਾ । ਏਕਾ ਦੇਵੇ ਸਾਚਾ ਵਰ, ਗੇੜ ਕਟਾਏ ਲੱਖ ਚੁਰਾਸਾ । ਗੁਰਮੁਖ ਸਾਚਾ ਜਾਏ ਤਰ, ਰਸਨ ਤਜਾਏ ਮਦਿਰਾ ਮਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗਾਏ ਸਵਾਸ ਸਵਾਸਾ । ਚਰਨ ਕਵਲ ਜਗਤ ਵਡਿਆਈਆ । ਗੁਰਮੁਖ ਆਤਮ ਜਾਏ ਮਵਲ, ਹੋਏ ਸਰਬ ਰੁਸ਼ਨਾਈਆ । ਉਲਟਾ ਹੋਏ ਨਾਭ ਕਵਲ, ਅੰਮ੍ਰਿਤ ਬੂੰਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਦੂਈ ਦਵੈਤੀ ਪੜਦਾ ਲਾਹੀਆ । ਗੁਰ ਚਰਨ ਆਸਾ ਮਨਸਾ ਪੂਰੇ ਪ੍ਰਭ ਅਬਿਨਾਸ਼ੀ ਕਿਰਪਾ ਕਰ, ਸ਼ਬਦ ਦੇਵੇ ਸਾਚੀ ਤੂਰੇ । ਸਾਚੀ ਜੋਤ ਆਤਮ ਧਰ, ਏਕਾ ਦੇਵੇ ਸਾਚਾ ਨੂਰੇ । ਆਪ ਵਖਾਏ ਸਾਚਾ ਘਰ, ਪ੍ਰਗਟ ਹੋਏ ਹਾਜ਼ਰ ਹਜ਼ੂਰੇ । ਆਪ ਵਸੇ ਸਦ ਅੰਦਰ ਬਾਹਰ, ਬੇਮੁਖ ਜਾਨਣ ਦੂਰੇ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਆਤਮ ਪਾਏ ਸਾਚੀ ਰਾਸ । ਬੇਮੁਖ ਜੀਵਾਂ ਦਿਸ ਨਾ ਆਏ, ਗੁਰਮੁਖਾਂ ਹਰਿ ਹੋਇਆ ਦਾਸ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕਾ ਜੋਤ ਜਗਾਏ ਮਾਤ ਪਤਾਲ ਅਕਾਸ਼ । ਮਾਤ ਪਤਾਲ ਅਕਾਸਿਆ । ਜੰਗਲ ਜੂਹ ਉਜਾੜ ਪਹਾੜ ਵਿਚ ਪ੍ਰਭਾਸਿਆ । ਸ੍ਰਿਸ਼ਟ ਸਬਾਈ ਚਬਾਏ ਦਾੜ੍ਹ, ਪ੍ਰਗਟ ਹੋਏ ਲੱਖ ਚੁਰਾਸੀ ਕਰੇ ਨਾਸਿਆ । ਆਪ ਤਪਾਏ ਅਗਨੀ ਹਾੜ੍ਹ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਹੋਏ ਦਾਸਨ ਦਾਸਿਆ । ਕਲਜੁਗ ਅਗਨ ਲੱਗੇ ਤੱਤੀ । ਕੋਈ ਨਾ ਦਿਸੇ ਆਤਮ ਯਤੀ । ਝੂਠੀ ਹੋਈ ਸਰਬ ਮਤੀ । ਏਕਾ ਨਾਤਾ ਪ੍ਰਭ ਅਬਿਨਾਸ਼ੀ ਤੇਰੇ ਚਰਨ ਨਤੀ । ਜੋਤੀ ਜੋਤ ਸਰੂਪ ਹਰਿ, ਸ੍ਰਿਸ਼ਟ ਸਬਾਈ ਵੇਖ ਵਖਾਣੇ, ਸਾਚਾ ਨਾਮ ਨਾ ਦਿਸੇ ਰੱਤੀ । ਲੱਖ ਚੁਰਾਸੀ ਵੇਖ ਵਖਾਣੇ । ਗੁਰਮੁਖ ਸਾਚੇ ਵਿਚੋਂ ਲੱਭੇ ਬਾਲ ਅੰਞਾਣੇ । ਸਾਚਾ ਦੇਵੇ ਨਾਮ ਨਿਧਾਨੇ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰਾ ਅੰਤਮ ਵੇਲਾ ਆਪੇ ਆਪ ਸਿਆਣੇ । ਕਲਜੁਗ ਤੇਰਾ ਵੇਲਾ ਅੰਤ, ਨਿਹਕਲੰਕ ਸ੍ਰੀ ਭਗਵੰਤ ਜੋਤ ਜਗਾਏ । ਉਠਾਏ ਗੁਰਮੁਖ ਸਾਚੇ ਸੰਤ, ਜੋਤ ਸਰੂਪੀ ਦਰਸ ਦਿਖਾਏ । ਮੇਲ ਮਿਲਾਵਾ ਸਾਚੇ ਕੰਤ, ਜਨ ਭਗਤਾਂ ਹਰਿ ਤਰਸ ਕਮਾਏ । ਜਗੇ ਜੋਤ ਆਦਿ ਅੰਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬਣਤ ਬਣਾਏ । ਕਲਜੁਗ ਤੇਰਾ ਵਕਤ ਚੁਕਾਉਣਾ । ਈਸਾ ਮੂਸਾ ਖ਼ਾਕ ਰਲਾਉਣਾ । ਚਾਰ ਯਾਰ ਸੰਗ ਮੁਹੰਮਦ ਧਰਤ ਮਾਤ ਦੀ ਗੋਦ ਬਹਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਰਾਹ ਵਖਾਉਣਾ । ਸਤਿਜੁਗ ਸਾਚਾ ਕਰੇ ਵਿਹਾਰਾ । ਪ੍ਰਭ ਅਬਿਨਾਸ਼ੀ ਹਰਿ ਗਿਰਧਾਰਾ । ਰਾਓ ਰੰਕ ਭੇਵ ਨਿਆਰਾ । ਰਾਜਾ ਰਾਣਾ ਕਰੇ ਖੁਆਰਾ । ਸੁਘੜ ਸਿਆਣਾ ਹਰਿ ਵਰਤਾਰਾ । ਏਕਾ ਜਾਣੇ ਸ਼ਬਦ ਬਾਣਾ, ਚਾਰ ਵਰਨਾਂ ਕਰ ਪਿਆਰਾ । ਜੋਤੀ ਜੋਤ ਸਰੂਪ ਹਰਿ, ਸਿੰਘ ਸਿੰਘਾਸਣ ਡੇਰਾ ਲਾਏ, ਕਰੇ ਖੇਲ ਅਪਰ ਅਪਾਰਾ । ਚਾਰ ਵਰਨਾਂ ਏਕਾ ਧਾਰੇ । ਰਾਓ ਰੰਕ ਇਕ ਦਵਾਰੇ । ਆਤਮ ਜੋਤੀ ਕਰ ਉਜਿਆਰੇ । ਜ਼ਾਤ ਪਾਤ ਹਰਿ ਭਰਮ ਨਿਵਾਰੇ । ਇਕ ਇਕਾਂਤ ਜੋਤ ਸਰੂਪੀ ਹਰਿ ਨਿਰੰਕਾਰੇ । ਆਤਮ ਵੇਖੋ ਮਾਰ ਝਾਤ, ਅੱਠੇ ਪਹਿਰ ਰਹੇ ਉਜਿਆਰੇ । ਜਨ ਭਗਤਾਂ ਮਿਟਾਏ ਆਤਮ ਅੰਧੇਰੀ

੩੫੭
੦੪

ਰਾਤ, ਕਲਜੁਗ ਤੇਰੀ ਅੰਤਮ ਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸੰਤ ਜਨਾਂ ਆਪੇ ਕਾਜ ਸਵਾਰੇ । ਸਤਿਜੁਗ ਤੇਰੀ ਨੀਂਹ ਰਖਾਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਅੰਮ੍ਰਿਤ ਮੇਘ ਹਰਿ ਬਰਸਾਈ । ਸ਼ਬਦ ਖੰਡਾ ਹੱਥ ਉਠਾਈ । ਬੇਮੁਖਾਂ ਸਿਰ ਜਾਏ ਲਾਈ । ਆਪੇ ਪਾਉਂਦਾ ਜਾਏ ਵੰਡਾਂ, ਭੁੱਲੀ ਸਰਬ ਲੋਕਾਈ । ਆਪੇ ਤੋੜੇ ਸਰਬ ਘਮੰਡਾਂ, ਭਰਮ ਭੁਲੇਖੇ ਦੂਰ ਕਰਾਈ । ਕੱਚੇ ਭੰਨੇ ਕਲਜੁਗ ਅੰਡਾਂ, ਹੱਥ ਹਥੌੜਾ ਸ਼ਬਦ ਰਖਾਈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਬਣੇ ਬਣਾਏ ਆਪ ਕਸਾਈ । ਆਪਣਾ ਭਾਣਾ ਹਰਿ ਵਰਤਾਵਣਾ । ਕਲਜੁਗ ਤੇਰਾ ਲੇਖ ਮਿਟਾਵਣਾ । ਸਤਿਜੁਗ ਸਾਚੇ ਨੇਤਰ ਪੇਖ, ਪ੍ਰਭ ਅਬਿਨਾਸ਼ੀ ਦਇਆ ਕਮਾਵਣਾ । ਅੰਤ ਮਿਟਾਏ ਔਲੀਏ ਪੀਰ ਸ਼ੇਖ਼, ਅੰਤ ਬਗਲ ਕੁਰਾਨ ਨਾ ਕਿਸੇ ਉਠਾਵਣਾ । ਦੂਰ ਦੁਰਾਡਾ ਰਿਹਾ ਵੇਖ, ਪਹਿਲੀ ਕੂਟੇ ਫੇਰਾ ਪਾਵਣਾ । ਕਲਜੁਗ ਤੇਰੀ ਮਿਟਦੀ ਜਾਏ ਰੇਖ, ਮੱਕਾ ਮਦੀਨਾ ਪਹਿਲੇ ਢਾਹਵਣਾ । ਗੁਰਮੁਖ ਸਾਚੇ ਸੰਤ ਜਨਾਂ ਨੇਤਰ ਲੈਣਾ ਪੇਖ, ਲਾੜੀ ਮੌਤ ਪਹਿਲਾ ਫੇਰਾ ਏਥੇ ਪਾਵਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗਾਹ ਜਗਤ ਗਾਹਵਣਾ । ਲਾੜੀ ਮੌਤ ਉਠ ਲਲਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਧਰਮ ਰਾਏ ਦੀ ਸੁਣ ਪੁਕਾਰ । ਲੱਖ ਚੁਰਾਸੀ ਕਰ ਖੁਆਰ । ਗਲ ਵਿਚ ਪਾਉਣੀ ਘਰ ਘਰ ਫਾਸੀ, ਸੰਗਲ ਪਾਈਂ ਗਲ ਵਿਚ ਅਪਾਰ । ਏਕਾ ਦਰ ਕਰ ਦਾਸੀ, ਸਿਰ ਚੁਕਾਵਾਂ ਡਾਹਡਾ ਭਾਰ । ਧਰਮ ਰਾਏ ਅੱਗੋਂ ਕਰੇ ਹਾਸੀ, ਖੋਲ੍ਹੇ ਬੰਦ ਕਵਾੜ । ਸ੍ਰਿਸ਼ਟ ਸਬਾਈ ਅੰਤ ਵਿਨਾਸੀ, ਲੱਗੇ ਅਗਨ ਪਹਿਲੀ ਹਾੜ । ਕਲਜੁਗ ਵਿਰਲਾ ਦਿਸੇ ਰਸਨ ਸਵਾਸੀ, ਬੇਮੁਖ ਜੀਵਾਂ ਝੂਠੀ ਧਾੜ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ,



ਮਗਰ ਲਗਾਏ ਮੌਤ ਲਾੜ । ਲਾੜੀ ਮੌਤ ਖ਼ੁਸ਼ੀ ਮਨਾਉਂਦੀ । ਮਾਤਲੋਕ ਆਏ ਚਾਈਂ ਚਾਈਂ ਗਾਉਂਦੀ । ਕਲਜੁਗ ਤੇਰਾ ਅੰਤਮ ਵੇਲਾ ਰਾਜੇ ਰਾਣਿਆਂ ਫੜ ਉਠਾਉਂਦੀ । ਦੀਨ ਮੁਹੰਮਦੀ ਕਰ ਤਿਆਰ, ਦੂਜਾ ਫਰੰਗੀ ਨਾਲ ਰਲਾਉਂਦੀ । ਇਕ ਚੁਕਾਏ ਵਡਾ ਭਾਰ, ਫੜ ਫੜ ਬਾਹੋਂ ਅੱਗੇ ਡਾਹੁੰਦੀ । ਸ਼ਬਦ ਵੇਲਣੇ ਪੀੜ ਪਿੜਾਉਂਦੀ । ਉਤੇ ਪਾਏ ਸੋਹਣਾ ਚਿੱਟਾ ਲੱਠਾ, ਅੰਤਮ ਵੇਲਾ ਆਪ ਸੁਹਾਉਂਦੀ । ਤਾਪ ਚੜ੍ਹਾਏ ਮੱਠਾ ਮੱਠਾ, ਆਤਮ ਵਿਕਾਰ ਸਰਬ ਰਖਾਉਂਦੀ । ਲੱਖ ਚੁਰਾਸੀ ਕਰ ਇਕੱਠਾ, ਅਚਰਜ ਖੇਲ ਮਾਤ ਵਰਤਾਉਂਦੀ । ਪ੍ਰਭ ਅਬਿਨਾਸ਼ੀ ਧੁਰਦਰਗਾਹੀ ਸਾਚਾ ਮਾਹੀ ਵਿਚ ਮਾਤ ਦੇ ਆਇਆ ਨੱਠਾ, ਧਰਤ ਮਾਤ ਜਾ ਕੁਰਲਾਉਂਦੀ । ਮਾਣ ਤੁੱਟਾ ਤੀਰਥ ਅੱਠ ਸੱਠਾਂ, ਪ੍ਰਭ ਦਰ ਜਾਏ ਕੰਨ ਸੁਣਾਉਂਦੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਾਤਲੋਕ ਹਰਿ ਜਾਮਾ ਧਰ, ਨੇਤਰ ਪੇਖ ਧਾਰ ਭੇਖ, ਲੱਖ ਚੁਰਾਸੀ ਕੀ ਕਾਰ ਕਮਾਉਂਦੀ । ਲਾੜੀ ਮੌਤ ਖਿੜ ਖਿੜ ਹੱਸੇ । ਬੇਮੁਖ ਰਾਹ ਸਾਚਾ ਦੱਸੇ । ਅੰਤਮ ਵੇਲੇ ਲੱਖ ਚੁਰਾਸੀ ਮੇਰੀ ਆਈ ਹਿੱਸੇ । ਬੇਮੁਖ ਕਲਜੁਗ ਜੀਵ ਜੂਠੀ ਝੂਠੀ ਚੱਕੀ ਪੀਸੇ । ਸਤਿਜੁਗ ਬੰਨ੍ਹੇ ਹਰਿ ਜੀ ਸਾਚੀ ਨੀਂਹ, ਪ੍ਰਗਟ ਹੋਇਆ ਹਰਿ ਜਗਦੀਸੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਮਿਟਾਏ ਮੂਸੇ ਈਸੇ । ਈਸਾ ਮੂਸਾ ਹੋਏ ਖੁਆਰੀ । ਮਿਟਦੀ ਜਾਏ ਚਾਰ ਯਾਰੀ । ਕੁਰਾਨ ਅੰਜੀਲ ਦਰ ਪੁਕਾਰੀ । ਮਾਤਲੋਕ ਹਾਹਾਕਾਰੀ । ਕਲਜੁਗ ਜੀਵ ਹੋਏ ਹੰਕਾਰੀ । ਆਤਮ ਹੋਈ ਦੁਸ਼ਟ ਦੁਰਾਚਾਰੀ । ਏਕਾ ਭੁੱਲੇ ਹਰਿ ਨਿਰੰਕਾਰੀ । ਆਤਮ ਡੁੱਲੇ ਜੀਵ ਗਵਾਰੀ । ਲੱਗੀ ਅੱਗ ਕਾਇਆ ਕੁੱਲੇ, ਕੋਈ ਨਾ ਕਰੇ ਠੰਡੀ ਠਾਰੀ । ਝੂਠੇ ਤੋਲ ਕਲਜੁਗ ਜੀਵ ਤੁਲੇ, ਨਾ ਪਾਈ ਸਾਚੀ ਸਾਰੀ । ਅੰਤਮ ਕਲਜੁਗ ਕੋਈ ਨਾ ਪੈਣਾ ਮੁੱਲੇ, ਪ੍ਰਭ ਅਬਿਨਾਸ਼ੀ ਆਪੇ ਬਣੇ

੩੫੮
੦੪

ਲੇਖ ਲਿਖਾਰੀ । ਪਾਣੀ ਪੈਣਾ ਕਾਇਆ ਚੁੱਲ੍ਹੇ, ਅਗਨ ਜੋਤ ਬੁਝੇ ਅੰਗਿਆਰੀ । ਪ੍ਰਭ ਅਬਿਨਾਸ਼ੀ ਸਦ ਭੰਡਾਰੇ ਰਹਿਣ ਖੁੱਲ੍ਹੇ । ਗੁਰਮੁਖ ਲਾਹਾ ਲੈਣ ਆਇਣ ਚਲ ਦਵਾਰੀ । ਜੁਗ ਚੌਥੇ ਜੀਵ ਝੂਠੀ ਮਾਇਆ ਰੁੱਲੇ, ਏਕਾ ਭੁੱਲਿਆ ਹਰਿ ਗਿਰਧਾਰੀ । ਗੁਰਮੁਖ ਵਿਰਲੇ ਪੂਰੇ ਤੋਲ ਤੁਲੇ, ਰਸਨਾ ਗਾਏ ਪੁਰਖ ਅਪਾਰੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਾਤਲੋਕ ਹਰਿ ਜਾਮਾ ਧਰ, ਕਰੇ ਖੇਲ ਅਪਰ ਅਪਾਰੀ । ਆਪ ਮਿਟਾਏ ਮੁਹੰਮਦੀ ਦੀਨਾ । ਪਹਿਲੀ ਕੂਟੇ ਵੱਖ ਕੀਨਾ । ਸੰਗ ਰਲਾਏ ਰੂਸਾ ਚੀਨਾ । ਝੂਠੀ ਭੰਨੇ ਹੰਕਾਰੀ ਬੀਨਾ । ਵਖਾਏ ਰੰਗ ਨੱਕੋਂ ਫੀਨਾ । ਕਾਲੇ ਸੂਸੇ ਪਾਟੇ ਸੀਨਾ । ਈਸਾ ਮੂਸਾ ਹੋਏ ਅਧੀਨਾ । ਪ੍ਰਗਟ ਹੋਇਆ ਵਡ ਦਾਤਾ ਸ਼ਾਹ ਪ੍ਰਬੀਨਾ । ਜੋਤ ਸਰੂਪੀ ਜਾਮਾ ਧਰ, ਅਚਰਜ ਖੇਲ ਵਿਚ ਮਾਤ ਨਿਹਕਲੰਕ ਕਲ ਕੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਜਾਣੇ ਸਰਬ ਜੀਆਂ ਦਾ ਦਾਨਾ ਬੀਨਾ । ਕੁਰਾਨ ਕੁਰਲਾਏ ਦਏ ਦੁਹਾਏ । ਅੰਤਮ ਵੇਲਾ ਕੌਣ ਸਹਾਏ । ਝੂਠੇ ਧੰਦੇ ਬੇਮੁਖ ਲਾਏ । ਪ੍ਰਭ ਅਬਿਨਾਸ਼ੀ ਗਏ ਭੁਲਾਏ । ਅੰਤਮ ਵੇਲੇ ਭਰਿਆ ਪੂਰ, ਨਿਹਕਲੰਕ ਦਏ ਡੁਬਾਏ । ਸ੍ਰਿਸ਼ਟ ਸਬਾਈ ਕੂੜੋ ਕੂੜ, ਪ੍ਰਭ ਅਬਿਨਾਸ਼ੀ ਦੇ ਮਤ ਸਮਝਾਏ । ਗੁਰਮੁਖ ਵਿਰਲਾ ਆਤਮ ਰੰਗ ਚੜ੍ਹਾਏ ਗੂੜ੍ਹ, ਹਰਿ ਸਰਨਾਈ ਆਏ । ਮਸਤਕ ਲਾਏ ਚਰਨ ਧੂੜ, ਧਰਮ ਰਾਏ ਦੀ ਜੇਲ ਕਟਾਏ । ਧਰਮ ਰਾਏ ਨਾ ਪਾਏ ਜੂੜ, ਬੰਦ ਖਲਾਸੀ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਮਾਤਲੋਕ ਜਾਮਾ ਧਾਰ ਖੇਲ ਰਚਾਏ । ਅੰਤਮ ਵੇਲੇ ਆਈ ਹਾਨੀ । ਨਾ ਕੋਈ ਜਾਣੇ ਅੰਜੀਲ ਕੁਰਾਨੀ । ਨਿਹਕਲੰਕ ਚਿੱਲੇ ਚੜ੍ਹੀ ਸ਼ਬਦ ਕਾਨੀ । ਸ੍ਰਿਸ਼ਟ ਸਬਾਈ ਦਿਸੇ ਫਾਨੀ । ਪ੍ਰਗਟੀ ਜੋਤ ਹਰਿ ਭਗਵਾਨੀ । ਏਕਾ ਨੂਰ ਸਚ ਨੁਰਾਨੀ । ਸ਼ਬਦ ਤੂਰ ਦੋ ਜਹਾਨੀ । ਸਰਬ ਗੁਣਾਂ ਭਰਪੂਰ, ਜਨ ਭਗਤਾਂ ਦੇਵੇ ਨਾਮ ਨਿਸ਼ਾਨੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਜਾਮਾ ਧਰ, ਵੇਖ ਵਖਾਣੇ ਵੇਦ ਪੁਰਾਨੀ । ਵੇਦ ਪੁਰਾਨ ਵੇਖ ਵਖਾਣੇ । ਖਾਣੀ ਬਾਣੀ ਆਪ ਪਛਾਣੇ । ਅੰਜ਼ੀਲ ਕੁਰਾਨ ਤੁਟਾ ਮਾਣੇ । ਅੰਤਮ ਕਲਜੁਗ ਆਈ ਹਾਣੇ । ਇਕ ਦੂਜੇ ਨਾ ਦਿਸੇ ਸੰਗ, ਕਲਜੁਗ ਡੁੱਬਾ ਬੇਮੁਹਾਣੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜਾਮਾ ਧਰ, ਗੁਰਮੁਖਾਂ ਪਾਰ ਕਰਾਨੇ । ਆਪਣੀ ਸੇਵਾ ਲਾਏ, ਜਨ ਭਗਤ ਬਾਲ ਅੰਞਾਣੇ । ਕੁਰਾਨ ਅੰਜੀਲ ਨਾਤਾ ਤੁੱਟਾ । ਸ਼ਬਦ ਤੀਰ ਸਾਚਾ ਛੁੱਟਾ । ਦੋਹਾਂ ਧਿਰਾਂ ਵਿਚ ਪੈ ਜਾਏ ਫੁਟਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜਾਮਾ ਧਰ, ਆਪਣੀ ਖੇਲ ਕਲ ਚਲਾਏ, ਕੋਇ ਨਾ ਜਾਣੇ ਜੀਵ ਗਵਾਰ, ਲੱਖ ਚੁਰਾਸੀ ਕੋਟਨ ਕੋਟਾ । ਚਾਰ ਯਾਰ ਕਰਨ ਪੁਕਾਰ । ਸੰਗ ਮੁਹੰਮਦ ਤੁੱਟਾ ਪਿਆਰ । ਵੇਲੇ ਅੰਤਮ ਆਈ ਹਾਰ । ਕਲਜੁਗ ਦਿਸੇ ਵਹਿੰਦੀ ਧਾਰ । ਰੁੜ੍ਹਦੇ ਦਿਸਣ ਨਰ ਨਾਰ । ਬਿਰਧ ਬਾਲ ਜਵਾਨਾਂ, ਨਾ ਕੋਈ ਪਾਵੇ ਸਾਰ । ਘਰ ਘਰ ਦਿਸਣ ਜੀਵ ਸ਼ੈਤਾਨਾ, ਆਤਮ ਭਰਿਆ ਵਡ ਹੰਕਾਰ । ਬੀਜ ਬੀਜਿਆ ਬੇਈਮਾਨਾ, ਫਲ ਨਾ ਲੱਗਾ ਡਾਰ । ਦੇਵੇ ਨਾ ਕੋਈ ਮਾਣਾ, ਆਤਮ ਰਹੇ ਇਕ ਬੁਖ਼ਾਰ । ਪ੍ਰਭ ਅਬਿਨਾਸ਼ੀ ਪੁਣ ਛਾਣਾ, ਸ਼ਬਦ ਮਾਰਿਆ ਤੀਰ ਬਾਣਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਧਰ, ਨਰਾਇਣ ਨਰ ਅਗਨੀ ਜੋਤ ਹਰਿ ਦੇਵੇ ਸਾੜ । ਚਾਰ ਯਾਰੀ ਅੰਤ ਕੁਰਲਾਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਪਹਿਲੀ ਕੂਟ ਪਏ ਦੁਹਾਈ । ਝੂਠਾ ਨਾਤਾ ਪੁੱਤਰ ਧੀ ਜਵਾਈ । ਮਾਤ ਪਿਤਾ ਸੁਧ ਨਾ ਆਵੇ ਕਿਸੇ ਭੈਣ ਭਾਈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ

ਨਰਾਇਣ ਨਰ, ਲੋਕਮਾਤ ਜਾਮਾ ਧਰ, ਸ਼ਬਦ ਤੀਰ ਰਿਹਾ ਚਲਾਈ । ਸ਼ਬਦ ਤੀਰ ਆਪ ਚਲਾਏ । ਕਲਜੁਗ ਵਹੀਰ ਆਪ ਕਰਾਏ । ਅੰਮ੍ਰਿਤ ਸੀਰ ਕਿਸੇ ਹੱਥ ਨਾ ਆਏ । ਕਲਜੁਗ ਤੇਰੇ ਲੱਥੇ ਚੀਰ, ਪੜਦਾ ਅੰਤ ਨਾ ਪਾਏ । ਲੱਖ ਚੁਰਾਸੀ ਤੂੰ ਇਕ ਇਕੱਲੜਾ, ਨਾ ਕੋਈ ਧੀਰ ਧਰਾਏ । ਆਤਮ ਲੱਗੀ ਪੀੜ, ਨਾ ਰੋਗ ਕੋਈ ਗਵਾਏ । ਕਲਜੁਗ ਅੰਤਮ ਆਈ ਭੀੜ, ਪ੍ਰਗਟ ਹੋ ਨਾ ਕੋਈ ਛੁਡਾਏ । ਤੁੱਟੀ ਹੱਡੀ ਤੇਰੀ ਰੀੜ, ਪਾਪਾਂ ਭਾਰ ਨਾ ਕੋਈ ਉਠਾਏ । ਪ੍ਰਭ ਅਬਿਨਾਸ਼ੀ ਬੰਨ੍ਹਣ ਆਇਆ ਬੀੜ, ਕਲਜੁਗ ਤੇਰੀ ਰੇਖ ਮਿਟਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਆਪਣੇ ਭਾਣੇ ਸਦ ਸਮਾਏ । ਬਗਲ ਕੁਰਾਨ ਹੱਥ ਮਸੱਲਾ । ਇਕ ਮੁਹੰਮਦ ਫਿਰੇ ਇਕੱਲਾ । ਵੱਖ ਹੋਇਆ ਨੂਰੀ ਅੱਲਾ । ਮਾਤਲੋਕ ਹੋਇਆ ਝੱਲਾ । ਕੋਈ ਨਾ ਦਿਸੇ ਸੱਚਾ ਮਹੱਲਾ । ਮੱਕੇ ਮਦੀਨੇ ਪਰਛਾਵਾਂ ਢੱਲਾ । ਜੋਤੀ ਜੋਤ ਸਰੂਪ ਹਰਿ, ਜਾਮਾ ਮਾਤ ਧਰ, ਆਪਣੇ ਭਾਣੇ ਆਪ ਸਮਾਏ ਅਚਲ ਅਚਲਾ, ਏਕਾ ਚੜ੍ਹਾਏ ਸ਼ਬਦ ਚਿੱਲਾ । ਚਿੱਲਾ ਚੜ੍ਹੇ ਸ਼ਬਦ ਕਮਾਨ । ਛੱਡੇ ਤੀਰ ਹਰਿ ਭਗਵਾਨ । ਦੀਨ ਮੁਹੰਮਦੀ ਜਾਏ ਚੀਰ, ਆਪ ਮਿਟਾਏ ਬੇਈਮਾਨ ਸ਼ੈਤਾਨ । ਮਿਟਦੇ ਜਾਣ ਔਲੀਏ ਪੀਰ ਗੌਂਸ ਦਸਤਗੀਰ ਸ਼ੇਖ਼ਾਨ । ਅੰਤਮ ਵੇਲੇ ਆਈ ਹਾਰ, ਪ੍ਰਭ ਅਬਿਨਾਸ਼ੀ ਕਰੇ ਖੁਆਰ, ਨਾ ਕੋਈ ਪਾਵੇ ਅੰਤਮ ਸਾਰ, ਨਾ ਕੋਈ ਮੰਨੇ ਅਮਾਮ ਦੀਨ । ਜੋਤੀ ਜੋਤ ਸਰੂਪ ਹਰਿ, ਪ੍ਰਭ ਅਬਿਨਾਸ਼ੀ ਲੋਕਮਾਤ ਹਰਿ ਜੋਤ ਧਰ, ਏਕਾ ਏਕ ਮਨਾਏ ਈਨ । ਗੁਰ ਸੰਗਤ ਧੰਨ ਕਮਾਈਆ । ਹਰਿ ਦਰਸ਼ਨ ਕਰਨ ਆਈਆ । ਦੇਵੇ ਹਰਿ ਸੱਚੀ ਵਡਿਆਈਆ । ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਬਣ ਬਣ ਸਾਚੇ ਸਾਕ ਸੱਜਣ, ਦਰ ਘਰ ਸਾਚੇ ਮੰਗਲਾਚਾਰ ਰਸਨਾ ਗਾਈਆ । ਅੰਮ੍ਰਿਤ ਪੀ ਪੀ ਆਤਮ ਰੱਜਣ, ਤ੍ਰਿਸ਼ਨਾ ਅਗਨ ਬੁਝਾਈਆ । ਪ੍ਰਭ ਅਬਿਨਾਸ਼ੀ ਆਇਆ ਪੜਦੇ ਕੱਜਣ, ਜਨ ਆਇਆ ਚਲ ਸਰਨਾਈਆ । ਕਲਜੁਗ ਜੀਵ ਭਾਂਡੇ ਅੰਤਮ ਭੱਜਣ, ਨਾ ਹੋਏ ਕੋਈ ਸਹਾਈਆ । ਨਾ ਕੋਈ ਮਾਤ ਪਿਤ ਭਾਈ ਭੈਣ ਸੱਜਣ, ਮਾਤ ਪਿਤ ਹਰਿ ਰਘੁਰਾਈਆ । ਸਾਚੇ ਤਾਲ ਦੋਵੀਂ ਹੱਥੀਂ ਵੱਜਣ, ਗੁਰ ਸੰਗਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਭਿੰਨੜੀ ਰੈਣ ਤੇਰਾ ਅੰਤਮ ਅੰਤ ਸਾਚਾ ਵਕਤ ਸੁਹਾਈਆ । ਗੁਰ ਸੰਗਤ ਪ੍ਰਭ ਭਏ ਅਨੰਦਾ । ਆਤਮ ਦੇਵੇ ਪਰਮਾਨੰਦਾ । ਸਾਚਾ ਸੁਖ ਉਪਜਾਏ ਨਿਜ ਘਰ ਵਾਸੀ ਨਿਜਾਨੰਦਾ । ਆਤਮ ਸਹਿੰਸਾ ਰੋਗ ਗਵਾਏ, ਵਡ ਦਾਤਾ ਗੁਣੀ ਗਹਿੰਦਾ । ਵਡ ਦਾਤਾ ਸਾਚਾ ਹਰਿ, ਸੁਰਪਤ ਰਾਜੇ ਇੰਦਾ । ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਰ, ਸ਼ਬਦ ਜਾਮ ਸਚ ਪਿਲੰਦਾ । ਗੁਰ ਸੰਗਤ ਸਾਚਾ ਬੰਨ੍ਹਿਆ ਬੇੜਾ । ਆਤਮ ਵਸੇ ਸਾਚਾ ਨਗਰ ਖੇੜਾ । ਪੰਜਾਂ ਚੋਰਾਂ ਚੁੱਕੇ ਝੇੜਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਆਤਮ ਜੋਤੀ ਦੇਵੇ ਧਰ, ਸਾਚਾ ਸਮਾਂ ਸੁਹਾਏ ਦਇਆ ਕਮਾਏ ਕਰੇ ਹੱਕ ਨਿਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਅੰਤਮ ਮਿਟਾਉਣ ਆਇਆ ਝੂਠਾ ਝੇੜਾ । ਗੁਰ ਸੰਗਤ ਸਹਿਜ ਸੁਖਦਾਈਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਾਚੀ ਜੋਤ ਹਰਿ ਪ੍ਰਗਟਾਈਆ । ਸਾਚਾ ਦੇਵੇ ਨਾਮ ਵਰ, ਨਰ ਨਰਾਇਣ ਰਸਨਾ ਸਦ ਧਿਆਈਆ । ਆਪ ਖੁਲ੍ਹਾਏ ਆਤਮ ਦਰ, ਅਗਿਆਨ ਅੰਧੇਰ ਮਿਟਾਈਆ । ਆਪ ਨੁਹਾਏ ਸਾਚੇ ਸਰ, ਅੰਮ੍ਰਿਤ ਧਾਰ ਵਹਾਈਆ । ਜੋ ਜਨ ਆਏ ਸਰਨੀ ਪੜ, ਲੱਖ ਚੁਰਾਸੀ ਫੰਦ ਕਟਾਈਆ । ਆਪ ਬਹਾਏ ਸਾਚੇ ਘਰ, ਜਗੇ ਜੋਤ ਅਲਾਹੀਆ । ਅੰਤਮ ਵੇਲੇ ਪ੍ਰਭ ਅਬਿਨਾਸ਼ੀ ਲਏ ਬਾਹੋਂ ਫੜ, ਧਰਮ ਰਾਏ ਨਾ ਦਏ ਸਜ਼ਾਈਆ । ਸ਼ਬਦ

੩੬੦
੦੪

੩੬੧
੦੪

ਘੋੜੇ ਜਾਣਾ ਚੜ੍ਹ, ਸਚਖੰਡ ਨਿਵਾਸ ਰਖਾਈਆ । ਗੁਰਮੁਖਾਂ ਵਾਗ ਲਏ ਫੜ, ਭੱਜਾ ਜਾਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜੋਤ ਧਰ, ਕਲਜੁਗ ਤੇਰੀ ਮੇਟਣ ਆਇਆ ਝੂਠੀ ਸ਼ਾਹੀਆ । ਝੂਠਾ ਸ਼ਾਹ ਝੂਠਾ ਸੁਲਤਾਨਾ । ਏਕਾ ਭੁੱਲਿਆ ਹਰਿ ਭਗਵਾਨਾ । ਝੂਠੇ ਦਿਸਣ ਮਹੱਲ ਮੁਨਾਰੇ ਝੂਠਾ ਜਗਤ ਸ਼ਹਾਨਾ । ਝੂਠੇ ਦਿਸਣ ਕਲਜੁਗ ਜੀਵ ਪ੍ਰਭ ਅਬਿਨਾਸ਼ੀ ਨਾ ਰਸਨਾ ਗਾਨਾ । ਜੋਤੀ ਜੋਤ ਸਰੂਪ ਹਰਿ, ਵਸੇ ਕਾਇਆ ਮੰਦਰ ਅੱਠੇ ਪਹਿਰ ਜੋਤ ਮਹਾਨਾ । ਉਚੇ ਟਿੱਲੇ ਫੜ ਫੜ ਲਾਹੇ ਗੋਰਖ ਤੇ ਮਛੰਦਰ, ਏਕਾ ਬਖ਼ਸ਼ੇ ਚਰਨ ਧਿਆਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਾਤਲੋਕ ਹਰਿ ਜਾਮਾ ਧਰ, ਪ੍ਰਗਟ ਹੋਏ ਸ੍ਰੀ ਭਗਵਾਨਾ । ਸ੍ਰੀ ਭਗਵਾਨ ਸਹਿਜ ਸੁਖ ਧਾਰੇ । ਤਿੰਨਾਂ ਲੋਕਾਂ ਰਖਾ ਲਿਆ ਸਾਚਾ ਸ਼ਬਦ ਖੁਲ੍ਹਾਰੇ । ਚੌਦਾਂ ਹੱਟਾਂ ਪਾਏ ਸਾਰੇ । ਤੀਰਥ ਤੱਟਾਂ ਸਚ ਵਖਾਰੇ । ਆਤਮ ਸਰੋਵਰ ਸਾਚੀ ਧਾਰੇ । ਪ੍ਰਭ ਅਬਿਨਾਸ਼ੀ ਵਸੇ ਘਟ ਘਟਾਂ, ਬਾਹਰ ਭੁੱਲੇ ਫਿਰਨ ਗਵਾਰੇ । ਬੇਮੁਖ ਜੀਵਾਂ ਕਲ ਖੇਲ ਜਿਉਂ ਬਾਜ਼ੀਗਰ ਨੱਟਾ, ਨਾ ਜਾਨਣ ਖੇਲ ਭਤਾਰੇ । ਸ਼ਬਦ ਸਰੂਪੀ ਆਪੇ ਮੇਟੇ ਦੂਈ ਦਵੈਤੀ ਫੱਟਾਂ, ਸੋਹੰ ਪੱਟੀ ਬੰਨ੍ਹੇ ਅਪਾਰੇ । ਦੂਈ ਦਵੈਤੀ ਮੈਲ ਦੇਵੇ ਕਟ, ਜੋ ਜਨ ਰਸਨਾ ਉਚਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜਾਮਾ ਧਰ, ਗੁਰਮੁਖ ਸਾਚੇ ਸੰਤ ਜਨਾਂ, ਹਰਿ ਚੁੱਕਣ ਆਇਆ ਭਾਰੇ । ਗੁਰਮੁਖਾਂ ਬੇੜਾ ਬੰਨ੍ਹੇ । ਹੋਏ ਸਹਾਈ ਜਿਉਂ ਮਾਲ ਚਰਾਏ ਧੰਨੇ । ਬੇਮੁਖਾਂ ਮਾਰੇ ਸਾਚੀ ਮਾਰ, ਨਾ ਕੋਈ ਜਾਣੇ ਸਾਚਾ ਰਾਗ ਨਾ ਕੋਈ ਸੁਣੇ ਕੰਨੇ । ਪ੍ਰਭ ਅਬਿਨਾਸ਼ੀ ਕਲਜੁਗ ਦਾਗ ਧੋ ਵਖਾਣਾ, ਅੰਮ੍ਰਿਤ ਪਿਆਏ ਕਾਇਆ ਛੰਨੇ । ਸ਼ਬਦ ਘੋੜੇ ਵਾਗ ਫੜਾਏ, ਅੰਤਮ ਵੇਲੇ ਹੋਏ ਸਹਾਏ, ਧਰਮ ਰਾਏ ਮੂਲ ਨਾ ਡੰਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੇੜਾ ਬੰਨ੍ਹੇ । ਬੇੜਾ ਬੰਨ੍ਹੇ ਹਰਿ ਗੋਬਿੰਦਾ । ਆਪ ਮਿਟਾਏ ਸਗਲੀ ਚਿੰਦਾ । ਬੇਮੁਖ ਕਰਦੇ ਫਿਰਨ ਨਿੰਦਾ । ਕੋਇ ਨਾ ਤੋੜੇ ਆਤਮ ਜਿੰਦਾ । ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਸਦ ਸਦ ਬਖ਼ਸ਼ਿੰਦਾ । ਸਦਾ ਸਦਾ ਹਰਿ ਬਖ਼ਸ਼ਣ ਜੋਗ । ਗੁਰਮੁਖ ਸਾਚੇ ਸੰਤ ਜਨਾਂ ਦੇਵੇ ਦਰਸ ਅਮੋਘ । ਸਾਚਾ ਦੇਵੇ ਨਾਮ ਦਾਨ, ਕਟੇ ਹਉਮੇ ਰੋਗ । ਸਾਚਾ ਸੰਗ ਨਿਭਾਏ ਤਿਨ੍ਹਾਂ ਮਿਟੇ ਵਿਜੋਗ । ਗੁਰਮੁਖ ਸਾਚੇ ਸੰਤ ਜਨਾਂ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਚ ਸ਼ਬਦ ਚੁਗਾਏ ਚੋਗ । ਸਾਚੀ ਚੋਗ ਚੁਗਾਇੰਦਾ । ਜਨ ਭਗਤਾਂ ਦਇਆ ਕਮਾਇੰਦਾ । ਕਲਜੁਗ ਮਾਇਆ ਪਰ੍ਹੇ ਹਟਾਇੰਦਾ । ਸਾਚੀ ਛਾਇਆ ਆਪ ਰਖਾਇੰਦਾ । ਸ਼ਬਦ ਨਈਆ ਆਪ ਚੜ੍ਹਾਇੰਦਾ । ਆਪਣੀ ਬਹੀਆ ਆਪ ਫੜਾਇੰਦਾ । ਧਰਮ ਰਾਏ ਨਾ ਮੰਗੇ ਲੇਖਾ, ਝੂਠੀ ਵਹੀਆ ਨਾ ਕੋਈ ਵਖਾਇੰਦਾ । ਏਕਾ ਨੌਕਾ ਨਾਮ ਚੜ੍ਹਈਆ, ਬੇੜਾ ਪਾਰ ਕਰਾਇੰਦਾ । ਸਤਿਜੁਗ ਸਾਚਾ ਮਾਣ ਦਵਈਆ, ਸੋਹੰ ਗੀਤ ਸੁਣਾਇੰਦਾ । ਚਾਰ ਵਰਨ ਕਰਾਏ ਭੈਣਾਂ ਭਈਆ, ਊਚ ਨੀਚ ਭੇਵ ਚੁਕਾਇੰਦਾ । ਸਚ ਸਰਕਾਰ ਇਕ ਬਣਈਆ, ਸਾਚਾ ਹੁਕਮ ਸੁਣਾਇੰਦਾ । ਗੁਰਮੁਖ ਸਾਚੇ ਸੰਤ ਜਨਾਂ ਮਿਲੇ ਸਾਚਾ ਪਿਤਾ ਮਈਆ, ਸਾਚੀ ਜੋਤ ਜਗਾਇੰਦਾ । ਜੋਤ ਸਰੂਪੀ ਜੋਤ ਜਗਈਆ, ਰਾਮ ਰਹੀਮ ਕਾਹਨ ਘਨਈਆ, ਏਕਾ ਰੰਗ ਰੰਗਾਇੰਦਾ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜਾਮਾ ਧਰ, ਕਲਜੁਗ ਅੰਤਮ ਅੰਤ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਏਕਾ ਸਾਚਾ ਮਾਰਗ ਆਪ ਵਖਾਇੰਦਾ । ਸਾਚਾ ਮਾਰਗ ਏਕ ਚਲਾਏ । ਏਕਾ ਦੂਆ ਭਉ ਚੁਕਾਏ । ਆਪ ਆਪਣੀ ਦਇਆ ਕਮਾਏ । ਆਪੇ ਰੱਖੇ ਹਰਿ

ਸਰਨਾਏ । ਹਰਿ ਜੀ ਦਿਸੇ ਸਭਨੀਂ ਥਾਂਏ । ਚਾਰ ਵਰਨ ਏਕਾ ਸਰਨਾ ਨਾਤ ਨਿਭਾਏ । ਆਪ ਚੁਕਾਏ ਮਰਨ ਡਰਨ, ਗੁਰਮੁਖਾਂ ਖੋਲ੍ਹੇ ਹਰਨ ਫਰਨ, ਜੋ ਜਨ ਸਰਨਾਈ ਆਏ । ਗੁਰਮੁਖਾਂ ਮਿਲੇ ਤਰਨੀ ਤਰਨ, ਦਵਾਰ ਦਸਵੇਂ ਬੂਝ ਬੁਝਾਏ । ਪ੍ਰਭ ਅਬਿਨਾਸ਼ੀ ਧਰਨੀ ਧਰਨ, ਦਰ ਸਾਚੇ ਡੇਰਾ ਲਾਏ । ਗੁਰਮੁਖ ਸਾਚੇ ਆਪਣੀ ਕਰਨੀ ਭਰਨ, ਅੰਮ੍ਰਿਤ ਮੇਵਾ ਫਲ ਖਵਾਏ । ਬੇਮੁਖ ਭਾਣਾ ਸਿਰ ਤੇ ਜਰਨ, ਧਰਮ ਰਾਏ ਦੇ ਸਜਾਏ । ਧੰਨ ਧੰਨ ਜਣੇਂਦੀ ਮਾਏ ਜੋ ਪ੍ਰਭ ਦਰ ਆਏ ਸਰਨ, ਵੇਲੇ ਅੰਤਮ ਹੋਏ ਸਹਾਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਦਇਆ ਕਮਾਏ । ਮਨੀ ਰਾਮ ਮਨ ਸਾਚਾ ਮਾਨਿਆ । ਪ੍ਰਭ ਅਬਿਨਾਸ਼ੀ ਸਾਚਾ ਜਾਣਿਆ । ਪ੍ਰਗਟ ਹੋਏ ਦਰਸ ਦਿਖਾਏ, ਨਰ ਹਰਿ ਹਰਿ ਭਗਵਾਨਿਆ । ਜਨਮ ਮਰਨ ਹਰਿ ਨਿਵਾਰੇ, ਵਾਲੀ ਦੋ ਜਹਾਨਿਆ । ਆਤਮ ਅੰਧੇਰ ਅੰਧ ਗਵਾਏ, ਗੁਣਵੰਤ ਗੁਣ ਨਿਧਾਨਿਆ । ਸੰਞ ਸਵੇਰ ਇਕ ਕਰਾਏ, ਜਗੇ ਜੋਤ ਵਡ ਮਹਾਨਿਆ । ਵਿਚੋਂ ਮੇਰ ਤੇਰ ਗਵਾਏ, ਸ਼ਬਦ ਮਾਰੇ ਸੱਚਾ ਬਾਣਿਆ । ਚਰਨ ਪ੍ਰੀਤੀ ਤੋੜ ਨਿਭਾਏ, ਦੇਵੇ ਦਰਸ ਹਰਿ ਭਗਵਾਨਿਆ । ਸ਼ਬਦ ਘੋੜੇ ਹਰਿ ਚੜ੍ਹਾਏ, ਕਰ ਕਰ ਵਡ ਮਿਹਰਬਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਦੇਵੇ ਆਤਮ ਧਨ, ਸਾਚਾ ਸ਼ਬਦ ਸੁਣਾਏ ਕੰਨ, ਆਤਮ ਬੇੜਾ ਦੇਵੇ ਬੰਨ੍ਹ, ਪ੍ਰਭ ਆਪਣੇ ਕੰਧ ਉਠਾਨਿਆ । ਆਪਣੇ ਕੰਧ ਆਪ ਉਠਾਏ । ਦੂਈ ਦਵੈਤੀ ਪੜਦਾ ਲਾਹੇ । ਏਕਾ ਸ਼ਬਦ ਸ਼ਰਅ ਸ਼ਰਾਇਤੀ, ਹਰਿ ਆਪ ਸੁਣਾਏ । ਦੂਜੀ ਨਾ ਕੋਈ ਹੋਰ ਹਦਾਇਤੀ, ਮਦਿਰਾ ਮਾਸ ਰਸਨ ਤਜਾਏ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋ ਸਾਚੇ ਘਰ, ਆਪ ਖੁਲ੍ਹਾਏ ਬੰਦ ਕਵਾੜ, ਸਾਚੀ ਜੋਤ ਕਰੇ ਰੁਸ਼ਨਾਏ । ਬੰਦ ਕਵਾੜ ਆਪੇ ਖੋਲ੍ਹੇ । ਗੁਰਮੁਖ ਤੇਰੀ ਆਤਮ ਬੋਲੇ । ਆਪੇ ਵਸੇ ਕਾਇਆ ਚੋਲੇ । ਸਾਚਾ ਰਾਹ ਏਕਾ ਦਿਸੇ, ਕਲਜੁਗ ਅੰਤ ਨਾ ਡੋਲੇ । ਕਰੇ ਪ੍ਰਕਾਸ਼ ਕੋਟ ਰਵ ਸੱਸੇ, ਜਗੇ ਜੋਤ ਇਕ ਅਮੋਲੇ । ਗੁਰਮੁਖ ਸਾਚਾ ਪ੍ਰਭ ਦਰ ਹੱਸੇ, ਆਪ ਮਿਟਾਏ ਪੜਦੇ ਉਹਲੇ । ਬੇਮੁਖ ਦਰ ਤੋਂ ਜਾਇਣ ਨੱਸੇ । ਲੱਗੀ ਅੱਗ ਕਾਇਆ ਚੋਲੇ । ਮਾਇਆ ਨਾਗਨੀ ਨਾ ਡੱਸੇ, ਗੁਰਮੁਖਾਂ ਸਦ ਵਸੇ ਕੋਲੇ । ਗੁਰਮੁਖਾਂ ਸੱਜਣ ਸੁਹੇਲਾ ਆਦਿਨ ਅੰਤਾ ਕਰੇ ਸਾਚੇ ਮੇਲੇ । ਮਾਣ ਦਵਾਏ ਸਾਚੇ ਸੰਤਾ । ਵਡ ਦਾਤਾ ਗੁਣੀ ਗਹਿੰਦਾ, ਦੇਵੇ ਵਡਿਆਈ ਹਰਿ ਭਗਵੰਤਾ, ਗੁਰਸਿੱਖ ਨਾ ਰਹੇ ਅਕੇਲਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਅਚਰਜ ਖੇਲ ਕਰੇ ਖਿਲਾੜੀ । ਗੁਰ ਸੰਗਤ ਲਾਏ ਸੱਚੀ ਫੁਲਵਾੜੀ । ਸਤਿ ਸਰੂਪ ਕਰੇ ਵਾੜੀ । ਰੱਖੇ ਲਾਜ ਅੰਤਮ ਵੇਲੇ, ਚਰਨ ਛੁਹਾਈ ਦਾਹੜੀ । ਜੋਤੀ ਜੋਤ ਸਰੂਪ ਹਰਿ, ਆਪੇ ਫਿਰੇ ਪਿਛੇ ਅਗਾੜੀ । ਜਨ ਭਗਤਾਂ ਮਾਣ ਦਵਾਇੰਦਾ । ਸਾਚਾ ਧਾਮ ਇਕ ਵਖਾਇੰਦਾ । ਜੋਤੀ ਰਾਮ ਇਕ ਜਗਾਇੰਦਾ । ਸਾਚਾ ਗੋਤੀ ਆਪ ਬਣਾਇੰਦਾ । ਦੁਰਮਤ ਮੈਲ ਗਈ ਧੋਤੀ, ਪ੍ਰਭ ਸਰਨਾਈ ਆਇੰਦਾ । ਆਪ ਉਠਾਏ ਆਤਮ ਸੋਤੀ, ਹਰਿ ਸਾਚੀ ਦਇਆ ਕਮਾਇੰਦਾ । ਇਕੋ ਜਗੇ ਆਤਮ ਜੋਤੀ, ਅੱਠੇ ਪਹਿਰ ਡਗਮਗਾਇੰਦਾ । ਸ੍ਰਿਸ਼ਟ ਸਬਾਈ ਰਹੀ ਰੋਤੀ, ਪ੍ਰਭ ਅਬਿਨਾਸ਼ੀ ਹੱਥ ਨਾ ਆਇੰਦਾ । ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਰ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਮਾਣ ਦਵਾਇੰਦਾ । ਦੇਵੇ ਮਾਣ ਸੱਚੀ ਵਡਿਆਈ । ਸਾਚੀ ਸੇਵਾ ਹਰਿ ਕਮਾਈ । ਆਤਮ ਦਰ ਹਰਿ ਖੁਲ੍ਹਾਈ । ਮਿਲਿਆ ਵਰ ਹਰਿ ਸਰਨਾਈ । ਗਿਆ ਤਰ ਦਰਸ ਕਰ, ਜੋਤ ਸਰੂਪੀ ਨਰਾਇਣ ਨਰ, ਏਕਾ ਪ੍ਰੀਤ ਚਰਨ ਲਾਈ । ਜੋਤੀ ਜੋਤ

੩੬੨
੦੪

ਸਰੂਪ ਹਰਿ, ਲੋਕਮਾਤ ਜਾਮਾ ਧਰ, ਆਪੇ ਕਟੇ ਜਮ ਕੀ ਫਾਹੀ । ਗੁਰਮਤ ਗੁਰ ਦਰਬਾਰ ਹੈ । ਬਣੀ ਰਹੇ ਸਦਾ ਭਿਖਾਰ ਹੈ । ਪ੍ਰਭ ਅਬਿਨਾਸ਼ੀ ਸਾਚਾ ਦੇਵੇ ਜਨ ਭਗਤਾਂ ਕਰ ਪਿਆਰ ਹੈ । ਗੁਰਮੁਖ ਸਾਚਾ ਪ੍ਰਭ ਦਰ ਲੇਵੇ, ਕਰੇ ਚਰਨ ਪਿਆਰ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜਾਮਾ ਧਰ, ਊਚ ਨੀਚ ਏਕਾ ਜੋਤ ਅਕਾਰ ਹੈ । ਗੁਰਮਤ ਗੁਣਾਂ ਗੁਣਵੰਤ ਹੈ । ਗੁਰਮਤ ਮੇਲ ਮਿਲਾਏ ਸਾਚੇ ਕੰਤ ਹੈ । ਗੁਰਮਤ ਗੁਰ ਪੂਰਾ ਦੇਵੇ ਗੁਰਮੁਖ ਸਾਚੇ ਸੰਤ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਾਤਲੋਕ ਹਰਿ ਜਾਮਾ ਧਰ, ਪ੍ਰਗਟ ਹੋਵੇ ਜੁਗਾ ਜੁਗੰਤ ਹੈ । ਗੁਰਮਤ ਹਰਿ ਚਰਨ ਦੁਲਾਰੀ ਹੈ । ਗੁਰਮਤ ਗੁਰਮੁਖ ਸਾਚੇ ਆਤਮ ਕਰੀ ਪਿਆਰੀ ਹੈ । ਸਾਚਾ ਦੇਵੇ ਧੀਰਜ ਯਤ, ਨਾ ਹੋਏ ਹੰਕਾਰੀ ਹੈ । ਆਤਮ ਦਿਸੇ ਏਕਾ ਨੱਤ, ਚਰਨ ਪ੍ਰੀਤੀ ਭਾਰੀ ਹੈ । ਸਾਚਾ ਬੀਜ ਬੀਜੇ ਆਤਮ ਸਾਚੇ ਵੱਤ, ਖਿੜੇ ਸੱਚੀ ਗੁਲਜ਼ਾਰੀ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਏ ਹਰਿ ਬਨਵਾਰੀ ਹੈ । ਗੁਰਮਤ ਗੁਣੀ ਗਹੀਰ ਹੈ । ਗੁਰਮੁਖਾਂ ਕਰੇ ਠੰਡਾ ਸਰੀਰ ਹੈ । ਵਿਚੋਂ ਕੱਢੇ ਹਉਮੇ ਪੀੜ ਹੈ । ਦੂਈ ਦਵੈਤੀ ਪਰਦਾ ਲਾਹੇ, ਕਰੇ ਲੀਰੋ ਲੀਰ ਹੈ । ਸਾਚਾ ਦਰ ਕਦੇ ਨਾ ਛੱਡੇ, ਅੰਮ੍ਰਿਤ ਪੀਵੇ ਠੰਡਾ ਸੀਰ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਧੀਰ ਹੈ । ਗੁਰਮਤ ਸਾਚੀ ਰਾਣੀ ਹੈ । ਗੁਰਮੁਖਾਂ ਮਾਤ ਪਛਾਣੀ ਹੈ । ਹਿਰਦੇ ਸਚ ਵਖਾਣੀ ਹੈ । ਸਾਚੀ ਦੇਵੇ ਮਤ, ਧੀਰਜ ਧੀਰ ਰਖਾਨੀ ਹੈ । ਏਕਾ ਰੱਖੇ ਗੁਰਮੁਖ ਪਤਿ, ਕਰੇ ਬ੍ਰਹਮ ਗਿਆਨੀ ਹੈ । ਇਕ ਦਿਸਾਏ ਪ੍ਰਭ ਅਬਿਨਾਸ਼ੀ ਚਰਨ ਨਤ, ਸੱਚੀ ਜਗਤ ਨਿਸ਼ਾਨੀ ਹੈ । ਸਾਚਾ ਲਾਹਾ ਲਏ ਖੱਟ, ਏਕਾ ਲਿਵ ਹਰੀ ਹਰਿ ਲਗਾਨੀ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਨੀ ਹੈ । ਗੁਰ ਸੰਗਤ ਗੁਰ ਕਾ ਰੰਗ ਹੈ । ਜਨ ਭਗਤਾਂ ਦੇਵੇ ਸਾਚਾ ਸੰਗ ਹੈ । ਸਦਾ ਸਦਾ ਕਟੇ ਭੁੱਖ ਨੰਗ ਹੈ । ਮਾਨਸ ਜਨਮ ਨਾ ਹੋਏ ਭੰਗ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਘੋੜੇ ਕਸਿਆ ਤੰਗ ਹੈ । ਸ਼ਬਦ ਘੋੜੇ ਹਰਿ ਅਸਵਾਰ । ਨਰਾਇਣ ਨਰ ਹਰਿ ਅਵਤਾਰ । ਜਨ ਭਗਤਾਂ ਕਰੇ ਮੇਲ ਸਚ ਦਰਬਾਰ । ਸਾਚੀ ਜੋਤ ਜਗਾਏ ਬਿਨ ਬਾਤੀ ਬਿਨ ਤੇਲ, ਕਰੇ ਸੱਚਾ ਉਜਿਆਰ । ਆਪ ਬਣੇ ਸਾਕ ਸੱਜਣ ਸੁਹੇਲ, ਪ੍ਰਭ ਅਬਿਨਾਸ਼ੀ ਸਚ ਭਤਾਰ ਹੈ । ਗੁਰਮੁੱਖਾਂ ਮੇਲ ਮਿਲਾਏ ਅੰਤਮ ਵੇਲੇ ਕਰ ਵਿਚਾਰ । ਲੱਖ ਚੁਰਾਸੀ ਸ਼ਬਦ ਵੇਲਨੇ ਦੇਵੇ ਪੀੜ, ਹੋਈ ਦੁਹਾਗਣ ਕੁਲੱਖਣੀ ਨਾਰ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਪਾਵੇ ਸਾਰ । ਗੁਣਵੰਤ ਵਡ ਵਡ ਵਡਾਨੀ ਹੈ । ਗੁਰਮੁਖ ਵਿਰਲਾ ਜਾਣੇ ਬ੍ਰਹਮ ਗਿਆਨੀ ਹੈ । ਜਿਸ ਜਨ ਆਤਮ ਲੱਗੀ ਸਾਚੀ ਕਾਨੀ ਹੈ । ਗੁਰਮਤ ਸਾਚੀ ਵਡੀ ਮਤ, ਵਿਚ ਮਾਤ ਵਡੀ ਦਾਨੀ ਹੈ । ਪ੍ਰਭ ਅਬਿਨਾਸ਼ੀ ਚਰਨ ਬਣਾਏ ਸਾਚਾ ਨੱਤ, ਮੇਲ ਮਿਲਾਏ ਸਾਚਾ ਬਾਨੀ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਸਚ ਨਿਸ਼ਾਨੀ ਹੈ । ਗੁਰਮਤ ਭਗਤ ਵਣਜਾਰੀ । ਅੱਠੇ ਪਹਿਰ ਵੇਖੇ ਪਰਖੇ, ਬਣੇ ਸੱਚੀ ਸੁਨਿਆਰੀ । ਆਪ ਚੜ੍ਹਾਏ ਸਾਚੇ ਚਰਖੇ, ਤੰਦ ਖਿੱਚੇ ਵਾਰੋ ਵਾਰੀ । ਅੰਮ੍ਰਿਤ ਮੇਘ ਸਾਚਾ ਬਰਖੇ ਦੇਵੇ ਸ਼ਬਦ ਭਾਰੀ । ਅੰਤਮ ਵੇਲੇ ਹਰਿ ਜੀ ਪਰਖੇ, ਗੁਰਮਤ ਸੋਭਾਵੰਤੀ ਨਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰਾਏ ਮੇਲ ਚਰਨ ਦਵਾਰੀ । ਗੁਰਮਤ ਸਚ ਵਿਹਾਰ ਹੈ । ਏਕਾ ਮਿਲਿਆ ਸਚ ਭਤਾਰ ਹੈ । ਦੱਸੇ ਰਾਹ ਜਗਤ ਅਪਾਰ ਹੈ । ਆਤਮ ਵਸੇ ਹੱਸੇ

੩੬੪
੦੪

ਰਸੇ, ਜਗਾਏ ਜੋਤ ਅਗੰਮ ਅਪਾਰ ਹੈ । ਦੂਈ ਦਵੈਤੀ ਕੋਲੋਂ ਨੱਸੇ, ਜੋਤ ਸਰੂਪੀ ਕਰੇ ਜੋਤ ਉਜਿਆਰ ਹੈ । ਸ਼ਬਦ ਬਾਣ ਏਕਾ ਕਸੇ, ਪੰਜੇ ਮਾਰੇ ਦੁਸ਼ਟ ਦੁਰਾਚਾਰ ਹੈ । ਗੁਰਮੁਖਾਂ ਸਦ ਹਿਰਦੇ ਵਸੇ, ਲਾਏ ਰੰਗ ਅਪਾਰ ਹੈ । ਮਾਇਆ ਰਾਣੀ ਪੈਰਾਂ ਹੇਠ ਝੱਸੇ, ਉਤੇ ਪਾਏ ਡਾਹਢਾ ਭਾਰ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੱਸੇ ਸ਼ਬਦ ਸਾਚੀ ਧਾਰ ਹੈ । ਗੁਰਮਤ ਜਗਤ ਅਨਮੋਲ ਹੈ । ਦੇਵੇ ਨਾਮ ਸ਼ਬਦ ਅਤੋਲ ਹੈ । ਸਦਾ ਰਹੇ ਜਗਤ ਅਡੋਲ ਹੈ । ਆਤਮ ਪੜਦੇ ਦੇਵੇ ਖੋਲ੍ਹ ਹੈ । ਸਾਚਾ ਸ਼ਬਦ ਕੰਨ ਸੁਣਾਏ, ਅੱਠੇ ਪਹਿਰ ਵਜਾਏ ਢੋਲ ਹੈ । ਆਤਮ ਝੂਠਾ ਜੰਨ ਕਢਾਏ, ਦਿਵਸ ਰੈਣ ਅੱਠੇ ਪਹਿਰ ਕਰੇ ਕਲੋਂਲ ਹੈ । ਭਾਂਡਾ ਭਉ ਭਰਮ ਭੰਨ ਵਖਾਏ, ਆਤਮ ਕਾਇਆ ਜਾਏ ਮੌਲ ਹੈ । ਗੁਰਮੁਖਾਂ ਬੇੜਾ ਬੰਨ੍ਹ ਵਖਾਏ, ਬੇਮੁਖ ਮਿਟਾਏ ਫੜ ਫੜ ਧੌਣ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕਾ ਕਾਇਆ ਚੋਲੀ ਮਾਤ ਰੰਗਉਣ ਹੈ । ਗੁਰਮਤ ਚਰਨ ਧਿਆਨ । ਪ੍ਰਭ ਅਬਿਨਾਸ਼ੀ ਕਰ ਪਛਾਣ । ਸ੍ਰਿਸ਼ਟ ਸਬਾਈ ਅੰਤਮ ਵਿਨਾਸੀ, ਕਲਜੁਗ ਜੀਵ ਫੇਰ ਪਛਤਾਣ । ਆਪ ਮਿਟਾਏ ਮਦਿਰਾ ਮਾਸੀ, ਨਿਹਕਲੰਕ ਬਲੀ ਬਲਵਾਨ । ਧਰਮ ਰਾਏ ਦਰ ਟੰਗੀ ਫਾਸੀ, ਫੜ ਫੜ ਬਾਹੋਂ ਦੇ ਲਟਕਾਣ । ਗੁਰਮੁਖਾਂ ਹੋਈ ਗੁਰਮਤ ਚਰਨ ਦਾਸੀ, ਪ੍ਰਭ ਅਬਿਨਾਸ਼ੀ ਸਾਚਾ ਦੇਵੇ ਦਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਰੇ ਭੇਖ ਸ੍ਰੀ ਭਗਵਾਨ । ਗੁਰਮਤ ਸਾਚੀ ਨਈਆ ਹੈ । ਚਾਰ ਵਰਨ ਕਰਾਏ ਭੈਣਾਂ ਭਈਆ ਹੈ । ਏਕਾ ਰਾਹ ਸਚ ਵਖਈਆ ਹੈ । ਸਾਚੇ ਮਾਰਗ ਆਪ ਲਵਈਆ ਹੈ । ਦਰਗਹਿ ਸਾਚੀ ਸਾਚੇ ਨਾਉ ਆਪੇ ਆਪ ਲਗਈਆ ਹੈ । ਮਿਲੇ ਮੇਲ ਅਗੰਮ ਅਥਾਹ, ਆਪੇ ਬਣੇ ਸਾਚਾ ਸਈਆ ਹੈ । ਜੋਤ ਸਰੂਪੀ ਬੇਪਰਵਾਹ, ਸ਼ਬਦ ਸਰੂਪੀ ਚਲਾਏ ਸਾਚੀ ਨਈਆ ਹੈ । ਹੋਏ ਸਹਾਈ ਸਭਨੀ ਥਾਂ, ਆਪੇ ਭੈਣ ਆਪੇ ਭਈਆ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਲੇਖ ਲਿਖਈਆ ਹੈ । ਦੁਰਮਤ ਦੁਸ਼ਟ ਦੁਰਾਚਾਰ ਹੈ । ਬੇਮੁਖਾਂ ਸੰਗ ਕਰੇ ਪਿਆਰ ਹੈ । ਅੰਤਮ ਭੰਨੇ ਕਲਜੁਗ ਜੀਵ ਭਾਂਡੇ ਕਾਚੇ, ਨਾ ਹੋਏ ਕੋਈ ਸਹਾਰ ਹੈ । ਚਾਰੋਂ ਕੁੰਟ ਬੇਮੁਖ ਨਾਚੇ, ਪ੍ਰਭ ਅਬਿਨਾਸ਼ੀ ਦੇਵੇ ਦੁਰਕਾਰ ਹੈ । ਗੁਰਮੁਖਾਂ ਹਰਿ ਢਾਲੇ ਸਾਚੇ ਢਾਂਚੇ, ਸ਼ਬਦ ਕੁਠਾਲੀ ਗਾਲ ਹੈ । ਸਰਬ ਜੀਆਂ ਹਰਿ ਹਿਰਦੇ ਵਾਚੇ, ਰਿਹਾ ਸੁਰਤ ਸੰਭਾਲ ਹੈ । ਗੁਰਮੁਖ ਵਿਰਲਾ ਸਾਚੋ ਸਾਚੇ, ਜਿਸ ਮਿਲਿਆ ਨਾਮ ਧੰਨ ਸਚ ਮਾਲ ਹੈ । ਜੋਤ ਸਰੂਪੀ ਹਰਿ ਆਪ ਆਪੇ, ਨਾ ਹੋਏ ਕਦੇ ਕੰਗਾਲ ਹੈ । ਸਰਬ ਜੀਆਂ ਹਰਿ ਹਿਰਦੇ ਵਾਚੇ, ਰਿਹਾ ਸੁਰਤ ਸੰਭਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣੇ ਆਪ ਰਖਵਾਲ ਹੈ । ਜਨ ਭਗਤਾਂ ਕਰੇ ਰਖਵਾਲੀ । ਬਣ ਜਾਏ ਸਾਚਾ ਪਾਲੀ । ਸਾਚੀ ਦੱਸੇ ਧਾਰ ਸੁਖਾਲੀ । ਨਾ ਮੰਗੇ ਕੋਈ ਦਲਾਲੀ । ਸਚ ਦਾਤ ਹਰਿ ਝੋਲੀ ਪਾਏ, ਗੁਰਮੁਖ ਨਾ ਜਾਏ ਕੋਈ ਖਾਲੀ । ਸਾਚੀ ਡੋਲੀ ਹਰਿ ਆਪ ਚੜ੍ਹਾਏ, ਸ਼ਬਦ ਸਰੂਪੀ ਹਰਿ ਗੋਪਾਲੀ । ਸਾਚੀ ਗੋਲੀ ਆਪ ਬਣਾਏ, ਗੁਰਮੁਖ ਸਾਚੇ ਹਰਿ ਬਨਵਾਲੀ । ਪੂਰੇ ਤੋਲ ਤੋਲੀ ਜਾਏ, ਸੋਹੰ ਕੰਡਾ ਮਾਤ ਲਗਾ ਲੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਪ ਰਖਵਾਲੀ । ਹੋਏ ਰਖਵਾਲ ਸਭਨੀ ਥਾਈਂ । ਗੁਰਮੁਖ ਮਾਣੇ ਠੰਡੀ ਛਾਈਂ । ਆਪ ਵਖਾਏ ਸਾਚਾ ਧਾਮ, ਵਸੇ ਰਾਮ, ਪੂਰਨ ਕਾਮ, ਧਿਆਏ ਜਾਮ, ਰੰਗਣ ਨਾਮ ਰੰਗਾਈ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਬੇੜਾ ਪਾਰ ਕਰਾਈ । ਬੇੜਾ ਬੰਨ੍ਹੇ ਬੰਨ੍ਹਣਹਾਰਾ । ਆਪੇ

੩੬੫
੦੪

ਲਾਏ ਪਾਰ ਕਿਨਾਰਾ । ਖਿੱਚੀ ਜਾਏ ਵਾਰੋ ਵਾਰਾ । ਗੁਰਮੁਖ ਆਇਣ ਚਲ ਦਵਾਰਾ, ਏਕਾ ਸਾਚੇ ਧਾਮ ਵਸਾਏ, ਨਿਹਚਲ ਧਾਮ ਅਟੱਲ ਮੁਨਾਰਾ । ਏਕਾ ਜੋਤੀ ਜਗਾਏ, ਜਗੇ ਜੋਤ ਅਗੰਮ ਅਪਾਰਾ । ਆਪਣਾ ਗੋਤੀ ਆਪ ਬਣਾਏ, ਜੋਤ ਸਰੂਪੀ ਹਰਿ ਨਿਰੰਕਾਰਾ । ਦੁਰਮਤ ਮੈਲ ਧੋ ਵਖਾਏ, ਸ਼ਬਦ ਲਗਾਏ ਸਾਬਣ ਭਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਤਮ ਹੋਏ ਸਹਾਰਾ । ਹੋਏ ਸਹਾਈ ਹਰਿ ਗੋਬਿੰਦਾ । ਆਪ ਮਿਟਾਏ ਸਗਲੀ ਚਿੰਦਾ । ਗੁਰਮੁਖ ਉਪਜਾਏ ਸਾਚੀ ਬਿੰਦਾ । ਸਾਚਾ ਮਾਣ ਹਰਿ ਦਰ ਘਰ ਸਾਚੇ ਦੇਵੇ, ਵਡ ਦਾਤਾ ਗੁਣੀ ਗਹਿੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਵਡ ਦਾਤਾ ਸੂਰ ਵਡ ਮਰਗਿੰਦਾ । ਸੂਰਬੀਰ ਮਰਗਿੰਦ ਗੁਣੀ ਗਹਿੰਦ । ਚਰਨ ਲਗਾਏ ਸੁਰਪਤ ਰਾਜਾ ਇੰਦ । ਮੇਟ ਮਿਟਾਏ ਬੇਮੁਖ ਨਿੰਦ । ਪਕੜ ਉਠਾਏ ਵਾਲੀ ਹਿੰਦ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦ । ਏਕਾ ਰਾਹ ਵਖਾਏ ਗੁਰਮੁਖ ਉਪਜਾਏ ਸਾਚੀ ਬਿੰਦ । ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਆਪਣੀ ਰਚਨਾ ਆਪ ਰਚਾਏ । ਜਗਤ ਰਚਨਾ ਆਪ ਰਚਾਏ । ਲੱਖ ਚੁਰਾਸੀ ਜੀਵ ਉਪਾਏ । ਜੋਤ ਸਰੂਪੀ ਕਾਰ ਕਮਾਏ । ਸ਼ਬਦ ਸਰੂਪੀ ਧਾਰ ਬੰਧਾਏ । ਪਵਣ ਸਰੂਪੀ ਸਵਾਸ ਚਲਾਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਵਕਤ ਆਣ ਸੁਹਾਏ । ਸਾਚਾ ਵਕਤ ਹਰਿ ਸੁਹਾਇੰਦਾ । ਅੰਮ੍ਰਿਤ ਆਤਮ ਧਾਰ ਆਪ ਚਲਾਇੰਦਾ । ਗੁਰਮੁਖਾਂ ਕਰ ਪਿਆਰ, ਅੰਮ੍ਰਿਤ ਬੂੰਦ ਮੁਖ ਚੁਆਇੰਦਾ । ਕਾਇਆ ਕਰੇ ਠੰਡੀ ਠਾਰ, ਤ੍ਰਿਸ਼ਨਾ ਅਗਨ ਆਪ ਬੁਝਾਇੰਦਾ । ਕਵਲ ਕਰੇ ਉਜਿਆਰ, ਸ਼ਬਦ ਸਰੂਪੀ ਹਰਿ ਉਲਟਾਇੰਦਾ । ਝਿਰਨਾ ਝਿਰੇ ਅਪਰ ਅਪਾਰ, ਬੂੰਦ ਸੁਹੰਵਣੀ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਾਤਲੋਕ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਹਰਿ ਉਜਲ ਮੁਖ ਆਪ ਕਰਾਇੰਦਾ । ਅੰਮ੍ਰਿਤ ਆਤਮ ਰਸ ਹੈ । ਪ੍ਰਭ ਅਬਿਨਾਸ਼ੀ ਸਤਿਗੁਰ ਸਾਚਾ ਹੋਵੇ ਸਦਾ ਵਸ ਹੈ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਗੁਰਮੁਖ ਸਾਚਾ ਰਸਨਾ ਲਾਏ, ਜਗਤ ਅੰਧੇਰਾ ਸਰਬ ਮਿਟ ਜਾਏ, ਧਰਮ ਰਾਏ ਨਾ ਦੇਵੇ ਫ਼ਾਸ ਹੈ । ਜਨ ਭਗਤਾਂ ਸਾਚੀ ਦਇਆ ਕਮਾਏ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੇ ਅੰਤਮ ਵੇਲੇ ਮੇਟ ਮਿਟਾਏ ਮਦਿਰਾ ਮਾਸ ਹੈ । ਅੰਮ੍ਰਿਤ ਆਤਮ ਦੇਵੇ ਧੀਰਾ । ਵਿਚੋਂ ਕੱਢੇ ਹਉਮੇ ਪੀੜਾ । ਸਾਚਾ ਸੋਮਾ ਏਕਾ ਫੁੱਟੇ, ਵਗੇ ਸਾਚਾ ਨੀਰਾ । ਗੁਰਮੁਖ ਪੀਵੇ ਪਹਿਲੀ ਘੁਟੇ, ਬੰਨ੍ਹੇ ਸਾਚਾ ਬੀੜਾ । ਸਾਚਾ ਲਾਹਾ ਪ੍ਰਭ ਦਰ ਲਏ ਖੱਟੇ, ਕਲਜੁਗ ਅੰਤ ਆਏ ਅਖ਼ੀਰਾ । ਠੱਗਾਂ ਚੋਰਾਂ ਫੜ ਫੜ ਕੁੱਟੇ, ਤਨ ਨਾ ਰਹੇ ਕੋਈ ਲੀੜਾ । ਸਤਿਜੁਗ ਪੌਹ ਸਾਚੀ ਫੁੱਟੇ, ਸਤਿਗੁਰ ਬੰਨ੍ਹਣ ਆਇਆ ਸਾਚਾ ਬੀੜਾ । ਰਸਨਾ ਤੀਰ ਕਮਾਨੋਂ ਛੁੱਟੇ, ਕਲਜੁਗ ਕੋਈ ਨਾ ਜਾਣੇ ਝੂਠਾ ਜੀਅੜਾ । ਬੇਮੁਖਾਂ ਜੜ੍ਹ ਆਪੇ ਪੁੱਟੇ, ਗੁਰਮੁਖਾਂ ਬੰਨ੍ਹਣ ਆਇਆ ਬੀੜਾ । ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਰ, ਏਕਾ ਜੋਤ ਸਰਬ ਸਮਾਏ, ਕਿਆ ਹਸਤ ਕਿਆ ਕੀੜਾ । ਹਸਤ ਕੀੜ ਏਕਾ ਹਰਿ ਜਾਣ । ਏਕਾ ਜੋਤ ਸ੍ਰੀ ਭਗਵਾਨ । ਲੱਖ ਚੁਰਾਸੀ ਜੀਆ ਜੰਤਾਂ, ਰੰਗ ਚੜ੍ਹਾਏ ਹਰਿ ਮਹਾਨ । ਜਨ ਭਗਤਾਂ ਹੋਏ ਦਾਸਨ ਦਾਸ, ਵਾਲੀ ਦੋ ਜਹਾਨ । ਮੇਟ ਮਿਟਾਏ ਮਦਿਰਾ ਮਾਸੀ, ਕਲਜੁਗ ਅੰਤਮ ਕਰ ਪਛਾਣ । ਪ੍ਰਗਟ ਹੋਏ ਘਨਕ ਪੁਰ ਵਾਸੀ, ਸਾਚੀ ਖੋਲ੍ਹੇ ਇਕ ਦੁਕਾਨ । ਚਾਰ ਵਰਨਾਂ ਹਰਿ ਬਲ ਬਲ ਜਾਸੀ, ਜੋਤ ਜਗਾਈ ਨਿਹਕਲੰਕ ਨਰਾਇਣ ਨਰ, ਮਾਤਲੋਕ ਹਰਿ ਜਾਮਾ ਧਰ, ਆਤਮ ਵੱਜੇ ਸੱਚੇ ਬਾਣ । ਹਰਿ ਭਗਤ ਹਰਿ ਭੰਡਾਰ ਹੈ ।

ਦੇਵਣਹਾਰ ਇਕ ਕਰਤਾਰ ਹੈ । ਅਤੋਟ ਅਤੁੱਟ ਵਿਚ ਸੰਸਾਰ ਹੈ । ਨਾ ਜਾਣੇ ਕਲਜੁਗ ਜੀਵ, ਪ੍ਰਭ ਅਬਿਨਾਸ਼ੀ ਕਿਰਪਾ ਧਾਰ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲ ਬੇੜਾ ਕਰੇ ਪਾਰ ਹੈ । ਬੇੜਾ ਕਰੇ ਪਾਰ, ਹਰਿ ਗਿਰਧਾਰਿਆ । ਅੰਤਮ ਪਾਏ ਸਾਰ, ਪੂਰਬ ਕਰਮ ਵਿਚਾਰਿਆ । ਸਾਚੀ ਬੰਨ੍ਹੇ ਧਾਰ ਵਿਚ ਸੰਸਾਰਿਆ । ਬਖ਼ਸ਼ੇ ਚਰਨ ਪਿਆਰ, ਏਕਾ ਟੇਕ ਹਰਿ ਨਿਰੰਕਾਰਿਆ । ਦੇਵੇ ਸ਼ਬਦ ਅਧਾਰ, ਸੋਹੰ ਅਪਰ ਅਪਾਰਿਆ । ਆਤਮ ਹੋਏ ਉਜਿਆਰ, ਦੀਪਕ ਜੋਤ ਇਕ ਜਗਾ ਰਿਹਾ । ਮਿਟੇ ਅੰਧ ਅੰਧਿਆਰ, ਸਾਚੀ ਬਾਣੀ ਨਾਮ ਉਚਾਰਿਆ । ਜੋਤੀ ਜੋਤ ਸਰੂਪ ਹਰਿ, ਚਲ ਆਏ ਜਨ ਭਗਤ ਦਵਾਰਿਆ । ਭਗਤ ਜਨਾਂ ਹਰਿ ਪਾਵੇ ਸਾਰੇ । ਜੋਤ ਸਰੂਪੀ ਜਾਮਾ ਧਾਰੇ । ਕਿਰਪਾ ਕਰੇ ਹਰਿ ਗਿਰਧਾਰੇ । ਦੇਵੇ ਮਾਣ ਵਿਚ ਸੰਸਾਰੇ । ਪ੍ਰਗਟ ਹੋਏ ਕ੍ਰਿਸ਼ਨ ਕਾਹਨ ਖੜ੍ਹਾ ਰਹੇ ਦਰ ਦਵਾਰੇ । ਮਿਲੇ ਨਾਮ ਦੇਵੇ ਹਰਿ ਕਿਰਪਾ ਕਰ, ਆਏ ਸਾਚੇ ਦਰ, ਆਤਮ ਖੁਲ੍ਹਾਏ ਅੰਮ੍ਰਿਤ ਸਾਚਾ ਸਰ, ਕਰੇ ਖੇਲ ਅਪਰ ਅਪਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਪਾਵੇ ਸਾਰੇ, ਗੁਰਮੁਖ ਸਾਚੇ ਕਰ ਧਿਆਨ । ਪ੍ਰਭ ਅਬਿਨਾਸ਼ੀ ਦੇਵੇ ਸੱਚਾ ਮਾਣ । ਮਾਨਸ ਜਨਮ ਕਰੇ ਰਹਿਰਾਸੀ, ਆਪ ਮਿਟਾਏ ਜਮ ਕੀ ਕਾਨ । ਆਪ ਬਣਾਏ ਚਰਨ ਦਾਸੀ, ਸਾਚੀ ਦਰਗਹਿ ਦੇਵੇ ਮਾਣ । ਅੰਤਮ ਕਰੇ ਬੰਦ ਖ਼ਲਾਸੀ, ਗੇੜ ਕਟਾਨ । ਸਾਚੀ ਜੋਤ ਮਾਤ ਪ੍ਰਕਾਸ਼ੀ, ਕਲਜੁਗ ਮਿਟੇ ਅੰਧ ਅੰਧਿਆਨ । ਸਤਿਜੁਗ ਸਾਚੇ ਬਲ ਬਲ ਜਾਸੀ, ਦੇਵੇ ਵਰ ਹਰਿ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਮਿਟਾਏ ਕਲਜੁਗ ਜੀਵ ਬੇਈਮਾਨ । ਬੇਈਮਾਨ ਵਡ ਸ਼ੈਤਾਨਾ । ਕਲਜੁਗ ਅੰਤਮ ਵਕਤ ਵਖਾਨਾ । ਗੁਰਮੁਖਾਂ ਦੇਵੇ ਬ੍ਰਹਮ ਗਿਆਨਾ । ਸੋਹੰ ਸ਼ਬਦ ਚਾਰ ਵਰਨ ਹਰਿ ਇਕ ਸਮਾਨਾ । ਦੁਰਮਤ ਮੈਲ ਧੋਤ ਵਖਾਨਾ । ਸਾਚਾ ਦੇਵੇ ਸ਼ਬਦ ਬਬਾਣਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਕਿਰਪਾ ਕਰ, ਇਕ ਵਖਾਏ ਸਚ ਟਿਕਾਣਾ । ਆਤਮ ਸਾਚੀ ਜੋਤ ਜਗਾਈ । ਕਿਰਪਾ ਕਰ ਹਰਿ ਗਿਰਧਾਰ, ਅੱਠੇ ਪਹਿਰ ਰਹੇ ਰੁਸ਼ਨਾਈ । ਆਤਮ ਹੋਏ ਜੀਵ ਉਜਿਆਰ, ਜੋਤੀ ਜੋਤ ਸਰੂਪ ਹਰਿ, ਦਰ ਘਰ ਆਏ ਹੋਏ ਸਹਾਈ । ਆਪ ਕਰਾਏ ਸਾਚਾ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਆਪ ਕਰਾਏ ਆਪਣਾ ਮੇਲਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਸੁਹਾਏ ਅੰਤਮ ਵੇਲਾ । ਅੰਤਮ ਵੇਲੇ ਹੋਏ ਸਹਾਈ । ਦੇਵੇ ਦਰਸ ਹਰਿ ਰਘੁਰਾਈ । ਮਿਟਾਏ ਹਰਸ ਕਰ ਦਰਸ, ਪੂਰਨ ਬੂਝ ਬੁਝਾਈ । ਅੰਮ੍ਰਿਤ ਮੇਘ ਰਿਹਾ ਬਰਸ, ਆਤਮ ਤ੍ਰਿਖਾ ਅਗਨ ਬੁਝਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਆਪ ਵਡਿਆਈ । ਨਾਮ ਵਡਾ ਵਡ ਭੰਡਾਰ । ਦੇਵਣਹਾਰ ਹਰਿ ਨਿਰੰਕਾਰ । ਗੁਰਮੁਖਾਂ ਪਾਏ ਆਤਮ ਸਾਰ । ਬੇਮੁਖਾਂ ਦੇਵੇ ਦਰ ਦੁਰਕਾਰ । ਮਦਿਰਾ ਮਾਸੀ ਜੀਵ ਗਵਾਰ । ਹਰਿਜਨ ਸਾਚੇ ਉਧਰੇ ਪਾਰ, ਜੋ ਜਨ ਹੋਏ ਸਵਾਸ ਸਵਾਸੀ, ਆਤਮ ਚਲੇ ਸੱਚੀ ਧੁਨਕਾਰ । ਮਾਨਸ ਜਨਮ ਕਰੇ ਰਹਿਰਾਸੀ, ਖੋਲ੍ਹੇ ਬੰਦ ਕਵਾੜ । ਸ੍ਰਿਸ਼ਟ ਸਬਾਈ ਅੰਤ ਵਿਨਾਸੀ, ਪ੍ਰਗਟ ਜੋਤ ਹਰਿ ਆਪ ਜਪਾਏ ਆਪਣੀ ਧਾਰ । ਏਕਾ ਪੁਰਖ ਹਰਿ ਅਬਿਨਾਸ਼ੀ, ਆਦਿ ਅੰਤ ਏਕਾ ਜੋਤ ਏਕਾ ਕਾਰ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰ । ਕਰੇ ਖੇਲ ਅੰਤਮ ਵਾਰੀ । ਕਲਜੁਗ ਝੂਠੀ ਬਾਜੀ ਹਾਰੀ । ਚੜ੍ਹ ਕੇ ਆਇਆ ਸਾਚੇ ਤਾਜੀ, ਚਿੱਟੇ ਅਸਵ ਹਰਿ ਅਸਵਾਰੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਹਰਿ ਕਾ ਖੇਲ ਅਪਰ ਅਪਾਰੀ । ਹਰਿ ਕਾ ਰੂਪ ਅਗੰਮ, ਅਲਖ ਅਭੇਵ ਹੈ । ਹਰਿ ਕਾ ਰੂਪ ਅਗੰਮ,

੩੯੬ ੦੪

ਵਡ ਦੇਵੀ ਦੇਵ ਹੈ । ਹਰਿ ਕਾ ਰੂਪ ਅਗੰਮ, ਗੁਰਮੁਖ ਵਿਰਲਾ ਜਾਣੇ, ਜਿਸ ਆਪ ਲਗਾਏ ਆਪਣੀ ਸੇਵ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜੋਤ ਧਰ, ਗੁਰਮੁਖਾਂ ਦੇਵੇ ਸੱਚਾ ਨਾਮ ਧਨ, ਜਪਾਏ ਰਸਨ ਸਵਾਸ ਸਵਾਸ ਹੈ । ਹਰਿ ਕਾ ਰੂਪ ਅਗੰਮ, ਗੁਰਮੁਖ ਜਾਣਿਆ । ਹਰਿ ਕਾ ਰੂਪ ਅਗੰਮ, ਚਲੇ ਚਲਾਏ ਆਪਣੇ ਭਾਣਿਆਂ । ਹਰਿ ਕਾ ਰੂਪ ਅਗੰਮ, ਦਿਸ ਨਾ ਆਏ ਰਾਜੇ ਰਾਣਿਆਂ । ਹਰਿ ਕਾ ਰੂਪ ਅਗੰਮ, ਨਾ ਕੋਈ ਪਰਖੇ ਨਾ ਕੋਈ ਵੇਖੇ, ਬਣ ਬਣ ਬੈਠੇ ਵਡ ਵਡ ਸੁਘੜ ਸਿਆਣਿਆਂ । ਗੁਰਮੁਖ ਵਿਰਲਾ ਨੇਤਰ ਪੇਖੇ, ਜਿਸ ਸਿਰ ਹੱਥ ਰੱਖੇ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਸਾਚਾ ਦਾਨਿਆ । ਦੇਵੇ ਦਾਨ ਭਗਤ ਭਗਵਾਨ । ਕਲਜੁਗ ਝੁੱਲੇ ਗੁਰਮੁਖ ਸਾਚੇ ਏਕਾ ਸਚ ਨਿਸ਼ਾਨ । ਬੇਮੁਖ ਜੀਵ ਮਾਇਆ ਰੁਲੇ, ਭੁੱਲਿਆ ਨਾਮ ਨਿਧਾਨ । ਲੱਗੀ ਅੱਗ ਕਾਇਆ ਕੁੱਲੇ, ਚਾਰੋਂ ਕੁੰਟ ਹੋਏ ਬੇਮੁਖ ਜੀਵ ਸੁੰਞ ਮਸਾਣ । ਅੰਮ੍ਰਿਤ ਆਤਮ ਸਭ ਦੇ ਡੁੱਲ੍ਹੇ, ਮਿਟਦਾ ਜਾਏ ਸਰਬ ਨਿਸ਼ਾਨ । ਮਦਿਰਾ ਮਾਸੀ ਭੁੱਲੇ, ਪ੍ਰਗਟ ਹੋਵੇ ਨਿਹਕਲੰਕ ਨਰਾਇਣ ਨਰ ਵਡ ਬਲੀ ਬਲਵਾਨ । ਪਾਣੀ ਪੈਣਾ ਕਾਇਆ ਚੁੱਲ੍ਹੇ, ਬੇਮੁਖ ਜੀਵ ਫੇਰ ਪਛਤਾਨ । ਜਨ ਭਗਤਾਂ ਹਰਿ ਦੇਵੇ ਭੰਡਾਰੇ ਖੁੱਲ੍ਹੇ, ਅੱਠੇ ਪਹਿਰ ਆਵਣ ਜਾਣ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਰੇ ਭੇਖ ਸ੍ਰੀ ਭਗਵਾਨ । ਧਰਿਆ ਭੇਖ ਅਗੰਮ ਰੂਪ ਅਪਾਰ ਹੈ । ਪੂਰ ਕਰਾਏ ਕਾਮ, ਲੋਕਮਾਤ ਹਰਿ ਜਾਮਾ ਧਾਰ ਹੈ । ਕਲਜੁਗ ਜੀਵਾਂ ਅੰਤਮ ਮੇਟੇ ਭਰਮ, ਸ਼ਬਦ ਖੰਡਾ ਫੇਰੇ ਦੋ ਧਾਰ ਹੈ । ਲੱਖ ਚੁਰਾਸੀ ਲਾਹੇ ਚੰਮ, ਅੰਤਮ ਆਪਣਾ ਆਪ ਗਈ ਹਾਰ ਹੈ । ਨਾ ਮਿਲੇ ਸਾਚਾ ਦਾਮ, ਵਿਸਰਿਆ ਕਰਤਾਰ ਹੈ । ਬੇਮੁਖ ਅੰਤਮ ਰੋਵਣ ਨੀਰ ਵਹਾਵਣ ਛੰਮ ਛੰਮ, ਧਰਮ ਰਾਏ ਨਾ ਸੁਣੇ ਪੁਕਾਰ ਹੈ । ਜੋਤੀ ਅਗਨੀ ਲਏ ਥੰਮ, ਕਾਇਆ ਕਰੇ ਨਾ ਠੰਡੀ ਠਾਰ ਹੈ । ਨਿਜ ਮਾਵਾਂ ਘਰ ਪਏ ਜੰਮ, ਨਾ ਮਿਲਿਆ ਨਾਮ ਮੁਰਾਰ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਜੋਤ ਧਰ, ਜਨ ਭਗਤਾਂ ਪਾਉਂਦਾ ਸਾਰ ਹੈ । ਜਨ ਭਗਤਾਂ ਹੋਏ ਸਹਾਰਾ । ਦੇਵੇ ਨਾਮ ਅਪਰ ਅਪਾਰਾ । ਪੂਰ ਕਰਾਏ ਕਾਮ, ਹੋਏ ਅੰਤ ਸਹਾਰਾ । ਪੱਲੇ ਬੰਨ੍ਹੇ ਸਾਚਾ ਦਾਮ, ਸਾਚਾ ਨਾਮ ਹਰਿ ਗਿਰਧਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚਾ ਕਰੇ ਵਣਜ ਵਪਾਰਾ । ਸਾਚਾ ਵਣਜ ਕਰ ਵਪਾਰੇ । ਗੁਰਮੁਖ ਸਾਚਾ ਸਚ ਦਵਾਰੇ । ਕਲਜੁਗ ਭੁੱਲੇ ਜੀਵ ਗਵਾਰੇ । ਆਤਮ ਹੋਈ ਅੰਧ ਅੰਧਿਆਰੇ । ਘਰ ਘਰ ਰੋਵਣ ਨਾਰ, ਕਿਸੇ ਨਾ ਦਿਸੇ ਕੰਤ ਭਤਾਰੇ । ਚਾਰੋਂ ਕੁੰਟ ਅੰਧੇਰ ਦਿਸੇ, ਕਲਜੁਗ ਤੇਰੀ ਅੰਤਮ ਵਾਰੇ । ਗੁਰਮੁਖਾਂ ਹਰਿ ਆਇਆ ਹਿੱਸੇ, ਆਤਮ ਸੇਜਾ ਸੁੱਤਾ ਪੈਰ ਪਸਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜੋਤ ਧਰ, ਜਨ ਭਗਤਾਂ ਪੂਰਬ ਕਰਮ ਰਿਹਾ ਵਿਚਾਰੇ । ਪੂਰਬ ਕਰਮ ਵਿਚਾਰੇ, ਸਰਬ ਕੁਛ ਜਾਣਦਾ । ਆਤਮ ਸੇਜਾ ਪੈਰ ਪਸਾਰੇ, ਅਚਰਜ ਖੇਲ ਸ੍ਰੀ ਭਗਵਾਨ ਦਾ । ਬੇਮੁਖਾਂ ਦਿਸੇ ਨਾ ਕੋਈ ਕਿਨਾਰੇ, ਭੁੱਲੇ ਦਰ ਹਰਿ ਨਿਗਾਹਬਾਨ ਦਾ । ਗੁਰਮੁਖ ਵਿਰਲਾ ਪਾਵੇ ਸਾਰੇ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਮਾਇਆ ਜਾਲ ਸ੍ਰਿਸ਼ਟ ਸਬਾਈ ਉਤੇ ਤਾਣਦਾ । ਮਾਇਆ ਰੂਪੀ ਤਣਿਆ ਤਾਣਾ । ਵਿਚ ਫਸਾਇਆ ਰਾਜਾ ਰਾਣਾ । ਆਤਮ ਅੰਧਾ ਪਾਪੀ ਗੰਦਾ, ਜੂਠਾ ਝੂਠਾ ਵੱਜਾ ਜਿੰਦਾ, ਹਰਿ ਨਾ ਗਾਇਆ ਬੱਤੀ ਦੰਦਾ, ਮਦਿਰਾ ਮਾਸੀ ਝੂਠਾ ਬੰਦਾ, ਭੁਲਿਆ ਹਰਿ ਭਗਵਾਨਾ । ਆਤਮ ਹੋਈ ਦੂਈ ਦਵੈਤੀ ਕੰਧਾ, ਨਾ ਦਿਸੇ ਸਚ ਟਿਕਾਣਾ । ਨਾ ਕੋਈ ਸੁਣਾਏ ਸਾਚਾ

੩੬੮
੦੪

ਛੰਦਾ, ਭੁੱਲਿਆ ਹਰਿ ਭਗਵਾਨਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਲੋਕਮਾਤ ਜੋਤ ਧਰ, ਨਾਲ ਲਿਆਇਆ ਸੋਹੰ ਸ਼ਬਦ ਦੂਈ ਦਵੈਤੀ ਮੇਟ ਮਿਟਾਨਾ । ਦੂਈ ਦਵੈਤੀ ਆਪੇ ਕਟੇ । ਗੁਰਮੁਖ ਵਿਰਲਾ ਸਾਚਾ ਰਸ ਰਸਨਾ ਚੱਟੇ । ਪ੍ਰਭ ਜੋਤ ਕਰੇ ਉਜਿਆਰੇ, ਪ੍ਰਭ ਅਬਿਨਾਸ਼ੀ ਕਾਇਆ ਝੂਠੇ ਮੱਟੇ । ਸੋਹੰ ਸ਼ਬਦ ਤਨ ਛੁਹਾਏ, ਸੋਹੰ ਸ਼ਬਦ ਸਾਚਾ ਪਟੇ । ਗੁਰਮੁਖ ਸਾਚਾ ਆਦਿ ਅੰਤ ਹੰਢਾਏ, ਨਾ ਚੋਗ ਅੰਤ ਜਗਤ ਨਿਖੁਟੇ । ਅੰਤਮ ਵੇਲੇ ਹੋਏ ਸਹਾਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਚੜ੍ਹਾਏ ਸਾਚਾ ਫੱਟੇ । ਬੇਮੁਖਾਂ ਹਰਿ ਦਏ ਹੁਲਾਰਾ । ਕਲਜੁਗ ਤੇਰੀ ਅੰਤਮ ਵਾਰਾ । ਚਾਰੋਂ ਕੁੰਟ ਹਾਹਾਕਾਰਾ । ਕਿਸੇ ਨਾ ਦਿਸੇ ਕੋਈ ਕਿਨਾਰਾ । ਪ੍ਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ । ਜੋਤ ਸਰੂਪੀ ਜਾਮਾ ਪਾਇਆ, ਸ਼ਬਦ ਖੰਡਾ ਹੱਥ ਦੋ ਧਾਰਾ । ਰਾਜਾ ਰਾਣਾ ਸਰਬ ਉਠਾਇਆ, ਨਾ ਕੋਈ ਜਾਣੇ ਜੀਵ ਗਵਾਰਾ । ਆਪਣਾ ਭਾਣਾ ਆਪ ਆਪਣੇ ਹੱਥ ਰਖਾਇਆ, ਪ੍ਰਭ ਅਬਿਨਾਸ਼ੀ ਸਚ ਭਤਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅਚਰਜ ਖੇਲ ਆਪ ਰਚਾਇਆ । ਅਚਰਜ ਖੇਲ ਕੀਆ ਕਰਤੇ । ਵਰਤੇ ਕਹਿਰ ਉਪਰ ਧਰਤੇ । ਬੇਮੁਖ ਜੀਵ ਲੜ ਲੜ ਮਰਤੇ । ਗੁਰਮੁਖ ਵਿਰਲੇ ਆਇਣ ਦਰ ਤੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਚ ਇਸ਼ਨਾਨ ਕਰਾਏ ਗੁਰਮੁਖ ਸਾਚੇ ਸੰਤ ਜਨਾਂ, ਆਤਮ ਸਾਚੇ ਸਰ ਤੇ । ਬੇਮੁਖਾਂ ਬੱਧਾ ਕਲਜੁਗ ਝੇੜਾ । ਪ੍ਰਭ ਅਬਿਨਾਸ਼ੀ ਏਕਾ ਦੇਵੇ ਉਲਟਾ ਗੇੜਾ । ਧਰਤ ਮਾਤ ਤੇਰਾ ਖੁਲ੍ਹਾ ਕਰਾਏ ਵਿਹੜਾ । ਸ਼ਬਦ ਸਰੂਪੀ ਖੇਲ ਰਚਾਇਆ ਚਾਰੋਂ ਤਰਫ ਛੇੜੇ ਛੇੜਾ । ਆਪਣਾ ਭੇਵ ਆਪਣੇ ਹੱਥ ਰਖਾਇਆ, ਜਨ ਭਗਤਾਂ ਬੰਨ੍ਹੇ ਬੇੜਾ । ਹਰਿ ਕਾ ਨਾਉਂ ਜਿਸ ਰਸਨ ਧਿਆਇਆ, ਵਸਦਾ ਰਹੇ ਕਾਇਆ ਨਗਰ ਖੇੜਾ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸ੍ਰਿਸ਼ਟ ਸਬਾਈ ਲਾਏ ਇਕ ਉਖੇੜਾ । ਇਕ ਉਖੇੜਾ ਜਾਏ ਲਗ । ਤੱਤੀ ਵਾ ਜਾਏ ਵਗ । ਬੇਮੁਖ ਜੀਵ ਜਾਇਣ ਦਗ । ਕਲਜੁਗ ਵੇਲਾ ਅੰਤਮ ਹੋਇਆ, ਬਣੇ ਹੰਸ ਕਗ । ਸਾਚਾ ਹਲ ਕਿਸੇ ਨਾ ਜੋਇਆ, ਰਸਨਾ ਨਾ ਜਪਿਆ ਵਡ ਦਾਤਾ ਸੂਰਾ ਸਰਬਗ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਬੇਮੁਖ ਕਲਜੁਗ ਜੀਵਾਂ ਅੰਤਮ ਪਕੜੇ ਸ਼ਾਹ ਰਗ । ਆਪੇ ਪਕੜੇ ਪਕੜ ਉਠਾਏ । ਅਗਨ ਲਗਾਏ ਬਹੱਤਰ ਨਾੜੇ । ਅਗਨ ਜੋਤ ਹਰਿ ਦਏ ਸਾੜੇ । ਕਰੇ ਖੇਲ ਪਹਿਲੀ ਹਾੜੇ । ਬੇਮੁਖਾਂ ਦਿਨ ਆਏ ਮਾੜੇ । ਫਿਰਨ ਭੌਂਦੇ ਵਿਚ ਉਜਾੜੇ । ਚਾਰੋਂ ਤਰਫ ਫਿਰ ਫਿਰ ਥੱਕੇ, ਮੂੰਹ ਦੇ ਭਾਰ ਸੁੱਟੇ, ਉਤੇ ਪਾਵੇ ਭਾਰੇ । ਬੇਮੁਖਾਂ ਮੁਖ ਪੈਣ ਥੁੱਕੇ, ਪ੍ਰਭ ਕਾ ਭਾਣਾ ਨਾ ਕੋਈ ਵਿਚਾਰੇ । ਆਪੇ ਪਰਖੇ ਚੰਗੇ ਮਾੜੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਏਕਾ ਸਾਚੀ ਧਾੜੇ । ਉਠੇ ਧਾੜ ਵਡ ਹੰਕਾਰ, ਚਾਰੋਂ ਕੁੰਟ ਹੋਏ ਖੁਆਰ, ਨਾ ਕੋਈ ਸਕੇ ਸੁਰਤ ਸੰਭਾਲ ਹੈ । ਸ੍ਰਿਸ਼ਟ ਸਬਾਈ ਹੋਏ ਦੋ ਫਾੜ, ਖਾਣ ਆਇਆ ਜਮ ਕਾਲ ਹੈ । ਬੇਮੁਖ ਜੀਵਾਂ ਦੇਵੇ ਝਾੜ, ਫਲ ਦਿਸੇ ਨਾ ਕਿਸੇ ਡਾਲ ਹੈ । ਜੋਤ ਅਗਨ ਵਿਚ ਦੇਵੇ ਸਾੜ, ਨਾ ਹੋਏ ਕੋਈ ਰਖਵਾਲ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਆਪਣੀ ਗੋਦ ਲਏ ਉਠਾਲ ਹੈ । ਸ਼ਬਦ ਤੀਰ ਚੜ੍ਹਿਆ ਚਿੱਲੇ । ਸ੍ਰਿਸ਼ਟ ਸਬਾਈ ਮਾਤ ਹਿੱਲੇ । ਜੂਹਾਂ ਜੰਗਲ ਉਚ ਪਹਾੜ ਟਿੱਲੇ । ਧਰਨ ਮਾਤ ਤੇਰਾ ਬਣੇ ਅਖਾੜਾ, ਢਹਿੰਦੇ ਜਾਣ ਮੰਦਰ ਮਹੱਲ, ਵਡ ਵਡ ਜੋ ਦਿਸਣ ਕਿਲੇ । ਕਲਜੁਗ ਬਣਿਆ ਅੰਤਮ ਲਾੜਾ, ਲੱਖ ਚੁਰਾਸੀ ਪਾਈ ਛਿਲੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ

੩੬੯
੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਜੋਤ ਧਰ, ਆਪ ਮਿਟਾਏ ਬੂਰੇ ਕੱਕੇ ਬਿੱਲੇ । ਬੂਰੇ ਕੱਕੇ ਪੈਣ ਧੱਕੇ । ਸ਼ੇਖ਼ ਮੁਸਾਇਕ ਪੀਰ ਗੌਂਸ ਮੱਕੇ ਮਦੀਨੇ ਧੱਕੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਡੰਡਾ ਹੱਥ ਵਿਚ ਫੜਿਆ, ਕਲਜੁਗ ਤੇਰੀ ਅੰਤਮ ਵਾਰੇ ਜੂਠੇ ਝੂਠੇ ਫਲ ਪੱਕੇ । ਕਲਜੁਗ ਫਲ ਹੋਇਆ ਤਿਆਰ । ਮਾਇਆ ਰਾਣੀ ਤੇਰੀ ਸੱਚੀ ਖਿੜੀ ਇਕ ਗੁਲਜ਼ਾਰ । ਪ੍ਰਗਟ ਹੋਵੇ ਵਾਲੀ ਦੋ ਜਹਾਨੀ, ਕਰੇ ਖੇਲ ਅਪਰ ਅਪਾਰ । ਸ਼ਬਦ ਮਾਰੇ ਏਕਾ ਕਾਨੀ, ਚਾਰੋਂ ਕੁੰਟ ਦਹਿ ਦਿਸ਼ ਧਾਰ । ਕੋਈ ਨਾ ਦਿਸੇ ਰਾਜਾ ਰਾਣੀ, ਮਿਲੇ ਨਾ ਨਾਰ ਕੰਤ ਭਤਾਰ । ਮਿਟਦੀ ਜਾਏ ਵੇਦ ਪੁਰਾਨੀ, ਕੁਰਾਨ ਅੰਜ਼ੀਲ ਅੰਜ਼ੀਲ ਕੁਰਾਨੀ ਖਾਣੀ ਬਾਣੀ ਅੰਤਮ ਹੋਈ ਦੁਖਿਆਰ । ਦੁਰਮਤ ਕਲਜੁਗ ਜੀਵਾਂ ਅੰਦਰ ਵਸੀ, ਆਤਮ ਭਰਿਆ ਇਕ ਹੰਕਾਰ । ਗੁਰਮੁਖਾਂ ਦੇ ਦਰ ਤੋਂ ਨੱਸੀ, ਭੁੱਲਿਆ ਇਕ ਕਰਤਾਰ । ਮਨਮਤ ਕਲਜੁਗ ਜੀਆਂ ਆਏ ਹਿੱਸੇ, ਚਾਰੋਂ ਕੁੰਟ ਦਹਿ ਦਿਸ਼ ਰਹੇ ਝੱਖ ਮਾਰ । ਜੂਠੀ ਝੂਠੀ ਚੱਕੀ ਪੀਸੇ, ਅੰਤਮ ਹੋਏ ਦੋ ਫਾੜ । ਪ੍ਰਭ ਅਬਿਨਾਸ਼ੀ ਕਿਸੇ ਨਾ ਦਿਸੇ, ਨਿਹਕਲੰਕ ਨਰਾਇਣ ਨਰ, ਲੋਕਮਾਤ ਆਇਆ ਜਾਮਾ ਧਾਰ । ਗੁਰਮੁਖ ਸਾਚੇ ਸੰਤ ਜਨਾਂ ਆਪ ਬਣਾਏ ਸਾਚੇ ਲਾੜ । ਗੁਰਮੁਖਾਂ ਮੇਲ ਮਿਲਾਨ ਹੈ । ਜਿਸ ਮਿਲਿਆ ਹਰਿ ਭਗਵਾਨ ਹੈ । ਦਿਤਾ ਜੀਆ ਦਾਨ ਹੈ । ਝੁੱਲਿਆ ਨਾਮ ਨਿਸ਼ਾਨ ਹੈ । ਫਲਿਆ ਫੁੱਲਿਆ ਵਿਚ ਜਹਾਨ ਹੈ । ਪੂਰੇ ਤੋਲ ਤੁਲਿਆ, ਦੇਵੇ ਸਾਚਾ ਦਾਨ ਹੈ । ਗੁਰਮੁਖ ਸਾਚਾ ਮਿਟਾਏ ਆਵਣ ਜਾਣ, ਫਲ ਲਗਾਏ ਸਾਚੇ ਡਾਲ ਹੈ । ਕਲਜੁਗ ਫਲ ਅੰਤਮ ਹੁਲਿਆ, ਨਾ ਸਕੇ ਕੋਈ ਪਛਾਨ ਹੈ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਚੌਥੇ ਜੁਗ ਆਦਿ ਅੰਤ ਜੁਗਾਂ ਜੁਗੰਤ, ਕਰੇ ਖੇਲ ਸ੍ਰੀ ਭਗਵਾਨ ਹੈ । ਆਦਿ ਅੰਤ ਜੁਗਾ ਜੁਗੰਤ ਏਕਾ ਕਾਰ ਹੈ । ਤਿੰਨਾਂ ਲੋਆਂ ਪਾਵੇ ਸਾਰ ਹੈ । ਚੌਦਾਂ ਹੱਟਾਂ ਇਕ ਬਾਜ਼ਾਰ ਹੈ । ਸ੍ਰਿਸ਼ਟ ਸਬਾਈ ਹੋਈ ਰੰਡਾ, ਕਲਜੁਗ ਤੇਰੀ ਅੰਤਮ ਵਾਰ ਹੈ । ਚਾਰੋਂ ਕੁੰਟ ਚਲੇ ਚੰਡ ਪ੍ਰਚੰਡਾ, ਅਸ਼ਟਮਭੁਜ ਹੋਏ ਆਪ ਅਸਵਾਰ ਹੈ । ਧਰਮ ਰਾਏ ਦਰ ਖੋਲ੍ਹੇ ਕੁੰਡਾ, ਛੋਟਾ ਬਾਲਾ ਭੁਯੰਗ ਕੁਮਾਰ ਹੈ । ਲੱਖ ਚੁਰਾਸੀ ਕਲਜੁਗ ਜੀਵ ਅੰਤਮ ਹੋਇਆ ਲੰਗੜਾ ਲੂਲ੍ਹਾ ਟੁੰਡਾ, ਚੜ੍ਹਿਆ ਰਹੇ ਤਨ ਬੁਖ਼ਾਰ ਹੈ । ਮੌਤ ਲਾੜੀ ਵਿਚ ਮਾਤ ਆਈ, ਬੇਮੁਖਾਂ ਆਪਣੇ ਚੁੱਕੇ ਕੰਧੇ, ਪਾਣੀ ਦੇਵੇ ਉਤੋਂ ਵਾਰ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਪਰ ਅਪਾਰ ਹੈ । ਜੋਤ ਸਰੂਪੀ ਜਾਮਾ ਪਾਏ । ਕਲਜੁਗ ਕਿਸੇ ਦਿਸ ਨਾ ਆਏ । ਨੌਂ ਖੰਡ ਪ੍ਰਿਥਮੀ ਸਾਚੇ ਹਿੱਸੇ, ਸ਼ਬਦ ਸਰੂਪੀ ਰਿਹਾ ਕਰਾਏ । ਕਿਸੇ ਛਤਰ ਨਾ ਦਿਸੇ ਸੀਸੇ, ਰਾਜੇ ਰਾਣੇ ਖ਼ਾਕ ਰੁਲਾਏ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਸ਼ਬਦ ਜਣਾਏ । ਸ਼ਬਦ ਡੰਕ ਇਕ ਲਗਾਇੰਦਾ । ਰਾਜਾ ਰਾਣਾ ਸਰਨ ਲਿਆਇੰਦਾ । ਗਊ ਗਰੀਬ ਨਿਮਾਣਾ ਗਲੇ ਲਗਾਇੰਦਾ । ਆਪੇ ਵਰਤੇ ਆਪਣਾ ਭਾਣਾ, ਦੂਜਾ ਨਾ ਕੋਈ ਸਾਥ ਰਖਾਇੰਦਾ । ਤਣਦਾ ਰਹੇ ਸਾਚਾ ਤਾਣਾ, ਲੱਖ ਚੁਰਾਸੀ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਜੋਤ ਧਰ, ਆਪਣਾ ਖੇਲ ਕਰੇ ਭਗਵਾਨਾ । ਕਲਜੁਗ ਜੀਵ ਨਾ ਭੁੱਲ, ਅੰਤਮ ਵਾਰ ਹੈ । ਝੂਠੀ ਮਾਇਆ ਵਿਚ ਨਾ ਰੁਲ, ਨਾ ਕੋਈ ਪਾਵੇ ਸਾਰ ਹੈ । ਪੂਰੇ ਤੋਲ ਜਾਣਾ ਤੁਲ, ਏਕਾ ਸ਼ਬਦ ਨਾਮ ਅਧਾਰ ਹੈ । ਦਰਗਹਿ ਸਾਚੀ ਪਾਵੇ ਮੁੱਲ, ਨਾ ਹੋਵੇ ਕੋਈ ਉਧਾਰ ਹੈ । ਭਾਗ ਲਗਾਏ ਆਪਣੀ ਕੁਲ, ਪ੍ਰਗਟ ਹੋਏ ਵਿਚ ਸੰਸਾਰ ਹੈ । ਸਚ ਭੰਡਾਰਾ ਗਿਆ ਖੁਲ੍ਹ, ਪ੍ਰਗਟ ਹੋਇਆ ਹਰਿ ਗਿਰਧਾਰ ਹੈ । ਕੋਈ ਨਾ ਲੱਗੇ ਏਥੇ ਮੁੱਲ, ਚਰਨ ਪ੍ਰੀਤੀ ਇਕ ਵਿਹਾਰ ਹੈ । ਜੋ ਦਰ ਆਏ

ਭੁਲ, ਬਖ਼ਸ਼ਣਹਾਰ ਹਰਿ ਕਰਤਾਰ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਅਪਰ ਅਪਾਰ ਹੈ । ਹਰਿ ਕਾ ਖੇਲ ਅਪਰ ਅਪਾਰਾ । ਆਦਿਨ ਅੰਤਾ ਜੋਤ ਸਰੂਪੀ ਭੇਵ ਭੇਖ ਨਿਆਰਾ । ਸਾਚਾ ਰਾਹ ਕਿਸੇ ਨਾ ਸੁਝੇ, ਬੇਮੁਖ ਰਹੇ ਝਖ ਮਾਰਾ । ਭੇਵ ਖੁਲ੍ਹਾਏ ਆਤਮ ਗੁਝੇ, ਦੇਵੇ ਦਰਸ ਅਗੰਮ ਅਪਾਰਾ । ਭੇਵ ਚੁਕਾਏ ਏਕਾ ਦੂਜੇ, ਏਕਾ ਬੰਨ੍ਹੇ ਸਾਚੀ ਧਾਰਾ । ਦਰਸ ਦਿਖਾਏ ਨੈਣ ਤੀਜੇ, ਲੋਇਣ ਖੋਲ੍ਹੇ ਹਰਿ ਕਰਤਾਰਾ । ਤਨ ਮਨ ਕਾਇਆ ਸੀਜੇ, ਅੰਮ੍ਰਿਤ ਵਰਖੇ ਠੰਡੀ ਠਾਰਾ । ਗੁਰਮੁਖ ਫੇਰ ਪਤੀਜੇ, ਪ੍ਰਗਟ ਹੋਏ ਹਰਿ ਨਿਰੰਕਾਰਾ । ਆਪਣਾ ਕਾਰਜ ਆਪੇ ਕੀਜੇ, ਨਾ ਮੰਗੇ ਕੋਈ ਸਹਾਰਾ । ਸਾਚਾ ਦਰਸ ਦਾਨ ਜਨ ਭਗਤਾਂ ਦੀਜੇ, ਆਏ ਚਲ ਦਵਾਰਾ । ਦਰਗਹਿ ਸਾਚੀ ਕਰੇ ਰੀਝੇ, ਆਪ ਚੜ੍ਹਾਏ ਸ਼ਬਦ ਘੋੜੇ ਕਰ ਸੋਲਾਂ ਸ਼ਿੰਗਾਰਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜੋਤ ਸਰੂਪੀ ਵਡਾ ਸ਼ਾਹੋ ਭੂਪ, ਖੇਲ ਅਪਰ ਅਪਾਰਾ । ਖੇਲ ਅਪਰ ਅਪਾਰ ਵਾਲੀ ਦੋ ਜਹਾਨਿਆ । ਕਿਆ ਕੋਈ ਜਾਣੇ ਜਾਣ ਪਛਾਣੇ, ਸ੍ਰਿਸ਼ਟ ਸਬਾਈ ਆਪੇ ਬਾਨੀਆ । ਗੁਰਮੁਖ ਵਿਰਲੇ ਆਪ ਚਲਾਏ ਆਪਣੇ ਭਾਣੇ, ਦੇਵੇ ਨਾਮ ਗੁਣਵੰਤ ਗੁਣ ਨਿਧਾਨੀਆ । ਆਪ ਭੁਲਾਏ ਰਾਜੇ ਰਾਣੇ, ਅੰਤਮ ਵੇਲੇ ਸਰਬ ਪਛਤਾਨੀਆ । ਸਾਚਾ ਮਾਣ ਗੁਰਮੁਖ ਵਿਰਲਾ ਪ੍ਰਭ ਦਰ ਪਾਏ, ਜਿਸ ਹੋਵੇ ਆਤਮ ਬ੍ਰਹਮ ਗਿਆਨੀਆ । ਸੋ ਜਨ ਹੋਏ ਸੁਘੜ ਸਿਆਣੇ, ਜਿਸ ਜਨ ਕਰੀ ਚਰਨ ਧੂੜ ਇਸ਼ਨਾਨਿਆ । ਆਪ ਚੜ੍ਹਾਏ ਸ਼ਬਦ ਬਬਾਣੇ, ਸਚ ਉਡਾਨ ਉਡਾਨਿਆ । ਗੁਰਮੁਖ ਸਾਚੇ ਏਕਾ ਰੰਗ ਰੰਗਾਣੇ, ਕਲਜੁਗ ਤੇਰਾ ਅੰਤ ਨਿਸ਼ਾਨਿਆ । ਦਰ ਘਰ ਏਕਾ ਸੇਵੇ, ਦੇਵੇ ਸਜਣ ਆਤਮ ਵਥ ਆਪ ਰਖਾਨਿਆ । ਬੇਮੁਖ ਹਰਿ ਲਾਏ ਡੰਨ, ਨਾ ਕਿਸੇ ਕੋਈ ਛੁਡਾਨਿਆ । ਕਲਜੁਗ ਅੰਤਮ ਹੋਏ ਅੰਧ, ਰਾਮ ਰਹੀਮ ਨਾ ਕਿਸੇ ਪਛਾਨਿਆ । ਪੰਚਾਂ ਤੱਤਾਂ ਲਾਈ ਅੱਗ, ਤਨ ਭਰਿਆ ਇਕ ਅਭਿਮਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ ਨਾਮ ਨਿਧਾਨਿਆ । ਦੇਵੇ ਸੱਚਾ ਨਾਮ ਨਿਧਾਨਾ । ਵਾਲੀ ਦੋ ਜਹਾਨਾਂ ਹਰਿ ਭਗਵਾਨਾ । ਪ੍ਰਗਟ ਹੋਵੇ ਕ੍ਰਿਸ਼ਨਾ ਕਾਹਨਾ । ਜੋਤ ਸਰੂਪੀ ਪਹਿਰੇ ਬਾਣਾ । ਚਲੇ ਚਲਾਏ ਆਪਣੇ ਭਾਣਾ । ਇਕ ਚਲਾਏ ਸਤਿਜੁਗ ਸੋਹੰ ਸੱਚੀ ਬਾਨਾ । ਸਤਿਜੁਗ ਸਾਚੇ ਸ਼ਬਦ ਅਪਾਰ । ਸੋਹੰ ਚਲੇ ਵਿਚ ਸੰਸਾਰ । ਚਾਰ ਵਰਨਾਂ ਇਕ ਦਰ, ਰਾਓ ਰੰਕ ਨਾ ਕੋਇ ਵਿਚਾਰ । ਸਰਬ ਜੀਆਂ ਦਾ ਇਕ ਦਾਤਾਰ । ਏਕਾ ਜੋਤ ਲੱਖ ਚੁਰਾਸੀ ਪਸਰ ਪਸਾਰ । ਆਪ ਕਰਾਏ ਆਪਣੀ ਦਾਸੀ, ਨਾ ਕੋਈ ਦਿਸੇ ਹੋਰ ਦਵਾਰ । ਪ੍ਰਗਟ ਹੋਏ ਘਨਕਪੁਰ ਵਾਸੀ, ਖੇਲ ਕਰੇ ਅਪਰ ਅਪਾਰ । ਮੇਟ ਮਿਟਾਏ ਮਦਿਰਾ ਮਾਸੀ, ਕਲਜੁਗ ਤੇਰੀ ਅੰਤਮ ਵਾਰ । ਰਸਨਾ ਗਾਏ ਪੁਰਖ ਅਪਾਰ । ਮਾਨਸ ਜਨਮ ਕਰ ਰਹਿਰਾਸੀ, ਜਿਸ ਜਨ ਦੇਵੇ ਕਿਰਪਾ ਧਾਰ । ਬੇਮੁਖ ਦਰ ਦਰ ਘਰ ਘਰ ਕਰਨ ਹਾਸੀ, ਭੁੱਲਿਆ ਨਰ ਹਰਿ ਕਰਤਾਰ । ਗੁਰਮੁਖ ਸਾਚੇ ਸੰਤ ਜਨਾਂ, ਸਦਾ ਬਲ ਬਲ ਜਾਸੀ, ਆਤਮ ਜੋਤ ਸੱਚੀ ਪ੍ਰਕਾਸ਼ੀ, ਮਿਟਿਆ ਅੰਧ ਅੰਧਿਆਰ । ਭਰਮ ਭੁਲੇਖਾ ਦੂਰ ਕਰਾਸੀ, ਏਕਾ ਸ਼ਬਦ ਸਵਾਸ ਚਲਾਸੀ, ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰ । ਕਲਜੁਗ ਤੇਰਾ ਅੰਤਮ ਵੇਲਾ, ਨਾ ਕੋਈ ਬਣੇ ਸੱਜਣ ਸੁਹੇਲਾ, ਕਲਜੁਗ ਜੀਆਂ ਵਕਤ ਦੁਹੇਲਾ, ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰ । ਆਪਣੀ ਖੇਲ ਜਾਏ ਕਰ, ਆਪੇ ਗੁਰ ਆਪੇ ਚੇਲ । ਪ੍ਰਗਟ ਹੋਏ ਗੁਰ ਗੋਬਿੰਦ, ਸਰਨ ਲਗਾਏ ਵਾਲੀ ਹਿੰਦ, ਜੋਤ ਸਰੂਪੀ ਦਰਸ ਦਿਖਾਏ ਵਡ ਦਾਤਾ ਗੁਣੀ ਗਹਿੰਦ । ਭਰਮ ਭੁਲੇਖਾ ਦੂਰ ਕਰਾਏ, ਆਪ ਮਿਟਾਏ ਆਤਮ ਚਿੰਦ । ਜੋਤੀ ਜੋਤ ਸਰੂਪ ਹਰਿ,

੩੭੦
੦੪

ਲੋਕਮਾਤ ਹਰਿ ਜੋਤ ਧਰ, ਆਪਣਾ ਖੇਲ ਆਪ ਰਚੰਦ । ਚਰਨ ਧੂੜ ਇਸ਼ਨਾਨ ਕਰਾਇੰਦਾ । ਦੁਰਮਤ ਮੈਲ ਕਿਰਪਾ ਕਰ, ਸਾਚਾ ਹਰਿ ਦੂਰ ਕਰਾਇੰਦਾ । ਅਠਸਠ ਤੀਰਥ ਰਹੀ ਫੈਲ, ਕਲਜੁਗ ਤੇਰਾ ਅੰਤਮ ਵੇਲਾ, ਸਾਚਾ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਜਗਤ ਲਗਾਇੰਦਾ । ਚਲੇ ਚਾਲ ਜਗਤ ਨਿਰਾਲੀ । ਪ੍ਰਗਟ ਹੋਵੇ ਦੋ ਜਹਾਨਾਂ ਵਾਲੀ । ਚਾਰ ਕੁੰਟ ਉਠ ਉਠ ਵੇਖੇ, ਘਰ ਘਰ ਦਿਸਣ ਖਾਲੀ । ਗੁਰਮੁਖ ਵਿਰਲਾ ਆਪੇ ਵੇਖੇ, ਫਲ ਲਗਾਏ ਸਾਚੀ ਡਾਲੀ । ਮਿਟਦੇ ਜਾਣ ਔਲੀਏ ਪੀਰ ਸ਼ੇਖ਼ੇ, ਕਲਜੁਗ ਤੇਰੀ ਘਟਾ ਕਾਲੀ । ਆਪ ਮਿਟਾਏ ਲਿਖੀ ਰੇਖੇ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅਗਨੀ ਜੋਤ ਏਕਾ ਬਾਲੀ । ਭਗਤ ਵਛਲ ਗਿਰਧਾਰ ਦਇਆ ਕਮਾਇੰਦਾ । ਦੇਵੇ ਨਾਮ ਸ਼ਬਦ ਅਪਾਰ, ਰਿਦੇ ਵਸਾਇੰਦਾ । ਘਰ ਸਾਚੇ ਵਿਚ ਦੇਵੇ ਵਾੜ, ਗੁਰਮੁਖਾਂ ਸਾਚੀ ਬੂਝ ਬੁਝਾਇੰਦਾ । ਆਤਮ ਖੋਲ੍ਹੇ ਬੰਦ ਕਵਾੜ, ਮਾਇਆ ਪੜਦਾ ਪਾਇੰਦਾ । ਜੋਤ ਜਗਾਏ ਬਹੱਤਰ ਨਾੜ, ਸਾਚਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਮਾਰਗ ਪਾਇੰਦਾ । ਸਾਚੇ ਮਾਰਗ ਜੋ ਜਨ ਚਲੇ, ਪ੍ਰਭ ਅਬਿਨਾਸ਼ੀ ਸਾਚੇ ਹਰਿ ਛਤਰ ਛਾਇਆ ਹੇਠ ਪਲੇ, ਅੰਤਮ ਕਿਰਪਾ ਕਰ ਦਰਗਹਿ ਸਾਚੀ ਸਾਚੇ ਘਰ ਬਹਾਇੰਦਾ । ਆਪ ਵਸਾਏ ਸਾਚੇ ਦਰ ਆਪਣੇ ਇਕ ਮਹੱਲੇ । ਇਕ ਵਸਾਏ ਨਿਹਚਲ ਧਾਮ ਅਟੱਲੇ । ਦੂਜਾ ਨਾ ਕੋਈ ਵੜੇ, ਜੋਤੀ ਜੋਤ ਸਰੂਪ ਹਰਿ, ਫੜ ਫੜ ਸਾਚੇ ਸੰਤ ਜਨਾਂ, ਸਾਚਾ ਮਾਲ ਧਨ ਬੰਨ੍ਹਾਏ ਪੱਲੇ । ਬਖ਼ਸ਼ੇ ਨਾਮ ਖ਼ਜ਼ੀਨਾ । ਪ੍ਰਭ ਅਬਿਨਾਸ਼ੀ ਦਾਨਾ ਬੀਨਾ । ਗੁਰਮੁਖ ਵਿਰਲੇ ਰਸਨਾ ਚੀਨਾ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਮਾਲ ਧਨ, ਗੁਰਮੁਖਾਂ ਆਤਮ ਜਾਏ ਮੰਨ, ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ, ਆਪ ਆਪਣੇ ਘਰ ਬਹਾਇੰਦਾ । ਬੇੜਾ ਬੰਨ੍ਹੇ ਬੰਨ੍ਹਣਹਾਰਾ । ਘੜੇ ਭੰਨੇ ਭੰਨਣਹਾਰਾ । ਆਪੇ ਡੰਨੇ ਡੰਨਣਹਾਰਾ । ਸ਼ਬਦ ਸੁਣਾਏ ਕੰਨੇ, ਸਾਚਾ ਰਾਗ ਸੁਣਾਵਣਹਾਰਾ । ਸਾਚੀ ਜੋਤ ਜਗਾਏ ਤਨੇ, ਜੋਤੀ ਦੀਪ ਕਰੇ ਉਜਿਆਰਾ । ਆਪ ਵਸੇ ਨਾ ਕਿਸੇ ਛੱਪਰੀ ਛੰਨੇ, ਜੋਤ ਸਰੂਪੀ ਭੇਖ ਅਪਾਰਾ । ਭਗਤ ਜਨਾਂ ਹਰਿ ਬੇੜਾ ਬੰਨ੍ਹੇ, ਪ੍ਰਗਟ ਹੋਏ ਵਿਚ ਸੰਸਾਰਾ । ਆਦਿ ਅੰਤ ਜੁਗਾ ਜੁਗੰਤ, ਏਕਾ ਏਕ ਏਕੰਕਾਰਾ । ਗੁਰਮੁਖ ਸਾਚੇ ਸੰਤ ਜਨਾਂ, ਫੜ ਫੜ ਬਾਹੋਂ ਲਾਏ ਪਾਰ ਕਿਨਾਰਾ । ਮੇਲ ਮਿਲਾਏ ਸਾਚੇ ਸੰਤ, ਖਿਚ ਲਿਆਏ ਚਰਨ ਦਵਾਰਾ । ਆਪ ਬਣਾਏ ਸਾਚੀ ਬਣਤ, ਅੰਮ੍ਰਿਤ ਚਲੇ ਨਾਮ ਫੁਹਾਰਾ । ਪ੍ਰਭ ਦੀ ਮਹਿੰਮਾ ਬੜੀ ਅਗਣਤ, ਕਿਆ ਕੋਈ ਜਾਣੇ ਜੀਵ ਗਵਾਰਾ । ਏਕਾ ਜੋਤੀ ਆਦਿਨ ਅੰਤ, ਆਵੇ ਜਾਵੇ ਵਾਰੋ ਵਾਰਾ । ਆਪੇ ਪਕੜੇ ਦੇਵ ਦੰਤ, ਜਨ ਭਗਤਾਂ ਬਣੇ ਲਿਖਾਰਾ । ਸਾਚਾ ਸ਼ਬਦ ਸੁਣਾਏ ਛੰਤ, ਕਲਜੁਗ ਤੇਰੀ ਅੰਤਮ ਵਾਰਾ । ਗੁਰਮੁਖ ਵਿਰਲਾ ਮਾਨਸ ਜਨਮ ਜਾਏ ਜੀਤ, ਹਉਮੇ ਰੋਗ ਨਿਵਾਰਾ । ਲੱਖ ਚੁਰਾਸੀ ਹੋਏ ਭਸਮੰਤ, ਲੱਗੇ ਅਗਨੀ ਇਕ ਅਪਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਬਣੇ ਆਪ ਸਹਾਰਾ । ਜਨ ਭਗਤਾਂ ਹੋਏ ਸਹਾਈ ਦਇਆ ਕਮਾਇੰਦਾ । ਫੜ ਫੜ ਬਾਹੋਂ ਪਾਏ ਰਾਹੇ, ਜੂਠ ਝੂਠ ਨਸ਼ਟ ਕਰਾਇੰਦਾ । ਦਰਸ ਦਿਖਾਏ ਸੁਤਿਆਂ ਰਾਤੀ, ਫੜ ਫੜ ਬਾਹੋਂ ਰਾਤੀਂ ਉਠਾਇੰਦਾ । ਬੇਮੁਖ ਜੀਵ ਕਲਜੁਗ ਰੁੱਠਾ, ਪ੍ਰਭ ਅਬਿਨਾਸ਼ੀ ਦਿਸ ਨਾ ਆਇੰਦਾ । ਅੰਤਮ ਵੇਲੇ ਵੱਢੇ ਨੱਕ ਗੁੱਤਾ, ਨਾ ਕੋਈ ਸਹਾਰਾ ਅਖਵਾਇੰਦਾ । ਕਲਜੁਗ ਅੰਤਮ ਤੇਰੀ ਆਪ ਸੁਹਾਏ ਰੁੱਤਾ, ਪੂਰਨ ਭਗਵੰਤ ਜੋਤ ਸਰੂਪੀ ਜਾਮਾ ਪਾਇੰਦਾ । ਸਤਿਜੁਗ ਬਣਾਏ ਸਾਚੀ ਬਣਤ, ਸੱਚੀ ਧਾਰ ਜਗਤ ਚਲਾਇੰਦਾ । ਪ੍ਰਗਟ ਹੋਵੇ ਹਰਿ ਸਾਚਾ ਕੰਤ,


੩੭੧
੦੪

ਨਿਹਕਲੰਕ ਨਰਾਇਣ ਨਰ ਅਵਤਾਰ ਸਾਚਾ ਲੇਖਾ ਆਪ ਗਿਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਸਮਾਇੰਦਾ । ਭਾਣਾ ਜਾਣੇ ਹਰਿ ਭਗਵੰਤਾ । ਜੋਤ ਸਰੂਪੀ ਆਦਿਨ ਅੰਤਾ । ਬਿਨ ਰੰਗ ਰੂਪੀ ਸਾਚਾ ਕੰਤਾ । ਭੁੱਲੇ ਹਰਿ ਵਡ ਵਡ ਸ਼ਾਹੋ ਭੂਪੀ, ਬਣ ਬਣ ਬੈਠੇ ਵਡ ਵਡ ਦੰਤਾ । ਨਾ ਕੋਈ ਜਾਣੇ ਸਤਿ ਸਰੂਪੀ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਵਿਚ ਰਹੰਤਾ । ਜਾਮਾ ਧਾਰੇ ਹਰਿ ਨਿਰੰਕਾਰਿਆ । ਕਲਜੁਗ ਤੇਰਾ ਵੇਖ ਭੇਖ, ਪਾਵੇ ਸਾਚੀ ਸਾਰਿਆ । ਬਣਦਾ ਜਾਏ ਝੂਠਾ ਲੇਖ, ਭੁੱਲੇ ਜੀਵ ਗਵਾਰਿਆ । ਲੱਖ ਚੁਰਾਸੀ ਨੇਤਰ ਲੈਣਾ ਪੇਖ, ਅੰਤਮ ਵੇਲੇ ਆਈ ਹਾਰਿਆ । ਜੋਤ ਸਰੂਪੀ ਜਾਮਾ ਧਾਰੇ ਖੁਲ੍ਹੇ ਰੱਖੇ ਕੇਸ, ਸਤਿਜੁਗ ਸਾਚਾ ਦਰ ਦਰਵੇਸ਼, ਏਕਾ ਏਕ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਅੰਤ ਨਾ ਪਾਰਾ ਵਾਰਿਆ । ਏਕਾ ਜੋਤ ਨੂਰੋ ਨੂਰ ਸਾਚੀ ਤੂਰ, ਸ਼ਬਦ ਅਗੰਮ ਅਪਾਰਿਆ । ਸਰਬ ਗੁਣਾਂ ਭਰਪੂਰ, ਬੇਮੁਖ ਜਾਨਣ ਦੂਰ, ਗੁਰਮੁਖਾਂ ਦਰ ਦਵਾਰ ਆਤਮ ਸੇਜਾ ਸਾਚੀ ਆਸਣ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾ ਰਿਹਾ । ਆਪਣਾ ਭੇਵ ਆਪੇ ਖੋਲ੍ਹੇ । ਪੂਰੇ ਤੋਲ ਸ੍ਰਿਸ਼ਟ ਸਬਾਈ ਤੋਲੇ । ਆਪ ਅਡੋਲ ਕਦੇ ਨਾ ਡੋਲੇ । ਹਰਿ ਅਭੁੱਲ ਜੋਤ ਸਰੂਪੀ ਸਾਚਾ ਬੋਲੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਪੜਦੇ ਆਪੇ ਖੋਲ੍ਹੇ । ਬੇਮੁਖਾਂ ਅੰਤਮ ਦੇਵੇ ਦੰਡ । ਘਰ ਘਰ ਰੋਵੇ ਨਾਰ ਰੰਡ । ਵੇਲੇ ਅੰਤਮ ਆਈ ਕੰਡ । ਮੇਟੀ ਜਾਏ ਜਗਤ ਪਖੰਡ । ਕੱਚੇ ਭੰਨੇ ਹਰਿ ਜੀ ਅੰਡ । ਤੋੜੇ ਆਤਮ ਸਰਬ ਘਮੰਡ । ਚਲੇ ਚੰਡ ਪ੍ਰਚੰਡ, ਆਪੇ ਪਾਵੇ ਸਾਚੀ ਵੰਡ । ਗੁਰਮੁਖਾਂ ਰੱਖੇ ਆਤਮ ਠੰਡ । ਸ਼ਬਦ ਬੰਨ੍ਹਾਏ ਸੱਚੀ ਗੰਢ । ਕਲਜੁਗ ਤੇਰੀ ਬਾਲ ਜਵਾਨੀ ਬਿਰਧ ਅਵਸਥਾ ਗਈ ਹੰਢ । ਨਿਹਕਲੰਕ ਕਲ ਜਾਮਾ ਪਾਇਆ, ਸ਼ਬਦ ਡੰਡਾ ਨਾਲ ਲਿਆਇਆ, ਸਾਚਾ ਕੰਡਾ ਇਕ ਵਖਾਇਆ, ਸੋਹੰ ਡੰਡਾ ਅੱਗੇ ਲਾਇਆ, ਲੱਖ ਚੁਰਾਸੀ ਕਰੇ ਖੰਡ ਖੰਡ । ਲੱਖ ਚੁਰਾਸੀ ਹਰਿ ਜੀ ਖੰਡੇ । ਅੰਤਮ ਵੇਲੇ ਵੱਢੇ ਗੰਢੇ । ਚਾਰੋਂ ਕੁੰਟ ਵੇਲੇ ਅੰਤ ਪਏ ਦੁਹਾਈ ਵਿਚ ਵਰਭੰਡੇ । ਨਾ ਕੋਈ ਸਕੇ ਕਿਸੇ ਛੁਡਾਈ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸੋਹੰ ਦਾਤ ਸਾਚੀ ਵੰਡੇ । ਸੋਹੰ ਵੰਡੇ ਸਾਚੀ ਦਾਤ ਨਾਮ ਅਪਾਰ ਹੈ । ਗੁਰਮੁਖ ਆਤਮ ਹੋਏ ਨਾ ਰੰਡੇ, ਮਿਲੇ ਮਾਣ ਵਿਚ ਵਰਭੰਡੇ, ਕਲਜੁਗ ਤੇਰੀ ਅੰਤਮ ਵਾਰ ਹੈ । ਆਪ ਚੜ੍ਹਾਏ ਸੋਹੰ ਸਾਚੇ ਡੰਡੇ, ਤਿੰਨਾਂ ਲੋਕਾਂ ਕਰੇ ਬਾਹਰ ਹੈ । ਕਰੇ ਖੇਲ ਹਰਿ ਵਿਚ ਬ੍ਰਹਿਮੰਡੇ, ਜੋਤ ਸਰੂਪੀ ਇਕ ਅਕਾਰ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਜਾਣੇ ਆਪਣੀ ਸਾਰ ਹੈ ।

### ❇ ੧੦ ਜੇਠ ੨੦੧੧ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹ ਪਿੰਡ ਭੁੱਚਰ ਜ਼ਿਲਾ ਅੰਮ੍ਰਿਤਸਰ ❇

ਹਰਿ ਸਾਚੇ ਸੰਤ ਦੁਲਾਰਿਆ । ਪ੍ਰਭ ਬਖ਼ਸ਼ੇ ਚਰਨ ਪਿਆਰਿਆ । ਸਾਚੀ ਦੇਵੇ ਜੋਤ, ਆਤਮ ਕਰੇ ਅਕਾਰਿਆ । ਦੁਰਮਤ ਮੈਲ ਹਰਿ ਜੀ ਧੋਤ, ਏਕਾ ਰੰਗ ਚੜ੍ਹਾ ਰਿਹਾ । ਨਿਰਮਲ ਕਰਾਏ ਜਾਤ ਗੋਤ, ਚੌਹਾਂ ਵਰਨਾਂ ਰੱਖੇ ਬਾਹਰਿਆ । ਕਲਜੁਗ ਜੀਵ ਰਹੇ ਰੋਤ, ਨਾ ਮਿਲੇ ਹਰਿ ਭਤਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ

੩੭੨
੦੪

ਸ਼ਬਦ ਅਧਾਰਿਆ । ਸਾਚਾ ਸੰਤ ਸ਼ਬਦ ਅਧਾਰ ਹੈ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਦੇਵੇ ਅਪਰ ਅਪਾਰ ਹੈ । ਆਤਮ ਸਾਚੀ ਜੋਤੀ ਧਰ, ਮਿਟਾਏ ਅੰਧ ਅੰਧਿਆਰ ਹੈ । ਆਪ ਵਖਾਏ ਸਾਚਾ ਦਰ, ਖੋਲ੍ਹੇ ਬੰਦ ਕਵਾੜ ਹੈ । ਨਜ਼ਰੀ ਆਵੇ ਏਕਾ ਘਰ, ਜੋਤ ਸਰੂਪੀ ਸਾਚਾ ਵਸੇ ਲਾੜ ਹੈ । ਧਰਤ ਮਾਤ ਕਰੀ ਸੱਚੀ ਤਿਆਰੀ । ਚਲ ਆਈ ਨਿਹਕਲੰਕ ਤੇਰੀ ਚਰਨ ਦਵਾਰੀ । ਭੇਵ ਖੁਲ੍ਹਾਏ ਰਾਓ ਰੰਕ, ਦੇਵੇ ਮਾਣ ਆਪ ਗਿਰਧਾਰੀ । ਦੇਵੇ ਵਡਿਆਈ ਵਿਚ ਮਾਤ ਜਿਉਂ ਰਾਜਾ ਜਨਕ, ਸਾਚੇ ਦਰ ਮਿਲੇ ਸੱਚੀ ਸਰਦਾਰੀ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਇਆ ਕਲਜੁਗ ਤੇਰੀ ਅੰਤਮ ਵਾਰੀ । ਸੱਚੀ ਮਾਤ ਧਨ ਕਮਾਈਆ । ਸੰਤ ਮਨੀ ਸਿੰਘ ਤੇਰੀ ਸੇਵ ਕਮਾਈਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਾਚੀ ਜੋਤ ਜਗਾਈਆ । ਕਲਜੁਗ ਤੇਰੀ ਅੰਤਮ ਹੋਏ ਸਰਬ ਸਹਾਈਆ । ਆਪੇ ਬਣੇ ਸੱਜਣ ਸੁਹੇਲ, ਆਪੇ ਪਿਤਾ ਮਾਈਆ । ਗੁਰਮੁਖ ਸਾਚੇ ਸੰਤ ਜਨਾਂ ਬੈਠਾ ਗੋਦ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੀ ਵਡਿਆਈਆ । ਨਾ ਇਹ ਬਿਰਧ ਨਾ ਇਹ ਬਾਲ ਜਵਾਨ । ਲੱਖ ਚੁਰਾਸੀ ਵਿਚੋਂ ਲੱਭਾ ਹਰਿ ਜੀ ਇਕ ਅਨਮੁਲੜਾ ਲਾਲ । ਏਕਾ ਰੰਗਣ ਨਾਮ ਚੜ੍ਹਾਈ, ਸਾਚੀ ਚੋਲੀ ਤਨ ਰੰਗਾਈ, ਰੰਗ ਕਰਾਇਆ ਲਾਲ । ਸਾਚੀ ਮਾਈ ਤੇਰੀ ਅੰਤਮ ਵਾਰ ਖ਼ੁਸ਼ੀ ਮਨਾਈ, ਪ੍ਰਭ ਅਬਿਨਾਸ਼ੀ ਧਾਰਿਆ ਭੇਖ ਸਾਚਾ ਰੰਗ ਦਏ ਚੜ੍ਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਜੋਤੀ ਮੇਲ ਮਿਲਾਈ । ਜਗੇ ਜੋਤ ਅਗੰਮ ਅਪਾਰਿਆ । ਆਪ ਵਸਾਏ ਸਾਚੇ ਘਰ ਹਰਿ ਨਿਰੰਕਾਰਿਆ । ਪੂਰ ਕਰਾਏ ਕਲਜੁਗ ਕਾਮ, ਬਖ਼ਸ਼ਿਆ ਚਰਨ ਪਿਆਰਿਆ । ਉਜਲ ਮੁਖ ਜਗਤ, ਇਕ ਝੁਲਾਏ ਨਾਮ ਨਿਸ਼ਾਨਿਆ । ਨਾ ਕੋਈ ਮੰਗੇ ਅੰਤਮ ਦਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਪਿਆਏ ਅੰਮ੍ਰਿਤ ਸੱਚਾ ਜਾਮਿਆ । ਅੰਮ੍ਰਿਤ ਆਤਮ ਆਪ ਪਿਆਇਆ । ਭਰਮ ਭਉ ਭੁਲੇਖਾ ਕਲਜੁਗ ਅੰਤਮ ਬਾਹਰ ਕਢਾਇਆ । ਪ੍ਰਭ ਅਬਿਨਾਸ਼ੀ ਲਿਖਣ ਆਇਆ ਸਾਚਾ ਲੇਖਾ, ਜੋਤ ਸਰੂਪੀ ਭੇਖ ਵਟਾਇਆ । ਆਪ ਮਿਟਾਏ ਬਿਧਨਾ ਲਿਖੀ ਤੇਰੀ ਰੇਖਾ, ਸਾਚਾ ਮਾਣ ਜਗਤ ਦਵਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦਰਗਹਿ ਸਾਚੀ ਦਏ ਬਹਾਇਆ । ਸੱਚੀ ਮਾਤਾ ਧਨ ਕਮਾਈ ਹੈ । ਗੁਰਮੁਖ ਵਿਰਲੇ ਸੇਵ ਕਮਾਈ ਹੈ । ਆਪ ਮਿਟਾਏ ਆਤਮ ਚਿੰਦ, ਨਾ ਕਰੇ ਕੋਈ ਨਿੰਦ, ਹਰਿ ਰਘੁਰਾਈ ਹੈ । ਪ੍ਰਗਟ ਹੋਇਆ ਗੁਣੀ ਗਹਿੰਦ, ਏਕਾ ਬਖ਼ਸ਼ੇ ਚਰਨ ਸਰਨਾਈ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪ੍ਰਗਟ ਜੋਤ ਸਾਚੇ ਸੰਤ ਜਨਾਂ, ਅੰਤਮ ਅੰਤ ਦੇਣ ਆਇਆ ਵਧਾਈ ਹੈ । ਅੰਤਮ ਦੇਵੇ ਹਰਿ ਵਧਾਈ । ਗੁਰ ਸੰਗਤ ਸਾਚੀ ਸੰਗ ਰਲਾਈ । ਦੋਹਾਂ ਧਿਰਾਂ ਦਾ ਮੇਲ ਮਿਲਾਈ । ਆਪ ਚੁਕਾਏ ਲਹਿਣਾ ਦੇਣਾ, ਸ਼ਬਦ ਪਹਿਨਾਏ ਤਨ ਗਹਿਣਾ, ਕਲਜੁਗ ਕੂੜਾ ਆਪ ਮਿਟਾਏ ਆਤਮ ਚਿੰਦ, ਨਿਹਕਲੰਕ ਜੋਤ ਜਗਾਈ । ਦਰ ਘਰ ਸਾਚੇ ਏਕਾ ਬਹਿਣਾ । ਧਰਮ ਰਾਏ ਨਾ ਦਏ ਸਜ਼ਾਈ । ਕਲਜੁਗ ਜੀਵ ਜੂਠੇ ਝੂਠੇ ਭਾਂਡੇ ਭੱਜਣ, ਨਾ ਹੋਵੇ ਕੋਈ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਦੇਵੇ ਸਦਾ ਸਦਾ ਵਡਿਆਈ । ਸਾਚਾ ਸੰਤ ਨਾਮ ਅਧਾਰਾ । ਸਚ ਵਸਤ ਹਰਿ ਪਾਵੇ ਝੋਲੀ, ਇਕ ਕਰਾਏ ਵਣਜ ਵਪਾਰਾ । ਸ਼ਬਦ ਦੇਵੇ ਤਿੱਖੀ ਧਾਰਾ । ਸਾਚਾ ਲੇਖ ਪ੍ਰਭ ਜਾਏ ਲਿਖੀ, ਉਜਲ ਕਰਾਏ ਵਿਚ ਸੰਸਾਰਾ । ਸਚ ਵਸਤ ਹਰਿ ਝੋਲੀ ਪਾਏ, ਗੁਰਮੁਖ ਬਣਿਆ ਸਚ ਵਣਜਾਰਾ । ਸਾਚੇ ਸੰਤ ਹਰਿ ਦਏ ਵਡਿਆਈ, ਏਕਾ ਦਰ ਬਣਿਆ ਸਚ ਭਿਖਾਰਾ । ਸਾਚੇ

੩੭੩ ੦੪

ਸੰਤ ਮਿਤ ਗਤ ਗਤ ਮਿਤ ਹਰਿ ਨਾ ਜਾਣੀ, ਮੇਲ ਮਿਲਾਵਾ ਹਰਿ ਨਿਰੰਕਾਰਾ । ਸਾਚੇ ਸੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਤਮ ਬੂਝ ਬੁਝਾਰਾ । ਸਾਚੇ ਸੰਤ ਮਿਲੇ ਹਰਿ ਜਗਦੀਸ਼ । ਸਾਚੇ ਸੰਤ ਕਿਆ ਕੋਈ ਤੇਰੀ ਕਰੇ ਰੀਸ । ਸਾਚੇ ਸੰਤ ਕਿਰਪਾ ਕਰ, ਇਕ ਪੜ੍ਹਾਈ ਸ਼ਬਦ ਹਦੀਸ । ਸਾਚੇ ਸੰਤ ਆਤਮ ਸਾਚੀ ਜੋਤ ਧਰ, ਆਪ ਮਿਟਾਏ ਬੀਸ ਇਕੀਸ । ਸਾਚੇ ਸੰਤ ਆਪ ਖੁਲ੍ਹਾਏ ਆਤਮ ਦਰ, ਸਾਚਾ ਰਾਗ ਸੁਣਾਏ ਪੰਜਾਂ ਤੱਤਾਂ ਜਾਏ ਪੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਛਤਰ ਝੁਲਾਏ ਸੀਸ । ਸਾਚੇ ਸੰਤ ਇਕ ਚੜ੍ਹਾਏ ਨਾਮ ਰੰਗ । ਮਾਨਸ ਜਨਮ ਨਾ ਹੋਏ ਭੰਗ । ਪ੍ਰਭ ਦਰ ਮੰਗਣ ਏਕਾ ਮੰਗ । ਸ਼ਬਦ ਘੋੜੇ ਕਸੇ ਤੰਗ । ਚਾਰੋਂ ਕੁੰਟ ਬੇਮੁਖ ਜੀਵ ਫਿਰਨ ਨੰਗ । ਨਿਹਕਲੰਕ ਨਰਾਇਣ ਨਰ, ਸ਼ਬਦ ਘੋੜੇ ਹੋ ਅਸਵਾਰ, ਸੱਚੀ ਵਜਾਏ ਇਕ ਮਰਦੰਗ । ਲੱਖ ਚੁਰਾਸੀ ਪਾਵੇ ਸਾਰ, ਪ੍ਰਗਟ ਹੋਏ ਵਿਚ ਸੰਸਾਰ, ਜੋਤੀ ਜਗੇ ਅਪਰ ਅਪਾਰ, ਚਾਰੋਂ ਕੁੰਟ ਦਿਸਣ ਕੁਰੰਗ । ਨਿਹਕਲੰਕ ਨਰਾਇਣ ਨਰ, ਬੇਮੁਖ ਜੀਵਾਂ ਅੰਤਮ ਅੰਤ, ਧਰਮ ਰਾਏ ਦਰ ਦੇਵੇ ਟੰਗ । ਸਾਚੇ ਸੰਤ ਆਤਮ ਸਚ ਮੰਨੇ । ਪ੍ਰਭ ਅਬਿਨਾਸ਼ੀ ਬੇੜਾ ਬੰਨ੍ਹੇ । ਸਾਚਾ ਨਾਮ ਸੁਣਾਏ ਕੰਨੇ । ਗੁਰਮੁਖ ਸਾਚੇ ਆਤਮ ਮੰਨੇ । ਧਰਮ ਰਾਏ ਮੂਲ ਨਾ ਡੰਨੇ । ਪ੍ਰਭ ਅਬਿਨਾਸ਼ੀ ਹੋਏ ਸਹਾਏ, ਆਪ ਉਠਾਏ ਆਪਣੇ ਕੰਧੇ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪੀ ਜਾਮਾ ਧਰ, ਆਪੇ ਬੇੜਾ ਬੰਨ੍ਹੇ । ਸਾਚੇ ਸੰਤ ਚਰਨ ਪਿਆਰ ਹੈ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਏਕਾ ਦੇਵੇ ਸੱਚੀ ਧਾਰ ਹੈ । ਗੁਰਮੁਖ ਵਿਰਲਾ ਪ੍ਰਭ ਦਰ ਜਾਏ ਤਰ, ਕਲਜੁਗ ਅੰਧੇਰੀ ਰਾਤ ਹੈ । ਅੱਠੇ ਪਹਿਰ ਰਸਨ ਉਚਰ, ਸੋਹੰ ਸ਼ਬਦ ਅਪਾਰ ਹੈ । ਇਕ ਜਪਾਏ ਰਸਨਾ ਜਿਹਵੇ, ਦੇਵੇ ਅੰਮ੍ਰਿਤ ਫਲ ਆਤਮ ਸਾਚੀ ਧਾਰ ਹੈ । ਆਤਮ ਬੀਜ ਸਾਚਾ ਬੋਵੇ, ਗੁਰਸਿਖ ਆਤਮ ਮਾਰੇ ਸਰਬ ਹੰਕਾਰ ਹੈ । ਅੰਮ੍ਰਿਤ ਜਾਮ ਸਾਚਾ ਪੀਵੇ, ਚਰਨ ਪ੍ਰੀਤੀ ਏਕਾ ਅਪਰ ਅਪਾਰ ਹੈ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਕਲ ਜਾਏ ਤਾਰ ਹੈ । ਸਾਚਾ ਸੰਤ ਸਰਬ ਕਾ ਗਿਆਤਾ । ਮਿਲਿਆ ਮੇਲ ਹਰਿ ਪੁਰਖ ਅਬਿਨਾਸ਼ੀ ਪੁਰਖ ਬਿਧਾਤਾ । ਪ੍ਰਗਟ ਹੋਏ ਘਨਕਪੁਰ ਵਾਸੀ, ਕਲਜੁਗ ਮਿਟਾਏ ਅੰਧੇਰੀ ਰਾਤਾ । ਸ੍ਰਿਸ਼ਟ ਸਬਾਈ ਕਰੇ ਦਾਸੀ, ਇਕ ਬੰਧਾਏ ਚਰਨ ਨਾਤਾ । ਮੇਟ ਮਿਟਾਏ ਮਦਿਰਾ ਮਾਸੀ , ਚਾਰ ਵਰਨ ਇਕ ਕਰਾਏ ਨਾ ਕੋਈ ਪੁੱਛੇ ਜ਼ਾਤਾ ਪਾਤਾ । ਸਾਚੀ ਜੋਤ ਮਾਤ ਜਗਾਈ, ਜੋਤੀ ਜੋਤ ਸਰੂਪ ਹਰਿ, ਮਾਣ ਗਵਾਏ, ਸ਼ਬਦ ਤੀਰ ਚਲਾਏ, ਰਾਓ ਰੰਕ ਇਕ ਕਰਾਏ, ਸ਼ਬਦ ਡੰਕ ਇਕ ਵਜਾਏ । ਭੁੱਲੇ ਫਿਰਨ ਪੰਡਤ ਕਾਸ਼ੀ, ਪੰਡਤ ਪੜ੍ਹਨ ਵੇਦ ਪੁਰਾਨ ਵਖਾਣ ਦੇ । ਪ੍ਰਭ ਅਬਿਨਾਸ਼ੀ ਸਾਚਾ ਕੰਤ, ਕਲਜੁਗ ਜੀਵ ਆਤਮ ਭੁੱਲੇ ਰੁਲੇ ਡੁੱਲੇ, ਨਾ ਕੋਈ ਪਛਾਣਦੇ । ਖਾਣੀ ਬਾਣੀ ਕਰ ਵਿਚਾਰ, ਬੇਮੁਖ ਡੁੱਬੇ ਮੰਝਧਾਰ, ਅੰਤ ਨਾ ਪਾਈ ਸਾਚੀ ਸਾਰ, ਝੂਠੀ ਖ਼ਾਕ ਛਾਣਦੇ । ਅੰਜ਼ੀਲ ਕੁਰਾਨੀ ਆਈ ਹਾਨੀ, ਝੂਠੀ ਹੋਈ ਅੰਤ ਨਿਸ਼ਾਨੀ, ਆਤਮ ਭਰਿਆ ਇਕ ਹੰਕਾਰ ਦੇ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਸੋਹੰ ਸੱਚਾ ਡੰਕ ਵਜਾਇਆ, ਗੁਰਮੁਖ ਸਾਚੇ ਸੰਤ ਜਨਾਂ ਫੜ ਫੜ ਬਾਹੋਂ ਜਾਏ ਤਾਰਦੇ । ਸੰਤ ਦੁਲਾਰੇ ਹਰਿ ਸ਼ਬਦ ਢੰਡੋਰੇ । ਸ਼ਬਦ ਸਰੂਪੀ ਸਾਚਾ ਬੋਲੇ, ਪ੍ਰਭ ਅਬਿਨਾਸ਼ੀ ਚੜ੍ਹ ਕੇ ਘੋੜੇ । ਮਦਿਰਾ ਮਾਸੀ ਕੱਢੇ ਦਰ ਦਰ ਘਰ ਘਰ ਕੁੱਟ, ਆਤਮ ਬੀਜ ਕੌੜਾ ਰੀਠਾ ਭੰਨੇ ਜੋੜੇ । ਲੱਖ ਚੁਰਾਸੀ ਪ੍ਰਭ ਦਰ ਜਾਏ ਛੁੱਟ, ਪ੍ਰਭ ਅਬਿਨਾਸ਼ੀ ਜਾਮਾ ਧਰ, ਵਾਗਾਂ ਆਇਆ ਮੋੜੇ । ਘਰ ਘਰ ਪੈਂਦੀ ਦਿਸੇ ਫੁੱਟ, ਸ਼ਬਦ ਸਰੂਪੀ ਮਾਰੇ ਸਿਰ ਹਥੌੜੇ ।

ਗੁਰਮੁਖਾਂ ਦੇਵੇ ਸ਼ਬਦ ਭੰਡਾਰ ਅਤੁਟ, ਸ਼ਬਦ ਤੀਰ ਰਸਨਾ ਜਾਏ ਛੁਟ, ਆਪ ਚੜ੍ਹਾਏ ਸਾਚੇ ਪੌੜੇ, ਬੇਮੁਖਾਂ ਨੀਰਬ ਜਾਏ ਮੁਕ, ਸ਼ਬਦ ਕਟਾਰ ਦੇਵੇ ਟੁੱਕ, ਨਾ ਕੋਈ ਅੰਤਮ ਬਹੁੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਆਪਣੀ ਸਰਨ ਲਗਾਏ, ਦਰਗਹਿ ਸਾਚੀ ਮਾਣ ਦਵਾਏ, ਅੰਤਮ ਜੋਤੀ ਜੋਤ ਜੋੜੇ । ਗੁਰਮੁਖ ਸਾਚੇ ਚਰਨ ਬਲਿਹਾਰੀ । ਸਾਚੀ ਦਿੱਤੀ ਨਾਮ ਇਕ ਖ਼ੁਮਾਰੀ । ਦੂਜੀ ਦਾਤ ਹਰਿ ਦਰਸ ਅਪਾਰੀ । ਤੀਜਾ ਨੈਣ ਖੋਲ੍ਹ ਵਖਾਣੀ । ਚੌਥੇ ਘਰ ਪਾਵੇ ਸਾਰੀ । ਪੰਜਵੇਂ ਸਾਚਾ ਮੇਲ ਮਿਲਾਏ, ਛੇਵੇਂ ਘਰ ਆਪ ਬਹਾਏ, ਮਿਲੀ ਸੱਚੀ ਸਰਦਾਰੀ । ਸੱਤਵੇਂ ਸਤਿ ਸਰੂਪ ਵਖਾਏ, ਜਗੇ ਜੋਤ ਅਗੰਮ ਅਪਾਰੀ । ਅੱਠਵੇਂ ਅਠ ਸਠ ਤੀਰਥ ਗਵਾਏ, ਅੰਮ੍ਰਿਤ ਆਤਮ ਬਖ਼ਸ਼ੇ ਭਾਰੀ । ਨੌਵੇਂ ਦਰ ਬੰਦ ਕਰਾਏ, ਸ਼ਬਦ ਅੱਗੇ ਡੰਡਾ ਭਾਰੀ । ਦਸਵੇਂ ਘਰ ਜੋ ਜੀਵ ਪਛਾਣੇ, ਜਿਥੇ ਵਸੇ ਹਰਿ ਨਿਰੰਕਾਰੀ । ਨਿਹਕਲੰਕ ਨਰਾਇਣ ਨਰ, ਪ੍ਰਗਟ ਹੋ ਸਾਚਾ ਦੇਵੇ ਨਾਮ ਧਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ ਬਣੇ ਆਪ ਸਹਾਰੀ । ਸਾਚੇ ਸੰਤ ਹਰਿ ਪ੍ਰਿਤਪਾਲੇ । ਆਪ ਬਣਾਏ ਸਾਚੀ ਬਣਤ, ਪ੍ਰਭ ਦਇਆ ਕਮਾਏ । ਬਣ ਬਣ ਆਏ ਹਰਿ ਸਾਚਾ ਕੰਤ, ਗੁਰਮੁਖ ਸੁਹਾਗਣ ਨਾਰ ਹਰਿ ਆਪ ਉਪਜਾਏ । ਲੱਖ ਚੁਰਾਸੀ ਜੀਵ ਜੰਤ, ਬੇਮੁਖ ਪ੍ਰਭ ਕਾ ਭਾਣਾ ਦਿਸ ਨਾ ਆਏ । ਜਨ ਭਗਤਾਂ ਬਣਾਏ ਸਾਚੀ ਬਣਤ, ਚਰਨ ਪ੍ਰੀਤੀ ਇਕ ਕਰਾਏ । ਪ੍ਰਭ ਕੀ ਮਹਿੰਮਾ ਬੜੀ ਅਗਣਤ, ਕੋਈ ਜੀਵ ਭੇਵ ਨਾ ਪਾਏ । ਜੂਠੇ ਝੂਠੇ ਮਾਇਆਧਾਰੀ ਮਾਇਆ ਲੂਠੇ ਸੰਤ, ਨਾ ਜਾਨਣ ਖੇਲ ਮੁਰਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੀ ਦੇਵੇ ਸ਼ਬਦ ਉਡਾਰੀ । ਸ਼ਬਦ ਉਡਾਰੀ ਹਰਿ ਉਡਾਇੰਦਾ । ਆਪ ਵਸਾਏ ਸਚ ਮਹੱਲ ਅਟਾਰੀ, ਜਿਥੇ ਆਸਣ ਲਾਇੰਦਾ । ਸ਼ਬਦ ਸੁਣਾਏ ਇਕ ਧੁਨਕਾਰੀ, ਦੀਪਕ ਜੋਤੀ ਇਕ ਵਖਾਇੰਦਾ । ਦੇਵੇ ਆਪ ਸੱਚੀ ਸਰਦਾਰੀ, ਤਿੰਨਾਂ ਲੋਕਾਂ ਮਾਣ ਗਵਾਇੰਦਾ । ਪ੍ਰਭ ਅਬਿਨਾਸ਼ੀ ਗੁਰ ਪੂਰੇ ਕਿਰਪਾ ਧਾਰੀ, ਚੌਦਾਂ ਹੱਟ ਚੌਦਾਂ ਲੋਕ ਪੈਰਾਂ ਹੇਠ ਰਖਾਇੰਦਾ । ਜਨ ਭਗਤਾਂ ਪਾਏ ਆਪੇ ਸਾਰੀ, ਆਤਮ ਜੋਤੀ ਇਕ ਟਿਕਾਇੰਦਾ । ਸਾਚੀ ਦੇਵੇ ਸ਼ਬਦ ਧਾਰੀ, ਸੁੰਨ ਸਮਾਧ ਖੁਲ੍ਹਾਇੰਦਾ । ਸ਼ਬਦ ਖੰਡਾ ਫੜ ਦੋ ਧਾਰੀ, ਦੂਈ ਦਵੈਤੀ ਪੜਦਾ ਵੱਢ ਵਖਾਇੰਦਾ । ਦਰਸ ਦਿਖਾਏ ਹਰਸ ਮਿਟਾਏ, ਜਗੇ ਜੋਤ ਅਗੰਮ ਅਪਾਰੀ, ਪ੍ਰਭ ਅਬਿਨਾਸ਼ੀ ਡਗਮਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚੇ ਧਾਮ ਬਹਾਇੰਦਾ । ਸਾਚਾ ਧਾਮ ਇਕ ਰਖਾਇਆ । ਗੁਰਮੁਖ ਸਾਚਾ ਵਿਚ ਬਹਾਇਆ । ਚਾਰੋਂ ਕੁੰਟ ਚਾਰ ਚੁਫੇਰ, ਸ਼ਬਦ ਸਰੂਪੀ ਪਹਿਰਾ ਲਾਇਆ । ਕਲਜੁਗ ਜੀਵ ਭੁੱਲੇ, ਵਡ ਵਡ ਸ਼ਾਹੋ ਭੂਪੀ, ਕਿਸੇ ਹੱਥ ਨਾ ਆਇਆ । ਨਾ ਕੋਈ ਦਿਸੇ ਰੰਗ ਰੂਪੀ, ਏਕਾ ਜੋਤ ਸਤਿ ਸਰੂਪੀ, ਨਰ ਨਰਾਇਣ ਹਰਿ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰੇ, ਪ੍ਰਭ ਸਾਚਾ ਦੇਵੇ ਨਾਮ ਅਥਾਹਿਆ । ਮਾਹਣਾ ਸਿੰਘ ਤੇਰੇ ਕਾਜ ਸਵਾਰਨ ਆਇਆ । ਮਾਹਣਾ ਸਿੰਘ ਮਨ ਗਿਆ ਮੰਨ । ਆਤਮ ਨਿਕਲਿਆ ਝੂਠਾ ਜਨ । ਏਕਾ ਪ੍ਰੀਤ ਲੱਗੀ ਤਨ । ਆਤਮ ਹੋਈ ਨਾ ਅੰਤਮ ਅੰਨ੍ਹ । ਧਰਮ ਰਾਏ ਨਾ ਲਾਇਆ ਡੰਨ । ਪ੍ਰਭ ਅਬਿਨਾਸ਼ੀ ਪਰਖੇ ਸਾਚੀ ਨੀਤ, ਕਲਜੁਗ ਅੰਤਮ ਬੇੜਾ ਜਾਏ ਬੰਨ੍ਹ । ਨਾ ਕੋਈ ਮੰਦਰ ਗੁਰਦਵਾਰਾ ਮਸੀਤ, ਨਾ ਕੋਈ ਛੱਪਰੀ ਛੰਨ । ਲੱਖ ਚੁਰਾਸੀ ਕਲਜੁਗ ਅੰਤਮ ਹੋਈ ਅੰਨ੍ਹ । ਪ੍ਰਭ ਅਬਿਨਾਸ਼ੀ ਆਪੇ ਘੜੇ ਆਪੇ ਲਏ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਇਕ ਸੁਣਾਇਆ ਸੋਹੰ ਸ਼ਬਦ ਸੁਹਾਗੀ ਗੀਤ ਕੰਨ । ਸੱਚਾ ਸ਼ਬਦ



੩੭੫
੦੪

੩੭੬
੦੪

ਇਕ ਸੁਣਾਇਆ । ਫੜ ਫੜ ਬਾਹੋਂ ਰਾਹੇ ਪਾਇਆ । ਸੰਤ ਮਨੀ ਸਿੰਘ ਵਿਚ ਵਿਚੋਲਾ ਆਪ ਬਣਾਇਆ । ਦਰ ਘਰ ਸਾਚੇ ਹੋਇਆ ਗੋਲਾ, ਚਰਨ ਪ੍ਰੀਤੀ ਸੇਵ ਕਮਾਇਆ । ਪ੍ਰਭ ਆਪ ਰੰਗਾਇਆ ਕਾਇਆ ਸੱਚਾ ਚੋਲਾ, ਗੁਰਮੁਖਾਂ ਰੰਗ ਆਪ ਚੜ੍ਹਾਇਆ । ਇਕ ਸੁਣਾਇਆ ਸ਼ਬਦ ਢੋਲਾ, ਜਗੀ ਜੋਤ ਇਕ ਅਮੋਲਾ, ਆਤਮ ਹੋਈ ਰੁਸ਼ਨਾਇਆ । ਬੇਮੁਖ ਜਾਨਣ ਆਲਾ ਭੋਲਾ, ਦਰਗਹਿ ਸਾਚੀ ਜਿਸ ਜਾਏ ਭਾਗ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਲਿਆਇਆ ਸ਼ਬਦ ਡੋਲਾ, ਗੁਰਮੁਖ ਸਾਚੇ ਸੰਤ ਬਹਾਇਆ । ਸ਼ਬਦ ਡੋਲੀ ਗਿਆ ਚੜ੍ਹ । ਪ੍ਰਭ ਅਬਿਨਾਸ਼ੀ ਫੜਿਆ ਲੜ । ਦਰ ਘਰ ਸਾਚੇ ਗਿਆ ਵੜ । ਰਾਹ ਵਿਚ ਨਾ ਗਿਆ ਅੜ । ਅੱਠੇ ਪਹਿਰ ਦਰਸ਼ਨ ਪਾਏ, ਪ੍ਰਭ ਅਬਿਨਾਸ਼ੀ ਦਰ ਦਵਾਰੇ ਅੱਗੇ ਖੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਇਕ ਫੜਾਇਆ, ਸੋਹੰ ਅੱਖਰ ਨਾਮ ਰਖਾਇਆ, ਅੰਤਮ ਬੇੜਾ ਪਾਰ ਕਰਾਇਆ, ਪੰਜਾਂ ਤੱਤਾਂ ਨਾਲ ਰਿਹਾ ਲੜ । ਪੰਜ ਤੱਤ ਹਰਿ ਜੀ ਖੰਡੇ । ਏਕਾ ਸਾਚਾ ਨਾਮ ਵੰਡੇ । ਕਲਜੁਗ ਤੇਰੇ ਅੰਤਮ ਕੰਢੇ । ਹੀਰਾ ਘਾਟ ਲਗਾਏ ਗੁਰਮੁਖ ਸਾਚੇ ਡੰਡੇ । ਚਰਨ ਪ੍ਰੀਤੀ ਸਾਚੀ ਲਾਈ, ਜੁਗਾ ਜੁਗੰਤ ਨਾਲ ਹੰਢੇ । ਸਾਚੇ ਦਰ ਸੇਵ ਕਮਾਈ, ਹੋਏ ਰੁਸ਼ਨਾਈ ਵਿਚ ਵਰਭੰਡੇ । ਪੂਰਬ ਲਹਿਣਾ ਆਪ ਚੁਕਾਈ, ਪ੍ਰਭ ਅਬਿਨਾਸ਼ੀ ਦਇਆ ਕਮਾਈ, ਤੇਰੀ ਭਸਮ ਸੁਟਾਈ ਵਿਚ ਨਹਿਰ ਕੰਢੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਫੜ ਫੜ ਮਾਰੇ ਚਾਰੋਂ ਕੁੰਟ ਕਰੇ ਖੁਆਰੇ, ਆਪ ਚਲਾਏ ਚੰਡ ਪ੍ਰਚੰਡੇ । ਭਸਮ ਢੇਰੀ ਆਪ ਉਠਾਈ, ਸਰ ਸਰੋਵਰ ਸਾਚੇ ਪ੍ਰਭ ਆਪ ਟਿਕਾਈ । ਬੇਮੁਖ ਕਲਜੁਗ ਜੀਵਾਂ ਪ੍ਰਗਟ ਜੋਤ, ਮੁਖ ਲਾਵਣ ਆਇਆ ਛਾਹੀ । ਗੁਰਮੁਖਾਂ ਆਤਮ ਮੈਲ ਧੋਤ, ਸਾਚੀ ਕਰੇ ਰੁਸ਼ਨਾਈ । ਨਾ ਕੋਈ ਪੁੱਛੇ ਜ਼ਾਤ ਪਾਤ, ਊਚ ਨੀਚ ਏਕਾ ਰੰਗ ਰੰਗਾਈ । ਜੋਤੀ ਜੋਤ ਸਰੂਪ ਹਰਿ, ਦਰ ਘਰ ਸਾਚੇ ਆਏ ਦੇਵੇ ਵਡਿਆਈ । ਮਾਤ ਮਿਲੇ ਵਡਿਆਈ, ਨਾਮ ਨਿਸ਼ਾਨ ਹੈ । ਗੁਰ ਪੂਰੇ ਦਇਆ ਕਮਾਈ, ਦੀਆ ਇਕ ਸ਼ਬਦ ਬਬਾਣ ਹੈ । ਚਾਰੋਂ ਕੁੰਟ ਕਰੇ ਰੁਸ਼ਨਾਈ, ਝੁਲੇ ਸੱਚਾ ਇਕ ਨਿਸ਼ਾਨ ਹੈ । ਸਾਚੀ ਭਸਮ ਹੀਰਾ ਘਾਟ ਰੁੜ੍ਹਾਈ, ਲਿਖਤ ਲਿਖਾਏ ਹਰਿ ਭਗਵਾਨ ਹੈ । ਲੱਖ ਚੁਰਾਸੀ ਫੰਦ ਕਟਾਈ, ਸਿੰਘ ਮਾਹਣਾ ਵਡ ਬਲੀ ਬਲਵਾਨ ਹੈ । ਗੁਰਸਿਖ ਪੂਰੇ ਤੇਰੀ ਸਚ ਕਮਾਈ, ਪੈਜ ਰਖਾਈ ਵਾਲੀ ਦੋ ਜਹਾਨ ਹੈ । ਏਕਾ ਰੱਖੀ ਹਰਿ ਸਰਨਾਈ, ਅੰਤ ਚੁਕਾਈ ਜਮ ਕੀ ਕਾਨ ਹੈ । ਚਾਰੋਂ ਕੁੰਟ ਦਏ ਦੁਹਾਈ, ਬੇਮੁਖ ਜੀਵ ਸਰਬ ਕੁਰਲਾਨ ਹੈ । ਲੱਖ ਚੁਰਾਸੀ ਪਈ ਫਾਹੀ, ਨਾ ਅੰਤਮ ਕੋਈ ਛੁਡਾਨ ਹੈ । ਕਿਸੇ ਨਾ ਮਿਲਿਆ ਸਾਚਾ ਮਾਹੀ, ਰੋਂਦੀ ਪਈ ਅੰਜ਼ੀਲ ਕੁਰਾਨ ਹੈ । ਢੁੱਬਾਂ ਮਾਰਨ ਥਾਉਂ ਥਾਈਂ, ਵੇਦ ਪੁਰਾਨਾਂ ਆਈ ਹਾਨ ਹੈ । ਨਿਹਕਲੰਕ ਕਲ ਜੋਤ ਜਗਾਈ, ਖਾਣੀ ਬਾਣੀ ਹੋਈ ਹੈਰਾਨ ਹੈ । ਸਾਚਾ ਡੰਕ ਇਕ ਵਜਾਈ, ਆਪ ਉਠਾਏ ਰੰਕ ਰਾਜਾਨ ਹੈ । ਸਾਚਾ ਦਵਾਰ ਬੰਕ ਆਪ ਸੁਹਾਏ, ਜਗਾਈ ਜੋਤ ਹਰਿ ਭਗਵਾਨ ਹੈ । ਏਕਾ ਰੰਗ ਹਰਿ ਆਪ ਰੰਗਾਏ, ਸੋਹੰ ਸ਼ਬਦ ਮਹਾਨ ਹੈ । ਜੋਤ ਸਰੂਪੀ ਤਨਕ ਲਗਾਏ, ਗੁਰਮੁਖ ਸਾਚੇ ਆਤਮ ਜਾਏ ਮਾਨ ਹੈ । ਦੇਵੇ ਵਡਿਆਈ ਜਿਉਂ ਜਨਕ ਰਘੁਰਾਏ, ਜਗਤ ਰਖਾਏ ਨਾਮ ਨਿਸ਼ਾਨ ਹੈ । ਅੰਤਮ ਵੇਲੇ ਹੋਏ ਸਹਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੈ । ਮਾਹਣਾ ਸਿੰਘ ਮਨ ਭਇਆ ਵੈਰਾਗ । ਆਤਮ ਬੁਝੀ ਤ੍ਰਿਸ਼ਨਾ ਆਗ । ਕਲਜੁਗ ਸੋਇਆ ਗਿਆ ਜਾਗ । ਪ੍ਰਭ ਅਬਿਨਾਸ਼ੀ ਚਰਨ ਪ੍ਰੀਤੀ ਗਿਆ ਲਾਗ । ਸਾਚਾ ਕੰਤ ਇਕ ਹੰਢਾਇਆ, ਸੰਤ ਮਨੀ ਸਿੰਘ ਰਾਹ ਵਖਾਇਆ, ਕਲਜੁਗ ਬਣਿਆ ਰਹੇ ਸੁਹਾਗ । ਅੰਤਮ ਵੇਲੇ ਫੇਰਾ ਪਾਇਆ,

ਨਿਹਕਲੰਕ ਕਲ ਜੋਤ ਜਗਾਇਆ, ਜਨਮ ਜਨਮ ਦਾ ਕਲ ਧੋਵਣ ਆਇਆ ਦਾਗ਼ । ਸਚ ਘਰ ਸਚ ਆਸਣ ਲਾਇਆ, ਗੁਰ ਸੰਗਤ ਸਾਰੀ ਸੰਗ ਰਲਾਇਆ, ਇਕ ਸੁਣਾਇਆ ਸਾਚਾ ਰਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਘਰ ਸਾਚੇ ਲਾਏ ਭਾਗ । ਲੱਗੇ ਭਾਗ ਹੋਏ ਰੁਸ਼ਨਾਈ ਹੈ । ਪਕੜੀ ਵਾਗ ਹਰਿ ਰਘੁਰਾਈ ਹੈ । ਸੋਹੰ ਬੱਧਾ ਤਨ ਸਾਚਾ ਤਾਗ, ਤੁੱਟ ਕਦੇ ਨਾ ਜਾਈ ਹੈ । ਜੋਤ ਸਰੂਪੀ ਹਰਿ ਧਾਰੇ ਭੇਖ, ਵਰਤੇ ਹਰਿ ਵਡ ਸਵਾਂਗੀ ਸਵਾਂਗ, ਕਲਜੁਗ ਜੀਵ ਨਾ ਕੋਈ ਵੇਖੇ ਆਪੇ ਰਿਹਾ ਭੁਲਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵਣ ਆਇਆ ਸਚ ਵਡਿਆਈ ਹੈ । ਮਾਹਣਾ ਸਿੰਘ ਤੇਰਾ ਸਾਚਾ ਮੂਲ । ਆਪ ਚੁਕਾਏ ਕੰਤ ਕੰਤੂਲ । ਸ਼ਬਦ ਡੋਲੀ ਇਕ ਲਿਆਏ ਸ਼ਬਦ ਪਘੂੰੜਾ ਲੈਣਾ ਝੂਲ । ਚਰਨ ਗੋਲੀ ਆਪ ਬਣਾਏ, ਸਿੰਘ ਸਿੰਘਾਸਣ ਡੇਰਾ ਲਾਏ, ਨਾ ਕੋਈ ਦਿਸੇ ਪਾਵਾ ਚੂਲ । ਨੈਣ ਮੁੰਧਾਰੀ ਦਇਆ ਕਮਾਏ, ਵਿਚ ਸੰਸਾਰ ਮਾਣ ਰਖਾਏ, ਨਾਮ ਇੱਟ ਇਕ ਲਗਾਏ, ਆਤਮ ਜੋਤੀ ਡਗਮਗਾਏ, ਹੀਰਾ ਘਾਟ ਆਪ ਚੜ੍ਹਾਏ ਤੇਰੇ ਫੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਵੇਲਾ, ਜਨ ਭਗਤਾਂ ਚੁਕਾਏ ਸਾਚਾ ਮੂਲ । ਸੰਤ ਮਨੀ ਸਿੰਘ ਸਚ ਰਾਹ ਜਣਾਇਆ । ਗੁਰਮੁਖ ਸਾਚਾ ਪਕੜ, ਧਰਤ ਮਾਤ ਦਾ ਪੂਤ ਬਣਾਇਆ । ਸੋਹੰ ਲਾਇਆ ਸਾਚਾ ਤੱਕੜ, ਏਥੇ ਓਥੇ ਦੋ ਜਹਾਨ ਪੂਰੇ ਪੂਰ ਕਰਾਇਆ । ਸ਼ਬਦ ਡੋਰੀ ਲਿਆਇਆ ਜਕੜ, ਪੰਜਾਂ ਤੱਤਾਂ ਬੰਨ੍ਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰੇ, ਬੇੜਾ ਬੰਨ੍ਹਣ ਤੇਰਾ ਆਇਆ । ਬੇੜਾ ਬੰਨ੍ਹੇ ਬੰਨ੍ਹਣ ਜੋਗ । ਦੀਆ ਦਰਸ ਹਰਿ ਅਮੋਘ । ਕਲਜੁਗ ਤੇਰਾ ਅੰਤਮ ਵੇਲਾ, ਘਰ ਘਰ ਪੈਣਾ ਸੋਗ । ਗੁਰਮੁਖਾਂ ਹਰਿ ਸੱਜਣ ਸੁਹੇਲਾ, ਸੋਹੰ ਸ਼ਬਦ ਚੁਗਾਏ ਸਾਚੀ ਚੋਗ । ਬੇਮੁਖਾਂ ਵਕਤ ਹੋਏ ਦੁਹੇਲਾ, ਹਉਮੇ ਲੱਗਾ ਕਾਇਆ ਰੋਗ । ਜਨ ਭਗਤਾਂ ਕਰਿਆ ਸਾਚਾ ਮੇਲਾ, ਸਿੰਘ ਮਾਹਣਾ ਤੇਰਾ ਲਿਖਿਆ ਧੁਰ ਸੰਜੋਗ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਅੰਤਮ ਵੇਲੇ ਕਲ ਪ੍ਰਗਟ ਜੋਤ, ਦੇਵਣ ਆਇਆ ਸੱਚੀ ਚੋਗ । ਸਾਚੀ ਚੋਗ ਦੇਵੇ ਜੁਗੀਸ਼ਰ । ਸਾਚਾ ਤਪ ਕੀਆ ਤਪੀਸ਼ਰ । ਏਕਾ ਕੀਆ ਸਾਚਾ ਜਪ, ਤੁਟੀ ਮੁਨ ਸੁੰਨ ਬਨਿਆ ਵਡ ਮੁਨੀਸ਼ਰ । ਪ੍ਰਭ ਅਬਿਨਾਸ਼ੀ ਚਰਨ ਲਾਇਆ ਚੁਣ, ਪ੍ਰਭ ਅਬਿਨਾਸ਼ੀ ਹਰਿ ਜਗਦੀਸ਼ਰ । ਕਵਣ ਜਾਣੇ ਹਰਿ ਤੇਰੇ ਗੁਣ, ਤਿੰਨਾਂ ਲੋਕਾਂ ਏਕਾ ਈਸ਼ਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰੇ । ਆਪੇ ਪਾਏ ਤੇਰੀ ਸਾਰੇ । ਆਏ ਚਲ ਸਚ ਦਵਾਰੇ । ਨਿਹਚਲ ਧਾਮ ਅਟੱਲ ਵਸਦੇ ਰਹਿਣ ਚਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰੇ, ਆਪੇ ਪਾਏ ਤੇਰੀ ਸਾਰੇ । ਜਗਤ ਪਿਤ ਜਗਤ ਗੁਰ ਦਾਤਾ । ਆਪੇ ਬਣੇ ਪਿਤ ਆਪੇ ਮਾਤਾ । ਗੁਰਮੁਖ ਸਾਚੇ ਸੰਤ ਜਨਾਂ ਸਾਚਾ ਕਾਜ ਰਚਾਏ, ਨਾਲ ਲਿਆਏ ਜਗਤ ਭਗਤ ਸੱਚੀ ਬਰਾਤਾ । ਸੋਹੰ ਦਾਜ ਝੋਲੀ ਪਾਏ, ਵੇਖੇ ਰੰਗ ਤਮਾਸ਼ਾ । ਸਚ ਘਰ ਹਰਿ ਆਪ ਬਹਾਏ, ਕਿਰਪਾ ਕਰ ਨਰ ਹਰਿ ਪੁਰਖ ਬਿਧਾਤਾ । ਇਕ ਚੁਕਾਏ ਜਮ ਕਾ ਡਰ, ਦਰਸ ਦਿਖਾਏ ਇਕ ਇਕਾਂਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਪ੍ਰੀਤ ਗੁਰਸਿਖ ਬਣਾਈ, ਆਪ ਬੰਨ੍ਹਾਏ ਚਰਨ ਨਾਤਾ । ਚਰਨ ਨਾਤਾ ਸਦਾ ਹਰਿ ਜੋੜੇ । ਗੁਰਮੁਖ ਸਾਚਾ ਮੁਖ ਨਾ ਮੋੜੇ । ਉਤਰੇ ਆਤਮ ਤ੍ਰਿਸ਼ਨਾ ਭੁੱਖ, ਕਾਇਆ ਵੇਲ ਨਾ ਹੋਏ ਕੌੜੇ । ਇਕ ਉਪਜਾਏ ਸਾਚਾ ਸੁਖ, ਆਪ ਚੜ੍ਹਾਏ ਸ਼ਬਦ ਪੌੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੩੭੭ ੦੪

੩੭੮
੦੪

ਗੁਰਮੁਖ ਸਾਚੇ ਸੰਤ ਜਨਾਂ ਅੰਤਮ ਵੇਲੇ ਆਪੇ ਬਹੁੜੇ । ਏਕਾ ਜੋਤੀ ਸਾਚਾ ਨੂਰ ਹੈ । ਸਰਬ ਗੁਣਾਂ ਹਰਿ ਭਰਪੂਰ ਹੈ । ਏਕਾ ਸ਼ਬਦ ਸਾਚੀ ਤੂਰ ਹੈ । ਸਰਬ ਘਟਾਂ ਹਰਿ ਭਰਪੂਰ ਹੈ । ਜਨ ਭਗਤਾਂ ਹਾਜ਼ਰ ਹਜ਼ੂਰ ਹੈ । ਆਪ ਬਣਾਏ ਸਾਚੀ ਬਣਤਾ, ਪੰਜਾਂ ਤੱਤਾਂ ਕਰੇ ਚੂਰ ਹੈ । ਮਾਣ ਦਵਾਏ ਜੀਵ ਜੰਤਾਂ, ਜਗੇ ਜੋਤ ਜਿਉਂ ਕੋਹਤੂਰ ਹੈ । ਗੁਰਮੁਖ ਸਾਚੇ ਸੰਤਾਂ, ਏਕਾ ਦੇਵੇ ਸ਼ਬਦ ਸਰੂਰ ਹੈ । ਪ੍ਰਗਟ ਹੋਏ ਆਦਿਨ ਅੰਤਾ, ਬੇਮੁਖ ਜਾਨਣ ਦੂਰ ਹੈ । ਏਕਾ ਹਰਿ ਸਾਚਾ ਕੰਤਾ, ਸ੍ਰਿਸ਼ਟ ਸਬਾਈ ਕੂੜੋ ਕੂੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰੱਥ, ਜਨ ਭਗਤਾਂ ਰੱਖੇ ਦੇ ਕਰ ਹੱਥ, ਬੇਮੁਖਾਂ ਨੱਕ ਪਾਏ ਨੱਥ, ਅੰਤਮ ਵੇਲੇ ਜਾਏ ਮਥ, ਗੁਰਸਿਖ ਚੜ੍ਹਾਏ ਸ਼ਬਦ ਸਾਚੇ ਰਥ, ਕਰ ਦਰਸ ਸਗਲ ਵਸੂਰੇ ਜਾਇਣ ਲੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਜੀਵਾਂ ਵੰਡ ਕਰਾਏ, ਅੰਤਮ ਆਏ ਹਿੱਸੇ ਸਾਢੇ ਤਿੰਨ ਹੱਥ ਹੈ । ਸਾਚੀ ਵੰਡ ਆਪ ਕਰਾਈ । ਨੌਂ ਖੰਡ ਪ੍ਰਿਥਮੀ ਆਪ ਜਗਾਈ । ਸੱਤਾਂ ਦੀਪਾਂ ਹੋਏ ਰੁਸ਼ਨਾਈ । ਪੰਚਮ ਜੇਠ ਨਿਹਕਲੰਕ ਨਰਾਇਣ ਨਰ, ਮਾਤ ਜੋਤ ਪ੍ਰਗਟਾਈ । ਗੁਰਮੁਖ ਵੇਖੇ ਸਾਚੇ ਨੈਣ, ਬੇਮੁਖਾਂ ਦਿਸ ਨਾ ਆਈ । ਆਪ ਚੁਕਾਏ ਲਹਿਣ ਦੇਣ, ਧਰਨੀ ਧਰ ਹਰਿ ਅਖਵਾਈ । ਗੁਰਮੁਖ ਵਿਰਲੇ ਪ੍ਰਭ ਦਰ ਲਹਿਣਾ ਲੈਣ, ਏਕਾ ਜੋਤੀ ਸਤਿ ਸਰੂਪੀ, ਨੈਣ ਸਾਚੇ ਦੇਖੋ, ਭਰਮ ਭੁਲੇਖਾ ਦੂਰ ਕਰਾਈ । ਕਲਜੁਗ ਜੀਵ ਕੌੜੇ ਰੀਠੇ, ਸ਼ਬਦ ਹਥੌੜਾ ਉਪਰ ਲਗਾਏ, ਇਕ ਰੰਗ ਚੜ੍ਹਾਏ ਮਜੀਠੇ, ਜੋ ਜਨ ਆਏ ਸਰਨਾਈ । ਸਾਚੀ ਚੱਕੀ ਨਾਮ ਪੀਠੇ, ਅੱਗੇ ਤੋਟ ਨਾ ਰਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ, ਜਨ ਪਗਤਾਂ ਹੋਏ ਆਪ ਸਹਾਈ । ਜਨ ਭਗਤਾਂ ਦਰਸ ਦਿਖਾਇੰਦਾ । ਜੋਤ ਸਰੂਪੀ ਜੋਤ ਧਰ, ਆਪਣਾ ਖੇਲ ਰਚਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸਾਧ ਸੰਤ ਜਨ ਭਗਤ ਆਪੇ ਬੰਨੇ ਲਾਇੰਦਾ । ਰੱਖੇ ਪੈਜ ਵਕਤ ਸੁਹਾਇੰਦਾ । ਮੇਲ ਮਿਲਾਵਾ ਸੱਚੇ ਸਚ, ਜਨਮ ਮਰਨ ਫੰਦ ਕਟਾਇੰਦਾ । ਏਕਾ ਰੱਖੇ ਸ਼ਬਦ ਖਿਚ, ਗੁਰਮੁਖ ਹਿਰਦੇ ਵਾਸ ਰਖਾਇੰਦਾ । ਗੁਰਮੁਖ ਜੋਤੀ ਦੇਵੇ ਸਾਚਾ ਤੇਜ, ਅਗਿਆਨ ਅੰਧੇਰ ਮਿਟਾਇੰਦਾ । ਗੁਰਮੁਖ ਆਤਮ ਫੂਲ ਵਿਛਾਨੀ ਸੇਜ, ਸਾਚਾ ਕੰਤ ਸਾਚਾ ਚਰਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਦਿ ਅੰਤ ਜੁਗਾ ਜੁਗੰਤ, ਸਾਚੇ ਘਰ ਮਾਣ ਰਖਾਇੰਦਾ । ਸਾਚੇ ਘਰ ਮਾਣ ਰਖਾਏ । ਗੁਰਮੁਖ ਸਾਚੇ ਸੰਤ ਜਨਾਂ, ਬਾਹੋਂ ਪਕੜ ਆਪ ਲੈ ਜਾਏ । ਪੱਲੇ ਬੰਨ੍ਹੇ ਨਾਮ ਧਨਾ, ਅੱਗੇ ਬਹਿ ਬਹਿ ਗੁਰਮੁਖ ਖਾਏ । ਸਾਚਾ ਸ਼ਬਦ ਰਾਗ ਸੁਣਾਏ ਕੰਨਾ, ਆਪ ਆਪਣੀ ਬੂਝ ਬੁਝਾਏ । ਕਲਜੁਗ ਮਾਇਆ ਨਾ ਲੱਗੇ ਤਨਾ, ਆਤਮ ਠੰਡੀ ਠਾਰ ਰਖਾਏ, ਭਾਂਡਾ ਭੇਵ ਭਰਮ ਹਰਿ ਭੰਨਾ, ਏਕਾ ਦੂਜਾ ਭਉ ਚੁਕਾਏ । ਅੰਤਮ ਵੇਲਾ ਬੇੜਾ ਆਪ ਬੰਨ੍ਹਾ, ਸਿੰਘ ਮਾਹਣਾ ਹਰਿ ਪੈਜ ਰਖਾਏ । ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਾਚੇ ਲੇਖ ਲਿਖਾਏ । ਲਿਖਾਏ ਲੇਖ ਲਿਖਣਹਾਰਾ । ਸਚ ਕਰਾਇਆ ਵਣਜ ਵਪਾਰਾ । ਏਕਾ ਦੀਆ ਨਾਮ ਅਧਾਰਾ । ਆਤਮ ਦੀਆ ਹੋਏ ਉਜਿਆਰਾ । ਆਪੇ ਕੀਆ ਜੋਤ ਪਸਾਰਾ । ਸਤਿਜੁਗ ਤੇਰੀ ਰਖਾਈ ਸਾਚੀ ਨੀਂਹਾ, ਗੁਰਮੁਖ ਸਾਚਾ ਭੇਟਾ ਚਾੜ੍ਹਾ । ਕਰ ਕਰ ਕਰਮ ਆਪਣਾ ਬੀਜ ਬੀਆ, ਦਰ ਘਰ ਸਾਚੇ ਹਰਿ ਜੀ ਵਾੜਾ । ਸਾਚਾ ਜਾਮ ਅੰਮ੍ਰਿਤ ਪੀਆ, ਵਾ ਨਾ ਲੱਗੇ ਤੱਤੀ ਹਾੜਾ । ਪ੍ਰਭ ਅਬਿਨਾਸ਼ੀ ਚਰਨੀ ਥੀਆ, ਧੁਰਦਰਗਾਹੀ ਕੀਆ ਸਾਚਾ

ਲਾੜਾ । ਸਾਚਾ ਬੀਜ ਮਾਤ ਬੀਆ, ਅੰਤਮ ਪੱਕਿਆ ਵਾੜਾ । ਕਲਜੁਗ ਉਖਾੜੇ ਤੇਰੀ ਨੀਂਹ, ਚਾਰੋਂ ਕੁੰਟ ਲੱਗੇ ਅਖਾੜਾ । ਸਾਢੇ ਤਿੰਨ ਹੱਥ ਕਿਸੇ ਨਾ ਆਵੇ ਸੀਆਂ, ਆਪ ਉਠਾਏ ਸ਼ਬਦ ਸਰੂਪੀ ਵਡੀ ਧਾੜਾ । ਗੁਰਮੁਖ ਸਾਚੇ ਸੰਤ ਜਨ ਆਪ ਬਣਾਏ ਪੁੱਤਰ ਧੀਆਂ, ਹੋਏ ਸਹਾਈ ਵਿਚ ਜੰਗਲ ਜੂਹ ਉਜਾੜ ਪਹਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਸ੍ਰਿਸ਼ਟ ਸਬਾਈ, ਆਪ ਚਬਾਏ ਆਪਣੀ ਦਾੜ੍ਹਾ । ਧੁਰਦਰਗਾਹੀ ਸਚ ਫ਼ਰਮਾਨਾ । ਸ਼ਬਦ ਸਰੂਪੀ ਕੰਨ ਸੁਨਾਣਾ । ਜੋਤ ਸਰੂਪੀ ਪੂਰ ਕਰਾਨਾ । ਗੁਰਮੁਖ ਸਾਚੇ ਸੰਤ ਜਨਾਂ ਹਰਿ ਆਪ ਜਗਾਨਾ । ਆਪ ਬਣਾਏ ਸਾਚੀ ਬਣਤਾ, ਵਾਲੀ ਦੋ ਜਹਾਨਾ । ਸਾਚਾ ਮੇਲ ਆਪ ਮਿਲਾਇਆ ਪ੍ਰਭ ਅਬਿਨਾਸ਼ੀ ਸਾਚੇ ਕੰਤਾ, ਕੀਆ ਖੇਲ ਜਗਤ ਮਹਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵਕਤ ਸੁਹਾਨਾ । ਸਾਚਾ ਸ਼ਬਦ ਹਰਿ ਵਰਤਾਇਆ । ਮਾਤਲੋਕ ਇਕ ਸੁਣਾਇਆ । ਗੁਰਮੁਖ ਸਾਚੇ ਸੰਤ ਪਿਆਰੇ, ਆਪ ਬਣਾਏ ਸਚ ਸਿਤਾਰੇ, ਪ੍ਰਭ ਅਬਿਨਾਸ਼ੀ ਕਿਰਪਾ ਧਾਰੇ, ਚਿੱਟਾ ਬਾਣਾ ਤਨ ਛੁਹਾਇਆ । ਚਿੱਟਾ ਬਾਣਾ ਸਾਚਾ ਰਾਣਾ ਹਰਿ ਜੀ ਸਾਚਾ ਸ਼ਾਹ ਸੁਲਤਾਨਾ, ਆਪਣੇ ਰੰਗ ਰੰਗਾਨਾ । ਦਰਗਹਿ ਸਾਚੀ ਦੇਵੇ ਮਾਣਾ, ਗੁਣਵੰਤ ਹਰਿ ਗੁਣ ਨਿਧਾਨਾ । ਨਿਹਕਲੰਕੀ ਪਹਿਰੇ ਬਾਣਾ । ਗੁਰਮੁਖ ਸਾਚੇ ਹੰਸ ਬਨਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਪੰਚਮ ਜੇਠ ਸ਼ਬਦ ਸਰੂਪੀ ਚੋਗ ਚੁਗਾਨਾ । ਚੁਗੇ ਚੋਗ ਮਾਣਕ ਮੋਤੀ । ਗੁਰਮੁਖ ਸਾਚੇ ਸਾਚੀ ਜੋਤੀ । ਕਲਜੁਗ ਤੇਰੀ ਅੰਤਮ ਵਾਰੀ, ਦੁਰਮਤ ਮੈਲ ਦਰ ਸਾਚੇ ਧੋਤੀ । ਅਠਸਠ ਤੀਰਥ ਰਹੇ ਫੈਲ, ਕੋਈ ਨਾ ਜਾਣੇ ਗੋਤੀ । ਆਪ ਖੁਲ੍ਹਾਏ ਧਰਮ ਰਾਏ ਦੀ ਜੇਲ, ਸ੍ਰਿਸ਼ਟ ਸਬਾਈ ਰਹੀ ਰੋਤੀ । ਜਨ ਭਗਤ ਕਰਾਏ ਸਾਚੇ ਸੈਲ, ਦਰ ਘਰ ਸਾਚੇ ਸ੍ਰਿਸ਼ਟ ਸਬਾਈ ਰਹੀ ਸੋਤੀ । ਪੰਚਮ ਜੇਠ ਪਹਿਲੀ ਗੁਰ ਸੰਗਤ ਕੀਤੀ ਪਹਿਲ, ਲੱਖ ਚੁਰਾਸੀ ਰਹੀ ਰੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਗੁਰਮੁਖ ਸਾਚੇ ਸੰਗ ਰਲਾਇਆ, ਜਗਾਈ ਸਾਚੀ ਜੋਤੀ । ਸ਼ਬਦ ਬਾਣਾ ਤਨ ਸ਼ਿੰਗਾਰੇ । ਗੁਰਮੁਖ ਸਾਚੇ ਸੰਤ ਪਿਆਰੇ । ਮੇਲ ਮਿਲਾਵਾ ਸਾਚੇ ਕੰਤ, ਕਰੇ ਕਰਾਏ ਆਪ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਲਾਂ ਕਲਾ ਸਮਰਥ, ਸੋਹੰ ਸ਼ਬਦ ਬਣਾਏ ਸਾਚਾ ਰਥ, ਆਪਣੀ ਹੱਥੀਂ ਪਕੜ ਨਥ, ਆਪ ਲੈ ਜਾਏ ਉਚ ਮਹੱਲ ਸਚ ਮੁਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਅਕਥ, ਸ੍ਰਿਸ਼ਟ ਸਬਾਈ ਪਾਏ ਸਥ, ਗੁਰਮੁਖਾਂ ਸਗਲ ਵਸੂਰੇ ਗਏ ਲਥ, ਬੇਮੁਖਾਂ ਵੇਲਾ ਗਿਆ ਨਾ ਆਵੇ ਹੱਥ, ਜਨ ਭਗਤਾਂ ਹਰਿ ਪਾਰ ਉਤਾਰੇ । ਚਿੱਟਾ ਬਾਣਾ ਸਾਚਾ ਚਾਨਣ । ਗੁਰਮੁਖਾਂ ਬੇੜਾ ਆਇਆ ਬੰਨ੍ਹਣ । ਜੋਤ ਸਰੂਪੀ ਮਾਤਲੋਕ ਆਪੇ ਸਾਚਾ ਥੰਮ੍ਹਣ । ਸਾਚਾ ਮਾਣ ਆਪ ਦਵਾਏ , ਆਤਮ ਜੋਤੀ ਮੇਲ ਮਿਲਾਏ, ਪੰਚਮ ਜੇਠ ਜੋ ਜਨ ਸਰਨਾਈ ਆਏ, ਨਾ ਮਰਨ ਨਾ ਜੰਮਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਰੋਵਰ ਆਪ ਨੁਹਾਏ, ਲੱਖ ਚੁਰਾਸੀ ਗੇੜ ਕਟਾਏ, ਧਰਮ ਰਾਏ ਨਾ ਕੱਢੇ ਸੰਮਣ । ਸਾਚੇ ਬਾਣੇ ਤੇਰੀ ਲਾਜ । ਪ੍ਰਭ ਅਬਿਨਾਸ਼ੀ ਅੰਤਮ ਰੱਖੇ ਗੁਰਮੁਖਾਂ ਸਿਰ ਤਾਜ । ਚਾਰੋਂ ਕੁੰਟ ਅਗਨੀ ਭਖੇ, ਗੁਰਮੁਖਾਂ ਸਵਾਰੇ ਆਪੇ ਕਾਜ । ਲੱਖ ਚੁਰਾਸੀ ਵਿਚੋਂ ਕੀਨੇ ਵੱਖੇ, ਅੰਤਮ ਦਿਤਾ ਸਤਿਗੁਰ ਪੂਰੇ, ਚਿੱਟਾ ਬਾਣਾ ਸਾਚਾ ਤਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਾਚੇ ਸੰਤ ਜਨਾਂ, ਸ਼ਬਦ ਸਰੂਪੀ ਆਪ ਉਠਾਇਆ, ਚਰਨ ਪ੍ਰੀਤੀ ਖਿੱਚ ਲਿਆਇਆ, ਇਕ ਲਗਾਈ ਸੋਹੰ ਅਵਾਜ਼ । ਚਿੱਟਾ ਬਾਣਾ ਚਿੱਟਾ ਦੁੱਧ । ਕਰਨ ਆਇਆ ਪ੍ਰਭ ਕਾਰਜ

੩੭੯
੦੪

ਸੁੱਧ । ਉਜਲ ਕਰਾਏ ਗੁਰਮੁਖ ਬੁੱਧ । ਸਾਚਾ ਮਾਣ ਵਿਚ ਦੋ ਜਹਾਨ ਆਪ ਦਵਾਏ, ਗੁਰਮੁਖ ਸਾਚੇ ਕੰਤ, ਕੋਈ ਨਾ ਦਿਸੇ ਜੇਵਡ ਤੁਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜਾਮਾ ਧਰ, ਆਪ ਖੁਲ੍ਹਾਏ ਭੇਵ ਗੁਝ । ਚਿੱਟਾ ਬਾਣਾ ਸਾਚੀ ਰਾਸ । ਪ੍ਰਭ ਅਬਿਨਾਸ਼ੀ ਹੋਏ ਦਾਸ । ਸਦਾ ਵਸੇ ਆਸ ਪਾਸ । ਮਾਨਸ ਜਨਮ ਕਰਾਏ ਰਾਸ । ਸੋਹੰ ਸ਼ਬਦ ਚਲਾਏ ਸਵਾਸ ਸਵਾਸ । ਝੂਠਾ ਗੇੜਾ ਹੋਇਆ ਨਾਸ । ਦਰਗਹਿ ਸਾਚੀ ਮਾਣ ਦਵਾਏ, ਏਕਾ ਅੰਤਮ ਚਰਨ ਬਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਬਿਠਾਏ, ਜੋਤ ਸਰੂਪੀ ਸਚ ਅਕਾਸ਼ । ਚਿੱਟਾ ਬਾਣਾ ਰੰਗ ਰੰਗੀਲਾ । ਬਖ਼ਸ਼ੇ ਸਾਚਾ ਰਾਣਾ, ਪੰਚਮ ਜੇਠ ਕਰ ਕਰ ਹੀਲਾ । ਆਪੇ ਬਣੇ ਅੰਤਮ ਵੇਲੇ ਵੰਞ ਮੁਹਾਣਾ, ਨਜ਼ਰੀ ਆਏ ਹਰਿ ਸਾਚਾ ਚਿੱਟੇ ਅਸਵ ਛੈਲ ਛਬੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪਣੀ ਹੱਥੀਂ ਆਪ ਪਹਿਨਾਇਆ । ਸੋਹਣਾ ਰੰਗ ਇਕ ਚੜ੍ਹਾਇਆ । ਕਾਲਾ ਦਾਗ ਕਿਸੇ ਦਿਸ ਨਾ ਆਇਆ । ਆਪਣੇ ਹੱਥ ਪਕੜੀ ਵਾਗ, ਸਿੱਧਾ ਰਾਹ ਇਕ ਰਖਾਇਆ । ਪੰਚਮ ਜੇਠ ਹੋਈ ਰਾਤ ਸੁਹਾਗ, ਵਾਹਵਾ ਸੋਹਣਾ ਕੰਤ ਮਿਲਾਇਆ । ਗੁਰਮੁਖ ਵਿਰਲਾ ਗਿਆ ਜਾਗ, ਜੀਆ ਜੰਤ ਇਕ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ ਹੰਸ ਬਣਾਇਆ ਕਾਗ, ਸਾਚੇ ਸਰ ਸਰੋਵਰ ਚਰਨ ਧੂੜ ਗੁਰਸਿਖ ਨੁਹਾਇਆ । ਚਿੱਟਾ ਬਾਣਾ ਮੋਤੀ ਅਨਮੋਲ । ਗੁਰਮੁਖ ਵਿਰਲਾ ਰਹੇ ਅਤੋਲ । ਆਪ ਤੁਲਾਇਆ ਸਾਚੇ ਤੋਲ । ਕਲਜੁਗ ਤੇਰੇ ਅੰਤਮ ਵੇਲੇ, ਗੁਰਮੁਖ ਸਾਚਾ ਸੰਤ ਕਦੇ ਨਾ ਜਾਏ ਡੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਦ ਬ੍ਰਹਿਮਾਦੀ, ਗੁਰਮੁਖ ਬਣਾਏ ਸਦਾ ਅਨਾਦੀ, ਸਦ ਵਸੇ ਹਰਿ ਜੀ ਕੋਲ । ਸਚ ਵਸਤ ਵਿਚ ਮਾਤ ਲਾਧੀ, ਆਪ ਮਿਟਾਏ ਕਲਜੁਗ ਅਪਾਧੀ, ਚਰਨ ਪ੍ਰੀਤੀ ਸਾਚੀ ਬਾਂਧੀ, ਸਚ ਸੁੱਚ ਅੰਮ੍ਰਿਤ ਪਿਆਏ ਘੋਲ । ਮਾਇਆ ਰਾਣੀ ਕਲਜੁਗ ਤੇਰੀ ਅੰਤਮ ਰਿਧ ਰਿਧ ਖਾਧੀ । ਕਲਜੁਗ ਤੇਰਾ ਅੰਤਮ ਵੇਲਾ ਨਾ ਕੋਈ ਪਿਤਾ ਪੂਤ ਨਾ ਕੋਈ ਤੇਰੀ ਦਾਦੀ । ਏਕਾ ਚਰਖਾ ਆਪ ਚਲਾਇਆ, ਸੋਹਣਾ ਸੂਤਰ ਆਪ ਬਣਾਇਆ, ਚਿੱਟਾ ਤਾਣਾ ਆਪ ਤਣਾਇਆ, ਗੁਰਮੁਖਾਂ ਕਲ ਤਨ ਪਹਿਨਾਇਆ, ਕਿਰਪਾ ਕਰ ਮਾਧਵ ਮਾਧੀ । ਅੰਤਮ ਵੇਲੇ ਹੋਏ ਸਹਾਇਆ, ਸਚ ਨਿਸ਼ਾਨ ਇਹ ਰਖਾਇਆ, ਚਿੱਟਾ ਅਸਵ ਰੰਗ ਵਖਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦਿਵਸ ਰੈਣ ਅੱਠੇ ਪਹਿਰ ਰਸਨ ਅਰਾਧੀ । ਚਿੱਟਾ ਬਾਣਾ ਕਲਜੁਗ ਅੰਧ ਘੋਰ । ਪਕੜ ਪਛਾੜੇ ਪੰਜ ਚੋਰ । ਦਰ ਘਰ ਸਾਚੇ ਵਾੜੇ, ਬਾਹੋਂ ਫੜ ਅੱਗੇ ਲਏ ਤੋਰ । ਸਾਚੇ ਘੋੜੇ ਆਪੇ ਚਾੜ੍ਹੇ, ਹੱਥ ਆਪਣੇ ਰੱਖੇ ਡੋਰ । ਗੁਰਮੁਖ ਬਣਾਏ ਸਾਚੇ ਲਾੜੇ, ਬੇਮੁਖ ਜੀਵ ਪਾਵਣ ਸ਼ੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਵਿਚ ਮਾਤ , ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਤੁਧ ਬਿਨ ਪਾਰ ਲੰਘਾਏ ਕਿਹੜਾ ਹੋਰ । ਕਿਰਪਾ ਕਰੀ ਸ੍ਰੀ ਭਗਵਾਨ । ਸਾਚਾ ਦੀਆ ਜਗਤ ਨਿਸ਼ਾਨ । ਚਿੱਟਾ ਬਾਣਾ ਤਨ ਪਹਿਨਾਨ । ਚਰਨ ਧੂੜ ਕਰੇ ਇਸ਼ਨਾਨ । ਆਤਮ ਦੀਆ ਬ੍ਰਹਮ ਗਿਆਨ । ਨਿਰਮਲ ਕੀਆ ਜੀਆ, ਮਿਲਿਆ ਨਰ ਹਰਿ ਭਗਵਾਨ । ਅੰਮ੍ਰਿਤ ਸਾਚਾ ਪ੍ਰਭ ਦਰ ਪੀਆ । ਪੰਚਮ ਜੇਠ ਖ਼ੁਸ਼ੀ ਮਨਾਣ । ਪ੍ਰਭ ਅਬਿਨਾਸ਼ੀ ਰੱਖੇ ਸਾਇਆ ਹੇਠ, ਵਿਚ ਉਜਾੜ ਬੀਆਬਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਬਾਣਾ ਤਨ ਪਹਿਨਾਇਆ, ਸਤਿਜੁਗ ਤੇਰਾ ਮਾਰਗ ਲਾਇਆ, ਨਿਹਕਲੰਕ ਨਰਾਇਣ ਨਰ, ਇਕ ਝੁਲਾਏ ਸੱਚਾ

੩੮੦ ੦੪

ਸਚ ਨਿਸ਼ਾਨ । ਹਰਿ ਸਾਚਾ ਹੁਕਮ ਸੁਣਾਇੰਦਾ । ਗੁਰ ਮਤ ਦੇ ਸਮਝਾਇੰਦਾ । ਆਤਮ ਰੱਖੇ ਧੀਰਜ ਯਤ, ਉਲਟੀ ਮਤ ਨਾ ਕੋਈ ਰਖਾਇੰਦਾ । ਏਕਾ ਸਾਚਾ ਨਾਮ ਨਿਤ ਲੈਣਾ ਰਟ, ਚੋਰਾਂ ਯਾਰਾਂ ਮੇਟ ਮਿਟਾਇੰਦਾ । ਚਰਨ ਪ੍ਰੀਤੀ ਸਚ ਨਤ, ਤੋੜ ਵਿਛੋੜਾ ਜਗਤ ਗਵਾਇੰਦਾ । ਆਤਮ ਬੀਜੇ ਸਾਚੇ ਵਤ, ਸੋਹੰ ਬੀਜ ਧੁਰ ਦਰਗਾਹੋਂ ਆਪ ਲਿਆਇੰਦਾ । ਸ਼ਬਦ ਸਰੂਪੀ ਸਾਚੀ ਵਥ, ਚਰਨ ਪ੍ਰੀਤੀ ਆਪ ਦਵਾਇੰਦਾ । ਆਤਮ ਦੁੱਖੜੇ ਜਾਇਣ ਲਥ, ਜਨ ਸਰਨਾਈ ਆਇੰਦਾ । ਸਰਬ ਘਟਾਂ ਹਰਿ ਸਮਰਥ, ਗੁਰਮੁਖਾਂ ਸਿਰ ਹੱਥ ਟਿਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਗੁਰਮੁਖਾਂ ਸਾਚੇ ਮਾਰਗ ਪਾਇੰਦਾ । ਪ੍ਰਭ ਅਬਿਨਾਸ਼ੀ ਸਚ ਸੰਦੇਸ਼ । ਜੋਤ ਸਰੂਪੀ ਹਰਿ ਪ੍ਰਵੇਸ਼ । ਪ੍ਰਗਟ ਹੋਇਆ ਮਾਝੇ ਦੇਸ । ਨਰ ਨਰਾਇਣ ਨਰ ਨਰੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਗੋਤ, ਆਦਿ ਅੰਤ ਜੁਗਾ ਜੁਗੰਤ, ਆਵੇ ਜਾਵੇ ਨਿਤ ਹਮੇਸ਼ । ਸਾਚੀ ਵੰਡ ਹਰਿ ਕਰੇ ਕਰਾਏ । ਨੌਂ ਖੰਡ ਸੱਤ ਦੀਪ ਪ੍ਰਭ ਸਾਰੇ ਉਪਾਏ । ਆਪੇ ਕਰੇ ਸਾਚੀ ਵੰਡ, ਫਲ ਰਹੇ ਨਾ ਰਾਏ । ਪ੍ਰਭ ਅਬਿਨਾਸ਼ੀ ਜੋਤ ਸਰੂਪ, ਆਪਣਾ ਭੇਵ ਆਪ ਖੁਲ੍ਹਾਏ । ਜੋਤੀ ਜਗੇ ਸਤਿ ਸਰੂਪ, ਸੋਲਵੇਂ ਦਿਨ ਭਾਰਤ ਖੰਡ ਤੇਰੇ ਹਿੱਸੇ ਆਏ । ਪੰਦਰਾਂ ਦਿਨ ਲੰਘਾਏ ਗਿਣ ਗਿਣ, ਸੱਤਾਂ ਦੀਪਾਂ ਨਵਾਂ ਖੰਡਾਂ ਆਪੇ ਆਵੇ ਆਪੇ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਸੋਲਾਂ ਵੰਡਾਂ, ਸੱਤ ਸੱਤ ਫੇਰੇ ਪਾਏ । ਸਾਚੀ ਵੰਡਾ ਆਪ ਕਰਾਈ । ਨੌਂ ਖੰਡ ਸੱਤਾਂ ਦੀਪਾਂ ਆਪ ਕਰੇ ਰੁਸ਼ਨਾਈ । ਕਰੇ ਖੇਲ ਹਰਿ ਵਿਚ ਵਰਭੰਡਾ, ਅਚਰਜ ਬਣਤ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਪੂਰ ਕਰਾਏ, ਪੰਚਮ ਜੇਠ ਦਇਆ ਕਮਾਏ, ਇਕ ਸੌ ਗਿਆਰਾਂ ਦਿਨ ਜੋ ਲਈ ਲਿਖਾਏ । ਇਕ ਸੌ ਗਿਆਰਾਂ ਦਿਨ ਹਰਿ ਲੇਖ ਲਿਖਾਇਆ । ਸੱਤਾਂ ਦੀਪਾਂ ਨੌਂ ਖੰਡ ਪ੍ਰਿਥਮੀ ਚਾਰੋਂ ਕੁੰਟ ਵੇਖ, ਸਾਚਾ ਇਹ ਹੁਕਮ ਸੁਣਾਇਆ । ਅੱਠੇ ਪਹਿਰ ਜੋਤ ਸਰੂਪੀ ਧਾਰੇ ਭੇਖ, ਅੰਦਰ ਬਾਹਰ ਗੁਪਤ ਜਾਹਰ ਕਿਸੇ ਦਿਸ ਨਾ ਆਇਆ । ਮਿਟਾਉਂਦਾ ਫਿਰਦਾ ਕਲਜੁਗ ਤੇਰੀ ਅੰਤਮ ਰੇਖ, ਭਾਰਤ ਖੰਡ ਸੋਲਵਾਂ ਦਿਨ ਤੇਰੇ ਹਿੱਸੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਹੁਕਮ ਸੁਣਾਇਆ । ਸਾਚਾ ਹੁਕਮ ਸੁਣੋ ਰਘੁਰਾਈ । ਦੇ ਮਤ ਰਿਹਾ ਸਮਝਾਈ । ਪੰਚਮ ਜੇਠ ਜੋਤ ਜਗਾਈ । ਖੰਡਾਂ ਦੀਪਾਂ ਕਰੇ ਰੁਸ਼ਨਾਈ । ਭਾਰਤ ਖੰਡ ਵੱਜੀ ਵਧਾਈ । ਪੂਰੀ ਵੰਡ ਆਪ ਕਰਾਈ । ਸੋਲਾਂ ਦਿਨ ਧਾਰ ਬੰਨ੍ਹਾਈ । ਗੁਰ ਸੰਗਤ ਖ਼ੁਸ਼ੀਆਂ ਨਾਲ ਮਨਾਈ । ਚਿੱਟਾ ਬਾਣਾ ਤਨ ਛੁਹਾਉਣਾ, ਸਵਾ ਪਹਿਰ ਨਾ ਗਲੋਂ ਲਾਹੁਣਾ, ਪ੍ਰਭ ਅਬਿਨਾਸ਼ੀ ਰਸਨਾ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵੇਖੇ ਪਰਖੇ ਆਵੇ ਜਾਵੇ ਖੇਲ ਰਚਾਵੇ । ਆਪਣਾ ਭੇਵ ਆਪਣੇ ਹੱਥ ਰਖਾਵੇ । ਬੇਮੁਖ ਬੰਨ੍ਹਣ ਝੂਠੇ ਦਾਅਵੇ । ਗੁਰਮੁਖ ਵਿਰਲਾ ਚਰਨ ਧੂੜ ਮਸਤਕ ਲਾਵੇ । ਆਪ ਬਣਾਏ ਸਾਚੀ ਬਣਤ, ਸਾਚੇ ਧਾਮ ਪੂਰਨ ਰਾਮ ਸਾਚਾ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਹੁਕਮ ਧੁਰ ਫਰਮਾਣ, ਹੋ ਮਿਹਰਵਾਨ ਆਪਣਾ ਆਪ ਸੁਹਾਵੇ । ਸੁਣਨਾ ਹੁਕਮ ਸਹਿਜ ਧੁਨ ਅੰਦਰ । ਤਨ ਸੁਹਾਏ ਸਾਚਾ ਮੰਦਰ । ਚਿੱਟਾ ਬਾਣਾ ਤਨ ਪਹਿਨਾਏ, ਗੁਰਮੁਖ ਸਾਚੇ ਤੇਰਾ ਚਿੱਟਾ ਰੰਗ ਰੰਗਾਏ, ਆਪੇ ਵਸੇ ਤੇਰੀ ਕਾਇਆ ਕੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹਣਾ ਕਿਲਾ ਗੜ੍ਹ ਕਾਇਆ ਮੰਦਰ । ਚਿੱਟਾ ਝੰਡਾ ਚਾੜ੍ਹ ਵਖਾਇਆ, ਆਪੇ ਤੋੜਨ ਆਇਆ ਜਨ ਵੱਜਾ ਹੰਕਾਰੀ ਜੰਦਰ ।

੩੮੧
੦੪

ਉਸ ਅੱਗੇ ਅਰਦਾਸ, ਜੋ ਸੁਣੇ ਪੁਕਾਰੇ । ਸਦ ਵਸੇ ਆਸ ਪਾਸ, ਸਾਚਾ ਗਿਰਧਾਰੇ । ਜਿਸ ਗਾਈਏ ਸਵਾਸ ਸਵਾਸ, ਕਾਰਜ ਸਰਬ ਸਵਾਰੇ । ਜੋ ਹੋਇਆ ਰਹੇ ਦਾਸ, ਤਿਸ ਕਰੀਏ ਚਰਨ ਨਿਮਸਕਾਰੇ । ਜੋ ਵਸੇ ਮਾਤ ਪਤਾਲ ਅਕਾਸ਼, ਹਰਿ ਸਾਚਾ ਕੰਤ ਭਤਾਰੇ । ਨਿਜ ਘਰ ਆਤਮ ਰੱਖੇ ਵਾਸ, ਪ੍ਰਭ ਅਬਿਨਾਸ਼ੀ ਸਾਚਾ ਮੀਤ ਮੁਰਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚਾ ਨਾਉਂ, ਕਲਜੁਗ ਤੇਰੀ ਅੰਤਮ ਵਾਰੇ । ਸੱਚੀ ਸੱਚੀ ਰਾਸ, ਹਰਿ ਅਰਦਾਸ ਹੈ । ਗੁਰਮੁਖਾਂ ਸਵਾਰੇ ਕਾਜ, ਜੋ ਜਨ ਤਜਾਏ ਮਦਿਰਾ ਮਾਸ ਹੈ । ਸ਼ਬਦ ਸਰੂਪੀ ਆਤਮ ਬੈਠਾ ਮਾਰੇ ਸੱਚੀ ਅਵਾਜ, ਘਟ ਘਟ ਰੱਖੇ ਵਾਸ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ ਏਕਾ ਪੁਰਖ ਅਬਿਨਾਸ਼ ਹੈ । ਗੁਰਸਿਖ ਸਾਚੇ ਲਹਿਣਾ ਲੈਣ, ਔਖੀ ਘਾਟੀ ਜਗਤ ਜੰਜ਼ਾਲੇ, ਪ੍ਰਭ ਆਪੇ ਆਪ ਚੜ੍ਹਾਏ । ਸਚ ਪ੍ਰੀਤ ਜਿਸ ਜਨ ਘਾਲੀ, ਕਲਜੁਗ ਏਕਾ ਨਾਉਂ ਸਾਚਾ ਲਏ । ਆਪੇ ਬਣੇ ਸਾਚਾ ਵਾਲੀ, ਡੂੰਘੇ ਵਹਿਣ ਨਾ ਗੁਰਸਿਖ ਵਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਕਹੇ । ਫਤਿਹ ਡੰਕਾ ਏਕਾ ਵੱਜੇ । ਜੋ ਘੜੇ ਸੋ ਪਾਛੇ ਭੱਜੇ । ਨਿਹਕਲੰਕ ਨਰਾਇਣ ਨਰ, ਕਲ ਜੋਤ ਜਗਾਈ, ਗੁਰਮੁਖਾਂ ਰਹੇ ਪਿੱਛੇ ਅੱਗੇ ਸੱਜੇ ਖੱਬੇ । ਰਲ ਮਿਲ ਦਿਓ ਵਧਾਈ, ਅੰਤਮ ਵੇਲੇ ਲਾਜ ਰੱਖੇ । ਰਸਨਾ ਗਾਓ ਚਾਈਂ ਚਾਈਂ, ਲੋਕਮਾਤ ਹਰਿ ਪੜਦੇ ਕੱਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਾਰ ਕੁੰਟ ਸ਼ਬਦ ਨਗਾਰਾ ਏਕਾ ਵੱਜੇ । ਸ਼ਬਦ ਨਗਾਰਾ ਵੱਜੇ ਢੋਲ ਮਰਦੰਗਿਆ । ਸ੍ਰਿਸ਼ਟ ਸਬਾਈ ਪ੍ਰਭ ਅਬਿਨਾਸ਼ੀ ਇਕ ਚੜ੍ਹਾਏ ਰੰਗਿਆ । ਸਾਚੇ ਲੇਖ ਲਿਖਾਈ, ਚਾਰ ਵਰਨ ਇਕ ਕਰਾਈ, ਕੋਈ ਰਹੇ ਨਾ ਭੁੱਖਾ ਨੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚਾ ਨਾਉਂ ਧਿਆਈ, ਮਿਲਿਆ ਵਰ ਹਰਿ ਵਡਾ ਦਾਤਾ ਸੂਰਾ ਸਰਬੰਗਿਆ । ਦੂਸਰ ਥਾਏਂ ਨਾ ਸੀਸ ਝੁਕਾਈ, ਆਤਮ ਵਹਾਈ ਸਾਚਾ ਗੰਗਿਆ । ਸਾਚਾ ਸਰ ਸਰੋਵਰ ਗੁਰਮੁਖ ਸਾਚੇ ਨੁਹਾਈ, ਹੋਵੇ ਸਹਾਈ ਅੰਗ ਸੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਆਤਮ ਬੈਠਾ ਸਦ ਦਰਸ਼ਨ ਪਾਈ, ਮਾਨਸ ਜਨਮ ਨਾ ਹੋਏ ਭੰਗਿਆ ।

## ❈ ੧੧ ਜੇਠ ੨੦੧੧ ਬਿਕ੍ਰਮੀ ਸੁਰਜਨ ਸਿੰਘ ਦੇ ਗ੍ਰਿਹ ਪਿੰਡ ਭੁਚਰ ਜ਼ਿਲਾ ਅੰਮ੍ਰਿਤਸਰ ❈

ਗੁਰਸਿਖ ਸਾਚਾ ਸਚ ਸਰਦਾਰ ਹੈ । ਜਿਸ ਕੀਆ ਕੰਤ ਪਿਆਰ ਹੈ । ਦੇਵੇ ਨਾਮ ਭਗਤ ਵਡਿਆਈ, ਸ਼ਬਦ ਸੱਚੀ ਧਾਰ ਹੈ । ਭਰਮ ਭੁਲੇਖਾ ਦੂਰ ਕਰਾਈ, ਨਾ ਕੋਈ ਰਹੇ ਮਨ ਵਿਚਾਰ ਹੈ । ਆਪ ਮਿਟਾਏ ਪਿਛਲੀ ਛਾਹੀ, ਲੇਖ ਲਿਖਾਏ ਅਪਰ ਅਪਾਰ ਹੈ । ਵੇਲੇ ਅੰਤਮ ਹੋਏ ਸਹਾਈ, ਬੰਧਨ ਬੰਧ ਆਪ ਕਟਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਜ ਪਤ ਪਤ ਲਜ ਆਪਣੇ ਹੱਥ ਰਖਾਈ, ਆਪੇ ਪਾਏ ਸਾਰ ਹੈ । ਆਪੇ ਰੱਖੇ ਆਪੇ ਮਾਰੇ । ਆਪੇ ਡੋਬੇ ਆਪੇ ਤਾਰੇ । ਦਰ ਦਵਾਰ ਸੋਈ ਸੋਭੇ, ਜਿਸ ਜਾਏ ਹਰਿ ਮੁਰਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਛੁਹਾਏ ਸਰ ਸਰੋਵਰ ਆਪ ਬਣਾਏ, ਕਲਜੁਗ ਕਿਰਪਾ ਕਰੇ ਹਰਿ ਗਿਰਧਾਰੇ । ਅਤਿ ਸਿਆਣਪ ਥੋਹੜੀ ਮਤ । ਬੇਮੁਖਾਂ ਪੱਲੇ ਬੱਧੀ ਪਾਪਾਂ ਗੱਠ । ਗੁਰਸਿਖ ਵਿਰਲਾ ਜਾਣੇ ਸੱਚਾ ਜਪ । ਪ੍ਰਭ ਅਬਿਨਾਸ਼ੀ ਆਪ ਵਖਾਣੇ, ਸਰਬ ਜੀਆਂ ਦੀ ਆਤਮ ਜਾਣੇ, ਪ੍ਰਗਟ ਹੋਏ ਜੋਤ ਪ੍ਰਤਖ ।

ਚਰਨ ਲਗਾਏ ਗਰੀਬ ਨਿਮਾਣੇ, ਗੁਰਮੁਖ ਸਾਚੇ ਬਾਲ ਅੰਞਾਣੇ, ਅੰਤਮ ਵੇਲੇ ਲਏ ਰੱਖ । ਬੇਮੁਖ ਹੋਏ ਬੇਮੁਹਾਣੇ । ਅੰਤਮ ਵੇਲੇ ਸਰਬ ਪਛਤਾਣੇ, ਕਲਜੁਗ ਜੀਵ ਅੰਧੇ ਕਾਣੇ, ਨਾ ਕੋਈ ਸੁਹੇਲਾ ਨਾ ਕੋਈ ਸੱਜਣ ਨਾ ਕੋਈ ਸੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਭਾਗ ਲਗਾਏ, ਮੰਦਰ ਮਹੱਲ ਆਪ ਤਜਾਏ, ਬਣੇ ਸਖ । ਕੱਖਾਂ ਕੁੱਲੀ ਗੁਰਮੁਖ ਤੇਰੀ ਆਤਮ ਭਿਖੀ । ਚਰਨ ਪ੍ਰੀਤੀ ਸਾਚੀ ਸਿੱਖੀ, ਉਜਲ ਕਰਾਏ ਮਾਤ ਕੁੱਖੀ । ਝੂਠੀ ਅਗਨ ਜਗਤ ਦੁਖੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਦਾ ਰੱਖੇ ਸੁਖੀ । ਗੁਰਮੁਖ ਸਾਚੇ ਸੰਤ ਦੁਲਾਰੇ । ਦਰ ਘਰ ਸਾਚੇ ਭੋਗ ਲਗਾਏ । ਦਰਗਹਿ ਸਾਚੀ ਮਾਣ ਦਵਾਏ, ਸਾਚੇ ਲੇਖੇ ਆਪ ਚੁਕਾਏ ਕਾਇਆ ਰੱਖੇ ਸੁਖੀ । ਸੁਖੀ ਸੁਖ ਸੁਹੇਲਾ । ਮੀਤ ਰਾਮ ਇਕ ਅਕੇਲਾ । ਘਨਈਆ ਸ਼ਾਮ ਬੇਮੁਖਾਂ ਕਰੇ ਵਕਤ ਦੁਹੇਲਾ । ਕਲਜੁਗ ਡੋਬੇ ਨਈਆ ਰਾਮ, ਜਨ ਭਗਤਾਂ ਕਰਾਏ ਸਾਚਾ ਮੇਲਾ । ਪ੍ਰਗਟ ਜੋਤ ਦਰਸ ਦਿਖਈਆ ਰਾਮ, ਏਕਾ ਵਸੇ ਰੰਗ ਨਵੇਲਾ । ਸਾਚੇ ਰੰਗ ਰੰਗਈਆ ਰਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ ਗੁਣ ਨਿਧਾਨ, ਜਗਤ ਚਲਾਏ ਸਾਚੀ ਨਈਆ ਰਾਮ । ਜਗਤ ਨਈਆ ਜਾਣਾ ਚੜ੍ਹ । ਕਲਜੁਗ ਵਹਿਣ ਨਾ ਜਾਣਾ ਹੜ੍ਹ । ਪਾਪਾਂ ਵਹਿਣ ਆਪ ਰੁੜ੍ਹਾਏ, ਕੋਈ ਨਾ ਸਕੇ ਅੱਗੇ ਅੜ । ਨਿਹਕਲੰਕ ਪ੍ਰਗਟ ਜੋਤ ਦਇਆ ਕਮਾਏ, ਬਾਹੋਂ ਫੜ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ, ਗੁਣ ਨਿਧਾਨ ਜਗਤ ਧਰਾਏ ਸਾਚੀ ਨਈਆ, ਗੁਰਮੁਖ ਸਾਚੇ ਜਾਣੇ ਚੜ੍ਹ । ਸਾਚੀ ਪੌੜੀ ਸਚ ਅਸਥਾਨ । ਜਿਥੇ ਵਸੇ ਹਰਿ ਭਗਵਾਨ । ਨਾ ਕੋਈ ਦਿਸੇ ਹੋਰ ਨਿਸ਼ਾਨ । ਗੁਰਮੁਖਾਂ ਹਰਿ ਆਇਆ ਹਿੱਸੇ, ਪਹਿਲੀ ਵੰਡ ਪੰਚਮ ਜੇਠ ਕਰਾਨ । ਆਪ ਮਿਟਾਏ ਈਸਾ ਮੂਸਾ ਬੇਈਮਾਨ ਸ਼ੈਤਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਚਾ ਤੀਰ ਖਿਚੇ ਰਸਨਾ ਤੀਰ ਕਮਾਨ । ਗੁਰਮੁਖ ਸਾਚੇ ਬਾਲ ਅੰਞਾਣੇ । ਆਪ ਚਲਾਏ ਆਪਣੇ ਭਾਣੇ । ਦਰਗਹਿ ਸਾਚੀ ਮਾਣ ਦਵਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਇਕ ਰਖਾਏ ਚਰਨ ਪਿਆਰੇ । ਆਤਮ ਤਨ ਵੱਜੀ ਵਧਾਈ, ਪ੍ਰਭ ਪੂਰੇ ਦਇਆ ਕਮਾਈ । ਆਤਮ ਦਰ ਵੱਜੀ ਵਧਾਈ, ਮਿਲਿਆ ਮੇਲ ਗੁਰ ਸੰਗਤ ਭਾਈ । ਆਤਮ ਦਰ ਵੱਜੀ ਵਧਾਈ, ਦਰਸ਼ਨ ਦੀਆ ਦਰ ਘਰ ਸਾਚੇ ਮਾਹੀ । ਆਤਮ ਦਰ ਵੱਜੀ ਵਧਾਈ, ਗੁਰਮੁਖ ਗਊ ਗਰੀਬ ਨਿਮਾਣੇ ਜਗਤ ਨਿਤਾਣੇ, ਸਰਬ ਕੱਟਣ ਆਇਆ ਦੁੱਖਾਂ ਫਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਨਾਮ ਨਿਸ਼ਾਨੀ, ਭੁੱਲੇ ਕੋਈ ਨਾਹੀਂ । ਕਲਜੁਗ ਮਾਇਆ ਭਰਮ ਨਾ ਭੁੱਲੇ । ਭਾਗ ਲਗਾਏ ਪ੍ਰਭ ਸਾਚੇ ਕੁੱਲੇ । ਦੇਵੇ ਦਾਤ ਹਰਿ ਸਚ ਵਸਤ ਅਨਮੋਲੇ । ਧੁਰਦਰਗਾਹੀ ਸਚ ਸੁਗਾਤ, ਸਦਾ ਭੰਡਾਰੇ ਖੁੱਲੇ । ਦੁੱਖਾਂ ਮਿਟੇ ਅੰਧੇਰੀ ਰਾਤ, ਸ਼ਬਦ ਸਰੂਪੀ ਪਵਣ ਝੁੱਲੇ । ਏਕਾ ਵੇਖੇ ਮਾਰ ਝਾਤ, ਗੁਰਮੁਖ ਸਾਚੇ ਕਲਜੁਗ ਵੇਲੇ ਅੰਤਮ ਅੰਤ, ਬੈਠਾ ਰਹੇ ਇਕ ਇਕਾਂਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਗ ਲਗਾਏ ਦਇਆ ਕਮਾਏ, ਦਰ ਘਰ ਆਏ ਗੁਰਮੁਖ ਸਾਚਾ ਸਦਾ ਫਲੇ ਫੁਲੇ । ਫਲੇ ਫੁਲੇ ਵਿਚ ਜਹਾਨ । ਪੱਤ ਡਾਲ ਨਾ ਕੋਈ ਹੁੱਲੇ, ਪ੍ਰਭ ਸਾਚਾ ਬੀਜ ਬਿਜਾਨ । ਨਾ ਕੋਈ ਲਾਏ ਮੁੱਲੇ, ਚਰਨ ਪ੍ਰੀਤੀ ਏਕਾ ਮੰਗੇ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਆਪ ਬਣੇ ਬਾਨੀ, ਸ਼ਬਦ ਮਾਰੇ ਤੀਰ ਕਾਨੀ, ਵਾਲੀ ਦੋ ਜਹਾਨ । ਗਊ ਗਰੀਬ ਨਿਮਾਣਿਆਂ, ਪਾਵੇ ਸਾਰ ਬਖ਼ਸ਼ੇ ਚਰਨ ਧਿਆਨਿਆ । ਹੋਏ ਸਹਾਰਾ ਦੇਵੇ ਦੁਧ ਮਧਾਨਿਆ । ਅੰਤ ਨਾ ਪਾਰਾਵਾਰਾ, ਤੋਟ ਨਾ ਆਵੇ ਦਾਨਿਆਂ । ਪ੍ਰਭ ਭਰੇ

੩੮੩
੦੪

ਪੂਰਾ ਭੰਡਾਰਾ, ਦੇਵੇ ਵਸਤ ਬਿਰਧ ਬਾਲ ਅੰਞਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇੜਾ ਬੰਨੇ ਲਾਏ, ਆਪੇ ਬਣੇ ਵੰਞ ਮੁਹਾਣਿਆ । ਖ਼ਿਮਾ ਗ਼ਰੀਬੀ ਚਾਕਰੀ, ਪ੍ਰਭ ਸਾਚੇ ਭਾਏ । ਨਿੰਦਕ ਦੁਸ਼ਟ ਸਾਕਤੀ, ਪ੍ਰਭ ਦਰ ਦੁਰਕਾਰੇ । ਗੁਰਮੁਖ ਵਿਰਲਾ ਪਾਕੀ ਪਾਕਤੀ, ਹਰਿ ਸਾਚਾ ਰਸਨਾ ਗਾਏ । ਕਲਜੁਗ ਸੋਈ ਆਤਮ ਜਾਗਤੀ, ਹਰਿ ਜੋਤੀ ਦੀਪਕ ਆਪ ਜਗਾਏ । ਸ੍ਰਿਸ਼ਟ ਸਬਾਈ ਦਰ ਦਰ ਭਾਗਤੀ, ਦਰ ਘਰ ਸਾਚੇ ਰਹਿਣ ਨਾ ਪਾਏ । ਗੁਰਮੁਖ ਆਤਮ ਏਕਾ ਵਰ ਸਾਚਾ ਮਾਂਗਤੀ, ਦੇ ਦਰਸ ਹਰਿ ਰਘੁਰਾਏ । ਮਿਲਿਆ ਮੇਲ ਅਲਖਣਾ ਲਾਖਤੀ, ਦਰ ਘਰ ਆਏ ਚਰਨ ਛੁਹਾਏ । ਪ੍ਰਭ ਸਾਚੇ ਭਾਵਤੀ, ਸਿੱਧਾ ਰਾਹ ਇਕ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਰ, ਅਠਾਰਾਂ ਸਿਧਾਂ ਨੌਂ ਨਿਧਾਂ ਆਪੇ ਵਸ ਕਰਾਏ । ਕਟੇ ਭੁੱਖ ਦਲਿਦ੍ਰ, ਉਪਜੇ ਸੁਖ ਘਰ ਭਰਪੂਰ । ਸੁੱਕਾ ਹਰਿਆ ਹੋਵੇ ਰੁਖ, ਵੇਲਾ ਨੇੜੇ ਨਾ ਜਾਣੋ ਦੂਰ । ਝੂਠੇ ਧੂੰਏ ਜੋ ਰਹੇ ਧੁਖ, ਪ੍ਰਭ ਵਿਚੋਂ ਕੱਢੇ ਗਰੂਰ । ਉਜਲ ਕਰਾਏ ਪ੍ਰਭ ਸਾਚਾ ਮੁਖ, ਨੇਤਰ ਨੈਣ ਮਸਤਕ ਦੇਵੇ ਸਾਚਾ ਨੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤੀ ਜੁਗਾ ਜੁਗੰਤੀ ਵਡ ਦਾਤਾ ਵਡ ਸੂਰ । ਵਡ ਸੂਰਾ ਵਰਿਆਮ ਹਰਿ, ਗੁਰਮੁਖਾਂ ਹਰਿਆ ਕਰਾਏ ਚਾਮ ਦਰ ਕੋਈ ਨਾ ਮੰਗੇ ਦਾਮ, ਹਰਿ ਪੂਰਨ ਸਾਚੀ ਆਸ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਦੇਵੇ ਗੁਰਮੁਖਾਂ ਸੁਖਾਲੇ ਸਵਾਸ ਕਰ । ਜੋਤ ਸਰੂਪੀ ਜਾਮਾ ਧਾਰੇ, ਅਚਰਜ ਖੇਲ ਵਰਤਾਵਣਿਓ । ਵੇਖ ਵਿਚਾਰੇ ਕਿਰਪਾ ਧਾਰੇ, ਬਾਸ਼ਕ ਪਕੜ ਲਿਆਵਣਿਓ । ਮੰਦਰਾਚਲ ਕਿੱਲੀ ਗੇੜਾ ਵਿਚ ਆਪ ਰਖਾਵਣਿਓ । ਸਚ ਸਵਾਣੀ ਸਾਚੇ ਪੀਹੜੇ ਬਹਿ ਕੇ ਨੇਤਰਾ ਚਾਰੋਂ ਤਰਫ ਪਾਵਣਿਓ । ਦੋਹਾਂ ਮੁਠਾਂ ਹਰਿ ਲਿਆ ਫੜ, ਸੱਜਾ ਖੱਬਾ ਖੱਬਾ ਸੱਜਾ ਵਾਹ ਵਾਹ ਫੇਰ ਚਲਾਵਣਿਓ । ਸੱਤ ਸਮੁੰਦਰ ਵੇਖੇ ਚੜ੍ਹ, ਕਿਰਪਾ ਨਿਧ ਡੂੰਘੇ ਵਹਿਣ ਬੰਨ੍ਹ ਲਗਾਵਣਿਓ । ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਆਪਣਾ ਆਪ ਵਰਤਾਵਣਿਓ । ਨੇਤਰਾ ਚਲੇ ਅਪਰ ਅਪਾਰ । ਮੰਦਰਾਚਲ ਖੜਾ ਵਿਚਕਾਰ । ਸੱਤ ਸਮੁੰਦਰ ਹਰਿ ਜੀ ਰਿੜਕੇ, ਸਾਚਾ ਮੱਖਣ ਲਏ ਨਿਕਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਅਵੱਲੜੀ ਚਲੇ ਚਾਲ । ਸਾਚੇ ਮੋਤੀ ਬਾਹਰ ਵਰੋਲੇ । ਸਾਗਰ ਸਿੰਧਾਂ ਪਾਣੀ ਖੌਲੇ । ਨਾ ਕੋਈ ਮਾਤਾ ਨਾ ਕੋਈ ਪਿਤਾ, ਨਾ ਕੋਈ ਧਰਾਈ ਬਿੰਦਾ, ਕਰੇ ਖੇਲ ਪੜਦੇ ਉਹਲੇ । ਜੋਤ ਸਰੂਪੀ ਹਰਿ ਮਰਗਿੰਦਾ, ਆਪਣਾ ਭਾਣਾ ਆਪ ਕਰਾਈ ਆਪ ਬਣਾਏ ਚਰਨ ਗੋਲੇ । ਲਛਮੀ ਤਨ ਸ਼ਿੰਗਾਰ ਸੋਲਾਂ ਪਹਿਨੇ, ਬਾਹਰ ਆਈ ਮੁਖੋਂ ਬੋਲੇ । ਜੋਤੀ ਜੋਤ ਸਰੂਪ ਹਰਿ, ਆਪ ਬਹਾਏ ਆਪਣੇ ਸਾਚੇ ਡੋਲੇ, ਸਾਚਾ ਰਤਨ ਹੋਇਆ ਜਾਹਰ । ਲਛਮੀ ਨਿਕਲੀ ਸਮੁੰਦਰ ਬਾਹਰ । ਸੋਲਾਂ ਪਹਿਨੇ ਤਨ ਸ਼ਿੰਗਾਰ । ਹੱਥ ਕਵਲ ਲਾਲ ਗੁਲਾਲੜਾ ਖਿੜੀ ਸੱਚੀ ਗੁਲਜ਼ਾਰ । ਗੁਰ ਚਰਨ ਪ੍ਰੀਤੀ ਸਾਚਾ ਰਹਿਣ ਸਾਚਾ ਸਹਿਣ, ਦਰਸ ਨੈਣ ਮੁਧਾਰੇ । ਲਛਮੀ ਵਸੇ ਘਰ ਨਰ ਨਰਾਇਣ, ਜੋਤੀ ਜੋਤ ਸਰੂਪ ਹਰਿ, ਆਪ ਕਰਾਏ ਇਕ ਸਹਾਰੇ । ਲਛਮੀ ਆਈ ਸਚ ਦਰਬਾਰੇ । ਏਕਾ ਵੇਖੇ ਹਰਿ ਭਤਾਰੇ । ਸੁਲੱਖਣੀ ਸਾਚੀ ਨਾਰ, ਦੋਏ ਜੋੜ ਕਰੇ ਚਰਨ ਨਿਮਸਕਾਰੇ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਚਰਨ ਪ੍ਰੀਤੀ ਦੇ ਦੇ ਵਰ, ਮੈਂ ਰਹਾਂ ਦਰ ਭਿਖਾਰੇ । ਜੋਤੀ ਜੋਤ ਸਰੂਪ ਹਰਿ, ਆਪ ਵਖਾਇਆ ਸਾਚਾ ਘਰ ਜਿਥੇ ਵਸਿਆ ਹਰਿ ਕਰਤਾਰੇ । ਪੂਰਨ ਕਿਰਪਾ ਹਰਿ ਕਰਾਈ । ਸਾਚੀ ਸੇਵਾ ਚਰਨ ਲਾਈ । ਦੂਸਰ ਕੋਈ ਨਾ ਵੇਖ ਵਖਾਈ । ਏਕਾ ਏਕ ਹਰਿ ਜਗਦੀਸ਼ਰ, ਆਤਮ ਲਿਵ ਸਚ ਟਿਕਾਈ । ਜੋਤੀ ਜੋਤ ਸਰੂਪ

੩੮੪
੦੪

੩੮੫
੦੪

ਹਰਿ, ਸਾਚੀ ਬਖ਼ਸ਼ੀ ਸੇਵਾ ਚਰਨ ਝਸਣ ਲਾਈ । ਚਰਨ ਝਸੇ ਕਰ ਪਿਆਰ । ਖਿੜ ਖਿੜ ਹੱਸੇ ਹਰਿ ਦਵਾਰ । ਨੈਣ ਅਣਿਯਾਲੇ ਤੀਰ ਕਸੇ, ਆਪਣੀਆਂ ਭੁਜਾਂ ਪਸਾਰ । ਪ੍ਰਭ ਅਬਿਨਾਸ਼ੀ ਨਾ ਆਏ ਵਸੇ, ਨਾ ਸੁੱਤਾ ਪੈਰ ਪਸਾਰ । ਏਕਾ ਰਾਹ ਹਰਿ ਜੀ ਸਾਚਾ ਦੱਸੇ, ਆਲਸ ਨਿੰਦਰਾ ਨਹੀਂ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਰਹੇ ਦਾਤਾਰ । ਵਧਿਆ ਮਾਣ ਹੋਇਆ ਹੰਕਾਰ । ਲੱਛਮੀ ਆਤਮ ਕਰੇ ਵਿਚਾਰ । ਚਰਨ ਝਸਾਂ ਹਿਰਦੇ ਵਸਾਂ, ਸੇਵਾ ਕਰ ਅਪਰ ਅਪਾਰ । ਹੌਲੀ ਹੌਲੀ ਤਲੀਆਂ ਮਸਾਂ, ਨਾ ਪਾਵਾਂ ਡਾਹਢਾ ਭਾਰ । ਨੈਣ ਨਿਰਾਲੇ ਤੀਰ ਕਸਾਂ, ਮਾਰਾਂ ਖਿੱਚ ਸੱਚੀ ਸਰਕਾਰ । ਸਚ ਪ੍ਰੀਤਮ ਸਦ ਹਿਰਦੇ ਵਸਾਂ, ਨਾ ਹੋਵਾਂ ਕਦੀ ਬਾਹਰ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਰਿਹਾ ਕਰ । ਕੋਈ ਨਾ ਜਾਣੇ ਪ੍ਰਭ ਕੀ ਸਾਰ । ਚਰਨ ਝਸੇ ਖ਼ੁਸ਼ੀ ਮਨਾਏ । ਹਿਰਦੇ ਵਸੇ ਪ੍ਰਭ ਅਬਿਨਾਸ਼ੀ, ਸੁਖ ਆਸਣ ਗੂੜ੍ਹੀ ਨੀਂਦ ਸਵਾਏ । ਪ੍ਰੇਮ ਕਟਾਰੀ ਸਾਚੀ ਕਸੇ, ਝੂਠੇ ਪੜਦੇ ਲਾਹੇ । ਜੋਤੀ ਜੋਤ ਸਰੂਪ ਹਰਿ, ਏਕਾ ਬਚਨ ਸਾਚਾ ਦੱਸੇ, ਨਾ ਭੁੱਲੇ ਨਾ ਕੋਈ ਭੁਲਾਏ । ਹਰਿ ਜੀ ਸਾਚੇ ਹੁਕਮ ਸੁਣਾਇਆ । ਆਲਸ ਨਿੰਦਰਾ ਨਾ ਮੋਹੇ ਭਾਇਆ । ਦਰ ਘਰ ਸਾਚੇ ਕਦੇ ਨਾ ਵੱਜੇ ਜੰਦਰਾ, ਅੱਠੇ ਪਹਿਰ ਹਰਿ ਖੁਲ੍ਹਾਇਆ । ਭੇਵ ਨਾ ਜਾਣੇ ਕੋਈ ਸੁਰਪਤ ਰਾਜੇ ਇੰਦਰਾ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਦਏ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਭੇਵ ਅਭੇਦਾ ਅਛਲ ਅਛਲਾ ਵਲ ਛਲ ਕਰ ਆਪ ਭੁਲਾਇਆ । ਸਾਚਾ ਕੀਆ ਤਨ ਸ਼ਿੰਗਾਰ ਹੈ । ਮੋਹਣੀ ਰੂਪ ਹਰਿ ਅਪਾਰ ਹੈ । ਸੁਰ ਅਸੁਰ ਦੋਵੇਂ ਖੜ੍ਹੇ ਹਰਿ ਦਵਾਰ ਹੈ । ਧੁਰਦਰਗਾਹੀ ਆਇਆ ਤੁਰ, ਜਨ ਭਗਤਾਂ ਵੰਡੇ ਭਾਰ ਹੈ । ਜੋਤੀ ਜੋਤ ਸਰੂਪ ਹਰਿ, ਦੇਵੇ ਸ਼ਬਦ ਅਧਾਰ ਹੈ । ਫੂਲਨ ਮਾਲਾ ਸੀਸ ਗੁੰਦਾਇਆ । ਚੁਣ ਚੁਣ ਕਲੀਆਂ ਹਾਰ ਬਣਾਇਆ । ਸੋਹਣੀ ਮਾਲਣ ਹੱਥ ਲਗਾਇਆ । ਬਣੇ ਸਾਚੀ ਨਿਤ ਦਲਾਲਣ, ਸੁਹਾਗੀ ਕੰਤ ਜਿਸ ਵਖਾਇਆ । ਜਗਤ ਚਲੇ ਚਾਲ ਨਿਰਾਲਨ, ਰੰਗ ਰੰਗੀਲੇ ਸਾਚੇ ਮਾਧਵ, ਆਪਣਾ ਭੇਸ ਵਟਾਇਆ । ਜਗੀ ਜੋਤ ਇਕ ਅਕਾਲਣ, ਸ੍ਰਿਸ਼ਟ ਸਬਾਈ ਬਣੇ ਪਾਲਣ, ਫਤਿਹ ਡੰਕ ਵਜਾਇਆ । ਗੁਰਮੁਖਾਂ ਉਠ ਉਠ ਜਾਏ ਭਾਲਣ, ਬਣੀ ਰਹੇ ਸਦਾ ਰਖਵਾਲਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚੀ ਕਾਰੇ ਲਾਇਆ । ਤਨ ਮਨ ਸੋਹਣਾ ਆਪ ਸ਼ਿੰਗਾਰਿਆ । ਆਪਣਾ ਆਪਾ ਉਤੋਂ ਵਾਰਿਆ । ਕਲਜੁਗ ਤੇਰਾ ਵਧਿਆ ਪਾਪਾ, ਅੰਮ੍ਰਿਤ ਆਤਮ ਦੇਵੇ ਠੰਡੀ ਧਾਰਿਆ । ਆਪੇ ਪਿਤਾ ਆਪੇ ਮਾਤਾ, ਭੈਣ ਭਾਈ ਨਾ ਪੂਤ ਕੋਈ ਰਖਾ ਰਿਹਾ । ਨਾ ਕੋਈ ਪੁੱਛੇ ਜਾਤਾਂ ਪਾਤਾਂ, ਊਚ ਨੀਚ ਰਾਓ ਰੰਕ ਏਕਾ ਧਾਮ ਵਸਾ ਰਿਹਾ । ਕਲਜੁਗ ਤੇਰਾ ਵੰਡਣ ਆਇਆ ਅੰਤਮ ਖਾਤਾ । ਸੋਹਣੀ ਵੰਡ ਕਰਾ ਰਿਹਾ । ਮਿਟਦੀ ਜਾਏ ਰੈਣ ਅੰਧੇਰੀ ਰਾਤਾ, ਅੰਧ ਅੰਧੇਰ ਦੂਰ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਪੜਦੇ ਖੋਲ੍ਹ, ਵਿਚੋਂ ਹਰਿ ਜੀ ਬੋਲ, ਆਪਣਾ ਭੇਵ ਚੁਕਾ ਰਿਹਾ । ਸ਼ਬਦ ਸਾਚੇ ਤਨ ਸ਼ਿੰਗਾਰੇ । ਗਲ ਪਾਏ ਸਾਚੇ ਹਾਰੇ । ਗੁਰਮੁਖ ਸਾਚੇ ਸੰਤ ਪਿਆਰੇ । ਕੰਧੇ ਲਟਕਣ ਗੁਰਮੁਖ ਸਾਚੇ ਸੰਤ ਪਿਆਰੇ । ਪ੍ਰਗਟ ਜੋਤ ਵਿਚ ਮਾਤ ਉਠਾਏ ਆਪ ਸਾਰਾ ਭਾਰੇ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪੀ ਜਾਮਾ ਧਰ, ਸੋਲਾਂ ਸ਼ਿੰਗਾਰੀ ਵੇਸ ਕਰ, ਗੁਰਮੁਖਾਂ ਆਇਆ ਚਲ ਦਵਾਰੇ । ਨਾਲ ਸ਼ਬਦ ਕੰਘੀ ਪੱਟੀ । ਸਾਚਾ ਨਾਮ ਸਾਚੀ ਹੱਟੀ । ਕਾਇਆ ਮਾਟੀ ਜੋਤ ਲਟੀ । ਜੋਤੀ ਜੋਤ ਸਰੂਪ ਹਰਿ, ਸੋਹਣਾ ਕੀਆ ਤਨ ਸ਼ਿੰਗਾਰ, ਸ੍ਰਿਸ਼ਟ ਸਬਾਈ ਸਾਰੀ ਫਟੀ । ਪ੍ਰਭ ਸਾਚਾ ਪਹਿਨੇ ਚੀਰੇ । ਹੱਥੀਂ ਲਟਕਣ

ਪ੍ਰਭ ਅਬਿਨਾਸ਼ੀ ਸਚ ਕਲੀਰੇ । ਆਪਣੇ ਭਾਣੇ ਆਪ ਚਲਾਏ, ਨਾਲ ਚਲਦਾ ਜਾਏ ਧੀਰੇ ਧੀਰੇ । ਗੁਰਮੁਖ ਸਾਚੇ ਫੜ ਫੜ ਬਾਹੋਂ ਨਾਲ ਰਲਾਏ, ਆਪ ਬਣਾਏ ਇਕ ਦੂਜੇ ਦੇ ਸਾਚੇ ਵੀਰੇ । ਕਟਦਾ ਜਾਏ ਜਮ ਕੇ ਫਾਹੇ, ਦਰਗਹਿ ਸਾਚੀ ਮਾਣ ਦਵਾਏ, ਆਪ ਪਿਆਏ ਅੰਮ੍ਰਿਤ ਸਾਚਾ ਸੀਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹਣਾ ਤਨ ਸ਼ਿੰਗਾਰ ਕਰ, ਕਲਜੁਗ ਤੇਰਾ ਅੰਤ ਵਿਹਾਰ ਕਰ, ਕਰੇ ਖੇਲ ਵਡ ਗੁਣੀ ਗਹੀਰੇ । ਹੱਥੀਂ ਪਾਏ ਛਾਪਾਂ ਛੱਲੇ । ਕਲਜੁਗ ਤੇਰੀ ਸਾਇਆ ਢਲੇ । ਗੁਰਮੁਖ ਸਾਚਾ ਪ੍ਰਭ ਅਬਿਨਾਸ਼ੀ ਤੇਰੀ ਛਤਰ ਛਾਇਆ ਹੇਠ ਪਲੇ । ਸਾਚੇ ਰੰਗ ਆਪ ਵਸਾਇਆ, ਆਪ ਵਸਾਏ ਸਚ ਮਹੱਲੇ । ਫੜ ਫੜ ਬਾਹੋਂ ਚਰਨ ਲਗਾਇਆ, ਸੋਹਣਾ ਸੱਚਾ ਬਾਗ਼ ਲਗਾਇਆ, ਧਰਤ ਮਾਤ ਹਰਿ ਆਪ ਉਪਜਾਇਆ, ਜਿਉਂ ਹੁਕਮ ਸੁਣਾਇਆ ਡੱਲੇ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਆਪਣੇ ਘਰ, ਮਾਤਲੋਕ ਚਲੇ ਚਾਲ ਅਵੱਲੇ । ਉਠ ਡੱਲੇ ਵੇਖ ਵਿਚਾਰ । ਉਚੇ ਟਿੱਲੇ ਖਿੜੀ ਗੁਲਜ਼ਾਰ । ਨਾ ਕੋਈ ਜਾਣੇ ਬਣ ਕਰੀਰ ਝਾੜ । ਨਾ ਕੋਈ ਵੇਖੇ ਜੰਗਲ ਜੂਹ ਉਜਾੜ ਪਹਾੜ । ਸਾਚੀ ਦਇਆ ਹਰਿ ਕਮਾਏ, ਗੁਰ ਗੋਬਿੰਦ ਇਹ ਬਚਨ ਲਿਖਾਏ, ਸੋਹਣੀ ਖਿੜੀ ਜਗਤ ਗੁਲਜ਼ਾਰ । ਡੱਲਾ ਕਰ ਨਿਮਸਕਾਰ । ਅੱਗੋਂ ਕਹੇ ਹਰਿ ਦਾਤਾਰ । ਬਾਲੂ ਰੇਤ ਏਥੇ ਉਡੇ, ਵਗੇ ਅੰਧੇਰ ਅੰਧ ਅੰਧਿਆਰ । ਜੋਤੀ ਜੋਤ ਸਰੂਪ ਹਰਿ, ਸਾਚਾ ਹੁਕਮ ਫੇਰ ਸੁਣਾਵੇ, ਦਇਆ ਕਮਾਏ, ਨਿਹਕਲੰਕ ਕਲ ਜਾਮਾ ਪਾਵੇ, ਗੁਰਮੁਖ ਸਾਚੇ ਸੰਤ ਜਨਾਂ ਖਿੜੀ ਸੱਚੀ ਗੁਲਜ਼ਾਰ ।


੩੮੬
੦੪

### ❇ ੧੩ ਜੇਠ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹਿ ਪਿੰਡ ਬੁੱਘੇ ਜ਼ਿਲਾ ਅੰਮ੍ਰਿਤਸਰ ❇

ਦਰ ਘਰ ਸਾਚੇ ਮੰਗਲ ਗਾਇਆ । ਗੁਰਮੁਖ ਸਾਚੀ ਨਾਰੀ, ਜਗਤ ਜੰਜ਼ਾਲਾ, ਆਤਮ ਕੰਗਾਲਾ, ਸੰਗਲ ਤਨ ਕਟਾਇਆ । ਚਰਨ ਪ੍ਰੀਤੀ ਕਲ ਭਾਰੀ, ਤਨ ਮਨ ਸਾਚਾ ਸਾਚੇ ਰੰਗਣ ਨਾਮ ਰੰਗਾਇਆ । ਭਾਗ ਲਗਾਇਆ ਕਾਇਆ ਮਹੱਲ ਸਚ ਮੁਨਾਰੀ, ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਸਾਚੇ ਹਰਿ ਸੋਹੰ ਸ਼ਬਦ ਮੁਖ ਸਾਚਾ ਸਗਨ ਲਗਾਇਆ । ਜੋਤ ਮਿਲਿਆ ਹਰਿ ਨਿਰੰਕਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਜਾਏ ਸਦ ਬਲਿਹਾਰੀ । ਹਰਿ ਘਰ ਮੰਗਲ ਵੱਜੀ ਵਧਾਈ । ਗੁਰ ਸੰਗਤ ਸਚ ਸੁਨੇਹੜਾ ਪ੍ਰਭ ਅਬਿਨਾਸ਼ੀ ਰਿਹਾ ਘਲਾਈ । ਆਪ ਕਟਾਏ ਜਮ ਕਾ ਜੇੜਾ, ਦੁੱਖ ਲੱਗੇ ਨਾ ਕਾਈ । ਇਕ ਵਸਾਏ ਕਾਇਆ ਨਗਰ ਖੇੜਾ, ਸਚ ਸਮਗਰੀ ਹਰਿ ਤਨ ਲਗਾਈ । ਅੰਮ੍ਰਿਤ ਫਲ ਲੱਗੇ ਸੋਹੰ ਸ਼ਬਦ ਸਾਚਾ ਮੇਵੜਾ, ਏਥੇ ਓਥੇ ਦੋ ਜਹਾਨੀ, ਗੁਰਮੁਖ ਸਾਚੇ ਬਹਿ ਬਹਿ ਖਾਈ । ਧੰਨ ਧੰਨ ਕਮਾਈ, ਗੁਰਸਿਖਾਂ ਦਰ ਸਾਚੇ ਕੀਨੀ ਸੇਵਾ, ਦੇਵੇ ਮਾਣ ਦਰ ਘਰ ਸਾਚੇ ਥਾਈਂ । ਗੁਰ ਗੋਬਿੰਦ ਹਰਿ ਸਾਚਾ ਗਾਇਆ ਸਾਚਾ ਜੀਵੜਾ, ਸਾਚੇ ਕੰਤ ਭਤਾਰਾ ਮੇਲ ਮਿਲਾਈ । ਪ੍ਰਗਟ ਹੋਏ ਵਡ ਦੇਵੀ ਦੇਵਾ, ਆਤਮ ਤ੍ਰਿਸ਼ਨਾ ਪੂਰ ਕਰਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਪ੍ਰਗਟ ਦੇਵੇ ਵਡਿਆਈ । ਦਰ ਘਰ ਸਾਚੇ ਹਰਿ ਮਾਣ ਰੱਖਣਾ । ਪ੍ਰਭ ਅਬਿਨਾਸ਼ੀ ਗੁਰਮੁਖ ਸਾਚਾ ਸਦ ਹਿਰਦੇ ਵਸੇ, ਸਾਚਾ ਸ਼ਬਦ ਸੁਣਾਏ ਕੰਨਾਂ । ਸ਼ਬਦ ਸੁਣਾਏ ਹਰਿ ਸਾਚੋ ਸਾਚੇ, ਗੁਰਮੁਖਾਂ ਬੇਮੁਖ ਦੋਹਾਂ ਧਿਰਾਂ ਦੇ ਵਿਚ ਰਖਾਇਆ ਬੰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਗੁਰਮੁਖ ਵਿਰਲਾ ਜਾਣ ਪਛਾਣੇ, ਆਤਮ ਰਲੀਆਂ ਸੁਖ ਸਾਚਾ ਮਾਣੇ, ਬੇਮੁਖ ਕਲਜੁਗ ਜੀਵ ਆਤਮ ਅੰਨ੍ਹਾ । ਸਚ ਸਮਗਰੀ ਸਾਚੀ ਰਾਸ । ਕਾਇਆ ਗਗਰੀ ਕਵਲ ਪ੍ਰਕਾਸ਼ । ਚਰਨ ਪ੍ਰੀਤੀ ਸਾਚੀ ਲਗਰੀ, ਹਰਿ ਹਰਿ ਜੀ ਭਏ ਦਾਸ । ਗੁਰਮੁਖਾਂ ਸਦ ਵਸੇ ਕਾਇਆ ਨਗਰੀ, ਸੋਹੰ ਚਲਾਏ ਸਵਾਸ ਸਵਾਸ । ਏਕਾ ਓਟ ਪ੍ਰਭ ਸਾਚੇ ਪਕੜੀ, ਲੱਖ ਚੁਰਾਸੀ ਹੋਏ ਨਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਬਲੋਏ ਕਰੇ ਪ੍ਰਕਾਸ਼, ਘਟ ਘਟ ਵਾਸ ਮਾਤ ਪਤਾਲ ਅਕਾਸ਼ । ਗੁਰ ਪੂਰਾ ਦਇਆ ਕਮਾਏ । ਗੁਰਮੁਖ ਸਾਚੇ ਸੰਤ ਜਨਾਂ ਸਾਚੇ ਮਾਰਗ ਲਾਏ । ਸਾਚਾ ਦੇਵੇ ਨਾਮ ਧਨਾ, ਤੋਟ ਰਹੇ ਨਾ ਰਾਏ । ਸਾਚੀ ਜੋਤ ਜਗਾਏ ਧੰਨ ਧੰਨਾ, ਅਗਿਆਨ ਅੰਧੇਰ ਮਿਟਾਏ । ਧੰਨ ਕਮਾਈ ਗੁਰਮੁਖਾਂ ਜਿਨ੍ਹਾਂ ਮਨ ਮੰਨਾ, ਭਰਮ ਭੁਲੇਖਾ ਦੂਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚਾ ਹਰਿ, ਗੁਰ ਸੰਗਤ ਵਿਦਾ ਕਰਾਏ । ਗੁਰ ਸੰਗਤ ਹਰਿ ਵਿਦਾ ਕਰਾਏ । ਸਿੱਧਾ ਰਾਹ ਇਕ ਵਖਾਏ । ਨੌਂ ਨਿਧਾਂ ਵਸ ਕਰਾਏ । ਅਠਾਰਾਂ ਸਿਧਾਂ ਚਰਨਾਂ ਹੇਠ ਝਸਾਏ । ਤਨ ਮਨ ਗੁਰਮੁਖਾਂ ਵਿੱਧਾ, ਸੋਹੰ ਸ਼ਬਦ ਤੀਰ ਚਲਾਏ । ਆਪ ਬਣਾਈ ਸਾਚੀ ਬਿਧਾ, ਸ਼ਬਦ ਸਰੂਪੀ ਅਵਾਜ਼ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਪ੍ਰਗਟ ਜੋਤ ਦਰਸ ਦਿਖਾਏ । ਸਾਚੀ ਖ਼ੁਸ਼ੀ ਹਰਿ ਘਰ ਮਨਾਈ । ਕਲਜੁਗ ਮਾਇਆ ਅਗਨ ਤਨੋ ਜਲਾਈ । ਗੁਰਸਿਖ ਨਾ ਹੋਏ ਨਗਨ, ਸ਼ਬਦ ਬਸਤਰ ਹਰਿ ਤਨ ਪਹਿਨਾਈ । ਅੱਠੇ ਪਹਿਰ ਰਹੇ ਮਗਨ, ਹਰਿ ਰਸ ਰਸਨਾ ਸਦ ਧਿਆਈ । ਆਤਮ ਦੀਪਕ ਸਾਚੇ ਜਗਣ, ਹੋਈ ਰਹੇ ਰੁਸ਼ਨਾਈ । ਮੇਲ ਮਿਲਾਵਾ ਉਪਰ ਗਗਨ, ਲੋਆਂ ਪੁਰੀਆਂ ਚਰਨ ਹੇਠ ਛੁਹਾਈ । ਚਾੜ੍ਹੇ ਸਾਚੀ ਨਾਮ ਰੰਗਣ, ਰੰਗ ਮਜੀਠ ਉਤਰ ਨਾ ਜਾਈ । ਬੇਮੁਖ ਜੀਵ ਕਲਜੁਗ ਮਾਇਆ ਦੇ ਵਿਚ ਦਗਣ, ਠੰਡੇ ਠਾਰ ਨਾ ਕੋਈ ਕਰਾਈ । ਗੁਰਮੁਖ ਸਾਚੇ ਸਾਚੀ ਲਾਈ ਏਕਾ ਲਗਨ, ਪੁਰਖ ਪੁਰਖੋਤਮ ਤੇਰੀ ਸਰਨਾਈ । ਦੂਜਾ ਦਰ ਨਾ ਜਾਏ ਮੰਗਣ, ਸਿਰ ਰੱਖੇ ਹੱਥ ਰਘੁਰਾਈ । ਮਾਨਸ ਜਨਮ ਨਾ ਹੋਏ ਭੰਗਣ, ਜੋ ਜਨ ਆਏ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਏ ਸੰਤ ਜਨ ਦਰਸ ਧਿਆਨੇ ਨਾਮ ਭਿੱਛਿਆ ਝੋਲੀ ਪਾਏ ਦਾਨ, ਗੁਰ ਸੰਗਤ ਵਿਦਾ ਕਰਾਈ । ਨਾਮ ਨਾਮ ਨਾਮ, ਹਰਿ ਜਪਣਾ । ਕਾਮ ਕਾਮ ਕਾਮ, ਜਗ ਕਰ ਆਪਣਾ । ਦਾਮ ਦਾਮ ਦਾਮ, ਸੱਚਾ ਨਾਉਂ ਆਦਿ ਜੁਗਾਦੀ ਸਦ ਸਤਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਾਚਾ ਜਾਮ ਪਿਆਏ, ਸ਼ਬਦ ਬਸਤਰ ਤਨ ਪਹਿਨਾਏ, ਕਲਜੁਗ ਮਾਇਆ ਵਿਚ ਨਾ ਤਪਣਾ । ਜਪ ਜਵਾਲਾ ਜੋਤ ਅਗਨ ਲਾਟ ਹੈ । ਕਾਇਆ ਨਗਰ ਨਾ ਰਿਹਾ ਕੋਟ, ਏਕਾ ਦਿਸੇ ਸਾਚਾ ਘਾਟ ਹੈ । ਖੇਲ ਕੀਆ ਜੋ ਸੋਲਾਂ ਮਘਰ , ਸਿੰਘ ਸਿੰਘਾਸਣ ਗਿਆ ਪਾਟ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦੇਵੀ ਦੇਵਾ ਅੰਤਮ ਅੰਤ ਕਰਾਈ ਨੇੜੇ ਵਾਟ ਹੈ । ਪੁਰੀ ਇੰਦਰ ਇੰਦ ਇੰਦਰਾਇਣ, ਰਸਨਾ ਗਾਇਣ ਗੁਣੀ ਗਹਿੰਦ । ਦਰਸਣ ਪੇਖਣ ਕਵਲ ਨੈਣ, ਨਰ ਹਰਿ ਸਦਾ ਬਖ਼ਸ਼ਿੰਦ । ਛੋਟੇ ਬਾਲੇ ਆਪ ਸਮਝਾਇਣ, ਪ੍ਰਗਟ ਹੋਇਆ ਹਰਿ ਵਿਚ ਹਿੰਦ । ਪਾਵੇ ਸਾਰ ਲੋਆਂ ਪੁਰੀਆਂ ਕਰ ਅਕਾਰ, ਗੁਰਮੁਖ ਸਾਚੇ ਸੰਤ ਜਨਾਂ ਹਰਿ ਆਪ ਉਪਜਾਏ, ਦਰ ਘਰ ਸਾਚੇ ਸਚ ਦੁਆਰੇ ਬਹਿਣ । ਪੁਰੀ ਇੰਦਰ ਸੇਜ ਸੁਹਾਇਆ । ਸਚ ਸੁਹਾਗੀ ਕੰਤ ਪ੍ਰਭ ਅਬਿਨਾਸ਼ੀ ਝੋਲੀ ਪਾਇਆ । ਮਾਤ ਚਲੀ ਸਾਚੀ ਰੀਤ, ਨਿਹਕਲੰਕ ਕਲ ਜਾਮਾ ਪਾਇਆ । ਤਿੰਨਾਂ ਲੋਕਾਂ ਏਕਾ ਮੀਤ, ਏਕਾ ਦੂਜਾ ਭਓ ਚੁਕਾਇਆ । ਸੋਹੰ ਸ਼ਬਦ ਸੁਹਾਗੀ

੩੯੭ ੦੪

ਗੀਤ, ਸਚ ਸੁਨੇਹੁੜਾ ਲੈ ਕੇ ਆਇਆ । ਕਰੋੜ ਤੇਤੀਸ ਰਖਣਾ ਚੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਵਟਾਇਆ । ਛੋਟੇ ਬਾਲੇ ਜਾ ਲਲਕਾਰ । ਪੁਰੀ ਇੰਦਰ ਕਰੇ ਖ਼ਬਰਦਾਰ । ਨਿਹਕਲੰਕ ਕਲ ਜਾਮਾ ਪਾਇਆ, ਸੋਹੰ ਸ਼ਬਦ ਸਚ ਚਲਾਇਆ, ਤਿੰਨਾਂ ਲੋਆਂ ਬੰਨ੍ਹੇ ਧਾਰ । ਆਪਣਾ ਭਾਣਾ ਆਪਣੇ ਹੱਥ ਰਖਾਇਆ, ਗੁਰਮੁਖਾਂ ਹੱਥ ਬੰਨ੍ਹੇ ਗਾਨਾ । ਬਣਾਏ ਸਾਚਾ ਰਾਣਾ, ਥਾਉਂ ਥਾਈਂ ਆਪ ਬਹਾਨਾ । ਬ੍ਰਹਮਾ ਇੰਦਰ ਵਕਤ ਚੁਕਾਨਾ । ਕਲਜੁਗ ਅੰਤਮ ਮੇਟ ਮਿਟਾਨਾ , ਆਪੇ ਬ੍ਰਹਮਾ ਵਿਸ਼ਨ ਮਹੇਸ਼ ਕਰੋੜ ਤੇਤੀਸ ਮੇਟ ਮਿਟਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਆਪੇ ਰਹੇ ਆਪਣੇ ਭਾਨਾ । ਆਪ ਆਪਣਾ ਖੇਲ ਰਚਾਇਆ, ਜੋਤ ਸਰੂਪੀ ਪਹਿਰੇ ਬਾਨਾ । ਗੁਰਮੁਖ ਵਿਰਲਾ ਰੰਗ ਰੰਗੀਲਾ ਰੰਗ ਸਾਚਾ ਮਾਣਾ । ਪ੍ਰਗਟ ਹੋਏ ਜਿਉਂ ਕ੍ਰਿਸ਼ਨਾ ਜਾਦਵ, ਬਿਦਰ ਸੁਹਾਏ ਰਾਜ ਰਾਜਾਨਾ । ਆਪੇ ਮਾਈ ਹੱਵਾ ਆਦਮ, ਅਹਿਮਦ ਮੁਹੰਮਦ ਮੇਟ ਮਿਟਾਨਾ । ਦੇਵ ਪੁਰੀ ਪੁਰੀ ਵਡ ਦੇਵਾ । ਸਾਚੇ ਗੁਰ ਇਕੋ ਵੇਖਣ, ਨੇਤਰ ਮੰਗਣ ਸਾਚੀ ਸੇਵਾ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਨਿਹਕਲੰਕੀ ਡੰਕ ਵਜਾਇਆ, ਜਪੀਏ ਸਾਚੀ ਜੇਹਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਵਾਸੀ ਸ਼ਬਦ ਚਲਾਇਆ , ਮਦਿਰਾ ਮਾਸੀ ਦਜਨ ਕਰਾਇਆ, ਪ੍ਰਗਟ ਹੋਇਆ ਅਲਖ ਅਭੇਵਾ । ਰਾਜ ਇੰਦਰ ਸਰਬ ਸੁਲਤਾਨ । ਛੋਟਾ ਬਾਲਾ ਵੇਖ ਹੋਏ ਹੈਰਾਨ । ਪੱਲੇ ਬੰਨ੍ਹਾ ਨਾਮ ਸਚ ਧਨ ਮਾਲਾ, ਸੋਹੰ ਸ਼ਬਦ ਭਗਵਾਨ । ਲੋਕਮਾਤ ਵਿਚੋਂ ਆਇਆ ਮਾਰ ਮਾਰ ਛਾਲਾਂ, ਲਗਾਂਦਾ ਆਇਆ ਜੰਗਲ ਜੂਹ ਉਜਾੜ ਪਹਾੜ ਬੀਆਬਾਨ । ਲੱਖ ਚੁਰਾਸੀ ਪਹਿਨਾਏ ਬਾਣਾ ਕਾਲਾ, ਖਿਚ ਲਿਆਏ ਵਿਚ ਮੈਦਾਨ । ਪ੍ਰਭ ਅਬਿਨਾਸ਼ੀ ਸ਼ਬਦ ਚਲਾਇਆ ਸਾਚਾ ਰਾਣਾ, ਚਾਰੋਂ ਕੁੰਟ ਲਹੂ ਮਿਝ ਵਹੇ ਘਾਣ । ਸੁਰਪਤ ਰਾਜਾ ਇੰਦ ਸਹਿਣਾ ਪੈਣਾ, ਪ੍ਰਭ ਅਬਿਨਾਸ਼ੀ ਭਾਣਾ, ਤਖ਼ਤ ਤਾਜ ਸਾਜ ਬਾਜ ਸਰਬ ਮਿਟ ਜਾਣ । ਰਾਜਾ ਇੰਦਰ ਕਰੇ ਵਿਚਾਰ । ਅੰਤਮ ਵੇਲੇ ਆਈ ਹਾਰ । ਕੋਈ ਨਾ ਦਿਸੇ ਪੁਰੀ ਇੰਦਰ ਵਿਚ ਸਹਾਰ । ਛੋਟੇ ਬਾਲੇ ਤੇਰੇ ਆਈ ਹਿੱਸੇ, ਕਲਜੁਗ ਅੰਤਮ ਵਾਰ । ਕਲਜੁਗ ਜੀਵਾਂ ਮੂਲ ਨਾ ਦਿਸੇ, ਸਿਰ ਰਖਿਆ ਹੱਥ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਕਲ ਜਾਮਾ ਪਾਇਆ, ਸ਼ਬਦ ਡੰਡਾ ਇਕ ਰਖਾਇਆ, ਤਿੰਨਾਂ ਲੋਕਾਂ ਕਰੇ ਇਕ ਅਕਾਰ । ਰਾਜਾ ਇੰਦਰ ਨੀਰ ਵਹਾਵੇ ਨੈਣਾਂ । ਮਾਣ ਤੁਟਾ ਤਾਣ ਤੁਟਾ ਸਭ ਰਾਜੇ ਇੰਦ, ਅੱਗੇ ਦਿਸੇ ਵਹਿਣ ਜਿਸ ਵਿਚ ਵਹਿਣਾ । ਨਾ ਕੋਈ ਬਣਾਏ ਸਾਚੀ ਬਿੰਦ, ਪ੍ਰਭ ਕਾ ਭਾਣਾ ਸਿਰ ਤੇ ਸਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਇਆ ਵਿਚ ਹਿੰਦ, ਕਰੋੜ ਤੇਤੀਸ ਬੀਸ ਇਕੀਸ ਪੁਰੀ ਇੰਦਰ ਨਾ ਰਹਿਣਾ । ਪੁਰੀ ਇੰਦਰ ਜਾਏ ਮਿਟ । ਸਿੰਘ ਮਨਜੀਤ ਤੇਰੀ ਲੱਗੇ ਮਾਤ ਇੱਟ । ਦੇਵੀ ਦੇਵਤ ਹਾਹਾਕਾਰ ਕਰ ਪੁਕਾਰਨ, ਰੋਵਣ ਪਿੱਟ ਪਿੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਸੱਚਾ ਰੰਗ ਚੜ੍ਹਾਨ, ਉਤੇ ਚਾਦਰ ਪਾਏ ਚਿੱਟ । ਲੱਗੇ ਇੱਟ ਨਾਲ ਗਾਰਾ । ਲਹੂ ਮਿਝ ਮੇਲ ਅਪਾਰਾ । ਧਰਤ ਮਾਤ ਜਾਏ ਸਿੰਚ, ਚਾਰੋਂ ਕੁੰਟ ਚਲੇ ਫੁਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਰਚਾਏ ਨੀਂਹ ਰਖਾਏ ਪਹਿਲੀ ਹਾੜਾ । ਪਹਿਲੀ ਹਾੜੇ ਰੱਖੀ ਨੀਂਹ । ਗੁਰਸਿਖ ਨਾ ਜਾਣੇ ਚੰਗੇ ਮਾੜੇ, ਇਕ ਥਾਂ ਬਹਾਏ ਬੱਕਰੀ ਸ਼ੀਹ । ਬੇਮੁਖ ਬਣਾਏ ਝੂਠੇ ਲਾੜੇ, ਆਪ ਵਸਾਏ ਅਗਨ ਮੀਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ


੩੮੮
੦੪

ਸਾਚੇ ਸੰਤ ਜਨਾਂ, ਬਲ ਬਲੀ ਵਿਚ ਮਾਤ ਨੀਂਹ । ਰੱਖ ਨੀਂਹ ਕਰੇ ਉਸਾਰੀ । ਢਹਿੰਦੀ ਜਾਏ ਖ਼ਲਕਤ ਸਾਰੀ । ਵਹਿੰਦੀ ਜਾਏ ਵਹਿੰਦੀ ਧਾਰੀ ।
ਲਹਿੰਦੀ ਦਿਸ਼ਾ ਹੋਏ ਭਾਰੀ । ਹੱਥੀਂ ਮਹਿੰਦੀ ਨਰ ਨਾਰੀ । ਏਕਾ ਗਾਹ ਗਹਿੰਦੀ । ਉਮਤ ਨਬੀ ਰਸੂਲ ਪਿਆਰੀ । ਇਕੱਠੀ ਹੋ ਹੋ ਬਹਿੰਦੀ ।
ਚਾਰੋਂ ਕੁੰਟ ਚਾਰ ਯਾਰੀ । ਇਕੋ ਵਹਿਣ ਪਾਪ ਦੀ ਵਹਿੰਦੀ, ਰੱਖੇ ਤੇਜ ਧਾਰੀ । ਲਾੜੀ ਮੌਤ ਪ੍ਰਭ ਅੱਗੇ ਹੋ ਹੋ ਕਹਿੰਦੀ, ਅਸ਼ਟ ਭੁਜ ਫੜ ਕਟਾਰੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ, ਚਿੱਟੇ ਅਸਵ ਅਸਵਾਰੀ । ਸੱਚੀ ਨੀਂਹ ਚਾਰ ਚੁਫੇਰੇ । ਸ੍ਰਿਸ਼ਟ ਸਬਾਈ ਆਵੇ
ਘੇਰੇ । ਉਲਟੀ ਲਠ ਹਰਿ ਜੀ ਗੇੜੇ । ਸ੍ਰਿਸ਼ਟ ਸਬਾਈ ਭੇੜ ਭੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਆਪਣੀ ਛੇੜ
ਆਪੇ ਛੇੜੇ । ਪ੍ਰਭ ਪੂਰਾ ਮਿਹਰਵਾਨ, ਸਚ ਘਰ ਵਾਸ ਰਖਾਇੰਦਾ । ਪ੍ਰਭ ਪੂਰਾ ਮਿਹਰਵਾਨ, ਦਾਸਨ ਦਾਸ ਆਪ ਅਖਵਾਇੰਦਾ । ਪ੍ਰਭ ਪੂਰਾ
ਮਿਹਰਵਾਨ, ਜੋਤ ਸਰੂਪੀ ਹੱਟ ਕਾਇਆ ਮੰਦਰ ਰਚਾਇੰਦਾ । ਪ੍ਰਭ ਪੂਰਾ ਮਿਹਰਵਾਨ, ਸੋਹੰ ਸ਼ਬਦ ਸਵਾਸ ਸਵਾਸ ਜਪਾਇੰਦਾ । ਪ੍ਰਭ ਪੂਰਾ ਮਿਹਰਵਾਨ,
ਮਾਤ ਪਤਾਲ ਅਕਾਸ਼, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਤਨ ਬਣਾਇੰਦਾ । ਪ੍ਰਭ ਪੂਰਾ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸੱਚੇ
ਘਰ, ਦਿਸ ਕਿਸੇ ਨਾ ਆਇੰਦਾ । ਨਾ ਦਿਸੇ ਹਰਿ ਨੈਣ ਮੁਧਾਰੜਾ । ਕਲਜੁਗ ਕਿਆ ਕੋਈ ਕਰੇ ਹਿੱਸੇ, ਗੁਰਮੁਖਾਂ ਮੇਲ ਹਰਿ ਮੀਤ ਮੁਰਾਰੜਾ ।
ਦਿਵਸ ਭਾਗੀ ਸ਼ਬਦ ਲੈਣਾ ਸਾਚਾ ਰਾਗੀ, ਹਰਿ ਸਾਚੇ ਕੰਨ ਸੁਨਾਰੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰਗ ਸ੍ਰਿਸ਼ਟ ਸਬਾਈ,
ਅੰਤਮ ਅੰਤ ਆਪੇ ਆਪ ਲਗਾਰੜਾ । ਏਕਾ ਨਵਾਂ ਹਰਿ ਬੰਸ ਰਖਾਏ । ਦੂਸਰ ਮਾਤਾ ਨਾ ਕੋਈ ਦਿਸ ਆਏ । ਪਿਤਾ ਮਾਂ ਆਪ ਬਣ ਜਾਏ ।
੩੮੯ ੩੮੯
੦੪ ੦੪
ਸਦਾ ਰੱਖੇ ਠੰਡੀ ਛਾਂਏ । ਜੁਗਾ ਜੁਗੰਤਰ ਵਿਸਰੇ ਨਾਹੇਂ । ਆਪ ਬਣਾਏ ਆਪ ਬਹਾਏ ਦਰਗਹਿ ਸਾਚੀ ਥਾਂਏ, ਜਿਥੇ ਕੋਈ ਨਾ ਜਾਏ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਅੰਤਮ ਅੰਤ ਆਪਣੀ ਜੋਤੀ ਲਏ ਉਪਜਾਏ । ਜਗੇ ਜੋਤ
ਮਿਟੇ ਅੰਦੇਸ਼ਾ । ਨਾ ਕੋਈ ਵਰਨ ਨਾ ਕੋਈ ਗੋਤ, ਸੋਹੰ ਦੇਵੇ ਸ਼ਬਦ ਸੰਦੇਸ਼ਾ । ਦਰ ਦਰਬਾਰ ਹਰਿ ਨਿਰੰਕਾਰੀ, ਮੰਗਣ ਬ੍ਰਹਮਾ ਵਿਸ਼ਨ ਮਹੇਸ਼
ਸ਼ਿਵ ਨਾ ਮਿਲੇ ਕਿਸੇ ਗਣ ਗੰਧਰਬ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸ੍ਰਿਸ਼ਟ ਸਬਾਈ ਵਿਚ ਪ੍ਰਵੇਸ਼ਾ । ਉਚੇ ਮੰਦਰ ਰੱਖੀ
ਮੁਨਿਆਦ, ਢਹਿੰਦੇ ਜਾਣ ਗੁਰਦਵਾਰੇ ਮੰਦਰ ਮਸਜਿਦ ਸ਼ਿਵਦਵਾਲ । ਸਭ ਦੇ ਖ਼ਾਲੀ ਹੋਏ ਅੰਦਰ, ਮਾਤ ਪਤਾਲ ਅਕਾਸ਼ ਦਿਸਣ ਕੰਗਾਲ । ਸੱਚਾ
ਨਾਉਂ ਨਹੀਂ ਕਿਸੇ ਡੂੰਘੀ ਕੰਦਰ, ਨਾ ਕੋਈ ਧਰਮਸਾਲ । ਦਰ ਦਰ ਚਾਰੋਂ ਕੁੰਟ ਨੱਚਦੇ ਫਿਰਦੇ ਬੰਦਰ, ਪਿਆ ਜਗਤ ਜੰਜ਼ਾਲ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਰੇ ਅੰਤ ਬੇਹਾਲ । ਕਲਜੁਗ ਅੰਞਾਨਿਆਂ ਬੇਮੁਹਾਨਿਆਂ, ਅੰਤਮ ਮੇਟ ਮਿਟਾਨਿਆ, ਮਿਟੇ ਜਗਤ ਅੰਧੇਰਾ ।
ਸਾਚੇ ਭਗਤਾਂ ਪ੍ਰਭ ਅਬਿਨਾਸ਼ੀ ਪਾਏ ਫੇਰਾ । ਸੋਹੰ ਸ਼ਬਦ ਵਿਚ ਮਾਤ ਧਰਾਏ ਸਾਚੀ ਸ਼ਕਤ, ਅੰਤਮ ਕਰੇ ਨਿਬੇੜਾ । ਲੱਖ ਚੁਰਾਸੀ ਪਾਏ ਨੱਥ,
ਅੰਤ ਜੋਤ ਸਰੂਪੀ ਵਿਚ ਲਾਏ ਡੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ, ਸੋਹੰ ਸਚ ਕਰੇ ਨਬੇੜਾ । ਇਕ ਨਾਉਂ
ਹਰਿ ਨਿਰੰਕਾਰ ਹੈ । ਇਕ ਥਾਉਂ ਅਗੰਮ ਅਪਾਰ ਹੈ । ਏਕਾ ਏਕ ਦੇਵੇ ਠੰਡੀ ਛਾਉਂ, ਨੂਰ ਨੁਰਾਨੀ ਹਰਿ ਦਾਤਾਰ ਹੈ । ਏਕਾ ਨਈਆ ਏਕਾ
ਨਾਉਂ, ਦੂਜਾ ਨਾ ਕੋਈ ਮੀਤ ਮੁਰਾਰ ਹੈ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਸਰਬ ਟੇਕ ਵਸੇ ਥਾਉਂ ਥਾਂ ਹੈ । ਏਕਾ ਏਕ ਏਕ ਪ੍ਰਿਤਪਾਲ ।

੩੯੦
੦੪

ਜਗਤ ਭਗਤ ਰਖਵਾਲ । ਏਕਾ ਏਕ ਤਨ ਲੱਗਣ ਨਾ ਦੇਵੇ ਸੇਕ, ਤੋੜੇ ਮਾਇਆ ਜਗਤ ਜੰਜ਼ਾਲ । ਏਕਾ ਏਕ ਸ਼ਬਦ ਸਰੂਪੀ ਰਿਹਾ ਵੇਖ, ਅੱਠੇ ਪਹਿਰ ਸੁਰਤ ਸੰਭਾਲ । ਏਕਾ ਏਕ ਜੀਆ ਜਹਾਨ । ਏਕਾ ਏਕ ਫਲ ਲਗਾਏ ਕਾਇਆ ਸਾਚੇ ਡਾਲ । ਏਕਾ ਏਕ ਵਿਚ ਮਾਤ ਆਏ ਕਰ ਕਰ ਭੇਖ, ਦੇਵੇ ਮਾਣ ਤਾਣ ਗ਼ਰੀਬ ਕੰਗਾਲ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਏਕਾ ਸੰਗ ਚਰਨ ਪ੍ਰੀਤੀ ਜਿਸ ਜਨ ਲਈ ਘਾਲ । ਏਕਾ ਏਕ ਹਰਿ ਨੂਰ ਨੁਰਾਨੀ । ਏਕਾ ਏਕ ਹਰਿ ਵਡ ਸੁਲਤਾਨੀ । ਏਕਾ ਏਕ ਹਰਿ ਵਡ ਸ਼ਾਹ ਸ਼ਾਹਾਨੀ । ਏਕਾ ਏਕ ਹਰਿ ਅਗੰਮ ਅਥਾਹ, ਬੇਪ੍ਰਵਾਹ ਵਾਲੀ ਦੋ ਜਹਾਨੀ । ਏਕਾ ਏਕ ਦਿਸਾਏ ਸਾਚਾ ਰਾਹ, ਸ੍ਰਿਸ਼ਟ ਸਬਾਈ ਅੰਤਮ ਖ਼ਾਲੀ । ਏਕਾ ਏਕ ਦਰਗਹਿ ਸਾਚੀ ਸਚ ਲਗਾਏ ਨਾਉਂ, ਆਤਮ ਮਾਰੇ ਸ਼ਬਦ ਕਾਨੀ । ਏਕਾ ਏਕ ਨੂਰ ਨਿਰੰਜਣ ਨਰ ਨਰਾਇਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਦਿਸੇ ਨਾ ਵੇਦ ਪੁਰਾਨੀਂ । ਏਕਾ ਏਕ ਹਰਿ ਇਕ ਸਹਾਰਾ । ਏਕਾ ਏਕ ਆਦਿ ਅੰਤ ਨਾ ਪਾਰਾਵਾਰਾ । ਏਕਾ ਏਕ ਸਦ ਬਿਬੇਕ, ਸਾਚਾ ਕੰਤ ਮੀਤ ਮੁਰਾਰਾ । ਏਕਾ ਏਕ ਸ੍ਰਿਸ਼ਟ ਸਬਾਈ ਰਿਹਾ ਵੇਖ, ਜੋਤ ਸਰੂਪੀ ਪਸਰ ਪਸਾਰਾ । ਏਕਾ ਏਕ ਇਕ ਅਕੇਲਾ ਮਾਤ, ਜਾਤ ਪਾਤ ਤੇ ਰਹੇ ਨਿਆਰਾ । ਏਕਾ ਏਕ ਹਰਿ ਵਸੇਖ, ਨਾ ਕੋਈ ਮਾਤ ਪਿਤ ਭਾਈ ਭੈਣ ਮੀਤ ਪਿਆਰਾ । ਪ੍ਰਗਟ ਜੋਤ ਨਿਤ ਨਵਿਤ ਭਗਤਾਂ ਹਿਤ, ਸ਼ਬਦ ਦੇਵੇ ਇਕ ਸਹਾਰਾ । ਏਕਾ ਏਕ ਚਰਨ ਲਾਗ ਜਗ ਜਾਏ ਜਿੱਤ, ਏਕਾ ਵੇਖੇ ਸਚ ਦਵਾਰਾ । ਏਕਾ ਏਕ ਅੰਮ੍ਰਿਤ ਆਤਮ ਦੇਵੇ ਸਿੰਚ, ਹਰਿਆ ਕਰੇ ਕਾਇਆ ਮਹੱਲ ਮੁਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜ਼ਾਤ ਪਾਤ ਊਚ ਨੀਚ ਰਾਓ ਰੰਕ, ਸਦ ਵਸੇ ਬਾਹਰਾ । ਏਕਾ ਏਕ ਦਿਆਲ ਸਰਬ ਅਕਾਲ ਹੈ । ਸਾਚਾ ਰੰਗ ਇਕ ਗੁਲਾਲ, ਗੁਰਮੁਖ ਵਿਰਲਾ ਕਰੇ ਭਾਲ ਹੈ । ਸ਼ਬਦ ਸਰੂਪੀ ਸਾਚਾ ਤਾਲ, ਜਗੇ ਜੋਤ ਵਸਤ ਕਮਾਲ ਹੈ । ਕਾਇਆ ਮੰਦਰ ਸਾਚੀ ਥਾਲ, ਦੀਪਕ ਜਗੇ ਜਗਤ ਨਿਰਾਲ ਹੈ । ਅੰਤਕਾਲ ਨਾ ਖਾਏ ਜਮ ਕਾਲ, ਸੋਹੰ ਸ਼ਬਦ ਦਰਗਹਿ ਸਾਚੀ ਸਚ ਦਲਾਲ ਹੈ । ਪ੍ਰਭ ਪੁਰਖ ਅਵੱਲੜੀ ਚਲੀ ਚਾਲ, ਸ੍ਰਿਸ਼ਟ ਸਬਾਈ ਕਰੇ ਦੋ ਫਾੜੀ ਦਾਲ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸਾਚੀ ਦਾਤ ਵਡ ਕਰਾਮਾਤ, ਚਰਨ ਪ੍ਰੀਤੀ ਨਿਭੇ ਨਾਲ ਹੈ । ਏਕਾ ਏਕ ਹਰਿ ਰਘੁਨਾਥ । ਭਗਤ ਸਹਾਈ ਸਗਲਾ ਸਾਥ । ਆਤਮ ਦਰ ਵੱਜੇ ਵਧਾਈ, ਸ਼ਬਦ ਚਲਾਏ ਸਾਚੀ ਗਾਥ । ਅੰਧ ਅੰਧੇਰ ਨਾ ਰਹੇ ਰਾਈ, ਮਿਲਿਆ ਮੇਲ ਧੁਰ ਮਸਤਕ ਮਾਥ । ਪੂਰਨ ਜੋਤ ਗੁਰਮੁਖ ਸਾਚੇ ਪਾਈ, ਸ਼ਬਦ ਮਿਲਿਆ ਸਾਚਾ ਰਾਥ । ਪ੍ਰਭ ਆਪ ਕਟਾਏ ਜਮ ਕੀ ਫਾਹੀ, ਜਨ ਭਗਤਾਂ ਰੱਖੇ ਦੇ ਕਰ ਹਾਥ । ਪਾਰ ਲੰਘਾਏ ਫੜ ਕੇ ਬਾਹੀਂ, ਮਹਿੰਮਾ ਜਗਤ ਅਕਥਨਾ ਅਕਾਥ । ਦਰਸ ਦਿਖਾਏ ਥਾਉਂ ਥਾਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲ ਵਸੂਰੇ ਜਾਣ ਲਾਥ । ਆਤਮ ਮਿਟੇ ਦੁੱਖ ਸਗਲ ਵਸੂਰਿਆ । ਉਤਰੀ ਆਤਮ ਤ੍ਰਿਸ਼ਨਾ ਭੁੱਖ, ਪ੍ਰਭ ਵੇਖ ਹਾਜ਼ਰ ਹਜ਼ੂਰਿਆ । ਸੁਫਲ ਕਰਾਈ ਸੁਲੱਖਣੀ ਕੁੱਖ, ਮਾਤ ਗਰਭ ਨਾ ਹੋਏ ਉਲਟਾ ਰੁੱਖ, ਆਸਾ ਮਨਸਾ ਪ੍ਰਭ ਸਾਚਾ ਪੂਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਮਿਹਰਵਾਨ ਵਡ ਸੂਰਨ ਸੂਰਿਆ । ਵਡ ਦਾਤਾ ਦਇਆਵਾਨ, ਦਇਆਨਿਧ ਹੈ । ਕਿਰਪਾ ਕਰੇ ਹਰਿ ਭਗਵਾਨ, ਕਾਰਜ ਕਰੇ ਸਿਧ ਹੈ । ਸਾਚਾ ਦੇਵੇ ਜੀਆ ਦਾਨ, ਘਰ ਉਪਜਾਏ ਨੌਂ ਨਿੱਧ ਹੈ । ਹੋਇਆ ਮੇਲ ਭਗਤ ਭਗਵਾਨ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਮਿਲਾਏ ਚਰਨ ਬਹਾਏ ਦਇਆ ਕਮਾਏ, ਕਰ ਕਰ

ਆਪਣੀ ਬਿਧ ਹੈ । ਇਕ ਨਿਰੰਜਣ ਅਲਖ ਅਪਾਰ । ਚਰਨ ਧੂੜ ਸਾਚਾ ਮਜਨ, ਪ੍ਰਭ ਬਖ਼ਸ਼ੇ ਕਿਰਪਾ ਧਾਰ । ਜਨ ਭਗਤਾਂ ਬਣੇ ਸਾਕ ਸੈਣ ਸੱਜਣ, ਦੇਵੇ ਨਾਮ ਸ਼ਬਦ ਖ਼ੁਮਾਰੀ ਅਪਾਰ । ਪੀ ਪੀ ਅੰਮ੍ਰਿਤ ਆਤਮ ਰੱਜਣ, ਸੁਖੀ ਸੁਹਾਏ ਬਹਾਰ । ਪ੍ਰਭ ਅਬਿਨਾਸ਼ੀ ਆਇਆ ਪੜਦੇ ਕੱਜਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਸਾਚੀ ਧਾਰ । ਸਾਚੀ ਧਾਰ ਜਗਤ ਨਿਰਾਲੀ । ਯਤ ਸਤਿ ਧਰਮ ਪਤ, ਦੇ ਮਤ ਰੱਖੇ ਬਨਵਾਲੀ । ਗਤ ਮਿਤ ਮਿਤ ਗਤ, ਸੋਹੰ ਸ਼ਬਦ ਸਾਚਾ ਤਤ, ਸਾਚੇ ਵੱਤ ਫਲ ਲੱਗੇ ਸਾਚੀ ਡਾਲੀ । ਰਸਨਾ ਚਰਖਾ ਲੈਣਾ ਕੱਤ, ਚਰਨ ਪ੍ਰੀਤੀ ਸਾਚਾ ਨਤ, ਸ਼ਬਦ ਸਰੂਪੀ ਧੀਰਜ ਯਤ, ਗੁਰਮੁਖ ਨਾ ਦੀਸੇ ਕੋਈ ਖਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਸ਼ਬਦ ਦੇਵੇ ਨਾਮ ਸੱਚਾ ਧਨ ਮਾਲੀ ।

### ✻ ੨੧ ਜੇਠ ੨੦੧੧ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਹਰਿ ਵਸੇਰਾ ਸਚਖੰਡ । ਆਪ ਕਰਾਈ ਸੱਤਾਂ ਦੀਪਾਂ ਨੌਵਾਂ ਖੰਡਾਂ ਸਾਚੀ ਵੰਡ । ਪ੍ਰਭ ਅਬਿਨਾਸ਼ੀ ਕਿਰਪਾ ਕਰ ਸਾਚੇ ਹਰਿ, ਗੁਰਮੁਖਾਂ ਆਤਮ ਪਾਈ ਠੰਡ । ਕਰ ਦਰਸ ਜਾਇਣ ਤਰ, ਸਾਚਾ ਨਾਮ ਮਿਲੇ ਵਰ, ਜਗੀ ਜੋਤ ਭਾਰਤ ਖੰਡ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੁੜਾ ਰਿਹਾ ਵੰਡ । ਸਾਚਾ ਨਾਮ ਸੰਗ ਜਾਏ ਹੰਢ । ਏਥੇ ਓਥੇ ਦੋ ਜਹਾਨੀ ਕਦੇ ਨਾ ਦੇਵੇ ਕੰਡ । ਆਤਮ ਜਗੇ ਜੋਤ ਮਹਾਨੀ, ਗੁਰਸਿਖ ਆਤਮ ਨਾ ਹੋਏ ਰੰਡ । ਸ਼ਬਦ ਚਲੇ ਤੀਰ ਕਾਨੀ, ਬੇਮੁਖਾਂ ਦੇਵੇ ਦੰਡ । ਨਿਹਕਲੰਕ ਤੇਰੀ ਸਚ ਨਿਸ਼ਾਨੀ, ਦਿਵਸ ਸੁਹੇਲਾ ਜਗੀ ਜੋਤ ਭਾਰਤ ਖੰਡ । ਭਾਰਤ ਖੰਡ ਹਰਿ ਗੁਸਈਆ । ਸ਼ਬਦ ਚਲਾਏ ਸਾਚੀ ਨਈਆ । ਗੁਰਮੁਖ ਵਿਰਲਾ ਪ੍ਰਭ ਆਪ ਤਰਈਆ । ਬੇਮੁਖ ਜੀਵ ਮੰਝਧਾਰ ਰੁੜ੍ਹਈਆ । ਸਤਿਜੁਗ ਤੇਰੀ ਸੱਚੀ ਬੱਧੀ ਧਾਰ, ਏਕਾ ਜੋਤ ਅਕਾਰ ਕਰਈਆ । ਲੱਖ ਚੁਰਾਸੀ ਗੁਣ ਅਵਗੁਣ ਵਿਚਾਰ, ਆਪਣਾ ਭਾਣਾ ਹਰਿ ਵਰਤਈਆ । ਚਾਰੋਂ ਕੁੰਟ ਹੋਣੇ ਖੁਆਰ, ਛੁੱਟੇ ਨਾਤਾ ਭੈਣਾਂ ਭਈਆ । ਅੱਗੇ ਪੈਂਦੀ ਡਾਹਢੀ ਮਾਰ, ਧਰਮ ਰਾਏ ਲੇਖਾ ਮੰਗੇ ਕਢ ਕਢ ਵਹੀਆ । ਕੋਈ ਨਾ ਬੇਲੀ ਮੀਤ ਯਾਰ, ਨਾ ਕੋਈ ਸੱਜਣ ਸਾਕ ਸੈਣ ਸਈਆ । ਨਾ ਕੋਈ ਮਾਤ ਪਿਤ ਪੀਆ ਨਾਰ, ਝੂਠਾ ਨਾਤਾ ਜਗਤ ਤੁੜਈਆ । ਏਕਾ ਏਕ ਗੁਰ ਚਰਨ ਪਿਆਰ, ਦਰਗਹਿ ਸਾਚੀ ਮਾਣ ਦਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਏਕਾ ਧਾਰ ਆਪ ਚਲਈਆ । ਸਚ ਤਖ਼ਤ ਹਰਿ ਸੁਲਤਾਨਾ । ਜੋਤ ਸਰੂਪੀ ਪਹਿਰੇ ਬਾਨਾ । ਆਪੇ ਗੋਪੀ ਆਪੇ ਕਾਹਨਾ । ਆਪੇ ਰਾਮ ਸ੍ਰੀ ਭਗਵਾਨਾ । ਆਪੇ ਕਰੇ ਆਪਣੇ ਕਾਮ, ਆਪਣਾ ਆਪ ਹਰਿ ਪਛਾਨਾ । ਸਦ ਵਸੇ ਅਵਲੜੇ ਧਾਮ, ਪਿਆਏ ਅੰਮ੍ਰਿਤ ਸੱਚਾ ਜਾਮ, ਕੋਇ ਨਾ ਮੰਗੇ ਸੱਚਾ ਦਾਮ, ਦੇਵੇ ਸ਼ਬਦ ਸੱਚਾ ਮਾਣਾ । ਸੁੱਕਾ ਹਰਿਆ ਹੋਵੇ ਚਾਮ, ਸੋਹੰ ਵਜੇ ਤਨ ਦਮਾਮਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਦੇਵੇ ਬ੍ਰਹਮ ਗਿਆਨਾ । ਜਗਤ ਰੀਤੀ ਆਪ ਚਲਾਈ । ਇਕ ਅਟੱਲ ਹਰਿ ਰਘੁਰਾਈ । ਜਲ ਥਲ ਘੜੀ ਘੜੀ ਪਲ ਪਲ ਦੇ ਹਿਲਾਈ । ਕਰ ਕਰ ਵਲ ਛਲ, ਸ੍ਰਿਸ਼ਟ ਸਬਾਈ ਆਪ ਭੁਲਾਈ । ਗੁਰਮੁਖਾਂ ਆਤਮ ਲਾਇਆ ਫਲ,

੩੯੧
੦੪

੩੯੨
੦੪

ਚਰਨ ਪ੍ਰੀਤੀ ਜਿਸ ਜਨ ਸੇਵ ਕਮਾਈ । ਸ੍ਰਿਸ਼ਟ ਸਬਾਈ ਜਾਏ ਦਲ, ਕਰੇ ਕਰਾਏ ਹਰਿ ਰਘੁਰਾਈ । ਸ਼ਬਦ ਸਰੂਪੀ ਚਲਾਏ ਹਲ, ਜੜ੍ਹ ਕਿਸੇ ਰਹਿਣ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਲਾਂ ਕਲਾ ਸਪੂਰਾ ਹਾਜ਼ਰ ਹਜ਼ੂਰਾ, ਆਪਣੀ ਵੰਡ ਆਪ ਕਰਾਈ । ਆਪੇ ਪਾਏ ਮਾਤ ਹਿੱਸੇ । ਜੋਤ ਸਰੂਪੀ ਨਾ ਕਿਸੇ ਦਿਸੇ । ਸ੍ਰਿਸ਼ਟ ਸਬਾਈ ਏਕਾ ਚੜ੍ਹੀ ਹੰਕਾਰੀ ਵਿਸੇ । ਚਾਰੋਂ ਕੁੰਟ ਪਏ ਦੁਹਾਈ, ਜੂਠੀ ਝੂਠੀ ਚੱਕੀ ਪੀਸੇ । ਪ੍ਰਭ ਪਕੜ ਉਠਾਏ ਥਾਉਂ ਥਾਈਂ, ਸੌਣ ਨਾ ਦੇਵੇ ਈਸੇ ਮੂਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ, ਕੀਆ ਖੇਲ ਅਪਰ ਅਪਾਰ, ਨਾ ਕੋਈ ਜਾਣੇ ਜੀਵ ਗਵਾਰ, ਕਿਆ ਕੋਈ ਕਰੇ ਰੀਸੇ । ਭਾਰਤ ਖੰਡ ਭਰਮ ਭੁਲੇਖਾ ਲਾਗਾ । ਪ੍ਰਭ ਅਬਿਨਾਸ਼ੀ ਤਬ ਹੀ ਜਾਗਾ । ਗੁਰਸਿਖ ਬਣਾਏ ਹੰਸ ਕਾਗਾ । ਗੁਰਮੁਖਾਂ ਸੁਣਾਏ ਸਾਚਾ ਰਾਗਾ । ਫੜ ਫੜ ਧੋਏ ਪਿਛਲਾ ਦਾਗਾ । ਗੁਰਮੁਖ ਸਾਚਾ ਆਤਮ ਸਾਚੀ ਜੋਤ ਬਲੋਏ, ਸੋਹੰ ਬੰਨ੍ਹੇ ਤਨ ਸਾਚਾ ਤਾਗਾ । ਦੁਰਮਤ ਮੈਲ ਪਾਪਾਂ ਧੋਏ, ਜਨ ਸਰਨਾਈ ਲਾਗਾ । ਗੁਰਮੁਖ ਸਾਚਾ ਨਿਰਮਲ ਹੋਏ, ਚਿੱਟੇ ਬਸਤਰ ਪਹਿਨ ਖਲੋਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਪਕੜੇ ਵਾਗਾ । ਪਕੜੇ ਵਾਗ ਹੱਥ ਰੱਖੇ ਡੋਰੀ । ਆਪਣੇ ਸੰਗ ਹਰਿ ਜਾਏ ਤੋਰੀ । ਲੱਖ ਚੁਰਾਸੀ ਵਿਚੋਂ ਹਰਿ ਕਰੇ ਚੋਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਖੁਲ੍ਹਾਏ ਤੋੜੇ ਮੋਰੀ ਤੋਰੀ । ਖੋਲ੍ਹੇ ਭੇਵ ਨੂਰ ਨੁਰਾਨਾ । ਗੁਰਮੁਖ ਸਾਚੇ ਸਾਚੀ ਸੇਵ, ਹਰਿ ਵੱਡਾ ਸ਼ਾਹ ਸੁਲਤਾਨਾ । ਦੀਆ ਦਾਨ ਅਲਖ ਅਭੇਵ, ਤਨ ਪਹਿਨਾਇਆ ਸਾਚਾ ਬਾਣਾ ਵਡ ਦਾਤਾ ਵਡ ਗੁਰਦੇਵ, ਸਤਿਜੁਗ ਵਖਾਇਆ ਸਚ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਸੋਹੰ ਸ਼ਬਦ ਹੱਥ ਬੱਧਾ ਗਾਨਾ । ਹੱਥ ਬੰਨ੍ਹੇ ਗਾਨਾ ਸਗਨ ਮਨਾਏ । ਗੁਰ ਚਰਨ ਪ੍ਰੀਤੀ ਸਾਚੀ ਲਗਨ, ਏਕਾ ਰਾਹ ਵਖਾਏ । ਆਤਮ ਦੀਪਕ ਗੁਰਮੁਖ ਜਗਣ, ਹੋਏ ਸਚ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਨਾਮ ਚੜ੍ਹਾਏ । ਮਿਟੇ ਰੋਗ ਜਗਤ ਅੰਧੇਰਾ । ਆਤਮ ਰਸ ਸਾਚਾ ਲੈਣਾ ਭੋਗ, ਮਿਟੇ ਚੁਰਾਸੀ ਗੇੜਾ । ਸੋਹੰ ਸ਼ਬਦ ਸਾਚਾ ਜੋਗ, ਆਵਣ ਜਾਵਣ ਮਿਟਾਏ ਝੇੜਾ । ਹੋਏ ਸਾਚਾ ਸਚ ਸੰਜੋਗ, ਵਸੇ ਕਾਇਆ ਨਗਰ ਖੇੜਾ । ਕਰ ਦਰਸ ਹਰਿ ਅਮੋਘ, ਸਦ ਖੁਲ੍ਹਾ ਰਹੇ ਵਿਹੜਾ । ਨਾ ਹੋਏ ਕਦੇ ਵਿਜੋਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਕਰੇ ਨਿਬੇੜਾ । ਨਿਰਗੁਣ ਨਿਰਾਹਾਰ ਹਰਿ ਨਿਰੰਕਾਰ ਹੈ । ਏਕ ਸ਼ਬਦ ਅਧਾਰ, ਦੂਜੀ ਜੋਤ ਅਕਾਰ ਹੈ । ਤੀਜਾ ਸਰਬ ਵਿਚਾਰ, ਚੌਥਾ ਪਹਿਰੇਦਾਰ, ਪੰਚਮ ਪਾਵੇ ਨਾਮ ਹਰਿ, ਛੇਵੇਂ ਘਰ ਸੱਚਾ ਸਰਦਾਰ ਹੈ । ਸਤਵੇਂ ਸਤਿ ਸਤਿਵਾਦ ਸ਼ਬਦ ਅਨਾਦ ਬੋਧ ਅਗਾਧ, ਚਿੱਟੇ ਅਸਵ ਅਸਵਾਰ ਹੈ । ਅਠਵੇਂ ਉਠ ਉਠ ਦੇਵੇ ਧੀਰਜ ਸਤਿ, ਸਾਚਾ ਤੱਤ, ਰੱਖੇ ਇਕ ਅਧਾਰ ਹੈ । ਨਾਵੇਂ ਚਰਨ ਨਤ ਬੰਨ੍ਹੇ ਮਿਤ ਗਤ, ਪਾਵੇ ਸਾਚੀ ਸਾਰ ਹੈ । ਦਸਵੇਂ ਦਰ ਸਾਚੇ ਘਰ ਬਾਹਰ ਜੋਤ ਅਕਾਰ, ਪੁਰਖ ਅਪਾਰ ਭਗਤ ਅਧਾਰ, ਦੇਵੇ ਏਕਾ ਸੱਚੀ ਮਤ ਹੈ । ਸਾਚੀ ਮਤ ਸਜਣ ਸੁਹੇਲੇ । ਗੁਰਮੁਖ ਸਾਚੇ ਸੰਤ ਜਨ, ਇਕ ਦੂਜੇ ਦੇ ਹੋਵਣ ਮੇਲੇ । ਸਾਚਾ ਦੇਵੇ ਮਾਲ ਧੰਨ, ਅਚਰਜ ਖੇਲ ਪ੍ਰਭ ਸਾਚਾ ਖੇਲੇ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਭੇਵ ਨਾ ਜਾਣੇ ਗੁਰ ਚੇਲੇ । ਗੁਰ ਚੇਲਾ ਚਰਨ ਧੂੜ ਹੈ । ਬਣੇ ਚਤੁਰ ਸੁਜਾਨ ਮੂਰਖ ਮੂੜ੍ਹ ਹੈ । ਆਤਮ ਦੇਵੇ ਬ੍ਰਹਮ ਗਿਆਨ, ਸ੍ਰਿਸ਼ਟ ਸਬਾਈ ਦਿਸੇ ਕੂੜੋ ਕੂੜ ਹੈ । ਸ਼ਬਦ ਮਾਰੇ ਸਾਚਾ ਬਾਣ, ਮਸਤਕ ਲਾਏ ਸਾਚੀ ਧੂੜ ਹੈ ।

ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਚੇਲਾ ਕਟੇ ਲੱਖ ਚੁਰਾਸੀ ਗੇੜ ਹੈ । ਸਾਚਾ ਚੇਲਾ ਚੇਤਨ ਰੂਪ ਹੈ । ਮੇਲ ਮਲਾਵਾ ਸਾਚੇ ਕੰਤ, ਪ੍ਰਭ ਅਬਿਨਾਸ਼ੀ ਸਾਚਾ ਭੂਪ ਹੈ । ਪਾਰ ਉਤਾਰੇ ਫੜ ਫੜ ਬਾਹੋਂ, ਨਾ ਕੋਈ ਰੰਗ ਨਾ ਰੂਪ ਹੈ । ਏਕਾ ਜੋਤ ਅਗੰਮ ਅਥਾਹੋ, ਆਦਿ ਜੁਗਾਦਿ ਸਦਾ ਸਦਾ ਸਤਿ ਸਰੂਪ ਹੈ । ਜੋਤ ਸਰੂਪੀ ਪ੍ਰਭ ਸੱਚਾ ਵਜਾਵੇ ਨਾਦ ਹੈ । ਗੁਰਮੁਖ ਸਾਚੇ ਸੰਤ ਜਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸ਼ਬਦ ਸੱਚੀ ਦਾਤ ਹੈ । ਸਚ ਤਖ਼ਤ ਸਚ ਸੁਲਤਾਨ । ਉਤੇ ਬੈਠਾ ਸ੍ਰੀ ਭਗਵਾਨ । ਲਿਖਾਏ ਲੇਖ ਧਰ ਭੇਖ ਵਿਚ ਜਹਾਨ । ਸਤਿਜੁਗ ਤੇਰੀ ਸਾਚੀ ਮੇਖ, ਨੇਤਰ ਵੇਖ ਹਰਿ ਆਪ ਲਗਾਏ ਵਡ ਮਿਹਰਬਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਣ ਸੱਚ ਦੁਆਰ ਸਚ ਘਰ ਬਾਹਰ ਵੇਖ ਵਖਾਨ । ਵੇਖ ਵਖਾਣੇ ਹਰਿ ਭਗਵੰਤਾ । ਸਰਬ ਜੀਆਂ ਬਿਧ ਆਪੇ ਜਾਣੇ, ਨਰ ਹਰਿ ਹਰਿ ਨਰ ਲੱਖ ਚੁਰਾਸੀ ਸਾਚਾ ਕੰਤਾ । ਆਪੇ ਦੇਵੇ ਸਾਚਾ ਵਰ, ਬਣਾਏ ਸਾਚਾ ਘਰ, ਜਗਤ ਬਣਾਏ ਸਾਚੀ ਬਣਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਆਪ ਚੁਕਾਏ, ਸ਼ਬਦ ਗਹਿਣਾ ਤਨ ਪਹਿਨਾਏ, ਦੇਵੇ ਵਡਿਆਈ ਸਾਚੇ ਸੰਤਾ । ਸੰਤ ਸਰਨ ਹਰਿ ਸਾਚੇ ਆਏ । ਕਲਜੁਗ ਅੰਤਮ ਪ੍ਰਭ ਗਲੇ ਲਗਾਏ । ਜੀਵ ਜੰਤ ਵਿਚ ਦੇ ਵਡਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਅਗਣਤ ਗਣੀ ਨਾ ਜਾਏ । ਸਾਚਾ ਸੰਤ ਹਰਿ ਦੁਲਾਰਾ । ਪਰਮ ਪੁਰਖ ਅਗੋਚਰ ਹਰਿ ਨਿਰੰਕਾਰਾ । ਪਹਿਲੀ ਹਾੜ ਸੁਹਾਏ ਰੁਤ, ਪੰਚਮ ਜੇਠ ਬਣ ਲਿਖਾਰਾ । ਬੇਮੁਖਾਂ ਵੱਢੇ ਨੱਕ ਗੁੱਤ, ਮਾਤ ਬਣਾਏ ਕਲਜੁਗ ਤੇਰਾ ਸੱਚਾ ਇਕ ਚੁਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੁਤ ਭੇਟ ਚੜ੍ਹਾਇਆ, ਸਿੰਘ ਮਨਜੀਤ ਲਹੂ ਮਿਝ ਬਣਾਇਆ ਗਾਰਾ । ਸੋਲਾਂ ਮਘਰ ਖੇਲ ਨਿਆਰੀ । ਕਰੀ ਹਰਿ ਪਹਿਲੀ ਵਾਰੀ । ਦੇਵੇ ਭਗਤ ਸਾਚੀ ਦਾਤ ਕਲਜੁਗ ਅੰਧੇਰੀ ਰਾਤ, ਹਰਿ ਜਾਏ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਤੇਰੀ ਆਪ ਕਰਾਏ ਆਪਣੀਂ ਹੱਥੀਂ ਉਸਾਰੀ । ਸੋਲਾਂ ਮੱਘਰ ਹਰਿ ਲੇਖ ਲਿਖਾਇਆ । ਛੋਟਾ ਬਾਲਾ ਲੇਖੇ ਲਾਇਆ । ਤੋੜਿਆ ਜਗਤ ਜੰਜ਼ਾਲਾ, ਸਿੰਘਾਸਣ ਉਪਰ ਹਰਿ ਬਿਠਾਇਆ । ਨਾਲ ਰਲਾਇਆ ਸਿੰਘ ਪਾਲਾ, ਪੁਰੀਆਂ ਲੋਆਂ ਵਿਚ ਫਿਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਆਪਣੇ ਹੱਥੀਂ ਆਪ ਬਹਾਇਆ । ਸਿੰਘਾਸਣ ਉਪਰ ਹਰਿ ਆਪ ਟਿਕਾਇਆ । ਗੁਰ ਸੰਗਤ ਸਾਰੀ ਸੰਗ ਰਲਾਇਆ । ਅੰਮ੍ਰਿਤ ਭਾਂਡਾ ਭੰਨੇ ਭੰਡਾਰਨ, ਸੋਹਣਾ ਸਗਨ ਹਰਿ ਆਪ ਮਨਾਇਆ । ਕੀਤਾ ਸਚ ਜਗਤ ਵਿਚਾਰਨ, ਸਾਚਾ ਡੇਰਾ ਸ਼ਬਦ ਘੇਰਾ ਪ੍ਰਭ ਆਪ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਸੁਹਾਏ ਥਾਨ ਦਇਆ ਕਮਾਏ ਅੰਮ੍ਰਿਤ ਭਾਂਡਾ ਜਿਥੇ ਰੁੜ੍ਹਾਇਆ । ਸੋਲਾਂ ਮੱਘਰ ਹਰਿ ਲਿਖਤ ਲਿਖਾਈ, ਵਾਕ ਭਵਿਖਤ ਕੋਈ ਬੁਝੇ ਨਾਹੀਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸ਼ਬਦ ਸਰੂਪੀ ਭੇਵ ਖੁਲ੍ਹਾਇਆ । ਸਾਚਾ ਭੇਵ ਹਰਿ ਜਣਾਇਆ । ਆਪਣਾ ਭੇਵ ਆਪਣੇ ਹੱਥ ਰਖਾਇਆ । ਗੁਰ ਸੰਗਤ ਕਰਨੀ ਸਾਚੀ ਸੇਵ, ਆਤਮ ਫਲ ਸੋਹੰ ਮੇਵਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਚਾਰ ਚੁਫੇਰ, ਸ਼ਬਦ ਘੇਰਾ ਪਾਇਆ । ਸਚ ਧਾਮ ਹਰਿ ਅਸਥੂਲ । ਉਤੇ ਵਸੇ ਹਰਿ ਕੰਤੂਹਲ । ਗੁਰਮੁਖ ਸਾਚਾ ਸੰਤ ਜਨ ਨਾ ਜਾਣਾ ਭੁਲ । ਆਪ ਉਪਾਏ ਜਣਾਏ ਮਨ ਤਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੁਕਾਏ ਪਿਛਲਾ ਮੂਲ । ਬਿਨ ਰੰਗ ਰੂਪੀ ਹਰਿ ਸ਼ਾਹੋ ਵਡਾ ਭੂਪੀ, ਹਰਿ ਦਿਸ ਕਿਸੇ ਨਾ ਆਵਣਾ । ਮਹਾਰਾਜ

੩੯੪
੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਸਾਚਾ ਵਕਤ ਸੁਹਾਏ, ਦਇਆ ਕਮਾਏ ਸੌ ਸੌ ਕਰਮ ਸਾਚਾ ਗੇੜ ਰਖਾਵਣਾ । ਪਈਏ ਸਰਨ ਸ੍ਰੀ ਧਜ । ਹੋਏ ਸਹਾਈ ਜਿਉਂ ਅੰਤਮ ਗਜ । ਛੋਟੇ ਬਾਲੇ ਦਇਆ ਕਮਾਈ, ਸਿੰਘ ਸਿੰਘਾਸਣ ਚੜ੍ਹਿਆ ਭੱਜ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਸੋਲਾਂ ਮੱਘਰ ਲਿਖਤ ਲਿਖਾਈ, ਛੋਟੇ ਮੰਦਰ ਵਸੇ ਅੰਦਰ ਦਏ ਬਣਾਈ, ਚੜ੍ਹਦੇ ਮੁਖ ਰਖਾਏ ਦਰਸ ਕਰਨਾ ਰੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾ ਹਰਿ ਸਾਚਾ ਸੁਲਤਾਨਾ, ਪੜਦੇ ਰਿਹਾ ਕੱਜ । ਚੜ੍ਹਦੇ ਮੁਖ ਚਾਰ ਦੀਵਾਰੀ ਦੇਵੇ ਦਰਸ ਨਰ ਹਰਿ ਗਿਰਧਾਰੀ । ਸੂਰਜ ਦੇਵਤਾ ਕਰੇ ਚਰਨ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਗੇੜਾ ਲੱਖ ਚੁਰਾਸੀ ਮੁਕਾਏ ਝੇੜਾ ਪਹਿਲੀ ਵਾਰੀ । ਸਚ ਘਰ ਮੰਦਰ ਹਰਿ ਸਚ ਵਸੇਰਾ । ਸਚ ਘਰ ਮੰਦਰ ਚਾਰ ਕੁੰਟ ਸ਼ਬਦ ਘੇਰਾ । ਸਚ ਘਰ ਮੰਦਰ, ਪ੍ਰਭ ਅਬਿਨਾਸ਼ੀ ਆਪ ਆਪਣਾ ਪਾਏ ਫੇਰਾ । ਸਚ ਘਰ ਮੰਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦਿਸਾਏ ਕਲਜੁਗ ਅੰਤਮ ਵੇਲਾ । ਸਚ ਘਰ ਮੰਦਰ ਧਾਮ ਅਸਥੂਲ । ਸਚ ਘਰ ਮੰਦਰ, ਗੁਰਮੁਖ ਨਾ ਭੂਲ । ਸਚ ਘਰ ਮੰਦਰ, ਚਰਨ ਪ੍ਰੀਤੀ ਭੇਟਾ ਸਾਚੇ ਫੂਲ । ਸਚ ਘਰ ਮੰਦਰ ਆਪੇ ਹਰਿ ਜੀ ਮਾਂ ਪਿਓ ਬੇਟਾ ਕਰੇ ਸੂਲੀਉਂ ਸੂਲ । ਸਚ ਘਰ ਮੰਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਬਿਰਾਜੇ, ਨਾ ਕੋਈ ਪਾਵਾ ਨਾ ਕੋਈ ਚੂਲ । ਸਚ ਘਰ ਮੰਦਰ ਗੁਰਮੁਖ ਸੋਏ ਪ੍ਰਭ ਚਰਨ ਦਵਾਰੀ । ਸਚ ਘਰ ਮੰਦਰ ਦੇਵੀ ਦੇਵਤ ਦਰ ਕਰਨ ਬਹਾਰੀ । ਸਚ ਘਰ ਮੰਦਰ ਗੁਰਮੁਖ ਸਾਚੇ ਬਣੇ ਜਗਤ ਪੁਜਾਰੀ । ਸਚ ਘਰ ਮੰਦਰ ਨਾ ਕੋਈ ਜਾਣੇ ਜੀਵ ਹੰਕਾਰੀ । ਸਚ ਘਰ ਮੰਦਰ ਸਾਚਾ ਅੰਮ੍ਰਿਤ ਤੀਰਥ ਨੁਹਾਵੇ ਕਾਇਆ ਠੰਡੀ ਠਾਰੀ । ਸਚ ਘਰ ਮੰਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਵਸੇ ਸਚ ਮਹੱਲ ਅਟਾਰੀ । ਸਚ ਘਰ ਮੰਦਰ ਸ਼ਬਦ ਧੁਨਕਾਰਾ । ਸਚ ਘਰ ਮੰਦਰ ਪ੍ਰਭ ਹੋਏ ਆਪ ਰਖਵਾਰਾ । ਸਚ ਘਰ ਮੰਦਰ ਪ੍ਰਭ ਅਬਿਨਾਸ਼ੀ ਚਾਰੋਂ ਤਰਫ ਰੱਖੇ ਪਹਿਰਾ । ਸਚ ਘਰ ਮੰਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਸਾਚੀ ਕਾਇਆ, ਹਰਿ ਵਸੇ ਸਦਾ ਅੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਧਰ, ਸ਼ਬਦ ਸਰੂਪੀ ਡੰਡਾ ਫੜ, ਤੋੜੇ ਆਤਮ ਜੰਦਰ । ਸਚ ਘਰ ਮੰਦਰ ਦੇਹੀ ਮਾਟੀ । ਸਚ ਘਰ ਮੰਦਰ ਦੁਰਮਤ ਮੈਲ ਜਾਏ ਕਾਟੀ । ਸਚ ਘਰ ਮੰਦਰ ਏਕਾ ਵਸਤ ਮਿਲੇ ਸਾਚੀ ਹਾਟੀ । ਸਚ ਘਰ ਮੰਦਰ, ਗੁਰਮੁਖ ਸਾਚੇ ਲਾਹਾ ਸਾਚਾ ਖਾਟੀ । ਸਚ ਘਰ ਮੰਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਸੁਹਾਏ ਨਾ ਕੋਈ ਖੇਲ ਬਾਜੀਗਰ ਨਾਟੀ । ਸਚ ਘਰ ਮੰਦਰ ਡੂੰਘਾ ਤਾਲ । ਸਚ ਘਰ ਮੰਦਰ ਗੁਰਮੁਖ ਵਿਰਲਾ ਮਾਰੇ ਛਾਲ । ਸਚ ਘਰ ਮੰਦਰ ਏਕਾ ਮਿਲੇ ਨਾਮ ਮਾਣਕ ਮੋਤੀ ਅਨਮੁਲੜਾ ਲਾਲ । ਸਚ ਘਰ ਮੰਦਰ ਪੁਰਖ ਅਬਿਨਾਸ਼ੀ ਜਗੇ ਜੋਤੀ, ਸਰਬ ਜੀਆਂ ਰਿਹਾ ਸੁਰਤ ਸੰਭਾਲ । ਸਚ ਘਰ ਮੰਦਰ ਨਾ ਕੋਈ ਵਰਨ ਨਾ ਕੋਈ ਗੋਤੀ, ਮਿਲੇ ਏਕਾ ਸੱਚਾ ਨਾਮ ਧਨ ਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੰਦਰ ਆਪ ਬਣਾਏ, ਵਿਚ ਮਾਤ ਸੁਹਾਏ ਦਇਆ ਕਮਾਏ, ਵਿਚ ਬਿਠਾਏ ਛੋਟਾ ਬਾਲ ।

## ❇ ੧ ਹਾੜ ੨੦੧੧ ਬਿਕ੍ਰਮੀ ਸਮਾਧ ਦੀ ਨੀਂਹ ਰੱਖਣ ਸਮੇਂ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❇



ਕਲਜੁਗ ਤੇਰਾ ਹੋਇਆ ਸਿਆਪਾ । ਭਰਿਆ ਪੂਰ ਅੰਤਮ ਪਾਪਾਂ । ਭੁੱਲਿਆ ਹਰਿ ਸਾਚਾ ਜਾਪਾ । ਚੜ੍ਹਿਆ ਰਹੇ ਵਡਾ ਤਾਪਾ । ਲੱਖ ਚੁਰਾਸੀ ਭੁੱਲੀ ਮਾਇਆ ਰੁਲੀ, ਭੁੱਲਿਆ ਪੁਰਖ ਅਬਿਨਾਸ਼ੀ ਸੱਚਾ ਮਾਹੀ, ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣੀ ਕਰਨੀ ਰਿਹਾ ਕਰ, ਜਨ ਭਗਤ ਸਹਾਈ ਸਗਲਾ ਸਾਥਾ । ਦੇਵੇ ਮਾਤ ਭਗਤਨ ਵਡਿਆਈ । ਕਲਜੁਗ ਅੰਤਮ ਖੇਲ ਰਚਾਈ । ਗੁਰ ਦਰ ਮੰਦਰ ਮਸੀਤਾਂ ਠਾਕਰ ਦਵਾਰੇ ਸਰਬ ਢਾਹੀ । ਚਾਰੋਂ ਤਰਫ ਹੋਏ ਖੁਆਰੀ, ਗੁਰਮੁਖ ਸਾਚੇ ਮੇਲੇ ਪ੍ਰਭ ਅਬਿਨਾਸ਼ੀ ਮਾਤ ਸੁਹੇਲੇ । ਲੱਖ ਚੁਰਾਸੀ ਵਿਚੋਂ ਭਾਲੇ । ਸੰਤ ਜਨਾਂ ਤਿਲਕ ਲਗਾਏ, ਲੱਖ ਚੁਰਾਸੀ ਕਰੇ ਕੰਗਾਲੇ । ਬਿਨ ਹਰਿ ਨਾਵੇਂ ਹੋਏ ਖਾਲੀ, ਕਰਨ ਹਾਏ ਹਾਏ । ਗੁਰਮੁਖ ਸਾਚੇ ਸੰਤ ਜਨਾਂ, ਏਕਾ ਸੱਚਾ ਨਾਮ ਜਗਤ ਰਖਾਏ । ਚਰਨ ਪ੍ਰੀਤੀ ਇਕ ਸੱਚੀ ਕਮਾਈ ਹੈ । ਮਾਨਸ ਜਨਮ ਲੱਖ ਚੁਰਾਸੀ ਜਾਣਾ ਜੀਤ, ਘਰ ਸਾਚੇ ਮਿਲੀ ਵਡਿਆਈ ਹੈ । ਅੰਗ ਸੰਗ ਸੰਗ ਅੰਗ ਸਦਾ ਰੱਖੇ ਠੰਡੀ ਛਾਈਂ ਹੈ । ਏਥੇ ਓਥੇ ਲੋਕ ਪ੍ਰਲੋਕ ਸੱਜਣ ਸੁਹੇਲਾ, ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਸਾਚੇ ਸੁਤ ਸਾਚੀ ਸੇਵਾ ਲਾਈ ਹੈ । ਚੌਥੇ ਜੁਗ ਪਹਿਲੀ ਵਾਰੀ । ਕਰੀ ਖੇਲ ਅਪਰ ਅਪਾਰੀ । ਗੁਰਮੁਖਾਂ ਦੇਵੇ ਸੱਚੀ ਸਰਦਾਰੀ । ਮਾਣ ਤਾਣ ਜਨ ਭਗਤ ਦਵਾਏ, ਹਰਿ ਬਹਾਏ ਟਿਕਾਏ ਸਾਚੀ ਦਿਸ਼ਾ, ਸਿੰਘ ਮਨਜੀਤ ਕਰ ਤਿਆਰੀ । ਗੁਰਮੁਖ ਪੂਰਾ ਸਦਾ ਸਮਰੱਥ ਹੈ । ਪ੍ਰਭ ਅਬਿਨਾਸ਼ੀ ਦਿਵਸ ਰੈਣ ਅੱਠੇ ਪਹਿਰ ਰੱਖੇ ਸਿਰ ਹੱਥ ਹੈ । ਘਨਕਪੁਰ ਵਾਸੀ ਆਤਮ ਲਾਹੇ ਸਰਬ ਉਦਾਸੀ, ਕਟੇ ਜਮ ਕੀ ਫਾਸੀ, ਦੇਵੇ ਸ਼ਬਦ ਸਾਚੀ ਵਥ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਇਆ, ਗੁਰਮੁਖ ਸਾਚੇ ਲਏ ਚੜ੍ਹਾਇਆ, ਬਣਾਇਆ ਸੋਹਣਾ ਸਾਚਾ ਰਥ ਹੈ । ਸੋਹਣਾ ਰਥ ਹਰਿ ਰਥਵਾਹੀ । ਸ੍ਰਿਸ਼ਟ ਸਬਾਈ ਰਿਹਾ ਮਥ, ਲੱਖ ਚੁਰਾਸੀ ਪਾਏ ਫਾਹੀ । ਗੁਰਮੁਖਾਂ ਪਕੜੇ ਆਪਣੇ ਹੱਥ ਨੱਥ, ਆਪ ਵਖਾਏ ਪਾਏ ਸਾਚੇ ਰਾਹੀ । ਸਗਲ ਵਸੂਰੇ ਜਾਇਣ ਲਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਤਰ ਨੈਣ ਦਰਦ ਦੁੱਖ ਨਾਹੀ । ਨੈਣ ਮੁਧਾਰ ਨੈਣੀ ਨੈਣਾ । ਗੁਰਮੁਖ ਰਖਾਏ ਬਹਾਏ ਸੁਣਾਏ ਭਾਣਾ ਸਹਿਣਾ । ਸਾਚਾ ਬੇੜਾ ਨਾਮ ਬਣਾਏ, ਪ੍ਰਭ ਅਬਿਨਾਸ਼ੀ ਦਇਆ ਕਮਾਏ, ਗੁਰਮੁਖ ਸਾਚੇ ਸੰਤ ਜਨਾਂ, ਮਿਲ ਮਿਲ ਅੰਤਮ ਕਲਜੁਗ ਬਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਆਪੇ ਬਣੇ ਸਾਕ ਸੱਜਣ ਸੈਣਾ । ਚੌਥੀ ਕੂਟ ਹਰਿ ਦਰ ਦਰਵਾਜੇ । ਏਕਾ ਪ੍ਰਭ ਗਰੀਬ ਨਿਵਾਜੇ । ਜਿਸ ਜਨ ਤੇਰਾ ਸਾਜਨ ਸਾਜੇ । ਜੋਤ ਸਰੂਪੀ ਜਾਮਾ ਪਾਏ, ਪ੍ਰਗਟ ਹੋਏ ਦੇਸ ਮਾਝੇ । ਸ਼ਬਦ ਸਰੂਪੀ ਡੰਕ ਵਜਾਏ, ਗੁਰਮੁਖਾਂ ਰਖਾਏ ਲਾਜੇ । ਏਕਾ ਬੰਕ ਦਵਾਰ ਸੁਹਾਏ, ਜੂਠਿਆਂ ਝੂਠਿਆਂ ਰੱਖੇ ਲਾਜੇ । ਏਕਾ ਛਤਰ ਆਪਣੇ ਸੀਸ ਝੁਲਾਏ, ਏਕਾ ਏਕ ਵਡ ਸ਼ਾਹੋ ਰਾਜਨ ਰਾਜੇ । ਚੌਥੀ ਕੂਟ ਹਰਿ ਚਰਨ ਪੁਜਾਰੀ । ਅੱਗੇ ਜੋਤ ਜਗੇ ਨਿਰੰਕਾਰੀ । ਵਰਨ ਗੋਤ ਤੋਂ ਵਸੇ ਬਾਹਰੀ । ਗੁਰਮੁਖ ਸਾਚੇ ਸਿੰਘ ਪਾਲ, ਚਰਨ ਕਵਲ ਕੇਸ ਕਰੇ ਬਹਾਰੀ । ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਸਾਚਾ ਮਾਣ ਆਪ ਦਵਾਏ, ਵਿਚ ਮਾਤ ਮਿਲੀ ਸੱਚੀ ਸਰਦਾਰੀ । ਛੋਟਾ ਮੰਦਰ ਕਾਇਆ ਤਨ ਚੁਬਾਰਾ । ਵਿਚ ਵਸੇ ਅੰਧੇਰੀ ਕੰਦਰ, ਹੱਡ ਮਾਸ ਨਾੜੀ ਪਿੰਜਰ ਬਣਿਆ ਖੇਲ ਅਪਾਰਾ । ਪਵਣ ਸਰੂਪੀ ਸਵਾਸ ਚਲਾਏ, ਸ਼ਬਦ ਸਰੂਪੀ ਦਇਆ ਕਮਾਏ, ਜੋਤ ਸਰੂਪੀ ਕਰੇ ਉਜਿਆਰਾ ।

੩੯੫ ੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਿਮਾਣਿਆਂ ਸਾਚਾ ਮਾਣਾ, ਗੁਰਮੁਖ ਸਾਚੇ ਖੜਾ ਰਹੇ ਸਦ ਤੇਰੇ ਆਤਮ ਦਰ ਦਵਾਰਾ । ਆਤਮ ਦਰ ਹਰਿ ਪ੍ਰਵਾਨ । ਖੜਾ ਰਹੇ ਬਣ ਦਰਬਾਨ । ਆਪੇ ਜਾਣੇ ਆਪਣੀ ਆਣ । ਜਨ ਭਗਤਾਂ ਰਖਾਏ ਲੋਕਮਾਤ ਮਾਣ ਤਾਣ । ਲੱਖ ਚੁਰਾਸੀ ਪੁਣ ਛਾਣ । ਨਿਹਕਲੰਕ ਕਲ ਜਾਮਾ ਪਾਇਆ, ਨਰ ਹਰਿ ਸ੍ਰੀ ਭਗਵਾਨ । ਪੰਚਮ ਪਰਮ ਪੁਰਖ ਪਰਮਾਤਮ । ਸਰਬ ਜੀਆਂ ਦੀ ਜਾਣੇ ਆਤਮ । ਕਲਜੁਗ ਜੀਵ ਹੋਏ ਬੇਹਾਲੇ ਜਗਤ ਕੰਗਾਲੇ, ਮਾਇਆ ਲੱਗੀ ਵਡ ਵਡ ਘਾਤਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਤਿ ਸਰੂਪ ਨਰ ਨਰਾਇਣ ਸੱਚਾ ਸਚ ਹਰਿ ਸਾਤਮ । ਪੰਚਮ ਦੇਵੇ ਹਰਿ ਵਡਿਆਈ । ਆਪਣੀ ਕਿਰਪਾ ਰਿਹਾ ਕਰ, ਜੋਤ ਸਰੂਪੀ ਭੇਵ ਛੁਪਾਈ । ਦਰ ਦਰ ਘਰ ਘਰ ਆਵੇ ਡਰ, ਲੱਖ ਚੁਰਾਸੀ ਮਾਨਸ ਜਨਮ ਗਈ ਹਰ, ਭੁੱਲੀ ਸਰਬ ਲੋਕਾਈ । ਗੁਰ ਸੰਗਤ ਸਾਚੀ ਗਈ ਤਰ, ਆਈ ਹਰਿ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਸਦਾ ਅਤੀਤ, ਗੁਰ ਦਰ ਢਾਹੁੰਦਾ ਜਾਏ ਮੰਦਰ ਮਸੀਤ, ਜੋਤ ਸਰੂਪੀ ਪ੍ਰਭ ਖੇਲ ਰਚਾਈ । ਆਏ ਦਰ ਸੱਚੇ ਦਰਬਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਦੇਵੇ ਮਾਣ ਸੱਚੀ ਸਰਕਾਰੇ । ਮਾਤ ਪਤਾਲ ਅਕਾਸ਼ ਤਿੰਨਾਂ ਲੋਕਾਂ ਜੈ ਜੈ ਜੈਕਾਰੇ । ਸਚਖੰਡ ਨਿਵਾਸੀ ਕੀਆ ਸਚ ਘਰ ਵਾਸ, ਅਸਥਿਲ ਸੋਹਣ ਹਰਿ ਚੁਬਾਰੇ । ਜਨ ਭਗਤਾਂ ਹੋਇਆ ਦਾਸ, ਲੋਕਮਾਤ ਹਰਿ ਜਾਮਾ ਧਾਰੇ । ਲੱਖ ਚੁਰਾਸੀ ਕਰੇ ਨਾਸ, ਸ਼ਬਦ ਸਰੂਪੀ ਵਾਜਾਂ ਮਾਰੇ । ਜਨ ਭਗਤਾਂ ਕਰੇ ਬੰਦ ਖਲਾਸ, ਦੇਵੇ ਨਾਮ ਸੱਚਾ ਅਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨੀਂਹ ਰਖਾਈ । ਅੰਮ੍ਰਿਤ ਮੀਂਹ ਵਰਖੇ ਗੁਰਮੁਖ ਸਾਚੇ ਸੰਤ ਜਨਾਂ ਆਤਮ ਠੰਡੀ ਸ਼ਾਂਤ ਕਰ, ਇਕ ਇਕਾਂਤ ਦਰਸ ਆਪਣਾ ਆਪ ਦਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਸਿੱਖਾਂ ਦੀਆ ਮਾਣ ਵਿਚ ਜਹਾਨ, ਜਗਤ ਨਿਸ਼ਾਨ ਛੇਵੇਂ ਘਰੇ ਨਾਲ ਭਗਵਾਨ, ਪਿਛੇ ਰਿਹਾ ਕਦਮ ਉਠਾਈ । ਕਵਣ ਜਾਣੇ ਹਰਿ ਤੇਰੀ ਵਡਿਆਈ । ਗੁਰਮੁਖਾਂ ਹਰਿ ਅੱਗੇ ਲਾਈ । ਪਿਛੇ ਹਰਿ ਜੀ ਸੇਵ ਕਮਾਈ । ਸਾਚਾ ਦੇਵੇ ਇਕ ਵਰ, ਨਰ ਹਰਿ ਕੋਈ ਭੁਲ ਨਾ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਹੋਏ ਸਦ ਸਹਾਈ ।



### ❈ ੧ ਹਾੜ ੨੦੧੧ ਬਿਕ੍ਰਮੀ ਕਾਕਾ ਮਨਜੀਤ ਸਿੰਘ ਦੀ ਸਮਾਧ ਦੀ ਨੀਂਹ ਰੱਖਣ ਸਮੇਂ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❈

ਧਰਤ ਮਾਤ ਤੇਰੀ ਸੁਣ ਪੁਕਾਰ । ਕਲਜੁਗ ਝੂਠੇ ਅੰਤਮ ਵਾਰ । ਬੇਮੁਖਾਂ ਹੋਏ ਮੂਧੇ ਠੂਠੇ, ਨਾ ਪਾਵੇ ਕੋਈ ਸਾਰ । ਦਰ ਘਰ ਸਾਚੇ ਕਲਜੁਗ ਜੀਵ ਰੂਠੇ, ਹੋਏ ਦੁਸ਼ਟ ਦੁਰਾਚਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਮਾਤਲੋਕ ਲਏ ਅਵਤਾਰ । ਧਰਤ ਮਾਤ ਦਏ ਦੁਹਾਈ । ਚਾਰ ਕੁੰਟ ਚਾਰੋਂ ਭੁੱਲੇ, ਲੱਗੀ ਪਾਪਾਂ ਕਾਲਖ ਛਾਹੀ । ਬੇਮੁਖ ਕਰਦੇ ਝੂਠੇ ਹੱਲੇ, ਮਾਇਆ ਰਾਣੀ ਬੱਧੀ ਪੱਲੇ, ਭੁੱਲੇ ਸਾਚਾ ਮਾਹੀ । ਲੱਗੀ ਰਹੇ ਅੱਗ ਕਾਇਆ ਕੁੱਲੇ, ਕੋਈ ਬੁਝਾਏ ਨਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜਨ ਭਗਤਾਂ ਕੱਟਣ ਆਇਆ ਜਮ ਕੀ ਫਾਹੀ । ਧਰਤ ਮਾਤ ਹਰਿ ਦਏ ਦਿਲਾਸਾ । ਏਕਾ ਦੇਵੇ ਚਰਨ ਭਰਵਾਸਾ । ਗੁਰਮੁਖ ਸਾਚੇ ਸੰਤ ਜਨ ਤੇਰੇ ਸੰਗ ਰਲਾਏ, ਹੱਥ ਫੜਾਏ ਸ਼ਬਦ ਕਾਸਾ । ਧੁਰਦਰਗਾਹੀ ਇਕ ਵਸਤ ਸਾਚੀ ਸੰਗ ਲਿਆਏ, ਜਨ ਭਗਤਾਂ ਦੇਵੇ ਕਰ ਕਰ

ਹਾਸਾ । ਨਾਮ ਰੰਗਣ ਇਕ ਚੜ੍ਹਾਏ, ਜੋਤ ਸਰੂਪੀ ਰੱਖੇ ਵਾਸਾ । ਦੂਜਾ ਦਰ ਨਾ ਮੰਗਣ ਜਾਏ, ਸ਼ਬਦ ਜਪਾਏ ਸਵਾਸ ਸਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰੀ ਗੋਦ ਬਿਠਾਏ, ਪ੍ਰਭ ਅਬਿਨਾਸ਼ੀ ਦਇਆ ਕਮਾਏ, ਛੋਟੇ ਬਾਲੇ ਲੇਖ ਲਿਖਾਏ, ਬਣ ਬਣ ਆਪ ਲਿਖਾਸਾ । ਬਣੇ ਲਿਖਾਰੀ ਲੇਖ ਹਰਿ ਜਨ ਭਗਤ ਤਰੰਦਾ । ਲੱਖ ਚੁਰਾਸੀ ਵੇਖ ਗੁਰਮੁਖ ਸਾਚੇ ਮਾਣ ਦਵੰਦਾ । ਜੋਤ ਸਰੂਪੀ ਭੇਖ ਧਰ, ਸ਼ਬਦ ਹਥੌੜਾ ਹੱਥ ਉਠੰਦਾ । ਲੱਖ ਚੁਰਾਸੀ ਵੇਖ ਕਰ, ਪੂਰੇ ਤੋਲ ਆਪ ਕਰੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰ ਸੁਹਾਏ, ਜੋਤ ਸਰੂਪੀ ਆਸਣ ਲਾਏ, ਕੋਈ ਦਿਸ ਨਾ ਆਏ ਮਦਿਰਾ ਮਾਸੀ ਪਾਪੀ ਗੰਦਾ । ਧਰਤ ਮਾਤ ਤੇਰੀ ਰੱਖੇ ਲਾਜ । ਸ਼ਬਦ ਸਰੂਪੀ ਮਾਰੇ ਵਾਜ । ਸੋਹੰ ਦੇਵੇ ਸਾਚਾ ਤਾਜ । ਆਪ ਕਰਾਏ ਹਰਿ ਜੀ ਕਾਜ । ਪ੍ਰਗਟ ਹੋਏ ਪ੍ਰਭ ਦੇਸ ਮਾਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਬਾਲੇ ਦਇਆ ਕਮਾਈ, ਸਿੰਘ ਮਨਜੀਤ ਸਾਚੀ ਸੇਵਾ ਆਪ ਲਗਾਈ, ਸ੍ਰਿਸ਼ਟ ਸਬਾਈ ਪੈ ਜਾਏ ਭਾਜ । ਛੋਟਾ ਬਾਲਾ ਜਗਤ ਨਿਮਾਣਾ । ਪ੍ਰਭ ਅਬਿਨਾਸ਼ੀ ਸਾਚਾ ਭਾਣਾ । ਸੱਤਾਂ ਦੀਪਾਂ ਨਾਮ ਉਪਜਾਣਾ । ਸੋਹੰ ਸਾਚਾ ਲੇਖ ਲਿਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਝੰਡਾ ਸ਼ਬਦ ਡੰਡਾ ਨੌਂ ਖੰਡ ਪ੍ਰਿਥਮੀ ਆਪ ਚਲਾਣਾ । ਸੱਤਾਂ ਦੀਪਾਂ ਸਤਿ ਸਤਿਵਾਦ । ਆਪ ਚਲਾਏ ਸ਼ਬਦ ਦਾਦ । ਭੇਵ ਖੁਲ੍ਹਾਏ ਬੋਧ ਅਗਾਧ । ਗੁਰਮੁਖ ਸਾਚੇ ਲਏ ਲਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨੀਂਹ ਆਪ ਰਖਾਏ ਸ੍ਰਿਸ਼ਟ ਸਬਾਈ ਰੱਖਣਾ ਯਾਦ । ਸੱਤਾਂ ਦੀਪਾ ਸਹਿਜ ਸੁਖਦਾਈ ਹੈ । ਦੇਵੇ ਨਾਮ ਸਚ ਦਾਤ, ਭਗਤ ਵਡਿਆਈ ਹੈ । ਸੋਹੰ ਸ਼ਬਦ ਸਚ ਕਰਾਮਾਤ, ਤਿੰਨਾਂ ਲੋਕਾਂ ਜੈ ਜੈ ਜੈਕਾਰ ਕਰਾਈ ਹੈ । ਏਕਾ ਵਸੇ ਹਰਿ ਇਕਾਂਤ, ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼, ਸਰਬ ਸੁਖਦਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਹਾੜ ਕਲਜੁਗ ਜੀਵਾਂ ਸਾੜ, ਜਨ ਭਗਤਾਂ ਕਰ ਵਾੜ, ਧਰਤ ਮਾਤ ਤੇਰੀ ਦਾਤ ਤੇਰੇ ਵਿਚ ਟਿਕਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਵੇਸ ਅਨੇਕ, ਜਨ ਭਗਤਾਂ ਰੱਖੀ ਟੇਕ, ਹੋਏ ਸਦਾ ਸਦਾ ਸਹਾਈ ਹੈ । ਚਿੱਟਾ ਬਾਣਾ ਸ਼ਬਦ ਕਰਾਮਾਤ ਹੈ । ਹਰਿ ਵਡਾ ਸ਼ਾਹੋ ਰਾਜ ਰਾਜਾਨਾ, ਜਨ ਭਗਤਾਂ ਦੇਵੇ ਇਕ ਸੱਚੀ ਦਾਤ ਹੈ । ਆਪੇ ਬਣੇ ਵੰਞ ਮੁਹਾਣਾ, ਕਲਜੁਗ ਅੰਧੇਰੀ ਰਾਤ ਹੈ । ਜੋਤ ਸਰੂਪੀ ਹਰਿ ਭਗਵਾਨਾ, ਸ਼ਬਦ ਚਲਾਏ ਵਿਚ ਮਾਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਲੇਖੇ ਲਾਇਆ, ਜਨ ਭਗਤਾਂ ਪੁੱਛੀ ਵਾਤ ਹੈ । ਛੋਟੇ ਬਾਲੇ ਸਚ ਦਵਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਅੱਠੇ ਪਹਿਰ ਦਿਵਸ ਰੈਣ ਰੰਗੇ ਰੰਗ ਕਰਤਾਰੇ । ਦਰਸ ਪੇਖੇ ਸਾਚੇ ਨੈਣ, ਵਸੇ ਅਚਲ ਅਟਲ ਮੁਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਵਿਚ ਸੰਸਾਰ ਤੇਰੀ ਪੈਜ ਸਵਾਰੇ । ਗੁਰ ਨਾਨਕ ਤੇਰੀ ਸਚ ਸਵਾਰੀ । ਸ਼ਬਦ ਸਰੂਪੀ ਸਚ ਉਡਾਰੀ । ਰਸਨਾ ਨਾਦ ਇਕ ਸ਼ਬਦ ਵੱਜੇ ਵਾਰੋ ਵਾਰੀ । ਨਿਹਕਲੰਕ ਪ੍ਰਭ ਅਬਿਨਾਸ਼ੀ ਪਾਈ ਸਾਰ, ਲੋਕਮਾਤ ਸੱਚੀ ਉਜਿਆਰੀ । ਸੋਹੰ ਪੱਲੇ ਬੱਧੀ ਦਾਤ, ਮਿਲਿਆ ਜੋਤ ਹਰਿ ਨਿਰੰਕਾਰੀ । ਛੋਟੇ ਬਾਲੇ ਇੰਦਰਪੁਰੀ ਕਰ ਤਿਆਰੀ । ਉਤੋਂ ਬੈਠਾ ਮਾਰ ਝਾਤ, ਕਰੋੜ ਤੇਤੀਸ ਕਰਨ ਚਰਨ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪ੍ਰਗਟ ਜੋਤ ਸਤਿਜੁਗ ਤੇਰੀ ਬੱਧੀ ਸਾਚੀ ਧਾਰੀ । ਸਤਿਜੁਗ ਬੰਨ੍ਹੇ ਸਾਚੀ ਧਾਰੀ, ਅੰਮ੍ਰਿਤ ਮੇਘ ਬਰਸਾਇੰਦਾ । ਕਿਰਪਾ ਕਰ ਹਰਿ ਗਿਰਧਾਰੀ, ਸਾਚੀ ਨੀਂਹ ਰਖਾਇੰਦਾ । ਚਾਰੋਂ ਕੁੰਟ ਫੇਰੇ ਬਹਾਰੀ, ਸਚ ਉਸਾਰੀ ਆਪ ਕਰਾਇੰਦਾ ।


੩੯੭
੦੪

ਖੁਆਰ ਹੋਏ ਨਰ ਨਾਰੀ, ਹਰਿ ਇੱਟ ਨਾਲ ਇੱਟ ਖੜਕਾਇੰਦਾ । ਲੱਖ ਚੁਰਾਸੀ ਆਈ ਭਾਰੀ, ਜੋਤ ਸਰੂਪੀ ਹਰਿ ਜਾਮਾ ਪਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਅਚਰਜ ਖੇਲ ਆਪ ਵਰਤਾਇੰਦਾ । ਜਨ ਭਗਤਾਂ ਦੇਵੇ ਸ਼ਬਦ ਉਡਾਰੀ, ਸਾਚੇ ਘੋੜੇ ਆਪ ਚੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਬੇੜਾ ਸ਼ੌਹ ਦਰਿਆਏ ਰੋੜ੍ਹ, ਜਨ ਭਗਤਾਂ ਪਾਰ ਕਰਾਇੰਦਾ । ਸਾਚੀ ਨੀਂਹ ਜਗਤ ਨਿਸ਼ਾਨ । ਸਤਿਜੁਗ ਸਾਚੇ ਸੰਤ ਜਨਾਂ, ਦਰ ਘਰ ਸਾਚੇ ਮਿਲਣਾ ਮਾਣ । ਸਾਚਾ ਦੇਵੇ ਨਾਮ ਧਨਾ, ਏਕਾ ਸ਼ਬਦ ਬਹਿ ਕੇ ਖਾਣ । ਲੱਖ ਚੁਰਾਸੀ ਵਡਾ ਜੋਧਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੰਦਰ ਆਪ ਸੁਹਾਏ ਜੋਤ ਸਰੂਪੀ ਡਗਮਗਾਨ । ਸਿੰਘ ਮਨਜੀਤ ਹਰਿ ਦਇਆ ਕਮਾਈ, ਨਾ ਕੋਈ ਜਾਣੇ ਜੀਵ ਨਾਦਾਨਾ । ਨਾ ਕੋਈ ਪਵਣ ਨਾ ਕੋਈ ਮਸਾਣਾ । ਜੋਤ ਸਰੂਪੀ ਹਰਿ ਭਗਵਾਨਾ । ਬਿਨ ਰੰਗ ਰੂਪੀ ਸਚ ਟਿਕਾਣਾ । ਹਰਿ ਵਡਾ ਸ਼ਾਹੋ ਭੂਪੀ, ਸੋਹੰ ਵਜੇ ਸਚ ਨਿਸ਼ਾਨਾ । ਸ੍ਰਿਸ਼ਟ ਸਬਾਈ ਹੋਈ ਅੰਧ ਕੂਪੀ, ਮਾਇਆ ਪੜਦਾ ਪਾਏ ਨਰ ਹਰਿ ਸ੍ਰੀ ਭਗਵਾਨਾ । ਤੇਰਾਂ ਵਿਸਾਖ ਜਨਮ ਦਵਾਇਆ, ਸੋਲਾਂ ਮੱਘਰ ਕਾਜ ਰਚਾਇਆ, ਪਹਿਲੀ ਹਾੜੀ ਮਾਣ ਦਵਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਦੇਵੇ ਸਾੜ, ਕਰੇ ਖੇਲ ਹਰਿ ਮਹਾਨਾ । ਸਤਾਰਾਂ ਹਾੜੀ ਬੰਨ੍ਹੇ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਦੇਵੇ ਵਰ, ਜੋਤ ਸਰੂਪੀ ਘਨਈਆ ਸ਼ਾਮਾ । ਕਾਹਨ ਘਨਈਆ ਹਰਿ ਬਨਵਾਰੀ । ਜੋਤ ਸਰੂਪੀ ਖੇਲ ਅਪਾਰੀ । ਕਲਜੁਗ ਤੇਰੀ ਅੰਤਮ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੇਵਾ ਲਾਏ ਦਇਆ ਕਮਾਏ, ਦਰ ਦਰਬਾਰ ਆਪ ਸੁਹਾਏ, ਮਾਨਸ ਜਨਮ ਲੇਖੇ ਲਾਏ, ਮਾਤ ਗਰਭ ਨਾ ਆਏ ਦੂਜੀ ਵਾਰੀ । ਸਿੰਘ ਮਨਜੀਤ ਮਨ ਭਇਆ ਅਨੰਦ । ਕਲਜੁਗ ਚੜ੍ਹਿਆ ਸਤਿ ਸਰੂਪੀ ਸਾਚਾ ਚੰਦ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਗੁਰ ਸੰਗਤ ਤੇਰਾ ਭਾਰ ਆਪਨੇ ਸਿਰ ਉਠਾਈ, ਖੁਸ਼ੀ ਕਰਾਏ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਆਪ ਲਿਖਾਈ, ਬੱਤੀ ਧਾਰ ਦਏ ਬਖ਼ਸ਼ਾਈ, ਮਾਤਾ ਸੀਰ ਜੋ ਲਾਇਆ ਬੱਤੀ ਦੰਦ । ਪਹਿਲੀ ਕੂਟ ਪੁਰਖ ਅਬਿਨਾਸ਼ । ਦੂਜੀ ਕੂਟ ਹਰਿ ਜੀ ਵਾਸ । ਤੀਜੀ ਕੂਟ ਸ਼ਬਦ ਅਕਾਸ਼ । ਚੌਥੀ ਕੂਟ ਏਕਾ ਗਾਏ ਰਸਨਾ ਸਵਾਸ ਸਵਾਸ । ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਅੰਤਮ ਵੇਲੇ ਜਨ ਭਗਤਾਂ ਹੋਏ ਆਪੇ ਦਾਸ । ਪਹਿਲੀ ਕੂਟੇ ਹਰਿ ਆਪੇ ਵੰਡੇ । ਦੂਜੀ ਕੂਟ ਸ਼ਬਦ ਝੰਡੇ । ਤੀਜੀ ਕੂਟ ਆਈ ਗੰਢੇ । ਚੌਥੀ ਕੂਟ ਸੁਹਾਗੀ ਕੰਤ, ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਸਚ ਸੁਹਾਗੀ ਕੰਤ ਗੁਰਮੁਖਾਂ ਮੇਲ ਮਿਲਾਇਆ ਨਾ ਹੋਏ ਕਦੇ ਰੰਡੇ । ਸਚ ਸੁਹਾਗਣ ਨਾਰ । ਗੁਰਮੁਖ ਵਿਰਲਾ ਮਿਲਿਆ ਹਰਿ ਭਤਾਰ । ਵਡ ਦਾਤਾ ਵਡ ਸੂਰਾ, ਦੋ ਜਹਾਨੀ ਕਰੇ ਪਿਆਰ । ਸ਼ਬਦ ਉਪਜਾਏ ਸਾਚੀ ਤੂਰਾ । ਪੂਰਬ ਕਰਮ ਹਰਿ ਵਿਚਾਰ । ਪਾਵੇ ਸਾਰ ਹਰਿ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰ । ਸਿੰਘ ਮਨਜੀਤ ਸਹਿਜ ਸੁਭਾਗਾ । ਮਾਤ ਧੋਇਆ ਆਪਣਾ ਦਾਗਾ । ਕਲਜੁਗ ਮੋਇਆ ਸੋਇਆ ਰੋਇਆ, ਸਤਿਜੁਗ ਸਾਚਾ ਜਾਗਾ । ਅੰਮ੍ਰਿਤ ਫਲ ਸਾਚਾ ਲਿਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਆਪ ਚੜ੍ਹਾਏ, ਆਪਣੇ ਹੱਥ ਰੱਖੇ ਵਾਗਾ । ਸ਼ਬਦ ਘੋੜੇ ਦੇਵੇ ਚਾੜ੍ਹ । ਸਿੰਘ ਮਨਜੀਤ ਪਹਿਲੀ ਹਾੜ । ਇੰਦਰਪੁਰੀ ਦਾ ਸਾਚਾ ਲਾੜ । ਕਰੋੜ ਤੇਤੀਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਦਇਆ ਕਮਾਏ, ਜੋਤ ਜਗਾਏ ਨਾੜ ਨਾੜ । ਜਗੇ ਜੋਤ ਇਕ ਅਕਾਲਣ । ਸਿੰਘ

ਮਨਜੀਤ ਤੇਰਾ ਬਾਣਾ ਪ੍ਰਭ ਅਬਿਨਾਸ਼ੀ ਭੇਖਾਧਾਰੀ, ਕਲਜੁਗ ਤੇਰੀ ਅੰਤਮ ਵਾਰੀ, ਬਣ ਕੇ ਆਇਆ ਕੀਤੀ ਖੇਲ ਜਗਤ ਨਿਆਰੀ, ਭੁੱਲੇ ਜੀਵ ਹਰਿ ਜਗਤ ਸੰਸਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਇਆ, ਨਾ ਕੋਈ ਹੱਡੀਆਂ ਜਾਏ ਉਠਾਲਣ । ਸਾਚੀ ਹੱਡੀ ਸਾਚਾ ਰੋੜਾ । ਲਹੂ ਮਿਝ ਲਹੂ ਗਾਰਾ ਜੋੜਾ । ਚਾਰੋਂ ਕੁੰਟ ਚਾਰ ਦੀਵਾਰੀ, ਸ਼ਬਦ ਸਰੂਪੀ ਫਿਰੇ ਘੋੜਾ । ਦੌੜਾ ਜਾਏ ਵਾਰੋ ਵਾਰੀ, ਹਰਿ ਬਨਵਾਰੀ ਵੇਖੀ ਜਾਏ ਮਿੱਠਾ ਕੌੜਾ । ਜੋਤ ਸਰੂਪੀ ਸ਼ਾਹ ਸਵਾਰੀ, ਪਵਣ ਸਰੂਪੀ ਨਾਮ ਅਧਾਰੀ ਧੁਰਦਰਗਾਹੀ ਏਕਾ ਪੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਘੇਰਾ ਆਪ ਰਖਾਇਆ, ਪਹਿਲੀ ਵੇਰ ਦਇਆ ਕਮਾਇਆ, ਸਾਢੇ ਤਿੰਨ ਤਿੰਨ ਹੱਥ ਨਾ ਲੰਮਾ ਨਾ ਚੌੜਾ । ਕਲਜੁਗ ਤੇਰੀ ਅੰਤ ਨਿਸ਼ਾਨੀ । ਸਾਢੇ ਤਿੰਨ ਹੱਥ ਸਾਚਾ ਰਥ ਮਹਾਨੀ । ਬੇਮੁਖਾਂ ਮਾਰੇ ਜਿਥੇ ਸ਼ਬਦ ਤੀਰ ਕਾਨੀ । ਸਰਬ ਕਲਾ ਸਮਰਥ ਏਕਾ ਜੋਤ ਵਾਲੀ ਦੋ ਜਹਾਨੀ । ਚਾਰ ਕੁੰਟ ਚਾੜ੍ਹੇ ਰੰਗ । ਚਿੱਟਾ ਲਾਲ ਸੂਹਾ ਕਾਲਾ ਜਨ ਭਗਤਾਂ ਲਿਆ ਮੰਗ । ਕਲਜੁਗ ਸਤਿਜੁਗ ਦੋਏ ਜੁੜ ਆਏ ਦੌੜ, ਸ਼ਬਦ ਘੋੜ ਪ੍ਰਭ ਸਾਚੇ ਕਸਿਆ ਤੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਕਰ ਖੁਆਰੀ ਵਾਰੀ ਵਾਰੀ ਆਪੇ ਡੰਨੇ, ਭੰਨੇ ਜਿਉਂ ਕਾਚੀ ਵੰਗ । ਕਲਜੁਗ ਕਾਲੀ ਰੈਣ ਜਗਤ ਅੰਧੇਰ ਹੈ । ਨਾਤਾ ਤੁੱਟਾ ਭਾਈ ਭੈਣ, ਚੁੱਕੀ ਮੇਰ ਤੇਰ ਹੈ । ਪ੍ਰਭ ਅਬਿਨਾਸ਼ੀ ਪਾਇਆ ਫੇਰਾ, ਆਪ ਵਹਾਏ ਉਲਟੇ ਵਹਿਣ ਹੈ । ਪ੍ਰਗਟ ਹੋਇਆ ਸਿੰਘ ਸ਼ੇਰ ਸ਼ੇਰ ਦਲੇਰ, ਬੇਮੁਖਾਂ ਨਾ ਮਿਲੇ ਰਸਨਾ ਕਹਿਣ ਹੈ । ਉਠ ਜੀਵ ਜਾਗ ਵਕਤ ਸੁਹੇਲਾ । ਦਰ ਘਰ ਸਾਚੇ ਲੱਗਾ ਭਾਗ, ਗੁਰ ਸੰਗਤ ਸਾਚਾ ਮੇਲਾ । ਹੱਥ ਪਕੜੇ ਆਪਣੇ ਵਾਗ, ਆਪੇ ਗੁਰ ਆਪੇ ਚੇਲਾ । ਘਰ ਘਰ ਉਡਦੇ ਕਾਗ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਗੁਰਮੁਖਾਂ ਦੇਵੇ ਕਲਜੁਗ ਅਵਾਜ । ਆਤਮ ਜੋਤੀ ਦੀਪ ਜਗਾਏ ਬਿਨ ਬਾਤੀ ਬਿਨ ਤੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਦਿ ਅੰਤ ਬੋਧ ਅਗਾਧੀ ਹੋਏ ਸੱਜਣ ਸੁਹੇਲਾ । ਸੱਜਣ ਸੁਹੇਲਾ ਸਾਚਾ ਮੀਤ ਹੈ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਇਕੋ ਇਕ ਸਾਚਾ ਮੇਲ ਮਿਲਾਈ, ਅਚਰਜ ਚਲਾਈ ਰੀਤ ਹੈ । ਇਕ ਥਾਂ ਬਹਾਏ ਆਪ ਬਣਾਏ ਭੈਣਾਂ ਭਾਈ, ਲੱਖ ਚੁਰਾਸੀ ਪਰਖੇ ਨੀਤ ਹੈ । ਜਨ ਭਗਤਾਂ ਪਕੜੇ ਦੋਵੇਂ ਬਾਹੀਂ, ਕਾਇਆ ਕਰੇ ਠੰਡੀ ਸੀਤ ਹੈ । ਸ਼ਬਦ ਕਰੇ ਠੰਡੀ ਛਾਈਂ, ਗੁਰਮੁਖ ਸਾਚਾ ਰੱਖੇ ਚੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਇਕ ਚਲਾਏ, ਲੱਖ ਚੁਰਾਸੀ ਦਏ ਜਗਾਏ, ਗੁਰਮੁਖ ਸਾਚੇ ਸੰਤ ਜਨਾਂ, ਮਾਨਸ ਜਨਮ ਜਾਣਾ ਜੀਤ ਹੈ । ਮਿਲਿਆ ਜਨਮ ਜਗਤ ਵਣਜਾਰਿਆ । ਚਰਨ ਕਵਲ ਕਰ ਸਾਚਾ ਹਿਤ, ਕਰ ਦਰਸ ਪ੍ਰਭ ਪਰਮ ਪੁਰਖ ਅਪਾਰਿਆ । ਜਾਮਾ ਧਾਰੇ ਨਿਤ ਨਵਿਤ, ਜਨ ਭਗਤਾਂ ਪੈਜ ਸਵਾਰਿਆ । ਨਾ ਕੋਈ ਜਾਣੇ ਵਾਰ ਥਿਤ, ਘੜੀ ਪਲ ਨਾ ਕਿਸੇ ਵਿਚਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਮਾਨਸ ਜਨਮ ਸਵਾਰਿਆ । ਮਾਨਸ ਜਨਮ ਸਵਾਰ, ਪਾਰ ਕਰਾਇੰਦਾ । ਪਾਵੇ ਸਾਚੀ ਸਾਰ, ਧਰਮ ਧਰਾਇੰਦਾ । ਦੇਵੇ ਸ਼ਬਦ ਉਡਾਰ, ਨਾਮ ਜਪਾਇੰਦਾ । ਧੁਰਦਰਗਾਹੀ ਸਾਚੀ ਮਾਰ ਅਵਾਜ, ਧੰਦੇ ਲਾਇੰਦਾ । ਸੋਲਾਂ ਮੱਘਰ ਕਰ ਸ਼ਿੰਗਾਰ, ਛੋਟਾ ਬਾਲਾ ਤੋੜ ਜਗਤ ਜੰਜਾਲਾ, ਸਿੰਘਾਸਣ ਹਰਿ ਬਿਠਾਇੰਦਾ । ਮੇਲ ਮਿਲਾਏ ਸਿੰਘ ਪਾਲਾ, ਤਿੰਨਾਂ ਲੋਕਾਂ ਆਪ ਫਿਰਾਇੰਦਾ । ਸੋਹੰ ਦਿਤਾ ਚਿੱਟਾ ਇਕ ਦੁਸ਼ਾਲਾ, ਪੜਦਾ ਉਪਰ ਆਪ ਪਾਇੰਦਾ । ਦਿਤਾ ਨਾਮ ਸੱਚਾ ਧਨ ਮਾਲਾ, ਸਾਚੀ ਗੰਢ ਬੰਨ੍ਹਾਇੰਦਾ । ਇੰਦਰਪੁਰੀ ਸਾਚੇ ਧਾਮ ਬੈਠਾਲਾ,

੩੯੯ ੦੪

ਮੋਰ ਮੁਕਟ ਸਿਰ ਟਿਕਾਇੰਦਾ । ਕਰੋੜ ਤੇਤੀਸ ਸਰਨ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਇੰਦਾ । ਦੇਵੇ ਵਰ ਹਰਿ ਸਾਚਾ ਵਰਨੀ ਵਰਨਾ । ਗੁਰਮੁਖ ਸਾਚਾ ਗਿਆ ਤਰ, ਆਏ ਪ੍ਰਭ ਸਾਚੀ ਸਰਨਾ । ਆਪ ਬਹਾਇਆ ਸਾਚੇ ਗੁਰ, ਚੁਕਾਇਆ ਮਰਨਾ ਡਰਨਾ । ਨਿਹਕਲੰਕ ਨਰਾਇਣ ਨਰ ਅਵਤਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਕਲਜੁਗ ਵਰਨਾ । ਗੁਰਮੁਖ ਤੇਰੀ ਧਾਰ, ਜਗਤ ਨਿਆਰੀ ਹੈ । ਪ੍ਰਭ ਅਬਿਨਾਸ਼ੀ ਪਾਵੇ ਸਾਰ, ਦੇਵੇ ਸ਼ਬਦ ਉਡਾਰੀ ਹੈ । ਮਾਨਸ ਜਨਮ ਨਾ ਆਏ ਹਾਰ, ਲੱਖ ਚੁਰਾਸੀ ਗੇੜ ਨਿਵਾਰੀ ਹੈ । ਬਾਹੋਂ ਪਕੜ ਕਲ ਜਾਏ ਤਾਰ, ਭਰਮ ਭੁਲੇਖਾ ਦੂਰ ਕਰਾਏ ਦੇਵੇ ਚਰਨ ਪਿਆਰੀ ਹੈ । ਸੋਲਾਂ ਕਰ ਤਨ ਸ਼ਿੰਗਾਰ, ਹਰਿ ਕਰਤਾਰ ਕਰੇ ਖੇਲ ਅਪਰ ਅਪਾਰੀ ਹੈ । ਦਰ ਘਰ ਦੇਵੇ ਸੱਚੀ ਸਰਦਾਰੀ ਹੈ । ਸਾਚਾ ਗੁਰ ਹਰਿ ਦਵਾਰਿਆ । ਗੁਰਮੁਖਾਂ ਮਿਲੇ ਵਰ, ਆਏ ਚਲ ਦਵਾਰਿਆ । ਅੰਤਮ ਭੰਡਾਰੇ ਦੇਵੇ ਭਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰਿਆ । ਸਾਚਾ ਭਾਣਾ ਸਿਰ ਤੇ ਜਰ, ਮਿਲੇ ਹੁਕਮ ਹਰਿ ਬਨਵਾਰਿਆ । ਮਾਤਲੋਕ ਨਾ ਜਾਏ ਮਰ, ਸਦਾ ਅਜੀਤਾ ਆਪ ਰਖਾ ਰਿਹਾ । ਆਪ ਨੁਹਾਏ ਅੰਮ੍ਰਿਤ ਸਾਚੇ ਸਰ, ਸਾਚੇ ਪੌੜੇ ਆਪ ਚੜ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸ਼ਬਦ ਘੋੜੇ ਆਪ ਚੜ੍ਹਾ ਰਿਹਾ । ਸ਼ਬਦ ਘੋੜੇ ਕਰ ਅਸਵਾਰ । ਮਾਤਲੋਕ ਹਰਿ ਕਰੇ ਬਾਹਰ । ਪੱਲੇ ਬੱਧੀ ਸ਼ਬਦ ਦਾਤ, ਨਾ ਆਵੇ ਪਾਸਾ ਹਾਰ । ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਬਾਲ ਅੰਞਾਣੇ, ਗੁਰ ਸੰਗਤ ਉਠਾਇਆ ਸਿਰ ਭਾਰ । ਅੱਗੇ ਲੱਗਾ ਬਾਲ ਅੰਞਾਣਾ । ਸੋਹੰ ਤਾਗਾ ਤਨ ਪਹਿਨਾਣਾ । ਕਲਜੁਗ ਮਾਇਆ ਅਗਨ ਵਿਚ ਨਾ ਦਗਾ, ਸਤਿਜੁਗ ਸਾਚਾ ਚੰਦ ਚੜ੍ਹਾਣਾ । ਬੇਮੁਖ ਹੋਏ ਬੇਮੁਹਾਣੇ, ਪ੍ਰਭ ਅਬਿਨਾਸ਼ੀ ਨਾ ਪਛਾਣਾ । ਨਾ ਕੋਈ ਦੀਸੇ ਸੁਘੜ ਸਿਆਣਾ । ਘਰ ਘਰ ਦੀਸੇ ਲੱਗੀ ਅੱਗ, ਏਕਾ ਭੁੱਲਿਆ ਹਰਿ ਭਗਵਾਨਾ । ਦੀਪਕ ਜੋਤੀ ਨਾ ਕਿਸੇ ਜਗਾ, ਨਾ ਮਿਲਿਆ ਨਾਮ ਨਿਸ਼ਾਨਾ । ਕਲਜੁਗ ਜੀਵ ਹੰਸ ਹੋਏ ਕਗਾ, ਬੇੜਾ ਹੋਏ ਬੇਮੁਹਾਣਾ । ਗੁਰਮੁਖਾਂ ਲਾਜ ਰਖਾਏ ਚਰਨ ਛੁਹਾਈ ਪੱਗਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸ਼ਬਦ ਬਬਾਣਾ । ਸ਼ਬਦ ਬਬਾਣਾ ਸਚ ਉਡਾਰਿਆ । ਗੁਰਮੁਖ ਸਾਚਾ ਜਾਵੇ ਪਹਿਲੀ ਵਾਰਿਆ । ਅੱਗੇ ਸਾਚੀ ਪਾਵੇ ਸਾਰੀ, ਨਾ ਹੋਏ ਖੁਆਰਿਆ । ਆਪ ਚੁਕਾਏ ਜਮ ਕੀ ਕਾਣ । ਜੋਤ ਸਰੂਪੀ ਮੇਲ ਮਿਲਾ ਰਿਹਾ । ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਪਹਿਲੀ ਹਾੜ ਜਨ ਭਗਤਾਂ ਕਰ ਸ਼ਬਦ ਵਾੜ, ਸ੍ਰਿਸ਼ਟ ਸਬਾਈ ਛੇੜ ਛਿੜਾ ਰਿਹਾ । ਛੇੜ ਛਿੜਾਏ ਪਹਿਲੀ ਹਾੜ, ਪ੍ਰਭ ਸਾਚਾ ਲਿਆਈ । ਲੱਖ ਚੁਰਾਸੀ ਅਗਨ ਜੋਤ ਹਰਿ ਦੇਵੇ ਸਾੜ, ਗੁਰਮੁਖ ਸਾਚੇ ਲਏ ਬਚਾਈ । ਜੋਤ ਜਗਾਏ ਬਹੱਤਰ ਨਾੜ, ਸ੍ਰਿਸ਼ਟ ਸਬਾਈ ਚਬਾਏ ਦਾੜ੍ਹ, ਸਭਨਾ ਰਿਹਾ ਭੁਲਾਈ । ਸ਼ਬਦ ਵੱਜੇ ਕਾੜ ਕਾੜ, ਚਾਰੋਂ ਤਰਫ ਉਠੇ ਧਾੜ, ਪਏ ਸਰਬ ਦੁਹਾਈ । ਬੇਮੁਖਾਂ ਦਿਨ ਆਏ ਮਾੜ, ਗੁਰਮੁਖ ਸਾਚੇ ਬਣੇ ਲਾੜ, ਪ੍ਰਭ ਅਬਿਨਾਸ਼ੀ ਸਿਹਰਾ ਸ਼ਬਦ ਪਹਿਨਾਈ । ਦਰ ਘਰ ਸਾਚੇ ਲਏ ਵਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਸੱਚੀ ਵਡਿਆਈ । ਨਾਮ ਵਡੀ ਵਡਿਆਈ ਜਗਤ ਨਿਧਾਨ । ਗੁਰ ਪੂਰੇ ਬੂਝ ਬੁਝਾਈ, ਝੁੱਲੇ ਇਕ ਸੱਚਾ ਨਿਸ਼ਾਨ । ਇਕ ਦੂਜੇ ਭਓ ਚੁਕਾਏ ਆਪ ਸ੍ਰੀ ਭਗਵਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦੇਵੇ ਮਾਣ । ਲੱਥੇ ਜਗਤ ਰੋਗ ਦੁੱਖ ਸੰਤਾਪ । ਉਤਰੇ ਕਾਇਆ ਭੁੱਖ, ਮਿਟ ਜਾਏ ਪਾਪ । ਇਕ ਉਪਜਾਏ ਸਾਚਾ ਸੁਖ, ਸੋਹੰ ਜਪਾਵੇ

ਸਾਚਾ ਜਾਪ । ਸੁਫ਼ਲ ਕਰਾਏ ਮਾਤ ਕੁੱਖ, ਦਇਆ ਕਮਾਏ ਆਪਾ ਆਪ । ਸੁਕੜੇ ਹਰੇ ਕਰਾਏ ਰੁੱਖ, ਅੰਮ੍ਰਿਤ ਮੁਖ ਚੁਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰੇ ਤੀਨੋ ਤਾਪ । ਅੰਮ੍ਰਿਤ ਮੁਖ ਚੁਆਇਆ ਠੰਡੀ ਧਾਰ ਹੈ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਪਹਿਲੀ ਹਾੜ ਦਿਵਸ ਵਿਚਾਰ ਹੈ । ਜੋ ਜਨ ਚਲ ਆਏ ਸਰਨਾਇਆ, ਮਾਨਸ ਜਨਮ ਦਏ ਸਵਾਰ ਹੈ । ਪ੍ਰਭ ਪੂਰੇ ਲੇਖੇ ਸਾਚੇ ਲਾਇਆ, ਨਾ ਕੀਆ ਕੋਈ ਉਧਾਰ ਹੈ । ਭਰਮ ਭੁਲੇਖਾ ਦੂਰ ਕਰਾਇਆ, ਸ਼ਬਦ ਘੋੜੇ ਸ਼ਾਹ ਸਵਾਰ ਹੈ । ਕਲਜੁਗ ਪੋਹ ਨਾ ਸਕੇ ਮਾਇਆ, ਚਰਨ ਪ੍ਰੀਤੀ ਦੱਸੇ ਸਾਚੀ ਧਾਰ ਹੈ । ਏਕਾ ਸਾਚਾ ਨਾਮ ਜਪਾਇਆ, ਮਾਨਸ ਜਨਮ ਜਾਏ ਸਵਾਰ ਹੈ । ਦਰ ਘਰ ਸਾਚੇ ਜਿਸ ਜਨ ਗਾਇਆ, ਤਨ ਅਫਾਰ ਸਿਰ ਦਾ ਭਾਰ ਦੇ ਮਿਟਾਇਆ, ਪ੍ਰਭ ਅਬਿਨਾਸ਼ੀ ਕਿਰਪਾ ਕਰ, ਤਾਰੇ ਨਰ ਨਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆ ਦੇਵੇ ਪੈਜ ਸਵਾਰ ਹੈ । ਸਵਾਰੇ ਪੈਜ ਗੁਰ ਗੋਪਾਲਾ । ਭਗਤ ਸਹਾਈ ਸਦਾ ਰਖਵਾਲਾ । ਘਰ ਸਾਚੇ ਮਿਲੇ ਵਡਿਆਈ, ਤੋੜੇ ਜਗਤ ਜੰਜ਼ਾਲਾ । ਕਟੀ ਜਮ ਕੀ ਫਾਹੀ, ਮਿਲਿਆ ਰਾਹ ਸੁਖਾਲਾ । ਪ੍ਰਭ ਅਬਿਨਾਸ਼ੀ ਭੁੱਲੇ ਨਾਹੀ, ਸਿੰਘ ਮਨਜੀਤ ਛੋਟਾ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਲ ਅਨਮੁਲੜਾ ਲੱਖ ਚੁਰਾਸੀ ਵਿਚੋਂ ਭਾਲਾ । ਲਾਲ ਅਨਮੁਲੜਾ ਸਾਚਾ ਹੀਰਾ । ਸੋਹੰ ਬੱਧਾ ਪ੍ਰਭ ਸਾਚੇ ਸਿਰ ਸਾਚਾ ਚੀਰਾ । ਅੰਮ੍ਰਿਤ ਸਾਚਾ ਸਿੰਚੇ, ਮੁਖ ਚੁਆਇਆ ਸਾਚਾ ਨੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਰੀ ਸੰਗ ਰਲਾਇਆ, ਕਲਜੁਗ ਬੇੜਾ ਬੰਨ੍ਹ ਵਖਾਇਆ, ਅੱਗੇ ਲਾਇਆ ਛੋਟਾ ਵੀਰਾ । ਦੇਵੇ ਮਾਣ ਜਗਤ ਨਿਮਾਣਿਆ । ਪ੍ਰਭ ਅਬਿਨਾਸ਼ੀ ਸਾਚਾ ਹਰਿ, ਜਿਸ ਜਨ ਕਲ ਪਛਾਣਿਆ । ਆਪ ਚੁਕਾਏ ਅੰਤਮ ਡਰ, ਚਲਾਏ ਸਾਚੇ ਭਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੋਰੀ ਅੰਧ ਘੋਰੀ ਆਪ ਬੰਧਾਣਿਆ । ਜੋੜਾਂ ਪੀੜਾਂ ਟੁੱਟੇ ਨਾਤਾ । ਸ਼ਬਦ ਦੇਵੇ ਹਰਿ ਸੱਚੀ ਦਾਤਾ । ਰਸਨਾ ਗਾਓ ਮਾਨਸ ਜਨਮ ਲੇਖੇ ਲਾਓ, ਸੁਫ਼ਲ ਕਰਾਓ ਕੁੱਖ ਮਾਤਾ । ਮਦਿਰਾ ਮਾਸ ਰਸਨ ਤਜਾਓ, ਮਿਲੇ ਮੇਲ ਪੁਰਖ ਬਿਧਾਤਾ । ਪ੍ਰਭ ਅਬਿਨਾਸ਼ੀ ਸਾਚਾ ਪਾਓ, ਦੇਵੇ ਸਚ ਸੁਗਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਸੇ ਸਾਚੇ ਧਾਮ, ਸਦਾ ਸਦਾ ਇਕਾਂਤ ਇਕਾਂਤਾ । ਛਦੌਣ ਮਾਈ ਪੌਣ ਡੰਕ ਵਜਾਇਆ । ਮਾਈ ਗੌਰਜਾਂ ਸੰਗ ਰਲ, ਕਿੰਗਰੇ ਕਿੰਗਰੇ ਮਰਦੰਗ ਵਜਾਇਆ । ਬਾਲ ਜਵਾਨੀ ਗਈ ਹੰਢ, ਅੰਤ ਬੁਢਾਪਾ ਆਇਆ । ਵਕਤ ਲੰਘਾਇਆ ਕਰ ਕਰ ਵਲ ਛਲ, ਸਾਚਾ ਰਾਹ ਕਿਸੇ ਹੱਥ ਨਾ ਆਇਆ । ਦੁੱਖਾਂ ਰੋਗਾਂ ਸੁਕਾਇਆ ਕਾਇਆ ਧੜ, ਪਵਣ ਸਿਰ ਹਿਲਾਇਆ । ਪਵਣ ਮਸਾਣ ਬਣਾਇਆ ਸਾਚਾ ਗੜ੍ਹ, ਘਰ ਸਾਚੇ ਆਸਣ ਲਾਇਆ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਅੰਦਰ ਵੜ, ਸ਼ਬਦ ਡੰਡਾ ਮਗਰ ਲਗਾਇਆ । ਕੋਈ ਨਾ ਸਕੇ ਅੱਗੇ ਅੜ, ਵਿਚੋਂ ਕਾਇਆ ਅੰਦਰ ਬਾਹਰ ਕਢਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਲਿਆ ਫੜ, ਮਾਨਸ ਜਨਮ ਲੇਖੇ ਲਾਇਆ । ਬਿਧਨਾ ਲਿਖੀ ਰੇਖ ਹਰਿ ਮਿਟਾਇੰਦਾ । ਦਰ ਸਾਚੇ ਲੱਗੀ ਮੇਖ, ਦਇਆ ਕਮਾਇੰਦਾ । ਜੋਤ ਸਰੂਪੀ ਧਾਰੇ ਭੇਖ, ਗਊ ਗਰੀਬ ਨਿਮਾਣਿਆਂ ਸਾਚਾ ਮਾਣ ਦਵਾਇੰਦਾ । ਪ੍ਰਭ ਅਬਿਨਾਸ਼ੀ ਚਾਰੋਂ ਕੁੰਟ ਰਿਹਾ ਵੇਖ, ਪੜਦਾ ਉਹਲਾ ਨਾ ਕੋਈ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਆ ਮਾਣ ਦਵਾਇੰਦਾ । ਖਿੱਟਾ ਰੋਗ ਕਰੇ ਨਾਸ । ਸ਼ਬਦ ਸਰੂਪੀ ਕਰੇ ਵਾਸ । ਨਾਮ ਜਪਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ੁਕਲਾ ਕਿਸ਼ਨਾ ਪੱਖ ਸੁਫ਼ਲ ਕਰਾਏ, ਦੁੱਖ

ਦਰਦ ਮਿਟਾਏ, ਹੱਡ ਨਾੜੀ ਪਿੰਜਰ ਮਾਸ । ਲੇਖਾ ਲਿਖਣਹਾਰ ਆਪੇ ਜਾਣਦਾ । ਆਪੋ ਆਪਣੀ ਵਾਰ ਸਰਬ ਪਛਾਣਦਾ । ਕਦੇ ਜਿੱਤ ਕਦੇ ਹਾਰ, ਖੇਲ ਗੁਣ ਨਿਧਾਨ ਦਾ । ਫੜ ਫੜ ਬਾਹੋਂ ਜਾਏ ਤਾਰ ਵਿਚ ਸੰਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਸ੍ਰੀ ਭਗਵਾਨ ਦਾ । ਜੋਤ ਸਰੂਪੀ ਪ੍ਰਭ ਅਬਿਨਾਸ਼ੀ ਧਾਰ ਭੇਖ, ਭਰਮ ਭੁਲੇਖਾ ਦੂਰ ਕਰਾਉਣਾ । ਆਪ ਮਿਟਾਏ ਬਿਧਨਾ ਲਿਖੀ ਰੇਖ, ਸਾਚਾ ਮਾਣ ਆਪ ਦਵਾਉਣਾ । ਆਪ ਮਿਟਾਏ ਬਿਧਨਾ ਲਿਖੀ ਰੇਖ, ਪੂਰਨ ਕਰਮ ਆਪ ਕਰਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਵਿਜੋਗਾ ਆਪੇ ਆਪ ਵਿਚ ਮਾਤ ਵਰਤਾਉਣਾ । ਬਾਲਕ ਮਾਤਾ ਸੀਰ ਬੱਤੀ ਧਾਰ ਹੈ । ਦੂਈ ਦਵੈਤੀ ਪਰਦੇ ਚੀਰ, ਪਾਵੇ ਆਪਣੀ ਸਾਰ ਹੈ । ਇਕ ਚਲਾਏ ਸ਼ਬਦ ਤੀਰ, ਪੰਜਾਂ ਚੋਰਾਂ ਰਿਹਾ ਮਾਰ ਹੈ । ਅੰਮ੍ਰਿਤ ਵਗੇ ਸੋਮਾ ਨੀਰ, ਚਲੇ ਇਕ ਫੁਹਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਬੰਨ੍ਹੇ ਤੇਰੀ ਧਾਰ ਹੈ । ਸਤਿਜੁਗ ਸਾਚੇ ਧਾਰ ਬੰਧਾਈ । ਗੁਰ ਸੰਗਤ ਰਲ ਮਿਲ ਦਿਓ ਵਧਾਈ । ਜਗੇ ਜੋਤ ਹੋਈ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਸਚ ਸਮਾਧੀ ਤੇਰੀ ਆਪ ਬਣਾਈ । ਚਾਰ ਜੁਗ ਹਰਿ ਆਪ ਵਖਾਣੇ । ਜੋਤ ਸਰੂਪੀ ਪਹਿਰੇ ਬਾਣੇ । ਕਲਜੁਗ ਭੁਲਾਏ ਰਾਜੇ ਰਾਣੇ । ਜਨ ਭਗਤਾਂ ਸੰਗ ਸਦ ਖ਼ੁਸ਼ੀਆਂ ਮਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣ ਨਿਧਾਨੇ । ਸਾਚੀ ਨੀਂਹ ਦਏ ਉਸਾਰ । ਪਹਿਲੀ ਵਾਰ ਸਤਿਜੁਗ ਤੇਰੀ ਸਾਚੀ ਧਾਰ । ਸਤਿ ਪੁਰਖ ਨਿਰੰਜਣ ਦਰਦ ਦੁੱਖ ਭੈ ਭੰਜਨ, ਦੀਆ ਵਾਰ ਚਾਰ ਕੁੰਟ ਚਾਰ ਚੁਫੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਿਰ ਆਪਣੇ ਚੁੱਕਿਆ ਭਾਰ । ਦੂਜੇ ਵਾਰ ਕਰ ਉਸਾਰੀ । ਪ੍ਰਭ ਅਬਿਨਾਸ਼ੀ ਚੜ੍ਹੇ ਖੁਮਾਰੀ । ਤਰੇਤੇ ਤੇਰੀ ਆਈ ਵਾਰੀ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਸ਼ਟ ਸੰਘਾਰੇ ਸ਼ਬਦ ਖੰਡਾ ਮਾਰੇ, ਬੈਠ ਸਚ ਅਟੱਲ ਅਟਾਰੀ । ਤੀਜਾ ਵਾਰ ਹਰਿ ਚੁਣਾਇਆ । ਸੋਹਣਾ ਮੰਦਰ ਅੰਦਰ ਆਪ ਰਖਾਇਆ । ਚਾਰ ਕੁੰਟ ਅੰਧੇਰ ਡੂੰਘੀ ਕੰਦਰ, ਦਵਾਪਰ ਦੀਪਕ ਆਪ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜੇ ਜੁਗ ਵਾਹਵਾ ਸਾਚਾ ਭਾਗ ਲਗਾਇਆ । ਚੌਥੀ ਵਾਰੀ ਚਾਰ ਦਵਾਰੀ । ਪ੍ਰਭ ਅਬਿਨਾਸ਼ੀ ਵੇਖੇ ਵਿਗਸੇ ਚਾਰੋਂ ਤਰਫ ਕਰ ਵਿਚਾਰੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਉਤੇ ਬੱਧੀ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟਾ ਘੇਰ ਆਪ ਬਣਾਏ, ਖੁਲ੍ਹਾ ਵਿਹੜਾ ਜਗਤ ਕਰਾਏ । ਕਰੇ ਖੇਲ ਅਪਾਰੀ । ਪੰਚਮ ਵਾਰ ਪਤ ਪ੍ਰਵਾਨਾ । ਸ਼ਾਮ ਵੇਦ ਹਰਿ ਬੱਧਾ ਗਾਨਾ । ਤਨ ਪਹਿਨਾਏ ਚਿੱਟਾ ਬਾਣਾ । ਸਤਿਜੁਗ ਸਾਚੇ ਵਕਤ ਸੁਹਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਜਾਣੀ ਜਾਣਾ । ਛੇਵਾਂ ਵਾਰ ਹਰਿ ਅਛੱਲ ਅਛੇਦਾ । ਆਪੇ ਜਾਣੇ ਪ੍ਰਭ ਆਪਣਾ ਭੇਦਾ । ਮਾਣ ਗਵਾਏ ਰਿਗ ਵੇਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਕਰੇ ਖੇਦਾ । ਸਤਵਾਂ ਵਾਰ ਸਹਿਜ ਸੁਭਾਗਾ । ਵੇਦ ਯੁਜਰ ਸੋਇਆ ਜਾਗਾ । ਸੱਤਾਂ ਦੀਪਾਂ ਬੱਧਾ ਸੁੱਚਾ ਧਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤ ਜੁਗਾ ਜੁਗੰਤ ਸ੍ਰਿਸ਼ਟ ਸਬਾਈ ਹੱਥ ਆਪਣੇ ਰੱਖੇ ਵਾਗਾਂ । ਅੱਠਵਾਂ ਵਾਰ ਉਠ ਉਠ ਵੇਖੇ । ਜੋਤ ਸਰੂਪੀ ਹਰਿ ਧਾਰੇ ਭੇਖੇ । ਵੇਦ ਅਥਰਬਣ ਐੜਾ ਅੱਲਾ ਨੂਰ, ਹਰਿ ਲਾਏ ਲੇਖੇ । ਸਰਬ ਕਲਾ ਭਰਪੂਰ, ਔਲੀਏ ਪੀਰ ਕੁਤਬ ਗੌਂਸ ਮਿਟਾਏ ਸ਼ੇਖ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠਵੇਂ ਵਾਰ ਕਰ ਵਿਚਾਰ, ਵੇਦ ਅਥਰਬਣ ਕਲਜੁਗ ਤੇਰੀ

ਕਾਲੀ ਧਾਰ ਮਿਟਾਏ ਰੇਖੇ । ਨੌਂਵਾਂ ਵਾਰ ਨੌਂ ਦਰ ਠਾਕ ਰਹਿੰਦਾ । ਇਕ ਬਣਾਏ ਸੋਹਣਾ ਸੁੱਚਾ ਘਰ, ਛੋਟਾ ਬਾਲਾ ਵਿਚ ਬਹਿੰਦਾ । ਨੌਂ ਖੰਡ ਪ੍ਰਿਥਮੀ ਵਿਚ ਮਾਤ ਮਾਣ ਰਖੰਦਾ । ਦਿੱਤੀ ਨਾਮ ਸ਼ਬਦ ਦਾਤ ਵਡ ਕਰਾਮਾਤ ਪੁਰੀ ਇੰਦਰ ਕਰੋੜ ਤੇਤੀਸ ਜਪੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂਵਾਂ ਵਾਰ ਨੌਂ ਦਰ ਧਰਤ ਮਾਤ ਤੇਰਾ ਇਕ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਨਜੀਤ ਤੇਰੀ ਗੋਦ ਸਾਚੇ ਆਸਣ ਲਾਇੰਦਾ । ਉਤੇ ਚਲੇ ਫੇਰ ਉਸਾਰੀ । ਕਰੇ ਖੇਲ ਹਰਿ ਗਿਰਧਾਰੀ । ਪੁਰਾਨ ਅਠਾਰਾਂ ਲੇਖ ਲਿਖਾਰੀ । ਚਾਰ ਵਰਨਾਂ ਅਠਾਰਾਂ ਬਰਨਾਂ ਬਣ ਪੁਜਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਬਣਾਏ ਸੱਚੀ ਇਕ ਅਟਾਰੀ । ਅਠਾਰਾਂ ਪੁਰਾਨ ਪੁਰਾਨ ਅਠਾਰਾਂ । ਮਿਟਦੇ ਜਾਣ ਸੰਗ ਚਾਰ ਯਾਰਾਂ । ਗੁਰਮੁਖ ਸਾਚੇ ਸੰਤ ਜਨਾਂ, ਹਰਿ ਆਤਮ ਦੇਵੇ ਸਾਚਾ ਸੀਰ ਸਾਚੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਉਸਾਰੀ ਆਪ ਕਰਾਏ ਉਤੇ ਵਾਰ ਦੇਵੇ ਅਠਾਰਾਂ । ਵਾਰ ਅਠਾਰਾਂ ਔਖੀ ਘਾਟ । ਲੱਖ ਚੁਰਾਸੀ ਜਾਏ ਪਾਟ । ਜਨ ਭਗਤਾਂ ਮਸਤਕ ਜੋਤੀ ਨਿਕਲੇ ਲਾਟ । ਸਤਿਜੁਗ ਖੁਲ੍ਹੇ ਏਕਾ ਸਾਚਾ ਹਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗਹਿਣਾ ਤਨ ਪਹਿਨਾਇਆ, ਸਿੰਘ ਮਨਜੀਤ ਸ਼ਬਦ ਪਾਟ । ਨੌਂ ਨਿਧਾਂ ਹਰਿ ਉਪਜੰਦਾ । ਅਠਾਰਾਂ ਸਿਧਾਂ ਵਸ ਕਰੰਦਾ । ਦੋਹਾਂ ਧਿਰਾਂ ਮੇਲ ਕਰ, ਏਕਾ ਬਣਤ ਰਖੰਦਾ । ਸਾਚੇ ਦਰ ਦਰਬਾਰ ਜਗਤ ਜੀਆਂ ਨੇਤਰ ਆਪ ਵਖੰਦਾ । ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਪਰਮ ਪੁਰਖ ਪਰਮੇਸ਼ਵਰ ਸ਼ਬਦ ਡੋਰੀ ਬੰਨ੍ਹ ਲਟਕਾਇਆ, ਮਾਲ ਧਨ ਅੰਦਰ ਬੰਦ ਕਰੰਦਾ । ਛੇ ਸ਼ਾਸਤਰ ਭੇਵ ਖੁਲੰਦੇ । ਛੱਤੀ ਰਾਗ ਸੰਗ ਰਲਾਉਂਦੇ । ਅੱਠੇ ਪਹਿਰ ਹਰਿ ਜੀ ਧਿਆਉਂਦੇ । ਦੋਹਾਂ ਧਿਰਾਂ ਮਿਲਿਆ ਮੇਲ, ਸਾਚਾ ਨਾਮ ਰਖਾਉਂਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਲੋਕਮਾਤ ਪਤਾਲ ਅਕਾਸ਼ ਨਿਰਗੁਣ ਸਰਗੁਣ ਰੂਪ ਏਕਾ ਧਾਮ ਵਖਾਉਂਦੇ । ਚਰਨ ਕਵਲ ਪ੍ਰਭ ਸਾਚਾ ਪਾਇਆ । ਅੰਮ੍ਰਿਤ ਆਤਮ ਸਾਚਾ ਸੀਰ ਪਿਆਇਆ । ਪ੍ਰਭ ਅਬਿਨਾਸ਼ੀ ਦਾਨਾ ਬੀਨਾ, ਸੋਹੰ ਸਾਚਾ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਕਿਰਪਾਲਾ ਆਪਣਾ ਭੇਖ ਵਟਾਇਆ । ਚਰਨ ਕਵਲ ਪਿਆਰ, ਨੌਂ ਨਿਧ ਪਾਇੰਦਾ । ਏਕਾ ਮਿਲੇ ਸਾਚੀ ਧਾਰ, ਰਿਧਾਂ ਸਿਧਾਂ ਵਸ ਕਰਾਇੰਦਾ । ਪਾਰਬ੍ਰਹਮ ਪ੍ਰਭ ਰੂਪ ਅਗੰਮ ਅਪਾਰ, ਦਿਸ ਕਿਸੇ ਨਾ ਆਇੰਦਾ । ਜੋਤ ਸਰੂਪੀ ਕਰ ਅਕਾਰ, ਵਿਚ ਸੰਸਾਰ ਹਰਿ ਦਾਤਾਰ, ਜਨ ਭਗਤਾਂ ਸਾਚੇ ਰੰਗ ਰੰਗਾਇੰਦਾ । ਦੇਵੇ ਸ਼ਬਦ ਅਧਾਰ ਹਉਮੇ ਹੰਗਤਾ ਰੋਗ ਨਿਵਾਰ, ਸਾਚੇ ਧਾਮ ਵਸਾਇੰਦਾ । ਮਾਨਸ ਜਨਮ ਨਾ ਆਵੇ ਹਾਰ, ਜੋਤੀ ਜੋਤ ਸਰੂਪ ਹਰਿ, ਆਤਮ ਜੋਤੀ ਮੇਲ ਮਿਲਾਇੰਦਾ । ਚਰਨ ਕਵਲ ਮਨ ਭਏ ਅਤੀਤਾ । ਉਪਰ ਧਵਲ ਗੁਰਮੁਖ ਸਾਚਾ ਜਾਏ ਬਲ, ਕਾਇਆ ਕਰੇ ਠੰਡੀ ਸੀਤਾ । ਜੋਤ ਸਰੂਪੀ ਹਰਿ ਮਵਲ, ਲੱਖ ਚੁਰਾਸੀ ਪਰਖੇ ਨੀਤਾ । ਗੁਰਮੁਖ ਉਪਜਾਏ ਜੋਗ ਕਮਾਏ ਸਰਨ ਲਗਾਏ, ਆਪ ਬਣਾਏ ਫੁੱਲ ਕਵਲ, ਬਣ ਬਣ ਜਾਏ ਸਾਚਾ ਮੀਤਾ । ਜੋਤੀ ਜੋਤ ਸਰੂਪ ਹਰਿ, ਮਾਤਲੋਕ ਹਰਿ ਜੋਤ ਧਰ, ਏਕਾ ਸ਼ਬਦ ਕੰਨ ਸੁਣਾਏ, ਸੋਹੰ ਸਾਚਾ ਗੀਤਾ । ਹਰਿ ਚਰਨ ਗੁਰਮੁਖ ਵਿਰਲਾ ਮਸਤਕ ਨੂਰ ਸੁਹਾਇੰਦਾ । ਜੋਤ ਸਰੂਪੀ ਧਰਨੀ ਧਰਨ, ਲੱਖ ਚੁਰਾਸੀ ਮਾਨਸ ਦੇਹੀ ਜੋੜ ਜੁੜਾਇੰਦਾ । ਨਾ ਕੋਈ ਜਣਾਵੇ ਗੋਤ ਵਰਨ, ਏਕਾ ਰੰਗਣ ਰੰਗ ਨਾਮ ਚੜ੍ਹਾਇੰਦਾ । ਨੂਰ ਨੁਰਾਨੀ ਏਕਾ ਸਾਚੀ ਜੋਤ, ਜੀਵਾਂ ਜੰਤਾਂ ਵਿਚ ਟਿਕਾਇੰਦਾ । ਜਨ ਭਗਤਾਂ ਦੁਰਮਤ ਮੈਲ ਰਿਹਾ ਧੋਤ, ਨਿਜ ਘਰ ਆਸਣ ਸਾਚੇ ਲਾਇੰਦਾ । ਬੇਮੁਖ ਘਰ ਘਰ ਰਹੇ ਰੋਤ, ਬਾਹੋਂ ਪਕੜ ਨਾ ਕੋਈ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਇਕ ਖੁਲ੍ਹਾਏ

ਸਾਚਾ ਦਰ, ਸ਼ਬਦ ਦੇਵੇ ਸਾਚਾ ਵਰ, ਗਊ ਗਰੀਬ ਨਿਮਾਣਿਆਂ ਫੜ ਫੜ ਰਾਹੇ ਪਾਇੰਦਾ । ਹਰਿ ਚਰਨ ਪ੍ਰੀਤ ਮਨ ਭਏ ਅਨੰਦਾ । ਨੇਤਰ ਨੀਰ ਹਰਿ ਸਾਚਾ ਬਰਸੇ, ਮਿਲੇ ਮੇਲ ਗੁਰ ਗੋਬਿੰਦਾ । ਪ੍ਰਭ ਅਬਿਨਾਸ਼ੀ ਕਰ ਤਰਸ, ਧਰੇ ਜੋਤ ਅੰਤ ਕਲਜੁਗ ਦਹਿੰਦਾ । ਅੰਮ੍ਰਿਤ ਆਤਮ ਮੇਘ ਰਿਹਾ ਬਰਸ, ਜਨ ਭਗਤ ਬਣਾਏ ਸਾਚਾ ਬੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਮਾਣ ਦਵਾਏ, ਸਰਨ ਲਗਾਏ ਸੁਰਪਤ ਰਾਜੇ ਇੰਦਾ । ਹਰਿ ਚਰਨ ਸਦ ਬਲਿਹਾਰੀ । ਆਦਿ ਅੰਤ ਜੁਗਾ ਜੁਗੰਤ ਸਾਧ ਸੰਤ, ਪ੍ਰਭ ਅਬਿਨਾਸ਼ੀ ਜਾਏ ਤਾਰੀ । ਮੇਲ ਮਿਲਾਵਾ ਸਾਚੇ ਕੰਤ, ਆਤਮ ਦੇਵੇ ਨਾਮ ਖੁਮਾਰੀ । ਜਗਤ ਬਣਾਏ ਸਾਚੀ ਬਣਤ, ਤਨ ਕਰੇ ਸੋਲਾਂ ਸ਼ਿੰਗਾਰੀ । ਜਗਤ ਮਹਿੰਮਾ ਸਦਾ ਅਗਣਤ, ਗੁਰਮੁਖ ਤਾਰੇ ਨਰ ਨਾਰੀ । ਕਲਜੁਗ ਤੇਰੀ ਵਾਰ ਅੰਤ, ਨਿਹਕਲੰਕ ਨਰਾਇਣ ਪ੍ਰਗਟ ਜੋਤ ਹਰਿ ਗਿਰਧਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਚਾਰ ਚੁਫੇਰੇ, ਸ਼ਬਦ ਸਰੂਪੀ ਕਰੇ ਵਾੜੀ । ਹਰਿ ਚਰਨ ਹਰਿ ਦਵਾਰ । ਗੁਰਮੁਖ ਸਾਚਾ ਸੰਤ ਜਨ, ਵਿਰਲਾ ਕਰੇ ਵਿਚਾਰ । ਸਾਚਾ ਮਿਲੇ ਨਾਮ ਧਨ, ਦੇਵੇ ਹਰਿ ਨਿਰੰਕਾਰ । ਸ਼ਬਦ ਸੁਣਾਏ ਇਕ ਕੰਨ, ਦੂਈ ਦਵੈਤੀ ਦੇਵੇ ਸਾੜ । ਭਾਂਡਾ ਭਰਮ ਦੇਵੇ ਭੰਨ, ਜੋਤ ਜਗਾਏ ਬਹੱਤਰ ਨਾੜ । ਪੰਜਾਂ ਚੋਰਾਂ ਲਾਏ ਡੰਨ, ਝੂਠੀ ਕਢਾਏ ਬਾਹਰ ਧਾੜ । ਜੋਤੀ ਜੋਤ ਸਰੂਪ ਹਰਿ, ਏਕਾ ਸ਼ਬਦ ਅੰਦਰ ਦੇਵੇ ਵਾੜ । ਨਾ ਕੋਈ ਛੱਪਰੀ ਨਾ ਕੋਈ ਛੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਏ । ਦਇਆ ਕਮਾਏ ਕਲਜੁਗ ਜੀਵ ਨਾ ਕੋਈ ਲਾਏ ਸੰਨ੍ਹ । ਹਰਿ ਚਰਨ ਹਰਿ ਨੈਣ ਮੁਧਾਰਾ । ਜੋਤ ਸਰੂਪੀ ਖੇਲ ਅਪਾਰਾ । ਨੇਤਰ ਨੈਣ ਦੋਏ ਪੇਖ, ਵੇਖੇ ਰੰਗ ਅਪਰ ਅਪਾਰਾ । ਆਪ ਭੇਵ ਖੁਲ੍ਹਾਏ ਸਾਚਾ ਭੇਖ, ਭਗਤ ਜਨਾਂ ਹਰਿ ਆਏ ਦਵਾਰਾ । ਜੋਤ ਸਰੂਪੀ ਘਰ ਘਰ ਬੈਠੇ, ਜਗਤ ਖੇਲ ਅਪਰ ਅਪਾਰਾ । ਜੋਤ ਸਰੂਪੀ ਸਚ ਵਸਤ ਹਰਿ ਝੋਲੀ ਪਾਏ, ਗੁਰਮੁਖ ਵਿਰਲਾ ਬਣੇ ਜਗਤ ਵਣਜਾਰਾ । ਹਰਿ ਚਰਨ ਜਗਤ ਰਲਾਇਆ, ਜਨ ਭਗਤਾਂ ਮੇਲ ਮਿਲਾਏ, ਪ੍ਰਭ ਅਬਿਨਾਸ਼ੀ ਪੁਰਖ ਬਿਧਾਤਾ । ਆਤਮ ਜੋਤੀ ਦੀਪ ਜਗਾਏ, ਬੈਠਾ ਦਿਸੇ ਇਕ ਇਕਾਂਤਾ । ਗੁਰਮੁਖ ਸਾਚੇ ਲਏ ਜਗਾਏ, ਆਤਮ ਮਿਟੇ ਅੰਧੇਰੀ ਰਾਤਾ । ਕਰੇ ਖੇਲ ਪ੍ਰਭ ਅਬਿਨਾਸ਼ੀ ਤ੍ਰੈਲੋਕੀ ਨਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਜਾਇਣ ਤਰ, ਚਰਨ ਧੂੜ ਲਾਗੇ ਮਾਥਾ । ਹਰਿ ਚਰਨ ਪ੍ਰਭ ਦੀ ਜੋਤੀ । ਗੁਰਮੁਖ ਗੁਰ ਏਕਾ ਗੋਤੀ । ਪ੍ਰਭ ਚਰਨ ਹਰਿ ਦਇਆ ਕਮਾਏ, ਦੁਰਮਤ ਮੈਲ ਜਾਏ ਧੋਤੀ । ਆਪ ਆਪਣੇ ਰੰਗ ਰੰਗਾਏ, ਏਕਾ ਸਾਚਾ ਸੰਗ ਰਖਾਏ, ਗੁਰ ਗੋਬਿੰਦਾ ਏਕਾ ਦਾਤ ਏਕਾ ਜੋਤੀ । ਸ਼ਬਦ ਖੰਡਾ ਆਪਣੇ ਸੰਗ ਰਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਲੱਖ ਚੁਰਾਸੀ ਆਪ ਉਠਾਏ ਸੋਤੀ । ਹਰਿ ਚਰਨ ਤੋੜੇ ਜਗਤ ਜੰਜਾਲਾ । ਹਰਿ ਚਰਨ ਆਪ ਚੜ੍ਹਾਏ ਸ਼ਬਦ ਘੋੜੇ, ਫਲ ਲਗਾਏ ਸਾਚੇ ਡਾਲਾ । ਪ੍ਰਭ ਅਬਿਨਾਸ਼ੀ ਵਾਗਾਂ ਮੋੜੇ, ਭੇਖ ਵਟਾਏ ਵੇਸ ਕਰਾਏ ਚਿੱਟਾ ਸੂਹਾ ਪੀਲਾ ਲਾਲ ਕਾਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਹਲ ਚਲਾਏ ਸੋਹੰ ਰੱਖੇ ਤਿੱਖਾ ਫਾਲਾ । ਹਰਿ ਚਰਨ ਜਗ ਸਾਚਾ ਮੰਦਰ । ਹਰਿ ਚਰਨ ਜੋਤ ਜਗਾਏ, ਪ੍ਰਭ ਸਾਚਾ ਅੰਦਰੇ ਅੰਦਰ । ਕਰੇ ਰੁਸ਼ਨਾਏ ਹਰਿ ਰਘੁਰਾਏ, ਕਾਇਆ ਡੂੰਘੀ ਕੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੰਗਲ ਜੂਹ ਉਜਾੜ ਪਹਾੜ ਜਲ ਥਲ ਵਡ ਪਤਾਲ ਕਿਸੇ ਹੱਥ ਨਾ ਆਏ ਉਚੇ ਟਿੱਲੇ, ਲੱਭ ਲੱਭ ਥੱਕੇ ਗੋਰਖ ਤੇ ਮਛੰਦਰ ।


੪੦੪
੦੪

✻ ੭ ਹਾੜ ੨੦੧੧ ਬਿਕ੍ਰਮੀ ਤੇਜ ਭਾਨ ਦੇ ਗ੍ਰਿਹਿ ਮੇਰਠ ਛਾਉਣੀ ✻

ਨਿਰਗੁਣ ਨਰ ਹਰਿ ਨਰ ਹਰੇ । ਸਰਗੁਣ ਰੂਪ ਕਰ ਅਕਾਰ, ਜੋਤ ਸਰੂਪੀ ਖੇਲ ਕਰੇ । ਭਰਮ ਭੁਲੇਖਾ ਜਗਤ ਵਿਚਾਰ, ਅਚਰਜ ਖੇਲ ਪ੍ਰਭ ਆਪ ਕਰੇ । ਲੱਖ ਚੁਰਾਸੀ ਹੋਈ ਪਾਰ, ਗੁਰਮੁਖਾਂ ਸਿਰ ਹੱਥ ਧਰੇ । ਪੂਰਬ ਕਰਮ ਕਰ ਵਿਚਾਰ, ਦੇਵੇ ਸਾਚਾ ਨਾਮ ਵਰੇ । ਪੰਜਾਂ ਤੱਤਾਂ ਮਾਰੇ ਸ਼ਬਦ ਮਾਰ, ਏਕਾ ਵਖਾਏ ਸਚ ਘਰੇ । ਜਗਾਏ ਜੋਤ ਅਪਰ ਅਪਾਰ, ਆਤਮ ਖੋਲ੍ਹ ਸਚ ਦਰੇ । ਅੰਤਮ ਅੰਤ ਨਾ ਆਏ ਹਾਰ, ਹਰਿ ਚੁਕਾਏ ਜਮ ਡਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਮ੍ਰਿਤ ਆਤਮ ਭੰਡਾਰਾ ਆਪ ਭਰੇ । ਨਿਰਗੁਣ ਹੋਇਆ ਹਰਿ ਮਿਹਰਬਾਨ । ਸਰਗੁਣ ਰੂਪ ਧਰੇ ਭਗਵਾਨ । ਦੋਹਾਂ ਜੋਤੀ ਇਕੋ ਗੋਤੀ, ਬਣੇ ਪੁਰਖ ਸੁਜਾਨ । ਲੱਖ ਚੁਰਾਸੀ ਰਹੀ ਸੋਤੀ, ਧਰੇ ਭੇਖ ਹਰਿ ਕ੍ਰਿਸ਼ਨਾ ਕਾਹਨ । ਆਪ ਮਿਟਾਏ ਵਰਨ ਗੋਤੀ, ਊਚ ਨੀਚ ਨਾ ਕੋਈ ਰੰਕ ਰਾਜਾਨ । ਜਨ ਭਗਤ ਬਣਾਏ ਸਾਚੇ ਮੋਤੀ, ਦੇਵੇ ਮਾਣ ਗੁਣ ਨਿਧਾਨ, ਵਾਲੀ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਰੂਪ ਅਗੰਮ, ਭੇਵ ਕੋਈ ਨਾ ਪਾਇੰਦਾ । ਆਵੇ ਜਾਏ ਨਾ ਜਨਮੇ ਨਾ ਜਾਏ ਮਰ, ਏਕਾ ਰੰਗ ਸਮਾਇੰਦਾ । ਏਕਾ ਵਸੇ ਸਾਚੇ ਘਰ, ਦੂਜੇ ਦਰ ਗੁਰਮੁਖ ਆਤਮ ਦਰ ਖੁਲ੍ਹਾਇੰਦਾ । ਜੋਤ ਸਰੂਪੀ ਨੂਰ ਕਰ, ਹਰਿ ਸਾਚਾ ਡਗਮਗਾਇੰਦਾ । ਆਤਮ ਖੋਲ੍ਹੇ ਸਾਚਾ ਸਰ, ਸਚ ਤੀਰਥ ਇਸ਼ਨਾਨ ਕਰਾਇੰਦਾ । ਏਕਾ ਰੂਪ ਏਕਾ ਗੋਤ ਨਰ ਹਰਿ ਹਰਿ ਨਰ, ਵਰਨ ਬਰਨ ਵਿਚ ਕਦੇ ਨਾ ਆਇੰਦਾ । ਜੋ ਜਨ ਸਾਚੀ ਸਰਨ ਗਏ ਪੜ, ਪ੍ਰਭ ਅਬਿਨਾਸ਼ੀ ਆਪ ਚੁਕਾਏ ਮਰਨਾ ਡਰਨਾ, ਲੱਖ ਚੁਰਾਸੀ ਗੇੜ ਕਟਾਇੰਦਾ । ਜਨ ਭਗਤਾਂ ਖੋਲ੍ਹੇ ਹਰਨਾ ਫਰਨਾ, ਆਪੇ ਜਾਣੇ ਆਪਣੀ ਕਰਨੀ ਕਰਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਅਕੇਲਾ ਰੰਗ ਨਵੇਲਾ ਜਗਤ ਦੁਹੇਲਾ, ਜਨ ਭਗਤਾਂ ਮੇਲਾ ਘਰ ਸਚ ਵਖਾਇੰਦਾ । ਨਿਰਗੁਣ ਰੂਪ ਨੂਰ ਜੋਤ ਅਕਾਰ ਹੈ । ਸਰਗੁਣ ਰੂਪ ਸਚ ਪਛਾਣੇ ਵਰਤੇ ਵਿਚ ਸੰਸਾਰ ਹੈ । ਸ਼ਬਦ ਦੇਵੇ ਜਗਤ ਬਬਾਣ, ਗੁਰਮੁਖ ਸਾਚਾ ਹੋਵੇ ਵਿਚ ਅਸਵਾਰ ਹੈ । ਬੇਮੁਖਾਂ ਅੰਤਮ ਆਈ ਹਾਰ, ਕਲਜੁਗ ਤੇਰੀ ਅੰਤਮ ਦਿਸੇ ਕਾਲੀ ਧਾਰ ਹੈ । ਜਗਤ ਵਿਛੋੜਾ ਸਾਚੇ ਕੰਤ, ਨਰ ਨਾਰੀ ਹੋਏ ਖੁਆਰ ਹੈ । ਭੁੱਲੇ ਫਿਰਨ ਚੇਲਾ ਗੁਰ, ਕਾਇਆ ਅਗਨ ਅੰਗਿਆਰ ਹੈ । ਗੁਰਮੁਖਾਂ ਆਤਮ ਸਦਾ ਭੁੱਖੀ, ਮਿਲੇ ਦਰਸ ਹਰਿ ਨਿਰੰਕਾਰ ਹੈ । ਅੱਠੇ ਪਹਿਰ ਰਹਿਣ ਸੁਖੀ, ਜਗੇ ਜੋਤ ਅਗੰਮ ਅਪਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜਨ ਭਗਤਾਂ ਆਏ ਚਲ ਦਵਾਰ ਹੈ । ਆਏ ਚਲ ਦਵਾਰ ਬਣ ਭਿਖਾਰੀਆ । ਪਾਵੇ ਸਾਚੀ ਸਾਰ, ਮੰਗਣ ਚਰਨ ਪਿਆਰ, ਕਲਜੁਗ ਤੇਰੀ ਅੰਤਮ ਵਾਰੀਆ । ਨਾ ਕੋਈ ਦਿਸੇ ਠਗ ਚੋਰ ਯਾਰ, ਗੁਰਮੁਖ ਸਾਚੇ ਸੰਤ ਜਨਾਂ, ਕਰ ਕਰ ਵੇਖੇ ਵਿਗਸੇ ਕਰ ਵਿਚਾਰ, ਨਰ ਹਰਿ ਹਰਿ ਨਰ ਸੱਚੀ ਸਰਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਨਾਮ ਚੜ੍ਹਾਏ, ਨਾ ਅੰਤਮ ਪਾਰਾਵਾਰਿਆ । ਜੁਗ ਜੁਗ ਬਾਣ ਭਗਤ ਗਿਰਧਾਰੀ । ਦਵਾਏ ਮਾਣ ਜਗਤ ਵਾਰੋ ਵਾਰੀ । ਧੁਰਦਰਗਾਹੀ ਸਚ ਫਰਮਾਣ, ਏਕਾ ਸ਼ਬਦ ਨਰ ਨਿਰਾਹਾਰੀ । ਕਿਰਪਾ ਕਰ ਹਰਿ ਭਗਵਾਨ, ਜਨ ਭਗਤ ਬਣਾਏ ਚਰਨ ਭਿਖਾਰੀ । ਆਦਿ ਜੁਗਾਦਿ ਨਿਰਲੇਪਿਆ । ਜਨ ਭਗਤਾਂ ਦੇਵੇ ਮਾਣ ਵਿਚ ਜਹਾਨ, ਸ਼ਬਦ ਸੁਰਤ ਕਾਇਆ ਤਨ ਲਪੇਟਿਆ । ਏਕਾ ਬਖ਼ਸ਼ੇ ਚਰਨ ਅਧਾਰੀ, ਆਤਮ ਦੇਵੇ ਬ੍ਰਹਮ ਗਿਆਨ,

ਗੁਣ ਨਿਧਾਨ ਹਰਿ ਭਗਵਾਨ, ਪਰਮ ਪੁਰਖ ਚਤੁਰ ਸੁਜਾਨ, ਸਰਬ ਜੀਆਂ ਕਰੇ ਜਾਣ ਪਛਾਣ, ਆਪੇ ਖੇਵਟ ਆਪੇ ਖੇਟਿਆ । ਜੋਤੀ ਜੋਤ ਸਰੂਪ ਹਰਿ, ਨਰ ਸਾਚਾ ਮਾਤ ਪਿਤ ਕਰੇ ਹਿਤ ਨਿਤ ਨਵਿਤ, ਜਨ ਭਗਤ ਬਣਾਏ ਸਾਚੇ ਬੇਟਿਆ । ਸਾਚਾ ਮਿਟਿਆ ਕਲ ਅੰਧਿਆਰਨ । ਪਾਏ ਨਰ ਹਰਿ ਘਰ ਸਾਚੇ ਸਾਰਨ । ਦੇਵੇ ਨਾਮ ਜਗਤ ਵਡਿਆਈ, ਤੋੜੇ ਕਿਲਾ ਆਤਮ ਹੰਕਾਰਨ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤ ਆਪ ਬਣਾਏ ਸਾਚੀ ਧਾਰਨ । ਸਾਚੀ ਧਾਰ ਜਗਤ ਚਲਾਇੰਦਾ । ਗੁਰਮੁਖਾਂ ਕਰ ਪਿਆਰ, ਮਾਣ ਦਵਾਇੰਦਾ । ਸਤਿ ਪੁਰਖ ਨਿਰੰਜਣ ਅਗੰਮ ਅਪਾਰ, ਦੀਪਕ ਜੋਤ ਇਕ ਜਗਾਇੰਦਾ । ਭਰਮ ਭੁਲੇਖਾ ਹਉਮੇ ਮਮਤਾ ਰੋਗ ਨਿਵਾਰ, ਸਾਚੇ ਲੇਖ ਲਿਖਾਇੰਦਾ । ਕਲਜੁਗ ਜੀਵ ਹੋਏ ਗਵਾਰ, ਝੂਠੇ ਧੰਦੇ ਲਾਇੰਦਾ । ਜਨ ਭਗਤਾਂ ਦੇਵੇ ਨਾਮ ਖੁਮਾਰ, ਸ਼ਬਦ ਗਹਿਣਾ ਤਨ ਪਹਿਨਾਇੰਦਾ । ਊਚ ਨੀਚ ਨਾ ਕਰੇ ਵਿਚਾਰ, ਰਾਓ ਰੰਕ ਸ਼ਾਹ ਸੁਲਤਾਨ ਵਡ ਬਲੀ ਬਲਵਾਨ, ਏਕਾ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਜੋਤ ਦੇਵੇ ਵਡਿਆਈ, ਦਰਗਹਿ ਸਾਚੀ ਸਾਚੇ ਧਾਮ ਏਕਾ ਏਕ ਬਹਾਇੰਦਾ । ਸਾਚਾ ਧਾਮ ਹਰਿ ਅਪਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਕਲਜੁਗ ਤੇਰਾ ਅੰਤਮ ਖੇਲ, ਗੁਰਮੁਖ ਸਾਚਾ ਨੇਤਰ ਪੇਖੇ, ਸ੍ਰਿਸ਼ਟ ਸਬਾਈ ਭਰਮ ਭੁਲੇਖੇ, ਹਰਿ ਪ੍ਰਭ ਲਿਖੇ ਲੇਖੇ, ਦਰ ਦਰ ਘਰ ਘਰ ਹੋਏ ਖੁਆਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਰ ਨਰਾਇਣ ਨੈਣ ਮੁਧਾਰੀ । ਮਾਇਆ ਬੰਧਨ ਜਗਤ ਹਰਿ ਬਾਧਾ, ਆਤਮ ਰਹੇ ਕੰਗਾਲ ਹੈ । ਗੁਰਮੁਖ ਵਿਰਲੇ ਪ੍ਰਭ ਅਬਿਨਾਸ਼ੀ ਲਾਧਾ, ਆਤਮ ਦੇਵੇ ਅਨਮੁਲੜਾ ਲਾਲ ਹੈ । ਰਸਨਾ ਗੁਣ ਗਹਿਰ ਗੰਭੀਰ ਹਰਿ ਸਾਚਾ ਅਰਾਧਾ, ਫਲ ਲਗਾਏ ਸਾਚੇ ਡਾਲ ਹੈ । ਜੋਤ ਸਰੂਪੀ ਮਾਧਵ ਮਾਧਾ,
੪੦੬ ਸਦ ਹੋਏ ਰਖਵਾਲ ਹੈ । ਆਪੇ ਬਖ਼ਸ਼ੇ ਪੀਆ ਖਾਧਾ, ਸਦ ਰਿਹਾ ਸੁਰਤ ਸੰਭਾਲ ਹੈ । ਸ਼ਬਦ ਚਲਾਏ ਬੋਧ ਅਗਾਧਾ, ਚਲੇ ਜਗਤ ਅਵੱਲੜੀ ੪੦੬
੦੪ ਚਾਲ ਹੈ । ਜਿਉਂ ਕ੍ਰਿਸ਼ਨਾ ਜਾਦਵ ਜਾਦਾ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਕਰੇ ਮਾਲਾ ਮਾਲ ਹੈ । ਜਗਤ ਮਾਇਆ ਅੰਧੇਰੀ ਰੈਣ । ਅੱਠੇ ੦੪
ਪਹਿਰ ਦਿਵਸ ਰੈਣ, ਮਨਮੁਖਾਂ ਖਾਏ ਬਣ ਬਣ ਡੈਣ । ਆਤਮ ਰਹੇ ਧੂੰਆਂਧਾਰ, ਨਾ ਕੀਆ ਲੈਣ ਦੇਣ । ਪ੍ਰਭ ਦਰ ਸਾਚੇ ਏਕਾ ਮਿਲੇ ਆਤਮ ਸੁਖਾ, ਦਰਸ ਦਿਖਾਏ ਤੀਜੇ ਨੈਣ । ਸੁਫ਼ਲ ਕਰਾਏ ਮਾਤ ਕੁੱਖਾ, ਆਪੇ ਬਣੇ ਸਾਕ ਸੈਣ । ਇਕ ਰਲਾਏ ਸੁੱਖਾ ਰੁੱਖਾ, ਗੁਰਮੁਖ ਨਾ ਪਏ ਡੂੰਘੇ ਵਹਿਣ । ਲਹਿਣਾ ਦੇਣਾ ਜਗਤ ਅਪਾਰਾ । ਭਾਣਾ ਸਹਿਣਾ ਹਰਿ ਗਿਰਧਾਰਾ । ਗੁਰ ਸੰਗਤ ਸਾਚੀ ਮਿਲ ਮਿਲ ਬਹਿਣਾ, ਨਰ ਨਾਰੀ ਚਰਨ ਪਿਆਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਤਾਣ ਵਿਚ ਜਹਾਨ ਦਵਾਏ, ਸੋਹੰ ਸ਼ਬਦ ਗੁਰਮੁਖ ਬੰਨ੍ਹੇ ਸਿਰ ਦਸਤਾਰਾ । ਸੋਹੰ ਸ਼ਬਦ ਸਿਰ ਸਾਚਾ ਚੀਰਾ । ਲਾਲ ਅਨਮੁਲੜਾ ਗੁਰਮੁਖ ਸਾਚਾ ਹੀਰਾ । ਏਕਾ ਰੰਗ ਰੰਗਣਾ ਹਰਿ ਰੰਗ, ਜਿਉਂ ਰਵਿਦਾਸ ਚੁਮਾਰੇ ਗੰਗਾ ਕਸੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਧੀਰਜ ਯਤ ਤੱਤ ਸਤਿ ਸਤਿ ਲਿਖਾਏ ਅੰਮ੍ਰਿਤ ਪਿਆਏ ਸਾਚਾ ਸੀਰਾ । ਅੰਮ੍ਰਿਤ ਸਾਚਾ ਸੀਰ ਹਰਿ ਮੁਖ ਲਗਾਏ । ਦੂਈ ਦਵੈਤੀ ਸ਼ਰਅ ਸ਼ਰਾਇਤੀ, ਹਉਮੇ ਕੱਢੇ ਵਿਚੋਂ ਪੀੜ, ਜਗਤ ਤ੍ਰਿਸ਼ਨਾ ਭੁੱਖ ਗਵਾਏ । ਨਾ ਵੇਖੇ ਹਸਤ ਕੀੜ, ਏਕਾ ਰੰਗ ਸਰਬ ਸਮਾਏ । ਵੇਲੇ ਅੰਤਮ ਕਟੇ ਭੀੜ, ਜਨ ਭਗਤਾਂ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੱਧੀ ਕਲਜੁਗ ਬੀੜ, ਬੇੜਾ ਆਪਣੇ ਕੰਧ ਉਠਾਏ । ਆਪਣੇ ਕੰਧ ਚੁੱਕੇ ਹਰਿ ਭਾਰ । ਜੋਤ ਸਰੂਪੀ ਜਾਮਾ ਧਾਰ । ਮਾਤਲੋਕ ਹਰਿ ਜਾਮਾ ਪਾਇਆ, ਚਿੱਟੇ ਅਸਵ ਹੋ

ਅਸਵਾਰ । ਸੋਹੰ ਸ਼ਬਦ ਸੰਗ ਲਿਆਇਆ, ਦੋਵੇਂ ਰਖੀਆਂ ਤਿੱਖੀਆਂ ਧਾਰ । ਨਾਮ ਖ਼ੁਮਾਰੀ ਰੰਗ ਰੰਗਾਇਆ, ਪੰਚਮ ਜੇਠ ਕਰ ਵਿਚਾਰ । ਸਦਾ ਸਦਾ ਅੰਗ ਸੰਗ ਹੋਏ ਸਹਾਇਆ, ਜਨ ਭਗਤ ਨਾ ਡੁੱਬੇ ਵਿਚ ਮੰਝਧਾਰ । ਵਡ ਸੂਰਾ ਸਰਬੰਗ ਆਪ ਅਖਵਾਇਆ, ਆਪੇ ਨੈਣ ਮੁੰਧਾਰ । ਸ਼ਬਦ ਘੋੜੇ ਹਰਿ ਤੰਗ ਕਸਾਇਆ, ਚਾਰ ਕੁੰਟ ਮਾਰੇ ਇਕ ਉਡਾਰ । ਲੱਖ ਚੁਰਾਸੀ ਕਾਚੀ ਵੰਗ ਹਰਿ ਭੰਨ ਵਖਾਇਆ, ਦਰ ਦਰ ਹੋਏ ਖ਼ੁਆਰ । ਗੁਰਮੁਖਾਂ ਭੁੱਖ ਨੰਗ ਗਵਾਇਆ, ਅੰਮ੍ਰਿਤ ਆਤਮ ਭਰੇ ਭੰਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਆਪੇ ਜਾਣੇ, ਆਦਿ ਜੁਗਾਦੀ ਸਦ ਬ੍ਰਹਿਮਾਦੀ, ਸ਼ਬਦ ਅਨਾਦੀ ਵੇਖੇ ਵਾਰੋ ਵਾਰ । ਜਨਮੇ ਜਨਮ ਜਨਮ ਬਹੁ ਭਰਮੇ । ਏਕਾ ਹਰਿ ਸਰਬ ਜੀਆਂ ਦੇ ਜਾਣੇ ਕਰਮੇ । ਨਾ ਕੋਈ ਜਾਣੇ ਜੀਵ ਗਵਾਰ, ਏਕਾ ਏਕ ਸਾਚਾ ਧਰਮੇ । ਅੰਤਮ ਹੋਏ ਤਨ ਸਵਾਹ, ਏਕਾ ਜੋਤ ਆਤਮ ਬ੍ਰਹਮੇ । ਚਾਰੋਂ ਕੁੰਟ ਕਲਜੁਗ ਤੇਰੀ ਤੁਟੀ ਬਾਂਹ, ਕਲਜੁਗ ਜੀਵ ਹੋਏ ਨਿਕਰਮੇ । ਕਿਸੇ ਮਿਲੇ ਨਾ ਕੋਈ ਥਾਂ, ਜੂਠੇ ਝੂਠੇ ਭਰਮੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ, ਨਾ ਮਰੇ ਨਾ ਮਰ ਮਰ ਜਨਮੇ । ਜਨਮ ਮਰਨ ਹਰਿ ਗੇੜਾ ਕਟੇ ਸਾਚੇ ਸਰ ਸਰੋਵਰ ਆਤਮ ਇਸ਼ਨਾਨ ਕਰਾਏ, ਨਾ ਕੋਈ ਤੀਰਥ ਨਾ ਕੋਈ ਤਟੇ । ਏਕਾ ਜੀਆ ਦਾਨ ਦਵਾਏ ਵਸੇ ਘਟ ਘਟੇ । ਏਕਾ ਨਾਮ ਨਿਸ਼ਾਨ ਝੁਲਾਏ, ਲੱਖ ਚੁਰਾਸੀ ਆਤਮ ਫਟੇ । ਜਨ ਭਗਤਾਂ ਸ਼ਬਦ ਬਬਾਣ ਚੜ੍ਹਾਏ, ਆਤਮ ਜੋਤ ਜਗਾਏ ਲਟ ਲਟੇ । ਗੁਣ ਨਿਧਾਨ ਹਰਿ ਦਇਆ ਕਮਾਏ, ਵਿਰਲਾ ਗੁਰਮੁਖ ਦਰ ਘਰ ਸਾਚੇ ਲਾਹਾ ਖੱਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਦਾਤ ਹਰਿ ਝੋਲੀ ਪਾਏ, ਭਾਗ ਲਗਾਏ ਝੂਠੀ ਕਾਇਆ ਮੱਟੇ । ਝੂਠੀ ਕਾਇਆ ਮਿਟੀ ਕੱਚੀ ਵੰਗ । ਲੱਖ ਚੁਰਾਸੀ ਆਤਮ ਹੋਈ ਭੰਗ । ਮਾਇਆ ਰਾਣੀ ਅੰਕ ਸਹੇਲੀ ਜਗਤ ਦੁਹੇਲੀ, ਨਾ ਦੇਣਾ ਸਾਚਾ ਸੰਗ । ਸਦ ਵਸੇ ਇਕ ਅਕੇਲੀ, ਦਿਖਾਏ ਆਪਣਾ ਰੰਗ । ਜਨ ਭਗਤਾਂ ਮੇਲ ਹਰਿ ਸਾਚਾ ਮੇਲੀ, ਮਾਨਸ ਜਨਮ ਨਾ ਹੋਏ ਭੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਕਲ ਜਾਮਾ ਧਾਰ, ਜੋਤ ਸਰੂਪੀ ਕਰ ਅਕਾਰ, ਕਰੇ ਖੇਲ ਵਡ ਦਾਤਾ ਸੂਰਾ ਸਰਬੰਗ । ਨੂਰ ਨੁਰਾਨੀ ਜੋਤ ਇਕਾਗਰ । ਆਪ ਜਗਾਏ ਦਇਆ ਕਮਾਏ, ਮਿੱਟੀ ਕਾਚੀ ਗਾਗਰ । ਅੰਮ੍ਰਿਤ ਸਰ ਸਰੋਵਰ ਵਗਾਏ ਨੀਰ, ਸਾਚਾ ਦਇਆ ਨਿਦ ਵਡ ਸਾਚੇ ਸਾਗਰ । ਸਤਿਜੁਗ ਸਾਚੀ ਨੀਂਹ ਰਖਾਏ, ਛੋਟਾ ਬਾਲਾ ਅੱਗੇ ਲਾਏ, ਪ੍ਰਭ ਅਬਿਨਾਸ਼ੀ ਆਪ ਦਇਆ ਕਮਾਏ, ਨਿਰਮਲ ਕਰਮ ਕਰੇ ਉਜਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਤੇਜ ਆਪ ਕਰਾਏ, ਸ਼ਬਦ ਸਰੂਪੀ ਹੱਟ ਖੁਲ੍ਹਾਏ, ਗੁਰਮੁਖ ਵਿਰਲਾ ਬਣੇ ਸੁਦਾਗਰ । ਚਾਰ ਵਰਨ ਜਗਤ ਵਣਜਾਰੇ । ਦਰ ਦਰਵੇਸ਼ੀ ਬ੍ਰਹਮਾ ਵਿਸ਼ਨ ਮਹੇਸ਼, ਜੋਤ ਸਰੂਪੀ ਨੈਣ ਮੁਧਾਰੇ । ਗਣਪਤ ਗਣੇਸ਼ੀ ਰਿਖੀ ਰਖੇਸ਼ੀ, ਮਨੀ ਮਨੇਸ਼ੀ ਚਰਨ ਪਧਾਰੇ । ਦਰ ਦਰਵੇਸ਼ ਜੋਤ ਪ੍ਰਵੇਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਪਰ ਅਪਾਰੇ । ਕਾਇਆ ਜਗਤ ਜੰਜ਼ਾਲਾ, ਝੂਠਾ ਧਨ ਮਾਲਾ, ਵੱਜਾ ਹੰਕਾਰੀ ਜੰਦਰ । ਨਾ ਕੋਈ ਹੋਏ ਵਿਚ ਦਲਾਲਾ, ਅੱਠੇ ਪਹਿਰ ਆਤਮ ਦਿਸੇ ਕੰਗਾਲਾ, ਦਹਿ ਦਿਸ਼ ਉਠ ਧਾਏ, ਜਿਉਂ ਦਰ ਦਰ ਭੌਂਦੇ ਬੰਦਰ । ਏਕਾ ਹਰਿ ਸੱਚਾ ਵੇਲੇ ਅੰਤਮ ਹੋਏ ਸਹਾਇਆ, ਜੋਤ ਜਗਾਏ ਜਨ ਭਗਤਾਂ ਕਾਇਆ ਆਤਮ ਸਾਚੇ ਅੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਟਾਏ ਅੰਧੇਰ ਡੂੰਘੀ ਕੰਦਰ । ਹਰਿ ਚੁਕਾਏ ਮੂਲ ਵਕਤ ਸੁਹਾਇੰਦਾ । ਜੁਗ ਜੁਗ ਨਾ ਜਾਏ ਭੂਲ, ਜਨ ਭਗਤਾਂ ਸੰਗ

ਨਿਭਾਇੰਦਾ । ਬਣ ਸ਼ੰਕਰ ਸ਼ਿਵ ਤ੍ਰਿਸੂਲ, ਦੁਸ਼ਟਾਂ ਮਾਰ ਮਿਟਾਇੰਦਾ । ਹਰਿ ਸਾਚਾ ਕੰਤ ਕੰਤੂਹਲ, ਰਾਮ ਰਮਈਆ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਕਾਹਨ ਘਨਈਆ ਭੇਖ ਵਟਾਇੰਦਾ । ਭੇਖ ਧਰ ਸ੍ਰੀ ਭਗਵਾਨਾ । ਨੈਣ ਮੁਧਾਰੀ ਸਾਚਾ ਕਾਹਨਾ । ਲੱਖ ਚੁਰਾਸੀ ਵੇਲੇ ਦਵਾਪਰ, ਆਪਣੀ ਹੱਥੀਂ ਬੱਧਾ ਗਾਨਾ । ਜੋਤੀ ਜੋਤ ਸਰੂਪ ਹਰਿ, ਆਪੇ ਖੇਲ ਕਰੇ ਕਾਹਨਾ । ਕਾਹਨ ਘਨਈਆ ਰਾਮ ਮੁਰਾਰੀ । ਕਰੇ ਖੇਲ ਅਪਰ ਅਪਾਰੀ । ਏਕਾ ਘਰ ਏਕਾ ਦਰ, ਵੇਖ ਵਿਚਾਰੇ ਪਾਵੇ ਸਾਰੀ । ਘਰ ਸਾਚੇ ਜਾਣ ਤਰ, ਪ੍ਰਭ ਚਰਨ ਸਰਨ ਨਿਰੰਕਾਰੀ । ਆਪਣਾ ਕਰਮ ਅੰਤਮ ਜਾਣ ਹਰ । ਆਤਮ ਭਰਿਆ ਇਕ ਹੰਕਾਰੀ । ਦਰੋਣਾ ਚਾਰਜ ਸਾਚਾ ਗੁਰ, ਦੋਹਾਂ ਕਿਰਪਾ ਰਿਹਾ ਧਾਰੀ । ਦਰੋਣਾ ਗੁਰ ਵਡ ਬਲਵਾਨ । ਦੋਹਾਂ ਧਿਰਾਂ ਫੜ ਫੜ ਸਿੱਧਾ ਦੱਸੇ ਇਕ ਨਿਸ਼ਾਨ । ਆਪੇ ਗਜ ਆਪੇ ਗ੍ਰਿਹਿ, ਕਰੇ ਖੇਲ ਹਰਿ ਭਗਵਾਨ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਚੁਕਾਏ ਅੰਤਮ ਜਮ ਕੀ ਕਾਨ । ਆਤਮ ਕਢੇ ਵਡ ਹੰਕਾਰ, ਵੇਖੇ ਖੇਲ ਕ੍ਰਿਸ਼ਨ ਮੁਰਾਰੀ । ਦਵਾਪਰ ਤੇਰੀ ਅੰਤਮ ਵਾਰੀ । ਵੇਖੇ ਖੇਲ ਕ੍ਰਿਸ਼ਨ ਮੁਰਾਰੀ । ਰੱਖੇ ਇਕ ਚਰਨ ਪਿਆਰੀ । ਦਰ ਦਰਯੋਧਨ ਆਤਮ ਹੰਕਾਰੀ । ਦੇਵੇ ਬਿਦਰ ਸੱਚੀ ਸਰਦਾਰੀ । ਬਿਪਰ ਸੁਦਾਮਾ ਹਰਿ ਜੀ ਤਾਰੀ । ਦਰੋਪਤ ਨਾਰ ਨਾ ਹੋਏ ਖੁਆਰੀ । ਦੁਰਬਾਸ਼ੇ ਤਨ ਕਰੇ ਖ਼ੁਮਾਰੀ । ਅੰਤਮ ਡਿੱਗਾ ਪ੍ਰਭ ਚਰਨ ਦਵਾਰੀ । ਪੰਜੇ ਪਾਂਡੋ ਪੈਜ ਰਖਾਰੀ । ਸ੍ਰੀ ਨਰ ਹਰਿ ਹਰਿ ਨਰ ਗਿਰਧਾਰੀ । ਦੁਰਬਾਸ਼ੇ ਹੰਕਾਰ ਨਾ ਭਾਵੇ, ਏਕਾ ਪਾਸਾ ਦਿਸੇ ਹਾਰੀ । ਏਕਾ ਸੋਹਣ ਬਿਦਰ ਚੁਬਾਰੇ, ਏਕਾ ਕੁੱਲੀ ਸੁੱਤਾ ਪੈਰ ਪਸਾਰੀ । ਆਪ ਸੁਹਾਏ ਸਾਚੀ ਰੁੱਤੇ, ਕਵਲ ਨੈਣ ਨੈਣ ਮੁਧਾਰੀ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰੀ । ਦਰੌਣਾ ਚਾਰਜ ਵਡ ਵਡ ਹੰਨਤਾ । ਦੋਹਾਂ ਬਣਾਏ ਸਾਚੀ ਬਣਤਾ । ਕਰਾਏ ਖੇਲ ਮਿਲਾਏ ਮੇਲ, ਪ੍ਰਭ ਅਬਿਨਾਸ਼ੀ ਸਾਚਾ ਕੰਤਾ । ਅੰਤਮ ਲਾਏ ਧਕੇਲ, ਧਰਮ ਰਾਏ ਦੀ ਘੱਲੇ ਜੇਲ੍ਹ, ਬੇਮੁਖ ਜੀਵ ਝੂਠੇ ਜੰਤਾ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਆਦਿਨ ਅੰਤਾ । ਅਗੰਮ ਅਪਾਰੀ ਖੇਲ ਕਰਾਇੰਦਾ । ਵਡ ਸੰਸਾਰੀ ਭੇਵ ਛੁਪਾਇੰਦਾ । ਜੂਏ ਬਾਜੀ ਪਾਂਡੋ ਹਾਰੀ, ਨਗਨ ਨਾਰ ਮਾਣ ਦਵਾਇੰਦਾ । ਦਰਯੋਧਨ ਪਾਸਾ ਆਇਆ ਹਾਰੀ, ਪੈਜ ਆਪਣੇ ਹੱਥ ਰਖਾਇੰਦਾ । ਦੋਹਾਂ ਧਿਰਾਂ ਵਾਰੋ ਵਾਰੀ, ਆਪੇ ਮੇਟੇ ਮੇਟ ਮਿਟਾਇੰਦਾ । ਬਣੇ ਸਾਰਥੀ ਹਰਿ ਗਿਰਧਾਰੀ, ਵਾਹ ਵਾਹ ਸੋਹਣਾ ਰੱਥ ਚਲਾਇੰਦਾ । ਏਕਾ ਭਗਤ ਕਰੇ ਅਸਵਾਰੀ, ਆਪ ਅਰਜਨ ਨਾਮ ਰਖਾਇੰਦਾ । ਗਿਆਰਾਂ ਕਸ਼ੂਣੀਆਂ ਲੈਣੀ ਰੱਖ, ਸੱਤਾਂ ਸੰਗ ਲੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸੰਗ ਸਮਾਇੰਦਾ । ਦਰਯੋਧਨ ਅੰਤਮ ਆਈ ਹਾਰ । ਸੱਥਰ ਲੱਥੇ ਭਾਈ ਕਰਨ ਦਰੋਣਾ ਸੱਚੇ ਯਾਰ । ਵੇਲੇ ਅੰਤ ਨਾ ਕੋਈ ਸਹਾਈ, ਰੈਣ ਅੰਧੇਰੀ ਸਿਰ ਅੰਤਮ ਛਾਈ, ਨਾ ਕਠੇ ਅਸਵਾਰ । ਅਸੱਥਾਮਾ ਮਾਇਆ ਰੁਲਾ, ਦਰਯੋਧਨ ਹਾਹਾਕਾਰ ਸੁਣਾਈ, ਦਰੋਣਾ ਸੁਤ ਸੁਣੇ ਪੁਕਾਰ । ਪਕੜ ਉਠਾਵੇ ਦੋਵੇਂ ਬਾਹੀਂ, ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰ । ਅਸੱਥਾਮੇ ਕਿਰਪਾ ਧਾਰੀ । ਦਰਯੋਧਨ ਉਠਾਇਆ ਵਡ ਹੰਕਾਰੀ । ਤਖ਼ਤ ਤਾਜ ਨਾ ਕੋਈ ਦੀਸੇ, ਜਗਤ ਮਿਟ ਗਈ ਯਾਰ ਯਾਰੀ । ਏਕਾ ਮੌਤ ਆਈ ਹਿੱਸੇ, ਦਰ ਘਰ ਸਾਚੇ ਹੋਏ ਖ਼ਵਾਰੀ । ਆਪਣਾ ਭੇਵ ਕਿਸੇ ਦੱਸੇ ਨਾ, ਜੰਗਲ ਜੂਹ ਵਿਚ ਪਹਾੜੀ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਕਰੇ ਖੇਲ ਭਾਰਤ ਵਰਸ਼, ਜੁਗ ਦਵਾਪਰ ਪਹਿਲੀ ਹਾੜੀ । ਦਰਯੋਧਨ ਕਰੇ ਪੁਕਾਰ, ਨੀਰ ਵਹਾਇੰਦਾ । ਅੰਤਮ ਆਈ ਹਾਰ, ਤਖ਼ਤ ਤਾਜ ਗਵਾਇੰਦਾ । ਪੰਜੇ ਪਾਂਡੋ ਹੋਏ ਬਲਕਾਰ, ਸਿਰ ਹੱਥ ਕ੍ਰਿਸ਼ਨ ਰਖਾਇੰਦਾ । ਨਾ ਕੋਈ ਦੀਸੇ ਸਿਪਾਹ ਸਲਾਰ,

ਸਭ ਖ਼ਾਕੀ ਖ਼ਾਕ ਮਿਲਾਇੰਦਾ । ਅਸੱਥਾਮੇ ਕਰ ਵਿਚਾਰ, ਤੇਰੀ ਚਰਨੀ ਸੀਸ ਨਿਵਾਇੰਦਾ । ਪੰਜੇ ਪਾਂਡੋ ਏਕਾ ਧਾਰ, ਆਪਣੀ ਹੱਥੀਂ ਮਾਰ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਜੁਗਾਂ ਜੁਗਾਂ ਦੀ ਸਾਚੀ ਬਾਣ ਆਪਣੀ ਆਪ ਚਲਾਇੰਦਾ । ਅਸੱਥਾਮਾ ਦਏ ਦਿਲਾਸਾ । ਦਰਯੋਧਨ ਉਠੇ ਕਰ ਕਰ ਹਾਸਾ । ਹਰਿ ਜੀ ਵੇਖੇ ਜਗਤ ਤਮਾਸ਼ਾ । ਮੌਤ ਲਾੜੀ ਜਗਤ ਦੁਹਾਗਣ, ਘਰ ਘਰ ਫਿਰਦੀ ਮੂਲ ਨਾ ਡਰਦੀ, ਹੱਥ ਵਿਚ ਫੜਿਆ ਕਾਸਾ । ਜੋਤੀ ਜੋਤ ਸਰੂਪ ਹਰਿ, ਆਪਣਾ ਖੇਲ ਆਪੇ ਜਾਣੇ ਸ੍ਰਿਸ਼ਟ ਸਬਾਈ ਕਰੇ ਨਾਸਾ ਅਸੱਥਾਮੇ ਕਿਰਪਾ ਧਾਰੀ । ਆਏ ਚਲ ਗਨਪਤ ਦਵਾਰੀ । ਸ਼ਿਵ ਸ਼ੰਕਰ ਵਿਚੋਂ ਆਇਆ ਬਾਹਰੀ । ਵੱਜਾ ਸੰਖ ਨਾਦ ਧੁਨ ਅਪਾਰੀ । ਹੱਥ ਤ੍ਰਸੂਲ ਨੀਲ ਕੰਠ ਫੜੀ, ਕਰੇ ਖੇਲ ਅਪਾਰੀ । ਹੋਇਆ ਯੁਧ ਢਾਈ ਘੜੀ, ਅਸੱਥਾਮਾ ਵਡ ਬਲਧਾਰੀ । ਜੋਤੀ ਜੋਤ ਸਰੂਪ ਹਰਿ, ਆਪ ਮਿਟਾਏ ਸਲ ਭਾਰੀ । ਸ਼ਿਵ ਸ਼ੰਕਰ ਹੋਏ ਦਿਆਲਾ । ਅਸੱਥਾਮਾ ਮੰਗੇ ਵਰ, ਦੇਵੇ ਵਰ ਗੁਰ ਗੋਪਾਲਾ । ਨਾ ਜਨਮੇ ਨਾ ਜਾਏ ਮਰ, ਪ੍ਰਭ ਅਬਿਨਾਸ਼ੀ ਹੋਏ ਰਖਵਾਲਾ । ਸਾਚਾ ਮੰਗ ਵਰ ਬਾਣ ਚਲਾਏ, ਰੈਣ ਅੰਧੇਰੀ ਹੋਏ ਜੰਗ ਨਾ ਕੋਈ ਹਟਾਇੰਦਾ । ਲਹੂ ਮਿਝ ਵਗੀ ਗੰਗ, ਤਿੰਨ ਕਸ਼ੂਣੀਆਂ ਮਾਰ ਮੁਕਾਇੰਦਾ । ਦਰੋਪਤ ਸੁਤ ਪੰਜ, ਅੰਗ ਅੰਗ ਕਟ ਵਖਾਇੰਦਾ । ਏਕਾ ਏਕ ਬਲਧਾਰ ਕਰ ਵਿਚਾਰ, ਦਰਯੋਧਨ ਹੰਕਾਰੀ ਅੱਗੇ ਆਣ ਟਿਕਾਇੰਦਾ । ਵੇਖ ਵਿਚਾਰ ਅੰਤਮ ਆਈ ਹਾਰ, ਬੇੜਾ ਪਾਪ ਬੰਨ੍ਹ ਲਿਆਇੰਦਾ । ਜੋਤੀ ਜੋਤ ਸਰੂਪ ਹਰਿ, ਇਕ ਵਖਾਏ ਸ਼ਬਦ ਦਮਾਮੇ ਆਤਮ ਚੋਟ ਲਗਾਇੰਦਾ । ਮਿਟੀ ਰੈਣ ਭਹਿਆ ਸਵੇਰਾ । ਚਾਰੋਂ ਕੁੰਟ ਪੈਣ ਵੈਣ, ਉਲਟਾ ਗਿੜਿਆ ਗੇੜਾ । ਦਰੋਪਤ ਸੁਤ ਨਾ ਦਿਸੇ ਨੈਣ, ਏਕਾ ਚਲਿਆ ਸਾਚਾ ਝੇੜਾ । ਏਕਾ ਲੱਗੀ ਅਰਜਨ ਕਹਿਣ, ਅੰਤਮ ਵੇਲਾ ਆ ਗਿਆ ਨੇੜਾ । ਔਖਾ ਹੋਇਆ ਭਾਣਾ ਸਹਿਣ, ਕੌਣ ਬੰਧਾਏ ਮੇਰਾ ਬੇੜਾ । ਨਾਥ ਤ੍ਰੈਲੋਕੀ ਹਰਿ ਵੇਖੇ ਵੇਖ ਵਖਾਏ ਨੈਣ, ਆਪ ਮੁਕਾਏ ਜਗਤ ਝੇੜਾ । ਅਰਜਨ ਤਨ ਆਤਮ ਬਿਲਲਾਇਆ । ਕਵਣ ਜਾਣੇ ਤੇਰੇ ਗੁਣ, ਅਚਰਜ ਖੇਲ ਮਾਤ ਵਰਤਾਇਆ । ਆਪੇ ਮਾਰੇ ਚੁਣ ਚੁਣ, ਕੋਈ ਨਾ ਕਿਸੇ ਸਕੇ ਬਚਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਧੁਰ ਫ਼ਰਮਾਣ ਅਰਜਨ ਆਖ ਸੁਣਾਇਆ । ਅਰਜਨ ਸੁਣ ਕਰ ਵਿਚਾਰ । ਅਸੱਥਾਮੇ ਨਾ ਆਵੇ ਹਾਰ । ਮਿਲਿਆ ਵਰ ਸੱਚੇ ਦਰਬਾਰ । ਸੁਤ ਬ੍ਰਾਹਮਣ ਦਰੋਣਾ ਗੁਰ, ਕਰਮ ਵਿਦਿਆ ਵਡ ਭੰਡਾਰ । ਉਚੀ ਦਿਸੇ ਬੁਧ ਨਾ ਕਰੇ ਕੋਈ ਯੁਧ, ਜੋਤੀ ਜੋਤ ਸਰੂਪ ਹਰਿ, ਆਪਣਾ ਭੇਖ ਧਾਰੇ ਕਰ ਕਰ ਵਿਚਾਰੇ ਪ੍ਰਭ ਪਾਏ ਸਾਚੀ ਸਾਰ । ਸਾਚਾ ਬਚਨ ਹਰਿ ਸੁਣਾਏ । ਅਸੱਥਾਮਾ ਨਾ ਜਿਤਿਆ ਜਾਏ । ਗਣਪਤ ਗਣੇਸ਼ ਰਿਹਾ ਮਨਾਏ । ਸਾਚਾ ਮੰਗਿਆ ਏਕਾ ਵਰ, ਨਾ ਕੋਈ ਮਾਰੇ ਨਾ ਮਰ ਜਾਏ । ਜੋਤੀ ਜੋਤ ਸਰੂਪ ਹਰਿ, ਦੇ ਮਤ ਰਿਹਾ ਸਮਝਾਏ । ਅਰਜਨ ਉਠ ਉਠ ਬਲਧਾਰ । ਦੋਵੇਂ ਜਾਈਏ ਚਰਨ ਦਵਾਰ । ਬ੍ਰਾਹਮਣ ਗੁਰ ਗੁਰ ਬ੍ਰਾਹਮਣ ਬਣ ਭਿਖਾਰ । ਜੋਤੀ ਜੋਤ ਸਰੂਪ ਹਰਿ, ਏਕਾ ਰਾਹ ਆਪ ਵਖਾਏ, ਅਸੱਥਾਮਾ ਬਚਨ ਜਾਏ ਹਰ । ਅਸੱਥਾਮਾ ਗਏ ਦਵਾਰੇ । ਇਕ ਅਰਜਨ ਦੂਜਾ ਕ੍ਰਿਸ਼ਨ ਮੁਰਾਰੇ । ਕਰੇ ਖੇਲ ਅਪਰ ਅਪਾਰੇ । ਦੇਵੇ ਵਡਿਆਈ ਵਿਚ ਸੰਸਾਰੇ । ਦੋਏ ਜੋੜ ਕਰੇ ਪ੍ਰਨਾਮ, ਪੰਡਤ ਬ੍ਰਾਹਮਣ ਗੁਰੂ ਪਿਆਰੇ । ਜੋਤੀ ਜੋਤ ਸਰੂਪ ਹਰਿ, ਭਗਵਾਨ ਮੰਗਣ ਜਾਏ ਜੀਆ ਦਾਨ, ਕਰ ਭੇਖ ਕ੍ਰਿਸ਼ਨ ਮੁਰਾਰੇ । ਮੰਗਿਆ ਦਾਨ ਬਣ ਭਿਖਾਰੀ । ਮਹਾਂਭਾਰਤ ਯੁਧ ਨਾ ਹੋਏ, ਜੇ ਕੋਈ ਬਚਿਆ ਰਹੇ ਜੀਵ ਸੰਸਾਰੀ । ਵਿਪਰ ਬ੍ਰਾਹਮਣ ਮੰਗੀ ਮੰਗ, ਦੇਵੇ ਦਰ ਦਵਾਰੀ । ਝੂਠਾ ਨਾਤਾ ਜਗਤ ਸੰਗ, ਪੂਰਬ ਕਰੋ ਵਿਚਾਰੀ । ਜੋਤੀ ਜੋਤ ਸਰੂਪ ਹਰਿ, ਮੰਗੀ ਮੰਗ ਆਏ

੪੦੯
੦੪

ਚਰਨ ਸਰਨ ਗੁਰ ਧਾਰੀ । ਦੀਆ ਵਰ ਜੀਆ ਦਾਨ । ਮੁੜ ਆਏ ਘਰ ਅਰਜਨ, ਭਗਤ ਸੰਗ ਭਗਵਾਨ । ਅੰਤਮ ਵੇਲੇ ਗਿਆ ਹਰ, ਛੁਟਿਆ ਤੀਰ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਮਿਲਾਏ ਦਇਆ ਕਮਾਏ, ਨਰ ਹਰਿ ਸ੍ਰੀ ਭਗਵਾਨ । ਵੱਜਾ ਤੀਰ ਅੰਤਮ ਕਾਲਾ । ਹਰਿ ਜੂ ਹੋਏ ਆਪ ਰਖਵਾਲਾ । ਅੰਤਮ ਵੇਲੇ ਸੰਗ ਸੁਹੇਲਾ, ਪਾਵਣ ਗਿਆ ਗਲ ਵਿਚ ਮਾਲਾ । ਨਾ ਹੋਏ ਵਕਤ ਦੁਹੇਲਾ, ਸਾਚਾ ਮੇਲਾ ਕਰੇ ਖੇਲ ਜਗਤ ਨਿਰਾਲਾ । ਜੋਤੀ ਜੋਤ ਸਰੂਪ ਹਰਿ, ਸਾਚਾ ਬਚਨ ਆਪ ਸੁਣਾਏ, ਦਇਆਨਿਧ ਹਰਿ ਦਇਆ ਕਮਾਏ, ਕਲਜੁਗ ਤੇਰੇ ਅੰਤਮ ਵੇਲੇ, ਹਰਿ ਹੋਏ ਆਪ ਰਖਵਾਲਾ । ਦਵਾਪਰ ਅੰਤਮ ਵਾਰ ਵਰ ਘਰ ਪਾਇੰਦਾ । ਗਿਆ ਸਚ ਦਵਾਰ, ਜੋਤੀ ਮੇਲ ਮਿਲਾਇੰਦਾ । ਏਕਾ ਜੋਤ ਸਚ ਅਕਾਰ, ਜਗਤ ਅਕਾਰਾ ਆਪ ਕਰਾਇੰਦਾ । ਆਪੇ ਪੁਰਖ ਅਗੰਮੜਾ ਕਰਤਾਰ, ਨਰ ਨਾਰੀ ਵਿਚ ਸਮਾਇੰਦਾ । ਕਾਇਆ ਦੇਹੀ ਝੂਠਾ ਚਮੜਾ, ਦੀਪਕ ਦੇਹੀ ਸਤਿ ਟਿਕਾਇੰਦਾ । ਦੇਵੇ ਨਾਮ ਸੱਚਾ ਦਮੜਾ, ਏਥੇ ਓਥੇ ਦੋ ਜਹਾਨੀ ਸਦਾ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਅਸੱਥਾਮੇ ਸਾਚੇ ਜਾਮੇ ਕਲਜੁਗ ਅੰਤਮ ਵੇਲੇ ਆਪੇ ਪਾਇੰਦਾ । ਅੰਤਮ ਕਲਜੁਗ ਹਰਿ ਕਰਤਾਰ । ਨਰ ਨਰਾਇਣ ਲਿਆ ਅਵਤਾਰ । ਚਾਰ ਵਰਨਾਂ ਏਕਾ ਬਹਿਨੀ, ਏਕਾ ਸ਼ਬਦ ਉਡਾਰ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਤਰਾਏ ਸਦਾ ਸੰਗ ਕਮਾਏ, ਨਾ ਆਏ ਕਦੇ ਹਾਰ । ਸਾਚਾ ਜਾਮਾ ਜਨਮ ਦਵਾਇੰਦਾ । ਪੂਰ ਕਰਾਏ ਆਪਣਾ ਕਾਮਾ, ਪਿਛਲਾ ਲੇਖਾ ਆਪ ਚੁਕਾਇੰਦਾ । ਏਕਾ ਦਾਮ ਸੱਚਾ ਹਰਿ ਨਾਮ, ਨਾ ਕੋਈ ਕੋਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਘਨਈਆ ਸ਼ਾਮ ਦੀਪਕ ਜੋਤ ਆਪ ਜਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵੇਰ ਵਿਛੜਿਆਂ ਮੇਲ ਮਿਲਾਇੰਦਾ । ਵਿਛੜੇ ਮੇਲ ਮਿਲਾਏ ਹਰਿ ਆਣ । ਆਪਣੀ ਸਰਨ ਲਗਾਏ, ਚੁਕਾਏ ਜਮ ਕੀ ਕਾਨ । ਦਰਗਹਿ ਸਾਚੀ ਮਾਣ ਦਵਾਏ, ਵਡ ਸ਼ਾਹ ਹਰਿ ਰਾਜਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਜਨ ਭਗਤਾਂ ਦੇਵੇ ਵਡਿਆਈ, ਸਚ ਪ੍ਰੀਤ ਚਰਨ ਲਗਾਈ, ਨਾਮ ਉਪਜਾਈ ਤੇਜ ਭਾਨ । ਤੇਜ ਭਾਨ ਜਗਤ ਪ੍ਰਕਾਸ਼ । ਆਤਮ ਅੰਧੇਰ ਜਾਏ ਵਿਨਾਸ । ਸੋਹੰ ਸ਼ਬਦ ਚਲੇ ਸਵਾਸ ਸਵਾਸ । ਜੋਤ ਸਰੂਪੀ ਕਾਇਆ ਮੰਦਰ ਸਾਚੇ ਅੰਦਰ, ਨਾਮ ਸਰੂਪੀ ਪਾਏ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਊ ਗਰੀਬ ਨਿਮਾਣਿਆਂ ਜਗਤ ਨਿਤਾਣਿਆਂ, ਅੱਠੇ ਪਹਿਰ ਹੋਇਆ ਰਹੇ ਦਾਸ । ਹੋਏ ਦਾਸ ਨੀਕਨ ਨੀਕਾ । ਏਕਾ ਹਰਿ ਭਗਵਾਨ ਸਰਬ ਜੀਆਂ ਕਾ । ਦੇਵੇ ਨਾਮ ਜਗਤ ਰਸ ਫੀਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤਕ ਲਗਾਏ ਸੋਹੰ ਸ਼ਬਦ ਸਾਚਾ ਟੀਕਾ । ਤਿਲਕ ਲਲਾਟੀ ਮਸਤਕ ਜੋਤ । ਔਖੀ ਘਾਟੀ ਕਾਇਆ ਮਾਟੀ, ਦੇਵੇ ਨਾਮ ਨਾ ਆਵੇ ਤੋਟ । ਨਾ ਕੋਈ ਤੀਰਥ ਨਾ ਕੋਈ ਤਾਟੀ, ਏਕਾ ਨਾਮ ਹਰਿ ਕਾ ਰਾਟੀ, ਦੇਵੇ ਸ਼ਬਦ ਹਰਿ ਇਕ ਜੋਤ । ਦੂਈ ਦਵੈਤੀ ਕਾਇਆ ਪਾਟੀ, ਮਿਲਿਆ ਨਾਮ ਸਾਚਾ ਹਾਟੀ, ਹਉਮੇ ਕੱਢੇ ਝੂਠਾ ਖੋਟ । ਨੇੜੇ ਆਈ ਕਲਜੁਗ ਵਾਟੀ । ਰਸਨਾ ਰਸ ਸਾਚਾ ਚਾਟੀ । ਕਲਜੁਗ ਜੀਵ ਅੰਧੇਰੀ ਰੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਖੇਲ ਬਾਜ਼ੀਗਰ ਨਾਟੀ । ਏਕਾ ਦਏ ਸ਼ਬਦ ਭੰਡਾਰ, ਅੱਠੇ ਪਹਿਰ ਭਰੀ ਰਹੇ ਸ਼ਬਦ ਪੋਟੀ । ਸ਼ਬਦ ਭੰਡਾਰਾ ਹਰਿ ਜੀ ਵੰਡੇ । ਕਲਜੁਗ ਅੰਤਮ ਆਇਆ ਕੰਢੇ । ਲੱਖ ਚੁਰਾਸੀ ਹੋਈ ਰੰਡੇ । ਨਾਮ ਨਿਧਾਨ ਹਰਿ ਭਗਵਾਨ ਹੋ ਮਿਹਰਵਾਨ, ਭਗਤ ਜਨ ਜਨ ਭਗਤਾਂ ਵੰਡੇ । ਪ੍ਰਗਟ ਹੋਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਤੀ ਦੁਸ਼ਟ ਪਖੰਡੀ ਆਪ ਕਰਾਏ ਖੰਡ ਖੰਡੇ, ਚਲਾਏ ਇਕ ਚੰਡ

ਪ੍ਰਚੰਡੇ । ਨੇਤਰ ਨੀਰ ਨੀਰ ਨਿਰਾਲਾ । ਮਿਟੇ ਅੰਧੇਰੀ ਰੈਣ ਪੜਦਾ ਕਾਲਾ । ਅੱਗੇ ਦਿਸੇ ਨਰ ਨਰਾਇਣ, ਚਿੱਟਾ ਬਸਤਰ ਦੋਸ਼ਾਲਾ । ਚੁਕਾਏ ਲਹਿਣ ਦੇਣ, ਕਰੇ ਮਾਲ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤ ਜੋ ਜਨ ਪਾਲੇ, ਫਲ ਲਗਾਏ ਸਾਚੇ ਡਾਲਾ । ਚਰਨ ਸਰਨ ਹਰਿ ਰੰਗ, ਸਰਨ ਸਰਨਾਈ ਹੈ । ਕਾਇਆ ਚੜ੍ਹੇ ਸਾਚਾ ਰੰਗ, ਆਤਮ ਦਏ ਵਧਾਈ ਹੈ । ਕਲਜੁਗ ਵਹਿੰਦੀ ਧਾਰ ਪਾਰ ਜਾਇਣ ਲੰਘ, ਇਕ ਓਟ ਜਿਸ ਰਖਾਈ ਹੈ । ਪਵਨ ਘੋੜੇ ਹੋ ਅਸਵਾਰ, ਹਰਿ ਦਾਤਾਰ ਆਪੇ ਲਏ ਬਚਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸੱਚੀ ਸਤਾਰ ਹਰਿ ਨਿਰੰਕਾਰ ਗੁਰਮੁਖ ਸਾਚੇ ਸੰਤ ਜਨਾਂ ਆਤਮ ਰਿਹਾ ਵਜਾਈ ਹੈ । ਉਪਜੇ ਧੁਨ ਸੱਚੀ ਧੁਨਕਾਰ । ਲਏ ਪੁਕਾਰ ਸੁਣ, ਹਰਿ ਗਿਰਧਾਰ । ਮਾਤਲੋਕ ਜਨ ਸਾਚੇ ਚੁਣ, ਆਪ ਬਹਾਏ ਚਰਨ ਦਵਾਰ । ਲੱਖ ਚੁਰਾਸੀ ਛਾਣ ਪੁਣ, ਇਕ ਕਰਾਏ ਸੱਚਾ ਨਾਮ ਵਣਜ ਵਪਾਰ । ਕਵਣ ਜਾਣੇ ਹਰਿ ਤੇਰੇ ਗੁਣ, ਕਰੇ ਖੇਲ ਜਨ ਭਗਤਾਂ ਮੇਲ, ਨਰ ਹਰਿ ਸੱਚੀ ਸਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਸਾਚਾ ਵਰ, ਜੋ ਜਨ ਆਏ ਚਰਨ ਦਵਾਰ । ਸ਼ਬਦ ਨਾਮ ਅਪਾਰ, ਗੁਰਮੁਖ ਵਿਰਲਾ ਪਾਏ । ਉਤਰੇ ਪੂਰੇ ਤੋਲ, ਰੱਖੇ ਇਕ ਸਰਨਾਏ । ਲੋਕਮਾਤ ਨਾ ਜਾਏ ਡੋਲ, ਪ੍ਰਭ ਰੱਖੀ ਠੰਡੀ ਛਾਏ । ਆਤਮ ਪੜਦੇ ਖੋਲ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਰਖਾਏ । ਜੋ ਜਨ ਸ਼ਬਦ ਰਸਨਾ ਰਿਹਾ ਘੋਲ, ਸੋਹੰ ਸ਼ਬਦ ਰਸਨਾ ਗੁਣ ਗੀਤਾ । ਆਪੇ ਬਣੇ ਹਰਿ ਸਾਚਾ ਮੀਤਾ । ਬਾਣਾ ਤਾਣਾ ਆਪੇ ਤਣੇ, ਆਪੇ ਪਰਖੇ ਨੀਤਾ । ਜਨ ਭਗਤ ਲੋਕਮਾਤ ਸਦ ਰਹੇ, ਆਪ ਚਲਾਏ ਸਾਚੀ ਰੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਕਾਇਆ ਕਰੇ ਠੰਡੀ ਸੀਤਾ । ਭਿੰਨੜੀ ਰੈਣ ਜਗਤ ਵਣਜਾਰੀ । ਹਰਿ ਦਰਸ਼ਨ ਦੇਖੇ ਸਾਚੇ ਨੈਣ, ਚੜ੍ਹੀ ਰਹੇ ਸਦ ਖ਼ੁਮਾਰੀ । ਜਨ ਭਗਤਾਂ ਚੁਕਾਏ ਲਹਿਣ ਦੇਣ, ਬਣੇ ਘਰ ਸੱਚੇ ਵਰਤਾਰੀ । ਰਸਨਾ ਕਿਸੇ ਨਾ ਸਕੇ ਕਹਿਣ, ਦੇਵਣਹਾਰ ਨਰ ਨਿਰੰਕਾਰੀ । ਗੁਰਮੁਖ ਸਾਚੇ ਸਦਾ ਇਕ ਘਰ ਇਕੱਠੇ ਬਹਿਣ, ਨਾ ਭੇਵ ਕੋਈ ਨਰ ਨਾਰੀ । ਪ੍ਰਭ ਕਾ ਭਾਣਾ ਸਿਰ ਤੇ ਸਹਿਣ, ਵਸਣ ਨਿਹਚਲ ਧਾਮ ਅਟੱਲ ਅਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਸੱਚਾ ਜਾਮ ਚੜ੍ਹੀ ਰਹੇ ਨਾਮ ਖ਼ੁਮਾਰੀ । ਦੇਵੇ ਨਾਮ ਸਰਬ ਸੁਖ ਦਾਤਾ । ਪੂਰਨ ਕਰੇ ਇਛਿਆ ਕਾਮ, ਨਿਰਗੁਣ ਰੂਪ ਪੁਰਖ ਬਿਧਾਤਾ । ਨਾ ਕੋਈ ਮੰਗੇ ਸਾਚੇ ਦਾਮ, ਨਾ ਕੋਈ ਪੁਛੇ ਜਾਤਾ ਪਾਤਾ । ਇਕ ਪਿਆਏ ਅੰਮ੍ਰਿਤ ਜਾਮ, ਅੰਧ ਅੰਧੇਰੀ ਮਿਟਾਏ ਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੇਜਾ ਆਸਣ ਲਾਏ, ਬੈਠਾ ਰਹੇ ਸਦ ਇਕ ਇਕਾਂਤਾ । ਆਤਮ ਸੇਜਾ ਚਰਨ ਪਸਾਰ । ਸੁੱਤਾ ਰਹੇ ਹਰਿ ਗਿਰਧਾਰ । ਕਲਜੁਗ ਜੀਵ ਦੁਹਾਗਣ ਨਾਰ । ਗੁਰਮੁਖ ਵਿਰਲਾ ਸੰਤ ਸੁਹਾਗਣ, ਮਿਲਿਆ ਸਚ ਭਤਾਰ । ਬੇਮੁਖ ਜੂਠੇ ਝੂਠੇ ਸੋਏ ਗੁਰਮੁਖ ਸਾਚੇ ਜਾਗਣ, ਆਪ ਕਰਾਏ ਸਾਚਾ ਵਣਜ ਵਪਾਰ । ਲੋਕਮਾਤ ਹੋਏ ਵਡ ਵਡ ਭਾਗਣ, ਆਤਮ ਖੋਲ੍ਹੇ ਬੰਦ ਕੁਆੜ । ਏਕਾ ਸ਼ਬਦ ਧੁਨ ਉਪਜਾਏ ਸਾਚਾ ਰਾਗਣ, ਅੱਠੇ ਪਹਿਰ ਮੀਤ ਮੁਰਾਰ । ਕਲਜੁਗ ਮਾਇਆ ਨਾ ਡਸੇ ਨਾਗਣ, ਪ੍ਰਭ ਅਬਿਨਾਸ਼ੀ ਬਖ਼ਸ਼ੇ ਚਰਨ ਪਿਆਰ । ਚਰਨ ਸੇਵ ਜਨ ਸਾਚੇ ਲਾਗਣ, ਮੇਲ ਮਿਲਾਵਾ ਅੰਤਮ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਪਾਵੇ ਸਾਰ । ਨਿਰਧਨ ਜਾਣ ਨਿਰ ਹਰਿ ਹਰਿ ਨਿਰੰਕਾਰਾ । ਕਰੇ ਆਪ ਪਛਾਣ ਪਰਮ ਜੋਤ ਬਿਨ ਵਰਨ ਗੋਤ ਸਰਬ ਲਿਖਾਰਾ । ਆਪ ਖੁਲ੍ਹਾਏ ਦੁਰਮਤ ਮੈਲ ਗਵਾਏ,

੪੧੧
੦੪

ਮਾਇਆ ਪੜਦੇ ਲਾਹੇ, ਜਗਾਏ ਜੋਤ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦਰਸ ਦਿਖਾਏ ਤ੍ਰਿਖਾ ਮਿਟਾਏ, ਖੋਲ੍ਹੇ ਬੰਦ ਕਵਾੜਾ । ਬੰਦ ਕੁਆੜ ਹਰਿ ਆਪੇ ਖੋਲ੍ਹੇ । ਸ਼ਬਦ ਸਰੂਪੀ ਸਾਚਾ ਬੋਲੇ । ਦੂਈ ਦਵੈਤੀ ਦੇਵੇ ਚੀਰ, ਅੰਮ੍ਰਿਤ ਚਲੇ ਸਾਚਾ ਸੀਰ, ਸਾਚਾ ਨੀਰ ਵਿਰੋਲੇ । ਵਿਚੋਂ ਕੱਢੇ ਹਉਮੇ ਪੀੜ, ਗੁਰਮੁਖ ਸਾਚਾ ਚਰਨ ਪ੍ਰੀਤੀ ਘੋਲ ਘੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਤੇਰੀ ਵਾਰੀ, ਲੱਖ ਚੁਰਾਸੀ ਕਰੇ ਖੁਆਰੀ, ਗੁਰਮੁਖ ਸਾਚੇ ਆਪ ਚੜ੍ਹਾਏ ਸ਼ਬਦ ਸਰੂਪੀ ਸਾਚੇ ਡੋਲੇ । ਦਰ ਘਰ ਸਾਚੇ ਮੰਗਲਾਚਾਰ । ਖ਼ੁਸ਼ੀ ਮਨਾਈ ਨਰ ਨਾਰ । ਮਿਲੇ ਵਡਿਆਈ ਜਗਤ ਵਧਾਈ ਵਿਚ ਸੰਸਾਰ । ਮਾਨਸ ਦੇਹੀ ਲੇਖੇ ਲਾਈ, ਹਰਿ ਰੁੱਤ ਸੁਹਾਈ ਚਰਨ ਕਵਲ ਕਵਲ ਚਰਨ ਦੀਆ ਪਿਆਰ । ਗੁਰਮੁਖ ਸਾਚਾ ਜਾਏ ਮਵਲ, ਉਪਰ ਧਵਲ ਆਈ ਸਚ ਬਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਗੁਰ ਸੰਗਤ ਮੇਲ ਮਿਲਾਏ, ਅੰਤਮ ਬੇੜਾ ਬੰਨ੍ਹ ਵਖਾਏ, ਕਲਜੁਗ ਤੇਰਾ ਜੂਠਾ ਝੂਠਾ ਭਾਰ । ਆਏ ਦਰ ਦਰਗਹਿ ਪ੍ਰਵਾਨ । ਦੇਵੇ ਵਰ ਹਰਿ ਭਗਵਾਨ । ਨੁਹਾਏ ਸਾਚੇ ਤੀਰਥ ਇਸ਼ਨਾਨ । ਜੋ ਜਨ ਸਰਨੀ ਜਾਏ ਪੜ, ਮਿਟੀ ਜਮ ਕੀ ਕਾਨ । ਹਰਿ ਕੀ ਪੌੜੀ ਜਾਏ ਚੜ੍ਹ, ਮਿਲਿਆ ਗੁਣ ਨਿਧਾਨ । ਰਾਹ ਵਿਚ ਨਾ ਜਾਏ ਅੜ, ਦਰਗਹਿ ਸਾਚੀ ਦੇਵੇ ਮਾਣ । ਪ੍ਰਭ ਅਬਿਨਾਸ਼ੀ ਅੰਤਮ ਲਏ ਫੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਏ ਦਰ ਜਨ ਮੁਰਾਰੀ । ਗੁਰਮੁਖ ਸਾਚੇ ਸੱਜਣ, ਹਰਿ ਮੀਤ ਨਿਰੰਕਾਰੀ । ਆਪਣੇ ਪੜਦੇ ਆਪੇ ਕੱਜਣ, ਗਾਵੇ ਸ਼ਬਦ ਸਾਚੀ ਧਾਰੀ । ਪੀ ਪੀ ਅੰਮ੍ਰਿਤ ਆਤਮ ਰੱਜਣ, ਦੇਵੇ ਕੋਲ ਸਚ ਬਹਾਰੀ । ਸ਼ਬਦ ਤਾਲ ਸਾਚੇ ਵੱਜਣ, ਤੋੜੇ ਮੁਨ ਕਿਰਪਾ ਧਾਰੀ । ਭਾਂਡੇ ਭਰਮ ਝੂਠੇ ਭੱਜਣ, ਜਗੇ ਜੋਤ ਅਗੰਮ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਆਂ ਸਚ ਸੱਚਾ ਦਰਬਾਰੀ । ਸਾਚਾ ਦਰ ਸੱਚਾ ਦਰਬਾਰ । ਜਿਥੇ ਵਸੇ ਹਰਿ ਨਿਰੰਕਾਰ । ਏਕਾ ਜੋਤ ਅਗੰਮ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਾਣ ਰਖਾਏ, ਇਕ ਰਖਾਏ ਸਤਿ ਭੰਡਾਰ । ਭਗਤ ਭੰਡਾਰ ਹਰਿ ਵਰਤਾਵੇ, ਸ਼ਬਦ ਅਧਾਰ ਵਿਚ ਸੰਸਾਰ । ਪਵਣ ਅਸਵਾਰ ਸਰਬ ਵਿਚਾਰ । ਭਰਮ ਭੁਲੇਖਾ ਜਗਤ ਲੇਖਾ, ਵੇਖੀ ਵੇਖਾ ਹਰਿ ਦਏ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰ ਆਏ ਚਰਨ ਸਰਨ ਕਰੇ ਨਿਮਸਕਾਰ । ਨਿਮਸਕਾਰ ਨਰ ਸਾਚੇ ਹਰੀ । ਮਾਤਲੋਕ ਅੰਤਮ ਕਲ, ਬਿਨ ਵਰਨ ਗੋਤੀ ਜੋਤ ਧਰੀ । ਗੁਰਮੁਖਾਂ ਆਤਮ ਲਾਏ ਫਲ, ਭੰਡਾਰੇ ਰਿਹਾ ਭਰੀ । ਸਦਾ ਸਦਾ ਸਦ ਜਾਓ ਬਲ, ਪੂਰੀ ਕਿਰਪਾ ਹਰਿ ਆਪ ਕਰੀ । ਬੇਮੁਖ ਭੁਲਾਏ ਕਰ ਕਰ ਵਲ ਛਲ, ਸ਼ਬਦ ਸੋਟੀ ਹੱਥ ਫੜੀ । ਗੁਰਮੁਖਾਂ ਦਰ ਆਏ ਚਲ, ਨਾ ਲਾਏ ਪਲ ਘੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚੀ ਧਾਰ ਵਹਾਏ, ਕਾਇਆ ਠੰਡੀ ਠਾਰ ਕਰਾਏ, ਲੱਗੀ ਰਹੇ ਮੇਘ ਝੜੀ । ਅੰਮ੍ਰਿਤ ਮੇਘ ਬਰਸੇ ਧਾਰੀ । ਖੁਲ੍ਹੇ ਕਵਲ ਕਾਇਆ ਸੀਤਲ, ਆਤਮ ਹੋਏ ਉਜਿਆਰੀ । ਜਗੇ ਜੋਤ ਹਰਿ ਭਏ ਭੀਤਲ, ਰੂਪ ਅਗੰਮੜਾ ਨਰ ਹਰਿ ਬਨਵਾਰੀ । ਲੇਖੇ ਲਾਏ ਗੁਰਮੁਖ ਤੇਰੀ ਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਕਿਰਪਾ ਧਾਰੀ । ਕਾਇਆ ਚਮੜਾ ਕਲ ਕਲ ਕੱਖ । ਅੰਤਮ ਵੇਲੇ ਪ੍ਰਭ ਸਾਚਾ ਲਏ ਰਖ । ਲੱਖ ਚੁਰਾਸੀ ਵਿਚੋਂ ਕੀਨੇ ਵੱਖ । ਸਚ ਸ਼ਬਦ ਸੁਹਾਗੀ ਗੀਤ, ਆਪ ਸੁਣਾਏ ਬਣ ਬਣ ਸਾਚਾ ਮੀਤ, ਹਰਿ ਸਰਬ ਕਲਾ ਸਮਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨਈਆ ਆਪ ਚਲਾਏ, ਗੁਰਮੁਖ

ਸਾਚੇ ਸੰਤ ਚੜ੍ਹਾਏ, ਨਾਲ ਲਿਆਏ ਸੋਹੰ ਸ਼ਬਦ ਸਾਚਾ ਰਥ । ਸਾਚਾ ਰਥ ਸ਼ਬਦ ਘੋੜਾ । ਧੁਰਦਰਗਾਹੀ ਆਇਆ ਦੌੜਾ । ਕਿਰਪਾ ਨਿਧ ਪ੍ਰਭ ਅਬਿਨਾਸ਼ੀ ਦਿਤਾ ਵਰ, ਤਿੰਨਾਂ ਲੋਕਾਂ ਲਾਇਆ ਇਕੋ ਪੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਗੁਰਮੁਖ ਸਾਚੇ ਸੰਤ ਜਨਾਂ, ਕਲਜੁਗ ਵੇਲੇ ਅੰਤਮ ਬਹੁੜਾ । ਕਲਜੁਗ ਕਲ ਰੂਪ ਕਲ ਕਾਤੀ । ਚਾਰੋਂ ਕੁੰਟ ਇਕ ਚਲਾਏ ਜੋਤ ਸਰੂਪ ਸਾਕੀ । ਬੇਮੁਖ ਜੀਵਾਂ ਦਿਸ ਨਾ ਆਏ, ਗੁਰਮੁਖਾਂ ਬੰਨ੍ਹਾਏ ਚਰਨ ਨਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ, ਜੋਤ ਜਗਾਏ ਬਿਨ ਤੇਲ ਬਾਤੀ । ਤੇਲ ਬਾਤੀ ਨਾ ਕੋਈ ਦੀਆ । ਜਗਾਏ ਜੋਤ ਕਰ ਕਰ ਆਪਣਾ ਹੀਆ । ਜਨ ਭਗਤਾਂ ਖੋਲ੍ਹੇ ਸੋਤ, ਨਿਰਮਲ ਕਰੇ ਜੀਆ । ਬੇਮੁਖ ਦਰ ਦਰ ਘਰ ਘਰ ਰਹੇ ਰੋਤ, ਸਾਚਾ ਹਰਿ ਕਿਸੇ ਹੱਥ ਨਾ ਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਰਮਤ ਮੈਲ ਰਿਹਾ ਧੋਤ, ਜਨ ਭਗਤਾਂ ਦੇਵੇ ਵਡਿਆਈ, ਸਤਿਜੁਗ ਰਖਾਏ ਸਾਚੀ ਨੀਆ । ਸਚ ਨੀਂਹ ਜਗ ਸਹਾਰਾ । ਅੰਮ੍ਰਿਤ ਬਰਖੇ ਮੀਂਹ, ਬਣੇ ਮਿੱਟੀ ਗਾਰਾ । ਸਾਢੇ ਤਿੰਨ ਹੱਥ ਰੱਖੀਂ ਸੀ, ਬਣੇ ਇਕ ਚੁਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਚਾਰੋਂ ਤਰਫ ਦੇਵੇ ਵਾਰਾ । ਸਤਿਜੁਗ ਸਾਚੇ ਸਤਿ ਪ੍ਰਵਾਨ । ਕਲਜੁਗ ਜੀਵਾਂ ਅੰਤਮ ਆਈ ਹਾਨ । ਤਰੇਤਾ ਭਇਆ ਬਲੀ ਬਲਵਾਨ । ਸਾਚੇ ਦਰ ਹੋਏ ਪ੍ਰਵਾਨ । ਆਤਮ ਤੁਟਾ ਸਾਚਾ ਮਾਣ । ਜੁਗ ਦਵਾਪਰ ਸੱਤਾਂ ਦੀਪਾਂ ਸੱਤਾਂ ਹੱਥਾਂ ਮਿਲਿਆ ਸਾਚਾ ਮਾਣ । ਆਪੇ ਕਰੇ ਮਾਤ ਪਛਾਣ । ਸਾਢੇ ਤਿੰਨ ਹੱਥ ਦਿੱਤੀ ਸੀਆ, ਨੌਂ ਨਿਧ ਗੁਣੀ ਨਿਧਾਨ । ਅੰਤਮ ਅੰਤ ਕਲਜੁਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਰੇ ਆਪ ਪਛਾਣ । ਸਰਬ ਪਛਾਣੇ ਰਾਜੇ ਰਾਣੇ ਹੋਏ ਬੇਮੁਹਾਣੇ । ਪ੍ਰਭ ਅਬਿਨਾਸ਼ੀ ਭੁੱਲੇ ਅੰਧ ਅੰਧਿਆਣੇ । ਗਊ ਗਰੀਬ ਨਾ ਜਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਆਪਣਾ ਖੇਲ ਰਿਹਾ ਕਰ, ਚਾਰ ਕੁੰਟ ਸ਼ਬਦ ਡੰਕ ਵਜਾਏ, ਰਾਓ ਰੰਕ ਉਠਾਏ, ਜਨ ਭਗਤਾਂ ਦੇਵੇ ਮਾਣ ਦਰ ਆਏ ਨਿਮਾਣੇ । ਮਾਣ ਨਿਮਾਣਿਆਂ ਮਾਣ ਜਗਤ ਦਵਾਇੰਦਾ । ਦੇਵੇ ਸ਼ਬਦ ਬਬਾਣ ਜਗਤ ਉਡਾਇੰਦਾ । ਸੱਚਾ ਨਾਮ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਜਨ ਭਗਤ ਜਗਤ ਪਿਆਰਿਆਂ, ਸਾਚੀ ਸੇਵਾ ਅੰਮ੍ਰਿਤ ਮੇਵਾ ਫਲ ਸਾਚਾ ਤਨ ਲਗਾਇੰਦਾ । ਅੰਮ੍ਰਿਤ ਫਲ ਫਲੇ ਫੁਲੇ । ਦਰਗਹਿ ਸਾਚੀ ਕੋਈ ਨਾ ਲਗੇ ਮੁੱਲੇ । ਜੋ ਜਨ ਆਏ ਚਰਨ ਦਵਾਰ, ਕਲ ਭਾਗ ਲਗਾਇਆ ਕਾਇਆ ਕੁੱਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਜਾਮ ਪਿਆਏ, ਆਤਮ ਧਾਰ ਕਦੇ ਨਾ ਡੁੱਲ੍ਹੇ । ਆਤਮ ਧਾਰ ਸਦਾ ਅਡੁਲੇ । ਕਲਜੁਗ ਜੀਵ ਅੰਤਮ ਅੰਤ ਹੋਏ ਗੁੱਲੇ । ਏਕਾ ਜੋਤ ਨਰ ਹਰੀ, ਪ੍ਰਭ ਸਭ ਵਿਚ ਧਰੀ, ਕਾਇਆ ਮੰਦਰ ਸਦਾ ਉਜਲ, ਗੁਰਮੁਖ ਵਿਰਲੇ ਮਾਤ ਵਰੀ, ਰੰਗਣ ਰੰਗ ਚੜ੍ਹਾਏ ਕਾਇਆ ਸੱਚੇ ਚੋਲੇ । ਅੰਮ੍ਰਿਤ ਭਾਂਡੇ ਪ੍ਰਭ ਰਿਹਾ ਭਰੀ, ਗੁਰਮੁਖ ਸਾਚਾ ਕਦੇ ਨਾ ਡੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਭੇਖ ਧਰ, ਜੋਤ ਸਰੂਪੀ ਆਪੇ ਵਿਚੋਂ ਬੋਲੇ । ਕਰੇ ਵਣਜ ਜਗਤ ਵਪਾਰਾ । ਬਿਨ ਹਰਿ ਨਾਮੇ ਝੂਠੀ ਧਾਰਾ । ਜੋਤ ਸਰੂਪੀ ਪਹਿਰੇ ਜਾਮੇ, ਆਦਿ ਜੁਗਾਦਿ ਸਦਾ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਰ ਇਕ ਦਵਾਰਾ । ਦਰ ਦਵਾਰ ਹਰਿ ਨਿਰੰਕਾਰ ਦਾ । ਏਕਾ ਏਕ ਘਰ ਬਾਹਰ ਵੇਸ ਅਨੇਕ ਜਗਤ ਪਸਾਰਦਾ । ਜਨ ਭਗਤਾਂ ਦੇਵੇ ਚਰਨ ਟੇਕ, ਮੂਰਖ ਮੁਗਧਾਂ ਤਨ ਅਫਾਰਦਾ । ਆਪ ਕਰਾਏ ਬੁਧ

੪੧੩ ੦੪

ਬਬੇਕ, ਦੇਵੇ ਨਾਮ ਸ਼ਬਦ ਅਧਾਰ ਦਾ । ਹਰਿਜਨ ਰਾਖੇ ਹਰਿ ਚਰਨ ਟੇਕ, ਜੋਤੀ ਜੋਤ ਸਰੂਪ ਹਰਿ, ਅੰਤਮ ਪਾਵੇ ਸਾਚੀ ਸਾਰਾ, ਕਰ ਕਿਰਪਾ ਪਾਰ ਉਤਾਰਦਾ । ਚਰਨ ਟੇਕ ਹਰਿ ਭਗਵੰਤ । ਕਲਜੁਗ ਅਗਨ ਨਾ ਲਾਗੇ ਸੇਕ, ਗੁਰਮੁਖ ਸਾਚੇ ਸੰਤ । ਮੇਟ ਮਿਟਾਏ ਲਿਖੀ ਰੇਖ, ਮੇਲ ਮਿਲਾਵਾ ਸਾਚੇ ਕੰਤ । ਜੋਤ ਸਰੂਪੀ ਧਰ ਧਰ ਹਰਿ ਨਰ ਭੇਖ, ਜਨ ਭਗਤ ਬਣਾਏ ਸਾਚੀ ਬਣਤ । ਨਰ ਨਰਾਇਣ ਨਿਤ ਨੈਣਾਂ ਪੇਖ, ਦਿਸ ਨਾ ਆਏ ਕਿਸੇ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਮਾਇਆ ਪਾਏ ਬੇਅੰਤ । ਜਗਤ ਮਾਇਆ ਸ੍ਰਿਸ਼ਟ ਭੁਲਾਈ, ਝੂਠੀ ਛਾਇਆ ਜਗਤ ਵੈਰਾਨੀ । ਜਨ ਭਗਤ ਬਹਾਏ ਸਾਚੇ ਥਾਉਂ, ਦੇਵੇ ਸ਼ਬਦ ਸੱਚੇ ਬਬਾਨੀ । ਅਮਰਾ ਪਦ ਘਰ ਸਾਚੇ ਪਾਇਆ, ਸੁਣੀ ਹਰਿ ਨਰ ਸੱਚੀ ਬਾਣੀ । ਜੋਤੀ ਜੋਤ ਸਰੂਪ ਹਰਿ, ਆਤਮ ਸਾਚੀ ਜੋਤ ਜਗਾਏ, ਕਰੇ ਪ੍ਰਕਾਸ਼ ਕੋਟਨ ਭਾਨੀ । ਹੋਏ ਪ੍ਰਕਾਸ਼ ਹਰਿ ਗਹਿਰ ਗੰਭੀਰਾ । ਆਤਮ ਬਾਣੀ ਰਸਨ ਸਵਾਸੀ, ਹੋਏ ਸ਼ਾਂਤ ਸਰੀਰਾ । ਪ੍ਰਿਥਮੀ ਅਕਾਸ਼ ਵੰਡ ਕਰਾਸੀ, ਅੰਮ੍ਰਿਤ ਸੀਰ ਸਾਚੀ ਧੀਰਾ । ਗੁਰ ਪੂਰਾ ਸ਼ਾਹ ਸ਼ਾਬਾਸੀ, ਕਟੇ ਹਉਮੇ ਪੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਲ ਬਲ ਜਾਏ ਸਦਾ ਜੀਅੜਾ । ਜਪੋ ਜਪੋ ਜਗਤ ਬਲਿਹਾਰੀ । ਅੰਮ੍ਰਿਤ ਆਤਮ ਸਾਚਾ ਪੀ, ਤ੍ਰਿਸ਼ਨਾ ਭੁੱਖ ਹਰਿ ਦਏ ਨਿਵਾਰੀ । ਮਾਤ ਰਖਾਈ ਸਾਚੀ ਨੀਂਹ, ਸੀਤਲ ਧਾਰ ਕਰੇ ਠੰਡੀ ਠਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਜਨ ਲੇਖੇ ਲਾਏ, ਵੇਲੇ ਅੰਤ ਨਾ ਆਏ ਹਾਰੀ । ਨਾ ਆਏ ਹਾਰ ਜਗਤ ਜਨ ਸਾਚੇ । ਕਾਰਜ ਦਏ ਸਵਾਰ, ਪ੍ਰਭ ਅਬਿਨਾਸ਼ੀ ਹਿਰਦੇ ਵਾਚੇ । ਤਿੱਖੀ ਰੱਖੇ ਸ਼ਬਦ ਧਾਰ, ਭਗਤ ਜਨਾਂ ਹਰਿ ਰੱਖੇ ਲਾਜੇ । ਸ਼ਬਦ ਘੋੜੇ ਹੋ ਅਸਵਾਰ, ਚਾਰ ਕੁੰਟ ਜੋਤ ਸਰੂਪੀ ਲਾਏ ਤਮਾਚੇ । ਪਵਣ ਸ਼ਬਦ ਇਕ ਉਡਾਰ, ਨਾ ਕੋਈ ਜਾਣੇ ਜੀਵ ਕਾਚੇ । ਆਣਾ ਜਾਣਾ ਵਿਚ ਸੰਸਾਰ, ਲੱਖ ਚੁਰਾਸੀ ਝੂਠੀ ਨਾਚੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ, ਗੁਰਮੁਖ ਜਾਣੇ ਸਾਚੋ ਸਾਚੇ । ਸੱਚੋ ਸਚ ਸੱਚ ਵਿਹਾਰ ਹਰਿ ਜਗਤ ਖੇਲ ਮਹਾਨਾ । ਇਕ ਖੁਲ੍ਹਾਏ ਨਾਮ ਦਰ, ਸ਼ਬਦ ਝੁੱਲੇ ਸਚ ਨਿਸ਼ਾਨਾ । ਜਨ ਭਗਤ ਰਖਾਏ ਸਾਚੇ ਘਰ, ਆਪ ਚੜ੍ਹਾਏ ਸਚ ਬਬਾਣਾ । ਅੰਤਮ ਕਲ ਚੁਕਾਏ ਡਰ, ਇਕ ਵਖਾਣੇ ਸ੍ਰੀ ਭਗਵਾਨਾ । ਨਾ ਜਨਮੇ ਨਾ ਜਾਏ ਮਰ, ਅੰਤਮ ਜੋਤੀ ਜੋਤ ਮੇਲ ਮਿਲਾਨਾ । ਭਰਮ ਭੁਲੇਖਾ ਦੂਰ ਕਰ, ਅਗਿਆਨ ਅੰਧੇਰ ਸਰਬ ਮਿਟਾਨਾ । ਆਤਮ ਜੋਤੀ ਨੂਰੋ ਨੂਰ ਕਰ, ਦੀਪਕ ਸਾਚਾ ਜੋਤ ਜਗਾਨਾ । ਸਰਬ ਕਲਾ ਭਰਪੂਰ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਰਬ ਕਲਾ ਭਰਪੂਰ, ਹਰਿ ਹਰਿ ਗੋਬਿੰਦ ਹੈ । ਏਕਾ ਬਖ਼ਸ਼ੇ ਸਾਚਾ ਨੂਰ, ਉਤਾਰੇ ਜਮ ਕੀ ਚਿੰਦ ਹੈ । ਬੇਮੁਖਾਂ ਦਿਸੇ ਦੂਰ, ਦਿਵਸ ਰੈਣ ਅੱਠੇ ਪਹਿਰ, ਜਨ ਭਗਤਾਂ ਦੇਵੇ ਆਤਮ ਸਚ ਸਰੂਰ ਹੈ । ਸਦਾ ਸਦਾ ਹਰਿ ਬਖ਼ਸ਼ਿੰਦ, ਏਕਾ ਸ਼ਬਦ ਸਾਚੀ ਤੂਰ ਹੈ । ਆਤਮ ਦੇਵੇ ਵਾਲੀ ਹਿੰਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਨਰਾਇਣ ਏਕਾ ਦਾਤਾ, ਵਡ ਦਾਤਾ ਸੂਰਬੀਰ ਹੈ । ਸੂਰਬੀਰ ਵਡ ਬਲਵਾਨਾ । ਮਨਮੁਖਾਂ ਲਾਹੇ ਚੀਰ, ਕੋਈ ਨਾ ਦੇਵੇ ਕਿਸੇ ਧੀਰ, ਲੱਖ ਚੁਰਾਸੀ ਆਈ ਹਾਨਾ । ਜਨ ਭਗਤਾਂ ਅੰਮ੍ਰਿਤ ਦੇਵੇ ਸਾਚਾ ਸੀਰ, ਏਕਾ ਆਪਣੇ ਰੰਗ ਰੰਗਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਭੇਖ ਭੇਖਾਧਾਰੀ ਆਪ ਮਿਟਾਨਾ । ਬਾਣਾ ਪਹਿਣੇ ਜੋਤ ਨਿਰੰਤਰ । ਸਰਬ ਜੀਆਂ ਦੀ ਜਾਣੇ ਅੰਤਰ । ਸੱਜਣ ਸਾਚਾ ਸ਼ਬਦ ਚਲਾਏ, ਸੋਹੰ ਰਾਗ ਸਾਚਾ ਮੰਤਰ । ਜਨ ਭਗਤਾਂ ਸਦਾ ਸੰਗ ਰਹਾਏ, ਆਪ ਬਣਾਏ ਸਾਚੀ

ਬਣਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਟ ਘਟ ਵਾਸੀ ਘਨਕਪੁਰ ਵਾਸੀ ਸਰਬ ਜੀਆਂ ਦੀ ਜਾਣੇ ਅੰਤਰ । ਜੋਤ ਪ੍ਰਕਾਸ਼ੀ ਪੁਰਖ ਅਬਿਨਾਸ਼ੀ ਸਰਬ ਥਾਂਏ ਸਦਾ ਰਹੰਤਰ । ਸਰਬ ਘਟਾਂ ਹਰਿ ਰੱਖੇ ਵਾਸਾ । ਤੀਰਥ ਤਟਾਂ ਜਗਤ ਤਮਾਸ਼ਾ । ਵੇਖੇ ਖੇਲ ਹਰਿ ਬਾਜ਼ੀਗਰ ਨਾਟਾ, ਸ਼ਬਦ ਸਰੂਪੀ ਫੜਿਆ ਕਾਸਾ । ਕੋਈ ਨਾ ਮੇਟੇ ਦੂਈ ਦਵੈਤੀ ਲੱਗਾ ਫਟਾ, ਨਿਰਗੁਣ ਜੋਤ ਦਿਸ ਨਾ ਆਏ ਪਰਮ ਪੁਰਖ ਅਬਿਨਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਦ ਹੋਇਆ ਰਹੇ ਦਾਸਨ ਦਾਸਾ । ਦਾਸਨ ਦਾਸ ਠਾਕਰ ਪ੍ਰਿਤਪਾਲਾ । ਸਰਬ ਘਟ ਵਾਸੀ ਸਿੰਧ ਸਾਗਰ, ਪਰਮ ਪੁਰਖ ਗੁਰ ਗੋਪਾਲਾ । ਨਿਰਮਲ ਜੋਤ ਉਜਾਗਰ, ਕਾਇਆ ਗਾਗਰ ਲਪੇਟੇ ਸ਼ਬਦ ਸੱਚੇ ਦੋਸ਼ਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਸਾਚੇ ਥਾਉਂ ਬਣੇ ਆਪ ਦਲਾਲਾ । ਨਾਮ ਦਲਾਲੀ ਜਗਤ ਵਪਾਰ । ਕੋਈ ਨਾ ਦਿਸੇ ਖ਼ਾਲੀ, ਕਿਰਪਾ ਕਰੇ ਹਰਿ ਗਿਰਧਾਰ । ਆਪੇ ਬਣੇ ਸੱਚਾ ਪਾਲੀ, ਮਾਨਸ ਜਨਮ ਰਿਹਾ ਸਵਾਰ । ਆਤਮ ਜੋਤੀ ਦੇਵੇ ਮਸਤਕ ਲਾਲੀ, ਚੜ੍ਹਿਆ ਰਹੇ ਸਦ ਖ਼ੁਮਾਰ । ਚੜ੍ਹਾਏ ਰੰਗ ਇਕ ਗੁਲਾਲੀ, ਉਤਰ ਨਾ ਜਾਏ ਅੰਤਮ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਸਰੂਪ, ਰੰਗ ਰੂਪ ਵਡਾ ਸ਼ਾਹ ਭੂਪ, ਦਹਿ ਦਿਸ਼ ਨਾ ਆਵੇ ਹਾਰ । ਆਵੇ ਹਾਰ ਨਾ ਪਾਸਾ ਢਲੇ । ਪ੍ਰਭ ਪਾਵੇ ਸਾਰ, ਆਤਮ ਘਰ ਮਹੱਲੇ । ਏਕਾ ਦੇਵੇ ਸ਼ਬਦ ਧਾਰ, ਧੁਰਦਰਗਾਹ ਸੰਗ ਚਲੇ । ਸਾਚੇ ਰੰਗ ਰੰਗੇ ਕਰਤਾਰ, ਗੁਰਮੁਖ ਵਿਰਲਾ ਵਿਚ ਮਾਤ ਫਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਭਗਤ ਵਡਿਆਈ, ਸਚ ਸੁਨੇਹੜਾ ਸ਼ਬਦ ਸਰੂਪੀ ਨਰ ਨਰੇਸ਼ੀ ਵੱਡਾ ਭੂਪੀ । ਸਾਚਾ ਸੰਗ ਪ੍ਰਭ ਸੰਗ ਕੀਨਾ । ਪੜ੍ਹੇ ਨਾਮ ਆਤਮ ਰਸ ਭੀਨਾ । ਨਾਮ ਹਿਰਦੇ ਜਾਏ ਵਸ, ਠੰਡੀ ਧਾਰ ਹੋਏ ਆਤਮ ਸੀਨਾ । ਸ਼ਬਦ ਬਾਣ ਮਾਰ ਕਸ, ਜੋਤ ਸਰੂਪੀ ਦਾਨਾ ਬੀਨਾ । ਪੰਜੇ ਚੋਰ ਜਾਇਣ ਨੱਸ , ਵੱਖਰ ਅੱਖਰ ਪ੍ਰਭ ਆਪੇ ਕੀਨਾ । ਸ਼ਬਦ ਦੇਵੇ ਦਰ ਸਾਚੇ ਹੱਸ, ਪ੍ਰਭ ਅਬਿਨਾਸ਼ੀ ਰਸਨਾ ਚੀਨਾ । ਏਕਾ ਸੱਚਾ ਰਾਹ ਧੁਰਦਰਗਾਹੀ ਜਾਏ ਦੱਸ, ਦੇਵੇ ਅੰਮ੍ਰਿਤ ਚਾਰ ਜੁਗਾਂ ਜਲ ਮੀਨਾ । ਜਗਤ ਵਿਕਾਰ ਜਾਏ ਨੱਸ, ਮਾਨਸ ਦੇਹੀ ਨਾ ਹੋਏ ਹੀਨਾ । ਜੋਤੀ ਜੋਤ ਸਰੂਪ ਹਰਿ, ਸਰਬ ਕਲਾ ਕਲ ਆਪੇ ਪ੍ਰਬੀਨਾ । ਕਲ ਕਲਵੰਤੀ, ਕਲ ਕਲ ਤਾਰੀ । ਭਗਤ ਭਗਵੰਤੀ ਖੇਲ ਅਪਾਰੀ । ਜੋਤੀ ਜੋਤ ਜਗਤ ਜਗੰਤੀ, ਨਰ ਹਰਿ ਹਰਿ ਨਿਰਾਹਾਰੀ । ਮਾਨਸ ਦੇਹੀ ਰੰਗ ਬਸੰਤੀ, ਕਲਜੁਗ ਅੰਤਮ ਰੈਣ ਅੰਧਿਆਰੀ । ਮੇਲ ਮਿਲਾਵਾ ਸਾਚੇ ਕੰਤੀ ਆਦਿਨ ਅੰਤੀ, ਸ਼ਬਦ ਸਰੂਪੀ ਸਚ ਉਡਾਰੀ । ਜੋਤੀ ਜੋਤ ਸਰੂਪ ਹਰਿ, ਕਰਮ ਕਰੰਦਾ ਜਨ ਭਗਤ ਤਰੰਦਾ ਲਾਜ ਰਖੰਦਾ ਪੈਜ ਰੱਖੇ ਬਨਵਾਰੀ । ਰੱਖੇ ਪੈਜ ਸਵਾਰੇ ਕਾਜਾ । ਦੇਵੇ ਸੱਚਾ ਨਾਮ ਸਿਰ ਪਹਿਨਾਏ ਸੱਚਾ ਤਾਜਾ । ਨਿਖੁੱਟ ਨਾ ਜਾਏ ਦਾਮ, ਸ਼ਬਦ ਸਰੂਪੀ ਮਾਰੇ ਸੱਚੀ ਅਵਾਜ਼ਾ । ਹਰਿਆ ਹੋਵੇ ਸੁੱਕਾ ਚਾਮ, ਪ੍ਰਭ ਅਬਿਨਾਸ਼ੀ ਰੱਖੇ ਆਪੇ ਲਾਜਾ । ਮਿਟੇ ਅੰਧੇਰੀ ਰੈਣ ਕਲਜੁਗ ਸ਼ਾਮ, ਕਿਰਪਾ ਕਰੇ ਗਰੀਬ ਨਿਵਾਜ਼ਾ । ਏਕਾ ਬਖ਼ਸ਼ੇ ਸੱਚਾ ਨਾਮ, ਜੋਤੀ ਜੋਤ ਸਰੂਪ ਹਰਿ, ਦਰ ਦਰਵੇਸ਼ਾਂ ਆਪ ਸਵਾਰੇ ਕਾਜਾ । ਦਰ ਦਰਵੇਸ਼ ਦਰ ਦਰਬਾਨਾ । ਰੰਗ ਹਮੇਸ਼ ਹਰਿ ਭਗਵਾਨਾ । ਕਰ ਕਰ ਵੇਸ ਹਰਿ ਜੀ ਵੇਖੇ, ਜੋਤ ਸਰੂਪੀ ਪਹਿਰੇ ਬਾਨਾ । ਧਾਰਿਆ ਭੇਖ ਅਲਖਣਾ ਅਲੇਖ, ਰੂਪ ਰੰਗ ਕੋਈ ਦਿਸ ਨਾ ਆਨਾ । ਧੁਰਦਰਗਾਹੀ ਲੋਕਮਾਤ ਪੁਰਖ ਬਿਧਾਤੀ ਉਤਮ ਜ਼ਾਤੀ ਲਾਏ ਸਾਚੀ ਮੇਖ, ਦੇਵੇ ਨਾਮ ਸਚ ਨਿਸ਼ਾਨਾ । ਮੇਟ ਮਿਟਾਏ ਬਿਧਨਾ ਲਿਖੀ ਰੇਖ, ਸੋਹੰ ਬੰਨ੍ਹੇ ਸਾਚਾ ਗਾਨਾ । ਲੱਖ ਚੁਰਾਸੀ ਵਿਚੋਂ

ਵੇਖ, ਸਾਚਾ ਮੇਲ ਮਿਲਾਏ ਭਗਤ ਵਛਲ ਹਰਿ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਚਲਾਏ ਆਪਣੇ ਭਾਣਾ । ਭਾਣਾ ਮੰਨੇ, ਪ੍ਰਭ ਭਰਮ ਭਉ ਜਾਏ । ਆਪ ਚੜ੍ਹਾਏ ਸਾਚੇ ਚੰਨੇ, ਲੋਕਮਾਤ ਕਰੇ ਰੁਸ਼ਨਾਏ । ਜਨ ਭਗਤਾਂ ਬੇੜਾ ਆਪੇ ਬੰਨ੍ਹੇ, ਜੋਤ ਸਰੂਪੀ ਦਇਆ ਕਮਾਏ । ਬੇਮੁਖਾਂ ਹਰਿ ਆਪੇ ਡੰਨੇ, ਅੰਤਮ ਅੰਤ ਨਾ ਕੋਈ ਛੁਡਾਏ । ਏਕਾ ਰਾਗ ਸੁਣਾਏ ਕੰਨੇ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਲਏ ਜਗਾਏ । ਗੁਰਮੁਖ ਜਾਗੇ ਜਗਤ ਸੁਹੇਲਾ । ਪ੍ਰਭ ਅਬਿਨਾਸ਼ੀ ਚਰਨੀ ਲਾਗੇ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਆਪੇ ਧੋਏ ਪਿਛਲੇ ਦਾਗ਼ੇ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਆਪੇ ਕਰ, ਸਾਚੇ ਰੰਗ ਰੰਗਾਏ ਦਰਸ ਦਿਖਾਏ ਇਕ ਅਕੇਲਾ । ਇਕ ਅਕੇਲਾ ਮੀਤ ਮੁਰਾਰਾ । ਜਨ ਭਗਤਾਂ ਦੇਵੇ ਨਾਮ ਅਪਾਰਾ । ਜੋਤ ਸਰੂਪੀ ਦਰਸ ਅਪਾਰਾ । ਸਚ ਦਵਾਰ ਹਰਿ ਸਾਚੇ ਖਲੜਾ, ਜਗੇ ਜੋਤ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਦੇਵੇ ਦਰਸ ਮਿਟਾਏ ਹਰਸ ਰੂਪ ਰੰਗ ਸਦ ਵਸੇ ਬਾਹਰਾ । ਰੂਪ ਰੰਗ ਰੇਖ ਭੇਖ ਨਾ ਕੋ ਜਾਣੇ ਬੂਝੇ । ਜੋਤ ਸਰੂਪੀ ਹਰਿ ਹਰਿ ਭੇਖ, ਭਉ ਚੁਕਾਏ ਏਕਾ ਦੂਜੇ । ਅੰਤਮ ਅੰਤ ਰਿਹਾ ਵੇਖ, ਦਰਗਹਿ ਸਾਚੀ ਗੁਰਮੁਖ ਵਿਰਲੇ ਸੂਝੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਭੇਵ ਖੁਲ੍ਹਾਏ ਆਤਮ ਗੂਝੇ । ਭੇਵ ਖੁਲ੍ਹਾਏ ਜਗਤ ਅਥਾਹੋ । ਆਪ ਲਗਾਏ ਸਾਚੀ ਸੇਵ, ਅੰਤਮ ਪਕੜੇ ਬਾਹੋਂ । ਸੋਹੰ ਦੇਵੇ ਸਾਚਾ ਮੇਵ, ਦਰਗਹਿ



ਸਾਚੀ ਸੱਚਾ ਥਾਉਂ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਕਲਜੁਗ ਬਣਾਏ ਹੰਸ ਕਾਗਾ । ਹੰਸ ਸਰੋਵਰ ਮਾਣਕ ਮੋਤੀ । ਗੁਰਮੁਖ ਜਗੇ ਸਾਚੀ ਜੋਤੀ । ਦੁਰਮਤ ਮੈਲ ਜਾਏ ਧੋਤੀ । ਅੰਤਮ ਕਲ ਮਾਤਲੋਕ ਨਾ ਹੋਏ ਖੁਆਰੀ । ਸੋਹੰ ਸ਼ਬਦ ਸਾਚਾ ਮੰਤਰ ਬਣੇ ਜਗਤ ਵਪਾਰੀ । ਜੋਤੀ ਜੋਤ ਸਰੂਪ ਹਰਿ, ਨਰ ਨਰਾਇਣ ਨਰ ਹਰਿ, ਏਕਾ ਰੰਗ ਰੰਗੇ ਬਨਵਾਰੀ । ਰੰਗੇ ਰੰਗ ਹਰਿ ਮਜੀਠਾ । ਗੁਰਮੁਖ ਵਿਰਲੇ ਮਾਤ ਡੀਠਾ । ਕਲਜੁਗ ਜੀਵ ਕੌੜਾ ਰੀਠਾ । ਅੰਮ੍ਰਿਤ ਆਤਮ ਗੁਰਮੁਖ ਵਿਰਲਾ ਰਸ ਮਾਣੇ ਮੀਠਾ । ਜੋਤੀ ਜੋਤ ਸਰੂਪ ਹਰਿ, ਦੇਵੇ ਆਪ ਵਡਿਆਈ, ਸਾਚਾ ਪੀਸਣ ਜਿਸ ਨੇ ਪੀਠਾ । ਰਸਨਾ ਗਾਏ ਰਸਨ ਰਮਈਆ । ਕਲਜੁਗ ਤੇਰੀ ਅੰਤਮ ਕਰ ਵਿਚਾਰ, ਪ੍ਰਭ ਆਪ ਚਲਾਏ ਸਾਚੀ ਨਈਆ । ਬੇਮੁਖਾਂ ਆਈ ਹਾਰ ਗੁਰਮੁਖਾਂ ਬੇੜਾ ਪਾਰ ਕਰਈਆ । ਕਰਮ ਧਰਮ ਜਰਮ ਪ੍ਰਭ ਰਿਹਾ ਵਿਚਾਰ ਸਾਚੀ ਨਈਆ ਆਪ ਚੜ੍ਹਈਆ । ਭਰਮ ਭੁਲੇਖੇ ਜਗਤ ਨਿਵਾਰ, ਜੋਤੀ ਜੋਤ ਸਰੂਪ ਹਰਿ, ਹਰਿ ਬਣੇ ਆਪੇ ਸਾਕ ਸੱਜਣ ਸੈਣ ਸਈਆ । ਸਾਕ ਸੱਜਣ ਸੈਣ ਸਾਚਾ ਮੀਤਾ । ਨੂਰ ਨਿਰਾਲੀ ਨਿਰਮਲ ਬਾਤੀ, ਆਪੇ ਪਰਖੇ ਸਾਚੀ ਨੀਤਾ । ਆਤਮ ਬੈਠ ਮਾਰੇ ਝਾਤੀ, ਦੇਵੇ ਨਾਮ ਸਚ ਨਗੀਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਰ ਨਰ ਹਰਿ ਸੱਚਾ ਪ੍ਰਬੀਨਾ । ਹਰਿ ਹਰਿ ਮੇਲ ਵਕਤ ਸੁਹੇਲਾ । ਅਛਲ ਅਛੱਲ ਕਰੇ ਕਲ ਖੇਲ, ਜਨ ਭਗਤ ਮਿਲਾਏ ਮੇਲਾ । ਆਪੇ ਹੋਏ ਸੱਜਣ ਸੁਹੇਲ, ਨਾ ਹੋਏ ਵਕਤ ਦੁਹੇਲਾ । ਜੋਤੀ ਜੋਤ ਸਰੂਪ ਹਰਿ, ਏਕਾ ਰੰਗਣ ਸਚ ਨਾਮ ਰੰਗਾਏ, ਸਦ ਵਸੇ ਰੰਗ ਨਵੇਲਾ, ਸਾਚੀ ਰੰਗਣ ਨਾਮ ਚੜ੍ਹਾਇੰਦਾ । ਦਰ ਮੰਗਣ ਸਾਚੀ ਮੰਗ, ਭਿੱਛਿਆ ਏਕਾ ਵਸਤ ਪਾਇੰਦਾ । ਹੋਏ ਸਹਾਈ ਸਦਾ ਅੰਗ ਸੰਗ, ਜਗਤ ਪਿਤ ਆਪ ਅਖਵਾਇੰਦਾ । ਕਟੇ ਭੁੱਖ ਨੰਗ, ਅੰਮ੍ਰਿਤ ਆਤਮ ਮੇਘ ਬਰਸਾਇੰਦਾ । ਵਡ ਦਾਤਾ ਹਰਿ ਸੂਰਾ ਸਰਬੰਗ, ਸ਼ਬਦ ਦਾਤ ਵਡ ਕਰਾਮਾਤ, ਆਤਮ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਕਰੇ ਬੰਦ ਖੁਲਾਸੀ, ਜੋ ਜਨ ਰਸਨ ਧਿਆਇੰਦਾ । ਰਸਨ ਧਿਆਇਣ ਹਰਿ ਬਨਵਾਰੀ । ਅਮਰਾ ਪਦ

ਪਾਇਣ, ਹਉਮੇ ਰੋਗ ਮਿਟੇ ਹੰਕਾਰੀ । ਦਰਸ ਦਿਖਾਏ ਤੀਜੇ ਨੈਣ, ਆਤਮ ਖੋਲ੍ਹੇ ਦਰ ਦਵਾਰੀ । ਆਤਮ ਰਸ ਗੁਰਮੁਖ ਸਾਚੇ ਰਸਨਾ ਲੈਣ, ਬੇਮੁਖਾਂ ਭਰਿਆ ਆਤਮ ਇਕ ਹੰਕਾਰੀ । ਗੁਰਮੁਖ ਜਨ ਭਗਤ ਮਿਲ ਇਕੱਠੇ ਬਹਿਣ, ਕਲਜੁਗ ਜੀਵ ਦੁਸ਼ਟ ਦੁਰਾਚਾਰੀ । ਨਾ ਕੋਈ ਸਾਕ ਸੱਜਣ ਸੈਣ ਭਾਈ ਭੈਣ, ਨਾ ਕੋਈ ਮੀਤ ਮੁਰਾਰੀ । ਏਕਾ ਹਰਿ ਮਿਲੇ ਵਰ ਸਾਚੇ ਘਰ, ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਜਾਏ ਪੈਜ ਸਵਾਰੀ । ਏਕਾ ਹਰਿ ਜਗਤ ਰਖਵਾਰਾ । ਆਦਿ ਅੰਤ ਜੁਗਾ ਜੁਗੰਤ, ਸਦ ਸਦ ਵਸੇ ਸੱਚੇ ਘਰ ਬਾਹਰਾ । ਭੇਵ ਖੁਲ੍ਹਾਏ ਸਾਚੇ ਸੰਤਾਂ, ਕਦੇ ਗੁਪਤ ਕਦੇ ਜਾਹਰਾ । ਮੇਲ ਮਿਲਾਵਾ ਜਨ ਸਾਚੇ ਕੰਤੇ, ਸ਼ਬਦ ਸੁਣਾਏ ਸਾਚਾ ਨਾਅਰਾ । ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਰਿਹਾ ਕਰ, ਕਲਜੁਗ ਅੰਤਮ ਜਾਣੇ ਸ੍ਰਿਸ਼ਟ ਸਬਾਈ ਆਰਾ ਪਾਰਾ । ਕਲਜੁਗ ਤੇਰੀ ਵਹਿੰਦੀ ਧਾਰ, ਜਗਤ ਰੁੜ੍ਹਾਇੰਦਾ । ਕੋਈ ਨਾ ਪਾਵੇ ਕਿਸੇ ਸਾਰ, ਨਾ ਕੋਈ ਧੀਰ ਧਰਾਇੰਦਾ । ਦੁਖੀ ਹੋਏ ਨਰ ਨਾਰ, ਅੰਮ੍ਰਿਤ ਸੀਰ ਨਾ ਕੋਈ ਪਿਲਾਇੰਦਾ । ਮਿਟਦੀ ਜਾਏ ਚਾਰ ਯਾਰੀ, ਸ਼ਬਦ ਤੀਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਆਪ ਵਖਾਇੰਦਾ । ਕਲਜੁਗ ਕਾਲ ਰੂਪ ਵਟਾਈ । ਚਾਰੋਂ ਕੁੰਟ ਪਏ ਦੁਹਾਈ । ਕੋਈ ਨਾ ਦਿਸੇ ਕਿਸੇ ਸਹਾਈ । ਏਕਾ ਛਤਰ ਝੁੱਲੇ ਸੀਸੇ, ਨਰ ਹਰਿ ਸੱਚੇ ਗੁਸਾਈਂ । ਮਿਟੇ ਭੇਵ ਬੀਸ ਇਕੀਸੇ, ਭੁੱਲੇ ਰਾਜੇ ਰਾਣੇ ਥਾਉਂ ਥਾਈਂ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਸਰਬ ਟੇਕ, ਵੇਸ ਅਨੇਕ ਜਾਣੇ ਕੋਈ ਨਾਹੀਂ । ਨਾ ਕੋਈ ਜਾਣੇ ਭੇਵ, ਹਰਿ ਛੁਪਾਇੰਦਾ । ਵਡਾ ਵਡ ਦੇਵੀ ਦੇਵ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲਾ ਲੱਗੇ ਸੇਵ, ਦੇਵੇ ਸ਼ਬਦ ਸੱਚਾ ਧਨ, ਅੰਮ੍ਰਿਤ ਫਲ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਦਇਆਨਿਧ ਗੁਣ ਨਿਧਾਨ, ਹਰਿ ਭਗਵਾਨ ਪੁਰਖ ਸੁਜਾਨ ਸਾਚੇ ਮਾਰਗ ਪਾਇੰਦਾ । ਸਾਚਾ ਮਾਰਗ ਹਰਿ ਚਰਨ ਧਿਆਨਾ । ਏਕਾ ਦੇਵੇ ਨਾਮ, ਸੱਚਾ ਜਗਤ ਬਬਾਣਾ । ਪੂਰਨ ਹੋਏ ਕਾਮ, ਝੁਲੇ ਜਗ ਨਿਸ਼ਾਨਾ । ਅੰਮ੍ਰਿਤ ਪਿਆਏ ਸਾਚਾ ਜਾਮ, ਦਰਗਹਿ ਸਾਚੀ ਸਾਚਾ ਮਾਣਾ । ਮਿਲੇ ਜੋਤ ਰਮਈਆ ਰਾਮ, ਨਰ ਹਰਿ ਵਿਸ਼ਨੂੰ ਭਗਵਾਨਾ । ਮੇਲ ਮਿਲਾਵਾ ਸਾਚੇ ਧਾਮ, ਸਾਚਾ ਵਕਤ ਹਰਿ ਆਪ ਸੁਹਾਨਾ । ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਵਡ ਬਲੀ ਬਲਵਾਨਾ । ਵਡ ਬਲੀ ਬਲਵਾਨ ਹਰਿ ਨਿਰੰਕਾਰਿਆ । ਏਕਾ ਸੱਚਾ ਮਾਣ ਸ੍ਰਿਸ਼ਟ ਅਧਾਰਿਆ । ਮਾਰੇ ਸ਼ਬਦ ਬਾਣ, ਤਿੰਨਾਂ ਲੋਕਾਂ ਕਰੇ ਜੈ ਜੈਕਾਰਿਆ । ਚਾਰੋਂ ਕੁੰਟ ਆਏ ਹਾਣ, ਲੱਖ ਚੁਰਾਸੀ ਵਹੇ ਵਹਿੰਦੀ ਧਾਰਿਆ । ਕੋਈ ਸਕੇ ਨਾ ਕਿਸੇ ਪਛਾਣ, ਮਾਰੇ ਸ਼ਬਦ ਡਾਹਢੀ ਮਾਰਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਮਾਣ ਤਾਣ, ਜੁਗਾ ਜੁਗੰਤ ਆਪਣੀ ਕਿਰਪਾ ਧਾਰਿਆ । ਆਪਣੀ ਕਿਰਪਾ ਧਾਰ, ਲਾਜ ਰਖਾਇੰਦਾ । ਸ਼ਬਦ ਘੋੜੇ ਹੋ ਅਸਵਾਰ, ਸਾਚੀ ਜੋਤ ਜਗਾਇੰਦਾ । ਜੋਤ ਸਰੂਪੀ ਖੇਲ ਅਪਾਰ, ਦਿਸ ਕਿਸੇ ਨਾ ਆਇੰਦਾ । ਜਨ ਭਗਤਾਂ ਪਾਵੇ ਆਪੇ ਸਾਰ, ਨਿਤ ਨਵਿਤ ਭਗਤਨ ਹਿਤ ਜੋਤ ਪ੍ਰਗਟਾਇੰਦਾ । ਗੁਰਮੁਖ ਵਿਰਲੇ ਮਾਨਸ ਜਨਮ ਕਲ ਲਿਆ ਜਿਤ, ਹਰਿ ਹਰਿ ਹਰਿ ਸਾਚੀ ਸੇਵਾ ਲਾਇੰਦਾ । ਆਪੇ ਜਾਣੇ ਗਤ ਮਿਤ ਮਿਤ ਗਤ, ਜਿਸ ਜਨ ਦਇਆ ਕਮਾਇੰਦਾ । ਸ਼ਬਦ ਸੁਣਾਏ ਸਾਚਾ ਤਤ, ਸੋਹੰ ਆਤਮ ਤੀਰ ਚਲਾਇੰਦਾ । ਅੰਤਮ ਦੇ ਸਮਝਾਵੇ ਮਤ, ਜੋਤ ਸਰੂਪੀ ਨਿਹਕਲੰਕ ਜਾਮਾ ਪਾਇੰਦਾ । ਚਾਰ ਕੁੰਟ ਵਹਾਏ ਰੱਤ ਨੀਰ ਸਾਚਾ ਸੀਰ ਕਿਸੇ ਹੱਥ ਨਾ ਆਇੰਦਾ । ਗੁਰਮੁਖ ਵਿਰਲੇ ਰੱਖੇ ਧੀਰਜ ਯਤ ਸਤਿ ਤੱਤ ਦੇ ਮਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸਰਬ ਸਮਾਇੰਦਾ । ਆਪਣੇ ਭਾਣੇ ਹਰਿ ਆਪੇ ਜਾਣੇ ।

੪੧੭ ੦੪

ਕਲਜੁਗ ਭੁੱਲੇ ਰਾਜੇ ਰਾਣੇ । ਅੰਤਮ ਅੰਤ ਅੰਤ ਕਲ ਹੋਏ ਬੇਮੁਹਾਣੇ । ਨਾ ਕੋਈ ਜਾਣੇ ਸਾਧ ਸੰਤ, ਨਾ ਕੋਈ ਜਾਣੇ ਗਊ ਗਰੀਬ ਨਿਮਾਣੇ । ਧਰੇ ਜੋਤ ਹਰਿ ਭਗਵੰਤ, ਮਾਰੇ ਸ਼ਬਦ ਸੱਚਾ ਬਾਣੇ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਤਖ਼ਤੋਂ ਲਾਹੇ ਰਾਜੇ ਰਾਣੇ । ਗੁਰ ਸੰਗਤ ਵਕਤ ਸੰਭਾਲ, ਜਗਤ ਜੁਦਾਈ ਹੈ । ਹਰਿ ਦੇਵੇ ਅਨਮੁਲੜਾ ਲਾਲ, ਮਾਤ ਵਡਿਆਈ ਹੈ । ਆਪੇ ਕਰੇ ਸੱਚੀ ਭਾਲ, ਕੌਸਤਕ ਮਨੀ ਕਰੇ ਰੁਸ਼ਨਾਈ ਹੈ । ਤੋੜੇ ਜਗਤ ਜੰਜ਼ਾਲ, ਵਡ ਦਾਤਾ ਹਰਿ ਧਨ ਧਨੀ ਹੈ । ਸਭ ਦੀ ਰਿਹਾ ਸੁਰਤ ਸੰਭਾਲ, ਸਾਚਾ ਸ਼ਬਦ ਸੁਣਾਏ ਕੰਨੀਂ ਹੈ । ਜੋ ਜਨ ਆਤਮ ਹੋਏ ਕੰਗਾਲ, ਪ੍ਰਭ ਬੇੜਾ ਰਿਹਾ ਬੰਨ੍ਹੀਂ ਹੈ । ਸਾਚਾ ਦੇਵੇ ਨਾਮ ਧਨ ਮਾਲ, ਸ੍ਰਿਸ਼ਟ ਸਬਾਈ ਆਤਮ ਅੰਨ੍ਹੀ ਹੈ । ਗੁਰਮੁਖ ਵਿਰਲਾ ਸਦ ਮਾਲੋ ਮਾਲ, ਚਰਨ ਪ੍ਰੀਤੀ ਸਾਚੀ ਬੰਨ੍ਹੀ ਹੈ । ਆਤਮ ਘਾਲ ਸੱਚੀ ਟਕਸਾਲ, ਜਗੇ ਜੋਤ ਅਗੰਮੀ ਹੈ । ਜੋਤੀ ਜੋਤ ਸਰੂਪ ਹਰਿ, ਗਗਨ ਪਤਾਲੀ ਜੋਤੀ ਏਕਾ ਥੰਮ੍ਹੀ ਹੈ । ਗਗਨ ਪਤਾਲ ਸ਼ਬਦ ਅਪਾਰਾ । ਹਰਿ ਭਗਤ ਵਸਲ ਕਰ ਅਪਾਰਾ । ਦੇਵੇ ਨਾਮ ਅਨਮੁਲੜਾ ਲਾਲ, ਬਣਾਏ ਸੱਚਾ ਵਣਜਾਰਾ । ਪਹਿਲੀ ਮਾਰੇ ਸੱਚੀ ਛਾਲ, ਖੁਲ੍ਹੇ ਦਸਮ ਦਵਾਰਾ । ਫਲ ਲੱਗੇ ਸਾਚੇ ਡਾਲ, ਬਰਖੇ ਠੰਡੀ ਧਾਰਾ । ਚਰਨ ਪ੍ਰੀਤੀ ਨਿਭੇ ਨਾਲ, ਪ੍ਰਭ ਹੋਏ ਸਦਾ ਆਪ ਰਖਵਾਰਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਗੁਰਮੁਖ ਪਿਆਰਿਆਂ ਭਰੇ ਰਹੇ ਭੰਡਾਰਾ । ਭਰੇ ਭੰਡਾਰ ਭਰਮ ਭਉ ਵਿਨਾਸੇ । ਨਾ ਆਏ ਹਾਰ ਵਿਚ ਸੰਸਾਰ, ਹਰਿ ਹੋਏ ਦਾਸਨ ਦਾਸੇ । ਸੋਲਾਂ ਕਰ ਤਨ ਸ਼ਿੰਗਾਰ, ਮਾਨਸ ਜਨਮ ਕਰਾਏ ਰਾਸੇ । ਆਪੇ ਲਾਏ ਸਾਚੀ ਕਾਰ, ਸ਼ਬਦ ਚਲਾਏ ਸਵਾਸ ਸਵਾਸੇ । ਮਾਨਸ ਦੇਹੀ ਬੰਨ੍ਹੇ ਧਾਰ, ਆਤਮ ਜੋਤੀ ਨਾ ਅੰਤ ਵਿਨਾਸੇ । ਦਰ ਘਰ ਸਾਚੇ ਆਏ ਜਾਏ ਪੈਜ ਸਵਾਰ, ਗੁਰ ਚਰਨ ਪ੍ਰੀਤੀ ਸਚ ਭਰਵਾਸੇ । ਜੋਤੀ ਜੋਤ ਸਰੂਪ ਹਰਿ, ਕਰ ਦਰਸ ਰੋਗ ਸੋਗ ਜਗਤ ਵਿਜੋਗ, ਕਲਜੁਗ ਮਾਇਆ ਦੁੱਖੜਾ ਨਾਸੇ । ਹਰਿ ਘਰ ਸੱਚਾ ਇਸ਼ਨਾਨਾ । ਦਰ ਹਰਿ ਸ੍ਰੀ ਭਗਵਾਨਾ । ਮਿਲੇ ਹਰਿ ਨਾਮ ਨਿਧਾਨਾ । ਗੁਰਮੁਖ ਸਾਚਾ ਸਾਚੀ ਤਰਨੀ ਜਾਏ ਤਰ ਦੋ ਜਹਾਨਾਂ । ਆਤਮ ਭੰਡਾਰੇ ਪ੍ਰਭ ਰਿਹਾ ਭਰ, ਚਰਨ ਹੋਏ ਨਿਮਾਣਾ । ਆਪ ਖੁਲ੍ਹਾਏ ਸਾਚਾ ਸਰ, ਅੰਮ੍ਰਿਤ ਆਤਮ ਤੀਰਥ ਦੇਵੇ ਸੱਚਾ ਦਾਨਾ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸਾਚੀ ਮੰਗ, ਚਰਨ ਧੂੜ ਸੱਚਾ ਇਸ਼ਨਾਨਾ । ਚਰਨ ਧਿਆਨ ਜਨ ਹਰਿ ਰਖਾਏ । ਸ਼ਬਦ ਬਬਾਣਾ ਪ੍ਰਭ ਆਪ ਚੜ੍ਹਾਏ । ਸੱਚਾ ਦੇਵੇ ਪੀਣ ਖਾਣ, ਨਾਮ ਮਹਾਨ ਹਰਿ ਝੋਲੀ ਪਾਏ । ਮਿਟਦਾ ਜਾਏ ਜਗਤ ਤਾਣ ਮਾਣ, ਤਾਣ ਕੋਈ ਰਹਿਣ ਨਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਰੰਗਾਏ । ਰੰਗੇ ਰੰਗ ਕਾਇਆ ਚੋਲਾ । ਸਾਚਾ ਦੇਵੇ ਸ਼ਬਦ ਨਾਮ ਜਗਤ ਅਮੋਲਾ । ਚਰਨ ਪ੍ਰੀਤੀ ਸਾਚੀ ਰੀਤੀ, ਚਰਨ ਬਲਿਹਾਰੀ ਘੋਲ ਘੋਲਾ । ਕਾਇਆ ਸੀਤੀ ਮਾਨਸ ਜਨਮ ਜੀਤੀ, ਪੂਰੇ ਤੋਲ ਹਰਿ ਸਾਚੇ ਤੋਲਾ । ਹਰਿ ਕੀ ਰੀਤੀ ਬਨ ਬਨ ਨੀਤੀ, ਆਤਮ ਪੜਦਾ ਸਾਚੇ ਖੋਲ੍ਹਾ । ਜੋਤੀ ਜੋਤ ਸਰੂਪ ਹਰਿ, ਆਤਮ ਸਾਚੀ ਜੋਤ ਜਗਾਏ, ਸ਼ਬਦ ਸਰੂਪੀ ਦੇਵੇ ਸੱਚਾ ਬੋਲਾ । ਸ਼ਬਦ ਬੋਲਾ ਨਾਮ ਜੈਕਾਰਾ । ਦਰਗਹਿ ਸਾਚੀ ਹੋਏ ਗੋਲਾ, ਮਿਲਿਆ ਨਾਮ ਭੰਡਾਰਾ । ਗੁਰਮੁਖ ਸਾਚਾ ਘੋਲ ਘੋਲਾ, ਬਣਿਆ ਸ਼ਬਦ ਸੱਚਾ ਵਣਜਾਰਾ । ਮਿਲਿਆ ਨਾਮ ਜਗਤ ਅਨਮੁੱਲਾ, ਆਤਮ ਫੁੱਟੇ ਸਚ ਫੁਹਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਖੋਲ੍ਹੇ ਖੋਲ੍ਹ ਵਖਾਏ ਬੰਦ ਕਵਾੜਾ । ਬੰਦ ਕਵਾੜ ਆਪੇ ਤੁੱਟੇ । ਅੰਮ੍ਰਿਤ ਪਿਆਏ ਪ੍ਰਭ ਸਾਚਾ ਘੁੱਟੇ । ਜਗੇ ਜੋਤ ਹੋਏ ਰੁਸ਼ਨਾਈ, ਪੰਜਾਂ ਚੋਰਾਂ ਹਰਿ ਜੀ ਕੁੱਟੇ । ਏਕਾ ਵਸਤ ਘਰ

੪੧੮ ੦੪

ਸਾਚੇ ਪਾਈ, ਰਹੇ ਭੰਡਾਰ ਸਦਾ ਅਤੁੱਟੇ । ਦੇਵੇ ਮਾਣ ਥਾਉਂ ਥਾਈਂ, ਜਗਤ ਚੋਗ ਨਾ ਕਦੇ ਨਿਖੁੱਟੇ । ਅੰਤਮ ਵੇਲੇ ਫੜੇ ਬਾਹੀਂ, ਗੁਰਮੁਖ ਵਿਰਲਾ ਲਾਹਾ ਸਾਚਾ ਲੁੱਟੇ । ਬੇਮੁਖਾਂ ਮਸਤਕ ਲੱਗੀ ਛਾਹੀ, ਪ੍ਰਭ ਅਬਿਨਾਸ਼ੀ ਜੜ੍ਹ ਆਪੇ ਪੁੱਟੇ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਕਿਰਪਾ ਰਿਹਾ ਕਰ, ਸਦਾ ਸਦਾ ਰੱਖੇ ਭੰਡਾਰ ਅਤੁੱਟੇ । ਅਤੁੱਲ ਅਤੁੱਟ ਹਰਿ ਭੰਡਾਰ । ਬਣਿਆ ਰਹੇ ਜਗਤ ਵਰਤਾਰ । ਲੱਖ ਚੁਰਾਸੀ ਜੀਵ ਜੰਤ, ਮੰਗਦੀ ਰਹੇ ਚਰਨ ਦਵਾਰ । ਆਪੇ ਪਰਖੇ ਸਾਚੀ ਨੀਤ, ਵੇਖ ਵਖਾਣੇ ਵਾਰੋ ਵਾਰ । ਜਨ ਭਗਤਾਂ ਕਾਇਆ ਰਹੇ ਸੀਤ, ਦੇਵੇ ਦਰਸ ਅਪਾਰ । ਬਣ ਜਾਏ ਸਾਚਾ ਮੀਤ, ਜੋਤੀ ਜੋਤ ਸਰੂਪ ਹਰਿ, ਮੇਲ ਮਿਲਾਏ ਨਰ ਹਰਿ, ਗਿਰਵਰ ਗਿਰਧਾਰ । ਗੁਰਮਤ ਗੁਰਮੁਖ ਜਾਣ, ਹਰਿ ਸਮਝਾਇੰਦਾ । ਗੁਰਮਤ ਨਾਮ ਨਿਧਾਨ, ਹਰਿ ਸਾਚਾ ਤੀਰ ਚਲਾਇੰਦਾ । ਗੁਰਮਤ ਗੁਰ ਚਰਨ ਧਿਆਨ, ਧੀਰਜ ਧੀਰ ਆਪ ਬੰਨ੍ਹਾਇੰਦਾ । ਗੁਰਮਤ ਜਗਤ ਨਿਸ਼ਾਨ, ਪ੍ਰਭ ਸਾਚਾ ਆਪ ਝੁਲਾਇੰਦਾ । ਗੁਰਮਤ ਹੋ ਮਿਹਰਵਾਨ, ਜਨ ਭਗਤਾਂ ਝੋਲੀ ਪਾਇੰਦਾ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਮਦਿਰਾ ਮਾਸ ਰਸਨ ਤਜਾਇੰਦਾ । ਗੁਰਮਤ ਗੁਰ ਘਰ ਸਾਚੇ ਪਾਈਏ । ਦੁਰਮਤ ਲੱਗੀ ਮੈਲ, ਦਰ ਘਰ ਸਾਚੇ ਆਣ ਧਵਾਈਏ । ਅਠ ਸਠ ਤੀਰਥ ਰਹੀ ਫੈਲ, ਅੰਤਮ ਅੰਤ ਮਲ ਮਲ ਨਹਾਈਏ । ਜੋਤੀ ਜੋਤ ਸਰੂਪ ਹਰਿ, ਅੱਠੇ ਪਹਿਰ ਦਿਵਸ ਰੈਣ ਸਦਾ ਸਦਾ ਗੁਣ ਸਾਚੇ ਗਾਈਏ । ਗੁਰਮਤ ਗੁਣਵੰਤ ਨਿਧਾਨੀ । ਗੁਰਮਤ ਸਾਚੀ ਜਾਣ, ਆਈ ਧਰਤ ਮਾਤ ਜਗਤ ਨਿਸ਼ਾਨੀ । ਦੇਵੇ ਹਰਿ ਵਡ ਵਡ ਕਰਾਮਾਤ, ਮਾਤਲੋਕ ਕਲ ਸਾਚੀ ਰਾਣੀ । ਸੋਹੰ ਸ਼ਬਦ ਸਾਚੀ ਦਾਤ, ਮਿਲੇ ਦਾਨ ਹਰਿ ਦੇਵੇ ਵਡਾ ਦਾਨੀ । ਦਰਸ ਦਿਖਾਏ ਇਕ ਇਕਾਂਤ, ਮਿਟੇ ਅੰਧੇਰ ਅੰਧ ਅੰਧਿਆਨੀ । ਕਾਇਆ ਕਰੇ ਸੀਤਲ ਸੀਤ, ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ, ਏਕਾ ਰੰਗ ਸੱਚਾ ਨਾਮ ਰੰਗ ਰੰਗਾਨੀ । ਅਵਤਾਰ ਜਗਤ ਜੋਤ ਹਰਿ ਧਰੇ । ਕਿਰਪਾ ਆਪਣੀ ਮਾਤ ਪ੍ਰਭ ਕਰੇ । ਜਨ ਭਗਤਾਂ ਦੇਵੇ ਦਾਤ, ਸੱਚਾ ਨਾਮ ਆਤਮ ਘਰੇ । ਦਰ ਘਰ ਆਏ ਪੁਛੇ ਵਾਤ, ਲੱਖ ਚੁਰਾਸੀ ਵਿਚ ਨਾ ਡਰੇ । ਦਰਸ ਦਿਖਾਏ ਇਕ ਇਕਾਂਤ, ਜੋਤ ਸਰੂਪ ਨਰ ਹਰੇ । ਜਨ ਭਗਤਾਂ ਮਾਰੇ ਆਤਮ ਝਾਤ, ਪ੍ਰਭ ਅਬਿਨਾਸ਼ੀ ਦਰ ਖੜ੍ਹੇ । ਅੰਮ੍ਰਿਤ ਬੂੰਦ ਪਿਆਏ ਸਵਾਂਤ, ਝਿਰਨਾ ਅਪਰ ਅਪਾਰ ਝਿਰੇ । ਜੋਤੀ ਜੋਤ ਸਰੂਪ ਹਰਿ, ਮਾਤਲੋਕ ਹਰਿ ਜੋਤ ਧਰ, ਜਨ ਭਗਤਾਂ ਦੇਵੇ ਸਚ ਵਰੇ । ਜਨ ਭਗਤਾਂ ਦਰਸ ਦਿਖਾਇੰਦਾ । ਜੁਗਾ ਜੁਗੰਤਰ ਅੰਮ੍ਰਿਤ ਮੇਘ ਦੇਵੇ ਬਰਸ, ਹਰਸ ਮਿਟਾਇੰਦਾ । ਦਰ ਦਵਾਰੇ ਨਿਜ ਘਰ ਆਤਮ ਜਨ ਸਾਚੇ ਸਤਿ ਸਰੂਪੀ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਸ੍ਰਿਸ਼ਟ ਸਬਾਈ ਵੇਖ ਕਰ, ਗੁਰਮੁਖ ਵਿਰਲਾ ਭਗਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਇੰਦਾ । ਗੁਰਮੁਖਾਂ ਹਰਿ ਆਪ ਉਠਾਵੇ । ਬੇਮੁਖ ਬੰਨ੍ਹਣ ਝੂਠੇ ਦਾਅਵੇ । ਆਤਮ ਅੰਧੇ ਭਾਗਾਂ ਮੰਦੇ ਝੂਠੇ ਬੰਦੇ, ਰੋਂਦੇ ਫਿਰਨ ਭਰਨ ਹਾਵੇ । ਗੁਰਮੁਖ ਸਾਚੇ ਸੰਤ ਜਨ, ਦਰ ਘਰ ਸਾਚੇ ਨਾ ਪੈਣ ਭੁਲਾਵੇ । ਪ੍ਰਭ ਅਬਿਨਾਸ਼ੀ ਦਇਆ ਕਮਾਵੇ । ਆਪੇ ਤੋੜੇ ਆਤਮ ਜੰਦੇ, ਜੋਤ ਸਰੂਪੀ ਡਗਮਗਾਏ, ਸਾਚੇ ਦਰ ਘਰ ਆਪ ਬਹਾਵੇ । ਨਿਜ ਘਰ ਆਸਣ ਲਾਵੇ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜਾਮਾ ਧਰ, ਸੋਏ ਭਗਤ ਬਾਹੋਂ ਫੜ ਗਲੇ ਲਗਾਵੇ । ਗਲੇ ਲਗਾਏ ਹਰਿ ਦੀਨ ਦਿਆਲਾ । ਰੱਖੇ ਠੰਡੀ ਛਾਂਏ, ਗੁਰ ਗੋਪਾਲਾ । ਆਪੇ ਬਣੇ ਪਿਤਾ ਮਾਂਏ, ਅੱਠੇ ਪਹਿਰ ਹੋਏ ਰਖਵਾਲਾ । ਆਪ ਬਣਾਏ ਹੰਸ ਕਾਂਏ, ਚੋਗ

ਚੁਗਾਏ ਸ਼ਬਦ ਸੱਚੀ ਆਤਮ ਵਖਾਏ ਸੱਚੀ ਧਰਮਸਾਲਾ । ਦਰਸ ਅਮੋਘ ਹਰਿ ਆਪ ਦਿਖਾਏ, ਗੁਰਮੁਖ ਸਾਚੇ ਸੰਤ ਜਨਾਂ, ਤੋੜੇ ਜਗਤ ਜੰਜ਼ਾਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਰੰਗ ਸੂਹਾ ਲਾਲ ਪੀਲਾ ਕਾਲਾ । ਰੰਗ ਨਵੇਲਾ ਹਰਿ ਆਪੇ ਵਸੇ । ਗੁਰਮੁਖਾਂ ਰਾਹ ਸਾਚਾ ਦੱਸੇ । ਆਤਮ ਸਾਚੀ ਜੋਤ ਕਰੇ ਪ੍ਰਕਾਸ਼, ਹੋਏ ਤੇਜ ਕੋਟ ਰਵ ਸੱਸੇ । ਸ਼ਬਦ ਸਰੂਪੀ ਪਾਏ ਰਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਰ ਦਵਾਰੇ ਸਦ ਖਿੜ ਖਿੜ ਹੱਸੇ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜਾਮਾ ਧਰ, ਸਾਚਾ ਸ਼ਬਦ ਤੀਰ ਚਲਾਏ, ਬਜ਼ਰ ਕਪਾਟੀ ਚੀਰ ਵਖਾਏ, ਹਰਿ ਹਿਰਦੇ ਜਨ ਭਗਤਾਂ ਸਦਾ ਵਸੇ । ਪੁਰੀ ਘਨਕ ਹਰਿ ਕਾ ਪਾਸਾ । ਜੋਤ ਸਰੂਪੀ ਹਰਿ ਪ੍ਰਕਾਸ਼ਾ । ਤਿੰਨਾਂ ਲੋਕਾਂ ਕਰੇ ਵਾਸਾ । ਸ਼ਬਦ ਸਰੂਪੀ ਪਾਵੇ ਰਾਸਾ । ਆਪੇ ਵੇਖੇ ਜਗਤ ਤਮਾਸ਼ਾ । ਲੱਖ ਚੁਰਾਸੀ ਕਰੇ ਹਾਸਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਕਰੇ ਬੰਦ ਖ਼ਲਾਸਾ । ਪੁਰ ਘਨਕ ਰਮਈਆ ਰਾਮਾ । ਸਾਚਾ ਸ਼ਬਦ ਚਲਾਵੇ ਜਗਤ ਵੱਜੇ ਇਕ ਦਮਾਮਾ । ਕਲਜੁਗ ਤੇਰੀ ਅੰਤਮ ਵਾਰੀ, ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਹਰਿ ਭਗਵਾਨਾ । ਹਰਿ ਮੂਰਤ ਜਨ ਵੇਖ, ਸਰਬ ਅਕਾਰ ਹੈ । ਹਰਿ ਮੂਰਤ ਜਨ ਵੇਖ, ਸਰਬ ਅਧਾਰ ਹੈ । ਹਰਿ ਮੂਰਤ ਜਨ ਵੇਖ, ਰੂਪ ਅਗੰਮ ਅਪਾਰ ਹੈ । ਹਰਿ ਮੂਰਤ ਜਨ ਵੇਖ, ਵੇਖਣ ਸੁਨਣ ਸੁਨਣ ਵੇਖਣ ਸਦ ਵਸੇ ਬਾਹਰ ਹੈ । ਹਰਿ ਮੂਰਤ ਜਨ ਵੇਖ, ਨਾ ਕੋਈ ਰੂਪ ਨਾ ਕੋਈ ਰੰਗ ਅਵਲੜੀ ਧਾਰ ਹੈ । ਹਰਿ ਮੂਰਤ ਜਨ ਵੇਖ, ਆਤਮ ਘਰ ਸਾਚੀ ਮੇਖ, ਜਗੇ ਜੋਤ ਨਿਰਗੁਣ ਹਾਰ ਹੈ । ਹਰਿ ਮੂਰਤ ਜਨ ਵੇਖ, ਭਰਮ ਭੁਲੇਖਾ ਦਏ ਨਿਵਾਰ ਹੈ । ਹਰਿ ਮੂਰਤ ਜਨ ਵੇਖ, ਮਾਨਸ ਜਨਮ ਆਦਿ ਅੰਤ ਰਿਹਾ ਸਵਾਰ ਹੈ । ਹਰਿ ਮੂਰਤ ਜਨ ਵੇਖ, ਕਾਮ ਕਰੋਧ ਕਰੇ ਭਸਮੰਤ, ਮਾਰੇ ਸ਼ਬਦ ਕਟਾਰ ਹੈ । ਹਰਿ ਮੂਰਤ ਜਨ ਵੇਖ, ਜੋਤ ਜਗਾਏ ਸਾਚੇ ਸੰਤ, ਅੰਮ੍ਰਿਤ ਦੇਵੇ ਸਾਚੀ ਧਾਰ ਹੈ । ਹਰਿ ਮੂਰਤ ਜਨ ਵੇਖ, ਏਕਾ ਰੰਗ ਹਰਿ ਸਾਚੇ ਅੰਤ ਨਾ ਪਾਵੇ ਕੋਈ ਜੰਤ ਗਵਾਰ ਹੈ । ਹਰਿ ਮੂਰਤ ਜਨ ਵੇਖ, ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਪਸਰ ਪਸਾਰ ਹੈ । ਹਰਿ ਮੂਰਤ ਜਨ ਵੇਖ, ਜੋਤ ਅਕਾਲ ਹੈ । ਹਰਿ ਮੂਰਤ ਜਨ ਵੇਖ, ਮਾਤਲੋਕ ਨਾ ਹੋਏ ਕਦੇ ਕੰਗਾਲ ਹੈ । ਹਰਿ ਮੂਰਤ ਜਨ ਵੇਖ, ਦੇਵੇ ਦਾਤ ਸ਼ਬਦ ਵਡ ਧਨ ਮਾਲ ਹੈ । ਹਰਿ ਮੂਰਤ ਜਨ ਵੇਖ, ਜੋਤੀ ਜੋਤ ਸਰੂਪ ਹਰਿ, ਕਰ ਰਿਹਾ ਸਰਬ ਪ੍ਰਿਤਪਾਲ ਹੈ । ਹਰਿ ਰੰਗ ਜਨ ਵੇਖ, ਰਸਨਾ ਰਸ ਹਰਿ ਸਾਚਾ ਨਾਉਂ ਲੀਨ ਹੈ । ਹਰਿ ਰੰਗ ਜਨ ਵੇਖ, ਪ੍ਰਭ ਅਬਿਨਾਸ਼ੀ ਹੋਏ ਵਸ, ਜਨ ਭਗਤਾਂ ਰਹੇ ਅਧੀਨ ਹੈ । ਹਰਿ ਰੰਗ ਜਨ ਵੇਖ, ਪ੍ਰਭ ਮਾਰੇ ਸ਼ਬਦ ਖੰਡਾ, ਭੰਨੇ ਹੰਕਾਰੀ ਬੀਨ ਹੈ । ਹਰਿ ਰੰਗ ਜਨ ਵੇਖ, ਜੋਤੀ ਜੋਤ ਸਰੂਪ ਹਰਿ, ਏਕਾ ਰਾਹ ਜਗਤ ਦਿਖਾਏ, ਚਾਰ ਵਰਨਾਂ ਏਕਾ ਥਾਂ ਬਹਾਏ, ਨਾ ਕੋਈ ਹੋਰ ਬਣਾਏ ਦੂਜਾ ਦੀਨ ਹੈ । ਹਰਿ ਰੰਗ ਜਨ ਵੇਖ, ਜਗਤ ਵਡਿਆਈ ਹੈ । ਹਰਿ ਰੰਗ ਜਨ ਵੇਖ, ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਵਿਚ ਟਿਕਾਈ ਹੈ । ਹਰਿ ਰੰਗ ਜਨ ਵੇਖ, ਅੱਠੇ ਪਹਿਰ ਪ੍ਰਭ ਏਕਾ ਜੋਤ ਜਗਾਈ ਹੈ । ਹਰਿ ਰੰਗ ਜਨ ਵੇਖ, ਅਗਿਆਨ ਅੰਧੇਰ ਦਏ ਮਿਟਾਈ ਹੈ । ਹਰਿ ਰੰਗ ਜਨ ਵੇਖ, ਜੋਤੀ ਜੋਤ ਸਰੂਪ ਹਰਿ, ਪੂਰਨ ਬੂਝ ਰਿਹਾ ਬੁਝਾਈ ਹੈ । ਹਰਿ ਰੰਗ ਜਨ ਵੇਖ, ਰੰਗ ਅਨੂਪ ਹੈ । ਹਰਿ ਰੰਗ ਜਨ ਵੇਖ, ਪ੍ਰਭ ਦਿਸੇ ਸਤਿ ਸਰੂਪ ਹੈ । ਹਰਿ ਰੰਗ ਜਨ ਵੇਖ, ਮੇਲ ਮਿਲਾਵਾ ਹਰਿ ਸਾਚੇ ਸ਼ਾਹੋ ਭੂਪ ਹੈ । ਹਰਿ ਰੰਗ ਜਨ ਵੇਖ, ਸ੍ਰਿਸ਼ਟ ਸਬਾਈ ਅੰਤਮ ਕਲਜੁਗ ਚਾਰ ਕੁੰਟ ਹੋਈ ਅੰਧ

ਕੂਪ ਹੈ । ਹਰਿ ਰੰਗ ਜਨ ਵੇਖ, ਮਨ ਭਏ ਅਨੰਦਾ । ਹਰਿ ਰੰਗ ਜਨ ਵੇਖ, ਉਤਰੇ ਮਨ ਕੀ ਝੂਠੀ ਚਿੰਦਾ । ਹਰਿ ਰੰਗ ਜਨ ਵੇਖ, ਏਕਾ ਏਕ ਹਰਿ ਰਾਹ ਵਖਾਏ ਦਇਆ ਕਮਾਏ, ਨਿਜ ਘਰ ਆਤਮ ਆਪ ਉਪਜਾਏ, ਬਣਾਏ ਸਾਚੀ ਬਿੰਦਾ । ਜੋਤੀ ਜੋਤ ਸਰੂਪ ਹਰਿ, ਸਦਾ ਸਦਾ ਜਨ ਭਗਤਾਂ ਆਪ ਬਖ਼ਸ਼ੰਦਾ । ਹਰਿ ਕਾ ਰੂਪ ਅਗੰਮ, ਸ਼ਬਦ ਅਮੋਲ ਹੈ । ਹਰਿ ਕਾ ਰੂਪ ਅਗੰਮ, ਸ੍ਰਿਸ਼ਟ ਸਬਾਈ ਏਕਾ ਬ੍ਰਹਮ, ਪੂਰੇ ਤੋਲ ਰਿਹਾ ਤੋਲ ਹੈ । ਲੱਖ ਚੁਰਾਸੀ ਪਈ ਭਰਮ, ਅੰਤਮ ਕਲਜੁਗ ਰਹੀ ਡੋਲ ਹੈ । ਕਾਇਆ ਮਾਟੀ ਝੂਠਾ ਚਾਮ, ਸਚ ਵਸਤ ਨਾ ਕਿਸੇ ਕੋਲ ਹੈ । ਅੰਤਮ ਬਾਹਰ ਹੋਣੇ ਦਮ, ਝੂਠਾ ਰਹਿਣਾ ਕਾਇਆ ਢੋਲ ਹੈ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਲਏ ਰਖਾਏ ਦਇਆ ਕਮਾਏ, ਲੱਖ ਚੁਰਾਸੀ ਰਹੀ ਅਨਭੋਲ ਹੈ । ਜਨ ਭਗਤਾਂ ਦਇਆ ਕਮਾਏ, ਰਾਹ ਵਖਾਏ, ਦੇ ਮਤ ਰਿਹਾ ਸਮਝਾਏ, ਫੜ ਫੜ ਬਾਹੋਂ ਰਾਹੇ ਪਾਇੰਦਾ । ਜੋਤ ਸਰੂਪੀ ਦਰਸ ਦਿਖਾਏ, ਸਾਚੀ ਸ਼ਬਦ ਧੁਨ ਉਪਜਾਏ, ਅੰਮ੍ਰਿਤ ਮੇਘ ਬਰਸ ਵਖਾਏ, ਆਤਮ ਤ੍ਰਿਖਾ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਨੁਹਾਏ ਸਾਚੇ ਸਰ, ਸਰੋਵਰ ਇਕ ਵਖਾਇੰਦਾ । ਆਤਮ ਸਰ ਸੱਚਾ ਸੀਰ । ਪ੍ਰਭ ਅਬਿਨਾਸ਼ੀ ਦਿਤਾ ਨੀਰ । ਅੰਮ੍ਰਿਤ ਬੂੰਦ ਸਹਾਈ, ਜਨ ਭਗਤਾਂ ਦੇਵੇ ਧੀਰ । ਮਿਟੇ ਅੰਧੇਰੀ ਰਾਤੀ, ਜਗੇ ਜੋਤ ਸਾਚੀ ਬਾਤੀ, ਮਾਇਆ ਪੜਦੇ ਰਿਹਾ ਚੀਰ । ਗੁਰਮੁਖ ਵਿਰਲਾ ਮਾਰੇ ਝਾਤੀ, ਪ੍ਰਭ ਆਪ ਚੁਕਾਏ ਪਿਛਲੀ ਬਾਕੀ, ਵੇਲਾ ਅੰਤ ਅਖ਼ੀਰ । ਜਨ ਭਗਤਾਂ ਆਤਮ ਖੋਲ੍ਹੇ ਤਾਕੀ, ਆਪ ਚੜ੍ਹਾਏ ਸ਼ਬਦ ਘੋੜੇ ਸਾਚੇ ਰਾਕੀ, ਤੋੜੇ ਹਰਿ ਜੰਜ਼ੀਰ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਮੇਖ ਲਗਾਏ, ਪਿਆਏ ਅੰਮ੍ਰਿਤ ਸਾਚਾ ਸੀਰ । ਸਾਚਾ ਸੀਰ ਹਰਿ ਮੁਖ ਲਗਾਣਾ । ਆਤਮ ਦੇਵੇ ਧੀਰ, ਭਾਂਡਾ ਭਰਮ ਭੰਨਾਣਾ । ਸਿਰ ਬੰਨ੍ਹੇ ਸ਼ਬਦ ਸਾਚਾ ਚੀਰ, ਮਸਤਕ ਤਿਲਕ ਨਾਮ ਲਗਾਣਾ । ਕੋਈ ਨਾ ਜਾਣੇ ਹਸਤ ਕੀੜ, ਊਚ ਨੀਚ ਰਾਓ ਰੰਕ ਸ਼ਾਹ ਸੁਲਤਾਨ ਰਾਜ ਰਾਜਾਨ ਏਕਾ ਰੰਗ ਰੰਗਾਇਆ । ਪ੍ਰਭ ਅਬਿਨਾਸ਼ੀ ਹੋ ਮਿਹਰਵਾਨ, ਸੱਚਾ ਸੰਗ ਆਪਣਾ ਆਪ ਨਿਭਾਇਆ । ਜਨ ਭਗਤਾਂ ਦੇਵੇ ਮਾਣ ਤਾਣ, ਬੇੜਾ ਬੰਨ੍ਹ ਪਾਰ ਲੰਘਾਇਆ । ਸੋਹੰ ਸ਼ਬਦ ਸਚ ਬਬਾਣ, ਗੁਰਮੁਖ ਸਾਚਾ ਪ੍ਰਭ ਆਪ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਫੜ ਫੜ ਬਾਹੋਂ ਅੰਤਮ ਵਾਰ ਆਪਣੀ ਹੱਥੀਂ ਪਾਰ ਲੰਘਾਇਆ । ਗੁਰ ਸੰਗਤ ਦਰ ਪ੍ਰਵਾਨ ਹੈ । ਸੰਗਤ ਗੁਰ ਏਕਾ ਜਗਤ ਨਿਸ਼ਾਨ ਹੈ । ਗੁਰ ਸੰਗਤ ਸੰਗਤ ਗੁਰ ਏਕਾ ਰੂਪ ਹਰਿ ਭਗਵਾਨ ਹੈ । ਗੁਰ ਸੰਗਤ ਮਿਲਿਆ ਲਿਖਿਆ ਧੁਰ, ਦੇਵੇ ਨਾਮ ਗੁਣ ਨਿਧਾਨ ਹੈ । ਪ੍ਰਭ ਦਰਸ਼ਨ ਲੋਚਨ ਸੁਰ, ਕਰੋੜ ਤੇਤੀਸ ਇੰਦ ਇੰਦਰਾਨ ਹੈ । ਪ੍ਰਗਟ ਹੋਏ ਹਰਿ ਘਨਕਪੁਰ, ਨਿਹਕਲੰਕ ਬਲੀ ਬਲਵਾਨ ਹੈ । ਧੁਰਦਰਗਾਹੀ ਆਇਆ ਤੁਰ, ਝੁੱਲੇ ਸੱਚਾ ਇਕ ਨਿਸ਼ਾਨ ਹੈ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਮੇਲ ਮਿਲਾਏ, ਬਖ਼ਸ਼ੇ ਚਰਨ ਧਿਆਨ ਹੈ । ਗੁਰ ਸੰਗਤ ਮਨ ਵਧਾਈ, ਜਗ ਮਿਟੇ ਅੰਧੇਰਾ । ਏਕਾ ਹਰਿ ਜੀ ਸੱਚੀ ਸਰਨਾਈ, ਲੱਖ ਚੁਰਾਸੀ ਚੁੱਕੇ ਝੇੜਾ । ਆਪੇ ਮੇਟੇ ਕਲਜੁਗ ਛਾਹੀ, ਲੋਕਮਾਤੀ ਝੂਠਾ ਝੇੜਾ । ਵੇਲੇ ਅੰਤਮ ਪਕੜੇ ਬਾਹੀਂ, ਕਰੇ ਸਚ ਨਿਬੇੜਾ । ਧਰਮ ਰਾਏ ਨਾ ਦੇਵੇ ਫਾਹੀ, ਕਰੇ ਹੱਕ ਨਿਬੇੜਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੀ ਜੋਤ ਜਗਾਏ ਦਇਆ ਕਮਾਏ, ਹਰਿ ਵਸਾਏ ਕਾਇਆ ਨਗਰ ਖੇੜਾ । ਗੁਰ ਸੰਗਤ ਸਾਚਾ ਸੰਗ ਨਿਭਾਇਆ । ਜੋਤ ਸਰੂਪੀ ਚਾੜ੍ਹਾ ਰੰਗ । ਰੰਗ ਭੱਠੀ ਇਕ ਚੜ੍ਹਾਇਆ, ਮਾਨਸ ਜਨਮ ਨਾ ਹੋਏ ਭੰਗ । ਸਾਚਾ ਗੀਤ ਸੁਹਾਗੀ ਗਾਇਆ, ਪ੍ਰਭ ਦਰ ਮੰਗਣ ਏਕਾ ਮੰਗ । ਜੋਤੀ ਜੋਤ ਸਰੂਪ ਹਰਿ, ਹੋਏ

੪੨੨
੦੪

ਸਹਾਈ ਅੰਗ ਸੰਗ । ਸਾਚੇ ਘਰ ਵਸੇ ਰਘੁਰਾਇਆ । ਆਪੇ ਕਟੇ ਭੁੱਖ ਨੰਗ, ਦੁੱਖਾਂ ਕਾਇਆ ਡੇਰਾ ਢਾਹਿਆ । ਬੇਮੁਖਾਂ ਚੋਰਾਂ ਦੇਵੇ ਦੰਡ, ਸ਼ਬਦ ਡੰਡਾ ਮਗਰ ਲਗਾਇਆ । ਸ਼ਬਦ ਘੋੜੇ ਕਸਿਆ ਤੰਗ, ਅੰਮ੍ਰਿਤ ਆਤਮ ਆਪ ਚੜ੍ਹਾਏ ਸਾਚਾ ਰੰਗ, ਸਤਿ ਸਰੋਵਰ ਆਪ ਖੁਲ੍ਹਾਇਆ । ਮਾਨਸ ਜਨਮ ਨਾ ਹੋਏ ਭੰਗ, ਸਰਨ ਸਰਨਾਈ ਜੋ ਜਨ ਆਇਆ । ਜੋਤੀ ਜੋਤ ਸਰੂਪ ਹਰਿ, ਸਾਚੇ ਲੇਖੇ ਆਪਣੇ ਆਪ ਆਪੇ ਲਾਇਆ । ਗੁਰ ਸੰਗਤ ਸਾਚਾ ਸੰਗ ਨਿਭਾਇੰਦਾ । ਆਪ ਚੜ੍ਹਾਏ ਸ਼ਬਦ ਘੋੜ, ਵਾਗ ਆਪਣੇ ਹੱਥ ਰਖਾਇੰਦਾ । ਧੁਰਦਰਗਾਹੀ ਆਇਆ ਦੌੜ, ਬੇੜਾ ਬੰਨ੍ਹ ਵਖਾਇੰਦਾ । ਆਪੇ ਵੇਖੇ ਮਿੱਠੇ ਕੌੜ, ਸ਼ਬਦ ਹਥੌੜਾ ਭੰਨ ਵਖਾਇੰਦਾ । ਜਨ ਭਗਤਾਂ ਪ੍ਰਭ ਅਬਿਨਾਸ਼ੀ ਗਿਆ ਬਹੁੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸਾਚਾ ਮੇਲ ਕਰ, ਸੱਚਾ ਨਾਮ ਧਨ ਪੱਲੇ ਬੰਨ੍ਹਾਇੰਦਾ । ਸਚ ਦਾਮ ਪੱਲੇ ਬੰਨ੍ਹੇ । ਗੁਰਮੁਖ ਸਾਚੇ ਸੰਤ ਜਨ, ਧਰਮ ਰਾਏ ਨਾ ਕਦੇ ਡੰਨੇ । ਏਕਾ ਸ਼ਬਦ ਸੁਣਾਏ ਕੰਨ, ਜਨ ਭਗਤਾਂ ਆਤਮ ਸਾਚੀ ਮੰਨੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਪਾਰ ਉਤਾਰੇ, ਕਿਰਪਾ ਧਾਰੇ ਹਰਿ ਨਿਰੰਕਾਰੇ, ਬੇਮੁਖ ਜੀਵ ਮਿਟਾਏ ਆਤਮ ਅੰਨ੍ਹੇ । ਰੈਣ ਅੰਧੇਰੀ ਲੱਖ ਚੁਰਾਸੀ ਹੇਰਾ ਫੇਰੀ । ਕੋਈ ਨਾ ਢਾਹੇ ਭਰਮਾਂ ਢੇਰੀ । ਅੱਠੇ ਪਹਿਰ ਦਿਵਸ ਰੈਣ, ਕਰਦੇ ਰਹਿਣ ਮੇਰੀ ਮੇਰੀ । ਨਾ ਕੋਈ ਭਾਈ ਨਾ ਕੋਈ ਭੈਣ, ਮਾਇਆ ਰਾਣੀ ਆਏ ਘੇਰੀ । ਏਕਾ ਹਰਿ ਸੱਚਾ ਸਾਕ ਸੱਜਣ ਸੈਣ, ਛੁਟੀ ਕਾਇਆ ਭਰਮਾ ਢੇਰੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਪਾਈ ਫੇਰੀ । ਕਲਜੁਗ ਤੇਰੀ ਅੰਤਮ ਵਾਰੀ, ਜਗੇ ਜੋਤ ਅਗੰਮ ਅਪਾਰ । ਪੁਰੀ ਘਨਕ ਅੰਤਮ ਵਾਰ । ਸ਼ਬਦ ਵੱਜੇ ਸਾਚਾ ਡੰਕ, ਪ੍ਰਗਟ ਹੋਏ ਕ੍ਰਿਸ਼ਨ ਮੁਰਾਰ । ਆਪ ਉਠਾਏ ਰਾਓ ਰੰਕ, ਊਚ ਨੀਚ ਭੇਵ ਨਿਆਰ । ਜੋਤੀ ਜੋਤ ਸਰੂਪ ਹਰਿ, ਹਰਿ ਨਰ ਨਰ ਹਰਿ ਸੱਚਾ ਕਰਤਾਰ । ਏਕਾ ਰੰਗ ਹਰਿ ਰੰਗੀਲਾ, ਲੱਖ ਚਰਾਸੀ ਆਪੇ ਲਾਇੰਦਾ । ਆਪੇ ਕਰ ਕਰ ਸਾਚਾ ਹੀਲਾ, ਜੋਤੀ ਦੀਪ ਟਿਕਾਇੰਦਾ । ਨਾ ਕੋਈ ਵੇਖੇ ਕਾਲਾ ਪੀਲਾ, ਲਾਲ ਸੂਹਾ ਰੰਗ ਰੰਗਾਇੰਦਾ । ਅਗਨੀ ਜੋਤ ਦੀਵਾ ਬਾਲਾ, ਗੁਰਮੁਖ ਪ੍ਰਭ ਆਤਮ ਰਸ ਪੀ ਲਾ । ਅਗਨ ਤ੍ਰਿਸ਼ਨਾ ਭੁੱਖ ਮਿਟਾਇੰਦਾ । ਧੁਰਦਰਗਾਹ ਸਾਚੀ, ਜੀਵਾਂ ਆਵਣ ਜਾਵਣ ਗੇੜ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਪੰਚਮ ਜੇਠ ਪਹਿਨ ਬਾਣਾ ਨੀਲਾ, ਖੇਲ ਰਚਾਇੰਦਾ । ਨੀਲਾ ਬਾਣਾ ਸਾਚਾ ਰਾਣਾ, ਜੋਤ ਸਰੂਪੀ ਹਰਿ ਭਗਵਾਨਾ । ਕਰੇ ਖੇਲ ਜਗਤ ਮਹਾਨਾ । ਜੋਤ ਸਰੂਪੀ ਹੋ ਅਸਵਾਰ, ਲੋਕਮਾਤ ਹਰਿ ਡੇਰਾ ਲਾਏ, ਗੁਰ ਗੁਰ ਸੋਇਆ ਆਪ ਜਗਾਨਾ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਕਰੇ ਜਗਤ ਬੇਮੁਹਾਨਾ । ਸਚ ਸਿੰਘਾਸਣ ਹਰਿ ਸੁਲਤਾਨ । ਝੁਲਦਾ ਰਹੇ ਸਦਾ ਨਿਸ਼ਾਨ । ਪੂਰੇ ਤੋਲ ਤੁਲਦਾ ਰਹੇ, ਹੋਇਆ ਰਹੇ ਵਡ ਮਿਹਰਵਾਨ । ਲੋਕਮਾਤ ਸਦ ਭੰਡਾਰਾ ਖੁਲ੍ਹਦਾ ਰਹੇ, ਦੇਂਦਾ ਰਹੇ ਸਦਾ ਭਰਪੂਰ ਜੀਆਂ ਦਾਨ । ਚਰਨ ਪ੍ਰੀਤੀ ਘੋਲ ਘੁਲਦਾ ਰਹੇ, ਦਰਸ਼ਨ ਦੇਵੇ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਆਪ ਬਿਰਾਜੇ, ਜਨ ਭਗਤਾਂ ਪੜਦੇ ਆਪੇ ਕਾਜੇ, ਰੱਖੇ ਲਾਜੇ ਆਤਮ ਜੋਤ ਕਰੇ ਪ੍ਰਕਾਸ਼ ਕੋਟਨ ਭਾਨ । ਸਚ ਸਿੰਘਾਸਣ ਹਰਿ ਅਸਵਾਰਾ । ਸ਼ਬਦ ਸਰੂਪੀ ਲੱਗੀ ਬਹਾਰਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਸਾਚਾ ਵਰ, ਆਤਮ ਭੰਡਾਰੇ ਰਿਹਾ ਭਰ, ਸਾਚਾ ਸ਼ਬਦ ਕਰੇ ਵਰਤਾਰਾ । ਸਚ ਸਿੰਘਾਸਣ ਨੈਣ ਮੁਧਾਰ । ਤਿੰਨਾਂ ਲੋਆਂ ਚੌਦਾਂ ਹੱਟਾਂ, ਆਪ ਕਰਾਏ ਸੱਚਾ ਵਣਜ ਵਪਾਰ । ਅਠ ਸਠ ਤੀਰਥ ਤਟਾਂ ਵਸੇ ਘਟ ਘਟਾ, ਜਿਸ ਚਲਾਈ ਗੰਗਾ ਧਾਰ । ਜੋਤ

ਜਗਾਏ ਲੱਖ ਚੁਰਾਸੀ ਕਾਇਆ ਮੱਟਾ, ਦੂਈ ਦਵੈਤੀ ਮੇਟ ਮਿਟਾਏ ਕਰੇ ਖੇਲ ਅਪਰ ਅਪਾਰ । ਗੁਰਮੁਖਾਂ ਤਨ ਪਹਿਨਾਏ ਸ਼ਬਦ ਸਾਚਾ ਪਟਾ, ਕਰੇ ਆਪ ਸ਼ਿੰਗਾਰ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਆਪ ਬਿਰਾਜੇ, ਆਪੇ ਪਾਏ ਆਪਣੀ ਸਾਰ । ਸਚ ਸਿੰਘਾਸਣ ਹਰਿ ਵਸੇਰਾ । ਸਦ ਸਦ ਵਸੇ ਹਰਿ ਨੇਰਨ ਨੇਰਾ । ਗੁਰਮੁਖਾਂ ਆਤਮ ਵਸੇ, ਸ਼ਬਦ ਤੀਰ ਕਸੇ ਮੁਕਾਏ ਝੂਠਾ ਝੇੜਾ । ਏਕਾ ਰਾਹ ਸਾਚਾ ਦੱਸੇ, ਕਰੇ ਹੱਕ ਨਿਬੇੜਾ । ਪੰਜਾਂ ਚੋਰਾਂ ਪੈਰਾਂ ਹੇਠ ਝਸੇ, ਮਿਟੇ ਚੁਰਾਸੀ ਗੇੜਾ । ਜੋਤੀ ਜੋਤ ਸਰੂਪ ਹਰਿ, ਏਕਾ ਸਾਚੀ ਜੋਤ ਜਗਾਏ ਆਪ ਵਸਾਏ ਤੇਰਾ ਕਾਇਆ ਨਗਰ ਖੇੜਾ । ਸਚ ਸਿੰਘਾਸਣ ਹਰਿ ਬਲਕਾਰੀ । ਜਗੇ ਜੋਤ ਇਕ ਅਪਾਰੀ । ਨਾ ਕੋਈ ਰੂਪ ਰੰਗ ਰੇਖ ਭੇਖ, ਨਾ ਕੋਈ ਪਾਵੇ ਸਾਰੀ । ਸ੍ਰਿਸ਼ਟ ਸਬਾਈ ਰਹੀ ਵੇਖ, ਜੋਤ ਸਰੂਪੀ ਸ਼ਬਦ ਉਡਾਰੀ । ਆਪ ਲਿਖਾਏ ਸਾਚੇ ਲੇਖ, ਚਿਤਰ ਗੁਪਤ ਬਣ ਲਿਖਾਰੀ । ਗੁਰਮੁਖ ਸਾਚੇ ਨੇਤਰ ਲੈਣਾ ਵੇਖ, ਖੜਾ ਰਹੇ ਆਤਮ ਦਰ ਦਵਾਰੀ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਏਕਾ ਏਕ ਜਨ ਭਗਤਾਂ ਲਿਖਾਏ ਸਾਚੇ ਲੇਖ, ਮਾਰੇ ਸ਼ਬਦ ਮੇਖ, ਦੂਈ ਦਵੈਤੀ ਪੜਦਾ ਪਾੜੀ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਦ ਰਹੇ ਪਿਛੇ ਅਗਾੜੀ । ਸਚ ਸਿੰਘਾਸਣ ਹਰਿ ਜੀ ਬੋਲੇ । ਜੋਤ ਸਰੂਪੀ ਪੜਦੇ ਖੋਲ੍ਹੇ । ਕਾਇਆ ਮੰਦਰ ਸਾਚੇ ਅੰਦਰ, ਮਾਟੀ ਕਾਚੀ ਸਾਚੇ ਬੋਲੇ । ਔਖੀ ਘਾਟੀ ਜੋਤ ਲਲਾਟੀ, ਸਾਚੀ ਹਾਟੀ ਵਸੇ ਕਾਇਆ ਡੋਲੇ । ਗੁਰਮੁਖ ਸਾਚੇ ਸੰਤ ਜਨ ਰਸ ਸਾਚਾ ਚਾਟੀਂ, ਜਗੇ ਜੋਤ ਇਕ ਅਮੋਲੇ । ਪ੍ਰਭ ਅਬਿਨਾਸ਼ੀ ਇਕ ਸਚ ਇਸ਼ਨਾਨ ਕਰਾਏ, ਆਤਮ ਤੀਰਥ ਤਟੀ, ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਸੋਹੰ ਕੰਡੇ ਤੋਲੇ । ਇਕ ਖੁਲ੍ਹਾਏ ਸਾਚੀ ਹਾਟੀ, ਕਲਜੁਗ ਤੇਰਾ ਅੰਤਮ ਦਿਸੇ ਪਾਰ ਕਿਨਾਰਾ । ਜਨ ਭਗਤਾਂ ਬਣੇ ਸੱਜਣ ਸੁਹੇਲ, ਫੜ ਬਾਹੋਂ ਪਾਰ ਕਰਾਏ, ਹਰਿ ਸਾਚਾ ਸਾਜਣ ਮੀਤ ਮੁਰਾਰਾ । ਜੋਤੀ ਜੋਤ ਸਰੂਪ ਹਰਿ, ਸਿੰਘ ਸਿੰਘਾਸਣ ਚਰਨ ਲਗਾਏ ਦਇਆ ਕਮਾਏ ਹਰਿ ਨਿਰੰਕਾਰਾ । ਆਤਮ ਘੇਰ ਤਨ ਮੰਦਰ ਡੋਲੇ । ਢਹਿ ਢਹਿ ਜਾਣਾ ਹੋਏ ਢੇਰ, ਨਾ ਕੋਈ ਭੁੱਲੇ ਨਾ ਜਾਣੇ ਹੇਰ ਫੇਰ, ਕਵਣ ਵਿਚੋਲੇ ਜਗਤ ਛੁਡਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਪੜਦੇ ਫੋਲੇ । ਕਾਇਆ ਚੋਲੀ ਝੂਠੀ ਪਾਟੀ । ਢਾਹੀ ਕੰਧ ਮਨ ਤਨ ਕਾਇਆ ਮਾਟੀ । ਆਤਮ ਅੰਧ ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਪਾਏ ਕਾਇਆ ਚਾਟੀ । ਆਤਮ ਡੋਲੇ ਸੁਰਤ ਸੁਹਾਗਣ । ਕਾਇਆ ਹੋਈ ਸੜ ਸੜ ਕੋਲੇ, ਸੋਏ ਬੀਰ ਫੇਰ ਨਾ ਜਾਗਣ । ਵੱਜੇ ਤੀਰ ਕਾਇਆ ਚੋਲੇ, ਉਠ ਉਠ ਜੂਠੇ ਸਾਰੇ ਭਾਗਣ । ਜੋਤੀ ਜੋਤ ਸਰੂਪ ਹਰਿ, ਸਾਚਾ ਇਕ ਹੁਕਮ ਸੁਣਾਏ, ਸੋਹੰ ਸ਼ਬਦ ਜਨ ਰਸਨਾ ਗਾਏ, ਏਕਾ ਸੱਚਾ ਰਾਗਣ । ਚਰਨ ਪ੍ਰੀਤੀ ਮੰਗੇ ਜਨ, ਆਤਮ ਦਰਸ ਪਿਆਸਾ । ਹੋਏ ਸਹਾਈ ਮੀਤ ਜਨ, ਸ਼ਬਦ ਸਰੂਪੀ ਪਾਵੇ ਰਾਸਾ । ਆਪੇ ਪੁਰਖ ਪੰਚ ਜਨ, ਤੋਲ ਤੁਲਾਏ ਤੋਲਾ ਮਾਸਾ । ਸਾਚਾ ਸ਼ਬਦ ਉਪਜਾਏ ਕੰਨ, ਵੇਖ ਵਿਚਾਰੇ ਕਾਇਆ ਕਾਸਾ । ਬੇੜਾ ਅੰਤਮ ਦੇਵੇ ਬੰਨ੍ਹ, ਆਪ ਵਖਾਏ ਜਗਤ ਤਮਾਸ਼ਾ । ਜੋਤੀ ਜੋਤ ਸਰੂਪ ਹਰਿ, ਆਤਮ ਸਾਚੀ ਜੋਤ ਧਰ, ਮਾਨਸ ਜਨਮ ਕਰਾਏ ਰਹਿਰਾਸਾ । ਆਤਮ ਜੋਤੀ ਹਰਿ ਉਜਿਆਰੇ । ਦੇਵੇ ਦਰਸ ਪੁਰਖ ਅਗੰਮੜਾ ਰੈਣ ਅੰਧਿਆਰੇ । ਸੁੱਕਾ ਹਰਿਆ ਕਰੇ ਕਾਇਆ ਚਮੜਾ, ਪੱਲੇ ਬੰਨ੍ਹੇ ਨਾਮ ਦਮੜਾ, ਨਾ ਕੋਈ ਕਰੇ ਕਰਾਏ ਝੂਠੇ ਲਾਰੇ । ਏਕਾ ਰਾਹ ਅਵਲੜਾ, ਇਕ ਵਖਾਏ ਸਚ ਦਰਬਾਰੇ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਜੋਤ ਦਰਸ ਦਿਖਾਏ, ਸਾਚੇ ਰੰਗ ਰੰਗੇ ਕਰਤਾਰੇ । ਪੁਰੀ ਲੋਆਂ ਅਕਾਰ, ਖੰਡ ਬ੍ਰਹਿਮੰਡ ਹੈ । ਜੋਤ ਸਰੂਪੀ ਜਾਮਾ ਧਾਰ, ਨੌਂ ਖੰਡ ਪ੍ਰਿਥਮੀ

੪੨੩
੦੪

੪੨੪
੦੪

ਕਰੇ ਕਰਾਏ ਵੰਡ ਹੈ । ਚਿੱਟੇ ਅਸਵ ਹੋ ਅਸਵਾਰ ਹੈ । ਸੋਹੰ ਫੜੀ ਸ਼ਬਦ ਕਟਾਰ ਹੈ । ਬੇਮੁਖਾਂ ਲਾਏ ਦੰਡ, ਜਨ ਭਗਤਾਂ ਬਣਿਆ ਸਾਚਾ ਯਾਰ ਹੈ । ਜੋਤ ਸਰੂਪੀ ਹਰਿ ਨਿਰੰਕਾਰ, ਬੇਮੁਖਾਂ ਆਤਮ ਰੰਡ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਿਚ ਬ੍ਰਹਿਮੰਡ ਹੈ । ਨੌਂ ਖੰਡ ਪ੍ਰਿਥਮੀ ਆਪੇ ਪਾਏ ਵੰਡੇ । ਚਾਰ ਕੁੰਟ ਚਾਰ ਯਾਰੀ ਕਰ ਖੁਆਰੀ ਅੰਤਮ ਵਾਰੀ, ਮਗਰ ਲਗਾਏ ਸ਼ਬਦ ਡੰਡੇ । ਦੁਖੀ ਹੋਏ ਨਰ ਨਾਰੀ ਜੀਵ ਗਵਾਰੀ ਨਾ ਕੋਈ ਪਾਵੇ ਸਾਰੀ, ਆਤਮ ਹੋਈ ਸਰਬ ਘਮੰਡੇ । ਉਚੇ ਮੰਦਰ ਘਰ ਘਰ ਅੰਦਰ ਢਹਿੰਦੇ ਜਾਣ ਵਾਰੋ ਵਾਰੀ, ਕਲਜੁਗ ਅੰਤਮ ਜਾਓ ਬਲਿਹਾਰੀ, ਨਾ ਕੋਈ ਦਿਸੇ ਸ਼ਾਹ ਅਸਵਾਰੀ, ਕੋਈ ਨਾ ਚੁੱਕੇ ਅੰਤਮ ਕੰਧੇ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਮਾਤ ਧਰ, ਕਰੇ ਖੇਲ ਵਿਚ ਬ੍ਰਹਿਮੰਡੇ । ਵਿਚ ਬ੍ਰਹਿਮੰਡ ਸ਼ਬਦ ਕਟਾਰਾ । ਚਾਰੋਂ ਕੁੰਟ ਚਲੇ ਚਲਾਏ, ਸ੍ਰਿਸ਼ਟ ਸਬਾਈ ਵਾਰੋ ਵਾਰਾ । ਧਰਤ ਮਾਤ ਦਏ ਦੁਹਾਈ, ਨਿਹਕਲੰਕ ਕਲ ਜਾਮਾ ਧਾਰਾ । ਬੇਮੁਖਾਂ ਦੇਵੇ ਅੰਤ ਸਜਾਏ, ਆਪੇ ਚੀਰੇ ਚੀਰ ਕਰਾਏ ਅੰਤ ਦੋ ਫਾੜਾ । ਬੇਮੁਖਾਂ ਪੈਰਾਂ ਹੇਠ ਦਬਾਏ, ਕਰਾਏ ਖੇਲ ਮਹੀਨੇ ਹਾੜਾ । ਗੁਰਮੁਖਾਂ ਆਤਮ ਸੀਰ ਚੁਆਏ, ਜ਼ਿਮੀਂ ਅਸਮਾਨੀ ਤੁਟਾ ਪਾੜਾ । ਹਉਮੇ ਵਿਚੋਂ ਪੀੜ ਗਵਾਏ, ਜੋਤ ਜਗਾਏ ਬਹੱਤਰ ਨਾੜਾ । ਬੇਮੁਖਾਂ ਕਲਜੁਗ ਚੀਰ ਵਖਾਵੇ, ਆਪ ਚਬਾਏ ਆਪਣੀ ਦਾੜ੍ਹਾ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਵੇਖੇ ਸਚ ਅਖਾੜਾ । ਲੱਗੇ ਸਚ ਅਖਾੜ ਜੀਵ ਕੁਰਲਾਨਿਆ । ਲੱਗੇ ਅਗਨ ਮਹੀਨੇ ਹਾੜ, ਹੋਏ ਫਿਰਨ ਬੇਮੁਹਾਣਿਆ । ਬੇਮੁਖਾਂ ਦਿਨ ਆਏ ਮਾੜੇ, ਵੱਜੇ ਤੀਰ ਸ਼ਬਦ ਕਾਨਿਆ । ਮੌਤ ਲਾੜੀ ਦੇਵੇ ਘੋੜੀ ਚਾੜ੍ਹ, ਕਲਜੁਗ ਤੇਰੀ ਅੰਤ ਨਿਸ਼ਾਨੀਆਂ । ਜੋਤ ਸਰੂਪੀ ਦੇਵੇ ਸਾੜ, ਧੀਰਜ ਧੀਰ ਨਾ ਕੋਇ ਧਰਾਨਿਆ । ਆਪ ਚਬਾਏ ਆਪਣੀ ਦਾੜ੍ਹ, ਲੱਖ ਚੁਰਾਸੀ ਮੇਟ ਮਿਟਾਨਿਆ । ਜਨ ਭਗਤਾਂ ਸ਼ਬਦ ਸਰੂਪੀ ਕਰੇ ਵਾੜ, ਕਰ ਵਡ ਵਡ ਮਿਹਰਬਾਨੀਆਂ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦੇਵੇ ਦਾਤ ਸ਼ਬਦ ਕਰਾਮਾਤ ਸਚ ਸੁਗਾਤ, ਗੁਣਵੰਤ ਹਰਿ ਗੁਣ ਨਿਧਾਨਿਆ । ਵਿਚ ਵਰਭੰਡ ਹੋਏ ਬਹੁ ਭੰਡੀ । ਬੇਮੁਖਾਂ ਵੱਢੇ ਹਰਿ ਜੀ ਕੰਡੀ । ਕਿਸੇ ਨਾ ਦਿਸੇ ਸਾਚਾ ਰਾਹ, ਚਾਰੋਂ ਕੁੰਟ ਚੰਡ ਪ੍ਰਚੰਡੀ । ਲੱਖ ਚੁਰਾਸੀ ਕੋਈ ਨਾ ਥੰਮ੍ਹੇ, ਧਰਮ ਰਾਏ ਦੀ ਪਈ ਵੰਡੀ । ਅੰਤ ਨਾ ਲਏ ਕੋਈ ਛੁਡਾਏ, ਸ੍ਰਿਸ਼ਟ ਸਬਾਈ ਹੋਈ ਰੰਡੀ । ਨਾ ਕੋਈ ਪਿਤਾ ਨਾ ਕੋਈ ਮਾਏ, ਆਪੇ ਕਰੇ ਖੰਡ ਖੰਡੀ । ਪੁਰਖ ਅਬਿਨਾਸ਼ੀ ਜਨ ਭਗਤਾਂ ਹੋਏ ਆਪ ਦਾਸੀ, ਜੋਤ ਜਗਾਏ ਵਿਚ ਵਰਭੰਡੀ, ਸਾਚਾ ਹੱਟ ਜਗਤ ਖੁਲ੍ਹਾਇੰਦਾ । ਰੱਖੇ ਨਾਮ ਸਾਚਾ ਪੱਟ, ਪੂਰਾ ਤੋਲ ਤੁਲਾਇੰਦਾ । ਸਾਚਾ ਰਸ ਗੁਰਮੁਖ ਵਿਰਲਾ ਰਿਹਾ ਚੱਟ, ਕਾਇਆ ਮਾਟੀ ਜੋਤ ਜਗਾਇੰਦਾ । ਦੂਈ ਦਵੈਤੀ ਮਿਟੇ ਫੱਟ, ਸ਼ਬਦ ਧਾਗੇ ਜੋੜ ਜੁੜਾਇੰਦਾ । ਦੁਰਮਤ ਮੈਲ ਪ੍ਰਭ ਰਿਹਾ ਕਟ, ਏਕਾ ਰੰਗ ਨਾਮ ਚੜ੍ਹਾਇੰਦਾ । ਜਗੇ ਜੋਤ ਲਟ ਲਟ, ਅਗਿਆਨ ਅੰਧੇਰ ਮਿਟਾਇੰਦਾ । ਆਤਮ ਘਾਟੀ ਤੀਰਥ ਤਟ, ਸਚ ਸਰੋਵਰ ਆਪ ਵਖਾਇੰਦਾ । ਇਕ ਖੁਲ੍ਹਾਇਆ ਸਾਚਾ ਹੱਟ, ਸਚ ਵਪਾਰ ਆਪ ਕਰਾਇੰਦਾ । ਗੁਰਮੁਖ ਸਾਚਾ ਲਾਹਾ ਲੈਣਾ ਖਟ, ਸ਼ਬਦ ਉਡਾਰੀ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਦਾਂ ਲੋਕਾਂ ਸਾਚਾ ਹੱਟਾ ਉਚ ਸਮੇਰੂ ਉਚੇ ਪਰਬਤ ਆਪ ਸਮਾਇੰਦਾ । ਚੌਦਾਂ ਹੱਟਾਂ ਵਿਚ ਸਮਰੂ ਚੌਦਾਂ ਲੋਕਾਂ ਵੇਖ ਵਖਾਣੇ । ਏਕਾ ਰੰਗ ਸੰਞ ਸਵੇਰ, ਸਰਬ ਰਲਾਏ ਆਪਣੇ ਭਾਣੇ । ਸ੍ਰਿਸ਼ਟ ਭੁਲਾਏ ਕਰ ਕਰ ਹੇਰ ਫੇਰ, ਭੇਵ ਨਾ ਜਾਣੇ ਰਾਜੇ ਰਾਣੇ । ਜੋਤ ਸਰੂਪੀ ਜੋਤ ਹਰਿ, ਭੇਵ ਨਾ ਜਾਣੇ ਰਾਜੇ ਰਾਣੇ ਬੇਮੁਹਾਣੇ,

ਗੁਰਮੁਖ ਸਾਚੇ ਆਪ ਲਿਆਏ ਦਇਆ ਕਮਾਏ ਚਰਨ ਬਹਾਏ ਘੇਰ । ਜੋਤੀ ਜੋਤ ਸਰੂਪ ਹਰਿ, ਸਦਾ ਸਦਾ ਜਨ ਭਗਤਾਂ ਵਸੇ ਨੇਰਨ ਨੇਰ । ਸਾਚਾ ਹੱਟ ਅਮੋਲੀ । ਦੁਰਮਤ ਮੈਲ ਰਿਹਾ ਕਟ, ਗੁਰਮੁਖ ਸਾਚਾ ਰਹੇ ਨਾ ਕੋਈ ਖਾਲੀ । ਸ਼ਬਦ ਸਰੂਪੀ ਮਾਰੇ ਸੱਟ, ਉਪਜੇ ਧੁਨ ਤੁਟੇ ਮੁਨ ਖੁੱਲ੍ਹੇ ਸੁੰਨ, ਮਸਤਕ ਦੇਵੇ ਲਾਲੀ । ਗੁਰਮੁਖ ਸਾਚੇ ਮਾਤ ਚੁਣ, ਮੰਗੇ ਸ਼ਬਦ ਦਲਾਲੀ । ਲੱਖ ਚੁਰਾਸੀ ਛਾਣ ਪੁਣ, ਬੇਮੁਖਾਂ ਕਾਇਆ ਕਰੇ ਖਾਲੀ । ਜਨ ਭਗਤਾਂ ਪੁਕਾਰ ਲਏ ਸੁਣ, ਜੋਤ ਸਰੂਪ ਵਾਲੀ ਦੋ ਜਹਾਨੀ । ਕਵਣ ਜਾਣੇ ਪ੍ਰਭ ਤੇਰੇ ਗੁਣ, ਨਾ ਕੋਈ ਸੁਣਾਏ ਸਾਚੀ ਬਾਣੀ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਰਿਹਾ ਕਰ, ਚਾਰ ਵਰਨਾਂ ਸਾਚਾ ਘਰ, ਆਪੇ ਦਰ ਦਰਬਾਨ ਆਪੇ ਬਣੇ ਵਡਾ ਦਾਨੀ । ਦਰ ਦਰਬਾਰ ਹਰਿ ਦਾਨਾ ਬੀਨਾ । ਹੋਏ ਆਪ ਮਿਹਰਬਾਨ, ਗੁਰਮੁਖ ਸਾਚੇ ਰਸਨਾ ਚੀਨਾ । ਸ਼ਬਦ ਦੇਵੇ ਜੀਆ ਦਾਨ, ਸ਼ਾਂਤ ਕਰਾਏ ਸੀਨਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਲੈਣਾ ਵਰ, ਜਗਤ ਨਿਆਰਾ ਭਗਤ ਅਧਾਰਾ ਨਾਮ ਭੰਡਾਰਾ ਏਕਾ ਸੱਚਾ ਦੀਨਾ । ਨਾਮ ਭੰਡਾਰਾ ਆਪ ਵਰਤਾਇੰਦਾ । ਪੂਰਬ ਕਰਮ ਵਿਚਾਰ, ਲਹਿਣਾ ਦੇਣਾ ਅੰਤ ਚੁਕਾਇੰਦਾ । ਬੇਮੁਖਾਂ ਮਾਰੇ ਸ਼ਬਦ ਕਟਾਰ ਖੰਡਾ ਦੋ ਧਾਰ, ਦਰ ਸਾਚੇ ਹਰਿ ਦੁਰਕਾਇੰਦਾ । ਜਨ ਭਗਤਾਂ ਕਰ ਪਿਆਰ ਨਾਮ ਖ਼ੁਮਾਰ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਊਚ ਨੀਚ ਜ਼ਾਤ ਪਾਤ ਰਾਓ ਰੰਕ ਨਾ ਕਰੇ ਵਿਚਾਰ, ਏਕਾ ਰੰਗ ਸਰਬ ਸਮਾਇੰਦਾ । ਸ਼ਬਦ ਘੋੜੇ ਕਸ ਤੰਗ, ਚਾਰ ਕੁੰਟ ਦੁੜਾਇੰਦਾ । ਲੱਖ ਚੁਰਾਸੀ ਹੋਈ ਭੁੱਖ ਨੰਗ, ਨਾ ਵਸਤ ਕੋਈ ਨਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਸਾਚਾ ਰਾਣਾ ਸ਼ਾਹ ਸੁਲਤਾਨਾ ਆਪਣੇ ਹੱਥ ਰਖਾਇੰਦਾ । ਭਾਣਾ ਰੱਖੇ ਪ੍ਰਭ ਆਪਣੇ ਹੱਥ । ਬੇਮੁਖਾਂ ਪਾਏ ਸ਼ਬਦ ਸਰੂਪੀ ਨੱਥ । ਚਾਰ ਕੁੰਟ ਦਏ ਦੁਹਾਈ, ਸ੍ਰਿਸ਼ਟ ਸਬਾਈ ਪਾਏ ਨੱਥ । ਗੁਰਮੁਖ ਸਾਚਾ ਲਏ ਬਚਾਈ, ਦੇਵੇ ਨਾਮ ਸਾਚੀ ਵਥ । ਕਲਜੁਗ ਅੰਤਮ ਨਿਹਕਲੰਕ ਕਲ ਜੋਤ ਪ੍ਰਗਟਾਈ, ਨਰ ਹਰਿ ਸਰਬ ਕਲਾ ਸਮਰਥ । ਸਰਬ ਕਲਾ ਸਮਰਥ ਸ਼ਬਦ ਤੁਰੰਗ ਹੈ । ਇਕ ਚਲਾਏ ਸਾਚਾ ਰੱਥ, ਵਡ ਸੂਰਾ ਸਰਬੰਗ ਹੈ । ਮਹਿੰਮਾ ਜਗਤ ਅਕੱਥ, ਹੋਏ ਪ੍ਰਗਟ ਜਿਉਂ ਰਾਮਾ ਘਰ ਦਸਰਥ ਹੈ । ਗਊ ਗਰੀਬ ਨਿਮਾਣਿਆਂ, ਲਾਏ ਆਪਣੇ ਅੰਗ ਹੈ । ਜੋਤੀ ਜੋਤ ਸਰੂਪ ਹਰਿ, ਏਕਾ ਸ਼ਬਦ ਚਾਰ ਕੁੰਟ ਵਜਾਏ ਸਾਚਾ ਮਰਦੰਗ ਹੈ । ਵੱਜੇ ਮਰਦੰਗ ਸ਼ਬਦ ਨਗਾਰਾ । ਚੜ੍ਹੇ ਰੰਗ ਜਗਤ ਅਪਾਰਾ । ਕਟੇ ਭੁੱਖ ਨੰਗ, ਰਾਜੇ ਰਾਣਿਆਂ ਸ਼ਾਹ ਸੁਲਤਾਨਿਆਂ, ਦੇਵੇ ਤਖ਼ਤ ਆਪੇ ਜਾਣੇ ਆਪਣੇ ਭਾਣਿਆ, ਨਾ ਕੋਈ ਪੁੱਛੇ ਥਿਤ ਵਾਰਾ । ਗੁਰਮੁਖ ਸਾਚਾ ਸੁਘੜ ਸਿਆਣਿਆ, ਜਿਸ ਦੇਵੇ ਚਰਨ ਪਿਆਰਾ । ਏਕਾ ਰੰਗ ਸਾਚਾ ਪ੍ਰਭ ਦਰ ਮਾਣਿਆ, ਮਿਲਿਆ ਹਰਿ ਸੱਚਾ ਭਤਾਰਾ । ਬੇਮੁਖ ਭੁੰਨੇ ਅੰਤਮ ਕਲ ਵਾਂਗ ਭਠਿਆਲੇ ਦਾਣਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਉਠਾਇਆ, ਦੋਵੇਂ ਰੱਖੀਆਂ ਤਿੱਖੀਆਂ ਧਾਰਾ । ਚਰਨ ਕਵਲ ਧਿਆਨ ਗੁਰ ਪੂਰੇ ਲਾਈਏ । ਉਪਜੇ ਬ੍ਰਹਮ ਗਿਆਨ, ਮਨ ਮਧੁਰ ਰਸ ਪਾਈਏ । ਮਿਲੇ ਨਾਮ ਨਿਧਾਨ, ਘਰ ਸਾਚੇ ਆਸਣ ਲਾਈਏ । ਸਾਚੀ ਏਕਾ ਸ਼ਬਦ ਉਡਾਨ, ਬੈਕੁੰਠ ਨਿਵਾਸੀ ਦਰਸ਼ਨ ਪਾਈਏ । ਚੁਕੇ ਆਵਣ ਜਾਣ, ਦੀਪਕ ਜੋਤੀ ਮੇਲ ਮਿਲਾਈਏ । ਸਹਿੰਸਾ ਚੁਕੇ ਪੀਣ ਖਾਣ, ਨਿਰਗੁਣ ਰੂਪ ਸਦ ਸਮਾਈਏ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਹਰ ਵਕਤ ਜਗਾਈਏ । ਏਕਾ ਹਰਿ ਜੋਤ ਗੁਰ ਪੂਰਿਆ । ਜਗਤ ਚਲਾਏ ਸਾਚੀ ਰੀਤ, ਕਾਇਆ ਰੱਖੇ ਠੰਡੀ ਸੀਤ, ਵਡ ਦਾਤਾ ਨਾਮ ਸੂਰਿਆ । ਮਾਨਸ ਜਨਮ ਜਾਣਾ ਕਲ ਜੀਤ, ਆਸਾ ਮਨਸਾ ਪ੍ਰਭ ਸਾਚਾ ਪੂਰਿਆ । ਕਾਇਆ ਮੰਦਰ

ਦਿਹੁਰਾ ਸੱਚਾ ਮਸੀਤ, ਵੇਖੇ ਜੋਤ ਸਾਚੀ ਨੂਰਿਆ । ਝੂਠੀ ਕਾਇਆ ਭੈ ਭੀਤ, ਅੱਠੇ ਪਹਿਰ ਪ੍ਰਭ ਅਬਿਨਾਸ਼ੀ ਪਰਖੇ ਨੀਤ, ਬੇਮੁਖ ਜਾਇਣ ਦਰ ਤੋਂ ਦੂਰਿਆ । ਜੋਤੀ ਜੋਤ ਸਰੂਪ ਹਰਿ, ਚਰਨ ਪ੍ਰੀਤੀ ਦੇਵੇ ਹਰਿ, ਆਪ ਚੁਕਾਏ ਜਮ ਕਾ ਡਰ, ਸਦ ਵਸੇ ਹਾਜ਼ਰ ਹਜ਼ੂਰਿਆ । ਹਾਜ਼ਰ ਹਜ਼ੂਰ ਬਲੀ ਬਲਵਾਨ ਹੈ । ਆਸਾ ਮਨਸਾ ਪੂਰ, ਸਰਬ ਜੀਆਂ ਨਿਗਹਬਾਨ ਹੈ । ਨਾ ਨੇੜੇ ਨਾ ਦੂਰ, ਸਾਚੇ ਆਸਣ ਪੈਰ ਪਸਾਰੇ ਸੇਜਾ ਸੁੱਤਾ ਨਰ ਹਰਿ ਸ੍ਰੀ ਭਗਵਾਨ ਹੈ । ਜੋਤੀ ਜੋਤ ਸਰੂਪ ਹਰਿ, ਵਡਾ ਸ਼ਾਹ ਭੂਪ ਰੰਗ ਅਨੂਪ ਸਤਿ ਸਰੂਪ, ਏਕਾ ਜੋਤੀ ਏਕਾ ਨੂਰ ਹੈ । ਅੰਮ੍ਰਿਤ ਧਾਰ ਅਪਰ ਅਪਾਰੀ । ਝਿਰਨਾਂ ਝਿਰੇ ਅਪਾਰ, ਡਿਗੇ ਬੂੰਦ ਅਪਰ ਅਪਾਰੀ । ਖੁਲ੍ਹੇ ਬੰਦ ਕਵਾੜ, ਪ੍ਰਭ ਕਿਰਪਾ ਧਾਰੀ । ਮਾਇਆ ਮਮਤਾ ਲਾਹੇ ਹਰਿ, ਦਇਆ ਕਰੇ ਹਰਿ ਗਿਰਧਾਰੀ । ਉਲਟੇ ਕਵਲ ਜਾਏ ਮਵਲ, ਮੁਖ ਬੂੰਦ ਪਏ ਅਪਰ ਅਪਾਰੀ । ਜੋਤੀ ਜੋਤ ਸਰੂਪ ਹਰਿ, ਆਤਮ ਜੋਤ ਕਰ ਉਜਿਆਰੀ । ਕਵਲ ਨਾਭ ਆਪ ਉਲਟਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਅੰਮ੍ਰਿਤ ਬੂੰਦ ਮੁਖ ਚੁਆਏ । ਕਾਇਆ ਅੰਧੇਰੀ ਕੰਦਰ ਡੂੰਘੇ ਅੰਦਰ ਕਰੇ ਸਚ ਰੁਸ਼ਨਾਏ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਆਤਮ ਸਿੰਚ ਸਰੋਵਰ ਤੀਰਥ ਤਟ ਇਸ਼ਨਾਨ ਜਨ ਭਗਤਾਂ ਆਪ ਕਰਾਏ । ਅੰਮ੍ਰਿਤ ਪੀ ਅਮਰਾ ਪਦ ਪਾਏ । ਨਾ ਮੇਲ ਹੋਏ ਜੀਵ ਹਰਿ ਸਾਚੇ ਘਰ ਸਦ ਲੈ ਜਾਏ । ਸਾਚਾ ਬੀਜ ਲੈਣਾ ਬੀ, ਅੰਮ੍ਰਿਤ ਫਲ ਸਾਚਾ ਖਾਏ । ਮਾਤਲੋਕ ਰਖਾਏ ਸਾਚੀ ਨੀਂਹ, ਸਚ ਮੰਦਰ ਕਾਇਆ ਆਪ ਬਣਾਏ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਸਾਚਾ ਮੇਘ ਬਰਸਾਏ । ਬਰਸੇ ਮੇਘ ਠੰਡੀ ਧਾਰੀ । ਵੱਜੇ ਨਾਮ ਸ਼ਬਦ ਕਟਾਰੀ । ਕਾਇਆ ਵਸੇ ਝੂਠੇ ਚਾਮ, ਹੋਏ ਪਾਰ ਆਰ ਪਾਰ ਉਤਾਰੀ । ਕੋਈ ਨਾ ਲੱਗੇ ਦਰ ਸਾਚੇ ਦਾਮ, ਜਨ ਕਰੇ ਚਰਨ ਨਿਮਸਕਾਰੀ । ਪੂਰ ਕਰਾਏ ਪ੍ਰਭ ਸਾਚਾ ਕਾਮ, ਆਪ ਸੁਹਾਏ ਪ੍ਰਭ ਕਾਇਆ ਮਹੱਲ ਅਟਾਰੀ । ਮਿਟੇ ਰੈਣ ਅੰਧੇਰੀ ਸ਼ਾਮ, ਜਗੇ ਜੋਤ ਅਗੰਮ ਅਪਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸੀਰ ਆਪ ਪਿਲਾਏ, ਦੁਰਮਤ ਮੈਲ ਰਿਹਾ ਧਵਾਏ, ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਅੰਮ੍ਰਿਤ ਆਤਮ ਨੀਰ ਵਿਰੋਲੇ, ਜਨ ਭਗਤਾਂ ਪਿਆਏ ਸਾਚਾ ਸੀਰ । ਹਰਿ ਵਸੇ ਸਾਚੇ ਚੋਲੇ, ਕਟਣ ਆਇਆ ਕਲਜੁਗ ਅੰਤਮ ਭੀੜ । ਜਨ ਭਗਤ ਬਣਾਏ ਸਾਚੇ ਗੋਲੇ, ਬੇਮੁਖਾਂ ਤੋੜੇ ਹੱਡੀ ਰੀੜ । ਮਗਰ ਲਗਾਏ ਮੌਤ ਲਾੜੀ, ਵਿਚ ਬਹਾਏ ਧਰਮ ਰਾਏ ਦੇ ਡੋਲੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਮੁਖ ਚੁਆਏ, ਆਤਮ ਸਾਚੀ ਜੋਤ ਵਿਚ ਮਾਤ ਦੇ ਮੌਲੇ । ਆਤਮ ਮਵਲ ਘਰ ਸਾਚੇ ਗੁਲਜ਼ਾਰ । ਘਰ ਸਾਚੇ ਦਰ ਸਾਚੇ, ਲੱਗ ਰਹੀ ਸਦਾ ਬਹਾਰ । ਬੇਮੁਖ ਦਰ ਤੇ ਆਏ ਨਾਚੇ, ਸ਼ਬਦ ਡੰਡਾ ਮਗਰ ਲੱਗਾ ਭਾਰ । ਹਰਿ ਜੀ ਹਰਿ ਹਰਿ ਰਸਨਾ ਜਪੇ ਨਰ ਹਰਿ ਹਰਿ ਨਰ ਰੂਪ ਅਗੰਮ ਪੁਰਖ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਅੰਦਰ ਜਗਤ ਮੰਦਰ ਆਪ ਸੁਹਾਏ ਚਲ ਆਏ ਦਰ ਦਵਾਰ । ਆਏ ਦਰ ਪੈਜ ਸਵਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਘਨਕਪੁਰ ਵਾਸੀ ਜੋਤ ਪ੍ਰਕਾਸ਼ੀ ਸ਼ਾਹੋ ਸ਼ਬਾਸ਼ੀ, ਕਰੇ ਖੇਲ ਜਗਤ ਨਿਆਰੀ । ਮੇਟ ਮਿਟਾਏ ਮਦਿਰਾ ਮਾਸੀ, ਧਰਮ ਰਾਏ ਦੀ ਦੇਵੇ ਫਾਸੀ, ਏਕਾ ਧੱਕਾ ਕਲਜੁਗ ਤੇਰੀ ਅੰਤਮ ਵਾਰੀ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਕਰੇ ਹਾਸੀ ਪੰਡਤ ਪੜ੍ਹਨ ਵੇਦ ਵਖਾਨਣ, ਹੱਥ ਨਾ ਆਵਣ ਛੇ ਸ਼ਾਸਤਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਹਰਿ ਜਾਮਾ ਪਾਏ, ਮਾਝੇ ਦੇਸ ਭਾਗ ਲਗਾਏ, ਪੁਰੀ ਘਨਕ ਭਾਗ ਲਗਾਏ, ਜਗੇ ਜੋਤ ਅਗੰਮ ਅਪਾਰੀ । ਵੇਦ ਵਿਆਸ ਬਣ ਲਿਖਾਰੀ ।


੪੨੬ ੦੪

ਅਠਾਰਾਂ ਪੁਰਾਨ ਚਾਰ ਲੱਖ ਸਤਾਰਾਂ ਹਜ਼ਾਰ ਸਲੋਕ, ਲਿਖਿਆ ਲੇਖ ਅਪਰ ਅਪਾਰੀ । ਸ੍ਰੀ ਮਧ ਭਗਵਤ ਅਠਾਰਾਂ ਹਜ਼ਾਰ ਸਲੋਕ, ਖੋਲ੍ਹੇ ਭੇਵ ਨਰ ਨਿਰੰਕਾਰੀ । ਕਲਜੁਗ ਅੰਤਮ ਨਿਹਕਲੰਕ ਨਰਾਇਣ ਨਰ, ਗੌੜ ਬ੍ਰਹਿਮਣ ਘਰ ਮਿਲੇ ਸਰਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੌੜ ਬ੍ਰਹਿਮਣ ਨਾ ਕੋਈ ਜਾਣੇ । ਭੁੱਲੇ ਜੀਵ ਕਲਜੁਗ ਮਹਾਨੇ । ਸਾਚਾ ਹਰਿ ਮਿਲਿਆ ਵਰ, ਆਪ ਖੁਲ੍ਹਾਇਆ ਸਾਚਾ ਦਰ, ਧੁਰਦਰਗਾਹੀ ਇਕ ਫਰਮਾਣੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣਾ ਰੰਗ ਆਪ ਰੰਗਾਨੇ, ਗੁਰਮੁਖ ਨਾਮ ਗੁਰ ਗੋਪਾਲਾ । ਨਾ ਕੋਈ ਮਾਤਾ ਪਿਤਾ ਨਾ ਕਿਸੇ ਦਾ ਬਾਲਾ । ਨਾ ਸੰਗ ਕਰੇ ਕਿਸੇ ਹਿੱਤਾ, ਜਨ ਭਗਤਾਂ ਹੋਏ ਰਖਵਾਲਾ । ਮਾਨਸ ਜਨਮ ਵਿਰਲੇ ਕਲ ਅੰਤਮ ਜਿੱਤਾ , ਆਤਮ ਰਿਹਾ ਬਣ ਕੰਗਾਲਾ । ਪ੍ਰਭ ਅਬਿਨਾਸ਼ੀ ਸਾਚਾ ਪਿਤਾ, ਸੋਹੰ ਦਿਤਾ ਸੱਚਾ ਧਨ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਤ ਜਗਾਈ, ਆਦਿ ਅੰਤ ਵੱਜੀ ਵਧਾਈ, ਤਿੰਨਾਂ ਲੋਕਾਂ ਹੋਏ ਰੁਸ਼ਨਾਈ । ਸਰਨ ਲਗਾਈ ਪ੍ਰਿਥਮੀ ਅਕਾਸ਼ਾ । ਗੁਰ ਗੁਰ ਗੁਰ ਉਪਦੇਸ਼ਾ । ਜੋਤ ਸਰੂਪੀ ਹਰਿ ਕਾ ਵੇਸਾ । ਖੁਲ੍ਹੜੇ ਰੱਖੇ ਸਤਿਜੁਗ ਸਾਚੇ ਕੇਸਾ । ਕਲਜੁਗ ਜੀਵ ਭੁੱਲੇ ਡੁਲੇ ਮਾਇਆ ਰੁਲੇ, ਪਾਣੀ ਪਿਆ ਕਾਇਆ ਚੁੱਲ੍ਹੇ, ਪ੍ਰਭ ਧਰੇ ਭੇਖ ਮਾਝੇ ਦੇਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨਾ, ਏਕਾ ਜੋਤ ਮਾਤ ਲਿਖਾਏ ਵਡ ਨਰ ਨਰੇਸ਼ਾ । ਬ੍ਰਹਿਮਣ ਬ੍ਰਹਮ ਰੂਪ ਬ੍ਰਹਿਮਾਦ । ਪ੍ਰਗਟ ਜੋਤ ਆਦਿ ਜੁਗਾਦਿ । ਸ਼ਬਦ ਵਜਾਏ ਸਾਚਾ ਨਾਦ । ਗੁਰਮੁਖ ਸਾਚੇ ਲਏ ਸਾਧ । ਅਚਰਜ ਖੇਲ ਹਰਿ ਮਾਧਵ ਮਾਧ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵਿਰਲਾ ਰਿਹਾ ਰਸਨ ਅਰਾਧ । ਬ੍ਰਾਹਮਣ ਬ੍ਰਹਮ ਰੂਪ ਸਮਾਏ । ਦੂਜਾ ਰੰਗ ਕੋਈ ਦਿਸ ਨਾ ਆਏ । ਏਕਾ ਰੰਗ ਸ੍ਰਿਸ਼ਟ ਸਬਾਈ ਆਪ ਕਰਾਏ । ਸ਼ਬਦ ਸਰੂਪੀ ਇਕ ਮਰਦੰਗ, ਚਾਰ ਕੁੰਟ ਰਿਹਾ ਵਜਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਅੰਤਮ ਕਲ ਚਾਰ ਕੁੰਟ ਚਾਰ ਵਰਨ ਲੱਖ ਚੁਰਾਸੀ ਆਪ ਸੁਣਾਏ । ਮਨ ਮੂਰਖ ਮੁਗਧ ਅੰਞਾਣ, ਸ਼ਬਦ ਚਲਾਈ ਜਾ । ਜੋਤ ਧਰ ਸ੍ਰੀ ਭਗਵਾਨ, ਸਾਚਾ ਰਾਹ ਵਖਾਈ ਜਾ । ਵਡ ਦਾਤਾ ਹੋ ਮਿਹਰਬਾਨ, ਫੜ ਫੜ ਬਾਹੋਂ ਰਾਹੇ ਪਾਈ ਜਾ । ਏਕਾ ਬਖ਼ਸ਼ੇ ਚਰਨ ਧਿਆਨ, ਆਤਮ ਜੋਤ ਦੀਪ ਜਗਾਈ ਜਾ । ਚਾੜ੍ਹੇ ਸੱਚੇ ਬਬਾਣ, ਤਿੰਨਾਂ ਲੋਕਾਂ ਬਾਹਰ ਕਢਾਈ ਜਾ । ਦਰਗਹਿ ਸਾਚੀ ਦੇਵੇ ਮਾਣ, ਸਰਨ ਚਰਨ ਚਰਨ ਸਰਨ ਜਨਮ ਮਰਨ ਮਰਨ ਜਨਮ ਕਟਾਈ ਜਾ । ਏਕਾ ਸਾਚਾ ਧੁਰ ਫ਼ਰਮਾਣ, ਸੋਹੰ ਸ਼ਬਦ ਡੰਕ ਵਜਾਈ ਜਾ । ਸਤਿਜੁਗ ਸਾਚੇ ਪ੍ਰਗਟ ਹੋਏ ਵਿਚ ਮਾਤ, ਰਾਓ ਰੰਕਾਂ ਸੁੰਨ ਖੁਲ੍ਹਾਈ ਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਊ ਗਰੀਬ ਨਿਮਾਣਿਆਂ ਦੇ ਦੇ ਚਰਨ ਧਿਆਨਿਆਂ, ਮਾਨਸ ਜਨਮ ਲੇਖੇ ਲਾਈ ਜਾ ।

### ✻ ੧੩ ਹਾੜ ੨੦੧੧ ਬਿਕ੍ਰਮੀ ਪੂਰਨ ਸਿੰਘ ਦੇ ਘਰ ਦਰਬਾਰ ਵਿਚ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਸੱਚ ਘਰ ਜੋਤ ਨਿਰੰਕਾਰੀ । ਸਚ ਘਰ ਆਤਮ ਉਜਿਆਰੀ । ਸਚ ਘਰ ਏਕਾ ਏਕ ਵਸੇ, ਗੁਰਮੁਖ ਸਾਚਾ ਸਾਚੀ ਨਾਰੀ । ਸਚ ਘਰ ਸਚ ਕੰਤ ਸਦ ਸਦਾ ਸਦ ਹੱਸੇ, ਕਰੇ ਖੇਲ ਅਪਰ ਅਪਾਰੀ । ਸਚ ਘਰ ਪੰਚ ਚੋਰ ਜਾਇਣ ਨੱਸੇ, ਵੱਜੇ ਸ਼ਬਦ ਕਟਾਰੀ । ਸਚ ਘਰ ਆਤਮ

੪੨੭ ੦੪

੪੨੮
੦੪

ਬਾਣ ਪ੍ਰਭ ਸਾਚਾ ਕਸੇ, ਵਿਚ ਮਾਤ ਰੈਣ ਅੰਧ ਅੰਧਿਆਰੀ । ਸਚ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਹ ਸ੍ਰਿਸ਼ਟ ਸਬਾਈ ਦੱਸੇ, ਕੋਈ ਭੁੱਲ ਨਾ ਜਾਏ ਕਲਜੁਗ ਜੀਵ ਜਗਤ ਗਵਾਰੀ । ਸਚ ਘਰ ਜੋਤ ਅਮੋਲਾ । ਸਚ ਘਰ ਏਕਾ ਸ਼ਬਦ ਏਕਾ ਕੰਡਾ, ਸੋਹੰ ਡੰਡਾ ਹਰਿ ਜੀ ਤੋਲਾ । ਸਚ ਘਰ ਪ੍ਰਭ ਆਪੇ ਵੰਡਾ, ਗੁਰਮੁਖਾਂ ਦੇਵੇ ਸ਼ਬਦ ਬੋਲਾ । ਸਚ ਘਰ ਬੇਮੁਖ ਵਖਾਇਣ ਕੰਡਾਂ, ਧੁਰਦਰਗਾਹੇ ਹੋਏ ਗੋਲਾ । ਸਚ ਘਰ ਗੁਰਮੁਖ ਵਿਰਲਾ ਲਏ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸੰਤ ਮਨੀ ਸਿੰਘ ਆਪ ਬਣਾਇਆ ਜਗਤ ਵਿਚੋਲਾ । ਸੰਤ ਮਨੀ ਸਿੰਘ ਦਹਿ ਦਿਸ਼ ਧਾਰ । ਚਰਨ ਕਵਲ ਕਵਲ ਚਰਨ ਕਰਨ ਹਰਿ ਨਿਮਸਕਾਰ । ਮਿਲੇ ਮਾਣ ਉਪਰ ਧਵਲ, ਵਡਿਆਈ ਸਰਬ ਸੰਸਾਰ । ਖਿੜਿਆ ਮਾਤ ਫੁਲ ਕਵਲ, ਗੁਰ ਸੰਗਤ ਸਤਿ ਗੁਲਜ਼ਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਤਿੰਨਾਂ ਲੋਆਂ ਬਣੇ ਆਪ ਸਿਕਦਾਰ । ਹਰਿ ਸਿਕਦਾਰ ਸਚ ਸਿਕਦਾਰੀ । ਜਨ ਭਗਤਾਂ ਕਰੇ ਖ਼ਬਰਦਾਰ, ਹੋਕਾ ਦੇਵੇ ਵਾਰੋ ਵਾਰੀ । ਕਲਜੁਗ ਜੀਵ ਠਗ ਚੋਰ ਯਾਰ, ਨਾ ਕੋਈ ਦਿਸੇ ਨਾਮ ਵਪਾਰੀ । ਅੰਤਮ ਮਾਨਸ ਜਨਮ ਜਾਏ ਹਾਰ, ਬਹਿਣਾ ਧਰਮ ਰਾਏ ਦੇ ਚਲ ਦਵਾਰੀ । ਗੁਰਮੁਖ ਸਾਚੇ ਸੰਤ ਜਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਦਰ ਸੱਚੀ ਸਰਦਾਰੀ । ਹਰਿ ਘਰ ਸ਼ਬਦ ਘਨਘੋਰਾ । ਜਨ ਭਗਤ ਚੁਕਾਏ ਮੋਰਾ ਤੋਰਾ । ਚਰਨ ਪ੍ਰੀਤੀ ਏਕਾ ਨਾਤਾ ਸਾਚਾ ਜੋੜਾ । ਆਪੇ ਪਰਖੇ ਸਾਚੀ ਨੀਤੀ, ਸਾਚਾ ਮਾਹੀ ਧੁਰਦਰਗਾਹੀ ਨਿਹਕਲੰਕੀ ਵੱਜੇ ਡੰਕ ਕਲ ਵਿਚ ਆਏ ਦੌੜਾ । ਆਪੇ ਵੇਖੇ ਵੇਖ ਵਖਾਣੇ ਰਾਓ ਰੰਕੀ, ਕਲਜੁਗ ਜੀਵ ਮਾਇਆਧਾਰੀ ਮਿੱਠਾ ਕੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਅੰਤ ਹਰਿ ਸਾਚਾ ਗੁਰਮੁਖ ਵਿਰਲੇ ਵਿਚ ਮਾਤ ਹਰਿ ਬਹੁੜਾ । ਗੁਰਮੁਖ ਮਿਲੇ ਮੇਲ, ਨਾਮ ਵਡਿਆਈਆ । ਅਚਰਜ ਰਿਹਾ ਖੇਲ ਖੇਲ, ਸ੍ਰਿਸ਼ਟ ਸਬਾਈ ਭਰਮ ਭੁਲੇਖੇ ਵਿਚ ਰਖਾਈਆ । ਆਪੇ ਗੁਰ ਆਪੇ ਚੇਲ, ਚੇਲਾ ਗੁਰ ਏਕਾ ਏਕ ਹੋਏ ਧੁਰ ਨਾ ਭੇਵ ਕੋਈ ਰਖਾਈਆ । ਭੁੱਲੇ ਰੁਲੇ ਕਰੋੜ ਤੇਤੀਸ ਸੁਰ, ਅਛਲ ਅਛੱਲ ਕਰ ਹਰਿ ਭੁਲਾਈਆ । ਗੁਰਮੁਖ ਸਾਚਾ ਚੜ੍ਹ ਜਾਏ ਸਾਚੇ ਸ਼ਬਦ ਘੋੜ, ਪ੍ਰਭ ਅਬਿਨਾਸ਼ੀ ਵਾਗ ਆਪਣੇ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਇੰਦ ਇੰਦਰਾਸਣ ਸਚ ਸਿੰਘਾਸਣ ਸਾਚੀ ਸੇਜਾ ਆਸਣ ਆਪ ਲਵਾਈਆ । ਲੱਗੇ ਆਸਣ ਦਰ ਬਿਸਰਾਮਾ । ਸ਼ਬਦ ਚਲੇ ਸਵਾਸ ਸਵਾਸਣ, ਪੂਰਨ ਹੋਏ ਕਾਮਾ । ਮਾਨਸ ਜਨਮ ਲੇਖੇ ਲਾਏ ਪ੍ਰਭ ਅਬਿਨਾਸ਼ਣ, ਨਾ ਕੋਈ ਮੰਗੇ ਦਾਮਾ । ਏਕਾ ਸ਼ਬਦ ਚਲੇ ਮਾਤ ਅਕਾਸ਼ਨ, ਜੋਤ ਸਰੂਪੀ ਸਾਚਾ ਜਾਮਾ । ਲੱਖ ਚੁਰਾਸੀ ਅੰਤ ਵਿਨਾਸਣ, ਕੋਈ ਨਾ ਦਿਸੇ ਹਰਿਆ ਚਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਡੰਕ ਵਜਾਏ, ਕਲਜੁਗ ਮਿਟਾਏ ਰੈਣ ਅੰਧੇਰੀ ਕਾਲੀ ਸ਼ਾਮਾ । ਕਾਲੀ ਰੈਣ ਜਗਤ ਅੰਧਿਆਰੀ । ਬੇਮੁਖ ਜੀਵ ਸੁੱਤੇ, ਕਲਜੁਗ ਤੇਰੀ ਅੰਤਮ ਰੁੱਤੇ ਪੈਰ ਪਸਾਰੀ । ਖਾਲੀ ਦਿਸਣ ਘਰ ਘਰ ਬੁੱਤੇ, ਆਤਮ ਜੋਤੀ ਜਾਏ ਮਾਰ ਉਡਾਰੀ । ਕਾਇਆ ਕੰਚਨ ਮਾਸ ਨਾ ਖਾਇਣ ਕੁੱਤੇ, ਦੁਖੀ ਹੋਏ ਜੀਵ ਗਵਾਰੀ । ਗੁਰਮੁਖ ਸਾਚੇ ਸੰਤ ਜਨਾਂ ਹਰਿ ਸਾਚੇ ਧਾਮ ਬਹਾਏ, ਆਪ ਲੈ ਜਾਏ ਦੋਵੇਂ ਭੁਜਾਂ ਪਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਜਗਤ ਮਾਇਆ, ਜਨ ਭਗਤਾਂ ਰੱਖੇ ਠੰਡਾ, ਸਾਚਾ ਨਰ ਹਰਿ ਜੋਤ ਨਿਰੰਕਾਰੀ । ਨਿਰੰਕਾਰ ਜੋਤ ਜੋਤ ਬਾਤੀ । ਗੁਰਮੁਖਾਂ ਕਰ ਵਿਚਾਰ ਹਰਿ ਦਾਤਾਰ, ਆਤਮ ਮਾਰੇ ਝਾਤੀ । ਕਰ ਕਿਰਪਾ ਜਾਏ ਤਾਰ, ਕਲਜੁਗ ਤੇਰੀ ਅੰਤਮ

ਵਾਰ, ਆਪ ਚੁਕਾਏ ਜੁਗਾਂ ਜੁਗਾਂ ਦੀ ਪਿਛਲੀ ਬਾਕੀ । ਅੰਮ੍ਰਿਤ ਸਾਚਾ ਜਾਮ ਪਿਆਏ, ਧੁਰਦਰਗਾਹੀ ਸਾਚਾ ਮਾਹੀ, ਏਕਾ ਸਾਚਾ ਨਾਮ ਜਪਾਏ ਸੋਹੰ ਸ਼ਬਦ ਕੋਇ ਨਾ ਰਹੇ ਅੱਗੇ ਆਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ, ਮੇਟ ਮਿਟਾਏ ਲੱਖ ਚੁਰਾਸੀ ਜੀਵ ਖ਼ਾਕੀ । ਮੇਟ ਮਿਟਾਏ ਮੇਟਣਹਾਰਾ । ਆਪ ਆਪਣੇ ਕਰੇ ਰੰਗ ਵਸੇ ਸੰਗ, ਸ਼ਬਦ ਘੋੜੇ ਕਸੇ ਤੰਗ, ਬਣੇ ਜਗਤ ਵਣਜਾਰਾ । ਇਕ ਵਜਾਏ ਨਾਮ ਮਰਦੰਗ, ਲੱਖ ਚੁਰਾਸੀ ਦੇਵੇ ਰੰਗ, ਲਹੂ ਮਿਝ ਬਣੇ ਗਾਰਾ । ਨਾ ਕੋਈ ਦਿਸੇ ਅਕਾਲ ਅਕਾਲੀ ਨਾ ਕੋਈ ਦਿਸੇ ਨਿਹੰਗ, ਏਕਾ ਚਲੇ ਸੋਹੰ ਸ਼ਬਦ ਜੈਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਚਰਨ ਆਪ ਉਠਾਏ, ਬਿਆਸਾ ਉਪਰ ਜਾ ਟਿਕਾਏ, ਮੇਟ ਮਿਟਾਏ ਵਾਰੇ ਵਾਰਾ । ਹਰਿ ਨਰ ਭਗਤ ਦਰ ਮਿਲੇ ਵਰ, ਨਾਮ ਸ਼ਬਦ ਭੰਡਾਰਾ । ਆਤਮ ਖੁਲ੍ਹੇ ਸਾਚਾ ਦਰ ਚਲੇ ਅੰਮ੍ਰਿਤ ਸਾਚੀ ਧਾਰਾ । ਆਪ ਸੁਹਾਏ ਸਾਚਾ ਸਰ, ਖੋਲ੍ਹੇ ਬੰਦ ਕੁਆੜਾ । ਨਾ ਜਨਮੇ ਨਾ ਜਾਏ ਮਰ, ਨਾ ਲੱਗੇ ਅਗਨ ਤੱਤੀ ਹਾੜਾ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਭਗਤ ਭਗਵੰਤ, ਆਦਿ ਅੰਤ ਜੁਗਾ ਜੁਗੰਤ, ਗੁਰਮੁਖ ਬਣਾਏ ਘਰ ਸਾਚੇ ਦਾ ਸਾਚਾ ਲਾੜਾ । ਜੈ ਜੈ ਜੈ ਜੁਗਾ ਜੁਗੰਤਰ । ਸਰਬ ਜੀਆਂ ਹਰਿ ਜਾਣੇ ਅੰਤਰ । ਜਨ ਭਗਤਾਂ ਬਣਾਏ ਸਾਚੀ ਬਣਤਰ । ਏਕਾ ਸਾਚਾ ਰਾਹ ਵਖਾਏ, ਸ਼ਬਦ ਸੁਣਾਏ ਸਾਚਾ ਮੰਤਰ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਮਾਤ ਪਤਾਲ ਅਕਾਸ਼ ਸਰਬ ਘਟ ਵਾਸ ਰਖੰਤਰ । ਸਰਬ ਘਟ ਵਾਸੀ ਸਰਬ ਭਤਾਰੇ, ਜਨ ਭਗਤਾਂ ਦਵਾਰੇ ਬਣ ਭਿਖਾਰੇ, ਹੋਏ ਰਹਿਣ ਦਾਸਨ ਦਾਸੀ । ਕਲਜੁਗ ਤੇਰੀ ਅੰਤਮ ਵਾਰੇ, ਕਰੇ ਖੇਲ ਅਪਰ ਅਪਾਰੇ, ਪ੍ਰਭ ਸ਼ਾਹੋ ਵਡਾ ਸ਼ਾਬਾਸ਼ੀ । ਕਲਜੁਗ ਭੁੱਲੇ ਜੀਵ ਗਵਾਰੇ, ਗੁਰਮੁਖਾਂ ਦੱਸੇ ਸਾਚੀ ਧਾਰ, ਆਤਮ ਜੋਤ ਸੱਚੀ ਪ੍ਰਕਾਸ਼ੀ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚਾ ਰਾਹ ਚਲਾਏ, ਮੇਟ ਮਿਟਾਏ ਮਦਿਰਾ ਮਾਸੀ । ਜੈ ਜੈ ਜੈਕਾਰ ਜਗਤ ਗੁਰਦੇਵਾ । ਜਨ ਭਗਤਾਂ ਦੇਵੇ ਵਡਿਆਈ, ਵਡ ਹਰਿ ਦੇਵੀ ਦੇਵਾ । ਦਿਵਸ ਰੈਣ ਅੱਠੇ ਪਹਿਰ ਹੋਏ ਸਹਾਈ, ਆਪ ਲਗਾਏ ਕਰੇ ਕਰਾਏ ਸਾਚੀ ਸੇਵਾ । ਏਕਾ ਸਾਚਾ ਸ਼ਬਦ ਜਪਾਏ, ਫੜ ਫੜ ਬਾਹੋਂ ਰਾਹੇ ਪਾਏ, ਅੰਮ੍ਰਿਤ ਫਲ ਖਵਾਏ ਸਾਚਾ ਮੇਵਾ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਹਰਿ ਨਿਰੰਜਣ ਨਰ ਹਰਿ ਗੁਰਮੁਖ ਵਿਰਲੇ ਰਸਨਾ ਸੇਵਾ । ਰਸਨਾ ਸੇਵਾ ਨਰ ਨਿਰੰਕਾਰੀ । ਦੇਵੇ ਸ਼ਬਦ ਸੱਚੀ ਉਡਾਰੀ । ਮਰਨ ਜਨਮ ਜਨਮ ਮਰਨ, ਗੁਰਮੁਖਾਂ ਸੱਦ ਵਸੇ ਬਾਹਰੀ । ਖੁਲ੍ਹਾ ਰਹੇ ਹਰਨ ਫਰਨ ਫਰਨ ਹਰਨ, ਮਿਟੇ ਰੈਣ ਅੰਧਿਆਰੀ । ਘਰ ਸਾਚੇ ਜੋਤੀ ਜੋਤ ਕਰੇ ਮੇਲ ਅੰਤਮ ਵਾਰੀ । ਜੈ ਜੈ ਜੈਕਾਰ ਜਗਤ ਗੁਰਦੇਵਾ, ਚਾਰੇ ਕੁੰਟ ਹੋਏ ਜੈਕਾਰਾ । ਲੱਖ ਚੁਰਾਸੀ ਆਪ ਪਛਾਣੇ ਹਰਿ, ਜਨ ਭਗਤਾਂ ਸਾਚੇ ਸੰਤਾਂ ਸਦਾ ਸਦਾ ਸਦਾ ਬਣਿਆ ਰਹੇ ਆਪ ਸਹਾਰਾ । ਜੈ ਜੈ ਜੈਕਾਰ ਜਗਤ ਨਿਰਾਲੀ । ਕਲਜੁਗ ਤੇਰੀ ਅੰਤਮ ਘਟਾ ਕਾਲੀ । ਚਾਰੋਂ ਕੁੰਟ ਵੇਖ ਵਖਾਣੇ, ਚਲੇ ਚਲਾਏ ਆਪਣੇ ਭਾਣੇ, ਫਲ ਨਾ ਦਿਸੇ ਕਿਸੇ ਡਾਲੀ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਦੇਵੇ ਧਰਮ ਰਾਏ ਦੀ ਫਾਸੀ, ਉਖਾੜੇ ਜੜ੍ਹ ਬਣ ਬਣ ਸੱਚਾ ਹਾਲੀ । ਏਕਾ ਇਕ ਅਕਾਰ ਜਗਤ ਪਸਾਰਿਆ । ਜੋਤ ਸਰੂਪੀ ਜਾਮਾ ਧਾਰ, ਦੂਜਾ ਖੇਲ ਕਰੇ ਕਰਤਾਰਿਆ । ਸ੍ਰਿਸ਼ਟ ਸਬਾਈ ਕਰਨ ਵਿਚਾਰ, ਗੁਰਮੁਖਾਂ ਦੇਵੇ ਸ਼ਬਦ ਤੀਜੀ ਧਾਰ, ਸਰਗੁਣ ਨਿਰਗੁਣ ਖੇਲ ਕਰੇ ਨਿਰੰਕਾਰਿਆ । ਚੌਥੇ ਜੁਗ ਅੰਤਮ ਆਈ ਹਾਰ, ਪ੍ਰਭ ਮਾਰੇ ਸ਼ਬਦ ਕਟਾਰ, ਲੱਖ ਚੁਰਾਸੀ ਗਈ ਹਾਰ, ਨਾ ਹੋਵੇ ਕੋਈ ਸਹਾਰਿਆ । ਨਿਹਕਲੰਕ ਨਰਾਇਣ ਨਰ

ਅਵਤਾਰ, ਪੁਰੀ ਘਨਕ ਜੋਤ ਜਗਾ ਰਿਹਾ । ਪੰਚਮ ਪਰਮ ਪੁਰਖ ਅਪਾਰ, ਛੇਵਾਂ ਦੇਵੇ ਸ਼ਬਦ ਗਿਆਨ, ਜਨ ਭਗਤਾਂ ਦੇਵੇ ਆਤਮ ਬ੍ਰਹਮ ਗਿਆਨ,
ਏਕਾ ਜੋਤ ਕਰੇ ਰੁਸ਼ਨਾਈਆ । ਸਤਵੇਂ ਸਤਿ ਦਵਾਰੇ, ਗੁਰਮੁਖ ਸਾਚੇ ਆਪੇ ਆਪ ਹਰਿ ਸਾਚਾ ਤਾਰੇ, ਦੇਵੇ ਨਾਮ ਜਗਤ ਵਡਿਆਈਆ । ਅੱਠਵੇਂ
ਉਠ ਉਠ ਵੇਖਣ, ਜੋਤ ਜਗਾਏ ਰੋੜੀ ਸੱਖਰ, ਪੰਚਮ ਜੇਠ ਮਿਲੇ ਵਧਾਈਆ । ਨੌਂਵੇ ਨੌਂ ਦਰ ਵੇਖ, ਜੋਤ ਕਲ ਧਾਰੇ ਭੇਖ, ਸ੍ਰਿਸ਼ਟ ਸਬਾਈ ਲਿਖਾਏ
ਲੇਖ, ਜਨ ਭਗਤਾਂ ਤਨ ਲਗਾਏ ਮੇਖ, ਦਸਵੇਂ ਦਹਿ ਦਿਸ਼ ਉਠ ਧਾਏ, ਚਾਰ ਵਰਨਾਂ ਏਕਾ ਰਾਹ ਦਸਾਏ, ਆਪਣਾ ਭੇਵ ਰਿਹਾ ਖੁਲ੍ਹਾਈਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਨਰਾਇਣ ਏਕਾ ਜੋਤ ਵਿਚ ਮਾਤ ਡਗਮਗਾਈਆ । ਏਕਾ ਚਾਲ ਨੂਰ ਨੁਰਾਨੀ । ਦੂਜਾ ਪਾਏ ਮਾਇਆ
ਜਾਲ, ਖਿੱਚੇ ਜੋਤ ਹਰਿ ਭਵਾਨੀ । ਤੀਜਾ ਦੇਵੇ ਸ਼ਬਦ ਢਾਲ, ਜਨ ਭਗਤਾਂ ਕਰਾਏ ਵਡ ਬਲਵਾਨੀ । ਚੌਥੇ ਵੇਖੇ ਪੁਰਖ ਸੁਜਾਨ, ਆਤਮ ਦੇਵੇ
ਬ੍ਰਹਮ ਗਿਆਨ, ਜੋਤੀ ਆਪ ਜਗਾਏ ਸ਼ਬਦ ਸੁਣਾਏ ਸਾਚੀ ਬਾਣੀ । ਪੰਚਮ ਪੰਚਮ ਪੰਚਮ ਹਰਿ ਮਾਰੇ, ਦਰਗਹਿ ਸਾਚੀ ਵੇਖ ਵਖਾਣੇ ਏਕਾ ਏਕ
ਧੁਨ ਉਪਜਾਣੀ । ਛੇਵੇਂ ਛੇ ਘਰ ਉਪਦੇਸ਼ੇ, ਪ੍ਰਗਟ ਹੋਏ ਨਰ ਨਰੇਸ਼ੇ, ਧਰੇ ਜੋਤ ਮਾਝੇ ਦੇਸੇ, ਜਗੇ ਜੋਤ ਜਗਤ ਮਹਾਨੀ । ਸਤਵੇਂ ਸੱਤ ਸੱਤ
ਦੀਪ ਆਪ ਚਲਾਏ ਆਪਣੀ ਰੀਤ, ਜੋਤ ਸਰੂਪੀ ਹਰਿ ਭਗਵਾਨੀ । ਅੱਠ ਅਠੱਤਰ ਆਏ ਬਹੱਤਰ ਸਾਚਾ ਬੀਜ ਬਿਜਾਏ ਦਇਆ ਕਮਾਏ, ਆਪ
ਉਠਾਏ ਲੱਖ ਸੱਤਰ, ਚੜ੍ਹਾਏ ਵਿਚ ਬਬਾਣੀ । ਨੌਵਾਂ ਨਰ ਨਾਰੀ ਹਰਿ ਵੇਖੇ, ਜਨ ਭਗਤਾਂ ਲਿਖਾਏ ਲੇਖੇ, ਬੇਮੁਖ ਰਹੇ ਭਰਮ ਭੁਲੇਖੇ, ਨਾ ਕੋਈ
ਜਾਣੇ ਚਤੁਰ ਸੁਜਾਨੀ । ਦਸਵੇਂ ਦਰਦ ਦੁੱਖ ਭੈ ਭੰਜਨ, ਜਗੇ ਜੋਤ ਇਕ ਨਿਰੰਜਣ, ਅੰਤਮ ਕਲ ਏਕਾ ਸ਼ਬਦ ਏਕਾ ਤਾਰ ਵਿਚ ਸੰਸਾਰ ਲਗਾਏ
ਸਾਚੀ ਮੇਖਾ, ਲੱਗੇ ਮੇਖ ਜਗਤ ਨੁਰਾਨੀ । ਸਤਿਜੁਗ ਸਾਚੇ ਸਤਿ ਸਤਿਵਾਦੀ, ਪ੍ਰਗਟ ਹੋਏ ਜਗਤ ਚਲਾਏ ਸਾਚੀ ਬਾਣੀ । ਏਕਾ ਨਾਮ ਡੰਕ
ਵਜਾਏ, ਰਾਓ ਰੰਕ ਇਕ ਕਰਾਏ, ਊਚ ਨੀਚ ਹਰਿ ਭੇਵ ਚੁਕਾਨੀ । ਸਾਚਾ ਦਵਾਰ ਬੰਕ ਸੁਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗੇ
ਜੋਤ ਅਚਲ ਅਟਲ ਇਕ ਭਗਵਾਨੀ । ਜੋਤ ਅਟੱਲ ਅਚਲ ਅਚੱਲਾ । ਵਸੇ ਸਚ ਮਹੱਲ ਏਕਾ ਹਰਿ ਇਕੱਲਾ । ਸ੍ਰਿਸ਼ਟ ਸਬਾਈ ਭੁਲਾਏ ਕਰ
ਕਰ ਵਲ ਛਲ, ਜਨ ਭਗਤਾਂ ਸੁਨੇਹੜਾ ਆਪੇ ਘੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਵ ਆਪ ਖੁਲ੍ਹਾਏ ਗੁਰ ਗੋਬਿੰਦ ਜੋ ਗਿਆ
ਲਿਖਾਏ, ਅੰਤ ਸੁਣਾਏ ਡੱਲਾ । ਸਾਚੀ ਸਿਖਿਆ ਹਰਿ ਨਿਰੰਕਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਆਪਣੀ ਰੱਖੇ ਤਿੱਖੀ ਧਾਰਾ । ਪਰਖੇ
ਸਿੱਖੀ ਅੰਤਮ ਵਾਰਾ । ਗੁਰਮੁਖ ਸਾਚੇ ਧੁਰਦਰਗਾਹੀ ਸਾਚੀ ਲਿਖਤ ਹਰਿ ਸਾਚੇ ਲਿਖੀ, ਨਾ ਕੋਈ ਮੇਟੇ ਮਿਟਾਵਣਹਾਰਾ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਅੰਤਮ ਕਲ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਆਤਮ ਖੋਲ੍ਹੇ ਸਾਚਾ ਦਰ, ਨੂਰ ਨੁਰਾਨੀ ਕਰੇ ਮਿਹਰਬਾਨੀ ਸਾਚਾ ਦਰ
ਸਤਾਰਾਂ ਹਾੜਾ । ਜਗੇ ਜੋਤ ਸਤਾਰਾਂ ਹਾੜ । ਮਾਰ ਮਿਟਾਏ ਪੰਚਾਂ ਧਾੜ । ਕਰੇ ਰੁਸ਼ਨਾਏ ਗੁਰਮੁਖ ਸਾਚੇ ਨਾੜ ਨਾੜ । ਪ੍ਰਗਟ ਹੋਏ ਦਰਸ
ਦਿਖਾਏ, ਜੰਗਲ ਜੂਹ ਵਿਚ ਪਹਾੜ । ਭਰਮ ਭੁਲੇਖਾ ਦੂਰ ਕਰਾਏ, ਸਾਚਾ ਲੇਖਾ ਅੰਤ ਚੁਕਾਏ, ਆਪੇ ਫਿਰੇ ਪਿਛੇ ਅਗਾੜ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਲੱਖ ਚੁਰਾਸੀ ਅਗਨੀ ਜੋਤੀ ਦੇਵੇ ਸਾੜ । ਸਤਾਰਾਂ ਹਾੜ ਸਰਬ ਕਲ ਧਾਰੇ । ਕਰੇ ਖੇਲ
ਅਪਰ ਅਪਾਰੇ । ਗੁਰਮੁਖ ਵੇਖੇ ਰੰਗ ਮੁਰਾਰੇ । ਏਕਾ ਜੋਤੀ ਏਕਾ ਗੋਤੀ ਵਸੇ ਭੇਵ ਨਿਆਰੇ । ਗੁਰਮੁਖ ਸਾਚੇ ਮਾਣਕ ਮੋਤੀ, ਖਿੱਚ ਲਿਆਏ

੪੩੦ ੦੪

ਚਰਨ ਦਵਾਰੇ । ਦੁਰਮਤ ਮੈਲ ਸਾਚੀ ਧੋਤੀ, ਆਤਮ ਖੋਲ੍ਹੇ ਬੰਦ ਕਵਾੜੇ । ਸ੍ਰਿਸ਼ਟ ਸਬਾਈ ਰਹੀ ਰੋਤੀ, ਲੱਗੀ ਅਗਨ ਤੱਤੀ ਹਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਧੁਰਦਰਗਾਹੀ ਸਾਚਾ ਮਾਹੀ ਆਪ ਬਣਾਏ ਸਾਚੇ ਲਾੜੇ । ਸਾਚਾ ਹਰਿ ਹਰਿ ਸਰਦਾਰਾ । ਸ਼ਬਦ ਘੋੜੀ ਚਾੜ੍ਹਾ ਪਹਿਲੀ ਵਾਰਾ । ਬੇਮੁਖਾਂ ਵਕਤ ਆਇਆ ਮਾੜਾ । ਏਕਾ ਉਠੇ ਅਗੰਮੀ ਧਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਲਿਖਤ ਲਿਖਾਏ, ਪੂਰ ਕਰਾਏ ਸਤਾਰਾਂ ਹਾੜਾ । ਪੰਚਮ ਜੇਠ ਪੰਚਮ ਰਾਣੀ । ਮਾਤਲੋਕ ਹਰਿ ਮਾਣ ਦਵਾਏ, ਸੋਹੰ ਸ਼ਬਦ ਸਾਚੀ ਬਾਣੀ । ਸਾਚਾ ਕੰਤ ਗੁਰਮੁਖ ਵਿਰਲਾ ਸੰਗ ਹੰਢਾਏ, ਦਰਸ਼ਨ ਪਾਏ ਨੈਣ ਮੁਧਾਨੀ । ਸ੍ਰਿਸ਼ਟ ਸਬਾਈ ਰੰਡ ਹੋ ਜਾਏ, ਨਾਤਾ ਛੁਟੇ ਭੈਣ ਭਰਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਡੰਡਾ ਸ਼ਬਦ ਖੰਡਾ ਹੱਥ ਉਠਾਏ, ਨੌਂ ਖੰਡਾਂ ਵਰਭੰਡਾਂ ਸਾਚੀ ਵੰਡ ਆਪ ਕਰਾਏ, ਨਾ ਕੋਈ ਦਿਸੇ ਜੀਵ ਸ਼ੈਤਾਨੀ । ਨਾ ਕੋਈ ਦਿਸੇ ਜੀਵ ਸ਼ੈਤਾਨਾ । ਸੋਹੰ ਵੱਜੇ ਸਾਚਾ ਬਾਣਾ । ਤਖ਼ਤੋਂ ਲਾਹੇ ਰਾਜਾ ਰਾਣਾ । ਚੜ੍ਹਿਆ ਘੋੜ, ਗੁਰਮੁਖ ਸਾਚਾ ਚਰਨੀ ਜਾਏ ਜੁੜ, ਮਿਲੇ ਮੇਲ ਹਰਿ ਭਗਵਾਨਾ । ਚਰਨ ਪ੍ਰੀਤੀ ਨਿਭੇ ਤੋੜ, ਆਤਮ ਜੋਤ ਜਗੇ ਮਹਾਨਾ । ਆਪ ਚੜ੍ਹਾਏ ਸ਼ਬਦ ਘੋੜ, ਜੋਤ ਸਰੂਪੀ ਵਡ ਬਲੀ ਬਲਵਾਨਾ । ਧੁਰਦਰਗਾਹੀ ਆਇਆ ਦੌੜ, ਦੇਵੇ ਨਾਮ ਨਿਸ਼ਾਨਾ । ਕਲਜੁਗ ਜੀਵ ਰੀਠੇ ਕੌੜ, ਅੰਤਮ ਵੇਲੇ ਮੇਟ ਮਿਟਾਨਾ । ਜਨ ਭਗਤਾਂ ਚੜ੍ਹਾਏ ਸਾਚੇ ਘੋੜ, ਦਰਗਹਿ ਸਾਚੀ ਮਾਣ ਦਵਾਨਾ । ਬੇਮੁਖ ਲੱਭਣ ਬ੍ਰਾਹਮਣ ਗੌੜ, ਵੇਦ ਵਿਆਸ ਲੇਖ ਲਿਖਾਨਾ । ਜੋਤ ਸਰੂਪੀ ਹਰਿ ਨਿਹਕਲੰਕ ਕਲ ਜਾਮਾ ਪਾਏ, ਸ਼ਬਦ ਸਰੂਪੀ ਡੰਕ ਵਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੌੜ ਬ੍ਰਾਹਮਣ ਨਾ ਕੋਈ ਗੌੜਾ । ਤਿੰਨਾਂ ਲੋਕਾਂ ਦੋ ਜਹਾਨੀ ਚੌਦਾਂ ਹੱਟਾਂ ਕੋਈ ਨਾ ਦਿਸੇ ਪੌੜਾ । ਆਤਮ ਰਸ ਗੁਰਮੁਖ ਵਿਰਲੇ ਪ੍ਰਭ ਦਰ ਪੀਤਾ, ਵੇਖ ਵਖਾਣੇ ਆਪੇ ਜਾਣੇ ਹਰਿ ਭਗਵਾਨਾ, ਕਲਜੁਗ ਜੀਵ ਮਿੱਠਾ ਕੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਤੰਗ ਕਸਾਇਆ, ਸਚ ਸਿੰਘਾਸਣ ਸੋਲਾਂ ਕਲੀਆਂ ਡੇਰਾ ਲਾਇਆ, ਮਾਤਲੋਕ ਆਇਆ ਦੌੜਾ । ਜਲ ਕਵਲ ਕਵਲ ਜਲ ਜਾਣ । ਉਪਰ ਧਵਲ ਹਰਿ ਭਗਤ ਪਛਾਣ । ਜੋਤ ਸਰੂਪੀ ਰਿਹਾ ਮਵਲ, ਘਰ ਸਾਚੇ ਦੇਵੇ ਮਾਣ । ਜੋਤੀ ਜੋਤ ਸਰੂਪ ਹਰਿ, ਨਰ ਨਰ ਹਰਿ ਸ੍ਰੀ ਭਗਵਾਨ । ਹਰਿ ਭਗਵਾਨ ਨਾਮ ਗੁਣਵੰਤਾ । ਦੇਵੇ ਦਾਨ ਜਨ ਸਾਚੇ ਸੰਤਾ । ਜਗਤ ਮਾਣ ਮੇਲ ਮਿਲਾਵਾ ਸਾਚੇ ਕੰਤਾ । ਸਤਿਜੁਗ ਝੁਲੇ ਸਚ ਨਿਸ਼ਾਨ, ਚੜ੍ਹਿਆ ਰਹੇ ਨਾਮ ਬਬਾਣ, ਪ੍ਰਭ ਆਪ ਚੜ੍ਹਾਏ ਆਦਿਨ ਅੰਤਾ । ਕਰੇ ਖੇਲ ਮਾਤ ਮਹਾਨ, ਜੋਤੀ ਜੋਤ ਕ੍ਰਿਸ਼ਨਾ ਕਾਹਨ, ਬਣੇ ਬਣਾਏ ਸਾਚੀ ਬਣਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਵਿਚ ਲੱਖ ਚੁਰਾਸੀ ਜੀਵ ਜੰਤਾ । ਜੀਵ ਜੰਤ ਪ੍ਰਭ ਸਰਬ ਵਿਰੋਲੇ । ਗੁਰਮੁਖ ਸਾਚਾ ਜਨ ਭਗਤ ਪੂਰੇ ਤੋਲ ਸ਼ਬਦ ਕੰਡੇ ਤੋਲੇ । ਨੂਰ ਨੁਰਾਨੀ ਜੋਤ ਧਰ, ਪਰਮ ਪੁਰਖ ਪਰਮਾਤਮ ਸ਼ਬਦ ਸਰੂਪੀ ਆਤਮ ਬੋਲੇ । ਨਾਮ ਦੇਵੇ ਸੱਚਾ ਵਰ, ਅੰਤ ਚੜ੍ਹਾਏ ਸਾਚੇ ਡੋਲੇ । ਅੰਮ੍ਰਿਤ ਭਾਂਡਾ ਕਾਇਆ ਤਨ ਸਰੋਵਰ ਦੇਵੇ ਭਰ, ਚੜ੍ਹੇ ਰੰਗ ਜਗਤ ਅਮੋਲੇ । ਅੰਤਮ ਅੰਤ ਆਪ ਚੁਕਾਏ ਜਮ ਕਾ ਡਰ, ਦੂਈ ਦਵੈਤੀ ਬਜ਼ਰ ਕਪਾਟੀ ਪੜਦੇ ਖੋਲ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰ ਸੰਗਤ ਦਇਆ ਕਮਾਏ ਹਾੜ ਸੋਲੇ । ਸੋਲਾਂ ਹਾੜ ਸੋਲਾਂ ਸ਼ਿੰਗਾਰ । ਪੁਰਖ ਅਬਿਨਾਸ਼ੀ ਜਨ ਭਗਤਾਂ ਹੋਏ ਦਾਸ । ਆਪ ਕਰਾਏ ਸ਼ਬਦ ਪਹਿਨਾਏ ਤਨ ਸਾਚਾ ਹਾਰ, ਨਿਜ ਘਰ ਆਤਮ ਕਰੇ ਵਾਸ । ਜੋਤ ਸਰੂਪੀ ਗੁਰਮੁਖ ਸਾਚੇ ਜਾਏ ਤਾਰ, ਪੰਚ ਪੰਚਾਇਣ ਕਲਜੁਗ ਮਾਇਆ ਡੈਣ


੪੩੧
੦੪

ਕਰੇ ਨਾਸ । ਸ਼ਬਦ ਚਲਾਏ ਸਵਾਸ ਸਵਾਸ । ਅੰਮ੍ਰਿਤ ਦੇਵੇ ਸਾਚੀ ਧਾਰ, ਏਕਾ ਰੰਗ ਵਖਾਏ ਪ੍ਰਿਥਮੀ ਅਕਾਸ਼ । ਗਗਨ ਮੰਡਲ ਹਰਿ ਪਾਵੇ ਰਾਸ । ਪੂਰੇ ਗੁਰ ਸਦ ਬਲ ਬਲ ਜਾਸ । ਪੰਜ ਤੱਤ ਹੰਕਾਰੀ ਜਾਏ ਮਾਰ, ਸੋਲਾਂ ਹਾੜ ਸੋਲਾਂ ਕਲ । ਜਨ ਭਗਤਾਂ ਕਰਾਏ ਸ਼ਬਦ ਵਾੜ, ਬਹਾਏ ਨਿਹਚਲ ਧਾਮ ਅਟੱਲ । ਬੇਮੁਖਾਂ ਚਬਾਏ ਆਪਣੀ ਦਾੜ੍ਹ, ਜੰਗਲ ਜੂਹ ਉਜਾੜ ਪਹਾੜ ਵਿਚ ਜਲ ਥਲ । ਕਲਜੁਗ ਕੱਚੇ ਫਲ ਦੇਵੇ ਝਾੜ, ਆਪ ਸੁਟਾਏ ਡੂੰਘੀ ਡਲ । ਲੋਕਮਾਤ ਦਏ ਜੜ੍ਹ ਉਖਾੜ, ਸ਼ਬਦ ਸਰੂਪੀ ਚਾਰ ਕੁੰਟ ਦਹਿ ਦਿਸ਼ ਆਪ ਚਲਾਏ ਹਲ । ਜਨ ਭਗਤਾਂ ਜੋਤ ਜਗਾਏ ਕਰੇ ਪ੍ਰਕਾਸ਼ ਕਾਇਆ ਸਚ ਮਹੱਲ । ਦੂਈ ਦਵੈਤੀ ਦੇਵੇ ਪਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੁਨੇਹੜਾ ਅੰਤਮ ਅੰਤ ਕਲ ਰਿਹਾ ਘਲ । ਸ਼ਬਦ ਸੁਨੇਹੜਾ ਜਗਤ ਵਿਚੋਲਾ । ਹਰਿ ਆਪ ਚਲਾਏ ਦਇਆ ਕਮਾਏ ਮਾਤ ਉਪਜਾਏ, ਚਾਰ ਵਰਨ ਚਾਰ ਕੁੰਟ ਏਕਾ ਤੋਲਾ । ਗੁਰਮੁਖ ਸਾਚੇ ਲਏ ਜਗਾਏ ਸਰਨ ਬਹਾਏ, ਦਰਸ ਦਿਖਾਏ ਮੋਲ ਅਮੋਲਾ । ਬੇਮੁਖ ਜੀਵ ਰਹੇ ਕੁਰਲਾਏ, ਦਰ ਘਰ ਘਰ ਦਰ ਕਰਨ ਹਾਏ ਹਾਏ, ਦੁਖੀ ਹੋਇਆ ਕਾਇਆ ਚੋਲਾ । ਗੁਰਮੁਖ ਆਤਮ ਤ੍ਰਿਸ਼ਨਾ ਤ੍ਰਿਖ ਮਿਟਾਏ, ਸਾਚੀ ਸਿੱਖਿਆ ਇਕ ਸੁਣਾਏ, ਚਰਨ ਪ੍ਰੀਤੀ ਘੋਲ ਘੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜਾਮਾ ਧਰ, ਕਲਜੁਗ ਤੇਰੀ ਅੰਤਮ ਵਰ, ਦੇਵਣ ਆਇਆ ਲੱਖ ਚੁਰਾਸੀ ਏਕਾ ਬੋਲਾ । ਲੱਖ ਚੁਰਾਸੀ ਏਕਾ ਬੋਲੀ । ਮੈਲੀ ਹੋਈ ਕਾਇਆ ਚੋਲੀ । ਮਾਇਆ ਮੋਹ ਲਭ ਲੋਭ ਹੰਕਾਰ, ਕਹਾਰ ਉਠਾਏ ਫਿਰਨ ਕਾਇਆ ਡੋਲੀ । ਅੰਤਮ ਵੇਲੇ ਆਈ ਹਾਰ ਹੋਏ ਖੁਆਰ, ਦਰ ਦਰ ਭਿਖਾਰ ਕਰੇ ਨਰ ਨਾਰ, ਨਾ ਕੋਈ ਸੱਜਣ ਮੀਤ ਮੁਰਾਰ, ਪ੍ਰਭ ਅਬਿਨਾਸ਼ੀ ਹਰਿ ਸਾਚਾ ਕੰਤਾ ਮਾਰੇ ਸ਼ਬਦ ਕਟਾਰ, ਦੁਰਮਤ ਮੈਲ ਨਾ ਕਿਸੇ ਧੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਜੀਆ ਦਾਨ, ਨਾਮ ਨਿਸ਼ਾਨ ਮਾਤ ਮਹਾਨ ਵਿਰਲੇ ਸਦ ਕੋਈ ਕੋਈ । ਸੋਲਾਂ ਹਾੜ ਸਹਿਜ ਸੁਭਾਗਾ । ਮਾਤ ਵਖਾਣੇ ਅਲਖਣਾ ਅਲਾਖਾ । ਗੁਰਮੁਖ ਵਿਰਲਾ ਜਨ ਜਾਣੇ, ਲੇਖਾ ਲਿਖਿਆ ਧੁਰ ਮਾਥਾ । ਏਕਾ ਰੰਗ ਹਰਿ ਸਾਚਾ ਮਾਣੇ, ਆਪੇ ਹੋਏ ਪ੍ਰਭ ਸਗਲਾ ਸਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ, ਜੀਵ ਜਗਤ ਬੇਮੁਹਾਣੇ, ਭੁੱਲੇ ਫਿਰਨ ਰਾਜੇ ਰਾਣੇ, ਧਰੇ ਜੋਤ ਬਿਨ ਵਰਨ ਗੋਤ ਤ੍ਰੈਲੋਕੀ ਨਾਥਾ ।



### ❇ ੧੬ ਹਾੜ ੨੦੧੧ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❇

ਹਰਿ ਹਰਿ ਹਰਿ ਏਕਾ ਰੂਪ ਹੈ, ਰੰਗ ਅਨੂਪ ਕਰਤਾਰ । ਹਰਿ ਹਰਿ ਹਰਿ ਵਡਾ ਸ਼ਾਹੋ ਭੂਪ ਹੈ, ਤਿੰਨਾਂ ਲੋਕਾਂ ਪਾਵੇ ਸਾਰ । ਹਰਿ ਹਰਿ ਹਰਿ ਏਕਾ ਜੋਤ ਸਤਿ ਸਰੂਪ ਹੈ, ਸ੍ਰਿਸ਼ਟ ਸਬਾਈ ਕਰੇ ਅਕਾਰ । ਹਰਿ ਹਰਿ ਹਰਿ ਜਗਾਏ ਜੋਤ ਵਿਚ ਅੰਧ ਕੂਪ ਹੈ, ਨਿਹਕਲੰਕ ਅੰਤਮ ਕਲ ਮਾਤ ਲਏ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਆਪ ਉਠਾਏ ਅੰਤਮ ਵਾਰ । ਸੰਤਨ ਸੰਗ ਰੰਗ ਹਰਿ ਚਾੜ੍ਹੇ ਨਾਮ ਰੰਗ । ਮੰਗਣ ਜਾਏ ਨਾ ਕਿਸੇ ਦਰ, ਸ਼ਬਦ ਘੋੜੇ ਕਸ ਤੰਗ । ਸ੍ਰਿਸ਼ਟ ਸਬਾਈ ਕਰੇ ਸਰ, ਲੱਖ ਚੁਰਾਸੀ ਭੰਨੇ ਵਾਂਗ ਕਾਚੀ ਵੰਗ । ਜਨ ਭਗਤਾਂ ਚੁਕਾਏ ਜਮ ਕਾ ਡਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤੀ ਅਟਲ । ਅਕਾਲ ਸਰਬ ਪ੍ਰਿਤਪਾਲ, ਜਨ ਭਗਤਾਂ ਦੇਵੇ

ਨਾਮ ਵਰ । ਸਾਚਾ ਹਰਿ ਵਡ ਵਰਿਆਮਾ । ਆਤਮ ਵਜਾਏ ਸੱਚਾ ਸ਼ਬਦ ਦਮਾਮਾ । ਆਪਣਾ ਪੂਰ ਕਰਾਏ ਅੰਤਮ ਕਲਜੁਗ ਕਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਥ ਤ੍ਰੈਲੋਕੀ ਏਕਾ ਜੋਤੀ, ਆਦਿ ਅੰਤੀ ਜੁਗਾ ਜੁਗੰਤੀ ਹਰਿ ਭਗਵੰਤੀ ਰਮਈਆ ਰਾਮਾ ਕ੍ਰਿਸ਼ਨਾ ਸ਼ਾਮਾ । ਕ੍ਰਿਸ਼ਨ ਮੁਰਾਰੇ ਹਰਿ ਗਿਰਧਾਰੇ । ਕਲਜੁਗ ਅੰਤਮ ਵਾਰੇ । ਪਾਵੇ ਸਾਰੇ ਚਾਰ ਕੁੰਟ ਵੇਖ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਜਨ ਭਗਤਾਂ ਮੇਲ, ਆਤਮ ਜਗੇ ਜੋਤੀ ਬਿਨ ਬਾਤੀ ਤੇਲ, ਦੇਵੇ ਦਰਸ ਅਗੰਮ ਅਪਾਰੇ । ਅਗੰਮ ਅਪਾਰ ਦਰਸ ਗੁਰ ਦੀਨਾ । ਕਰੇ ਖੇਲ ਹਰਿ ਨਿਰੰਕਾਰ ਰੂਸਾ ਚੀਨਾ । ਸ਼ਬਦ ਖੰਡਾ ਪਕੜ ਉਠਾਏ ਭੰਨੇ ਇਕ ਹੰਕਾਰੀ ਬੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਸਮਾਣੇ, ਰਾਜੇ ਰਾਣੇ ਕਿਸੇ ਦਿਸ ਨਾ ਆਏ, ਬ੍ਰਹਮ ਗਿਆਨੀ ਆਪ ਭੁਲਾਏ, ਉਚੇ ਮੰਦਰ ਆਪੇ ਢਾਹੇ, ਮੇਟ ਮਿਟਾਏ ਮੱਕਾ ਮਦੀਨਾ । ਆਰ ਪਾਰ ਪਾਰ ਆਰ । ਇਕ ਹਰਿ ਦੋਹਾਂ ਧਿਰਾਂ ਪਾਵੇ ਸਾਰ । ਕਰੇ ਖੇਲ ਸੱਚਾ ਸੱਜਣ, ਸ਼ਬਦ ਰੱਖੇ ਤਿਖੀ ਧਾਰ । ਕਲਜੁਗ ਤੇਰੀ ਅੰਤਮ ਵਾਰ । ਸ਼ਬਦ ਫੜੇ ਹੱਥ ਕਟਾਰ । ਰੂਪ ਰੰਗ ਨਾ ਰੇਖ ਭੇਖ ਕਿਸੇ ਵਿਚਾਰ । ਮੇਟ ਮਿਟਾਏ ਜਾਤ ਪਾਤ, ਊਚ ਨੀਚ ਹਰਿ ਵਸੇ ਬਾਹਰ । ਤਿੰਨਾਂ ਲੋਕਾਂ ਹਰਿ ਸਰਦਾਰ । ਜੋਤ ਸਰੂਪੀ ਖੇਲ ਅਪਾਰ । ਖੰਡਾਂ ਬ੍ਰਹਿਮੰਡਾਂ ਪਾਵੇ ਵੰਡਾਂ ਆਪੇ ਬਣੇ ਲੇਖ ਲਿਖਾਰ । ਆਪ ਚਮਕਾਏ ਚੰਡ ਪ੍ਰਚੰਡਾ, ਲਹੂ ਮਿਝ ਵੱਗੇ ਧਾਰ । ਬੇਮੁਖਾਂ ਦੇਵੇ ਘਰ ਘਰ ਡੰਡਾ, ਰੰਡੀਆਂ ਹੋਵਣ ਜਗਤ ਨਾਰਾਂ ਆਤਮ ਤੋੜੇ ਸਰਬ ਘਮੰਡਾ, ਮਾਰੇ ਡਾਹਢੀ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਾਚੇ ਗੁਰ, ਲਿਖਿਆ ਲੇਖ ਪੁਰਖ ਅਬਿਨਾਸ਼ੀ ਧੁਰ, ਮਿਲੀ ਦਾਤ ਵਡ ਕਰਾਮਾਤ ਉਤਮ ਜ਼ਾਤ, ਏਕਾ ਨਾਥ ਹਰਿ ਸਚ ਭਤਾਰ । ਆਰ ਪਾਰ ਪਾਰ ਕਿਨਾਰੇ । ਦੋਹਾਂ ਵਸੇ ਹਰਿ ਜੀ ਬਾਹਰੇ । ਦੂਰ ਦੁਰਾਡਾ ਵੇਖ ਖਿੜ ਖਿੜ ਹੱਸੇ, ਬੇਮੁਖਾਂ ਪੈਣੀ ਡਾਹਢੀ ਮਾਰੇ । ਧਰਤ ਮਾਤ ਕਰੀ ਪੁਕਾਰੇ । ਜਨ ਭਗਤਾਂ ਰਾਹ ਸਾਚਾ ਦੱਸੇ, ਨਿਹਕਲੰਕੀ ਜਾਮਾ ਧਾਰੇ । ਸ਼ਬਦ ਤੀਰ ਏਕਾ ਕਸੇ, ਚਾਰ ਕੁੰਟ ਕਰੇ ਖੁਆਰੇ । ਕਲਜੁਗ ਮਿਟੇ ਅੰਧੇਰੀ ਰੈਣ ਮੱਸੇ, ਸਤਿਜੁਗ ਸਾਚਾ ਚੜ੍ਹੇ ਚੰਦ ਚੜ੍ਹਾਏ ਆਪ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਾਚੇ ਗੁਰ ਲਿਖਿਆ ਧੁਰ, ਕਰੀ ਲੇਖ ਲਿਖਤ ਅਪਾਰੇ । ਆਰ ਪਾਰ ਪਾਰ ਵਸਾਉਣਾ । ਏਕਾ ਰਾਹ ਸ੍ਰਿਸ਼ਟ ਸਬਾਈ ਆਪ ਵਖਾਉਣਾ । ਜਨ ਭਗਤਾਂ ਕਟੇ ਜਮ ਕਾ ਫਾਹ, ਲੱਖ ਚੁਰਾਸੀ ਗੇੜ ਕਟਾਉਣਾ । ਇਕ ਵਖਾਏ ਸੱਚਾ ਥਾਂ, ਜੋਤ ਸਰੂਪੀ ਜੋਤ ਜਗਾਉਣਾ । ਅੰਤਮ ਵੇਲੇ ਪਕੜੇ ਬਾਂਹ, ਦਰਗਹਿ ਸਾਚੀ ਮਾਣ ਦਵਾਉਣਾ । ਆਦਿ ਅੰਤ ਜੁਗਾ ਜੁਗੰਤ ਸਦ ਰੱਖੇ ਠੰਡੀ ਛਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗਗਨ ਪਤਾਲੀ ਆਰ ਪਾਰ ਭੇਵ ਕਿਸੇ ਨਾ ਪਾਉਣਾ । ਭੇਵ ਕਿਸੇ ਨਾ ਪਾਵਣਾ । ਰਾਓ ਰੰਕ ਰੰਕ ਰਾਜਾਨ, ਪ੍ਰਭ ਮਾਰੇ ਸ਼ਬਦ ਬਾਨਣਾ । ਹਰਿ ਪਹਿਰੇ ਚਿੱਟਾ ਬਾਣਾ ਜਨ ਭਗਤਾਂ ਦੇਵੇ ਨਾਮ ਨਿਧਾਨਾ, ਮਿਟੇ ਰੈਣ ਅੰਧ ਅੰਧਿਆਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਭਗਤ ਜਨ ਵਿਰਲੇ ਮਾਤ ਪਛਾਣਾ । ਇਕ ਜਣਾਈ ਸ਼ਬਦ ਸੰਦੇਸ਼ਾ । ਧਰੇ ਜੋਤ ਪ੍ਰਭ ਮਾਝੇ ਦੇਸਾ । ਪੁਰੀ ਘਨਕ ਹਰਿ ਡੰਕ ਵਜਾਏ, ਗੁਰਮੁਖ ਸਾਚੇ ਵਿਚ ਪ੍ਰਵੇਸ਼ਾ । ਏਕਾ ਅੰਕ ਸ਼ਬਦ ਚਲਾਇਆ, ਮਾਣ ਗਵਾਏ ਬ੍ਰਹਮਾ ਵਿਸ਼ਨ ਮਹੇਸ਼ਾ । ਰਾਓ ਰੰਕ ਇਕ ਰੰਗ ਰੰਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਅੰਤਮ ਕਲ ਧਾਰੇ ਭੇਸਾ । ਸਾਚਾ ਭੇਖ ਹਰਿ ਨਿਰੰਕਾਰਿਆ । ਸ੍ਰਿਸ਼ਟ ਸਬਾਈ

ਰਿਹਾ ਵੇਖ, ਮਾਨਸ ਜਨਮ ਹਾਰਿਆ । ਗੁਰਮੁਖ ਸਾਚੇ ਨੇਤਰ ਪੇਖ, ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵੱਜਾ ਡੰਕ, ਜਾਮਾ ਲੋਕਮਾਤ ਵਿਚ ਧਾਰਿਆ । ਜਾਮਾ ਧਾਰੇ ਨਰ ਅਵਤਾਰਾ । ਨਿਹਕਲੰਕੀ ਖੇਲ ਅਪਾਰਾ । ਰਾਓ ਰੰਕ ਏਕਾ ਰੰਗ ਏਕਾ ਸੰਗ, ਸ਼ਬਦ ਘੋੜੇ ਕਸੇ ਤੰਗ, ਚਾਰ ਕੁੰਟ ਹੋਏ ਜੰਗ, ਵੱਜੇ ਸ਼ਬਦ ਡੰਕ ਵਿਚ ਸੰਸਾਰਾ । ਲੱਖ ਚੁਰਾਸੀ ਹੋਏ ਭੰਗ, ਕਲਜੁਗ ਤੇਰੀ ਅੰਤਮ ਵਾਰਾ । ਗੁਰਮੁਖ ਵਿਰਲਾ ਮੰਗੇ ਮੰਗ, ਏਕਾ ਸ਼ਬਦ ਨਾਮ ਅਪਾਰਾ । ਦੇਵਣਹਾਰ ਵਡ ਦਾਤਾ ਸੂਰਾ ਸਰਬੰਗ, ਆਦਿ ਅੰਤ ਨਾ ਪਾਰਾਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਚਾਰ ਵਰਨਾਂ ਕਰੇ ਏਕਾ ਉੱਤਮ ਜ਼ਾਤ ਊਚ ਨੀਚ ਹਰਿ ਭੇਵ ਨਿਵਾਰਾ । ਭੇਵ ਨਿਵਾਰੇ ਹਰਿ ਦਵਾਰ । ਜਨ ਭਗਤਾਂ ਦੇਵੇ ਸ਼ਬਦ ਅਧਾਰ । ਆਤਮ ਸਾਚੀ ਜੋਤ ਜਗਾਏ, ਮਿਟਾਏ ਅੰਧ ਅੰਧਿਆਰ । ਵਰਨ ਗੋਤ ਨਾ ਕੋਈ ਰਹਾਏ, ਦਰਸ ਪਾਏ ਹਰਿ ਨਿਰੰਕਾਰ । ਏਕਾ ਮਾਤ ਪਿਤ ਆਪ ਅਖਵਾਏ, ਨਰ ਹਰਿ ਸੱਚੀ ਸਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਪੰਚਮ ਜੇਠ ਬੰਨ੍ਹੀ ਸੱਚੀ ਦਸਤਾਰ । ਏਕਾ ਖੇਲ ਆਪ ਕਰਾਏ । ਸ਼ਬਦ ਸਰੂਪੀ ਬਾਣ ਚਲਾਏ । ਆਤਮ ਤੀਰ ਸੀਨੇ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਚਾਰ ਚੁਫੇਰੇ ਸ਼ਬਦ ਪੱਲੂ ਆਪ ਫਿਰਾਏ, ਬੇਮੁਖ ਜੀਵਾਂ ਦਿਸ ਨਾ ਆਏ । ਗੁਰਮੁਖਾਂ ਦੇਵੇ ਠੰਡੀ ਛਾਂ, ਠੰਡੀ ਛਾਂ ਆਤਮ ਸੁਖ ਆਪੇ ਬਣੇ ਪਿਤਾ ਮਾਤ । ਮਿਟਾਏ ਅੰਧ ਅੰਧੇਰੀ ਰਾਤ । ਜੋਤ ਸਰੂਪੀ ਚਾਰ ਵਰਨਾਂ ਜਪਾਏ ਏਕਾ ਜਾਪ । ਸੋਹੰ ਸ਼ਬਦ ਅੰਮ੍ਰਿਤ ਵੇਲੇ ਨਾਮ ਪ੍ਰਭਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਮਾਤਲੋਕ ਬਣਾਏ ਉਤਮ ਜ਼ਾਤ । ਉਤਮ ਜ਼ਾਤੀ ਦਰਗਹਿ ਪ੍ਰਵਾਨ । ਏਕਾ ਨਾਮ ਸ਼ਬਦ ਪੰਘੂੜਾ, ਆਪ ਚੜ੍ਹਾਏ ਸ੍ਰੀ ਭਗਵਾਨ । ਰੰਗ ਚੜ੍ਹਾਏ ਏਕਾ ਗੂੜ੍ਹਾ, ਵਾਲੀ ਦੋ ਜਹਾਨ । ਗੁਰਮੁਖ ਵਿਰਲਾ ਚਰਨ ਮਸਤਕ ਲਾਏ ਧੂੜਾ, ਆਤਮ ਕਰੇ ਇਸ਼ਨਾਨ । ਕਲਜੁਗ ਜੀਵ ਮੂਰਖ ਮੁਗਧ ਅੰਞਾਣ ਨਾ ਕਰੇ ਪਛਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਹਿਜ ਸੁਭਾਏ ਜਗਤ ਚਲਾਏ ਨਾਏ, ਗੁਰਮੁਖ ਸਾਚੇ ਲਏ ਚੜ੍ਹਾਏ, ਕਰ ਕਰ ਆਪ ਪਛਾਣ । ਸੰਤ ਮਨੀ ਸਿੰਘ ਤੇਰੀ ਕਲਮ ਚੋਜ । ਭੇਵ ਖੁਲ੍ਹਾਇਆ ਲੇਖ ਲਖਾਇਆ, ਕਲਜੁਗ ਅੰਤਮ ਵੇਲੇ ਗੋਝ । ਪ੍ਰਭ ਅਬਿਨਾਸ਼ੀ ਦਇਆ ਕਮਾਇਆ, ਛੋਟਾ ਬਾਲਾ ਅੱਗੇ ਲਾਇਆ, ਸਿਰ ਆਪਣੇ ਉਠਾਇਆ ਬੋਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਭਾਗ ਲਗਾਏ ਪਿੰਡ ਬੋਘ । ਹੀਰਾ ਘਾਟ ਕਰ ਰੁਸ਼ਨਾਈ । ਸਤਿਜੁਗ ਤੇਰੀ ਸਚ ਨਿਸ਼ਾਨੀ, ਆਪ ਲਿਖਾਏ ਬਣਤ ਬਣਾਏ ਵਾਲੀ ਦੋ ਜਹਾਨੀ । ਗੁਰਮੁਖ ਸਾਚੇ ਸ਼ਬਦ ਜਣਾਏ, ਕਰੇ ਖੇਲ ਅਟਲ ਅਚਲ ਮਹਾਨੀ । ਚਾਰ ਕੁੰਟ ਕਰਾਏ ਜਲ ਥਲ, ਮੇਲ ਮਿਲਾਏ ਭਗਤ ਭਗਵਾਨੀ । ਹੀਰਾ ਘਾਟ ਹਰਿ ਹਰਿ ਜਸ ਗਾਇਆ । ਕਲਜੁਗ ਤੇਰੀ ਅੰਤਮ ਵਾਰ, ਸਾਚਾ ਰਾਹ ਇਕ ਵਖਾਇਆ । ਗੁਰਮੁਖ ਸਾਚਾ ਰਸ ਲੈਣ ਚਾਟ, ਅੰਮ੍ਰਿਤ ਫਲ ਸਚ ਖਵਾਇਆ । ਬੇਮੁਖ ਜਾਨਣ ਖੇਲ ਬਾਜ਼ੀਗਰ ਨਾਟ, ਅੰਤਮ ਵੇਲੇ ਮਾਨਸ ਜਨਮ ਗਵਾਇਆ । ਵੇਲੇ ਅੰਤਮ ਆਈ ਘਾਟ, ਨਾ ਹੋਏ ਕੋਈ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਚੜ੍ਹਾਏ ਔਖੇ ਘਾਟ, ਸ਼ਬਦ ਡੰਡਾ ਏਕਾ ਪੌੜਾ, ਆਪ ਲਗਾਇਆ । ਜਗਤ ਭੇਖ ਨਿਆਰਾ ਹਰਿ ਨਿਰੰਕਾਰਿਆ । ਕਲਜੁਗ ਤੇਰੀ ਅੰਤਮ ਵਾਰਾ, ਜੋਤ ਸਰੂਪੀ ਜਾਮਾ ਧਾਰਿਆ । ਏਕਾ ਏਕ ਸੱਚੀ ਸਰਕਾਰਾ, ਨਿਹਕਲੰਕ ਨਰ ਅਵਤਾਰਿਆ । ਲੱਖ ਚੁਰਾਸੀ ਮੰਗਦੀ ਰਹੇ ਦੁਆਰਾ, ਭਰਿਆ ਰਹੇ

ਸਦਾ ਭੰਡਾਰਿਆ । ਦੇਂਦਾ ਰਹੇ ਵਾਰੋ ਵਾਰਾ, ਚਾਰੇ ਜੁਗ ਖੇਲ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸਦ ਸਮਾ ਰਿਹਾ । ਆਪਣੇ ਭਾਣੇ ਸਦ ਸਮਾਏ । ਰਾਜੇ ਰਾਣੇ ਹੱਥ ਨਾ ਆਏ । ਕਲਜੁਗ ਜੀਵ ਅੰਤਮ ਭੁੱਲੇ ਸੁਘੜ ਸਿਆਣੇ, ਖਾਣੀ ਬਾਣੀ ਕਿਸੇ ਦਿਸ ਨਾ ਆਏ । ਅੰਤਮ ਵੇਲੇ ਛਡਣੇ ਪੈਣੇ ਹਾਣੀਆਂ ਹਾਣੀ, ਕਿਸੇ ਹੱਥ ਨਾ ਆਏ ਪਾਣੀ ਸਤਾਰਾਂ ਹਾੜ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲੇਖ ਆਪ ਲਿਖਾਏ । ਕਲਜੁਗ ਕੂੜਾ ਫਲ ਫਲ ਕੱਚਿਆ । ਨਾ ਕੋਈ ਸੱਜਣ ਸੁਹੇਲ, ਬੇਮੁਖਾਂ ਤਨ ਰਹੇ ਮੱਚਿਆ । ਜਨ ਭਗਤਾਂ ਸਾਚਾ ਮੇਲ, ਹਰਿ ਹਿਰਦੇ ਸਾਚੇ ਰਚਿਆ । ਜਗੇ ਜੋਤ ਬਿਨ ਬਾਤੀ ਬਿਨ ਤੇਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰਗ ਲਾਏ ਦੱਸੇ ਰਾਹ ਸੱਚੋ ਸੱਚਿਆ । ਕਲਜੁਗ ਕਾਲ ਰੂਪ ਵਖਾਨਾ । ਜੋਤ ਸਰੂਪੀ ਪਹਿਰੇ ਬਾਣਾ । ਨੀਲਾ ਚੋਲਾ ਤਨ ਸੁਹਾਏ, ਖੇਲ ਕਰਾਏ ਜਗਤ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਾਣੇ ਆਪਣਾ ਭਾਣਾ । ਨੀਲਾ ਚੋਲਾ ਮੁਹੰਮਦੀ ਦੀਨਾ । ਪ੍ਰਭ ਅਬਿਨਾਸ਼ੀ ਫੜ ਫੜ ਬਾਹੋਂ ਵੱਖਰ ਵੱਖ ਕੀਨਾ । ਮੇਟ ਮਿਟਾਏ ਮਦਿਰਾ ਮਾਸੀ, ਅੰਤਮ ਵੇਲੇ ਕਲਜੁਗ ਤੇਰਾ ਪਾੜੇ ਸੀਨਾ । ਪ੍ਰਭ ਦਰ ਮੰਗੀ ਗੁਰਮੁਖ ਮੰਗ, ਇਕ ਚੜ੍ਹਾਏ ਗੂੜ੍ਹਾ ਰੰਗ, ਦੇਵੇ ਨਾਮ ਨਗੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਨਰਾਇਣ, ਮਾਤ ਪਿਤ ਸਾਕ ਸੱਜਣ ਸੈਣਾ । ਗੁਰ ਸੰਗਤ ਦੱਸੇ ਮਿਲ ਮਿਲ ਬਹਿਣੀ, ਨੇਤਰ ਵੇਖ ਸਾਚੇ ਨੈਣੀ, ਸ਼ਾਂਤ ਕਰਾਏ ਗੁਰਸਿਖ ਸੀਨਾ । ਸੀਨਾ ਸ਼ਾਂਤ ਆਤਮ ਠੰਡ । ਪੱਲੇ ਬੰਨ੍ਹੇ ਨਾਮ ਗੰਢ । ਸ਼ਬਦ ਗਿਆਨੀ ਆਤਮ ਧਿਆਨੀ, ਭੁੱਲੀ ਜੋਤ ਇਕ ਭਗਵਾਨੀ ਆਤਮ ਹੋਈ ਰੰਡ । ਗੁਰਮੁਖ ਸਾਚੇ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਵਿਚ ਬ੍ਰਹਿਮੰਡ । ਵਿਚ ਬ੍ਰਹਿਮੰਡ ਮਾਣ ਨਿਮਾਣੇ । ਗੁਰਮੁਖ ਸਾਚੇ ਆਪ ਪਛਾਣੇ । ਦੇਵੇ ਸਾਚਾ ਮਾਣ ਤਾਣ, ਜੋਤ ਸਰੂਪੀ ਹਰਿ ਭਗਵਾਨੇ । ਆਤਮ ਦੇਵੇ ਸ਼ਬਦ ਬਬਾਣ, ਗੁਰਮੁਖ ਸਾਚੇ ਆਪ ਬਹਾਣੇ । ਦਰਗਹਿ ਸਾਚੀ ਦਰ ਪ੍ਰਵਾਨ, ਝੁੱਲਦਾ ਰਹੇ ਨਾਮ ਨਿਸ਼ਾਨ, ਛੋਟੇ ਬਾਲੇ ਬਾਲ ਅੰਞਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਸਦਾ ਅਤੀਤ, ਮਾਤਲੋਕ ਗਿਆ ਜੀਤ, ਆਪ ਬਹਾਏ ਸਾਚੇ ਥਾਂ ਸਚ ਟਿਕਾਣੇ । ਸਚ ਟਿਕਾਣਾ ਦੱਸੇ ਰਾਹ । ਲੱਖ ਚੁਰਾਸੀ ਕਟੇ ਫਾਹ । ਆਪੇ ਬਣੇ ਪਿਤਾ ਮਾਂ । ਸ਼ਬਦ ਦਾਤ ਹਰਿ ਝੋਲੀ ਪਾਏ, ਸਾਚੀ ਡੋਲੀ ਆਪ ਚੜ੍ਹਾਏ, ਇਕ ਬਹਾਏ ਸੱਚੇ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਅੰਤਮ ਅੰਤ ਆਪ ਜਗਾਏ ਸਾਚੇ ਸੰਤ, ਘਰ ਘਰ ਉਡਦੇ ਦਿਸਣ ਕਾਂ । ਉਡਣ ਕਾਗ ਮਾਰ ਉਡਾਰੀ । ਬੇਮੁਖ ਜੀਵਾਂ ਮਾਨਸ ਬਾਜ਼ੀ ਅੰਤਮ ਹਾਰੀ । ਚਾਰੋਂ ਕੁੰਟ ਚਾਰ ਚੁਫੇਰੇ ਕਲਜੁਗ ਤੇਰੀ ਹੋਏ ਖੁਆਰੀ । ਅੱਠੇ ਪਹਿਰ ਸ਼ਬਦ ਸਰੂਪੀ ਹੋਇਆ ਰਹੇ ਪਹਿਰੇਦਾਰੀ । ਆਪੇ ਪਹਿਨੇ ਨੀਲਾ ਚੋਲਾ । ਗੁਰਮੁਖਾਂ ਸੁਣਾਏ ਸਾਚਾ ਬੋਲਾ । ਸੋਹੰ ਸ਼ਬਦ ਸਾਚਾ ਬੋਲਾ । ਧੁਰਦਰਗਾਹੀ ਸਾਚਾ ਢੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਚਰਨ ਪ੍ਰੀਤੀ ਘੋਲ ਘੋਲਾ । ਸਤਿਜੁਗ ਚਾਰ ਵੇਦ, ਨੌਂ ਖੰਡ ਹੈ । ਸੱਤਾਂ ਦੀਪਾਂ ਖੋਲ੍ਹੇ ਭੇਵ, ਵਡ ਦੇਵੀ ਦੇਵ ਵਿਚ ਬ੍ਰਹਿਮੰਡ ਹੈ । ਗੁਰਮੁਖ ਸਾਚੇ ਕੀਨੀ ਸਾਚੀ ਸੇਵ, ਕਲਜੁਗ ਜੀਵਾਂ ਦੇਣ ਆਇਆ ਦੰਡ ਹੈ । ਛੇ ਸ਼ਾਸਤਰ ਅਠਾਰਾਂ ਪੁਰਾਨ, ਪ੍ਰਭ ਅਬਿਨਾਸ਼ੀ ਮਾਰੇ ਇਕ ਧਿਆਨ । ਕਲਜੁਗ ਵੇਖ ਵਖਾਣੇ ਅਠਾਰਾਂ ਧਿਆਏ ਗੀਤਾ ਗਿਆਨ । ਲੱਖ ਚੁਰਾਸੀ ਮੁਖ ਆਪ ਪਛਾਣੇ, ਵਰਨ ਅਠਾਰਾਂ ਮਿਟੇ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸੱਚਾ ਸੰਤ ਦੁਲਾਰਾ, ਤੇਰਾ ਝੁੱਲੇ ਇਕ ਸੱਚਾ ਨਿਸ਼ਾਨ ।

ਚੌਦਾਂ ਤਬਕ ਚੌਦਾਂ ਹੱਟ । ਚੌਦਾਂ ਲੋਕ ਗੁਰਮੁਖ ਸਾਚੇ ਸੰਤ ਜਨ ਤੈਨੂੰ ਸਕੇ ਨਾ ਕੋਈ ਰੋਕ । ਸੋਹੰ ਸ਼ਬਦ ਇਕ ਸੱਚਾ ਸਲੋਕ । ਕਲਜੁਗ ਵੇਲਾ ਵਕਤ ਸੁਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਤ ਸੱਚਾ ਜੋਗ । ਚਾਰ ਕੁੰਟ ਚਾਰ ਦਵਾਰੀ । ਵਾਰ ਅਠਾਰਾਂ ਹਰਿ ਉਸਾਰੀ । ਸਾਢੇ ਤਿੰਨ ਹੱਥ ਰੱਖੀ ਸੀਂ, ਕਲਜੁਗ ਤੇਰੀ ਅੰਤਮ ਵਾਰੀ । ਜਨ ਭਗਤਾਂ ਆਤਮ ਬਰਖੇ ਮੀਂਹ, ਕਾਇਆ ਕਰੇ ਠੰਡੀ ਠਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੀਤ ਜਗਤ ਚਲਾਈ, ਚਰਨ ਪ੍ਰੀਤੀ ਇਕ ਬੰਧਾਈ, ਕਰੇ ਖੇਲ ਅਪਰ ਅਪਾਰੀ । ਦਹਿ ਦਿਸ਼ ਸਚ ਦਵਾਰੇ । ਪ੍ਰਭ ਅਬਿਨਾਸ਼ੀ ਆਪ ਉਸਾਰੇ । ਗੁਰਮੁਖਾਂ ਵਖਾਏ ਏਕਾ ਛੋਟਾ ਸਚ ਦਵਾਰੇ । ਗੁਰਮੁਖ ਸਾਚੇ ਸੇਵਾ ਲਾਏ, ਜਗੀ ਜੋਤ ਜਗਤ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਹਰਿ ਜਾਮਾ ਪਾਇਆ, ਜਨ ਭਗਤਾਂ ਬਣਿਆ ਆਪ ਨਾਮ ਵਰਤਾਰੇ । ਨਾਮ ਸ਼ਬਦ ਧੁਨਕਾਰ, ਜਗਤ ਜੈਕਾਰ ਹੈ । ਜੋਤ ਸਰੂਪੀ ਜਾਮਾ ਧਾਰ, ਨੁਹਾਏ ਸਰ ਨਿਰੰਕਾਰ ਹੈ । ਲੋਕਮਾਤ ਖੇਲ ਅਪਰ ਅਪਾਰ, ਕਲਜੁਗ ਤੇਰੀ ਅੰਤਮ ਵਾਰ ਹੈ । ਮਨਮੁਖਾਂ ਮਾਤ ਆਈ ਹਾਰ, ਗੁਰਮੁਖਾਂ ਮਿਲਿਆ ਨਾਮ ਅਧਾਰ ਹੈ । ਆਪ ਕਰਾਏ ਤਨ ਸ਼ਿੰਗਾਰ, ਨਰ ਨਰਾਇਣ ਭੇਖਾ ਧਾਰ ਹੈ । ਆਦਿ ਅੰਤ ਜੁਗਾ ਜੁਗੰਤ, ਕਰੇ ਖੇਲ ਅਪਰ ਅਪਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਪਾਵੇ ਸਾਰ ਹੈ । ਨਾ ਕੋਈ ਪਾਵੇ ਸਾਰ, ਭੇਵ ਨਾ ਜਾਣਦਾ । ਸ੍ਰਿਸ਼ਟ ਸਬਾਈ ਹੋਈ ਅੰਧ ਅੰਧਿਆਰ, ਪ੍ਰਭ ਅਬਿਨਾਸ਼ੀ ਨਾ ਕੋਈ ਵਖਾਣਦਾ । ਮੁਕਦੇ ਜਾਣ ਚਾਰ ਯਾਰ, ਅੰਤਮ ਵਾਰ ਹੋ ਖੁਆਰ, ਵੱਜੇ ਤੀਰ ਨਿਗਾਹਬਾਨ ਦਾ । ਸਤਿਜੁਗ ਸਾਚੀ ਦੱਸੇ ਧਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਧੁਰਦਰਗਾਹੀ ਸੱਚੀ ਸਰਕਾਰ ਦਾ । ਸਚ ਸਰਕਾਰ ਸੱਚਾ ਸ਼ਾਹੋ । ਜੋਤ ਸਰੂਪੀ ਜਾਮਾ ਪਾਏ, ਆਦਿਨ ਅੰਤਾ ਬੇਪ੍ਰਵਾਹੋ । ਆਪ ਬਹਾਏ ਸਾਚੇ ਥਾਉਂ, ਨਰ ਹਰਿ ਹਰਿ ਨਰ ਆਪ ਅਗੰਮ ਅਥਾਹੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਫੜ ਫੜ ਚਰਨ ਬਹਾਏ ਦਇਆ ਕਮਾਏ ਪਾਰ ਲੰਘਾਏ ਫੜ ਕੇ ਬਾਹੋਂ । ਬਾਹੋਂ ਫੜ ਕਰੇ ਪਾਰ । ਸ਼ਬਦ ਦੱਸੇ ਸਾਚੀ ਧਾਰ । ਸ਼ਬਦ ਘੋੜੇ ਹੋ ਅਸਵਾਰ । ਸੋਹੰ ਸ਼ਬਦ ਅਸਤਰ ਸ਼ਸਤਰ ਰਸਨਾ ਚਲਾਏ ਹਰਿ ਕਟਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਮਾਇਆ ਲੱਖ ਚੁਰਾਸੀ ਆਪ ਭੁਲਾਇਆ, ਗੁਰਮੁਖ ਸਾਚੇ ਜਾਏ ਤਾਰ । ਗੁਰਮੁਖ ਸਾਚੇ ਤਾਰੇ ਸੁਰਤ ਸੰਭਾਲਦਾ । ਪੰਜਾਂ ਚੋਰਾਂ ਠੱਗਾਂ ਯਾਰਾਂ ਮਾਰੇ, ਕਿਲ੍ਹਾ ਤੋੜੇ ਗੜ੍ਹ ਹੰਕਾਰ ਦਾ । ਸਤਿਜੁਗ ਦੱਸੇ ਸਾਚੀ ਧਾਰ, ਸੋਹੰ ਸ਼ਬਦ ਹਰਿ ਭਗਵਾਨ ਦਾ । ਏਕਾ ਰਾਹ ਵਖਾਏ ਸ੍ਰਿਸ਼ਟ ਸਬਾਈ ਨਰ ਨਿਰੰਕਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰ ਸ੍ਰੀ ਭਗਵਾਨ ਦਾ । ਹਰਿਜਨ ਜਨਮ ਅਪਾਰ, ਪੁਰਖ ਹਰਿ ਪਾਇੰਦਾ । ਹਰਿਜਨ ਜਨਮ ਅਪਾਰ ਗੁਰ ਗੋਬਿੰਦ ਦੋਵੇਂ ਰਸਨ ਧਿਆਇੰਦਾ । ਹਰਿਜਨ ਜਨਮ ਅਪਾਰ, ਵਡ ਗੁਣੀ ਗਹਿੰਦ ਚਰਨ ਧਿਆਨ ਲਗਾਇੰਦਾ । ਹਰਿਜਨ ਜਨਮ ਅਪਾਰ, ਵਡ ਦਾਤਾ ਮਰਗਿੰਦ ਏਕਾ ਓਟ ਰਖਾਇੰਦਾ । ਹਰਿਜਨ ਜਨਮ ਅਪਾਰ, ਬੇਮੁਖ ਕਰਨ ਨਿੰਦ, ਬੇੜਾ ਆਪਣਾ ਆਪ ਤਰਾਇੰਦਾ । ਹਰਿਜਨ ਜਨਮ ਅਪਾਰ, ਮਿਲੇ ਮਾਣ ਵਿਚ ਹਿੰਦ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਹਰਿਜਨ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਗਰ ਸਿੰਧ ਆਪ ਵਹਾਇੰਦਾ । ਹਰਿਜਨ ਜਨਮ ਅਪਾਰ, ਜੋਤ ਜਗਾਈਆ । ਹਰਿਜਨ ਜਨਮ ਅਪਾਰ, ਲੋਕਮਾਤ ਮਿਲੀ ਵਡਿਆਈਆ । ਹਰਿਜਨ ਜਨਮ ਅਪਾਰ, ਘਰ ਘਰ ਵਜਦੀ ਰਹੇ ਵਧਾਈਆ । ਹਰਿਜਨ ਜਨਮ ਅਪਾਰ,

ਘਰ ਸਾਚੇ ਖ਼ੁਸ਼ੀ ਮਨਾਈਆ । ਹਰਿਜਨ ਜਨਮ ਅਪਾਰ, ਝੂਠੀ ਕਾਇਆ ਜਗਤ ਤਜਾਈਆ । ਹਰਿਜਨ ਜਨਮ ਅਪਾਰ, ਮੋਹ ਮਾਇਆ ਤ੍ਰਿਸ਼ਨ ਮਿਟਾਈਆ । ਹਰਿਜਨ ਜਨਮ ਅਪਾਰ, ਏਕਾ ਬ੍ਰਹਮ ਏਕਾ ਓਟ ਰਖਾਈਆ । ਹਰਿਜਨ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਆਪ ਬਹਾਈਆ । ਹਰਿਜਨ ਜਨਮ ਅਪਾਰ, ਜੋਤ ਅਮੋਲ ਹੈ । ਹਰਿਜਨ ਜਨਮ ਅਪਾਰ, ਉਤਰੇ ਪੂਰੇ ਤੋਲ ਹੈ । ਹਰਿਜਨ ਜਨਮ ਅਪਾਰ, ਹਰ ਹਿਰਦੇ ਰੱਖੇ ਵਾਸ ਵਸੇ ਸਦਾ ਕੋਲ ਹੈ । ਹਰਿਜਨ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਆਤਮ ਦਰ ਦਵਾਰੇ ਵਜਾਏ ਸੱਚਾ ਢੋਲ ਹੈ । ਹਰਿਜਨ ਜਨਮ ਅਪਾਰ, ਭਗਤ ਭੰਡਾਰ ਹੈ । ਹਰਿਜਨ ਜਨਮ ਅਪਾਰ, ਮਾਨਸ ਜਨਮ ਨਾ ਆਏ ਹਾਰ ਹੈ । ਹਰਿਜਨ ਜਨਮ ਅਪਾਰ, ਆਪਾ ਆਪ ਗੁਰ ਸੰਗਤ ਉਤੋਂ ਦਿਤਾ ਵਾਰ ਹੈ । ਹਰਿਜਨ ਜਨਮ ਅਪਾਰ, ਏਕਾ ਮਿਲਿਆ ਸੋਹੰ ਜਾਪ ਦੂਜਾ ਦਿਸੇ ਨਾ ਕੋਈ ਬੋਲ ਹੈ । ਹਰਿਜਨ ਜਨਮ ਅਪਾਰ, ਤਨ ਲੱਗਾ ਨਾ ਕੋਈ ਪਾਪ ਰਿਹਾ ਜਗਤ ਅਡੋਲ ਹੈ । ਹਰਿਜਨ ਜਨਮ ਅਪਾਰ, ਆਪੇ ਮਾਰੇ ਤੀਨੋ ਤਾਪ, ਆਤਮ ਪੜਦੇ ਰਿਹਾ ਖੋਲ੍ਹ ਹੈ । ਹਰਿਜਨ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਦਿ ਅੰਤ ਕਰਦਾ ਰਹੇ ਸਦਾ ਚੋਹਲ ਹੈ । ਹਰਿਜਨ ਜਨਮ ਅਪਾਰ, ਜੋਤ ਨੁਰਾਨਿਆ । ਹਰਿਜਨ ਜਨਮ ਅਪਾਰ, ਮਿਲੇ ਮੇਲ ਪੁਰਖ ਅਬਿਨਾਸ਼ ਹਰਿ ਭਗਵਾਨਿਆ । ਹਰਿਜਨ ਜਨਮ ਅਪਾਰ, ਪ੍ਰਭ ਹੋਇਆ ਰਹੇ ਦਾਸ ਪ੍ਰਭ ਦੇਵੇ ਸ਼ਬਦ ਨਿਸ਼ਾਨਿਆ । ਹਰਿਜਨ ਜਨਮ ਅਪਾਰ, ਨਿਜ ਘਰ ਆਤਮ ਰੱਖੇ ਵਾਸ, ਮਾਰੇ ਤੀਰ ਨਿਸ਼ਾਨਿਆ । ਹਰਿਜਨ ਜਨਮ ਅਪਾਰ, ਮਾਨਸ ਜਨਮ ਕਰੇ ਰਹਿਰਾਸ, ਇਕ ਸੁਣਾਏ ਸ਼ਬਦ ਕਾਨਿਆ । ਹਰਿਜਨ ਜਨਮ ਅਪਾਰ, ਜਗੇ ਜੋਤ ਮਾਤ ਪਤਾਲ ਅਕਾਸ਼, ਲੋਕਮਾਤ ਕਰੀ ਕੁਰਬਾਨੀਆਂ । ਹਰਿਜਨ ਜਨਮ ਅਪਾਰ, ਸ਼ਬਦ ਜਪੇ ਸਵਾਸ ਸਵਾਸ, ਹਰਿ ਦੇਵੇ ਵਡ ਵਡ ਦਾਨਿਆ । ਹਰਿਜਨ ਜਨਮ ਅਪਾਰ, ਆਤਮ ਰਸ ਰਸਨਾ ਕਰੀ ਰਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਵਾਲੀ ਦੋ ਜਹਾਨਿਆ । ਹਰਿਜਨ ਜਨਮ ਅਪਾਰ, ਗੇੜ ਚੁਕਾਇੰਦਾ । ਹਰਿਜਨ ਜਨਮ ਅਪਾਰ, ਲੋਕਮਾਤ ਛੇੜ ਛਿੜਾਇੰਦਾ । ਹਰਿਜਨ ਜਨਮ ਅਪਾਰ, ਲੱਖ ਚੁਰਾਸੀ ਏਕਾ ਭੇੜ ਭਿੜਾਇੰਦਾ । ਹਰਿਜਨ ਜਨਮ ਅਪਾਰ, ਸ਼ਬਦ ਉਖੇੜਾ ਇਕ ਲਗਾਇੰਦਾ । ਹਰਿਜਨ ਜਨਮ ਅਪਾਰ, ਆਪ ਗਿੜਾਏ ਉਲਟਾ ਗੇੜਾ, ਬੇਮੁਖਾਂ ਗੇੜ ਗਿੜਾਇੰਦਾ । ਹਰਿਜਨ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਵਸੇ ਨੇੜਨ ਨੇੜਾ ਆਪ ਵਖਾਇੰਦਾ । ਹਰਿਜਨ ਜਨਮ ਅਪਾਰ, ਜਗਤ ਦਲਾਲ ਹੈ । ਹਰਿਜਨ ਜਨਮ ਅਪਾਰ, ਲੋਕਮਾਤ ਅਨਮੁਲੜਾ ਲਾਲ ਹੈ । ਹਰਿਜਨ ਜਨਮ ਅਪਾਰ, ਪ੍ਰਭ ਅਬਿਨਸ਼ੀ ਲੱਖ ਚੁਰਾਸੀ ਵਿਚੋਂ ਕਰੇ ਭਾਲ ਹੈ । ਹਰਿਜਨ ਜਨਮ ਅਪਾਰ, ਆਪ ਲਗਾਏ ਸਾਚਾ ਫਲ ਕਾਇਆ ਡਾਲ ਹੈ । ਹਰਿਜਨ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸਦ ਚਲੇ ਅਵਲੜੀ ਚਾਲ ਹੈ । ਹਰਿਜਨ ਜਨਮ ਅਪਾਰ, ਜੋਤ ਨਿਰਾਲੀਆ । ਹਰਿਜਨ ਜਨਮ ਅਪਾਰ, ਜਗੀ ਜੋਤ ਇਕ ਅਕਾਲੀਆ । ਹਰਿਜਨ ਜਨਮ ਅਪਾਰ, ਸੋਹੰ ਬਾਣਾ ਤਨ ਪਹਿਨਾਏ, ਏਕਾ ਦੇਵੇ ਸ਼ਬਦ ਦੁਸ਼ਾਲਿਆ । ਹਰਿਜਨ ਜਨਮ ਅਪਾਰ, ਆਪ ਬਹਾਏ ਸਾਚੀ ਨਾਏ, ਦਰਗਾਹ ਸਾਚੀ ਆਪ ਬਹਾ ਲਿਆ । ਹਰਿਜਨ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵਾਂ ਆਤਮ ਰੰਡੀ, ਝੂਠੀ ਕਾਇਆ ਦਿਸੇ ਖਾਲੀਆ । ਹਰਿਜਨ ਜਨਮ ਅਪਾਰ, ਜਗਤ ਵਣਜਾਰ ਹੈ । ਹਰਿਜਨ ਜਨਮ ਅਪਾਰ, ਏਕਾ


੪੩੭
੦੪

ਹਰਿ ਸੱਚਾ ਭਤਾਰ ਹੈ । ਹਰਿਜਨ ਜਨਮ ਅਪਾਰ, ਬਣਿਆ ਰਹੇ ਘਰ ਸਾਚੇ ਦੀ ਸਾਚੀ ਨਾਰ ਹੈ । ਹਰਿਜਨ ਜਨਮ ਅਪਾਰ, ਵਰਦਾ ਰਹੇ ਧਰਦਾ ਰਹੇ ਪੁਰਖ ਅਬਿਨਾਸ਼ ਸੱਚਾ ਇਕ ਸਰਦਾਰ ਹੈ । ਹਰਿਜਨ ਜਨਮ ਅਪਾਰ, ਭਗਤ ਅਮੋਲ । ਹਰਿਜਨ ਜਨਮ ਅਪਾਰ, ਸਦਾ ਅਡੋਲ । ਹਰਿਜਨ ਜਨਮ ਅਪਾਰ, ਜਨ ਭਗਤ ਸਦ ਅਤੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇਵੇ ਵਰ, ਨਾ ਜਾਏ ਹਰਿ ਦੇਵੇ ਸ਼ਬਦ ਝਕੋਲ । ਹਰਿਜਨ ਜਨਮ ਅਪਾਰ, ਸਦਾ ਰੰਗ ਰਾਤਿਆ । ਹਰਿਜਨ ਜਨਮ ਅਪਾਰ, ਪ੍ਰਭ ਖੋਲ੍ਹੇ ਆਤਮ ਤਾਕਿਆ । ਹਰਿਜਨ ਜਨਮ ਅਪਾਰ, ਆਪ ਚੁਕਾਏ ਪੂਰਬ ਲੇਖਾ ਪਿਛਲਾ ਬਾਕੀਆ । ਹਰਿਜਨ ਜਨਮ ਅਪਾਰ, ਆਪ ਚੜ੍ਹਾਏ ਸਾਚੇ ਘੋੜੇ ਸ਼ਬਦ ਜਣਾਏ ਸਾਚਾ ਰਾਕੀਆ । ਹਰਿਜਨ ਜਨਮ ਅਪਾਰ, ਅੰਮ੍ਰਿਤ ਸਾਚਾ ਸੀਰ ਪਿਆਏ, ਬਣ ਬਣ ਸਾਚਾ ਸਾਕੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਏ ਵਿਚ ਮਾਤ ਨਾਥ ਤ੍ਰੈਲੋਕੀਆ । ਹਰਿਜਨ ਜਨਮ ਅਪਾਰ, ਰੰਗ ਚਲੂਲ ਹੈ । ਹਰਿਜਨ ਜਨਮ ਅਪਾਰ, ਨਾ ਜਾਏ ਭੂਲ ਹੈ । ਹਰਿਜਨ ਜਨਮ ਅਪਾਰ, ਮੇਲ ਮਿਲਾਵਾ ਕੰਤ ਕੰਤੂਹਲ ਹੈ । ਹਰਿਜਨ ਜਨਮ ਅਪਾਰ, ਸਚ ਸਿੰਘਾਸਣ ਡੇਰਾ ਲਾਏ ਨਾ ਦਿਸੇ ਪਾਵਾ ਚੂਲ ਹੈ । ਹਰਿਜਨ ਜਨਮ ਅਪਾਰ, ਏਕਾ ਸ਼ਬਦ ਤੀਰ ਚਲਾਏ ਪੁਰੀਆਂ ਲੋਆਂ ਮਾਰੇ ਤਰਸੂਲ ਹੈ । ਹਰਿਜਨ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਿਲਿਆ ਕੰਤ ਕੰਤੂਹਲ ਹੈ । ਹਰਿਜਨ ਜਨਮ ਅਪਾਰ, ਜਗਤ ਸੁਧਾਰ ਹੈ । ਹਰਿਜਨ ਜਨਮ ਅਪਾਰ, ਹਰਿ ਮਿਲਿਆ ਮੀਤ ਮੁਰਾਰ ਹੈ । ਹਰਿਜਨ ਜਨਮ ਅਪਾਰ, ਆਤਮ ਜਗੀ ਜੋਤ ਕਾਇਆ ਹੋਈ ਉਜਿਆਰ ਹੈ । ਹਰਿਜਨ ਜਨਮ ਅਪਾਰ, ਦੁਰਮਤ ਮੈਲ ਗਿਆ ਧੋਤ, ਮਾਨਸ ਜਨਮ ਗਿਆ ਸੁਧਾਰ ਹੈ । ਹਰਿਜਨ ਜਨਮ ਅਪਾਰ, ਇਕ ਕਰਾਇਆ ਵਣਜ ਵਪਾਰ ਹੈ । ਹਰਿਜਨ ਜਨਮ ਅਮੋਲ, ਮਿਲਿਆ ਮੇਲ ਹਰਿ ਭਗਵਾਨਿਆ । ਹਰਿਜਨ ਜਨਮ ਅਪਾਰ, ਲੋਕਮਾਤ ਦੇਵੇ ਦਾਤ, ਪ੍ਰਭ ਕਰੇ ਪੁਰਖ ਸੁਜਾਨਿਆ । ਹਰਿਜਨ ਜਨਮ ਅਪਾਰ, ਮਿਟੇ ਅੰਧੇਰੀ ਰਾਤ, ਆਤਮ ਮਾਰੇ ਝਾਤ ਜਗੇ ਜੋਤ ਮਹਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਏ, ਸਾਚੇ ਧਾਮ ਆਪ ਬਹਾਏ, ਦੇਵੇ ਨਾਮ ਨਿਸ਼ਾਨੀਆਂ । ਹਰਿਜਨ ਜਨਮ ਅਪਾਰ, ਆਤਮ ਦਾਤ ਹੈ । ਹਰਿਜਨ ਜਨਮ ਅਪਾਰ, ਦਰ ਸਾਚੇ ਮਿਲੀ ਉਤਮ ਜਾਤ ਹੈ । ਹਰਿਜਨ ਜਨਮ ਅਪਾਰ, ਚਰਨ ਪ੍ਰੀਤੀ ਬੱਧਾ ਸੱਚਾ ਨਾਤ ਹੈ । ਹਰਿਜਨ ਜਨਮ ਅਪਾਰ, ਜਗਤ ਰੀਤੀ ਪਰਖੇ ਨੀਤੀ ਅੰਤਮ ਪੁੱਛੇ ਵਾਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰਸ ਦਿਖਾਏ ਦਇਆ ਕਮਾਏ ਬੈਠਾ ਰਹੇ ਇਕ ਇਕਾਂਤ ਹੈ । ਹਰਿਜਨ ਜਨਮ ਅਪਾਰ, ਮੇਲ ਹਰਿ ਇਕ ਇਕਾਂਤਿਆ । ਹਰਿਜਨ ਜਨਮ ਅਪਾਰ, ਪ੍ਰਭ ਦੇਵੇ ਅੰਮ੍ਰਿਤ ਬੂੰਦ ਸਵਾਂਤਿਆ । ਹਰਿਜਨ ਜਨਮ ਅਪਾਰ, ਪ੍ਰਭ ਰਿਹਾ ਪੂਰੇ ਤੋਲ ਤੋਲ, ਬੰਧਾਏ ਸਾਚਾ ਨਾਤਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਠਾਰਾਂ ਮਾਘ ਦਇਆ ਕਮਾਏ, ਗਾਂਧੀ ਬਾਂਧੀ ਬੰਨ੍ਹ ਲਿਆਏ, ਬਣਾਏ ਸਾਚਾ ਰਾਕੀਆ । ਸਾਚਾ ਰਾਕੀ ਹੋ ਤਿਆਰ । ਆਇਆ ਚਰਨ ਹਰਿ ਦਵਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਪੂਰਬ ਜਨਮ ਕਰ ਵਿਚਾਰ । ਮਾਨਸ ਜਨਮ ਆਈ ਹਾਰ । ਮੇਲ ਮਿਲਾਵਾ ਜਗਤ ਭੁਲਾਵਾ ਨਾ ਮਿਲਿਆ ਹਰਿ ਕਰਤਾਰ । ਝੂਠਾ ਬੰਨ੍ਹਿਆ ਜਗਤ ਦਾਅਵਾ, ਏਕਾ ਨਰ ਹਰਿ ਹਰਿ ਨਰ ਦਰ ਘਰ ਸੱਚੀ ਸਰਕਾਰ । ਜਿਥੇ ਵਸੇ ਹਰਿ ਜੀ ਜਗੇ ਜੋਤ ਅਗੰਮ ਅਪਾਰ । ਤਰਦੇ ਜਾਣ ਨਾਰੀ ਨਰ, ਰੂਪ ਰੰਗ ਰੇਖ ਭੇਖ ਅਪਰ ਅਪਾਰ । ਆਪ ਨੁਹਾਏ ਸਾਚੇ ਸਰ, ਕਾਇਆ ਦੋਖ ਦਏ ਨਿਵਾਰ ।

੪੩੮
੦੪

ਆਪ ਵਸਾਏ ਸਾਚੇ ਘਰ, ਜਗੇ ਜੋਤ ਅਗੰਮ ਅਪਾਰ । ਨਿਹਕਲੰਕ ਨਰਾਇਣ ਨਰ, ਮਾਤਲੋਕ ਹਰਿ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰ । ਆਏ ਗਾਂਧੀ ਦਰ ਦਵਾਰੇ । ਪ੍ਰਭ ਅਬਿਨਾਸ਼ੀ ਸੁਣ ਪੁਕਾਰੇ । ਏਕਾ ਖੋਲ੍ਹੇ ਬੰਦ ਕਵਾੜੇ । ਵੀਹ ਸੌ ਬਿਕ੍ਰਮੀ ਪਹਿਲੀ ਹਾੜੇ । ਇਕ ਗਿਆਰਾਂ ਨਾਲ ਰਲਾਈ, ਆਪ ਬਣਾਏ ਸਾਚੇ ਲਾੜੇ । ਪ੍ਰਭ ਅਬਿਨਾਸ਼ੀ ਸਾਚਾ ਮਾਹੀ, ਲੱਖ ਚੁਰਾਸੀ ਆਪੇ ਝਾੜੇ । ਗੁਰਮੁਖਾਂ ਫੜੇ ਅੰਤਮ ਬਾਹੀਂ, ਦਰ ਘਰ ਸਾਚੇ ਆਪੇ ਵਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਈ ਕਰੇ ਰੁਸ਼ਨਾਈ ਬਹੱਤਰ ਨਾੜੇ । ਕਾਇਆ ਕੂੜਾ ਦਿਲ ਦਿਲਗੀਰ । ਸ਼ਬਦ ਸਰੂਪੀ ਬੱਝਾ ਜੰਜ਼ੀਰ । ਨੇਤਰ ਨੀਰ ਵਹਾਏ, ਆਤਮ ਵੱਜਾ ਤੀਰ । ਪ੍ਰਭ ਦਰ ਬੱਧਾ ਕੌਣ ਛੁਡਾਏ, ਨਾ ਕੋਈ ਦੇਵੇ ਧੀਰ । ਪੰਡਤ ਪਾਂਧੇ ਰਹੇ ਪਛਤਾਏ, ਰਾਓ ਰਾਜ ਸ਼ਾਹ ਸੁਲਤਾਨ ਵਡ ਬਲਵਾਨ ਹੱਥ ਨਾ ਆਏ ਨੀਰ । ਨਿਹਕਲੰਕ ਹਰਿ ਬਲਵਾਨ, ਏਕਾ ਮਾਰੇ ਬਾਣ ਵਾਲੀ ਦੋ ਜਹਾਨ, ਸਿੱਧਾ ਜਾਏ ਇਕ ਨਿਸ਼ਾਨ, ਸ੍ਰਿਸ਼ਟ ਸਬਾਈ ਰਿਹਾ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਆਪ ਸੁਹਾਏ, ਤਨ ਸੁਹਾਏ ਅਵਲੜੇ ਚੀਰ । ਆਏ ਦੌੜ ਚਰਨ ਨਿਮਸਕਾਰੇ । ਪ੍ਰਭ ਅਬਿਨਾਸ਼ੀ ਸੁਣ ਪੁਕਾਰੇ । ਕਲਜੁਗ ਤੇਰੀ ਅੰਤਮ ਵਾਰੇ । ਨਿਹਕਲੰਕੀ ਜਾਮਾ ਧਾਰੇ । ਰਾਓ ਰੰਕੀ ਸੁਣ ਪੁਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਾਂਧੀ ਬਾਂਧੀ ਆਤਮ ਬਾਂਧੀ ਹੋਏ ਆਪ ਸਹਾਏ । ਹੋਏ ਸਹਾਰਾ ਹੁਕਮ ਸੁਣਾਇੰਦਾ । ਦੇਵੇ ਸ਼ਬਦ ਧਾਰਾ ਮਾਰਗ ਪਾਇੰਦਾ । ਵੱਜੇ ਸ਼ਬਦ ਨਗਾਰਾ, ਚਾਰ ਕੁੰਟ ਆਪ ਸੁਣਾਇੰਦਾ । ਆਇਆ ਚੱਲ ਹਰਿ ਦਵਾਰਾ, ਸੋਹਣਾ ਘੋੜਾ ਚਿੱਟਾ ਜੋੜਾ ਸੰਗ ਰਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਮ ਕਲਜੁਗ ਬਹੁੜਾ, ਜੋਤ ਸਰੂਪੀ ਭੇਖ ਵਟਾਇੰਦਾ । ਆਇਆ ਦਰ ਹੋਇਆ ਮਸਕੀਨ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਦੱਸੇ ਸਾਚਾ ਰਾਹ ਮੇਲ ਮਿਲਾਵਾ ਰੁਸਾ ਚੀਨ । ਹਰਿ ਕਾ ਭਾਣਾ ਲੈਣਾ ਜਰ, ਨੌਂ ਖੰਡ ਪ੍ਰਿਥਮੀ ਕਰਨੀ ਸਰ, ਏਕਾ ਭੰਨੇ ਹੰਕਾਰੀ ਬੀਨ । ਅੰਤਮ ਅੰਤ ਜੋਤ ਧਰ, ਜੋਤ ਸਰੂਪੀ ਭੇਖ ਕਰ, ਤਖ਼ਤ ਤਾਜ ਸਾਜ ਬਾਜ ਸ੍ਰਿਸ਼ਟ ਸਬਾਈ ਲਏ ਛੀਨ । ਗਾਂਧੀ ਗਊ ਗਰੀਬ ਨਿਵਾਜ਼ ਹੈ । ਅੰਤਮ ਕਲਜੁਗ ਪੈਂਦੀ ਮਾਰ, ਮਾਨਸ ਜਨਮ ਗਿਆ ਹਾਰ ਹੈ । ਦਰ ਸਾਚੇ ਆਇਆ ਭਾਜ, ਮਿਲੇ ਪ੍ਰਭ ਅਬਿਨਾਸ਼ੀ ਪਾਏ ਸਾਰ ਹੈ । ਕਰ ਵਿਚਾਰ ਆਪ ਬਣਾਏ ਤਾਜੀ ਤਾਜ ਹੈ । ਛੋਟੇ ਬਾਲੇ ਕਰ ਅਸਵਾਰ ਹੈ । ਆਪ ਫਿਰਾਏ ਦਰ ਦਵਾਰ, ਵੇਖ ਵਖਾਣੇ ਪੂਰੀ ਇੰਦਰ ਪ੍ਰਸਤ ਜਿਥੇ ਸੱਚਾ ਰਾਜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਭਾਗ ਲਗਾਇਆ ਮਾਝੇ ਦੇਸ ਹੈ । ਮਾਝਾ ਦੇਸ ਗੁਰ ਗੋਬਿੰਦ ਲਿਖਾਇਆ । ਕਲਜੁਗ ਭੇਵ ਕਿਸੇ ਨਾ ਪਾਇਆ । ਸੰਬਲ ਦੇਸ ਹਰਿ ਦਰਵੇਸ਼, ਜੋਤ ਸਰੂਪੀ ਖੇਲ ਰਚਾਇਆ । ਭੁੱਲੇ ਫਿਰਦੇ ਨਰ ਨਰੇਸ਼, ਵਡ ਮਰਗੇਸ਼, ਭਰਮ ਭੁਲੇਖੇ ਜਗਤ ਭੁਲਾਇਆ । ਜਨ ਭਗਤਾਂ ਦੇਵੇ ਸ਼ਬਦ ਸੰਦੇਸ਼, ਸੰਗ ਰਲਾਇਆ । ਗੁਰਮੁੱਖ ਸਾਚੇ ਵਿਚ ਪ੍ਰਵੇਸ਼, ਖੁੱਲ੍ਹੇ ਰੱਖੇ ਸਦਾ ਕੇਸ, ਸਤਿਜੁਗ ਸਾਚਾ ਰਾਹ ਵਖਾਇਆ । ਭੁੱਲੇ ਫਿਰਦੇ ਬ੍ਰਹਮਾ ਵਿਸ਼ਨ ਮਹੇਸ਼, ਤਿੰਨਾਂ ਲੋਕਾਂ ਦਿਸ ਨਾ ਆਇਆ । ਨਿਹਕਲੰਕੀ ਅੰਤਮ ਕਲਜੁਗ ਕਰ ਕਰ ਵੇਖੇ ਵੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰਾਜਾਨ ਸ਼ਾਹ ਸੁਲਤਾਨ ਕਿਸੇ ਹੱਥ ਨਾ ਆਇਆ । ਰਾਓ ਰੰਕ ਦਿਸ ਨਾ ਆਏ ਹਰਿ ਭਗਵਾਨੇ । ਕਲਜੁਗ ਜੀਵ ਹੋਏ ਨਿਧਾਨੇ । ਮਾਇਆ ਰੂਪੀ ਜਗਤ ਪ੍ਰਧਾਨੇ । ਗੁਰਮੁਖ ਸਾਚੇ ਬਾਲ ਅੰਞਾਣੇ, ਮੇਲ ਮਿਲਾਵਾ ਸਾਚੇ ਕੰਤ, ਆਪ ਬਣਾਏ ਸਾਚੀ ਬਣਤ,

੪੩੯
੦੪

੪੪੦
੦੪

ਜੋਤ ਜਗਾਏ ਆਪ ਮਹਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਹਰਿ ਆਪੇ ਧਰ, ਜਨ ਭਗਤਾਂ ਦੇਵੇ ਸਾਚਾ ਵਰ, ਆਪ ਉਠਾਏ ਬਾਲ ਅੰਞਾਣੇ । ਦਰ ਬਾਂਧਾ ਹਰਿ ਪੁਕਾਰਿਆ । ਨਾ ਕੋਈ ਤੰਦ ਨਾ ਤਾਂਦਾ, ਅਚਰਜ਼ ਖੇਲ ਹਰਿ ਖਿਲਾ ਰਿਹਾ । ਨਾ ਕੋਈ ਛੰਦ ਨਾ ਕੋਈ ਛਾਂਦਾ, ਛੱਤੀ ਰਾਗ ਨਾ ਕਿਸੇ ਵਿਚਾਰਿਆ । ਨਾ ਕੋਈ ਜਾਣੇ ਬੱਤੀ ਦੰਦਾ, ਦਸਵੇਂ ਦਰ ਨਾ ਵੇਖ ਵਖਾ ਰਿਹਾ । ਨਾ ਕੋਈ ਜਾਣੇ ਸ਼ਬਦ ਨਾਦਾ, ਸਾਚਾ ਹਰਿ ਸਾਚੇ ਘਰ ਆਪ ਬਹਾ ਰਿਹਾ । ਝੂਠੀ ਮਾਇਆ ਜਗਤ ਬਾਂਧਾ, ਮਾਇਆ ਮੋਹ ਜਗਤ ਬੰਨ੍ਹਾ ਰਿਹਾ । ਸ਼ਬਦ ਚਲਾਏ ਬੋਧ ਅਗਾਧਾ, ਹੋਏ ਸਹਾਈ ਮਾਣ ਰਖਾਇਆ । ਹੋਏ ਸਹਾਈ ਤਾਣ ਨਿਤਾਣਿਆਂ, ਸਾਚਾ ਨਾਮ ਦੇਵੇ ਵੰਞ ਮੁਹਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਕਾਂ ਡੰਕ ਵਜਾਇਆ, ਰਾਓ ਰੰਕਾਂ ਆਪ ਸੁਣਾਇਆ । ਆਏ ਦਰ ਦਰਬਾਨਿਆ । ਲੱਖ ਚੁਰਾਸੀ ਵਿਚੋਂ ਪੁਰਖ ਅਬਿਨਾਸ਼ੀ ਵੱਖ ਕੀਨਾ, ਪ੍ਰਗਟ ਹੋਏ ਘਨਕਪੁਰ ਵਾਸੀ । ਮੇਟ ਮਿਟਾਏ ਮਦਿਰਾ ਮਾਸੀ । ਮਾਰੇ ਬਾਣ ਸ਼ਬਦ ਖਿਚ, ਜੋ ਜਨ ਜਪੇ ਰਸਨ ਸਵਾਸ ਸਵਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਵਾਸੀ । ਆਏ ਦਰ ਬਣ ਭਿਖਾਰੀ । ਏਕਾ ਮੰਗਿਆ ਸਾਚਾ ਵਰ, ਦੇਵੇ ਹਰਿ ਨਰ ਨਿਰੰਕਾਰੀ । ਆਪਣੀ ਕਿਰਪਾ ਲਈ ਕਰ, ਕਲਜੁਗ ਤੇਰੀ ਅੰਤਮ ਵਾਰੀ । ਛੋਟੇ ਬਾਲੇ ਜੋਤ ਧਰ, ਸਾਚੇ ਘੋੜੇ ਕਰ ਅਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਫਿਰਾਏ ਪੁਰੀ ਇੰਦਰ, ਸਚ ਸਿੰਘਾਸਣ ਵਾਰੋ ਵਾਰੀ । ਆਇਆ ਦਰ ਦਰਵੇਸ਼ਾ, ਗਲ ਪਲੜਾ ਪਾਏ ਸੀਸ ਝੁਕਾਏ ਦਇਆ ਕਮਾਏ । ਵਡ ਦਾਤਾ ਗੁਣੀ ਗੁਣੀਤਾ, ਫੜ ਫੜ ਬਾਹੋਂ ਰਾਹੇ ਪਾਏ । ਚੌਥੇ ਜੁਗ ਚਾਰ ਕੁੰਟ ਆਪ ਫਿਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ, ਦਿਸ ਕਿਸੇ ਨਾ ਆਏ । ਚੌਥੇ ਜੁਗ ਚੌਥਾ ਪੌੜਾ । ਦਰ ਘਰ ਸਾਚੇ ਆਏ ਦੌੜਾ । ਸ਼ਬਦ ਸਰੂਪੀ ਬਣਿਆ ਘੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਧਰਤ ਮਾਤ ਹਰਿ ਦੇ ਦੇ ਵਰ, ਵੇਲੇ ਅੰਤਮ ਕਲਜੁਗ ਬਹੁੜਾ । ਹਰਿਜਨ ਜਨਮ ਅਮੋਲ, ਨਾਮ ਭੰਡਾਰ ਹੈ । ਹਰਿਜਨ ਜਨਮ ਅਮੋਲ, ਲੋਕਮਾਤ ਸੱਚਾ ਵਣਜਾਰ ਹੈ । ਹਰਿਜਨ ਜਨਮ ਅਮੋਲ, ਦੇਵੇ ਵਡਿਆਈ ਪੁਰਖ ਅਗੰਮੜਾ ਮੀਤ ਮੁਰਾਰ ਹੈ । ਹਰਿਜਨ ਜਨਮ ਅਮੋਲ, ਲੇਖੇ ਲਾਏ ਚੰਮੜਾ, ਮਾਨਸ ਦੇਹੀ ਆਈ ਹਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਬੇੜਾ ਕਰ ਜਾਏ ਪਾਰ ਹੈ । ਹਰਿਜਨ ਜਨਮ ਅਪਾਰ, ਕਲ ਉਧਾਰਨਾ । ਹਰਿਜਨ ਜਨਮ ਅਮੋਲ, ਜਗਤ ਉਭਾਰਨਾ । ਹਰਿਜਨ ਜਨਮ ਅਮੋਲ, ਵਕਤ ਸੁਧਾਰਨਾ । ਹਰਿਜਨ ਜਨਮ ਅਮੋਲ, ਪੰਚਾਂ ਦੁਸ਼ਟਾਂ ਮਾਰ ਮਾਰਨਾ । ਹਰਿਜਨ ਜਨਮ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਸ਼ਬਦ ਘੋੜੇ ਅਸਵਾਰਨਾ । ਸ਼ਬਦ ਘੋੜੇ ਕਰ ਤਿਆਰ । ਮਾਤਲੋਕ ਹਰਿ ਆਏ ਦੌੜੇ, ਜੋਤ ਸਰੂਪੀ ਕਰ ਅਕਾਰ । ਜਨ ਭਗਤਾਂ ਅੰਤਮ ਵੇਲੇ ਬਹੁੜੇ, ਧਰਮ ਰਾਏ ਨਾ ਮਾਰੇ ਮਾਰ । ਆਪੇ ਪਰਖੇ ਮਿੱਠੇ ਕੌੜੇ, ਕਰੇ ਨਬੇੜਾ ਸਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਕਲ ਜਾਏ ਤਾਰ । ਸ਼ਬਦ ਘੋੜਾ ਮਾਤ ਸਿਧਾਏ । ਪ੍ਰਭ ਅਬਿਨਾਸ਼ੀ ਸੰਗ ਰਲਾਏ । ਏਕਾ ਚਾੜ੍ਹੇ ਨਾਮ ਰੰਗਣ, ਰੰਗ ਚਲੂਲ ਉਤਰ ਨਾ ਜਾਏ । ਦੂਜੇ ਦਰ ਨਾ ਜਾਏ ਮੰਗਣ, ਸ਼ਬਦ ਝੂਲਾ ਆਪ ਝੁਲਾਏ । ਆਪ ਰੰਗਾਏ ਆਪਣੀ ਰੰਗਣ, ਕੰਤ ਕੰਤੂਹਲ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਪ੍ਰੀਤੀ ਚਰਨ ਨੀਤੀ ਸਾਚਾ ਸੰਗ ਨਿਭਾਏ । ਅੰਗ ਸੰਗ ਸੰਗ ਅੰਗ ਹੋ ਜਾਏ,

ਬੇੜਾ ਪਾਰ ਕਰਾਇੰਦਾ । ਰੰਗਣ ਰੰਗ ਨਾਮ ਚੜ੍ਹਾਏ, ਚੋਲੀ ਕਾਇਆ ਆਪ ਰੰਗਾਇੰਦਾ । ਸ਼ਬਦ ਗਹਿਣਾ ਦੇਣਾ ਲਹਿਣਾ ਅੰਗ ਲਗਾਏ, ਤਨ ਸ਼ਿੰਗਾਰ ਕਰਾਇੰਦਾ । ਸਾਚਾ ਸ਼ਬਦ ਕੰਨ ਸੁਣਾਏ, ਸ਼ਬਦ ਮਰਦੰਗ ਵਜਾਇੰਦਾ । ਤੀਜੇ ਨੈਣ ਦਰਸ ਦਿਖਾਏ, ਅੰਧ ਅੰਧਿਆਰ ਮਿਟਾਇੰਦਾ । ਘਰ ਸਾਚੇ ਦੱਸੇ ਗੁਰਮੁਖ ਬਹਿਣਾ, ਖੁਲ੍ਹਾ ਵਿਹੜਾ ਆਪ ਰਖਾਇੰਦਾ । ਝੂਠਾ ਨਾਤਾ ਭਾਈ ਭੈਣਾਂ, ਅੰਤਮ ਅੰਤ ਵਿਛੋੜਾ ਆਪ ਕਰਾਇੰਦਾ । ਗੁਰਮੁਖਾਂ ਮੰਨੇ ਸਾਚਾ ਕਹਿਣਾ, ਸ਼ਬਦ ਘੋੜੇ ਆਪ ਚੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਜੋਤੀ ਮੇਲ ਮਿਲਾਇੰਦਾ । ਭਾਣਾ ਮੰਨ ਹਰੀ ਕਰਤਾਰ । ਬੇੜਾ ਦੇਵੇ ਬੰਨ੍ਹ ਸੱਚੀ ਸਰਕਾਰ । ਰਸਨਾ ਕਹਿਣਾ ਧਨ ਧਨ, ਆਪ ਬਹਾਏ ਸੱਚੇ ਦਰਬਾਰ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਦੇਵੇ ਸ਼ਬਦ ਉਡਾਰ । ਦਿਸ ਨਾ ਆਏ ਕਿਸੇ ਗੰਧਰਬ ਗਨ, ਗੁਰਮੁਖਾਂ ਰਹੇ ਦਰ ਦਵਾਰ । ਆਸਣ ਲਾਏ ਬਿਨ ਛੱਪਰੀ ਛੰਨ, ਕਰ ਜੋਤ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਕਲਜੁਗ ਅੰਤਮ ਵਾਰ ਆਪ ਬਣਾਏ ਸੱਜਣ ਸੁਹੇਲੇ ਬਾਹੋਂ ਪਕੜ ਕਲ ਜਾਏ ਤਾਰ । ਕਰੇ ਪਾਰ ਕਲਜੁਗ ਕਿਨਾਰੇ । ਜੋਤ ਸਰੂਪੀ ਜਾਮਾ ਧਾਰੇ । ਨਿਹਕਲੰਕੀ ਖੇਲ ਅਪਾਰੇ । ਆਪ ਸੁਹਾਏ ਦਵਾਰ ਬੰਕੀ, ਜੋਤ ਜਗਾਏ ਅਪਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾਂ ਮੱਘਰ ਖੇਲ ਰਚਾਈ, ਸੋਲਾਂ ਮੱਘਰ ਵੱਜੀ ਵਧਾਈ, ਗੁਰ ਸੰਗਤ ਤੇਰੇ ਆਤਮ ਦਰ ਦਵਾਰੇ । ਸੋਲਾਂ ਮੱਘਰ ਵੱਜੀ ਵਧਾਈ, ਅਚਰਜ ਖੇਲ ਰਚਾਈਆ । ਗੁਰ ਸੰਗਤ ਮਿਲਿਆ ਸਾਚਾ ਮੇਲ, ਕਲ ਮਿਲੀ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਅਚਰਜ ਖੇਲ ਮਿਲੀ ਭਗਤਾਂ ਕਲਜੁਗ ਦਾਤ ਜਗਤ ਵਧਾਈਆ । ਜਗਤ ਵਡਿਆਈ ਭਗਤ ਵਣਜਾਰਿਆ । ਆਤਮ ਸੁਖਦਾਈ ਮਿਲਿਆ ਹਰਿ ਨਿਰੰਕਾਰਿਆ । ਜਗਤ ਮਾਇਆ ਤਨੋ ਤਜਾਈ, ਹਰਿ ਕੀਤੇ ਤਨ ਸੋਲਾਂ ਸ਼ਿੰਗਾਰਿਆ । ਨਾਤਾ ਛੁੱਟਾ ਭੈਣਾਂ ਭਾਈ, ਹੋਏ ਘੋੜ ਸ਼ਬਦ ਅਸਵਾਰਿਆ । ਨਾ ਕੋਈ ਪਿਤਾ ਨਾ ਕੋਈ ਮਾਈ, ਮਿਲਿਆ ਹਰਿ ਸਾਚਾ ਮਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਆਪ ਉਠਾਏ ਦੋਵੇਂ ਭੁਜਾਂ ਪਸਾਰਿਆ । ਭੁਜਾਂ ਪਸਾਰੇ ਆਪ ਰਘੁਰਾਤਾ । ਸੁਣੇ ਪੁਕਾਰ ਤੇਰੀ ਧਰਤ ਮਾਤਾ । ਦੇਵਣ ਆਇਆ ਸੱਚੀ ਦਾਤ ਵਡ ਕਰਾਮਾਤ, ਸੋਹੰ ਸ਼ਬਦ ਜਨ ਭਗਤਾਂ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜੋਤ ਜਗਾਈ, ਤਿੰਨਾਂ ਲੋਆਂ ਕਰੇ ਰੁਸ਼ਨਾਈ, ਕਲਜੁਗ ਮਿਟੇ ਅੰਧੇਰੀ ਰਾਤਾ । ਮਿਟੇ ਅੰਧੇਰੀ ਰੈਣ ਕਲਜੁਗ ਕੁੜਿਆਰ ਹੈ । ਹਰਿ ਮਿਲਿਆ ਸਾਕ ਸੱਜਣ ਸੈਣ, ਬਣਿਆ ਮੀਤ ਮੁਰਾਰ ਹੈ । ਆਪ ਚੁਕਾਏ ਲਹਿਣ ਦੇਣ, ਨਾ ਕਰੇ ਕੋਈ ਉਧਾਰ ਹੈ । ਦਰਸ ਦਿਖਾਏ ਤਰਸ ਕਮਾਏ ਸਾਚੇ ਨੈਣ, ਖੋਲ੍ਹੇ ਬੰਦ ਕਵਾੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨੀਂਹ ਆਪ ਰਖਾਈ, ਕਲਜੁਗ ਤੇਰੀ ਖ਼ਾਕ ਉਡਾਈ, ਬੇਮੁਖਾਂ ਸਿਰ ਛਾਹੀ ਪਾਈ । ਲਿਖਤ ਲਿਖਾਈ ਪਹਿਲੀ ਹੈ । ਪਹਿਲੀ ਹਾੜ ਬਣ ਲਿਖਾਰਾ । ਕਲਜੁਗ ਤੇਰਾ ਵਕਤ ਵਿਚਾਰਾ । ਸੰਤ ਮਨੀ ਸਿੰਘ ਵਿਚ ਸੰਸਾਰਾ । ਬੇਮੁਖਾਂ ਹਰਿ ਦਿਸੇ ਦੂਰ, ਗੁਰਮੁਖਾਂ ਸਦ ਹਾਜਰ ਹਜ਼ੂਰ, ਜੋਤ ਸਰੂਪੀ ਨਰ ਨਿਰੰਕਾਰਾ । ਸਰਬ ਗੁਣਾਂ ਪ੍ਰਭ ਆਪੇ ਭਰਪੂਰ, ਬੇੜਾ ਡੋਬੇ ਵਿਚ ਮੰਝਧਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਹਾੜੇ ਰੀਤ ਚਲਾਈ, ਉਚੇ ਮੰਦਰ ਗੁਰਦਵਾਰੇ ਸ਼ਿਵਦਵਾਲੇ ਮਸਜਿਦ ਮਸੀਤ ਸਾਰੇ ਢਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਸਦਾ ਅਤੀਤ, ਸਤਿਜੁਗ ਚਲਾਈ ਸਾਚੀ ਰੀਤ, ਤੇਰੀ ਖ਼ਾਕ ਵਡ ਪਾਕੀ ਪਾਕ, ਪ੍ਰਭ ਸਾਚੇ

ਲੇਖੇ ਲਾਈ । ਉਡੇ ਖ਼ਾਕ ਜਗਤ ਅਪਾਰਾ । ਹੁਲਾਰਾ ਦੇਵੇ ਨਰ ਨਿਰੰਕਾਰਾ । ਵੱਜੇ ਸ਼ਬਦ ਡੰਕ ਨਗਾਰਾ । ਚਾਰ ਕੁੰਟ ਹਾਹਾਕਾਰਾ । ਵਾਲੀ ਹਿੰਦ ਉਠ ਉਠ ਜਾਗ, ਨਿਹਕਲੰਕ ਵੱਜੇ ਜੈਕਾਰਾ । ਕਿਸੇ ਸਿਰ ਨਾ ਦਿਸੇ ਤਾਜ, ਨਾ ਕੋਈ ਦਿਸੇ ਛਤਰ ਝੁਲਾਰਾ । ਮਿਟਦੇ ਜਾਣ ਸਾਜ ਬਾਜ ਰਾਜ, ਰਾਓ ਉਮਰਾਓ ਸ਼ਾਹੋ ਸੁਲਤਾਨ ਦਰ ਦਰ ਫਿਰਨ ਭਿਖਾਰਾ । ਆਪ ਸਵਾਰੇ ਆਪਣੇ ਕਾਜ, ਜਨ ਭਗਤਾਂ ਮਾਰੇ ਅਵਾਜ਼, ਦੇਵੇ ਸੋਹੰ ਸ਼ਬਦ ਇਕ ਹੁਲਾਰਾ । ਸਿਰ ਪਹਿਨਾਇਆ ਸਾਚਾ ਤਾਜ, ਪੁਰੀ ਇੰਦਰ ਦਿਤਾ ਰਾਜ, ਮਾਤਲੋਕ ਪਈ ਭਾਜ, ਨਾ ਕਿਸੇ ਕਰਿਆ ਵਣਜ ਵਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਕਲ ਜਾਮਾ ਪਾਇਆ, ਦਸ ਅੱਠ ਅਠਾਰਾਂ ਚਾਰ ਵਰਨਾਂ ਇਕ ਖੁਲ੍ਹਾਇਆ ਦਰ ਦਰਬਾਰਾ । ਦਰ ਦਰਬਾਰਾ ਇਕ ਅਕਾਲ ਹੈ । ਲੱਖ ਚੁਰਾਸੀ ਮਾਇਆ ਜਗਤ ਜੰਜ਼ਾਲ ਹੈ । ਕਲਜੁਗ ਵੇਲਾ ਅੰਤਮ ਆਇਆ, ਸਾਚਾ ਸ਼ਬਦ ਨਾ ਕਿਸੇ ਸੁਣਾਇਆ, ਬਾਹੋਂ ਪਕੜ ਨਾ ਕਿਸੇ ਜਗਾਇਆ, ਆਪੇ ਗੁਰ ਆਪੇ ਗੋਪਾਲ ਹੈ । ਝੂਠੇ ਧੰਦੇ ਜਗਤ ਲਗਾਇਆ, ਮਦਿਰਾ ਮਾਸੀ ਪੰਡਤ ਕਾਸ਼ੀ ਨਾ ਕੋਈ ਜਾਣੇ ਸਰ ਰਵਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਮਾਤਲੋਕ ਹਰਿ ਜੋਤ ਧਰ, ਕਰੇ ਖੇਲ ਆਪ ਮਹਾਨ ਹੈ । ਕਰੇ ਖੇਲ ਜਗਤ ਮਹਾਨੇ । ਜਗੇ ਜੋਤ ਸ੍ਰੀ ਭਗਵਾਨੇ । ਜੋਤ ਸਰੂਪੀ ਪਹਿਰੇ ਬਾਨੇ । ਦੇਵੇ ਨਾਮ ਜਗਤ ਨਿਸ਼ਾਨੇ । ਚਾਰ ਕੁੰਟ ਚਾਰ ਚੁਫੇਰ ਜਗਤ ਵਹੀਰ, ਮਾਰੇ ਸ਼ਬਦ ਨਿਸ਼ਾਨਾ । ਮੇਟ ਮਿਟਾਏ ਔਲੀਏ ਪੀਰ ਫ਼ਕੀਰ, ਦਸਤਗੀਰ ਲੱਥੇ ਚੀਰ, ਹਰਿ ਕਿਸੇ ਹੱਥ ਨਾ ਆਇਆ, ਨਾ ਕੋਈ ਦੇਵੇ ਜਗਤ ਧੀਰ, ਬਾਲਕ ਮਾਤਾ ਛੁੱਟੇ ਸੀਰ, ਅੰਤਮ ਲੱਗੇ ਡਾਢੀ ਪੀੜ, ਨਾ ਧੀਰਜ ਕੋਈ ਬੰਧਾਏ, ਗੁਰਮੁਖਾਂ ਕੱਢੇ ਹਉਮੇ ਪੀੜ, ਹਰਿ ਜੀ ਦੇਵੇ ਨਾਮ ਨਿਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਅੰਤਮ ਅੰਤ ਬਿਠਾਏ ਵਿਚ ਬਬਾਣਾ । ਸੱਚ ਬਬਾਣ ਕਰ ਤਿਆਰ, ਲੋਕਮਾਤ ਕਰ ਵਿਚਾਰ, ਪੁਰਖ ਅਬਿਨਾਸ਼ੀ ਛੋਟਾ ਬਾਲਾ ਵਿਚ ਬਹਾਇਆ, ਸਿੰਘ ਮਨਜੀਤ ਹੋ ਤਿਆਰ, ਕਲਜੁਗ ਤੇਰੀ ਅੰਤਮ ਵਾਰ ਮਾਰੇ ਤੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਭੇਵ ਖੁਲ੍ਹਾਏ, ਸਤਾਰਾਂ ਹਾੜ ਘਰ ਘਰ ਕਰ ਕਰ ਅਖ਼ੀਰ । ਹਰਿਜਨ ਜਨਮ ਅਮੋਲ, ਦਰਸ ਅਮੋਘ ਹੈ । ਹਰਿਜਨ ਜਨਮ ਅਮੋਲ, ਮਿਟਿਆ ਹਉਮੇ ਰੋਗ ਹੈ । ਹਰਿਜਨ ਜਨਮ ਅਮੋਲ, ਆਪੇ ਚਿੰਤਾ ਆਪੇ ਸੋਗ ਹੈ । ਹਰਿਜਨ ਜਨਮ ਅਮੋਲ, ਆਤਮ ਰਸ ਸਾਚਾ ਰਿਹਾ ਭੋਗ ਹੈ । ਹਰਿਜਨ ਜਨਮ ਅਮੋਲ, ਸੋਹੰ ਸ਼ਬਦ ਅੰਤਮ ਕਲ ਚੁਗੇ ਸਾਚੀ ਚੋਗ ਹੈ । ਹਰਿਜਨ ਜਨਮ ਅਮੋਲ, ਨਾ ਹੋਏ ਕਦੇ ਵਿਜੋਗ ਹੈ । ਹਰਿਜਨ ਜਨਮ ਅਮੋਲ, ਮੇਲ ਮਿਲਾਵਾ ਸਾਚੇ ਕੰਤ ਲਿਖਿਆ ਧੁਰ ਸੰਜੋਗ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤ ਹੈ । ਹਰਿਜਨ ਜਨਮ ਅਮੋਲ, ਜਗਤ ਬਣਤ ਬਣਾਇੰਦਾ । ਹਰਿਜਨ ਜਨਮ ਅਮੋਲ, ਹੰਸ ਬਣਿਆ ਕਾਗ ਮਾਣਕ ਮੋਤੀ ਸ਼ਬਦ ਚੋਗ ਚੁਗਾਇੰਦਾ । ਹਰਿਜਨ ਜਨਮ ਅਮੋਲ, ਲੱਖ ਚੁਰਾਸੀ ਰਹੀ ਸੋਤੀ, ਗੁਰਮੁਖ ਵਿਰਲਾ ਪ੍ਰਭ ਦਰਸ ਪਾਇੰਦਾ । ਹਰਿਜਨ ਜਨਮ ਅਮੋਲ, ਦੁਰਮਤ ਮੈਲ ਪ੍ਰਭ ਦਰ ਧੋਤੀ, ਮਾਇਆ ਜਗਤ ਜਲਾਇੰਦਾ । ਹਰਿਜਨ ਜਨਮ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਭਾਣੇ ਸਦ ਸਦ ਚਲਾਇੰਦਾ । ਹਰਿਜਨ ਜਨਮ ਅਮੋਲ, ਜੋਤੀ ਅਕਾਰ ਹੈ । ਹਰਿਜਨ ਜਨਮ ਅਮੋਲ, ਸ਼ਬਦ ਵੇਖੇ ਸਾਚੀ ਧਾਰ ਹੈ । ਹਰਿਜਨ ਜਨਮ ਅਮੋਲ, ਮਾਨਸ ਜਨਮ ਲਾਏ ਲੇਖੇ ਮਾਤਲੋਕ ਲਿਆ ਅਵਤਾਰ ਹੈ । ਹਰਿਜਨ ਜਨਮ ਅਮੋਲ, ਬੇਮੁਖਾਂ


੪੪੨ ੦੪

੪੪੩ ੦੪

ਰਹੇ ਭਰਮ ਭੁਲੇਖੇ, ਕਰੇ ਖੇਲ ਹਰਿ ਕਰਤਾਰ ਹੈ । ਹਰਿਜਨ ਜਨਮ ਅਮੋਲ, ਪ੍ਰਭ ਅਬਿਨਾਸ਼ੀ ਦਰਸ਼ਨ ਪੇਖੇ, ਵੇਖੇ ਨੈਣ ਮੁਧਾਰ ਹੈ । ਹਰਿਜਨ ਜਨਮ ਅਮੋਲ, ਮੇਟ ਮਿਟਾਏ ਬਿਧਨਾ ਲਿਖੀ ਰੇਖੇ, ਸ੍ਰਿਸ਼ਟ ਸਬਾਈ ਪੜਦੇ ਰਿਹਾ ਖੋਲ੍ਹ ਹੈ । ਹਰਿਜਨ ਜਨਮ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਏ ਸਾਚੇ ਲੇਖੇ, ਉਤਰੇ ਪੂਰੇ ਤੋਲ ਹੈ । ਹਰਿਜਨ ਜਨਮ ਅਮੋਲ, ਅਮੋਲ ਅਮੁੱਲੜਾ । ਹਰਿਜਨ ਜਨਮ ਅਮੋਲ, ਪੂਰੇ ਤੋਲ ਕਲਜੁਗ ਅੰਤਮ ਤੁੱਲੜਾ । ਹਰਿਜਨ ਜਨਮ ਅਮੋਲ, ਵਸਦਾ ਰਹੇ ਅੰਤਮ ਕਲ ਕਾਇਆ ਕੋਟ ਕੁੱਲੜਾ । ਹਰਿਜਨ ਜਨਮ ਅਮੋਲ, ਸਾਚਾ ਰਾਹ ਘਰ ਦਸਦਾ ਰਹੇ ਛੋਟਾ ਬਾਲਾ ਲਾਲ ਅਮੁੱਲੜਾ । ਹਰਿਜਨ ਜਨਮ ਅਮੋਲ, ਚੌਦਾਂ ਲੋਕ ਚਰਨਾਂ ਹੇਠ ਝਸਦਾ, ਗਾਇਆ ਪੁਰਖ ਅਬਿਨਾਸ਼ੀ, ਲਿਆ ਚਰਨਾਂ ਕੋਲ । ਹਰਿਜਨ ਜਨਮ ਅਮੋਲ, ਧਰਮ ਰਾਏ ਦਰ ਹੱਸਦਾ, ਗਿਆ ਅਠਾਈਆਂ ਕੁੰਢਾਂ ਕੁੰਡਾ ਖੋਲ੍ਹ । ਹਰਿਜਨ ਜਨਮ ਅਮੋਲ, ਦੂਰ ਦੁਰਾਡਾ ਲੰਮਾ ਪੈਂਡਾ ਬਾਲ ਅੰਞਾਣਾ ਸਿੱਧਾ ਗਿਆ ਸ਼ਬਦ ਵਜਾਉਂਦਾ ਜਾਏ ਢੋਲ । ਹਰਿਜਨ ਜਨਮ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੀ ਰੀਤੀ ਕਲਜੁਗ ਚਲਾਏ ਚਰਨ ਪ੍ਰੀਤੀ ਤੋੜ ਨਿਭਾਏ, ਪਰਖੇ ਨੀਤੀ ਸਾਚਾ ਮੀਤੀ, ਕਾਇਆ ਕਰੇ ਠੰਡੀ ਸੀਤੀ, ਦੂਈ ਦਵੈਤੀ ਪੜਦੇ ਰਿਹਾ ਖੋਲ੍ਹ । ਹਰਿਜਨ ਜਨਮ ਅਮੋਲ, ਸਾਚਾ ਰਾਹ ਵਖਾਨਿਆਂ । ਹਰਿਜਨ ਜਨਮ ਅਮੋਲ, ਪ੍ਰਭ ਵੇਖੇ ਬਾਲ ਅੰਞਾਣਿਆਂ । ਹਰਿਜਨ ਜਨਮ ਅਮੋਲ, ਦੱਸੇ ਰਾਹ ਵਡਾ ਬੇਪ੍ਰਵਾਹ ਕਲਜੁਗ ਹਰਿ ਵਡਾ ਸੁਘੜ ਸਿਆਣਿਆ । ਹਰਿਜਨ ਜਨਮ ਅਮੋਲ, ਕਟੇ ਲੱਖ ਚੁਰਾਸੀ ਫਾਹ, ਮਿਲੇ ਮਾਣ ਦਰਬਾਨਿਆ । ਹਰਿਜਨ ਜਨਮ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਾਸ ਘਨਕਪੁਰ ਵਾਸ, ਅੰਤ ਕਰੇ ਪਛਾਣਿਆ । ਹਰਿਜਨ ਜਨਮ ਅਮੋਲ, ਜੀਵਣ ਜੁਗਤ ਹੈ । ਹਰਿਜਨ ਜਨਮ ਅਮੋਲ, ਦਰ ਸਾਚੇ ਮਿਲੀ ਮੁਕਤ ਹੈ । ਹਰਿਜਨ ਜਨਮ ਅਮੋਲ, ਹਰਿ ਸਵਾਰੇ ਆਪਣੀ ਭੁਗਤ ਹੈ । ਹਰਿਜਨ ਜਨਮ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰ ਆਪ ਸੁਹਾਏ, ਚਰਨ ਪ੍ਰੀਤੀ ਤੋੜ ਨਿਭਾਏ, ਬੇਮੁਖ ਜੀਵਾਂ ਦਿਸ ਨਾ ਆਏ, ਸਦ ਵਸੇ ਨੇੜ ਦੂਰ ਕੀੜ ਹਸਤ ਹੈ । ਹਰਿਜਨ ਜਨਮ ਅਮੋਲ, ਰੀਤ ਅਟੱਲ ਹੈ । ਹਰਿਜਨ ਜਨਮ ਅਮੋਲ, ਸਦ ਵਸੇ ਧਾਮ ਅਚਲ ਹੈ । ਹਰਿਜਨ ਜਨਮ ਅਮੋਲ, ਸਾਚਾ ਮਾਰਗ ਇਕ ਵਖਾਏ ਰਸਨਾ ਧਿਆਵੇ ਘੜੀ ਘੜੀ ਪਲ ਪਲ ਹੈ । ਹਰਿਜਨ ਜਨਮ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਲਗਾਏ ਕਾਇਆ ਅੰਮ੍ਰਿਤ ਫਲ ਹੈ । ਹਰਿਜਨ ਜਨਮ ਅਮੋਲ, ਚਾਲ ਅਵੱਲੜੀ । ਹਰਿਜਨ ਜਨਮ ਅਮੋਲ, ਵਸੇ ਕਾਇਆ ਇਕ ਇਕੱਲੜੀ । ਹਰਿਜਨ ਜਨਮ ਅਮੋਲ, ਉਤਰੇ ਪੂਰੇ ਤੋਲ, ਝੂਠੀ ਦਿਸੇ ਜਗਤ ਚਮੜੀ । ਹਰਿਜਨ ਜਨਮ ਅਮੋਲ, ਆਤਮ ਗੰਢਾਂ ਰਿਹਾ ਖੋਲ੍ਹ, ਲੱਖ ਚੁਰਾਸੀ ਜੂਠੀ ਝੂਠੀ ਮਾਇਆ ਲੂਠੀ, ਅੰਤਮ ਵੇਲੇ ਪੱਲੇ ਕਿਸੇ ਨਾ ਦਿਸੇ ਦਮੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪੇ ਬਣੇ ਪਿਤਾ ਆਪੇ ਬਣ ਅੰਮੜੀ । ਹਰਿਜਨ ਜਨਮ ਅਮੋਲ, ਸ਼ਬਦ ਭੰਡਾਰ ਹੈ । ਹਰਿਜਨ ਜਨਮ ਅਮੋਲ, ਜਨਮ ਅਪਾਰ ਹੈ । ਹਰਿਜਨ ਜਨਮ ਅਮੋਲ, ਏਕਾ ਰੰਗ ਸੱਚਾ ਸੰਗ ਸੱਚੀ ਸਰਕਾਰ ਹੈ । ਹਰਿਜਨ ਜਨਮ ਅਮੋਲ, ਮਾਨਸ ਜਨਮ ਨਾ ਹੋਏ ਭੰਗ, ਲੋਕਮਾਤ ਨਾ ਆਏ ਦੂਜੀ ਵਾਰ ਹੈ । ਹਰਿਜਨ ਜਨਮ ਅਪਾਰ, ਆਤਮ ਚਾੜ੍ਹੇ ਸਾਚਾ ਰੰਗ, ਨਾ ਹੋਏ ਮਾਤ ਖੁਆਰ ਹੈ । ਹਰਿਜਨ ਜਨਮ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲਿਆ ਨਰ ਹਰਿ ਹਰਿ ਨਰ ਸੱਚਾ ਭਤਾਰ ਹੈ । ਹਰਿ ਨਰ ਸੱਚਾ ਭਤਾਰਾ । ਸੱਚਾ

ਦੇਵੇ ਸ਼ਬਦ ਜਾਪ, ਰੂਪ ਰੰਗ ਰੇਖ ਭੇਖ ਨਾ ਕੋਈ ਪਾਵੇ ਸਾਰਾ । ਆਪੇ ਮਾਰੇ ਤੀਨੋ ਤਾਪ, ਕਰੇ ਨਾਮ ਵਣਜ ਵਪਾਰਾ । ਆਪ ਉਤਾਰੇ ਕਲਜੁਗ ਜੂਠੇ ਝੂਠੇ ਪਾਪ, ਸ਼ਬਦ ਖੰਡਾ ਮਾਰੇ ਦੋ ਧਾਰਾ । ਆਪੇ ਬਣੇ ਮਾਈ ਬਾਪ, ਰਾਮ ਰਮਈਆ ਕ੍ਰਿਸ਼ਨ ਮੁਰਾਰਾ । ਧਰਤ ਮਾਤ ਗਈ ਕਾਂਪ, ਨਿਹਕਲੰਕ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਬਣਿਆ ਰਹੇ ਆਪ ਸਹਾਰਾ । ਆਪ ਸਹਾਰਾ ਸਦਾ ਸਹਾਈ ਹੈ । ਛੋਟੇ ਬਾਲੇ ਬਾਲ ਨਿਧਾਨੇ, ਤੇਰੀ ਮਾਤ ਵਡਿਆਈ ਹੈ । ਹੱਥੀਂ ਬੰਨ੍ਹੇ ਹਰਿ ਜੀ ਗਾਨੇ, ਕਰੇ ਸੱਚੀ ਕੁੜਮਾਈ ਹੈ । ਮਿਲਿਆ ਕੰਤ ਪੁਰਖ ਅਬਿਨਾਸ਼ੀ ਵਾਲੀ ਦੋ ਜਹਾਨੇ, ਸਾਚੀ ਨਾਰ ਸੁਹਾਈ ਹੈ । ਏਕਾ ਸੇਜਾ ਰੰਗ ਰਲੀਆਂ ਮਾਣੇ, ਆਤਮ ਸੋਹਣੀ ਸੇਜ ਵਿਛਾਈ ਹੈ । ਹੋਏ ਪ੍ਰਕਾਸ਼ ਕੋਟਨ ਭਾਨੇ, ਦੀਪਕ ਜੋਤੀ ਰਿਹਾ ਜਗਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅਵਸਥਾ ਬਾਲ ਅੰਞਾਣੇ, ਪਰਖੇ ਨੀਤੀ ਜਗਤ ਰੀਤੀ ਵਾਹਵਾ ਮਾਤ ਚਲਾਈ ਹੈ । ਸਾਚਾ ਕੰਤ ਨਾਰ ਸੁਹਾਗਣ । ਸ਼ਬਦ ਸੁਣਾਇਆ ਸਾਚਾ ਰਾਗਣ । ਗੁਰਮੁਖ ਸੋਏ ਵਿਰਲੇ ਜਾਗਣ । ਗੁਰਮੁਖ ਹੋਏ ਵਡ ਵਡ ਭਾਗਣ । ਮਿਲੀ ਸੱਚੀ ਦਾਤ ਸਚ ਸੁਗਾਤ, ਪ੍ਰਭ ਅਬਿਨਾਸ਼ੀ ਚਰਨ ਲਾਗਣ । ਦਰਸ ਦਿਖਾਏ ਬੈਠ ਇਕ ਇਕਾਂਤ, ਆਪੇ ਧੋਏ ਕਾਇਆ ਦਾਗਣ । ਆਤਮ ਵੇਖੋ ਮਾਰ ਝਾਤ, ਪੁਰਖ ਅਬਿਨਾਸ਼ ਸਦਾ ਬੈਰਾਗਣ । ਕਲਜੁਗ ਮਾਇਆ ਡੱਸਣੀ ਨਾਗ, ਹੰਸ ਬਣਾਏ ਜੀਵ ਕਾਗਣ । ਗੁਰਮੁਖ ਸਾਚੇ ਵਡ ਵਡਭਾਗਣ, ਪ੍ਰਭ ਚਰਨੀ ਲਾਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੁਝਾਏ ਤ੍ਰਿਸ਼ਨਾ ਆਗਣ । ਆਤਮ ਤ੍ਰਿਸ਼ਨਾ ਆਪ ਨਿਵਾਰੇ । ਮਾਇਆ ਮਮਤਾ ਲੱਗੀ ਭੁੱਖ, ਕਲਜੁਗ ਜੀਵ ਹੋਏ ਗਵਾਰੇ । ਕਿਸੇ ਨਾ ਦਿਸੇ ਆਤਮ ਸੁਖ, ਭੁਲਿਆ ਫਿਰੇ ਸਰਬ ਸੰਸਾਰੇ । ਮਾਤ ਗਰਭ ਉਲਟਾ ਰੁੱਖ, ਨਾ ਹੋਏ ਕੋਈ ਸਹਾਰੇ । ਘਰ ਘਰ ਧੂੰਏ ਰਹੇ ਧੁਖ, ਨਿਹਕਲੰਕ ਕਲ ਜਾਮਾ ਧਾਰੇ । ਗੁਰਮੁਖ ਸਾਚੇ ਸੁੱਖਣਾ ਰਹੇ ਸੁੱਖ, ਚਲ ਆਏ ਹਰਿ ਦਵਾਰੇ । ਉਜਲ ਕਰਾਏ ਮਾਤ ਕੁੱਖ, ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਫੜ ਫੜ ਬਾਹੋਂ ਪਾਰ ਉਤਾਰੇ । ਉਠਿਆ ਬਾਲ ਬਲੀ ਬਲਵਾਨ । ਬਾਲ ਅਵਸਥਾ ਨੌਜਵਾਨ । ਏਕਾ ਛਾਲ ਕਲਜੁਗ ਮਾਰੀ, ਤਿੰਨਾਂ ਲੋਕਾਂ ਹੋਇਆ ਬਾਹਰ, ਫਲ ਲਗਾਏ ਸਾਚੇ ਡਾਹਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਇਕ ਅਨਮੁੱਲੜਾ ਲਾਲ ਆਪ ਲਿਆ ਭਾਲ । ਆਪੇ ਪਾਲੇ ਹਰਿ ਬਨਵਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਰੂਪ ਰੰਗ ਨਾ ਕਿਸੇ ਦਿਸੇ, ਗੁਰਮੁਖ ਇਕ ਆਏ ਹਿੱਸੇ, ਝੂਠੀ ਲਾਹੇ ਆਤਮ ਵਿੱਖੇ, ਜੋਤ ਜਗਾਏ ਨਰ ਨਿਰੰਕਾਰੀ । ਲੱਖ ਚੁਰਾਸੀ ਚਰਨਾਂ ਹੇਠ ਝਸੇ, ਕਰੇ ਅੰਤ ਖੁਆਰੀ । ਭੇਵ ਖੁਲ੍ਹਾਏ ਬੀਸ ਇਕੀਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ । ਛੋਟਾ ਲਾਲ ਲਾਲ ਦੁਲਾਰਾ । ਪੂਰਬ ਕਰਮ ਹਰਿ ਵਿਚਾਰਾ । ਮਾਤਲੋਕ ਦੀਆ ਜਰਮ, ਸਤਿਜੁਗ ਵਖਾਏ ਰਾਹ ਨਿਆਰਾ । ਇਕ ਰਖਾਏ ਸਾਚਾ ਧਰਮ, ਸ਼ਬਦ ਕਰਾਏ ਜੈ ਜੈ ਜੈਕਾਰਾ । ਚਾਰ ਵਰਨ ਏਕਾ ਬ੍ਰਹਮ ਰੂਪ ਅਪਾਰਾ । ਨਿਹਕਲੰਕ ਤੇਰੀ ਸਰਨ ਵੱਜੇ ਡੰਕ ਸ਼ਬਦ ਅਪਾਰਾ । ਪ੍ਰਗਟ ਹੋਇਆ ਕਰਨੀ ਕਰਨ, ਜੋਤ ਸਰੂਪੀ ਕਰ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਆਸਣ ਲਾਏ, ਜੋਤ ਸਰੂਪੀ ਦਇਆ ਕਮਾਏ, ਕਦੇ ਗੁਪਤ ਕਦੇ ਜ਼ਾਹਰਾ । ਛੋਟਾ ਬਾਲਾ ਬਲੀ ਬਲਵਾਨਾ । ਮਾਰੇ ਤੀਰ ਸ਼ਬਦ ਨਿਸ਼ਾਨਾ । ਚਾਰ ਕੁੰਟ ਕਰੇ ਵਹੀਰ, ਸਾਚਾ ਸੀਰ ਕਿਸੇ ਹੱਥ ਨਾ ਆਨਾ । ਮੇਟ ਮਿਟਾਏ ਸ਼ਾਹ ਫ਼ਕੀਰ, ਸੁਲਤਾਨ

ਹਕੀਰ ਤੁਟੇ ਮਾਣ ਅਭਿਮਾਨਾ । ਬੇਮੁਖਾਂ ਬਝਣ ਅੰਤ ਜੰਜ਼ੀਰ, ਲਾੜੀ ਮੌਤ ਦੂਰ ਦੁਰਾਡਾ ਪੈਂਡਾ ਆਈ ਚੀਰ, ਮਿਲਿਆ ਹੁਕਮ ਆਪ ਭਗਵਾਨਾ । ਸੋਹੰ ਵੱਜੇ ਸਾਚਾ ਤੀਰ, ਆਪ ਚਲਾਏ ਨਿਹਕਲੰਕ ਰਸਨਾ ਖਿੱਚੇ ਤੀਰ ਕਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ, ਜੋਤ ਸਰੂਪੀ ਪਹਿਰੇ ਬਾਣਾ । ਜੋਤ ਸਰੂਪੀ ਬਾਣਾ ਧਾਰ । ਰਾਜੇ ਰਾਣੇ ਰਿਹਾ ਵੰਗਾਰ । ਕਲਜੁਗ ਵੇਲਾ ਅੰਤਮ ਆਇਆ, ਝੂਠੇ ਦਿਸਣ ਘਰ ਘਰ ਸ਼ਿੰਗਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ । ਏਕਾ ਜੋਤ ਮਾਤ ਜਗਾਈ । ਸੱਤ ਦੀਪ ਨੌਂ ਖੰਡ ਪ੍ਰਿਥਮੀ , ਆਪਣੇ ਹਿੱਸੇ ਵੰਡ ਕਰਾਈ । ਇਕ ਸੌ ਗਿਆਰਾਂ ਦਿਨ ਸਾਚੀ ਜੋਤ ਕਰੇ ਰੁਸ਼ਨਾਈ । ਅਲਖ ਅਲੇਖਾ ਧਾਰੇ ਭੇਖਾ, ਲੱਖ ਚੁਰਾਸੀ ਰਹੇ ਭਰਮ ਭੁਲੇਖਾ, ਦਿਸ ਕਿਸੇ ਨਾ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣੇ ਹੱਥ ਰੱਖੇ ਵਡਿਆਈ । ਸਤਿ ਸਤਿ ਵਾਦਿਆ, ਚਲੇ ਸ਼ਬਦ ਅਨਾਦ ਅਨਾਦਿਆ । ਭੇਵ ਕੋਈ ਨਾ ਜਾਣੇ ਬੋਧ ਅਗਾਧਿਆ । ਕਰੇ ਖੇਲ ਮਾਧਵ ਮਾਧਿਆ । ਬੇਮੁਖਾਂ ਸਾਧਨ ਸਾਧਿਆ । ਰਾਓ ਰੰਕ ਉਠਾਏ, ਗੁਰਮੁਖ ਵਿਰਲੇ ਆਤਮ ਅਰਾਧਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਚਲੇ ਸ਼ਬਦ ਜੈਕਾਰ ਵੱਜੇ ਨਾਦ ਧੁਨ ਧੁਨ ਨਾਦ ਸੁਣਾਏ ਆਪ ਅਨਾਦਿਆ । ਨੌਂ ਖੰਡ ਹੋਏ ਬੇਹਾਲਾ । ਵਿਚ ਵਰਭੰਡ ਹੋਏ ਕੰਗਾਲਾ । ਬੇਮੁਖਾਂ ਦੇਵੇ ਦੰਡ, ਨਾ ਕੋਇ ਸੁਰਤ ਸੰਭਾਲਾ । ਘਰ ਘਰ ਰੋਵੇ ਨਾਰ ਰੰਡ, ਖੁਲ੍ਹੇ ਵਾਲ ਜਗਤ ਬੇਹਾਲਾ । ਬੇਮੁਖਾਂ ਆਤਮ ਆਈ ਕੰਡ, ਪੁੱਠੀ ਹੋਈ ਚਾਲਾ । ਨੌਂ ਖੰਡ ਨੌਂ ਦਰਵਾਜਿਆ । ਏਕਾ ਦਰ ਦਵਾਰੇ ਸਾਚੇ ਵਸੇ, ਦਿਸ ਨਾ ਆਏ ਗਰੀਬ ਨਿਵਾਜਿਆ । ਗੁਰਮੁਖ ਵਿਰਲਾ ਵਿਚ ਮਾਤ ਹੱਸੇ, ਘਰ ਘਰ ਹੋਵੇ ਭਾਜਿਆ । ਜਨ ਭਗਤਾਂ ਆਤਮ ਜੋਤ ਕਰੇ ਪ੍ਰਕਾਸ਼ ਕੋਟ ਰਵ ਸੱਸੇ, ਤੁਟੇ ਮਾਣ ਰਾਜਨ ਰਾਜਿਆ । ਸ਼ਬਦ ਤੀਰ ਏਕਾ ਕਸੇ, ਝੂਠਾ ਜਗਤ ਸਾਜ ਸਾਜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜੋਤ ਜਗਾਈ ਵੱਜੇ ਵਧਾਈ, ਪ੍ਰਗਟ ਹੋਏ ਦੇਸ ਹਰਿ ਮਾਝਿਆ । ਕਾਇਆ ਗੜ੍ਹ ਖੇਲ ਅਪਾਰੀ । ਪੰਜਾਂ ਤੱਤਾਂ ਸਾਚਾ ਧੜ ਜੋਤ ਨਿਰੰਕਾਰੀ । ਆਪੇ ਬੈਠਾ ਅੰਦਰ ਵੜ, ਕਰੇ ਬੰਦ ਕਵਾੜੀ । ਅੱਠੇ ਪਹਿਰ ਰਿਹਾ ਲੜ, ਸ਼ਬਦ ਸਰੂਪੀ ਫੜ ਕਟਾਰੀ । ਪੰਜਾਂ ਚੋਰਾਂ ਪੁੱਟੇ ਜੜ੍ਹ, ਫੇਰੇ ਸ਼ਬਦ ਬਹਾਰੀ । ਆਪ ਬੰਨ੍ਹਾਏ ਆਪਣੇ ਲੜ । ਗੁਰਮੁਖਾਂ ਅੰਤਮ ਵਾਰੀ । ਮਾਤਲੋਕ ਨਾ ਜਾਣਾ ਹੜ੍ਹ, ਹਰਿ ਰਿਹਾ ਪੈਜ ਸਵਾਰੀ । ਦਰ ਘਰ ਸਾਚੇ ਜਾਇਣ ਵੜ, ਮਿਲੇ ਸ਼ਬਦ ਮਹੱਲ ਅਟਾਰੀ । ਦਰਸ ਦਿਖਾਏ ਅੱਗੇ ਖੜ੍ਹ, ਮਾਣ ਦਵਾਏ ਚਰਨ ਦਵਾਰੀ । ਗੁਰਮੁਖ ਸਾਚਾ ਸਾਚੇ ਪੌੜੇ ਜਾਏ ਚੜ੍ਹ, ਵੇਖੇ ਜੋਤ ਨਰ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਬਹਾਏ ਚਰਨ ਦਵਾਰੀ । ਕਾਇਆ ਮੰਦਰ ਕਿਲਾ ਕੋਟ । ਵਜਦੀ ਰਹੇ ਸ਼ਬਦ ਚੋਟ । ਜਨ ਭਗਤਾਂ ਕੱਢਦਾ ਰਹੇ, ਅਵਗੁਣ ਰਤੀ ਮਾਇਆ ਖੋਟ । ਅੰਮ੍ਰਿਤ ਭੰਡਾਰ ਭਰਦਾ ਰਹੇ, ਲੋਕਮਾਤ ਨਾ ਆਵੇ ਤੋਟ । ਗੁਰਮੁਖ ਸਾਚਾ ਡਰਦਾ ਰਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਏ ਚਰਨ ਓਟ । ਕਾਇਆ ਮੰਦਰ ਮਿੱਟੀ ਢੇਰ । ਅੰਤਮ ਵਾਰ ਨਾ ਵੇਖੇ ਸੰਝ ਸਵੇਰ । ਝੂਠੇ ਛਡਣੇ ਸਾਕ ਸੱਜਣ ਸੈਣਾ, ਕੋਈ ਨਾ ਆਵੇ ਨੇੜ । ਏਕਾ ਦਰ ਘਰ ਸਾਚੇ ਬਹਿਣਾ ਕਲਜੁਗ ਅੰਤਮ ਵੇਰ । ਸੋਹੰ ਸ਼ਬਦ ਤਨ ਪਹਿਨਾਏ ਸਾਚਾ ਗਹਿਣਾ, ਗੁਰਮੁਖ ਸਾਚੇ ਚਰਨ ਘੇਰ । ਆਪ ਚੁਕਾਏ ਲਹਿਣਾ ਦੇਣਾ, ਵਿਚੋਂ ਚੁਕਾਏ ਮੇਰ ਤੇਰ । ਸ਼ਬਦ ਜਣਾਏ ਭਾਣਾ ਸਹਿਣਾ, ਕਾਇਆ ਮਿਟੀ ਝੂਠਾ ਢੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਗੁਰਮੁਖ ਸਾਚੇ ਸੰਤ ਜਨਾਂ ਸਾਚੇ ਧਾਮ ਆਪ ਬਹਾਏ ਦਇਆ ਕਮਾਏ ਪਹਿਲੀ ਵੇਰ । ਕਾਇਆ ਕੋਟ ਕਾਚੀ ਗਾਗਰ । ਅੰਮ੍ਰਿਤ ਤਾਲ ਸਚ ਸੁਹਾਵਾ ਭਰਿਆ ਸਿੰਧ ਸਾਗਰ । ਚਰਨ ਪ੍ਰੀਤੀ ਸਾਚਾ ਦਾਅਵਾ, ਗੁਰਮੁਖ ਨਿਰਮਲ ਕਰਮ ਉਜਾਗਰ । ਪ੍ਰਭ ਅਬਿਨਾਸ਼ੀ ਅੱਗੋਂ ਮਿਲੇ ਫੜ ਕੇ ਬਾਹਵਾਂ, ਸਾਚਾ ਨਾਮ ਜਨ ਬਣੇ ਸੁਦਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਪ ਵਹਾਏ ਸਾਚੀ ਧਾਰ, ਵਹਾਏ ਅੰਮ੍ਰਿਤ ਜਲ ਸਾਚੀ ਗਾਗਰ । ਸਦਾ ਵੱਜਾ ਰਹੇ ਜੰਦਰ, ਮਨਮੁਖ ਵਸੇ ਬਾਹਰ । ਜੋਤ ਸਰੂਪੀ ਵਸੇ ਅੰਦਰ, ਜਨ ਭਗਤਾਂ ਦੇਵੇ ਜੋਤ ਅਕਾਰ । ਬੇਮੁਖਾਂ ਦਿਸੇ ਡੂੰਘੀ ਕੰਦਰ, ਹੋਇਆ ਰਹੇ ਅੰਧ ਅੰਧਿਆਰ । ਦਰ ਦਵਾਰੇ ਫਿਰਨ ਬੰਦਰ, ਨਾ ਮਿਲੇ ਮੀਤ ਹਰਿ ਦਾਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸਚ ਭਤਾਰ । ਕਾਇਆ ਮੰਦਰ ਕੋਟ ਨਿਆਰਾ । ਸ਼ਬਦ ਸਰੂਪੀ ਸਚ ਕਿਆਰਾ । ਚਾਰ ਚੁਫੇਰ ਰਿਹਾ ਘੇਰ, ਅੱਠੇ ਪਹਿਰ ਦੇਵੇ ਪਹਿਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਹਾਏ ਚਲਾਏ ਅੰਮ੍ਰਿਤ ਸਾਚੀ ਧਾਰ । ਕਾਇਆ ਕੋਟ ਪੰਜ ਤੱਤ ਹੈ । ਤ੍ਰੈਗੁਣ ਵੇਖ ਵਿਚਾਰ, ਅੱਠਾਂ ਤੱਤਾਂ ਏਕਾ ਰੱਤ ਹੈ । ਤਿੰਨ ਸੌ ਸਠ ਹਾਡੀ ਗੁਣ ਵਿਚਾਰ, ਤਾਣਾ ਪੇਟਾ ਆਪੇ ਰਿਹਾ ਕੱਤ ਹੈ । ਬਹੱਤਰ ਨਾੜੀ ਕਰ ਅਕਾਰ, ਸਾਚਾ ਸੂਤਰ ਰਿਹਾ ਕੱਤ ਹੈ । ਸਾਚਾ ਸ਼ਬਦ ਦੱਸੇ ਸਾਚੀ ਧਾਰ, ਪਾਣਾ ਲਾਏ ਸਾਚਾ ਵੱਟ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਗੜ੍ਹ ਅੰਦਰ ਬੈਠਾ ਵੜ, ਆਪ ਉਸਾਰੇ ਸਚ ਚੁਬਾਰੇ, ਪ੍ਰਭ ਲਗਾਏ ਗਾਰਾ ਇੱਟ ਹੈ । ਕਾਇਆ ਕੋਟ ਕਾਚੀ ਗਾਗਰ ਕਾਚੀ ਮਾਟੀ । ਔਖੀ ਦਿਸੇ ਮਾਤ ਘਾਟੀ । ਨਾ ਕੋਈ ਤੀਰਥ ਨਾ ਕੋਈ ਤਾਟੀ । ਏਕਾ ਜੋਤ ਜਗੇ ਲਲਾਟੀ । ਗੁਰਮੁਖ ਵਿਰਲੇ ਸੰਤ ਜਨ, ਆਪੇ ਪਾੜੇ ਬਜ਼ਰ ਕਪਾਟੀ । ਸਾਚਾ ਦੇਵੇ ਨਾਮ ਧਨ, ਚਰਨ ਦਵਾਰੇ ਸਾਚੀ ਹਾਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਰਮਤ ਮੈਲ ਅਠ ਸਠ ਤੀਰਥ ਰਹੀ ਫੈਲ, ਜਨ ਭਗਤਾਂ ਆਤਮ ਰਿਹਾ ਕਾਟੀ । ਕਾਇਆ ਮੰਦਰ ਘਰ ਘਰ ਵਾਸ । ਆਤਮ ਜੋਤ ਹਰਿ ਪ੍ਰਕਾਸ਼ । ਅੰਧ ਅੰਧੇਰ ਕਰੇ ਵਿਨਾਸ । ਸ਼ਬਦ ਚਲਾਏ ਰਸਨ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਹੋਇਆ ਰਹੇ ਦਾਸਨ ਦਾਸ । ਕਾਇਆ ਮੰਦਰ ਸਚ ਸਿੰਘਾਸਣ । ਸਾਚੀ ਸੇਜਾ ਹਰਿ ਬਿਰਾਜੇ, ਏਕਾ ਪੁਰਖ ਅਬਿਨਾਸ਼ਣ । ਆਪੇ ਰੱਖੇ ਗੁਰਸਿਖ ਲਾਜੇ, ਦੇਵੇ ਸ਼ਬਦ ਨਾਮ ਸਵਾਸਣ । ਸਤਿ ਸਰੂਪ ਮਾਤ ਗਾਜੇ, ਜੋਤ ਅਕਾਲ ਮਾਤ ਪਤਾਲ ਅਕਾਸ਼ਣ । ਸਾਚਾ ਦੇਵੇ ਸ਼ਬਦ ਦਾਜੇ, ਪੁਰੀ ਇੰਦਰ ਭੋਗ ਬਲਾਸਣ । ਏਕਾ ਮਾਰੇ ਸ਼ਬਦ ਅਵਾਜ਼ੇ, ਚਰਨ ਹਜ਼ੂਰੇ ਦਾਸ ਦਾਸਣ । ਅੰਤਮ ਰੱਖੇ ਹਰਿ ਜੀ ਲਾਜੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕ ਪੁਰ ਵਾਸਣ । ਕਾਇਆ ਮੰਦਰ ਡੰਕ ਡਫਾਰਾ । ਚੜ੍ਹਿਆ ਰਹੇ ਤਨ ਅਫਾਰਾ । ਹਉਮੇ ਲੱਗਾ ਰੋਗ ਭਾਰਾ । ਕੋਇ ਨਾ ਧੋਏ ਆਤਮ ਦਾਗਾ, ਅੰਮ੍ਰਿਤ ਮਿਲੇ ਨਾ ਸਾਚੀ ਧਾਰਾ । ਗੁਰਮੁਖ ਵਿਰਲਾ ਮਾਤ ਜਾਗਾ, ਆਏ ਚਲ ਦਵਾਰਾ । ਇਕ ਉਪਜਾਏ ਸ਼ਬਦ ਰਾਗਾ, ਸੁਣੇ ਹਰਿ ਪੁਕਾਰਾ । ਆਪ ਸਵਾਰੇ ਆਪਣੇ ਕਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰਾ । ਕਾਇਆ ਮੰਦਰ ਕੂੜ ਪਸਾਰਾ । ਕਲਜੁਗ ਭੁੱਲਾ ਜੀਵ ਗਵਾਰਾ । ਮਾਨਸ ਜਨਮ ਲੱਖ ਚੁਰਾਸੀ ਮਦਿਰਾ ਮਾਸੀ, ਅੰਤਮ ਵੇਲੇ ਜਾਇਣ ਹਾਰਾ । ਧਰਮ ਰਾਏ ਗਲ ਪਾਏ ਫਾਸੀ, ਵੇਖ ਵਖਾਏ ਘਨਕਪੁਰ ਵਾਸੀ, ਮਾਰੇ ਸ਼ਬਦ ਕਟਾਰਾ । ਜਨ ਭਗਤਾਂ ਹੋਏ ਦਾਸਨ ਦਾਸੀ, ਤਨ ਪਹਿਨਾਏ ਫੂਲਨ ਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਖਿੜੀ ਰਹੇ ਸਦਾ


੪੪੬ ੦੪

ਗੁਲਜ਼ਾਰਾ । ਕਾਇਆ ਕੋਟ ਸ਼ਬਦ ਵਸੇਰਾ । ਕੋਈ ਨਾ ਬੁੱਝੇ, ਤੇਰਾ ਮੇਰਾ ਮੇਰਾ ਤੇਰਾ । ਭੇਵ ਖੁਲ੍ਹਾਏ ਹਰਿ ਜੀ ਗੁੱਝੇ, ਨਾ ਕੋਈ ਜਾਣੇ ਸੰਝ ਸਵੇਰਾ । ਲੇਖ ਲਿਖਾਏ ਏਕਾ ਦੂਜੇ, ਲੱਖ ਚੁਰਾਸੀ ਸਾਚਾ ਗੇੜਾ । ਗੁਰਮੁਖ ਵਿਰਲਾ ਚਰਨ ਪ੍ਰੀਤੀ ਝੂਜੇ, ਕਰੇ ਅੰਤ ਨਿਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸਚ ਘਰ ਬੂਝੇ, ਆਪ ਸੁਹਾਏ ਕਾਇਆ ਨਗਰ ਖੇੜਾ । ਕਾਇਆ ਨਗਰ ਖੇੜਾ, ਸਚ ਮਹੱਲ ਹੈ । ਅੰਤਮ ਮੁੱਕੇ ਝੇੜਾ, ਰਹੇ ਨਾਮ ਅਟੱਲ ਹੈ । ਖੁੱਲ੍ਹਾ ਦਿਸੇ ਏਕਾ ਵਿਹੜਾ, ਨਿਹਚਲ ਧਾਮ ਅਚੱਲ ਹੈ । ਬੰਨ੍ਹਣ ਆਏ ਮਾਤ ਬੇੜਾ, ਗੁਰਮੁਖ ਸਾਚਾ ਜਾਏ ਬਲ ਬਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਜਗਤ ਗੇੜਾ, ਆਪ ਭੁਲਾਏ ਕਰ ਕਰ ਵਲ ਛਲ ਹੈ । ਕਾਇਆ ਕੋਟ ਗੜ੍ਹ ਹੰਕਾਰਾ । ਕਾਮ ਕਰੋਧ ਅੰਦਰ ਗਿਆ ਵੜ, ਮਾਣ ਮੋਹ ਵੱਜੇ ਜੈਕਾਰਾ । ਕੋਇ ਨਾ ਸਕੇ ਮਾਤ ਫੜ, ਭੁੱਲੇ ਜੀਵ ਜਗਤ ਗਵਾਰਾ । ਗੁਰਮੁਖ ਸਾਚੇ ਸਾਚੇ ਪੌੜੇ ਜਾਇਣ ਚੜ੍ਹ, ਮਿਲੇ ਨਾਮ ਸ਼ਬਦ ਅਪਾਰਾ । ਪ੍ਰਭ ਅਬਿਨਾਸ਼ੀ ਅੱਗੇ ਖੜ੍ਹ, ਸੁਣਦਾ ਰਹੇ ਸਦ ਪੁਕਾਰਾ । ਅੰਤਮ ਵੇਲੇ ਬਾਹੋਂ ਫੜ, ਲੋਕਮਾਤ ਹਰਿ ਕਰੇ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਬਾਲ ਅੰਞਾਣੇ ਸਿੰਘ ਮਨਜੀਤ ਬੰਨ੍ਹਿਆ ਸ਼ਬਦ ਸੱਚਾ ਦਸਤਾਰਾ । ਕਾਇਆ ਕੋਟ ਕਲਰ ਘਾਟ । ਬੇਮੁਖਾਂ ਆਈ ਤੋਟ, ਔਖੀ ਦਿਸੇ ਵਾਟ । ਕਾਇਆ ਚੋਲੀ ਗਈ ਪਾਟ । ਨਾ ਕੋਈ ਸ਼ਬਦ ਖਟੋਲਾ, ਨਾ ਕੋਈ ਮਿਲੇ ਖਾਟ । ਨਾ ਕੋਈ ਹੋਏ ਜਗਤ ਵਿਚੋਲਾ, ਝੂਠਾ ਨਾਤਾ ਕਾਇਆ ਮਾਟ । ਜਨ ਭਗਤਾਂ ਦੇਵੇ ਸ਼ਬਦ ਢੋਲਾ, ਜਗੇ ਜੋਤ ਵਿਚ ਲਲਾਟ । ਨਾ ਕੋਈ ਰੱਖੇ ਪੜਦਾ ਓਹਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਰਸ ਜੋ ਜਨ ਰਹੇ ਚਾਟ । ਕਾਇਆ ਕੂੜ ਕੂੜ ਕੁੜਿਆਰੀ । ਬੇਮੁਖਾਂ ਦਿਸੇ ਮਾਤ ਪਿਆਰੀ । ਅੰਤਮ ਆਏ ਅੰਧੇਰੀ ਰਾਤ, ਸੁੱਤਾ ਰਹੇ ਵਿਚ ਉਜਾੜੀ । ਗੁਰਮੁਖ ਵਿਰਲਾ ਖੋਲ੍ਹੇ ਤਾਕ, ਪਾਵੇ ਦਰਸ ਹਰਿ ਗਿਰਧਾਰੀ । ਝੂਠੀ ਮਿੱਟੀ ਝੂਠੀ ਖ਼ਾਕ, ਅੰਤਮ ਹੋਏ ਛਾਰ ਛਾਰੀ । ਨਾ ਕੋਈ ਮਾਤ ਪਿਤ ਭੈਣ ਭਾਈ ਅੰਗ ਸਾਕ, ਦਰ ਦਵਾਰਿਉਂ ਕੱਢਣ ਬਹਾਰੀ । ਸ਼ਬਦ ਸਰੂਪੀ ਏਕਾ ਵਾਕ, ਅੰਤਮ ਮੇਲ ਨਰ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਧਾਮ ਆਪ ਵਸਾਏ, ਦੇਵੇ ਸ਼ਬਦ ਉਡਾਰੀ । ਕਾਇਆ ਮੰਦਰ ਨਾਭੀ ਕਵਲ । ਪ੍ਰਗਟ ਹੋਏ ਉਪਰ ਧਵਲ । ਸ੍ਰਿਸ਼ਟ ਸਬਾਈ ਜਾਏ ਮਵਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਆਪ ਉਪਜਾਏ ਦਇਆ ਕਮਾਏ, ਮਾਤ ਲਗਾਏ ਫੁੱਲ ਕਵਲ । ਫੁੱਲ ਕਵਲ ਮਾਤ ਪ੍ਰਕਾਸ਼ੇ । ਜੋਤ ਧਰੇ ਪੁਰਖ ਅਬਿਨਾਸ਼ੇ । ਸਾਚਾ ਮੰਡਲ ਸਾਚੀ ਰਾਸੇ । ਹਰਿਜਨ ਸਾਚੇ ਕਰੇ ਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ, ਆਪੇ ਵੇਖੇ ਜਗਤ ਤਮਾਸ਼ੇ । ਜਗਤ ਤਮਾਸ਼ਾ ਜੂਏ ਹਾਰ । ਕਰੇ ਖੇਲ ਅਪਰ ਅਪਾਰ । ਜਨ ਭਗਤਾਂ ਬਣੇ ਸੱਜਣ ਸੁਹੇਲ, ਦੇਵੇ ਨਾਮ ਸ਼ਬਦ ਖੁਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਲਗਾਏ ਸ਼ਬਦ ਉਡਾਰ । ਕਾਇਆ ਪ੍ਰੀਤ ਜਗਤ ਤਜਾਈਆ । ਪ੍ਰਭ ਮਿਲਿਆ ਸਾਚਾ ਮੀਤ, ਧੁਰਦਰਗਾਹੀਆ । ਹੋਈ ਕਾਇਆ ਠੰਡੀ ਸੀਤ, ਕਟੇ ਜਮ ਕੀ ਫਾਹੀਆ । ਨਾ ਕੋਈ ਮੰਦਰ ਨਾ ਕੋਈ ਮਸੀਤ, ਦਰ ਦਵਾਰਾ ਇਕ ਵਖਾਈਆ । ਆਪੇ ਪਰਖੇ ਘਰ ਘਰ ਨੀਤ, ਜਨ ਭਗਤਾਂ ਆਤਮ ਵਜਦੀ ਰਹੇ ਵਧਾਈਆ । ਏਕਾ ਰਾਖੋ ਹਰਿ ਹਰਿ ਚੀਤ, ਮੇਲ ਮਿਲਾਵਾ ਸਹਿਜ ਸੁਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰਹੇ ਰਘੁਰਾਈਆ । ਕਾਇਆ ਮੰਦਰ ਖੇਲ ਅਪਾਰਾ । ਮਨ

ਮਤ ਬੁੱਧ ਤਿੰਨਾਂ ਦੱਸੇ ਇਕ ਪਿਆਰਾ । ਤਿੰਨ ਗੁਣ ਸਾਚੇ ਵੇਖ, ਵੇਸ ਕਰੇ ਭੇਖ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਬਾਲ ਅੰਞਾਣੇ, ਮਾਨਸ ਜਨਮ ਮਾਤ ਸੁਧਾਰਾ । ਮਿਲਿਆ ਜਨਮ ਜਨਮ ਗੁਰ ਦੀਨਾ । ਮੇਲ ਮਿਲਾਵਾ ਸਾਚੇ ਘਰ, ਲੋਕਮਾਤ ਜਿਉਂ ਜਲ ਮੀਨਾ । ਅੰਤਮ ਮਿਲਿਆ ਸਾਚਾ ਵਰ, ਸ਼ਾਂਤ ਕਰਾਇਆ ਹਰਿ ਜੀ ਸੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਬਹਾਇਆ ਤਨ ਮਨ ਆਤਮ ਹੋਇਆ ਭੀਨਾ । ਸਾਚੇ ਦਰ ਦਵਾਰ ਘਰ ਨਿਮਸਕਾਰਿਆ । ਵੇਖੇ ਰੰਗ ਅਪਾਰ, ਜੋਤ ਨਿਰੰਕਾਰਿਆ । ਨਾ ਕੋਈ ਪਾਵੇ ਸਾਰ, ਹਰਿ ਗਿਰਧਾਰ, ਜੋਤੀ ਜੋਤ ਸਮਾ ਰਿਹਾ । ਦੋਏ ਜੋੜ ਹਰਿ ਦਰ ਕਰੋ ਨਿਮਸਕਾਰ, ਪ੍ਰਭ ਬਖ਼ਸ਼ੇ ਬਖ਼ਸ਼ਣਹਾਰਾ, ਆਏ ਚੱਲ ਦਵਾਰਿਆ । ਸੋਹੰ ਸ਼ਬਦ ਚਲੇ ਜੈਕਾਰ, ਭਰਿਆ ਰਹੇ ਤੇਰਾ ਭੰਡਾਰਿਆ । ਲੋਕਮਾਤ ਨਾ ਆਵੇ ਹਾਰਿਆ । ਚਲ ਆਇਆ ਸਚ ਦਰਬਾਰੀ, ਮਾਰੀ ਇਕ ਸ਼ਬਦ ਉਡਾਰੀ, ਮਿਲ ਜੋਤ ਅਗੰਮ ਅਪਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਬਾਲ ਅੰਞਾਣੇ ਸਿੰਘ ਮਨਜੀਤ ਮਾਨਸ ਜਨਮ ਸਵਾਰਿਆ । ਸਚ ਦਵਾਰ ਸੱਚੀ ਸਰਕਾਰ । ਏਕਾ ਜੋਤੀ ਰੂਪ ਰੰਗ ਰੇਖ ਭੇਖ ਅਪਾਰ । ਆਪ ਉਠਾਏ ਆਤਮ ਸੋਤੀ, ਇੰਦ ਇੰਦ੍ਰਾਸਣ ਹਰਿ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਪਤ ਰਾਜੇ ਇੰਦ ਵਡ ਮਰਗਿੰਦ ਦੇਵੇ ਸ਼ਬਦ ਹੁਲਾਰ । ਸ਼ਬਦ ਹੁਲਾਰਾ ਦੇ ਹੁਕਮ ਸੁਣਾਇੰਦਾ । ਕਰੋੜ ਤੇਤੀਸ ਟੁੱਟਾ ਨੇਂਹ, ਵੇਲਾ ਅੰਤ ਮੁਕਾਇੰਦਾ । ਜਨ ਭਗਤਾਂ ਅੰਮ੍ਰਿਤ ਮੁਖ ਚੁਆਏ ਬਰਖੇ ਮੇਂਹ, ਸਦਾ ਅਟਲ ਰਖਾਇੰਦਾ । ਚਰਨ ਪ੍ਰੀਤੀ ਲੱਗਾ ਨੇਂਹ, ਦੋ ਜਹਾਨੀ ਤੋੜ ਨਿਭਾਇੰਦਾ । ਜਨ ਭਗਤਾਂ ਅੰਮ੍ਰਿਤ ਮੁਖ ਚੁਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਸਮਾਇੰਦਾ । ਰਾਣੇ ਇੰਦਰ ਉਠ ਬਲ ਧਾਰ । ਆਪਣਾ ਕਰਮ ਆਪ ਵਿਚਾਰ । ਮਾਤਲੋਕ ਕਲ ਲਿਆ ਜਨਮ, ਛੋਟੇ ਬਾਲੇ ਰੰਗ ਅਪਾਰ । ਜਗਤ ਮਿਟਾਏ ਝੂਠਾ ਭਰਮ, ਹਰਿ ਦੇਵੇ ਸ਼ਬਦ ਦੁਸ਼ਾਲੇ ਨਾਮ ਭੰਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਏ, ਇਕ ਵਖਾਏ ਦਰ ਸੱਚਾ ਦਰਬਾਰ । ਸੁਰਪਤ ਰਾਜੇ ਇੰਦ ਉਠ ਕਰ ਤਿਆਰੀ । ਪ੍ਰਭ ਜੋਤ ਜਗਾਈ ਵਿਚ ਹਿੰਦ, ਨਿਹਕਲੰਕ ਵੱਜਾ ਡੰਕ ਅਪਰ ਅਪਾਰੀ । ਲੱਖ ਚੁਰਾਸੀ ਕਰੇ ਨਿੰਦ, ਦਰ ਘਰ ਸਾਚੇ ਪ੍ਰਭ ਆਪ ਦੁਰਕਾਰੀ । ਗੁਰਮੁਖ ਵਿਰਲਾ ਪ੍ਰਭ ਸਾਚੇ ਦੀ ਸਾਚੀ ਬਿੰਦ, ਉਧਰੇ ਪਾਰ ਜਨਮ ਸਵਾਰੀ । ਪ੍ਰਗਟ ਹੋਏ ਵਡ ਮਰਗਿੰਦ, ਰਾਜੇ ਰਾਣਿਆਂ ਕਰੇ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਬਾਲ ਅੰਞਾਣੇ, ਤੇਰੀ ਸੁਣੇ ਅੰਤ ਪੁਕਾਰੀ । ਰਾਜਾ ਇੰਦਰ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਘਨਕਪੁਰ ਵਾਸੀ ਕਰ ਬੰਦ ਖੁਲਾਸੀ, ਭੋਗੀ ਅਪਛਰਾਂ ਕਈ ਹਜ਼ਾਰ । ਹਰਿ ਨਾ ਜਪਿਆ ਸਵਾਸ ਸਵਾਸੀ, ਅੰਤਮ ਵੇਲੇ ਆਈ ਹਾਰ । ਸਾਚੀ ਜੋਤ ਮਾਤ ਪ੍ਰਕਾਸ਼ੀ, ਨਿਹਕਲੰਕ ਲਏ ਅਵਤਾਰ । ਗੁਰਮੁਖ ਸਾਚੇ ਮਿਲਿਆ ਵਡ ਸ਼ਾਹੋ ਸ਼ਾਬਾਸ਼ੀ, ਏਕਾ ਜੋਤੀ ਜਗਤ ਅਪਾਰ । ਝੂਠੀ ਕਾਇਆ ਜਗਤ ਵਿਨਾਸੀ, ਆਈ ਸਚ ਦਵਾਰ । ਮਾਨਸ ਜਨਮ ਹੋਏ ਰਹਿਰਾਸੀ, ਪ੍ਰਭ ਕੀਤੀ ਕਿਰਪਾ ਵਡ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ, ਸ਼ਬਦ ਸਰੂਪੀ ਹੁਕਮ ਸੁਣਾਏ, ਇੰਦਰ ਇੰਦਰਪੁਰੀ ਵਿਚੋਂ ਹੋ ਜਾਣਾ ਬਾਹਰ । ਇੰਦਰਪੁਰੀ ਛਡ ਦਵਾਰ । ਸਾਚਾ ਧਾਮ ਆਪ ਵਸਾਏ, ਤਖ਼ਤ ਤਾਜ ਸਿਰ ਪਹਿਨਾਏ, ਮਸਤਕ ਤਿਲਕ ਲਗਾਏ ਅੰਮ੍ਰਿਤ ਧਾਰ । ਬਾਲ ਅੰਞਾਣੇ ਮਾਣ ਦਵਾਏ, ਆਪ ਆਪਣੀ ਆਣ ਰਖਾਏ, ਸੋਹੰ ਸ਼ਬਦ ਚਲਾਏ ਰੰਗ ਰੰਗਾਏ ਅਪਰ ਅਪਾਰ ।

੪੪੮
੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀਆਂ ਲੋਆਂ ਸੋਹੰ ਸ਼ਬਦ ਕਰੇ ਜੈ ਜੈ ਜੈਕਾਰ । ਛੋਟਾ ਬਾਲਾ ਤਖ਼ਤ ਬਿਰਾਜੇ । ਪ੍ਰਭ ਅਬਿਨਾਸ਼ੀ ਰੱਖੇ ਲਾਜੇ । ਪੂਰਨ ਹੋਵੇ ਮਾਤ ਕਾਜੇ । ਦੇਵੇ ਵਡਿਆਈ ਪ੍ਰਗਟ ਜੋਤ ਪ੍ਰਭ ਦੇਸ ਮਾਝੇ । ਆਪਣੇ ਰੰਗ ਰਿਹਾ ਰੰਗਾਈ । ਵੇਲੇ ਅੰਤ ਰੱਖੇ ਲਾਜੇ । ਸਾਚਾ ਸੰਗ ਰਿਹਾ ਨਿਭਾਈ, ਆਪ ਵਜਾਏ ਅਨਹਦ ਸ਼ਬਦ ਅਨਾਹਦ ਵਾਜੇ । ਸ਼ਬਦ ਘੋੜੇ ਤੰਗ ਕਸਾਈ, ਸਚ ਸਿੰਘਾਸਣ ਹਰਿ ਬਿਰਾਜੇ । ਦਰਸ ਦਿਖਾਏ ਥਾਉਂ ਥਾਈਂ, ਸ਼ਬਦ ਸਰੂਪੀ ਮਾਰੇ ਅਵਾਜ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਏ ਭੇਵ ਕੋਈ ਨਾ ਪਾਏ ਖੇਲ ਕਰਾਏ ਕਲ ਕਿ ਆਜੇ ।

### ✻ ੧੭ ਹਾੜ ੨੦੧੧ ਬਿਕ੍ਰਮੀ ਕਾਕਾ ਮਨਜੀਤ ਸਿੰਘ ਦੀ ਸਮਾਧ ਤਿਆਰ ਕਰਨ ਦੇ ਨਵਿਤ ਪਿੰਡ ਜੇਠੂਵਾਲ ✻

ਸੱਤ ਮਹੀਨੇ ਉਪਰ ਏਕ । ਪਰਮ ਪੁਰਖ ਕੀ ਸਾਚੀ ਟੇਕ । ਦਰ ਘਰ ਸਾਚਾ ਸਾਚਾ ਹਰਿ, ਨੇਤਰ ਨੈਣ ਲੈਣਾ ਵੇਖ । ਆਪ ਲਿਖਾਏ ਸਾਚੇ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਧਾਰੇ ਭੇਖ । ਸੱਤ ਮਹੀਨੇ ਏਕਾ ਅੰਕ । ਸਾਚਾ ਵੱਜੇ ਸ਼ਬਦ ਡੰਕ । ਜੋਤ ਸਰੂਪੀ ਲੱਗੇ ਤਨਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟਾ ਬਾਲਾ ਅੱਗੇ ਲਾਇਆ, ਧਰਮ ਰਾਏ ਦਰ ਕੁੰਡਾ ਖੋਲ੍ਹ, ਸਾਚਾ ਹੁਕਮ ਆਪ ਸੁਣਾਇਆ, ਖ਼ਾਲੀ ਭਰੇ ਭੰਡਾਰ ਜੋ ਕਰੇ ਰਾਜਾ ਜਨਕ । ਸੱਤ ਮਹੀਨੇ ਇਕ ਇਕਾਦਸ । ਜਗਤ ਅੰਧੇਰ ਕਲਜੁਗ ਅਮਾਵਸ । ਅੰਮ੍ਰਿਤ ਵੇਲਾ ਸੰਞ ਸਵੇਰ, ਦਰ ਘਰ ਸਾਚੇ ਵਿਰਲੇ ਪਾਵਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਸਹਿਜ ਸੁਭਾਵਸ । ਏਕ ਏਕ ਦੋਏ ਜੋੜ । ਦੋਏ ਮਿਲੇ ਨਿਭੀ ਤੋੜ । ਰਸਨਾ ਤੀਰ ਚੜ੍ਹੇ ਚਿੱਲੇ, ਸ਼ਬਦ ਫੜੇ ਸਾਚਾ ਘੋੜ । ਚਾਰ ਕੁੰਟ ਸਰਬ ਹਿੱਲੇ, ਕੋਈ ਨਾ ਸਕੇ ਅੱਗੋਂ ਮੋੜ । ਮੇਟ ਮਿਟਾਏ ਅੱਖੋਂ ਬਿੱਲੇ, ਆਪੇ ਭੰਨ ਹੰਕਾਰੀ ਫੋੜ । ਸਭ ਦੇ ਆਸਣ ਹੋਏ ਢਿੱਲੇ, ਲੱਗੀ ਰਹੇ ਪੀੜ ਜੋੜ । ਕਰਦੇ ਫਿਰਨ ਚਾਲੀਏ ਸ਼ਿਲੇ, ਕਾਇਆ ਰਹੇ ਕੋਹੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤ ਮਹੀਨੇ ਦੋਏ ਦਿਵਸ ਲੱਗੀ ਪ੍ਰੀਤੀ ਨਿਭਾਏ ਤੋੜ । ਏਕਾ ਏਕ ਦੋਏ ਪ੍ਰਕਾਸ਼ । ਦੋਆ ਦੋਅੰ ਸਰਬ ਘਟ ਵਾਸ । ਓਅੰ ਸੋਹੰ ਸਾਚਾ ਜਾਪ । ਰਸਨਾ ਚਲਾਏ ਸਵਾਸ ਸਵਾਸ । ਮੇਟ ਮਿਟਾਏ ਤੀਨੋ ਤਾਪ । ਮਾਨਸ ਜਨਮ ਕਰਾਏ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਤ ਪ੍ਰਕਾਸ਼ੇ, ਮਿਟੇ ਅੰਧੇਰ ਕਾਇਆ ਕੋਟ ਅਕਾਸ । ਏਕਾ ਦੋਆ ਦੋਆ ਭਾਓ । ਗੁਰਮੁਖ ਚੜ੍ਹਾਏ ਸਾਚੇ ਨਾਓ । ਆਪ ਵਖਾਏ ਦਇਆ ਕਮਾਏ, ਅੰਤ ਬਹਾਏ ਸਾਚੇ ਥਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤ ਮਹੀਨੇ ਦੋਏ ਦਿਵਸ ਆਪੇ ਪਗ ਨਿਭਾਓ । ਦੋਏ ਦਿਵਸ ਦਿਵਸ ਰਾਤੀ । ਜਗੀ ਜੋਤ ਮਾਤ ਪਤਾਲ ਅਕਾਸ਼ੀ । ਮਿਲੀ ਦਾਤ ਨਾਮ ਹਰਿ ਸੱਚਾ ਸ਼ਬਦ ਸੱਚੀ ਸੁਗਾਤੀ । ਭਰਮ ਭਲੇਖਾ ਦੂਰ ਕਰਾਇਆ, ਮਿਟਾਏ ਅੰਧੇਰੀ ਰਾਤੀ । ਆਤਮ ਜੋਤ ਨੂਰ ਨੁਰੰਤਰ, ਅੰਮ੍ਰਿਤ ਬੂੰਦ ਪਿਆਏ ਸਵਾਂਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੂਆ ਏਕਾ ਏਕ ਰੰਗ ਰੰਗੇ ਬਹੁ ਭਾਤੀ । ਦੋਆ ਏਕਾ ਏਕਾ ਦੋਆ । ਧੁਰਦਰਗਾਹੀ ਸਾਚਾ ਢੋਆ । ਗੁਰਮੁਖ ਸਾਚਾ ਬਾਲ ਅੰਞਾਣਾ, ਲੋਕਮਾਤ ਨਾ ਜਾਣੇ ਮੋਇਆ । ਏਕਾ ਬਖ਼ਸ਼ੇ ਚਰਨ ਧਿਆਨਾ, ਸਾਚੀ ਸੇਜਾ ਆਸਣ ਸੋਇਆ । ਆਤਮ ਉਪਜੇ ਬ੍ਰਹਮ

ਗਿਆਨਾ । ਅਵਰ ਨਾ ਦਿਸੇ ਕੋਇ ਜਾਣੇ ਨਾ ਕੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤੀ ਜੋਤ ਹਰਿ, ਅੰਮ੍ਰਿਤ ਆਤਮ ਸਾਚਾ ਸੀਰ ਅੰਤਮ ਵੇਲੇ ਮੁਖੜੇ ਚੋਇਆ । ਏਕਾ ਦੋਆ ਦੋਏ ਧਰ । ਦੋਹਾਂ ਧਿਰਾਂ ਹਰਿ ਏਕਾ ਸਰ । ਅੰਮ੍ਰਿਤ ਝਿਰਨਾ ਆਪ ਝਿਰਾਏ, ਵਹਿੰਦੀ ਧਾਰ ਰਹੀ ਝਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤੀ ਜੋਤ ਟਿਕਾਏ ਹਰੀ ਹਰਿ । ਨਰ ਨਿਰਾਹਾਰ ਨਿਰਾਹਾਰ ਨਿਰਾਹਾਰ । ਜੋਤ ਸਰੂਪੀ ਖੇਲ ਅਪਾਰ । ਏਕਾ ਦੋਆ ਦੋਆ ਏਕ, ਸਾਚੇ ਰੰਗ ਕਰੇ ਕਰਤਾਰ । ਅੰਤਮ ਕਰੇ ਬੁਧ ਬਿਬੇਕ, ਮਾਰੇ ਸ਼ਬਦ ਕਟਾਰ । ਕਲਜੁਗ ਮਾਇਆ ਲਾਏ ਨਾ ਸੇਕ, ਜੂਠਾ ਝੂਠਾ ਚੜ੍ਹੇ ਨਾ ਮਾਤ ਬੁਖ਼ਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਫੜ ਫੜ ਬਾਹੋਂ ਜਾਏ ਤਾਰ । ਏਕਾ ਦੋਆ ਤਿੰਨ ਕਲਿਆਣਾ । ਨਾ ਕੋਈ ਵੇਖੇ ਮੜ੍ਹੀ ਮਸਾਣਾ । ਸਾਚੀ ਗੜ੍ਹੀ ਹਰਿ ਭਗਵਾਨਾ । ਅੱਠੇ ਪਹਿਰ ਲਾਈ ਰੱਖੇ ਝੜੀ, ਅੰਮ੍ਰਿਤ ਮੇਘ ਹਰਿ ਬਰਸਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਹੱਥੀਂ ਬੰਨ੍ਹੇ ਆਪੇ ਗਾਨਾ । ਇਕ ਦੋ ਦੋ ਤਿੰਨ ਧਾਰੀ । ਚਲੇ ਸ਼ਬਦ ਅਪਰ ਅਪਾਰੀ । ਦੂਜਾ ਰੰਗ ਹਰਿ ਆਪ ਰੰਗਾਏ, ਹੋਏ ਵਿਚੋਲਾ ਨਾਮ ਵਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਬਹਾਏ ਦਇਆ ਕਮਾਏ, ਸਚ ਮਹੱਲ ਅਟੱਲ ਅਟਾਰੀ । ਉਚੇ ਮੰਦਰ ਆਸਣ ਡੇਰਾ । ਚਾਰੋਂ ਕੁੰਟ ਸ਼ਬਦ ਘੇਰਾ । ਜੋਤ ਸਰੂਪੀ ਜੋਤ ਜਗਾਏ, ਕਰ ਕਰ ਆਪਣੀ ਸਾਚੀ ਮਿਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦੋ ਤਿੰਨ ਤਿੰਨ ਦੋ ਇੱਕ, ਕਰ ਕਰ ਵੇਖੇ ਜਗਤ ਹੇਰਾ ਫੇਰਾ । ਇਕ ਇਕਾਦਸ ਸਤਾਰਾਂ ਹਾੜ । ਸੱਤ ਮਹੀਨੇ ਉਪਰ ਵਾੜ । ਜੋਤੀ ਬਾਤੀ ਨਾੜ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਆਪਣੀ ਧਾੜ । ਅਠਾਰਾਂ ਹਾੜ ਦੂਜਾ ਪੱਖ । ਪੁਰਖ ਪੁਰਖੋਤਮ ਹੋਏ ਵੱਖ । ਜਨ ਭਗਤਾਂ ਦਰਸ ਦਿਖਾਏ, ਪ੍ਰਗਟ ਹੋਏ ਹਰਿ ਪ੍ਰਤਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਰੱਖੇ ਹੱਥ ਹਰਿ ਸਮਰਥ ਆਪੇ ਲਏ ਰੱਖ । ਤੀਜੇ ਦਿਵਸ ਕਰ ਪਿਆਰ । ਤਿੰਨਾਂ ਲੋਕਾਂ ਵੇਖ ਵਿਚਾਰ । ਸੱਤਾਂ ਦੀਪਾਂ ਆਪ ਕਰਾਏ, ਸੱਚਾ ਵਣਜ ਵਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਕਰੇ ਕਰਤਾਰ । ਤਿੰਨ ਲੋਕ ਲੋਆਂ ਅਕਾਰਾ । ਖੇਲ ਕਰੇ ਹਰਿ ਅਪਰ ਅਪਾਰਾ । ਧਰੇ ਭੇਖ ਹਰਿ ਬਣ ਭਿਖਾਰਾ । ਵੇਖਣ ਜਾਏ ਸਰਬ ਭੇਖ, ਮੰਗਣ ਜਾਏ ਇਕ ਦਵਾਰਾ । ਮਿਟਾਉਣ ਜਾਏ ਝੂਠੀ ਰੇਖ, ਚਰਨ ਕਵਲ ਕਵਲ ਚਰਨ ਕਰੇ ਆਪ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜੇ ਦਿਵਸ ਉਨੀ ਹਾੜ, ਜਾਏ ਬਿਆਸ ਕਿਨਾਰਾ । ਸੱਤ ਮਹੀਨੇ ਤਿੰਨ ਦਿਵਸ ਬੀਤੇ । ਕਲਜੁਗ ਤੇਰੀ ਪਰਖੇ ਨੀਤੇ । ਏਕਾ ਸੁਣੇ ਸੁਣਾਏ ਸੋਹੰ ਸ਼ਬਦ ਸੁਹਾਗੀ ਗੀਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਏ ਗੁਰਦਵਾਰੇ ਮੰਦਰ ਮਸੀਤੇ । ਉਨੀਂ ਹਾੜ ਬਣ ਵਣਜਾਰਾ । ਪਰਖਣ ਜਾਏ ਲਾਲ ਅਪਾਰਾ । ਨਾਮ ਘਸਵਟੀ ਸਾਚੀ ਰੱਖੇ, ਮਾਰੇ ਦਮਕ ਜੋਤ ਅੰਗਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਜਗਤ ਨਿਆਰਾ । ਉਨੀਂ ਹਾੜ ਵਡ ਗੁਣ ਗੁਣੀ । ਸੋਹੰ ਸ਼ਬਦ ਜਾਏ ਭਿਛਿਆ ਲੈਣ ਜਗਤ ਪਿਤ ਮਾਤ, ਧਰਤ ਮਾਤ ਤੇਰੀ ਸੋਹਣੀ ਚਿੱਟੀ ਚੁੰਨੀ । ਏਕਾ ਮੰਗੇ ਬੈਠ ਇਕਾਂਤ, ਕੋਈ ਭੇਵ ਨਾ ਜਾਣੇ ਜੀਵ ਦੁਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਤੀਜੇ ਪੁਣ ਛਾਣ ਛਾਣ ਪੁਣ, ਆਪੇ ਵੇਖੇ ਆਤਮ ਸੁੰਨੀ । ਆਤਮ ਸੁੰਨ ਸੁੰਨ ਸਮਾਧਾ । ਤੁਟੇ ਮੁਨ ਚਲੇ ਸ਼ਬਦ ਅਗਾਧਾ । ਸਤਿਗੁਰ

ਪੂਰਾ ਹਰਿ ਲਏ ਚੁਣ, ਦਰ ਘਰ ਸਾਚਾ ਜਿਸ ਨੇ ਲਾਧਾ । ਕਵਣ ਜਾਣੇ ਹਰਿ ਤੇਰੇ ਗੁਣ, ਸ਼ਬਦ ਸਰੂਪੀ ਜਗਤ ਸਬਾਈ ਬਾਧਾ । ਪੂਰਨ ਆਸ ਆਤਮ ਤ੍ਰਿਪਤਾਸਿਆ । ਕਲਜੁਗ ਬੁਝੀ ਪਿਆਸ, ਪਾਇਆ ਪੁਰਖ ਅਬਿਨਾਸ਼ਿਆ । ਨਿਜ ਘਰ ਆਤਮ ਰੱਖੇ ਵਾਸ, ਮਾਨਸ ਜਨਮ ਕਰੇ ਰਹਿਰਾਸਿਆ । ਸਦਾ ਸਦ ਵਸੇ ਪਾਸ, ਅਗਿਆਨ ਅੰਧੇਰ ਵਿਨਾਸਿਆ । ਕਾਇਆ ਮੰਦਰ ਪਤਾਲ ਅਕਾਸ਼, ਸਚ ਮੰਡਲ ਪਾਈ ਰਾਸਿਆ । ਪ੍ਰਗਟ ਹੋਏ ਘਨਕਪੁਰ ਵਾਸ, ਜਨ ਭਗਤਾਂ ਕਰੇ ਬੰਦ ਖ਼ਲਾਸਿਆ । ਮਾਤ ਗਰਭ ਪੂਰ ਕਰਾਏ ਦਸ ਮਾਸ, ਦੇਵੇ ਨਾਮ ਆਹਾਰ ਸ਼ਬਦ ਸਵਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਢਾਲੇ ਸਾਚੇ ਢਾਂਚੇ ਜਿਉਂ ਕੰਚਨ ਪਾਸਿਆ । ਸਚ ਸੁਹੇਲਾ ਮੀਤ ਮੁਰਾਰੜਾ । ਬਣੇ ਸੱਜਣ ਸੁਹੇਲਾ, ਦੇਵੇ ਨਾਮ ਅਪਾਰੜਾ । ਦਰਗਹਿ ਸਾਚੀ ਸਾਚਾ ਮੇਲਾ, ਮਿਲਿਆ ਕੰਤ ਪਿਆਰੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਸੇ ਧਾਮ ਸਾਚੇ ਘਰ, ਗੁਰਮੁਖ ਵੇਖੇ ਰਾਹ ਨਿਆਰੜਾ । ਸਾਚਾ ਧਾਮ ਅਟੱਲ ਅਟੱਲਾ । ਸ਼ਬਦ ਜੋਤੀ ਇਕ ਮਹੱਲਾ । ਬੈਠਾ ਦਿਸੇ ਨਰ ਹਰਿ ਇਕ ਇਕੱਲਾ । ਸੋਹੰ ਸ਼ਬਦ ਖੰਡਾ ਰੱਖੇ, ਤਿੰਨਾਂ ਲੋਆਂ ਸਾਚਾ ਭੱਲਾ । ਨਾਮ ਡੰਡਾ ਮਾਤ ਵਿਚ ਆਪ ਲਗਾਏ ਜਲਾ ਥਲਾ । ਸ੍ਰਿਸ਼ਟ ਸਬਾਈ ਹੋਈ ਭੱਖੇ, ਅੰਤਮ ਲਾਏ ਕਰ ਕਰ ਵਲਾ ਛਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਸ਼ਬਦ ਕੰਨ ਸੁਣਾਏ, ਭਾਣਾ ਮੰਨਣ ਰਾਹ ਸੁਖਾਲਾ । ਭਾਣਾ ਮੰਨ ਦਰਗਹਿ ਪ੍ਰਵਾਨ । ਝੁਲਦਾ ਰਹੇ ਸ਼ਬਦ ਨਿਸ਼ਾਨ । ਅੰਤਮ ਜੋਤੀ ਜੋਤ ਮਿਲਾਨ । ਮਿਲੇ ਸ਼ਬਦ ਬਬਾਣ । ਮਾਤਲੋਕ ਨਾ ਜਾਣੇ ਕੋਇ, ਜਗੇ ਜੋਤ ਨਿਹਕਲੰਕ ਬਲਵਾਨ । ਬੇਮੁਖ ਜੀਵ ਰਹੇ ਸੋਏ, ਵੇਲੇ ਅੰਤ ਸਰਬ ਪਛਤਾਣ । ਗੁਰਮੁਖ ਵਿਰਲਾ ਬੀਜ ਆਤਮ ਸਾਚਾ ਬੋਏ, ਰਸਨਾ ਰਹੇ ਵਖਾਨ । ਸਚ ਸੁਹਾਗਾ ਹਰਿ ਜੀ ਜੋਏ, ਲਾਹੁਣ ਆਇਆ ਜਗਤ ਮੁਕਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਬੇਮੁਖਾਂ ਦੇਂਦਾ ਆਇਆ ਹਾਣ । ਬੇਮੁਖ ਮੂਰਖ ਮੁਗਧ ਗਵਾਰੀ । ਘਰ ਘਰ ਸੁੰਞੇ ਨਰ ਨਾਰੀ । ਉਚੀ ਮਾਰੇ ਇਕ ਉਡਾਰੀ । ਆਪ ਉਠਾਏ ਫੜ ਫੜ ਗ਼ਾਜ਼ੀ, ਚਲੇ ਖੰਡਾ ਦੋ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਨੀਂਹ ਮਾਤ ਉਸਾਰੀ । ਸਤਿਜੁਗ ਸਾਚੇ ਸਚ ਉਸਾਰਾ । ਕਲਜੁਗ ਤੇਰੀ ਅੰਤਮ ਵਾਰਾ । ਬੇਮੁਖਾਂ ਲੱਗੇ ਸ਼ਬਦ ਕਟਾਰਾ । ਗੁਰਮੁਖਾਂ ਮਿਲੇ ਨਾਮ ਅਪਾਰਾ । ਆਪ ਮਿਟਾਏ ਆਤਮ ਦੁੱਖ, ਅੰਮ੍ਰਿਤ ਦੇਵੇ ਠੰਡਾ ਠਾਰਾ । ਇਕ ਉਪਜਾਏ ਸਾਚਾ ਸੁਖ, ਬਣਤ ਬਣਾਏ ਹਰਿ ਨਿਰੰਕਾਰਾ । ਸੁਫ਼ਲ ਕਰਾਏ ਮਾਤ ਕੁੱਖ, ਜਨਮ ਨਾ ਆਵੇ ਦੂਜੀ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਬਹਾਏ ਚਰਨ ਦਵਾਰਾ । ਉਚੀ ਮਾੜੀ ਖੋਲ੍ਹੇ ਬੂਹਾ ਪਹਿਲੀ ਹਾੜੀ । ਦੂਜੇ ਦਰ ਗੁਰਮੁਖ ਵਾੜੀ । ਤੀਜੇ ਨੈਣ ਬਰਖ਼ੇ ਠੰਡੀ ਠਾਰੀ । ਚੌਥੇ ਘਰ ਸੰਤ ਵਾੜੀ । ਪੰਜਵੇਂ ਘਰ ਵਸੇ ਨਾੜ ਨਾੜੀ । ਛੇਵਾਂ ਦਿਸੇ ਸਾਚਾ ਘਰ ਰਿਹਾ ਉਘਾੜੀ । ਸੱਤਵਾਂ ਦੱਸੇ ਸਾਚਾ ਰਾਹ, ਪੁਰਖ ਅਬਿਨਾਸ਼ੀ ਅਗੰਮ ਅਥਾਹ, ਸ਼ਬਦ ਕਰਾਏ ਸਾਚੀ ਵਾੜੀ । ਅੱਠਵਾਂ ਉਠ ਉਠ ਵੇਖੇ, ਗੁਰਮੁਖ ਸਾਚੇ ਸੰਤ ਜਨ, ਜੰਗਲ ਜੂਹ ਵਿਚ ਪਹਾੜੀ । ਨੌਂ ਨੌਂ ਦਰ ਹਰਿ ਵੇਖੇ, ਜੋਤ ਸਰੂਪੀ ਰੱਖੇ ਭੇਖੇ, ਆਪੇ ਲਿਖੇ ਸਾਚੇ ਲੇਖੇ, ਬੇਮੁਖਾਂ ਪਕੜ ਪਛਾੜੇ, ਫੜ ਫੜ ਦਾਹੜੀ । ਦਸਵੇਂ ਦਹਿ ਦਿਸ਼ਾ ਉਠ ਧਾਏ । ਸਾਢੇ ਤਿੰਨ ਹੱਥ ਨੀਂਹ ਉਸਾਰੇ । ਕਲਜੁਗ ਤੇਰੀ ਅੰਤਮ ਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਚਾਰ ਚੁਫੇਰੇ, ਸ਼ਬਦ ਚੰਡ ਪ੍ਰਚੰਡ ਆਪ ਚਮਕਾਏ । ਇਕ ਦਸ ਇਕ ਅਕਾਰ ਹੈ ।

ਵੇਖੇ ਹਰਿ ਸੱਚੀ ਸਰਕਾਰ ਹੈ । ਤਿੰਨਾਂ ਲੋਆਂ ਵਸੇ ਬਾਹਰ ਹੈ । ਜੋਤ ਸਰੂਪੀ ਖੇਲ ਅਪਾਰ ਹੈ । ਗੁਰਮੁਖਾਂ ਖੋਲ੍ਹੇ ਬੰਦ ਕਵਾੜ ਹੈ । ਜੋਤ ਜਗਾਏ ਨਾੜ ਨਾੜ ਹੈ । ਬੇਮੁਖ ਜੀਵ ਬਾਲ ਅੰਞਾਣੇ, ਘਰ ਸਾਚੇ ਦੇਵੇ ਵਾੜ ਹੈ । ਗੁਰਮੁਖ ਸਾਚੇ ਸੁਘੜ ਸਿਆਣੇ, ਕਰੇ ਸ਼ਬਦ ਵਾੜ ਹੈ । ਲੋਕਮਾਤ ਰਾਜੇ ਰਾਣੇ, ਹੋਏ ਭਾਗ ਮਾੜ ਹੈ । ਲੇਖ ਲਿਖਾਏ ਸਤਾਰਾਂ ਹਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ, ਅਗਨ ਜੋਤ ਹਰਿ ਦੇਵੇ ਸਾੜ ਹੈ । ਦਸ ਦੋ ਬਾਰਾਂ । ਲੱਗੀਆਂ ਰਹਿਣ ਜਗਤ ਬਹਾਰਾਂ । ਛਤਰ ਸੋਹਣ ਕੰਤ ਨਾਰਾਂ । ਗੁਰਮੁਖ ਸਾਚੇ ਸੰਤਾਂ, ਕਰੇ ਵਣਜ ਵਪਾਰਾ । ਲੱਖ ਚੁਰਾਸੀ ਜੀਵ ਜੰਤਾਂ, ਰਹੇ ਤਨ ਅਫਾਰਾ । ਆਪ ਬਣਾਏ ਸਾਚੀ ਬਣਤਾ, ਜਨ ਦੇਵੇ ਨਾਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਆਪ ਵਰਤਾਏ, ਸੋਹੰ ਸ਼ਬਦ ਸੱਚਾ ਭੰਡਾਰਾ । ਦਸ ਤਿੰਨ ਤੇਰਾਂ ਤੇਰਵੀਂ ਧਾਰੀ । ਸਦੀ ਚੌਧਵੀਂ ਪ੍ਰਭ ਵਖਾਣੀ, ਕਲਜੁਗ ਤੇਰੀ ਸਾਚੀ ਰਾਣੀ । ਅੰਤਮ ਕਲਜੁਗ ਆਈ ਹਾਨੀ । ਲੇਖ ਲਿਖਾਏ ਪਹਿਲੀ ਹਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁੱਲਾਂ ਮੁਲਾਣੇ ਵਡ ਜਰਵਾਣੇ ਆਪ ਪਛਾੜੇ ਫੜ ਫੜ ਦਾਹੜੀ । ਦਸ ਚਾਰ ਚੌਦਾਂ ਲੋਕ । ਸੋਹੰ ਸ਼ਬਦ ਸੁਣਾਏ ਸੱਚਾ ਸਲੋਕ । ਧੁਰ ਦਰਗਾਹੀ ਕੋਇ ਨਾ ਸਕੇ ਰੋਕ । ਲੱਖ ਚੁਰਾਸੀ ਧਰਮ ਰਾਏ ਦੀ ਦੇਵੇ ਫਾਸੀ, ਅੰਤਮ ਵੇਲੇ ਦੇਵੇ ਝੋਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਸੁਣਾਏ ਸ਼ਬਦ ਸਲੋਕ । ਦਸ ਪੰਜ ਪੰਦਰਾਂ । ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ ਸੰਤ ਜਨਾਂ, ਆਪੇ ਤੋੜੇ ਆਤਮ ਜੰਦਰਾ । ਸਾਚੀ ਜੋਤ ਆਪ ਬਲੋਏ, ਕਾਇਆ ਡੂੰਘੀ ਕੰਦਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਆਪ ਫਿਰਾਏ, ਘਰ ਘਰ ਭੌਂਦੇ ਫਿਰਨ ਬੰਦਰਾ । ਦਸ ਛੇ ਸੋਲਾਂ ਸੋਲਾਂ ਪ੍ਰਧਾਨ । ਸੋਲਾਂ ਕਲੀਆਂ ਜਗਤ ਨਿਸ਼ਾਨ । ਆਪ ਝੁਲਾਏ ਸ੍ਰੀ ਭਗਵਾਨ । ਸੱਤਾਂ ਦੀਪਾਂ ਨੌਆਂ ਖੰਡਾਂ ਪ੍ਰਿਥਮੀ ਵਿਚ ਜਹਾਨ । ਸਾਚਾ ਭੇਵ ਆਪ ਖੁਲ੍ਹਾਏ, ਸਤਾਰਾਂ ਹਾੜ ਵੇਖ ਵਖਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਜਾਣੀ ਜਾਣ । ਸੋਲਾਂ ਕਲਾਂ ਕਲਗੀ ਅਵਤਾਰਾ । ਕਰੇ ਖੇਲ ਅਪਰ ਅਪਾਰਾ । ਕਲਜੁਗ ਤੇਰੀ ਅੰਤਮ ਵਾਰਾ । ਗੁਰਮੁਖ ਵਿਰਲਾ ਦਰ ਘਰ ਸਾਚੇ ਪਲਾ, ਸਿਰ ਦੇਵੇ ਛਤਰ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਵ ਖੁਲ੍ਹਾਏ, ਚਿੱਟੇ ਅਸਵ ਹਰਿ ਚੜ੍ਹਾਏ, ਚਾਰ ਕੁੰਟ ਰਿਹਾ ਦੁੜਾਏ, ਪੰਚਮ ਜੇਠ ਹੋ ਅਸਵਾਰਾ । ਸਾਚਾ ਭੇਵ ਆਪ ਲਿਖਾਏ, ਦਇਆ ਕਮਾਏ ਸਤਾਰਾਂ ਹਾੜਾ । ਸਤਾਰਾਂ ਹਾੜੀ ਵਦੀ ਸੁਦੀ । ਆਪ ਜਾਣੇ ਲੱਖ ਚੁਰਾਸੀ ਆਤਮ ਬੁੱਧੀ । ਭੇਵ ਨਾ ਰੱਖੇ ਕੋਈ ਗੁੱਝੀ । ਏਕਾ ਧਾਰ ਸੱਚੀ ਸਰਕਾਰ, ਨਿਹਕਲੰਕ ਅਵਤਾਰ ਵਿਚ ਮਾਤ ਸੁਝੀ । ਨਿਹਕਲੰਕ ਕਲਗੀ ਅਵਤਾਰ, ਗੁਰਮੁਖ ਸਾਚੇ ਤੇਰੀ ਕਾਇਆ ਚਰਨ ਪ੍ਰੀਤੀ ਝੂਜੀ । ਹਰਿ ਘਾਟ ਨੇੜੇ ਵਾਟ ਹੈ । ਹਰਿ ਘਾਟ ਨਾ ਕੋਈ ਤੀਰਥ ਨਾ ਕੋਈ ਤਾਟ ਹੈ । ਹਰਿ ਘਾਟ ਏਕਾ ਜੋਤ ਜਗੇ ਅਮੋਲਾ ਸਚ ਲਲਾਟ ਹੈ । ਆਪ ਮਿਟਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਵਖਾਏ ਦਇਆ ਕਮਾਏ, ਬਜ਼ਰ ਕਪਾਟੀ ਜਾਏ ਪਾਟ ਹੈ । ਹਰਿ ਘਟ ਆਤਮ ਸਰ, ਸਾਚਾ ਤੀਰਥ ਸਾਚਾ ਤਾਟ ਹੈ । ਆਪ ਵਖਾਏ ਖੋਲ੍ਹੇ ਦਰ, ਸਾਚੀ ਜੋਤ ਜਗੇ ਲਲਾਟ ਹੈ । ਆਪ ਮਿਟਾਏ ਜਮ ਕਾ ਝੂਠਾ ਡਰ, ਆਪ ਖੁਲ੍ਹਾਏ ਸਾਚਾ ਹਾਟ ਹੈ । ਦੇਵੇ ਨਾਮ ਸਾਚਾ ਵਰ, ਹੋਏ ਰੁਸ਼ਨਾਈ ਕਾਇਆ ਮਾਟ ਹੈ । ਦੀਪਕ ਜੋਤੀ ਦੇਵੇ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦਰ ਵਖਾਏ, ਕਲਜੁਗ


੪੫੨
੦੪

ਅੰਤਮ ਆਣ ਲਿਖਾਏ, ਚਾਰ ਵਰਨ ਬਸਾਏ ਏਕਾ ਘਰ ਸਰ ਘਾਟ ਹੈ । ਆਤਮ ਅੰਦਰ ਏਕਾ ਮਾਰੇ ਸਾਚਾ ਜੰਦਰ । ਵੇਖ ਵਿਚਾਰੇ ਕਿਰਪਾ ਧਾਰੇ, ਨਰ ਨਿਰੰਕਾਰੇ ਭਗਤ ਅਧਾਰੇ, ਜੋਤ ਅਕਾਰੇ ਕਾਇਆ ਕੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੀ ਜੋਤ ਆਪ ਬਲੋਏ, ਅਵਰ ਨਾ ਜਾਣੇ ਕੋਇ, ਆਪ ਉਠਾਏ ਮਾਤ ਸੋਏ, ਭਾਗ ਲਗਾਏ ਕਾਇਆ ਮੰਦਰ । ਸਾਚਾ ਘਾਟ ਸਖੀ ਸੁਲਤਾਨ ਹੈ । ਨਿਕਲੇ ਇਕ ਲਲਾਟ, ਜੋਤ ਇਕ ਮਹਾਨ ਹੈ । ਕਲਜੁਗ ਤੇਰੀ ਅੰਤਮ ਨੇੜੇ ਆਈ ਵਾਟ ਹੈ । ਪ੍ਰਗਟ ਹੋਇਆ ਬਲੀ ਬਲਵਾਨ ਹੈ । ਝੂਠਾ ਚੋਲਾ ਗਿਆ ਪਾਟ, ਨਾ ਹੋਏ ਕੋਈ ਸਹਾਈ ਹੈ । ਏਕਾ ਮਾਰੇ ਸ਼ਬਦ ਝਾਟ, ਚਾਰ ਕੁੰਟ ਮਾਰ ਉਡਾਰ ਹੈ । ਲੱਖ ਚੁਰਾਸੀ ਅੰਤਮ ਹੋਣੀ ਮਾਟ, ਧਰਤ ਮਾਤ ਗੋਦ ਸੁਹਾਈ ਹੈ । ਏਕਾ ਸ਼ਬਦ ਵਿਕਾਵੇ ਸਾਚੇ ਹਾਟ, ਗੁਰਮੁਖ ਵਿਰਲਾ ਵਣਜ ਕਰਾਈ ਹੈ । ਆਪ ਬਹਾਏ ਦਇਆ ਕਮਾਏ ਆਤਮ ਸਾਚੇ ਘਾਟ, ਸੋਹਣੀ ਸੇਜਾ ਆਪ ਵਿਛਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ, ਲੋਕਮਾਤ ਜੋਤ ਜਗਾਈ ਹੈ । ਸਾਚਾ ਘਾਟ ਹਰਿ ਭਗਵਾਨ । ਝੁੱਲੇ ਸਦਾ ਇਕ ਨਿਸ਼ਾਨ । ਕੋਇ ਨਾ ਲੱਗੇ ਏਥੇ ਮੁੱਲੇ, ਮਿਲਦਾ ਸੱਚਾ ਇਕ ਬਬਾਨ । ਗੁਰਮੁਖ ਵਿਰਲਾ ਪੂਰਾ ਤੋਲ ਤੁਲੇ, ਫਲ ਲਗਾਏ ਕਾਇਆ ਡਾਹਨ । ਚਰਨ ਪ੍ਰੀਤੀ ਘੋਲ ਘੁਲੇ, ਦੇਵੇ ਦਰਸ ਗੁਣ ਨਿਧਾਨ । ਕਲਜੁਗ ਜੀਵ ਝੂਠੀ ਮਾਇਆ ਅੰਤਮ ਰੁੱਲੇ, ਚਾਰ ਕੁੰਟ ਹੋਏ ਹੈਰਾਨ । ਭਾਗ ਲਗਾਏ ਗੁਰਮੁਖ ਤੇਰੀ ਕਾਇਆ ਕੁੱਲੇ, ਕਿਰਪਾ ਕਰੇ ਮਹਾਨ । ਦਰ ਦਵਾਰੇ ਸਦਾ ਖੁਲ੍ਹੇ, ਧਰੇ ਜੋਤ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚਾ ਹਰਿ ਲੋਕਮਾਤ ਜੋਤ ਧਰ, ਜੋਤੀ ਖੇਲ ਕਰੇ ਭਗਵਾਨ । ਸਾਚਾ ਘਾਟ ਜਗਤ ਨਿਆਰਾ । ਕਿਸੇ ਨਾ ਦਿਸੇ ਪਾਰ ਕਿਨਾਰਾ । ਕਲਜੁਗ ਤੇਰੀ ਨੇੜੇ ਵਾਟ, ਲੱਖ ਚੁਰਾਸੀ ਅੰਤਮ ਆਈ ਹਾਰਾ । ਦੂਈ ਦਵੈਤੀ ਲੱਗਾ ਫੱਟ, ਆਤਮ ਦੁੱਖੜਾ ਲਾਹੇ ਭਾਰਾ । ਦੁਰਮਤ ਮੈਲ ਕੋਈ ਨਾ ਦੇਵੇ ਕਾਟ, ਅਠ ਸਠ ਤੀਰਥਾਂ ਹੋਏ ਖੁਆਰਾ । ਗੁਰਮੁਖ ਵਿਰਲੇ ਪ੍ਰਭ ਦਰ ਰਸ ਸਾਚਾ ਰਹੇ ਚਾਟ, ਮੇਟ ਮਿਟਾਏ ਅੰਧ ਅੰਧਿਆਰਾ । ਦੀਪਕ ਜੋਤ ਜਗਾਏ ਵਿਚ ਲਲਾਟ, ਦੇਵੇ ਨਾਮ ਸ਼ਬਦ ਭੰਡਾਰਾ । ਆਪ ਕਰਾਏ ਪੂਰੀ ਘਾਟ, ਗੁਰਮੁਖ ਬਣੇ ਦਰ ਵਣਜਾਰਾ । ਜੋਤ ਜਗਾਏ ਕਾਇਆ ਮਾਟ, ਜਗੇ ਜੋਤ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਨਰ ਨਰਾਇਣ ਰੂਪ ਅਗੰਮ ਅਪਰ ਅਪਾਰਾ । ਹਰਿ ਉਪਦੇਸ਼ ਸੰਤ ਜੈਕਾਰਿਆ । ਵੇਖ ਵਖਾਣੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼, ਤਿੰਨਾਂ ਲੋਆਂ ਪਾਵੇ ਸਾਰਿਆ । ਜੋਤ ਸਰੂਪੀ ਧਰ ਧਰ ਭੇਖ, ਸੰਤ ਸਾਜਨ ਹਰਿ ਰਿਹਾ ਵੇਖ, ਖੋਲ੍ਹੇ ਬੰਦ ਕਵਾੜਿਆ । ਧੁਰਦਰਗਾਹੀ ਪਿਛਲੀ ਵੇਖੇ ਰੇਖ, ਲੋਕਮਾਤ ਘਰ ਸਾਚੇ ਲੇਖ ਸਤਾਰਾਂ ਹਾੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਮਾਤ ਜਗਾਏ ਲੁਕਿਆ ਰਹਿਣ ਨਾ ਦੇਵੇ ਕੋਈ ਜੰਗਲ ਜੂਹ ਵਿਚ ਪਹਾੜਿਆ । ਸੰਤ ਜਨਾਂ ਹਰਿ ਸਚ ਉਪਦੇਸਾ । ਜਗੇ ਜੋਤ ਹਰਿ ਮਾਝੇ ਦੇਸਾ । ਆਪੇ ਧਾਰੇ ਕਰ ਵਿਚਾਰੇ, ਚਵੀ ਵਾਰੇ ਆਪੇ ਕਰੇ ਵੇਸਾ । ਨਿਹਕਲੰਕ ਨਰ ਅਵਤਾਰੇ, ਏਕਾ ਛਤਰ ਝੁਲਾਏ ਸੀਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ ਭੇਵ ਮਿਟਾਏ ਬੀਸ ਇਕੀਸਾ । ਸੰਤ ਜਨਾਂ ਹਰਿ ਹੋਏ ਦਿਆਲਾ । ਦੇਵੇ ਸੱਚਾ ਨਾਮ ਸਦਾ ਕਰੇ ਪ੍ਰਿਤਪਾਲਾ । ਅੰਮ੍ਰਿਤ ਦੇਵੇ ਸਾਚਾ ਜਾਮ, ਅੰਮ੍ਰਿਤ ਭਰੇ ਪਿਆਲਾ । ਕੋਈ ਨਾ ਲਾਏ ਏਥੇ ਦਾਮ, ਤੋੜੇ ਜਗਤ ਜੰਜ਼ਾਲਾ । ਸੁੱਕਾ ਹਰਾ ਕਰੇ ਚਾਮ, ਜੋ ਜਨ ਆਏ ਮਤਵਾਲਾ । ਪੂਰ ਕਰਾਏ ਆਪਣਾ

ਕਾਮ, ਸਾਲ ਗਿਆਰਵੇਂ ਸੁਰਤ ਸੰਭਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵੇਖ ਵਖਾਣੇ ਭੇਖ ਪਖੰਡਾਂ, ਸ਼ਬਦ ਡੰਡੇ ਲਾਉਂਦਾ ਪਾਸਾ । ਸ਼ਬਦ ਡੰਡਾ ਹਰਿ ਜੀ ਫੜਿਆ । ਚਿੱਟੇ ਘੋੜੇ ਹਰਿ ਜੀ ਚੜ੍ਹਿਆ । ਸਾਧ ਸੰਤ ਦਿਸੇ ਕੋਈ ਨਾ ਅੜਿਆ । ਇਕ ਰਖਾਏ ਚਾਰ ਕੁੰਟ, ਸ਼ਬਦ ਸਰੂਪੀ ਸਾਚੀ ਧੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਆਤਮ ਜੋਤੀ, ਸੰਤਾਂ ਭਗਤਾਂ ਜੀਆਂ ਜੰਤਾਂ, ਅੱਠੇ ਪਹਿਰ ਹਰਿ ਰਿਹਾ ਲੜਿਆ । ਅੱਠੇ ਪਹਿਰ ਰਹੇ ਸਰਨਾਈ । ਸਤਾਰਾਂ ਹਾੜ ਖ਼ੁਸ਼ੀਆਂ ਨਾਲ ਮਨਾਈ । ਵਾਰ ਅਠਾਰਵੇਂ ਹਿੱਸੇ ਤੇਰੇ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਤਾਣ ਸਰਬ ਮਿਟਾਈ । ਮਾਣ ਤਾਣ ਸਰਬ ਮਿਟਾਏ, ਕਲਜੁਗ ਤੇਰੀ ਲਾਹੇ ਛਾਹੀ ਕਾਲਾ ਦਾਗ਼ । ਗੁਰਮੁਖਾਂ ਭਾਗ ਗਏ ਜਾਗ । ਪ੍ਰਗਟ ਜੋਤ ਨਿਹਕਲੰਕ ਆਪ ਬੁਝਾਏ ਆਤਮ ਆਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਊ ਗਰੀਬ ਨਿਮਾਣਿਆਂ ਗਲੇ ਲਗਾਏ, ਜਿਉਂ ਬਿਦਰ ਖਾਇਆ ਅਲੂਣਾ ਸਾਗ । ਬੱਝੇ ਸ਼ਬਦ ਜੰਜ਼ੀਰ ਹੱਥਕੜੀ ਹੈ । ਕਲਜੁਗ ਕੱਟਣ ਆਇਆ ਪੀੜ, ਕਲਜੁਗ ਲਾਈ ਵਾਹਵਾ ਝੜੀ ਹੈ । ਜਨ ਭਗਤਾਂ ਬੰਨ੍ਹਣ ਆਇਆ ਬੀੜ, ਸ਼ਬਦ ਸੋਟੀ ਹੱਥ ਫੜੀ ਹੈ । ਨਾ ਜਾਣੇ ਹਸਤ ਕੀੜ, ਏਕਾ ਤੋਲ ਤੋਲੇ, ਜੋਤ ਸਰੂਪੀ ਆਤਮ ਬੋਲੇ, ਨਾ ਰੱਖੇ ਕੋਈ ਸੇਰ ਧੜੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤੀ ਦੀਪ ਜਗਾਏ, ਪ੍ਰਗਟ ਹੋਇਆ ਵਿਚੋਂ ਗੋਰ ਮੜ੍ਹੀ ਹੈ । ਗੋਰ ਮੜ੍ਹੀ ਜਗਤ ਮਸਾਣਾ । ਪ੍ਰਗਟ ਹੋਇਆ ਹਰਿ ਭਗਵਾਨਾ । ਖੇਲ ਕੀਆ ਜਗਤ ਮਹਾਨਾ । ਕਲਜੁਗ ਤੇਰਾ ਮਿਟੇ ਨਿਸ਼ਾਨਾ । ਤੋੜੇ ਮਾਣ ਵਡ ਹੰਕਾਰਿਆ, ਮਾਰੇ ਸ਼ਬਦ ਨਿਸ਼ਾਨਾ । ਦੇਵੇ ਨਾਮ ਸਚ ਵਪਾਰੀਆ, ਖੋਲ੍ਹੇ ਮਾਲ ਖ਼ਜ਼ਾਨਾ । ਲਾੜੀ ਮੌਤ ਹੱਥ ਪਸਾਰਿਆ, ਚਾਰ ਕੁੰਟ ਆਪ ਭਵਾਨਾ । ਸਾਧਾਂ ਸੰਤਾਂ ਆਈ ਵਾਰਿਆ, ਪ੍ਰਗਟ ਜੋਤ ਨਿਹਕਲੰਕ ਬਲੀ ਬਲਵਾਨਾ । ਸਤਾਰਾਂ ਹਾੜ ਜੋਤ ਜਗਾਏ, ਦਇਆ ਕਮਾਏ, ਸਾਚੇ ਧਾਮ ਰਖਾਏ, ਸ਼ਬਦ ਸਰੂਪੀ ਬਚਨ ਚਲਾਏ ਕਰੇ ਖੇਲ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਕੋਲੋਂ ਮੰਗਣ ਜਾਏ ਨਾਮ ਦਾਨਾ । ਮੰਗਣ ਜਾਏ ਨਾਮ ਦਾਨ । ਅੱਗੇ ਡਾਹੇ ਝੋਲੀ, ਚਰਨ ਧੂੜ ਕਰੇ ਇਸ਼ਨਾਨ । ਕਲਜੁਗ ਤੇਰੀ ਵਿਆਹੇ ਬੋਲੀ, ਆਪ ਰਖਾਏ ਮਾਣ ਤਾਣ । ਸਭ ਦੇ ਰਿਹਾ ਪੜਦੇ ਖੋਲ੍ਹੀ, ਜਨ ਸੰਤਾਂ ਮਾਰੇ ਆਤਮ ਬਾਣ । ਸ਼ਬਦ ਸਰੂਪੀ ਰਿਹਾ ਬੋਲੀ, ਆਤਮ ਜੋਤੀ ਜਗੇ ਮਹਾਨ । ਸਦ ਵਸੇ ਕੋਲ ਕੋਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੇ ਰੰਗ ਆਪ ਰੰਗਾਏ, ਸਾਚੀ ਰੰਗਣ ਰੰਗ ਕਰਾਏ, ਆਪੇ ਪਾਏ ਸੂਸੀ ਕਾਲੀ । ਪਹਿਲੀ ਚਿੱਟੀ ਚੋਲੀ ਗਲ ਪਾਏ ਰੰਗ ਲਾਲ । ਜਗਤ ਵਿਚੋਲੇ ਭਗਤ ਦਲਾਲ । ਕਲਜੁਗ ਜੀਵਾਂ ਖੋਲ੍ਹੇ ਪੋਲੇ, ਘਰ ਘਰ ਵੇਖੇ ਫਲ ਲੱਗੇ ਡਾਲ । ਕਾਲਾ ਭੇਖ ਹਰਿ ਜੀ ਖੋਲ੍ਹੇ, ਕਾਲ ਰੂਪ ਕਲ ਖਾਏ ਕਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਆਪ ਰਖਵਾਲ । ਕਾਲਾ ਚੋਲਾ ਤਨ ਛੁਹਾਵਣਾ । ਕਲਜੁਗ ਤੇਰਾ ਵੇਸ ਕਰਾਵਣਾ । ਧਾਰ ਭੇਖ ਨਰ ਨਰੇਸ਼, ਚਰਨ ਬਿਆਸੇ ਜਾ ਟਿਕਾਵਣਾ । ਸੋਹਣਾ ਲੱਗੇ ਹਰਿ ਜੀ ਵੇਸ, ਖੁਲ੍ਹੇ ਕੇਸ ਕਰ ਵਖਾਵਣਾ । ਕਿਹੜਾ ਬੁੱਝੇ ਸ੍ਰੀ ਦਸਮੇਸ਼, ਆਪਣਾ ਭੇਵ ਆਪ ਖੁਲ੍ਹਾਵਣਾ । ਹੱਥ ਨਾ ਆਵੇ ਕਿਸੇ ਨਰ ਨਰੇਸ਼, ਮਾਇਆ ਪੜਦਾ ਹਰਿ ਜੀ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਭਰਮ ਭਉ ਚੁਕਾਵਣਾ । ਜਨ ਭਗਤਾਂ ਜਾਣੇ ਮਿਤ ਗਤ । ਫੜ ਫੜ ਬਾਹੋਂ ਦੇਵੇ ਮਤ । ਆਤਮ ਦੇਵੇ ਧੀਰਜ ਸਾਚਾ ਯਤ, ਸ਼ਬਦ ਸਤਿ ਵਿਚ ਟਿਕਾਵਣਾ । ਚਰਨ ਪ੍ਰੀਤੀ ਨਿਭੇ ਨਤ, ਦੋ

ਜਹਾਨੀ ਤੋੜ ਨਿਭਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਉਂ ਮੰਗਣ ਜਾਏ ਝੋਲੀ ਡਾਹੇ ਵਿਚ ਸਥ, ਪੜਦਾ ਉਹਲਾ ਸਰਬ ਗਵਾਇੰਦਾ । ਮੰਗੇ ਨਾਮ ਬਣ ਭਿਖਾਰਿਆ । ਕਲਜੁਗ ਤੇਰੀ ਅੰਤਮ ਵਾਰਿਆ । ਸੋਹੰ ਸ਼ਬਦ ਲੇਖੇ ਲਾਏ ਮਾਰ ਉਡਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਚਿੱਟੇ ਅਸਵ ਜਾਏ ਹੋਏ ਅਸਵਾਰਿਆ । ਹੋਏ ਅਸਵਾਰ ਕਲਜੁਗ ਤੇਰੀ ਮਿਟੇ ਘਟਾ ਕਾਲੀ । ਆਪੇ ਬਣੇ ਜਗ ਖੇਵਟ ਖੇਟਾ, ਕੋਈ ਦਰ ਨਾ ਦਿਸੇ ਖਾਲੀ । ਗੁਰਮੁਖ ਸਾਚੇ ਸੰਤ ਜਨ ਸ਼ਬਦ ਸੂਤਰ ਸਾਚੇ ਚੋਲੇ ਆਪ ਲਪੇਟੇ, ਨਾ ਕੋਈ ਮੰਗੇ ਦਲਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਆਪੇ ਝਾੜੇ । ਉਚੇ ਡਾਹਲੇ ਲੱਗੇ ਫ਼ਲ ਇਕੋ ਮਾਰੇ ਵਡੀ ਛਾਲੀ । ਅੰਤਮ ਵੇਲਾ ਵਕਤ ਸੁਹਾਵਣਾ । ਸਾਚਾ ਕੰਤ ਆਪ ਅਖਵਾਵਣਾ । ਫੜ ਬਾਹੋਂ ਹੁਕਮ ਸੁਣਾਵਣਾ । ਅਗੰਮ ਅਥਾਹੋ ਬੇਪ੍ਰਵਾਹੋ, ਆਪਣਾ ਭਾਣਾ ਆਪ ਵਖਾਵਣਾ । ਬਣ ਸਾਚਾ ਸੱਚੋ ਸ਼ਾਹੋ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲਾ ਚਰਨ ਬਿਆਸ ਰਖਾਵਣਾ । ਸਾਚਾ ਚਰਨ ਬਿਆਸ ਰਖਾਏ । ਕਲਗੀਧਰ ਜੋਤ ਪ੍ਰਗਟਾਏ । ਸਾਚਾ ਹਰਿ ਆਪ ਅਖਵਾਏ । ਮੰਗਣ ਜਾਏ ਸਾਚਾ ਦਰ, ਸੰਤ ਵਿਚੋਲਾ ਵਿਚ ਰਖਾਏ । ਆਪੇ ਵੇਖੇ ਚੌਥੇ ਘਰ, ਜੋਤ ਸਰੂਪੀ ਡਗਮਗਾਏ । ਕਿਸੇ ਕੋਲੋਂ ਨਾ ਰੱਖੇ ਡਰ, ਸਭ ਤੇ ਪੜਦੇ ਰਿਹਾ ਪਾਏ । ਮੰਗਣ ਜਾਏ ਨਾਮ ਵਰ, ਕਾਇਆ ਝੋਲੀ ਅੱਗੇ ਡਾਹੇ । ਨਾ ਜਨਮੇ ਨਾ ਜਾਏ ਮਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਵਟਾਏ । ਸਾਚੇ ਸੰਤ ਨਾਮ ਕੁੜਮਾਈਆ । ਪ੍ਰਭ ਦੇਵਣ ਆਇਆ ਮਾਤ ਵਧਾਈਆ । ਏਕਾ ਜਗੇ ਜੋਤ ਹੋਏ ਜਗਤ ਰੁਸ਼ਨਾਈਆ । ਪ੍ਰਗਟ ਹੋਇਆ ਜਨ ਭਗਤਾਂ ਵਾਲੀ, ਸਾਚੀ ਬਣਤ ਰਿਹਾ ਬਣਾਈਆ । ਦੋਵੇਂ ਹੱਥ ਰੱਖੇ ਖਾਲੀ, ਸ੍ਰਿਸ਼ਟ ਸਬਾਈ ਫੜ ਫੜਾਈਆ । ਚਰਨ ਲਗਾਏ ਹਿੰਦ ਵਾਲੀ, ਅਚਰਜ ਖੇਲ ਕਰੇ ਰਘੁਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜ ਖ਼ੁਸ਼ੀਆਂ ਨਾਲ ਮਨਾਈਆ । ਦੇਹ ਕਾਇਆ ਚੋਲਾ ਪਾਟਾ ਹੈ । ਚਾਰੋਂ ਤਰਫ ਦਿਸੇ ਘਾਟਾ ਹੈ । ਖ਼ਾਲੀ ਹੋਇਆ ਕਾਇਆ ਮਾਟਾ ਹੈ । ਜਗੇ ਜੋਤ ਨਾ ਵਿਚ ਲਲਾਟਾ ਹੈ । ਝੂਠਾ ਮੰਦਰ, ਨਾ ਕੋਈ ਤੀਰਥ ਨਾ ਕੋਈ ਤਾਟਾ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਮਾਤ ਕਰੇ ਕਰਾਏ, ਵੇਖੇ ਵੇਖ ਵਖਾਣੇ ਭੇਵ ਕੋਈ ਨਾ ਜਾਣੇ, ਭੁੱਲੇ ਰਾਜੇ ਰਾਣੇ, ਭੇਖਾ ਭੇਖ ਕਰੇ ਜਿਉਂ ਬਾਜ਼ੀਗਰ ਨਾਟਾ ਹੈ । ਬਾਜ਼ੀਗਰ ਨਟੂਆ ਨਾਟ । ਕਲਜੁਗ ਤੇਰਾ ਅੰਤਮ ਘਾਟ । ਏਕਾ ਸਾਚੀ ਸੇਜ ਵਿਛਾਏ, ਉਤੇ ਆਸਣ ਹਰਿ ਜੀ ਲਾਏ, ਨਾਮ ਰਖਾਏ ਆਤਮ ਖਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਸੰਗ ਲਿਆਏ, ਚਾਰ ਵਰਨ ਖੁਲ੍ਹਾਏ ਸਾਚਾ ਹਾਟ । ਹਰਿ ਭੇਖੀ ਸਦਾ ਪਖੰਡੀ ਹੈ । ਨਾ ਵੇਖੇ ਰਾਹ ਨਾ ਕੋਈ ਡੰਡੀ ਹੈ । ਸਦ ਪਾਉਂਦਾ ਰਹਿੰਦਾ ਵੰਡੀ ਹੈ । ਬੇਮੁਖਾਂ ਕਾਇਆ ਤਨ ਰੰਡੀ ਹੈ । ਸ਼ਬਦ ਫੜੀ ਰੱਖੇ ਚੰਡੀ ਹੈ । ਜੋਤ ਜਗਦੀ ਰਹੇ ਵਰਭੰਡੀ ਹੈ । ਜਨ ਭਗਤਾਂ ਸੰਤ ਦੁਲਾਰਿਆਂ, ਪੰਜਾਂ ਦੂਤਾਂ ਰਿਹਾ ਖੰਡੀ ਹੈ । ਸਾਚਾ ਦੇਵੇ ਨਾਮ ਉਜਆਰਿਆ । ਸਿੰਘ ਸਿੰਘਾਸਣ ਬੈਠਾ ਰਿਹਾ ਵੰਡੀ ਹੈ । ਅਚਰਜ ਖੇਲ ਕਰੇ ਕਰਤਾਰਿਆ, ਸਭ ਜੀਆਂ ਤੋੜੇ ਘਮੰਡੀ ਹੈ । ਨਿਹਕਲੰਕ ਨਰਾਇਣ ਨਰ ਅਵਤਾਰਿਆ, ਆਪੇ ਵਸੇ ਉਤਭੁਜ ਸੇਹਤਜ ਜੇਰਜ਼ ਅੰਡੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰੱਖੇ ਵਾਸ, ਖੰਡ ਬ੍ਰਹਿਮੰਡ ਵਰਭੰਡੀ ਹੈ । ਖੰਡ ਬ੍ਰਹਿਮੰਡ ਹਰਿ ਕਾ ਵਾਸ । ਜਗੇ ਜੋਤ ਨਿਰਾਲੀ, ਉਪਰ ਗਗਨ ਅਕਾਸ਼, ਦੀਪਕ ਜੋਤੀ ਸਾਚੀ ਬਾਲੀ, ਲੋਕਮਾਤ ਹੋਇਆ ਪ੍ਰਕਾਸ਼ । ਗੁਰਮੁਖ

ਕਾਇਆ ਕੋਈ ਨਾ ਦਿਸੇ ਖ਼ਾਲੀ, ਮਿਲਿਆ ਹਰਿ ਸੱਚਾ ਪੁਰਖ ਅਬਿਨਾਸ਼ । ਫਲ ਲਗਾਵੇ ਸਾਚੀ ਡਾਲੀ, ਕਟੇ ਰੋਗ ਦਸ ਦਸ ਮਾਸ । ਬੇਮੁਖਾਂ ਕਰੇ ਕਲਜੁਗ ਅੰਤਮ ਚਾਲੀ, ਲੱਖ ਚੁਰਾਸੀ ਹੋਵੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਜੋਤ ਸਰੂਪੀ ਭੇਵ ਛੁਪਾਇਆ, ਕਰੇ ਘਨਕਪੁਰ ਵਾਸ । ਹਰਿ ਜੋਤੀ ਜੋਤ ਜਗਾਇੰਦਾ । ਜਗਤ ਜੁਗਤ ਆਪ ਬਣਾਇੰਦਾ । ਵੇਖਣ ਜਾਏ ਸਾਚਾ ਰਾਹ, ਮੁਕਤ ਦਵਾਰਾ ਆਪ ਖੁਲ੍ਹਾਇੰਦਾ । ਗੁਰ ਪੂਰਾ ਅੱਗੋਂ ਪਕੜੇ ਬਾਂਹ, ਦਰ ਆਪਣੇ ਮਾਣ ਦਵਾਇੰਦਾ । ਆਤਮ ਤ੍ਰਿਸ਼ਨਾ ਅਗਨ ਬੁਝਾਏ ਸ਼ਬਦ ਸਰੂਪੀ ਕਰੇ ਠੰਡੀ ਛਾਂ, ਦੀਪਕ ਜੋਤੀ ਸਚ ਜਗਾਇੰਦਾ । ਮੇਲ ਮਿਲਾਏ ਦਇਆ ਕਮਾਏ ਇਕ ਵਖਾਏ ਸਾਚਾ ਥਾਂ, ਜਿਥੇ ਹਰਿ ਬਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਨੀਂ ਹਾੜੀ ਬਣ ਭਿਖਾਰੀ ਜਾਏ ਦਵਾਰੀ ਝੋਲੀ ਅੱਗੇ ਗੁਰ ਪੂਰੇ ਡਾਹਿੰਦਾ । ਕਾਲਾ ਵੇਸ ਕਲਾ ਕਲ ਧਾਰੀਆ । ਸ਼ਬਦ ਸਾਚਾ ਵੱਜੇ ਡੰਕ, ਸੁਣੇ ਚਾਰ ਕੁੰਟ ਚਾਰ ਦਵਾਰੀਆ । ਨਾ ਕੋਈ ਵੇਖੇ ਰਾਓ ਰੰਕ, ਏਕਾ ਰੰਗ ਰੰਗੇ ਕਰਤਾਰੀਆ । ਆਪ ਸੁਹਾਏ ਧਾਮ ਬੰਕ, ਮੰਗੀ ਜਾਏ ਭਿਖ ਭਿਖਾਰੀਆ । ਏਕਾ ਮੰਗੇ ਸ਼ਬਦ ਅਨਕ, ਅਨਹਦ ਸ਼ਬਦ ਧੁਨ ਸੱਚੀ ਧੁਨਕਾਰੀਆ । ਜਨ ਭਗਤਾਂ ਦੇਵੇ ਮਾਣ ਵਡਿਆਈ ਜਿਉਂ ਭਗਤ ਜਨਕ, ਸਾਚੀ ਖੇਲ ਹਰਿ ਨਿਰੰਕਾਰੀਆ । ਜੋਤੀ ਮਾਰੇ ਏਕਾ ਤਨਕ, ਜਗੇ ਜੋਤ ਸਚ ਅਟੱਲ ਅਟਾਰੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦਰ ਦਰਵੇਸ਼, ਮੰਗਣ ਜਾਏ ਭੇਖ ਧਰ ਨਾਮ ਵਥ ਹਰਿ ਸਮਰਥ, ਸਗਲ ਵਸੂਰੇ ਜਾਇਣ ਲਥ, ਸ੍ਰਿਸ਼ਟ ਸਬਾਈ ਮੇਟ ਮਿਟਾਏ ਅੰਧ ਅੰਧਿਆਰੀਆ । ਮੰਗੇ ਨਾਮ ਸ਼ਬਦ ਜੈਕਾਰ ਹੈ । ਪੂਰਾ ਕਰੇ ਆਪਣਾ ਕਾਮ, ਨਾ ਕਰੇ ਬੰਦ ਕਵਾੜ ਹੈ । ਮਿਟਾਏ ਅੰਧੇਰੀ ਸ਼ਾਮ,
੪੫੬ ੦੪ ਦਇਆ ਕਮਾਏ ਸਤਾਰਾਂ ਹਾੜ ਹੈ । ਏਕਾ ਜੋਤ ਜਗੇ ਰਮਈਆ ਰਾਮ, ਧੁਰਦਰਗਾਹੀ ਏਕਾ ਸਾਚਾ ਲਾੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਅਠ ਸਠ ਤੀਰਥ ਜੰਗਲ ਜੂਹ ਫਿਰਦਾ ਰਹੇ ਅੱਠੇ ਪਹਿਰ ਵਿਚ ਉਜਾੜ ਹੈ । ਜੰਗਲ ਜੂਹ ਉਜਾੜ ਪਹਾੜਾਂ ਉਚੇ ਟਿੱਲੇ ਪਰਬਤਾਂ ਹਰਿ ਸਾਚਾ ਆਸਣ ਲਾਇੰਦਾ । ਆਪੇ ਵੇਖੇ ਵੇਖ ਵਖਾਣੇ, ਗੁਰਮੁਖ ਪਰਖੇ ਬਾਲ ਅੰਞਾਣੇ, ਬਹੱਤਰ ਨਾੜੀ ਜੋਤ ਜਗਾਇੰਦਾ । ਦਰ ਭਗਤ ਬਣਾਏ ਸੁਘੜ ਸਿਆਣੇ, ਤਿੰਨ ਸੌ ਸੱਠ ਹਾਡੀ ਵਾਹ ਵਾਹ ਜੋੜ ਜੁੜਾਇੰਦਾ । ਆਪੇ ਬਣਿਆ ਸਾਚਾ ਗਾਡੀ, ਕਾਇਆ ਰਥ ਆਪ ਚਲਾਇੰਦਾ । ਜੋਤ ਸਰੂਪੀ ਸਾਚਾ ਬਾਡੀ, ਸਾਚਾ ਮੰਦਰ ਜਗਤ ਉਪਾਇੰਦਾ । ਮਾਤ ਗਰਭ ਬਾਹਰ ਲਏ ਕਾਢੀ, ਮਾਇਆ ਪੜਦਾ ਪਰੇ ਹਟਾਇੰਦਾ । ਮਾਤ ਲਡਾਏ ਜਗਤ ਲਾਡੀ, ਪਿਤਾ ਪੂਤ ਨਾਤਾ ਬੰਨ੍ਹਾਇੰਦਾ । ਕਲਜੁਗ ਜੂਠੇ ਝੂਠੇ ਜਾਨਣ ਵਸਤ ਅਸਾਡੀ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰੇ, ਆਪ ਬਣਾਏ ਸਚ ਦੁਲਾਰੇ, ਸਾਚੀ ਦਰਗਹਿ ਧਾਮ ਅਵਲੜੇ ਸਾਚਾ ਮਾਣ ਦਵਾਇੰਦਾ । ਮਾਣ ਦਵਾਏ ਭਗਤ ਕਿਰਪਾ ਕਰ ਹਰਿ ਨਿਰੰਕਾਰ, ਆਪ ਝੁਲਾਇਆ ਸਚ ਨਿਸ਼ਾਨ । ਦਰ ਘਰ ਸਾਚੇ ਦੇਵੇ ਮਾਣ । ਚੜ੍ਹਾਈ ਜਾਏ ਸ਼ਬਦ ਬਬਾਣ । ਆਪ ਚੁਕਾਏ ਜਮ ਕੀ ਕਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਮਾਣ ਤਾਣ । ਮਾਣ ਤਾਣ ਪ੍ਰਭ ਹੱਥ ਹੈ । ਕਲਜੁਗ ਜੀਵ ਪਛਾਣ, ਪ੍ਰਭ ਸਰਬ ਕਲਾ ਸਮਰਥ ਹੈ । ਸੋਹੰ ਦੇਵੇ ਸਾਚਾ ਦਾਨ, ਸਤਿਜੁਗ ਚਲਾਏ ਸਾਚਾ ਰਥ ਹੈ । ਸ਼ਬਦ ਉਪਜਾਏ ਸਾਚਾ ਕਾਨ, ਜੋਤ ਸਰੂਪੀ ਪਾਏ ਨੱਥ ਹੈ । ਤੁੱਟੇ ਮਾਣ ਜਗਤ ਅਭਿਮਾਣ, ਸਗਲ ਵਸੂਰੇ ਜਾਇਣ ਲੱਥ ਹੈ । ਆਤਮ ੪੫੬ ੦੪

੪੫੭
੦੪

ਦੇਵੇ ਅੰਮ੍ਰਿਤ ਸਾਚਾ ਪੀਣ ਖਾਣ, ਮਹਿੰਮਾ ਕਰੇ ਕਰਾਏ ਜਗਤ ਅਕੱਥ ਹੈ । ਫਲ ਲਗਾਏ ਸਾਚੇ ਡਾਹਨ, ਪ੍ਰਗਟ ਹੋਏ ਰਾਮ ਰਮਈਆ ਜਿਉਂ ਰਾਜੇ ਘਰ ਦਸਰਥ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਬਣਤ ਬਣਾਏ, ਸੋਹੰ ਸ਼ਬਦ ਚਲਾਏ ਸਾਚੀ ਗਾਥ ਹੈ । ਸੋਹੰ ਸ਼ਬਦ ਭਗਤ ਵਣਜਾਰਾ । ਏਕਾ ਖੋਲ੍ਹੇ ਦਰ ਦਵਾਰਾ । ਪ੍ਰਭ ਅਬਿਨਾਸ਼ੀ ਸਾਚਾ ਬੋਲਿਆ, ਇਕ ਚਲਾਏ ਸ਼ਬਦ ਜੈਕਾਰਾ । ਸ੍ਰਿਸ਼ਟ ਸਬਾਈ ਪੂਰੇ ਤੋਲ ਤੋਲਿਆ, ਆਪੇ ਪਰਖੇ ਪਰਖਣਹਾਰਾ । ਜਨ ਭਗਤਾਂ ਆਤਮ ਦਰ ਦਵਾਰਾ ਸਾਚਾ ਖੋਲ੍ਹਿਆ । ਸੋਹੰ ਸ਼ਬਦ ਸੁਣਾਏ ਸਾਚਾ ਢੋਲਿਆ, ਵਜਦੀ ਰਹੇ ਸਦਾ ਧੁਨ ਸੱਚੀ ਧੁਨਕਾਰਾ । ਸ਼ਬਦ ਸਰੂਪੀ ਕਲਜੁਗ ਸਤਿਜੁਗ ਦੋਵੇਂ ਬੈਲ ਜੋਹ ਲਿਆ, ਰਹਿਣ ਨਾ ਦੇਵੇ ਕੋਈ ਧਾਰਾ । ਸ੍ਰਿਸ਼ਟ ਸਬਾਈ ਆਪੇ ਤੋਲਿਆ, ਭੇਵ ਮਿਟਾਏ ਸਤਾਰਾਂ ਹਾੜਾ । ਕਲਜੁਗ ਪਾਪੀ ਰਿਹਾ ਪੁਕਾਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਅੰਤਮ ਆਈ ਮੈਨੂੰ ਹਾਰ, ਸ਼ਬਦ ਸਰੂਪੀ ਨਾਦ ਸੁਨ ਡੋਲਿਆ, ਉਚੇ ਟਿੱਲੇ ਗੜ੍ਹ ਕਿਲੇ ਸਰਬ ਹਿਲੇ, ਦੇਵੀਂ ਮਾਣ ਤਾਣ, ਮਿਟਾਈ ਦੀਨ ਮੁਹੰਮਦੀ ਬੂਰੇ ਕੱਕੇ ਬਿੱਲੇ ਚੜ੍ਹਿਆ ਰਹੇ ਤਨ ਬੁਖ਼ਾਰ, ਰਸਨਾ ਤੀਰ ਚਲੇ ਤੋੜੇ ਸਰਬ ਹੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਦਸ ਬਰਸ ਰਿਹਾ ਵਿਚ ਸ਼ਿਲੇ, ਸਾਲ ਗਿਆਰਵੇਂ ਹੋਇਆ ਆਪ ਬਾਹਰ । ਦਸ ਸਾਲ ਭੇਖ ਵਟਾਇਆ । ਜੋਤ ਸਰੂਪੀ ਦਿਸ ਨਾ ਆਇਆ । ਸ਼ਬਦ ਡੰਡਾ ਹੱਥ ਰਖਾਇਆ । ਕਲਜੁਗ ਕੰਢਾ ਨੇੜ ਵਖਾਇਆ । ਆਪੇ ਪਾਉਂਦਾ ਜਾਏ ਵੰਡਾਂ, ਨੌਂ ਖੰਡ ਪ੍ਰਿਥਮੀ ਖੇਲ ਰਚਾਇਆ । ਬੇਮੁਖਾਂ ਅੰਤਮ ਦੇਵੇ ਦੰਡਾਂ, ਧਰਤ ਮਾਤ ਤੇਰੀ ਗੋਦ ਸਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਚਰਨ ਪ੍ਰੀਤੀ ਸਾਚੀ ਨੀਤੀ, ਮਾਤਲੋਕ ਕਾਇਆ ਰਹੇ ਸੀਤਲ ਸੀਤੀ ਜਗਤ ਅਤੀਤੀ, ਦਰ ਘਰ ਸਾਚੇ ਮਾਣ ਦਵਾਇਆ । ਮਿਲੇ ਮਾਣ ਹਰਿ ਦਵਾਰੇ । ਗੁਰਮੁਖ ਸਾਚੇ ਹਰਿ ਜੀ ਤਾਰੇ । ਜੋਤ ਸਰੂਪੀ ਹਰਿ ਨਿਰੰਕਾਰੇ । ਵਡਾ ਸ਼ਾਹੋ ਵਡਾ ਭੂਪੀ, ਖੇਲ ਕਰੇ ਅਪਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੁਲ੍ਹੇ ਰੱਖੇ ਆਪਣੇ ਕੇਸ, ਮੰਗਣ ਜਾਏ ਸਰਬ ਦਵਾਰੇ । ਆਦਿ ਅੰਤ ਇਕ ਅਵਤਾਰਾ । ਮਹਿੰਮਾ ਅਗਣਤ ਖੇਲ ਨਿਆਰਾ । ਨਾ ਕੋਈ ਜਾਣੇ ਜੀਵ ਜੰਤ, ਪੁਰਖ ਪੁਰਖੋਤਮ ਖੇਲ ਅਪਾਰਾ । ਏਕਾ ਜੋਤੀ ਸਾਚਾ ਕੰਤ, ਰੂਪ ਰੰਗ ਰੇਖ ਭੇਖ ਸਦ ਵਸੇ ਬਾਹਰਾ । ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਲੋਕਮਾਤ ਲਏ ਅਵਤਾਰਾ । ਸਤਿਜੁਗ ਸਾਚੇ ਪਹਿਲੀ ਵਾਰਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰਾ । ਆਪਣਾ, ਖੇਲ ਆਪੇ ਜਾਣੇ, ਪੁਰਖ ਅਬਿਨਾਸ਼ੀ ਹਰਿ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਸਾਚੇ ਧਾਮ ਸਦਾ ਵਸੇ, ਇਕ ਵਖਾਏ ਸਚ ਟਿਕਾਣਾ । ਦੂਜਾ ਧਾਰੇ ਭੇਖ ਬਰਾਹ ਨਰ ਨਿਰੰਕਾਰਾ । ਦੁਸ਼ਟ ਦੈਂਤ ਆਪ ਸੰਘਾਰਾ । ਜੋਤੀ ਜੋਤ ਸਰੂਪ ਹਰਿ, ਧਰਤ ਮਾਤ ਸੁਣ ਪੁਕਾਰ, ਯਗੈ ਪੁਰਸ਼ ਤੀਜਾ ਅਵਤਾਰਾ । ਕੀਆ ਭੇਖ ਮਾਤ ਅਪਾਰਾ । ਜਗਤ ਲਗਾਈ ਸਾਚੀ ਮੇਖ, ਕੀਆ ਜਗਤ ਅਧਾਰਾ । ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਵਾਰੋ ਵਾਰਾ । ਹਾਵ ਗਰੀਵ ਚੌਥਾ ਅਵਤਾਰਾ । ਲਾਲ ਰੰਗ ਕੀਆ ਕਰਤਾਰਾ । ਵੇਦ ਪਤਾਲੋਂ ਆਂਦੇ ਬਾਹਰਾ । ਕੀਆ ਭੇਖ ਸਿਰ ਕਲਗੀ, ਭੇਖਾਧਾਰੀ ਭੇਖ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰਾ । ਨਰਾਇਣ ਨਰ ਪੰਚਮ ਅਵਤਾਰਾ । ਆਪੇ ਜਾਣੇ ਆਪਣੀ ਸਾਰ । ਸਤਿਜੁਗ ਸਾਚੇ ਸਹਿਜ ਸੁਭਾਏ, ਆਵੇ ਜਾਵੇ ਖੇਲ ਕਰਾਏ, ਛਿੰਨ ਛਿੰਨ ਭੇਖ ਵਟਾਏ ਨਰ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਰੰਗੇ ਕਰਤਾਰ । ਅਵਤਾਰ ਛੇ ਕਪਲ ਮੁਨ ਤਪੀਸ਼ਰ ।

ਕੀਆ ਭੇਖ ਪ੍ਰਭ ਸਾਚੇ ਈਸ਼ਰ । ਏਕਾ ਮਾਤਾ ਦਏ ਗਿਆਨ, ਜਗਤ ਪਿਤ ਜਗਦੀਸ਼ਰ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਖ ਆਪ ਵਟਾਏ, ਵਿਰਲਾ ਜਾਣੇ ਰਿਖੀ ਰਿਖੀਸ਼ਰ । ਅਵਤਾਰ ਸਤਵਾਂ ਹਰਿ ਜੀ ਲਏ, ਨਾਉਂ ਰਖਾਏ ਦਤਾ ਤ੍ਰੈ । ਯਦੂ ਬੰਸ ਮਾਤ ਉਪਜਾਏ, ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਏਕਾ ਜੋਤੀ ਸਦਾ ਅਟੱਲ ਘਰ ਸਾਚੇ ਰਹੇ । ਰਿਖਵ ਦੇਵ ਅਸ਼ਟਮ ਕਲ ਧਾਰ । ਮਤ ਉਜੈਨ ਧਰੇ ਸੰਸਾਰ । ਇਕ ਵਖਾਣੇ ਸਾਚਾ ਤੱਤ, ਦੇਵੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਵਾਰੋ ਵਾਰ । ਪ੍ਰਿਥੂ ਰੂਪ ਨੌਵਾਂ ਅਵਤਾਰਾ । ਪੁਰਖ ਅਬਿਨਾਸ਼ੀ ਲਏ ਕਰਤਾਰਾ । ਸਾਚਾ ਦੀਆ ਇਕ ਗਿਆਨ, ਪਿਤਾ ਪੂਤ ਹਰਿ ਪਾਰ ਉਤਾਰਾ । ਆਤਮ ਉਪਜਿਆ ਬ੍ਰਹਮ ਗਿਆਨ, ਦੂਜਾ ਦਵੈਤੀ ਮਿਟਿਆ ਧੁੰਦੂਕਾਰਾ । ਏਕਾ ਦੱਸਿਆ ਸਚ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਏਕਾ ਰੰਗੇ ਰੰਗ ਕਰਤਾਰਾ । ਦਸਵਾਂ ਅਵਤਾਰ ਮਤਸ ਗੁਰਦੇਵਾ । ਸਾਚੀ ਜੁਗਤ ਕਰੀ ਕਰਾਈ ਮਾਤ ਸੇਵਾ । ਸਾਚਾ ਫਲ ਨਾਮ ਖਵਾਇਆ, ਭਏ ਅਲਖ ਅਭੇਵਾ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਏਕ ਜੋਤੀ ਵਡਾ ਵਡ ਦੇਵੀ ਦੇਵਾ । ਕਛਪ ਰੂਪ ਗਿਆਰਵਾਂ ਧਾਰ । ਸੱਤ ਸਮੁੰਦਰ ਪਾਵੇ ਸਾਰ । ਮੰਧਰਾ ਚਲ ਪਰਬਤ ਉਠਾਏ ਚੁੱਕੇ ਪਾਰ । ਬਾਸ਼ਕ ਨਾਗ ਲਏ ਜਗਾਏ, ਨੇਤਰਾ ਪਾਏ ਅੱਧ ਵਿਚਕਾਰ । ਸਾਚੀ ਅੰਮ੍ਰਿਤ ਜਾਗ ਲਗਾਏ, ਸਮੁੰਦਰ ਰਿੜਕੇ ਹਰਿ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਖ ਮਾਤ ਕਰ, ਚੌਦਾਂ ਰਤਨ ਕੱਢੇ ਬਾਹਰ । ਵੈਦ ਧਨੰਤਰ ਅਵਤਾਰ ਬਾਰਾਂ । ਕਾਇਆ ਪਿੰਜਰ ਜਾਣੇ ਅੰਤਰ, ਖੋਲ੍ਹੇ ਭੇਵ ਗੁਪਤ ਜਾਹਰਾ । ਪੰਜ ਤੱਤੀ ਵੇਖੇ ਬਣੀ ਬਣਤਰ, ਹੱਡ ਨਾੜੀ ਮਾਸ ਪਿੰਜਰ ਲਹੂ ਮਿਝ ਗਾਰਾ । ਜੋਤੀ ਜੋਤ ਸਰੂਪ ਹਰਿ, ਜਗਤ ਔਸ਼ਧ ਆਪੇ ਜਾਣੇ ਕਰੇ ਆਪ ਵਿਹਾਰਾ । ਅਵਤਾਰ ਤੇਰਵਾਂ ਹਰਿ ਦਾਤਾਰੀ । ਮੋਹਣੀ ਰੂਪ ਖੇਲ ਅਪਾਰੀ, ਰਾਜੇ ਬਲ ਤੇਰੀ ਅੰਤਮ ਵਾਰੀ । ਆਪੇ ਕੀਆ ਵਲ ਛਲ, ਅੰਮ੍ਰਿਤ ਪਿਆਏ, ਕਰੋੜ ਤੇਤੀਸ ਬਣਾਏ, ਪੁਰੀ ਇੰਦਰ ਦੇਵੇ ਸੱਚੀ ਸਰਦਾਰੀ । ਜੋਤੀ ਜੋਤ ਸਰੂਪ ਹਰਿ, ਦੂਜੇ ਹੱਥ ਮਦਿਰਾ ਫੜੀ ਕਟੋਰੀ । ਆਪ ਚੌਧਵਾਂ ਭੇਖ ਸ੍ਰੀ ਭਗਵਾਨਾ । ਹੰਸਾ ਰੂਪ ਚਤੁਰ ਸੁਜਾਨਾ । ਤੋੜੇ ਮਾਣ ਅਭਿਮਾਨ, ਦੇਵੇ ਸਾਚਾ ਬ੍ਰਹਮ ਗਿਆਨਾ । ਰਿਖੀ ਮੁਨੀ ਕਰਨ ਧਿਆਨ, ਪੰਖੀ ਉਡੇ ਦਹਿ ਦਿਸ਼ ਜਾਨਾ । ਸਰਬ ਜੀਆਂ ਹਰਿ ਆਪੇ ਜਾਣੇ, ਕਰੇ ਜਾਣ ਪਛਾਣਾ । ਜੋਤੀ ਜੋਤ ਸਰੂਪ ਹਰਿ, ਚਿੱਟਾ ਬਾਣਾ ਤਨ ਛੁਹਾਏ, ਕਾਗ ਹੰਸ ਭੇਖ ਵਟਾਏ, ਕਰੇ ਰੰਗ ਸ੍ਰੀ ਭਗਵਾਨਾ । ਪੰਦਰਵਾਂ ਭੇਖ ਹਰਿ ਪ੍ਰਭ ਕੀਤਾ । ਭਗਤ ਪ੍ਰਹਿਲਾਦ ਬਣਿਆ ਸਾਚਾ ਮੀਤਾ । ਹਰਨਾਕਸ਼ ਆਪ ਸੰਘਾਰਿਆ, ਗੁਰਮੁਖ ਸਾਚਾ ਰਿਹਾ ਜੀਤਾ । ਜੋਤੀ ਜੋਤ ਸਰੂਪ ਹਰਿ, ਆਪੇ ਆਪ ਚਲਾਏ, ਜਗਤ ਸਾਜਨ ਸਾਚੀ ਰੀਤਾ । ਬਾਵਨ ਰੂਪ ਸੋਲਵਾਂ ਅਵਤਾਰਾ । ਮੰਗਣ ਗਿਆ ਬਲ ਦਵਾਰਾ । ਸਤਿਜੁਗ ਸਾਚੇ ਧਰਿਆ ਭੇਖ, ਵੇਦ ਵਖਾਣੇ ਹਰਿ ਨਿਰੰਕਾਰਾ । ਕਰੋਂ ਅਢਾਈ ਮੰਗੀ ਧਰਤ, ਸ਼ੁਕਰ ਪ੍ਰੋਹਤ ਨਾਲ ਮਿਲਾਣਾ । ਜੋਤੀ ਜੋਤ ਸਰੂਪ ਹਰਿ, ਅੰਤਮ ਵੇਲੇ ਦਿਤਾ ਵਰ, ਕਲਜੁਗ ਅੰਤਮ ਸਾਢੇ ਤਿੰਨ ਹੱਥ ਤੇਰਾ ਬਣਿਆ ਫੇਰ ਟਿਕਾਣਾ । ਸਤਾਰਵਾਂ ਭੇਖ ਧਰੇ ਅਵਤਾਰੇ । ਬਾਲਕ ਧਰੂ ਪ੍ਰਭ ਪਾਰ ਉਤਾਰੇ । ਨਾਰਦ ਮੁਨ ਮਿਲਿਆ ਵਿਚ ਜੂਹ, ਦੱਸੇ ਰਾਹ ਇਕ ਨਿਆਰੇ । ਸ੍ਰਿਸ਼ਟ ਸਬਾਈ ਡੂੰਘਾ ਖੂਹ, ਕੋਈ ਨਾ ਦਿਸੇ ਪਾਰ ਕਿਨਾਰੇ । ਜੋਤੀ ਜੋਤ ਸਰੂਪ ਹਰਿ, ਬਿਰਧ ਬਾਲ ਜਵਾਨ ਬਾਲ ਅੰਞਾਣਿਆਂ ਸਦਾ ਸਦਾ ਪਾਉਂਦਾ ਰਹੇ ਸਾਰੇ । ਅਠਾਰਵਾਂ ਭੇਖ ਹਰੀ ਹਰਿ ਧਾਰ । ਆਪੇ ਪਾਈ ਗਜ ਪ੍ਰਭ ਸਾਰ । ਸ਼ਬਦ ਵਜੇ ਗਰਾਹ ਤੰਦ ਦਿੱਤੀ ਜੜ੍ਹ ਉਖਾੜ । ਸਭ ਦੇ ਪੜਦੇ

੪੫੯
੦੪

ਰਿਹਾ ਕੱਜ, ਆਦਿ ਅੰਤ ਏਕਾ ਏਕੰਕਾਰ । ਸਤਿਜੁਗ ਸਾਚੇ ਵਿਚ ਮਾਤ ਵਾਰ ਅਠਾਰਾਂ ਹਰਿ ਸੱਜਣ ਮੀਤ ਮੁਰਾਰ ਲਏ ਆਪ ਅਵਤਾਰ । ਸਤਿਜੁਗ ਭੇਖ ਭੇਸ ਗਿਆ ਵਟਾ ਕੇ, ਲੋਕਮਾਤ ਜੁਗ ਤ੍ਰੇਤਾ ਪ੍ਰਗਟਾਏ । ਉਨੀਆਂ ਅਵਤਾਰ ਕਲ ਛੋਟੀ ਧਾਰ ਪਰਸ ਰਾਮ ਆਪ ਅਖਵਾਏ । ਵਾਰ ਇੱਕੀ ਕੁਲ ਕਸ਼ਤਰੀ ਦੇਵੇ ਹਾਰ, ਹੱਥ ਹਥੌੜਾ ਇਕ ਉਠਾਏ । ਵਲ ਛਲ ਕਰੇ ਏਕਾ ਜੋਤੀ ਅਪਰ ਅਪਾਰ, ਰਾਮ ਰੂਪ ਹਰਿ ਲਏ ਵਟਾਏ । ਜੋਤੀ ਜੋਤ ਸਰੂਪ ਹਰਿ, ਤਰੇਤੇ ਜੁਗ ਅੰਤਮ ਅੰਤ ਬੀਸਵਾਂ ਅਵਤਾਰ ਆਪੇ ਆਪ ਵਟਾਏ । ਤਰੇਤਾ ਜੁਗ ਗਿਆ ਮੁਕ । ਦਵਾਪਰ ਮਾਤ ਆਇਆ ਢੁਕ । ਕਾਇਆ ਬੂਟਾ ਪਿਛਲਾ ਗਿਆ ਸੁੱਕ । ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਜਗਤ ਰਹਾਵੇ ਜੋਤ ਪ੍ਰਗਟਾਵੇ ਨਿਤ ਨਵਿਤ, ਦਇਆ ਕਮਾਵੇ ਨਾ ਸਕੇ ਕਦੇ ਰੁੱਕ । ਇੱਕੀਆਂ ਅਵਤਾਰ ਵੇਦ ਵਿਆਸਾ । ਕੁਆਰੀ ਕੰਨਿਆ ਦਏ ਦਿਲਾਸਾ । ਮਾਤ ਬਣਾਈ ਕਰ ਕਰ ਹਾਸਾ । ਆਪੇ ਜਾਣੇ ਆਪ ਵਖਾਣੇ ਆਪਣਾ ਜਗਤ ਤਮਾਸ਼ਾ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਸਦਾ ਅਟੱਲ ਨਾ ਹੋਏ ਕਦੇ ਵਿਨਾਸਾ । ਵੇਦ ਵਿਆਸ ਜੋਤ ਜਗਾਏ । ਅਠਾਰਾਂ ਪੁਰਾਨ ਲਏ ਲਿਖਾਏ । ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਬਣਾਏ । ਬ੍ਰਹਮ ਪੁਰਾਨ ਮੁਖ ਰਖਾਏ । ਜੋਤੀ ਜੋਤ ਸਰੂਪ ਹਰਿ, ਏਕਾ ਕਲ ਧਾਰ ਕਰ ਵਿਚਾਰ, ਸਾਚਾ ਸ਼ਬਦ ਆਪ ਲਿਖਾਏ । ਅਠਾਰਾਂ ਹਜ਼ਾਰ ਸਲੋਕ ਸ੍ਰੀ ਮਧ ਭਗਵਤ ਗੀਤਾ ਨਿਹਕਲੰਕ ਰਿਹਾ ਅਲਾਏ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪੇ ਜਾਣੇ ਨਾ ਕੋਈ ਸੁਣੇ ਨਾ ਕੋਈ ਜਣਾਏ । ਵੇਦ ਵਿਆਸ ਬਣ ਲਿਖਾਰ । ਜੋਤ ਨਿਰੰਜਣ ਨਰ ਨਿਰੰਕਾਰ । ਕਰੇ ਚਰਨ ਨਿਮਸਕਾਰ । ਪੁਰਖ ਅਬਿਨਾਸ਼ੀ ਕਿਰਪਾ ਧਾਰ । ਦੂਜੀ ਵਾਰ ਹੋਏ ਦੀਦਾਰ । ਮਿਲਿਆ ਸ਼ਬਦ ਅਪਰ ਅਪਾਰ । ਹੋਏ ਮੇਲ ਕਲਜੁਗ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਵੇਦ ਵਿਆਸ ਉਤੇ ਬਿਆਸ ਬਨਿਆ ਆਪ ਲਿਖਾਰ । ਬਾਈਆਂ ਅਵਤਾਰ ਹਰਿ ਕ੍ਰਿਸ਼ਨ ਮੁਰਾਰੀ । ਦਵਾਪਰ ਜੋਤ ਜਗਾਈ ਤ੍ਰੈਲੋਕੀ ਨਾਥ ਨੈਣ ਮੁੰਧਾਰੀ । ਗਰੀਬ ਨਿਮਾਨਿਆਂ ਦੇਵੇ ਸਾਥ, ਮਾਰੇ ਦੁਸ਼ਟ ਕੰਸ ਹੰਕਾਰੀ । ਆਪ ਚਲਾਏ ਜਨ ਭਗਤਾਂ ਰਾਥ, ਕਰੇ ਸਚ ਸਵਾਰੀ । ਇਕ ਚਲਾਏ ਸਾਚੀ ਗਾਥ, ਦੇਵੇ ਬ੍ਰਹਮ ਗਿਆਨ ਅਰਜਨ ਹਰਿ ਅਪਾਰੀ । ਸਗਲ ਵਸੂਰੇ ਜਾਇਣ ਲਾਥ, ਅਠਾਰਾਂ ਧਿਆਏ ਗੀਤਾ ਏਕਾ ਆਪ ਉਚਾਰੀ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣਾ ਭੇਖ ਜਗਤ ਲੇਖ ਆਵੇ ਜਾਵੇ ਵਾਰੋ ਵਾਰੀ । ਆਵਣ ਜਾਵਣ ਖੇਲ ਅਪਾਰ । ਲੋਕਮਾਤ ਹਰਿ ਵਾਰੋ ਵਾਰ । ਜਨ ਭਗਤਾਂ ਦੇਵੇ ਸਾਚੀ ਦਾਤ, ਦੇਂਦਾ ਰਹੇ ਨਾਮ ਭੰਡਾਰ । ਏਕਾ ਦਿਸੇ ਉਤਮ ਜਾਤ, ਚਰਨ ਕਵਲ ਪ੍ਰੀਤੀ ਸਾਚੀ ਧਾਰ । ਮਿਲੇ ਵਡਿਆਈ ਵਿਚ ਮਾਤ, ਗੁਰ ਪੂਰੇ ਜਾਓ ਸਦ ਨਿਮਸਕਾਰ । ਅਮਰਾ ਪਦ ਅੰਤਮ ਪਾਓ, ਜਾਓ ਸਚ ਦਵਾਰ । ਗੁਰਮੁਖ ਸਾਚੇ ਸੰਤ ਜਨਾਂ ਘਰ ਸਾਚੇ ਸੱਦ ਲਿਆਓ, ਮੇਲ ਮਿਲਾਓ ਪੁਰਖ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਕਰਾਏ ਜੁਗੋ ਜੁਗ ਜਨ ਭਗਤਾਂ ਸੱਚਾ ਵਣਜ ਵਪਾਰ । ਦਵਾਪਰ ਤੇਰਾ ਚੁਕਿਆ ਗੇੜਾ । ਕਲਜੁਗ ਮਾਤ ਛਿੜਿਆ ਝੇੜਾ । ਕਰਿਆ ਖੇਲ ਹਰਿ ਆਪੇ, ਮਹਾਤਮਾ ਬੁੱਧ ਕਰੇ ਨਿਬੇੜਾ । ਅਵਤਾਰ ਤੇਈਆਂ ਆਪ ਉਪਜਾਏ ਜੋਤ ਜਗਾਏ ਵਸਾਇਆ ਕਾਇਆ ਨਗਰ ਖੇੜਾ । ਗੌਤਮ ਬੁੱਧ ਬੁਧ ਬਲ ਧਾਰ । ਪਹਿਲ ਕੀਨੀ ਆਤਮ ਸੁਧ, ਪੁਰਖ ਅਬਿਨਾਸ਼ੀ ਕਰੀ ਵਿਚਾਰ । ਦੂਜੀ ਆਈ ਮਾਤ ਸੁਧ, ਏਕਾ ਦੂਜਾ ਭਉ ਨਿਵਾਰ । ਪੰਜਾਂ ਤੱਤਾਂ ਨਾਲ ਕਰਿਆ ਯੁੱਧ, ਅੰਤਮ ਤੀਜੇ ਆਈ ਹਾਰ । ਚੌਥੇ ਆਤਮ ਰਸ ਰਿਹਾ ਗੁਧ, ਹੰਕਾਰੀ ਤੁੱਟਾ ਆਤਮ ਬੁਖ਼ਾਰ । ਪੰਜਵੇਂ ਸੋਇਆ ਉਠਿਆ ਕੁੱਦ, ਅੰਮ੍ਰਿਤ ਵੇਖ ਠੰਡੀ ਧਾਰ ।

ਜੋਤੀ ਜੋਤ ਸਰੂਪ ਹਰਿ, ਆਪਣੇ ਖੇਲ ਕਰੇ ਕਰਾਏ ਵਿਚ ਸੰਸਾਰ । ਸਾਚਾ ਨਾਮ ਇਕ ਜਪਾਇਆ । ਗਊ ਗਰੀਬ ਨਿਮਾਣਾ ਗਲੇ ਲਗਾਇਆ । ਛੱਡੇ ਤਖ਼ਤ ਰਾਜ ਸਿੰਘਾਸਣ ਰਾਣੀਆਂ, ਅਲਖ ਨਿਰੰਜਣ ਭੇਖ ਵਟਾਇਆ । ਜੀਆਂ ਜੰਤਾਂ ਦੱਸੇ ਸਾਚੀ ਬਾਣੀਆਂ, ਮਦਿਰਾ ਮਾਸ ਦਏ ਤਜਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਖੇਲ ਆਪਣੇ ਹੱਥ ਰਖਾਇਆ । ਈਸਾ ਮੂਸਾ ਹਰਿ ਉਪਜਾਇੰਦਾ । ਕਲਜੁਗ ਤੇਰੇ ਸਾਚੇ ਸੰਗੀ, ਮਾਤ ਧਾਰ ਬਣਾਇੰਦਾ । ਘਰ ਸਾਚੇ ਮੰਗੇ ਇਕ ਮੰਗੀ, ਸਾਚਾ ਸੰਗ ਨਿਭਾਇੰਦਾ । ਸੰਗ ਮੁਹੰਮਦ ਚਾਰ ਯਾਰ ਕਲਜੁਗ ਤੇਰੀ ਕਟੀ ਤੰਗੀ, ਹੱਥ ਨਾਲ ਹੱਥ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਵਾਹਵਾ ਸੋਹਣਾ ਜੋੜ ਜੁੜਾਇੰਦਾ । ਖੇਲ ਕਰੇ ਹਰਿ ਕਰਤਾਰਾ । ਜੀਆਂ ਜੰਤਾਂ ਪਾਵੇ ਸਾਰਾ । ਮਾਤਲੋਕ ਹਰਿ ਦਇਆ ਕਮਾਏ, ਗੁਰ ਨਾਨਕ ਆਏ ਕਲ ਧਾਰਾ । ਜੋਤੀ ਜੋਤ ਸਰੂਪ ਹਰਿ, ਸਚ ਸ਼ਬਦ ਹਰਿ ਝੋਲੀ ਪਾਏ, ਸਤਿਨਾਮ ਜਗਤ ਭੰਡਾਰਾ । ਸਾਚਾ ਨਾਮ ਜਗਤ ਭੰਡਾਰਾ । ਚਾਰੋਂ ਕੁੰਟ ਆਪੇ ਵੰਡੇ ਚਾਰ ਉਦਾਸੀ ਗੁਰ ਨਿਰੰਕਾਰਾ । ਕਲਜੁਗ ਜੀਵ ਘਰ ਘਰ ਕਰਨ ਹਾਸੀ, ਭੁੱਲੇ ਫਿਰੇ ਮੂਰਖ ਮੁਗਧ ਗਵਾਰਾ । ਗੁਰਮੁਖ ਵਿਰਲਾ ਜਾਣੇ ਸ਼ਬਦ ਪਛਾਣੇ ਰਸਨਾ ਗਾਏ ਸਵਾਸ ਸਵਾਸੀ, ਨਾਮ ਸਤਿ ਸਾਚੀ ਧਾਰਾ । ਆਪ ਸਮਝਾਏ ਪੰਡਤ ਕਾਸ਼ੀ, ਜਗੀ ਜੋਤ ਮਾਤ ਅਪਾਰਾ । ਜੋਤੀ ਜੋਤ ਸਰੂਪ ਹਰਿ, ਮਾਇਆ ਪੜਦਾ ਜਗਤ ਪਾਏ, ਕੋਈ ਨਾ ਪਾਏ ਸਾਚੀ ਸਾਰਾ । ਜਾਮੇ ਦਸ ਜੋਤ ਜਗਾਏ । ਅੰਤਮ ਬੈਠਾ ਭੇਖ ਛੁਪਾਏ । ਗੁਰਮੁਖ ਸਾਚੇ ਸੰਤ ਜਨ, ਏਕਾ ਸਾਚੀ ਸੇਵ ਲਗਾਏ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਨਾਮ ਧਨ, ਅੰਤਮ ਬੇੜਾ ਦੇਵੇ ਬੰਨ੍ਹ, ਏਕਾ ਧਿਆਨ ਗੁਰ ਚਰਨ ਟੇਕ ਰਖਾਏ । ਗੁਰ ਚਰਨ ਟੇਕ ਸਚ ਧਿਆਨਾ । ਅੰਤਮ ਹੋਵੇ ਬੁਧ ਬਬੇਕ, ਏਕਾ ਉਪਜੇ ਬ੍ਰਹਮ ਗਿਆਨਾ । ਬਜ਼ਰ ਕਪਾਟੀ ਕਰੇ ਛੇਕ, ਵੱਜੇ ਤੀਰ ਸ਼ਬਦ ਨਿਸ਼ਾਨਾ । ਮਾਇਆ ਅਗਨ ਨਾ ਲਾਏ ਸੇਕ, ਸ਼ਬਦ ਬੰਨ੍ਹੇ ਸਾਚਾ ਗਾਨਾ । ਜੋਤੀ ਜੋਤ ਸਰੂਪ ਹਰਿ, ਸਚ ਸੁਨੇਹੜਾ ਦੇਵੇ ਘਲ, ਕਰੇ ਖੇਲ ਜਲ ਥਲ । ਜਨ ਭਗਤਾਂ ਕਰੇ ਸਾਚਾ ਮੇਲ, ਬੇਮੁਖ ਭੁਲਾਏ ਕਰ ਕਰ ਵਲ ਛਲ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਾਚੇ ਧਾਮ, ਰਹੇ ਸਦਾ ਅਟੱਲ । ਸਾਚਾ ਸ਼ਬਦ ਜਗਤ ਗੁਰ ਦਾਤ । ਦੇਵੇ ਸਾਚੀ ਵਥ ਹੱਥ ਲੋਕਮਾਤ ਵਡੀ ਦਾਤ । ਗੁਰਮੁਖ ਚੜ੍ਹਾਏ ਸਾਚੇ ਰਥ, ਆਪੇ ਪੁਛੇ ਅੰਤਮ ਵਾਤ । ਜੋਤੀ ਜੋਤ ਸਰੂਪ ਹਰਿ, ਸਾਚਾ ਲੇਖਾ ਆਪ ਲਿਖਾਏ, ਸਿਰ ਰੱਖੇ ਦੇ ਕਰ ਹਾਥ । ਜੋਤ ਨਿਰੰਜਣ ਜੋਤ ਜਗਾਏ । ਸਤਿਗੁਰ ਸਾਚਾ ਮਾਤ ਉਪਜਾਏ । ਨਿਰਗੁਣ ਸਰਗੁਣ ਏਕਾ ਜੋਤੀ ਸਰਗੁਣ ਭੇਖ ਮਾਤ ਵਟਾਏ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪੇ ਜਾਣੇ ਜੀਵਾਂ ਜੰਤਾਂ ਆਪੇ ਸਮਝਾਏ । ਸਰਗੁਣ ਰੂਪ ਸਦਾ ਵਿਚ ਮਾਤ । ਨਿਜ ਘਰ ਨਿਰਗੁਣ ਰੂਪ ਰੱਖੇ ਵਾਸ । ਆਪੇ ਜਾਣੇ ਆਪਾ ਆਪ । ਸਰਗੁਣ ਰੂਪ ਸਰਬ ਵਖਾਣੇ, ਜਗਤ ਜਪਾਏ ਸਾਚਾ ਜਾਪ । ਖੜ੍ਹਾ ਰਹੇ ਸਦ ਸਿਰਹਾਣੇ, ਮੇਟ ਮਿਟਾਏ ਤੀਨੋ ਤਾਪ । ਗੁਰਮੁਖ ਸਾਚਾ ਰੰਗ ਸਾਚੇ ਮਾਣੇ, ਕੋਟਨ ਕੋਟ ਉਤਰੇ ਪਾਪ । ਆਪ ਚਲਾਏ ਆਪਣੇ ਭਾਣੇ, ਗੁਰ ਪੂਰਾ ਵਡ ਪ੍ਰਤਾਪ । ਕੋਈ ਨਾ ਵੇਖੇ ਰਾਜੇ ਰਾਣੇ, ਗੁਰਮੁਖ ਸਾਚੇ ਬਾਲ ਅੰਞਾਣੇ, ਆਪੇ ਬਣੇ ਮਾਈ ਬਾਪ । ਸਤਿਗੁਰ ਸਾਚਾ ਸਚ ਵਖਾਣੇ, ਭਗਤ ਜਨਾਂ ਦੀ ਆਪੇ ਜਾਣੇ, ਇਕ ਜਪਾਏ ਸਾਚਾ ਜਾਪ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਰਿਹਾ ਕਰ, ਪੁਰਖ ਅਬਿਨਾਸ਼ੀ ਆਪੇ ਆਪ । ਨਿਰਗੁਣ ਰੂਪ ਨਰ ਨਿਰੰਕਾਰਾ । ਸਦ ਵਸੇ ਆਪਣੇ ਆਪ ਸਹਾਰਾ । ਲੋਕਮਾਤ ਰਾਹ ਸਾਚਾ ਦੱਸੇ, ਸਰਗੁਣ ਰੂਪ ਲਏ ਅਵਤਾਰਾ । ਜਨ ਭਗਤਾਂ ਆਤਮ ਸਦਾ

ਰਸੇ, ਖੋਲ੍ਹੇ ਬੰਦ ਕਵਾੜਾ । ਸ਼ਬਦ ਬਾਣ ਸਾਚਾ ਕਸੇ, ਪੰਜਾਂ ਚੋਰਾਂ ਮਾਰ ਮਿਟਾਏ, ਪਿੱਛੇ ਹਟਾਏ ਝੂਠੀ ਧਾੜਾ । ਸਾਚਾ ਰਾਹ ਏਕਾ ਦੱਸੇ, ਆਤਮ ਜੋਤੀ ਕਾਇਆ ਨਾੜਾ । ਜੋਤ ਸਰੂਪੀ ਅੰਦਰ ਵਸੇ, ਦਿਵਸ ਰੈਣ ਅੱਠੇ ਪਹਿਰ ਲਗਾ ਰਹੇ ਸਚ ਅਖਾੜਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਦਰ ਸਾਚਾ ਖੋਲ੍ਹੇ, ਸ਼ਬਦ ਸਰੂਪੀ ਵਿਚੋਂ ਬੋਲੇ, ਫਿਰਦਾ ਰਹੇ ਸਦ ਪਿੱਛੇ ਅਗਾੜਾ । ਸਰਗੁਣ ਰੂਪ ਸਦਾ ਸੁਖਦੇਵਾ । ਲੋਕਮਾਤ ਹਰਿ ਨਾਮ ਜਪਾਏ, ਰਸਨਾ ਫਲ ਖਵਾਏ ਅੰਮ੍ਰਿਤ ਮੇਵਾ । ਗੁਰਮੁਖ ਸਾਚੇ ਆਪ ਜਗਾਏ, ਮਸਤਕ ਲਾਏ ਸ਼ਬਦ ਥੇਵਾ । ਫੜ ਫੜ ਬਾਹੋਂ ਰਾਹੇ ਪਾਏ, ਆਪ ਕਰਾਏ ਸਾਚੀ ਸੇਵਾ । ਦਰਸ ਦਿਖਾਏ ਥਾਉਂ ਥਾਈਂ, ਨਾਮ ਜਪਾਏ ਸਾਚੀ ਜਿਹਵਾ । ਜੋਤੀ ਜੋਤ ਸਰੂਪ ਹਰਿ, ਸਾਚੀ ਦਇਆ ਆਪ ਕਮਾਏ, ਸਤਿਗੁਰ ਸਾਚਾ ਆਪ ਉਪਜਾਏ, ਜੀਆਂ ਜੰਤਾਂ ਰਿਹਾ ਸਮਝਾਏ, ਆਪ ਲਗਾਏ ਸਾਚੀ ਸੇਵਾ । ਸਤਿਗੁਰ ਸਾਚਾ ਸਾਚੀ ਸੇਵ ਕਮਾਏ, ਚਰਨ ਪ੍ਰੀਤੀ ਏਕਾ ਲੱਗੀ ਨਾਲ ਪੁਰਖ ਗੋਪਾਲੇ । ਹਰਿ ਪਹਿਨਾਏ ਸਿਰ ਸੱਗੀ, ਉਤੇ ਦੇਵੇ ਸ਼ਬਦ ਦੁਸ਼ਾਲੇ । ਜੋਤ ਲੋਕਮਾਤ ਜਗੀ, ਮਿਟੇ ਅੰਧੇਰ ਕਲਜੁਗ ਕਾਲੇ । ਸ੍ਰਿਸ਼ਟ ਸਬਾਈ ਅੰਤਮ ਦਗੀ, ਨਾ ਦਿਸੇ ਕਿਸੇ ਰਾਹ ਸੁਖਾਲੇ । ਜੋਤੀ ਜੋਤ ਸਰੂਪ ਹਰਿ, ਸਤਿਗੁਰ ਸਾਚੇ ਵਿਚ ਮਾਤ ਆਪੇ ਪਾਲੇ । ਗੁਰ ਸਤਿਗੁਰ ਸੂਰਾ ਜਗਤ ਵਰਿਆਮ । ਪ੍ਰਭ ਸ਼ਬਦ ਕਰਾਏ ਪੜਦਾ ਕਾਇਆ ਚਾਮ । ਘਰ ਸਾਚੇ ਮਿਲੇ ਏਕਾ ਜੋਤੀ ਨੂਰਾ, ਮਿਟੇ ਅੰਧੇਰੀ ਰੈਣ ਜਗਤ ਸ਼ਾਮ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਕਲ ਆਪਣੇ ਪੂਰ ਕਰਾਏ ਆਪੇ ਕਾਮ । ਕਲਜੁਗ ਬਲੀ ਬਲਵਾਨਾ । ਮਾਤ ਮਿਟਾਏ ਗੁਰ ਪੀਰ ਸ਼ਾਹ ਸੁਲਤਾਨਾ । ਦਰ ਦਰ ਘਰ ਘਰ ਲਾਹੁੰਦਾ ਫਿਰੇ ਜੀਵ, ਕੋਈ ਨਾ ਛੱਡੇ ਖ਼ਾਲੀ ਖ਼ਾਨਾ । ਜੋਤੀ ਜੋਤ ਸਰੂਪ ਹਰਿ, ਆਪਣਾ ਰੰਗ ਆਪੇ ਜਾਣੇ ਵੇਲੇ ਅੰਤ ਸ੍ਰੀ ਭਗਵਾਨਾ । ਕਾਇਆ ਮਾਟੀ ਖਾਏ ਕਾਲ । ਜਗਤ ਤੁਟੇ ਨਾਤੀ, ਤੁੱਟੇ ਮਾਇਆ ਜਾਲ । ਨਾ ਕੋਈ ਪੁੱਛੇ ਕਿਸੇ ਬਾਕੀ, ਖਾਲੀ ਹੋਏ ਖਾਲ । ਜੋਤੀ ਜੋਤ ਸਰੂਪ ਹਰਿ, ਏਕਾ ਵਸਤ ਰੱਖੇ ਦਸਤ ਰੱਖੇ ਸਦ ਸੰਭਾਲ । ਗੁਰ ਪੀਰ ਜਗਤ ਅਵਤਾਰਾ । ਅੰਤਮ ਸੁੱਤੇ ਪੈਰ ਪਸਾਰਾ । ਕੋਈ ਨਾ ਆਏ ਦੂਜੀ ਵਾਰਾ । ਜਗਤ ਨਾਮ ਫੇਰ ਧਰਾਏ, ਜੋਤ ਜਗਾਏ ਆਦਿ ਅੰਤ ਵਾਰੋ ਵਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਆਪ ਕਰਨ ਕਰਾਵਣਹਾਰਾ । ਕਾਇਆ ਚੋਲੀ ਮਾਟੀ ਡੋਲੀ । ਅੰਤਮ ਸੁੱਤੀ ਭੋਲੀ ਭਾਲੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੇ ਅੰਤਮ ਵੇਲੇ ਲੱਖ ਚੁਰਾਸੀ ਕੀਨੀ ਗੋਲੀ । ਪੀਰ ਪੈਗ਼ੰਬਰ ਸਯਦ ਮੁਲਾਣਾ । ਮੀਰੀ ਪੀਰੀ ਪੀਰ ਫਕੀਰੀ, ਸ਼ਾਹ ਹਕੀਰੀ, ਮੰਨਣਾ ਪਏ ਸਾਚਾ ਭਾਣਾ । ਤਨ ਕਿਸੇ ਨਾ ਰਹੇ ਚੀਰੀ, ਮਿਟੇ ਨਿਸ਼ਾਨ ਰਾਜਾ ਰਾਣਾ । ਕਲਜੁਗ ਤੇਰਾ ਅੰਤਮ ਅੰਤ ਅਖੀਰੀ, ਨਿਹਕਲੰਕੀ ਪਹਿਰੇ ਬਾਣਾ । ਨਿਹਕਲੰਕੀ ਸ਼ਬਦ ਅਮੋਲਾ । ਪਹਿਲੋਂ ਛੱਡਿਆ ਕਾਇਆ ਚੋਲਾ । ਫੇਰ ਸੁਣਾਇਆ ਸੋਹੰ ਢੋਲਾ । ਭਰਮ ਭੁਲੇਖਾ ਗੁਰਮੁਖ ਸਾਚੇ ਸੰਤਾਂ ਆਤਮ ਖੋਲ੍ਹਾ । ਮੇਲ ਮਿਲਾਵਾ ਸਾਚੇ ਕੰਤਾ, ਹੋਇਆ ਜਗਤ ਵਿਚੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਚੌਵੀਆਂ ਵਾਰ ਮਾਤਲੋਕ ਲੱਖ ਚੁਰਾਸੀ ਖੇਡਣ ਆਇਆ ਏਕਾ ਅੰਤਮ ਹੋਲਾ । ਨਿਹਕਲੰਕ ਸ਼ਬਦ ਵਣਜਾਰਾ । ਵੇਖੇ ਪਰਖੇ ਪਰਖੇ ਵੇਖੇ, ਘਾੜਨ ਘੜੇ ਸੱਚਾ ਸੁਨਿਆਰਾ । ਜਨ ਭਗਤਾਂ ਅੰਮ੍ਰਿਤ ਮੇਘ ਸਦ ਬਰਖੇ, ਕਾਇਆ ਕਰੇ ਠੰਡੀ ਠਾਰਾ । ਗੁਰਮੁਖ ਸਾਚਾ ਕਦੇ ਨਾ ਹਰਖੇ, ਆਪੇ ਕਰੇ ਕਰਾਏ, ਜਗਤ ਵਰਤਾਏ ਆਪਣੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਭਿਖਾਰੀ ਆਪੇ ਬਣਿਆ, ਕਰਦਾ ਜਾਏ ਵਣਜ ਵਪਾਰਾ । ਵਣਜ ਵਪਾਰਾ ਸਾਚਾ


੪੬੧
੦੪

ਮੰਗੇ । ਮਾਤਲੋਕ ਨਾ ਹਰਿ ਜੀ ਸੰਗੇ । ਸ਼ਬਦ ਘੋੜੇ ਕਸੇ ਤੰਗੇ । ਚਰਨ ਛੁਹਾਏ ਚਿੱਟੇ ਘੋੜੇ, ਲੱਖ ਚੁਰਾਸੀ ਪੈਰ ਨੰਗੇ । ਅੰਤਮ ਕਲ ਵਾਗਾਂ ਮੋੜੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਰਖੇ ਮਾੜੇ ਚੰਗੇ । ਸਾਚਾ ਹੱਟ ਹਟਵਾਣਾ । ਮੰਗਣ ਜਾਏ ਵਡ ਬਲੀ ਬਲਵਾਨਾ । ਤਨ ਮਨ ਸਾਚਾ ਰੰਗਣ ਜਾਏ, ਹੋਏ ਜਗਤ ਕਲਿਆਣਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣਾ ਭਾਣਾ । ਉਨੀਂ ਹਾੜੀ ਉਠੇ ਗੁਰ ਚੇਲਾ । ਦਰਗਹਿ ਸਾਚੀ ਲੱਗੇ ਸਾਚਾ ਮੇਲਾ । ਬੇਮੁਖ ਜਗਤ ਵਣਜਾਰਿਆ, ਹੋਏ ਵਕਤ ਦੁਹੇਲਾ । ਗੁਰਮੁਖ ਸੰਤ ਪਿਆਰਿਆਂ, ਹਰਿ ਰੰਗ ਰੰਗੇ ਨਵੇਲਾ । ਦੇਵੇ ਸ਼ਬਦ ਭੰਡਾਰਿਆ, ਫਲ ਲਗਾਏ ਕਾਇਆ ਸਾਚੇ ਡਾਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਪਛਾਣੇ ਚਲੇ ਚਲਾਏ ਆਪਣੇ ਭਾਣੇ, ਆਪੇ ਗੁਰ ਆਪੇ ਚੇਲਾ । ਉਨੀਂ ਹਾੜ ਜਾਏ ਬਿਆਸ । ਸ਼ਬਦ ਸਰੂਪੀ ਪਾਏ ਰਾਸ । ਜੋਤ ਸਰੂਪ ਘਨਕਪੁਰ ਵਾਸ । ਹਰਿ ਹਰਿ ਵਡਾ ਸ਼ਾਹੋ, ਜਗਤ ਨਿਮਾਣਾ ਹੋਏ ਦਾਸ । ਸਦਾ ਸਦਾ ਸਦ ਬੇਪ੍ਰਵਾਹੋ । ਆਪੇ ਕਰੇ ਹਾਸ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਮਾਤ ਬਲੋਈ, ਕਰੇ ਪ੍ਰਕਾਸ਼ ਮਾਤ ਪਤਾਲ ਅਕਾਸ਼ । ਮਾਤ ਪਤਾਲ ਅਕਾਸ਼ ਹੋਏ ਚਾਨਣਾ । ਧਰਤ ਮਾਤ ਦਏ ਧਰਵਾਸ, ਜਨ ਭਗਤਾਂ ਦੇਵੇ ਬ੍ਰਹਮ ਗਿਆਨਣਾ । ਸ਼ਬਦ ਚਲਾਏ ਸਵਾਸ ਸਵਾਸ, ਅੰਤਮ ਪਕੜੇ ਸਾਚਾ ਦਾਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਪੇ ਬਣੇ, ਗੁਰਮੁਖ ਸਾਚੇ ਜਾਮਨਾ । ਉਨੀਂ ਹਾੜ ਬਿਆਸਾ ਜਾਏ । ਨਿਜ ਘਰ ਵਾਸਾ ਆਪ ਰਖਾਏ । ਆਪੇ ਵੇਖੇ ਹਰਿ ਤਮਾਸ਼ਾ, ਦਿਸ ਕਿਸੇ ਨਾ ਆਏ । ਜਗਤ ਬੰਧਨ ਜਗਤ ਫਾਸਾ, ਕੋਇ ਨਾ ਕਿਸੇ ਲਏ ਛੁਡਾਏ । ਨਾਮ ਜੋਤੀ ਤੋਲਾ ਮਾਸਾ, ਰਤੀ ਕਿਸੇ ਹੱਥ ਨਾ ਆਏ । ਆਪ ਰਿੜਕੇ ਛਾਛ ਛਾਛਾ, ਮੱਖਣ ਰੋਲ ਬਾਹਰ ਕਢਾਏ । ਗੁਰਮੁਖ ਪਰਖੇ ਸੋਨਾ ਪਾਸਾ, ਸਾਚਾ ਕੰਚਨ ਆਪ ਸੁਹਾਏ । ਆਪੇ ਬਣੇ ਦਾਸਨ ਦਾਸਾ, ਅਚਰਜ ਖੇਲ ਪ੍ਰਭ ਆਪਣੀ ਆਪ ਵਰਤਾਏ । ਬਿਆਸੋਂ ਆਏ ਹਰਿ ਗਿਰਧਾਰ । ਤਿੰਨ ਮਹੀਨੇ ਸੋਏ ਪੈਰ ਪਸਾਰ । ਖੇਲ ਕਰਾਏ ਰੂਸੇ ਚੀਨੇ, ਮੇਲ ਮਿਲਾਵਾ ਸਾਚੇ ਯਾਰ । ਗੁਰਮੁਖ ਆਤਮ ਮਨ ਤਨ ਭੀਨੇ, ਖਿਲੇ ਸੱਚੀ ਗੁਲਜ਼ਾਰ । ਅੰਮ੍ਰਿਤ ਧਾਰ ਬਰਖੇ ਸ਼ਾਂਤ ਰੱਖੇ ਸੀਨੇ, ਕਾਇਆ ਰਹੇ ਠੰਡੀ ਠਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਰਹੇ ਸਦਾ ਸਦਾ ਅਸਵਾਰ । ਸਤਾਰਾਂ ਭਾਦੋਂ ਭਰਮ ਭਉ ਭਾਗੇ । ਪ੍ਰਭ ਅਬਿਨਾਸ਼ੀ ਸੋਇਆ ਜਾਗੇ । ਘਨਕਪੁਰ ਵਾਸੀ ਮੋੜੇ ਵਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤਾਂ ਜਨ ਭਗਤਾਂ ਬੰਨ੍ਹੇ ਸ਼ਬਦ ਧਾਗੇ । ਸ਼ਬਦ ਧਾਗੇ ਆਪ ਪਰੋਏ । ਬਚਿਆ ਰਹੇ ਨਾ ਮਾਤ ਕੋਇ । ਪ੍ਰਭ ਕਾ ਭਾਣਾ ਸਿਰ ਤੇ ਸਹੇ, ਮੇਲ ਮਿਲਾਵਾ ਅੰਤਮ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਿਰੇ ਬਾਣਾ, ਨਾ ਜਨਮੇ ਨਾ ਮਾਤ ਮੋਏ । ਸ਼ਬਦ ਘੋੜੇ ਹਰਿ ਸਾਚਾ ਚੜ੍ਹ । ਸ਼ਬਦ ਡੰਡਾ ਹੱਥ ਲਏ ਫੜ । ਦੇਵੇ ਸੁਨੇਹੜਾ ਸਚ ਦਵਾਰੇ, ਸ਼ਬਦ ਘਲਾਏ ਦਿਆਲ ਗੜ੍ਹ । ਨਾਮ ਅੱਖਰ ਇਕ ਸਮਝਾਏ, ਆਤਮ ਅੰਦਰ ਸਾਚੇ ਵੜ । ਜੋਤੀ ਜੋਤ ਸਰੂਪ ਹਰਿ, ਸਾਚਾ ਹੁਕਮ ਦਏ ਲਿਖਾਏ, ਫੜਨ ਆਏ ਪ੍ਰਭ ਤੇਰਾ ਲੜ । ਸਤਾਰਾਂ ਭਾਦੋਂ ਲਿਖੇ ਲੇਖ ਲੇਖਣੀ, ਜਗਤ ਕਰਮ ਵਿਚਾਰ । ਜੋਤ ਸਰੂਪੀ ਧਾਰੇ ਭੇਖਣੀ, ਚਿੱਟੇ ਅਸਵ ਹੋ ਅਸਵਾਰ । ਮੇਟ ਮਿਟਾਏ ਔਲੀਏ ਪੀਰ ਸ਼ੇਖ਼ਣੀ, ਕੋਈ ਨਾ ਦਿਸੇ ਦੂਜਾ ਮੀਤ ਮੁਰਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨ ਪੰਜ ਸੱਤ ਨੌਂ ਪੂਰ ਕਰਾਏ, ਸ਼ਬਦ ਲਿਖਾਏ ਅਪਰ ਅਪਾਰ । ਅੱਸੂ ਤਿੰਨ ਗੁਣ ਨਿਧਾਨਾ । ਜਨ

ਭਗਤਾਂ ਚੜ੍ਹਾਏ ਸ਼ਬਦ ਬਬਾਣਾ । ਦਿੱਲੀ ਕਿਲੇ ਲਾਲ ਹਰਿ ਚਰਨ ਛੁਹਾਨਾ । ਆਤਮ ਜੋਤੀ ਦੇਵੇ ਬਾਲ, ਕਰੇ ਖੇਲ ਆਪ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਵਖਾਏ ਦਇਆ ਕਮਾਏ, ਨਿਹਕਲੰਕੀ ਪਹਿਰੇ ਬਾਣਾ ਸਚ ਟਿਕਾਣਾ । ਤਿੰਨ ਅੱਸੂ ਤਿੰਨ ਲੋਕ । ਸ਼ਬਦ ਸਰੂਪੀ ਪ੍ਰਭ ਲਏ ਠੋਕ । ਲੋਕਮਾਤ ਹਰਿ ਖੇਲ ਰਚਾਏ, ਜੋਤ ਜਗਾਏ ਚੌਦਾਂ ਲੋਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪਣੀ ਹੱਥੀਂ ਹਰਿ ਸਮਰਥੀ ਰਿਹਾ ਝੋਕ । ਤਿੰਨ ਪੰਜ ਪੰਜ ਪ੍ਰਵਾਨ । ਗੁਰਮੁਖ ਸਾਚੇ ਚਤੁਰ ਸੁਜਾਨ । ਸੰਗ ਰਲਾਏ ਮਾਰ ਧਿਆਨ । ਲਾਉਣ ਜਾਏ ਸਾਚੇ ਘਰ ਸੱਚਾ ਇਕ ਨਿਸ਼ਾਨ । ਸੰਤ ਮਨੀ ਸਿੰਘ ਗਿਆ ਤਰ, ਬਣਿਆ ਇਕ ਦਰ ਦਰਬਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਪੰਚ ਪਿਆਰਿਆਂ ਦੇਵੇ ਨਾਮ ਸੱਚਾ ਦਾਨ । ਸਤਿ ਪੁਰਖ ਸਤਿ ਰੀਤਾ । ਸੱਤ ਸਮੁੰਦਰੀ ਮਾਇਆ ਜਾਲ, ਸੱਤ ਪਤਾਲੀ ਪਰਖੀ ਨੀਤਾ । ਸਤਿ ਸਰੂਪੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਿਲੇ ਸਾਚਾ ਮੀਤਾ । ਕਿਲਾ ਲਾਲ ਕੋਟ ਦੁਆਰਾ । ਸ਼ਬਦ ਚਲਾਏ ਹਰਿ ਨਿਰੰਕਾਰਾ । ਵਾਕ ਭਵਿਖਤ ਆਪ ਸੁਣਾਏ, ਕਰੇ ਖੇਲ ਜਗਤ ਨਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗੇ ਆਗਰੇ ਇਕ ਦਵਾਰਾ । ਗੁਰ ਪੂਰਾ ਮੈਲ ਕਾਟੇ, ਜਨਮ ਸਵਾਰਦਾ । ਪੂਰ ਕਰਾਏ ਮਾਤ ਘਾਟੇ, ਨਾ ਦੇਵੇ ਪਾਸਾ ਹਾਰਦਾ । ਗੁਰਮੁਖ ਸਾਚਾ ਰਸਨਾ ਰਾਟੇ, ਵੇਖੇ ਰੰਗ ਸੱਚੀ ਸਰਕਾਰ ਦਾ । ਰਸਨਾ ਰਸ ਸਾਚਾ ਚਾਟੇ, ਤੁਟੇ ਗੜ੍ਹ ਕਿਲਾ ਹੰਕਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੀ ਜੋਤੀ ਤਨ ਸ਼ਿੰਗਾਰਦਾ । ਸਾਚੀ ਜੋਤੀ ਤਨ ਰੰਗਾਏ । ਨਾ ਮਹਿੰਦੀ ਹੱਥੀਂ ਲਾਏ । ਦਿਸ਼ਾ ਲਹਿੰਦੀ ਸ੍ਰਿਸ਼ਟ ਸਬਾਈ ਖਹਿੰਦੀ, ਲਾੜੀ ਮੌਤ ਤ੍ਰਿਖਾ ਬੁਝਾਏ । ਉਮਤ ਨਬੀ ਰਸੂਲ ਦੀ ਇਕੱਠੀ ਹੋ ਹੋ ਬਹਿੰਦੀ, ਜੂਠੇ ਝੂਠੇ ਵਹਿਣ ਵਹਿੰਦੀ, ਕੋਈ ਨਾ ਅੰਤ ਛੁਡਾਏ । ਗੁਰਮੁਖ ਸਾਚੇ ਸੰਤ ਜਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਆਪ ਵਸਾਏ । ਵਡਭਾਗੀ ਵਡਭਾਗ, ਹਰਿ ਪਾਇਆ । ਵਡਭਾਗੀ ਵਡਭਾਗ, ਪੁਰਖ ਅਬਿਨਾਸ਼ੀ ਘਨਕਪੁਰ ਵਾਸੀ, ਪ੍ਰਗਟ ਜੋਤ ਦਰਸ ਦਿਖਾਇਆ । ਵਡਭਾਗੀ ਵਡਭਾਗ, ਅੰਮ੍ਰਿਤ ਮੇਘ ਰਿਹਾ ਬਰਸ, ਕਲਜੁਗ ਅਗਨ ਬੁਝਾਇਆ । ਵਡਭਾਗੀ ਵਡਭਾਗ, ਪ੍ਰਭ ਸਾਚਾ ਕਰੇ ਤਰਸ, ਸਾਂਤਕ ਸਤਿ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਗੁਰਮੁਖ ਰੰਗੇ, ਏਕਾ ਰੰਗ ਮਜੀਠ ਚੜ੍ਹਾਇਆ । ਅੰਮ੍ਰਿਤ ਧਾਰ ਆਤਮ ਠਾਰੇ । ਪ੍ਰਭ ਦੇਵੇ ਵਾਰੋ ਵਾਰ, ਵੇਖੇ ਵਿਗਸੇ ਕਰੇ ਸਰਬ ਵਿਚਾਰੇ । ਜੋ ਜਨ ਮੰਗੇ ਦਰ ਭਿਖਾਰੇ । ਦੇਵੇ ਨਾਮ ਵਡ ਵਡ ਭੰਡਾਰੇ । ਸ਼ਬਦ ਬੰਨ੍ਹੇ ਸਿਰ ਦਸਤਾਰ, ਸੱਚਾ ਸ਼ਾਹੋ ਵਡੀ ਸਰਕਾਰੇ । ਕਾਇਆ ਲਾਹੇ ਜਗਤ ਬੁਖ਼ਾਰ, ਸ਼ਬਦ ਖੰਡਾ ਸਾਚਾ ਮਾਰੇ । ਆਤਮ ਭਰੇ ਹਰਿ ਭੰਡਾਰ, ਜੋਤ ਸਰੂਪੀ ਕਿਰਪਾ ਧਾਰੇ । ਦੇਵੇ ਨਾਮ ਇਕ ਖ਼ੁਮਾਰ, ਮੰਗਣ ਆਏ ਨਰ ਨਾਰੇ । ਮਿਲੇ ਮੀਤ ਹਰਿ ਮੁਰਾਰ । ਅੰਤਮ ਵੇਲੇ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਸੁਹੇਲਾ ਸਦ ਵਸੇ ਅਕੇਲਾ, ਜੋਤ ਸਰੂਪੀ ਜਗਤ ਅਧਾਰੇ । ਜਗਤ ਅਧਾਰੀ ਸਰਬ ਸਮਾਇੰਦਾ । ਵੇਖੇ ਵਿਗਸੇ ਕਰੇ ਵਿਚਾਰੀ, ਗੁਰਮੁਖ ਸਾਚੇ ਆਪ ਜਗਾਇੰਦਾ । ਆਤਮ ਬ੍ਰਹਮ ਪੂਰ ਕਰਮ, ਜਗਤ ਕਰਮ ਏਕਾ ਏਕ ਰਖਾਇੰਦਾ । ਜਨ ਭਗਤਾਂ ਦੇਵੇ ਮਾਨਸ ਜਨਮ, ਦੇਹੀ ਲੇਖੇ ਲਾਇੰਦਾ । ਗਾਓ ਸਾਚਾ ਸ਼ਬਦ ਗੀਤ ਸੁਹਾਗੀ, ਏਕਾ ਹਰਿ ਸੁਣਾਇੰਦਾ । ਗੁਰਮੁਖ ਸਾਚੇ ਧੁਰਦਰਗਾਹੀ, ਅੰਤਮ ਵੇਲੇ ਲੇਖੇ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੪੬੩ ੦੪

ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਮ੍ਰਿਤ ਸਾਚਾ ਜਾਮ ਭਰ ਪਿਆਲੇ ਆਪ ਪਿਆਇੰਦਾ । ਦੇਵੇ ਨਾਮ ਪਿਆਲਾ, ਜਗਤ ਅਨਮੋਲ ਹੈ । ਕਿਰਪਾ ਕਰੇ ਦੀਨ ਦਿਆਲਾ, ਗੁਰਮੁਖ ਸਾਚਾ ਸਦ ਵਸੇ ਹਰਿ ਹਰਿ ਕੋਲ ਹੈ । ਆਪੇ ਹੋਏ ਸਦਾ ਪ੍ਰਿਤਪਾਲਾ ਹਰਿ ਰਖਵਾਲਾ, ਅੱਠੇ ਪਹਿਰ ਕਰੇ ਚੋਹਲ ਹੈ । ਤੋੜੇ ਮਾਤ ਜਗਤ ਜੰਜ਼ਾਲਾ, ਦੂਈ ਦਵੈਤੀ ਪੜਦੇ ਦੇਵੇ ਖੋਲ੍ਹ ਹੈ । ਮਸਤਕ ਲਾਹੇ ਟਿੱਕਾ ਕਾਲਾ, ਚਰਨ ਪ੍ਰੀਤੀ ਰਿਹਾ ਜੋੜ ਹੈ । ਸੋਹੰ ਦੇਵੇ ਸ਼ਬਦ ਦਾਤ ਦੁਸ਼ਾਲਾ, ਆਪ ਚੜ੍ਹਾਏ ਸ਼ਬਦ ਘੋੜ ਹੈ । ਤਨ ਪਾਈ ਨਾਮ ਸਾਚੀ ਮਾਲਾ, ਧੁਰਦਰਗਾਹੀ ਆਇਆ ਦੌੜ ਹੈ । ਫਲ ਲਗਾਏ ਕਾਇਆ ਡਾਲਾ, ਜਨ ਭਗਤਾਂ ਮਿਲਿਆ ਬਹੁੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਵੇਖ ਵਖਾਣੇ, ਪਰਖੇ ਗੁਰਸਿਖ ਸੁਘੜ ਸਿਆਣੇ, ਭੰਨੇ ਰੀਠੇ ਕੌੜ ਹੈ । ਕੂੜ ਕੁੜਿਆਰਾ ਬੇਮੁਖ ਰੀਠਾ । ਗੁਰਮੁਖ ਸਾਚਾ ਲਾਗੇ ਮੀਠਾ । ਸਾਚਾ ਦਰਸ ਪੁਰਖ ਅਬਿਨਾਸ਼, ਨੇਤਰ ਨੈਣ ਵੇਖ ਚੜ੍ਹਿਆ ਰੰਗ ਮਜੀਠਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਤੇਰਾ ਪੀਸਣ ਆਪਣੀ ਹੱਥੀਂ ਆਪੇ ਪੀਠਾ । ਲਾੜੀ ਮੌਤ ਤਨ ਸ਼ਿੰਗਾਰੀ । ਸੋਲਾਂ ਹਾੜ ਕਰਮ ਵਿਚਾਰੀ । ਸਤਾਰਾਂ ਹਾੜ ਵਾਜਾਂ ਮਾਰੀ । ਨਿਹਕਲੰਕ ਵੱਜੇ ਡੰਕ, ਉਠੇ ਰਾਓ ਰੰਕ ਲੱਖ ਚੁਰਾਸੀ ਆਪ ਵੰਗਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਏ ਜੋੜ ਤੇਰੇ ਦਰ ਹੋਈ ਨਿਮਾਣੀ ਸਾਚੇ ਘਰ ਨਿਮਸਕਾਰੀ । ਤਨ ਸ਼ਿੰਗਾਰੇ ਸੋਲਾਂ ਸ਼ਿੰਗਾਰ, ਮੌਤ ਰਾਣੀ ਹੋ ਤਿਆਰ, ਲੱਖ ਚੁਰਾਸੀ ਵੇਖੇ ਚੁਣੇ ਸਭੇ ਲਾੜ । ਜਲਾਂ ਥਲਾਂ ਆਵੇ ਜਾਵੇ ਜਾਵੇ ਆਵੇ ਪਾਰ ਕਿਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਬੇਮੁਖ ਕਲਜੁਗ ਜੀਵਾਂ ਕਾਲਾ ਮੱਥੇ ਟਿੱਕਾ ਲਾਇਆ, ਅੰਤਮ ਵੇਲੇ ਮਾਇਆ ਰੂਪੀ ਬੰਨ੍ਹਣ ਆਇਆ ਇਕ ਦਸਤਾਰ । ਲਾੜੀ ਮੌਤ ਪਾਏ ਗਹਿਣੇ । ਪ੍ਰਭ ਅਬਿਨਾਸ਼ੀ ਆਪੇ ਵੇਖੇ ਸਾਚੇ ਨੈਣੇ । ਲੱਖ ਚੁਰਾਸੀ ਤੇਰੇ ਕਲਜੁਗ ਅੰਤਮ ਵੇਲੇ, ਆਪ ਚੁਕਾਏ ਲਹਿਣੇ ਦੇਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ, ਚਾਰ ਕੁੰਟ ਚਾਰ ਚੁਫੇਰੇ ਬੇਮੁਖ ਦੇਣ ਮਿਹਣੇ । ਲਾੜੀ ਮੌਤ ਪਾਏ ਡੰਡ । ਲਹਿੰਦੀ ਦਿਸ਼ਾ ਚੜ੍ਹਨਾ ਚੰਦ । ਮੇਟ ਮਿਟਾਏ ਧਰਤ ਮਾਤ ਤੇਰੀ ਗੋਦ ਆਪ ਸਵਾਏ ਮਦਿਰਾ ਮਾਸੀ ਜੋ ਖਾਂਦੇ ਗੰਦ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਬੇਮੁਖਾਂ ਜੀਵਾਂ ਦਿਸ ਨਾ ਆਇਆ, ਇਕ ਗਵਾਏ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਹੱਥ ਉਠਾਇਆ, ਵਾਰੋ ਵਾਰ ਕਹਿੰਦਾ ਜਾਏ, ਸਭ ਦਾ ਦੁੱਖ ਲਹਿੰਦਾ ਜਾਏ, ਸ਼ਬਦ ਸਰੂਪੀ ਚੜ੍ਹਿਆ ਚੰਦ । ਪਹਿਲੀ ਹਾੜ ਵਾਗ ਮੋੜੇ । ਪੈਰੀਂ ਪਾਉਣ ਨਾ ਦੇਵੇ ਜੋੜੇ । ਅੰਤਮ ਕਲਜੁਗ ਦਿਨ ਰਹਿ ਗਏ ਥੋੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਖੇਲ ਰਚਾਈ, ਸਾਰੀ ਸ੍ਰਿਸ਼ਟ ਆਪ ਹਿਲਾਈ, ਗੁਰਮੁਖਾਂ ਮਨ ਵੱਜੀ ਵਧਾਈ, ਸ਼ਬਦ ਸਰੂਪੀ ਆਪੇ ਬਹੁੜੇ । ਧਰਮ ਰਾਏ ਤੇਰੀ ਧੀ ਨਿਮਾਣੀ । ਲਾੜੀ ਮੌਤ ਪਹਿਲੀ ਕੁੰਟ ਆਪੇ ਚੜ੍ਹੀ, ਵੇਖਣ ਚਲੀ ਸਾਚੇ ਹਾਣੀ । ਵਹਿੰਦੀ ਜਾਏ ਕਿਲ੍ਹਾ ਗੜ੍ਹੀ, ਪਰਖੀ ਜਾਏ ਰਾਜੇ ਰਾਣੀ । ਇਕ ਬਹਾਰੀ ਹੱਥ ਫੜੀ, ਪੀਣ ਨਾ ਦੇਵੇ ਕਿਸੇ ਪਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਅੰਤਮ ਵੇਲੇ ਆਪ ਮਿਟਾਏ ਖਾਣੀ ਬਾਣੀ । ਪ੍ਰਗਟ ਜੋਤ ਪ੍ਰਕਾਸ਼, ਜਗਤ ਅੰਧੇਰਾ । ਸਦ ਨਿਜ ਘਰ ਰੱਖੇ ਵਾਸ, ਨਾ ਚੁੱਕੇ ਹੇਰਾ ਫੇਰਾ । ਗੁਰਮੁਖ ਕਹਿਣ ਸਦ ਰਹੇ ਦਾਸ, ਕਰੇ ਹੱਕ ਨਬੇੜਾ । ਜੋਤੀ ਜੋਤ ਸਰੂਪ ਹਰਿ, ਦਿਸ ਕਿਸੇ ਨਾ ਆਏ ਵਸੇ ਕਿਹੜੇ ਨਗਰ ਖੇੜਾ । ਦਇਆ ਕਰ ਦੀਨ ਕੇ ਦਾਤੇ । ਆਏ ਦਰ ਮਿਲੇ

੪੬੫
੦੪

ਵਰ ਪੁਰਖ ਬਿਧਾਤੇ । ਆਤਮ ਖੋਲ੍ਹ ਸਾਚਾ ਸਰ, ਅਠ ਸਠ ਤੀਰਥ ਝੂਠੇ ਨਾਤੇ । ਏਕਾ ਜੋਤੀ ਏਕਾ ਸ਼ਬਦ, ਏਕਾ ਸੁਰਤ ਏਕਾ ਘਰ, ਮਿਟੇ ਅੰਧੇਰੀ ਰਾਤੇ । ਜੋਤੀ ਜੋਤ ਸਰੂਪ ਹਰਿ, ਅੱਠੇ ਪਹਿਰ ਏਕ ਰੰਗ ਰੰਗਾਏ, ਨਾ ਸੋਏ ਨਾ ਜਾਗੇ ਕਿਸ ਵੇਲੇ ਪ੍ਰਭਾਤੇ । ਗੁਰ ਕੀ ਮਤ ਗੁਰਮਤ ਜਾਣ । ਰੱਖੇ ਪਤਿ ਵਿਚ ਜਹਾਨ । ਏਕਾ ਸ਼ਬਦ ਧੀਰਜ ਸਾਚਾ ਯਤ, ਬਖ਼ਸ਼ੇ ਤੱਤ ਨਾਮ ਗੁਣ ਨਿਧਾਨ । ਆਤਮ ਬੀਜ ਸਾਚਾ ਘੱਤ, ਲੱਗੇ ਫਲ ਇਕ ਮਹਾਨ । ਕਾਇਆ ਮੰਦਰ ਸਚ ਅਟਾਰੀ ਉਚ ਮਹੱਲ, ਜਗੇ ਜੋਤ ਵਿਚ ਮਹਾਨ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਵੇਖ ਵਖਾਣੇ, ਵਡ ਦਾਤਾ ਨਿਗਹਬਾਨ । ਗੁਰ ਹਰਿ ਗੁਰ ਹਰਿ ਦੀਬਾਣ । ਗੁਰਮੁਖ ਸਾਚੇ ਆਤਮ ਸਦ, ਸਾਚਾ ਦਏ ਸ਼ਬਦ ਗਿਆਨ । ਇਕ ਵਜਾਏ ਸਾਚਾ ਨਦ, ਚਰਨ ਪ੍ਰੀਤੀ ਬਖ਼ਸ਼ੇ ਧਿਆਨ । ਅੱਠੇ ਪਹਿਰ ਅੰਮ੍ਰਿਤ ਮਦਿ, ਹੋਇਆ ਰਹੇ ਜਗਤ ਸਨਾਨ । ਪੰਜਾਂ ਚੋਰਾਂ ਆਪੇ ਬੱਧ, ਹੋਏ ਖੁਆਰੀ ਜੀਵ ਨਿਧਾਨ । ਲੰਬਾ ਚੌੜਾ ਉੱਚਾ ਨੀਵਾਂ ਦਿਸੇ ਨਾ ਕੱਦ, ਜਿਥੇ ਵਸੇ ਹਰਿ ਭਗਵਾਨ । ਕਾਇਆ ਚੋਲੀ ਬਾਹਰਾ, ਜੋਤੀ ਜੋਤ ਸਰੂਪ ਹਰਿ, ਵਸੇ ਹੱਸੇ ਕਿਸ ਜਹਾਨ । ਗੁਰੂ ਗੁਰ ਗੁਰੂ ਗੁਰ ਮੇਰੇ । ਸ਼ਬਦ ਸਰੂਪੀ ਪਾਇਣ ਘੇਰੇ । ਬੰਨ੍ਹੀ ਜਾਏ ਸਾਚੇ ਚੇਰੇ । ਦਰ ਘਰ ਸਾਚੇ ਆਪੇ ਜਾਣੇ, ਜਾਣ ਪਛਾਣੇ ਹਰਿ ਭਗਵਾਨੇ । ਤੁੱਟੇ ਮਾਣੇ ਚਰਨ ਧਿਆਨੇ ਆਤਮ ਉਪਜੇ ਬ੍ਰਹਮ ਗਿਆਨੇ । ਸੱਚਾ ਝੁੱਲੇ ਇਕ ਨਿਸ਼ਾਨੇ । ਸਰਬ ਵਖਾਏ ਕੂੜੋ ਕੂੜ, ਏਕਾ ਮਾਰੇ ਸ਼ਬਦ ਬਾਨੇ । ਦਿੱਲੀ ਜਾਏ ਤੋਸੇ ਖ਼ਾਨੇ । ਬੰਨ੍ਹੇ ਹੱਥ ਸ਼ਬਦ ਗਾਨੇ । ਪੰਜਾਂ ਚੋਰਾਂ ਲੱਗੇ ਡਾਨੇ । ਸਚ ਸਿੰਘਾਸਣ ਹਰਿ ਜੀ ਬੈਠਾ, ਨਾ ਜਾਣੇ ਕੋਈ ਤਹਿਸੀਲਾਂ ਥਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਈ ਵੇਖ ਵਖਾਣੇ ਸਰਬ ਜਾਣੇ, ਆਪੇ ਚਲੇ ਚਲਾਏ ਆਪਣੇ ਭਾਣੇ । ਗੁਰ ਪੂਰਾ ਗੁਰ ਦੇਵਣਹਾਰ ਦਾਤਾ । ਏਕਾ ਪੁਰਖ ਮੇਰੀ ਜਾਤਾ । ਇਕੋ ਵਸਤ ਪ੍ਰਭ ਦਰ ਮੰਗਣ, ਉਠਣਾ ਪਏ ਨਾ ਕਿਸੇ ਵੇਲੇ ਪ੍ਰਭਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ, ਸਾਚੀ ਜੋਤ ਆਤਮ ਝੋਲੀ ਆਪ ਭਰਾਤਾ । ਗੁਰਮੁਖ ਸਾਚੇ ਬਾਲ ਅੰਵਾਣੇ । ਪੁਰਖ ਅਬਿਨਾਸ਼ੀ ਆਪੇ ਬਖ਼ਸ਼ੇ ਚਰਨ ਧਿਆਨੇ । ਸਾਚੇ ਧਾਮ ਆਪ ਬਹਾਏ, ਦੱਸੇ ਇਕ ਟਿਕਾਣੇ । ਜੋਤ ਸਰੂਪੀ ਡਗਮਗਾਏ, ਕਲਜੁਗ ਜੀਵਾਂ ਦਿਸ ਨਾ ਆਏ, ਗੂੜ੍ਹੀ ਨੀਂਦ ਸਵਾਏ, ਨਾ ਕੋਈ ਚੜ੍ਹੇ ਸ਼ਬਦ ਬਬਾਣੇ । ਗੁਰਮੁਖ ਸਾਚੇ ਆਪ ਜਗਾਏ, ਫੜ ਫੜ ਬਾਹੋਂ ਰਾਹੇ ਪਾਏ, ਸਾਚੇ ਰਥ ਆਪ ਬਹਾਏ, ਮਾਰੇ ਇਕ ਉਡਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਮਾਣ, ਜਗਤ ਤੋੜੇ ਸਰਬ ਅਭਿਮਾਨੇ । ਤੁੱਟੇ ਮਾਣ ਅਭਿਮਾਨਿਆ । ਵੱਜੇ ਤੀਰ ਸਾਚੀ ਕਾਨਿਆ । ਕਲਜੁਗ ਤੇਰੀ ਅੰਤਮ ਵਾਰ, ਚਲੇ ਤੀਰ ਸ਼ਬਦ ਨਿਸ਼ਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸਾਚੇ ਸੰਤਾਂ ਵੇਖਣ ਆਇਆ ਕਰ ਕਰ ਵਡ ਮਿਹਰਬਾਨੀਆਂ । ਸੰਤ ਸੁਹੇਲੇ ਸਾਚੇ ਮੀਤ । ਆਪੇ ਪਰਖੇ ਹਰਿ ਜੀ ਨੀਤ । ਗੁਰਦਵਾਰੇ ਮੰਦਰ ਕੋਈ ਖਾਲੀ ਰਹਿਣ ਨਾ ਦੇਵੇ ਮਸੀਤ । ਵਾਂਗ ਬੱਕਰੇ ਅੰਤਮ ਕੋਹੇ, ਸਦੀ ਚੌਧਵੀਂ ਰਹੀ ਬੀਤ । ਗੁਰਮੁਖ ਸਾਚੇ ਸੰਤ ਜਨਾਂ, ਸਦਾ ਰੱਖੇ ਕਾਇਆ ਠੰਡੀ ਸੀਤ । ਕਾਇਆ ਠੰਡੀ ਠਾਰੇ, ਕਲਜੁਗ ਅੰਗਿਆਰ ਹੈ । ਗੁਰਮੁਖ ਸਾਚੇ ਜਾਏ ਤਾਰੇ, ਬੇਮੁਖਾਂ ਕਰੇ ਖੁਆਰ ਹੈ । ਵੇਲੇ ਅੰਤਮ ਆਈ ਹਾਰੇ, ਦੁਖੀ ਹੋਈ ਸਰਬ ਨਰ ਨਾਰ ਹੈ । ਗੁਰਮੁਖ ਵਿਰਲਾ ਕਰੇ ਤਨ ਸ਼ਿੰਗਾਰੇ, ਜਿਸ ਮਿਲਿਆ ਮੀਤ ਮੁਰਾਰ ਹੈ । ਸਾਚਾ ਸ਼ਬਦ ਪਹਿਨੇ ਤਨ ਹਾਰੇ, ਪ੍ਰਭ ਬੇੜਾ ਕਰ ਜਾਏ ਪਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਕਰੇ ਅੰਤ ਨਿਬੇੜਾ, ਵਸਾਏ ਨਗਰ ਖੇੜਾ, ਜਿਸ ਚਰਨ ਛੁਹਾਏ ਦਰ ਦਵਾਰ ਹੈ । ਸਤਿਗੁਰ ਪੁਰਖ ਸੁਜਾਨ ਸਦਾ ਇਕ ਰੰਗ ਹੈ । ਦੇਵੇ ਦਾਤ ਆਪ ਭਗਵਾਨ, ਘਰ ਸਾਚੇ ਸਦਾ ਰਿਹਾ ਮੰਗ ਹੈ । ਇਕ ਰਖਾਏ ਆਪਣੀ ਆਣ, ਜਗਤ ਦਿਸਾਏ ਭੁੱਖ ਨੰਗ ਹੈ । ਸਾਚਾ ਬਖ਼ਸ਼ੇ ਚਰਨ ਧਿਆਨ, ਪ੍ਰਭ ਵਡ ਦਾਤਾ ਸੂਰਾ ਸਰਬੰਗ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਖੇਲ ਰਚਾਏ, ਜੋਤ ਸਰੂਪੀ ਡਗਮਗਾਏ, ਅੰਤਮ ਕਲ ਸਰਬ ਰਹੇ ਭੰਗ ਹੈ । ਅੰਤਮ ਕਲਜੁਗ ਸਾਜਨਾ, ਸੱਜਣ ਮੀਤ ਮੁਰਾਰ । ਨਾ ਕੋਈ ਦੀਸੇ ਰਾਜਾਨ ਰਾਜਨਾ, ਘਰ ਘਰ ਦਿਸੇ ਉਜਾੜ । ਕੋਈ ਰੱਖੇ ਨਾ ਕਿਸੇ ਲਾਜਨਾ, ਏਕਾ ਉਠੇ ਸਾਚੀ ਧਾੜ । ਵਰਤੇ ਖੇਲ ਦੇਸ ਮਾਝਨਾ, ਬੇਮੁਖਾਂ ਦੇਵੇ ਹਰਿ ਝਾੜ । ਗੁਰਮੁਖਾਂ ਮਾਰੇ ਸ਼ਬਦ ਅਵਾਜ਼ਨਾ, ਸ਼ਬਦ ਲਿਖਾਏ ਸਤਾਰਾਂ ਹਾੜ । ਅੰਤਮ ਸਵਾਰੇ ਸਾਚਾ ਕਾਜਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਚਬਾਏ ਆਪਣੀ ਦਾੜ੍ਹ ।

❇ ੧੮ ਹਾੜ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਵਿਚ ❇

ਆਤਮ ਅਭਿਆਸ, ਜੋਗ ਸਨਿਆਸ । ਮਨ ਰਹੇ ਉਦਾਸ, ਕਾਲੀ ਰੈਣ ਪ੍ਰਿਥਮੀ ਅਕਾਸ਼ । ਨਾ ਵਖਾਣੇ ਸਾਚੇ ਨੈਣ, ਕਰੇ ਹੱਸ ਹੱਸ ਰਾਸ । ਰਸਨਾ ਦੱਸੇ ਸਾਚਾ ਕਾਹਨ, ਪਰਮ ਪੁਰਖ ਵਸੇ ਕਿਸੇ ਵਿਰਲੇ ਪਾਸ । ਚੁਕਾਉਂਦਾ ਰਹੇ ਲਹਿਣ ਦੇਣ, ਹੁਕਮ ਹਜ਼ੂਰੀ ਆਤਮ ਰਾਸ । ਹਰਿ ਸੰਗ ਸਦਾ ਸੁਹੇਲਾ, ਘਰ ਘਰ ਕਰੋਧੀ ਹੰਕਾਰੀ, ਜਗਤ ਮਮਤਾ ਮਦਿਮਾਤੀ ਕਰੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜੋਗ ਜਗਤ ਚਲਾਏ, ਸੋਹੰ ਸ਼ਬਦ ਇਕ ਜਪਾਏ, ਵਸੇ ਆਸ ਪਾਸ । ਜਟਾ ਜੂਟ ਧਾਰ ਅੰਗ ਭਿਬੂਤ । ਗਲ ਸੰਗਲ ਲੱਕ ਤੜਾਗ, ਮਾਰਨ ਮਾਰ ਵਡ ਵਡ ਅਵਧੂਤ । ਸਿਰ ਪਾਈ ਫਿਰਨ ਛਾਰ, ਤਾਣਾ ਪੇਟਾ ਕੋਈ ਨਾ ਜਾਣੇ, ਏਕਾ ਧਾਗਾ ਸ਼ਬਦ ਸੱਚਾ ਸੂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਜਪਾਏ, ਗੁਰਮੁਖ ਸਾਚੇ ਸੰਤ ਜਨਾਂ, ਆਪ ਮਿਟਾਏ ਆਤਮ ਅੰਧੇਰ ਜਗਤ ਅੰਧ ਕੂਪ । ਰਿਖ ਮੁਨ ਮੁਨੀ ਮੁਨ ਧਾਰੇ । ਲੱਗੀ ਰਹੇ ਸੁਨ, ਰੱਖੇ ਬੰਦ ਸਰਬ ਕਵਾੜੇ । ਦਰਸ਼ਨ ਹੋਏ ਘੜੀ ਪਲ, ਤਪਦੀ ਰਹੇ ਕਾਇਆ ਜਿਉਂ ਅਗਨ ਤੱਤੀ ਹਾੜੇ । ਗੁਰਮੁਖ ਸਾਚੇ ਪ੍ਰਭ ਆਪੇ ਚੁਣ, ਬਹਾਏ ਸਚ ਅਖਾੜੇ । ਕਵਣ ਜਾਣੇ ਹਰਿ ਤੇਰੇ ਗੁਣ, ਲੇਖੇ ਲਾਏ ਚੰਗੇ ਮਾੜੇ । ਲੱਖ ਚੁਰਾਸੀ ਛਾਣ ਪੁਣ, ਗੁਰਮੁਖ ਸਾਚੇ ਸੰਤ ਦੁਲਾਰਿਆਂ, ਸ਼ਬਦ ਘੋੜੀ ਆਪੇ ਚਾੜ੍ਹੇ । ਇਕ ਕਰਾਏ ਸਾਚਾ ਵਣਜ ਵਪਾਰਿਆ, ਨਾਮ ਰੰਗਣ ਕਾਇਆ ਚੋਲੀ ਸਾਚੀ ਚਾੜ੍ਹੇ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਸਾਚੇ ਸੰਤਾਂ ਮਾਤਲੋਕ ਆਪ ਬਣਾਏ ਦਰ ਘਰ ਸਾਚੇ ਦਿਸੇ ਸਾਚੇ ਲਾੜੇ । ਸੰਤ ਦੁਲਾਰਾ ਹਰਿ ਪਿਆਰਾ । ਸਾਚੀ ਰੰਗਣ ਰੰਗ ਰੰਗਾਏ, ਕਿਰਪਾ ਕਰ ਅਪਰ ਅਪਾਰਾ । ਆਦਿ ਅੰਤ ਜੁਗਾ ਜੁਗੰਤ ਸਾਚੇ ਸੰਤ ਹਰਿ ਸੰਗ ਸਮਾਏ, ਆਤਮ ਬੈਠਾ ਲਾਏ ਤਾੜਾ । ਬੇਮੁਖ ਜੀਵ ਕਾਚੀ ਵੰਗ ਭੰਨਾਏ, ਆਪ ਚਬਾਏ ਆਪਣੀ ਦਾੜ੍ਹਾ । ਸ਼ਬਦ ਘੋੜੇ ਤੰਗ ਕਸਾਏ, ਆਪ ਆਪਣਾ ਚਰਨ ਟਿਕਾਏ, ਲੱਖ ਚੁਰਾਸੀ ਭੰਗ ਕਰਾਏ, ਲੇਖ ਲਿਖਾਏ ਸਤਾਰਾਂ ਹਾੜਾ । ਜੋਤੀ ਜੋਤ ਸਰੂਪ ਹਰਿ, ਚਾਰ ਕੁੰਟ ਚਾਰ ਚੁਫੇਰ, ਸ਼ਬਦ ਸਰੂਪੀ ਲਏ ਘੇਰ, ਕਿਸੇ ਨਾ ਦਿਸੇ

ਸੰਞ ਸਵੇਰ, ਲੱਗੀ ਰਹੇ ਅਗਨ ਬੇਮੁਖ ਫਿਰਨ ਨਗਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸਾਚਾ ਸਹਾਰਾ । ਧਰਤ ਮਾਤ ਤੇਰਾ ਲੱਗੇ ਇਕ ਅਖਾੜਾ ।
ਲੱਗੇ ਇਕ ਅਖਾੜ । ਲੇਖ ਲਿਖਾਏ ਹਰਿ ਧਰਤ ਮਾਤ ਸਤਾਰਾਂ ਹਾੜ । ਇਕ ਬਣਾਏ ਜਮਾਇਤ, ਏਕਾ ਏਕ ਜਗਤ ਕਰ ਸੋਹੰ ਸ਼ਬਦ ਦੇਵੇ ਸਾਚੀ
ਦਾਤ । ਲੱਖ ਚੁਰਾਸੀ ਕੀਨੇ ਵੱਖਰ, ਅੰਤਮ ਪੁੱਛੇ ਹਰਿ ਜੀ ਵਾਤ । ਜੋਤ ਧਰ ਹਰਿ ਰੋੜੀ ਸੱਖਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ
ਨਰਾਇਣ ਨਰ, ਆਪੇ ਜਾਣੇ ਜਾਣ ਪਛਾਣੇ, ਏਕਾ ਏਕ ਸਾਚਾ ਸ਼ਬਦ ਸਾਚਾ ਅੱਖਰ । ਸੱਜਣ ਸੁਹੇਲਾ ਹਰਿ, ਹਰਿ ਦਰਗਹਿ ਸਾਚੀ ਧਰਮਸਾਲਾ ।
ਸਦਾ ਵਸੇ ਇਕ ਇਕੇਲਾ । ਸੁਣਾਏ ਸ਼ਬਦ ਸੁਹਾਗੀ ਗੀਤ, ਆਪੇ ਗੁਰ ਆਪੇ ਚੇਲਾ । ਆਪੇ ਬਣੇ ਸਾਚਾ ਮੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਪਾਰ ਉਤਾਰੇ ਮਾਨਸ ਜਨਮ ਜਾਣਾ ਜੀਤ । ਸੰਤ ਸੁਹੇਲਾ ਰਾਮ ਸਖਾਈ । ਸਾਚੇ ਦਰ ਆਤਮ ਵਜਦੀ ਰਹੇ ਵਧਾਈ । ਆਪੇ ਸੁਹਾਏ
ਬੰਕ ਦਵਾਰ, ਸ਼ਬਦ ਵਿਚਾਰ ਹਰਿ ਠੰਡੀ ਠਾਰ, ਕਾਇਆ ਅੰਦਰ ਡੂੰਘੀ ਕੰਦਰ ਆਪ ਵਹਾਈ । ਆਪੇ ਤੋੜੇ ਵੱਜਾ ਜੰਦਰ, ਏਕਾ ਚਾਬੀ ਉਤੇ
ਹੱਥ ਰਖਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਵਿਚ ਮਾਤ ਦਏ ਵਡਿਆਈ । ਮਾਤ ਵਡਿਆਈ ਭਗਤ ਦੁਲਾਰਿਆ । ਆਤਮ
ਹੋਈ ਰੁਸ਼ਨਾਈ, ਸਾਚਾ ਸ਼ਬਦ ਸੁਣੇ ਧੁਨਕਾਰਿਆ । ਦੂਈ ਦਵੈਤੀ ਦੂਰ ਕਰਾਈ, ਏਕਾ ਰੰਗੇ ਰੰਗ ਕਰਤਾਰਿਆ । ਏਕਾ ਰੰਗ ਮਾਤ ਵਖਾਈ,
ਸੋਲਾਂ ਤਨ ਸ਼ਿੰਗਾਰਿਆ । ਜੋਤੀ ਜੋਤ ਸਰੂਪ ਹਰਿ, ਅੰਤਮ ਕਲਜੁਗ ਭੇਖ ਧਰ, ਲੱਖ ਚੁਰਾਸੀ ਵੇਖ ਕਰ ਗੁਰਮੁਖ ਸਾਚੇ ਸੰਤ ਪਿਆਰੇ, ਦੇਵੇ
ਨਾਮ ਏਕਾ ਏਕ ਸਾਚੀ ਟੇਕ ਜਗਤ ਉਧਾਰਿਆ । ਸਾਚਾ ਸੰਗ ਭਗਤ ਭਗਵਾਨ । ਏਕਾ ਜੋਤੀ ਏਕਾ ਏਕ, ਏਥੇ ਓਥੇ ਦੋ ਜਹਾਨ । ਕਲਜੁਗ
੪੬੭ ਮਾਇਆ ਤਨ ਨਾ ਲਾਗੇ ਸੇਕ, ਸੱਚਾ ਦੇਵੇ ਪੀਣ ਖਾਣ । ਆਤਮ ਕਰੇ ਪ੍ਰਭ ਬਬੇਕ, ਸ਼ਬਦ ਦੇਵੇ ਨਾਮ ਬਬਾਣ । ਜੋਤੀ ਜੋਤ ਸਰੂਪ ਹਰਿ, ਸਾਚਾ ੪੬੭
੦੪ ਮੇਲ ਹੋਏ ਸਾਚੇ ਸੰਤ, ਸਾਚੇ ਘਰ ਗੁਰਮੁਖ ਭਗਤ ਭਗਵਾਨ । ਸਚ ਘਰ ਵਸੇ ਖੋਲ੍ਹੇ ਆਤਮ ਦਰ ਦਵਾਰਾ । ਸ਼ਬਦ ਕਸੇ ਰਸਨਾ ਤੀਰ ਆਪੇ ੦੪
ਖੋਲ੍ਹੇ ਬੰਦ ਕੁਆੜਾ । ਅੰਮ੍ਰਿਤ ਧਾਰਾ ਏਕਾ ਵਸੇ, ਗੁਰਮੁਖ ਨਾ ਸਾੜੇ ਅਗਨ ਹਾੜਾ । ਪੁਰਖ ਅਬਿਨਾਸ਼ੀ ਸਦ ਹਿਰਦੇ ਵਸੇ, ਹੋਏ ਸਹਾਈ ਵਿਚ
ਜੰਗਲ ਜੂਹ ਉਜਾੜ ਪਹਾੜਾਂ । ਪੰਜੇ ਦੂਤ ਜਾਇਣ ਨੱਸੇ, ਸ਼ਬਦ ਸਰੂਪੀ ਵੱਜੇ ਤਾੜਾ । ਸਾਚਾ ਰਾਹ ਏਕਾ ਦੱਸੇ, ਜੋਤੀ ਜੋਤ ਸਰੂਪ ਹਰਿ, ਗੁਰਮੁਖ
ਸਾਚੇ ਸੰਤ ਪਿਆਰਿਆਂ, ਆਤਮ ਦਰ ਦਵਾਰੇ ਸਦਾ ਸਦਾ ਸਦ ਵਸੇ । ਆਤਮ ਦਰ ਦਵਾਰ ਹਰਿ ਮਸਕੀਨ ਹੈ । ਏਕਾ ਵਸੇ ਗਰੀਬ ਨਿਵਾਜ਼ਾ,
ਨਾ ਕੋਈ ਮਜ਼੍ਹਬ ਨਾ ਕੋਈ ਦੀਨ ਹੈ । ਲੱਖ ਚੁਰਾਸੀ ਜਿਨ ਸਾਜਨ ਸਾਜਾ, ਏਕਾ ਸ਼ਬਦ ਸੁਣਾਏ ਸਾਚੀ ਬੀਨ ਹੈ । ਜਨ ਭਗਤ ਸਵਾਰੇ ਆਪੇ
ਕਾਜਾ, ਸਦ ਹੋਇਆ ਰਹੇ ਅਧੀਨ ਹੈ । ਅੰਤਮ ਕਲਜੁਗ ਜੋਤ ਜਗਾਏ ਦੇਸ ਮਾਝਾ, ਮੇਲ ਮਿਲਾਏ ਰੂਸਾ ਚੀਨ ਹੈ । ਜਨ ਭਗਤਾਂ ਮਾਰੇ ਸ਼ਬਦ
ਅਵਾਜਾ, ਬੇਮੁਖ ਭੰਨੇ ਹੰਕਾਰੀ ਬੀਨ ਹੈ । ਸੋਹੰ ਦੇਵੇ ਸਾਚਾ ਦਾਜਾ, ਧੁਰਦਰਗਾਹੀ ਲਿਆਇਆ ਛੀਨ ਹੈ । ਜੋਤੀ ਜੋਤ ਸਰੂਪ ਹਰਿ, ਲੰਬਾ
ਚੌੜਾ ਵਡਾ ਛੋਟਾ ਕੋਈ ਨਾ ਜਾਣੇ ਨਾ ਦਿਸੇ ਕਿਸੇ ਮਹੀਨ ਹੈ । ਆਤਮ ਦਰ ਦਵਾਰਾ ਹਰਿ ਬਲਕਾਰ ਹੈ । ਵਸਦਾ ਰਹੇ ਇਕ ਚੁਬਾਰਾ, ਜਗੇ
ਜੋਤ ਨਿਰੰਕਾਰ ਹੈ । ਜੋਤ ਸਰੂਪੀ ਪਸਾਰ ਪਸਾਰਾ, ਏਕਾ ਰੰਗ ਅਪਾਰ ਹੈ । ਅੰਮ੍ਰਿਤ ਬਰਖੇ ਸਾਚੀ ਧਾਰਾ, ਸਦ ਰਹੇ ਠੰਡੀ ਠਾਰ ਹੈ । ਪੁਰਖ
ਪੁਰਖੋਤਮ ਸਾਚਾ ਯਾਰਾ, ਬਣਿਆ ਰਹੇ ਮੀਤ ਮੁਰਾਰ ਹੈ । ਏਕਾ ਸ਼ਬਦ ਦੱਸੇ ਗੁਰਮੁਖ ਸਾਚੇ ਹਿਰਦੇ ਵਸੇ, ਚਾੜ੍ਹੇ ਰੰਗ ਅਪਾਰ ਹੈ । ਸ਼ਬਦ

ਬਾਣ ਕਸੇ, ਬੇਮੁਖ ਜਾਇਣ ਨੱਸੇ, ਗੁਰਮੁਖਾਂ ਦੇਵੇ ਏਕਾ ਚਰਨ ਸੱਚੀ ਸਰਨ ਪਿਆਰ ਹੈ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਸਰਬ ਟੇਕ ਸੱਚੀ ਸਰਕਾਰ ਹੈ । ਸਚ ਸਰਕਾਰ ਹਰਿ ਨਿਰੰਕਾਰਿਆ । ਏਕਾ ਕਰੇ ਸਚ ਵਿਹਾਰ, ਆਦਿ ਅੰਤ ਵਿਚ ਸੰਸਾਰਿਆ । ਲੋਕਮਾਤ ਬੰਨ੍ਹਾਏ ਸਾਚੀ ਧਾਰ, ਆਵੇ ਜਾਵੇ ਵਾਰੋ ਵਾਰਿਆ । ਸਾਚੇ ਸੰਤ ਆਪ ਬਣਾਏ ਦੁਲਾਰ, ਸ਼ਬਦ ਚਲਾਏ ਅਪਰ ਅਪਾਰਿਆ । ਸਾਚਾ ਜਾਮ ਇਕ ਪਿਲਾਏ, ਨਾਮ ਖ਼ੁਮਾਰ ਉਤਰ ਨਾ ਜਾਏ, ਗੁਰਮੁਖ ਸਾਚੇ ਸਦ ਰੱਖੇ ਹੱਥ ਗਿਰਧਾਰਿਆ । ਪੂਰਨ ਇਛਿਆ ਆਤਮ ਕਾਮ, ਆਪ ਕਰਾਏ ਚਤਰਭੁਜ ਚਿੱਟੇ ਅਸਵ ਹੋ ਅਸਵਾਰਿਆ । ਕੋਈ ਨਾ ਲੱਗੇ ਦਰ ਘਰ ਸਾਚੇ ਦਾਮ, ਇਕ ਕਰਾਏ ਸਾਚਾ ਵਣਜ ਵਪਾਰਿਆ । ਜਨ ਭਗਤਾਂ ਹਰਿਆ ਹੋਇਆ ਚਾਮ, ਜਗੀ ਜੋਤ ਅਗੰਮ ਅਪਾਰਿਆ । ਮਿਟੇ ਰੈਣ ਅੰਧੇਰੀ ਸ਼ਾਮ, ਕਲਜੁਗ ਮਿਟਾਏ ਮੇਲ ਮਿਲਾਏ ਹਰਿ ਗਿਰਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਦ ਭਾਣੇ ਆਪਣੇ ਸਮਾ ਰਿਹਾ । ਆਪਣਾ ਭਾਣਾ ਪ੍ਰਭ ਆਪੇ ਜਾਣੇ । ਕਿਸੇ ਹੱਥ ਨਾ ਆਏ ਰਾਜੇ ਰਾਣੇ । ਕਲਜੁਗ ਭੁੱਲੇ ਰਹੇ ਮਾਇਆ ਰੁਲੇ, ਹੋਏ ਬਾਲ ਅੰਞਾਣੇ । ਅੱਗ ਲੱਗੀ ਰਹੇ ਕਾਇਆ ਕੁੱਲੇ, ਮਾਇਆਧਾਰੀ ਸੁਘੜ ਸਿਆਣੇ । ਸ਼ਬਦ ਪੰਘੂੜਾ ਏਕਾ ਝੁਲੇ, ਗੁਰਮੁਖ ਸਾਚਾ ਰੰਗ ਸਾਚਾ ਮਾਣੇ । ਗੁਰਮੁਖ ਸਾਚੇ ਪੂਰੇ ਤੋਲ ਤੁਲੇ, ਏਕਾ ਰੱਖੇ ਹਰਿ ਚਰਨ ਧਿਆਨੇ । ਦਰ ਘਰ ਸਾਚੇ ਸ਼ਬਦ ਭੰਡਾਰੇ ਸਦ ਖੁਲ੍ਹੇ, ਦੇਵੇ ਨਾਮ ਇਕ ਅਨਮੁੱਲੇ । ਜੋਤੀ ਜੋਤ ਸਰੂਪ ਹਰਿ, ਦਰਗਹਿ ਸਾਚੀ ਮਾਣ ਦਵਾਏ, ਜੋ ਜਨ ਸਾਚਾ ਰਸਨਾ ਗਾਏ, ਕਲਜੁਗ ਜੀਵ ਅੰਤਮ ਅੰਤ ਰਹੇ ਭੁੱਲੇ । ਹਰਿ ਨਰ ਸਾਚਾ ਗੁਰਮੁਖ ਵੇਖੇ ਸੰਤ ਪਿਆਰਾ । ਕਲਜੁਗ ਜੀਵ ਭਾਂਡਾ ਕਾਚਾ, ਭੁੱਲੇ ਅੰਤਮ ਵਾਰਾ । ਏਕਾ ਪੁਰਖ ਅਬਿਨਾਸ਼ੀ ਸਾਚੋ ਸਾਚਾ, ਆਵੇ

੪੬੮ ੦੪ ਜਾਵੇ ਵਾਰੋ ਵਾਰਾ । ਜਨ ਭਗਤਾਂ ਆਤਮ ਹਿਰਦੇ ਰਾਚਾ, ਦੇਵੇ ਸ਼ਬਦ ਸੱਚੀ ਧਾਰਾ । ਬੇਮੁਖਾਂ ਮਾਰੇ ਇਕ ਤਮਾਚਾ, ਅੰਤਮ ਆਈ ਮਾਤ ਹਾਰਾ । ੪੬੮ ੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਮਾਰ ਝਾਤ ਵਡ ਦਾਤ, ਆਪ ਸੁਹਾਏ ਸੁਹੰਜਣੀ ਰਾਤ, ਗੁਰਮੁਖਾਂ ਅੰਤਮ ਪੁੱਛੇ ਵਾਤ, ਸਤਿਜੁਗ ਸਾਚੇ ਤੇਰਾ ਦੇਵੇ ਸੋਹੰ ਸੱਚਾ ਨਾਮ ਭੰਡਾਰਾ । ਸੋਹੰ ਸ਼ਬਦ ਨਾਮ ਭੰਡਾਰਿਆ । ਤੇਰੀ ਵਡ ਸਿਕਦਾਰੀ, ਚਾਰ ਵਰਨ ਹੋਏ ਹੰਕਾਰੀ, ਮਿਟ ਜਾਏ ਜੂਠੀ ਝੂਠੀ ਚਾਰ ਯਾਰੀ, ਬਣੇ ਸੱਚੀ ਇਕ ਸਰਕਾਰਿਆ । ਪੰਜਾਂ ਚੋਰਾਂ ਕੱਢੇ ਬਾਹਰੀ, ਮਾਰੇ ਸ਼ਬਦ ਇਕ ਕਟਾਰੀ, ਨਾ ਝੱਲੇ ਕੋਈ ਮਾਰਿਆ । ਆਤਮ ਅੰਦਰ ਦੇਵੇ ਨਾਮ ਬਹਾਰੀ, ਗੁਰਮੁਖ ਸਾਚੇ ਸੰਤ ਜਨਾਂ, ਰਿਹਾ ਪੈਜ ਸਵਾਰਿਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਚਿੱਟੇ ਅਸਵ ਅਸਵਾਰਿਆ । ਹਰਿਜਨ ਸ਼ਬਦ ਪਛਾਣ, ਨਾਮ ਅਧਾਰਿਆ । ਹਰਿਜਨ ਸ਼ਬਦ ਪਛਾਣ, ਏਕਾ ਸਚ ਉਡਾਰਿਆ । ਹਰਿਜਨ ਸ਼ਬਦ ਪਛਾਣ, ਤਿੰਨਾਂ ਲੋਕਾਂ ਵਸੇ ਬਾਹਰਿਆ । ਹਰਿਜਨ ਸ਼ਬਦ ਪਛਾਣ, ਸਾਚੀ ਵੱਖਰ ਏਕਾ ਅੱਖਰ, ਨਾਮ ਨਿਰੰਜਣ ਨਰ ਨਿਰੰਕਾਰਿਆ । ਹਰਿਜਨ ਸ਼ਬਦ ਪਛਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਗਿਰਵਰ ਗਿਰਧਾਰਿਆ । ਹਰਿਜਨ ਸ਼ਬਦ ਪਛਾਣ, ਜਗਤ ਅਮੋਲ ਹੈ । ਹਰਿਜਨ ਸ਼ਬਦ ਪਛਾਣ, ਅੰਤਮ ਤੁਲੇ ਪੂਰੇ ਤੋਲ ਹੈ । ਹਰਿਜਨ ਸ਼ਬਦ ਪਛਾਣ, ਗੁਰਮੁਖ ਸਾਚੇ ਸੰਤ ਜਨ, ਮਿਲੇ ਲਾਲ ਇਕ ਅਨਮੁੱਲੜਾ, ਰੱਖਣੀ ਵਸਤ ਸੰਭਾਲ ਹੈ । ਹਰਿਜਨ ਸ਼ਬਦ ਪਛਾਣ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਸੱਚਾ ਦਾਨ ਹੈ । ਹਰਿਜਨ ਸ਼ਬਦ ਪਛਾਣ, ਸਾਚੀ ਦਾਤ ਹੈ । ਹਰਿਜਨ ਸ਼ਬਦ ਪਛਾਣ, ਵਿਚ ਲੋਕਮਾਤ ਉਤਮ ਦਾਤ ਹੈ । ਹਰਿਜਨ ਸ਼ਬਦ ਪਛਾਣ, ਲੋਕਮਾਤ ਵਡੀ ਇਕ ਕਰਾਮਾਤ ਹੈ । ਹਰਿਜਨ

ਸ਼ਬਦ ਪਛਾਣ, ਆਤਮ ਉਪਜੇ ਬ੍ਰਹਮ ਗਿਆਨ ਹੈ । ਹਰਿਜਨ ਸ਼ਬਦ ਪਛਾਣ, ਅੱਠੇ ਪਹਿਰ ਏਕਾ ਰੰਗ ਰੰਗਾਨ ਹੈ । ਹਰਿਜਨ ਸ਼ਬਦ ਪਛਾਣ, ਨਰ ਹਰਿ ਹਰੀ ਭਗਵਾਨ, ਆਤਮ ਮਿਟਾਏ ਅੰਧੇਰੀ ਰੈਣ ਹੈ । ਹਰਿਜਨ ਸ਼ਬਦ ਪਛਾਣ, ਅੰਧੇਰੀ ਰੈਣ ਜਗਤ ਢੰਡੋਰਾ । ਹਰਿਜਨ ਸ਼ਬਦ ਪਛਾਣ, ਅੰਤਮ ਵੇਲੇ ਮੌਤ ਲਾੜੀ, ਅੱਗੇ ਪਿੱਛੇ ਫੇਰੇ ਘੋੜਾ । ਹਰਿਜਨ ਸ਼ਬਦ ਅਮੋਲ, ਕਿਰਪਾ ਕਰੇ ਸਤਾਰਾਂ ਹਾੜਾ । ਹਰਿਜਨ ਸ਼ਬਦ ਅਮੋਲ, ਜੋਤੀ ਜੋਤ ਸਰੂਪ ਹਰਿ, ਸਾਚਾ ਸ਼ਬਦ ਕੰਨ ਸੁਣਾਏ, ਗੁਰਮੁਖਾਂ ਹਰਿ ਦਇਆ ਕਮਾਏ, ਬੇਮੁਖਾਂ ਆਤਮ ਅਗਨ ਲਗਾਏ, ਕਲਜੁਗ ਵਕਤ ਰਹਿ ਗਿਆ ਥੋੜਾ । ਹਰਿਜਨ ਸ਼ਬਦ ਪਛਾਣ, ਸਾਚੀ ਬਾਤੀ ਪੁਰਖ ਅਬਿਨਾਸ਼ੀ ਆਪ ਜਗਾਈ ਹੈ । ਹਰਿਜਨ ਸ਼ਬਦ ਪਛਾਣ, ਸਾਚੀ ਬਾਣੀ ਸੋਹੰ ਰਾਣੀ, ਦੋ ਜਹਾਨੀ ਅਚਰਜ ਖੇਲ ਰਚਾਈ ਹੈ । ਹਰਿਜਨ ਸ਼ਬਦ ਪਛਾਣ, ਧੁਰਦਰਗਾਹੀ ਸਾਚਾ ਦੇਵੇ ਦਾਨ, ਚਰਨ ਧੂੜ ਮਸਤਕ ਦੇਵੇ ਆਤਮ ਸਰ ਕਰਾਏ ਇਸ਼ਨਾਨ, ਹੋਏ ਆਪ ਸਹਾਈ ਹੈ । ਹਰਿਜਨ ਸ਼ਬਦ ਪਛਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਰਹੇ ਨਿਗਹਬਾਨ ਹੈ । ਹਰਿਜਨ ਸ਼ਬਦ ਪਛਾਣ, ਸਾਚੀ ਸ਼ਬਦ ਘਨਘੋਰ ਹੈ । ਹਰਿਜਨ ਸ਼ਬਦ ਪਛਾਣ, ਧੁਨੀ ਧੁਨਕਾਰ ਹੈ । ਹਰਿਜਨ ਸ਼ਬਦ ਪਛਾਣ, ਅੱਠੇ ਪਹਿਰ ਪਾਵੇ ਸ਼ੋਰ, ਏਕਾ ਰੱਖੇ ਆਪਣੀ ਧਾਰ ਹੈ । ਜਨ ਭਗਤਾਂ ਚੁਕਾਏ ਮੋਰ ਤੋਰ, ਦੇਵੇ ਨਾਮ ਅਪਾਰ ਹੈ । ਹਰਿ ਬਿਨ ਅਵਰ ਨਾ ਦੀਸੇ ਕੋਈ ਹੋਰ, ਲੋਕਮਾਤ ਠਗ ਚੋਰ ਯਾਰ ਹੈ । ਏਕਾ ਚੜ੍ਹਨਾ ਸ਼ਬਦ ਘੋੜ, ਰਹਿਣਾ ਸਦ ਅਸਵਾਰ ਹੈ । ਬੇਮੁਖਾਂ ਮਾਰੇ ਸਿਰ ਵਿਚ ਪੌੜ, ਉਤੇ ਪਾਏ ਡਾਹਢਾ ਭਾਰ ਹੈ । ਜਨ ਭਗਤਾਂ ਅੰਤਮ ਜਾਏ ਬਹੁੜ, ਆਪੇ ਹੋਏ ਸਹਾਰ ਹੈ । ਵੇਖੇ ਪਰਖੇ ਪਰਖ ਪਛਾਣੇ ਮਿੱਠੇ ਕੌੜ, ਰਸਨਾ ਫਿਕੇ ਸ਼ਬਦ ਕਟਾਰ ਹੈ । ਪੜ੍ਹਨ ਪੁਰਾਨ ਵਿਚਾਰਨ ਵੇਦ ਵਖਾਨਣ, ਲੱਭਦੇ ਫਿਰਨ ਬ੍ਰਹਿਮਣ ਗੌੜ, ਨਾ ਜਾਨਣ ਹਰਿ ਭਗਵਾਨ ਹੈ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਲੱਖ ਚੁਰਾਸੀ ਲਏ ਵਰ, ਧਰਮ ਰਾਏ ਤੇਰਾ ਦਰ ਦਵਾਰ ਏਕਾ ਵਾਰ ਦਏ ਭਰ, ਲੋਕਮਾਤ ਹਰਿ ਆਇਆ ਦੌੜ ਹੈ । ਧਰਮ ਰਾਏ ਉਠ ਬਲ ਧਾਰ । ਜੋਤ ਸਰੂਪੀ ਜਾਮਾ ਧਾਰ । ਦੋਏ ਜੋੜ ਕਰ ਨਿਮਸਕਾਰ । ਸ਼ਬਦ ਖੰਡਾ ਆਪ ਉਠਾਇਆ, ਚਿੱਟੇ ਘੋੜੇ ਤੰਗ ਕਸਾਇਆ, ਪੰਚਮ ਜੇਠ ਹੋਏ ਆਪ ਅਸਵਾਰ । ਆਪੇ ਭੰਨੇ ਵਡ ਵਡ ਸੇਠ ਕੌੜੇ ਰੇਠੇ, ਗੁਰਮੁਖ ਰੱਖੇ ਸਾਇਆ ਹੇਠੇ, ਦੇਵੇ ਸ਼ਬਦ ਅਪਾਰ । ਲੱਖ ਚੁਰਾਸੀ ਕਰੇ ਖੁਆਰੀ, ਧਰਮ ਰਾਏ ਹੋਏ ਵਡ ਵਡ ਭਾਗਾ । ਜੋਤ ਸਰੂਪੀ ਹਰਿ ਸਾਚਾ ਜਾਗਾ । ਸ੍ਰਿਸ਼ਟ ਸਬਾਈ ਹੱਥ ਆਪਣੇ ਪਕੜੇ ਵਾਗਾ । ਗੁਰਮੁਖ ਸਾਚੇ ਸੰਤ ਜਨਾਂ ਅੰਤਮ ਕਲ ਧੋਇਣ ਆਇਆ ਕਾਇਆ ਲੱਗਾ ਝੂਠਾ ਦਾਗਾ । ਸਾਚਾ ਬੀਜ ਆਪ ਬੋਣ ਆਇਆ, ਆਤਮ ਮਾਰੇ ਸ਼ਬਦ ਸੁਹਾਗਾ । ਇਕ ਸੁਣਾਏ ਸਾਚਾ ਰਾਗਾ । ਫੜ ਫੜ ਬਾਹੋਂ ਰਾਹੇ ਪਾਉਣ ਆਇਆ, ਹੰਸ ਬਣਾਏ ਕਾਗਾ । ਲੱਖ ਚੁਰਾਸੀ ਮੇਟ ਮਿਟਾਏ, ਝੂਠੇ ਮੰਦਰ ਆਪੇ ਢਾਹੁਣ ਆਇਆ, ਖੇਲ ਕਰਾਏ ਪਹਿਲੀ ਮਾਘਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕੀ ਜੋਤ ਜਗਾਈ । ਤਿੰਨਾਂ ਲੋਕਾਂ ਵੱਜੀ ਵਧਾਈ । ਕਰੋੜ ਤੇਤੀਸ ਖ਼ੁਸ਼ੀ ਮਨਾਈ । ਸੁਰਪਤ ਰਾਜਾ ਇੰਦ, ਚਰਨ ਪ੍ਰੀਤੀ ਸੇਵ ਕਮਾਈ । ਆਤਮ ਅਤੀਤੀ ਇਕ ਰਖਾਈ । ਪਿਛਲੀ ਭੁੱਲ ਲਏ ਬਖ਼ਸ਼ਾਏ । ਕਿਰਪਾ ਕਰੇ ਆਪ ਰਘੁਰਾਏ । ਛੋਟੇ ਬਾਲੇ ਅੱਗੇ ਲਾਏ । ਸੋਲਾਂ ਮੱਘਰ ਦਇਆ ਕਮਾਏ । ਸ਼ਬਦ ਘੋੜੇ ਲਏ ਚੜ੍ਹਾਏ । ਏਕਾ ਵਾਗ ਹੱਥ ਰਖਾਏ । ਤਿੰਨਾਂ ਲੋਕਾਂ ਜਾਗ ਲਗਾਨਾ । ਗੁਰਮੁਖ ਸਾਚੇ ਸੰਤ ਪਿਆਰੇ ਲਾਲ ਦੁਲਾਰੇ, ਆਪ ਬਿਠਾਏ ਸਚ ਚੁਬਾਰੇ, ਕਿਰਪਾ


੪੬੯ ੦੪

੪੭੦
੦੪

ਕਰੇ ਆਪ ਭਗਵਾਨਾ । ਸੋਹੰ ਬੱਧਾ ਹੱਥੀਂ ਗਾਨਾ । ਚਰਨ ਧੂੜ ਮਸਤਕ ਲਾਇਆ, ਆਤਮ ਕਰਾਇਆ ਸਚ ਇਸ਼ਨਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਹੋਇਆ ਮਿਹਰਬਾਨਾ । ਤਿੰਨ ਅੱਸੂ ਦਇਆ ਕਮਾਏ । ਦਿੱਲੀ ਜਾਏ ਚਰਨ ਛੁਹਾਏ । ਲਾਲ ਕਿਲ੍ਹੇ ਹਰਿ ਲਿਖਤ ਲਿਖਾਏ । ਸੋਹੰ ਇਕ ਡੰਕ ਵਜਾਏ । ਕਲਜੁਗ ਤੇਰਾ ਅੰਤ ਕਰਾਏ । ਸੁਣੇ ਹਰਿ ਪੁਕਾਰ ਸਦਾ ਸਮਰਥ ਹੈ । ਭਵ ਸਾਗਰ ਦੇਵੇ ਤਾਰ, ਸਿਰ ਰੱਖੇ ਦੇ ਕਰ ਹੱਥ ਹੈ । ਅੰਤਮ ਪਾਏ ਪ੍ਰਭ ਸਾਚਾ ਸਾਰ, ਦੇਵੇ ਨਾਮ ਸਾਚੀ ਵਥ ਹੈ । ਆਪ ਉਠਾਏ ਗੁਰਮੁਖਾਂ ਭਾਰ, ਗੁਰਮੁਖ ਰੱਖੇ ਖਾਲੀ ਹੱਥ ਹੈ । ਅਚਰਜ ਖੇਲ ਕਰੀ ਕਰਤਾਰ, ਕਲਜੁਗ ਤੇਰੀ ਅੰਤਮ ਵਾਰ, ਸ਼ਬਦ ਰੱਖੀ ਤਿੱਖੀ ਧਾਰ, ਸ੍ਰਿਸ਼ਟ ਸਬਾਈ ਕਰੇ ਸਥ ਹੈ । ਜਨ ਭਗਤਾਂ ਦੇਵੇ ਚਰਨ ਪਿਆਰ, ਸ਼ਬਦ ਉਡਾਰ ਵਿਚ ਸੰਸਾਰ, ਆਤਮ ਜੋਤੀ ਸਾਚੀ ਵਥ ਹੈ । ਚੜ੍ਹੀ ਰਹੇ ਸਦ ਖ਼ੁਮਾਰ, ਆਪੇ ਮਾਰੇ ਤਨ ਹੰਕਾਰ, ਸਗਲ ਵਸੂਰੇ ਜਾਇਣ ਲਥ ਹੈ । ਸੋਲਾਂ ਕਰੇ ਤਨ ਸ਼ਿੰਗਾਰ, ਸਾਚੀ ਸੇਜਾ ਆਪ ਬਹਾਏ ਗੁਰਮੁਖ ਸੁਲੱਖਣੀ ਨਾਰ, ਅੰਤ ਰਹਾਏ ਸ਼ਬਦ ਸਾਚੇ ਰਥ ਹੈ । ਮੇਲ ਮਿਲਾਏ ਵਾਰੋ ਵਾਰ, ਕਰ ਵਿਚਾਰ ਹਰਿ ਗਿਰਧਾਰ, ਹੱਥ ਆਪਣੇ ਰੱਖੇ ਨੱਥ ਹੈ । ਸ਼ਬਦ ਘੋੜੇ ਹੋ ਅਸਵਾਰ, ਤਿੰਨਾਂ ਲੋਕਾਂ ਪਾਵੇ ਸਾਰ, ਦਹਿ ਦਿਸ਼ ਚਰਨਾਂ ਹੇਠ ਰਿਹਾ ਮਥ ਹੈ । ਪਰਮ ਪੁਰਖ ਏਕਾ ਧਾਰ, ਸਾਚੀ ਜੋਤ ਕਰੇ ਉਜਿਆਰ, ਗੁਰਮੁਖਾਂ ਮੈਲ ਧੋਤੀ ਆਏ ਚੱਲ ਦਰਬਾਰ, ਆਪ ਉਠਾਏ ਆਤਮ ਸੋਤੀ, ਮੁਖ ਚੁਆਏ ਅੰਮ੍ਰਿਤ ਸਾਚੀ ਧਾਰ, ਜੋਤੀ ਜੋਤ ਸਰੂਪ ਹਰਿ, ਮਹਿੰਮਾ ਜਗਤ ਅਕੱਥ ਹੈ । ਅਕੱਥ ਕਥਾ ਕਹਾਣੀ ਹਰਿ ਬਨਵਾਰਿਆ । ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਸਾਚੀ ਬਾਣੀ, ਸੋਮਾ ਫੁਟੇ ਅਪਰ ਅਪਾਰਿਆ । ਸਾਚੀ ਰੁੱਤੀ ਆਪ ਸੁਹਾਨੀ, ਕਲਜੁਗ ਤੇਰੀ ਅੰਤਮ ਵਾਰਿਆ । ਜਨ ਭਗਤਾਂ ਚੁਕਾਏ ਜਮ ਕੀ ਕਾਨੀ, ਦੇਵੇ ਸ਼ਬਦ ਉਡਾਰਿਆ । ਸੱਚਾ ਦੇਵੇ ਪੀਣ ਖਾਣੀ, ਨਾਮ ਵਸਤ ਅਪਾਰਿਆ । ਬੇਮੁਖਾਂ ਅੰਤਮ ਆਈ ਹਾਨੀ, ਭੁੱਲਿਆ ਹਰਿ ਗਿਰਧਾਰਿਆ । ਗੁਰਮੁਖ ਵਿਰਲਾ ਕਰੇ ਪਛਾਣੀ, ਸਾਚਾ ਸ਼ਬਦ ਜਿਸ ਵਿਚਾਰਿਆ । ਚੌਥੇ ਜੁਗ ਆਪ ਵਿਛਾਏ ਲੱਖ ਚੁਰਾਸੀ ਤਾਣੀ, ਜੀਵ ਜੰਤ ਸਰਬ ਹੰਕਾਰਿਆ । ਭੇਵ ਖੁਲ੍ਹਾਏ ਚੁਕਾਏ ਖਾਣੀ ਬਾਣੀ, ਪ੍ਰਗਟ ਜੋਤ ਨਿਹਕਲੰਕ ਨਰ ਅਵਤਾਰਿਆ । ਸੋਹੰ ਸ਼ਬਦ ਬਣਾਏ ਸਤਿਜੁਗ ਰਾਣੀ, ਪ੍ਰਭ ਕਰੇ ਤਨ ਸ਼ਿੰਗਾਰਿਆ । ਧੁਰਦਰਗਾਹੀ ਆਈ ਬਾਣੀ, ਅੰਤਮ ਸਮਾਂ ਕਲਜੁਗ ਹਰਿ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਅੰਮ੍ਰਿਤ ਆਤਮ ਭੰਡਾਰੇ ਦੇਵੇ ਭਰ, ਚਾਰ ਵਰਨ ਖੁਲ੍ਹਾਏ ਏਕਾ ਦਰ, ਊਚ ਨੀਚ ਰਾਓ ਰੰਕ ਏਕਾ ਏਕ ਕਰੇ ਖੇਲ ਜਗਤ ਮਹਾਨਿਆ । ਗੁਰਮੁਖ ਸਚ ਦਵਾਰ, ਸਦਾ ਅਡੋਲ ਹੈ । ਏਕਾ ਮੰਗੇ ਚਰਨ ਪਿਆਰ, ਆਤਮ ਸੁੰਨੀ ਰਿਹਾ ਖੋਲ੍ਹ ਹੈ । ਅੰਮ੍ਰਿਤ ਮੰਗੇ ਸਾਚੀ ਧਾਰ, ਮੁਖ ਕਵਲ ਰਿਹਾ ਖੋਲ੍ਹ ਹੈ । ਹਰਿ ਦੇਵੇ ਕਰ ਪਿਆਰ, ਜਨ ਭਗਤਾਂ ਵਸੇ ਕੋਲ ਹੈ । ਕਾਇਆ ਕਰੇ ਠੰਡੀ ਠਾਰ, ਬਜਰ ਕਪਾਟੀ ਦੇਵੇ ਖੋਲ੍ਹ ਹੈ । ਦਰ ਘਰ ਸਾਚੇ ਆਪੇ ਪਾਏ ਸਾਰ, ਸਾਚੇ ਹੱਟ ਭਗਤ ਵਣਜਾਰਾ ਹਰਿ ਪੂਰਾ ਤੋਲੇ ਤੋਲ ਹੈ । ਏਕਾ ਦੇਵੇ ਨਾਮ ਭੰਡਾਰ, ਸੋਹੰ ਨਾਮ ਅਨਮੋਲ ਹੈ । ਕਲਜੁਗ ਜੀਵ ਨਾ ਜਾਣੇ ਕੋਇ ਗਵਾਰਾ, ਜੋਤ ਸਰੂਪੀ ਰਿਹਾ ਬੋਲ ਹੈ । ਆਦਿ ਅੰਤ ਹਰਿ ਪਸਾਰਾ, ਸਾਚਾ ਸ਼ਬਦ ਵਜਾਏ ਢੋਲ ਹੈ । ਸਾਚੇ ਸੰਤਾਂ ਦੇਵੇ ਨਾਮ ਭੰਡਾਰਾ, ਵਿਚ ਮਾਤ ਰਿਹਾ ਖੋਲ੍ਹ ਹੈ । ਆਪੇ ਬਣੇ ਫੇਰ ਵਣਜਾਰਾ, ਮੰਗਣ ਜਾਏ ਰਸਨਾ ਬੋਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ ਨਰ ਹਰਿ, ਜਨ ਭਗਤਾਂ ਸਦਾ ਵਸੇ ਕੋਲ ਹੈ । ਜਨ ਭਗਤਾਂ ਸਦਾ

ਬਖ਼ਸ਼ਿੰਦੜਾ । ਡੇਰਾ ਲਾਏ ਸਾਚੇ ਘਰ, ਅੰਧ ਅੰਧਿਆਨੀ ਅੰਧੜਾ । ਆਪੇ ਦੇਵੇ ਸਾਚਾ ਵਰ, ਭਰਮਾਂ ਢਾਹੇ ਝੂਠੀ ਕੰਧੜਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਹਥੌੜਾ ਲਿਆ ਫੜ, ਕਾਇਆ ਗੜ੍ਹ ਗਿਆ ਚੜ੍ਹ, ਆਪੇ ਤੋੜੇ ਹੰਕਾਰੀ ਜੰਦਰਾ । ਕਾਇਆ ਗੜ੍ਹ ਚੜ੍ਹ ਲਲਕਾਰੇ । ਅੰਦਰ ਗਿਆ ਵੜ, ਜੋਤ ਸਰੂਪੀ ਨੈਣ ਮੁਧਾਰੇ । ਪੰਜਾਂ ਚੋਰਾਂ ਲਏ ਫੜ, ਸ਼ਬਦ ਮਾਰੇ ਸਾਚੀ ਮਾਰੇ । ਬੇਮੁਖਾਂ ਨਾ ਦਿਸੇ ਝੂਠੇ ਧੜ, ਗੁਰਮੁਖਾਂ ਸੋਹੇ ਕਾਇਆ ਮਹੱਲ ਮੁਨਾਰੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸਾਚਾ ਨਾਮ ਧਨਾ, ਆਪ ਮਨਾਏ ਮਨ ਮੰਨਾ, ਸ਼ਬਦ ਸੁਣਾਏ ਇਕ ਕੰਨਾਂ, ਆਪ ਦੇਵੇ ਸਾਚਾ ਨਾਮ ਭੰਡਾਰੇ । ਨਾਮ ਭੰਡਾਰਾ ਵੰਡੇ ਹਰਿ ਰਘੁਰਾਈਆ । ਗੁਰਮੁਖਾਂ ਆਈ ਵੰਡੇ, ਸਾਚੀ ਵੰਡ ਆਪ ਕਰਾਈਆ । ਲੱਖ ਚੁਰਾਸੀ ਹੋਏ ਰੰਡੇ, ਮਦਿਰਾ ਮਾਸ ਮੁਖ ਲਗਾਈਆ । ਆਤਮ ਹੋਈ ਸਭ ਦੀ ਰੰਡੇ, ਕੰਤ ਸੁਹਾਗ ਨਾ ਕੋਈ ਹੰਢਾਈਆ । ਕਰੇ ਖੇਲ ਸਰਬ ਵਰਭੰਡੇ, ਰਾਜੇ ਰਾਣੇ ਹਰਿ ਡੰਨੇ ਸ਼ਬਦ ਡੰਡੇ, ਹਰਿ ਪੰਚਮ ਜੇਠ ਰਿਹਾ ਉਠਾਈਆ । ਨੰਗੀ ਹੋਈ ਸਭ ਦੀ ਕੰਡੇ, ਸ਼ਬਦ ਖੰਡੇ ਰਿਹਾ ਵਢਾਈਆ । ਵੇਖੇ ਖੇਲ ਹਰਿ ਬ੍ਰਹਿਮੰਡੇ, ਤਿੰਨਾਂ ਲੋਕਾਂ ਪਏ ਦੁਹਾਈਆ । ਪ੍ਰਭ ਭੰਨੇ ਆਤਮ ਰੰਡੇ, ਸਾਚੇ ਸਿੱਖ ਮਿਲੇ ਵਡਿਆਈਆ । ਪੁਰੀ ਇੰਦਰ ਹਰਿ ਆਪੇ ਵੰਡੇ, ਬਾਲ ਅੰਞਾਣੇ ਹੋਏ ਸਹਾਈਆ । ਆਪੇ ਹੋਏ ਹਰਿ ਜੀ ਵੰਡੇ, ਸੱਤਾਂ ਦੀਪਾਂ ਤਿੰਨਾਂ ਲੋਕਾਂ ਵਾਹ ਵਾਹ ਵੰਡ ਕਰਾਈਆ । ਕਰੇ ਵੰਡ ਸੱਚੀ ਸਰਕਾਰਾ । ਕਲਜੁਗ ਅੰਤਮ ਆਈ ਕੰਡ, ਆਇਆ ਪਾਸਾ ਹਾਰਾ । ਕਲਜੁਗ ਅੰਤਮ ਕਿਸੇ ਨਾ ਮਿਲੇ ਕੰਤ ਪਿਆਰਾ । ਚਾਰ ਕੁੰਟ ਪੈਂਦੀ ਡੰਡ, ਕੋਇ ਨਾ ਜਾਣੇ ਸ਼ਬਦ ਅਪਾਰਾ । ਆਤਮ ਭਰਿਆ ਹਰਿ ਘਮੰਡ, ਗੁਰਮੁਖ ਵਿਰਲਾ ਪ੍ਰਭ ਸਾਚੇ ਦੀ ਸਾਚੀ ਨਾਰਾ । ਨਿਹਕਲੰਕ ਦੇਵਣ ਆਇਆ ਦੰਡ, ਜੋਤ ਸਰੂਪੀ ਲੈ ਅਵਤਾਰਾ । ਆਪੇ ਕਰੇ ਖੰਡ ਖੰਡ, ਸ਼ਬਦ ਖੰਡਾ ਮਾਰੇ ਦੋ ਧਾਰਾ । ਚਾਰ ਕੁੰਟ ਚੰਡ ਪ੍ਰਚੰਡ, ਨਿਹਕਲੰਕ ਬਣੇ ਸਾਚਾ ਲੇਖ ਲਿਖਾਰਾ । ਅਚਰਜ ਖੇਲ ਮਾਤ ਵਰਤਾਈ, ਦੋਵੇਂ ਰੱਖੀਆਂ ਹਰਿ ਜੀ ਤਿੱਖੀਆਂ ਧਾਰਾਂ । ਤਿੱਖੀ ਧਾਰ ਸ਼ਬਦ ਕਟਾਰ ਹੈ । ਪ੍ਰਭ ਸਾਚੇ ਸੁਣੀ ਸਚ ਪੁਕਾਰ ਹੈ । ਆਈ ਦਰ ਕਰੀ ਪੁਕਾਰ ਹੈ । ਕਲਜੁਗ ਅੰਤਮ ਆਈ ਤੇਰੀ ਵਾਰ ਹੈ । ਪ੍ਰਗਟੇ ਜੋਤ ਨਿਹਕਲੰਕ ਬਲੀ ਬਲਕਾਰ, ਮੇਟ ਮਿਟਾਏ ਅੰਧ ਅੰਧਿਆਰ ਹੈ । ਚਿੱਟੇ ਅਸਵ ਹੋ ਅਸਵਾਰ ਹੈ । ਜਨ ਭਗਤਾਂ ਮਿਟਾਏ ਆਤਮ ਸ਼ੰਕ, ਦੇਵੇ ਸ਼ਬਦ ਉਡਾਰ ਹੈ । ਇਕ ਥਾਂ ਬਹਾਏ ਰਾਓ ਰੰਕ, ਊਚ ਨੀਚ ਨਾ ਕੋਈ ਵਿਚਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦੇਵੇ ਵਧਾਈ ਜਗਤ ਵਡਿਆਈ ਦੋਏ ਜੋੜ ਕਰਨ ਨਿਮਸਕਾਰ ਹੈ । ਸੰਤ ਪਿਆਰਾ ਜਗਤ ਜਵਾਨ ਹੈ । ਏਕਾ ਸਾਚਾ ਸੱਚਾ ਘਰ ਬਾਹਰਾ, ਦੀਪ ਜਗਾਇਆ ਜੋਤ ਮਹਾਨ ਹੈ । ਮਾਨਸ ਜਨਮ ਮਾਤ ਸਵਾਰਾ, ਪ੍ਰਭ ਕਰਿਆ ਚਰਨ ਧਿਆਨ ਹੈ । ਕਾਮ ਕਰੋਧ ਮਮਤਾ ਮੋਹ ਜਗਤ ਧਰੋ ਵਿਚ ਮਾਤ ਝੁਲਾਇਆ । ਧਰਮ ਸੱਚਾ ਨਿਸ਼ਾਨ ਹੈ । ਏਕਾ ਵੇਖਿਆ ਸਚ ਦਵਾਰ ਹੈ । ਪੂਰਾ ਗੁਰ ਜਿਥੇ ਨਿਗਹਬਾਨ ਹੈ । ਸਾਚਾ ਮਿਲਿਆ ਜਗਤ ਭੰਡਾਰਾ, ਨਾਮ ਦਾਨ ਜਗਤ ਮਹਾਨ ਹੈ । ਬਣਿਆ ਆਪ ਹਰਿ ਵਰਤਾਰਾ, ਕਿਰਪਾ ਕਰੀ ਮਹਾਨ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਦੇਵੇ ਸ਼ਬਦ ਨਿਸ਼ਾਨ ਹੈ । ਸਾਚਾ ਸ਼ਬਦ ਨਿਸ਼ਾਨ ਜਗਤ ਪ੍ਰਭ ਝੁਲਣਾ । ਬੇਮੁਖਾਂ ਅੰਤਮ ਆਉਣੀ ਹਾਨ, ਕੋਈ ਨਾ ਪਾਏ ਮੁੱਲਨਾ । ਗੁਰਮੁਖ ਸਾਚੇ ਕਰਨ ਪਛਾਣ, ਕਲ ਪੂਰੇ ਤੋਲ ਤੁਲਨਾ । ਚੜ੍ਹੇ ਰਹਿਣ ਸ਼ਬਦ ਬਬਾਣ, ਕਲਜੁਗ ਮਾਇਆ ਵੇਖ ਨਾ ਰੁਲਣਾ । ਏਕਾ ਮਿਲਿਆ ਨਾਮ ਖਜ਼ਾਨ, ਪੁਰਖ

੪੭੨
੦੪

ਅਬਿਨਾਸ਼ੀ ਕਦੇ ਨਾ ਭੁੱਲਨਾ । ਸਾਚਾ ਦੇਵੇ ਜੀਆ ਦਾਨ, ਭਾਗ ਲਗਾਏ ਸਾਚੀ ਕੁਲਨਾ । ਚਰਨ ਧੂੜ ਕਰੇ ਇਸ਼ਨਾਨ, ਚਰਨ ਪ੍ਰੀਤੀ ਘੋਲ ਘੁਲਣਾ । ਆਪੇ ਤੋੜੇ ਆਤਮ ਮਾਣ, ਗੁਰਮੁਖ ਸਾਚੇ ਅੰਤਮ ਕਲ, ਵਿਚ ਮਾਤ ਦੇ ਨਾ ਰੁਲਣਾ । ਚਰਨ ਪ੍ਰੀਤੀ ਜੋੜੇ ਹਰਿ ਭਗਵਾਨ, ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਸਾਚਾ ਸੀਰ ਪਿਆਏ ਹਉਮੇ ਵਿਚੋਂ ਪੀੜ ਕਢਾਏ, ਬਜ਼ਰ ਕਪਾਟੀ ਚੀਰ ਵਖਾਏ, ਗੁਰਮੁਖ ਆਤਮ ਮੂਲ ਨਾ ਡੁਲਣਾ । ਜਗਤ ਜੁਗਤ ਵਿਚ ਮਾਤ ਹਰਿ ਕਰੇ ਕਰਾਏ ਆਪ । ਸਾਚੀ ਮੁਕਤ ਗੁਰ ਚਰਨ ਕਰ ਮਾਰੇ ਤੀਨੋ ਤਾਪ । ਅੰਮ੍ਰਿਤ ਪਿਆਏ ਸਾਚਾ ਸੀਰ ਇਕ ਜਪਾਏ ਸਾਚਾ ਜਾਪ । ਜਨ ਭਗਤਾਂ ਭੰਡਾਰੇ ਰਿਹਾ ਭਰ, ਸ੍ਰਿਸ਼ਟ ਸਬਾਈ ਜਾਏ ਕਾਂਪ । ਧੁਰਦਰਗਾਹੀ ਧਰਤ ਮਾਤ ਦੇਵੇ ਵਰ, ਕਿਰਪਾ ਕਰ ਹਰਿ ਧਰਤ ਮਾਤ ਤੇਰੀ ਆਸਾ ਪੂਰਤ । ਸਚ ਵਸਤ ਤੇਰੀ ਝੋਲੀ ਪਾਏ, ਪੱਲੇ ਦਾਤ ਸਾਚੀ ਬੰਨ੍ਹੀ । ਕਲਜੁਗ ਬੋਲੀ ਪ੍ਰਭ ਆਪ ਵਿਆਹੀ, ਬੇਮੁਖਾਂ ਆਤਮ ਅੰਤਮ ਡੰਨੀ । ਸਾਚੀ ਚੋਲੀ ਤਨ ਛੁਹਾਈ, ਸ਼ਬਦ ਡੋਰੀ ਨਾਲ ਬੰਨ੍ਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਜਗਾਏ ਬੇਮੁਖਾਂ ਆਤਮ ਰੱਖੇ ਅੰਨ੍ਹੀ । ਧਰਤ ਮਾਤ ਹਰਿ ਭਾਗ ਲਗਾਇਆ । ਆਤਮ ਦਿੱਤੀ ਮਾਤ ਦਾਤ, ਗੁਰਮੁਖ ਸਾਚਾ ਗੋਦ ਬਹਾਇਆ । ਆਪੇ ਵੇਖੇ ਮਾਰ ਝਾਤ, ਚਾਰੇ ਦਿਸ਼ਾ ਹਰਿ ਰਘੁਰਾਇਆ । ਆਪੇ ਬੈਠਾ ਰਹੇ ਇਕਾਂਤ, ਸ਼ਬਦ ਸੁਨੇਹੁੜਾ ਜਗਤ ਚਲਾਇਆ । ਕਰੇ ਖੇਲ ਹਰਿ ਬਹੁ ਭਾਂਤ, ਸਾਧ ਸੰਤ ਕਿਸੇ ਭੇਵ ਨਾ ਪਾਇਆ । ਨਾ ਕੋਈ ਵਖਾਣੇ ਪਾਤ ਜਾਤ, ਰੰਗ ਰੂਪ ਕਿਸੇ ਦਿਸ ਨਾ ਆਇਆ । ਇਕ ਨਿਭਾਏ ਪ੍ਰਭ ਚਰਨ ਨਾਤ, ਦੂਈ ਦਵੈਤੀ ਪੜਦਾ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ ਆਪਣਾ ਬਾਣਾ ਸਾਚਾ ਭਾਣਾ ਆਪਣੇ ਹੱਥ ਰਖਾਇਆ । ਧਰਤ ਮਾਤ ਤੇਰੀ ਗੋਦੀ ਲਾਲ । ਅੰਤਮ ਕਲ ਰੱਖ ਸੰਭਾਲ । ਬੇਮੁਖ ਭੁਲਾਏ ਕਰ ਵਲ ਛਲ, ਗੁਰਮੁਖ ਦੇਵੇ ਇਕ ਅਨਮੁਲੜਾ ਲਾਲ । ਕੋਇ ਨਾ ਸਕੇ ਮਾਰ ਜਲ ਥਲ, ਫਲ ਰਹਿਣ ਨਾ ਦੇਵੇ ਕਿਸੇ ਡਾਲ । ਵੇਖ ਵਖਾਣੇ ਜਲ ਥਲ, ਸਿੰਧ ਸਾਗਰ ਵੇਖੇ ਸਰਬ ਸੰਸਾਰ । ਨਾ ਲਾਏ ਘੜੀ ਪਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਧਾਮ ਰਹਾਏ ਸਦਾ ਸਦਾ ਅਚੱਲ । ਧਰਤ ਮਾਤ ਜਗਤ ਸੁਹਾਗਣ । ਗੁਰਮੁਖ ਸਾਚੇ ਸੰਤ ਜਨ, ਆਤਮ ਸਦ ਸਦ ਜਾਗਣ । ਸਾਚਾ ਮਿਲੇ ਨਾਮ ਧਨ, ਹੋਏ ਰਹਿਣ ਸਦਾ ਬੈਰਾਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਮਾਇਆ ਆਪ ਵਰਤਾਈ, ਆਤਮ ਹੰਕਾਰੀ ਜਗਤ ਕਰਾਈ, ਮਗਰ ਲਗਾਈ ਮਾਇਆ ਨਾਗਣ । ਧਰਤ ਮਾਤ ਪ੍ਰਭ ਦਏ ਹੁਲਾਰਾ । ਇਕ ਬਣਾਏ ਜਗਤ ਨਿਸ਼ਾਨੀ ਵਡ ਮਹਾਨੀ, ਸਾਚਾ ਮੰਦਰ ਮਹੱਲ ਮੁਨਾਰਾ । ਸਾਢੇ ਤਿੰਨ ਹੱਥ ਰੱਖੀ ਕਾਨੀ ਹਰਿ ਭਗਵਾਨੀ, ਕਲਜੁਗ ਤੇਰੀ ਅੰਤਮ ਵਾਰਾ । ਆਦਿ ਜੁਗਾਦੀ ਸਦ ਬ੍ਰਹਿਮਾਦੀ ਸ਼ਬਦ ਅਨਾਦੀ, ਜੁਗਾ ਜੁਗੰਤਰ ਬੰਨ੍ਹੇ ਧਾਰਾ । ਭੇਵ ਨਾ ਜਾਣੇ ਹਰਿ ਬੋਧ ਅਗਾਧੀ ਮਾਧਵ ਮਾਧੀ, ਆਪੇ ਜਾਣੇ ਆਪਣੀ ਸਾਰਾ । ਜੋਤੀ ਜੋਤ ਸਰੂਪ ਹਰਿ, ਸਦਾ ਅਟੱਲ ਅਚਲ ਰਖਾਏ ਸਿੰਘ ਮਨਜੀਤ ਤੇਰਾ ਸੱਚਾ ਘਰ ਬਾਹਰਾ । ਚਾਰ ਜੁਗ ਚਾਰ ਦਵਾਰੀ । ਕਰੇ ਕਰਾਏ ਹਰਿ ਨਿਰੰਕਾਰੀ । ਢਾਹੁੰਦਾ ਆਏ ਵਾਰੋ ਵਾਰੀ । ਬਣਾਉਂਦਾ ਰਹੇ ਪੈਜ ਸਵਾਰੀ । ਸਾਚਾ ਸ਼ਬਦ ਸੁਹਾਗੀ ਕੰਨ ਸੁਣਾਉਂਦਾ ਰਹੇ, ਜਨ ਭਗਤ ਬਣਾਏ ਵਣਜ ਵਪਾਰੀ । ਏਕਾ ਸਾਚਾ ਰੰਗ ਰੰਗਾਉਂਦਾ ਰਹੇ, ਤਿੰਨਾਂ ਲੋਕਾਂ ਖੇਲ ਅਪਾਰੀ । ਗੁਰਮੁਖ ਸੋਏ ਬਾਹੋਂ ਪਕੜ ਪ੍ਰਭ ਆਪ ਜਗਾਉਂਦਾ ਰਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦੇਵੇ ਆਪ ਸੱਚੀ ਸਰਦਾਰੀ । ਚਾਰ ਜੁਗ ਚਾਰ ਚੁਫੇਰੇ । ਸਾਢੇ ਤਿੰਨ ਹੱਥ ਰੱਖੇ

ਪ੍ਰਭ ਜੀ ਘੇਰੇ । ਵਿਚ ਟਿਕਾਏ ਸਾਚੀ ਵਥੇ, ਅੰਤਮ ਕਲਜੁਗ ਮੁੱਕਣ ਝੇੜੇ । ਬੇਮੁਖਾਂ ਪਾਏ ਹਰਿ ਜੀ ਨੱਥੇ, ਆਪ ਉਜਾੜੇ ਨਗਰ ਖੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦ ਬੰਨ੍ਹ ਬੇੜੇ । ਚਾਰ ਵੇਦ ਅਛਲ ਅਛੇਦਾ । ਚਾਰ ਕੁੰਟ ਚਾਰ ਚੁਫੇਰੇ, ਏਕਾ ਹਰਿ ਸਦਾ ਅਭੇਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਰਾਹ ਚਲਾਏ ਚਾਰ ਵਰਨ ਚਲਾਏ ਸੇਧਾ । ਘਰ ਸਾਚੇ ਵੱਜੀ ਵਧਾਈ, ਮੇਲ ਮਿਲਾਵਾ ਪੁਰਖ ਅਪਾਰ ਹੈ । ਘਰ ਸਾਚੇ ਵੱਜੀ ਵਧਾਈ, ਜਨ ਭਗਤਾਂ ਦੇਵੇ ਠੰਡੀ ਛਾਂ ਹਰਿ ਨਿਰੰਕਾਰ ਹੈ । ਘਰ ਸਾਚੇ ਵੱਜੀ ਵਧਾਈ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨ ਰਿਹਾ ਪੈਜ ਸਵਾਰ ਹੈ । ਘਰ ਸਾਚੇ ਵੱਜੀ ਵਧਾਈ, ਹਰਿ ਕੰਤ ਸੁਹਾਗੀ ਪਾਇਆ । ਘਰ ਸਾਚੇ ਵੱਜੀ ਵਧਾਈ, ਮਾਤ ਪਤਾਲੀ ਸਾਚੀ ਬਣਤ, ਪੁਰਖ ਅਬਿਨਾਸ਼ੀ ਰਸਨਾ ਗਾਇਆ । ਘਰ ਸਾਚੇ ਵੱਜੀ ਵਧਾਈ, ਮਿਲੇ ਵਡਿਆਈ ਵਿਚ ਜੀਵ ਜੰਤ, ਹਰਿ ਹਿਰਦੇ ਸਚ ਵਸਾਇਆ । ਘਰ ਸਾਚੇ ਵੱਜੀ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੁੜਾ ਗੁਰ ਸੰਗਤ ਆਪ ਸੁਣਾਇਆ । ਸਚ ਸੁਨੇਹੜਾ ਜਗਤ ਉਪਦੇਸ਼ਾ । ਪ੍ਰਭ ਅਬਿਨਾਸ਼ੀ ਮਾਤ ਦੇਵੇ ਜੋਤ ਸਰੂਪੀ ਧਾਰੇ ਭੇਸਾ । ਗੁਰਮੁਖ ਵਿਰਲਾ ਪ੍ਰਭ ਦਰ ਲੇਵੇ, ਭੁੱਲੇ ਰਹਿਣ ਨਰ ਨਰੇਸ਼ਾ । ਜੋਤੀ ਜੋਤ ਸਰੂਪ ਹਰਿ, ਆਪੇ ਕਰੇ ਕਰਾਏ ਵਿਚ ਮਾਤ ਸਾਚਾ ਵੇਸਾ । ਘਰ ਸਾਚੇ ਵੱਜੀ ਵਧਾਈ, ਸ਼ਬਦ ਘਨਘੋਰ ਹੈ । ਘਰ ਸਾਚੇ ਵੱਜੀ ਵਧਾਈ, ਨੱਸ ਜਾਇਣ ਪੰਜੇ ਚੋਰ ਹੈ । ਘਰ ਸਾਚੇ ਵੱਜੀ ਵਧਾਈ, ਜਨ ਭਗਤਾਂ ਬੰਨ੍ਹੇ ਸ਼ਬਦ ਸਰੂਪੀ ਡੋਰ ਹੈ । ਘਰ ਸਾਚੇ ਵੱਜੀ ਵਧਾਈ, ਆਪ ਮਾਲ ਚਰਾਏ ਧੰਨੇ, ਜਨ ਭਗਤ ਭਾਗ ਮਥੋਰ ਹੈ । ਆਪੇ ਪੀਏ ਛਾਛ ਛੰਨੇ, ਏਕਾ ਨਰ ਹਰਿ ਦੂਸਰ ਦਿਸੇ ਨਾ ਕੋਈ ਹੋਰ ਹੈ । ਕਾਇਆ ਚੋਲੀ ਤਨ ਮਨ ਭਿੰਨੇ, ਵੇਖੇ ਕਾਇਆ ਅੰਧ ਘੋਰ ਹੈ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਸਦ ਵਸੇ ਭਗਤਾਂ ਕੋਲ ਹੈ । ਜਨ ਭਗਤ ਹਰਿ ਨਾਮ ਵਖਾਣੇ । ਆਪ ਚਲਾਏ ਆਪਣੇ ਭਾਣੇ । ਜਨ ਭਗਤ ਹਰਿ ਸਾਚਾ ਜਾਣੇ । ਦੇਵੇ ਦਰਸ ਆਪ ਭਗਵਾਨੇ । ਜਨ ਭਗਤ ਸੁਖ ਸਾਚਾ ਮਾਣੇ । ਪ੍ਰਭ ਉਜਲ ਕਰੇ ਮੁਖ ਵਿਚ ਜਹਾਨੇ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜਨ ਭਗਤਾਂ ਖੜ੍ਹਾ ਰਹੇ ਸਿਰਹਾਣੇ । ਸਾਚਾ ਮੰਦਰ ਆਪ ਬਣਾਇਆ । ਸਾਢੇ ਤਿੰਨ ਹੱਥ ਅੰਦਰ ਹਰਿ ਜੀ ਆਪ ਰਖਾਇਆ । ਸ਼ਬਦ ਸਰੂਪੀ ਮਾਰੇ ਜੰਦਰ, ਪੀਰ ਫ਼ਕੀਰ ਔਲੀਏ ਗੌਂਸ ਕੁਤਬ, ਆਪਣੇ ਹੱਥ ਵਿਚ ਰਖਾਇਆ । ਚਾਰੋਂ ਕੁੰਟ ਕੋਈ ਨਾ ਮਾਰੇ ਧੌਂਸ, ਸ਼ਬਦ ਸੰਗਲ ਹਰਿ ਆਪ ਲਗਾਇਆ । ਸਾਚੀ ਜੋਤ ਨਾ ਕੋਈ ਤੋਲੇ ਤੋਲ ਤੁਲਾਏ ਨਾ ਰਤੀ ਮਾਸਾ ਔਂਸ, ਜਨ ਭਗਤਾਂ ਆਤਮ ਜੋਤੀ ਆਪ ਜਗਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਉਂ ਹੋਏ ਰੁਸ਼ਨਾਏ ਸਹੰਸ । ਸਾਚਾ ਮੰਦਰ ਛੋਟੀ ਤਾਕੀ । ਮੁਕਾਵਣ ਆਇਆ ਜਗਤ ਬਾਕੀ । ਗੁਰਮੁਖਾਂ ਆਪ ਸਮਝਾਵਣ ਆਇਆ, ਵੇਲੇ ਅੰਤਮ ਹਰਿ ਪੜਦਾ ਢਾਕੀ । ਹਰਿ ਆਪਣੀ ਗੋਦ ਉਠਾਵਣ ਆਇਆ, ਅੰਤਮ ਮਾਰੀ ਮਾਤ ਝਾਕੀ । ਛੋਟੇ ਬਾਲੇ ਤੇਰੀ ਬਣਤ ਬਣਾਵਣ ਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਜਾਮ ਪਿਆਏ, ਬਣ ਕੇ ਮਾਤ ਸਾਚਾ ਸਾਕੀ । ਸਾਚਾ ਮੰਦਰ ਆਪ ਸੁਹਾਇਆ । ਸ਼ਬਦ ਜੰਦਰ ਹਰਿ ਲਗਾਇਆ । ਚਿਤਰ ਗੁਪਤ ਤੇਰਾ ਸਾਚਾ ਮੰਦਰ, ਹਰਿ ਸਾਚੀ ਬਣਤ ਬਣਾਇਆ । ਦਿਸੇ ਜਗਤ ਅੰਧੇਰੀ ਕੰਦਰ, ਦੀਪਕ ਜੋਤੀ ਵਿਚ ਟਿਕਾਇਆ । ਦਰ ਦਰ ਭੌਂਦੇ ਫਿਰਨ ਜੀਵ ਬੰਦਰ, ਪੁਰਖ ਅਬਿਨਾਸ਼ੀ ਕਿਸੇ ਹੱਥ ਨਾ ਆਇਆ । ਪਕੜ ਉਤਾਰੇ ਉਚੇ ਟਿੱਲੇ ਗੋਰਖ ਮਛੰਦਰ,

ਜਟਾ ਜੂਟ ਧਾਰ ਜੋਗ ਸਨਿਆਸ ਹੋਏ ਉਦਾਸ, ਮਨ ਵੈਰਾਗ ਸਰਬ ਕਰਾਇਆ । ਜਨ ਭਗਤ ਜੰਜ਼ਾਲੇ ਜਾਇਣ ਭਾਗ, ਏਕਾ ਸੁਣ ਸਾਚਾ ਰਾਗ, ਪਕੜੇ ਪ੍ਰਭ ਸਾਚਾ ਵਾਗ, ਸਾਚੇ ਘਰ ਲਏ ਬਹਾਇਆ । ਆਪੇ ਧੋਏ ਪਿਛਲੇ ਦਾਗ਼, ਹੰਸ ਬਣਾਏ ਜੀਵ ਕਾਗ, ਗੁਰ ਚਰਨ ਜਨ ਜਾਏ ਲਾਗ, ਮਸਤਕ ਧੂੜੀ ਚਰਨ ਛੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਹਾੜ ਨੀਂਹ ਰਖਾਇਆ, ਸਤਾਰਾਂ ਹਾੜ ਪੂਰ ਕਰਾਏ, ਵੀਹ ਸੌ ਗਿਆਰਾਂ ਬਿਕ੍ਰਮੀ ਨੀਂਹ ਰਖਾਇਆ । ਰੱਖੀ ਨੀਂਹ ਹਰਿ ਅਪਾਰੀ । ਕਲਜੁਗ ਤੇਰੀ ਢਹਿੰਦੀ ਜਾਏ ਜਗਤ ਉਸਾਰੀ । ਸ੍ਰਿਸ਼ਟ ਸਬਾਈ ਇਕ ਦੂਜੇ ਦੇ ਨਾਲ ਖਹਿੰਦੀ ਜਾਏ, ਡੂੰਘੇ ਵਹਿਣ ਵਹਿੰਦੀ ਜਾਏ ਵਾਰੋ ਵਾਰੀ । ਲਾੜੀ ਮੌਤ ਘਰ ਘਰ ਬਹਿੰਦੀ ਜਾਏ, ਭਾਣਾ ਹਰਿ ਕਾ ਸਹਿੰਦੀ ਜਾਏ, ਵਿਰਲੇ ਜੀਵ ਕਲ ਸੰਸਾਰੀ । ਸ਼ਬਦ ਸੁਨੇਹੜਾ ਕਹਿੰਦੀ ਜਾਏ, ਹੱਥੀਂ ਲਾਉਂਦੀ ਮਹਿੰਦੀ ਜਾਏ, ਨਿਹਕਲੰਕ ਪ੍ਰਗਟੇ ਨਰ ਨਿਰੰਕਾਰੀ । ਜੋਤੀ ਜੋਤ ਸਰੂਪ ਹਰਿ, ਸਾਢੇ ਤਿੰਨ ਹੱਥ ਉਚੇ ਮੰਦਰ ਕਰੇ ਤੇਰੀ ਉਸਾਰੀ । ਰੱਖੀ ਨੀਂਹ ਚਾਰ ਚੁਫੇਰਾ । ਸ੍ਰਿਸ਼ਟ ਸਬਾਈ ਆਪੇ ਦੇਵੇ ਏਕਾ ਗੇੜਾ । ਚਾਰ ਕੁੰਟ ਪ੍ਰਭ ਅਬਿਨਾਸ਼ੀ ਆਪੇ ਪਾਏ ਘਰ ਘਰ ਝੇੜਾ । ਕਲਜੁਗ ਤੇਰਾ ਅੰਤ ਕਰਾਏ, ਕੋਇ ਨਾ ਦਿਸੇ ਨਗਰ ਖੇੜਾ । ਗੁਰਮੁਖ ਵਿਰਲਾ ਆਪ ਬਚਾਏ, ਅੰਤਮ ਵੇਲੇ ਬੰਨ੍ਹੇ ਬੇੜਾ । ਏਕਾ ਸਾਚਾ ਰਾਹ ਦਿਸਾਏ, ਸੋਹੰ ਸਾਚਾ ਜਾਪ ਜਪਾਏ, ਆਪ ਦਿਸਾਏ ਸਦ ਨੇਰਨ ਨੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਮੰਦਰ ਕਰ ਉਸਾਰੀ, ਧਰਤ ਮਾਤ ਤੇਰੀ ਸੁਣ ਪੁਕਾਰੀ, ਆਪ ਕਰਾਏ ਤੇਰਾ ਖੁੱਲ੍ਹਾ ਵਿਹੜਾ । ਖੁੱਲ੍ਹਾ ਵਿਹੜਾ ਜਗਤ ਵੈਰਾਨਾ । ਕਲਜੁਗ ਮੁਕੇ ਝੇੜਾ, ਜਗੇ ਜੋਤ ਭਗਵਾਨਾ । ਸਚ ਗੇੜ ਹਰਿ ਆਪੇ ਗੇੜਾ, ਕਰੇ ਖੇਲ ਵਾਲੀ ਦੋ ਜਹਾਨਾਂ । ਜਨ ਭਗਤਾਂ ਬੰਨ੍ਹੇ ਆਤਮ ਬੇੜਾ, ਦੇਵੇ ਨਾਮ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਨਰ ਹਰਿ ਵਿਸ਼ਨੂੰ ਭਗਵਾਨਾ । ਤਨ ਮੰਦਰ ਹਰਿ ਉਸਾਰੇ । ਅਚਰਜ ਖੇਲ ਕਲਜੁਗ ਅੰਤਮ ਕਰੇ ਆਪ ਗਿਰਧਾਰੇ । ਭਗਤ ਭਗਵੰਤੀ ਮੇਲ ਸਾਚਾ, ਦੋਏ ਸੋਹਣ ਇਕ ਦਵਾਰੇ । ਸਾਚਾ ਚੜ੍ਹੇ ਰੰਗ ਬਸੰਤੀ, ਕੇਸਰ ਟਿੱਕਾ ਚੰਦਨ ਚੌਂਕੀ ਅੰਮ੍ਰਿਤ ਧਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਵਹਾਏ ਅੰਤਮ ਕਲ ਵਹਿੰਦੀ ਧਾਰੇ । ਭਗਤਨ ਸੇਵਾ ਹਰਿ ਇਕ ਕਰਾਏ । ਜਗਤ ਦੇਵੇ ਸਾਚਾ ਮੇਵਾ, ਸੋਹੰ ਫਲ ਲਗਾਏ । ਪ੍ਰਗਟ ਹੋਏ ਹਰਿ ਦੇਵੀ ਦੇਵਾ, ਸੁਰਪਤ ਰਾਜਾ ਇੰਦ ਸਹਾਏ । ਜੁਗਾ ਜੁਗੰਤਰ ਕੀਤੀ ਸੇਵਾ, ਕਲਜੁਗ ਅੰਤਮ ਲੇਖੇ ਲਾਏ । ਪੁਰਖ ਅਬਿਨਾਸ਼ੀ ਲੇਖੇ ਲਾਏ, ਲਹਿਣਾ ਦੇਣਾ ਸਰਬ ਚੁਕਾਏ । ਰਸਨਾ ਗਾਇਆ ਹਰਿ ਸਾਚੀ ਜਿਹਵਾ, ਦਰ ਘਰ ਸਾਚੇ ਮਾਣ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਝੰਡਾ ਸੱਤ ਰੰਗ ਆਪਣੀ ਹੱਥੀਂ ਵਿਚ ਮਾਤ ਝੁਲਾਏ । ਆਪ ਝੁਲਾਏ ਜਗਤ ਨਿਸ਼ਾਨਾ । ਸਾਚੀ ਰੰਗਣ ਨਾਮ ਰੰਗਾਨਾ । ਸਤਿ ਸਤਿਵਾਦੀ ਪੁਰਖ ਅਨਾਦੀ, ਕਲਜੁਗ ਦਾਗ਼ ਸਰਬ ਮਿਟਾਨਾ । ਆਤਮ ਜੋਤੀ ਸ਼ਬਦ ਬਾਧੀ, ਦੀਪਕ ਜੋਤੀ ਜਗੇ ਮਹਾਨਾ । ਗੁਰਮੁਖ ਵਿਰਲੇ ਮਾਤ ਲਾਧੀ, ਸਦਾ ਬ੍ਰਹਿਮਾਦੀ ਹਰਿ ਵਿਸਮਾਦੀ, ਆਪ ਆਪਣੇ ਵਿਚ ਸਮਾਨਾ । ਸ਼ਬਦ ਚਲਾਏ ਬੋਧ ਅਗਾਧੀ, ਸਤਿਜੁਗ ਸਾਚਾ ਮਾਤ ਉਪਜਾਨਾ । ਗੁਰਮੁਖ ਸਾਚੇ ਰਸਨ ਅਰਾਧੀ, ਏਕਾ ਹਰਿ ਸ੍ਰੀ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਸੋਹੰ ਦੇਵੇ ਸਾਚਾ ਦਾਨਾ । ਦੇਵੇ ਦਾਨ ਗੁਣ ਨਿਧ ਦਾਤਾ । ਮਾਰੇ ਸ਼ਬਦ ਬਾਣ, ਗੁਣੀ ਗੁਣਵੰਤ ਸਰਬ ਗਿਆਤਾ । ਜਨ ਭਗਤਾਂ ਛੁਟੇ ਪੀਣ ਖਾਣ ਵਿਚ ਜਹਾਨ, ਸਾਚੀ ਜੋਤੀ ਮੇਲ ਮਿਲਾਤਾ ।


੪੭੪ ੦੪

ਸਾਚਾ ਦੇਵੇ ਸ਼ਬਦ ਬਬਾਣ, ਅੰਤ ਉਡਾਨ ਸਾਚੇ ਧਾਮ ਆਪ ਬਹਾਤਾ । ਸਾਚਾ ਨਾਉਂ ਰਸਨਾ ਗਾਨ, ਪੁਰਖ ਅਬਿਨਾਸ਼ੀ ਸਾਚਾ ਪਾਣ, ਸਾਚੀ ਗੋਦੀ ਆਪ ਉਠਾਏ ਆਪੇ ਬਣ ਪਿਤਾ ਮਾਤਾ । ਮਾਤਲੋਕ ਨਾ ਆਏ ਹਾਨ, ਝੁਲਦਾ ਰਹੇ ਸਦਾ ਨਿਸ਼ਾਨ, ਉਤਮ ਹੋਈ ਸਾਚੀ ਜਾਤਾ । ਜਗਤ ਚੁੱਕੀ ਜੰਮ ਕੀ ਕਾਨ, ਲਗਾ ਫਲ ਕਾਇਆ ਡਾਹਣ, ਦਰਗਹਿ ਸਾਚੀ ਮਿਲੀ ਸਾਚੀ ਦਾਤਾ । ਕਿਰਪਾ ਕਰੀ ਆਪ ਭਗਵਾਨ, ਜੋਤੀ ਜੋਤ ਸਰੂਪ ਹਰਿ, ਦੇਵੇ ਮਾਣ ਤਾਣ ਤਿੰਨਾਂ ਲੋਕਾਂ ਦੀਪਾਂ ਸੱਤਾਂ । ਗੁਰ ਸੰਗਤ ਤਨ ਸਾਚਾ ਰੰਗਣਾ । ਇਕ ਦਵਾਰ ਪੁਰਖ ਅਬਿਨਾਸ਼ੀ ਸਾਚਾ ਮੰਗਣਾ । ਸਰਬ ਘਟ ਘਟ ਰੱਖੇ ਵਾਸ, ਕਟੇ ਭੁੱਖ ਨੰਗਣਾ । ਲਾਹੇ ਸਰਬ ਉਦਾਸੀ, ਮਾਨਸ ਜਨਮ ਨਾ ਹੋਏ ਭੰਗਣਾ । ਕਿਸੇ ਹੱਥ ਨਾ ਆਵੇ ਪੰਡਤ ਕਾਸ਼ੀ, ਨਾ ਫਸੇ ਵਿਚ ਕਿਸੇ ਫੰਦਨਾ । ਬੇਮੁਖ ਜੀਵ ਕਰਨ ਹਾਸੀ, ਆਤਮ ਹੋਈ ਨਾ ਪਰਮਾਨੰਦਨਾ । ਗੁਰਮੁਖ ਸਾਚੇ ਸਦ ਬਲ ਬਲ ਜਾਸੀ, ਆਪੇ ਬੰਨ੍ਹੇ ਸ਼ਬਦ ਡੋਰੀ ਸਾਚੇ ਤੰਦਨਾ । ਮਿਲਾਏ ਮੇਲ ਹਰਿ ਸ਼ਾਹੋ ਸ਼ਾਬਾਸ਼ੀ, ਦੋਏ ਜੋੜ ਚਰਨ ਕਵਲ ਗੁਰਮੁਖ ਸਾਚਾ ਕਰੇ ਬੰਦਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਪਿਆਏ, ਇਕ ਉਪਜਾਏ ਸਾਚਾ ਸੁਖ ਪਰਮਾਨੰਦਨਾ । ਪਰਮਾਨੰਦ ਪਰਮ ਸੁਖ ਪਾਣ । ਏਕਾ ਰਾਖੇ ਪ੍ਰਭ ਚਰਨ ਧਿਆਨ । ਸਾਚਾ ਸਖੀ ਸੁਹੇਲਾ ਸੁਖ ਦੇਵੇ ਨਿਧਾਨ । ਸਾਚੀ ਰੀਤੀ ਜਗਤ ਭਾਖੇ, ਦੇਵੇ ਜੀਆ ਦਾਨ । ਮਿਲੇ ਮੇਲ ਅਲੱਖਣਾ ਅਲਾਖੇ, ਜੋਤੀ ਜਗੇ ਹਰਿ ਮਹਾਨ । ਅੰਤਮ ਵੇਲੇ ਪਤਿ ਆਪਣੀ ਰਾਖੇ, ਪੜਦੇ ਕੱਜੇ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਸੁਣਾਏ ਕਾਨ । ਸਾਚਾ ਸ਼ਬਦ ਭਗਤ ਵਣਜਾਰਾ । ਦਰ ਘਰ ਸਾਚੇ ਬਹਾਏ, ਕਰੇ ਚਰਨ ਪਿਆਰਾ । ਹਉਮੇ ਮਮਤਾ ਤ੍ਰਿਸ਼ਨਾ ਰੋਗ ਗਵਾਏ, ਦੂਈ ਦਵੈਤੀ ਕੱਢੇ ਬਾਹਰਾ । ਆਤਮ ਚਿੰਤਾ ਸੋਗ ਮਿਟਾਏ, ਸ਼ਬਦ ਲਗਾਏ ਸਾਚਾ ਨਾਅਰਾ । ਲੋਕਮਾਤ ਜਗਤ ਵਿਜੋਗ ਗਵਾਏ, ਇਕ ਵਖਾਏ ਸਾਚਾ ਘਰ ਬਾਹਰਾ । ਅੰਤਮ ਸੰਞ ਸਵੇਰ ਇਕ ਕਰਾਏ, ਨਰ ਹਰਿ ਹਰੀ ਹਰਿ ਨਿਰੰਕਾਰਾ । ਆਤਮ ਰੱਸ ਸਾਚਾ ਭੋਗ ਕਰਾਏ, ਅੰਮ੍ਰਿਤ ਦੇਵੇ ਠੰਡੀ ਧਾਰਾ । ਹਉਮੇ ਵਿਚੋਂ ਰੋਗ ਗਵਾਏ, ਮਾਰੇ ਸ਼ਬਦ ਕਟਾਰਾ । ਦੁਰਮਤ ਮੈਲ ਗਵਾਏ, ਨਾਮ ਸਾਬਣ ਲਾਏ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਚਾਰ ਵਰਨਾਂ ਇਕ ਖੁਲ੍ਹਾਇਆ ਸੱਚਾ ਦਵਾਰਾ । ਸਚ ਦਵਾਰਾ ਹਰਿ ਏਕਾ ਖੋਲ੍ਹੇ । ਜੋਤ ਸਰੂਪੀ ਸ਼ਬਦ ਸਾਚਾ ਬੋਲੇ । ਸ੍ਰਿਸ਼ਟ ਸਬਾਈ ਹੋਈ ਅੰਧ ਕੂਪੀ, ਪੂਰਾ ਤੋਲ ਨਾ ਕੋਈ ਤੋਲੇ । ਕਰੇ ਖੇਲ ਹਰਿ ਸਤਿ ਸਰੂਪੀ, ਵਸੇ ਕਾਇਆ ਸੱਚੇ ਡੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪੇ ਦੇਵੇ ਸ਼ਬਦ ਝਕੋਲੇ ।



੪੭੫
੦੪

### ✻ ੧੯ ਹਾੜ ੨੦੧੧ ਬਿਕ੍ਰਮੀ ਡੇਰਾ ਜੈਮਲ ਸਿੰਘ ਗੁਰਚਰਨ ਸਿੰਘ ਸਤਿਸੰਗ ਘਰ ਬਿਆਸ ✻

ਸੁਣਿਆ ਸਚ ਦਰਬਾਰ, ਮਨ ਬੈਰਾਗਿਆ । ਏਕਾ ਵੇਖੇ ਸੱਚਾ ਘਰ ਬਾਹਰ, ਗੁਰ ਪੂਰਾ ਜਿਥੇ ਜਾਗਿਆ । ਵੇਖ ਵਖਾਣੇ ਸਰਬ ਸੰਸਾਰ, ਕੋਇ ਨਾ ਧੋਵੇ ਕਾਇਆ ਦਾਗ਼ਿਆ । ਏਕਾ ਗੁਰ ਪੂਰਾ ਕਰਮ ਰਿਹਾ ਵਿਚਾਰ, ਜਨ ਆਏ ਚਰਨੀ ਲਾਗਿਆ । ਆਤਮ ਦੇਵੇ ਸ਼ਬਦ ਉਡਾਰ, ਮੋਹਿ ਹੋਏ ਵਡ ਵਡ ਭਾਗਿਆ । ਹਉਮੇ ਮਮਤਾ ਦੇਵੇ ਮਾਰ, ਸ਼ਬਦ ਸੁਣਾਵੇ ਸਾਚਾ ਰਾਗਿਆ । ਪੰਜਾਂ ਚੋਰਾਂ ਕੱਢੇ ਬਾਹਰ, ਆਪਣੇ ਹੱਥ ਪਕੜੇ ਕਾਇਆ

ਵਾਗਿਆ । ਹਰਿ ਹੋਏ ਨਾ ਕਦੇ ਖੁਆਰ, ਦਰ ਸਾਚੇ ਆਇਆ ਭਾਗਿਆ । ਮਿਲੇ ਨਾਮ ਏਕਾ ਅਪਰ ਅਪਾਰ, ਹੋਏ ਨਾਰ ਕੰਤ ਸੁਹਾਗਿਆ । ਕਾਇਆ ਹੋਏ ਠੰਡੀ ਠਾਰ, ਨਾ ਡੱਸੇ ਕਲਜੁਗ ਮਾਇਆ ਨਾਗਿਆ । ਅੰਮ੍ਰਿਤ ਦੇਵੇ ਸਾਚੀ ਧਾਰ, ਜਗਤ ਬ੍ਰਿਹੋਂ ਵਿਛੋੜਾ ਜਾਏ ਭਾਗਿਆ । ਦੋਏ ਜੋੜ ਸੱਚੀ ਨਿਮਸਕਾਰ ਤੇਰੇ ਸਚ ਦਰਬਾਰ, ਪਹਿਲੀ ਵਾਰ ਹਰਿ ਨਿਰੰਕਾਰ ਇਕ ਸੁਣਾਏ ਅਨਹਦ ਧੁਨ ਸਾਚਾ ਰਾਗਿਆ । ਆਏ ਦਰ ਦਰਬਾਰ ਸਚ ਹਜ਼ੂਰ ਹੈ । ਗੁਰ ਆਸਾ ਮਨਸਾ ਪੂਰ, ਭਰਮ ਭੁਲੇਖਾ ਕਰਨਾ ਦੂਰ ਹੈ । ਆਪਣੀ ਕਿਰਪਾ ਦੇਣੀ ਕਰ, ਏਕਾ ਦੇਵੇ ਸਾਚਾ ਨੂਰ ਸਰਬ ਕਲਾ ਭਰਪੂਰ ਹੈ । ਲੋਕਮਾਤ ਵਡ ਦਾਤਾ, ਗੁਰ ਪੂਰਾ ਸਦਾ ਰਹੇ ਹਾਜ਼ਰ ਹਜ਼ੂਰ ਹੈ । ਗੁਰ ਪੂਰਾ ਹੋਏ ਮਿਹਰਵਾਨ, ਦਰ ਮੰਗਣ ਆਏ ਦੂਰਨ ਦੂਰ ਹੈ । ਗੁਰ ਪੂਰੇ ਤੇਰੀ ਨਾਮ ਵਧਾਈ । ਦੁਰਮਤ ਮੈਲ ਕਾਇਆ ਜਾਏ, ਮਸਤਕ ਜੋਤੀ ਸਾਚਾ ਮੇਲ ਮਿਲਾਈ । ਅਚਰਜ਼ ਖੇਲ ਸਾਚੇ ਧਾਮ, ਨਾਦ ਧੁਨ ਰਾਗ ਸੁਣਾਈ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਗੁਰਮੁਖ ਸਾਚੇ ਸੰਤ ਜਨਾਂ ਰਿਹਾ ਮਾਤ ਜਗਾਈ । ਗੁਰ ਪੂਰਾ ਮਿਹਰਵਾਨ । ਏਕਾ ਦੇਵੇ ਆਤਮ ਸੁਖ ਬ੍ਰਹਮ ਗਿਆਨ । ਕਾਇਆ ਮੈਲ ਧੋਏ, ਏਕਾ ਬਖ਼ਸ਼ੇ ਚਰਨ ਧਿਆਨ । ਸਾਚਾ ਦਰ ਨਾ ਕੋਈ ਸੁਝੇ, ਏਕਾ ਮੰਗੇ ਨਿਰ ਨਿਰਬਾਨ । ਅੱਠੇ ਪਹਿਰ ਹੋਏ ਨਿਗਹਬਾਨ । ਨਿਗਹਬਾਨ ਹਰਿ ਤੇਰੇ ਦਰ ਦਰਬਾਰੇ । ਮੰਗਣ ਆਏ ਬਣ ਭਿਖਾਰੇ । ਸਚ ਵਸਤ ਹਰਿ ਝੋਲੀ ਪਾਏ, ਦੂਈ ਦਵੈਤੀ ਪੜਦੇ ਲਾਹੇ, ਰੰਗਣ ਚੜ੍ਹਾਏ ਨਾਮ ਅਪਾਰੇ । ਸਾਚੀ ਭਿੱਛਿਆ ਘਰ ਸਾਚਾ ਪਾਏ, ਕਾਇਆ ਦੁੱਖੜੇ ਉਤਰੇ ਭਾਰੇ । ਜੋਤੀ ਜੋਤ ਸਰੂਪ ਹਰਿ, ਸਤਿਗੁਰ ਸਾਚੇ ਦੇਹ ਭਾਂਡੇ ਕਾਚੇ, ਗੁਰ ਪੂਰਾ ਸਦਾ ਪੈਜ ਸਵਾਰੇ । ਏਕਾ ਨਾਮ ਦਰ ਮੰਗਣਾ । ਕਾਇਆ ਚੋਲਾ ਅੰਤਮ ਅੰਤ, ਦਰ ਘਰ ਸਾਚੇ ਰੰਗਣਾ । ਏਕਾ ਮੰਗਣੀ ਸਾਚੀ ਮੰਗ, ਘਰ ਸਾਚੇ ਮੂਲ ਨਾ ਸੰਗਣਾ । ਸ਼ਬਦ ਘੋੜੇ ਕਸੇ ਤੰਗਨਾ । ਮਾਨਸ ਜਨਮ ਨਾ ਹੋਏ ਭੰਗਣਾ । ਇਹ ਤੋੜੇ ਕਾਇਆ ਕਾਚੀ ਵੰਗਣਾ, ਹੋਏ ਸਹਾਈ ਸਦਾ ਅੰਗ ਸੰਗਣਾ । ਪੁਰਖ ਅਬਿਨਾਸ਼ੀ ਸਾਚਾ ਮੇਲ ਮਿਲਾਈਂ, ਰੱਖੀਂ ਹੱਥ ਸਿਰ ਮੇਰੇ ਉਤੇ ਕਦੇ ਨਾ ਹੋਏ ਨੰਗਨਾ । ਨੰਗਾ ਹੋਏ ਨਾ ਮੇਰਾ ਸਿਰ ਮੇਲ ਮਿਲਾਵੀਂ ਸਾਚੇ ਹਰਿ, ਸਾਚੇ ਘਰ ਆਪ ਵਸਾਵੀਂ ਦਇਆ ਕਮਾਈਂ, ਚਰਨ ਲਗਾਈਂ । ਸਦਾ ਸਿਰ ਰਹੇ ਹੱਥ, ਆਤਮ ਜੋਤੀ ਆਪ ਜਗਾਈਂ । ਅੰਧ ਅੰਧੇਰ ਦਈਂ ਮਿਟਾਈਂ । ਨਿਰਾਹਾਰ ਹਾਰਨਿਰ ਅੰਤਮ ਕਲਜੁਗ ਦਇਆ ਕਮਾਈਂ । ਫੜ ਕੇ ਬਾਹੋਂ ਰਾਹੇ ਪਾਈਂ । ਪ੍ਰਗਟ ਹੋ ਦਰਸ ਦਿਖਾਈਂ । ਹਉਮੇ ਮਮਤਾ ਮੈਲ ਗਵਾਈਂ । ਨਿਹਕਲੰਕ ਨਰਾਇਣ, ਨਰ ਕਰੇ ਇਕ ਰੁਸ਼ਨਾਈ । ਏਕ ਨਾਮ ਫ਼ਕੀਰੀ ਦਾਨ । ਮੰਗਣ ਆਇਆ ਦਰ ਦਰਬਾਨ । ਗੁਰ ਪੂਰਾ ਹੋਏ ਮਿਹਰਵਾਨ । ਆਤਮ ਮਾਰੇ ਸ਼ਬਦ ਬਾਣ । ਪੰਜਾਂ ਤੱਤਾਂ ਚੋਰਾਂ ਪੰਜਾਂ ਜੂਠੇ ਝੂਠੇ ਬੇਈਮਾਨ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਅੰਮ੍ਰਿਤ ਫਲ ਖਵਾਏ, ਗੁਰ ਪੂਰਾ ਸਦਾ ਰਖਵਾਲ ਹੈ । ਆਪੇ ਦੇ ਸਮਝਾਵੇ ਮਤਾਂ, ਆਤਮ ਸਰ ਸਰੋਵਰ ਸਦਾ ਇਸ਼ਨਾਨ ਕਰਾਨ ਹੈ । ਕਿਸੇ ਨਾੜੀ ਦਿਸੇ ਨਾ ਝੂਠੀ ਰੱਤਾ, ਆਪੇ ਜਾਣੇ ਮਿਤ ਗਤ, ਗਤ ਮਿਤ ਸਦ ਮਿਹਰਵਾਨ ਹੈ । ਕਲਜੁਗ ਲੋਕਮਾਤ ਲੱਗੇ ਤੱਤਾ, ਕਿਰਪਾ ਕਰੇ ਸ੍ਰੀ ਭਗਵਾਨ ਹੈ । ਜੋਤੀ ਜੋਤ ਸਰੂਪ ਹਰਿ, ਸਤਿਗੁਰ ਸਾਚੇ ਸਾਚਾ ਦੇਣਾ ਏਕਾ ਸੱਚਾ ਨਾਮ ਦਾਨ ਹੈ । ਨਾਮ ਦਾਨ ਦੇਵੇ ਭਗਵਾਨਾ । ਕਿਰਪਾ ਕਰੇ ਵਾਲੀ ਦੋ ਜਹਾਨਾ । ਜੋ ਜਨ ਆਏ ਚਲ ਦਵਾਰੇ, ਖਾਲੀ ਕੋਇ ਨਾ ਜਾਣਾ । ਅੰਤਮ ਅੰਤ ਅੰਮ੍ਰਿਤ ਦੇਵੇ ਸਾਚੀ ਧਾਰੀ, ਅੰਮ੍ਰਿਤਸਰ ਕਰੇ ਇਸ਼ਨਾਨਾ । ਜੋਤੀ ਜੋਤ ਸਰੂਪ ਹਰਿ, ਗੁਰ ਮੇਲ ਮਿਲਾਏ ਚਰਨ

ਲਗਾਏ, ਅੰਤਮ ਕਰ ਕਰ ਬਹੁ ਬਿਧਨਾਨਾ ਮੇਲ ਮਿਲਾਨਾ । ਗੁਰ ਬਨਵਾਰੀ ਮੰਗਣ ਆਏ ਚੱਲ ਦਵਾਰੀ । ਕਾਇਆ ਚੋਲੀ ਕਾਲੀ ਸੂਸੀ, ਮੈਲ ਨਾ ਉਤਰੇ ਭਾਰੀ । ਕੋਈ ਨਾ ਪੜ੍ਹੀ ਜਾਏ ਪੋਥੀ, ਇਕੋ ਦੇ ਸ਼ਬਦ ਉਡਾਰੀ । ਇਹ ਕਾਇਆ ਹੋਈ ਕੌੜੀ ਥੋਥੀ, ਵਿਚ ਵੜਿਆ ਕਾਮ ਕਰੋਧ ਹੰਕਾਰੀ । ਦੁਰਮਤ ਮੈਲ ਘਰ ਸਾਚੇ ਧੋਤੀ, ਏਕਾ ਮਾਰੀ ਸਾਚੀ ਹੰਸ ਉਡਾਰੀ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਦੇ ਵਰ, ਆਏ ਦਰ ਵਖਾ ਘਰ, ਜਿਥੇ ਵਸੇ ਸਾਚਾ ਹਰਿ, ਤ੍ਰਿੰਨਾਂ ਲੋਆਂ ਸਦਾ ਬਾਹਰੀ । ਆਤਮ ਖੋਲ੍ਹ ਦਰ ਹਰਿ ਦਵਾਰ ਹੈ । ਕਿਰਪਾ ਕਰ ਗਿਰਧਾਰ, ਦੇ ਦਰਸ ਅਪਰ ਅਪਾਰ ਹੈ । ਆਪ ਚੁਕਾਏ ਜਮ ਕਾ ਡਰ, ਲੱਖ ਚੁਰਾਸੀ ਗੇੜ ਨਿਵਾਰ ਹੈ । ਭਾਣਾ ਤੇਰਾ ਲਏ ਜਰ, ਸ਼ਬਦ ਘੋੜੇ ਕਰ ਅਸਵਾਰ ਹੈ । ਘਰ ਸਾਚੇ ਨਹਾਉਣਾ ਪਏ ਸਾਚੇ ਸਰ, ਦੁਰਮਤ ਮੈਲ ਲਏ ਉਤਾਰ ਹੈ । ਚਰਨ ਲਾਗ ਜਾਈਏ ਤਰ, ਮਾਨਸ ਜਨਮ ਨਾ ਆਉਣਾ ਦੂਜੀ ਵਾਰ ਹੈ । ਸਾਚੀ ਵਸਤ ਆਤਮ ਝੋਲੀ ਲਏ ਭਰ, ਗੁਰ ਦਰ ਭਰੇ ਸਦਾ ਭੰਡਾਰ ਹੈ । ਏਕੋ ਦੇਵੇ ਸਾਚਾ ਵਰ, ਰਹੇ ਆਤਮ ਸਦਾ ਖ਼ੁਮਾਰ ਹੈ । ਏਕਾ ਏਕ ਲੈਣਾ ਕਰ, ਦੂਈ ਦਵੈਤੀ ਭੇਵ ਨਿਵਾਰ ਹੈ । ਏਕਾ ਦਿਸੇ ਸਾਚਾ ਘਰ ਮੇਟ ਮਿਟਾਏ ਸ਼ਰਅ ਸ਼ਰਾਇਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਬਖ਼ਸ਼ੇ ਸਰਨ ਚਰਨ ਚਰਨ ਸਰਨ ਸਦਾ ਪਿਆਰ ਹੈ । ਅਚਰਜ ਖੇਲ ਪ੍ਰਭ ਸਾਚੇ ਕੀਤੀ । ਗੁਰਮੁਖ ਮਾਨਸ ਦੇਹੀ ਗੁਰਮਤ ਪ੍ਰਭ ਪਰਖੇ ਏਕਾ ਨੀਤੀ । ਧੁਰਦਰਗਾਹੀ ਆਇਆ ਸਚ ਸਨੇਹੀ, ਸਦ ਕਾਇਆ ਰਹੇ ਅਤੀਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣ ਆਏ ਤੇਰੇ ਦਰ, ਰਹੇ ਕਾਇਆ ਸੀਤਲ ਸੀਤੀ । ਕਾਇਆ ਸੀਤਲ ਸੀਤ ਹੈ । ਮਾਨਸ ਜਨਮ ਜਾਈਏ ਜੀਤ, ਅਚਰਜ ਚਲੇ ਜਗਤ ਰੀਤ ਹੈ । ਹਰਿ ਕਿਸੇ ਨਾ ਮਿਲੇ ਮੰਦਰ ਗੁਰਦਵਾਰੇ ਵਿਚ ਮਸੀਤ ਹੈ । ਅਚਰਜ ਤੇਰੀ ਰੀਤ ਹੈ । ਜੋਤੀ ਜੋਤ ਸਰੂਪ ਹਰਿ, ਏਕਾ ਦੇਹੁ ਸਾਚੀ ਸਰਨਾ, ਜਗਤ ਚੁਕਾਏ ਮਰਨਾ ਡਰਨਾ, ਆਪ ਖੁਲ੍ਹਾਏ ਹਰਨਾ ਫਰਨਾ, ਸਦਾ ਗਾਈਏ ਸੁਹਾਗੀ ਗੀਤ ਹੈ । ਸੁਹਾਗੀ ਗੀਤ ਸਦ ਸਦ ਗਾਵਣਾ । ਪੁਰਖ ਅਬਿਨਾਸ਼ੀ ਸਾਚਾ ਪਾਵਣਾ । ਸੋਹੰ ਸਾਚਾ ਜਾਪਾ ਮਾਰੇ ਤੀਨੋ ਤਾਪਾ, ਪ੍ਰਗਟ ਕਰੇ ਗੁਰ ਪੂਰਾ ਆਪ ਸੋਇਆ ਹਰਿ ਜਿਸ ਜਗਾਵਣਾ । ਲੱਖ ਚੁਰਾਸੀ ਰਹੀ ਕਾਂਪ, ਕਲਜੁਗ ਕਰਮ ਵਧਿਆ ਪਾਪ, ਗੁਰਮੁਖ ਸਾਚੇ ਸਤਿਗੁਰ ਪੂਰੇ ਸਾਚੀ ਜੋਤ ਜਗਾਵਣਾ । ਆਪੇ ਬਣੇ ਪਿਤਾ ਮਾਈ ਆਪੇ ਬਾਪ, ਫੜ ਫੜ ਬਾਹੋਂ ਗੋਦ ਉਠਾਵਣਾ । ਏਕਾ ਰਸਨੀ ਸਾਚਾ ਜਾਪ, ਦੂਜੇ ਦਰ ਨਾ ਸੀਸ ਝੁਕਾਵਣਾ । ਜੋਤੀ ਜੋਤ ਸਰੂਪ ਹਰਿ, ਏਕਾ ਫੜਿਆ ਤੇਰਾ ਲੜ, ਲੱਗੀ ਪ੍ਰੀਤੀ ਤੋੜ ਨਿਭਾਵਣਾ । ਲੱਗੀ ਪ੍ਰੀਤੀ ਨਿਭੇ ਤੋੜੇ । ਗੁਰ ਪੂਰਾ ਮੁਖ ਕਦੇ ਨਾ ਮੋੜੇ । ਚੜ੍ਹਿਆ ਸ਼ਬਦ ਘੋੜੇ । ਅੱਠੇ ਪਹਿਰ ਗੁਰਮੁਖ ਤੇਰੇ ਦਰ ਦਵਾਰੇ, ਆਉਂਦਾ ਜਾਂਦਾ ਰਹੇ ਸਦਾ ਸਦ ਹਰਿ ਵਾਗਾਂ ਮੋੜੇ । ਸਤਿ ਸੰਤੋਖੀ ਹਲ ਸਾਚਾ ਜੋੜੇ । ਏਕਾ ਅੰਮ੍ਰਿਤ ਫਲ ਲਗਾਏ ਗੁਰਮੁਖ ਸਾਚਾ ਖਾਏ, ਬੇਮੁਖਾਂ ਦਿਨ ਰਹਿ ਗਏ ਥੋੜੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣ ਆਏ ਤੇਰੇ ਦਰ, ਕਲਜੁਗ ਵੇਲਾ ਅੰਤਮ ਆਇਆ, ਚਾਰੋਂ ਕੁੰਟ ਅੰਧੇਰਾ ਛਾਇਆ, ਕੋਇ ਨਾ ਜਾਣੇ ਪਿਤਾ ਮਾਇਆ, ਤੇਰਾ ਦਿਤਾ ਸਰਬ ਭੁਲਾਇਆ, ਦਾਸਨ ਦਾਸ ਅੰਤਮ ਵਾਰ ਦਰ ਤੇਰੇ ਬਹੁੜੇ । ਦੇਵਣਹਾਰ ਦਾਤਾਰ ਗੁਰ ਗੋਪਾਲ ਹੈ । ਜਨ ਮੰਗਣ ਆਏ ਭਿਖਾਰ ਹੈ । ਦੇਵੇ ਪੈਜ ਸਵਾਰ ਹੈ । ਦੇਵੇ ਸ਼ਬਦ ਤਨ ਸ਼ਿੰਗਾਰ, ਗਲ ਪਹਿਨਾਏ ਸੋਹਣਾ ਹਾਰ, ਸਾਚਾ ਬਖ਼ਸ਼ੇ ਚਰਨ ਪਿਆਰ ਹੈ । ਲੋਕਮਾਤ ਦੇਵੇ ਤਾਰ ਹੈ । ਏਕਾ ਦੱਸੇ ਸ਼ਬਦ


੪੭੭ ੦੪

ਧਾਰ, ਵਸੇ ਦਸਮ ਦਵਾਰ ਹੈ । ਗੁਰਮੁਖ ਵਿਰਲਾ ਜਾਣੇ ਵਿਚ ਸੰਸਾਰ, ਲੱਖ ਚੁਰਾਸੀ ਮਾਨਸ ਜਨਮ ਜਾਏ ਹਾਰ ਹੈ । ਪ੍ਰਭ ਅਬਿਨਾਸ਼ੀ ਜਨ ਭਗਤਾਂ ਆਪ ਪਛਾਣੇ, ਦਰਗਹਿ ਸਾਚੀ ਦੇਵੇ ਮਾਣੇ, ਆਤਮ ਦੇਵੇ ਪਿਆਰ ਹੈ । ਆਪ ਬਣਾਏ ਸੁਘੜ ਸਿਆਣੇ । ਗੁਰਮੁਖ ਸਾਚੇ ਬਾਲ ਅੰਞਾਣੇ । ਗਲੇ ਲਗਾਏ ਗੁਣ ਨਿਧਾਨੇ । ਆਤਮ ਮਾਰੇ ਸਾਚਾ ਬਾਣੇ । ਪੰਜਾਂ ਦੂਤਾਂ ਪਏ ਝਾੜ, ਵਿਚੋਂ ਕੱਢੇ ਕਾਮ ਕਰੋਧ ਹੰਕਾਰ ਲੋਭ ਮੋਹ ਮਾਣ ਮਹਾਨੇ । ਕਿਸੇ ਹੱਥ ਨਾ ਆਏ ਰਾਜੇ ਰਾਣੇ । ਆਤਮ ਅੰਧੇ ਝੂਠੇ ਧੰਦੇ, ਵਡ ਵਡ ਸੁਘੜ ਸਿਆਣੇ । ਮਦਿਰਾ ਮਾਸੀ ਪਾਪੀ ਗੰਦੇ, ਮਿਲੇ ਨਾ ਇਕ ਭਗਵਾਨੇ । ਜੋਤੀ ਜੋਤ ਸਰੂਪ ਹਰਿ, ਏਕਾ ਕਿਰਪਾ ਦੇਣੀ ਕਰ, ਦੇਣਾ ਸ਼ਬਦ ਇਕ ਨਿਧਾਨੇ । ਦੇਣਾ ਸ਼ਬਦ ਨਿਧਾਨ ਸਰਬ ਗੁਣਵੰਤਿਆ । ਪਾਇਆ ਝੋਲੀ ਸੱਚਾ ਦਾਨ, ਮਿਲੇ ਹਰਿ ਭਗਵੰਤਿਆ । ਸਦਾ ਸਦ ਹਰਿ ਮਿਹਰਬਾਨ, ਆਦਿਨ ਅੰਤਿਆ । ਤੇਰਾ ਦਿਤਾ ਜੀਵ ਖਾਣ, ਗੁਰ ਪੂਰੇ ਹਾਜ਼ਰ ਹਜ਼ੂਰੇ ਸਚ ਸੱਚੇ ਕੰਤਿਆ । ਘਰ ਸਾਚੇ ਦੇਵੇ ਮਾਣ, ਸੱਚਾ ਮਾਰੀਂ ਸ਼ਬਦ ਬਾਣ, ਆਤਮ ਬ੍ਰਹਮ ਗਿਆਨ, ਤੁੱਟੇ ਜਗਤ ਝੂਠਾ ਮਾਣ, ਕਰੇ ਦਾਸ ਬੇਨੰਤੀਆ । ਪ੍ਰਗਟ ਹੋ ਨਰ ਹਰਿ ਸ੍ਰੀ ਭਗਵਾਨ, ਦਇਆ ਅਧਾਰੀ ਵਡ ਸੰਸਾਰੀ, ਜੋਤ ਨਿਰੰਕਾਰੀ ਮਹਿੰਮਾ ਅਪਾਰੀ, ਚਰਨ ਬਲਿਹਾਰੀ, ਜੀਵਾਂ ਜੰਤਾਂ ਵਿਚ ਰਹੰਤਿਆ । ਜੀਵ ਜੰਤ ਸਦ ਹਰਿ ਵਸੇਰਾ । ਕਲਜੁਗ ਤੇਰਾ ਅੰਤ, ਚਾਰੋਂ ਕੁੰਟ ਹੋਇਆ ਅੰਧੇਰਾ । ਗੁਰਮੁਖ ਵਿਰਲਾ ਪਾਏ ਸੰਤ, ਗੁਰ ਪੂਰਾ ਆਪ ਜਗਾਏ ਲੋਕਮਾਤ ਪਾਏ ਫੇਰਾ । ਜਨ ਭਗਤਾਂ ਸਾਚੀ ਬਣਤ ਆਪ ਬਣਾਏ, ਆਤਮ ਅੰਧ ਅੰਧਿਆਰ ਮਿਟਾਏ, ਮਹਿੰਮਾ ਬੜੀ ਅਗਣਤ । ਜੋਤੀ ਜੋਤ ਸਰੂਪ ਹਰਿ, ਕਿਸੇ ਜਣਾਏ ਗੁਰਮੁਖ ਸਾਚੇ ਸੰਤ । ਲੱਖ ਚੁਰਾਸੀ ਤੇਰਾ ਗੇੜਾ ਆਪ ਚੁਕਾਇੰਦਾ । ਜੋ ਜਨ ਮੰਗਣ ਆਏ ਦਰ, ਝੂਠੀ ਛੋੜ ਜਗਤ ਛਿੜਾਇੰਦਾ । ਆਤਮ ਰੱਖੇ ਖੁਲ੍ਹਾ ਵਿਹੜਾ, ਸਾਚੀ ਸੇਜ ਵਿਛਾਇੰਦਾ । ਦੋਹਾਂ ਧਿਰਾਂ ਦਾ ਕਰੇ ਨਿਬੇੜਾ, ਪਿਰ ਨਾਰੀ ਆਪ ਅਖਵਾਇੰਦਾ । ਆਪ ਵਸਾਏ ਕਾਇਆ ਨਗਰ ਖੇੜਾ, ਨਾਰ ਸੁਹਾਗਣ ਗੁਰਮੁਖ ਸਾਚੇ ਸਾਚਾ ਕੰਤ ਮਿਲਾਇੰਦਾ । ਬੇਮੁਖ ਜੀਵ ਜਗਤ ਦੁਹਾਗਣ, ਕੋਇ ਸਾਰ ਨਾ ਪਾਇੰਦਾ । ਗੁਰਮੁਖਾਂ ਸੁਣਾਏ ਸਾਚਾ ਰਾਗਣ, ਸਾਚੀ ਧੁਨ ਉਪਜਾਇੰਦਾ । ਅੰਤਮ ਕਲ ਸੋ ਜਨ ਜਾਗਣ, ਜਿਸ ਪੂਰਾ ਗੁਰ ਜਗਾਇੰਦਾ । ਮਿਲਾਵੇ ਮੇਲ ਲਿਖਿਆ ਧੁਰ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਪ੍ਰਭ ਦਰਸ਼ਨ ਕੋ ਲੋਚਨ ਸੁਰ, ਹੱਥ ਕਿਸੇ ਨਾ ਆਇੰਦਾ । ਗੁਰਮੁਖ ਸਾਚੇ ਆਪ ਚੜ੍ਹਾਏ ਸ਼ਬਦ ਘੋੜ, ਧੁਰਦਰਗਾਹੀ ਵਾਗਾਂ ਮੋੜ, ਸਚ ਧਾਮ ਬਹਾਇੰਦਾ । ਅੰਤਮ ਵੇਲੇ ਆਏ ਦੌੜ, ਗੁਰਮੁਖਾਂ ਗੁਰ ਸਾਚਾ ਜਾਏ ਬਹੁੜ, ਅੰਤਮ ਗੋਦ ਉਠਾਇੰਦਾ । ਬੇਮੁਖ ਜੀਵ ਭੰਨੇ ਰੀਠੇ ਕੌੜ, ਸ਼ਬਦ ਹਥੌੜਾ ਸਿਰ ਲਗਾਇੰਦਾ । ਜਨ ਭਗਤਾਂ ਏਕਾ ਲਾਏ ਸ਼ਬਦ ਪੌੜ, ਦਰਗਹਿ ਸਾਚੀ ਸਾਚੇ ਧਾਮ ਵਸਾਇੰਦਾ । ਆਪੇ ਪਰਖੇ ਮਿੱਠੇ ਕੌੜ, ਗੁਰਮੁਖ ਸਾਚੇ ਸੰਤ ਜਨਾਂ, ਕਿਰਪਾ ਕਰ ਸਾਚਾ ਹਰਿ, ਅੰਤਮ ਜੋਤੀ ਮੇਲ ਮਿਲਾਇੰਦਾ ।

### ❇ ੧੯ ਹਾੜ ੨੦੧੧ ਬਿਕ੍ਰਮੀ ਚਰਨ ਸਿੰਘ ਦੇ ਨਵਿਤ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ❇

ਹਰਿ ਸੰਤ ਧਾਮ ਨਿਆਰਾ । ਹਰਿ ਸੰਤ ਘਰ ਇਕ ਅਪਾਰਾ । ਹਰਿ ਸੰਤ ਹਰਿਜਨ ਟੇਕ, ਸ਼ਬਦ ਅਧਾਰਾ । ਹਰਿ ਸੰਤ ਬੁਧ ਬਿਬੇਕ, ਆਤਮ ਜੋਤ ਉਜਿਆਰਾ । ਹਰਿ ਸੰਤ ਸਦ ਨੇਤਰ ਲਏ ਪੇਖ, ਨਿਰਗਣ ਰੂਪ ਅਗੰਮ ਅਪਾਰਾ । ਨਿਰਗੁਣ ਰੂਪ ਜਨ ਸੰਤ ਲੋੜੇ । ਦੂਸਰ ਨਾਲ

ਨਾ ਸੰਗ ਜੋੜੇ । ਏਕਾ ਘਾਲੇ ਸਾਚੀ ਘਾਲ, ਜਗਤ ਜੰਜ਼ਾਲ ਤੋੜੇ । ਆਤਮ ਵੇਖੇ ਇਕ ਅਨਮੁਲੜਾ ਲਾਲ, ਕਾਇਆ ਝੂਠੇ ਡੋਲੇ । ਗੁਰਮੁਖ ਵਿਰਲਾ ਲਏ ਭਾਲ, ਜੋਤ ਸਰੂਪ ਦਰ ਬੈਠੇ ਕੋਲੇ । ਸਚ ਪ੍ਰੀਤੀ ਅੰਤਮ ਨਿਭੇ ਨਾਲ, ਭਗਤ ਜਨ ਕਦੇ ਨਾ ਡੋਲੇ । ਸ਼ਬਦ ਸਰੂਪੀ ਇਕੋ ਤਾਲ, ਇਕ ਦੂਜੇ ਦੇ ਵਸੇ ਕੋਲੇ । ਹਰਿ ਸੰਤ ਸਦਾ ਸਦਾ ਪ੍ਰਿਤਪਾਲ, ਗੁਰਮੁਖ ਆਤਮ ਸਦਾ ਬੋਲੇ । ਫਲ ਲਗਾਏ ਇਕ ਕਾਇਆ ਡਾਲ, ਧਰਮ ਕੰਡੇ ਸਾਚੇ ਤੋਲੇ । ਚਲੇ ਜਗਤ ਅਵਲੜੀ ਚਾਲ, ਮਨਮੁਖਾਂ ਰੱਖੇ ਪੜਦੇ ਉਹਲੇ । ਸਾਚੇ ਸੰਤ ਤੋੜ ਜਮ ਕਾਲ, ਸਾਚਾ ਰੰਗ ਚੜ੍ਹਾਏ ਚੋਲੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਅੰਦਰ ਸਾਚੇ ਮੰਦਰ ਡੂੰਘੀ ਕੰਦਰ ਸਦ ਸਦ ਹੱਸ ਹੱਸ ਬੋਲੇ । ਭਗਤ ਭਗਵਾਨ ਇਕ ਨਿਸ਼ਾਨਾ । ਮਿਲਿਆ ਜੀਆ ਇਕੋ ਦਾਨਾ । ਏਕਾ ਨਾਮ ਏਕਾ ਕਾਮ, ਏਕਾ ਸੱਚਾ ਸ਼ਬਦ ਬਬਾਣਾ । ਏਕਾ ਏਕ ਪਿਆਏ ਸਾਚਾ ਜਾਮ, ਆਤਮ ਤ੍ਰਿਸ਼ਨਾ ਭੁੱਖ ਮਿਟਾਨਾ । ਜੋਤ ਸਰੂਪੀ ਘਨਈਆ ਸ਼ਾਮ, ਦੁਸ਼ਟ ਸੰਘਾਰੇ ਜਿਉਂ ਰਾਵਣ ਰਾਮਾ । ਜਨ ਭਗਤਾਂ ਸੁੱਕਾ ਹਰਿਆ ਕਰੇ ਕਾਇਆ ਚਾਮ, ਜੋਤ ਜਗਾਏ ਹਰਿ ਮਹਾਨਾ । ਜੁਗੋ ਜੁਗ ਜਨ ਭਗਤਾਂ ਸਾਚੇ ਸੰਤਾਂ, ਜੋਤੀ ਜੋਤ ਸਰੂਪ ਹਰਿ, ਪ੍ਰਗਟ ਜੋਤ ਨਾਮ ਰਖਾਏ ਵਿਚ ਜਹਾਨਾ । ਭਗਤਾਂ ਨਾਮ ਜਗਤ ਵਡਿਆਈ । ਸਾਚਾ ਰਾਹ ਸ੍ਰਿਸ਼ਟ ਸਬਾਈ ਆਪ ਵਖਾਈ । ਇਕ ਵਸੇ ਹਰਿ ਹਰ ਥਾਉਂ, ਆਤਮ ਖੋਜੇ ਭਾਈ । ਦੂਸਰ ਕੋਈ ਦਿਸੇ ਨਾ, ਨਿਰਗੁਣ ਰੂਪ ਜੋਤ ਰਘੁਰਾਈ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਵੇਸ ਅਨੇਕ, ਜਨ ਭਗਤ ਟੇਕ ਪੂਰਨ ਬੂਝ ਬੁਝਾਈ । ਤਨ ਜਨ ਸਾਚਾ ਮੰਦਰ ਹੈ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਵਸੇ ਅੰਦਰੇ ਅੰਦਰ ਹੈ । ਇਕੋ ਸ਼ਾਹ ਵਡਾ ਭੂਪਨ ਭੂਪੀ, ਡੇਰਾ ਲਾਏ ਡੂੰਘੀ ਕੰਦਰ ਹੈ । ਨਿਰਗੁਣ ਜੋਤ ਰੂਪ ਸਤਿ
੪੭੯ ੦੪ ਸਰੂਪੀ, ਬੇਮੁਖ ਲੱਭੇ ਬਾਹਰ ਜੂਠੇ ਝੂਠੇ ਮੰਦਰ ਹੈ । ਨਾ ਕੋਈ ਰੰਗ ਨਾ ਕੋਈ ਰੂਪੀ, ਜੋਤੀ ਜੋਤ ਸਰੂਪ ਹਰਿ, ਉਚੇ ਟਿੱਲੇ ਫਿਰ ਫਿਰ ਥੱਕੇ ਗੋਰਖ ਮਛੰਦਰ ਹੈ । ਸਾਚਾ ਸੱਜਣ ਸੁਹੇਲ ਸਾਚਾ ਮੀਤ ਹੈ । ਜਨ ਭਗਤਾਂ ਕਰਾਏ ਮੇਲ, ਪੁਰਖ ਅਤੀਤ ਹੈ । ਆਤਮ ਜੋਤੀ ਆਪ ਜਗਾਏ ਬਿਨ ਬਾਤੀ ਬਿਨ ਤੇਲ ਹੈ । ਕਾਇਆ ਰੱਖੇ ਠੰਡੀ ਸੀਤ ਹੈ । ਅਚਰਜ ਕੀਆ ਪਾਰਬ੍ਰਹਮ ਕਲ ਖੇਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਦਿ ਅੰਤ ਜੁਗਾ ਜੁਗੰਤ ਪਰਖੇ ਸਾਚੀ ਨੀਤ ਹੈ । ੪੭੯ ੦੪

### ❇ ੨੦ ਹਾੜ ੨੦੧੧ ਬਿਕ੍ਰਮੀ ਪਾਲ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ❇

ਪਵਣ ਜੋਤ ਜੋਤ ਪਵਣ ਜਗਤ ਮਸਾਣਾ । ਸ਼ਬਦ ਗੋਤ ਗੋਤ ਸ਼ਬਦ, ਵਰਨ ਅਵਰਨ ਹਰਿ ਆਪ ਚਲਾਨਾ । ਸਾਚਾ ਹਲ ਹਰਿ ਰਿਹਾ ਜੋਤ, ਤਿੰਨਾਂ ਲੋਕਾਂ ਵਡ ਕਿਰਸਾਣਾ । ਦੁਰਮਤ ਮੈਲ ਰਿਹਾ ਧੋਤ, ਆਤਮ ਉਪਜੇ ਨਾਮ ਨਿਧਾਨਾ । ਕਲਜੁਗ ਜੀਵ ਰਿਹਾ ਸੋਤ, ਵਿਸਾਰਿਆ ਨਰ ਹਰਿ ਸ੍ਰੀ ਭਗਵਾਨਾ । ਗੁਰਮੁਖਾਂ ਖੋਲ੍ਹੇ ਬੰਦ ਸੋਤ, ਜੋਤ ਜਗਾਏ ਤਨ ਮਹਾਨਾ । ਮੂਰਖ ਮੁਗਧ ਅੰਞਾਣੇ ਰਹੇ ਰੋਤ, ਪਰਮ ਪੁਰਖ ਨਾ ਮਾਤ ਪਛਾਣਾ । ਸ੍ਰਿਸ਼ਟ ਸਬਾਈ ਏਕਾ ਦਿਸੇ ਚਰਨ ਪ੍ਰੀਤੀ ਸਾਚੀ ਗੋਤ, ਭਰਮ ਭੁਲੇਖੇ ਦੂਰ ਕਰਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਘਰ ਸਾਚਾ ਹਲ ਆਪ ਚਲਾਨਾ । ਅੰਮ੍ਰਿਤ ਪਾਏ ਸਾਚਾ ਜਲ, ਧਰਤ ਕਾਇਆ ਸਿੰਚ ਵਖਾਇੰਦਾ । ਨਾਮ ਲਗਾਏ ਸਾਚਾ

ਫਲ ਮਨਮੁਖਾਂ ਹੱਥ ਨਾ ਆਇੰਦਾ । ਆਪ ਰਖਾਏ ਨਿਹਚਲ ਧਾਮ ਅਟੱਲ, ਗੁਰਮੁਖਾਂ ਚੋਗ ਚੁਗਾਇੰਦਾ । ਹਰੀ ਕਰੇ ਕਾਇਆ ਖੱਲ, ਜੋਤ ਨੂਰ ਇਕ ਵਸਾਇੰਦਾ । ਆਤਮ ਸੇਜਾ ਬੈਠਾ ਮੱਲ, ਜੰਗਲ ਜੂਹ ਉਜਾੜ ਪਹਾੜ ਰੋਜ਼ੀ ਰਿਜ਼ਕ ਆਪ ਪੁਚਾਇੰਦਾ । ਨਾ ਵੇਖੇ ਅੱਜ ਕਿ ਕਲ, ਅੱਠੇ ਪਹਿਰ ਸੰਗ ਸਮਾਇੰਦਾ । ਸਦ ਵਸੇ ਜਲ ਥਲ, ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਹਰਿ ਆਪ ਰਹਾਇੰਦਾ । ਲੱਖ ਚੁਰਾਸੀ ਜਾਏ ਦਲ, ਏਕਾ ਗੇੜਾ ਕਲਜੁਗ ਦਵਾਇੰਦਾ । ਗੁਰਮੁਖ ਸਾਚਾ ਰਹੇ ਅਟੱਲ, ਚਰਨ ਪ੍ਰੀਤੀ ਸੇਵ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਹਾੜੀ ਗੁਰਮੁਖ ਸਾਚੇ ਸੰਤ ਜਨਾਂ ਲੋਕਮਾਤ ਸਾਚੀ ਨੀਂਹ ਰਖਾਇੰਦਾ । ਗੁਰਮੁਖ ਸਦਾ ਅਟੱਲ, ਸ਼ਬਦ ਜੈਕਾਰ ਹੈ । ਲੋਕਮਾਤ ਦਰ ਜਾਏ ਮੱਲ, ਏਕਾ ਟੇਕ ਪੁਰਖ ਕਰਤਾਰ ਹੈ । ਚਰਨ ਪ੍ਰੀਤੀ ਜਾਏ ਬਲ ਬਲ, ਮਾਨਸ ਜਨਮ ਰਿਹਾ ਸਵਾਰ ਹੈ । ਬੇਮੁਖ ਭੁਲਾਏ ਕਰ ਕਰ ਵਲ ਛਲ, ਮਨ ਮੁਗਧ ਨਾ ਪਏ ਸਾਰ ਹੈ । ਜਨ ਭਗਤਾਂ ਦਰਸ ਦਿਖਾਏ ਘੜੀ ਘੜੀ ਪਲ ਪਲ, ਦਰ ਘਰ ਆਏ ਗਿਰਵਰ ਗਿਰਧਾਰ ਹੈ । ਆਪ ਮਿਟਾਏ ਬਿਰਹੋਂ ਵਿਛੋੜਾ ਆਤਮ ਸੱਲ, ਕਾਇਆ ਕਰੇ ਠੰਡੀ ਠਾਰ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ ਹੈ । ਇਕ ਬਣਾਏ ਮਹੱਲ ਅਟਾਰੀ, ਗੁਰਮੁਖਾਂ ਪੈਜ ਰਿਹਾ ਸਵਾਰ ਹੈ । ਗੁਰਮੁਖ ਤੇਰਾ ਨਾਮ ਨਿਧਾਨ, ਏਕਾ ਜਾਣੇ ਹਰਿ ਭਗਵਾਨ, ਜੀਵ ਜੰਤ ਸਾਧ ਸੰਤ ਨਾ ਕਰੇ ਕੋਈ ਪਛਾਣ ਹੈ । ਕਲਜੁਗ ਤੇਰਾ ਵੇਲਾ ਅੰਤ, ਪ੍ਰਭ ਮਾਇਆ ਪੜਦਾ ਪਾਏ ਬੇਅੰਤ, ਧਨ ਧਨ ਵਣਜਾਰਾ ਗੁਰਸਿਖ ਪਿਆਰਾ, ਜਿਸ ਮਿਲਿਆ ਕੰਤ ਭਗਵਾਨ ਹੈ । ਬੇਮੁਖ ਤਨ ਰਹੇ ਅਫਾਰਾ ਅੱਠੇ ਪਹਿਰ ਹੈ । ਜਨ ਭਗਤਾਂ ਦੇਵੇ ਨਾਮ ਅਧਾਰਾ, ਝੁੱਲਦਾ ਰਹੇ ਜਗਤ ਨਿਸ਼ਾਨ ਹੈ । ਆਪੇ ਬਣੇ ਹਰਿ ਸਹਾਰਾ, ਦਰਗਹਿ ਸਾਚੀ ਦੇਵੇ ਮਾਣ ਹੈ । ਆਤਮ ਜੋਤੀ ਨੂਰ ਅਪਾਰਾ, ਜਗੇ ਜੋਤ ਗੁਣਵੰਤ ਗੁਣ ਨਿਧਾਨ ਹੈ । ਸ਼ਬਦ ਦੇਵੇ ਸਾਚੀ ਧਾਰਾ, ਆਤਮ ਸਰ ਸਚ ਇਸ਼ਨਾਨ ਪੰਜਾਂ ਚੋਰਾਂ ਮਾਰੇ ਮਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਆਪ ਚੜ੍ਹਾਏ ਸ਼ਬਦ ਸੱਚੇ ਬਬਾਣ ਹੈ । ਸ਼ਬਦ ਬਬਾਣ ਸਚ ਉਡਾਰੀ । ਆਪ ਲਵਾਏ ਸ੍ਰੀ ਭਗਵਾਨ, ਮਾਤਲੋਕ ਕਰ ਖੇਲ ਨਿਆਰੀ । ਸਾਚਾ ਦੇਵੇ ਨਾਮ ਦਾਨ, ਜਗਤ ਪਿਤ ਕਰ ਸਾਚਾ ਹਿਤ, ਨਿਤ ਨਵਿਤ ਭੇਖਾ ਭੇਖੀ ਭੇਖ ਧਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਹਾੜੀ । ਗੁਰਸਿਖ ਫੁਲਵਾੜੀ ਕਰੇ ਸ਼ਬਦ ਵਾੜੀ ਕਲਜੁਗ ਤੇਰੀ ਅੰਤਮ ਵਾਰ ਹੈ । ਪਹਿਲੀ ਹਾੜ ਜਗਤ ਪ੍ਰਕਾਸ਼ । ਹਰਿ ਦਾਸਨ ਦਾਸ ਨਿਜ ਘਰ ਵਾਸ । ਆਪੇ ਵਸੇ ਚਲੇ ਵਿਚ ਸਵਾਸ ਸਵਾਸ । ਸਦ ਵਸੇ ਆਸ ਪਾਸ । ਸਚ ਸਨੇਹੜਾ ਏਕਾ ਘੱਲੇ, ਸਚ ਮੰਡਲ ਦੀ ਸਾਚੀ ਰਾਸ । ਧੁਰ ਦਰਗਾਹੋਂ ਆਇਆ ਬੱਲੇ, ਗੁਰਸਿਖ ਆਤਮ ਕਰੇ ਨਿਵਾਸ । ਏਕਾ ਵਸੇ ਧਾਮ ਇਕੱਲੇ ਸਚ ਮਹੱਲੇ, ਆਦਿ ਅੰਤ ਨਾ ਜਾਏ ਵਿਨਾਸ । ਗੁਰਸਿਖ ਸਾਚਾ ਸਦਾ ਜਗ ਫਲੇ ਫੁੱਲੇ, ਪੁਰਖ ਅਬਿਨਾਸ਼ੀ ਜਿਸ ਹੋਇਆ ਦਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤੀ ਏਕਾ ਨੂਰਾ, ਸਰਬ ਕਲਾ ਭਰਪੂਰਾ, ਮਾਤ ਪਤਾਲ ਅਕਾਸ਼ । ਦੂਜਾ ਦੋਏ ਕਰੇ ਅਕਾਰ । ਨਿਰਗੁਣ ਸਰਗੁਣ ਖੇਲ ਅਪਾਰ । ਨਿਰਗੁਣ ਨਿਰਾਹਾਰ ਸਰਗੁਣ ਸ਼ਬਦ ਅਧਾਰ । ਦੇਵੇ ਵਸਤ ਇਕ ਅਟੱਲ, ਲੋਕਮਾਤ ਅਪਾਰ । ਸਾਚੀ ਜੋਤੀ ਆਪ ਟਿਕਾਏ ਸਚ ਮਹੱਲ, ਕਾਇਆ ਕਰ ਅਕਾਰ । ਸ਼ਬਦ ਸੁਨੇਹੁੜਾ ਰਿਹਾ ਘੱਲ, ਲੱਖ ਚੁਰਾਸੀ ਕਰਨੀ ਖ਼ਬਰਦਾਰ । ਅੰਤ ਕਰਾਏ ਜਲ ਥਲ, ਬੇਮੁਖ ਵਹਾਏ

੪੮੦
੦੪

ਵਹਿੰਦੀ ਧਾਰ । ਕਲਜੁਗ ਤੇਰਾ ਅੰਤਮ ਕਲ, ਆਤਮ ਹੰਕਾਰੀ ਜਗਤ ਵਿਕਾਰੀ ਹੋਵਣ ਛਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਤਮ ਭਰੇ ਸ਼ਬਦ ਭੰਡਾਰ । ਤੀਜਾ ਤਿੰਨਾਂ ਲੋਕਾਂ ਧਾਰਾ । ਹੋਇਆ ਹਰਿ ਸ਼ਬਦ ਅਸਵਾਰਾ । ਰੂਪ ਰੰਗ ਕਿਸੇ ਦਿਸ ਨਾ ਆਏ, ਕਰੇ ਖੇਲ ਅਪਰ ਅਪਾਰਾ । ਗੁਰਮੁਖਾਂ ਆਤਮ ਜਗਤ ਤ੍ਰਿਸ਼ਨਾ ਵਿਸ ਲਾਹੇ, ਅੰਮ੍ਰਿਤ ਦੇਵੇ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਤਿੰਨਾਂ ਲੋਆਂ ਪਾਵੇ ਸਾਰਾ । ਚੌਥੇ ਚਾਰ ਦਰ ਦਰਵਾਜੇ । ਆਪੇ ਜਾਣੇ ਗਰੀਬ ਨਿਵਾਜੇ । ਜਿਥੇ ਬੈਠ ਗੁਰ ਪੈਗ਼ੰਬਰ ਪੀਰ ਜਨ ਭਗਤਾਂ ਸਾਜਨ ਸਾਜੇ । ਪੰਚਮ ਦੇਸ ਇਕ ਆਇਆ ਹਰਿ ਹਿੱਸੇ, ਹੋਰ ਕਿਸੇ ਨਾ ਦਿਸੇ, ਸ਼ਬਦ ਸਰੂਪੀ ਮਾਰੇ ਅਵਾਜੇ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਆਪਣਾ ਸਾਜ ਆਪੇ ਸਾਜੇ । ਪੰਚਮ ਘਰ ਪੰਚ ਦਵਾਰਾ । ਪਵਣ ਸ਼ਬਦ ਜੋਤ ਏਕਾ ਧਾਰਾ । ਇਕ ਅਕਾਲ ਓਥੇ ਵਸੇ, ਸਦਾ ਸਦਾ ਸਦ ਖਿੜ ਖਿੜ ਹੱਸੇ, ਲੋਕਮਾਤ ਜੋਤੀ ਘੱਲੇ, ਆਪ ਵਸੇ ਸਚ ਮਹੱਲੇ, ਆਵੇ ਜਾਵੇ ਘੜੀ ਘੜੀ ਪਲੇ ਪਲੇ, ਕਦੇ ਉਪਰ ਕਦੇ ਥੱਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਪਰ ਅਪਾਰਾ । ਸੰਤ ਜਨ ਕੀ ਜਾਣ ਪਛਾਨਣ । ਏਕਾ ਰੱਖਣ ਗੁਰ ਚਰਨ ਧਿਆਨਣ । ਜੋਤ ਨਾ ਜਾਨਣ ਹਰਿ ਭਗਵਾਨਣ । ਜਿਹੜਾ ਦੇਵੇ ਜਗਤ ਗੁਰੂਆਂ ਚਾਨਣ । ਸ੍ਰਿਸ਼ਟ ਸਬਾਈ ਸਦਾ ਸਦਾ ਹਰਿ ਬੰਨ੍ਹੇ ਬਾਨਣ । ਜਾਤ ਪਾਤ ਨਾ ਕੋਈ ਵਖਾਏ, ਨਾ ਕੋਈ ਵੇਖੇ ਗੌੜ ਬ੍ਰਾਹਮਣ । ਜਨ ਭਗਤਾਂ ਹਰਿ ਆਪ ਪਛਾਣੇ, ਧੁਰਦਰਗਾਹੀ ਸੱਚਾ ਜਾਮਨ । ਜਗਤ ਵਿਕਾਰਾ ਆਪੇ ਮਾਰੇ, ਨੇੜ ਨਾ ਆਏ ਕੋਈ ਕਾਮਨੀ ਕਾਮਨ । ਗੁਰਮੁਖ ਸਾਚੇ ਤੇਰੀ ਆਤਮ ਨਾ ਕਦੇ ਹੰਕਾਰੇ, ਫੜਿਆ ਗੁਰ ਪੂਰੇ ਦਾ ਸਾਚਾ ਦਾਮਨ । ਵੱਜੇ ਇਕ ਸ਼ਬਦ ਖੰਡਾ ਦੋ ਧਾਰੇ, ਹੋਏ ਆਰ ਪਾਰੇ, ਵਿਚ ਸੰਸਾਰੇ ਪਹਿਲੀ ਵਾਰੇ, ਗੁਰਮੁਖ ਵਿਰਲੇ ਜਾਨਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜੋਤ ਜਗਾਈ, ਜਨ ਭਗਤਾਂ ਦਏ ਵਧਾਈ, ਘਰ ਸਾਚੇ ਅੰਮ੍ਰਿਤ ਆਤਮ ਸਰ ਕਰਾਏ ਇਸ਼ਨਾਨਣ । ਪੰਚਮ ਪੁਰਖ ਸੁਜਾਨਾ । ਸਾਚਾ ਦੱਸੇ ਇਕ ਬ੍ਰਹਮ, ਜਾਤ ਪਾਤ ਨਾ ਕੋਇ ਵਖਾਨਾ । ਹਰਿ ਚਰਨ ਪ੍ਰੀਤੀ ਸਾਚਾ ਧਰਮ, ਏਕਾ ਚਰਨ ਧਿਆਨਾ । ਆਤਮ ਅਤੀਤੀ ਸਚ ਕਰਮ, ਹਰਿ ਹਿਰਦੇ ਸਦ ਵਸਾਣਾ । ਮਾਨਸ ਦੇਹੀ ਸਚ ਜਨਮ, ਮਿਲੇ ਮੇਲ ਹਰਿ ਭਗਵਾਨਾ । ਜਗਤ ਸਨੇਹੀ ਮਿਟੇ ਭਰਮ, ਦਰਸ ਪਾਏ ਪਦ ਨਿਰਬਾਣਾ । ਦੂਈ ਦਵੈਤੀ ਮਿਟੇ ਵਰਮ, ਸ਼ਬਦ ਧੀਰ ਇਕ ਰਖਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਏਕਾ ਏਕ ਦਿਸਾਏ ਸਾਚਾ ਘਰ ਸਚ ਟਿਕਾਣਾ । ਛੇਵੇਂ ਛੱਪਰ ਛੰਨ ਨਾ ਕੋਇ । ਜਿਥੇ ਆਪ ਹਰਿ ਜੀ ਸੋਏ । ਏਕਾ ਜੋਤ ਹਰਿ ਬਲੋਏ । ਕਰੇ ਰੁਸ਼ਨਾਏ ਤਿੰਨਾਂ ਲੋਏ । ਗੁਰਮੁਖ ਉਠਾਏ ਮਾਤ ਸੋਏ । ਅਵਰ ਨਾ ਜਾਣੇ ਜੀਵ ਕੋਇ । ਪੁਰਖ ਅਬਿਨਾਸ਼ੀ ਸਚ ਭਤਾਰਾ ਵਿਚ ਸੰਸਾਰਾ, ਕੰਤ ਸੁਹਾਗੀ ਵਡ ਵਡਭਾਗੀ, ਗੁਰਸਿਖ ਨਾਰ ਸਾਚੀ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਧੋਏ ਕਾਇਆ ਦਾਗ਼ੀ, ਸਾਚਾ ਸ਼ਬਦ ਸੁਣਾਏ ਸਾਚਾ ਰਾਗੀ, ਹੰਸ ਬਣਾਏ ਕਾਗੀ ਚਰਨ ਪ੍ਰੀਤੀ ਸਾਚੀ ਲਾਗੀ, ਨਾ ਅੰਤ ਵਿਛੋੜਾ ਹੋਏ । ਸਤਵੇਂ ਸਤਿ ਪੁਰਖ ਕਲ ਧਾਰਾ । ਜੋਤ ਨਿਰੰਜਣ ਅਲਖ ਅਗੰਮ, ਸਰਬ ਘਟਾਂ ਪਸਾਰਾ । ਆਪ ਉਪਜਾਏ ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਦੇਵੇ ਜੋਤ ਅਕਾਰਾ । ਲੋਕਮਾਤ ਨਾ ਆਏ ਹੱਥ ਬਿਨ ਪੂਰਬ ਕਰਮਾਂ, ਪਹਿਲੇ ਬਣੇ ਆਪ ਲਿਖਾਰਾ । ਸੁਫ਼ਲ ਕਰਾਏ ਮਾਨਸ ਜਨਮਾ, ਜਿਸ ਜਨ ਦੇਵੇ ਦਰਸ ਦਿਖਾਏ, ਦਰ ਘਰ ਆਏ ਹਰਿ ਗਿਰਧਾਰਾ । ਜੋਤੀ ਜੋਤ ਸਰੂਪ ਹਰਿ,

੪੮੧
੦੪

੪੮੨
੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ, ਏਕਾ ਸੇਜਾ ਦੋਵੇ ਸੁੱਤੇ ਰਹਿਣ, ਇਕੱਠੇ ਬਹਿਣ ਹਰਿ ਸਾਚਾ ਕੰਤ ਭਤਾਰਾ । ਗੁਰਮੁਖ ਸਾਚੀ ਨਾਰਾ । ਅੱਠ ਤੱਤ ਤੱਤ ਵਿਚਾਰੇ । ਕਾਇਆ ਕੋਟ ਪ੍ਰਭ ਉਸਾਰੇ । ਵਿਚੋਂ ਕੱਢਣ ਵਾਲਾ ਖੋਟ, ਨੌਂ ਦਰ ਸੁੱਤਾ ਰਹੇ ਹਰਿ ਕਰਤਾਰੇ । ਲਗਾਉਂਦਾ ਰਹੇ ਸ਼ਬਦ ਚੋਟ, ਅੱਠੇ ਪਹਿਰ ਆਤਮ ਦਰ ਸੱਚੇ ਦਵਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਤਮ ਵਸੇ ਨਾ ਹੋਏ ਕਦੇ ਬਾਹਰੇ । ਦਸਵੇਂ ਦਿਸ਼ਾ ਜਿਸ ਵਖਾਨੀ । ਗੁਰਮੁਖ ਪੜ੍ਹੇ ਮਾਤ ਨਾ ਬਾਣੀ । ਏਕਾ ਮਿਲੇ ਜੋਤ ਭਗਵਾਨੀ । ਮਿਟੇ ਦੂਈ ਜਗਤ ਨਿਸ਼ਾਨੀ । ਏਕਾ ਵੱਜੇ ਸ਼ਬਦ ਕਾਨੀ । ਮਿਲਿਆ ਹਰਿ ਸੱਚਾ ਦਿਲ ਜਾਨੀ । ਲੋਕਮਾਤ ਆਵਣ ਨਾ ਦੇਵੇ ਹਾਨੀ । ਗੁਰ ਪੀਰ ਸਾਧ ਸੰਤ ਔਲੀਏ ਗੌਂਸ ਪੀਰ ਫ਼ਕੀਰ ਦਸਤਗੀਰ ਅੰਤਮ ਹੋਏ ਖਾਲੀ । ਗੁਰਮੁਖ ਸਾਚੇ ਤੇਰੀ ਜੋਤ ਇਕ ਗੋਤ ਅਟੱਲ ਰਹਿ ਜਾਣੀ । ਜੋਤੀ ਜੋਤ ਸਰੂਪ ਹਰਿ, ਆਤਮ ਸਾਚਾ ਮੇਲ ਮਿਲਾਏ, ਜੋਤ ਨੂਰ ਹਰਿ ਭਗਵਾਨੀ । ਦਸਵੀਂ ਦਿਸ਼ਾ ਸੱਚਾ ਤਰਾਨਾ । ਨਾ ਕੋਈ ਸ਼ਬਦ ਰਾਗ ਨਾ ਗਾਨਾ । ਏਕਾ ਜੋਤ ਜਗੇ ਭਗਵਾਨਾ । ਝੁਲੇ ਸਚਾ ਇਕ ਨਿਸ਼ਾਨਾ । ਜੋਤ ਸਰੂਪੀ ਆਪ ਆਪੇ ਵਡ ਪ੍ਰਤਾਪ ਡਗਮਗਾਨਾ । ਆਪੇ ਦੇਵੇ ਗੁਰੂਆਂ ਜਾਪ, ਮਾਤਲੋਕ ਜਨ ਆਏ ਜਪਾਨਾ । ਪਿੱਛੇ ਰੱਖੇ ਵਡ ਪ੍ਰਤਾਪ ਮਾਈ ਬਾਪ, ਸਾਰਿਆਂ ਦੇਵੇ ਇਕ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਆਪਣੇ ਘਰ, ਏਕਾ ਭਗਤ ਦੇਵੇ ਜਗਤ ਨਾਮ ਧੁਰ ਨਿਸ਼ਾਨਾ । ਭਗਤ ਜਨਾਂ ਦਾ ਉਚ ਟਿਕਾਣਾ । ਆਪੇ ਵਸੇ ਹਰਿ ਭਗਵਾਨਾ । ਦੋਏ ਜਹਾਨੀ ਦੇਵੇ ਮਾਣਾ । ਸਚ ਝੁਲਾਏ ਇਕ ਨਿਸ਼ਾਨਾ । ਲੋਕਮਾਤ ਹਰਿ ਆਏ ਮੰਗਣਦਾਨਾ । ਚਰਨ ਪ੍ਰੀਤੀ ਸ੍ਰੀ ਭਗਵਾਨਾ । ਗੁਰਮੁਖਾਂ ਸ੍ਰਿਸ਼ਟ ਸਬਾਈ ਜੀਤੀ, ਏਕਾ ਰੱਖੀ ਕਾਇਆ ਅਤੀਤੀ, ਮਿਲਿਆ ਪੁਰਖ ਸੁਜਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਹੱਥੀਂ ਬੰਨ੍ਹਣ ਆਇਆ ਗਾਨਾ । ਸ਼ਬਦ ਗਾਨਾ ਹਰਿ ਸਾਚੀ ਡੋਰੀ । ਆਪਣੇ ਸੰਗ ਪ੍ਰਭ ਜਾਏ ਤੋਰੀ । ਕੋਈ ਨਾ ਜਾਣੇ ਆਤਮ ਘੋਰੀ । ਗੁਰ ਪੂਰੇ ਤੋਂ ਕਰਨ ਚੋਰੀ । ਮਾਨਸ ਦੇਹੀ ਜੀਵ ਢੋਰੀ । ਪੂਰਾ ਹਰਿ ਨਾ ਪਾਇਆ ਜਾਏ, ਨਾ ਚੜ੍ਹਾਏ ਸ਼ਬਦ ਘੋੜੀ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਆਪ ਬਣਾਏ ਬਣਦੀ ਆਏ ਭਗਤ ਭਗਵੰਤ ਏਕਾ ਜੋੜੀ । ਹਰਿ ਏਕਾ ਇਕ ਅਕਾਰ ਹੈ । ਦੂਜੀ ਜੋਤ ਵਸਤ ਅਪਾਰ ਹੈ । ਤੀਜੇ ਪਵਣ ਰਹੇ ਅਸਵਾਰ ਹੈ । ਚੌਥੇ ਸ਼ਬਦ ਸਾਚੀ ਧਾਰ ਹੈ । ਪੰਜਵੇਂ ਸੱਚਾ ਸਿਰ ਸਰਦਾਰ ਹੈ । ਛੇਵੇਂ ਸ਼ਾਸਤਰ ਵਿਦਿਆ ਵਸੇ ਬਾਹਰ ਹੈ । ਸਤਵੇਂ ਸਤਿਵਾਦੀ ਪੁਰਖ ਅਪਾਰ ਹੈ । ਅੱਠਵੇਂ ਅੱਠਾਂ ਤੱਤਾਂ ਦਏ ਅਧਾਰ ਹੈ । ਨੌਵੇਂ ਨੌਂ ਦਰ ਦੇ ਸਮਝਾਵੇ ਮਤਾਂ, ਭਾਣਾ ਨਾ ਜਾਣੇ ਜੀਵ ਗਵਾਰ ਹੈ । ਦਸਵੇਂ ਘਰ ਵਖਾਏ ਦਇਆ ਕਮਾਏ, ਨੌਂ ਖੰਡਾਂ ਤਿੰਨਾਂ ਲੋਆਂ ਏਕਾ ਏਕ ਸਾਚੀ ਧਾਰ ਹੈ । ਏਕਾ ਬੈਠਾ ਕਮਲਾਪਤਾ, ਪਰਖੇ ਵੇਖੇ ਲੱਖ ਚੁਰਾਸੀ ਵਿਚ ਮਾਤ ਸੁਹਾਗਣ ਦੁਹਾਗਣ ਨਾਰ ਹੈ । ਸਾਚੇ ਮੰਦਰ ਡੇਰਾ ਲਾਏ, ਨਾ ਕੋਈ ਦਿਸੇ ਉਪਰ ਧਵਲ ਛੱਤਾ, ਏਕਾ ਮਹੱਲ ਅਪਾਰ ਹੈ । ਜਨ ਭਗਤਾਂ ਨਿਭਾਏ ਚਰਨ ਨਾਤਾ, ਮਾਨਸ ਜਨਮ ਦਏ ਸੁਧਾਰ ਹੈ । ਸਾਚਾ ਸ਼ਬਦ ਦੇਵੇ ਜਗਤ ਸਾਚੀ ਦਾਤਾ, ਭਰਿਆ ਰਹੇ ਸਦ ਭੰਡਾਰ ਹੈ । ਬੈਠਾ ਰਹੇ ਇਕ ਇਕਾਂਤਾ, ਸ੍ਰਿਸ਼ਟ ਸਬਾਈ ਪਾਉਂਦਾ ਰਹੇ ਸਾਰ ਹੈ । ਨਾ ਕੋਈ ਵੇਖੇ ਜਾਤਾਂ ਪਾਤਾਂ, ਸਰਬ ਜੀਆਂ ਦਾ ਏਕਾ ਹਰਿ ਨਿਰੰਕਾਰ ਹੈ । ਜਨ ਭਗਤਾਂ ਅੰਤਮ ਪੁੱਛੇ ਵਾਤਾਂ, ਜੋਤ ਸਰੂਪੀ ਜਾਮਾ ਧਾਰ ਹੈ । ਗੁਰਮੁਖ ਸਾਚੇ ਆਪ ਉਠਾਏ ਜਿਉਂ ਬਾਲਕ ਮਾਤਾ, ਅੰਮ੍ਰਿਤ ਸੀਰ ਪਿਆਏ

੪੮੩ ੦੪

ਕਰ ਪਿਆਰ ਹੈ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਹਰਿ ਭਗਵੰਤ ਪਾਉਂਦਾ ਰਹੇ ਸਾਰ ਹੈ । ਦਸਮ ਦਰ ਸਚ ਦਵਾਰਾ । ਸਾਚਾ ਘਰ ਵਸੇ ਨਿਰੰਕਾਰਾ । ਅੰਮ੍ਰਿਤ ਖੋਲ੍ਹੇ ਸਾਚਾ ਸਰ, ਚਲਦੀ ਰਹੇ ਨਾਮ ਫੁਹਾਰਾ । ਗੁਰਮੁਖ ਕਾਇਆ ਆਤਮ ਕਰੇ ਠੰਡੀ ਠਾਰਾ । ਬੇਮੁਖਾਂ ਦਰ ਆਏ ਡਰ, ਪਾਪ ਹੰਕਾਰੀ ਤਨ ਚੜ੍ਹਿਆ ਰਹੇ ਬੁਖ਼ਾਰਾ । ਝੂਠੇ ਭਾਂਡੇ ਪ੍ਰਭ ਅੰਤਮ ਵੇਲੇ ਦੇਵੇ ਭੰਨ, ਨਾ ਹੋਵੇ ਕੋਈ ਸਹਾਰਾ । ਬੇਮੁਖ ਜੀਵ ਆਤਮ ਅੰਧ ਨਾ ਜਾਨਣ ਰੰਗ ਕਰਤਾਰਾ । ਪੰਜੇ ਚੋਰ ਅੱਠੇ ਪਹਿਰ ਲਾਉਂਦੇ ਰਹਿਣ ਸੰਨ੍ਹ, ਖ਼ਾਲੀ ਹੱਥ ਜਾਏ ਕਲਜੁਗ ਜੀਵ ਜਗਤ ਵਣਜਾਰਾ । ਗੁਰਮੁਖਾਂ ਪ੍ਰਭ ਬੇੜਾ ਬੰਨ੍ਹ, ਸਾਚੀ ਦੇਵੇ ਨਾਮ ਦਾਤ ਜਗਤ ਬਣੇ ਵਰਤਾਰਾ । ਏਕਾ ਸ਼ਬਦ ਸੁਣਾਏ ਕੰਨ, ਝੂਠਾ ਕਢਾਏ ਜੰਨ, ਅੰਤਮ ਵੇਲੇ ਉਤਰੇ ਪਾਰਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਪੇ ਖੋਲੇ ਸਾਚਾ ਸ਼ਬਦ ਪੂਰੇ ਤੋਲ ਤੋਲੇ, ਸਦ ਵਸੇ ਕੋਲੇ, ਨਾ ਦਿਸੇ ਬੰਦ ਕਿਵਾੜਾ । ਖੋਲ੍ਹੇ ਬੰਦ ਕੁਆੜ, ਹਰਿ ਨਿਰੰਕਾਰਿਆ । ਪਰੇ ਹਟਾਏ ਝੂਠੀ ਧਾੜ, ਮਾਰੇ ਸ਼ਬਦ ਖੰਡਾ ਦੋ ਧਾਰਿਆ । ਘਰ ਸਾਚੇ ਦੇਵੇ ਵਾੜ, ਜਨ ਕਰੇ ਚਰਨ ਨਿਮਸਕਾਰਿਆ । ਜੋਤੀ ਜੋਤ ਸਰੂਪ ਹਰਿ, ਦਰਗਹਿ ਸਾਚੀ ਜਨ ਸਾਚੇ ਸੰਤ ਜਨਾਂ ਜਗਤ ਭਗਤਾਂ ਆਪ ਬਣਾਏ ਸਾਚੇ ਲਾੜਿਆ । ਦਸਵੇਂ ਦਰ ਖੇਲ ਰਚਾਇੰਦਾ । ਸ਼ਬਦ ਸਰੂਪੀ ਡੰਕ ਵਜਾਇੰਦਾ । ਪਵਣ ਸਰੂਪੀ ਆਤਮ ਸਵਾਸੀ, ਏਕਾ ਧਾਮ ਵਸਾਇੰਦਾ । ਸਾਚੀ ਜੋਤ ਕਰੇ ਪ੍ਰਕਾਸ਼ੀ, ਅੰਧ ਅੰਧੇਰ ਮਿਟਾਇੰਦਾ । ਜਨ ਭਗਤਾਂ ਮੇਲ ਮਿਲਾਵਾ ਪੁਰਖ ਅਬਿਨਾਸ਼ੀ, ਸਾਚੇ ਧਾਮ ਸੁਹਾਇੰਦਾ । ਕਾਇਆ ਚੋਲੀ ਬਣ ਬੈਠਾ ਦਾਸੀ, ਸਾਚੀ ਸੇਵ ਕਮਾਇੰਦਾ । ਗੁਰਮੁਖ ਸਾਚੇ ਸਦ ਬਲ ਬਲ ਜਾਸੀ, ਸਾਚਾ ਕੰਤ ਮੀਤ ਮੁਰਾਰਾ, ਪੁਰਖ ਅਪਾਰਾ ਹਰਿ ਗਿਰਧਾਰਾ, ਘਰ ਆਪਣੇ ਸਾਚੇ ਪਾਇੰਦਾ । ਦੇਵੇ ਨਾਮ ਸ਼ਬਦ ਉਡਾਰਾ, ਤਿੰਨਾਂ ਲੋਕਾਂ ਕਰੇ ਬਾਹਰਾ, ਪ੍ਰਗਟ ਹੋਵੇ ਗੁਪਤ ਜ਼ਾਹਰਾ, ਸਾਚੇ ਧਾਮ ਆਪ ਬਹਾਇੰਦਾ । ਇਕ ਲਗਾਏ ਸ਼ਬਦ ਨਾਅਰਾ, ਜੋਤੀ ਜੋਤ ਸਰੂਪ ਹਰਿ, ਪੂਰਨ ਕਾਮ ਗੁਰਮੁਖ ਸਾਚੇ ਆਪੇ ਆਪ ਕਰਾਇੰਦਾ । ਸਾਚਾ ਧਾਮ ਹਰਿ ਧਨਵੰਤਿਆ । ਜਨ ਭਗਤਾਂ ਦੇਵੇ ਮਾਣ, ਪੂਰਨ ਭਗਵੰਤਿਆ । ਮਾਰੇ ਆਤਮ ਸ਼ਬਦ ਬਾਣ, ਸਤਿ ਸਤਵੰਤਿਆ । ਅੰਤਮ ਮੇਲ ਮਿਲਾਏ ਆਣ, ਘਰ ਸਾਚੇ ਸਾਚਾ ਕੰਤਿਆ । ਧੁਰ ਫੁਰਮਾਣ ਨਾ ਕੋਈ ਮੇਟੇ ਮੇਟ ਮਿਟੰਤਿਆ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਾਚੇ ਘਰ, ਦਸਮ ਘਰ ਗੁਰਮੁਖ ਵਿਰਲਾ ਖੋਜ ਖੁਜੰਤਿਆ । ਏਕਾ ਏਕ ਦਾਤਾਰ, ਜਗਤ ਭਿਖਾਰ ਹੈ । ਗੁਰਮੁਖ ਵਿਰਲਾ ਕਰੇ ਵਪਾਰ, ਸ਼ਬਦ ਅਪਾਰ ਹੈ । ਜਿਸ ਜਨ ਬਖਸ਼ੇ ਕਿਰਪਾ ਧਾਰ, ਲੱਖ ਚੁਰਾਸੀ ਹੋਏ ਪਾਰ ਹੈ । ਦਰਸ ਦੇਵੇ ਆਪ ਨਿਰੰਕਾਰ, ਹਉਮੇ ਮਾਰੇ ਦਰ ਦੁਆਰੇ ਕਰੇ ਖੁਆਰ ਹੈ । ਸਾਚੀ ਦੇਵੇ ਸ਼ਬਦ ਉਡਾਰ, ਇਕ ਵਖਾਏ ਸੱਚਾ ਦਰਬਾਰ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸ੍ਰਿਸ਼ਟ ਸਬਾਈ ਰਿਹਾ ਕਰਮ ਵਿਚਾਰ ਹੈ । ਕਰਮ ਵਿਚਾਰ ਸਰਬ ਕਿਛ ਜਾਣੇ । ਮਾਨਸ ਜਨਮ ਜਾਏ ਸਵਾਰ, ਜਨ ਭਗਤਾਂ ਚਲਾਏ ਆਪਣੇ ਭਾਣੇ । ਦੇਵੇ ਦਾਤ ਵਡ ਕਰਾਮਾਤ, ਕਿਰਪਾ ਕਰ ਹਰਿ ਭਗਵਾਨੇ । ਚਰਨ ਪ੍ਰੀਤੀ ਆਪ ਬੰਨ੍ਹਾਏ ਸਾਚਾ ਨਾਤ, ਚਰਨ ਧੂੜ ਕਰੇ ਇਸ਼ਨਾਨੇ । ਅੰਤਮ ਵੇਲੇ ਪੁੱਛੇ ਵਾਤ, ਦਰ ਘਰ ਸਾਚੇ ਮਾਣ ਦਵਾਨੇ । ਜੋਤੀ ਜੋਤ ਸਰੂਪ ਹਰਿ, ਮਾਨਸ ਜਨਮ ਰਿਹਾ ਸਵਾਰ, ਜਨ ਭਗਤ ਚਲਾਏ ਆਪਣੇ ਭਾਣੇ, ਆਪਣਾ ਭੇਵ ਆਪੇ ਜਾਣੇ । ਕਾਇਆ ਕੋਟ ਦਸ ਦਵਾਰ ਹੈ । ਦਸਵੇਂ ਨਿਕਲੇ ਝੂਠਾ ਖੋਟ, ਵਸੇ ਹਰਿ ਨਿਰੰਕਾਰ ਹੈ । ਆਪ ਲਗਾਏ ਸ਼ਬਦ ਚੋਟ, ਉਪਜੇ ਧੁਨ ਸੱਚੀ ਧੁਨਕਾਰ ਹੈ । ਜੋਤੀ ਜੋਤ ਸਰੂਪ ਹਰਿ, ਕਦੇ ਗੁਪਤ

੪੮੪
੦੪

ਕਦੇ ਜ਼ਾਹਰ ਹੈ । ਦਸ ਘਰ ਲੋਕਮਾਤ ਵਖਾਣੇ । ਕਾਇਆ ਮੰਦਰ ਵਿਚ ਸੁਹਾਣੇ । ਨੌਵੇਂ ਪ੍ਰਗਟ ਰਸ ਭੋਗ ਲਗਾਣੇ । ਦਸਵੇਂ ਭੇਵ ਹਰਿ ਆਪੇ ਜਾਣੇ । ਜੋ ਜਨ ਕਰੇ ਘਰ ਸਾਚੇ ਸਾਚੀ ਸੇਵ, ਦੇਵੇ ਫ਼ਲ ਸ੍ਰੀ ਭਗਵਾਨੇ । ਪ੍ਰਗਟ ਵਖਾਏ ਵਡ ਦੇਵੀ ਦੇਵ, ਆਤਮ ਜੋਤ ਜਗੇ ਮਹਾਨੇ । ਜੋਤੀ ਜੋਤ ਸਰੂਪ ਹਰਿ, ਕਾਇਆ ਮੰਦਰ ਆਪ ਸੁਹਾਏ, ਝੂਠਾ ਜੰਦਰ ਤੋੜ ਵਖਾਏ, ਕਿਰਪਾ ਕਰ ਗੁਣਵੰਤ ਗੁਣ ਨਿਧਾਨੇ । ਕਾਇਆ ਮੰਦਰ ਜੰਦਰ ਤੋੜੇ । ਹਰਿ ਸਾਚਾ ਵਸੇ ਅੰਦਰ, ਪੰਜਾਂ ਦੂਤਾਂ ਸਦਾ ਹੋੜੇ । ਬੇਮੁਖ ਫਿਰਦੇ ਬਾਹਰ ਬੰਦਰ, ਨੰਗੀ ਪੈਰੀਂ ਫਿਰਨ ਪਾਉਣ ਨਾ ਜੋੜੇ । ਆਪੇ ਵਸੇ ਕਾਇਆ ਅੰਧੇਰੀ ਕੰਦਰ, ਸਾਚੇ ਫਲ ਖਵਾਏ ਵਿਚ ਮਾਤ ਮਿੱਠੇ ਕੌੜੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਦੇਵੇ ਨਾਮ ਧਨ, ਸੱਚਾ ਸ਼ਬਦ ਸੁਣਾਏ ਕੰਨਾਂ, ਅੰਤਮ ਵੇਲੇ ਆਏ ਬਹੁੜੇ । ਸਾਚਾ ਸ਼ਬਦ ਸੁਣ ਕਾਨ । ਮਾਤਲੋਕ ਜਾਏ ਜਾਗ । ਮਿਲਿਆ ਹਰਿ ਸੱਚਾ ਸੁਹੇਲਾ, ਹੋਏ ਵਡ ਵਡਭਾਗ । ਮੇਲ ਮਿਲਾਵੇ ਇਕ ਅਕੇਲਾ, ਆਤਮ ਧੋਏ ਦਾਗ । ਆਪੇ ਗੁਰ ਆਪੇ ਚੇਲਾ, ਹੱਥ ਆਪਣੇ ਪਕੜੇ ਵਾਗ । ਅਚਰਜ ਖੇਲ ਪਾਰਬ੍ਰਹਮ ਖੇਲਾ, ਲੱਖ ਚੁਰਾਸੀ ਆਤਮ ਬੁਝਿਆ ਚਰਾਗ । ਗੁਰਮੁਖ ਸਾਚੇ ਸੰਤ ਜਨਾਂ ਘਰ ਸਾਚੇ ਸਦਾ ਮੇਲਾ, ਹਰਿ ਮਿਲਣਾ ਕੰਤ ਸੁਹਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਜਨ ਭਗਤਾਂ ਬੁਝਾਏ ਆਤਮ ਤ੍ਰਿਸ਼ਨਾ ਆਗ । ਆਤਮ ਤ੍ਰਿਸ਼ਨਾ ਅਗਨ ਆਪ ਬੁਝਾਇੰਦਾ । ਗੁਰ ਚਰਨ ਸਾਚੀ ਲਗਨ, ਸਾਚਾ ਰਾਹ ਵਖਾਇੰਦਾ । ਆਤਮ ਦੀਪਕ ਜੋਤੀ ਜਗਣ ਗਗਨ, ਅਗਿਆਨ ਅੰਧੇਰ ਮਿਟਾਇੰਦਾ । ਗੁਰਮੁਖ ਕੋਈ ਨਾ ਦਿਸੇ ਨਗਨ, ਸ਼ਬਦ ਚੋਲੀ ਤਨ ਪਹਿਨਾਇੰਦਾ । ਆਪ ਰਖਾਏ ਆਪਣੇ ਅੰਗਣ, ਸਾਚੀ ਡੋਲੀ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਸਚ ਦਵਾਰੇ ਨਰ ਨਿਰੰਕਾਰੇ, ਏਕਾ ਧਾਮ ਵਸਾਇੰਦਾ । ਏਕਾ ਧਾਮ ਅਟੱਲ ਅਸਥੂਲ । ਗੁਰਮੁਖ ਸਾਚੇ ਵਿਚ ਮਾਤ ਨਾ ਜਾਣਾ ਭੂਲ । ਸਾਚਾ ਦੇਵੇ ਸ਼ਬਦ ਪੰਘੂੜਾ, ਘਰ ਸਾਚੇ ਲੈਣਾ ਝੂਲ । ਇਕ ਚੜ੍ਹਾਏ ਨਾਮ ਘੋੜੇ ਸੋਹੰ ਰੰਗ ਚਲੂਲ । ਚਤੁਰ ਸੁਜਾਨ ਬਣਾਏ ਮੂਰਖ ਮੁਗਧ ਦੇਵੇ ਨਾਮ ਨਿਧਾਨ, ਸ੍ਰਿਸ਼ਟ ਸਬਾਈ ਕੂੜੋ ਕੂੜ । ਅੰਤਮ ਅੰਤ ਸਰਬ ਪਛਤਾਣ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਸਰਬ ਜੀਆਂ ਏਕਾ ਭਗਵਾਨ । ਸਾਚਾ ਸ਼ਬਦ ਤੀਰ ਗੁਣ ਨਿਧਾਨ ਦਾ । ਬਜ਼ਰ ਕਪਾਟੀ ਜਾਏ ਚੀਰ, ਤੋੜੇ ਕਿਲ੍ਹਾ ਮਾਣ ਹੰਕਾਰ ਦਾ । ਅੰਮ੍ਰਿਤ ਵਹਾਏ ਸੋਮਾ ਸੀਰ, ਮਾਇਆ ਚੀਰ ਤਨ ਲੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਪਹਿਲੀ ਹਾੜ ਦਇਆ ਕਮਾਏ, ਸ਼ਬਦ ਵਾੜ ਦਰ ਭਗਤ ਕਰਾਵੇ, ਕਲਜੁਗ ਤੇਰੀ ਅੰਤਮ ਬੀੜ ਬੰਨ੍ਹਾਇੰਦਾ । ਪਹਿਲੀ ਹਾੜ ਹਰਿ ਨਿਰੰਕਾਰ । ਦੂਜੀ ਵਸਤ ਕਰ ਅਕਾਰ । ਤੀਜੇ ਲੋਇਣ ਪਾਵੇ ਸਾਰ । ਚੌਥਾ ਵਖਾਏ ਇਕ ਦਰਬਾਰ । ਪੰਜਵੇਂ ਮਿਲੇ ਵਿਚ ਸੰਸਾਰ । ਛੇਵੇਂ ਛੱਪਰ ਛਾਏ ਅੰਧ ਅੰਧਿਆਰ । ਸੱਤਵੇਂ ਸਹਿਜ ਸੁਭਾਏ, ਮੇਟ ਮਿਟਾਏ ਔਲੀਏ ਪੀਰ ਗੌਂਸ ਮੁਹੰਮਦੀ ਯਾਰ । ਅੱਠਵੇਂ ਉਠ ਉਠ ਧਾਏ, ਚਾਰ ਕੁੰਟ ਜਾਏ ਮਾਰ ਸ਼ਬਦ ਉਡਾਰ । ਨੌਵੇਂ ਨੌਂ ਦਰ ਹਰਿ ਵੇਖੇ, ਜੋਤ ਸਰੂਪੀ ਧਾਰੇ ਭੇਖੇ, ਗੁਰਮੁਖ ਸਾਚੇ ਲਾਏ ਲੇਖੇ, ਕਲਜੁਗ ਅੰਤਮ ਵਾਰ । ਦਸਵੇਂ ਦੀਨ ਰੋਗ ਹਰਿ ਹਰਨਾ, ਚਾਰ ਵਰਨ ਏਕਾ ਕਰਨਾ, ਲੋਕਮਾਤ ਜੋਤ ਧਰਨਾ, ਨਾ ਜਨਮੇ ਨਾ ਕਦੇ ਮਰਨਾ, ਏਕਾ ਰੰਗ ਕਰਤਾਰ । ਗਿਆਰਵੇਂ ਹਾੜ ਵੱਜੀ ਵਧਾਈ । ਬਾਰਵੇਂ ਭੇਵ ਰਿਹਾ ਖੁਲ੍ਹਾਈ । ਤੇਰਵੇਂ ਖ਼ੁਸ਼ੀ ਇਕ ਮਨਾਈ । ਚੌਧਵੇਂ ਚੌਦਾਂ ਲੋਕ ਦਏ ਹਿਲਾਈ । ਪੰਦਰਵੇਂ ਪੰਜਾਂ ਦਸਾਂ ਦਸਾਂ ਪੰਜਾਂ ਸ਼ਬਦ ਡੋਰ ਬੰਨ੍ਹਾਈ । ਦਸ ਛੇ ਸੋਲਾਂ, ਸੋਲਾਂ ਕਲੀਆਂ

ਸਾਚੀ ਬਣਤ ਬਣਾਈ । ਪ੍ਰਗਟ ਹੋਏ ਵਲੀਆ ਛਲੀਆ, ਭੇਵ ਨਾ ਜਾਣੇ ਕੋਈ ਰਾਈ । ਲੋਕਮਾਤ ਅਚਲ ਚਾਲ ਹਰਿ ਚਲੀਆ, ਸਤਿਜੁਗ ਤੇਰੀ ਨੀਂਹ ਰਖਾਈ । ਸਤਾਰਾਂ ਹਾੜ ਵਡ ਵਡ ਬਲੀਆ, ਅੰਤਮ ਪੂਰ ਕਰਾਈ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਇਕ ਨਿਸ਼ਾਨੀ ਮਾਤ ਟਿਕਾਈ । ਮਾਤ (ਜੋਤ) ਧਰ ਪ੍ਰਭ ਅਬਿਨਾਸ਼ੀ ਦੇਵੇ ਵਰ ਸਰਬ ਘਟ ਵਾਸੀ । ਕਿਰਪਾ ਕਰ ਲੱਖ ਚੁਰਾਸੀ ਹੋਏ ਦਾਸਨ ਦਾਸੀ । ਘਨਕਪੁਰ ਵਾਸੀ ਜਗਤ ਨਿਸ਼ਾਨੀ । ਆਪ ਬਣਾਏ ਸਾਚਾ ਹਰਿ, ਚੜ੍ਹਦੇ ਰਖਿਆ ਸਾਚਾ ਦਰ, ਸੂਰਜ ਦੇਵਤਾ ਮੰਗੇ ਵਰ, ਜਗੇ ਜੋਤ ਆਦਿ ਭਵਾਨੀ । ਦਸ ਅਠ ਅਠਾਰਾਂ । ਪ੍ਰਭ ਅਬਿਨਾਸ਼ੀ ਆਪੇ ਵੇਖੇ ਪੁਰਖਾਂ ਨਾਰਾਂ । ਜਨ ਭਗਤਾਂ ਰਾਹ ਸਾਚਾ ਦੱਸੇ, ਸਾਚਾ ਸ਼ਬਦ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਸਾਚਾ ਖੇਲ ਆਪੇ ਖੇਲੇ, ਸੰਤਾਂ ਭਗਤਾਂ ਘਰ ਸਚ ਕਰਾਏ ਮੇਲੇ, ਆਪੇ ਬਣੇ ਵਣਜ ਵਪਾਰਾ । ਸੰਤ ਭਗਤ ਆਏ ਦਰ ਦਵਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਅਠਾਰਾਂ ਹਾੜ ਦਿਵਸ ਵਿਚਾਰੇ । ਲੱਖ ਚੁਰਾਸੀ ਕਲਜੁਗ ਅਗਨੀ ਰਹੀ ਸਾੜੇ । ਗੁਰਮੁਖਾਂ ਕਾਇਆ ਰੱਖੇ ਠੰਡੀ ਠਾਰੇ । ਸ਼ਬਦ ਡੰਡੇ ਰਿਹਾ ਤਾੜੇ । ਆਪੇ ਪਰਖੇ ਚੰਗੇ ਮਾੜੇ । ਧੁਰਦਰਗਾਹੀ ਸਾਚੇ ਲਾੜੇ । ਅੰਤ ਬਹਾਏ ਸਾਚੇ ਦਰਬਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਰੰਗੇ ਸਾਚਾ ਹਰਿ, ਗੁਰਮੁਖ ਸਾਚੇ ਜਾਇਣ ਚਰਨ ਬਲਿਹਾਰੇ । ਉਨੀਂ ਹਾੜ ਵੱਜੀ ਵਧਾਈ, ਗੀਤ ਸੁਹਾਗੀ ਗੁਰ ਸੰਗਤ ਗਾਈ । ਸੋਈ ਕਿਸਮਤ ਮਾਤ ਜਾਗੀ, ਕਾਇਆ ਹੋਈ ਵਡ ਵਡਭਾਗੀ, ਹਰਿ ਦੇਵੇ ਸੱਚੀ ਰੁਸ਼ਨਾਈ । ਮੂਰਖ ਮੁਗਧ ਬਾਲ ਅੰਵਾਣੇ, ਆਪ ਬਣਾਏ ਸੁਘੜ ਸਿਆਣੇ, ਇਕ ਸੁਣਾਇਆ ਸਾਚਾ ਰਾਗੀ । ਸਦਾ ਚਲਾਏ ਆਪਣੇ ਭਾਣੇ, ਗੁਰਮੁਖ ਰੰਗ ਸਾਚਾ ਮਾਣੇ, ਹੱਥ ਨਾ ਆਏ ਕਿਸੇ ਰਾਜੇ ਰਾਣੇ, ਕੋਟਨ ਕੋਟ ਬੈਠੇ ਜਗਤ ਤਿਆਗੀ । ਜੋਤ ਸਰੂਪੀ ਪਹਿਰੇ ਬਾਣਾ, ਨਰ ਹਰਿ ਸ੍ਰੀ ਭਗਵਾਨਾ, ਦਿਸ ਕਿਸੇ ਨਾ ਆਏ, ਕਲਜੁਗ ਜੀਵ ਬੇਅੰਤ ਬੈਰਾਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਜਗਾਏ, ਦਇਆ ਕਮਾਏ ਦਰਸ ਦਿਖਾਏ, ਨਾ ਕੋਈ ਸੁਣਾਏ ਅਨਹਦ ਰਾਗੀ । ਦੇਵੇ ਦਰਸ ਅਗੰਮ ਅਪਾਰਾ । ਆਤਮ ਮਿਟੇ ਅੰਧ ਅੰਧਿਆਰਾ, ਲੋਕਮਾਤ ਤੋੜੇ ਝੂਠਾ ਬੰਧਨ, ਆਪੇ ਬੰਨ੍ਹੇ ਸ਼ਬਦ ਤੰਦਨ ਰੰਗੇ ਰੰਗ ਇਕ ਅਪਾਰਾ । ਮਿਲਿਆ ਮੇਲ ਮੁਕੰਦ ਮੁਕੰਦਨ, ਰਸਨਾ ਗਾਇਣ ਬੱਤੀ ਦੰਦਨ, ਆਪ ਉਪਜਾਏ ਆਤਮ ਪਰਮਾਨੰਦਨ, ਅੰਮ੍ਰਿਤ ਦੇਵੇ ਸਾਚੀ ਧਾਰਾ । ਗੁਰਮੁਖ ਸਾਚੇ ਮਾਤ ਬਣਾਏ ਸਾਚੇ ਚੰਦਨ, ਸੁਹਾਗੀ ਗੀਤ ਇਕ ਸੁਣਾਏ ਸਾਚਾ ਛੰਦਨ, ਲਾਹੇ ਤਨ ਬੁਖ਼ਾਰਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਭੰਡਾਰਾ । ਅਚਰਜ਼ ਖੇਲ ਹਰਿ ਵਰਤਾਇੰਦਾ । ਉਨੀਂ ਹਾੜ ਦਇਆ ਕਮਾਇੰਦਾ । ਗੁਰ ਸੰਗਤ ਸੰਗ ਰਲਾਇੰਦਾ । ਸਾਚੀ ਚੋਲੀ ਚਾੜ੍ਹੇ ਨਾਮ ਰੰਗ, ਆਪਣੇ ਰੰਗ ਰੰਗਾਇੰਦਾ । ਸ਼ਬਦ ਘੋੜੇ ਕਸ ਤੰਗ, ਸਚ ਅਸਵਾਰਾ ਆਪ ਅਖਵਾਇੰਦਾ । ਸਚ ਦਵਾਰਾ ਲੈਣਾ ਮੰਗ, ਧੁਰਦਰਗਾਹੀ ਇਹ ਫੁਰਮਾਇੰਦਾ । ਜਨ ਭਗਤਾਂ ਹੋਏ ਸੰਗ ਅੰਗ ਅੰਗ ਸੰਗ, ਸਾਚੀ ਬਣਤ ਬਣਾਇੰਦਾ । ਸ਼ਬਦ ਸਰੂਪੀ ਕਰਨਾ ਜੰਗ, ਖਾਲੀ ਹੱਥ ਰਖਾਇੰਦਾ । ਲੱਖ ਚੁਰਾਸੀ ਭੰਨੇ ਜਿਉਂ ਕਾਚੀ ਵੰਗ, ਸ਼ਬਦ ਹਥੌੜਾ ਇਕ ਉਠਾਇੰਦਾ । ਵਡ ਦਾਤਾ ਸੂਰਾ ਸਰਬੰਗ, ਆਪਣਾ ਭੇਵ ਆਪੇ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਉਨੀਂ ਹਾੜ ਸਾਚਾ ਮਾਣ ਦਵਾਇੰਦਾ । ਉਨੀਂ ਹਾੜ ਮਾਤ ਫੁਲਵਾੜੀ । ਗੁਰਮੁਖਾਂ ਲਾਜ ਰਖਾਏ ਚਰਨ ਛੁਹਾਏ ਦਾਹੜੀ । ਸ਼ਬਦ ਸਰੂਪੀ ਅਵਾਜ਼ ਲਗਾਏ, ਫਿਰੇ ਪਿਛੇ ਅਗਾੜੀ । ਜੋਤੀ ਜੋਤ ਸਰੂਪ ਹਰਿ, ਗੁਰਮੁਖ


੪੮੫
੦੪

ਸਾਚੇ ਸੰਤ ਉਠਾਏ ਦਇਆ ਕਮਾਏ ਜੋਤ ਜਗਾਏ ਬਹੱਤਰ ਨਾੜੀ । ਜਗਤ ਵੇਖੇ ਹਰਿ ਤਮਾਸ਼ਾ । ਜਨ ਭਗਤਾਂ ਹੋਇਆ ਦਾਸਨ ਦਾਸਾ । ਆਤਮ ਜੋਤੀ ਪਾਵੇ ਰਾਸਾ । ਮਿਲਿਆ ਮੇਲ ਹਰਿ ਸਾਚੇ ਸ਼ਾਹੋ ਸ਼ਾਬਾਸ਼ਾ । ਜੋਤੀ ਜੋਤ ਸਰੂਪ ਹਰਿ, ਆਪੇ ਕਰੇ ਅੰਤਮ ਬੰਦ ਖੁਲਾਸਾ । ਸਾਚੀ ਕਰ ਹਰਿ ਤਿਆਰੀ । ਲੋਕਮਾਤ ਪਹਿਲੀ ਵਾਰੀ । ਸ਼ਬਦ ਪਵਣ ਕਰ ਅਸਵਾਰੀ । ਜੋਤ ਨੂਰ ਇਕ ਅਕਾਰੀ । ਆਇਆ ਚਲ ਸਚ ਦਰਬਾਰੀ । ਏਕਾ ਮੰਗੇ ਸਾਚਾ ਵਰ, ਨਾਮ ਵਸਤ ਅਪਰ ਅਪਾਰੀ । ਗੁਰ ਪੂਰਾ ਦੇਵੇ ਸਾਚੇ ਘਰ, ਕਾਇਆ ਦੁਖੜਾ ਲੱਥੇ ਭਾਰੀ । ਆਪ ਚੁਕਾਏ ਜਮ ਕਾ ਡਰ, ਲੱਖ ਚੁਰਾਸੀ ਰੋਗ ਨਿਵਾਰੀ । ਆਤਮ ਖੋਲ੍ਹੇ ਸਾਚਾ ਸਰ, ਅੰਮ੍ਰਿਤ ਚਲੇ ਸਾਚੀ ਧਾਰੀ । ਜੋਤੀ ਜੋਤ ਸਰੂਪ ਹਰਿ, ਉਨੀਂ ਹਾੜ ਲੋਕਮਾਤ ਦੇਵੇ ਸੱਚੀ ਸਰਦਾਰੀ । ਉਨੀਂ ਹਾੜ ਦਇਆ ਕਮਾਇਆ । ਜੋਤ ਸਰੂਪੀ ਖੇਲ ਰਚਾਇਆ । ਚਰਨ ਬਿਆਸਾ ਜਾ ਛੁਹਾਇਆ । ਆਪਣਾ ਭੇਵ ਆਪ ਛੁਪਾਇਆ । ਵਡ ਦੇਵੀ ਦੇਵ ਮਾਇਆ ਪੜਦਾ ਪਾਇਆ । ਜਗਤ ਵਿਹਾਰਾ ਹਰਿ ਦਾਤਾਰਾ, ਆਪੇ ਆਪ ਕਰਦਾ ਆਇਆ । ਏਕਾ ਸ਼ਬਦ ਚਲਾਇਆ ਧੁਰ ਫਰਮਾਣਾ । ਗੁਰਮੁਖ ਸਾਚਾ ਕਰੇ ਪਛਾਣਾ । ਆਤਮ ਵੱਜੇ ਬਾਨਾ । ਏਕਾ ਦੇਵੇ ਨਾਮ ਨਿਧਾਨਾ । ਗੁਣਵੰਤ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਰੰਗਾਏ ਸਾਚਾ ਸੰਗ ਅੰਤ ਨਿਭਾਏ, ਲਿਖਿਆ ਲੇਖ ਨਾ ਕਿਸੇ ਮਿਟਾਨਾ । ਸਾਚਾ ਲੇਖਾ ਆਪ ਲਿਖਾਵਣਾ । ਗੁਰਮੁਖ ਸਾਚੇ ਸੰਤ ਜਨਾਂ ਦੇ ਮਤ ਆਪ ਸਮਝਾਵਣਾ । ਆਪੇ ਜਾਣੇ ਮਿਤ ਗਤ, ਸਰਬ ਤਤ ਜਗਤ ਜਤ ਜਗਤ ਭੇਖ ਸਰਬ ਮਿਟਾਵਣਾ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਸਾਚਾ ਸੰਗ ਆਪਣਾ ਆਪ ਨਿਭਾਵਣਾ । ਘਰ ਸਾਚੇ ਚਰਨ ਛੁਹਾਇੰਦਾ । ਜਨ ਸੋਏ ਆਪ ਉਠਾਇੰਦਾ । ਦੁਰਮਤ ਮੈਲ ਰਿਹਾ ਧੋਏ, ਅੰਮ੍ਰਿਤ ਜਾਮ ਪਿਆਇੰਦਾ । ਸਾਚਾ ਬੀਜ ਰਿਹਾ ਬੋਏ, ਅੰਮ੍ਰਿਤ ਫਲ ਖਵਾਇੰਦਾ । ਗੁਰਮੁਖ ਵਿਰਲਾ ਜਾਣੇ ਕੋਇ, ਜਿਸ ਜਨ ਦਇਆ ਕਮਾਇੰਦਾ । ਕਲਜੁਗ ਜੀਵ ਰਹੇ ਸੋਏ, ਵੇਲਾ ਗਿਆ ਹੱਥ ਨਾ ਆਇੰਦਾ । ਸ਼ਬਦ ਹਲ ਹਰਿ ਸਾਚਾ ਜੋਏ, ਗੁਰਮੁਖਾਂ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਧਾਮ ਏਕਾ ਕਾਮ ਏਕਾ ਨਾਮ ਰਖਾਇੰਦਾ । ਸਾਚਾ ਧਾਮ ਚਰਨ ਦਵਾਰਾ । ਏਕਾ ਮਿਲੇ ਸਾਚਾ ਜਾਮ, ਲਾਹੇ ਤਨ ਅਫਾਰਾ । ਕੋਇ ਨਾ ਲੱਗੇ ਘਰ ਸਾਚੇ ਦਾਮ, ਮਿਲਦਾ ਰਹੇ ਸ਼ਬਦ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਸ੍ਰਿਸ਼ਟ ਸਬਾਈ ਬਣੇ ਆਪ ਵਰਤਾਰਾ । ਬਣੇ ਇਕ ਵਰਤਾਰ, ਸ਼ਬਦ ਭੰਡਾਰਿਆ । ਕਲਜੁਗ ਤੇਰੀ ਅੰਤਮ ਵਾਰ, ਹਰਿ ਨਿਰੰਕਾਰਿਆ । ਸਤਿਜੁਗ ਬੰਨ੍ਹੇ ਸਾਚੀ ਧਾਰ, ਕਰੇ ਖੇਲ ਅਪਰ ਅਪਾਰਿਆ । ਗੁਰਮੁਖ ਸਾਚੇ ਲਾਏ ਪਾਰ, ਪੂਰਬ ਕਰਮ ਹਰਿ ਵਿਚਾਰਿਆ । ਮਾਨਸ ਜਨਮ ਰਿਹਾ ਸੁਧਾਰ, ਮਾਤ ਗਰਭ ਨਾ ਆਏ ਦੂਜੀ ਵਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣੇ ਭਾਣੇ ਸਰਬ ਚਲਾ ਰਿਹਾ । ਸਾਚੀ ਰਚਨਾ ਹਰਿ ਰਚਾਇੰਦਾ । ਪਹਿਲਾ ਫੇਰਾ ਬਿਆਸਾ ਪਾਇੰਦਾ । ਗੁਰਮੁਖਾਂ ਦੇਵੇ ਆਤਮ ਧਰਵਾਸਾ, ਦਰ ਸਾਚਾ ਇਕ ਖੁਲ੍ਹਾਇੰਦਾ । ਬੇਮੁਖਾਂ ਦਰ ਆਵੇ ਹਾਸਾ, ਮੂੜ੍ਹ ਮਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਵ ਵਡ ਦੇਵੀ ਦੇਵ ਆਪੇ ਆਪ ਖੁਲ੍ਹਾਇੰਦਾ । ਦੂਜੀ ਮਾਰੇ ਸ਼ਬਦ ਉਡਾਰੀ ਦਿੱਲੀ ਜਾਏ ਹਰਿ ਨਿਰੰਕਾਰੀ । ਅੱਸੂ ਤਿੰਨ ਦਿਵਸ ਵਿਚਾਰੀ । ਮਾਤਲੋਕ ਤੇਰਾ ਸਾਚਾ ਚਿੰਨ੍ਹ, ਕਲਜੁਗ ਅੰਤਮ ਵਾਰੀ । ਦਿਨ ਲੰਘਾਏ ਗਿਣ ਗਿਣ, ਜੋਤ ਸਰੂਪੀ ਹਰਿ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਲੇਖ ਲਿਖਾਰੀ । ਤਿੰਨ ਅੱਸੂ ਦਿਵਸ ਸੁਹਾਵਣਾ ।

੪੮੬
੦੪

ਦਿੱਲੀ ਜਾਏ ਚਰਨ ਛੁਹਾਵਣਾ । ਕਿਲ੍ਹਾ ਕੋਟ ਗੜ੍ਹ ਮੰਦਰ ਹਰਿ ਸੁਹਾਵਣਾ । ਸ਼ਬਦ ਘੋੜੇ ਉਪਰ ਚੜ੍ਹ, ਜਮਨ ਕਿਨਾਰਾ ਪਾਰ ਕਰਾਵਣਾ । ਆਪੇ ਵੇਖੇ ਕਿਲ੍ਹੇ ਗੜ੍ਹ, ਸ਼ਬਦ ਸਰੂਪੀ ਡੇਰਾ ਲਾਵਣਾ । ਜੋਤ ਸਰੂਪੀ ਅੰਦਰ ਵੜ, ਪਵਣ ਸਰੂਪੀ ਸ਼ਬਦ ਚਲਾਵਣਾ । ਰਾਜੇ ਰਾਣੇ ਬਾਹੋਂ ਫੜ, ਪੁਰਖ ਅਬਿਨਾਸ਼ੀ ਆਪ ਹਿਲਾਵਣਾ । ਝੂਠੇ ਭਾਂਡੇ ਜੋ ਲਏ ਘੜ, ਆਪੇ ਭੰਨੇ ਭੰਨ੍ਹ ਵਖਾਵਣਾ । ਵਾਲੀ ਹਿੰਦ ਦਰ ਦਵਾਰੇ ਅੱਗੇ ਖੜ੍ਹ, ਜੋਤ ਸਰੂਪੀ ਦਰਸ ਦਿਖਾਵਣਾ । ਨਾ ਕਾਇਆ ਨਾ ਛਾਇਆ ਨਾ ਮਿੱਟੀ ਧੜ, ਨਰ ਨਿਰੰਕਾਰੀ ਨਜ਼ਰੀ ਆਵਣਾ । ਸ਼ਬਦ ਸਰੂਪੀ ਅੰਦਰ ਜਾਏ ਵੜ, ਆਤਮ ਸੇਜਾ ਡੇਰਾ ਲਾਵਣਾ । ਪਹਿਰੇਦਾਰ ਬਾਹਰ ਰਹਿਣ ਖੜ੍ਹ, ਕੁਫ਼ਲ ਦਵਾਰ ਨਾ ਕੋਈ ਖੁਲ੍ਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਤ ਮਾਤ ਤੇਰਾ ਸੋਇਆ ਪੂਤ ਬਾਹੋਂ ਪਕੜ ਆਪ ਉਠਾਵਣਾ । ਧਰਤ ਮਾਤ ਦੇ ਸਚ ਦੁਲਾਰੇ । ਪ੍ਰਭ ਅਬਿਨਾਸ਼ੀ ਵਾਜਾਂ ਮਾਰੇ । ਘਨਕਪੁਰ ਵਾਸੀ ਪ੍ਰਗਟ ਹੋਏ, ਅਸਥਿਲ ਸੋਹਣ ਸਚ ਚੁਬਾਰੇ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰੇ । ਅਠਾਰਾਂ ਭਾਦਰੋਂ ਹਰਿ ਭਗਵਾਨਾ । ਲਿਖੇ ਲੇਖ ਇਕ ਮਹਾਨਾ । ਸ਼ਬਦ ਵੱਜੇ ਤੀਰ ਨਿਸ਼ਾਨਾ । ਜੋਤ ਸਰੂਪੀ ਪਹਿਰਿਆ ਬਾਣਾ । ਗੁਰਮੁਖ ਸਾਚੇ ਵਿਚ ਸਮਾਣਾ । ਭਰਮ ਭੁਲੇਖੇ ਜਗਤ ਭੁਲਾਣਾ । ਰਾਜੇ ਰਾਣਿਆਂ ਤੋੜੇ ਮਾਣਾ । ਵਡ ਵਡ ਸੁਘੜ ਸਿਆਣਿਆਂ, ਪ੍ਰਭ ਅਬਿਨਾਸ਼ੀ ਏਕਾ ਆਨ ਰਖਾਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਰੰਗ ਰੰਗਾਣਾ । ਸਾਚਾ ਸ਼ਬਦ ਸਾਚਾ ਰਾਗ । ਘੱਲੇ ਸੁਨੇਹੜਾ ਦਿਆਲ ਬਾਗ਼ । ਗੁਰ ਗੁਰ ਪੂਰੇ ਉਠ ਉਠ ਜਾਗ । ਪ੍ਰਭ ਪ੍ਰਗਟ ਹੋਇਆ ਹਾਜ਼ਰ ਹਜ਼ੂਰੇ, ਵਰਤੇ ਸਵਾਂਗੀ ਸਵਾਂਗ । ਸਰਬ ਕਲਾ ਭਰਪੂਰੇ, ਸ੍ਰਿਸ਼ਟ ਸਬਾਈ ਹੱਥ ਪਕੜੇ ਵਾਗ । ਜਨ ਭਗਤਾਂ ਦੇਵੇ ਸਾਚਾ ਨੂਰੇ, ਹੰਸ ਬਣਾਏ ਕਾਗ । ਜੋਤੀ ਜੋਤ ਸਰੂਪ ਹਰਿ, ਇਕ ਖੁਲ੍ਹਾਇਆ ਸਾਚਾ ਦਰ, ਚਾਰ ਵਰਨ ਦਰ ਆਇਣ ਭਾਗ । ਦਿਆਲ ਬਾਗ਼ ਆਗਰਾ ਵਾਸੀ । ਜੋਤ ਜਗਾਏ ਘਨਕਪੁਰ ਵਾਸੀ । ਲੱਖ ਚੁਰਾਸੀ ਜਿਸ ਦੇਣੀ ਫ਼ਾਸੀ । ਮੇਟ ਮਿਟਾਏ ਮਦਿਰਾ ਮਾਸੀ । ਕੋਈ ਨਾ ਪੰਡਤ ਦਿਸੇ ਕਾਸ਼ੀ । ਪ੍ਰਗਟ ਹੋਏ ਪੁਰਖ ਅਬਿਨਾਸ਼ੀ । ਜਨ ਭਗਤਾਂ ਹੋਏ ਦਾਸਨ ਦਾਸੀ । ਆਪੇ ਸਾਚਾ ਜਾਪ ਜਪਾਏ, ਸੋਹੰ ਸਵਾਸ ਸਵਾਸੀ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਗੁਰਮੁਖ ਸਾਚੇ ਸੰਤ ਕਰੇ ਬੰਦ ਖ਼ਲਾਸੀ । ਆਗਰਾ ਵਾਸੀ ਗੁਰ ਸਚ ਸਵਾਮੀ । ਸਰਬ ਘਟਾ ਘਟ ਅੰਤਰਜਾਮੀ । ਚਾਰ ਕੁੰਟ ਜਪਾਏ ਨਾਮ ਵਡੀ ਨੇਕਨਾਮੀ । ਅੰਤਰ ਪੂਰਾ ਹੋਇਆ ਤੇਰਾ ਕਾਮ, ਪ੍ਰਗਟ ਹੋਏ ਹਰਿ ਮੁਦਾਮੀ । ਲੇਖੇ ਲਾਏ ਆਪਣਾ ਚਾਮ, ਪੂਰਨ ਹੋਏ ਅੰਤਰ ਕਾਮੀ । ਏਕਾ ਜੋਤ ਘਨਈਆ ਸ਼ਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੀ । ਨਾਮ ਸਵਾਮੀ ਸਰਬ ਗੁਣ ਗਿਆਤਾ । ਅੰਤਰ ਯਾਮਤਾ ਵੇਖੇ ਅੰਤਰਜਾਮੀ ਪੁਰਖ ਬਿਧਾਤਾ । ਸਾਧ ਸੰਤ ਔਲੀਏ ਪੀਰ ਕੁਤਬ ਗੌਂਸ ਸ਼ੇਖ਼ ਮੁਸਾਇਕ ਸਭ ਆਤਮ ਵੇਖੇ ਕਰ ਕਰ ਕਰ ਹਰਿ ਮਿਹਰਬਾਨੀ । ਜਗਤ ਭਗਤ ਹਰਿ ਆਪ ਪਛਾਣੇ, ਕਿਰਪਾ ਕਰ ਮਹਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਸ੍ਰਿਸ਼ਟ ਸਬਾਈ ਏਕਾ ਬਣੇ ਵਡਾ ਦਾਨੀ । ਦੇਵੇ ਦਾਨ ਨਾਮ ਦਾਤਾਰਾ । ਸਰਬ ਘਟਾਂ ਘਟ ਜਾਣੀ ਜਾਣ, ਇਕ ਕਰਾਏ ਵਣਜ ਵਪਾਰਾ । ਗੁਰ ਪੀਰਾਂ ਕਰੇ ਆਪ ਪਛਾਣ, ਆਪੇ ਕਰੇ ਲਹਿੰਦੀ ਚੜ੍ਹਦੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਪਵਣ ਅਸਵਾਰਾ । ਸਰਬ ਘਟਾਂ ਘਟ ਜਾਣੀ ਜਾਣ ਕਿਰਪਾ ਆਪਣੀ ਕਰੇ । ਪਵਣ ਅਸਵਾਰੀ ਜੋ ਜਨ ਕਰੇ । ਮਾਤਲੋਕ ਨਾ ਕਾਹੂੰ

ਡਰੇ । ਨਾ ਜਨਮੇ ਨਾ ਉਹ ਮਰੇ । ਮੰਗਣ ਨਾ ਜਾਏ ਕਿਸੇ ਦਰੇ । ਏਕਾ ਵਸੇ ਸਾਚੇ ਘਰੇ । ਏਕਾ ਜੋਤੀ ਇਕ ਅਕਾਲ ਦੀਨ ਦਿਆਲ, ਕਰ ਦਰਸ ਕਾਜ ਸਭ ਸਰੇ । ਆਦਿ ਅੰਤ ਸਦਾ ਰਖਵਾਲ, ਪ੍ਰਭ ਅਬਿਨਾਸ਼ੀ ਸਾਚਾ ਹਰੇ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲ, ਸਾਚਾ ਦੇਵੇ ਨਾਮ ਵਰੇ । ਤਿੰਨ ਨੌਂ ਪੰਜ ਸੱਤ, ਸਰਬ ਜਾਣੇ ਪ੍ਰਭ ਆਪ ਤੱਤ, ਆਤਮ ਤੋੜੇ ਜਗਤ ਜੰਜ਼ਾਲ, ਲੱਖ ਚੁਰਾਸੀ ਪਾਰ ਕਰੇ । ਜੋਤੀ ਜੋਤ ਸਰੂਪ ਹਰਿ, ਨਾ ਜਨਮੇ ਨਾ ਕਦੇ ਮਰੇ । ਇਕ ਦਸ ਬੀਸ ਇਕੀਸ । ਛਤਰ ਝੁੱਲੇ ਹਰਿ ਸਾਚੇ ਜਗਦੀਸ਼ । ਅੱਠ ਦਸ ਦਸ ਅੱਠ ਅਠਾਰਾਂ । ਵੇਖੇ ਵਿਗਸੇ ਕਰ ਵਿਚਾਰਾ । ਨੌਂ ਸੱਤ ਸੱਤ ਨੌਂ ਸੋਲਾਂ, ਜੋਤੀ ਜੋਤ ਸਰੂਪ ਹਰਿ, ਸਦਾ ਸਦਾ ਹਰਿ ਵਸੇ ਕੋਲੇ । ਭਾਰਤ ਖੰਡ ਤੇਰੀ ਸਚ ਕਿਆਰੀ । ਜਨ ਭਗਤਾਂ ਲੱਗੇ ਸਚ ਫੁਲਵਾੜੀ । ਅੰਤਮ ਫਲ ਸਚਾ ਲੱਗੇ, ਗੁਰ ਪੂਰੇ ਦੀ ਪੱਕੀ ਹਾੜੀ । ਸ੍ਰਿਸ਼ਟ ਸਬਾਈ ਵਾ ਤੱਤੀ ਵਗੇ, ਦਰ ਦਰ ਘਰ ਘਰ ਜਾਏ ਵਾੜੀ । ਜੋਤੀ ਜੋਤ ਸਰੂਪ ਹਰਿ, ਸ੍ਰਿਸ਼ਟ ਸਬਾਈ ਅੰਤ ਮਿਟਾਏ ਪਹਿਲੀ ਹਾੜੀ । ਬਣਤ ਬਣਾਏ ਸਤਾਰਾਂ ਹਾੜ । ਵਿਰਲਾ ਗੁਰਮੁਖ ਸਾਚਾ ਸੰਤ ਕੰਤ ਹੰਢਾਏ, ਬੇਮੁਖਾਂ ਕਿਸਮਤ ਹੋਈ ਮਾੜੀ । ਭਾਰਤ ਖੰਡ ਸਤਿ ਸਤਿ ਸਤਿ ਅਸਥਾਨਾ । ਕਲਜੁਗ ਤੇਰੀ ਅੰਤਮ ਆਈ ਵੰਡ, ਧਰੇ ਜੋਤ ਹਰਿ ਭਗਵਾਨਾ । ਆਪੇ ਕਰੇ ਖੰਡ ਖੰਡ, ਨੌਂ ਖੰਡ ਚਤੁਰ ਸੁਜਾਨਾ । ਲੱਖ ਚੁਰਾਸੀ ਦੇਵੇ ਵੰਡ, ਧਰੇ ਜੋਤ ਹਰਿ ਭਗਵਾਨਾ । ਬੇਮੁਖਾਂ ਦੇਵੇ ਦੰਡ, ਇਕ ਚਮਕਾਏ ਚੰਡ ਪ੍ਰਚੰਡ, ਫਲ ਨਾ ਦਿਸੇ ਕਿਸੇ ਡਾਹਨਾ । ਨਾਰ ਦੁਹਾਗਣ ਆਤਮ ਰੰਡ, ਅੰਤਮ ਵੇਲੇ ਆਏ ਕੰਡ, ਭੁੱਲਿਆ ਹਰਿ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਚਲੇ ਚਲਾਏ ਆਪਣੇ ਭਾਣਾ । ਗੁਰਮੁਖ ਪਾਲ ਪ੍ਰਭ ਭਏ ਦਿਆਲ, ਆਪੇ ਵੇਖੇ ਵੇਖ ਸੰਭਾਲੇ ਅਨਮੁੱਲੜੇ ਲਾਲੇ । ਜੁਗਾ ਜੁਗੰਤ ਪ੍ਰਭ ਕਰਦਾ ਆਇਆ ਪ੍ਰਿਤਪਾਲੇ । ਕਲਜੁਗ ਫਲ ਲੱਗੇ ਡਾਲ, ਵੇਲੇ ਅੰਤ ਹੋਇਆ ਰਖਵਾਲ, ਕਲਜੁਗ ਘਟਾ ਦਿਸੇ ਕਾਲੇ । ਆਪੇ ਤੋੜੇ ਜਗਤ ਜੰਜ਼ਾਲ, ਚਰਨ ਪ੍ਰੀਤੀ ਨਿਭੇ ਨਾਲੇ । ਗੁਰਮੁਖ ਆਤਮ ਨਾ ਹੋਏ ਕੰਗਾਲੇ । ਸੱਚਾ ਦੇਵੇ ਨਾਮ ਸ਼ਬਦ ਧਨ ਮਾਲ, ਆਤਮ ਹੋਏ ਮਾਲੋ ਮਾਲੇ । ਮਿਲੇ ਇਕ ਸ਼ਬਦ ਅਨਮੁੱਲੜਾ ਲਾਲ, ਗੁਰਮੁਖ ਵਿਰਲਾ ਮਾਤ ਭਾਲੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਦਇਆ ਕਮਾਏ ਆਪੇ ਭੇਜੇ ਸ਼ਬਦ ਦਲਾਲੇ । ਸ਼ਬਦ ਦਲਾਲ ਵਿਚ ਵਿਚੋਲਾ । ਆਪ ਵਸਾਏ ਕਾਇਆ ਚੋਲਾ । ਗੁਰਮੁਖ ਬਣਾਏ ਦਰ ਘਰ ਸਾਚੇ ਦਾ ਸਾਚਾ ਗੋਲਾ । ਇਕ ਸੁਣਾਏ ਸ਼ਬਦ ਢੋਲਾ । ਆਤਮ ਦਰ ਪ੍ਰਭ ਪੜਦਾ ਖੋਲ੍ਹਾ । ਇਕ ਵਖਾਣੇ ਸਾਚਾ ਘਰ, ਆਪ ਚੁਕਾਏ ਮਾਇਆ ਉਹਲਾ । ਆਪ ਨੁਹਾਏ ਸਾਚੇ ਸਰ, ਦੁਰਮਤ ਮੈਲ ਪਾਪਾਂ ਧੋ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ, ਰਸਨਾ ਸਾਚੀ ਤੀਰ ਕਮਾਨ, ਪਿਛਲਾ ਲਹਿਣਾ ਗੁਰ ਚਰਨ ਬਹਿਣਾ ਦਰਸ਼ਨ ਨੈਣਾਂ ਵਿਚ ਮਾਤ ਪਾ ਲਾ । ਦਰਸ਼ਨ ਨੈਣ ਹਰਿ ਹਰਿ ਹਜ਼ੂਰ । ਅੰਤ ਨਾ ਵਹਿਣਾ ਝੂਠਾ ਵਹਿਣ, ਏਕਾ ਆਪ ਆਪਣਾ ਭਰਨਾ ਸਾਰਾ ਪੂਰ । ਆਪ ਚੁਕਾਏ ਲਹਿਣ ਦੇਣ, ਪੁਰਖ ਅਬਿਨਾਸ਼ੀ ਸਰਬ ਕਲਾ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਆਤਮ ਬਾਤੀ, ਉੱਤਮ ਜਾਤੀ ਜੋਤੀ ਸਾਚਾ ਨੂਰ । ਆਤਮ ਜੋਤ ਨੂਰ ਨੁਰਾਨੀ । ਉਤਮ ਬੁੱਧੀ ਅੰਮ੍ਰਿਤ ਰਸ ਗੁੱਧੀ, ਸਦਾ ਰਹੇ ਮਸਤਾਨੀ । ਪਾਇਆ ਸ਼ਬਦ ਸੁਹਾਗਾ ਕੀਨੀ ਸੁੱਧੀ, ਸੋਹੰ ਸੁਣਾਈ ਸਾਚੀ ਬਾਣੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਏ ਦਇਆ ਕਮਾਏ, ਸਚ ਵਸਤ ਹਰਿ ਝੋਲੀ ਪਾਏ, ਆਦਿ

੪੮੮
੦੪

ਅੰਤ ਹਰਿ ਵਡ ਵਡਾ ਦਾਨ ਦਾਨੀ । ਦੇਵੇ ਨਾਮ ਨਿਹਕਲੰਕਾ । ਵਜਾਏ ਆਤਮ ਸ਼ਬਦ ਡੰਕਾ । ਸੁਹਾਏ ਦਵਾਰ ਬੰਕਾ । ਆਪ ਫਿਰਾਏ ਮਨ ਕਾ ਮਣਕਾ । ਦਇਆ ਕਮਾਏ ਵਾਸੀ ਪੁਰੀ ਘਨਕਾ । ਸਾਚੀ ਜੋਤ ਜਗਾਏ ਦਇਆ ਕਮਾਏ ਕਰੇ ਰੁਸ਼ਨਾਏ ਜਿਉਂ ਰਾਜਾ ਜਨਕਾ । ਸਚ ਵਸਤ ਹਰਿ ਝੋਲੀ ਪਾਏ, ਨਿਖੁਟ ਨਾ ਜਾਏ ਕਰੇ ਸ਼ਿੰਗਾਰ ਤਨ ਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਉਪਜਾਏ, ਲੋਕਮਾਤ ਹਰਿ ਜਾਮਾ ਪਾਏ, ਆਦਿ ਅੰਤ ਜੁਗਾ ਜੁਗੰਤ ਵਾਰ ਅਨਕਾ । ਅਨਕ ਬਾਰ ਹਰਿ ਜੋਤ ਜਗਾਏ । ਗੁਰਮੁਖ ਸਾਚੇ ਸੰਤ ਉਪਜਾਏ । ਸਾਚਾ ਕੰਤ ਹਰਿ ਆਪ ਅਖਵਾਏ । ਲੋਕਮਾਤ ਜਾਣੇ ਸਾਚੀ ਬਣਤ, ਜਨ ਭਗਤਾਂ ਦਇਆ ਕਮਾਏ । ਬੇਮੁਖਾਂ ਪਾਏ ਮਾਇਆ ਬੇਅੰਤ, ਦਿਸ ਕਿਸੇ ਨਾ ਆਏ । ਏਕਾ ਜੋਤੀ ਆਦਿ ਅੰਤ, ਸਾਧ ਸੰਤ ਰਿਹਾ ਦਿਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਪਾਲ ਨਾਰ ਸੁਹਾਗਣ ਵਡ ਵਡ ਭਾਗਣ । ਸਾਚਾ ਕੰਤ ਸਦਾ ਹੰਢਾਏ । ਸਾਚਾ ਕੰਤ ਨਰਾਇਣ ਨਰ । ਗੁਰਮੁਖ ਸਾਚੇ ਲਿਆ ਵਰ । ਅੰਤਮ ਆਇਆ ਦਰ ਘਰ । ਸਾਚਾ ਮੇਲ ਮਿਲਾਇਆ ਲੋਕਮਾਤ ਬਾਹੋਂ ਫੜ । ਦਸਵੇਂ ਦਰ ਤੇਲ ਚੁਆਇਆ, ਸ਼ਬਦ ਘੋੜੇ ਉਪਰ ਚੜ੍ਹ । ਅਚਰਜ਼ ਖੇਲ ਆਪ ਵਰਤਾਇਆ । ਜੋਤ ਸਰੂਪੀ ਆਪੇ ਅੰਦਰ ਗਿਆ ਵੜ । ਗੁਰਮੁਖ ਸੋਇਆ ਆਪ ਜਗਾਇਆ, ਆਤਮ ਦਰ ਦਵਾਰੇ ਅੱਗੇ ਖੜ੍ਹ । ਆਪ ਆਪਣੀ ਚਰਨੀ ਲਾਇਆ, ਕਰਮ ਕੁਕਰਮ ਮਾਨਸ ਜਨਮ ਗਏ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮਾਰਗ ਆਪੇ ਲਾਇਆ, ਕਲਜੁਗ ਅਗਨ ਵਿਚ ਨਾ ਜਾਏ ਸੜ । ਕਲਜੁਗ ਅਗਨ ਨਾ ਲੱਗੇ ਤੱਤੀ । ਪ੍ਰਭ ਦੇ ਸਮਝਾਵੇ ਮਤੀ । ਸਾਚਾ ਸ਼ਬਦ ਜਨ ਰਸਨਾ ਗਾਵੇ ਦੰਦ ਬੱਤੀ । ਪੁਰਖ ਅਬਿਨਾਸ਼ੀ ਸਾਚਾ ਪਾਵੇ, ਸਤਿ ਸਤਵੰਤੀ ਨਾਰ ਸਤੀ । ਚਰਨ ਧੂੜ ਗੁਰ ਸੰਗਤ ਲਾਵੇ, ਧੀਰਜ ਧੀਰਜ ਜਤੀ । ਪੁਰਖ ਅਬਿਨਾਸ਼ੀ ਸਾਚਾ ਪਾਵੇ, ਚਰਨ ਬੰਧਾਵੇ ਸਾਚਾ ਨਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਵੇ, ਆਪੇ ਦੇ ਸਮਝਾਵੇ ਮਤੀ । ਖੰਡ ਮੰਡਲ ਬ੍ਰਹਿਮਾਦ । ਏਕਾ ਸ਼ਬਦ ਸਾਚਾ ਨਾਦ । ਜਨ ਭਗਤਾਂ ਦੇਵੇ ਲੋਕਮਾਤ ਸਾਚੀ ਦਾਦ । ਗੁਰਮੁਖ ਵਿਰਲਾ ਪ੍ਰਭ ਦਰ ਸੇਵੇ, ਸਦ ਰਸਨਾ ਰਿਹਾ ਅਰਾਧ । ਪ੍ਰਭ ਅਬਿਨਾਸ਼ੀ ਅਲਖ ਅਭੇਵੇ, ਸ਼ਬਦ ਲਿਖਾਵੇ ਬੋਧ ਅਗਾਧ । ਗੁਰਮੁਖ ਸਾਚੇ ਪਾਰ ਉਤਾਰੇ, ਕਿਰਪਾ ਧਾਰੇ ਹਰਿ ਨਿਰੰਕਾਰੇ, ਪੈਜ ਸਵਾਰੇ ਦਰ ਦਰਬਾਰੇ, ਆਪ ਮਿਟਾਏ ਕਲਜੁਗ ਮਾਇਆ ਕਲਜੁਗ ਵਿਵਾਦ । ਕਲਜੁਗ ਮਾਇਆ ਮੋਹ ਅੰਧ ਗਵਾਰ ਹੈ । ਗੁਰਮੁਖ ਨਾ ਜਾਏ ਮਰ, ਨਰ ਹਰਿ ਸੱਚੀ ਸਰਕਾਰ ਹੈ । ਅੰਤਮ ਵੇਲਾ ਜਾਣੇ ਕੋ, ਸ੍ਰਿਸ਼ਟ ਸਬਾਈ ਜਾਏ ਹਾਰ ਹੈ । ਗੁਰ ਚਰਨੀ ਜਾਣਾ ਛੋਹ, ਦੁਰਮਤ ਮੈਲ ਰਿਹਾ ਉਤਾਰ ਹੈ । ਤਨ ਕਾਇਆ ਲੈਣੀ ਧੋ, ਮੈਲ ਲੱਗੇ ਨਾ ਦੂਜੀ ਵਾਰ ਹੈ । ਹਲ ਸਾਚਾ ਲੈਣਾ ਜੋ, ਬੀਜੋ ਬੀਜ ਨਾਮ ਕਰਤਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਬਾਰੇ ਪੈਜ ਸਵਾਰੇ, ਲੋਕਮਾਤ ਨਾ ਆਏ ਹਾਰ ਹੈ । ਸ਼ਬਦ ਨਾਮ ਦੇਵੇ ਡੋਲੀ, ਆਪੇ ਰੰਗੇ ਕਾਇਆ ਚੋਲੀ, ਦੂਈ ਦਵੈਤੀ ਪੜਦੇ ਦੇਵੇ ਖੋਲ੍ਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਦੁਲਾਰੇ, ਆਪ ਬਣਾਏ ਦਰ ਦਰ ਘਰ ਘਰ, ਦਰ ਸਾਚੇ ਦੀ ਸਾਚੀ ਗੋਲੀ । ਗੁਰਮੁਖ ਨੇਤਰ ਨੀਰ ਵਿਰੋਲੇ । ਦੁਰਜਨਾਂ ਦੇ ਪੜਦੇ ਖੋਲ੍ਹੇ । ਹਰਿ ਜਨਾਂ ਦੇ ਅੰਦਰ ਬੋਲੇ । ਜੋ ਜਨ ਸਰਨੀ ਜਾਇਣ ਪੜ, ਸ਼ਬਦ ਸਰੂਪੀ ਜੰਦੇ ਖੋਲ੍ਹੇ । ਆਪੇ ਤੋੜੇ ਹੰਕਾਰੀ ਕਾਇਆ ਕਿਲ੍ਹਾ ਗੜ੍ਹ, ਵਿਚੋਂ ਕਾਇਆ ਚੋਲੇ । ਪੰਜਾਂ ਚੋਰਾਂ ਲਏ ਫੜ, ਮਾਰੇ ਮਾਰ ਸ਼ਬਦ ਗੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ


੪੮੯
੦੪

ਭਗਵਾਨ, ਜੋ ਜਨ ਚਰਨ ਪ੍ਰੀਤੀ ਘੋਲ ਘੋਲੇ । ਚਰਨ ਪ੍ਰੀਤੀ ਘੋਲ ਆਤਮ ਰੰਗ ਰਤੀਆ । ਪੁਰਖ ਅਬਿਨਾਸ਼ੀ ਸਾਚਾ ਪਾਏ, ਵਾਓ ਨਾ ਲੱਗੇ ਤੱਤੀਆ । ਘਨਕਪੁਰ ਵਾਸੀ ਦਇਆ ਕਮਾਏ, ਆਤਮ ਰੱਖੇ ਜਤੀ ਸਤੀਆ । ਸਾਚੀ ਸੇਵਾ ਆਪੇ ਲਾਏ, ਵਡ ਸਰਬੰਸੀ ਆਪ ਅਖਵਾਏ, ਆਪੇ ਜਾਣੇ ਮਿਤ ਗਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਤੋੜ ਨਿਭਾਏ, ਜਨ ਆਪ ਲਗਾਈ ਸਾਚੀ ਨਤੀਆ । ਵੀਹ ਹਾੜ ਜਨ ਭਗਤ ਦਵਾਰਾ । ਗਗਨ ਪਤਾਲੀ ਆਇਆ ਛੱਤਾਂ ਪਾੜ, ਪੁਰਖ ਅਗੰਮੜਾ ਹਰਿ ਨਿਰੰਕਾਰਾ । ਕਲਜੁਗ ਮਾਇਆ ਰਿਹਾ ਸਾੜ, ਆਪ ਹਟਾਏ ਪੰਚਾਂ ਚੋਰਾਂ ਧਾੜਾਂ, ਮਾਰੇ ਸ਼ਬਦ ਕਟਾਰਾ । ਹੋਏ ਸਹਾਈ ਵਿਚ ਜੰਗਲ ਜੂਹ ਉਜਾੜਾਂ, ਰਿਹਾ ਪੈਜ ਸਵਾਰਾ । ਕੰਤ ਸੁਹਾਗੀ ਸਾਚਾ ਪਾਇਆ, ਜਗਤ ਸੁਹਾਗਣ ਨਾਰਾਂ, ਮਿਲਿਆ ਹਰਿ ਭਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਏਕਾ ਦੇਵੇ ਸਾਚਾ ਵਰ, ਜਨਮ ਮਰਨ ਪ੍ਰਭ ਜਾਏ ਹਰ, ਘਰ ਸਾਚੇ ਦਰ ਸਾਚੇ ਹਰਿ ਦਾਤਾਰਾ । ਗੁਰਮੁਖ ਵਧਾਈ ਭਲਾਈ ਪੁਰ । ਸਾਚੀ ਖ਼ੁਸ਼ੀ ਮਨਾਈ ਪ੍ਰਭ ਦਇਆ ਕਮਾਈ, ਲਿਖਿਆ ਧੁਰ । ਪੂਰਬ ਲੇਖ ਰਿਹਾ ਜਣਾਈ, ਫੜ ਫੜ ਬਾਹੋਂ ਰਾਹੇ ਪਾਈ, ਨਾ ਕੋਈ ਜਾਣੇ ਜੀਵ ਦਾਨਾਈ, ਆਪ ਬਣਾਏ ਗੁਰਮੁਖ ਸੁਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਘਨਕਪੁਰ । ਦੋ ਦੋ ਚਾਰ ਚਵ੍ਹਾਂ ਸਿਰਾਂ ਹਰਿ ਇਕ ਸੱਚਾ ਸਰਦਾਰ । ਆਪੇ ਵਣਜ ਕਰਾਏ, ਜਗਤ ਸੱਚਾ ਵਪਾਰ । ਸਾਧੂ ਸਿੰਘ ਪਾਲ ਨਾਲ ਰਲਾਏ, ਏਕਾ ਧਾਮ ਬਹਾਏ, ਲਹਿਣਾ ਦੇਣ ਆਪ ਚੁਕਾਏ, ਇਕੱਠੇ ਹੋਏ ਚੂੜ੍ਹੇ ਚਮਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਵਿਦਾਸ ਤੇਰੀ ਪੂਰ ਕਰਾਏ ਆਸ, ਨਾਲ ਰਲਾਇਆ ਬਾਲਮੀਕ ਬਿਜਵਾੜ । ਸ਼ਤਰੂ ਗਨ ਧਰਮ ਪੁਜਾਰੀ । ਪਾਰਬ੍ਰਹਮ ਚਰਨ ਸਰਨ ਕਰੇ ਨਿਮਸਕਾਰੀ । ਇਕ ਵਖਾਣੇ ਆਪਣਾ ਕਰਮ, ਲੋਕਮਾਤ ਸਚ ਬ੍ਰਹਮ, ਰਾਮ ਨਾਮ ਨਾਮ ਰਾਮ ਅਵਤਾਰੀ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਸਮਾਣੇ, ਸਰਬ ਜੀਆਂ ਗਤ ਆਪੇ ਜਾਣੇ, ਆਪਣਾ ਰੰਗ ਰੰਗੇ ਕਰਤਾਰੀ । ਸਚ ਪੁਜਾਰੀ, ਦਰ ਦਵਾਰੇ ਅੱਠੇ ਪਹਿਰ ਕਰਨ ਨਿਮਸਕਾਰੀ । ਚਰਨ ਪੂਜੇ ਗਿਰਵਰ ਗਿਰਧਾਰੀ । ਚੌਦਾਂ ਬਰਸ ਤਨ ਖੁਆਰੀ ਹੋਏ ਵਿਛੋੜਾ ਭਾਰੀ । ਸਾਲ ਪੰਦਰਵੇਂ ਰਾਮ ਰਮਇਆ ਆਏ ਪੈਜ ਸਵਾਰੀ । ਸਾਚਾ ਮੰਗੇ ਇਕ ਵਰ, ਕਿਰਪਾ ਕਰ ਦੇਵੇ ਹਰਿ, ਮਿਲੇ ਮੇਲ ਕਦ ਫਿਰ ਦੂਜੀ ਵਾਰੀ । ਤਰੇਤੇ ਜੁਗ ਭਾਈ ਭਾਈ, ਇਕ ਕੁਸ਼ਲਿਆ ਜੋ ਰਾਮ ਉਪਜਾਈ, ਸਾਚਾ ਦਰ ਦਰਬਾਰਾ ਜਿਸ ਮਾਤ ਮਿਲਿਆ । ਜੋਤੀ ਜੋਤ ਸਰੂਪ ਹਰਿ, ਤਰੇਤੇ ਜੁਗ ਮਾਤ ਆਇਆ ਗੌਤਮ ਰਿਖ ਬਾਣ ਚਲਾਇਆ, ਮਿਲਿਆ ਸਰਾਫ ਅਹਿਲਿਆ । ਸਮਿਤਰਾ ਜਾਇਆ ਕਰੇ ਪੁਕਾਰ । ਸ਼ਤਰੂਗਨ ਦਰ ਦਾਤਾਰ । ਬੇੜਾ ਮੇਰਾ ਦੇਣਾ ਬੰਨ੍ਹ, ਆਪ ਉਠਾਉਣਾ ਆਪਣਾ ਭਾਰ । ਲਹਿਣਾ ਦੇਣਾ ਆਪ ਚੁਕਾਉਣਾ ਮੇਰੇ ਕੰਨ੍ਹ, ਮਾਤਲੋਕ ਲਏ ਅਵਤਾਰ । ਸਾਚਾ ਸ਼ਬਦ ਸੁਣਾਇਆ ਕੰਨ, ਰਾਮ ਰਘੁਬੰਸੀ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਛੋਟਾ ਭਾਈ ਕਰ ਪਿਆਰ, ਸਾਚਾ ਬਚਨ ਰਿਹਾ ਸੁਣਾਈ । ਦਸਰਥ ਸੁਤ ਪੂਤ ਦੁਲਾਰਾ, ਕਲਜੁਗ ਅੰਤਮ ਮਿਲੇ ਵਡਿਆਈ । ਨਿਹਕਲੰਕ ਲਏ ਅਵਤਾਰ, ਆਤਮ ਜੋਤੀ ਦਏ ਜਗਾਈ । ਸੁਣੇ ਤੇਰੀ ਪੁਕਾਰ, ਸਾਚੀ ਸੇਵਾ ਲਏ ਲਾਈ । ਆਤਮ ਬੰਨ੍ਹੇ ਇਕ ਪਿਆਰ, ਸਾਚੇ ਘਰ ਮਿਲੇ ਵਡਿਆਈ । ਚਾਰ ਵਰਨ ਦਏ ਸੱਚਾ ਇਕ ਦਰਬਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜਗਤ ਕਾਇਆ


੪੯੦
੦੪

ਦਏ ਤਜਾਏ, ਜੋਤ ਸਰੂਪੀ ਖੇਲ ਰਚਾਈ । ਸ਼ਬਦ ਸਰੂਪੀ ਆਪ ਉਠਾਏ, ਆਪਣੀ ਕਿਰਪਾ ਧਾਰ । ਆਪਣੀ ਕਿਰਪਾ ਧਾਰੇ, ਹਰਿ ਦੀਨ ਦਿਆਲ । ਕਲਜੁਗ ਅੰਤਮ ਪੈਜ ਸਵਾਰੇ, ਆਪ ਬਣਾਏ ਸਾਚੇ ਲਾਲ । ਹਉਮੇ ਹੰਗਤਾ ਰੋਗ ਨਿਵਾਰੇ, ਭਾਗ ਲਗਾਏ ਕਾਇਆ ਸਚ ਚੁਬਾਰੇ, ਇਕ ਵਖਾਏ ਅਨਮੁੱਲੜਾ ਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜਾਮਾ ਪਾਇਆ, ਗੁਰਮੁਖ ਸਾਚੇ ਪਾਰ ਉਤਾਰੇ, ਪੂਤ ਉਜਾਗਰ ਸਿੰਘ ਪਾਲ ।

### ❇ ੨੧ ਹਾੜ ੨੦੧੧ ਬਿਕ੍ਰਮੀ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ਗੁਰਮੁਖ ਸਿੰਘ ਦੇ ਗ੍ਰਿਹ ❇

ਹਰਿ ਨਿਰਧਨ ਮਾਣ ਦੇਵੇ ਨਿਰਹਾਰਾ । ਸ਼ਬਦ ਬਬਾਣ ਦੇਵੇ ਕਰਤਾਰਾ । ਆਤਮ ਪਵਣ ਅਸਵਾਰਾ, ਕਰੇ ਖੇਲ ਨਰ ਹਰਿ ਹਰਿ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਸਾਚੇ ਭਗਤ ਵਡਿਆਈ ਜਗਤ, ਲੇਖੇ ਲਾਏ ਬੂੰਦ ਰਕਤ, ਮਾਤ ਸੀਰ ਬੱਤੀ ਧਾਰਾ । ਬੱਤੀ ਧਾਰ ਮਾਤ ਪਿਆਰੀ । ਬਾਲ ਅਵਸਥਾ ਮੁਖ ਲਗਾਇਆ, ਆਤਮ ਦਿੱਤੀ ਸਚ ਅਧਾਰੀ । ਜਗਤ ਮਾਇਆ ਤਨ ਦੁੱਖ ਲਗਾਇਆ, ਭੁੱਲਾ ਜੀਵ ਗਵਾਰੀ । ਉਲਟਾ ਮੁਖ ਹਰਿ ਰਖਾਇਆ, ਉਪਰ ਪਸਰ ਪਸਾਰੀ । ਸੁੱਖਣਾ ਸੁੱਖ ਸੁੱਖ ਵਕਤ ਲੰਘਾਇਆ, ਮਿਲਿਆ ਹਰਿ ਨਿਰੰਕਾਰੀ । ਸੁਫ਼ਲ ਕਰਾਏ ਮਾਤ ਕੁੱਖ, ਲੋਕਮਾਤ ਜਨਮ ਦਵਾਇਆ ਕਿਰਪਾ ਧਾਰੀ । ਉਜਲ ਹੋਇਆ ਗੁਰਮੁਖ ਮੁਖ, ਗੁਰ ਪੂਰੇ ਚਰਨ ਕੀਨੀ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਜੀਆ ਦਾਨ, ਦਰਗਹਿ ਸਚ ਕਰੇ ਪ੍ਰਵਾਨ, ਆਪ ਵਸਾਏ ਦਰ ਘਰ ਸੱਚੇ ਦਰਬਾਰੀ । ਗੁਰਮੁਖ ਗੁਰ ਗੁਰ ਇਕ ਰੰਗ ਰੱਤਾ । ਮਿਲਿਆ ਮੇਲ ਲਿਖਿਆ ਧੁਰ, ਆਪੇ ਦੇਵੇ ਮਾਣ ਜੋਗੀ ਜਟਾ ਜੂਟ ਧਾਰ, ਆਤਮ ਯਤੀ ਸਤਾ । ਸਾਚਾ ਦੇਵੇ ਸ਼ਬਦ ਵੈਰਾਗ, ਜਗਤ ਤਿਆਗ ਅਭਿਆਸ ਜੋਗ, ਸਰਬ ਜਗ ਪਿਤਾ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਆਤਮ ਬਰਖ ਕਿਰਪਾ ਕਰ ਤੱਤੀ ਹਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਦਏ ਜਗਾਏ, ਅਲਖ ਅਪਾਰ ਨਿਰੰਜਣ, ਸਰਬ ਦੁੱਖ ਭੰਜਨ, ਮੇਲ ਮਿਲਾਏ ਸੰਗ ਏਕਾ ਕਨਕਾ । ਸਾਚੇ ਘਰ ਵਜੀ ਵਧਾਈ । ਗੁਰਮੁਖ ਤੇਰੀ ਆਤਮ ਨਾ ਹੋਏ ਕਦੇ ਜੁਦਾਈ । ਏਕਾ ਮੇਲ ਸੱਚੇ ਹਰਿ ਪਰਮਾਤਮਾ, ਸਾਚਾ ਰਿਸ਼ਤਾ ਆਪ ਬਣਾਈ । ਆਪੇ ਬਣਿਆ ਮਾਤ ਪਿਤ ਸਾਕ ਸੱਜਣ ਭੈਣ ਭਾਈ, ਸਰਬ ਵਥ ਆਤਮ ਜਾਤਮ, ਗੁਰ ਮਤ ਸਾਚੀ ਬਣਤ ਬਣਾਈ । ਆਤਮ ਲਾਇਆ ਸ਼ਬਦ ਘਾਤਮ, ਨਾ ਕੋਈ ਮੇਟੇ ਮੇਟ ਮਿਟਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਗੁਰਸਿਖ ਪਿਆਰਿਆ, ਗੁਰ ਸੰਗਤ ਮੇਲ ਦਏ ਮਿਲਾਈ । ਖਾਣ ਪਕਾਵਣ ਦਰ ਹਰਿ ਭਗਵਾਨ ਹੋਏ ਪ੍ਰਵਾਨ, ਜਮ ਕੀ ਛੁਟਕੀ ਕਾਨ, ਅੰਮ੍ਰਿਤ ਫ਼ਲ ਪ੍ਰਭ ਸਾਚਾ ਦੇਵੇ ਜਗਤ ਨਾਮ ਨਿਸ਼ਾਨ । ਅੰਤਮ ਬਖ਼ਸ਼ੇ ਸਾਚੇ ਮੇਵੇ, ਗੁਰਮੁਖ ਸਾਚੇ ਦਰਗਹਿ ਸਾਚੀ ਖਾਣ । ਅੱਠੇ ਪਹਿਰ ਜਨ ਰਸਨਾ ਸੇਵੇ, ਨਾ ਹੋਏ ਵਿਛੋੜਾ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਗੁਰਮੁਖ ਗੁਰ ਸੰਗਤ ਮੇਲ ਮਿਲਾਇਆ ਆਣ । ਮਿਲਿਆ ਮੇਲ ਭਗਤ ਦਵਾਰੇ । ਵਜਦੇ ਰਹਿਣ ਸ਼ਬਦ ਨਗਾਰੇ । ਘਰ ਸਚ ਇਕੱਠੇ ਸਾਰੇ ਬਹਿਣ, ਦਰਸ਼ਨ ਪਾਇਣ ਪੁਰਖ ਅਪਾਰੇ । ਪੜਦੇ ਲਾਹਣ ਤੀਜੇ ਨੈਣ, ਆਤਮ ਜੋਤੀ ਨੂਰ ਅਪਾਰੇ । ਰਸਨਾ ਸਕੇ ਨਾ ਗੁਰਸਿਖ ਕਹਿਣ, ਵੇਖੇ ਰੰਗ ਕਰਤਾਰੇ । ਪ੍ਰਭ


੪੯੧
੦੪

ਕਾ ਭਾਣਾ ਸਿਰ ਤੇ ਸਹਿਣ, ਕਾਗ ਵਿਰੋਲੇ ਝੂਠੇ ਗੋਲੇ ਕਲਜੁਗ ਜੀਵ ਗਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਏ, ਸੋਹੰ ਸ਼ਬਦ ਸਿਰ ਆਪ ਬੰਨ੍ਹਾਏ, ਮਾਤ ਸੱਚੇ ਦਸਤਾਰੇ । ਮਨ ਮਤ ਜਗਤ ਤਿਆਗ । ਗੁਰ ਦਰ ਜਾਗਣਾ, ਜਨ ਹੋਇਣ ਵਡ ਵਡ ਭਾਗ । ਹਰਿ ਦੇਵੇ ਨਾਮ ਸਾਚਾ ਰਾਗਨਾ, ਹਰਿ ਸਰਨ ਜਨ ਜਾਏ ਲਾਗ । ਮਦਿਰਾ ਮਾਸ ਰਸਨਾ ਤਿਆਗਣਾ, ਪ੍ਰਭ ਆਪ ਬੁਝਾਏ ਤ੍ਰਿਸ਼ਨਾ ਆਗ । ਹੰਸ ਬਣਾਏ ਕਾਗਣਾ, ਔਖੇ ਵੇਲੇ ਪਕੜੇ ਵਾਗ । ਛੱਡ ਦਰ ਮੂਲ ਨਾ ਭਾਗਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ ਏਕਾ ਪੁਰਖ ਅਬਿਨਾਸ਼ੀ ਸਾਚਾ ਕੰਤ ਸੁਹਾਗ । ਢੋਲ ਮਰਦੰਗ ਨਾ ਸਾਰੰਗ ਧੁਰ ਅਚੱਲ ਕਰੇ ਖੇਲ ਮਾਤ ਬਹੁ ਰੰਗ, ਅੰਤ ਨਾ ਪਾਰਾਵਾਰਾ । ਸਦਾ ਸਹਾਈ ਅੰਗ ਸੰਗ, ਜਨ ਭਗਤਾਂ ਮੰਗਿਆ ਸੱਚਾ ਇਕ ਦਵਾਰਾ । ਆਤਮ ਕਟੇ ਭੁੱਖ ਨੰਗ, ਭਰਿਆ ਰਹੇ ਸਦ ਭੰਡਾਰਾ । ਕਾਇਆ ਝੂਠੀ ਕਾਚੀ ਵੰਗ, ਅੰਤ ਭੰਨੇ ਘੜਨਹਾਰਾ । ਜਨ ਭਗਤਾਂ ਨਿਭਾਏ ਸਾਚਾ ਸੰਗ, ਸਿਰ ਰੱਖੇ ਹੱਥ ਗਿਰਵਰ ਗਿਰਧਾਰਾ । ਕਲਜੁਗ ਅੰਤਮ ਚੜ੍ਹਾਏ ਕਾਂਗ, ਬੇਮੁਖ ਡੋਬੇ ਅੱਧ ਵਿਚਕਾਰਾ । ਸ਼ਬਦ ਘੋੜੇ ਕਸੇ ਤੰਗ, ਉਤੇ ਹੋਏ ਹਰਿ ਅਸਵਾਰਾ । ਵਡ ਦਾਤਾ ਸੂਰਾ ਸਰਬੰਗ, ਨੀਤ ਅਨੀਤੀ ਪਰਖਣਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸਾਧ ਸਦਾ ਸਦਾ ਤਾਰਨਹਾਰਾ । ਸੰਤ ਸਾਧ ਆਤਮ ਸਾਧੇ । ਮਿਟੇ ਜਗਤ ਵਿਵਾਦ, ਸ਼ਬਦ ਵੱਜੇ ਸਾਚਾ ਨਾਦੇ । ਦਰ ਘਰ ਸਾਚੇ ਮਿਲੇ ਏਕਾ ਦਾਦ, ਸਾਚਾ ਸ਼ਬਦ ਬੋਧ ਅਗਾਧੇ । ਕਿਰਪਾ ਕਰ ਹਰਿ ਮਾਧਵ ਮਾਧ, ਗੁਰਮੁਖ ਸਾਚੇ ਵਿਚ ਮਾਤ ਲਾਧੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਨਿਧਾਨ, ਪੰਜਾਂ ਚੋਰਾਂ ਆਪੇ ਬਾਂਧੇ । ਪੰਜ ਚੋਰ ਜਗਤ ਗਵਾਰਨ । ਅੱਠੇ ਪਹਿਰ ਪਾਇਣ ਸ਼ੋਰ, ਆਤਮ ਹੰਕਾਰਨ । ਦਿਸ ਨਾ ਆਇਣ ਕਾਇਆ ਘੋਰ, ਵਡ ਵਡ ਪੁਕਾਰਨ । ਜਨ ਗੁਰਮੁਖਾਂ ਭਾਗ ਮਥੌਰ, ਮਿਲਿਆ ਹਰਿ ਭਗਵਾਨਣ । ਚਰਨ ਪ੍ਰੀਤੀ ਲਏ ਜੋੜ, ਆਤਮ ਦੇਵੇ ਬ੍ਰਹਮ ਗਿਆਨਣ । ਏਕਾ ਸ਼ਬਦ ਚੜ੍ਹਾਏ ਘੋੜ, ਜਗਤ ਘਾਲ ਨਾ ਗੁਰਮੁਖ ਘਾਲਣ । ਏਕਾ ਨਾਮ ਲਗਾਇਆ ਪੌੜ, ਆਪ ਬਿਠਾਏ ਸੱਚੇ ਦਰ ਉਚੇ ਅਸਮਾਨਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਰ ਚਰਨ ਛੁਹਾਇਆ, ਗੁਰ ਸੰਗਤ ਸੰਗ ਰਲਾਇਆ, ਆਪੇ ਬਖ਼ਸ਼ੇ ਪੀਣ ਖਾਨਣ । ਪੀਆ ਖਾਧਾ ਪੁਰਖ ਅਬਿਨਾਸ਼ੀ ਲਾਧਾ । ਆਪੇ ਮਾਤ ਪਿਤ ਪਿਉ ਦਾਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਕਿਰਪਾ ਧਾਰੀ ਹਰਿ ਬਨਵਾਰੀ, ਜਗੀ ਜੋਤ ਇਕ ਨਿਰੰਕਾਰੀ, ਗੁਰਸਿਖ ਸਾਚਾ ਸਾਧੂ ਸਿੰਘ ਸ਼ਬਦ ਡੋਰੀ ਬਾਂਧਾ । ਗੁਰਮੁਖ ਬੀਜ ਸੱਚੀ ਫੁਲਵਾੜੀ । ਤਨ ਮਨ ਜਾਏ ਸੀੜ, ਦੂਈ ਦਵੈਤੀ ਪੜਦਾ ਪਾੜੀ । ਪੁਰਖ ਅਬਿਨਾਸ਼ੀ ਆਪ ਕਰਾਏ ਤੇਰੀ ਰੀਝ, ਜੋਤ ਜਗਾਏ ਬਹੱਤਰ ਨਾੜੀ । ਸਦਾ ਵਸੇ ਆਤਮ ਦਰ ਦਹਿਲੀਜ਼, ਕਦੇ ਅੰਦਰ ਕਦੇ ਬਾਹਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ ਕਮਾਏ, ਮਾਨਸ ਜਨਮ ਲੇਖੇ ਲਾਏ, ਘਰ ਲੈਣ ਨਾ ਆਏ ਮੌਤ ਲਾੜੀ । ਲਾੜੀ ਮੌਤ ਦਰ ਨਾ ਲੰਘੇ । ਗੁਰਮੁਖ ਵੇਖ ਦੂਰ ਦੁਰਾਡੀ ਸੰਗੇ । ਅੱਗੇ ਦਿਸੇ ਹਰਿ ਜੀ ਜੋਤ ਸਰੂਪੀ ਧਾਰੇ ਭੇਖ, ਘਰ ਸਿੱਖਾਂ ਫਿਰੇ ਪੈਰੀਂ ਨੰਗੇ । ਖੁਲ੍ਹੜੇ ਰੱਖੇ ਸਤਿਜੁਗ ਸਾਚੇ ਕੇਸ, ਏਕਾ ਚੋਲੀ ਨਾਮ ਰੰਗੇ । ਬਾਲ ਅਵਸਥਾ ਇਕ ਵਿਛੋੜਾ ਸ੍ਰੀ ਦਸਮੇਸ਼, ਵੇਲੇ ਅੰਤਮ ਪਾਰ ਲੰਘੇ । ਦਰਸ਼ਨ ਕਰੇ ਸਦਾ ਹਮੇਸ਼, ਪੁਰਖ ਅਬਿਨਾਸ਼ੀ ਹੋਏ ਅੰਗ ਸੰਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਜੀਆ ਦਾਨ ਬੰਸ ਸਰਬੰਸ ਭਵ ਸਾਗਰ ਪਾਰ ਲੰਘੇ । ਭਵ ਸਾਗਰ ਸਿੰਧ ਦੀ ਧਾਰ । ਗੁਰਮੁਖਾਂ


੪੯੨
੦੪

ਉਪਜੇ ਏਕਾ ਬਿੰਦੀ, ਏਕਾ ਇੱਕੀ ਦਏ ਉਧਾਰ । ਹਰਿ ਨਾ ਜਾਣੇ ਜਗਤ ਪਛਾਣੇ ਜੋ ਕਰਨ ਨਿੰਦੀ, ਜਨ ਭਗਤਾਂ ਰਿਹਾ ਪੈਜ ਸਵਾਰ । ਏਕਾ ਹਰਿ ਸਰਬ ਮਰਗਿੰਦੀ, ਕਦੇ ਨਾ ਆਵੇ ਹਾਰ । ਗੁਣ ਦਾਤਾ ਵਡ ਗੁਣ ਗਹਿੰਦੀ ਸਦ ਬਖ਼ਸ਼ਿੰਦੀ, ਆਦਿ ਜੁਗਾਦਿ ਬਖ਼ਸ਼ਣਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦਵਾਰੇ ਭਾਗ ਲਗਾਏ ਦਇਆ ਕਮਾਏ, ਆਤਮ ਦਰ ਸਾਚੇ ਘਰ ਸਦਾ ਭਰੇ ਰਹਿਣ ਭੰਡਾਰ । ਆਤਮ ਘਰ ਭਰੇ ਭੰਡਾਰਾ । ਨਾਮ ਵਸਤ ਦੇਵੇ ਦਸਤ, ਗੁਰਮੁਖ ਸਾਚਾ ਰਹੇ ਮਸਤ, ਸਾਚੀ ਰਹੇ ਨਾਮ ਖੁਮਾਰਾ । ਆਪ ਚੜ੍ਹਾਏ ਸ਼ਬਦ ਸਾਚੇ ਹਸਤ, ਪਵਣ ਸਰੂਪੀ ਕਰ ਅਸਵਾਰਾ । ਚਿੱਟਾ ਪਹਿਨਾਏ ਤਨ ਸ਼ਬਦ ਬਸਤਰ, ਕੋਈ ਰੰਗ ਨਾ ਰੰਗੇ ਦੂਜੀ ਵਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਗੁਰਮੁਖ ਸਾਚੇ ਸੰਤ ਜਨਾਂ, ਲੋਕਮਾਤ ਸਾਚੀ ਸਾਰਾ । ਕਾਇਆ ਚੋਲੀ ਤਨ ਰੰਗਾਇਆ । ਸੋਹੰ ਸ਼ਬਦ ਸਾਚੀ ਡੋਲੀ, ਗੁਰਮੁਖ ਸਾਚਾ ਵਿਚ ਬਹਾਇਆ । ਦਰ ਘਰ ਸਾਚੇ ਆਪ ਬਣਾਏ ਸਾਚੀ ਗੋਲੀ, ਚਰਨ ਪ੍ਰੀਤੀ ਇਕ ਲਗਾਇਆ । ਕਲਜੁਗ ਤੇਰੀ ਵਿਆਹੇ ਬੋਲੀ, ਨਿਹਕਲੰਕੀ ਬਾਣਾ ਪਾਇਆ । ਚਰਨ ਪ੍ਰੀਤੀ ਘੋਲ ਘੋਲੀ, ਜੋਤ ਸਰੂਪੀ ਦਰਸ ਦਿਖਾਇਆ । ਆਤਮ ਜਗੇ ਜੋਤ ਅਨਮੋਲੀ , ਮਾਤਲੋਕ ਕਰੇ ਰੁਸ਼ਨਾਇਆ । ਕਲਜੁਗ ਜੀਵ ਕਿਸੇ ਨਾ ਤੋਲੀ, ਸਾਚਾ ਕੰਡਾ ਕਿਸੇ ਹੱਥ ਨਾ ਆਇਆ । ਏਕਾ ਪੁਰਖ ਅਬਿਨਾਸ਼ੀ ਜਨ ਭਗਤਾਂ ਭੇਵ ਰਿਹਾ ਖੋਲ੍ਹੀ, ਸਦ ਭਾਣੇ ਆਪ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜਗਤ ਟੇਕ ਕਰੇ ਬੁਧ ਬਬੇਕ, ਕਲਜੁਗ ਮਾਇਆ ਤਨ ਨਾ ਲਾਏ ਸੇਕ, ਸਾਚੇ ਸ਼ਬਦ ਰੰਗ ਰੰਗਾਇਆ । ਸ਼ਬਦ ਰੰਗ ਸਚ ਰੰਗੀਲਾ । ਗੁਰਮੁਖ ਵਿਰਲਾ ਰੰਗੇ, ਕਾਇਆ ਚੋਲੀ ਮਾਤ ਕਰ ਕਰ ਹੀਲਾ । ਲੋਕ ਲੱਜਿਆ ਜਗਤ ਤਿਆਗੇ ਮੂਲ ਨਾ ਸੰਗੇ, ਏਕਾ ਬਣੇ ਸੁਹੇਲਾ । ਆਪੇ ਹੋਏ ਸਦਾ ਅੰਗ ਸੰਗੇ, ਦਰਸ ਦਿਖਾਏ ਹਰਿ ਦਾਤਾਰ, ਸ਼ਬਦ ਘੋੜ ਵਖਾਏ ਰੰਗ ਨੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਚਤੁਰ ਸੁਜਾਨ, ਲੱਖ ਚੁਰਾਸੀ ਬੰਦ ਛੁਡਾਨ, ਅੰਤਮ ਵੇਲੇ ਦਰਗਹਿ ਸਾਚੀ, ਸੰਗ ਸ਼ਬਦ ਰਲਾਏ ਦਇਆ ਕਮਾਏ, ਬਣੇ ਸਚ ਵਕੀਲਾ । ਸਚ ਵਕੀਲਾ ਧੁਰ ਦਰਗਾਹ । ਧਰਮ ਰਾਏ ਨਾ ਦੇਵੇ ਫਾਹ । ਅੰਤਮ ਵੇਲੇ ਹੋਏ ਸਹਾਈ, ਆਪਣੀ ਗੋਦ ਹਰਿ ਲਏ ਉਠਾ । ਮਾਤ ਪਿਤ ਨਾ ਕੋਈ ਭੈਣ ਭਰਾਏ, ਜੂਠੇ ਝੂਠੇ ਮਾਨਣ ਠੰਡੀ ਛਾਂ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਭਗਤ ਭਗਵੰਤ, ਸਾਚੇ ਸੰਤ ਵਿਚ ਜੀਵ ਜੰਤ, ਆਪੇ ਬਣੇ ਪਿਤਾ ਮਾਂ । ਮਾਤ ਪਿਤਾ ਹਰਿ ਪੂਤ ਦੁਲਾਰਾ । ਗੁਰਮੁਖ ਸਾਚਾ ਸੁਤ ਦੁਲਾਰਾ । ਜਿਸ ਦਰ ਸਾਚਾ ਮੰਗਿਆ ਏਕਾ, ਦੂਜੇ ਦਰ ਨਾ ਹੋਏ ਭਿਖਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਏ ਵਧਾਈ, ਆਤਮ ਜੋਤੀ ਦੀਪ ਜਗਾਈ, ਵਜਦਾ ਰਹੇ ਸ਼ਬਦ ਨਗਾਰਾ । ਦੁਰਜਨ ਦੁਰਮਤ ਇਕ ਦਵਾਰੇ । ਇਕ ਦੂਜੇ ਦੇ ਮੀਤ ਪਿਆਰੇ । ਤਨ ਮਨ ਕਾਇਆ ਝੂਠੀ ਭੀਜੇ, ਝੂਠਾ ਕਰੇ ਤਨ ਸ਼ਿੰਗਾਰੇ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਹਰਿ ਜਾਣੇ ਸਾਰੇ । ਦੁਰਜਨ ਦੁਹਾਗਨ ਨਾਰ ਕੰਤ ਵਿਛੋੜਿਆ । ਨਾ ਮਿਲਿਆ ਮੀਤ ਮੁਰਾਰ, ਘਰ ਸਾਚੇ ਸਚ ਨਾ ਬਹੁੜਿਆ । ਕਲਜੁਗ ਮਾਇਆ ਨਾਰ ਹੰਕਾਰੀ, ਕੰਤ ਝੂਠਾ ਤਨ ਸ਼ਿੰਗਾਰਿਆ । ਝੂਠੀ ਬਣਾਏ ਆਪਣੀ ਬਣਤਰ, ਆਪਣਾ ਆਪ ਨਾ ਜਨ ਵਿਚਾਰਿਆ । ਤੁਟਾ ਨਾਤਾ ਹਰਿ ਭਗਵੰਤ, ਹੋਏ ਨੀਚੋ ਨੀਚ ਸੁਘੜ ਸਿਆਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ, ਜਿਸ ਜਨ ਮਾਤ ਭੁਲਾਨਿਆ । ਭਰਮ ਭੁਲੇਖਾ ਮਾਤ ਝੂਠਾ ਹੱਟ ਵਿਕਾਇੰਦਾ । ਜਨ ਆਪ ਗਵਾਏ ਸਾਚੀ ਦਾਤ, ਖਾਲੀ ਹੱਥ ਪਛਤਾਇੰਦਾ ।

੪੯੩
੦੪

ਘਰ ਸਾਚੇ ਕੋਈ ਨਾ ਪੁੱਛੇ ਵਾਤ, ਗੁਰ ਸੰਗਤ ਨਾਤਾ ਤੋੜ ਤੁੜਾਇੰਦਾ । ਨਾ ਕੋਈ ਭੈਣ ਭਰਾ ਪਿਤ ਮਾਤ, ਜਾਮਨ ਹੋਏ ਕਿਸੇ ਛੁਡਾਇੰਦਾ । ਆਪੇ ਲੈ ਜਾਏ ਆਪਣੀ ਦਾਤ, ਕਾਇਆ ਬੋਬੀ ਖਾਲੀ ਪਿੰਜਰ ਮਾਤ ਰਹਿ ਜਾਇੰਦਾ । ਹੰਸ ਵਿਚਾਰੀ ਜਾਏ ਰੋਤੀ, ਪ੍ਰਭ ਬਿਰਹੋਂ ਰੋਗ ਸਤਾਇੰਦਾ । ਹੱਥ ਨਾ ਆਇਆ ਮਾਣਕ ਮੋਤੀ, ਮਾਨਸ ਜਨਮ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਆਪੇ ਲੇਖ ਲਿਖਾਇੰਦਾ । ਲੇਖਾ ਚੁੱਕੇ ਵਾਰੋ ਵਾਰੀ । ਭੁੱਲ ਨਾ ਜਾਵੇ ਜੀਵ ਗਵਾਰੀ । ਆਪੇ ਪਿਤਾ ਮਾਤ ਮਹਿਤਾਰੀ । ਧੀਆਂ ਪੁੱਤ ਸਾਚਾ ਸੰਗ ਹਰਿ ਹਰਿ ਰੰਗ, ਏਕਾ ਪੁਰਖ ਅਬਿਨਾਸ਼ੀ, ਜਨ ਸਾਚੀ ਨਾਰੀ । ਸਾਚੀ ਜੋਤ ਮਾਤ ਪ੍ਰਕਾਸ਼ੀ ਘਨਕਪੁਰ ਵਾਸੀ ਜਨ ਭਗਤਾਂ ਜਾਏ ਤਾਰੀ । ਬੇਮੁਖਾਂ ਮਾਰੇ ਮਾਰ ਕਰੇ ਖ਼ਵਾਰੀ, ਕਲਜੁਗ ਤੇਰੀ ਅੰਤਮ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵ ਦੁਰਜਨਾਂ ਏਕਾ ਦੇਵੇ ਪਾਸਾ ਹਾਰੀ । ਛਡਿਆ ਇਕ ਦਰ ਦਵਾਰਾ । ਕਵਣ ਮਿਟਾਏ ਲਿਖੇ ਲੇਖ, ਅੰਤਮ ਲੇਖਾ ਦੇਣਾ ਭਰ, ਸਰਬ ਘਟਾਂ ਘਟ ਰਿਹਾ ਵੇਖ, ਜੋਤ ਸਰੂਪੀ ਕਰ ਪਸਾਰਾ । ਆਤਮ ਲੱਗੀ ਝੂਠੀ ਮੇਖ, ਹਰਿ ਦੇਵੇ ਕੱਲਰ ਕੰਧ ਉਖਾੜਾ । ਧਰ ਧਰ ਧਰ ਹਰਿ ਸਾਚਾ ਭੇਖ, ਲੋਕਮਾਤ ਇਕ ਸ਼ਬਦ ਲਗਾਏ ਸਾਚਾ ਅਖਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦਰ ਦੁਰਕਾਰੇ, ਚਾਰੋਂ ਕੁੰਟ ਪੈਣ ਝਾੜਾਂ । ਗੁਰ ਮਤ ਗੁਰ ਜਾਣ, ਗੁਰ ਗੁਰ ਗੁਰ ਮਿਲ ਏਕ ਹੈ । ਦੂਜੇ ਘਰ ਨਾ ਦਿਸੇ ਧੀਰਜ ਯਤ, ਅਛਲ ਅਛਲ ਜਗਤ ਬੇਈਮਾਨ ਹੈ । ਏਕਾ ਰਹੇ ਹਰਿ ਅਟੱਲ, ਅੰਤਮ ਮਿਟਣੇ ਸਰਬ ਨਿਸ਼ਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦਵਾਰੇ ਕਰੇ ਪੁਕਾਰ ਹੈ ।

੪੯੪ ੦੪

### * ੨੨ ਹਾੜ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਪੂਰਨ ਸਿੰਘ ਦੇ ਗ੍ਰਹਿ *

ਬਣਤ ਬਣਾਈ ਬਣ ਗਈ, ਪਰਮ ਪੁਰਖ ਦੀ ਧਾਰ । ਸੰਤ ਵਡਿਆਈ ਹਰਿ ਦਈ, ਸਦਾ ਰਹੇ ਜੁਗ ਚਾਰ । ਗੁਰਮੁਖ ਕਮਾਈ ਗੁਰ ਦਰ ਲਈ, ਭਰਿਆ ਇਕ ਭੰਡਾਰ । ਪ੍ਰਭ ਕਾ ਭਾਣਾ ਸਿਰ ਸਹੀ, ਸ਼ਬਦ ਪਵਣ ਕਰੀਂ ਪਿਆਰ । ਅੰਤਮ ਲੇਖਾ ਕਢ ਵਹੀ, ਧਰਮ ਰਾਏ ਸਚ ਦਵਾਰ । ਸ਼ਬਦ ਦੱਸੇ ਸਚ ਸੁਨੇਹੀ, ਗੁਰਮੁਖ ਜਾਏ ਬਾਰ ਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਸੁਹਾਏ ਬੰਕ ਦਵਾਰ । ਜਗਤ ਦਵਾਰਾ ਭਗਤ ਕਲ ਰੱਖੇ । ਇਕ ਭੰਡਾਰਾ ਕਦੇ ਨਾ ਹੋਏ ਸਖੇ । ਬਣੇ ਆਪ ਵਰਤਾਰਾ ਦੇਵੇ ਹਾਰ ਸ਼ਿੰਗਾਰ ਤਨ ਨੌਂ ਲੱਖੇ । ਜਨਮ ਕਰਮ ਪ੍ਰਭ ਆਪ ਸਵਾਰਾ, ਅੰਤ ਪ੍ਰੀਤੀ ਸਾਚੀ ਰੱਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸਾਚਾ ਧਾਮ ਸੁਹਾਇਆ, ਲੋਕਮਾਤ ਵਿਚ ਵੱਖਰ ਵੱਖੇ । ਸਚ ਧਾਮ, ਧਰਮ ਧਿਰ ਜੜ੍ਹ । ਪੂਰਨ ਕਾਮ, ਲੇਖੇ ਲੱਗੇ ਸਿਰ ਧੜ । ਅੰਤਮ ਪੀਆ ਅੰਮ੍ਰਿਤ ਜਾਮ, ਘਰ ਸਾਚੇ ਗਿਆ ਵੜ । ਸੋਹੰ ਮਿਲਿਆ ਸਾਚਾ ਨਾਮ, ਪ੍ਰਭ ਅਬਿਨਾਸ਼ੀ ਖੜਿਆ ਖੜ੍ਹ । ਸੁੱਕਾ ਹਰਿਆ ਹੋਵੇ ਚਾਮ, ਸ਼ਬਦ ਘੋੜੀ ਗਿਆ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਵਸਾਏ, ਸ਼ਬਦ ਕਮਾਏ ਕਿਲ੍ਹਾ ਕੋਟ ਸਾਚਾ ਗੜ੍ਹ । ਸਚ ਮਹੱਲ ਸਚ ਟਿਕਾਣਾ । ਪੁਰੀ ਇੰਦਰ ਹਰਿ ਖੇਲ ਰਚਾਣਾ । ਸੁਰਪਤ ਰਾਜਾ ਇੰਦ, ਅੰਤਮ ਜੋਤੀ ਮੇਲ ਮਿਲਾਣਾ । ਪ੍ਰਗਟ ਹੋ ਵਿਚ ਹਿੰਦ, ਛੋਟੇ ਬਾਲੇ ਮਾਣ ਦਵਾਣਾ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਆਂ ਪੁਰੀਆਂ ਲੋਕਮਾਤ ਹਰਿ ਆਪ ਸਮਝਾਣਾ । ਲੋਆਂ ਪੁਰੀਆਂ ਹਰਿ ਆਪ ਸਮਝਾਏ । ਪਹਿਲੀ ਹਾੜੀ ਦਇਆ ਕਮਾਏ । ਸਤਾਰਾਂ ਹਾੜੀ ਮੰਦਰ ਸੁਹਾਏ । ਜਨ ਭਗਤਾਂ ਵਸੇ ਅੰਦਰ, ਬੇਮੁਖਾਂ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਰਬ ਵਡਿਆਏ । ਗੁਰ ਸੰਗਤ ਮਨ ਵਧਾਈ । ਹਰਿ ਹਰ ਘਟ ਵਸਿਆ, ਸਦ ਰਹਿਣਾ ਚਾਈਂ ਚਾਈਂ । ਤੱਤ ਹੰਕਾਰਾ ਜਾਏ ਨੱਸਿਆ, ਦਰਸ ਦਿਖਾਏ ਥਾਈਂ ਥਾਈਂ । ਅੰਮ੍ਰਿਤ ਮੇਘ ਸਾਚਾ ਵਸਿਆ, ਅੰਤਮ ਵੇਲੇ ਪਕੜੇ ਬਾਹੀਂ । ਮਿਟੇ ਅੰਧੇਰ ਜਿਉਂ ਚੰਨ ਮਸਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਬਣਾਈ । ਮਾਤਲੋਕ ਕਲਜੁਗ ਤੇਰੀ ਅੰਤਮ ਸਿੜੀ ਚੁਣਾਈ, ਧਰਮ ਰਾਏ ਖਿੜ ਖਿੜ ਹੱਸਿਆ । ਕਾਇਆ ਕਾਅਬਾ ਮਨ ਮੌਲਾਣਾ । ਸੁਰਤ ਸ਼ਬਦ ਗਿਆਨ ਸਚ ਕੁਰਾਨਾ । ਨੂਰ ਅਲਾਹੀ ਅੱਲਾ ਹੂ ਪਾਕ, ਪਾਕੀ ਪਾਕ ਪਕਾਣਾ । ਜੀਵ ਜੰਤ ਮਾਟੀ ਖ਼ਾਕ, ਏਕਾ ਏਕ ਭੁਲਾਣਾ । ਰਹੇ ਬੰਦ ਤਾਕ, ਦੀਪਕ ਜੋਤ ਨਾ ਕਿਸੇ ਜਗਾਣਾ । ਨਾ ਦੱਸੇ ਭਵਿਖਤ ਵਾਕ, ਸੂਰਤ ਰੱਬ ਰਹੀਮ ਕਰੀਮ ਨਾ ਕਿਸੇ ਵਖਾਣਾ । ਨਾ ਕੋਈ ਵਖਾਣੇ ਸਾਚਾ ਦੀਨ, ਨਾਮ ਇਸਲਾਮ ਜਗਤ ਤਮਾਮ ਹਰਿ ਰੰਗ ਮਹਾਨਾ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਸਰਬ ਜੰਤ, ਏਕਾ ਰੰਗ ਰੰਗਾਨਾ । ਮਨ ਹਾਜੀ ਕਾਇਆ ਕਾਅਬਾ, ਕਾਇਆ ਮਸਜਿਦ ਵਿਚ ਦੋਆਬਾ, ਏਕਾ ਵੁਜ਼ੂ ਪਾਕ ਰਸੂਲਾ । ਦੂਜਾ ਚਲੇ ਪੇਸ਼ ਆਬਾ, ਕਲਜੁਗ ਜੀਵ ਏਕਾ ਭੂਲਾ, ਜਿਹੜਾ ਕਟੇ ਜਗਤ ਅਜ਼ਾਬਾ, ਮਿਲਿਆ ਹਰਿ ਕੰਤ ਕੰਤੂਲਾ । ਅੰਮ੍ਰਿਤ ਚੁਆਏ ਮੁਖ ਕਵਲ ਨਾਭਾ, ਏਕਾ ਹਰਿ ਸੱਚਾ ਰਸੂਲਾ । ਇਕ ਪਿਆਏ ਅੰਮ੍ਰਿਤ ਹਯਾਤ ਆਬਾ, ਰੋਜ਼ਾ ਨਾਮ ਬਾਂਗ ਸਚ ਪ੍ਰੇਮ ਮਸੱਲਾ । ਪ੍ਰਭ ਮਿਲਣ ਦੀ ਤਾਂਘ ਸਚ ਏਕਾ ਦਿਸੇ ਖ਼ੁਦਾਈ ਇਕੱਲਾ । ਨੂਰ ਨੁਰਾਨੀ ਨੂਰ ਸਚ, ਗੁਰਮੁਖ ਵਖਾਣੇ ਕਾਇਆ ਆਤਮ ਸੱਚਾ ਮੱਕਾ । ਦੇਵੇ ਦੀਦਾਰ ਸ਼ਾਹ ਸਵਾਰ ਸਚ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਯਾਰ, ਚਾਰ ਯਾਰੀ ਪਾਰ ਉਤਾਰੇ, ਅੰਤਮ ਮਾਰੇ ਇਕੋ ਧੱਕਾ । ਸਿਦਕ ਸਬੂਰੀ ਤਨ ਸਾਚਾ ਕਾਸਾ । ਹਿਜ਼ਰਤ ਹੁਜ਼ਰਤ ਨੂਰੀ ਪਿਆਸੇ ਨਾਮ ਮੋਵਾਸਾ । ਵਸਲੇ ਯਾਰ ਦਸਮ ਦਵਾਰੀ, ਪ੍ਰਵਰਦਿਗਾਰੀ ਕਰ ਪੂਰੀ ਆਸਾ । ਜੋਤੀ ਜੋਤ ਸਰੂਪ ਹਰਿ, ਏਕਾ ਨੂਰ ਸਤਿ ਸਰੂਰ ਹਾਜ਼ਰ ਹਜ਼ੂਰ, ਚਾਰ ਵਰਨ ਜੀਵ ਜੰਤ ਪੁਰਖ ਅਬਿਨਾਸ਼ਾ । ਸਾਚਾ ਘਰ ਹਰਿ ਹੱਜ ਮਦੀਨੇ । ਅੰਤਕਾਲ ਕਲ ਜਾਏ ਤਰ, ਪ੍ਰਭ ਪੜਦੇ ਲਏ ਕੱਜ, ਦੇਵੇ ਨਾਮ ਸ਼ਬਦ ਨਗੀਨੇ । ਜੋ ਘੜਿਆ ਅੰਤਮ ਜਾਏ ਭੱਜ, ਵੱਜੇ ਬਾਣ ਸ਼ਬਦ ਸੀਨੇ । ਝੂਠੀ ਕਾਇਆ ਜਾਣੀ ਤਜ, ਛਡ ਹੰਕਾਰ ਹੋ ਮਸਕੀਨੇ । ਅੰਮ੍ਰਿਤ ਪੀਣਾ ਰੱਜ, ਤਨ ਮਨ ਸਦਾ ਸਦਾ ਭਿੰਨ ਭੀਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨੂਰ ਨੁਰਾਨੀ ਵਹੇ ਅੰਮ੍ਰਿਤ ਵਸੇ ਮੱਕੇ ਮਦੀਨੇ । ਮਦੀਨਾ ਮੱਕਾ ਫਲ ਮੁਹੰਮਦੀ ਅੰਤਮ ਪੱਕਾ । ਉਮਤ ਨਬੀ ਰਸੂਲ ਦੀ, ਭਾਈਚਾਰਾ ਸਕਾ । ਸਾਚਾ ਹੱਜ ਨਾ ਕਾਅਬੇ ਕਬੂਲ ਦੀ, ਵੇਖੇ ਮਾਤ ਬੂਰਾ ਕੱਕਾ । ਕੁਰਾਨ ਭੈਣ ਬਣੀ ਅੰਜ਼ੀਲ ਦੀ, ਦੋਹਾਂ ਮਿਲੇ ਇਕੱਠਾ ਧੱਕਾ । ਲੋੜ ਪਵੇ ਨਾ ਕਿਸੇ ਵਕੀਲ ਦੀ, ਲੇਖ ਲਿਖਾਰੀ ਨਾ ਮੰਗੇ ਕੋਈ ਟਕਾ । ਏਕਾ ਲਏ ਦਲਾਲੀ ਦਲੀਲ ਦੀ, ਜੁਗੋ ਜੁਗ ਦੇਂਦਾ ਲੈਂਦਾ ਕਦੇ ਨਾ ਥੱਕਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਨੱਥ ਪਵਾਏ ਵਿਚ ਨੱਕਾ । ਹਾਜੀ ਮੁੱਲਾ ਸ਼ੇਖ਼ ਮੁਸਾਇਕ ਕੁਤਬ ਗੌਂਸ ਮਜੌਰ ਮੱਕੇ ਜਾਣ, ਹੱਜ ਸਬਾਨਨ ਹੋਏ ਬਾਗਨ । ਇਕੱਠੇ ਹੋਏ ਨਾ ਮਾਇਆ ਡੱਸੇ ਨਾਗਣੀ ਨਾਗਨ । ਕਾਮ ਕਾਮਨੀ ਤੋੜੇ ਨਾਗਨ, ਅੰਤਮ

੪੯੫ ੦੪

ਅੱਲਾ ਨਾ ਹੋਏ ਜਾਮਨ, ਉਠ ਉਠ ਸਾਰੇ ਭਾਗਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਰਨ ਸਰਨ ਸਭ ਲਾਗਣ । ਸਾਚਾ ਹਜ ਬੇਐਬ ਪਰਵਰਦਿਗਾਰ ਦਾ । ਸਭ ਦੇ ਪੜਦੇ ਰਿਹਾ ਕੱਜ, ਇਕ ਲਗਾਏ ਨਾਅਰਾ ਅੱਲਾ ਹੂ ਤੂੰ ਹੀ ਤੂੰ । ਸੱਚਾ ਸ਼ਬਦ ਨਗਾਰਾ ਸੋਹੰ ਖੰਡਾ ਧੁਰ ਦਰਗਾਹੋਂ ਲਿਆ ਧੂ । ਸ੍ਰਿਸ਼ਟ ਸਬਾਈ ਜਾਣੇ ਸਾਚਾ ਹਰਿ, ਚਰਨੀ ਬੈਠਾ ਹਜ਼ਰਤ ਨੂਹ । ਲੋਕਮਾਤ ਬੇੜਾ ਕਰ ਤਿਆਰਾ, ਹਜ਼ਰਤ ਨੂਹ ਈਸਉਲ ਸਲਾਮ ਏਕਾ ਜਾਣੇ ਖ਼ੁਦਾਈ ਤੂੰ । ਏਕਾ ਕਰੇ ਕਲਾਮ, ਅੰਤਮ ਆਉਣਾ ਬੇਗ਼ਾਨੀ ਜੂਹ । ਪੱਛਮ ਦਿਸ਼ਾ ਹੋਈ ਸ਼ਾਮ, ਏਕਾ ਗਿੜਿਆ ਪੁੱਠਾ ਖੂਹ । ਦਖਸ਼ਨ ਪੀਏ ਜਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਨਬੀ ਰਸੂਲ ਪੀਰ ਦਸਤਗੀਰ, ਸ਼ਾਹ ਫ਼ਕੀਰਾਂ ਦਿਸੇ ਇਕ ਕਲਾਮ । ਬਚਨ ਸਤਿ ਸਤਿ ਭਗਵਾਨ । ਏਕਾ ਤੱਤ ਵਾਲੀ ਦੋ ਜਹਾਨ । ਆਪੇ ਦੇ ਸਮਝਾਵੇ ਮਤ, ਗੁਰਮੁਖ ਸੱਚੇ ਭੁੱਲ ਨਾ ਜਾਣ । ਏਕਾ ਬੀਜੇ ਸਾਚੇ ਵਤ, ਪੂਰਨ ਪੁਰਖ ਸੁਜਾਨ । ਧੁਰਦਰਗਾਹੀ ਮੇਲਾ ਮੇਲ ਹੋਇਆ ਸਾਚਾ ਤੱਤ, ਜਗ ਬੰਧਨ ਤੋੜ ਤੁੜਾਨ । ਲੋਕਮਾਤ ਰੱਖੇ ਪਤਿ, ਗਣ ਗਧੰਰਬ ਕਰੋੜ ਤੇਤੀਸ, ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼, ਪਰਮ ਪੁਰਖ ਕੋ ਸਦਾ ਆਦੇਸ, ਜਿਸ ਮਿਲਿਆ ਇਕ ਭਗਵਾਨ । ਲੱਖ ਚੁਰਾਸੀ ਘਰ ਘਰ ਵੇਸ, ਹੱਥ ਨਾ ਆਵੇ ਗਣ ਗਧੰਰਬ ਜੋਤ ਧਰੇ ਪ੍ਰਭ ਮਾਝੇ ਦੇਸ, ਜੋਤੀ ਜੋਤ ਖੇਲ ਮਹਾਨ । ਭੇਖ ਅਵਲੜਾ ਖੁਲ੍ਹੇ ਕੇਸ, ਨਾ ਕੋਈ ਭੁੱਲੇ ਰਾਜ ਰਾਜਾਨ । ਏਕਾ ਗੁਰਮੁਖ ਵਿਚ ਪ੍ਰਵੇਸ਼, ਸਿੰਘ ਪੂਰਨ ਚਤੁਰ ਸੁਜਾਨ । ਕਿਸੇ ਹੱਥ ਨਾ ਆਵੇ ਨਰ ਨਰੇਸ਼, ਨਰ ਨਰੇਸ਼ ਤੀਰਥ ਤਟ ਆਪੇ ਵੇਖੇ, ਲਿਖੇ ਲੇਖੇ ਕੱਢੇ ਭਰਮ ਭੁਲੇਖੇ, ਕਰੇ ਮਾਤ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਏ ਧੁਰਦਰਗਾਹੀ ਸਚ ਫ਼ਰਮਾਨ । ਏਕਾ ਜੋਤੀ ਇਕ ਅਕਾਰ । ਏਕਾ ਗੁਰਮੁਖ ਮਾਣਕ ਮੋਤੀ, ਮਿਲਿਆ ਗੁਰ ਗੋਪਾਲ । ਮਾਤਲੋਕ ਕਾਇਆ ਮੈਲ ਦੁਰਮਤ ਕਲੇਵਰ ਧੋਤੀ, ਤੁਟਾ ਜਗਤ ਜੰਜ਼ਾਲ ਆਪ ਉਠਾਈ ਆਤਮ ਸੋਤੀ, ਦੀਪਕ ਜੋਤੀ ਦਿਤਾ ਬਾਲ । ਨਾ ਕੋਈ ਵਰਨ ਨਾ ਕੋਈ ਗੋਤੀ, ਸਰਬ ਜੀਆਂ ਕਰੇ ਪ੍ਰਿਤਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸਰਬ ਘਟਾਂ, ਜਨ ਭਗਤਾਂ ਕਰੇ ਪ੍ਰਿਤਪਾਲ । ਏਕਾ ਜੋਤ ਹਰਿ ਇਕਾਗਰ । ਦੇਵੇ ਜੋਤੀ ਕਾਇਆ ਗਾਗਰ । ਨਿਰਮਲ ਜੀਆ ਹੋਏ ਉਜਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਤ ਦੇਵੇ ਦਸਤ ਨਾਮ ਰਤਨ ਰਤਨਾਗਰ । ਸਚ ਸਿੰਘਾਸਣ ਏਕਾ ਹਰਿ ਬਿਰਾਜੇ । ਤ੍ਰੈ ਲੋਆਂ ਦਾਸਨ ਦਾਸ, ਸਰਬ ਸਵਾਰੇ ਆਪ ਕਾਜੇ । ਲੱਖ ਚੁਰਾਸੀ ਅੰਤਮ ਹੋਏ ਨਾਸ, ਪ੍ਰਭ ਅਬਿਨਾਸ਼ੀ ਵਡ ਰਾਜਨ ਰਾਜੇ । ਗੁਰਮੁਖ ਗਾਇਣ ਸਵਾਸ ਸਵਾਸ, ਸ਼ਬਦ ਮਾਰੇ ਸਾਚੀ ਅਵਾਜ਼ੇ । ਨਿਰਮਲ ਜੋਤੀ ਮਾਤ ਪਤਾਲ ਅਕਾਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣਾ ਸਾਜਨ ਸਾਜੇ । ਸਾਚਾ ਤਖ਼ਤ ਹਰਿ ਸੁਲਤਾਨ । ਏਕਾ ਸੋਹੇ ਸ੍ਰੀ ਭਗਵਾਨ । ਲੱਖ ਚੁਰਾਸੀ ਰੋਏ, ਦਿਸ ਨਾ ਆਏ ਵਡ ਦਾਤਾ ਮਿਹਰਵਾਨ । ਜਨਮ ਜਨਮ ਮੈਲ ਪ੍ਰਭ ਦਰ ਧੋਏ, ਮਿਲੇ ਸ਼ਬਦ ਗਿਆਨ । ਸੋਹੰ ਧਾਗੇ ਹਰਿ ਪਰੋਏ, ਕਿਰਪਾ ਕਰ ਮਹਾਨ । ਅਵਰ ਨਾ ਦੀਸੇ ਮਾਤ ਕੋਇ, ਸਚ ਸਿੰਘਾਸਣ ਬੈਠੇ ਆਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਏਕ ਵਡ ਬਲੀ ਬਲਵਾਨ । ਬਲੀ ਬਲਵਾਨ ਹਰਿ ਨਿਰੰਕਾਰਾ । ਆਦਿ ਅੰਤ ਜੁਗਾ ਜੁਗੰਤ ਨਾ ਕੋਈ ਪਾਵੇ ਸਾਰਾ । ਗੁਰਮੁਖਾਂ ਮੇਲ ਸਾਚੇ ਸੰਤ, ਜਿਸ ਮਿਲਿਆ ਕੰਤ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਾਰੇ ਜੋ ਕਰੇ ਚਰਨ ਨਿਮਸਕਾਰਾ । ਦੇਵੇ ਨਾਮ ਸ਼ਬਦ ਤਨ ਖ਼ੁਮਾਰੀ । ਮਾਰੇ ਮਨ ਉਚ ਉਡਾਰੀ ।

ਭਾਂਡਾ ਭਰਮ ਪ੍ਰਭ ਦੇਵੇ ਭੰਨ, ਆਤਮ ਲਾਹੇ ਸਰਬ ਬਿਮਾਰੀ । ਕਲਜੁਗ ਜੀਵ ਆਤਮ ਅੰਨ੍ਹ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਾ ਪਾਇਣ ਸਾਰੀ । ਗੁਰਮੁਖ ਸਾਚੇ ਗਾਇਣ ਸਵਾਸ ਸਵਾਸ, ਚਰਨ ਕਵਲ ਕਰਨ ਨਿਮਸਕਾਰੀ । ਜੋਤ ਸਰੂਪੀ ਨਰ ਨਰਾਇਣ ਹੋਏ ਦਾਸਨ ਦਾਸ, ਵੇਖੇ ਵਿਗਸੇ ਕਰ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਜਣ ਸਰਬ ਦੁੱਖ ਭੰਜਨ, ਆਤਮ ਕਰੇ ਸਰਬ ਕਾਰੀ । ਦੇਵੇ ਨਾਮ ਮਸਤੀ ਮਸਤ ਦੀਵਾਨਾ । ਮਿਲੇ ਭੰਡਾਰ ਅਤੁੱਟ ਖ਼ਜ਼ਾਨਾ । ਹਰਿ ਵਰਤਾਰ ਵਿਚ ਸੰਸਾਰ ਤੋਟ ਨਾ ਆਨਾ । ਗੁਰਮੁਖ ਗੁਰਸਿਖ ਨਾ ਕਦੇ ਹੰਕਾਰ, ਏਕਾ ਰੱਖੋ ਗੁਰ ਚਰਨ ਧਿਆਨਾ । ਸਚ ਸਿੰਘਾਸਣ ਹਰਿ ਸਰਦਾਰ ਤਿੰਨਾਂ ਲੋਕਾਂ ਪਾਵੇ ਸਾਰ, ਖੰਡਾਂ ਬ੍ਰਹਿਮੰਡਾਂ ਜੋਤ ਅਧਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਮਨ ਮਸਤੀ ਤਨ ਵੈਰਾਗੀ । ਏਕਾ ਵਸੀ ਕਾਇਆ ਬਸਤੀ, ਮਿਲਿਆ ਕੰਤ ਸੁਹਾਗੀ । ਸਾਚੀ ਵਸਤ ਦਾਤ ਦੇਵੇ ਦਸਤੀ, ਸ਼ਬਦ ਸੁਣਾਏ ਸਾਚੀ ਰਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਜਿਸ ਜਨ ਲਾਗੀ । ਤਨ ਮਸਤਾਨਾ ਚਰਨ ਧਿਆਨਾ । ਮਾਣ ਮੋਹ ਹੰਕਾਰ ਗਵਾਨਾ । ਸਚ ਸਿੰਘਾਸਣ ਤਖ਼ਤ ਬਿਰਾਜ, ਚੌਰ ਸਿਰ ਨਾ ਕਿਸੇ ਕਰਾਨਾ । ਏਕਾ ਏਕ ਜੋਤ ਨਿਰੰਜਣ ਜਗੇ ਮਾਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਨਿਰਗੁਣ ਰੂਪ ਅਪਾਰ ਹਰਿ ਨਿਰੰਕਾਰ ਹੈ । ਜੋਤ ਸਰੂਪੀ ਸਚ ਅਕਾਰ, ਤਿੰਨਾਂ ਲੋਕਾਂ ਵਰਤਣ ਹਾਰ ਹੈ । ਸਾਚਾ ਸ਼ਬਦ ਸਾਚੀ ਧਾਰ, ਚਲਾਏ ਅਪਰ ਅਪਾਰ ਹੈ । ਕਾਇਆ ਮੰਦਰ ਦਏ ਉਸਾਰ, ਪਵਣ ਸਵਾਸ ਸਤਿ ਕਰਤਾਰ ਹੈ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਆਪੇ ਜਾਣੇ ਆਪਣੀ ਸਾਰ ਹੈ । ਜਾਣੇ ਸਾਰ ਸਰਬ ਸੰਭਾਲਦਾ । ਗੁਰਮੁਖ ਸਾਚੇ ਜਾਏ ਤਾਰ, ਪੰਜਾਂ ਤੱਤਾਂ ਵਿਚੋਂ ਮਾਰਦਾ । ਦੇਵੇ ਨਾਮ ਸ਼ਬਦ ਉਡਾਰ, ਸਾਚਾ ਘਰ ਇਕ ਵਖਾਲਦਾ । ਜੋਤੀ ਜੋਤ ਸਰੂਪ ਹਰਿ, ਕਰ ਅਕਾਰ ਹਰਿ ਨਿਰੰਕਾਰ, ਜੀਆ ਜੰਤਾਂ ਸੁਰਤ ਸੰਭਾਲਦਾ । ਦੇਵੇ ਵਸਤ ਨਾਮ ਇਕ ਥਾਰ, ਰੰਗਣ ਸਾਚੀ ਸਾਚਾ ਚਾੜ੍ਹਦਾ । ਹਉਮੇ ਮਮਤਾ ਦਏ ਨਿਵਾਰ, ਬਖ਼ਸ਼ੇ ਨਾਤਾ ਚਰਨ ਪਿਆਰ ਦਾ । ਸਾਚਾ ਕਰੇ ਤਨ ਸ਼ਿੰਗਾਰ, ਗੁਰਮੁਖ ਮਸਤਕ ਧੂੜੀ ਲਾਏ ਪਾਰ ਉਤਾਰਦਾ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਵਸੇ ਇਕ ਘਰ, ਲੱਖ ਚੁਰਾਸੀ ਪਸਰ ਪਸਾਰਦਾ । ਨੌਂ ਖੰਡ ਵਿਚ ਬ੍ਰਹਿਮੰਡ । ਹਰਿ ਸਾਜਨ ਸਾਜੇ ਆਪੇ ਪਾਏ ਲੱਖ ਚੁਰਾਸੀ ਵੰਡ । ਭੇਵ ਛੁਪਾਏ ਵਡ ਰਾਜਨ ਰਾਜੇ, ਬੇਮੁਖਾਂ ਸਦ ਦੇਵੇ ਦੰਡ । ਗੁਰਮੁਖਾਂ ਸਵਾਰੇ ਕਾਜੇ, ਸਾਚਾ ਸ਼ਬਦ ਨਾਮ ਦੇਵੇ ਚੰਡ ਪ੍ਰਚੰਡ । ਆਪ ਚੜ੍ਹਾਏ ਸਾਚੇ ਤਾਜੇ, ਲੱਖ ਚੁਰਾਸੀ ਕਰੇ ਖੰਡ ਖੰਡ । ਧਾਰੇ ਜੋਤ ਹਰਿ ਦੇਸ ਮਾਝੇ, ਬੇਮੁਖ ਜੂਠੇ ਝੂਠੇ ਪਾਇਣ ਡੰਡ । ਕਾਇਆ ਭਾਂਡਾ ਅੰਤਮ ਜਾਏ ਭੱਜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਾਜਨਾ ਰਿਹਾ ਸਾਜੇ । ਸੱਜਣ ਸੁਹੇਲਾ ਹਰਿ ਸਾਚਾ ਮੀਤਾ । ਜਨ ਭਗਤਾਂ ਕਰਾਏ ਮੇਲਾ, ਦੇਵੇ ਨਾਮ ਸੁਹਾਗੀ ਗੀਤਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਸਤਿਜੁਗ ਚਲਾਏ ਸਾਚੀ ਰੀਤਾ । ਬੇਮੁਖ ਧਕਾਏ ਧਰਮ ਰਾਏ ਦੀ ਜੇਲ੍ਹਾ, ਗੁਰਮੁਖਾਂ ਕਾਇਆ ਕਰੇ ਠੰਡੀ ਸੀਤਾ । ਆਤਮ ਜੋਤੀ ਜਗੇ ਬਿਨ ਬਾਤੀ ਬਿਨ ਤੇਲਾ, ਰਸਨਾ ਨਰ ਨਰਾਇਣ ਜਿਸ ਚੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਸ਼ਬਦ ਚਲਾਏ, ਸੋਹੰ ਵਸਤ ਜਨ ਝੋਲੀ ਪਾਏ, ਮਾਣ ਗਵਾਏ ਅਠਾਰਾਂ ਧਿਆਏ ਗੀਤਾ । ਅਠਾਰਾਂ ਧਿਆਏ ਭਗਤ ਗੁਣਵੰਤੀ । ਕਲਜੁਗ ਸਤਿ ਪੁਰਖ ਸਤਿਵਾਦੀ, ਲੋਕਮਾਤ ਸਤਿ ਰਾਣੀ, ਮਿਲਿਆ ਕਾਹਨਾ ਕ੍ਰਿਸ਼ਨਾ ਕੰਸੀ । ਅਰਜਨ ਗਿਆਨ ਇਕ ਵਖਾਣੀ, ਜੋਤੀ ਜੋਤ ਸਰੂਪ ਹਰਿ,


੪੯੭
੦੪

ਲੋਕਮਾਤ ਹਰਿ ਜੋਤ ਧਰ, ਜਗਤ ਰੀਤ ਵਡ ਪਤਤ ਪੁਨੀਤ ਸਦਾ ਸਦ ਰਿਹਾ ਪਛਾਣੀ । ਗੀਤਾ ਗਿਆਨ ਗੋਝ ਗੁਰਮੰਤ, ਦਵਾਪਰ ਏਕਾ ਅੰਕ ਚਲਾਇਆ । ਭਗਤ ਦਵਾਰੇ ਸਾਚਾ ਮੰਤਰ, ਦੇ ਮਤ ਆਪ ਸਮਝਾਇਆ । ਗੁਰਮੁਖ ਬਣਾਈ ਸਾਚੀ ਬਣਤ, ਕਲਜੁਗ ਸਾਚਾ ਰਾਹ ਵਖਾਇਆ । ਪੰਡਤ ਪਾਂਧੇ ਹਰਿ ਸਮਝਾਇਆ । ਭੇਤ ਖੁਲ੍ਹਾਇਆ ਮਾਤ ਪਤਾਲ, ਗਗਨੰਤਰ ਮਾਤ ਪਤਾਲ ਗਗਨਾ । ਦੀਪਕ ਜੋਤੀ ਏਕਾ ਜਗਣਾ । ਗੁਰਮੁਖ ਵਿਰਲੇ ਸਾਚੇ ਸੰਤ ਜਨ ਸਾਚੇ ਮਾਰਗ ਲੱਗਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਸੋਹੰ ਸ਼ਬਦ ਮੁਖ ਲਗਾਏ ਸਗਨਾ । ਮੁਖ ਸਗਨ ਰਸਨ ਸਵਾਦ । ਗੁਰ ਚਰਨ ਜੋ ਜਨ ਲੱਗਣ, ਕਲਜੁਗ ਮਿਟੇ ਵਿਵਾਦ । ਅੱਠੇ ਪਹਿਰ ਰਹਿਣ ਮਗਨ, ਦੇਵੇ ਨਾਮ ਸਾਚੀ ਦਾਦ । ਆਤਮ ਦੀਪਕ ਜਨ ਭਗਤਾਂ ਜਗਣ, ਸਚ ਰੀਤੀ ਪ੍ਰਭ ਆਦਿ ਜੁਗਾਦਿ । ਬੇਮੁਖ ਚਾਰ ਕੁੰਟ ਭੌਂਦੇ ਨਗਨ, ਆਤਮ ਨਾ ਵਜੇ ਦਰ ਸ਼ਬਦ ਨਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਸਾਚਾ ਸ਼ਬਦ ਇਕ ਡੰਕ ਵਜਾਏ, ਭੇਵ ਖੁਲ੍ਹਾਏ ਬੋਧ ਅਗਾਧ । ਬੋਧ ਅਗਾਧਾ ਹਰਿਜਨ ਜਨਹਰਿ ਰਸਨ ਅਰਾਧਾ । ਕਾਇਆ ਤਨ ਨਾ ਡੋਲੇ ਮਨ, ਭਾਂਡਾ ਭਰਮ ਪ੍ਰਭ ਦੇਵੇ ਭੰਨ, ਪੰਜਾਂ ਚੋਰਾਂ ਲਾਏ ਡੰਨ, ਸਾਚਾ ਸ਼ਬਦ ਉਪਜਾਏ ਨਾਦਾ । ਏਕਾ ਰਾਗ ਸੁਣਾਏ ਕੰਨ, ਗੁਰਮੁਖ ਆਤਮ ਜਾਏ ਮੰਨ, ਪ੍ਰਗਟ ਜੋਤ ਪ੍ਰਭ ਲੋਕਮਾਤ, ਅੰਤਮ ਕਲ ਬੇੜਾ ਜਾਏ ਬੰਨ੍ਹ, ਗੁਰਮੁਖ ਸਾਚੇ ਵਿਰਲੇ ਲਾਧਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨ ਅਰਾਧਾ । ਏਕਾ ਏਕ ਵਰ ਦਰ ਪਾਵੇ, ਦੂਜਾ ਵਸੇ ਸਾਚੇ ਘਰ । ਤੀਜੇ ਗੁਰਸਿਖ ਨੁਹਾਵੇ, ਅੰਮ੍ਰਿਤ ਆਤਮ ਸਾਚੇ ਸਰ । ਚੌਥੇ ਸਾਚੀ ਦਇਆ ਕਮਾਵੇ, ਆਪ ਖੁਲ੍ਹਾਵੇ ਬੰਦ ਕਵਾੜ । ਪੰਚਮ ਜੋਤੀ ਮੇਲ ਮਿਲਾਵੇ, ਜਨ ਭਗਤ ਸ਼ਬਦ ਘੋੜੀ ਜਾਏ ਚੜ੍ਹ । ਛੇ ਸ਼ਾਸਤਰਾਂ ਮਾਣ ਗਵਾਏ, ਸੋਹੰ ਸ਼ਬਦ ਏਕਾ ਅੱਖਰ ਜਾਏ ਪੜ੍ਹ । ਸਤਵਾਂ ਸੱਤ ਦੀਪ ਪ੍ਰਭ ਏਕਾ ਮੇਟ ਮਿਟਾਏ, ਨਾ ਕੋਈ ਸਕੇ ਅੜ । ਅੱਠਵੇਂ ਅੱਠਾਂ ਤੱਤਾਂ ਤਨ ਬਣਾਏ, ਕਾਇਆ ਮੰਦਰ ਇਕ ਸੁਹਾਏ, ਜਗਤ ਵਖਾਏ ਸਾਚਾ ਧੜ । ਨੌਵਾਂ ਨੌਂ ਖੰਡ ਨੌਂ ਦਰ, ਨੌਂ ਨਿਧ ਕਾਰਜ ਕਰੇ ਸਿੱਧ, ਪ੍ਰਭ ਸ਼ਬਦ ਆਤਮ ਜਾਏ ਬਿੱਧ, ਗੁਰਮੁਖ ਸਾਚੇ ਮਾਰਗ ਲਾਵੇ । ਦਸਵੇਂ ਦਹਿ ਦਿਸ਼ ਬੰਦ ਕਰਾਵੇ । ਸ਼ਬਦ ਡੋਰੀ ਮਨ ਬੰਧਾਏ । ਚਰਨ ਕਵਲ ਪ੍ਰੀਤੀ ਜਾਏ ਜੋੜੀ ਲੱਗੀ ਤੋੜ ਨਿਭਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਰ, ਏਕਾ ਏਕ ਰਿਹਾ ਕਰ, ਰਾਓ ਰੰਕ ਏਕਾ ਧਾਮ ਬਹਾਏ । ਏਕਾ ਇਕ ਅਕਾਰ । ਦੂਜੇ ਸ਼ਬਦ ਸਾਚੀ ਧਾਰ । ਤੀਜੇ ਜੋਤ ਜਗੀ ਅਪਾਰ । ਚੌਥੇ ਘਰ ਹਰਿ ਨਰ ਸਚ ਨਿਰੰਕਾਰ । ਪੰਚਮ ਮਿਲੇ ਸਾਚਾ ਵਰ, ਏਕਾ ਦਰ ਸੱਚੇ ਦਰਬਾਰ । ਛੇਵੇਂ ਜਮ ਕਾ ਚੁਕੇ ਡਰ, ਲੱਖ ਚੁਰਾਸੀ ਗੇੜ ਨਿਵਾਰ । ਸਤਵੇਂ ਸਤਿ ਸਤਿਵਾਦੀ ਗੁਰਮੁਖ ਸਾਚਾ ਜਾਏ ਤਰ, ਮੇਲ ਮਿਲਾਵਾ ਹਰਿ ਨਿਰੰਕਾਰ । ਅੱਠਵੇਂ ਅੱਠਾਂ ਤੱਤਾਂ ਮਾਰੇ ਸ਼ਬਦ ਕਟਾਰ । ਨੌਵੇਂ ਸਚ ਘਰ ਆਤਮ ਦੇਵੇ ਨਾਮ ਸੱਚੀ ਵਿਚਾਰ । ਦਸਵੇਂ ਦ੍ਰਿਸ਼ਟ ਕੂਟ ਪ੍ਰਭ ਸਾਚਾ ਖੋਲ੍ਹੇ, ਸ਼ਬਦ ਸਰੂਪੀ ਆਤਮ ਬੋਲੇ, ਜੋਤ ਜਗਾਏ ਗੁਰਮੁਖ ਕਾਇਆ ਮਾਟੀ ਚੋਲੇ, ਰੰਗੇ ਰੰਗ ਇਕ ਅਪਾਰ । ਰੰਗੇ ਰੰਗ ਨਾਮ ਰੰਗੀਲਾ । ਏਕਾ ਰੰਗਣ ਪ੍ਰਭ ਚੜ੍ਹਾਏ, ਸ਼ਬਦ ਜੋਤੀ ਲਾਏ ਭੱਠੀ ਤੀਲਾ । ਦੂਜੇ ਦਰ ਨਾ ਮੰਗਣ ਜਾਏ, ਸ਼ਬਦ ਬਾਣਾ ਤਨ ਪਹਿਨਾਏ, ਸਾਚਾ ਰੰਗ ਆਪ ਰੰਗਾਏ । ਕਲਜੁਗ ਤੇਰਾ ਅੰਤਮ ਨੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਅੰਤ ਖਪਾਏ, ਸਾਚੇ ਸੰਤ ਲਏ ਬਚਾਏ, ਜੀਵ ਜੰਤ ਕਰਨ ਹਾਏ ਹਾਏ,


੪੯੮
੦੪

ਦਿਸ ਨਾ ਆਏ ਅਸਵ ਨੀਲਾ । ਨੀਲਾ ਅਸਵ ਹਰਿ ਅਸਵਾਰਾ । ਚਾਰੋਂ ਕੁੰਟਾਂ ਧੁੰਦੂਕਾਰਾ । ਕਲਜੁਗ ਹੋਏ ਜੀਵ ਗਵਾਰਾ । ਅੰਤਮ ਆਇਆ ਪਾਸਾ ਹਾਰਾ । ਗੁਰਮੁਖ ਵਿਰਲੇ ਰਸਨ ਉਚਾਰਾ । ਮਿਲਿਆ ਪਰਮ ਪੁਰਖ ਪਰਮੇਸ਼ਵਰ, ਅਬਿਨਾਸ਼ੀ ਅਗੋਚਰ ਅਲਖ ਨਿਰੰਜਣ ਨਿਹਕਲੰਕ ਨਰਾਇਣ ਨਰ ਨਿਰੰਕਾਰਾ । ਆਦਿ ਜੁਗਾਦੀ ਵਡ ਬ੍ਰਹਿਮਾਦੀ ਲੋਕਮਾਤ ਖੁਲ੍ਹਾਏ ਸ਼ਬਦ ਸੱਚਾ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ, ਰਾਜੇ ਰਾਣੇ ਕਿਸੇ ਦਿਸ ਨਾ ਆਇਆ । ਵਡ ਵਡ ਸੁਘੜ ਸਿਆਣੇ ਮਾਇਆ ਭਰਮ ਭੁਲਾਇਆ । ਝੂਠੇ ਧੰਦੇ ਮਦਿਰਾ ਮਾਸੀ ਅੰਧੇ ਕਲਜੁਗ ਅੰਤਮ ਲਾਇਆ । ਗੁਰਮੁਖ ਉਪਜਾਏ ਸਾਚੇ ਚੰਦੇ, ਖ਼ੁਸ਼ੀ ਕਰਾਏ ਬੰਦ ਬੰਦੇ ਨਾਮ ਤਿਲਕ ਮਸਤਕ ਲਾਇਆ । ਅੰਤਮ ਅੰਤ ਆਪ ਉਠਾਏ ਆਪਣੇ ਕੰਧੇ, ਮਾਤ ਪਿਤ ਭੈਣ ਭਰਾ ਸਾਕ ਸੱਜਣ ਸੈਣ ਸਭਨਾ ਹੇਤ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਤਮ ਜੋਤੀ ਮੇਲ ਮਿਲਾਇਆ । ਮਿਲਾਏ ਮੇਲ ਨਿਰਗੁਣ ਹਾਰਿਆ । ਜਨ ਭਗਤਾਂ ਸੱਜਣ ਸੁਹੇਲ, ਲੋਕਮਾਤ ਆਵੇ ਜਾਵੇ ਵਾਰੋ ਵਾਰਿਆ । ਆਪੇ ਗੁਰ ਆਪੇ ਚੇਲ, ਖੇਲ ਕਰੇ ਅਪਰ ਅਪਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵੱਜਾ ਡੰਕ, ਰਾਓ ਰੰਕ ਸਰਬ ਸੁਣਾ ਰਿਹਾ । ਅੰਮ੍ਰਿਤ ਸਾਚਾ ਸੀਰ ਰੋਗ ਗਵਾਇੰਦਾ । ਕਾਇਆ ਕੱਢੇ ਹਉਮੇ ਪੀੜ, ਸ਼ਬਦ ਧੀਰ ਧਰਾਇੰਦਾ । ਸਾਚੇ ਦਰ ਏਕਾ ਹਸਤ ਕੀੜ, ਊਚ ਨੀਚ ਜਾਤ ਪਾਤ ਸਰਬ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਾਚਾ ਜਾਮ ਪਿਲਾਇੰਦਾ । ਅੰਮ੍ਰਿਤ ਧਾਰ ਠੰਡੀ ਠਾਰ । ਜਨ ਭਗਤਾਂ ਰਿਹਾ ਪੈਜ ਸਵਾਰ । ਮਨਮੁਖ ਭੁੱਲੇ ਮਾਇਆ ਰੁਲੇ ਮੂਰਖ ਮੁਗਧ ਮੂੜ੍ਹ ਗਵਾਰ । ਹਰਿ ਭੰਡਾਰੇ ਸਦਾ ਖੁਲ੍ਹੇ, ਦੇਵਣਹਾਰ ਹਰਿ ਨਿਰੰਕਾਰ । ਗੁਰਮੁਖ ਵਿਰਲਾ ਪੂਰੇ ਤੋਲ ਤੁਲੇ, ਰਸਨਾ ਗਾਏ ਸ਼ਬਦ ਜੈਕਾਰ । ਚਰਨ ਪ੍ਰੀਤੀ ਘੋਲ ਘੁਲੇ, ਮਾਣ ਮੋਹ ਜਾਏ ਹੰਕਾਰ । ਆਤਮ ਦਰ ਸਾਚਾ ਖੁਲ੍ਹੇ, ਸਾਚੀ ਜੋਤ ਕਰੇ ਅਕਾਰ । ਪ੍ਰਭ ਦਰ ਜਨ ਆਇਣ ਭੁਲੇ, ਗੁਰ ਸੰਗਤ ਸੰਗ ਜਾਏ ਤਾਰ । ਬੁਝੇ ਅਗਨ ਲੱਗੀ ਕਾਇਆ ਕੁੱਲੇ, ਤਨ ਪੇਟਾ ਜਾਏ ਅਫਾਰ । ਸਾਚਾ ਫਲ ਲੋਕਮਾਤ ਨਾ ਹੁਲੇ, ਲੱਗੇ ਕਾਇਆ ਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਮੁਖ ਚੁਆਏ, ਦੁਬਧਾ ਮੈਲ ਸਰਬ ਗਵਾਏ ਦੇਵੇ ਨਾਮ ਅਧਾਰ । ਅੰਮ੍ਰਿਤ ਬੂੰਦ ਸਵਾਂਤ ਪ੍ਰਭ ਪਿਲਾਇੰਦਾ । ਮਿਟੇ ਅੰਧੇਰੀ ਰਾਤ, ਏਕਾ ਜੋਤੀ ਹਰਿ ਜਗਾਇੰਦਾ । ਗੁਰਮੁਖ ਆਤਮ ਵੇਖ ਮਾਰ ਝਾਤ, ਸਾਚੀ ਸੇਜਾ ਆਸਣ ਲਾਇੰਦਾ । ਬੈਠਾ ਰਹੇ ਸਦਾ ਇਕਾਂਤ, ਦਸਵੇਂ ਦਰ ਹਰਿ ਸਮਾਇੰਦਾ । ਏਕਾ ਦੇਵੇ ਅੰਮ੍ਰਿਤ ਬੂੰਦ ਸਵਾਂਤ, ਆਤਮ ਤ੍ਰਿਖਾ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਕਾਇਆ ਰੋਗ ਚਿੰਤਾ ਸੋਗ ਜਗਤ ਵਿਜੋਗ ਸਰਬ ਗਵਾਇੰਦਾ । ਅੰਮ੍ਰਿਤ ਆਤਮ ਸਾਚੀ ਧਾਰਾ । ਸਰ ਸਰੋਵਰ ਠੰਡੀ ਠਾਰਾ । ਗੁਰਮੁਖ ਵਿਰਲਾ ਪਾਵੇ ਸਾਚੇ ਤੀਰਥ ਨੁਹਾਵੇ, ਖੋਲ੍ਹੇ ਬੰਦ ਕਵਾੜਾ । ਹਰਿ ਅਨਾਦੀ ਸਦ ਬ੍ਰਹਿਮਾਦੀ ਰਸਨਾ ਗਾਵੇ, ਤੱਤੀ ਵਾ ਨਾ ਲੱਗੇ ਹਾੜਾ । ਹਰਿ ਦਰ ਘਰ ਮੰਗਲ ਗਾਵੇ, ਜੰਗਲ ਜੂਹ ਵਿਚ ਉਜਾੜ ਪਹਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਇਕ ਬਲੋਏ, ਦੁਰਮਤ ਮੈਲ ਪਾਪਾਂ ਧੋਏ, ਅਵਰ ਨਾ ਜਾਣੇ ਕੋਇ, ਕਰੇ ਰੁਸ਼ਨਾਏ ਬਹੱਤਰ ਨਾੜਾਂ । ਕਾਇਆ ਕੋਟ ਦਰ ਦਰਵੇਸ਼ਾ । ਵੱਜੇ ਸ਼ਬਦ ਚੋਟ, ਗੁਰ ਚਰਨ ਭਰਵਾਸਾ । ਪ੍ਰਭ ਕੱਢੇ ਝੂਠਾ ਖੋਟ, ਰਹਿਣ ਨਾ ਦੇਵੇ ਤੋਲਾ ਮਾਸਾ । ਜਨ ਹੋਏ ਨਿਮਾਣਾ ਆਲ੍ਹਣਿਉਂ ਡਿੱਗਾ ਬੋਟ, ਚਾਰੋਂ ਕੁੰਟ ਫਿਰੇ ਨਿਰਾਸਾ । ਸਚ ਸ਼ਬਦ ਜਨ ਰਸਨਾ

੫੦੦
੦੪

ਗਾਏ, ਨਿਜ ਘਰ ਆਤਮ ਰੱਖੇ ਵਾਸਾ । ਕਾਇਆ ਬੰਧਨ ਸਰਬ ਤੁੜਾਏ, ਮਾਨਸ ਜਨਮ ਕਰਾਏ ਰਾਸਾ । ਦੁੱਖ ਦਰਦ ਰਹੇ ਨਾ ਰਾਏ, ਜੋ ਜਨ ਤਜਾਏ ਮਦਿਰਾ ਮਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਭਰਵਾਸਾ । ਹਾਕਨ ਡਾਕਨ ਸਿਰ ਮੁੰਡਵਾਏ । ਸ਼ਾਰ ਖੁਰੀ ਪ੍ਰਭ ਬਾਹਰ ਕਢਾਏ । ਨਿਰੰਦਰੀ ਨੇਸਰੀ ਕੇਸਰੀ ਦਰ ਦੁਰਕਾਏ । ਇਜੀਆ ਬਿਜੀਆ ਬਸੋਧਰੀ ਸ਼ਬਦ ਮਾਰ ਕਰਾਏ । ਅੰਚਨੀ ਕੰਚਨੀ ਨਿਰੰਚਨੀ ਜਲ ਧਾਰ ਵਹਾਏ । ਪਸ਼ੂ ਪ੍ਰੇਤਾਂ ਮਾਰ ਕਰ, ਸ਼ਬਦ ਡੰਡਾ ਮਗਰ ਲਗਾਏ । ਸਾਚੇ ਦਰ ਖੁਆਰ ਕਰ, ਹੱਡ ਨਾੜੀ ਪਿੰਜਰ ਮਾਸ ਕਢਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਦੁੱਖੜਾ ਨਾਸ ਕਰਾਏ । ਸੱਚੇ ਸ਼ਬਦ ਵਰਤਾਰ ਹਰਿ ਭੰਡਾਰ ਹੈ । ਜਨ ਭਗਤਾਂ ਦੇਵੇ ਵਾਰੋ ਵਾਰ, ਵਿਚ ਸੰਸਾਰ ਹੈ । ਗੁਰਮੁਖ ਵਿਰਲਾ ਉਤਰੇ ਪਾਰ, ਬੇਮੁਖ ਰਹੇ ਝੱਖ ਮਾਰ ਹੈ । ਸਾਚਾ ਸ਼ਬਦ ਤਨ ਕਰੇ ਸੋਲਾਂ ਸ਼ਿੰਗਾਰ, ਲੱਖ ਚੁਰਾਸੀ ਵਿਚੋਂ ਕੀਨਾ ਵੱਖ ਹੈ । ਮਾਨਸ ਜਨਮ ਨਾ ਆਏ ਹਾਰ, ਸਚ ਪੂਤ ਪ੍ਰਭ ਸਾਚਾ ਲਏ ਰੱਖ ਹੈ । ਹਰਿ ਕੰਤ ਸੁਹੇਲਾ ਗੁਰਮੁਖ ਸਾਚੀ ਨਾਰ, ਪ੍ਰਗਟ ਹੋਏ ਸਦਾ ਪ੍ਰਤੱਖ ਹੈ । ਪੰਜਾਂ ਚੋਰਾਂ ਦੇਵੇ ਮਾਰ, ਕਰੇ ਕਾਇਆ ਠੰਡੀ ਠਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਦਾਨ ਗੁਰਮੁਖਾਂ ਸਾਚੀ ਵਥ ਹੈ । ਸ਼ਬਦ ਘਨਘੋਰ ਆਤਮ ਜੋਤੀ । ਹਰਿ ਬਿਨ ਅਵਰ ਨਾ ਦੀਸੇ ਹੋਰ, ਏਕਾ ਨਾਮ ਅਨਮੁੱਲੜਾ ਲੋਕਮਾਤ ਮਾਣਕ ਮੋਤੀ । ਗੁਰਮੁਖ ਸਾਚਾ ਪੂਰੇ ਤੋਲ ਤੁਲੜਾ, ਦੁਰਮਤ ਮੈਲ ਪਾਪਾਂ ਧੋਤੀ । ਭਾਗ ਲਗਾਏ ਕਾਇਆ ਕੁੱਲੜਾ, ਭੇਵ ਚੁਕਾਏ ਵਰਨ ਗੋਤੀ । ਪੁਰਖ ਅਬਿਨਾਸ਼ੀ ਦਰ ਦਵਾਰਾ ਸਦਾ ਖੁਲ੍ਹੜਾ, ਆਤਮ ਜਗਾਏ ਗੁਰਮੁਖ ਸੋਤੀ । ਦਰ ਸਾਚੇ ਕੋਈ ਨਾ ਲੱਗੇ ਮੁੱਲੜਾ, ਜੋਤੀ ਜੋਤ ਸਰੂਪ ਹਰਿ, ਨਾਮ ਦੇਵੇ ਸਾਚਾ ਹਰਿ, ਜੋ ਜਨ ਆਏ ਚਲ ਦਵਾਰ ਲੱਖ ਚੁਰਾਸੀ ਰਹੀ ਰੋਤੀ । ਲੱਖ ਚੁਰਾਸੀ ਹਾਹਾਕਾਰ । ਭੁੱਲਿਆ ਏਕਾ ਏਕ ਹਰਿ ਨਿਰੰਕਾਰ । ਜਨ ਭਗਤ ਪ੍ਰਭ ਸਾਚੀ ਚਰਨ ਟੇਕ, ਸਾਚਾ ਦਿਸੇ ਇਕ ਦਰਬਾਰ । ਕਾਇਆ ਕਰੇ ਬੁੱਧ ਬਬੇਕ, ਸਾਚੀ ਜੋਤੀ ਨੂਰ ਅਕਾਰ । ਕਲਜੁਗ ਮਾਇਆ ਲੱਗੇ ਨਾ ਅਗਨ ਸੇਕ, ਦੇਵੇ ਦਰਸ ਦਰ ਦਾਤਾਰ । ਜੋਤੀ ਜੋਤ ਸਰੂਪ ਹਰਿ, ਨਾਮ ਦੇਵੇ ਸਾਚਾ ਵਰ, ਜੋ ਜਨ ਆਏ ਮੰਗਣ ਦਰ, ਭਰਮ ਭੁਲੇਖੇ ਜਗਤ ਨਿਵਾਰ । ਭਰਮ ਭੁਲੇਖਾ ਜਗਤ ਚੁਕਾਉਣਾ । ਸਾਚਾ ਲੇਖਾ ਵਿਚ ਮਾਤ ਚੁਕਾਵਣਾ । ਕਲਜੁਗ ਜੀਵ ਪ੍ਰਭ ਰਹੇ ਵੇਖੀ ਵੇਖਾ, ਵੇਲਾ ਗਿਆ ਹੱਥ ਨਾ ਆਉਣਾ । ਜੋਤੀ ਜੋਤ ਸਰੂਪ ਹਰਿ, ਪ੍ਰਭ ਧਾਰੇ ਭੇਖਾ, ਸ਼ਬਦ ਸਰੂਪੀ ਡੰਕ ਵਜਾਉਣਾ । ਜਨ ਭਗਤ ਲਾਏ ਸ਼ਬਦ ਮੇਖ, ਰਾਓ ਰੰਕ ਸਰਬ ਭੁਲਾਣਾ । ਗੁਰਮੁਖ ਸਾਚਾ ਨੈਣ ਨੇਤਰ ਲੋਇਣ ਤੀਜੇ ਲੈਣਾ ਵੇਖ, ਦਸਮ ਦਵਾਰੀ ਭੇਖ ਚੁਕਾਉਣਾ । ਕਿਸੇ ਹੱਥ ਨਾ ਆਏ ਔਲੀਆ ਪੀਰ ਸ਼ੇਖ਼, ਸਾਚੇ ਸੰਤ ਹਰਿ ਸਾਚਾ ਰਾਹ ਵਖਾਉਣਾ । ਕਲਜੁਗ ਮਿਟਾਏ ਤੇਰੀ ਅੰਤਮ ਰੇਖ, ਸਤਿਜੁਗ ਸਾਚਾ ਮਾਤ ਲਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਪਿਤ ਭਗਤ ਸਹਾਈ, ਆਦਿ ਅੰਤ ਜੁਗਾ ਜੁਗੰਤ ਸਾਚੇ ਕੰਤ ਨਾਤਾ ਚਰਨ ਬੰਧਾਉਣਾ । ਚਰਨ ਨਾਤਾ ਜਗਤ ਪ੍ਰੀਤ । ਪੁਰਖ ਅਬਿਨਾਸ਼ੀ ਕਿਸੇ ਨਾ ਮਿਲੇ ਵਿਚ ਮੰਦਰ ਮਸੀਤ । ਜੋ ਜਨ ਖੋਜੇ ਕਾਇਆ ਅੰਦਰ, ਜਾਏ ਜਗਤ ਕਲ ਜੀਤ । ਹਰਿ ਵਸੇ ਡੂੰਘੇ ਕੰਦਰ, ਅੱਠੇ ਪਹਿਰ ਪਰਖੇ ਨੀਤ । ਜਨ ਭਗਤਾਂ ਤੋੜੇ ਆਤਮ ਵੱਜਾ ਜੰਦਰ, ਏਕਾ ਸੁਣਾਏ ਸ਼ਬਦ ਸੁਹਾਗੀ ਗੀਤ । ਬੇਮੁਖ ਭੌਂਦੇ ਦਰ ਦਰ ਬੰਦਰ, ਦੁਰਮਤ ਦੇਹ ਨਾ ਹੋਈ ਪੁਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਚਾ ਰਸਨਾ ਲਏ ਚੀਤ । ਰਸਨਾ ਚੀਤਾ ਹਰਿ ਸਾਜਨ ਮੀਤਾ ।

ਕਾਇਆ ਹੋਏ ਪਤਤ ਪੁਨੀਤਾ । ਮੇਲ ਮਿਲਾਵਾ ਹਰਿ ਸਾਚੇ ਮੀਤਾ । ਜਗਤ ਵਕਤ ਭਗਤ ਸੁਹਾਵਾ, ਭਗਤ ਭਗਵੰਤ ਏਕਾ ਰੀਤਾ । ਸਦਾ ਸਦਾ ਰੱਖੇ ਠੰਡੀ ਛਾਵਾਂ, ਕਾਇਆ ਕਰੇ ਸੀਤਲ ਸੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਨ ਬਰਨ ਸਚ ਸਰਨ, ਊਚ ਨੀਚ ਜਾਤ ਪਾਤ ਭੈਣ ਭਰਾਤ ਏਕਾ ਕੀਤਾ । ਊਚ ਨੀਚ ਜਾਤ ਪਾਤੀ । ਮਿਲਿਆ ਹਰਿ ਪ੍ਰਭ ਕਮਲਾਪਾਤੀ । ਲੋਕਮਾਤ ਖੁਲ੍ਹਾਇਆ ਸਾਚਾ ਦਰ, ਦੇਵੇ ਨਾਮ ਸਾਚੀ ਦਾਤੀ । ਬੇਮੁਖਾਂ ਦਰ ਆਏ ਡਰ, ਆਤਮ ਅੰਧੇਰ ਕਲਜੁਗ ਕਾਲੀ ਰਾਤੀ । ਜਨ ਭਗਤਾਂ ਖੋਲ੍ਹੇ ਆਤਮ ਸਰ, ਅੰਮ੍ਰਿਤ ਬੂੰਦ ਪਿਆਏ ਸਵਾਂਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ, ਲੱਖ ਚੁਰਾਸੀ ਫੰਦ ਕਟਾਤੀ । ਕਟੇ ਫੰਦਨ ਹਰਿ ਨਿਰੰਕਾਰਾ । ਕਰੇ ਬੰਦਨ, ਦੋਏ ਜੋੜ ਚਰਨ ਨਿਮਸਕਾਰਾ । ਝੂਠੀ ਕਾਇਆ ਕੱਚੇ ਤੰਦਨ, ਤੋੜੇ ਜੋੜੇ ਜੋੜ ਵਿਛੋੜੇ, ਹਰਿ ਤੋੜਨਹਾਰਾ । ਜਨ ਭਗਤਾਂ ਉਪਜਾਏ ਗੁਰਸਿਖ ਜੀਉਂ ਪਰਭਾਸੇ ਚੰਦਨ, ਸ਼ਬਦ ਕਰੇ ਤਨ ਸ਼ਿੰਗਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗੋ ਜੁਗ ਲੋਕਮਾਤ ਲਏ ਅਵਤਾਰਾ । ਲੋਕਮਾਤ ਹਰਿ ਅਵਤਰਿਆ । ਗੁਰਮੁਖ ਵਿਰਲਾ ਮਾਰੇ ਆਤਮ ਝਾਤ, ਜਿਸ ਜਨ ਖੋਲ੍ਹੇ ਸਾਚਾ ਦਰਿਆ । ਮਿਟੇ ਕਾਇਆ ਰੈਣ ਅੰਧੇਰੀ ਰਾਤ, ਜੋਤੀ ਨੂਰ ਸਾਚਾ ਧਰਿਆ । ਆਪੇ ਬਣੇ ਪਿਤ ਮਾਤ, ਪੁਰਖ ਅਬਿਨਾਸ਼ੀ ਜਿਸ ਜਨ ਵਰਿਆ । ਸ਼ਬਦ ਦੇਵੇ ਸਾਚੀ ਦਾਤ, ਵਡ ਕਰਾਮਾਤ ਭਾਗ ਲਗਾਵੇ ਘਰ ਘਰ ਸਾਚੇ ਘਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰ ਭਗਤ ਵਰਤਾਰ ਹਰਿ ਨਿਰੰਕਾਰ, ਏਕਾ ਏਕ ਜਨ ਚਰਨ ਟੇਕ, ਇਕ ਨੁਹਾਏ ਆਤਮ ਅੰਮ੍ਰਿਤ ਸਾਚੇ ਸਰਿਆ । ਅੰਮ੍ਰਿਤ ਆਤਮ ਠੰਡਾ ਠਾਰ, ਗੁਰਮੁਖ ਵਿਰਲਾ ਨੁਹਾਏ, ਦਰ ਘਰ ਚਰਨ ਪਿਆਰਾ । ਲੱਖ ਚੁਰਾਸੀ ਗੇੜ ਕਟਾਏ, ਆਵਣ ਜਾਵਣ ਮਿੱਟੇ ਸੰਸਾਰਾ । ਧਰਮ ਰਾਏ ਨਾ ਡੰਨ ਲਗਾਏ, ਦੇਵੇ ਦਰਸ ਅਗੰਮ ਅਪਾਰਾ । ਸਾਚਾ ਸ਼ਬਦ ਕੰਨ ਸੁਣਾਏ, ਜੋਤੀ ਦੀਪਕ ਕਰ ਉਜਿਆਰਾ । ਭਾਂਡਾ ਭਰਮ ਭਉ ਪ੍ਰਭ ਭੰਨ ਵਖਾਏ, ਮਾਰੇ ਸ਼ਬਦ ਖੰਡਾ ਦੋ ਧਾਰਾ । ਗੁਰਮੁਖ ਸਾਚੇ ਲੋਕਮਾਤ ਸਾਚੇ ਚੰਦ ਚੜ੍ਹਾਏ, ਤਿੰਨਾਂ ਲੋਆਂ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘੜਨ ਭੰਨਣਹਾਰ ਦਾਤਾਰ ਨਰ ਨਿਰੰਕਾਰ, ਵੇਖੇ ਵਿਗਸੇ ਕਰੇ ਵਿਚਾਰ । ਵੇਖ ਵਿਚਾਰੇ ਸਦਾ ਅਡੋਲੇ । ਸਦ ਵਸੇ ਕਾਇਆ ਪੜਦੇ ਓਹਲੇ । ਗੁਰਮੁਖਾਂ ਸਾਚਾ ਰਾਹ ਦੱਸੇ, ਸ਼ਬਦ ਸਰੂਪੀ ਬਾਣੀ ਅਨਹਦ ਬੋਲੇ । ਏਕਾ ਤੀਰ ਸਾਚਾ ਕਸੇ, ਦਸਮ ਦਵਾਰੀ ਪੜਦਾ ਖੋਲ੍ਹੇ । ਜਨ ਭਗਤ ਭਗਤ ਜਨ, ਗੁਰ ਗੋਬਿੰਦ ਗੋਬਿੰਦ ਗੁਰ, ਆਤਮ ਸੇਜਾ ਬਹਿ ਬਹਿ ਹੱਸੇ, ਭਾਗ ਲਗਾਏ ਕਾਇਆ ਚੋਲੇ । ਆਤਮ ਜੋਤੀ ਨੂਰ ਪ੍ਰਕਾਸ਼ ਕੋਟ ਰਵ ਸਸੇ, ਕਿਰਪਾ ਕਰੇ ਸੰਪੂਰਨ ਕਲਾ ਸੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਦਾ ਸਦਾ ਵਸੇ ਕੋਲੇ । ਵਸੇ ਕੋਲ ਨੇਰਨ ਨੇਰਾ । ਤੋਲੇ ਪੂਰੇ ਤੋਲ, ਢਾਹੇ ਭਰਮਾਂ ਡੇਰਾ । ਗੁਰਮੁਖ ਸਾਚਾ ਕਦੇ ਨਾ ਜਾਏ ਡੋਲ, ਨਰ ਹਰਿ ਹਰਿ ਨਰ ਕਰੇ ਸਚ ਨਿਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਕਰੇ ਬੰਦ ਖ਼ਲਾਸੀ ਘਨਕਪੁਰ ਵਾਸੀ, ਇਕ ਵਸਾਏ ਗੁਰਮੁਖ ਕਾਇਆ ਨਗਰ ਖੇੜਾ । ਗਣ ਗੰਧਰਬ ਕਰੋੜ ਤੇਤੀਸਾ । ਸੰਗ ਰਲਾਏ ਮੂਸਾ ਈਸਾ । ਭੇਵ ਚੁਕਾਏ ਹਰਿ ਬੀਸ ਇਕੀਸਾ । ਦਰ ਘਰ ਸਾਚੇ ਸਾਚੀ ਸੇਵ ਲਗਾਏ, ਏਕਾ ਝੁਲਾਏ ਛਤਰ ਸੀਸਾ । ਵਡ ਦੇਵੀ ਦੇਵ ਹਰਿ ਆਪ ਅਖਵਾਏ, ਨਾ ਕਰੇ ਕੋਈ ਮਾਤਲੋਕ ਰੀਸਾ । ਸ਼ਬਦ ਡੰਕ ਇਕ ਵਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਝੂਠਾ ਪੀਸਣ ਮਾਤ ਪੀਸਾ । ਦੇਵੀ ਦੇਵ ਧਰਮ ਦਵਾਰ ।

੫੦੧
੦੪

ਪੁਰੀ ਇੰਦਰ ਹਾਹਾਕਾਰ । ਛੋਟੇ ਬਾਲੇ ਤੋੜਿਆ ਜਿੰਦਾ, ਆਤਮ ਤੁੱਟਾ ਸਰਬ ਹੰਕਾਰ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਵਡ ਮਰਗਿੰਦਾ, ਸੋਲਾਂ ਕਰ ਤਨ ਸ਼ਿੰਗਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਪਰ ਅਪਾਰ । ਦੇਵੀ ਦੇਵਤ ਸੁਰਪਤ ਰਾਜਾ ਇੰਦ । ਅੱਠੇ ਪਹਿਰ ਦਿਵਸ ਰੈਣ ਨਰ ਨਰਾਇਣ, ਨਾ ਉਤਰੇ ਮਨ ਕੀ ਚਿੰਦ । ਮੇਲ ਮਿਲਾਵਾ ਹਰਿ ਮਰਗਿੰਦ । ਕੋਇ ਨਾ ਪਾਏ ਮਾਤਲੋਕ ਭੇਵਤ, ਪ੍ਰਗਟ ਹੋਏ ਪ੍ਰਭ ਵਿਚ ਹਿੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਵਹਿੰਦੀ ਧਾਰ ਵਹਾਏ, ਜਿਉਂ ਸਾਗਰ ਸਿੰਧ । ਦੇਵੀ ਦੇਵਤ ਗੰਧਰਬ ਗਨ, ਸ਼ਬਦ ਡੰਡਾ ਲਗਾ ਤਨ । ਕਲਜੁਗ ਤੇਰਾ ਅੰਤਮ ਕੰਢਾ, ਸ਼ਿਵ ਸ਼ੰਕਰ ਪ੍ਰਭ ਲਾਏ ਡੰਨ । ਜਗੇ ਜੋਤ ਵਿਚ ਵਰਭੰਡ, ਗੁਰਮੁਖਾਂ ਸ਼ਬਦ ਸੁਣਾਏ ਕੰਨ । ਬੇਮੁਖ ਦਰ ਦਰ ਘਰ ਘਰ ਪਾਉਂਦੇ ਫਿਰਨ ਡੰਡ, ਕੋਇ ਨਾ ਕੱਢੇ ਆਤਮ ਜੰਨ । ਕਾਇਆ ਆਤਮ ਜਗਤ ਦੁਹਾਗਣ, ਭਾਂਡਾ ਭਰਮ ਨਾ ਕੋਈ ਦੇਵੇ ਭੰਨ । ਏਕਾ ਚਲੇ ਸੋਹੰ ਚੰਡ ਪ੍ਰਚੰਡ, ਸ੍ਰਿਸ਼ਟ ਸਬਾਈ ਕਰੇ ਖੰਨ ਖੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਜੀਆ ਦਾਨ, ਗੁਰਮੁਖ ਸਾਚਾ ਰਸਨਾ ਕਹੇ ਧੰਨ ਧੰਨ । ਕਰੋੜ ਤੇਤੀਸ ਦਰ ਦਰਬਾਰਾ । ਦੋਏ ਜੋੜ ਚਰਨ ਸਰਨ ਕਰੇ ਨਿਮਸਕਾਰਾ । ਮੇਲ ਮਿਲਾਵਾ ਪ੍ਰਭ ਸਾਚਾ ਤਰਨੀ ਤਰਨ, ਮੰਗਦੇ ਰਹਿਣ ਇਕ ਦਵਾਰਾ । ਦਰ ਘਰ ਸਾਚੇ ਮਿਲੇ ਨਾ ਬਹਿਣ, ਭੋਗ ਅਪਛਰਾਂ ਦੁੱਖ ਲੱਗਾ ਭਾਰਾ । ਕਲਜੁਗ ਔਖਾ ਹੋਇਆ ਭਾਣਾ ਸਹਿਣ, ਨਿਹਕਲੰਕ ਲਏ ਅਵਤਾਰਾ । ਨਾ ਕੋਈ ਮਾਤ ਪਿਤ ਭਾਈ ਭੈਣ, ਭਰਾ ਹਿਤ ਕੰਤ ਪਿਆਰਾ । ਦਰਸ ਦਿਖਾਵੇ ਤੀਜੇ ਨੈਣ, ਆਤਮ ਖੋਲ੍ਹੇ ਬੰਦ ਕਿਵਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਅੰਤਮ ਕਲ ਆਪ ਚਬਾਏ ਆਪਣੀ ਦਾੜ੍ਹਾ । ਪੁਰੀ ਇੰਦਰ ਰਾਜ ਜੋਗ । ਝੂਠੇ ਹੋਏ ਰਸਨਾ ਭੋਗ । ਕਲਜੁਗ ਤੇਰਾ ਅੰਤਮ ਇਕ ਵਿਜੋਗ । ਮਾਇਆ ਰਾਣੀ ਵਡ ਜ਼ਰਵਾਣੀ, ਪਾਪਾਂ ਢਾਹਿਆ ਡੇਰਾ, ਹਉਮੇ ਲੱਗਾ ਰੋਗ । ਘਰ ਘਰ ਦਿਸੇ ਤੇਰਾ ਮੇਰਾ ਧੁਰ ਸੰਜੋਗ । ਚਾਰੋਂ ਕੁੰਟ ਰੈਣ ਅੰਧੇਰਾ, ਰਸਨਾ ਰਸ ਰਹੇ ਝੂਠੇ ਭੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਪਾਇਆ ਘੇਰਾ, ਕਿਸੇ ਨਾ ਦੀਸੇ ਸੰਝ ਸਵੇਰ, ਸ਼ਬਦ ਬੰਨ੍ਹੇ ਤਿੰਨੇ ਲੋਕ । ਪੁਰੀ ਇੰਦਰ ਤਖ਼ਤ ਤਾਜ । ਝੂਠਾ ਦਿਸੇ ਅੰਤਮ ਕਲ ਸਾਜ ਬਾਜ । ਪ੍ਰਭ ਕਾ ਭਾਣਾ ਨਾ ਜਾਏ ਟਲ, ਕਿਸੇ ਨਾ ਦਿਸੇ ਸਿਰ ਤੇ ਤਾਜ । ਜਗਤ ਭੁਲਾਏ ਕਰ ਵਲ ਛਲ, ਧਰੇ ਜੋਤ ਵਿਚ ਦੇਸ ਮਾਝ । ਨਿਹਚਲ ਧਾਮ ਇਕ ਅਟਲ, ਸ਼ਬਦ ਸਰੂਪੀ ਕਰੇ ਕਾਜ । ਸ਼ਬਦ ਸਰੂਪੀ ਚਲਾਏ ਹਲ, ਤਿੰਨਾਂ ਲੋਕਾਂ ਏਕਾ ਰੱਖੇ ਸਾਂਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਬੇਮੁਹਾਨਿਆਂ ਵਡ ਜ਼ਰਵਾਨਿਆਂ, ਰਾਜੇ ਰਾਨਿਆਂ ਵਡ ਸ਼ਾਹ ਸੁਲਤਾਨਿਆਂ, ਅੰਤਮ ਖੋਲ੍ਹੇ ਪਾਜ । ਪੁਰੀ ਇੰਦਰ ਸੱਚੀ ਰਾਸ । ਏਕਾ ਦਰ ਏਕਾ ਘਰ, ਕਰੋੜ ਤੇਤੀਸਾ ਵਾਸ । ਰਾਜੇ ਬਲ ਦੀਆ ਵਰ, ਇਕ ਤਜਾਇਆ ਮਦਿਰਾ ਮਾਸ । ਮੋਹਣੀ ਰੂਪ ਧਾਰ ਘੜੀ ਘੜੀ ਪਲ ਪਲ, ਕਰੇ ਖੇਲ ਮਾਤ ਪਤਾਲ ਅਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਵਛਲ ਗੁਣ ਨਿਧਾਨ, ਸੋਹੰ ਦੇਵੇ ਸਾਚਾ ਜਾਪ ਵਡ ਪ੍ਰਤਾਪ, ਗੁਰਮੁਖ ਗਾਏ ਰਸਨ ਸਵਾਸ ਸਵਾਸ । ਕਰੋੜ ਤੇਤੀਸਾ ਸਰਬ ਗੁਣਵੰਤਾ । ਨਾ ਮੇਲ ਮਿਲਾਵਾ ਸਾਚੇ ਕੰਤਾ । ਸੁਰਪਤ ਰਾਜਾ ਇੰਦ ਹੋਏ ਨਿਥਾਵਾਂ, ਲੱਖ ਚੁਰਾਸੀ ਵੇਖੇ ਜੰਤਾ । ਜਨ ਭਗਤਾਂ ਦੇਵੇ ਠੰਡੀਆਂ ਛਾਵਾਂ, ਆਪ ਬਣਾਏ ਬਣਤਾ । ਅੰਮ੍ਰਿਤ ਪਿਆਏ ਸੀਰ ਜਿਉਂ ਪੁੱਤਰ ਮਾਵਾਂ, ਅਲਖ ਅਭੇਵ ਆਦਿਨ ਅੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਦਵਾਏ ਚਰਨ

੫੦੨
੦੪

੫੦੩ ੦੪

ਲਗਾਏ, ਬਜ਼ਰ ਕਪਾਟੀ ਖੋਲ੍ਹ ਵਖਾਏ ਸਾਚੇ ਸੰਤਾ । ਏਕਾ ਦਸੇ ਕਾਇਆ ਤੀਰਥ ਆਤਮ ਤਾਟੀ । ਅਠ ਸਠ ਤੀਰਥ ਮਾਣ ਗਵਾਏ, ਰਸਨਾ ਰੱਸ ਏਕਾ ਚਾਟੀ । ਜਗੇ ਜੋਤ ਕਾਇਆ ਮਾਟੀ ਸਾਚਾ ਸ਼ਬਦ ਹਰਿ ਸੁਣਾਏ, ਅੱਗੇ ਨੇੜੇ ਆਈ ਵਾਟੀ । ਗੁਰਮੁਖਾਂ ਦਿਸੇ ਇਕੋ ਘਾਟੀ । ਫੜ ਫੜ ਬਾਹੋਂ ਪਾਰ ਲੰਘਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕੀ ਅੰਤਮ ਕਲ ਜਾਮਾ ਪਾਏ । ਇੰਦ ਇੰਦ੍ਰਾਸਣ ਦਰ ਦਰਵਾਜੇ । ਸਿੰਘ ਸਿੰਘਾਸਣ ਹਰਿ ਆਪ ਬਿਰਾਜੇ । ਸ੍ਰਿਸ਼ਟ ਸਬਾਈ ਅੰਤ ਵਿਨਾਸੇ, ਘਰ ਘਰ ਝੂਠੇ ਸਾਜਨ ਸਾਜੇ । ਅੰਤ ਮਿਟਾਏ ਮਦਿਰਾ ਮਾਸੀ, ਮਾਣ ਗਵਾਏ ਵਡ ਰਾਜਨ ਰਾਜੇ । ਸੋਹੰ ਸ਼ਬਦ ਜਪਾਏ ਸਵਾਸ ਸਵਾਸੀ, ਪ੍ਰਗਟ ਜੋਤ ਵਿਚ ਦੇਸ ਮਾਝੇ । ਸ਼ਬਦ ਸਰੂਪੀ ਮਾਰੇ ਅਵਾਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਸ਼ਬਦ ਅਸਵਾਰਾ, ਪਵਣ ਜੋਤ ਅਧਾਰਾ, ਆਪ ਸਵਾਰੇ ਆਪਣਾ ਕਾਜੇ । ਪੁਰੀ ਇੰਦ ਸਚ ਤਖ਼ਤ ਸੁਲਤਾਨ । ਲਿਖਾਏ ਲਿਖਤ ਸ੍ਰੀ ਭਗਵਾਨ । ਗੁਰਮੁਖ ਸਾਚੇ ਪੂਰੀ ਲਈ ਮਾਤ ਸਿਖਤ, ਬਣੇ ਵਿਚ ਮਾਤ ਬਲਵਾਨ । ਏਕਾ ਲੱਗੀ ਨਾਮ ਮਿਖਤ, ਲਗਾਏ ਵਾਲੀ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਏ ਧਰਮ ਚਲਾਏ, ਮਾਨਸ ਜਨਮ ਸੁਫ਼ਲ ਕਰਾਏ ਵਿਚ ਜਹਾਨ । ਪੰਚਮ ਭਏ ਪ੍ਰਭ ਅਨੰਦਾ । ਲੋਕਮਾਤ ਚੜ੍ਹਾਏ ਸ਼ਬਦ ਸਰੂਪੀ ਸਾਚਾ ਚੰਦਾ । ਗੁਰਮੁਖ ਸਾਚੇ ਲਏ ਉਠਾਏ, ਬਣ ਬਹਾਏ ਜੋ ਖਾਇਣ ਮੂਲ ਕੰਦਾ । ਜੋਤ ਸਰੂਪੀ ਜੋਤ ਜਗਾਏ, ਆਪ ਉਠਾਏ ਆਤਮ ਅੰਧਾ । ਨਾਮ ਦਾਤ ਹਰਿ ਝੋਲੀ ਪਾਏ, ਖ਼ੁਸ਼ੀ ਕਰਾਏ ਬੰਦ ਬੰਦਾ । ਮੰਗਣ ਦਰ ਕਿਸੇ ਨਾ ਜਾਏ, ਸਰਬ ਜੀਆਂ ਹਰਿ ਬਖ਼ਸ਼ਿੰਦਾ । ਸਾਚਾ ਘਰ ਇਕ ਵਖਾਏ, ਵਡ ਦਾਤਾ ਗੁਣੀ ਗਹਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਦੇਵੇ ਮਾਣ ਵਿਚ ਜਹਾਨ, ਚਰਨ ਲਗਾਏ ਸੁਰਪਤ ਰਾਜੇ ਇੰਦਾ । ਪੰਚਮ ਸੋਇਆ ਜਾਗੇ । ਹਰਿ ਬਿਰਾਜੇ ਗੁਰਮੁਖ ਵਿਰਲੇ ਚਰਨੀ ਲਾਗੇ । ਵਡ ਵਡਭਾਗ ਦੇਸ ਮਾਝੇ । ਬੇਮੁਖ ਦਰ ਤੋਂ ਜਾਣ ਭਾਗੇ । ਮਾਇਆ ਡਸੇ ਨਾਗਣੀ ਨਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਖੇਲ ਰਚਾਏ ਦਇਆ ਕਮਾਏ, ਛੇਡ ਛਿੜਾਏ ਕੋਲ ਵਾਗੇ । ਪੰਚਮ ਪੰਚ ਹੋਏ ਪ੍ਰਧਾਨਾ । ਬੇਮੁਖਾਂ ਬੰਨ੍ਹੇ ਪ੍ਰਭ ਹੱਥੀਂ ਗਾਨਾ । ਜਨ ਭਗਤਾਂ ਮਾਣ ਰਖਾਏ ਜਿਉਂ ਭਗਤ ਧੰਨੇ, ਜੋਤ ਸਰੂਪੀ ਪਹਿਰੇ ਬਾਨਾ । ਰਾਜੇ ਰਾਣੇ ਲਏ ਉਠਾਏ, ਸ਼ਬਦ ਡੰਡਾ ਮਗਰ ਲਗਾਏ, ਸੋਹੰ ਚਲਾਏ ਤੀਰ ਕਮਾਨਾ । ਨੌਂ ਖੰਡ ਪ੍ਰਿਥਮੀ ਵੰਡ ਕਰਾਏ, ਸੱਤਾਂ ਦੀਪਾਂ ਦੰਡ ਵਖਾਏ, ਚੰਡ ਪ੍ਰਚੰਡ ਆਪ ਚਲਾਏ, ਕਰੇ ਕਰਾਏ ਸ੍ਰੀ ਭਗਵਾਨਾ । ਬੇਮੁਖਾਂ ਅੰਤਮ ਕੰਡ ਵਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਹਰਿ ਬਿਧਨਾਨਾ । ਪੰਚਮ ਪੰਚ ਪ੍ਰਭਾਤੇ । ਕਲਜੁਗ ਅੰਧੇਰੀ ਰੈਣ, ਲੱਖ ਚੁਰਾਸੀ ਤੁਟੇ ਨਾਤੇ । ਹੋਏ ਵਿਛੋੜਾ ਭਾਈ ਭੈਣ, ਹੱਥ ਨਾ ਆਵੇ ਪੂਤ ਮਾਤੇ । ਕੰਤ ਨਾ ਵੇਖੇ ਨਾਰੀ ਨੈਣ, ਨਾ ਕੋਈ ਪੁਛੇ ਜਾਤ ਪਾਤੇ । ਇਕੱਠੇ ਹੋ ਨਾ ਬਹਿਣ ਭਾਈ ਭੈਣ, ਪਿਤਾ ਪੂਤ ਨਾ ਪੁੱਛੇ ਵਾਤੇ । ਮਿਟਦੇ ਜਾਣ ਸੱਜਣ ਸਾਕ ਸੈਣ, ਕਲਜੁਗ ਤੇਰੇ ਝੂਠੇ ਖਾਤੇ । ਪ੍ਰਭ ਦਰਸ਼ਨ ਵੇਖੇ ਨੈਣ, ਨਾਰ ਦੁਹਾਗਣ ਵਡ ਕਮਜਾਤੇ । ਔਖਾ ਹੋਏ ਭਾਣਾ ਸਹਿਣ, ਭੇਵ ਖੁਲ੍ਹਾਏ ਪ੍ਰਭ ਪੰਜ ਸਾਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਨਾਮ ਦਾਤੇ । ਪੰਜ ਸੱਤ ਸਤਿ ਕੁਲਵੰਤੇ । ਸਦ ਸਦ ਮਾਤੀ ਭਗਤ ਭਗਵੰਤੇ । ਏਕਾ ਮਿਲਿਆ ਹਰਿ ਬ੍ਰਹਿਮਾਦੀ, ਉਤਮ ਹੋਏ ਜੀਵ ਜੰਤੇ । ਸ਼ਬਦ ਸੁਣਾਏ ਬੋਧ ਅਗਾਧੀ, ਮੇਲ ਮਿਲਾਵਾ ਸਾਚੇ ਕੰਤੇ । ਸ੍ਰਿਸ਼ਟ ਸਬਾਈ ਸ਼ਬਦ ਬਾਂਧੀ, ਬਚਿਆ ਰਹੇ ਨਾ ਕੋਈ ਸਾਧ

੫੦੪
੦੪

ਸੰਤੇ । ਏਕਾ ਪਵਣ ਰਹੇ ਪਾਂਧੀ, ਲੋਕਮਾਤ ਅੰਤਮ ਅੰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਜਗਤ ਪਛਾਣੇ, ਭੁਲੇ ਰੁਲੇ ਵਡ ਸੁਘੜ ਸਿਆਣੇ ਜੰਤੇ । ਕਾਇਆ ਕੋਟ ਗੜ੍ਹ ਨਗਰ ਅਪਾਰਾ । ਸਰਬ ਭਵਿਖਤ ਅੰਦਰ ਗਿਆ ਵੜ, ਪੰਜਾਂ ਚੋਰਾਂ ਝੂਠੀ ਧਾੜਾ । ਕਾਇਆ ਡਿੱਗਾ ਮਾਤ ਧੜ, ਹੋਏ ਰੋਗ ਨਾੜੀ ਨਾੜਾ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਖੋਲ੍ਹੇ ਦਰ, ਸਾਚਾ ਇਕ ਭੰਡਾਰਾ । ਹਰਿ ਸਚ ਸੁਲਤਾਨ, ਤਖ਼ਤ ਬਿਰਾਜਿਆ । ਆਦਿ ਅੰਤ ਵਡ ਮਿਹਰਬਾਨ, ਜਨ ਭਗਤ ਸਵਾਰੇ ਕਾਜਿਆ । ਦੇਵੇ ਨਾਮ ਜਗਤ ਨਿਸ਼ਾਨ, ਵੇਲੇ ਅੰਤਮ ਰੱਖੇ ਲਾਜਿਆ । ਸਾਚਾ ਦੇਵੇ ਪੀਣ ਖਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਜਿਸ ਤੇਰਾ ਸਾਜਨ ਸਾਜਿਆ । ਸੰਤ ਸੁਹੇਲਾ ਆਦਿ ਜੁਗਾਦਿ, ਦੇਵੇ ਨਾਮ ਵਡਿਆਈਆ । ਸ਼ਬਦ ਮੇਲਾ ਆਤਮ ਸਾਧ, ਦੀਪਕ ਜੋਤੀ ਦੇ ਜਗਾਈਆ । ਹਰਿ ਕਾ ਨਾਮ ਇਕ ਅਰਾਧ, ਭਾਂਡਾ ਭਰਮ ਭਉ ਭੰਨਾਈਆ । ਏਕਾ ਵੱਜੇ ਸਾਚਾ ਨਾਦ, ਅਨਹਦ ਧੁਨ ਦੇ ਉਪਜਾਈਆ । ਪ੍ਰਗਟ ਹੋਵੇ ਪ੍ਰਭ ਮਾਧਵ ਮਾਧ, ਜੋਤ ਸਰੂਪੀ ਭੇਖ ਵਟਾਈਆ । ਜਗਤ ਭੁੱਲੇ ਵਡ ਸਾਧਨ ਸਾਧ, ਗੁਰਮੁਖ ਵਿਰਲੇ ਬੂਝ ਬੁਝਾਈਆ । ਹਰਿਜਨ ਜਨਹਰਿ ਰਸਨਾ ਰਹੇ ਅਰਾਧ, ਦੇਵੇ ਦਰਸ ਹਰਿ ਰਘੁਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮਤ ਆਪ ਸਮਝਾਈਆ । ਸਾਚੀ ਸਿਖਿਆ ਸ਼ਬਦ ਵਿਚਾਰ । ਪਾਵੇ ਨਾਮ ਭਿਖਿਆ, ਜਨ ਮੰਗਣ ਆਏ ਇਕ ਦਵਾਰ । ਧੁਰ ਦਰਗਾਹੋਂ ਲੇਖ ਸਾਚਾ ਲਿਖਿਆ, ਮੇਲ ਹਰਿ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਇਕ ਕਰਾਏ ਵਣਜ ਵਪਾਰ । ਸਾਚਾ ਵਣਜ ਨਾਮ ਅਪਾਰਾ । ਨਾ ਕੋਈ ਜਾਣੇ ਦੂਜੀ ਵਾਰਾ । ਤੀਜੇ ਨੈਣ ਵੇਖੇ ਪੁਰਖ ਅਗੰਮ ਅਪਾਰਾ । ਚੌਥੇ ਜੋਤ ਸਰੂਪੀ ਧਾਰੇ ਭੇਖੇ, ਏਕਾ ਰਹੇ ਜੋਤ ਉਜਿਆਰਾ । ਪੰਚਮ ਲੋਕਮਾਤ ਲਾਏ ਲੇਖੇ, ਸ਼ਬਦ ਚਲਾਏ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਨੂਰ, ਭੇਵ ਚੁਕਾਏ ਵਰਨ ਗੋਤ, ਏਕਾ ਦੱਸੇ ਸਚ ਦਵਾਰਾ । ਸਚ ਦਵਾਰਾ ਸਾਚਾ ਪਉਣਾ । ਭਰਮ ਭੁਲੇਖਾ ਦੂਰ ਕਰਾਉਣਾ । ਸ਼ਬਦ ਜੋਤੀ ਸਾਚਾ ਨੂਰ ਕਾਇਆ ਮੰਦਰ ਦੀਪ ਜਗਾਉਣਾ । ਮਿਲਿਆ ਗੁਣ ਦਾਤਾ ਵਡ ਸੂਰ, ਪੰਜਾਂ ਤੱਤਾਂ ਬਾਹਰ ਕਢਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸਰਬ ਟੇਕ, ਕਰੇ ਬੁੱਧ ਬਬੇਕ ਸਦਾ ਸਦਾ ਰਸਨਾ ਗਾਉਣਾ । ਚਰਨ ਕਵਲ ਹਰਿ ਇਕ ਧਿਆਨ । ਆਤਮ ਜਾਏ ਮਵਲ, ਸਾਚਾ ਝੁੱਲੇ ਸਰਬ ਨਿਸ਼ਾਨ । ਮੇਲ ਮਿਲਾਵਾ ਕ੍ਰਿਸ਼ਨਾ ਸਵਲ, ਸ਼ਬਦ ਚਲੇ ਤੀਰ ਕਮਾਨ । ਕਰੇ ਖੇਲ ਉਪਰ ਧਵਲ, ਨਰ ਹਰਿ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਏਕਾ ਰੱਖਣਾ ਚਰਨ ਧਿਆਨ । ਮਾਣ ਮੋਹ ਵਿਕਾਰ, ਜਗਤ ਹੰਕਾਰ ਹੈ । ਝੂਠੀ ਦਿਸੇ ਜਗਤ ਧਾਰ ਵਿਚ ਸੰਸਾਰ ਮਾਇਆ ਰਾਣੀ ਹੋਈ ਅਸਵਾਰ ਹੈ । ਬੇਮੁਖ ਮਾਨਸ ਜਨਮ ਗਏ ਹਾਰ, ਲੱਖ ਚੁਰਾਸੀ ਗਈ ਹਾਰ ਹੈ । ਅੰਤਮ ਵਾਰ ਧਰਮ ਰਾਏ ਮਾਰੇ ਡਾਹਢੀ ਮਾਰ ਹੈ । ਜਮਰਾਜ ਕਰੇ ਖ਼ੁਆਰ, ਵੇਲੇ ਅੰਤਮ ਨਰ ਨਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਸਿਰ ਪਹਿਨਾਏ ਸ਼ਬਦ ਸੱਚਾ ਤਾਜ ਹੈ ।

## ✻ ੧੨ ਭਾਦਰੋਂ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ✻

ਅਕਾਲ ਕਾਲ ਕਾਲ ਅਕਾਲਾ । ਪਰਮ ਪੁਰਖ ਦੀਨ ਦਿਆਲ ਸਰਬ ਪ੍ਰਿਤਪਾਲਾ । ਮਾਤ ਗਰਭ ਉਲਟਾ ਰੁਖ਼ ਅਗਨ ਉਦਰ ਹੋਏ ਰਖਵਾਲਾ । ਜੋਤੀ ਜੋਤ ਸਰੂਪ ਹਰਿ, ਵਸੇ ਆਪ ਸਦਾ ਨਿਰਾਲਾ । ਵਸੇ ਆਪ ਸਚ ਅਸਥਾਨਾ । ਏਕਾ ਦਸੇ ਸਾਚਾ ਜਾਪ, ਰਸਨਾ ਗੁਣ ਹਰਿ ਭਗਵਾਨਾ । ਜਨ ਭਗਤਾਂ ਮਾਰੇ ਤੀਨੋ ਤਾਪ, ਖਿੱਚੇ ਤੀਰ ਇਕ ਕਮਾਨਾ । ਸਦਾ ਸਹਾਈ ਮਾਈ ਬਾਪ, ਗੁਣਵੰਤ ਹਰਿ ਗੁਣ ਨਿਧਾਨਾ । ਪੰਜ ਚੋਰ ਰਹੇ ਕਾਇਆ ਤਾਪ, ਅਗਨੀ ਜੋਤ ਲਗੇ ਮਹਾਨਾ । ਗੁਰਮੁਖ ਮਾਣ ਵਡ ਪ੍ਰਤਾਪ, ਹੋਏ ਰੁਸ਼ਨਾਈ ਕੋਟਨ ਭਾਨਾ । ਜੋਤੀ ਜੋਤ ਸਰੂਪ ਹਰਿ, ਏਕਾ ਬਖ਼ਸ਼ੇ ਚਰਨ ਧੂੜ ਸਚ ਇਸ਼ਨਾਨਾ । ਨਾਮ ਨਿਰੰਜਣ ਨਿਰਾਹਾਰ । ਇਕੋ ਭੈ ਭੰਜਨ ਸ਼ਬਦ ਅਸਵਾਰ । ਜਗਤ ਸੁਹੇਲਾ ਸਾਚਾ ਸੱਜਣ, ਜੋਤੀ ਨੂਰ ਕਰੇ ਅਕਾਰ । ਦਰ ਦਵਾਰੇ ਸਾਚਾ ਮਜਨ, ਭਗਤ ਵਛਲ ਹਰਿ ਗਿਰਧਾਰ । ਭਾਂਡੇ ਭਰਮ ਸਰਬ ਜਗ ਭੱਜਣ, ਸ਼ਬਦ ਹਥੌੜਾ ਦੇਵੇ ਮਾਰ । ਜਗਤ ਪਿਤ ਹਰਿ ਪੜਦੇ ਕੱਜਣ, ਲੋਕਮਾਤ ਨਾ ਆਏ ਹਾਰ । ਸ਼ਬਦ ਦਮਾਮੇ ਸਾਚੇ ਵੱਜਣ, ਸਾਚੇ ਕਰੇ ਤਨ ਸ਼ਿੰਗਾਰ । ਅੰਮ੍ਰਿਤ ਪੀ ਪੀ ਗੁਰਮੁਖ ਰੱਜਣ, ਝਿਰਨਾ ਝਿਰੇ ਅਪਰ ਅਪਾਰ । ਪੰਜ ਵਿਕਾਰ ਹੋਏ ਦੱਜਣ, ਮਾਰੇ ਨਾਮ ਕਟਾਰ । ਜੋਤੀ ਜੋਤ ਸਰੂਪ ਹਰਿ, ਜਨ ਭਗਤ ਰਿਹਾ ਸਦਾ ਸਦ ਪੈਜ ਸਵਾਰ । ਭਗਤ ਭੰਡਾਰਾ ਸਦ ਭਰਪੂਰ । ਮੰਗਿਆ ਏਕਾ ਹਰਿ ਚਰਨ ਦਵਾਰ, ਸ੍ਰਿਸ਼ਟ ਸਬਾਈ ਦਿਸੇ ਕੂੜ । ਪੈਜ ਰਖਾਏ ਵਿਚ ਸੰਸਾਰ, ਮਸਤਕ ਲਾਏ ਸਾਚੀ ਧੂੜ । ਹੋਏ ਸਹਾਈ ਵਿਚ ਉਜਾੜ, ਅੰਧ ਅੰਧਿਆਰੀ ਦੇਵੇ ਨੂਰ ਦੂਈ ਦਵੈਤੀ ਦੇਵੇ ਸਾੜ, ਵਡ ਵਡ ਦਾਤਾ ਹਰਿ ਸਾਚਾ ਸੂਰ । ਜੋਤੀ

੫੦੫ ੦੪ ਜੋਤ ਸਰੂਪ ਹਰਿ, ਸਦ ਆਸਾ ਮਨਸਾ ਪੂਰ । ਭਗਤ ਭੰਡਾਰ ਭਗਵਨ ਦਾਨ । ਆਪ ਵਰਤਾਏ ਲੋਕਮਾਤੀ ਗੁਣੀ ਗੁਣਵੰਤ ਸਾਚੇ ਸੰਤ, ਜਨਮ ੫੦੫ ੦੪

ਕਰਮ ਰਿਹਾ ਵਿਚਾਰ, ਪਾਵੇ ਜਗਤ ਸਾਰ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਖੇਲ ਕਰ, ਗੁਰਮੁਖਾਂ ਕਰਾਏ ਵਣਜ ਵਪਾਰ । ਸਰਗੁਣ ਰੂਪ ਸੱਚੀ ਸਰਕਾਰਾ । ਨਿਰਗੁਣ ਰੂਪ ਜੋਤ ਅਕਾਰਾ । ਸਰਗੁਣ ਰੂਪ ਦਿਸੇ ਸੰਸਾਰਾ । ਨਿਰਗੁਣ ਰੂਪ ਸ਼ਬਦ ਧੁਨ ਦੇਵੇ ਧੁਨਕਾਰਾ । ਸਰਗੁਣ ਰੂਪ ਦਰਸ ਪਰਸ ਜੀਵ ਜੰਤ ਉਧਰੇ ਪਾਰਾ । ਨਿਰਗੁਣ ਰੂਪ ਹਰਿ ਸਾਚੇ ਕੰਤ, ਵਿਰਲਾ ਮਿਲੇ ਭਗਤ ਪਿਆਰਾ । ਸਰਗੁਣ ਰੂਪ ਆਵੇ ਜਾਵੇ ਮਾਤ ਰਹਾਵੇ ਵਾਰੋ ਵਾਰਾ । ਨਿਰਗੁਣ ਰੂਪ ਏਕਾ ਦੱਸੇ ਧਾਰਾ । ਅਟੱਲ ਏਕਾ ਏਕ ਨਿਰੰਕਾਰਾ । ਸਰਗੁਣ ਰੂਪ ਹਰਿ ਖੇਲ ਅਪਾਰਾ । ਵਲ ਛਲ ਕਰ ਜਗਤ ਭੁਲਾਵੇ, ਜੁਗਾ ਜੁਗੰਤੀ ਸਾਚੀ ਕਾਰਾ । ਨਿਰਗੁਣ ਰੂਪ ਇਕ ਅਚੱਲ ਨਿਰਾਹਾਰ ਨਿਰਾਧਾਰਾ । ਜੋਤੀ ਜੋਤ ਸਰੂਪ ਹਰਿ, ਆਪਣੀ ਖੇਲ ਆਪ ਕਰਾਏ ਭਗਤ ਉਪਜਾਏ ਜਗਤ ਵਡਿਆਏ, ਏਕਾ ਮੇਲ ਮਿਲਾਏ, ਦੂਈ ਦਵੈਤੀ ਜਗਤ ਨਾਤਾ ਤੁਟੇ ਆਤਮ ਹੰਕਾਰਾ । ਭੋਜਨ ਭੋਗ ਭੋਗ ਭੋਗ ਚਾਰ । ਕ੍ਰਿਸ਼ਨ ਦੇਵਾ ਅਲਖ ਅਭੇਵਾ ਗੁਰ ਚਰਨ ਸੇਵਾ, ਲਿਖਾਏ ਲੇਖ ਅਪਰ ਅਪਾਰ । ਲੇਹਜ ਫੇਹਜ ਭੱਖ ਭੋਜ ਗੁਣਵੰਤੀ ਗੁਣ ਰਿਹਾ ਵਿਚਾਰ । ਭਗਤ ਭਗਵਾਨ ਭੋਜਨ ਕਰੇ ਵੱਖ, ਚਲੇ ਅਵਲੜੀ ਚਾਲ ਵਿਚ ਸੰਸਾਰ । ਚਾਰ ਕੁੰਟ ਆਤਮ ਦਿਸੇ ਦੁੱਖ, ਨਜ਼ਰ ਨਾ ਆਏ ਨਰ ਨਿਰੰਕਾਰ । ਗੁਰ ਸੇਵ ਚੜ੍ਹਾਏ ਤਿੰਨ ਫੁੱਲ ਕੱਖ, ਤਨ ਕਰਾਏ ਸ਼ਬਦ ਅਹਾਰ । ਪੰਚਮ ਫੁੱਲ ਪੰਜਾਂ ਤੱਤਾਂ ਕਰੇ ਵੱਖ, ਦੇਵੇ ਜੋਤੀ ਸਦਾ ਅਧਾਰ । ਪ੍ਰਗਟ ਹੋਏ ਸਤਿ ਸਰੂਪੀ ਹਰਿ ਪ੍ਰਤਖ, ਨੈਣ ਲੋਚਣ ਲੋਚਣ ਨੈਣ ਸੋਲਾਂ ਕਰ ਤਨ ਸ਼ਿੰਗਾਰ । ਗੁਰਮੁਖ ਸਾਚੇ ਸੰਤ ਜਨ ਕਦੇ ਨਾ ਸੋਇਣ, ਏਕਾ

ਬੀਜ ਸਾਚਾ ਬੋਇਣ, ਨਾਮ ਨਰਾਇਣ ਅਲਖ ਅਪਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਭਰਿਆ ਰੱਖੇ ਸਦ ਭੰਡਾਰ । ਭਰੇ ਭੰਡਾਰ ਭਰਮ ਭਉ ਨਾਸੇ । ਜਨ ਚਰਨ ਪਨਿਹਾਰ, ਪ੍ਰਭ ਦਾਸਨ ਦਾਸੇ । ਗੁਰਮੁਖ ਗੁਣਵੰਤ ਸੋਭਾਵੰਤੀ ਨਾਰ, ਮਿਲਿਆ ਸ਼ਾਹ ਹਰਿ ਸਚ ਸ਼ਾਬਾਸ਼ੇ । ਪੰਚਮ ਪਾਏ ਤਨ ਫੂਲਨਹਾਰ, ਸੁਫ਼ਲ ਕਰਾਏ ਕਾਇਆ ਅਕਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਾਨਸ ਜਨਮ ਕਲ ਸੁਫ਼ਲ ਕਰਾਏ, ਲੱਖ ਚੁਰਾਸੀ ਹੋਏ ਰਾਸੇ । ਨਾਮ ਸਤਿ ਸ਼ਬਦ ਉਡਾਰੀ । ਕਾਇਆ ਬੀਜਣਾ ਸਾਚੇ ਵਤ, ਮਾਤ ਖਿਲੇ ਸੱਚੀ ਫੁਲਵਾੜੀ । ਮੇਲ ਮਿਲਾਏ ਕਮਲਾਪਤ, ਬਾਰਾਂ ਮਾਸ ਪੱਕੀ ਰਹੇ ਤੇਰੀ ਸਾਉਣੀ ਹਾੜੀ । ਧੰਨ ਸੁਭਾਗ ਧਰਤ ਮਾਤ, ਧੰਨ ਗੁਰਮੁਖਾਂ ਰੱਖੇ ਲਾਜ, ਪ੍ਰਭ ਚਰਨ ਛੁਹਾਈ ਦਾਹੜੀ । ਆਤਮ ਧੀਰਜ ਯਤ ਸਤਿ ਸੰਤੋਖੀ ਸਾਚਾ ਯਤ, ਸਦਾ ਰਹੇ ਪਿਛੇ ਅਗਾੜੀ । ਏਕਾ ਨਾਮ ਦਿਖਾਵੇ ਸਾਚਾ ਤਤ, ਪੰਜਾਂ ਚੋਰਾਂ ਰਿਹਾ ਤਾੜੀ । ਸਾਚੇ ਖਾਤੇ ਬੇੜਾ ਲਏ ਘੱਤ, ਗੁਰਮੁਖਾਂ ਜਗੇ ਜੋਤ ਕਾਇਆ ਬਹੱਤਰ ਨਾੜੀ । ਚਰਨ ਪ੍ਰੀਤੀ ਨਿਭੇ ਨੱਤ, ਸ਼ਬਦ ਘੋੜੇ ਰਿਹਾ ਚਾੜ੍ਹੀ । ਆਪੇ ਦੇ ਸਮਝਾਵੇ ਮਤ । ਗੁਰਮੁਖ ਤੇਰੇ ਦਰ ਨਾ ਆਵੇ ਮੌਤ ਲਾੜੀ । ਅੰਤਮ ਰੱਖੇ ਪ੍ਰਭ ਅਬਿਨਾਸ਼ੀ ਪਤ, ਜੰਗਲ ਜੂਹ ਵਿਚ ਪਹਾੜੀ । ਜੋਤੀ ਜੋਤ ਸਰੂਪ ਹਰਿ, ਭਗਤਾਂ ਦਿਸੇ ਇਕ ਘਰ, ਜਿਥੇ ਵਸੇ ਸਚ ਹਰਿ ਸਚ ਮਹੱਲ ਅਟਾਰੀ । ਸਚ ਮਹੱਲ ਅਟੱਲ ਅਟਾਰੀ ਸੱਚਾ ਧਾਮਾ । ਧਾਮ ਅਚਲ ਵਸੇ ਰਾਮ ਰਾਮਾ । ਸ਼ਬਦ ਜੋਤ ਪਵਣ ਲੋਕਮਾਤ ਰਿਹਾ ਘੱਲ । ਲੱਖ ਚੁਰਾਸੀ ਪਾਏ ਸਾਰ ਵਿਚ ਜਲ ਥਲ । ਕਰੇ ਖੇਲ ਛਿਨ ਛਿਨ ਪਲ ਪਲ । ਜੋਤ ਸਰੂਪੀ ਨਰ ਨਿਰੰਕਾਰ, ਗੁਰਮੁਖ ਆਤਮ ਰਸਨ ਚਲਾਏ ਸਾਚਾ ਹਲ । ਨਾਮ ਬੀਜ ਪ੍ਰਭ ਰਿਹਾ ਡਾਰ । ਏਕਾ ਲੱਗੇ ਅੰਮ੍ਰਿਤ ਫਲ, ਅੱਠੇ ਪਹਿਰ ਰਹੇ ਅਧਾਰ । ਦੂਈ ਦਵੈਤੀ ਮਿਟੇ ਸੱਲ, ਜਗੇ ਜੋਤ ਅਗੰਮ ਅਪਾਰ । ਭਾਣਾ ਵਰਤੇ ਹਰਿ ਜੀ ਕਲ, ਮੂਰਖ ਮੁਗਧ ਹੋਣ ਖੁਆਰ । ਅੰਤਮ ਵਾਰ ਨਾ ਸਕਣ ਝਲ, ਸ਼ਬਦ ਵੱਜੇ ਜਗਤ ਕਟਾਰ । ਬੇਮੁਖਾਂ ਹਰਿ ਲਾਹੇ ਖੱਲ, ਗੁਰਮੁਖਾਂ ਰਹੇ ਆਤਮ ਦਰ ਦਵਾਰ । ਦਰ ਘਰ ਸਾਚੇ ਆਏ ਚਲ, ਬਣਿਆ ਰਹੇ ਜਨ ਭਗਤ ਭਿਖਾਰ । ਜਨ ਭਗਤਾਂ ਸਦ ਜਾਏ ਬਲ ਬਲ, ਰਸਨਾ ਹਰਿ ਗੁਣ ਰਿਹਾ ਵਿਚਾਰ । ਜੋਤੀ ਜੋਤ ਸਰੂਪ ਹਰਿ, ਮਾਤ ਦੇਵੇ ਸਾਚਾ ਵਰ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਪੈਜ ਸਵਾਰ । ਰਾਮ ਨਾਮਾ ਤਨ ਵਸੰਦਾ । ਗੁਰਮੁਖਾਂ ਪੂਰ ਕਰਾਏ ਕਾਮਾ, ਸਦਾ ਸਦਾ ਸਦ ਬਖ਼ਸ਼ੰਦਾ । ਹਰਿਆ ਕਰਾਏ ਤਨ ਸੁੱਕਾ ਚਾਮਾ, ਬੰਦੀ ਤੁੜਾਏ ਆਪ ਬਹਾਏ ਸਾਚੇ ਧਾਮਾ । ਮਿਟੇ ਕਾਇਆ ਰੈਣ ਅੰਧੇਰੀ, ਜਗਤ ਤਜਾਏ ਝੂਠਾ ਧੰਦਾ । ਦਿਵਸ ਰੈਣ ਹਰਿ ਇਕ ਕਰਾਏ, ਜਨ ਰਸਨ ਤਜਾਏ ਮਦਿਰਾ ਮਾਸਾ ਵਿਕਾਰੀ ਗੰਦਾ । ਏਕਾ ਨਾਉਂ ਨਿਰੰਜਣ ਗਾਏ ਨਿਜ ਘਰ ਵਾਸੀ ਨਿਜ ਆਤਮ ਡੇਰਾ ਲਾਏ, ਗੁਰਮੁਖ ਉਪਜਾਏ ਮਾਤ ਚੜ੍ਹਾਏ ਸਾਚਾ ਚੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਖੋਲ੍ਹੇ ਆਤਮ ਦਰ, ਇਕ ਬਹਾਏ ਸਾਚੇ ਘਰ, ਖ਼ੁਸ਼ੀ ਕਰਾਏ ਬੰਦ ਬੰਦਾ । ਸਚ ਦਰ ਗੁਰਮੁਖ ਇਸ਼ਨਾਨਾ । ਉਤਰੇ ਦੁਰਮਤ ਮੈਲ ਪ੍ਰਭ ਚਰਨ ਧਿਆਨਾ । ਅਠ ਸਠ ਤੀਰਥ ਰਹੀ ਫੈਲ, ਧਰਿਆ ਹਰਿ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸੱਜਣ ਸੰਤ ਪਿਆਰਿਆਂ ਦੇਵੇ ਨਾਮ ਧੰਨ ਅਤੁਟ ਖ਼ਜ਼ਾਨਾ । ਪ੍ਰਭ ਖ਼ਜ਼ਾਨਾ ਸਦਾ ਅਤੁੱਟੇ, ਹੋਏ ਪ੍ਰਧਾਨਾ ਚਤੁਰ ਸੁਜਾਨਾ । ਪੰਜਾਂ ਚੋਰਾਂ ਫੜ ਫੜ ਕੁੱਟੇ, ਭਗਤ ਭਗਵੰਤੀ ਹਰਿ ਸ਼ਬਦ ਗੁਣ ਨਿਧਾਨ, ਚੰਡ ਪ੍ਰਚੰਡ ਵੱਜੇ ਤੀਰ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ

ਸਾਚੇ ਸੰਤ ਜਨਾਂ ਏਕਾ ਸ਼ਬਦ ਦੇ ਹੱਥੀਂ ਬੰਨ੍ਹੇ ਗਾਨਾ । ਗਾਨਾ ਬੰਨ੍ਹੇ ਦੋਹੀਂ ਹੱਥ । ਕਿਰਪਾ ਕਰੇ ਹਰਿ ਸਮਰਥ । ਸ਼ਬਦ ਸਰੂਪੀ ਪਾਏ ਨੱਥ । ਦਰਸ ਦਿਖਾਏ ਦਇਆ ਕਮਾਏ, ਸਗਲ ਵਸੂਰੇ ਜਾਇਣ ਲਥ । ਗੁਰਮੁਖ ਗੁਰਸਿਖ ਜਨ ਭਗਤ ਪਿਆਰੇ, ਦਰ ਘਰ ਸਾਚੇ ਹੋਏ ਨਾਮ ਵਣਜਾਰੇ, ਦੇਵੇ ਦਾਤ ਹਰਿ ਏਕਾ ਸਾਚੀ ਵਥ । ਨਾਮ ਦਾਤ ਜਗਤ ਵਡਿਆਈ । ਵਡ ਕਰਾਮਾਤ ਆਤਮ ਰੁਸ਼ਨਾਈ । ਗੁਰ ਸੰਗਤ ਸਾਚੀ ਇਕ ਜਮਾਇਤ, ਸੱਚਾ ਨਾਤਾ ਭੈਣਾ ਭਾਈ । ਆਦਿ ਅੰਤ ਸਦ ਪੁੱਛੇ ਵਾਤ, ਅੱਠੇ ਪਹਿਰ ਬੈਠਾ ਰਹੇ ਇਕ ਇਕਾਂਤ, ਗੁਰਮੁਖ ਆਤਮ ਸੇਜਾ ਡੇਰਾ ਲਾਈ । ਅੰਦਰ ਵੇਖ ਜਨ ਮਾਰ ਝਾਤ, ਜੋਤ ਸਰੂਪੀ ਡਗਮਗਾਈ । ਕਲਜੁਗ ਅੰਤਮ ਹੋਈ ਅੰਧੇਰੀ ਰਾਤ, ਕਰੇ ਹਰਿ ਰੁਸ਼ਨਾਈ । ਜਨ ਭਗਤਾਂ ਦੇਵੇ ਦਾਤ, ਆਤਮ ਸਚ ਸੁਗਾਤ ਨਾਮ ਭੰਡਾਰਾ ਧੁਰਦਰਗਾਹੀ । ਨਾ ਕੋਈ ਪੁੱਛੇ ਜ਼ਾਤ ਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਜੋ ਜਨ ਆਏ ਚਲ ਸਰਨਾਈ । ਸਚ ਭੰਡਾਰਾ ਹਰਿ ਦਾਤਾਰਾ ਹਰਿ ਵਰਤਾਰ ਵਿਚ ਸੰਸਾਰ, ਪੁਰਖ ਬਿਧਾਤਾ ਪੰਚਮ ਪੰਚ ਆਪ ਹਰਿ ਹੋਏ । ਲੱਖ ਚੁਰਾਸੀ ਜੋਤ ਬਲੋਏ । ਆਪਣਾ ਭਾਣਾ ਆਪੇ ਜਾਣੇ, ਨਾ ਕੋਈ ਬੁੱਝੇ ਰਾਜਾ ਰਾਣਾ, ਪ੍ਰਭ ਅਬਿਨਾਸ਼ੀ ਸਾਚੀ ਸੋਏ । ਤਿੰਨਾਂ ਲੋਆਂ ਏਕਾ ਸ਼ਬਦ ਵੰਞ ਮੁਹਾਣਾ, ਅਵਰ ਨਾ ਰਾਖੇ ਕੋਇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਪਿਆਰੇ ਮਾਤ ਬਣਾਏ ਸਚ ਦੁਲਾਰੇ, ਆਪ ਉਠਾਏ ਪੈਰ ਪਸਾਰੇ ਸੋਏ ।

❇ ੧੨ ਭਾਦਰੋਂ ੨੦੧੧ ਬਿਕ੍ਰਮੀ ਪਿੰਡ ਬੁੱਗੇ ਦਿਆਲ ਬਾਗ ਰਾਧਾ ਸੁਆਮੀ ਦੇ ਡੇਰੇ ਆਗਰਾ ਸ਼ਬਦ ਭੇਜਿਆ ਅਤੇ ਜਵਾਬ ਦੀ ਮੰਗ: ❇

ਆਗਰਾ ਗੁਰ ਮੰਤਰ ਨਮੋ ਨਮੋ ਆਦਿ ਗੁਣਵੰਤ ਸਵਾਮੀ । ਪਰਮ ਪੁਰਖ ਦੀ ਦੱਸ ਨਿਸ਼ਾਨੀ । ਜਪੋ ਜਪੋ ਜਪੋ ਗੁਰ ਦੇਵਾ । ਤਪੋ ਤਪੋ ਤਪੋ ਚਰਨ ਧਿਆਨਣ ਸਾਚੀ ਸੇਵਾ । ਸਾਚਾ ਨਾਮ ਨਿਧਾਨ ਬ੍ਰਹਮ ਗਿਆਨਣ, ਦੱਸੋ ਨਾਮ ਜਗ ਸਾਚਾ ਮੇਵਾ । ਬੋਧ ਬੋਧ ਬੋਧ ਅਗਾਧਾ । ਨਿਰ ਹਰਿ ਨਿਰ ਧਰ ਨਿਜ ਘਰ ਸਾਧਨ ਸਾਧਾ । ਇਕ ਵਰ ਨਰ ਹਰਿ ਜਗਤ ਤਰ ਦਰਸ ਕਰ ਮਾਧਵ ਮਾਧਾ । ਜੋਤ ਅਕਾਰ ਵੇਖ ਵਿਚਾਰ । ਗੁਰ ਸਤਿਗੁਰ ਅਧਾਰ । ਪੁਰਖ ਸਵਾਮੀ ਹਰਿ ਨਿਰੰਕਾਰ । ਪੂਰਬ ਕਰਮ ਰਿਹਾ ਵਿਚਾਰ । ਸ਼ਬਦ ਗੁਰ ਗੁਰ ਸ਼ਬਦ ਦੱਸ ਸਾਚੀ ਧਾਰ । ਸਤਿਗੁਰ ਸਾਚੇ ਦੱਸ ਸ਼ਬਦ ਟਿਕਾਣਾ । ਜੀਵ ਜੰਤ ਸਭ ਭਾਂਡੇ ਕਾਚੇ, ਵਸੇ ਪਵਣ ਇਕ ਮਸਾਣਾ । ਹਰਿ ਹਰਿ ਇਕ ਹਰਿਜਨ ਦਰ ਸਾਚੇ ਵਾਚੇ, ਚੜ੍ਹੇ ਸ਼ਬਦ ਬਬਾਣਾ । ਏਕਾ ਸ਼ਬਦ ਲਿਖਾਓ ਸਾਚੋ ਸਾਚੇ, ਕੀ ਵਰਤੇ ਕਲਜੁਗ ਭਾਣਾ । ਗੁਰ ਪੀਰ ਪੈਗ਼ੰਬਰ ਨਾ ਕੋਈ ਝੂਠਾ ਨਾਚੇ, ਏਕਾ ਦਿਸੇ ਹਰਿ ਭਗਵਾਨਾ । ਸਚ ਧਾਮ ਸਦਾ ਅਸਥੂਲ, ਜੋਤ ਸਰੂਪੀ ਹਰਿ ਟਿਕਾਣਾ । ਪ੍ਰਗਟ ਹੋਏ ਕੰਤ ਕੰਤੂਹਲ, ਭੇਵ ਖੁਲ੍ਹਾ ਸ੍ਰੀ ਭਗਵਾਨਾ । ਕਲਜੁਗ ਸਿੰਘਾਸਣ ਭੱਜੀ ਚੂਲ, ਫ਼ਲ ਟੁੱਟੇ ਚੋਗ ਨਿਖੁੱਟੇ ਕਲਜੁਗ ਸੰਤਾਂ ਟੁੱਟੇ ਡਾਹਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਖੇਲ ਕਰੇ ਮਹਾਨਾ । ਸਤਿ ਸਵਾਮੀ ਸਤਿ ਗੁਣਵੰਤੇ । ਜਗਤ ਨੇਹਕਾਮੀ ਪੂਰਨ ਭਗਵੰਤੇ । ਪੰਜੇ ਚੋਰ ਹੋਏ ਹਰਾਮੀ, ਭਰਮ ਭੁਲਾਏ ਜੀਵ ਜੰਤੇ । ਕੋਇ ਨਾ ਪਕੜੇ ਸੱਚਾ ਧਾਮੀ । ਮਾਇਆ ਭੁੱਲੇ ਜਗ ਰੁਲੇ ਸੰਤ ਤਮਾਮੀ । ਏਕਾ ਜੋਤੀ ਨੂਰ ਨੁਰੰਤਰ, ਗੁਰੂਆਂ ਦੇਵੇ ਜੋਤ ਬਸੰਤਰ, ਅੰਮ੍ਰਿਤ ਆਤਮ ਮਧੁਰ ਰਸ ਸ਼ਬਦ ਸੁਹਾਗੀ

ਗੀਤ ਨਾਮ ਨਿਧਾਨ ਸਾਚੀ ਬਾਣੀ । ਇਕ ਪੁਰਖ ਅਕਾਲ, ਇਕ ਪੁਰਖ ਦਿਆਲ ਜਗਤ ਸੁਆਮੀਆ । ਸਦਾ ਸਦਾ ਸਦ ਕਰੇ ਪ੍ਰਿਤਪਾਲ ਅੰਤਰਜਾਮੀਆ । ਕਦੇ ਨਾ ਖਾਏ ਕਾਲ, ਨਾ ਹੋਏ ਨਿਮਕ ਹਰਾਮੀਆ । ਨਾ ਛੋਹੇ ਜਗਤ ਜੰਜ਼ਾਲ, ਨਾ ਹੋਏ ਅੰਧੇਰੀ ਰੈਣ ਸ਼ਾਮੀਆ । ਨਾ ਮੰਗੇ ਬਣ ਕੰਗਾਲ, ਨਾ ਦਿਸੇ ਕੋਲ ਕੋਈ ਦਾਮੀਆ । ਜਨ ਭਗਤਾਂ ਕਰੇ ਸਦਾ ਰਖਵਾਲ, ਜੋਤੀ ਜੋਤ ਸਰੂਪ ਹਰਿ, ਏਕਾ ਨਾਉਂ ਰਖਾਏ ਨੇਹਕਾਮੀਆ । ਜੈ ਜੈ ਜੈ ਦੇਵਾ ਆਦਿ ਗੁਰ ਅੰਤਰ । ਸ੍ਰਿਸ਼ਟ ਸਬਾਈ ਲਾਈ ਸੇਵਾ, ਭੇਵ ਖੁਲ੍ਹਾਓ ਦਇਆ ਕਮਾਓ, ਸੋਹੰ ਸ਼ਬਦ ਜਗ ਸਾਚਾ ਮੰਤਰ । ਪਰਮ ਪੁਰਖ ਦਾ ਦਰਸ ਦਿਖਾਓ, ਆਤਮ ਤ੍ਰਿਸ਼ਨਾ ਹਰਸ ਮਿਟਾਓ, ਮੁਖ ਲਗਾਓ ਫ਼ਲ ਸਾਚਾ ਮੇਵਾ । ਜਗਤ ਗੁਰ ਸਤਿਗੁਰ ਸਾਚੇ ਭਗਤ ਸਵਾਮੀ, ਮਸਤਕ ਲਾਓ ਕੌਸਤਕ ਮਨੀ ਸਾਚਾ ਥੇਵਾ । ਕਲਜੁਗ ਅੰਤਮ ਲਗਾ ਭਾਗ । ਜਗਤ ਵਖਾਣੇ ਜਗੀ ਜੋਤ ਦਿਆਲ ਬਾਗ਼ । ਪ੍ਰਭ ਵੇਖੇ ਵਰਤੇ ਆਪਣੇ ਭਾਣੇ, ਆਤਮ ਜੋਤੀ ਜਿਥੇ ਜਗੇ ਚਰਾਗ । ਗੁਰ ਸਤਿਗੁਰ ਸਾਚੇ ਸੁਘੜ ਸਿਆਣੇ, ਕਿਸ ਪਕੜੀ ਤੇਰੀ ਪਿਛੇ ਵਾਗ । ਸ਼ਬਦ ਰੰਗ ਰੱਸ ਕਿਸ ਜਗ ਮਾਣੇ ਕਵਣ ਬੁਝਾਏ ਮਾਇਆ ਆਗ । ਜੋਤੀ ਜੋਤ ਸਰੂਪ ਹਰਿ, ਕਵਣ ਪਛਾਣੇ ਜਨ ਹੋਇਣ ਭਾਗ ਮਥੋਰ ਵਡ ਵਡਭਾਗ । ਬਾਗ਼ ਦਿਆਲਾ ਸਤਿਗੁਰ ਕਿਰਪਾਲਾ । ਹਰਿ ਸਾਚਾ ਵੇਖੇ, ਸ਼ਬਦ ਬਣਾਏ ਵਿਚ ਦਲਾਲਾ । ਤੀਜੇ ਨੇਤਰ ਗੁਰ ਪੂਰਾ ਵੇਖੇ, ਕਾਇਆ ਮੰਦਰ ਸਾਚੀ ਧਰਮਸਾਲਾ । ਕਵਣ ਤੋੜੇ ਵੱਜਾ ਜੰਦਰ, ਕਵਣ ਹੋਏ ਰਖਵਾਲਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰ ਮੰਤਰ ਪੁੱਛੇ ਰਾਹ ਸੁਖਾਲਾ । ਗੁਰ ਮੰਤਰ, ਗੁਰੂ ਗੁਰੂ ਗੁਰ ਨਾਦ । ਸਰਬ ਜੀਆਂ ਗੁਰ ਅੰਤਰ, ਏਕਾ ਲਿਵ ਹਰਿ ਰਸ ਰਸਨ ਅਰਾਧ । ਲੱਖ ਚੁਰਾਸੀ ਲੱਗੀ ਬਸੰਤਰ, ਕਵਣ ਬੁਝਾਏ ਕਲਜੁਗ ਆਗ । ਸਤਿ ਸਵਾਮੀ ਕਿਸ ਵਸੇਂ ਧਾਮ ਮਗਨ, ਭੇਵ ਖੋਲ੍ਹੇ ਸ਼ਬਦ ਸਚ ਬੋਲੇ, ਪੂਰੇ ਤੋਲ ਤੋਲੇ ਵਿਚ ਬ੍ਰਹਿਮਾਦ । ਜੋਤੀ ਜੋਤ ਸਰੂਪ ਹਰਿ, ਆਪਣੀ ਕਰਨੀ ਰਿਹਾ ਕਰ, ਤਿੰਨ ਪੰਜ ਸੱਤ ਨੌਂ ਭੇਵ ਬੋਧ ਅਗਾਧ । ਨੌਂ ਖੰਡ ਨੌਂ ਦਵਾਰ । ਪ੍ਰਭ ਪਾਈ ਵੰਡ ਵਿਚ ਮਾਤ ਸੰਸਾਰ । ਸੱਤਾਂ ਦੀਪਾਂ ਮਹੱਲ ਉਸਾਰ । ਵੇਖੇ ਖੇਲ ਅੱਜ ਕੱਲ ਨਿਹਕਲੰਕੀ ਲਏ ਅਵਤਾਰ । ਏਕਾ ਦਿਸੇ ਸ਼ਬਦ ਅਟੱਲ, ਹਰਿ ਜੋਤ ਸਰੂਪੀ ਕਰੇ ਅਕਾਰ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪੀ ਕੀਆ ਅਕਾਰ । ਦੇਣਾ ਸੱਚਾ ਨਾਮ ਵਰ, ਸਚ ਸਦਾ ਸਵਾਮੀ ਨਾਮ ਵੰਡੇ । ਨਿਰਮਲ ਕਰਮ ਹੋਏ ਉਜਾਗਰ, ਵਿਚ ਮਾਤ ਵਰਭੰਡੇ । ਹਰਿ ਬਣੇ ਸਚ ਸੁਦਾਗਰ ਕਲਜੁਗ ਆਇਆ ਅੰਤਮ ਕੰਢੇ । ਜਗੇ ਜੋਤ ਕਾਇਆ ਗਾਗਰ, ਤਨ ਮੰਦਰ ਸੀਤਲ ਠੰਡੇ । ਏਕਾ ਨਾਮ ਰਤੀ ਰਤਨਾਗਰ, ਕਾਇਆ ਬ੍ਰਹਿਮੰਡ ਵਿਚ ਬ੍ਰਹਿਮੰਡੇ । ਜੋਤੀ ਜੋਤ ਸਰੂਪ ਹਰਿ, ਸਰਬ ਕਿਛ ਆਪੇ ਜਾਣੇ, ਉਤਭੁਜ ਸੇਹਤਜ ਜੇਰਜ਼ ਅੰਡੇ । ਸਚ ਡੇਰਾ ਸਚ ਅਸਥਾਨਾ । ਜਿਥੇ ਮਿਲੇ ਨਾਮ ਭਗਵਾਨਾ । ਉਚੇ ਟਿੱਲੇ ਸਾਰੇ ਹਿੱਲੇ, ਚਲਿਆ ਸੋਹੰ ਤੀਰ ਨਿਸ਼ਾਨਾ । ਭੇਵ ਖੁਲ੍ਹਾਉਣਾ ਬੂਰੇ ਕੱਕੇ ਬਿੱਲੇ, ਪਵਣ ਸਰੂਪੀ ਮੜ੍ਹੀ ਮਸਾਣਾ । ਰਸਨਾ ਤੀਰ ਚੜ੍ਹੇ ਚਿੱਲੇ, ਉਠੇ ਨਰ ਹਰਿ ਬਲੀ ਬਲਵਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਕਲਜੁਗ ਅੰਤਮ ਪੱਕੀ ਖੇਤੀ । ਉਤਰ ਦੇਣਾ ਗੁਰ ਪੂਰੇ ਛੇਤੀ । ਦੁਰਮਤ ਮੈਲ ਤਨ ਗਵਾਉਣੀ, ਉਤੇ ਲਾਉਣੀ ਨਾਮ ਰੇਤੀ । ਕਾਇਆ ਸੋਈ ਆਪ ਜਗਾਉਣੀ, ਦਰਸ ਦਿਖਾਉਣਾ ਨੇਤਨ ਨੇਤੀ । ਜੋਤੀ ਜੋਤ ਸਰੂਪ ਹਰਿ, ਗੁਰ ਪੂਰੇ ਕਿਰਪਾ ਦੇਣੀ ਕਰ, ਕਲਜੁਗ ਹਾੜੀ ਹੋਈ ਪਛੇਤੀ । ਸ਼ਬਦ ਆਏ ਚੱਲ ਦਵਾਰ । ਮੰਗੇ ਵਰ ਇਕ ਭਿਖਾਰ । ਉਤਰ ਦੇਣਾ ਪਹਿਲੀ ਵਾਰ ।

੫੦੮
੦੪

ਪੂਰਬ ਪੱਛਮ ਉਤਰ ਦੱਖਣ ਦਿਸ਼ਾ ਵਿਚਾਰ । ਚੌਦਾਂ ਰਤਨ ਕਰ ਸ਼ਿੰਗਾਰ ਸੋਲਾਂ ਕਲਾ ਕਲੀਆਂ ਕਲ ਪਹਿਨਣਹਾਰ । ਪੁਰਖ ਅਬਿਨਾਸ਼ੀ ਵਲੀਆ ਛਲੀਆ, ਪੂਰਬ ਕਰਨੀ ਮਾਤ ਵਿਚਾਰ । ਵਡ ਜੋਧਾ ਸੂਰਾ ਵਡ ਵਡ ਬਲੀਆ, ਜਨ ਭਗਤ ਦਵਾਰੇ ਬਣਿਆ ਰਹੇ ਭਿਖਾਰ । ਏਕਾ ਦਿਸੇ ਨਿਹਚਲ ਧਾਮ ਤੇਰਾ ਅਟਲੀਆ, ਆਈਏ ਚਲ ਦਵਾਰ । ਜੋਤੀ ਜੋਤ ਸਰੂਪ ਹਰਿ, ਇਕ ਜੋਤੀ ਜਗਤ ਅਧਾਰ । ਸ਼ਬਦ ਸੰਦੇਸ਼ਾ ਦੇਣਾ ਘਲ । ਆਈਏ ਧਾਮ ਤੇਰੇ ਚਲ । ਮਿਲੀਏ ਰਾਮ ਕਲਜੁਗ ਕਲ । ਮਿਟੇ ਰੈਣ ਅੰਧੇਰੀ ਸ਼ਾਮ, ਮਿਟੇ ਦੂਈ ਦਵੈਤੀ ਦੂਜਾ ਸੱਲ । ਪੰਝੀ ਭਾਦੋਂ ਲੇਖ ਲਿਖਾਉਣਾ ਤਮਾਮ, ਹਰਿ ਹਰਿ ਹਉਂ ਹਉਂ ਜਾਏ ਬਲ ਬਲ । ਜਗਤ ਤਿਆਗਣੇ ਸਰਬ ਕੰਮ, ਵੇਖਣਾ ਧਾਮ ਇਕ ਅਟੱਲ । ਜੋਤੀ ਜੋਤ ਸਰੂਪ ਹਰਿ, ਸ਼ਬਦ ਲੇਖ ਗੁਰ ਪੂਰਾ ਵੇਖ ਭਾਰਤ ਖੰਡ ਰਿਹਾ ਘਲ । ਨਿਹਕਲੰਕੀ ਜੋਤ ਨੁਰਾਨੀ । ਏਕਾ ਦਿਸੇ ਸਾਚਾ ਸ਼ਬਦ ਸੱਚੀ ਗੁਰਬਾਣੀ । ਸਚ ਸੰਤਾਂ ਸਦ ਹਿਰਦੇ ਵਸੇ, ਗੁਣ ਗਾਵਤ ਸੁਖ ਸਹਿਜ ਸਮਾਣੀ । ਮਾਇਆ ਜਾਲ ਜਗਤ ਨਾ ਫਸੇ, ਜਗਤ ਵਿਦਿਆ ਹੀਣ ਆਤਮ ਬ੍ਰਹਮ ਗਿਆਨੀ । ਏਕਾ ਰਾਹ ਸਾਚਾ ਦੱਸੇ, ਛੁਟੇ ਜਮ ਕੀ ਕਾਨੀ । ਪੰਜਾਂ ਸ਼ਬਦਾਂ ਜੋ ਜਨ ਹੱਸੇ, ਵਸੇ ਘਰ ਸੁਲਤਾਨੀ । ਜੋਤੀ ਜੋਤ ਸਰੂਪ ਹਰਿ, ਅੱਗੇ ਦਿਸੇ ਏਕਾ ਜੋਤ ਸਚ ਨਿਸ਼ਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜੋਤ ਧਰ, ਆਦਿ ਸ਼ਕਤ ਆਦਿ ਭਵਾਨੀ । ਕਰੇ ਅਕਾਰ ਅਕਾਲ ਅਕਾਲਾ । ਦੀਨਾ ਬੰਧੂ ਦੀਨ ਦਿਆਲਾ । ਪੰਖ ਪੰਖੇਰੂ ਆਤਮ ਅੰਧੂ, ਗੁਰ ਗੋਪਾਲਾ । ਲੱਖ ਚੁਰਾਸੀ ਵਡ ਪ੍ਰਬੰਧੂ, ਹਿਤ ਪਿਤ ਰਖਵਾਲਾ । ਵਸੇ ਪੜਦੇ ਉਹਲੇ ਕੰਧੂ, ਦੀਪਕ ਜੋਤੀ ਇਕ ਉਜਾਲਾ । ਜੋਤੀ ਜੋਤ ਸਰੂਪ ਹਰਿ, ਰੂਪ ਰੰਗ ਕਿਆ ਕੋਈ ਵਖਾਣੇ, ਸੂਹਾ ਪੀਲਾ ਲਾਲ ਚਿੱਟਾ ਕਾਲਾ । ਦੀਨਾਂ ਨਾਥ ਜਗਤ ਗਿਆਤਾ । ਸ੍ਰਿਸ਼ਟ ਸਬਾਈ ਸਗਲਾ ਸਾਥ ਪੁਰਖ ਬਿਧਾਤਾ । ਕੌਸਤਕ ਮਣੀਆਂ ਰੱਖੇ ਮਾਥ, ਸ਼ਬਦ ਚਲਾਏ ਸਾਚੀ ਗਾਥਾ । ਆਪਣਾ ਭਾਣਾ ਰੱਖੇ ਆਪਣੇ ਹਾਥ, ਸੋਹੰ ਚਲਾਏ ਸਾਚਾ ਰਾਥਾ । ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਲੋਕਮਾਤ ਰਚਾਏ ਆਪਣੀ ਗਾਥਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰ । ਹਰਿ ਭੇਖ ਪਹਿਲੀ ਵਾਰ । ਦੂਜਾ ਵੇਖ ਰੂਪ ਬਰਾਹ ਅਪਰ ਅਪਾਰ । ਯਗਯ ਪੁਰਸ਼ ਤੀਜਾ ਕਰ ਵਿਚਾਰ । ਹਾਵ ਗਰੀਵ ਚੌਥੀ ਧਾਰ । ਪੰਚਮ ਨਰਾਇਣ ਕਰ ਅਕਾਰ । ਛੇਵੇਂ ਕਪਲ ਮੁਨ ਨਾਉਂ ਵਿਚਾਰ । ਸਤਵੇਂ ਦਤਾਤ੍ਰੇ ਅਠਵਾਂ ਰਿਖਪ ਦੇਵ ਵਿਚ ਸੰਸਾਰ । ਨੌਵਾਂ ਪ੍ਰਿਥੂ ਰੂਪ ਕਰਤਾਰ । ਦਸਵੇਂ ਮਤਸ ਖੇਲ ਨਿਆਰ । ਗਯਾਰਵੇਂ ਕਛਪ ਨਰ ਨਿਰੰਕਾਰ । ਬਾਰਵੇਂ ਮੋਹਣੀ ਰੂਪ ਵਿਚ ਸੰਸਾਰ । ਹੰਸ ਮੋਤੀ ਚੁਗੇ ਚੋਗ ਤੇਰ੍ਹਵੀਂ ਧਾਰ । ਬਾਵਨ ਰੂਪ ਚੌਦਾਂ ਤਬਕਾਂ, ਪ੍ਰਭ ਕੀਆ ਚੌਧਵੀਂ ਵਾਰ । ਪੰਦਰਵਾਂ ਪਰਮ ਪੁਰਖ ਕੀ ਧਾਰ । ਵੈਦ ਧਨੰਤਰ ਕਰ ਵਿਚਾਰ । ਸੋਲਵੇਂ ਨਰ ਸਿੰਘ ਰੂਪ ਹਰਿ ਕਰਤਾਰ । ਸਤਾਰਵੇਂ ਹਰੀ ਗਜ ਪਾਰ ਉਤਾਰ । ਅਠਾਰਵੇਂ ਨਰ ਨਰਾਇਣ ਭਗਤ ਧਰੂ ਬਾਲ ਅਵਸਥਾ ਦਏ ਪਿਆਰ । ਵਾਰ ਉਨੀਂ ਰਾਜੇ ਰਾਣਿਆਂ ਚੋਟੀ ਮੁਨੀ ਪਰਸ ਰਾਮ ਇੱਕੀ ਵਾਰ । ਵਾਰ ਬੀਸ ਭਏ ਜਗਦੀਸ਼, ਪ੍ਰਗਟ ਹੋਏ ਰਾਮ ਅਵਤਾਰ । ਇੱਕੀਵੀਂ ਵਾਰ ਕਰ ਅਕਾਰਾ । ਵੇਦ ਵਿਆਸਾ ਪਿਤਾ ਨਾਮ ਨਾ ਕੋਈ ਉਚਾਰਾ । ਪੁਰਖ ਅਬਿਨਾਸ਼ੀ ਸਾਚੀ ਧਾਰਾ । ਅਵਤਾਰ ਬਾਈਸਵਾਂ ਕ੍ਰਿਸ਼ਨ ਮੁਰਾਰਾ । ਤੇਈਵੀਂ ਵਾਰ ਲਿਆ ਅਵਤਾਰਾ, ਨਾਮ ਬੁੱਧ ਵਿਚ ਸੰਸਾਰਾ । ਲੋਕਮਾਤ ਕੀਆ ਯੁੱਧ, ਮਦਿਰਾ ਮਾਸ ਨਾ ਖਾਏ ਕੋਈ ਜੀਵ ਗਵਾਰਾ । ਹਰਿ ਬਿਨ ਅਵਰ ਨਾ ਦੀਸੇ ਕੋਈ ਆਤਮ ਕਰੇ ਸੁਧ, ਕਲਜੁਗ ਵਧਿਆ ਅੰਤ ਵਿਕਾਰਾ । ਜੋਤੀ


੫੦੯
੦੪

ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਏ ਚਵੀਆਂ ਅਵਤਾਰਾ । ਜੋਤੀ ਜਾਮਾ ਸ਼ਬਦ ਚੋਲਾ । ਸੋਹੰ ਪਵਣ ਸਾਚਾ ਬੋਲਾ । ਨਾਮ ਓਅੰ ਵੱਜੇ ਢੋਲਾ । ਜਨ ਭਗਤਾਂ ਆਤਮ ਰੰਗ ਗੀਤ ਸੁਹਾਗੀ ਸਾਚਾ ਸੋਹਲਾ । ਸਦਾ ਸਦ ਵਸੇ ਅੰਗ ਸੰਗ ਜੋਤ ਨਿਰੰਕਾਰ ਸ਼ਬਦ ਅਧਾਰ ਪਵਣ ਅਸਵਾਰ, ਆਪ ਰਖਾਏ ਪੜਦਾ ਉਹਲਾ ।

❇ ੧੨ ਭਾਦਰੋਂ ੨੦੧੧ ਬਿਕ੍ਰਮੀ ਭਾਰਤ ਦੇ ਰਾਸ਼ਟਰਪਤੀ ਡਾ: ਰਜਿੰਦਰ ਪ੍ਰਸ਼ਾਦ ਨੂੰ ਸ਼ਬਦ ਭੇਜਿਆ ਗਿਆ ❇

ਵਾਲੀ ਹਿੰਦ ਸੱਚੇ ਸੁਲਤਾਨ, ਪ੍ਰਗਟ ਹੋਏ ਹਰਿ ਦਾਤਾ ਗੁਣੀ ਗਹਿੰਦ, ਜੋਤ ਅਧਾਰੀ ਸ਼ਬਦ ਅਸਵਾਰੀ ਪਵਣ ਉਡਾਣ । ਮਨਮੁਖਾਂ ਆਤਮ ਹੋਈ ਹੰਕਾਰੀ ਜਗਤ ਖੁਆਰੀ, ਭੁੱਲਿਆ ਇਕ ਭਗਵਾਨ । ਕਲਜੁਗ ਚਲੀ ਠੱਗੀ ਚੋਰੀ ਯਾਰੀ, ਦੂਈ ਦਵੈਤੀ ਤਿੱਖੀ ਆਰੀ, ਲੋਕਮਾਤ ਕਰ ਜੋਤ ਅਕਾਰੀ, ਪ੍ਰਗਟ ਹੋਏ ਸ੍ਰੀ ਭਗਵਾਨ । ਵਾਲੀ ਹਿੰਦ ਸਚ ਤਖ਼ਤ ਤਾਜੇ । ਕਵਨ ਜਨ ਤੇਰਾ ਸਾਜਨ ਸਾਜੇ । ਆਦਿ ਅੰਤ ਪ੍ਰਭ ਬੇੜਾ ਰਿਹਾ ਬੰਨ੍ਹ, ਪ੍ਰਗਟ ਹੋਏ ਪ੍ਰਭ ਦੇਸ ਮਾਝੇ । ਸਦੀ ਚੌਧਵੀਂ ਚੜ੍ਹਿਆ ਸਾਚਾ ਚੰਨ, ਧਰਤ ਮਾਤ ਸਵਾਰੇ ਤੇਰੇ ਕਾਜੇ । ਸੱਤ ਦੀਪ ਨੌਂ ਖੰਡ ਕਰੇ ਖੰਨ ਖੰਨ, ਚਾਰ ਕੁੰਟ ਕਰਾਏ ਭਾਜੇ । ਜੋਤੀ ਜੋਤ ਸਰੂਪ ਹਰਿ, ਸ਼ਬਦ ਸਰੂਪੀ ਮਾਤ ਗਾਜੇ । ਵਾਲੀ ਹਿੰਦ ਤੇਰਾ ਧਰਮ ਯੁੱਧ । ਲੇਖ ਲਿਖਾਇਆ ਪ੍ਰਭ ਸਚ ਕਰਮ, ਉਤਮ ਹੋਏ ਬੁਧ । ਮਿਟੇ ਜਗਤ ਅੰਧੇਰਾ ਝੂਠਾ ਭਰਮ, ਪ੍ਰਭ ਦਰਸ ਨੇਤਰ ਕਾਇਆ ਸੁਧ । ਸੁਫ਼ਲ ਹੋਏ ਮਾਨਸ ਜਨਮ, ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਸ਼ਬਦ ਅਸਵ ਹੋ ਅਸਵਾਰ, ਸਚ ਸਿੰਘਾਸਣ ਬੈਠ ਕੁੱਦ । ਸਚ ਸਿੰਘਾਸਣ ਸਿੰਘ ਆਸਣ ਸੱਚੀ ਸਰਕਾਰਾ । ਰਾਓ ਰੰਕ ਸਰਬ ਵਿਨਾਸਣ, ਅੰਤਮ ਆਏ ਮਾਤ ਹਾਰਾ । ਏਕਾ ਜੋਤ ਨਿਰਾਲਮ ਪ੍ਰਭ ਅਬਿਨਾਸ਼ਣ, ਸੋਹੰ ਸ਼ਬਦ ਸੱਚਾ ਜੈਕਾਰਾ । ਚਾਰ ਵਰਨ ਗਾਏ ਰਸਨ ਸਵਾਸ ਸਵਾਸਣ, ਮਿਟੇ ਕਲ ਅੰਧ ਅੰਧਿਆਰਾ । ਜੋਤੀ ਜੋਤ ਸਰੂਪ ਹਰਿ, ਮਾਤ ਜੋਤ ਜਗਤ ਬਲੋਏ, ਪ੍ਰਗਟ ਹੋਏ ਨਿਹਕਲੰਕ ਚਵੀਆਂ ਅਵਤਾਰਾ । ਨਰ ਅਵਤਾਰ ਜੋਤ ਪ੍ਰਕਾਸ਼ੇ । ਜਗਤ ਭੇਖ ਚੁਕਾਏ, ਮੇਟ ਮਿਟਾਏ ਮਦਿਰਾ ਮਾਸੇ । ਸਾਚੇ ਲੇਖ ਰਾਓ ਰੰਕ ਲਿਖਾਏ, ਵੇਖ ਵਖਾਣੇ ਪ੍ਰਿਥਮੀ ਅਕਾਸ਼ੇ । ਰਾਜ ਰਾਜਾਨ ਸ਼ਾਹ ਸੁਲਤਾਨ ਜਗਾਏ, ਚਾਰ ਵਰਨ ਇਕ ਸਰਨ ਰਖਾਏ, ਏਕਾ ਧਾਮ ਸਚ ਨਿਵਾਸੇ । ਵਰਨ ਬਰਨ ਕੋਈ ਰਹਿਣ ਨਾ ਪਾਏ, ਜੋਤੀ ਜੋਤ ਸਰੂਪ ਹਰਿ, ਜੀਵ ਜੰਤ ਸਾਧ ਸੰਤ ਰਸਨਾ ਗਾਇਣ ਸਵਾਸ ਸਵਾਸੇ । ਵਾਲੀ ਹਿੰਦ ਸਚ ਕਰਮ ਕਮਾਉਣਾ । ਪੁਰਖ ਪੁਰਖੋਤਮ ਸਦਾ ਬਖ਼ਸ਼ਿੰਦ, ਗਊ ਗਰੀਬ ਨਿਮਾਣਿਆਂ ਗਲੇ ਲਗਾਉਣਾ । ਦੂਈ ਦਵੈਤੀ ਕੱਢਣੀ ਚਿੰਦ, ਜਗਤ ਜਗਤ ਨਿਮਾਣਿਆਂ ਸਿਰ ਹੱਥ ਰਖਾਉਣਾ । ਕੂੜ ਕੁੜਿਆਰਾ ਚਲੇ ਜਿਉਂ ਸਾਗਰ ਸਿੰਧ, ਧਰਮ ਕਰਮ ਜਗਤ ਬਚਾਉਣਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰ ਅਵਤਾਰ, ਸਾਚਾ ਡੰਕ ਇਕ ਵਜਾਉਣਾ । ਸਚ ਘਰ ਸੱਚੀ ਵਡਿਆਈ । ਨਿਰਗੁਣ ਨੂਰ ਨੁਰਾਨਿਆ, ਜਿਸ ਜਗਤ ਬਣਤ ਬਣਾਈ । ਏਕਾ ਜੋਤੀ ਹਰਿ ਭਗਵਾਨਿਆ, ਮਤ ਮਨ ਬੁਧ ਕਾਇਆ ਮੰਦਰ ਵਿਚ ਟਿਕਾਈ । ਸਾਚਾ ਦੇਵੇ ਬ੍ਰਹਮ ਗਿਆਨਿਆ, ਜੋਤੀ ਜੋਤ ਸਰੂਪ ਹਰਿ, ਦੇਂਦਾ ਰਹੇ ਸਦਾ ਵਰ, ਹਰਿ ਘਰ ਦਰ ਸਦਾ ਇਕ ਪਛਾਨਿਆ । ਸਚ ਦਰਬਾਰ ਸੱਚੀ ਜਗ ਸ਼ਾਹੀ । ਏਕਾ ਚਿਤ ਚਿਤਵੇ, ਪ੍ਰਭ ਅਬਿਨਾਸ਼ੀ ਸਾਚਾ


੫੧੦
੦੪

੫੧੧
੦੪

ਮਾਹੀ । ਹਰਿ ਦਰਸ਼ਨ ਲੋੜੇ ਨਿਤਵੇ, ਜਗਤ ਤੁੱਟੇ ਫਾਹੀ । ਏਕਾ ਸੱਜਣ ਸਾਚਾ ਮਿਤਵੇ, ਜੋਤ ਸਰੂਪੀ ਹਰਿ ਰਘੁਰਾਈ । ਭਾਰਤ ਖੰਡ ਸੱਚੀ ਸਰਕਾਰਨ । ਪੁਰਖ ਅਬਿਨਾਸ਼ੀ ਪਾਈ ਵੰਡ, ਨੌਂ ਖੰਡ ਸਾਚੀ ਧਾਰਨ । ਵੇਖ ਵਿਖਾਣੇ ਹਰਿ ਬ੍ਰਹਿਮੰਡ ਵਰਭੰਡ, ਉਪਜਾਏ ਰਾਜੇ ਰਾਣੇ । ਹੱਥ ਫੜਾਏ ਇਕ ਧਰਮ ਚੰਡ ਪ੍ਰਚੰਡ, ਚਲੇ ਚਲਾਏ ਆਪਣੇ ਭਾਣੇ । ਬੰਨ੍ਹੇ ਦਾਤ ਪੱਲੇ ਗੰਢ, ਸਤਿ ਸੰਤੋਖੀ ਹਰਿ ਮਹਾਨੇ । ਏਕਾ ਬਖ਼ਸ਼ੇ ਤਨ ਕਾਇਆ ਠੰਡ, ਦੇਵੇ ਮਾਣ ਵਡ ਜਗਤ ਮਾਣੇ । ਜੋਤੀ ਜੋਤ ਸਰੂਪ ਹਰਿ, ਰਾਓ ਰੰਕ ਸ਼ਾਹ ਸੁਲਤਾਨ ਸਰਬ ਜੀਆਂ ਕਿਛ ਆਪੇ ਜਾਣੇ । ਕ੍ਰਿਸ਼ਨਾ ਪੱਖ ਕਾਇਆ ਅੰਧੇਰ । ਹਰਿ ਹਰਿ ਪ੍ਰਭ ਲਏ ਰਖ, ਜਿਸ ਜਨ ਕਰੇ ਮਿਹਰ । ਭਰੇ ਭੰਡਾਰੇ ਖ਼ਾਲੀ ਸਖ, ਵਕਤ ਸੁਹਾਏ ਨੇੜਨ ਨੇਰ । ਜਗਤ ਵਡਿਆਈ ਪ੍ਰਭ ਰੱਖੇ ਪਤਿ, ਚੁਕਾਏ ਮੇਰ ਤੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੀਪਕ ਜਗਤ ਜਗਾਏ, ਮਿਟੇ ਅੰਧ ਅੰਧੇਰ । ਰੋਗ ਸੋਗ ਤਨ ਚਿੰਤ ਵਿਨਾਸੇ । ਏਕਾ ਬੇਨੰਤੀ ਗੁਰ ਚਰਨ ਪਾਸੇ । ਰਸਨਾ ਸ਼ਬਦ ਸਾਚਾ ਮੰਤ, ਸੋਹੰ ਸ਼ਬਦ ਆਤਮ ਵਾਸੇ । ਮਿਲੇ ਦਾਤ ਸਾਚੇ ਸੰਤ, ਲੱਗੇ ਭਾਗ ਗਰਭ ਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੀਪਕ ਜਗਤ ਜਗਾਏ, ਸੁਲੱਖਣੀ ਕੁੱਖ ਭਾਗ ਲਗਾਏ, ਦੁੱਖ ਦਰਦ ਹਾਕਨ ਡਾਕਨ ਘਰ ਛੱਡਣ ਨਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਗਾਇਣ ਸਵਾਸ ਸਵਾਸ ਸਵਾਸੇ । ਕਾਇਆ ਮਠ ਤਪੇ ਤੰਦੂਰ । ਉਲਟੀ ਗਿੜੇ ਲੱਠ, ਹੱਡ ਪਿੰਜਰ ਹੋਇਆ ਚੂਰੋ ਚੂਰ । ਭੌਂ ਭੌਂ ਥੱਕੇ ਅਠ ਸਠ, ਕੋਈ ਨਾ ਮਿਲਿਆ ਦਾਤਾ ਸੂਰ । ਗੁਰ ਸੰਗਤ ਮਿਲਿਆ ਇਕ ਇਕੱਠ, ਪ੍ਰਗਟ ਹਰਿ ਹਾਜ਼ਰ ਹਜ਼ੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਗੁਣਾਂ ਆਪੇ ਭਰਪੂਰ । ਵਾਯੂ ਵਿਵਾਦ ਅਗਨੀ ਤੇਜਾ । ਭਾਗ ਲਗਾਏ ਕਾਇਆ ਮੰਦਰ ਸਾਚੀ ਸੇਜਾ । ਰੋਗ ਗਵਾਏ ਕਾਇਆ ਕੰਦਰ, ਸ਼ਬਦ ਮਾਰੇ ਤਿੱਖਾ ਨੇਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਜਨ ਝੋਲੀ ਪਾਏ, ਸੁਫ਼ਲ ਕੁੱਖ ਜਗਤ ਕਰਾਏ, ਉਪਜੇ ਪੂਤ ਨਾਮ ਰੱਖਣਾ ਸਿੰਘ ਗੁਰਮੇਜਾ । ਕਾਇਆ ਸਾਗਰ ਡੂੰਘੀ ਭਵਰ । ਕਾਚੀ ਗਾਗਰ ਵਿਚ ਦਿਸੇ ਗਹਿਰ ਗਵਰ । ਜਨ ਆਏ ਦਵਾਰੇ ਪ੍ਰਭ ਕਿਰਪਾ ਧਾਰੇ, ਮਾਨਸ ਜਨਮ ਜਾਏ ਸਵਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਨਾ ਜਾਣੇ ਕੋਈ ਅਵਰ । ਖਿੱਟਾ ਰੋਗ ਸਹੰਸ ਨਵਿਰਤੀ । ਜਗਤ ਵਿਜੋਗ ਮਾਤ ਪ੍ਰਕਿਰਤੀ । ਜਿਸ ਜਨ ਲਿਖੇ ਧੁਰ ਸੰਜੋਗ, ਬਖ਼ਸ਼ੇ ਚਰਨ ਪ੍ਰੀਤ ਸਾਚੀ ਬਿਰਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਗ ਸੰਗ ਸੰਗ ਅੰਗ ਵਡ ਸੂਰਾ ਸਰਬੰਗ, ਚਿੰਤਾ ਰੋਗ ਕਰੇ ਨਵਿਰਤੀ । ਤੁੱਟੇ ਜਗਤ ਜੰਜ਼ਾਲ ਹੋਏ ਛੁਟਕਾਰਾ । ਗੁਰਮੁਖ ਚਲੇ ਸਾਚੀ ਚਾਲ, ਬਣੇ ਨਾਮ ਵਣਜਾਰਾ । ਪ੍ਰਭ ਆਪੇ ਰੱਖੇ ਸੁਰਤ ਸੰਭਾਲ, ਪੰਚਾਂ ਫੇਰੇ ਸਿਰ ਸ਼ਬਦ ਆਰਾ । ਜਨ ਭਗਤ ਨਾ ਹੋਏ ਕਦੇ ਕੰਗਾਲ, ਪ੍ਰਭ ਪੱਲੂ ਰੱਖੇ ਸਦਾ ਭਾਰਾ । ਸਚ ਵਸਤ ਰੱਖਣੀ ਨਾਮ ਸੰਭਾਲ, ਸੋਹੰ ਗਾਉਣਾ ਵਸਤ ਸ਼ਬਦ ਅਪਾਰਾ । ਤੀਰਥ ਨੁਹਾਉਣਾ ਕਾਇਆ ਸੁਹਾਵੇ ਤਾਲ, ਸ਼ਬਦ ਸੁਰਤ ਮਨ ਜਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁੱਚ ਜਗਤ ਗੁਰਦੇਵ, ਫੜ ਫੜ ਬਾਹੋਂ ਰਾਹੇ ਪਾਉਣਾ । ਕਿੰਗਰੇ ਕਿੰਗਰੇ ਵਜੇ ਮਰਦੰਗ । ਇਕ ਦੂਜੇ ਦਾ ਤੁੱਟੇ ਸੰਗ । ਅੰਦਰ ਬਾਹਰ ਤਨ ਖੁਆਰ, ਦਿਸੇ ਭੁੱਖ ਨੰਗ । ਤੁੱਟਾ ਨਾਤਾ ਜਗਤ ਪਿਆਰ, ਮਾਨਸ ਦੇਹੀ ਦਿਸੇ ਭੰਗ । ਕਰਮਾ ਆਈ ਦਿਸੇ ਹਾਰ, ਦਿਵਸ ਰੈਣ ਰਹੇ ਵਿਚਾਰ । ਨਾ ਕੋਈ ਨਿਭਾਏ ਸਾਚਾ ਸੰਗ । ਚੜ੍ਹਿਆ ਰਹੇ ਇਕ ਬੁਖ਼ਾਰ, ਇਕ ਦੂਜੇ ਨੂੰ ਵੱਜੇ ਡੰਗ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਏਕਾ ਦਾਤ ਦਰ

ਰਹੇ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗੁਣ ਜਨ ਸਦਾ ਉਚਾਰ, ਸਤਿ ਸਰੂਪੀ ਜਾਇਣ ਲੰਘ । ਘਰ ਘਰ ਬਾਹਰਾ ਇਕ ਰਖਵਾਰਾ, ਚੰਡ ਪ੍ਰਚੰਡ ਸ਼ਬਦ ਡੰਡ, ਹੋਏ ਆਪ ਸਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਪੈਜ ਸਵਾਰੇ, ਜਨ ਆਏ ਚਰਨ ਦਵਾਰ । ਮਦਿਰਾ ਮਾਸ ਦੇਣਾ ਤਜ । ਗੁਰ ਸੰਗਤ ਵਿਚ ਜਾਣਾ ਸਜ । ਏਕਾ ਦਰ ਏਕਾ ਘਰ ਬਣਨਾ ਮੰਗਤ, ਅੰਮ੍ਰਿਤ ਪੀਣਾ ਨਾਮ ਰੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪੜਦੇ ਰਿਹਾ ਕੱਜ । ਸਚ ਨਾਮ ਗੁਰ ਚਰਨ ਭਿਖਾਰੀ । ਕਰ ਕਿਰਪਾ ਦੇਵੇ ਹਰਿ, ਜੋ ਜਨ ਆਏ ਦਰ ਦਵਾਰੀ । ਆਪ ਚੁਕਾਏ ਜਗਤ ਡਰ, ਜਗਤ ਮਾਇਆ ਨਾ ਕਰੇ ਖੁਆਰੀ । ਚਰਨ ਲਾਗ ਗੁਰ ਜਾਏ ਤਰ, ਪੂਰਨ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸੋਹੰ ਨਾਮ ਸ਼ਬਦ ਸੱਚੀ ਖ਼ੁਮਾਰੀ । ਦੁੱਖ ਰੋਗ ਮਿਟੇ ਸੰਤਾਪ । ਮਿਲੇ ਨਾਮ ਜੋਗ ਵਡ ਪ੍ਰਤਾਪ । ਲਿਖਿਆ ਧੁਰ ਸੰਜੋਗ, ਸੋਹੰ ਜਪਣਾ ਸਾਚਾ ਜਾਪ । ਦਰਸ ਦਿਖਾਏ ਹਰਿ ਅਮੋਘ, ਪ੍ਰਗਟ ਕਰ ਆਪਣਾ ਆਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪ ਮਿਟਾਏ ਕੋਟਨ ਪਾਪ । ਤੁੱਟੀ ਗੰਢੇ, ਪ੍ਰਭ ਚਰਨ ਜੁੜੰਦਾ । ਦੁਧ ਪੁੱਤ ਦਾਤ ਸਾਚੀ ਵੰਡੇ, ਦੁੱਖ ਰੋਗ ਮਿਟੰਦਾ । ਕਦੇ ਨਾ ਦੇਵੇ ਹਰਿ ਜੀ ਕੰਡੇ, ਘਰ ਬਹਾਏ ਧਾਮ ਸੁਹੰਦਾ । ਆਤਮ ਹੋਏ ਕਦੇ ਨਾ ਰੰਡੇ, ਸਾਚੀ ਸੇਜਾ ਹਰਿ ਤਖ਼ਤ ਬਹਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਦਾਨ, ਪੂਰੇ ਘਾਟ ਆਪ ਕਰੰਦਾ । ਪੂਰ ਕਰਾਏ ਘਾਟਾ । ਜੋਤ ਜਗਾਏ ਵਿਚ ਲਲਾਟਾ । ਸਹਿੰਸਾ ਰੋਗ ਭੁੱਖ ਗਵਾਏ, ਦੂਰ ਕਰਾਏ ਦੁੱਖੜਾ ਵਾਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹੀਂ ਹੱਥੀਂ ਆਪ ਸਵਾਏ ਕਾਇਆ ਚੋਲੀ ਤਨ ਮਾਤ ਪਾਟਾ । ਦਰ ਘਰ ਸੀਤਲ ਅੰਮ੍ਰਿਤ ਧਾਰੀ । ਹਰਿ ਨਰ ਰਾਖੇ ਸਦਾ ਚੀਤਲ, ਬਖ਼ਸ਼ੇ ਅਵਗੁਣ ਭਾਰੀ । ਜਗਤ ਸੁਹੇਲਾ ਸਾਚਾ ਮੀਤਲ, ਸਾਚਾ ਵਣਜ ਕਰੇ ਵਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਚਰਨ ਸਰਨ ਇਕ ਧਰਮ, ਮੰਗਣਾ ਨਾਮ ਦਰ ਭਿਖਾਰੀ । ਸਾਚਾ ਨਾਉਂ ਰਸਨਾ ਗਾਉਣਾ । ਪ੍ਰਭ ਪਕੜੇ ਬਾਹੋਂ, ਚਿੰਤਾ ਸੋਗ ਸਰਬ ਮਿਟਾਉਣਾ । ਜੀਆਂ ਜੰਤਾਂ ਰੱਖੇ ਠੰਡੀ ਛਾਉਂ, ਸਿਰ ਆਪਣਾ ਹੱਥ ਰਖਾਣਾ । ਆਪੇ ਬਣੇ ਪ੍ਰਭ ਪਿਤਾ ਮਾਉਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਚਰਨ ਓਟ ਇਕ ਰਖਾਉਣਾ । ਸਾਚੇ ਅੰਮ੍ਰਿਤ ਸਾਚੀ ਧਾਰ । ਪਰਮ ਪੁਰਖ ਪ੍ਰਭ ਸਾਚੀ ਕਾਰ । ਸੁੱਕਾ ਕਾਇਆ ਹਰਿਆ ਬਿਰਖ, ਲੱਗੇ ਫਲ ਸਾਚੇ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁਖ ਚੁਆਏ ਮੇਟ ਮਿਟਾਏ, ਉਪਜਾਏ ਅੰਮ੍ਰਿਤ ਤਾਲ । ਪੁੱਤਰ ਧੀਆਂ ਸੁਖੀ ਜੀਆ । ਮਾਤ ਪਿਤ ਪਿਤ ਮਾਤ ਅੰਮ੍ਰਿਤ ਰਸ ਸਾਚਾ ਪੀਆ । ਗੁਰ ਚਰਨ ਪ੍ਰੀਤੀ ਸਾਚਾ ਹਿਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਿੰਸਾ ਰੋਗ ਜਗਤ ਗਵਾਏ ਨਿਰਮਲ ਕਰਾਏ ਜੀਆ । ਜਗਤ ਵਿਹਾਰਾ ਔਖਾ ਪੰਧ । ਨਾ ਦਿਸੇ ਕੋਈ ਸਹਾਰਾ, ਕਰਮਾਂ ਢੱਠੀ ਕੰਧ । ਮੰਗਣ ਆਏ ਚਲ ਦਵਾਰਾ, ਪ੍ਰਭ ਅਬਿਨਾਸ਼ੀ ਬੇੜਾ ਬੰਨ੍ਹ । ਖ਼ਾਲੀ ਭਰ ਜਗਤ ਭੰਡਾਰਾ, ਮਿਟੇ ਧੂੰਆਂ ਧਾਰ ਅੰਧੇਰ ਅੰਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖ਼ੁਸ਼ੀ ਕਰਾ ਬੰਦ ਬੰਦ । ਚਰਨ ਧੂੜ ਮਜਨ ਇਸ਼ਨਾਨ । ਹਰਿ ਸਾਚਾ ਸਾਕ ਸੈਣ ਸੱਜਣ, ਸਦਾ ਸਦਾ ਮਿਹਰਬਾਨ । ਭਾਂਡੇ ਭਰਮ ਪ੍ਰਭ ਦਰ ਭੱਜਣ, ਚੁਕੇ ਜਮ ਕੀ ਕਾਨ । ਹੋਏ ਸਹਾਈ ਪੜਦੇ ਕੱਜਣ, ਦੇਵੇ ਨਾਮ ਨਿਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਜੋ ਜਨ ਕਮਾਨ । ਨਿਰਮਲ ਹੋਇਆ ਜਗਤ ਸਰੀਰ । ਕਾਇਆ ਮੰਦਰ ਟੁੱਟੀ ਧੀਰ । ਹਾਡੀ ਹਾਡੀ

੫੧੩ ੦੪

ਰਹੇ ਪੀੜ । ਕੋਇ ਨਾ ਮਿਲਿਆ ਸਾਚਾ ਗਾਡੀ, ਕਟੇ ਅੰਤਮ ਭੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜਨ ਸਾਚੇ ਹਰਿ, ਰੋਗ ਸੋਗ ਕਟ ਕਾਇਆ ਭੀੜ । ਚਰਨ ਲਿਵ ਹਰਿ ਚਰਨ ਧਿਆਨਾ । ਨਾ ਕੋਈ ਜਾਣੇ ਸ਼ੰਕਰ ਸ਼ਿਵ ਬ੍ਰਹਮਾ ਵਿਸ਼ਨ ਮਹੇਸ਼ ਗੁਣ ਨਿਧਾਨਾ । ਏਕਾ ਨਾਉਂ ਜਗਤ ਦਿਸਾਏ, ਏਕਾ ਏਕ ਹਰਿ ਨਰ ਗੁਣਵੰਤ ਗੁਣ ਨਿਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸੋਹੰ ਸ਼ਬਦ ਸੱਚਾ ਦਾਨਾ । ਨਾੜੀ ਪਿੰਜਰ ਹੱਡ ਮਾਸ । ਅੱਡੋ ਅੱਡੀ ਦਿਸੇ ਕਿੰਗਰ, ਤਾਪਾਂ ਰੋਗਾਂ ਹੋਇਆ ਦਾਸ । ਕਾਇਆ ਸੁੱਕੀ ਹੋਈ ਢਿੰਗਰ, ਸਦਾ ਰਹੇ ਮਨ ਉਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਏ ਦਰ, ਦੁੱਖਾਂ ਰੋਗਾਂ ਕਰੇ ਬੰਦ ਖ਼ਲਾਸ । ਹੱਡ ਨਾੜੀ ਰਹੇ ਪੀੜਾ । ਦੁਖੀ ਦਿਸੇ ਸਦਾ ਜੀਅੜਾ । ਕਾਇਆ ਖਾਏ ਮਾਸ ਅਹਾਰੀ ਕੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਏ ਦਰ ਕਾਇਆ ਰੋਗ ਕਟ ਭੀੜਾ । ਚਰਨ ਪ੍ਰੀਤੀ ਮੰਗੇ ਮਿਲੇ ਜੋਤ ਹਰਿ ਭਗਵਾਨਾ । ਕਾਇਆ ਖੋਲ੍ਹੇ ਬੰਦ ਸੋਤ, ਉਪਜੇ ਬ੍ਰਹਮ ਗਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਦੁਰਮਤ ਮੈਲ ਰਿਹਾ ਧੋਤ, ਗੁਰਮੁਖ ਚਰਨ ਧੂੜ ਕਰੇ ਇਸ਼ਨਾਨਾ । ਸੁਖਲਾ ਸੀਥਲ ਸਰੀਰਾ । ਚਲਦਾ ਰਹੇ ਨੀਰ ਨੀਰਾ । ਕਾਇਆ ਮੰਦਰ ਢਲਦਾ ਰਹੇ, ਦੁਖੀ ਰਹੇ ਜੀਅੜਾ । ਅਗਨ ਤੰਦੂਰ ਬਲਦਾ ਰਹੇ, ਲੱਗੀ ਰਹੇ ਦੁਹਾਗਣ ਪੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰ ਕਿਰਪਾ ਧਾਰ, ਬੰਨ੍ਹ ਵਖਾਈਂ ਮਾਤ ਬੀੜਾ । ਕਰਮ ਕਮਾਈ ਕ੍ਰਿਤ ਘਨ । ਗੁਰ ਦਰ ਭੁੱਲ ਬਖ਼ਸ਼ਾਈ, ਦਰ ਦਵਾਰੇ ਸਚ ਧੰਨ । ਝੂਠਾ ਰੋਗ ਦੇਣਾ ਗਵਾਈ, ਪ੍ਰਭ ਬੇੜਾ ਦੇਵੇ ਬੰਨ੍ਹ । ਸੋਹੰ ਸ਼ਬਦ ਰਸਨਾ ਗਾਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦੇਵੇ ਨਾਮ ਧਨ ।

## ❇ ੧੨ ਭਾਦਰੋਂ ੨੦੧੧ ਬਿਕ੍ਰਮੀ ਸਤਿਸੰਗ ਘਰ ਬਿਆਸ ਸਤਿਗੁਰ ਗੁਰਬਚਨ ਸਿੰਘ ਨੂੰ ਸ਼ਬਦ ਭੇਜਿਆ ਜਵਾਬ ਦੀ ਮੰਗ ਸ਼ਬਦ ਵਿਚ ਕੀਤੀ ❇

ਆਦਿ ਨਮੋ ਸ਼ਬਦ ਗੁਰਦੇਵ ਸਤਿਗੁਰ ਸਾਵਣ ਜਗਤ ਉਜਿਆਰ । ਪਤਤ ਪਾਵਨ ਜੀਆ ਜੰਤ ਉਧਾਰ । ਕਰਿਆ ਛਲ ਜਿਉਂ ਭੇਖ ਬਾਵਨ, ਮੰਗਣ ਆਇਆ ਬਣ ਭਿਖਾਰ । ਕਿਸੇ ਹੱਥ ਨਾ ਆਉਣਾ ਦਾਮਨ, ਨਾ ਹੋਇਆ ਕੋਈ ਜਾਮਨ, ਹਰਿ ਘਰ ਸੱਚੀ ਸਰਕਾਰ । ਕਾਇਆ ਮੰਦਰ ਵਸੇ ਕਾਮਨੀ ਕਾਮਨ, ਤਨ ਬੈਠੀ ਕਰ ਸ਼ਿੰਗਾਰ । ਹਿੰਦੂ ਸਿੱਖ ਈਸਾਈ ਬ੍ਰਹਿਮਣ, ਗੁਣਵੰਤ ਗੁਣ ਗੁਰ ਕੋਇ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪਣੀ ਜਾਣੇ ਆਪੇ ਸਾਰ । ਸਤਿਗੁਰ ਸਾਵਣ ਸਹਿਜ ਧੁਨ ਮਾਤਰ । ਵੇਦ ਪੁਰਾਨ ਕੁਰਾਨ ਅੰਜੀਲ, ਘਰ ਘਰ ਬੈਠੇ ਵਾਚਣ ਸ਼ਾਸਤਰ । ਦਰ ਘਰ ਸਾਚੇ ਨਾ ਦਿਸੇ ਇਕ ਦਲੀਲ, ਤਨ ਪਾਇਆ ਨਾ ਦਿਸੇ ਨਾਮ ਗਾਤਰ । ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਮਾਤ ਰਹਾਵੇ, ਛਿੰਨ ਭੰਗਰ ਏਕਾ ਅੰਗਰ, ਨਾਦ ਧੁਨ ਅਨਹਦ ਵਜਾਵੇ । ਸਾਵਣ ਧੁਨੀ ਮਸਤ ਦੀਵਾਨੀ । ਗੁਰਮੁਖ ਵਿਰਲਾ ਜਾਣੇ ਵਡ ਗੁਣ ਗੁਣੀ, ਦੇਵ ਲੋਕ ਦੀ ਇਕ ਨਿਸ਼ਾਨੀ । ਸਾਧਨ ਸੰਤਾਂ ਆਤਮ ਪੁਣੀ, ਵੇਖ ਵਖਾਣੇ ਵਡ ਵਿਦਵਾਨੀ । ਸਚ ਪੁਕਾਰ ਇਕ ਹਰਿ ਭਗਤ ਸੁਣੀ, ਲੋਕਮਾਤ ਲਏ ਅਵਤਾਰ,

ਜੋਤੀ ਜੋਤ ਸਰੂਪ ਹਰਿ, ਚਿੱਟੇ ਅਸਵ ਪੰਚਮ ਜੇਠ ਹੋ ਅਸਵਾਰ । ਸਤਿਗੁਰ ਸਾਵਣ ਸੁਖ ਅਨੰਦ ਘਨੇਰਾ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣ, ਪੁਰਖ ਅਬਿਨਾਸ਼ੀ ਪਾਏ ਫੇਰਾ । ਸਤਿ ਸਰੋਵਰ ਗੁਰਮੁਖ ਵਿਰਲੇ ਨੁਹਾਵਣ, ਬੇਮੁਖਾਂ ਡਿੱਠਾ ਭਰਮਾਂ ਡੇਰਾ । ਜੋਤੀ ਜੋਤ ਸਰੂਪ ਹਰਿ, ਮੰਗਣ ਆਇਆ ਨਾਮ ਵਰ, ਉਨੀਂ ਹਾੜੀ ਪਾਇਆ ਫੇਰਾ । ਪੰਚਮ ਪੰਚਮ ਸ਼ਬਦ ਤਨ ਵਜੇ । ਸ਼ਬਦ ਚੋਟ ਇਕ ਨਗਾਰੇ ਲੱਗੇ । ਦੁਰਮਤ ਮੈਲ ਕੱਢੇ ਖੋਟ, ਤਰਨ ਤਾਰਨ ਸਿੰਘ ਬੱਗੇ । ਚਾਰ ਕੁੰਟ ਆਲਣਿਉਂ ਡਿੱਗੇ ਬੋਟ, ਇਕ ਸ਼ਬਦ ਹਲੂਣਾ ਵਾ ਤੱਤੀ ਵੱਗੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਅਵਤਾਰ ਨਰ, ਲੋਕਮਾਤ ਹਰਿ ਕਿਰਪਾ ਕਰ, ਏਕਾ ਲੱਗੇ ਸਰਬ ਅੱਗੇ । ਪੰਚਮ ਸ਼ਬਦ ਧੁਨ ਧਰਨ ਪਤਿ । ਆਪਣੀ ਕਰਨੀ ਰਿਹਾ ਕਰ, ਲੱਖ ਚੁਰਾਸੀ ਸੈਨਾਪਤ । ਮਾਨਸ ਦੇਹੀ ਵੇਖੇ ਖੁਲ੍ਹੇ ਹਰਨ ਫਰਨ, ਸਾਧਾਂ ਸੰਤਾਂ ਵਡ ਮਹੰਤਾਂ ਜਾਣੇ ਮਿਤ ਗਤ । ਪੁਰਖ ਅਬਿਨਾਸ਼ੀ ਏਕਾ ਸਾਚਾ ਕੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤ ਜਿਸ ਬਣਾਈ ਸਾਚੀ ਬਣਤ । ਸੱਤਵੇਂ ਸਤਿ ਨਿਰੰਜਣ ਨਰ ਹਰਿ ਕਿਰਪਾ ਆਪ ਕਰਾਇੰਦਾ । ਵੇਖ ਵਖਾਣੇ ਸਚ ਦਰ, ਸ਼ਬਦ ਲੇਖ ਘਰ ਪੁਚਾਇੰਦਾ । ਲੱਖ ਚੁਰਾਸੀ ਚੁੱਕੇ ਡਰ, ਭਰਮ ਭੁਲੇਖੇ ਦੂਰ ਕਰਾਇੰਦਾ । ਜੋਤ ਸਰੂਪੀ ਜਾਮਾ ਧਾਰ, ਸੋਹੰ ਸ਼ਬਦ ਬਾਜ ਉਡਾਇੰਦਾ । ਚਾਰ ਵਰਨ ਦੇਵੇ ਹਰਿ ਏਕਾ ਸਰ, ਅੰਮ੍ਰਿਤ ਆਤਮ ਸੀਰ ਪਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਸੰਗ ਬਿਆਸਾ ਨਿਜ ਆਤਮ ਵਾਸਾ ਸ਼ਬਦ ਮੰਗ ਇਕ ਮੰਗਾਇੰਦਾ ।



## ✻ ੧੨ ਭਾਦਰੋਂ ੨੦੧੧ ਬਿਕ੍ਰਮੀ ਸੈਦਪੁਰ ਸੰਤ ਲਾਭ ਸਿੰਘ ਨੂੰ ਸ਼ਬਦ ਭੇਜਿਆ ਅਤੇ ਉਤਰ ਮੰਗਿਆ ✻

ਕਵਲ ਕਲ ਕਲ ਕਿਸ ਉਪਜਾਈ । ਕਿਸ ਵਸੇ ਘਰ ਮਹੱਲ ਕਰੇ ਰੁਸ਼ਨਾਈ । ਸਚ ਸੁਹੰਜਣੀ ਕਿਹੜੀ ਘੜੀ ਕਿਹੜਾ ਪਲ, ਪ੍ਰਭ ਜੋਤੀ ਰੰਗ ਵਟਾਈ । ਸ਼ਬਦ ਉਛਲ ਕਿਸ ਦੇਵੇ ਦਰ ਕਵਣ ਪਵਣ ਚਲਾਈ । ਕਵਣ ਲਏ ਪ੍ਰਭ ਅੰਮ੍ਰਿਤ ਜਲ, ਕਾਇਆ ਸਿੰਚ ਕਰਾਈ । ਕਵਣ ਬਣਾਏ ਕਾਇਆ ਖੱਲ, ਹੱਡ ਨਾੜੀ ਮਾਸ ਵਿਚ ਟਿਕਾਈ । ਜੋਤੀ ਜੋਤ ਸਰੂਪ ਹਰਿ, ਕੀ ਕਰੇ ਖੇਲ ਰਘੁਰਾਈ । ਕਵਣ ਧਾਮ ਤਖ਼ਤ ਸੁਲਤਾਨ । ਕਵਣ ਰਾਮ ਜਿਸ ਦੀਆ ਪੀਣ ਖਾਣ । ਕਵਣ ਨਾਮ ਜਿਸ ਨਾਮ ਪਦ ਨਿਰਬਾਣ । ਕਵਣ ਦਾਮ ਦੋਏ ਜਹਾਨੀ ਗੁਰਮੁਖ ਖਾਣ । ਕਵਣ ਸ਼ਾਮ ਸ਼ਾਮ ਮੇਲ ਮਿਲਾਵਾ ਸ੍ਰੀ ਭਗਵਾਨ । ਕਵਣ ਜਾਮ ਮਦਿਰਾ ਰਸ ਸਰਬ ਮਿਟ ਜਾਣ । ਜੋਤੀ ਜੋਤ ਸਰੂਪ ਹਰਿ, ਬਣਿਆ ਆਪ ਬਾਲ ਅੰਞਾਣ । ਕਵਣ ਘਰ ਹਰਿ ਸੰਤ ਵਸੇਰਾ । ਕਵਣ ਦਰ ਢਹੇ ਭਰਮਾਂ ਡੇਰਾ । ਕਵਣ ਹਰਿ ਚੁਕਾਏ ਮੇਰਾ ਤੇਰਾ । ਕਵਣ ਹਰਿ ਸ਼ਬਦ ਪਾਏ ਚਾਰ ਕੁੰਟ ਘੇਰਾ । ਕਵਣ ਹਰਿ ਜੋਤੀ ਜੋਤ ਸਰੂਪ ਹਰਿ, ਜਿਸ ਬਣਾਇਆ ਤਨ ਮੰਦਰ ਤੇਰਾ । ਤਨ ਮੰਦਰ ਬਣੀ ਇਕ ਅਟਾਰੀ । ਤਿੰਨ ਸੌ ਸੱਠ ਹਾਡੀ ਜੋੜੀ ਅੰਗ ਅੰਗ ਵਾਰੋ ਵਾਰੀ । ਹੱਥ ਪੈਰ ਮੁਖ ਨਾਕ ਲਗਾਇਆ, ਠੋਡੀ ਮੁਖੜੇ ਉਪਰ ਉਭਾਰੀ । ਬੱਤੀ ਦੰਦ ਹਰਿ ਬਖ਼ਸ਼ਿੰਦ ਰਸਨ ਚਲਾਈ, ਦੋਹਾਂ ਧਿਰਾਂ ਮੇਲ ਮਿਲਾਈ ਕਾਇਆ ਸਿੰਚੀ ਤਨ ਕਿਆਰੀ । ਨਾ ਦਿਸੇ ਵਸੇ ਅੰਦਰ, ਬਾਹਰ ਭੇਵ ਖੋਲ੍ਹੇ ਦਸਮ ਦਵਾਰੀ । ਕਿਹੜਾ ਵੱਜਾ ਆਤਮ ਜੰਦਰ, ਸੰਤ ਅਸੰਤ ਖੋਲ੍ਹ ਖੋਲ੍ਹ ਥੱਕੇ ਹਾਰੀ । ਕੀ ਰੂਪ ਨਿਰੰਜਣ ਜੋਤ ਜਗੇ ਕਾਇਆ ਕੰਦਰ ਸਾਚੀ ਇਕ ਨਿਰੰਕਾਰੀ । ਸਾਚੇ ਸੰਤ ਸਤਿਗੁਰ ਦੁਲਾਰੇ ।

੫੧੫
੦੪

ਲਿਖਣਾ ਲੇਖ ਵਾਰੋ ਵਾਰੇ । ਸੰਤ ਵਣਜਾਰਾ ਹਰਿ ਨਿਰੰਕਾਰਾ, ਨਿਰੰਕਾਰ ਉਧਾਰਾ ਗੁਰਮੁਖ ਪਿਆਰਾ । ਦੋਹਾਂ ਧਿਰਾਂ ਏਕਾ ਧਾਰ ਸੱਚੀ ਧਾਰਾ । ਪੂਰੇ ਸਤਿਗੁਰ ਦਇਆ ਕਮਾਈ, ਆਤਮ ਸ਼ਕਤੀ ਜਗਤ ਭਗਤੀ ਵਿਚ ਟਿਕਾਈ । ਬੂੰਦ ਰਕਤੀ ਸੁਫ਼ਲ ਕਰਾਈ । ਜੋਤੀ ਜੋਤ ਸਰੂਪ ਹਰਿ, ਪੂਰਨ ਸੰਤਾਂ ਰਿਹਾ ਜਗਾਈ । ਮਿਲੀ ਦਾਤ ਵਸਤ ਅਨਮੁੱਲ । ਪੂਰੇ ਤੋਲ ਜਾਣਾ ਤੁਲ । ਸਾਚਾ ਫਲ ਸਾਚਾ ਮੇਵਾ ਨਾ ਜਾਏ ਹੁੱਲ । ਸ਼ਬਦ ਭੇਵ ਦਰ ਇਕ ਖੁਲ੍ਹਾਉਣਾ, ਕੋਇ ਨਾ ਲੱਗੇ ਮਾਤ ਮੁੱਲ । ਸਤਿਗੁਰ ਪੂਰਾ ਆਤਮ ਘਰ ਬਹਾਉਣਾ, ਜਗਤ ਮਾਇਆ ਵੇਖ ਨਾ ਜਾਣਾ ਭੁੱਲ । ਜੋਤੀ ਜੋਤ ਸਰੂਪ ਹਰਿ, ਸਚ ਭੰਡਾਰਾ ਰੱਖੇ ਖੁਲ੍ਹ । ਲਾਭ ਸਿੰਘ ਸੰਤ ਲਾਭ । ਦੇਣਾ ਜਵਾਬ ਦੋ ਆਬ । ਦਰ ਦਰਵਾਜਾ ਲਿਖਣਾ ਲੰਮਾ ਚੌੜ, ਜਿਥੇ ਵਸੇ ਗਰੀਬ ਨਿਵਾਜਾ । ਚਿੱਟਾ ਅਸਵ ਕਿਹੜਾ ਚੁੱਕੀ ਖਲੋਤਾ ਪੌੜ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਅਗਨ ਬੁਝਾਏ, ਸਾਚਾ ਸਗਨ ਮੁਖ ਲਗਾਏ ਵੇਖੇ ਪਰਖੇ ਮਿਠੇ ਕੌੜ । ਤਿੰਨ ਪੰਜ ਸੱਤ ਨੌਂ ਦਸ ਅਠਾਰਾਂ । ਉਤਰ ਦੇਣਾ ਧੰਨਵਾਦ ਕਰ ਜੋੜ ਸਰਬ ਵਿਚਾਰਾਂ । ਸ਼ਬਦ ਘੋੜਾ ਰਿਹਾ ਦੌੜ, ਚਾਰ ਕੁੰਟ ਚਾਰ ਦਿਵਾਰਾ । ਜੋਤੀ ਜੋਤ ਸਰੂਪ ਹਰਿ, ਏਕਾ ਰੱਖੇ ਸਾਚੀ ਧਾਰਾ । ਚਾਰ ਦਿਸ਼ਾ ਦਰ ਦਰਵਾਜੇ । ਹਰਿ ਮਹੱਲ ਗਰੀਬ ਨਿਵਾਜੇ । ਸਦਾ ਸਦਾ ਸਦਾ ਅਟੱਲ, ਲੱਖ ਚੁਰਾਸੀ ਸਾਜਨ ਸਾਜੇ । ਜੋਤੀ ਜੋਤ ਸਰੂਪ ਹਰਿ, ਕਵਣ ਦਵਾਰੇ ਗੁਰਮੁਖਾਂ ਮਾਰੇ ਅਵਾਜੇ । ਸ਼ਬਦ ਧਾਰ ਕਿਸ ਆਵੇ ਦਵਾਰੇ । ਕਵਣ ਕਰਾਏ ਪਾਰ, ਦੇਵੇ ਕਵਣ ਸਹਾਰੇ । ਕਿਹੜੀ ਬੰਨ੍ਹੇ ਹਰਿ ਜੀ ਧਾਰ, ਜੀਵ ਜੰਤ ਨਾ ਕੋਈ ਜਾਣੇ । ਜੋਤੀ ਜੋਤ ਸਰੂਪ ਹਰਿ, ਭਗਤ ਭਗਵੰਤ ਕਿਵੇਂ ਕਰਾਏ ਮੇਲ ਸ੍ਰੀ ਭਗਵਾਨੇ । ਕਵਣ ਦਵਾਰਾ ਕਵਣ ਧਾਮਾ । ਕਿੱਥੇ ਵੱਜੇ ਸ਼ਬਦ ਦਮਾਮਾ । ਸੁਣੇ ਸੁਣਾਏ ਬੂਝ ਬੁਝਾਏ ਹਰਿ ਭਗਵਾਨਾ । ਸਾਚੀ ਸੂਝ ਜਿਸ ਦਵਾਏ ਤੁਟੇ ਮਾਣ ਤਾਣਾ । ਏਕਾ ਦੂਜ ਤਨ ਗਵਾਏ, ਸਤਿ ਸੰਤੋਖੀ ਬੰਨ੍ਹੇ ਗਾਨਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਮਿਲਿਆ ਹਰਿ ਭਗਵਾਨਾ । ਮੈਂ ਤੂੰ ਕੁਛ ਨਾ ਜਾਣੇ । ਹਉਂ ਹਉਂ ਬੰਦਾ ਤੁਛ ਪੁਛ ਸ੍ਰੀ ਭਗਵਾਨੇ । ਨਾ ਦਾਹੜੀ ਨਾ ਮੁੱਛ, ਰੂਪ ਰੰਗ ਨਾ ਰੇਖ ਭੇਖ, ਨਾ ਦਿਸੇ ਕੇਸ ਗੁਣ ਨਿਧਾਨੇ । ਕਿਸ ਕਹੀਏ ਗੁਰ ਕਿਆ ਗੁਰ ਕਾ ਧਾਮ । ਕਿਸ ਕਹੀਏ ਸੁਰ, ਪੀਏ ਅੰਮ੍ਰਿਤ ਜਾਮ । ਕਿਸ ਕਹੀਏ ਚੋਰ, ਹੋਏ ਨਿਮਕ ਹਰਾਮ । ਹਰਿਜਨ ਜਨ ਹਰਿ ਸੰਤ ਸੁਹੇਲੇ ਲਿਖਣਾ ਭੇਵ ਤਮਾਮ । ਨਿਰੰਕਾਰ ਕਵਣ ਬਣਾਏ । ਕਿਸ ਦਵਾਰ ਦਏ ਬਹਾਏ । ਘਰ ਬਾਹਰ ਦਿਸ ਕਿਸੇ ਨਾ ਆਏ । ਛੱਪਰੀ ਛੰਨ ਨਾ ਕੋਈ ਰਖਾਏ । ਬਸਤਰ ਤਨ ਨਾ ਕੋਈ ਛੁਹਾਏ । ਸ਼ਸਤਰ ਅਸਤਰ ਨਾ ਹੱਥ ਉਠਾਏ । ਜੋਤੀ ਜੋਤ ਸਰੂਪ ਹਰਿ, ਕਿਹੜੀ ਮਨੀ ਕਿਹੜੀ ਭਵ ਆਪਣਾ ਆਪ ਉਪਾਏ । ਕਵਣ ਪਿਤਾ ਕਵਣ ਮਾਤਾ । ਜਿਸ ਜੰਮਿਆ ਪੁਰਖ ਬਿਧਾਤਾ । ਕਵਣ ਗੁਰ ਜਿਸ ਦੀਆ ਨਾਮ ਦਾਤਾ । ਜੋਤੀ ਜੋਤ ਸਰੂਪ ਹਰਿ, ਕਵਣ ਵਰਨ ਕਵਣ ਗੋਤ, ਕਿਹੜੀ ਰੱਖੇ ਉਤਮ ਜਾਤਾ । ਸਾਵਣ ਸਿੰਘ ਕਿਸ ਉਪਜਾਇਆ । ਮਾਤਲੋਕ ਕਿਸ ਨਾਮ ਰਖਾਇਆ । ਕਵਣ ਮਾਤ ਜਿਸ ਸੀਰ ਪਿਲਾਇਆ । ਕਵਣ ਪੂਤ ਜਿਸ ਰਸਨਾ ਲੈ ਆਤਮ ਤ੍ਰਿਪਤਾਇਆ । ਕਵਣ ਪਿਤਾ ਜਿਸ ਉਂਗਲੀ ਲਾਇਆ । ਕਵਣ ਗੁਰ ਜਿਸ ਨਾਮ ਦਵਾਇਆ । ਕਵਣ ਹਰਿ ਜਿਸ ਮਸਤਕ ਲੇਖ ਲਿਖਾਇਆ । ਕਵਣ ਦਰ ਜਿਸ ਘਰ ਮੰਗਣ ਆਇਆ । ਕਵਣ ਸਰ ਜਿਸ ਸਾਚੇ ਤੀਰਥ ਨੁਹਾਇਆ । ਲੋਕਮਾਤ ਜਨਮ ਧਰ ਕਿਸ ਬਿਧ ਸਿੰਘ ਸਾਵਣ ਗੁਰ ਅਖਵਾਇਆ । ਲਾਭ ਸਿੰਘ ਉਠ ਹੋ ਹੁਸ਼ਿਆਰ । ਦੂਜਾ ਕਰ ਨਾਲ ਗੁਰੂ ਤਿਆਰ । ਤੀਜਾ ਹਰਿ

ਸ਼ਬਦ ਅਸਵਾਰ । ਚੌਥੇ ਘਰ ਵੇਖ ਖੰਡਾ ਨਿਹਕਲੰਕ ਦੋ ਧਾਰ । ਪੰਜਵਾਂ ਫੜਿਆ ਹੱਥ ਵਿਚ ਡੰਡਾ, ਮਾਰੇ ਸਿਰ ਕਾੜ ਕਾੜ । ਤੇਰੀ ਆਤਮ ਹੋਈ ਘਮੰਡਾ, ਪ੍ਰਭ ਅਬਿਨਾਸ਼ੀ ਦੇਵੇ ਝਾੜ । ਤੂੰ ਲੋਕਮਾਤ ਵਿਚ ਰੰਡਾ, ਸੀਸ ਨਾ ਨਿਵਾਇਆ ਸਤਾਰਾਂ ਹਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ, ਨਿਹਕਲੰਕ ਨਾਉਂ ਰਖਾਇਆ, ਤਿੰਨਾਂ ਲੋਕਾਂ ਸਾਚਾ ਲਾੜ ।

✻ ੧੨ ਭਾਦਰੋਂ ੨੦੧੧ ਬਿਕ੍ਰਮੀ ਪਾਕਿਸਤਾਨ ਮੁਹੰਮਦ ਦੀਨ ਰੋੜੀ ਸਖਰ ਸ਼ਾਹ ਮਸਤਾਨਾ ਨੂੰ ਸ਼ਬਦ ਭੇਜਿਆ ਗਿਆ ✻

ਰੋੜੀ ਸੱਖਰ ਸਖੀ ਸੁਲਤਾਨਾ । ਮੌਲੀ ਮਹਿੰਦੀ ਹੱਥੀਂ ਗਾਨਾ । ਮਿਲੇ ਨਾਮ ਖ਼ੁਦਾਈ ਅੱਲਾ ਨੂਰ ਨੁਰਾਨਾ । ਬੈਠਾ ਰਹੇ ਇਕ ਇਕੱਲਾ, ਅੱਠੇ ਪਹਿਰ ਮਸਤ ਮਸਤਾਨਾ । ਸ਼ਬਦ ਮੁਲਾਣਿਆਂ ਛੱਡਿਆ ਸਚ ਮਹੱਲਾ, ਸ਼ੇਖ਼ ਪੀਰਾਂ ਤਨ ਹੋਇਆ ਜਗਤ ਬੇਗਾਨਾ । ਜੋਤੀ ਜੋਤ ਸਰੂਪ ਹਰਿ, ਦੇਵੇ ਦਰਸ ਆਪ ਭਗਵਾਨਾ । ਹਰਿ ਖ਼ੁਦਾਈ, ਖ਼ੁਦੀ ਖ਼ੁਦ ਬੰਦੇ । ਨਾ ਹੋਏ ਜੁਦਾਈ, ਝੂਠੇ ਜਗਤ ਧੰਦੇ । ਏਕ ਓਟ ਨੂਰ ਇਲਾਹੀ, ਜਗਤ ਤਿਆਗੇ ਪਾਪੀ ਗੰਦੇ । ਸ਼ਬਦ ਸਵਾਸੇ ਰਿਹਾ ਗਾਈ, ਆਤਮ ਤੁੱਟੇ ਜਿੰਦੇ । ਜੋਤੀ ਜੋਤ ਸਰੂਪ ਹਰਿ, ਨਾਮ ਰੰਗਣ ਰੰਗ ਰੰਗਾਏ, ਸ਼ਬਦ ਕੰਗਣ ਤਨ ਪਹਿਨਾਏ, ਸਾਚਾ ਧਾਮ ਹਰਿ ਸੁਹੰਦੇ । ਮਨ ਮੁਸਤਫ਼ਾ, ਨੂਰੀ ਜੋਤ ਅੱਲ੍ਹਾ । ਆਪ ਕਟੇ ਕਟਾਏ ਜਗਤ ਫਾਹ, ਅਜ਼ਮਤੋ ਕਸਮਤੋ ਅਜਿ ਬਵਾ ਅਤੁਲਹੇ ਸਚ ਸੁਹੇਲੇ । ਚਾਰ ਯਾਰ ਪੀਰ ਦਸਤਗੀਰ, ਮੌਲਾਨਾ ਸ਼ਾਹ ਫ਼ਕੀਰ ਹਕੀਰ, ਆਪੇ ਗੁਰ ਬਣਿਆ ਆਪੇ ਚੇਲੇ । ਵਜਦਾ ਰਹੇ ਸ਼ਬਦ ਤੀਰ, ਹਰਿ ਜੋਤੀ ਸਾਚੇ ਮੇਲੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪੇ ਖੇਲੇ ।

ਹਰਿ ਨਿਰੰਜਣ ਨਿਰਗੁਣ ਧਾਰ । ਏਕਾ ਨਾਮ ਸਾਚਾ ਅੰਜਨ, ਨਾ ਕੋਈ ਵੇਖੇ ਵਿਚ ਸੰਸਾਰ । ਜੋਤੀ ਨੂਰ ਨੂਰ ਅਕਾਰ । ਧੁਰਦਰਗਾਹੀ ਸਾਚਾ ਮਾਣਕ ਮੋਤੀ, ਸਾਚਾ ਸ਼ਬਦ ਇਕ ਅਪਾਰ । ਨਾਲ ਰਲਾਏ ਆਪ ਉਠਾਏ ਪਵਣ ਰੂਪੀ ਸਾਚਾ ਬੰਨ੍ਹੇ ਇਕ ਪਿਆਰ । ਨਿਰਮਲ ਬਾਤੀ ਸੰਗ ਜਗੇ ਜੋਤੀ, ਕਾਇਆ ਬਣੇ ਇਕ ਅਕਾਰ । ਜੋਤੀ ਜੋਤ ਸਰੂਪ ਹਰਿ, ਤ੍ਰੈਗੁਣ ਆਪਣੇ ਹੱਥ ਰਖਾਏ, ਆਪੇ ਜਾਣੇ ਆਪਣੀ ਸਾਰ । ਤ੍ਰੈਗੁਣ ਹਰਿ ਜੀ ਵਸ । ਗੁਰ ਪੀਰ ਸਭ ਰਹੇ ਦੱਸ । ਲੋਕਮਾਤ ਜੋ ਆਈ ਨੱਸ । ਅੰਤਮ ਕਾਇਆ ਹੋਈ ਭਸ । ਏਕਾ ਜੋਤੀ ਸਾਚਾ ਨੂਰ, ਪ੍ਰਕਾਸ਼ ਕੋਟਨ ਰਵ ਸਸ । ਹਰਿ ਸ਼ਬਦ ਸਾਚੀ ਤੂਰ, ਹਰਿ ਸੁਨੇਹੁੜਾ ਰਿਹਾ ਦੱਸ । ਪਵਣ ਸਵਾਸੀ ਸਰਬ ਗੁਣਾਂ ਭਰਪੂਰ, ਹਰਿ ਹਿਰਦੇ ਸਾਚਾ ਰਿਹਾ ਵਸ । ਤਿੰਨਾਂ ਮੇਲ ਸਤਿ ਸਰੂਰ, ਹਰਿ ਦਰ ਘਰ ਏਕਾ ਰਿਹਾ ਦੱਸ । ਜੋਤ ਅਧਾਰ ਪੀਰ ਗੁਰ ਸ਼ਬਦ ਧਾਰ ਲਿਖੀ ਧੁਰ ਪਵਣ ਅਸਵਾਰ । ਨਰ ਹਰਿ ਕਰੇ ਵਿਚਾਰ । ਹਰਿ ਚਰਨ ਲੋਕਮਾਤ ਜਾਏ ਜੁੜ, ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਵਸੇ, ਰਾਹ ਜਗਤ ਸਾਚਾ ਦੱਸੇ, ਦਰ ਸਾਚਾ ਰਿਹਾ ਲੋੜ । ਤਿੰਨਾਂ ਲੋਆਂ ਹਰਿ ਪ੍ਰਭ ਜਾਣੇ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ, ਆਦਿ ਅੰਤ ਜੁਗਾ ਜੁਗੰਤ, ਆਤਮ ਵੇਖੇ ਮਾਰ ਧਿਆਨੇ । ਜਗਤ ਸਹਾਈ ਸਾਚਾ ਕੰਤ, ਏਕਾ ਮੰਗੇ ਦਾਤ ਜਗਤ ਮਹਾਨੇ । ਜੋਤੀ ਜੋਤ ਸਰੂਪ ਹਰਿ, ਪਵਣ ਬੂਝ ਆਪ ਬੁਝਾਣੇ । ਏਕਾ ਮੰਗੇ ਨਾਮ ਮਜ਼ੂਰੀ । ਕਦੇ

ਨਾ ਮੰਗੇ ਲੁਚੀ ਪੂਰੀ । ਹੱਥੀਂ ਕੁਟ ਨਾ ਖਾਏ ਚੂਰੀ । ਜੋਤੀ ਜੋਤ ਸਰੂਪ ਹਰਿ, ਚਰਨ ਧਿਆਨਾ ਸ਼ਬਦ ਗਿਆਨਾ ਆਸਾ ਮਨਸਾ ਪੂਰੀ । ਚਰਨ ਨਾਤਾ ਪੁਰਖ ਬਿਧਾਤਾ । ਸਾਚੀ ਮੰਗੇ ਮੰਗ ਲੋਕਮਾਤ ਗੁਰਮੁਖ ਸਾਚੇ ਉਤਮ ਜਾਤਾ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਇਕ ਅਧਾਰ ਜੋਤ ਰਖਾਤਾ । ਜੋਤ ਅਧਾਰੀ ਹਰਿ ਨਿਰੰਕਾਰ । ਅੱਠੇ ਪਹਿਰ ਖ਼ਬਰਦਾਰ । ਭਿਖਿਆ ਮੰਗਣ ਨਾ ਜਾਏ ਕਿਸੇ ਦਵਾਰ । ਜਨ ਭਗਤਾਂ ਦੇਵੇ ਆਤਮ ਸੁਖਾ, ਸ਼ਬਦ ਧੁਨ ਸਾਚੀ ਧਾਰ । ਉਜਲ ਹੋਏ ਮਾਤ ਮੁਖਾ, ਤੁੱਟੇ ਜਗਤ ਜੰਜ਼ਾਲ । ਜੋਤੀ ਜੋਤ ਸਰੂਪ ਹਰਿ, ਸਾਚਾ ਨਾਮ ਅੰਮ੍ਰਿਤ ਜਾਮ ਗੁਰਮੁਖਾਂ ਖਾਏ ਰਿਧੀ ਦਾਲ । ਗੁਰਮੁਖਾਂ ਰਸਨਾ ਚੱਕੀ ਪੀਸੇ । ਸ਼ਬਦ ਆਟਾ ਹਰਿ ਜਗਦੀਸ਼ੇ । ਅੰਮ੍ਰਿਤ ਮੇਲ ਠੰਡੀ ਜਲ ਧਾਰ । ਮਿਟੇ ਭੇਵ ਬੀਸ ਇਕੀਸੇ । ਸਾਚੇ ਘਰ ਦਿਸੇ ਨਿਰੰਕਾਰ, ਜੋਤੀ ਨੂਰ ਏਕਾ ਵੇਸੇ । ਮੰਗਣ ਆਏ ਜਨ ਭਿਖਾਰ, ਭਗਤੀ ਦਾਨ ਵਿਚ ਜਹਾਨ, ਛੱਤਰ ਝੁਲਾਏ ਸਾਚਾ ਸੀਸੇ । ਜੋਤੀ ਜੋਤ ਸਰੂਪ ਹਰਿ, ਤ੍ਰਿਸ਼ਨਾ ਭੁੱਖ ਬੰਧਨ ਸਭ ਕਟਾਨ, ਕੋਈ ਨਾ ਕਰੇ ਪ੍ਰਭ ਕੀ ਰੀਸੇ । ਇਕ ਇਕੱਲਾ ਹਰਿ ਰਖਵਾਲਾ । ਦੂਜਾ ਦਿਸੇ ਸਚ ਮਹੱਲਾ, ਸ੍ਰਿਸ਼ਟ ਸਬਾਈ ਕਰੇ ਪ੍ਰਿਤਪਾਲਾ । ਤੀਜੇ ਸ਼ਬਦ ਸਾਚਾ ਭੱਲਾ, ਲੋਕਮਾਤ ਰਿਹਾ ਵਾਰ ਸੰਭਾਲਾ । ਚੌਥੇ ਘਰ ਜਨ ਸੰਤਾਂ ਹੱਲਾ, ਹੋਏ ਆਪ ਰਖਵਾਲਾ । ਪੰਜਵੇਂ ਘਰ ਜਗੇ ਜੋਤ ਘੜੀ ਘੜੀ ਪਲ ਪਲਾ । ਤਿੰਨੇ ਧਾਰ ਅਵਲੜੀ ਚਾਲ । ਛੇਵਾਂ ਘਰ ਡੂੰਘੀ ਡੱਲਾ, ਜਿਥੇ ਦਿਸੇ ਜਮ ਕਾ ਕਾਲ । ਸਤਵੇਂ ਘਰ ਸਤਿ ਪੁਰਖ ਸਤਿਵਾਦ, ਏਕਾ ਖੇਲ ਰਿਹਾ ਵੇਖ ਵਿਚਾਰ । ਅਠ ਅਠ ਅਠ ਚੌਬੀਸਾ, ਤਿੰਨ ਪੰਜ ਸੱਤ ਨੌਂ ਪੂਰਬ ਜਾਣੇ ਸਾਚੀ ਧਾਰ । ਨਾਵੇਂ ਦਰ ਭੁੱਲੇ ਰਿਖੀ ਰਿਖੇਸ਼ਾ, ਅੰਤਮ ਬਾਜ਼ੀ ਗਏ ਹਾਰ । ਦਸਵੇਂ ਘਰ ਏਕਾ ਹਰਿ ਨਰ ਜਗਦੀਸ, ਜੋਤ ਸਰੂਪੀ ਬੈਠਾ ਕਰ ਅਕਾਰ । ਏਕਾ ਦੱਸੇ ਸ਼ਬਦ ਹਦੀਸਾ, ਖਾਣੀ ਬਾਣੀ ਕੁਰਾਨ ਅੰਜ਼ੀਲਾਂ ਵਸੇ ਬਾਹਰ । ਸਾਚਾ ਨਾਉਂ ਜਿਸ ਜਨ ਰਸਨ ਪੀਸਨ ਪੀਸਾ, ਪ੍ਰਭ ਸੋਹਣਾ ਕਰੇ ਅਹਾਰ । ਰਸਨਾ ਪੀਸੇ ਚਿੱਟਾ ਆਟਾ । ਪ੍ਰਭ ਪੂਰ ਕਰਾਏ ਮਾਤ ਘਾਟਾ । ਸ਼ਬਦ ਦੇਵੇ ਸਾਚੀ ਤੂਰ, ਜਗੇ ਜੋਤ ਵਿਚ ਲਲਾਟਾ । ਆਸਾ ਮਨਸਾ ਹਰਿ ਹਰਿ ਹਰਿ ਸਦਾ ਪੂਰ, ਅੰਮ੍ਰਿਤ ਦੇਵੇ ਆਤਮ ਸਾਚਾ ਬਾਟਾ । ਪੰਚਮ ਤੱਤੀ ਕੱਢੇ ਕਰ ਕਰ ਚੂਰ, ਰਸਨਾ ਰਸ ਰਸਾਇਣ ਜਿਸ ਜਨ ਚਾਟਾ । ਜੋਤੀ ਦੇਵੇ ਸਾਚਾ ਨੂਰ, ਦੁਰਮਤੀ ਪੜਦਾ ਆਪੇ ਕਾਟਾ । ਜਨ ਭਗਤਾਂ ਸਦ ਹਾਜ਼ਰ ਹਜ਼ੂਰ, ਨੇੜੇ ਰੱਖੇ ਅਠੇ ਪਹਿਰ ਵਾਟਾ । ਸਾਚਾ ਦੇਵੇ ਤਨ ਸਰੂਰ, ਠੰਡਾ ਰੱਖੇ ਕਾਇਆ ਮਾਟਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਇਕ ਨਾਮ ਵਰ, ਲੋਕਮਾਤ ਨਾ ਆਵੇ ਘਾਟਾ । ਦਹਿ ਦਿਸ਼ਾ ਹਰਿ ਸਮਾਇੰਦਾ । ਮਾਤ ਪਤਾਲ ਅਕਾਸ਼, ਦਿਸ ਕਿਸੇ ਨਾ ਆਇੰਦਾ । ਜੀਆਂ ਜੰਤਾਂ ਨਿਜ ਆਤਮ ਰੱਖੇ ਵਾਸ, ਆਪਣਾ ਭੇਵ ਛੁਪਾਇੰਦਾ । ਗੁਰਮੁਖ ਸਾਚਾ ਸੰਤ ਸਾਜਨ ਹੋਏ ਚਰਨ ਦਾਸ, ਪੂਰਨ ਭੇਵ ਖੁਲ੍ਹਾਇੰਦਾ । ਰਸਨਾ ਗਾਏ ਸਵਾਸ ਸਵਾਸ, ਜਗਤ ਮੁਰਾਰੀ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਜਨ ਭਗਤ ਵਧਾਈ, ਜਗਤ ਸਹਿੰਸਾ ਹੋਏ ਦੂਰੀ, ਧਾਮ ਸਾਚੇ ਭੋਗ ਲਗਾਇੰਦਾ । ਨਿਰਗੁਣ ਧਾਰ ਸਰਗੁਣ ਖੇਲ, ਸਰਗੁਣ ਮੇਲ ਨਿਰਗੁਣ ਜੋਤ ਅਕਾਰ, ਨਿਰਗੁਣ ਨਿਰਾਹਾਰ ਸਰਗੁਣ ਸਾਲਸ ਨਾਰ ਘਰ ਸਵਾਣੀ । ਮੁਖੋਂ ਬੋਲੇ ਦੁੱਧ ਪਾਨੀ । ਰਸਨਾ ਤੋਲੇ ਅਕੱਥਨ ਕਹਾਨੀ । ਆਤਮ ਅਤੀਤ ਸਦਾ ਅਡੋਲੇ, ਪਾਏ ਪਦ ਨਿਰਬਾਨੀ । ਲੱਗੇ ਭਾਗ ਕਾਇਆ ਚੋਲੇ, ਜਗੇ ਜੋਤ ਮਿਲੇ ਗੁਰ ਵਿਚ ਮਸਾਣੀ ।


੫੧੭
੦੪

## ✻ ੧੪ ਭਾਦਰੋਂ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਮਾਤਾ ਬਿਸ਼ਨ ਕੌਰ ਦੇ ਗ੍ਰਿਹ ✻

ਤਨ ਸ਼ਿੰਗਾਰ ਹਰਿ ਕਾ ਨਾਉਂ । ਨਿਭੇ ਨਾਲ ਸਭਨੀਂ ਥਾਉਂ । ਜਗਤ ਰੀਤੀ ਸੱਚੀ ਚਾਲ, ਹੰਸ ਬਣਾਏ ਕਾਉਂ । ਏਕਾ ਸ਼ਬਦ ਸੱਚੀ ਢਾਲ, ਸਦ ਰਖਵਾਲ ਪਿਤਾ ਮਾਉਂ । ਪੋਹ ਨਾ ਸਕੇ ਕਦੇ ਕਾਲ, ਤੋੜੇ ਜਗਤ ਜੰਜ਼ਾਲ, ਰੱਖੇ ਠੰਡੀ ਛਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੋਏ ਪੂਤ ਧਰਤ ਮਾਤ ਉਠਾਏ, ਸ਼ਬਦ ਸਰੂਪੀ ਪਕੜੇ ਬਾਹੋਂ । ਹਰਿ ਸੱਜਣ ਜਗਤ ਗੁਸਾਈਆ । ਸਚ ਤਾਲ ਤੇਰੇ ਦਰ ਤੇ ਵੱਜਣ, ਢੋਲ ਮਰਦੰਗ ਨਾ ਕੋਈ ਸੁਹਾਈਆ । ਗੁਰਮੁਖ ਸਾਚੇ ਸੰਤ ਜਨ ਜਗਤ ਵਿਕਾਰਾ ਤੱਜਣ, ਅੰਮ੍ਰਿਤ ਦੇਵੇ ਸਾਚਾ ਨਾਮ ਦਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲਾਂ ਕਾਇਆ ਮੰਦਰ ਆਪਣਾ ਆਪੇ ਢਾਈਆ । ਕਾਇਆ ਮੰਦਰ ਲਿਆ ਢਾਹ । ਪ੍ਰਗਟ ਹੋਇਆ ਸੁਹੰਜਣੀ ਥਾਂ । ਜੋਤ ਸਰੂਪੀ ਜਾਮਾ ਪਾਇਆ, ਨਿਹਕਲੰਕੀ ਨਾਉਂ ਰਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਤੇਰਾ ਸੋਹਣਾ ਸੱਚਾ ਰੱਖਿਆ ਨਾਂ । ਪੁਰੀ ਘਨਕ ਹਰਿ ਦੇਹ ਤਜਾਈ । ਛੱਬੀ ਪੋਹ ਦਿਨ ਦਿਹਾੜੇ ਵੱਜੀ ਵਧਾਈ । ਕਲਜੁਗ ਜੀਆਂ ਦਿਨ ਆਏ ਮਾੜੇ, ਦੇਵੇ ਲੋਕਮਾਤ ਗੀਤ ਸੁਹਾਗੀ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਪਹਿਲੀ ਬਣਤ ਬਣਾਈ । ਪੰਚਮ ਜੇਠੀ ਸੌ ਬੀਸ । ਪ੍ਰਭ ਰਸਨਾ ਗਾਈ ਮਾਤਲੋਕ ਰਾਗ ਛਤੀਸ । ਨਾਰਦ ਮੁਨ ਸ਼ਿਵ ਸ਼ੰਕਰ ਬ੍ਰਹਮਾ ਗਣੇਸ਼ ਮਹੇਸ਼ ਹਰਿ ਜਗਦੀਸ਼ । ਤਿੰਨਾਂ ਲੋਕਾਂ ਕੋਇ ਨਾ ਚਲੇ ਕਿਸੇ ਪੇਸ਼, ਚਾਰ ਕੁੰਟ ਇਕ ਖ਼ੁਦਾਈ ਸਚ ਹਦੀਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਮੰਦਰ ਆਪ ਤਜਾਇਆ, ਦਿਵਸ ਸੁਹਾਇਆ ਪੋਹ ਛਬੀਸ । ਕਾਇਆ ਚੋਲਾ ਹਰਿ ਜੀ ਛੱਡਿਆ । ਸ਼ਬਦ ਝੰਡਾ ਮਾਤ ਗੱਡਿਆ । ਸੋਹੰ ਡੰਡਾ ਹੱਥ ਫੜਿਆ ਵਡੇ ਵਡ ਵੱਡਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਸਿਰ ਆਪ ਲਗਾਏ, ਖ਼ਾਲੀ ਘਰ ਕੋਇ ਨਾ ਛੱਡਿਆ । ਇਕ ਦਰ ਦਵਾਰ ਹਰਿ ਪਤਾਲ ਅਕਾਸ਼ । ਚੁਪ ਚੁਪੀਤਾ ਆਤਮ ਵੱਸਿਆ, ਗੁਰ ਸੰਗਤ ਮਨ ਰਿਹਾ ਉਦਾਸ । ਪੁਰਖ ਅਬਿਨਾਸ਼ੀ ਕਿਸ ਵਸੇ ਪਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਪੁੱਤਰ ਧੀ ਮਾਤ ਪਿਤ ਭੈਣ ਭਾਈ ਸਾਰੇ ਭਏ ਉਦਾਸ । ਤੀਜਾ ਸਾਲ ਹਰਿ ਵਿਚਾਰਿਆ । ਤਿੰਨਾਂ ਲੋਆਂ ਪਾਵੇ ਸਾਰਿਆ । ਜੋਤ ਸਰੂਪੀ ਹਰਿ ਨਿਰੰਕਾਰਿਆ । ਲੋਕਮਾਤ ਜੋਤ ਜਗਾਏ ਦਇਆ ਕਮਾਏ, ਸਾਚੇ ਰੰਗ ਰੰਗੇ ਕਰਤਾਰਿਆ । ਸਾਚਾ ਹੁਕਮ ਇਕ ਸੁਣਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣਾ ਭੇਵ ਆਪਣੇ ਹੱਥ ਰਖਾ ਰਿਹਾ । ਤੀਜੇ ਸਾਲ ਹਰਿ ਕਰੇ ਜਣਾਈ । ਗੁਰ ਸੰਗਤ ਲਏ ਉਠਾਈ । ਕਿਰਪਾ ਕਰ ਸਾਚਾ ਹਰਿ, ਆਪਣੀ ਬਣਤ ਰਿਹਾ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਨੀਂਹ ਰਖਾਈ । ਬਣਿਆ ਮੰਦਰ ਇਕ ਨਿਆਰਾ । ਕੀਆ ਖੇਲ ਹਰਿ ਗਿਰਧਾਰਾ । ਕਾਲਾ ਰਖਿਆ ਆਤਮ ਅੰਦਰ, ਚਾਰੋਂ ਕੁੰਟ ਧੁੰਦੂਕਾਰਾ । ਸ਼ਬਦ ਮਾਰਿਆ ਸਾਚਾ ਜੰਦਰ, ਤੁੱਟੇ ਮਾਣ ਸਰਬ ਹੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਤੱਤਾਂ ਕਰੇ ਖੁਆਰਾ । ਪੰਜੇ ਤੱਤ ਹੋਇਣ ਖੁਆਰ । ਤੀਜੇ ਬਰਸ ਵੱਜੀ ਕਟਾਰ । ਮਾਨਸ ਦੇਹੀ ਆਈ ਹਾਰ । ਪੁਰਖ ਅਬਿਨਾਸ਼ੀ ਘਨਕਪੁਰ ਵਾਸੀ ਗੁਰਮੁਖ ਵਿਰਲਾ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪੇ ਜਾਣੇ ਆਪਣਾ ਸਚ ਵਿਹਾਰ । ਸਪਤਮ ਸਾਲ ਸਤਿ ਕਰ ਕਰ ਮਨੰਤਾ । ਆਪੇ ਚਲੇ ਨਾਲ ਨਾਲ, ਭਾਣਾ ਆਪਣੇ ਹੱਥ

ਰਖੰਤਾ । ਰਾਣੇ ਰਾਜੇ ਰਾਜੇ ਰਾਣੇ ਸੋਏ ਦਏ ਉਠਾਲ, ਸ਼ਬਦ ਉਠਾਏ ਹਰਿ ਭਗਵੰਤਾ । ਜੁਗੋ ਜੁਗ ਚਲੇ ਅਵਲੜੀ ਚਾਲ, ਨਰ ਹਰਿ ਸਾਜਨ ਸਾਚਾ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਵੇਂ ਸਾਲ ਗੁਰਮੁਖ ਲਾਲ ਆਪਣੇ ਸੰਗ ਰਖੰਤਾ । ਸੱਤਵੇਂ ਸਾਲ ਸਤਿ ਕਰਤਾਰਿਆ । ਪ੍ਰਗਟ ਜੋਤ ਸਿੰਘ ਸਿੰਘਾਸਣ ਉਠੇ ਮਾਰ ਛਾਲ ਹਰਿ ਨਿਰੰਕਾਰਿਆ । ਚਾਰ ਕੁੰਟ ਵੇਖੇ ਵੇਖ ਵਖਾਣੇ, ਕਰੇ ਖੇਲ ਅਪਰ ਅਪਾਰਿਆ । ਸੰਤ ਸਾਧ ਨਾ ਕਰੇ ਪਛਾਣੇ, ਇਕ ਅੰਧੇਰ ਸ੍ਰਿਸ਼ਟ ਸਬਾਈ ਛਾ ਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਰਾਗ ਸਾਚਾ ਕੰਨ ਲੋਕਮਾਤ ਉਪਜਾ ਰਿਹਾ । ਸਾਲ ਸਤਵੇਂ ਹਰਿ ਦਲੇਰਾ । ਵੇਖ ਵਖਾਣੇ ਸਰਬ ਗੁਰਦਵਾਰਾ ਮੰਦਰ ਮਠ ਡੇਰਾ । ਆਪਣਾ ਭੇਵ ਆਪ ਖੁਲ੍ਹਾਣੇ, ਸ਼ਬਦ ਲੇਖ ਲਿਖਾਣੇ, ਜਗਤ ਚੁਕਾਏ ਮੇਰਾ ਤੇਰਾ । ਸਾਚਾ ਹੁਕਮ ਧੁਰ ਫ਼ਰਮਾਣੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਕਰੇ ਹੇਰਾ ਫੇਰਾ । ਤਿੰਨ ਅੱਸੂ ਹਰਿ ਰਚਨ ਰਚਾਈ । ਧਾਮ ਮੰਦਰ ਨੀਂਹ ਰਖਾਈ । ਸੱਤਾਂ ਦੀਪਾਂ ਸੁਨ ਸਮਾਧੀ ਸ਼ਬਦ ਅਗਾਧੀ ਰੀਤ ਚਲਾਈ । ਏਕਾ ਖੇਲ ਕੀਆ ਵਡ ਨਾਦਨ ਨਾਦੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਮਾਤ ਜਗਾਈ । ਬਣਿਆ ਮੰਦਰ ਧਾਮਾ । ਹਰਿ ਵੜਿਆ ਅੰਦਰ ਰਾਮਾ । ਜੋ ਘੜਿਆ ਸੋ ਫੜਿਆ, ਨਾ ਲਾਏ ਕੋਈ ਦਾਮਾ । ਸਾਲ ਸਤਵੇਂ ਘੋੜੀ ਚੜ੍ਹਿਆ, ਰਥ ਰਥਵਾਹੀ ਕ੍ਰਿਸ਼ਨ ਸ਼ਾਮਾ । ਮਨ ਮਤੀਆ ਲੇਖ ਮਾਤ ਸੜਿਆ, ਵੱਜਿਆ ਸ਼ਬਦ ਦਮਾਮਾ । ਜਤੀਆਂ ਸਤੀਆਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਛਾਣੇ ਵੇਖੇ ਕਾਮਣੀ ਕਾਮਾ । ਸਤਵੇਂ ਸਾਲ ਹਰਿ ਨਿਰੰਕਾਰਾ । ਕਰੇ ਖੇਲ ਅਪਰ ਅਪਾਰਾ । ਗੁਰ ਪੀਰ ਔਲੀਏ ਨੇਤਰ ਵੇਖੇ, ਦੋਏ ਲੋਇਣ ਬੰਦ ਕਰ ਨੈਣ ਮੁਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਜੋਤੀ ਕਰ ਅਕਾਰਾ । ਕਰ ਅਕਾਰ ਖੇਲ ਅਵੱਲਾ । ਜਗਤ ਧਾਰ ਵਿਚ ਸੰਸਾਰ ਚਾਲ ਅਵੱਲੜੀ ਚਲਾ । ਚਰਨ ਛੁਹਾਏ ਜਮਨ ਕਿਨਾਰ, ਆਤਮ ਰਾਜ ਰਹੇ ਥਰ ਥਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸੇ ਧਾਮ ਇਕ ਇਕੱਲਾ । ਅੱਸੂ ਤਿੰਨ ਹਰਿ ਬਨਵਾਰੀ । ਮਾਰੀ ਸ਼ਬਦ ਇਕ ਉਡਾਰੀ । ਜੋਤ ਸਰੂਪੀ ਪਵਣ ਅਧਾਰੀ । ਨਿਹਕਲੰਕੀ ਨਰ ਅਵਤਾਰੀ । ਰਾਜ ਦਵਾਰੇ ਕਰੇ ਖੁਆਰੀ । ਪ੍ਰਗਟ ਹੋਏ ਸ਼ਾਹ ਸਵਾਰੀ । ਕੋਈ ਨਾ ਅੱਗੇ ਕਰੇ ਨਾਹ, ਸ਼ਬਦ ਖੰਡਾ ਦਿਸੇ ਭਾਰੀ । ਗੁਰਮੁਖਾਂ ਪਕੜੇ ਹਰਿ ਜੀ ਬਾਂਹ, ਆਪ ਉਠਾਏ ਵਾਰੋ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਾਜਣ ਮੀਤ ਮੁਰਾਰੀ । ਮੀਤ ਮੁਰਾਰੀ ਕਲਜੁਗ ਦਾਤਾ । ਤਿੰਨਾਂ ਲੋਆਂ ਸੱਚਾ ਸਰਦਾਰ ਪੁਰਖ ਬਿਧਾਤਾ । ਧਰਮ ਰਾਜ ਸਤਿ ਦਰਬਾਰ, ਨਾ ਕੋਈ ਵਖਾਣੇ ਜਾਤਾਂ ਪਾਤਾਂ । ਏਕਾ ਰੰਗ ਨਾਮ ਅਪਾਰ, ਸੋਹੰ ਸ਼ਬਦ ਵਡ ਕਰਾਮਾਤਾ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਮੰਗਣ ਵਰ, ਹਰਿ ਨਰ ਭੇਖ ਭਿਖਾਰੀ ਭੇਖਨ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਪਿਤ ਜਗਦੀਸ਼ਰ ਸਰਬ ਜੀਆਂ ਕਾ ਏਕਾ ਦਾਤਾ । ਸ਼ਬਦ ਤੀਰ ਚੜ੍ਹੇ ਚਿੱਲੇ । ਚਰਨ ਛੁਹਾਏ ਪ੍ਰਭ ਲਾਲ ਕਿਲੇ । ਅੱਸੂ ਤਿੰਨ ਪੀੜੇ ਕੋਹਲੂ ਤੇਲ ਤਿਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪੂਰ ਕਰਾਏ ਚਰਨ ਸੇਵ ਕਮਾਈ ਸਾਚੀ ਸ਼ਿਲੇ । ਅੱਸੂ ਤਿੰਨ ਦਿਵਸ ਵਿਚਾਰੇ । ਜੋਤ ਜਗਾਏ ਬਿੰਦਰਾਬਨ ਕਰੇ ਇਕ ਅਕਾਰੇ । ਪੰਡਤ ਵੇਦ ਪੁਰਾਨੀ ਪਕੜ ਉਠਾਏ, ਅਕਾਸ਼ੀ ਟੁੱਟਣ ਤਾਰੇ । ਗੁਰਮੁਖ ਸਾਚੇ ਸੰਤ ਜਗਾਏ, ਸੋਹੰ ਸ਼ਬਦ ਸੁਣਾਏ ਕੰਨ ਜੈ ਜੈ ਜੈਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਹੰਕਾਰੀਆਂ ਲਾਹੇ ਤਨ ਅਫਾਰੇ । ਦਿੱਲੀ ਕਿਲ੍ਹਾ ਰੰਗ ਲਾਲ । ਪੁਰਖ ਅਬਿਨਾਸ਼ੀ

੫੧੯
੦੪

ਸਾਚੀ ਚਾਲ । ਸਾਚੀ ਰੰਗਣ ਰੰਗ ਰੰਗਾਇਆ, ਪੰਚਮ ਜੇਠੀ ਇਕ ਅਕਾਲ । ਮੇਟ ਮਿਟਾਏ ਵਡ ਸੇਠਨ ਸੇਠੀ, ਹੰਕਾਰੀ ਤੋੜੇ ਸਰਬ ਜੰਜ਼ਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੇਵਾ ਲੇਖੇ ਲਾਏ, ਪੰਚਮ ਜੇਠ ਜੋ ਕਰਾਏ, ਤਨ ਛੁਹਾਏ ਚੋਲਾ ਲਾਲ । ਚੋਲਾ ਲਾਲ ਹਰਿ ਦਰਵੇਸ਼ । ਅਕਾਲ ਮੂਰਤੀ ਸ਼ਿਵਾ ਸ਼ਿਵ ਸ਼ੰਕਰ ਵੇਖ ਵਖਾਣ ਗਣੇਸ਼ । ਇਕ ਅਕਾਰ ਇਕ ਅੰਕਰ ਅਨੇਕ ਬ੍ਰਹਮਾ ਬਿਸ਼ਨ ਮਹੇਸ਼ । ਏਕਾ ਮੰਦਰ ਏਕਾ ਕੰਕਰ, ਇਕ ਦੁਆਰਾ ਇਕਾ ਬੰਕਰ, ਪੁਰਖ ਅਬਿਨਾਸ਼ੀ ਨਰ ਨਰੇਸ਼ । ਕਲਜੁਗ ਤੇਰਾ ਅੰਤ ਭਿਅੰਕਰ, ਮਿਟਦੀ ਜਾਏ ਤੇਰੀ ਵਰੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਖੇਲ ਮਾਤ ਰਚਾਈ, ਕਾਇਆ ਕੋਠੜੀ ਆਪਣੀ ਢਾਹੀ, ਸਰਗੁਣ ਰੂਪ ਦਿਸ ਨਾ ਆਈ, ਨਿਰਗੁਣ ਜੋਤ ਇਕ ਅਲਾਹੀ, ਨੂਰ ਖ਼ੁਦਾਈ ਅੱਲੋ ਵਸੇ ਇਕ ਮਹੱਲੋ ਧਾਮ ਅਟੱਲੋ ਗੁਰਮੁਖ ਸਾਚੇ ਵਿਚ ਪ੍ਰਵੇਸ਼ । ਅੱਲਾ ਨੂਰ ਖ਼ੁਦੀ ਖ਼ੁਦ ਨੂਰਾ । ਸਦਾ ਸਦ ਚੌਦਾਂ ਤਬਕਾਂ ਹਾਜ਼ਰ ਹਜ਼ੂਰਾ । ਚੌਦਾਂ ਲੋਕ ਚੌਧਵੀਂ ਸਦੀ ਹੱਟਾਂ ਤੱਟਾਂ ਵਸੇ ਘਟ ਘਟਾਂ, ਆਪਣਾ ਖੇਲ ਕਰੇ ਪੂਰਾ । ਸ਼ਿਵ ਜੀ ਖੋਲ੍ਹੀ ਬੈਠਾ ਜਟਾਂ, ਗਲ ਨਾਗ ਲਟਕਾਏ ਮੰਗੇ ਦਰਸ ਇਕ ਹਜ਼ੂਰਾ । ਬ੍ਰਹਮਾ ਵੇਖੇ ਵਾਟ ਵੱਟਾਂ, ਕਲਜੁਗ ਵੇਲਾ ਹੋਇਆ ਪੂਰਾ । ਵਿਸ਼ਨੂੰ ਵੇਖੇ ਕਿਥੇ ਜੋਤ ਜਗੇ ਲਟ ਲਟਾ, ਮਿਲੇ ਸਤਿ ਸਰੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਏ ਤੀਰਥ ਤੱਟਾਂ, ਗੁਰਮੁਖ ਆਤਮ ਏਕਾ ਬਖ਼ਸ਼ਿਆ ਜੋਤੀ ਸਾਚਾ ਨੂਰਾ ।



੫੨੦ ੦੪

## ❇ ਦਿੱਲੀ ਲਾਲ ਕਿਲੇ ਜਾਣ ਵਾਸਤੇ ਗੁਰਮੁਖਾਂ ਦੇ ਨਾਮ ਜਿਹੜੇ ਲਿਖਤ ਵਿਚ ਆਏ ❇

ਹਰਿ ਭਗਤ ਹਰਿ ਰਖਵਾਲ । ਪ੍ਰੀਤਮ ਆਤਮ ਗੁਰਮੁਖ ਪਾਲ । ਮਿਟੇ ਤ੍ਰਿਸ਼ਨਾ ਭੁੱਖ ਮਿਲੇ ਸਚ ਨਾਮ ਧਨ ਮਾਲ । ਸੋਹਣ ਪ੍ਰੇਮਾ ਮੱਸਾ ਨਾਲ । ਆਤਮ ਦਿਸੇ ਨਾ ਕਿਸੇ ਕੰਗਾਲ । ਗੁਰ ਗੋਬਿੰਦ ਚਲੇ ਨਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਸਦਾ ਸਦਾ ਸਦ ਪ੍ਰਿਤਪਾਲ । ਹਉਂ ਭੈਣ ਗੁਰ ਸੰਗਤ ਭਈਆ । ਜਗਤ ਨਾ ਡੋਲੇ ਕਾਇਆ ਨਈਆ । ਕਲਜੁਗ ਵਗਣ ਅੰਧੇਰ ਝਕੋਲੇ, ਨਾ ਕੋਈ ਸਹਾਰਾ ਦਈਆ । ਪਤ ਪਤਵੰਤ ਪਿਆ ਸਾਚੇ ਡੋਲੇ, ਪ੍ਰਭ ਸਚ ਧਾਮ ਵਸਈਆ । ਰੰਗਣ ਚੜ੍ਹੇ ਨਾਮ ਤਨ ਸਾਚੇ ਚੋਲੇ, ਹਾਰ ਸ਼ਿੰਗਾਰ ਜਗਤ ਤਜਈਆ । ਪ੍ਰਭ ਅਬਿਨਾਸ਼ੀ ਵਸੇ ਕੋਲੇ, ਕਿਆ ਕੋਈ ਭੇਵ ਰਖਈਆ । ਦੇਵੇ ਨਾਮ ਦਾਤ ਵਡ ਅਨਮੁੱਲੇ, ਚਰਨ ਪ੍ਰੀਤੀ ਚਿਤ ਜੁੜਈਆ । ਗੁਰ ਪੂਰਾ ਪੂਰੇ ਤੋਲ ਤੋਲੇ, ਹੋਏ ਨਿਮਾਣਾ ਜਨ ਰਹੇ ਸਦਾ ਸਰਨਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਪਾਣੀ ਆਤਮ ਸ਼ਾਂਤ ਸ਼ਬਦ ਕਟੋਰਾ ਭਰ ਪਿਆਈਆ । ਅੰਮ੍ਰਿਤ ਪੀਣਾ ਸਾਚਾ ਪਾਣੀ । ਆਤਮ ਰਸ ਜਗਤ ਦੱਸ, ਪ੍ਰਭ ਸਾਚੇ ਦੀ ਕਾਇਆ ਸਾਚੀ ਸਾਚੀ ਤਾਣੀ । ਸਾਚਾ ਰਾਹ ਪ੍ਰਭ ਰਿਹਾ ਦੱਸ, ਗੁਰ ਦਰ ਮੰਦਰ ਸਾਚੇ ਅੰਦਰ ਸਚ ਸੁਖ ਸਦ ਮਾਣੀ । ਪੰਜਾਂ ਤੱਤਾਂ ਕਰਨਾ ਵਸ, ਨਾਉਂ ਨਿਰੰਜਣ ਸਾਚਾ ਜਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਸਤਵੰਤ ਪੂਰਾ ਸਤਿਗੁਰ ਮਾਤ ਪਛਾਣੀ । ਸਾਚਾ ਪਿਤ ਕੰਤ ਪਿਆਰਾ । ਦੇਵੇ ਮਤ ਸ਼ਬਦ ਅਧਾਰਾ । ਸਾਚਾ ਨਾਮ ਤੱਤ ਕਰਨਾ ਜਗਤ ਆਤਮ ਵਿਚਾਰਾ । ਆਪੇ ਜਾਣੇ ਮਿਤ ਗਤ, ਪੰਜਾਂ ਕਰੇ ਮਾਰ ਖੁਆਰਾ । ਧੀਰਜ ਤੁੱਟੇ ਨਾ ਆਤਮ ਜਤ, ਭੈਣ ਭਾਈ ਸਚ ਪਿਆਰਾ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵੇਖਣਾ ਨੇਤਰ ਪੇਖਣਾ ਜਗਤ ਸਚ ਦਵਾਰਾ । ਸਚ ਨਾਮ ਸਚ ਚਤੁਰਾਈ । ਗੁਰਮੁਖ ਸਚ ਮਾਤ ਵਡਿਆਈ । ਪੁਰਖ ਅਬਿਨਾਸ਼ੀ ਘਨਕਪੁਰ ਵਾਸੀ ਮਾਤ ਗਤ ਰਖਾਈ । ਪਿਤਾ ਪੂਤ ਹਰਿ ਰੱਖ ਹੱਥ, ਦਿੱਤੀ ਇਕ ਸਰਨਾਈ । ਅੱਖਰ ਨਾਮ ਲੱਭੀ ਵਥ, ਪ੍ਰਭ ਸਾਚੇ ਆਤਮ ਫੂਲਨ ਸੇਜ ਵਿਛਾਈ । ਸਗਲ ਵਸੂਰੇ ਜਾਇਣ ਲੱਥ, ਹਰਿ ਕੰਤ ਪਿਆਰਾ ਸਚ ਭਤਾਰਾ, ਸੇਜੇ ਆਇਆ ਚਾਈਂ ਚਾਈਂ । ਲੋਕਮਾਤ ਕੀਆ ਅਕਾਰਾ, ਸਪਤਮ ਜੇਠ ਦਿਵਸ ਵਿਚਾਰਾ, ਸਵਰਨ ਉਠਾਇਆ ਫੜ ਕੇ ਬਾਹੀਂ । ਨਿਹਕਲੰਕ ਨਰ ਅਵਤਾਰਾ, ਇਕ ਵਖਾਇਆ ਸਚ ਦਵਾਰਾ, ਭਗਤ ਧਰੂ ਅੰਤਮ ਵਾਰਾ । ਸਵਰਨ ਬਹਾਇਆ ਸਚ ਬਰੂਹੀ, ਦੋਏ ਜੋੜ ਕਰੇ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਰਗਹਿ ਮਾਣ ਦਵਾਇਆ, ਦਰ ਦਰਬਾਨ ਇਕ ਰਖਾਇਆ, ਸਾਚੇ ਪਤਿ ਸੁਹੰਝਣੀ ਨਾਰ ਭਤਾਰਾ ।

✻ ੧੪ ਭਾਦਰੋਂ ੨੦੧੧ ਬਿਕ੍ਰਮੀ ਪਿੰਡ ਸੈਦਪੁਰ ਸੰਤ ਲਾਭ ਸਿੰਘ ਦੇ ਮਨ ਦਾ ਹੰਕਾਰ ਨਿਵਾਰਨ ਲਈ ਸ਼ਬਦ ਭੇਜਿਆ ਗਿਆ ✻

ਕਵਣ ਸਿੰਘਾਸਣ ਕਵਣ ਗੱਦੀ । ਕਵਣ ਆਸਣ ਤ੍ਰੈ ਲੋਆਂ ਧਾਰ ਬੱਧੀ । ਕਵਣ ਪੁਰਖ ਅਬਿਨਾਸ਼ ਦੇਵੇ ਰਸ ਅਮਰ ਮਦਿ ਮਧੀ । ਜੋਤੀ ਜੋਤ ਸਰੂਪ ਹਰਿ, ਕਵਣ ਵਖਾਣੇ ਅੰਮ੍ਰਿਤ ਧਾਰ ਵਹਿੰਦੀ ਨਦੀ । ਕਵਣ ਸਿੰਘਾਸਣ ਕਵਣ ਡੇਰਾ । ਸ੍ਰਿਸ਼ਟ ਸਬਾਈ ਸਰਬ ਵਿਨਾਸਣ, ਗੁਰ ਮਾਤ ਮਾਤ ਗੁਰ ਚੇਰਾ । ਕਵਣ ਦਾਸੀ ਦਾਸ ਦਾਸਨ, ਕਵਣ ਹੇਰਾ ਫੇਰਾ । ਕਵਣ ਪਵਣ ਸਵਾਸ ਸਵਾਸਣ, ਕਾਇਆ ਮੰਦਰ ਸਦ ਵਸੇਰਾ । ਕਵਣ ਮੰਡਲ ਰਾਸ ਰਾਸਣ, ਰਹੇ ਸਦ ਅੰਧੇਰਾ । ਜੋਤੀ ਜੋਤ ਸਰੂਪ ਹਰਿ, ਆਪ ਕਰੇ ਅੰਤ ਨਿਬੇੜਾ । ਕਵਣ ਜੋਤੀ ਕਵਣ ਅਕਾਰ । ਕਵਣ ਮੋਤੀ ਫੂਲਨ ਹਾਰ । ਕਵਣ ਸਵਣ ਮੈਲ ਦੁਰਮਤ ਧੋਤੀ, ਦੀਆ ਸ਼ਬਦ ਅਧਾਰ । ਕਵਣ ਕਵਣ ਸਰਬ ਗਵਣ, ਸ਼ਬਦ ਸਾਚੀ ਤਿੱਖੀ ਧਾਰ । ਕਵਣ ਜੋਤ ਕਵਣ ਹਵਣ, ਕਵਣ ਸਮਗਰੀ ਸਾਚੀ ਸੰਸਾਰ । ਜੋਤੀ ਜੋਤ ਸਰੂਪ ਹਰਿ, ਕਵਣ ਸੋ ਵੇਲੇ ਵਕਤ ਸੁਹੇਲੇ ਖਾਏ ਇਕ ਅਹਾਰ । ਕਵਣ ਦਿਨ ਕਵਣ ਸੋ ਰੈਣਾ, ਕਵਣ ਚਿੰਨ੍ਹ ਵੇਖੇ ਭਿੰਨ ਭਿੰਨ, ਕਵਣ ਧਾਮ ਹਰਿ ਹਰਿ ਜੀ ਬਹਿਣਾ । ਕਵਣ ਬਨ ਕਵਣ ਬਿਨ, ਕਵਣ ਵੇਖੇ ਸਾਚੇ ਨੈਣਾ । ਕਵਣ ਪੇਖੇ ਲੋਕ ਤਿੰਨ, ਕਵਣ ਜਾਣੇ ਲਹਿਣਾ ਦੇਣਾ । ਜੋਤੀ ਜੋਤ ਸਰੂਪ ਹਰਿ, ਕਵਣ ਵਖਾਣੇ ਕਵਣ ਜਾਣੇ ਪ੍ਰਭ ਸਾਚੇ ਕਾ ਸਾਚਾ ਗਹਿਣਾ । ਕਵਣ ਗੁਣ ਕਵਣ ਸ਼ਿੰਗਾਰ । ਕਵਣ ਪਵਣ ਸ਼ਬਦ ਅਸਵਾਰ । ਕਵਣ ਸਵਣ ਆਲਸ ਨਿੰਦਰਾ ਰਿਹਾ ਮਾਰ । ਜੋਤੀ ਜੋਤ ਸਰੂਪ ਹਰਿ, ਕਵਣ ਗੁਣ ਵਰਤੇ ਵਿਚ ਸੰਸਾਰ । ਕਵਣ ਅਕਾਲਾ ਕਵਣ ਦਿਆਲਾ । ਕਵਣ ਜਗਤ ਪਿਤ ਹਿੱਤ, ਜੀਵ ਜੰਤ ਅੰਵਾਣ ਬਾਲਾ । ਕਵਣ ਵਾਰ ਕਵਣ ਥਿਤ, ਪ੍ਰਭ ਜੋਤੀ ਨੂਰ ਕੀਆ ਉਜਾਲਾ । ਕਵਣ ਭੀਤਰ ਕਵਣ ਭੀਤ, ਕਵਣ ਦੱਸੇ ਰਾਹ ਸੁਖਾਲਾ । ਜੋਤੀ ਜੋਤ ਸਰੂਪ ਹਰਿ, ਨਿਤ ਨਵਿਤ ਚਲੇ ਆਪਣੀ ਚਾਲਾ । ਕਵਣ ਗੁਰ ਕਵਣ ਵਿਚਾਰ । ਕਵਣ ਰਿਹਾ ਸੁਣ, ਕਵਣ ਕਰੇ ਪੁਕਾਰ । ਕਵਣ ਕਰੇ ਛਾਣ ਪੁਣ, ਤਿੰਨਾਂ ਲੋਆਂ ਮਾਤ ਵਿਚਾਰ । ਕਵਣ ਜਾਣੇ ਗੁਣਵੰਤੇ ਗੁਣ, ਭਗਵੰਤੇ ਪੂਰਬ ਕਾਰ । ਕਵਣ ਜੀਵ ਕਵਣ ਸੰਤੇ, ਕਵਣ ਗੁਰ ਅਵਤਾਰ । ਕਵਣ ਬਣਾਏ ਮਾਤ ਬਣਤੇ, ਕਵਣ ਲੇਖੇ ਲਿਖੇ ਅਪਾਰ । ਕਵਣ ਮੀਤ ਕਵਣ ਕੰਤੇ, ਸੋਲਾਂ ਕਰਾਏ ਤਨ ਸ਼ਿੰਗਾਰ । ਕਵਣ ਪੁਰਖ ਅਬਿਨਾਸ਼ੀ ਆਦਿਨ ਅੰਤੇ

ਮਰੇ ਨਾ ਜੰਮੇ ਵਾਰੋ ਵਾਰ । ਕਵਣ ਪੁਰਖ ਮਹਿੰਮਾ ਅਗਣਤ ਅਗਣਤੇ, ਮਾਤ ਮਾਤੀ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਕਵਣ ਪਤੀ ਕਵਣ ਵਖਾਣੇ ਸਾਚੀ ਨਾਰ । ਕਵਣ ਇਕਾਂਤ ਕਵਣ ਇਕਾਂਤਾ । ਕਵਣ ਬਣਾਏ ਦਿਵਸ ਰੈਣ ਰੈਣ ਰਾਤਾ । ਕਵਣ ਉਪਜਾਏ ਭਾਈ ਭੈਣ, ਸੁਤ ਪਿਤ ਮਾਤਾ । ਕਵਣ ਦਰਸ ਦਿਖਾਏ ਨੈਣ, ਸ਼ਬਦ ਦੇਵੇ ਸਚ ਸੁਗਾਤਾ । ਕਵਣ ਦਿਸਾਏ ਗੁਰ ਸੰਗਤ ਰਲ ਮਿਲ ਬਹਿਣ, ਕਵਣ ਮਿਟਾਏ ਜਾਤਾਂ ਪਾਤਾਂ । ਜੋਤੀ ਜੋਤ ਸਰੂਪ ਹਰਿ, ਗਊ ਗਰੀਬ ਨਿਮਾਣਿਆਂ ਸਦ ਪੁੱਛੇ ਮਾਤ ਵਾਤਾਂ ।



### ❇ ੧੫ ਭਾਦਰੋਂ ੨੦੧੧ ਬਿਕ੍ਰਮੀ ਬਿਸ਼ਨ ਸਿੰਘ ਨੂੰ ਸ਼ਬਦ ਭੇਜਿਆ ਗਿਆ ਗੁੜਗਾਂਓ ❇

ਸ਼ਬਦ ਪੁਜਾਰੀ ਨਾਮ ਵਣਜਾਰੇ । ਗੁਰਮੁਖ ਸਾਚੇ ਹੋ ਤਿਆਰੇ । ਆਸ ਅੰਦੇਸਾ ਪ੍ਰਭ ਸਰਬ ਨਿਵਾਰੇ । ਦਰ ਆਏ ਨਰ ਨਰੇ, ਵਸੇ ਸਾਚੇ ਘਰ ਮਹੱਲ ਮੁਨਾਰੇ । ਦਇਆ ਸਿੰਘ ਨਾ ਜਨਮੇ ਨਾ ਜਾਏ ਮਰ । ਸਦਾ ਸੰਗ ਪ੍ਰਭ ਸਾਚੇ ਨਾਲੇ । ਗੜ੍ਹੀ ਚਮਕੌਰ ਗੁਰ ਦਿਤਾ ਵਰ, ਕਲਜੁਗ ਅੰਤਮ ਸੁਰਤ ਸੰਭਾਲੇ । ਸਚ ਧਾਮ ਸਾਚੀ ਠੌਰ, ਸਚ ਘਾਲਨਾ ਘਾਲੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਗੁਰਸਿਖ ਜਗਤ ਸੁਰਤ ਸੰਭਾਲੇ । ਸ਼ਬਦ ਸੁਨੇਹੁੜਾ ਆਏ ਦਵਾਰੇ । ਗੁਰਮੁਖ ਸਾਚਾ ਕਰੇ ਵਿਚਾਰੇ । ਪੁਰਖ ਅਬਿਨਾਸ਼ ਘਟ ਘਟ ਵਾਸ, ਜਨ ਦਾਸਨ ਦਾਸ ਸਾਚਾ ਸੰਗ ਸਚ ਪਿਆਰੇ । ਜੋਤੀ ਜੋਤ ਸਰੂਪ ਹਰਿ, ਲਹਿਣਾ ਦੇਣਾ ਜਗਤ ਚੁਕਾਏ ਦਰ ਆਏ ਕਾਜ ਸਵਾਰੇ । ਕਾਜ ਸਵਾਰੇ ਦੇਵੇ ਸਾਚਾ ਨਾਉਂ । ਸਚ ਸ਼ਬਦ ਹਰਿ ਨਾਮ ਅਧਾਰ, ਨਾ ਕੋਈ ਪਿਤਾ ਨਾ ਕੋਈ ਮਾਉਂ । ਸਾਚਾ ਕੰਤ ਕਰੇ ਪਿਆਰ, ਹਰਿ ਰੱਖੇ ਮਾਤ ਠੰਡੀ ਛਾਉਂ । ਪੂਰਬ ਕਰਮ ਪ੍ਰਭ ਵਿਚਾਰ, ਪੰਚਮ ਅੱਸੂ ਆਏ ਚੱਲ ਗੁੜਗਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਬਿਸ਼ਨ ਸਿੰਘ ਹੰਸ ਬਣਾਏ ਕਾਉਂ ।

### ❇ ੧੫ ਭਾਦਰੋਂ ੨੦੧੧ ਬਿਕ੍ਰਮੀ ਦਿੱਲੀ ਲਛਮਣ ਸਿੰਘ ਨੂੰ ਸ਼ਬਦ ਭੇਜਿਆ ਗਿਆ ❇

ਦਿੱਲੀ ਦਿਲ ਜਗਤ ਦਲੀਲ । ਹਿੱਲੀ ਕਿੱਲੀ ਦਰ ਸਚ ਅਪੀਲ । ਕਰੇ ਵਲ ਛਲ ਬਸਤਰ ਪਹਿਨੇ ਨੀਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜ ਦਰਬਾਰ ਜਗਤ ਵਕੀਲ । ਦਿੱਲੀ ਦਰ ਦਰਿਆ ਜਮਨ ਕਿਨਾਰ । ਸਾਧ ਸੰਤ ਸਾਚਾ ਘਰ, ਕਲਜੁਗ ਅੰਤਮ ਵਾਰ । ਘਰ ਸਾਚੇ ਬੈਠੇ ਦੇਵੇ ਵਰ, ਗੁਰਮੁਖ ਨਾ ਹੋਏ ਕੋਈ ਖ਼ੁਆਰ । ਜਗਤ ਸ਼ਾਹੀ ਟੁੱਟੇ ਦਰ, ਮਿਲੇ ਪੁਰਖ ਅਬਿਨਾਸ਼ੀ ਮੀਤ ਮੁਰਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਜਗਤ ਲਿਖਾਏ, ਵੇਖੇ ਹਿੰਦ ਸੱਚੀ ਸਰਕਾਰ । ਆਏ ਦਿੱਲੀ ਗ਼ਰੀਬ ਨਿਵਾਜ਼ਾ । ਗੁਰਮੁਖ ਸਾਚੇ ਸੰਤ ਜਨਾਂ, ਸ਼ਬਦ ਛਤਰ ਸੀਸ ਝੁਲਾਏ, ਵਡ ਸ਼ਾਹੋ ਰਾਜਨ ਰਾਜਾ । ਨਾਮ ਓਟ ਅੰਮ੍ਰਿਤ ਸੀਰ ਪਿਆਏ, ਸਾਚਾ ਸਾਜਨ ਸਾਜਾ । ਰਾਜ ਰਾਜਾਨ ਸ਼ਾਹ ਸੁਲਤਾਨ ਹਕੀਰ ਫ਼ਕੀਰ ਬਣਾਏ, ਘਰ ਘਰ ਮੰਗਣ ਮਾਰਨ ਅਵਾਜ਼ਾਂ । ਲੱਬੇ ਚੀਰ ਤਨ ਵਖਾਏ, ਨਾ ਕੋਈ ਤਖ਼ਤ ਨਾ ਕੋਈ ਤਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਵਾਰੇ ਆਪਣੇ ਕਾਜਾ । ਅਸੂ ਤਿੰਨ ਜਗਤ ਵਿਚੋਲਾ । ਭਗਤ ਜਨਾਂ ਘਰ ਸਾਚਾ ਬੋਲਾ । ਸਾਚੀ



੫੨੨
੦੪

ਸ਼ਾਹੀ ਖੁਲ੍ਹਿਆ ਦਰ, ਵਜਿਆ ਸਾਚਾ ਢੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਪੂਰਾ ਤੋਲ, ਸ਼ਬਦ ਕੰਡੇ ਆਪੇ ਤੋਲਾ । ਗੁਰ ਸੰਗਤ ਜਗ ਸਾਚੀ ਰਾਸ । ਜਿਉਂ ਨਾਨਕ ਅੰਗਦ ਏਕਾ ਸ਼ਬਦ ਇਕ ਸਵਾਸ । ਸਾਚੀ ਨਾਮ ਰੰਗਤ, ਮੰਦਰ ਅੰਦਰ ਵਿਚ ਪ੍ਰਭਾਸ । ਪ੍ਰਭ ਕਟੇ ਭੁੱਖ ਨੰਗਤ, ਗੁਰਮੁਖ ਨਾ ਹੋਏ ਕਦੇ ਉਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਪੇ ਜਪ ਸਵਾਸ ਸਵਾਸ । ਗੁਰ ਸੰਗਤ ਗੁਰ ਸੰਤ ਪਿਆਰੀ । ਲਿਖਿਆ ਧੁਰ ਕੰਤ ਮੁਰਾਰੀ । ਬਣਾਏ ਬਣੀ ਬਣਤ, ਕਲ ਅੰਤਮ ਵਾਰੀ । ਮਹਿੰਮਾ ਜਗਤ ਅਗਣਤ, ਕਿਆ ਕੋਈ ਕਰੇ ਜੀਵ ਵਿਚਾਰੀ । ਸੋਹੰ ਸ਼ਬਦ ਪਤਿ ਸਾਚਾ ਮੰਤ, ਦੱਸੇ ਨੈਣ ਲੋਚਨ ਨੈਣ ਮੁਧਾਰੀ । ਮੇਲ ਮਿਲਾਵਾ ਹਰਿ ਹਰਿ ਕੰਤ, ਸਚ ਸ਼ਬਦ ਅਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਿਸਾਏ ਦਰ ਬਹਾਏ ਸਚ ਮਹੱਲ ਅਟਾਰੀ । ਹਰਿ ਸੰਗਤ ਗੁਰ ਸੰਗਤ ਦਾਸ, ਰਸਨਾ ਗਾਇਣ । ਮਧੁਰ ਰਸ ਪਾਇਣ ਨਿਜ ਆਤਮ ਸਚ ਨਿਵਾਸ, ਸੋਲਾਂ ਤਨ ਸ਼ਿੰਗਾਰ ਕਰਾਇਣ, ਨਾਮ ਨੇਤਰ ਕੱਜਲ ਪਾਇਣ । ਆਤਮ ਫੂਲ ਮਾਣਕ ਮੋਤੀ, ਸਾਚੀ ਸੇਜ ਬਨਾਇਣ । ਦੁਰਮਤ ਮੈਲ ਗੁਰ ਸੰਗਤ ਜਾਏ ਧੋਤੀ, ਨਿਰਮਲ ਅਕਾਰ ਹਰਿ ਨਿਰੰਕਾਰ ਸ਼ਬਦ ਜੈਕਾਰ ਕਾਇਆ ਅੰਦਰ ਇਕ ਇਕਲੌਤੀ, ਪਕੜਨਾ ਸੱਚਾ ਦਾਮਨ । ਪ੍ਰਭ ਜੋਤ ਸੁਖ ਆਸਨ ਸੋਤੀ, ਬਣੀ ਸਾਚਾ ਵਰਨ ਗੋਤੀ, ਸਾਚਾ ਸੁਖ ਗੁਰਮੁਖ ਘਰ ਸਾਚੇ ਮਾਨਣ । ਦੇਵੇ ਦਰਸ ਦਰ ਘਰ ਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਜਾ ਮੰਦਰ ਘਰ, ਸਵਾ ਨੇਜਾ ਉਚਾ ਦਰ । ਫੂਲਨ ਸੇਜਾ ਸੁੱਤਾ ਹਰਿ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੀਆ ਜਗਤ ਇਕ ਨਾਮ ਵਰ । ਸਚ ਸਿੰਘਾਸਣ ਕਰ ਤਿਆਰ । ਲੋਕਮਾਤ ਹੋਣਾ ਖ਼ਬਰਦਾਰ । ਸਚ ਨਾਮ ਪ੍ਰਭ ਝੋਲੀ ਪਾਏ, ਕੋਇ ਨਾ ਲੁੱਟੇ ਠਗ ਚੋਰ ਯਾਰ । ਸਚ ਧਾਮ ਹਰਿ ਚਰਨ ਛੁਹਾਏ, ਗੁਰ ਸੰਗਤ ਕਰ ਪਿਆਰ । ਨਾਮ ਵੰਡਣ ਪ੍ਰਭ ਸਾਚਾ ਆਏ, ਜਗਤ ਪਿਤ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਅੱਸੂ ਦਿਵਸ ਵਿਚਾਰ । ਪਹਿਲੀ ਅੱਸੂ ਰੱਖਣੀ ਆਸ । ਪੁਰਖ ਅਬਿਨਾਸ਼ੀ ਦਇਆ ਕਮਾਏ ਜੋਤ ਜਗਾਏ, ਘਟ ਘਟ ਚਾਨਣ ਘਟ ਘਟ ਵਾਸ । ਗੁਰਮੁਖ ਖਾਲੀ ਰਹੇ ਨਾ ਕੋਇ, ਪ੍ਰਭ ਰੋਗ ਮਿਟਾਏ ਉਲਟੇ ਦਸ ਮਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੰਗਤ ਗੁਰ ਏਕਾ ਧਾਮ ਕਰੇ ਨਿਵਾਸ । ਸਚ ਧਾਮ ਸਚ ਟਿਕਾਣਾ । ਸਚ ਰਾਮ ਜਿਸ ਜਨ ਪਛਾਣਾ । ਪੂਰ ਕਰਾਏ ਕਾਮ, ਇਕ ਸੌ ਇਕ ਗੁਰ ਚਰਨ ਟਿਕਾਨਾ । ਸਚ ਰਾਮ ਜਿਸ ਜਨ ਪਛਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਸ ਇਕੀਸਾ ਅਵਤਾਰ ਚੌਬੀਸਾ ਰਾਗ ਛਤੀਸਾ ਸੋਹੰ ਸੁਹਾਗੀ ਗੀਤ ਗੁਰ ਸੰਗਤ ਕੰਨ ਸੁਣਾਨਾ । ਤੇਜ ਭਾਨ ਭਾਨ ਤੇਜ ਪ੍ਰਕਾਸ਼ । ਆਤਮ ਸੀਜ ਸੀਜ ਆਤਮ ਹਰਿ ਨਿਵਾਸ । ਸ਼ਬਦ ਸੁਨੇਹੁੜਾ ਰਿਹਾ ਭੇਜ, ਗੁਰ ਸੰਗਤ ਰਹਿਣਾ ਸਦਾ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਵਾਲੀ ਹਿੰਦ ਸਚਾ ਬਖ਼ਸ਼ਿੰਦ ਮਿਟਾਏ ਚਿੰਦਾ ਪੂਰਨ ਕਰੇ ਆਸ ।

## ❋ ੧ ਅੱਸੂ ੨੦੧੧ ਬਿਕ੍ਰਮੀ ਮੇਰਠ ਛਾਉਣੀ ਤੇਜ ਭਾਨ ਦੇ ਗ੍ਰਿਹਿ ❋

ਕਵਲ ਨੈਣ ਨੈਣ ਕਵਲ ਮਧੁਰ ਬੈਣ ਸਾਕ ਸੈਣ । ਧਰਤ ਮਝਾਰ ਸਾਚਾ ਦੇਵੇ ਨਾਮ ਦਾਨ ਪੀਣ ਖਾਣ ਰਹਿਣ ਬਹਿਣ । ਸੋਲਾਂ ਮਾਤ ਤਨ

ਸ਼ਿੰਗਾਰ ਵਡਭਾਗ ਪ੍ਰਭ ਚਰਨ ਲਾਗ ਝੂਠੇ ਵਹਿਣ ਜਗਤ ਨਾ ਵਹਿਣ । ਸ਼ਬਦ ਚੋਗ ਹੰਸ ਮੋਤੀ ਆਤਮ ਜੋਤੀ ਦੁਰਮਤ ਮੈਲ ਦਰ ਦਵਾਰੇ ਧੋਤੀ, ਰਸਨਾ ਕਿਸੇ ਨਾ ਸਕੇ ਕਹਿਣ । ਜਨ ਭਗਤ ਉਠਾਈ ਕਾਇਆ ਸੋਤੀ, ਇਕ ਇਕਲੌਤੀ ਹਰਿ ਹਰਿ ਪਾਸ ਪਸਾਨ । ਨਾ ਕੋਈ ਵਰਨ ਨਾ ਕੋਈ ਗੋਤੀ । ਏਕਾ ਅਕਾਲ ਦਿਆਲ ਨੂਰੋ ਨੂਰ ਮਿਲ ਨਿਰਮਲ ਜੋਤੀ, ਹਰਿਜਨ ਪੇਖੇ ਤੀਜੇ ਨੈਣ । ਲੱਖ ਚੁਰਾਸੀ ਘਰ ਘਰ ਰੋਤੀ, ਮਾਵਾਂ ਪੁੱਤਰਾਂ ਸਾਂਝਾ ਵੈਣ । ਨਿਹਕਲੰਕ ਕਲ ਜਾਮਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾੜੀ ਮੌਤ ਸੇਵਾ ਲਾਈ ਘਰ ਘਰ ਖਾਏ ਡੈਣ । ਨੈਣ ਮੁਧਾਰ ਸਗਲ ਸੰਸਾਰਾ । ਭਗਤ ਅਧਾਰ ਪੁਰਖ ਅਪਾਰਾ । ਸ਼ਬਦ ਜੈਕਾਰ ਸੋਹੰ ਧਾਰਾ । ਨਰ ਅਵਤਾਰ ਜਗਤ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਆਂ ਪੁਰੀਆਂ ਪਾਵੇ ਸਾਰਾ । ਨੈਣ ਮੁਧਾਰ ਲੋਚਨ ਲੋਚ । ਧਰਮ ਬੁਧ ਕਰ ਸਾਚੇ ਸੋਚ । ਚਿੱਟੇ ਅਸਵ ਬੈਠਾ ਕੁੱਦ, ਲੋਕਮਾਤ ਹਰਿ ਗਿਆ ਪਹੁੰਚ । ਜਨ ਭਗਤਾਂ ਕਰੇ ਉਜਲ ਬੁੱਧ ਕਾਰਜ ਸੁੱਧ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਕਰੇ ਸੁੱਧ । ਚਿੱਟਾ ਅਸਵ ਸਤਿ ਸਰੂਪਾ ਹਰਿ ਅਸਵਾਰਾ । ਸ਼ਾਹੋ ਭੂਪਾ ਜੋਤੀ ਲੋਕਮਾਤ ਅਵਤਾਰਾ । ਨਾ ਕੋਈ ਰੇਖਾ ਨਾ ਕੋਈ ਰੂਪਾ, ਚਾਰ ਵਰਨਾਂ ਸੱਚਾ ਸਰਦਾਰਾ । ਨਰ ਹਰੀ ਨਰ ਸਤਿ ਸਰੂਪਾ । ਏਕਾ ਸ਼ਬਦ ਜਗਤ ਜੈਕਾਰਾ । ਕਰੇ ਉਜਿਆਰ ਅੰਧ ਕੂਪਾ, ਗਊ ਗਰੀਬ ਨਿਮਾਣਿਆਂ ਹਾਹਾਕਾਰਾ । ਦੁੱਖੀਆਂ ਭੁੱਖਿਆਂ ਦੇਵੇ ਨਾਮ ਸੱਚਾ ਅਪਾਰਾ । ਚਾਰ ਕੁੰਟ ਵੇਖ ਵਖਾਣੇ, ਰਾਜੇ ਰਾਣੇ ਸ਼ਾਹ ਸੁਲਤਾਨੇ ਜੋਤੀ ਹਵਨ ਸ਼ਬਦ ਧੂਪਾ । ਹਰਿਜਨਾਂ ਹਰਿ ਬੰਨ੍ਹੇ ਗਾਨੇ, ਮਸਤ ਨੈਣ ਰੰਗ ਅਨੂਪਾ । ਪਾਰਬ੍ਰਹਮ ਜਨ ਕਵਣ ਪਛਾਣੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤੀ ਸੱਚਾ ਨੂਰ ਸਰਬ ਕਲਾ ਭਰਪੂਰ,
੫੨੪
੦੪
ਆਸਾ ਮਨਸਾ ਪੂਰ ਜਗਤ ਸਹਿੰਸਾ ਕਰੇ ਦੂਰਾ, ਪੁਰਖ ਨਿਰੰਜਣ ਸਤਿ ਸਤਿਵਾਦੀ ਨਾਦ ਅਨਾਦੀ ਵਡ ਬ੍ਰਹਿਮਾਦੀ, ਆਦਿ ਜੁਗਾਦੀ ਸਤਿ ਸਰੂਪਾ । ਚਿੱਟੇ ਅਸਵ ਸਚ ਦੁਸ਼ਾਲ । ਚੋਲਾ ਪਹਿਨੇ ਹਰਿ ਜੀ ਲਾਲ । ਜੋਤ ਨੁਰਾਨੀ ਮਾਤ ਬਾਲ । ਕਲਜੁਗ ਅੰਤਮ ਵਾਰ ਮਾਰੇ ਸੱਚੀ ਛਾਲ । ਟੱਪੇ ਚਾਰ ਦਵਾਰੀ ਕਿਲੇ ਲਾਲ । ਚਾਰ ਕੁੰਟ ਹੋਏ ਖੁਆਰੀ, ਡਿੱਗਣ ਫਲ ਕੱਚੇ ਡਾਲ । ਵੇਖ ਵਖਾਣੇ ਸ਼ਾਹ ਸਵਾਰੀ, ਜਗਤ ਅਵੱਲੜੀ ਚਲੇ ਚਾਲ । ਆਤਮ ਕਾਰੀ ਸ਼ਬਦ ਆਰੀ ਸੋਹੰ ਡੰਡਾ ਲਾਹੇ ਖਾਲ । ਏਕਾ ਨਾਮ ਖ਼ੁਮਾਰੀ ਏਕਾ ਪੈਜ ਦਰ ਘਰ ਸਵਾਰੀ, ਧਰਮ ਰਾਏ ਨਾ ਖਾਏ ਕਾਲ । ਭਗਤ ਵਛਲ ਆਪ ਕਰਤਾਰ, ਨਰ ਨਰਾਇਣ ਚਵੀਆਂ ਅਵਤਾਰ । ਜੋਤੀ ਖੇਲ ਮਾਤ ਅਪਾਰ, ਪੁਰਖ ਪੁਰਖੋਤਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਚਿੱਟੇ ਅਸਵ ਨਰ ਹਰਿ ਸੱਚੀ ਸਰਕਾਰ । ਚਿੱਟਾ ਅਸਵ ਮੰਗੇ ਦਾਣਾ । ਪਹਿਲੋਂ ਖਾਣਾ ਰਾਜਾ ਰਾਣਾ । ਕਿਲੇ ਲਾਲ ਹਰਿ ਲੇਖ ਲਿਖਾਣਾ । ਵਾਲੀ ਹਿੰਦ ਪਕੜ ਉਠਾਣਾ । ਦੂਜੀ ਸੇਵਾ ਫਲ ਅੰਮ੍ਰਿਤ ਮੇਵਾ, ਸਾਚਾ ਨਾਮ ਮੁਖ ਲਗਾਏ ਵਡ ਹਰਿ ਦੇਵੀ ਦੇਵਾ, ਕਰੋੜ ਤੇਤੀਸਾ ਰਾਗ ਛਤੀਸਾ ਭੇਵ ਖੁਲ੍ਹਾਣਾ । ਏਕਾ ਛਤਰ ਝੁਲਾਏ ਸੀਸ ਨਰ ਹਰਿ ਜਗਦੀਸ਼ ਚਾਰ ਕੁੰਟ ਹਰਿ ਡੰਕ ਵਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਪ੍ਰਗਟ ਹੋਇਆ ਸ਼ਾਹ ਸੁਲਤਾਨਾ । ਪਵਣ ਜੋਤ ਸ਼ਬਦ ਧਾਰ । ਤਿੰਨਾਂ ਲੋਆਂ ਵਸੇ ਬਾਹਰ । ਪ੍ਰਕਾਸ਼ਨ ਪ੍ਰਕਾਸ਼ ਪ੍ਰਕਾਸ਼ ਰਵ ਸਸ ਅਧਾਰ । ਪਵਣ ਸਵਾਸ ਸਵਾਸ ਸਵਾਸ, ਲੱਖ ਚੁਰਾਸੀ ਪਸਰ ਪਸਾਰ । ਸਚ ਸ਼ਬਦ ਨਰ ਹਰਿ ਥਿਰ ਘਰ ਸਾਚੀ ਹਾਸੀ, ਜਨ ਭਗਤਨ ਖ਼ੁਸ਼ੀ ਅਪਾਰ । ਏਕਾ ਮੰਡਲ ਸਚ ਪੁਰਖ ਅਬਿਨਾਸ਼ੀ, ਸ਼ਬਦ ਧੁਨ ਸੱਚੀ ਜੈਕਾਰ । ਵਸੇ ਬਾਹਰ ਪਤਾਲ ਅਕਾਸ਼ੀ, ਜੋਤ ਨਿਰੰਜਣ ਨਿਰਾਹਾਰ ।

ਦਰ ਦਵਾਰ ਸਚ ਅਸਥੂਲ ਧਾਮ, ਨਿਜ ਘਰ ਵਾਸੀ ਪੰਚਮ ਪੂਰਬ ਨਿਰਗੁਣ ਰੂਪ ਨਿਰਾਕਾਰ । ਸਚ ਸਮਗਰੀ ਸਚ ਹਵਣ, ਘਰ ਸਾਚੇ ਸਚ ਵਿਹਾਰ । ਅੱਠੇ ਪਹਿਰ ਏਕਾ ਲਹਿਰ ਗੰਭੀਰ ਗਹਿਰ, ਸ਼ਬਦ ਨਿਰੰਜਣ ਸਾਚਾ ਸ਼ਾਇਰ ਗੁਣਵੰਤ ਗੁਣ ਨਿਧਾਨ ਗੁਣ ਵਿਚਾਰ । ਲੋਕਮਾਤ ਹੰਕਾਰ ਵਿਕਾਰ ਵੇਖ ਦੁਪਹਿਰ, ਗਊ ਗਰੀਬ ਨਿਮਾਣਿਆਂ ਵਰਤੇ ਕਹਿਰ, ਧਰੇ ਜੋਤ ਸੰਸਾਰ । ਅੰਮ੍ਰਿਤ ਧਾਰ ਚਰਨ ਪਿਆਰ, ਨਰ ਨਿਰੰਕਾਰ ਲੋਕਮਾਤ ਲਿਆਏ ਕਿਰਪਾ ਕਰ ਅਪਾਰ । ਸ਼ਿਵ ਸ਼ੰਕਰ ਸਾਚਾ ਸੰਗ ਰਲਾਏ, ਮੁਖ ਜ਼ਹਿਰ ਪਿਆਲਾ ਹੱਥ ਫੜਾਏ, ਨਾਗ ਨਾਗਨੀ ਗਲ ਲਟਕਾਏ ਇਕ ਕਰੇ ਸ਼ਿੰਗਾਰ । ਵਿਸ਼ਨ ਅਕਾਰੀ ਹਰਿ ਬਣ ਜਾਏ, ਬ੍ਰਹਮ ਵਿਚਾਰੀ ਸੀਸ ਨਿਵਾਏ, ਧਰਮ ਜੈਕਾਰੀ ਜਗਦੀਸ ਅਖਵਾਏ, ਸ਼ਬਦ ਸੂਤਰ ਸਾਚੀ ਧਾਰ । ਬ੍ਰਹਮਲੋਕ ਬ੍ਰਹਿਮੰਡ ਵਖਾਏ, ਲੋਕਮਾਤ ਹਰਿ ਵੰਡ ਕਰਾਏ, ਜਗਤ ਰਾਣੀ ਬੇਮੁਹਾਣੀ, ਮਾਇਆ ਮਮਤਾ ਕੰਡ ਵਖਾਏ, ਕਰੇ ਖੇਲ ਪਦ ਨਿਰਬਾਨ । ਆਦਿ ਅੰਤ ਜੁਗਾ ਜੁਗੰਤ ਜੀ ਜਹਾਨਾ ਭਗਤ ਭਗਵਾਨਾ, ਚਤੁਰ ਸੁਜਾਨਾ ਨੂਰ ਨੁਰਾਨਾ, ਨੇੜੇ ਦੂਰ ਇਕ ਟਿਕਾਣਾ । ਹਰਿ ਹਜ਼ੂਰ ਸ੍ਰੀ ਭਗਵਾਨਾ । ਲੋਕਮਾਤ ਪਹਿਰੇ ਬਾਣਾ । ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਲਜੁਗ ਅੰਤਮ ਵੰਡਿਆ ਦੇਸ, ਧਰਤ ਮਾਤ ਹੋਈ ਰੰਡੀ ਕਲਜੁਗ ਜੀਵ ਹੋਏ ਘਮੰਡੀ, ਦਰ ਦਵਾਰੇ ਹਰਿ ਪੁਕਾਰੇ, ਬਾਸ਼ਕ ਸੇਜਾ ਕਵਲ ਨੈਣ ਸੁਰਤ ਸੰਭਾਲੇ । ਲਛਮੀ ਚਰਨ ਝੱਸੇ ਸਰਨ ਬਹਾਏ, ਲਾਲ ਭੂਸ਼ਣ ਲਾਲ ਫੁੱਲ ਹੱਥ ਉਠਾਏ, ਜਗੇ ਜੋਤ ਮਸਾਲੇ । ਸ਼ਬਦ ਲਸ਼ਕਰ ਨਾਲ ਉਠਾਲੇ । ਬਾਸ਼ਕ ਤਸ਼ਕ ਸਤਿ ਸਫੇਦੀ ਰੰਗ ਵਟਾਲੇ । ਰਵ ਸਸ ਹੱਸ ਹੱਸ, ਪ੍ਰਭ ਚਰਨ ਨੱਸ ਨੱਸ ਸੀਸ ਨਿਵਾਲੇ । ਭਗਤ ਭਗਵਾਨ ਰਾਹ ਦੱਸ ਦੱਸ, ਹਿਰਦੇ ਵਸ ਵਸ ਬਾਣ ਮਾਰੇ ਕਸ ਕਸ, ਸੋਏ ਮਾਤ ਜਗਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਧਰਤ ਮਾਤ ਖੁਆਰੀ, ਤੇਰੀ ਸੁਰਤ ਸੰਭਾਲੇ । ਇੰਦ ਇੰਦਰਾਸਣ ਇੰਦਰਾ ਤਾਜ । ਕਰੋੜ ਤੇਤੀਸਾ ਸਾਚਾ ਰਾਜ । ਮੰਗਿਆ ਵਰ ਬੀਸ ਇਕੀਸਾ, ਦਰਸ ਕਰਨਾ ਦੇਸ ਮਾਝ । ਝੁੱਲਣਾ ਛਤਰ ਹਰਿ ਜਗਦੀਸ਼ਾ, ਨੌਂ ਖੰਡ ਸਵਾਰੇ ਆਪਣੇ ਕਾਜ । ਸਰਨ ਆਇਣ ਈਸਾ ਮੂਸਾ, ਸਤਿ ਸਾਗਰਾਂ ਪਾਏ ਭਾਜ । ਇਕ ਪੜ੍ਹਾਏ ਸ਼ਬਦ ਹਦੀਸਾ, ਸ਼ਬਦ ਉਡਾਏ ਸਾਚਾ ਬਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਜੋਤ ਸਰੂਪੀ ਖੇਲ ਰਚਾਏ, ਮਾਤ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਏ, ਕਰੇ ਖੇਲ ਜਨ ਭਗਤ ਮੇਲ ਕਲ ਕਿ ਆਜ । ਪੁਰੀ ਇੰਦਰ ਇੰਦਰ ਦਵਾਰਾ । ਸੋਹੰ ਸ਼ਬਦ ਸਚ ਜੈਕਾਰਾ । ਕਰੋੜ ਤੇਤੀਸ ਨਿਵ ਨਿਵ ਕਰਨ ਨਿਮਸਕਾਰਾ । ਪ੍ਰਗਟ ਹੋਏ ਅਵਤਾਰ ਚੌਬੀਸ, ਨਿਹਕਲੰਕੀ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰੀ ਸੁਣੇ ਦਰ ਘਰ ਸਚ ਪੁਕਾਰਾ । ਬ੍ਰਹਮਾ ਬ੍ਰਹਮ ਰੂਪ ਉਤਪਾਤ, ਚਾਰ ਕੁੰਟ ਨੇਤਰ ਖੋਲ੍ਹ ਉਪਰ ਵੇਖੇ ਮਾਰ ਝਾਤ, ਕਿਹੜੀ ਕੂਟੇ ਪ੍ਰਭ ਰਿਹਾ ਬੋਲ । ਸੱਚ ਵਜਾਏ ਸ਼ਬਦ ਢੋਲ । ਕਲਜੁਗ ਆਈ ਅੰਧੇਰੀ ਰਾਤ, ਅੱਸੂ ਤਿੰਨ ਪ੍ਰਭ ਪੜਦੇ ਖੋਲ੍ਹ । ਚਾਰ ਕੁੰਟ ਸ੍ਰਿਸ਼ਟ ਸਬਾਈ ਰਿਹਾ ਤੋਲ । ਜਨ ਭਗਤਾਂ ਹਰਿ ਜੀ ਹਿਰਦੇ ਵਸੇ, ਆਤਮ ਪੜਦਾ ਲੈਣਾ ਖੋਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਬ੍ਰਹਿਮਾਦੀ ਆਦਿ ਜੁਗਾਦੀ, ਸ੍ਰਿਸ਼ਟ ਸਬਾਈ ਆਤਮ ਸਾਧੀ, ਕੰਡਾ ਤੋਲੇ ਪੂਰੇ ਤੋਲ । ਬ੍ਰਹਮਾ ਗਾਏ ਮੁਖ ਮੁਖੜੇ ਚਾਰ । ਧਰਤ ਮਾਤ ਤੇਰੇ ਲਾਹੁਣ ਆਇਆ ਦੁੱਖੜੇ, ਪ੍ਰਭ ਅਬਿਨਾਸ਼ੀ ਜਾਮਾ ਧਾਰ । ਭਗਤ ਜਨਾਂ ਕਾਇਆ ਤਾਲ, ਅੰਮ੍ਰਿਤ ਆਤਮ ਦੇਵੇ ਡਾਲ । ਧਰਤ ਮਾਤ ਤੇਰੇ ਭਾਗ ਲਗਾਏ ਸਾਚੀ ਕੁੱਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰ, ਪ੍ਰਗਟ

੫੨੫
੦੪

ਜੋਤ ਵਿਚ ਸੰਸਾਰ । ਬ੍ਰਹਮਾ ਆਪ ਪੁਰਖ ਅਪਾਰਾ । ਪ੍ਰਗਟ ਕੀਆ ਨਰ ਨਿਰੰਕਾਰਾ । ਕੋਇ ਨਾ ਜਾਣੇ ਨਰ ਨਿਰੰਜਣ ਤੇਰੀ ਸਾਰਾ । ਸਾਚਾ ਨੇਤਰ ਪਾਇਆ ਅੰਜਨ, ਹੋਇਆ ਸਹਾਈ ਦੁੱਖ ਦਰਦ ਭੰਜਨ, ਵੇਦ ਰਾਗ ਮੁਖ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਝੋਲੀ ਪਾਏ, ਸ੍ਰਿਸ਼ਟ ਸਬਾਈ ਅੰਤ ਕਰਾਈ, ਬ੍ਰਹਮਾ ਬਣਿਆ ਇਕ ਵਰਤਾਰਾ । ਨੂਰ ਨਿਰੰਜਣ ਏਕਾ ਲਾਟੀ । ਪ੍ਰਭ ਅਬਿਨਾਸ਼ੀ ਕਮਲਾਪਾਤੀ । ਆਪੇ ਚੜ੍ਹਿਆ ਸਾਚੀ ਘਾਟੀ । ਮਾਤ ਪਿਤ ਨਾ ਕਿਸੇ ਘੜਿਆ । ਨਾ ਕੋਈ ਦੀਵਾ ਨਾ ਕੋਈ ਬਾਤੀ । ਸੰਪਟ ਨੂਰ ਏਕਾ ਚੜ੍ਹਿਆ, ਕਵਲ ਨਾਭੀ ਪਾਟੀ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦਿਤੀ ਕਰ, ਬ੍ਰਹਮਾ ਪ੍ਰਗਟ ਹੋਇਆ ਮਾਤੀ । ਬ੍ਰਹਮਾ ਪਸਰ ਪਸਾਰ ਵਿਚ ਬ੍ਰਹਿਮੰਡ । ਚਾਰ ਕੁੰਟ ਵੇਖ ਮੁਖ ਚਾਰ, ਚਾਰ ਵੇਦਾਂ ਪਾਈ ਵੰਡ । ਸਿਰ ਮਸਤਕ ਇਕ ਪੁਰਖ ਅਪਾਰ, ਮੰਗੀ ਮੰਗ ਸੱਚੇ ਦਰਬਾਰ, ਨਾ ਅੰਤਮ ਆਏ ਕੰਡ । ਉਤਪਤ ਉਪਜੇ ਸੁਰਸਤੀ ਨਾਰ, ਨਾਰਦ ਮੁਨ ਸੰਗ ਰਾਗ ਛਤੀਸਾ ਕਰ ਉਜਿਆਰ । ਬੀਨ ਹੰਕਾਰੀ ਗਾਏ ਵਜਾਏ ਸੰਞ ਸਵੇਰ, ਸ੍ਰਿਸ਼ਟ ਸਬਾਈ ਬੱਧੀ ਧਾਰ, ਤ੍ਰੈਗੁਣ ਮਾਇਆ ਹੋ ਅਸਵਾਰ । ਦਿੱਤੀ ਦਾਤ ਹਰਿ ਨਿਰੰਕਾਰ । ਵਰਤੇ ਵਰਤਾਵੇ ਵਿਚ ਸੰਸਾਰ । ਵਾਰੋ ਵਾਰ ਰਸਨ ਰਸਾਇਣ, ਹਰਿ ਗੁਣ ਰਿਹਾ ਉਚਾਰ । ਚਾਰ ਕੁੰਟ ਕਾਲ ਕੋਠੜਾ, ਅੰਤਮ ਅੰਤ ਹੋਏ ਥੋਥੜਾ, ਕੀਟ ਲਪੇਟਾ ਚੀਥਾ ਗੋਥੜਾ, ਕਾਲ ਕਲੇਸ਼ੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਦਿ ਪੁਰਖ ਭਗਤ ਵਛਲ ਜਗ ਸਾਚੀ ਰਾਣੀ, ਕਰੇ ਖੇਲ ਅਪਰ ਅਪਾਰ । ਬ੍ਰਹਮਾ ਰੂਪ ਰੰਗ ਰਿਖ, ਵਾਰ ਅੰਤਮ ਅੰਤ ਸਿਖਿਆ ਲਈ ਸਿਖ, ਨਾਰਦ ਮੁਨ ਦਰ ਦਵਾਰੇ ਮੰਗੀ ਭਿਖ ਮਿਟੀ ਤ੍ਰਿਖ, ਆਦਿ ਜੁਗਾਦਿ ਨਿਰਗੁਣ ਸਰਗੁਣ ਹੋਇਆ, ਸਾਚੇ ਲੇਖ ਪ੍ਰਭ ਸਾਚੇ ਲਿਖ, ਸਤਿ ਸਰੂਪੀ ਸਾਚੀ ਦਾਦ । ਜੋਤੀ ਜੋਤ ਸਰੂਪ ਹਰਿ ਦਿਵਸ ਰੈਣ ਰਿਹਾ ਅਰਾਧ । ਰਸਨ ਅਰਾਧੇ ਅਰਾਧ ਪਨ, ਕਵਣ ਸਵਾਰੇ ਮਾਤ ਕਾਜੇ । ਜਗਤ ਨਿਖੁੱਟਾ ਨਾਮ ਧਨ, ਸ਼ਬਦ ਸਰੂਪੀ ਮਾਰੇ ਅਵਾਜ਼ੇ । ਚਾਰ ਮੁਖ ਹੱਥ ਬੰਨ੍ਹ, ਧਰਤ ਮਾਤ ਪ੍ਰਭ ਰੱਖੇ ਲਾਜੇ । ਦੁਸ਼ਟ ਹੰਕਾਰੀ ਦੇਣਾ ਡੰਨ, ਪ੍ਰਗਟ ਹੋਇਆ ਪ੍ਰਭ ਦੇਸ ਮਾਝੇ । ਸ਼ਬਦ ਉਡਾਰੀ ਭਗਤਨ ਕੰਨ, ਸਚ ਸਮਗਰੀ ਸਾਜਨ ਸਾਜੇ । ਸ਼ਬਦ ਅਧਾਰਾ ਜਗਤ ਅੰਧ, ਹੋਏ ਅਸਵਾਰਾ ਚਿੱਟੇ ਤਾਜੇ । ਮਾਤ ਚੜ੍ਹਾਏ ਸਾਚਾ ਚੰਨ, ਬੰਕ ਦਵਾਰ ਸੁਹਾਏ ਸਾਚੇ ਰਾਜਨ ਰਾਜੇ । ਜੂਠੇ ਝੂਠੇ ਜਾਏ ਭੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬ੍ਰਹਮ ਬ੍ਰਹਮਾ ਮਨ ਗਰੀਬ ਨਿਵਾਜੇ । ਹਰਿ ਚਰਨ ਸਰਨ ਕਵਲ ਪ੍ਰਭ ਪ੍ਰੀਤ , ਉਪਰ ਧਵਲ ਪ੍ਰਭ ਰਿਹਾ ਮਵਲ, ਨਿਤ ਨੇਤਨ ਨੀਤ । ਉਪਜੇ ਫੁੱਲ ਨਾਭ ਕਵਲ ਅੰਤਮ ਮਾਤ ਹੋਇਆ ਬਵਲ, ਪੁਰਖ ਅਬਿਨਾਸ਼ੀ ਸਾਚਾ ਚੀਤ । ਪੁਰਖ ਅਬਿਨਾਸ਼ੀ ਸ਼ੁਨਯ ਧਿਆਏ, ਧਰਤ ਮਾਤ ਦਏ ਦੁਹਾਏ, ਅੰਤਮ ਕਲ ਹਾਏ ਹਾਏ, ਝੂਠੇ ਹੋਏ ਗੁਰਦਵਾਰੇ ਮੰਦਰ ਮਸੀਤ । ਮੰਦਰ ਮਸੀਤ ਸ਼ਿਵਦਵਾਲੇ, ਮਾਇਆ ਧਾਰੀ ਹੋਏ ਰਖਵਾਲੇ, ਮਨ ਤਨ ਧਨ ਹੋਏ ਕੰਗਾਲੇ, ਦਰ ਘਰ ਸਾਚੇ ਵੱਜੇ ਜੰਦੇ । ਨਾ ਕੋਈ ਸੁਰਤ ਸੰਭਾਲੇ, ਵੇਖ ਵਖਾਇਣ ਝੂਠੇ ਧੰਦੇ । ਪ੍ਰਭ ਅਬਿਨਾਸ਼ੀ ਕੋਈ ਨਾ ਜਾਣੇ, ਜੋਤੀ ਜੋਤ ਸਰੂਪ ਹਰਿ, ਧਰਤ ਮਾਤ ਹਰਿ ਜੋਤ ਧਰ, ਜਨ ਭਗਤ ਉਠਾਏ ਸਾਚੇ ਬੰਦੇ । ਨੈਣ ਮੁਧਾਰ ਕ੍ਰਿਸ਼ਨਾ ਕਾਹਨ । ਪ੍ਰਗਟ ਹੋਏ ਵਿਚ ਜਹਾਨ । ਜੋਤ ਸਰੂਪੀ ਵਡ ਬਲਵਾਨ । ਹੱਥ ਨਾ ਫੜੇ ਤੀਰ ਕਮਾਨ । ਸ਼ਬਦ ਧਰਾਏ ਇਕ ਨਿਸ਼ਾਨ । ਚਾਰ ਕੁੰਟ ਕਰੇ ਵੈਰਾਨ । ਕਿਸੇ ਨਾ ਸੁਝੇ ਪੀਣ ਖਾਣ । ਗੁਰਮੁਖ ਵਿਰਲਾ ਬੂਝੇ, ਚਤਰਭੁਜ ਹਰਿ ਭਗਵਾਨ । ਹਰਿ ਭੇਵ ਖੁਲ੍ਹਾਏ ਗੂਝੇ, ਚਰਨ ਧੂੜ ਸਚ ਇਸ਼ਨਾਨ । ਭੇਵ

੫੨੬ ੦੪

ਚੁਕਾਏ ਏਕਾ ਦੂਜੇ, ਵਰਨ ਗੋਤ ਨਾ ਕੋਈ ਪਛਾਨ । ਨਿਹਕਲੰਕ ਕਲ ਪ੍ਰਗਟ ਹੋਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਮਗਰੀ ਸਚ ਅਕਾਰਾ । ਜੋਤ ਸਰੂਪੀ ਖੇਲ ਅਪਾਰਾ । ਸ਼ਿਵ ਸ਼ੰਕਰ ਪ੍ਰਗਟ ਵਿਚ ਸੰਸਾਰਾ । ਜਟਾ ਜੂਟ ਧਾਰ ਅੰਮ੍ਰਿਤ ਵਹਾਈ ਸਾਚੀ ਧਾਰ, ਲੋਕਮਾਤ ਖੇਲ ਅਪਾਰਾ । ਗਰੜ ਪੁਰਾਨੀ ਹਰਿ ਦਰਬਾਰ, ਬ੍ਰਹਮਾ ਪੂਤਾ ਸੋਇਆ ਜਾਗੇ, ਸੱਚਾ ਹਰਿ ਕਰ ਅਸਵਾਰਾ । ਜੋਤੀ ਨੂਰ ਸਾਚਾ ਘਰ ਸਤਿ ਸਰੋਵਰ ਦੇਵੇ ਵਰ, ਆਸਾ ਮਨਸਾ ਪੂਰ ਨਾ ਨੇੜੇ ਨਾ ਦੂਰਾ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਸਦਾ ਸਹਾਈ ਸਾਚਾ ਸੰਗ ਵਡ ਦਾਤਾ ਸੂਰਾ । ਸਤਵੇਂ ਦਰ ਉਠ ਸੁਲਤਾਨ । ਛੇਵੇਂ ਘਰ ਕਰੇ ਇਸ਼ਨਾਨ । ਪੰਚਮ ਸਾਚਾ ਅੰਮ੍ਰਿਤ ਸਰ, ਪ੍ਰਭ ਚਰਨ ਚਰਨੋਧਕ ਡਿੱਗੇ ਆਣ । ਬੂਹਾ ਖੋਲ੍ਹੇ ਚੌਥੇ ਘਰ, ਸੰਤ ਪੀਰ ਔਲੀਏ ਗੁਰ ਜਿਥੇ ਜਾਣ । ਤਿੰਨਾਂ ਲੋਕਾਂ ਦੇਵੇ ਵਰ, ਬ੍ਰਹਮ ਇੰਦਰ ਸ਼ਿਵ ਸਾਰੇ ਗਾਣ । ਮਾਤ ਪਤਾਲ ਅਕਾਸ਼ੀ ਜਾਇਣ । ਹਰਿ ਨੂਰ ਸਾਚੇ ਦਰਸ਼ਨ ਪਾਇਣ । ਜੋਤੀ ਜੋਤ ਸਰੂਪ ਹਰਿ, ਸਰਬ ਘਟਾਂ ਘਟ ਅੰਦਰ ਵਸੇ, ਆਦਿ ਪੁਰਖ ਜਾਣੀ ਜਾਣ । ਸੱਤਵਾਂ ਘਰ ਹਰਿ ਸਚ ਵਸੇਰਾ । ਲਾਲ ਭੂਸ਼ਣ ਨੂਰੀ ਜੋਤੀ ਰੱਖੇ ਸਤਿ ਸਵੇਰਾ । ਕੌਸਤਕ ਮਣੀ ਸੁੱਚਾ ਮੋਤੀ ਕੋਈ ਨਾ ਦਿਸੇ, ਚਾਰੋਂ ਕੁੰਟ ਅੰਧੇਰਾ । ਪ੍ਰਭ ਅਬਿਨਾਸ਼ੀ ਏਕਾ ਜੋਤੀ, ਸ਼ਬਦ ਸੱਚਾ ਸਚ ਵਸੇਰਾ । ਨਿਰਧਨ ਨਾਰ ਕਦੇ ਨਾ ਸੋਤੀ, ਸਰਧਨ ਰੂਪ ਹਰਿ ਹਰਿ ਹਰਿ ਤੇਰਾ । ਜੋਤੀ ਜੋਤ ਸਰੂਪ ਹਰਿ, ਥਿਰ ਘਰ ਸਤਵੇਂ ਦਰ ਇਕ ਇਕੱਲਾ ਰੱਖੇ ਡੇਰਾ । ਚਰਨ ਕਵਲ ਕਵਲ ਚਰਨ ਦਰ ਛੇ ਦਵਾਰ । ਦੂਜੀ ਜੋਤੀ ਕੰਚਨ ਧਾਰ । ਚਰਨ ਚਰਨੋਦਕ ਅੰਮ੍ਰਿਤ ਧਾਰ । ਲਛਮੀ ਸੇਵਾ ਪ੍ਰਭ ਚਰਨ ਪਿਆਰ । ਮਿਲਿਆ ਮੇਵਾ ਹਰਿ ਦਵਾਰ । ਚੌਦਾਂ ਰਤਨਾਂ ਕੱਢੇ ਬਾਹਰ । ਹੱਥ ਸਾਚਾ ਫੂਲ ਕਵਲ ਮੁਖ ਚਾਰ, ਰਸਨਾ ਹਰਿ ਗੁਣ ਰਹੀ ਉਚਾਰ । ਜੋਤੀ ਜੋਤ ਸਰੂਪ ਹਰਿ, ਏਕਾ ਦੋਏ ਦੋਏ ਏਕ, ਇਕ ਦੂਜੀ ਸਾਚੀ ਧਾਰ । ਪੰਚਮ ਪਰਮ ਪੁਰਖ ਨਿਸ਼ਾਨੀ । ਅੰਮ੍ਰਿਤ ਸਤਿ ਸਰੋਵਰ ਭਰਿਆ ਨਿਰ ਪਦ ਨਿਰਬਾਣੀ । ਜਨ ਭਗਤਾਂ ਦੇਵੇ ਸਾਚਾ ਜੋਗ, ਬੂੰਦ ਸਵਾਂਤੀ ਇਕ ਇਕਾਂਤੀ ਕਾਇਆ ਸੀਤਲ ਧਾਰ ਰਖਾਨੀ । ਪੰਚਮ ਘਰ ਮਾਰੇ ਝਾਤੀ, ਪ੍ਰਭ ਅਬਿਨਾਸ਼ੀ ਕਮਲਾਪਾਤੀ ਵੰਡਣ ਬਹੇ ਲੋਆਂ ਪੁਰੀਆਂ ਸਾਚੀ ਦਾਤੀ, ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਥਿਰ ਘਰ, ਪੰਚਮ ਦਰ ਸਹਿਜ ਸੁਭਾਨੀ । ਪੰਚਮ ਦਰ ਸੱਚੇ ਦਰਵਾਜ਼ੇ । ਸ਼ਬਦ ਧੁਨ ਅਨਾਹਦ ਵਾਜੇ । ਕਵਣ ਜਾਣੇ ਪ੍ਰਭ ਤੇਰੇ ਗੁਣ, ਸ਼ਬਦ ਸਵਾਸੀ ਵਿਚ ਪਵਨ ਗਾਜੇ । ਜੋਤੀ ਜੋਤ ਸਰੂਪ ਹਰਿ, ਗੁਰ ਪੀਰ ਔਲੀਏ ਪੈਗ਼ੰਬਰ ਪੰਚਮ ਘਰ ਬੈਠ ਸਾਜੇ । ਪੰਚਮ ਘਰ ਹਰਿ ਟਿਕਾਣਾ । ਏਕਾ ਰੱਖੇ ਸ਼ਬਦ ਬਬਾਣਾ । ਜੋਤੀ ਹਵਣ ਪਵਣ ਮਸਾਣਾ । ਚੌਥੇ ਘਰ ਦੀਪ ਜਗਾਣਾ । ਸੰਤਾਂ ਭਗਤਾਂ ਰਾਹ ਵਖਾਣਾ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਆਪਣੇ ਹੱਥ ਰਖਾਏ ਆਉਣਾ ਜਾਣਾ । ਚੌਥਾ ਘਰ ਚੌਥਾ ਪਦ । ਭਗਤ ਭਗਵੰਤ ਦਰ ਲਏ ਸਦ । ਅੰਮ੍ਰਿਤ ਪਿਆਏ ਪ੍ਰਭ ਸਾਚੀ ਮਧ । ਸ਼ਬਦ ਭਾਰ ਤਨ ਦੇਵੇ ਲਦ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਦਾਦ । ਚੌਥੇ ਘਰ ਸੰਤ ਵਣਜਾਰੇ । ਪ੍ਰਭ ਅਬਿਨਾਸ਼ੀ ਵਾਜਾਂ ਮਾਰੇ । ਖੋਲ੍ਹੇ ਬੰਦ ਕੁਆੜ, ਜਿਸ ਜਨ ਕਿਰਪਾ ਧਾਰੇ । ਕਾਇਆ ਬੁਝਾਏ ਅਗਨ ਤੱਤੀ ਹਾੜ, ਅੰਮ੍ਰਿਤ ਧਾਰ ਸੀਤਲ ਧਾਰੇ । ਹੋਏ ਪ੍ਰਕਾਸ਼ ਨਾੜ ਨਾੜ, ਮਿੱਟੇ ਅੰਧੇਰ ਅੰਧ ਅੰਧਿਆਰੇ । ਪੰਜਾਂ ਚੋਰਾਂ ਮਾਰੇ ਧਾੜ, ਸ਼ਬਦ ਖੰਡਾ ਹਰਿ ਦੋ ਧਾਰੇ । ਹਰਿਜਨ ਦਰ ਸੰਤ ਪਿਆਰੇ, ਸੁਣੇ ਪੁਕਾਰ ਸਚ ਦਾਤਾਰੇ । ਚੌਥੇ ਘਰ ਜਨ ਵਣਜਾਰੇ, ਅੱਗੇ ਦਿਸੇ ਸੱਚਾ ਲਾੜੇ । ਚੌਥਾ ਘਰ ਧਾਮ ਅਸਥੂਲਾ । ਜਨ ਭਗਤਾਂ ਮਿਲੇ ਕੰਤ ਕੰਤੂਹਲਾ । ਭੇਵ ਚੁਕਾਏ ਲੇਖ

੫੨੭
੦੪

ਲਿਖਾਏ, ਦਰ ਘਰ ਸਾਚੇ ਮਾਣ ਦਵਾਏ ਭਗਤ ਭਗਵੰਤ ਮਿਲੇ ਮੇਲ ਹਰਿ ਜੋਤੀ ਖੇਲ ਮਹਾਨੇ । ਬਣੇ ਬਣਾਏ ਸੱਜਣ ਸੁਹੇਲ, ਚਲੇ ਚਲਾਏ ਆਪਣੇ ਭਾਣੇ । ਜੋਤੀ ਜੋਤ ਸਰੂਪ ਹਰਿ, ਕਿਸੇ ਹੱਥ ਨਾ ਆਏ ਰਾਜੇ ਰਾਣੇ । ਤੀਜਾ ਖੋਲ੍ਹੇ ਦਰ ਦਵਾਰਾ । ਨੀਲੀ ਛੱਤੋਂ ਹੋਏ ਬਾਹਰਾ । ਗਗਨ ਅਕਾਸ਼ੀ ਤੁੱਟਾ ਪਾੜਾ । ਮਾਤ ਪਤਾਲੀ ਹਰਿ ਅਖਾੜਾ । ਤਿੰਨਾਂ ਲੋਕਾਂ ਸਾਚਾ ਲਾੜਾ । ਜੋਤੀ ਜੋਤ ਸਰੂਪ ਹਰਿ, ਆਪੇ ਖੇਲੇ ਖੇਲ ਭਗਤ ਜਨ ਮੇਲੇ ਸੁਹੰਜਣੀ ਰੈਣ ਸੁਭਾਗੀ ਦਿਹਾੜਾ । ਤਿੰਨਾਂ ਲੋਆਂ ਬੰਨ੍ਹੇ ਧਾਰ । ਉਤਪੁਤ ਮਾਇਆ ਵਿਚ ਸੰਸਾਰ । ਸਚ ਸਤਿ ਪ੍ਰਭ ਏਕਾ ਜਾਪਾ ਬ੍ਰਹਮਾ ਵੇਦ ਮੁਖ ਚਾਰ ਉਚਾਰ । ਜੋਤੀ ਜੋਤ ਸਰੂਪ ਹਰਿ, ਤਿੰਨਾਂ ਲੋਆਂ ਬੱਧੀ ਧਾਰ । ਦੂਜਾ ਦਰ ਹਰਿ ਨਿਰੰਕਾਰ । ਆਵੇ ਜਾਵੇ ਵਾਰੋ ਵਾਰ । ਮਰੇ ਮਰ ਜੰਮੇ ਉਤਭੁਜ ਸੇਤਜ ਅੰਡਜ਼ ਜੇਰਜ਼ ਜਨਮੇ ਕਦੇ ਪੁਰਖ ਕਦੇ ਨਾਰ । ਗਗਨ ਪਤਾਲੀ ਪਵਣ ਥੰਮੇ, ਪੁਰਖ ਅਬਿਨਾਸ਼ੀ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਦੋ ਜਹਾਨਾਂ ਪਾਵੇ ਸਾਰ । ਇਕ ਇਕੱਲਾ ਇਕ ਦਵਾਰ । ਸਚ ਮਹੱਲਾ ਹਰਿ ਨਿਰੰਕਾਰ । ਸਚ ਫੜਾਏ ਸਾਚਾ ਪੱਲਾ, ਅੰਤ ਨਾ ਆਵੇ ਹਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵੇਖ ਵਖਾਣੇ ਸਰਬ ਜਾਣੇ ਨਾਰੀ ਨਾਰ । ਇਕ ਇਕੱਲਾ ਹਰਿ ਇਕਲੌਤਾ । ਸਚ ਦਵਾਰ ਸਦਾ ਖਲੋਤਾ । ਨਿਰਾਹਾਰ ਨਰ ਨਿਰਾਧਾਰ ਸਾਚਾ ਬੀਜ ਆਤਮ ਬੋਤਾ । ਸ਼ਬਦ ਪਵਣ ਕਰ ਸ਼ਿੰਗਾਰ, ਪ੍ਰੇਮ ਸੇਜਾ ਹਰਿਜਨ ਸੋਤਾ । ਸੋਲਾਂ ਕਲੀਆਂ ਵਾਰੋ ਵਾਰ, ਨਾੜ ਬਹੱਤਰ ਮਾਣ ਮਣੋਤਾ । ਵੇਖੇ ਫਲ ਸਾਚੇ ਡਾਲ, ਅੰਮ੍ਰਿਤ ਨੀਰ ਸਾਚੇ ਧੋਤਾ । ਅੰਤ ਕਾਲ ਨਾ ਖਾਏ ਕਾਲ, ਚਰਨ ਕਵਲ ਜਨ ਸਾਚੇ ਛੋਹਤਾ । ਪ੍ਰਭ ਅਬਿਨਾਸ਼ੀ ਉਠੇ ਮਾਰ ਛਾਲ, ਧਰਮ ਰਾਏ ਦਰ ਆਣ ਖਲੋਤਾ । ਮੈਂ ਹੋਇਆ ਅੰਤ ਕੰਗਾਲ, ਪ੍ਰਭ ਥਾਂਵ ਨਿਥਾਵਿਆਂ ਮਾਣ ਮਣੋਤਾ । ਕਿਰਪਾ ਕਰ ਸਾਚੇ ਹਰਿ ਦੀਨ ਦਿਆਲ, ਲਾੜੀ ਮੌਤ ਕਰ ਤਿਆਰ, ਲੱਖ ਚੁਰਾਸੀ ਵਾਰੋ ਵਾਰ, ਅਠਾਈ ਕੁੰਡਾਂ ਖੋਲ੍ਹਾਂ ਬਾਰ, ਕਿਸੇ ਨਾ ਦਿਸੇ ਦੂਧ ਪੂਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ, ਤ੍ਰੈਲੋਕੀ ਨਾਥ ਸੁਣ ਪੁਕਾਰ, ਸ਼ਬਦ ਹਲ ਸਾਚਾ ਜੋਤਾ । ਸਾਚਾ ਹਰਿ ਜੋਤੀ ਨੂਰਾ । ਨੂਰ ਨੁਰਾਨੀ ਸਚ ਸੁਲਤਾਨੀ, ਸਰਬ ਕਲਾ ਭਰਪੂਰਾ । ਨਾਮ ਸੰਜੋਗਾ ਵਡ ਵਿਦਵਾਨੀ, ਹਰਿ ਦਾਤਾ ਵਡ ਜੋਧਨ ਸੂਰਾ । ਲੱਖ ਚੁਰਾਸੀ ਆਤਮ ਗਿਆਨੀ, ਨਾਦ ਧੁਨ ਸਾਚੀ ਤੂਰਾ । ਏਕਾ ਜੋਤੀ ਆਦਿ ਸ਼ਕਤ ਆਦਿ ਭਵਾਨੀ, ਨੂਰ ਨਿਰਾਲਮ ਜਗਤ ਆਲਮ ਵਰਭੰਡ ਬ੍ਰਹਿਮੰਡੀ ਪੂਰਾ । ਨਰ ਅਕਾਲ ਇਕ ਇਕੱਲਾ । ਸਤਵਾਂ ਘਰ ਸਚ ਮਹੱਲਾ । ਨਾ ਕੋਈ ਫੂਲ ਨਾ ਕੋਈ ਫਲਾ । ਨਾ ਕੋਈ ਸ਼ਬਦ ਕਟਾਰ ਨਾ ਕੋਈ ਭੱਲਾ । ਏਕਾ ਜੋਤ ਅਕਾਰੀ ਨਿਰਮਲ ਨੂਰ ਅਧਾਰੀ ਨਿਰਮਲਾ । ਜੋਤ ਅਹੂਤੀ ਲਾਟੀ ਹਵਣ, ਪਵਣ ਸਵਾਸੀ ਨੂਰ ਅੱਲਾ । ਆਪ ਪ੍ਰਕਾਸ਼ੇ ਸਰਬ ਗਵਣ, ਵਸੇ ਨਿਹਚਲ ਧਾਮ ਅਟੱਲਾ । ਨਾ ਕੋਈ ਵਖਾਏ ਦੇਵ ਗੰਧਰਬ ਜਮਨ, ਕਰ ਕਰ ਵੇਖੇ ਵਲ ਛਲਾ । ਪੰਚਮ ਬੈਠ ਉਪਜਾਏ ਸਿੰਘ ਸਵਣ, ਰੱਖੇ ਚਰਨ ਥਲਾ । ਧਰੇ ਭੇਖ ਜਿਉਂ ਬਲ ਬਾਵਨ, ਲੋਕਮਾਤ ਮਾਰ ਛਲਾ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣ, ਚਾਰ ਕੁੰਟ ਪ੍ਰਭ ਸਾਚੇ ਹੱਲਾ । ਵੇਖ ਵਖਾਣੇ ਕਾਮਨੀ ਕਾਮਨ, ਕਲਜੁਗ ਪਾਪੀ ਝੂਠਾ ਪੱਲਾ । ਧੁਰਦਰਗਾਹੀ ਸਾਚਾ ਜਾਮਨ, ਜਨ ਭਗਤਾਂ ਦੱਸੇ ਰਾਹ ਸੁਖਾਲਾ । ਮਿੱਟੇ ਅੰਧੇਰੀ ਰੈਣ ਸ਼ਾਮਨ, ਦੀਪਕ ਜੋਤੀ ਸਾਚਾ ਬਾਲਾ । ਨਿਹਕਲੰਕ ਕਲ ਜਾਮਾ ਪਾਇਆ । ਜੋਤ ਸਰੂਪੀ ਖੇਲ ਰਚਾਇਆ, ਸ਼ਬਦ ਸਰੂਪੀ ਡੰਕ ਵਜਾਇਆ, ਸ੍ਰਿਸ਼ਟ ਸਬਾਈ ਹੋਏ ਭਲ ਭਲਾ । ਪ੍ਰਭ ਦਿਸੇ ਸਾਚਾ ਸ਼ਾਹੋ ਭੂਪੀ, ਦਵਾਰ ਬੰਕ ਕਿਸੇ ਦਿਸ ਨਾ ਆਇਆ । ਮਹਾਰਾਜ

੫੨੮
੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਹੋ ਅਸਵਾਰ ਸੋਲਾਂ ਕਲੀਆਂ ਤਨ ਸ਼ਿੰਗਾਰ, ਚੌਥੇ ਦਰ ਕਢੇ ਬਾਹਰ, ਦੱਖਣ ਦਿਸ਼ਾ ਵੇਖ ਵਿਚਾਰ, ਪਵਣ ਸਵਾਸੀ ਹੋ ਅਸਵਾਰ, ਪਹਿਲਾ ਹਿੱਸਾ ਮਾਤ ਰਖਾਇਆ । ਚਿੱਟੇ ਅਸਵ ਕਰ ਤਿਆਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਸ਼ਬਦ ਸਰੂਪੀ ਹੱਥ ਕਟਾਰੀ । ਏਕਾ ਸ਼ੇਰ ਸ਼ੇਰ ਦਲੇਰ, ਜੋਤੀ ਨੂਰ ਅਕਾਰੀ । ਕਲਜੁਗ ਤੇਰੀ ਅੰਤਮ ਵੇਰ, ਲੋਕਮਾਤ ਪ੍ਰਭ ਪਾਏ ਸਾਰੀ । ਰਾਜੇ ਰਾਣੇ ਮਾਰੇ ਘੇਰ, ਸ੍ਰਿਸ਼ਟ ਸਬਾਈ ਕਰੇ ਦੋ ਫਾੜੀ । ਆਪ ਚੁਕਾਏ ਮੇਰ ਤੇਰ, ਧਰਤ ਮਾਤ ਤੇਰੀ ਇਕ ਅਖਾੜੀ । ਅੰਤਮ ਵੇਲਾ ਆਏ ਨੇੜ, ਲੱਖ ਚੁਰਾਸੀ ਪੱਕੀ ਹਾੜੀ । ਜਨ ਭਗਤਾਂ ਸਦਾ ਰੱਖੇ ਮਿਹਰ, ਫਿਰਦਾ ਰਹੇ ਪਿਛੇ ਅਗਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਜੋਤ ਸਰੂਪੀ ਦਿਸ ਨਾ ਆਏ, ਸ਼ਬਦ ਸਰੂਪੀ ਰਖੇ ਵਾੜੀ । ਪੰਚਮ ਘਰ ਧਰੇ ਧਿਆਨਾ । ਛੇਵੇਂ ਸਰ ਸੱਚਾ ਇਸ਼ਨਾਨਾ । ਸਤਵੇਂ ਜਗੇ ਜੋਤ ਮਹਾਨਾ । ਸਤਿ ਸਰੂਪੀ ਹਰਿ ਭਗਵਾਨਾ । ਛੇਵੇਂ ਚਰਨ ਕਵਲ ਲਛਮੀ ਕਰੇ ਧਿਆਨਾ । ਪੰਜਵੇਂ ਘਰ ਜਾਏ ਮਵਲ, ਹਰਿ ਸ਼ਬਦ ਏਕਾ ਹੱਥ ਉਠਾਨਾ । ਇਕ ਉਪਜਾਏ ਸਾਚਾ ਕਵਲ, ਪਵਣ ਸਵਾਸੀ ਰੂਪ ਸੁਹਾਨਾ । ਜੋਤੀ ਜੋਤ ਸਰੂਪ ਹਰਿ, ਏਕਾ ਜੋਤੀ ਇਕ ਘਰ, ਤਿੰਨਾਂ ਦੱਸੇ ਖੇਲ ਮਹਾਨਾ । ਪੰਚਮ ਪੰਚ ਪੁਰਖ ਅਬਿਨਾਸ਼ਾ । ਸਚ ਦਵਾਰੇ ਏਕਾ ਵਾਸਾ । ਰੰਗ ਅਪਾਰੇ ਨਾ ਕੋਈ ਵੇਖ ਵਿਚਾਰੇ ਸਚ ਮੰਡਲ ਦੀ ਸਾਚੀ ਰਾਸਾ । ਤਿੰਨਾਂ ਲੋਆਂ ਬੰਨ੍ਹੇ ਧਾਰੇ, ਚੌਥੇ ਵਸੇ ਆਏ ਦਵਾਰੇ, ਪੂਰ ਕਰਾਏ ਮਾਤ ਆਸਾ । ਜੋਤੀ ਜੋਤ ਸਰੂਪ ਹਰਿ, ਏਕਾ ਜਾਣੇ ਆਪਣਾ ਘਰ, ਲੱਖ ਚੁਰਾਸੀ ਆਵੇ ਡਰ, ਸਚ ਤਖ਼ਤ ਸੁਲਤਾਨ ਸ਼ਾਹ ਸ਼ਾਬਾਸ਼ਾ । ਚੌਥਾ ਖੋਲ੍ਹੇ ਦਰ ਦਰਵਾਜ਼ਾ । ਅੰਦਰ ਬੋਲੇ ਗਰੀਬ ਨਿਵਾਜ਼ਾ । ਜਨ ਭਗਤਾਂ ਮਾਰੇ ਸ਼ਬਦ ਅਵਾਜਾ । ਸੀਸ ਟਿਕਾਏ ਸਾਚਾ ਤਾਜਾ । ਧੁਰਦਰਗਾਹੀ ਸਾਚਾ ਰਾਜਾ । ਲੋਕ ਪ੍ਰਲੋਕ ਬ੍ਰਹਮਲੋਕ ਸ਼ਿਵਲੋਕ ਇੰਦਰ ਮਹੇਸ਼ ਗਣੇਸ਼ਾ ਦਰ ਦਰਵੇਸ਼ਾ ਜੁਗਾ ਜੁਗੰਤਰ ਰੱਖੇ ਲਾਜਾ । ਸ਼ਸਤਰ ਅਸਤਰ ਨਾ ਤਨ ਬਸਤਰ, ਦਾਹੜੀ ਮੁੱਛ ਨਾ ਕੇਸ ਦਰ ਦਰਵੇਸ਼ ਤਨ ਮੰਦਰ ਨਾ ਕੋਈ ਸਾਜਾ । ਅਲਖ ਨਿਰੰਜਣ ਅਵੱਲੜਾ ਭੇਸ, ਸਚ ਪੁਰਖ ਵਿਚ ਸਾਚੇ ਦੇਸ, ਜੋਤ ਪਵਣ ਸ਼ਬਦ ਪ੍ਰਵੇਸ਼, ਤਿੰਨਾਂ ਲੋਕਾਂ ਸਵਾਰੇ ਕਾਜਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਧਰੇ ਜੋਤ ਵਿਚ ਦੇਸ ਮਾਝਾ । ਚੌਥਾ ਖੋਲ੍ਹੇ ਬੰਦ ਕੁਆੜ । ਰਚਨ ਰਚਾਈ ਪਹਿਲੀ ਹਾੜ । ਲੇਖ ਲਿਖਾਇਆ ਭੇਖ ਵਟਾਇਆ ਉਨੀਂ ਹਾੜ । ਚਰਨ ਬਿਆਸੇ ਜਾ ਟਿਕਾਇਆ, ਸਾਵਣ ਸਿੰਘ ਸੋਇਆ ਆਪ ਜਗਾਇਆ, ਲੱਗੀ ਅੱਗ ਬਹੱਤਰ ਨਾੜ । ਪ੍ਰਭ ਅਬਿਨਾਸ਼ੀ ਦਇਆ ਕਮਾਇਆ, ਤ੍ਰੈਲੋਕੀ ਨਾਥ ਮਾਤ ਆਇਆ, ਸਗਲਾ ਸਾਥ ਆਣ ਨਿਭਾਇਆ, ਜਗਤ ਚਲਾਈ ਸਾਚੀ ਗਾਥ । ਸੋਹੰ ਸ਼ਬਦ ਡੰਕ ਵਜਾਇਆ, ਰਾਓ ਰੰਕ ਲਏ ਉਠਾਇਆ, ਤੀਰ ਚਲਾਇਆ ਦਿਆਲ ਬਾਗ਼ । ਗੁਰ ਸਵਾਮੀ ਲਏ ਉਠਾਇਆ, ਪ੍ਰਭ ਅਬਿਨਾਸ਼ੀ ਮਾਤ ਆਇਆ, ਜੋਤ ਸਰੂਪੀ ਜਾਮਾ ਪਾਇਆ, ਨਿਹਕਲੰਕ ਨਾਉਂ ਰਖਾਇਆ, ਹੰਸ ਬਣਾਏ ਗੁਰਮੁਖ ਕਾਗ । ਚੌਥਾ ਦਰ ਖੋਲ੍ਹ ਵਖਾਇਆ । ਦੋਹੀਂ ਹੱਥੀਂ ਕੁੰਡਾ ਲਾਹਿਆ । ਛੋਟਾ ਮੁੰਡਾ ਅੱਗੇ ਲਾਇਆ । ਸਿੰਘ ਮਨਜੀਤ ਨਾਮ ਉਪਜਾਇਆ । ਇੰਦ ਇੰਦਰਾਸਣ ਬਾਹਰ ਕਢਾਇਆ । ਸਚ ਸਿੰਘਾਸਣ ਹਰਿ ਜੀ ਲਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸਣ, ਸਚ ਮਹੱਲਾ ਇਕ ਵਸਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਸਵ ਹੋ ਅਸਵਾਰ, ਕਰ ਵਿਚਾਰ ਕਲਜੁਗ ਤੇਰੀ ਅੰਤਮ ਵਾਰ, ਚਾਰ ਕੁੰਟ ਲਏ ਦੁੜਾਇਆ ।

੫੨੯
੦੪

ਚੌਥੇ ਘਰ ਚਾਰ ਦਰਵਾਜ਼ੇ । ਪਹਿਲੇ ਆਏ ਗਰੀਬ ਨਿਵਾਜ਼ੇ । ਹੋ ਅਸਵਾਰ ਚਿੱਟੇ ਤਾਜੇ । ਚੁੱਕੇ ਪੌੜ ਆਏ ਦੌੜ । ਮਾਤਲੋਕ ਦੇਸ ਮਾਝੇ । ਆਪੇ ਪਰਖੇ ਮਿੱਠੇ ਕੌੜ, ਚਾਰ ਕੁੰਟ ਪੈਣੀ ਭਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਾਜਣਾ ਆਪੇ ਸਾਜੇ । ਕਵਣ ਦਵਾਰ ਹਰਿ ਹੋਏ ਬਾਹਰ । ਸਚ ਅਸਵ ਹੋ ਅਸਵਾਰ । ਕਦੇ ਗੁਪਤ ਕਦੇ ਜ਼ਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਚਾਰ ਵਰਨ ਏਕਾ ਹਵਨ ਕਰਾਏ । ਅੰਮ੍ਰਿਤ ਸਾਵਣ ਮੇਘ ਬਰਸਾਏ । ਪਤਤ ਪਾਵਣ ਦਇਆ ਕਮਾਏ । ਧਰਤ ਮਾਤ ਬਖ਼ਸ਼ੇ ਇਕ ਦਾਤ, ਵਡ ਕਰਾਮਾਤ ਸਚ ਸੁਗਾਤ, ਮਿਟਾਏ ਅੰਧੇਰੀ ਰਾਤ ਨਾ ਕੋਈ ਦੱਸੇ ਜਾਤ ਪਾਤ, ਕਾਇਆ ਠੰਡੀ ਠਾਰ ਕਰਾਏ । ਹਰਿ ਅਸਵਾਰੀ ਸ਼ਬਦ ਉਡਾਰੀ, ਦਰ ਦਰਵਾਜ਼ੇ ਹੋਇਆ ਬਾਹਰੀ, ਨੈਣ ਮੁਧਾਰਾ ਪੁਰਖ ਅਪਾਰਾ । ਦਰ ਦਰਵੇਸ਼ਾ ਖੁੱਲ੍ਹੇ ਕੇਸਾ, ਨਰ ਨਰੇਸ਼ਾ ਵਡ ਮਰਗੇਸ਼ਾ ਜੋਤੀ ਵੇਸਾ ਮਾਝੇ ਦੇਸਾ, ਕਰੇ ਖੇਲ ਅਪਾਰਾ । ਮਿਟਿਆ ਮਾਣ ਬ੍ਰਹਮੇ ਹੱਟ ਸ਼ਿਵ ਸ਼ੰਕਰ ਕਰੋੜ ਤੇਤੀਸਾ ਬੀਸ ਇਕੀਸਾ ਈਸਾ ਮੂਸਾ ਹੋਏ ਖੁਆਰਾ । ਜਗੇ ਜੋਤ ਏਕ ਜਗਦੀਸ਼ਾ, ਵੇਦ ਪੁਰਾਨੀ ਇਕ ਹਦੀਸਾ, ਕਲਜੁਗ ਝੂਠਾ ਪੀਸਣ ਪੀਸਾ, ਸੋਹੰ ਚਲੇ ਸਚ ਜੈਕਾਰਾ । ਤੁੱਟੇ ਮਾਣ ਰਾਗ ਛਤੀਸਾ, ਅਠਾਰਾਂ ਵਰਨਾਂ ਏਕਾ ਰੀਸਾ, ਪ੍ਰਗਟ ਹੋਏ ਅਵਤਾਰ ਚੌਬੀਸਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਬਲੀ ਬਲਵਾਨ ਗੁਣਵੰਤ ਗੁਣ ਨਿਧਾਨ, ਕਵਣ ਵਖਾਣੇ ਕਵਣ ਜਾਣੇ ਪਵਣ ਮਸਾਣੇ, ਹਰਿ ਭਗਵਾਨੇ ਜੋਤ ਨਿਧਾਨੇ ਸ਼ਬਦ ਉਡਾਨੇ, ਆਦਿ ਪੁਰਖ ਆਦਿ ਉਨੀਸਾ । ਸ਼ਬਦ ਉਡਾਰੀ ਹਰਿ ਮੁਰਾਰੀ । ਕਲਜੁਗ ਤੇਰੀ ਅੰਤਮ ਵਾਰੀ । ਕਰੇ ਖੇਲ ਜਨ ਭਗਤ ਮੇਲ ਪੂਰਬ ਕਰਮ ਮਿਟੇ ਭਰਮ, ਖੇਲ ਕਰਾਏ ਮਾਨਸ ਜਨਮ ਦਰਸ ਦਿਖਾਏ ਪਹਿਲੀ ਵਾਰੀ । ਦੂਈ ਦਵੈਤੀ ਮੇਟੇ ਭਰਮ, ਭਾਗ ਮਥੰਨੇ ਧੰਨ ਧੰਨੇ, ਜੋਤ ਜਗਾਏ ਆਤਮ ਅੰਨ੍ਹੇ, ਅੰਤਮ ਕਲ ਬੇੜਾ ਬੰਨ੍ਹੇ, ਕੋਈ ਨਾ ਦਿਸੇ ਛੱਪਰੀ ਛੰਨੇ, ਲੱਖ ਚੁਰਾਸੀ ਹਰਿ ਜੀ ਡੰਨੇ, ਕਲਜੁਗ ਤੇਰੀ ਅੰਤਮ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸ਼ਬਦ ਗੋਤੀ ਵਣਜ ਕਰਾਏ, ਕਾਇਆ ਸੋਤੀ ਆਪ ਉਠਾਏ, ਪ੍ਰਭ ਦਰ ਮੈਲ ਜਾਏ ਧੋਤੀ ਦੂਈ ਦਵੈਤੀ ਰਹਿਣ ਨਾ ਪਾਏ, ਨੂਰ ਨੁਰਾਨੀ ਸਾਚੀ ਜੋਤੀ, ਗੁਰਮੁਖ ਸਾਚੇ ਸੰਤ ਜਨਾਂ ਆਤਮ ਅੰਦਰ ਡੂੰਘੀ ਕੰਦਰ ਵਿਚੋਂ ਉਠਾਏ, ਨੇੜ ਨਾ ਆਏ ਮੌਤ ਲਾੜੀ । ਮੌਤ ਲਾੜੀ ਦਰ ਦੁਰਕਾਏ, ਸਚ ਕਰਾਏ ਵਣਜ ਵਪਾਰੇ । ਲੱਖ ਚੁਰਾਸੀ ਗੇੜ ਨਿਵਾਰੇ । ਇਕ ਸੁਣਾਏ ਰਾਗ ਕੰਨਾਂ, ਪੰਜ ਸ਼ਬਦ ਧੁਨ ਅਪਾਰੇ । ਆਤਮ ਕੱਢੇ ਝੂਠਾ ਜੰਨਾ, ਮਿਲੇ ਮੇਲ ਮੀਤ ਮੁਰਾਰੇ । ਭਾਂਡਾ ਭਰਮ ਮਾਨਸ ਦੇਹੀ ਹਰਿ ਭੰਨਾ, ਹਉਮੇ ਰੋਗ ਚਿੰਤ ਨਿਵਾਰੇ । ਕਲਜੁਗ ਜੀਵ ਅੰਤਮ ਅੰਨ੍ਹਾ, ਚਾਰ ਕੁੰਟ ਹੋਏ ਖੁਆਰੇ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਰ ਨਰਾਇਣੀ ਗੁਰਮੁਖਾਂ ਦੱਸੇ ਸਾਚੀ ਬਹਿਣੀ । ਦਰਸ ਦਿਖਾਏ ਤੀਜੇ ਨੈਣੀ । ਖੋਲ੍ਹੇ ਬੰਦ ਕੁਆੜੀ, ਬਜ਼ਰ ਕਪਾਟੀ ਪਾੜੀ । ਸਤਿ ਸੰਤੋਖੀ ਪੱਕੀ ਹਾੜੀ । ਅੰਤਮ ਮੋਖੀ ਪ੍ਰਭ ਚਰਨ ਛੁਹਾਈ ਦਾਹੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਗੁਰਮੁਖ ਸਾਚੇ ਸੰਤ ਜਨਾਂ ਨੇੜ ਨਾ ਆਏ ਮੌਤ ਲਾੜੀ । ਮੌਤ ਨਾ ਲੰਘੇ ਦਰ । ਗੁਰਮੁਖ ਵੇਖ ਜਾਏ ਡਰ । ਪ੍ਰਭ ਅਬਿਨਾਸ਼ੀ ਦਰ ਖੁਲ੍ਹਾਇਆ, ਭਗਤ ਸੁਹੇਲਾ ਫੜਿਆ ਲੜ । ਸੋਹੰ ਫੜਿਆ ਸੋਟਾ, ਅਸ਼ਟਮ ਪੰਚਮ ਰਿਹਾ ਲੜ । ਸਾਚੀ ਜਗੇ ਨੂਰੀ ਜੋਤਾ ਬਹੱਤਰ ਨੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਮਿਹਰਵਾਨ, ਪਾਰ ਕਰਾਏ ਦਰ ਬਹਾਏ ਬਾਹੋਂ ਫੜ । ਚੌਥੇ ਘਰ ਸੁਣ ਪੁਕਾਰ । ਜੋਤੀ ਨੂਰ ਕਰ ਅਕਾਰ ।

੫੩੦
੦੪

ਸ਼ਬਦ ਖੰਡਾ ਕਰ ਤਿਆਰ । ਸੋਹੰ ਡੰਡੇ ਤਿੰਨਾਂ ਲੋਕਾਂ ਕਰਨਾ ਖ਼ਬਰਦਾਰ । ਰਾਓ ਰੰਕ ਸ਼ਾਹ ਸੁਲਤਾਨ ਰਾਜ ਰਾਜਾਨ ਨਾ ਕੋਈ ਸਕੇ ਰੋਕ, ਪ੍ਰਭ ਮਾਰੇ ਵਾਰੋ ਵਾਰ । ਲੱਖ ਚੁਰਾਸੀ ਦੇਵੇ ਝੋਕ, ਇਕ ਸੁਣਾਇਆ ਹਰਿ ਸਲੋਕ, ਕਲਜੁਗ ਤੇਰੀ ਅੰਤਮ ਵਾਰ । ਨਿਹਕਲੰਕ ਕਲ ਜਾਮਾ ਪਾਏ, ਬਲੀ ਬਲਵਾਨ ਇਕ ਰਘੁਰਾਏ, ਸਖੀ ਸੁਲਤਾਨ ਆਪ ਹੋ ਜਾਏ, ਪੀਰ ਫ਼ਕੀਰ ਸ਼ਾਹ ਹਕੀਰ ਦਸਤਗੀਰ, ਚਾਰ ਯਾਰਾਂ ਸੰਗ ਮੁਹੰਮਦ ਪਕੜ ਉਠਾਏ, ਵੇਖ ਵਖਾਣੇ ਰਾਜੇ ਰਾਣੇ, ਜਗਤ ਸਿਆਣੇ ਅੰਧੇ ਕਾਣੇ, ਜਗਤ ਚਲਾਏ ਸਾਚਾ ਤੀਰ । ਖਾਣੀ ਬਾਣੀ ਆਈ ਹਾਨੀ, ਕੁਰਾਨ ਅੰਜ਼ੀਲ ਭੇਵ ਨਾ ਜਾਣੇ, ਈਸਾ ਮੂਸਾ ਕਾਲਾ ਸੂਸਾ ਕਵਣ ਵਖਾਣੇ ਚੀਨਾ ਰੂਸਾ ਭਾਰਤ ਖੰਡੀ ਪਾਏ ਵੰਡੀ ਚਮਕੇ ਚੰਡ ਪ੍ਰਚੰਡੀ, ਨਾ ਦਿਸੇ ਰਾਹ ਡੰਡੀ ਚਰਨ ਛੁਹਾਏ ਪ੍ਰਭ ਜਮਨ ਕਿਨਾਰਾ । ਗੁਰ ਗੋਬਿੰਦ ਤੇਰਾ ਬਚਨ ਪੂਰ ਆਣ ਕਰਾਉਣਾ । ਅੱਸੂ ਤਿੰਨ ਦਿਵਸ ਸੁਹਾਨਾ । ਸ਼ਬਦ ਤੀਰ ਇਕ ਚਲਾਨਾ । ਵਾਲੀ ਹਿੰਦ ਪਕੜ ਉਠਾਣਾ । ਆਤਮ ਬੰਨ੍ਹ ਸ਼ਬਦ ਧਾਰ ਜੋਤ ਸਰੂਪੀ ਦਰਸ ਦਿਖਾਣਾ । ਮਾਣਕ ਮੋਤੀ ਮਨੀ ਕੌਸਤਕ ਧਾਰੀ, ਸ਼ਬਦ ਉਡਾਰੀ ਪਵਣ ਆਹਾਰੀ, ਨਰ ਨਿਰੰਕਾਰੀ ਭੇਖ ਧਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪੇ ਵੇਖੇ ਸਾਚੇ ਘਰ, ਭਗਤ ਵਛਲ ਵਛਲ ਭਗਵਾਨ, ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ । ਮੌਲੀ ਮਹਿੰਦੀ ਅਮਾਮ ਮਹਿੰਦੀ । ਉਮਤ ਨਬੀ ਰਸੂਲ ਦੀ ਇਕ ਦੂਜੇ ਦੇ ਨਾਲ ਖਹਿੰਦੀ । ਕਲਜੁਗ ਤੇਰੀ ਵਹਿੰਦੀ ਨਦੀ । ਗੁਰਮੁਖ ਵਿਰਲੇ ਤੇਰੀ ਆਤਮ ਪ੍ਰਭ ਕਾ ਭਾਣਾ ਸਹਿੰਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਹੋ ਅਸਵਾਰ, ਅੱਸੂ ਤਿੰਨ ਦਿਵਸ ਵਿਚਾਰ, ਕਿਲੇ ਲਾਲ ਪਾਵੇ ਸਾਰ, ਲੱਖ ਚੁਰਾਸੀ ਦੋਹੀਂ ਹੱਥੀਂ ਲਾਏ ਮਹਿੰਦੀ । ਲਾਏ ਮਹਿੰਦੀ ਰੰਗ ਲਾਲ । ਪ੍ਰਭ ਅਬਿਨਾਸ਼ੀ ਸਾਚਾ ਉਠੇ ਮਾਰ ਛਾਲ । ਕਲਜੁਗ ਤੇਰਾ ਅੰਤਮ ਵੇਲਾ, ਸ਼ਬਦ ਬਣਿਆ ਵਿਚ ਦਲਾਲ । ਲੱਖ ਚੁਰਾਸੀ ਅੰਤਮ ਕਰੇ ਹੱਕ ਨਬੇੜਾ, ਲਾੜੀ ਮੌਤ ਸੰਗ ਰਲਾਏ ਕਾਲ । ਲਾੜੀ ਮੌਤ ਕਾਲ ਅਕਾਲਾ । ਦੇਵੇ ਵਰ ਦੀਨ ਦਿਆਲਾ । ਭਗਤ ਵਛਲ ਹੋਏ ਭਗਤਾਂ ਆਪ ਰਖਵਾਲਾ । ਸੋਹੰ ਸ਼ਬਦ ਤਨ ਪਹਿਨਾਏ ਚਿੱਟੀ ਚਾਦਰ ਸਚ ਦੁਸ਼ਾਲਾ । ਬੇਮੁਖ ਗੂੜ੍ਹੀ ਨੀਂਦ ਸੁਆਏ, ਏਕਾ ਭੁੱਲਿਆ ਹਰਿ ਗੋਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਕਲਜੁਗ ਜੀਆਂ ਦਿਸ ਨਾ ਆਏ, ਗੁਰਮੁਖ ਸਾਚੇ ਵਿਚ ਸਮਾਏ, ਲੱਖ ਚੁਰਾਸੀ ਵੇਖ ਵਖਾਣੇ, ਪਕੜ ਉਠਾਏ ਰਾਜੇ ਰਾਣੇ, ਬਣਿਆ ਰਹੇ ਆਪ ਕੰਗਾਲਾ । ਆਪ ਕੰਗਾਲ ਦੀਨ ਦਿਆਲ । ਨਾ ਕੋਈ ਸਕੇ ਸੁਰਤ ਸੰਭਾਲ । ਰਾਣਾ ਸੰਗਰੂਰ ਸਾਚਾ ਲਾੜ, ਚਰਨ ਪ੍ਰੀਤੀ ਲਏ ਪਾਲ । ਫਲ ਲਗਾਏ ਸਾਚੇ ਡਾਲ । ਵਾਲੀ ਹਿੰਦ ਅਨਮੁਲੜਾ ਲਾਲ । ਪ੍ਰਭ ਬਖ਼ਸ਼ਿੰਦ ਤੋੜੇ ਜਗਤ ਜੰਜ਼ਾਲ । ਪੰਚਮ ਜੇਠੀ ਵਾਗਾਂ ਮੋੜੇ, ਏਕਾ ਚੜ੍ਹਿਆ ਸ਼ਬਦ ਘੋੜੇ, ਮਾਤਲੋਕ ਕਰ ਧਿਆਨ । ਆਪੇ ਜਾਣੇ ਜਾਣ ਪਛਾਣੇ, ਵੇਖ ਵਖਾਣੇ ਬਾਗ਼ ਦਿਆਲ । ਬਾਗ਼ ਦਿਆਲ ਧੰਨ ਧਨੰਤਰ । ਕਵਣ ਗੁਰ ਕਵਣ ਚੇਲਾ, ਕਵਣ ਸੁਣਾਏ ਸਾਚਾ ਮੰਤਰ । ਕਵਣ ਆਦਿ ਪੁਰਖ ਅੰਤਰਜਾਮੀ, ਜੁਗਾ ਜੁਗੰਤਰ ਪਟਨ ਪਟੰਬਰ । ਸਦ ਸੁਤੰਤਰ ਨਿਹਕਾਮੀ, ਕਵਣ ਬਣਾਏ ਸਾਚੀ ਬਣਤਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪਣਾ ਭਾਣਾ ਹਰਿ ਨਰ ਰਾਣਾ, ਪੁਰਖ ਸੁਜਾਨਾ ਵਾਲੀ ਦੋ ਜਹਾਨਾਂ, ਆਦਿਨ ਅੰਤਾ ਪੂਰਨ ਭਗਵੰਤਾ, ਵੇਖ ਵਖਾਏ ਸਾਚੇ ਸੰਤ ਭਗਤ ਭਗਵੰਤਾ । ਮਿਲੇ ਮੇਲ ਕਵਲਾ ਕੰਤਾ । ਸ਼ਬਦ ਝੂਲਾ ਆਦਮੀ ਮੂਲਾ ਬਣਾਏ ਬਣਤਾ । ਕਲਜੁਗ ਅੰਤਮ ਫਲਿਆ ਫੂਲਾ, ਲੱਖ ਚੁਰਾਸੀ

੫੩੧
੦੪

ਰਾਹ ਭੂਲਾ, ਏਕਾ ਅਗਨ ਕਾਇਆ ਚੋਲਾ, ਨਾ ਕੋਈ ਵਖਾਣੇ ਆਦਿਨ ਅੰਤਾ । ਨਿਹਕਲੰਕ ਕਲ ਜਾਮਾ ਪਾਏ, ਅੰਤਮ ਵੇਲਾ ਆਣ ਸੁਹਾਏ, ਗੁਰਮੁਖ ਸਾਚੇ ਲਏ ਜਗਾਏ, ਜੋਤ ਸਰੂਪੀ ਦਰਸ ਦਿਖਾਏ, ਸ਼ਬਦ ਸਰੂਪੀ ਡੰਕ ਵਜਾਏ, ਇਕ ਵਖਾਏ ਨਾਮ ਝੂਲਾ । ਨਾਮ ਝੂਲਾ ਸ਼ਬਦ ਉਡਾਨ । ਜਨ ਹਰਿ ਦਏ ਸ੍ਰੀ ਭਗਵਾਨ । ਅੰਮ੍ਰਿਤ ਆਤਮ ਬਰਸੇ ਮੇਂਹ, ਚਰਨ ਪ੍ਰੀਤੀ ਸਾਚਾ ਨੇਂਹ, ਦੂਈ ਦਵੈਤੀ ਮੇਟ ਮਿਟਾਈ, ਲੱਖ ਚੁਰਾਸੀ ਉਡੇ ਖੇਹ, ਝੂਠੀ ਗਾਗਰ ਮਾਟੀ ਦੇਹ ਕਲਜੁਗ ਅੰਤਮ ਮਿਟਣਾ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖ ਆਦਿ ਅੰਤਰ ਜੁਗਾ ਜੁਗੰਤਰ, ਮਾਤ ਪਤਾਲ ਗਗਨ ਗਗਨੰਤਰ, ਏਕਾ ਏਕ ਜਨ ਭਗਤ ਟੇਕ, ਕਰੇ ਬੁੱਧ ਬਬੇਕ, ਕਲਜੁਗ ਤਨ ਨਾ ਲਗੇ ਸੇਕ, ਪੈਜ ਸਵਾਰੀ ਹਰਿ ਬਨਵਾਰੀ ਨਰ ਨਿਰੰਕਾਰੀ ਨੈਣ ਮੁੰਧਾਰੀ, ਸਤਿ ਪੁਰਖ ਸਤਿ ਧੰਨਵਾਦਾ, ਬੋਧ ਅਗਾਧਾ, ਸਾਚੀ ਦੇਵੇ ਸ਼ਬਦ ਦਾਦਾ, ਏਕਾ ਜੋਤੀ ਆਦਿ ਨੂਰ, ਨਾ ਕੋਈ ਮਾਤ ਪਿਤ ਨਾ ਕੋਈ ਦਾਦਾ, ਜਨ ਭਗਤਾਂ ਰੱਖੇ ਹਿੱਤ, ਨਿਤ ਨਵਿਤ ਵਾਰ ਥਿਤ, ਅੰਮ੍ਰਿਤ ਧਾਰ ਆਤਮ ਦੇਵੇ । ਸਤਿ ਸੁਹੰਜਣੀ ਰੈਣ । ਗੁਰ ਸੰਗਤ ਮਿਲ ਇਕੱਠੇ ਬਹਿਣ । ਪੁਰਖ ਅਬਿਨਾਸ਼ੀ ਸਾਚਾ ਲਾਧਾ, ਦਰਸ ਪੇਖੇ ਸਾਚੇ ਨੈਣ । ਮੀਤ ਮੁਰਾਰ ਸਾਕ ਸੱਜਣ ਸੈਣ, ਮਾਤ ਪਿਤ ਲੋਕਮਾਤ ਦੇਵੇ ਦਾਤੀ ਨਾਮ ਸੁਗਾਤੀ, ਅੰਤ ਚੁਕਾਏ ਲਹਿਣ ਦੇਣ । ਗੁਰ ਸੰਗਤ ਬਣਾਏ ਇਕ ਜਮਾਤੀ । ਆਤਮ ਰਸ ਸਹਿਜ ਸਮਾਤੀ । ਮਿਲਿਆ ਮੇਲ ਕਮਲਾਪਾਤੀ । ਜਗੀ ਜੋਤ ਧਰਤ ਮਾਤੀ । ਕਲਜੁਗ ਮਿਟੇ ਅੰਧੇਰ ਰਾਤੀ । ਗੁਰਮੁਖਾਂ ਕਾਇਆ ਸੀਤਲ ਧਾਰਾ, ਸੀਤਲ ਧਾਰ ਅੰਮ੍ਰਿਤ ਫੁਹਾਰ, ਠੰਡੀ ਠਾਰ ਰੱਖੇ ਛਾਤੀ । ਤੁੱਟੇ ਮਾਣ ਮੁਹੰਮਦ ਸੰਗ ਯਾਰ ਚਾਰ, ਵੱਜੇ ਤੀਰ ਸਾਚੀ ਕਾਤੀ । ਨਿਹਕਲੰਕ ਵੇਖ ਦਰਬਾਰ, ਸ਼ਬਦ ਖੰਡਾ ਖਿੱਚ ਤਲਵਾਰ, ਮੇਟ ਮਿਟਾਏ ਊਚੀ ਨੀਚੀ ਜਗਤ ਜਾਤੀ । ਸ਼ਬਦ ਘੋੜੇ ਹੋ ਅਸਵਾਰ । ਚਰਨ ਜੋੜਾ ਹੋਏ ਬਾਹਰ । ਲੱਖ ਚੁਰਾਸੀ ਖ਼ਬਰਦਾਰ । ਕਲਜੁਗ ਫਲ ਹੋਇਆ ਕੌੜ, ਮਿਟਦੇ ਜਾਣ ਵਾਰੋ ਵਾਰ । ਧਰਮ ਰਾਏ ਘਰ ਲੱਗੀ ਔੜ, ਅਠਾਈ ਕੁੰਡਾ ਖੋਲ੍ਹੇ ਬਾਰ । ਪ੍ਰਭ ਅਬਿਨਾਸ਼ੀ ਕਰੇ ਛੇਤੀ ਖ਼ਾਲੀ ਜਗਤ ਦਵਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਅਵਤਾਰ ਨਰ, ਕਲਜੁਗ ਤੇਰੀ ਅੰਤਮ ਵਾਰ, ਲੋਕਮਾਤੀ ਲੈ ਅਵਤਾਰ । ਪ੍ਰਭ ਅਬਿਨਾਸ਼ੀ ਸਰਬ ਘਟ ਵਾਸੀ, ਧਰਮ ਰਾਏ ਤੱਕੇ ਰਾਹ । ਘਨਕਪੁਰ ਵਾਸੀ ਜੋਤ ਪ੍ਰਕਾਸ਼ੀ, ਲੱਖ ਚੁਰਾਸੀ ਦੇਣਾ ਫਾਹ । ਕੋਈ ਨਾ ਜਪੇ ਸਵਾਸ ਸਵਾਸੀ, ਬੇਮੁਖ ਜੀਵਾਂ ਭੁੱਲਿਆ ਰਾਹ । ਝੂਠੇ ਪੰਡਤ ਵੇਦ ਵਖਾਨਣ ਪੰਡਤ ਕਾਂਸ਼ੀ, ਸਚ ਸੁਨੇਹੁੜਾ ਕੋਈ ਦੇਵੇ ਨਾ । ਗੁਰਦਵਾਰੇ ਮੰਦਰ ਬੈਠੇ ਮਦਿਰਾ ਮਾਸੀ, ਨਾ ਕੋਈ ਜਪਾਏ ਸਾਚਾ ਨਾਂ । ਘਰ ਘਰ ਬੈਠੇ ਕਰਨ ਹਾਸੀ, ਗੁਰ ਗੋਬਿੰਦ ਕਿਸੇ ਦਿਸੇ ਨਾ । ਕਲਜੁਗ ਤੇਰੀ ਤੁੱਟੀ ਰਾਸੀ, ਕਵਣ ਕਰਾਏ ਬੰਦ ਖ਼ਲਾਸੀ, ਤੀਰਥ ਤੱਟਾਂ ਕੋਈ ਪੁੱਛੇ ਨਾ । ਹੋਏ ਅੰਧੇਰ ਮਾਤ ਪਤਾਲ ਅਕਾਸੀ, ਕਲਜੁਗ ਤੇਰੀ ਉਦਾਸੀ, ਗੁਰਮੁਖ ਵਿਰਲਾ ਜੀਵ ਜਗਤ ਸਵਾਸੀ ਜਿਸ ਤਨ ਪ੍ਰਭ ਨਾਮ ਧਨ ਸਚ ਗਹਿਣਾ ਤਨ ਛੁੱਟੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਏਕਾ ਅੰਕ ਜਗਤ ਰਖਾਏ, ਸੋਹੰ ਡੰਕ ਰਾਓ ਰੰਕ ਕੰਨ ਸੁਣਾਏ, ਭਗਤ ਫੁਲਵਾੜੀ ਕਲ ਸੁੱਕੇ ਨਾ । ਲਾੜੀ ਮੌਤ ਧਰਮਰਾਯ ਦੋਹਾਂ ਬਣੀ ਇਕ ਸਲਾਹ । ਪੁਰਖ ਅਬਿਨਾਸ਼ੀ ਜਗਤ ਮਲਾਹ । ਲੱਖ ਚੁਰਾਸੀ ਦੇਵੇ ਫਾਹ । ਕਿਸੇ ਨਾ ਸੁਝੇ ਕੋਈ ਰਾਹ । ਸਾਧ ਸੰਤ ਸਾਧ ਗੁਰ ਭਗਤ ਭਗਵੰਤ ਜਗਤ ਧਰ, ਔਲੀਏ ਪੀਰ ਦਸਤਗੀਰ ਚਾਰ ਯਾਰ ਕਰ ਖਵਾਰ । ਹਾਹਾਕਾਰ ਵਿਚ ਸੰਸਾਰ । ਕਲਜੁਗ ਤੇਰੀ ਅੰਤਮ ਵਾਰ । ਦਰ

੫੩੨
੦੪

ਦਰ ਘਰ ਘਰ ਰੋਏ ਨਰ ਨਾਰ । ਕੰਤ ਕੰਤੂਹਲਾ ਨਾ ਮਿਲੇ ਮੁਰਾਰ । ਜਗਤ ਝੂਲਾ, ਪੁਰਖ ਅਬਿਨਾਸ਼ੀ ਭੁੱਲਾ, ਮਾਇਆ ਰੁਲਾ ਸਰਬ ਸੰਸਾਰ । ਠੰਡਾ ਹੋਇਆ ਕਾਇਆ ਚੁੱਲ੍ਹਾ, ਜੋਤੀ ਅਗਨ ਅਗਨੀ ਜੋਤੀ ਬੁਝਿਆ ਅੰਗਿਆਰ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਸਾਚੇ ਦਰ ਨਿਹਕਲੰਕੀ ਨਰ ਅਵਤਾਰ ।

### ✻ ੨ ਅਸੂ ੨੦੧੧ ਬਿਕ੍ਰਮੀ ਤੇਜ ਭਾਨ ਦੇ ਗ੍ਰਿਹਿ ਮੇਰਠ ਛਾਉਣੀ ✻

ਸਤਿ ਸਰੂਪ ਅਨੂਪ ਰੂਪ ਮਧ ਮਤਿਆ । ਸ਼ਾਹ ਸੁਲਤਾਨਾ ਨਿਗਾਹਬਾਨਾ ਜੋਤੀ ਨੂਰਾ ਹਾਜ਼ਰ ਹਜ਼ੂਰਾ ਸਾਚਾ ਭੂਪ ਵਲੀਆ ਛਲੀਆ । ਦਾਤਾ ਸੂਰਾ ਭੇਖਾਧਾਰੀ ਵਡ ਪ੍ਰਤਾਪ, ਸਤਵੇਂ ਘਰ ਜੋਤੀ ਬਲਿਆ । ਏਕਾ ਧਾਰ ਸਾਚੀ ਚਲਿਆ । ਨੂਰ ਨੁਰਾਨਾ ਇਕ ਇਕਲੌਤਾ, ਜੋਤੀ ਜੋਤ ਸਰੂਪ ਹਰਿ, ਨਾਮ ਸਿੰਘਾਸਣ ਸ਼ਬਦ ਸੇਜਾ ਦਰ ਘਰ ਸਾਚੇ ਸੋਤਾ । ਸੱਤਮ ਘਰ ਸਤਿ ਅਕਾਰਾ । ਨੂਰ ਨੁਰਾਨਾ ਕਮਲਾਪਤ, ਦੀਪਕ ਜੋਤੀ ਇਕ ਅਕਾਰਾ । ਦੂਜਾ ਕੋਇ ਨਾ ਦਿਸੇ ਤੱਤ, ਰੱਤ ਬੂੰਦ ਨਾ ਕੋਈ ਗਾਰਾ । ਸਚ ਧਾਮ ਨਾ ਉਪਜੇ ਰੱਤ, ਹੱਡ ਮਾਸ ਨਾ ਨਾੜੀ ਪਿੰਜਰ ਪਿਆਰਾ । ਏਕਾ ਜੋਤ ਹਰਿ ਪ੍ਰਭ ਸਮਰਥ, ਸਗਲੀ ਜੋਤੀ ਸਰਬ ਅਕਾਰਾ । ਸੱਤਮ ਘਰ ਸਤਿ ਸਤਿਵਾਦ । ਜੋਤੀ ਵਸੇ ਮਾਧਵ ਮਾਧ । ਨੇਤਰ ਨੀਰ ਨਿਰਾਲਾ ਕਸੇ, ਲਛਮੀ ਦੇਵੇ ਪ੍ਰੀਤੀ ਦਾਦ । ਛੇਵੇਂ ਘਰ ਆਏ ਵਸੇ, ਜੋਤੀ ਜੋਤ ਸਰੂਪ ਹਰਿ, ਏਕਾ ਨੂਰੀ ਸਚ ਧਰ ਜੋਤ ਨਿਰੰਜਣ ਸ਼ਕਤੀ ਆਦਿ ਸਤਵੇਂ ਦਰ ਤੋੜ ਗੜ੍ਹ । ਛੇਵੇਂ ਘਰ ਜਾਏ ਵੜ । ਸ਼ਬਦ ਸਾਚਾ ਲਏ ਫੜ । ਚਰਨ ਦਾਸਾ ਹਰਿ ਭਰਵਾਸਾ ਜੋਤ ਅਕਾਸਾ, ਨਾ ਕੋਈ ਸਿਰ ਨਾ ਕੋਈ ਧੜ । ਜੋਤੀ ਜੋਤ ਸਰੂਪ ਹਰਿ, ਏਕਾ ਜਾਣੇ ਆਪ ਪਛਾਣੇ, ਸ਼ਬਦ ਜੋਤੀ ਆਪਣਾ ਲੜ । ਛੇਵੇਂ ਘਰ ਸ਼ਬਦ ਵਸੇਰਾ । ਸਾਚੀ ਧੁਨ ਮੇਰਾ ਤੇਰਾ । ਦੋਹਾਂ ਗੁਣ ਇਕ ਘਨੇਰਾ । ਪੰਜਵੇਂ ਘਰ ਪਾਏ ਫੇਰਾ । ਪੁਰਖ ਅਬਿਨਾਸ਼ੀ ਸਾਚਾ ਡੇਰਾ । ਨਾ ਕੋਈ ਸੰਞ ਨਾ ਸਵੇਰਾ । ਏਕਾ ਪਵਣ ਦਰ ਵਸੇਰਾ । ਜੋਤੀ ਜੋਤ ਸਰੂਪ ਹਰਿ, ਪੰਚਮ ਵੇਖੇ ਚਾਰ ਚੁਫੇਰਾ । ਪੰਚਮ ਘਰ ਹਰਿ ਜੀ ਆਏ । ਸ਼ਬਦ ਪਵਣ ਸੰਗ ਲਿਆਏ । ਨਾਦ ਧੁਨ ਇਕ ਉਪਜਾਏ । ਚੌਥੇ ਦਰ ਇਕ ਕੁੰਡਾ ਲਾਹੇ । ਦਰ ਦਵਾਰੇ ਅੱਗੇ ਖੜ੍ਹ, ਗੁਰੂਆਂ ਪੀਰਾਂ ਬਣਤ ਬਣਾਏ । ਸਤਿ ਸਰੂਪੀ ਅੰਦਰ ਵੜ, ਦੀਪਕ ਜੋਤੀ ਦਏ ਜਗਾਏ । ਨਾਮ ਨਿਮਾਣਾ ਬਾਹੋਂ ਫੜ, ਲੋਕਮਾਤੀ ਰਾਹ ਦਿਸਾਏ । ਚੌਥੇ ਦਰ ਤੋੜੇ ਗੜ੍ਹ, ਸਾਚੇ ਘਰ ਬਾਹਰ ਕਢਾਏ । ਕਿਲੇ ਕੋਟ ਉਪਰ ਚੜ੍ਹ, ਗਗਨ ਅਕਾਸ਼ੀ ਬਾਹਰ ਕਰਾਏ । ਆਪ ਫੜਾਏ ਆਪਣਾ ਲੜ, ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਾਚੇ ਘਰ, ਚੌਥੇ ਦਰ ਬੂਹਾ ਲਾਹੇ । ਚੌਥਾ ਘਰ ਸਚ ਦਵਾਰੀ । ਸ਼ਬਦ ਪਵਣ ਮਾਰ ਉਡਾਰੀ । ਪੂਰਾ ਗੁਰ ਹੋਏ ਬਾਹਰੀ । ਤਿੰਨਾਂ ਲੋਕਾਂ ਆਈ ਵਾਰੀ । ਪੈਜ ਸਵਾਰੇ ਵਾਰੋ ਵਾਰੀ । ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਕਰੋੜ ਤੇਤੀਸਾ ਆਈ ਹਾਰੀ । ਮਿੱਟੇ ਭੇਵ ਬੀਸ ਇਕੀਸਾ, ਏਕਾ ਖੇਲ ਨਿਆਰੀ । ਕਵਣ ਗਾਏ ਰਾਗ ਛਤੀਸਾ, ਅੰਜ਼ੀਲ ਕੁਰਾਨੀ ਈਸਾ ਮੂਸਾ, ਵੇਦ ਪੁਰਾਨੀ ਪੜ੍ਹਨ ਹਦੀਸਾ, ਖਾਣੀ ਬਾਣੀ ਕਵਣ ਪੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨਾਂ ਲੋਕਾਂ ਧਾਰ ਬੰਨ੍ਹਾਏ । ਤਿੰਨਾਂ ਲੋਆਂ ਕਰ ਪ੍ਰਕਾਸ਼ । ਮਾਤ ਪਤਾਲ ਇਕ ਅਕਾਸ਼ । ਤ੍ਰੈਗੁਣ ਮਾਇਆ ਹੋਈ ਦਾਸ । ਸਰਗੁਣ ਰੂਪ ਵਿਚ ਪ੍ਰਭਾਸ ।

੫੩੪
੦੪

ਨਿਰਗੁਣ ਜੋਤੀ ਨੂਰ ਅਕਾਸ਼ । ਸ਼ਬਦ ਧੁਨ ਪਵਣ ਸਵਾਸ । ਅੱਠਾਂ ਤੱਤਾਂ ਮੰਡਲ ਰਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਕਰੇ ਵਾਸ । ਤਿੰਨਾਂ ਲੋਆਂ ਸਾਜਨ ਸਾਜ । ਵੇਖ ਵਖਾਣੇ ਗਰੀਬ ਨਿਵਾਜ । ਪੁਰੀਆਂ ਲੋਆਂ ਕਰ ਅਕਾਰ, ਸ਼ਬਦ ਜੈਕਾਰ ਨਾਮ ਦੇਵੇ ਸਾਚਾ ਦਾਜ । ਜੋਤੀ ਜੋਤ ਸਰੂਪ ਹਰਿ, ਤਿੰਨਾਂ ਲੋਆਂ ਖੋਲ ਦਰ, ਵੇਖੇ ਖੇਲ ਕਲ ਕਿ ਆਜ । ਤਿੰਨ ਲੋਕ ਕਰ ਅਕਾਰਾ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਪਾਏ ਸਾਰਾ । ਇਕ ਚਲਾਏ ਸੋਹੰ ਸ਼ਬਦ ਸੱਚਾ ਸਲੋਕ, ਚਾਰ ਕੁੰਟੀ ਖੰਡਾ ਭਾਰਾ । ਕੋਇ ਨਾ ਸਕੇ ਅੱਗੋਂ ਰੋਕ, ਰਾਜਾ ਰਾਣਾ ਹੋਏ ਖੁਆਰਾ । ਲੱਖ ਚੁਰਾਸੀ ਦੇਵੇ ਝੋਕ, ਨਿਹਕਲੰਕ ਲਏ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਬੰਨ੍ਹੇ ਆਪਣੀ ਧਾਰਾ । ਸਾਚਾ ਕਰ ਜਗਤ ਅਕਾਰ । ਮਾਇਆ ਰਾਣੀ ਪਸਰ ਪਸਾਰ । ਲੱਖ ਚੁਰਾਸੀ ਜੋਤ ਅਧਾਰ । ਨੌਂ ਦਸ ਗਿਆਰਾਂ ਬੀਸ ਤੀਸ ਚਾਰ ਲੱਖ ਅਪਾਰ । ਚੁਰਾਸੀ ਕੀਨੀ ਵੱਖ ਵੱਖ, ਆਪੇ ਕਰੇ ਖੇਲ ਕਰਤਾਰ । ਜੋਤੀ ਨੂਰ ਇਕ ਪ੍ਰਤੱਖ, ਜਗੇ ਜੋਤ ਅਗੰਮ ਅਪਾਰ । ਜੀਵ ਜੰਤ ਭਾਂਡੇ ਸੱਖ, ਆਤਮ ਭਰਿਆ ਇਕ ਹੰਕਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਆਵੇ ਜਾਵੇ ਵਾਰੋ ਵਾਰ । ਤਿੰਨਾਂ ਲੋਆਂ ਕਰ ਅਕਾਰ । ਪ੍ਰਭ ਅਬਿਨਾਸ਼ੀ ਸਾਚੀ ਧਾਰ । ਬ੍ਰਹਮਾ ਵਿਸ਼ਨੂੰ ਸ਼ਿਵ ਲਾਏ ਕਾਰ । ਕਰੋੜ ਤੇਤੀਸਾ ਬਣਾਏ ਦੇਵ, ਅੰਮ੍ਰਿਤ ਪਿਆਇਆ ਤ੍ਰਿਖਾ ਬੁਝਾਏ, ਸਤਿਜੁਗ ਬੰਨ੍ਹੀ ਸਾਚੀ ਧਾਰ । ਸਚ ਸਿੰਘਾਸਣ ਡੇਰਾ ਲਾਇਆ, ਪੁਰਖ ਅਬਿਨਾਸ਼ੀ ਦਿਸ ਨਾ ਆਇਆ, ਆਦਿ ਅੰਤੀ ਜੁਗਾ ਜੁਗੰਤੀ ਸਾਚੀ ਕਾਰ । ਸ਼ਬਦ ਘੇਰਾ ਇਕ ਰਖਾਇਆ, ਚੁਰਾਸੀ ਝੇੜਾ ਵਾਹ ਵਾਹ ਪਾਇਆ, ਏਕਾ ਗੇੜਾ ਆਪ ਦਵਾਇਆ ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਧਰਤ ਮਾਤ ਤੇਰੀ ਸੁਣੇ ਪੁਕਾਰ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਇਕ ਪੁਕਾਰ ਤਿੰਨਾਂ ਲੋਆਂ ਕਰ ਅਕਾਰ । ਮਾਤ ਚਲੇ ਸਾਚੀ ਧਾਰ । ਚਾਰ ਜੁਗ ਏਕਾ ਕਾਰ । ਮੀਤ ਮੁਰਾਰ ਆਪੇ ਕਰੇ ਦਾਸਨ ਦਾਸੀ, ਸਤਿਜੁਗ ਤਰੇਤਾ ਦਵਾਪਰ ਕਲਜੁਗ ਕਲਗੀ ਅਵਤਾਰ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਰੰਗ ਅਪਾਰ । ਸਚ ਦਰਬਾਰ ਹਰਿ ਨਿਰੰਕਾਰਾ । ਤਖ਼ਤ ਤਾਜ ਕਰੇ ਸਚ ਵਿਹਾਰਾ । ਚਾਰ ਜੁਗ ਸਾਜਨ ਸਾਜ, ਮਾਣ ਦਵਾਏ ਵਾਰੋ ਵਾਰਾ । ਸ਼ਬਦ ਸਰੂਪੀ ਮਾਰੇ ਅਵਾਜ਼, ਕਾਜ ਰਚਾਏ ਵਿਚ ਸੰਸਾਰਾ । ਆਪ ਰੱਖੇ ਸਦਾ ਸਦ ਲਾਜ, ਕਰੇ ਖੇਲ ਹਰਿ ਖੇਲਣਹਾਰਾ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚਾ ਮਾਤ ਧਰਾਏ ਧਰਮ ਕਰਮ ਇਕ ਰਖਾਏ, ਨਾ ਕੋਈ ਦਿਸੇ ਜੀਵ ਗਵਾਰਾ । ਸਤਿਜੁਗ ਉਪਜੇ ਸਤਿ ਸੰਤਾਨ । ਜਨ ਭਗਤਾਂ ਮਿਲੇ ਜੀਆ ਦਾਨ । ਆਤਮ ਉਪਜੇ ਇਕ ਗਿਆਨ । ਮੇਲ ਮਿਲਾਵਾ ਹਰਿ ਭਗਵਾਨ । ਦਿਵਸ ਰੈਣੀ ਠੰਡੀ ਛਾਵਾਂ, ਜਗਤ ਅੰਦੇਸੇ ਸਰਬ ਮਿਟ ਜਾਣ । ਜੋਤੀ ਜੋਤ ਸਰੂਪ ਹਰਿ, ਆਪਣਾ ਖੇਲ ਕਰੇ ਭਗਵਾਨ । ਤਰੇਤਾ ਦਵਾਪਰ ਮਾਤ ਧਰਾਏ । ਏਕਾ ਬਖ਼ਸ਼ੇ ਸਰਨ ਸਰਨਾਏ । ਜੋਤ ਸਰੂਪੀ ਜਾਮਾ ਪਾਏ । ਜੁਗਾ ਜੁਗੰਤਰ ਖੇਲ ਰਚਾਏ । ਸੰਤਨ ਨਵਿਤ ਭਗਤਨ ਹਿਤ, ਪੁਰਖ ਅਬਿਨਾਸ਼ੀ ਨਾ ਕੋਈ ਵਖਾਏ ਮਾਤ ਪਿਤ, ਲੋਕਮਾਤੀ ਜੋਤ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਅੰਤਮ ਅੰਤ ਕਰਾਏ । ਦਵਾਪਰ ਤਰੇਤਾ ਜਾਏ ਮੁੱਕ । ਕਲਜੁਗ ਭਾਰ ਲਿਆ ਚੁੱਕ । ਅੰਤਮ ਵੇਲਾ ਆਇਆ ਢੁਕ । ਹਰੇ ਰੁਖੜੇ ਗਏ ਸੁੱਕ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਕਰੇ ਖੁਆਰੀ ਹਾਹਾਕਾਰੀ ਬੇਮੁਖਾਂ ਮੁਖ ਪਾਏ ਥੁੱਕ । ਕਲਜੁਗ ਅੰਤਮ ਕਰ ਖੁਆਰ । ਕਾਲਾ ਸੂਸਾ ਤਨ ਸ਼ਿੰਗਾਰ ।

ਧਰਤ ਮਾਤ ਕਰੇ ਪੁਕਾਰ । ਈਸਾ ਮੂਸਾ ਹੋਏ ਖਵਾਰ । ਏਕਾ ਸੰਗ ਰਲਾਏ, ਚੀਨਾ ਰੂਸਾ, ਹੱਥ ਖੰਡਾ ਹਰਿ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਧਰਤ ਮਾਤ ਦਏ ਦੁਹਾਏ । ਪ੍ਰਭ ਅਬਿਨਾਸ਼ੀ ਹੋ ਸਹਾਏ । ਏਕਾ ਦਿਸੇ ਆਈ ਹਿੱਸੇ ਤੇਰੀ ਸਚ ਸਰਨਾਏ । ਝੂਠੀ ਚੱਕੀ ਜੀਵ ਪੀਸੇ ਸਚ ਦਾਤ ਕਿਸੇ ਹੱਥ ਨਾ ਆਏ । ਭੇਵ ਚੁਕਾਏ ਬੀਸ ਇਕੀਸੇ, ਨੂਰੀ ਜੋਤ ਜਗਾਏ । ਏਕਾ ਛਤਰ ਝੁਲਾਉਣਾ ਸੀਸੇ, ਸ਼ਬਦ ਡੰਕ ਵਜਾਏ । ਪ੍ਰਗਟ ਹੋ ਮਾਤ ਜਗਤ ਪਿਤ ਜਗਦੀਸੇ, ਨਿਹਕਲੰਕੀ ਨਾਉਂ ਰਖਾਏ । ਜੋਤੀ ਜੋਤ ਸਰੂਪ ਹਰਿ, ਪੰਚਮ ਜੇਠੀ ਜਾਮਾ ਪਾਏ । ਪੰਚਮ ਜੇਠੀ ਜਾਮਾ ਪਾਇਆ । ਨਿਹਕਲੰਕੀ ਡੰਕ ਵਜਾਇਆ । ਰਾਓ ਰੰਕਾਂ ਦਏ ਸੁਣਾਇਆ । ਦਵਾਰ ਬੰਕ ਇਕ ਸੁਹਾਇਆ । ਸਤਵੇਂ ਘਰ ਦੀਪ ਜਗਾਇਆ । ਛੇਵੇਂ ਘਰ ਚਰਨ ਛੁਹਾਇਆ । ਅੰਮ੍ਰਿਤ ਪਿਆਲਾ ਇਕ ਭਰਾਇਆ । ਸ਼ਬਦ ਸਾਚੇ ਲੜ ਫੜਾਇਆ । ਪੰਜਵੇਂ ਘਰ ਅਕਾਰ ਵਖਾਇਆ । ਚੌਥੇ ਦਰ ਧਾਰ ਬੰਨ੍ਹਾਇਆ । ਸਾਚਾ ਅਸਵ ਇਕ ਮੰਗਾਉਣਾ, ਸ਼ਬਦ ਘੋੜਾ ਨਾਮ ਰਖਾਇਆ । ਸ਼ਬਦ ਘੋੜਾ ਇਕ ਰਖਾਇਆ । ਕਲਜੁਗ ਤੇਰੀ ਪਰਖੇ ਨੀਤੀ ਮਿਠੀ ਕੌੜ, ਦੂਰ ਦੁਰਾਡਾ ਨੇੜੇ ਆਇਆ । ਧੁਰਦਰਗਾਹੀ ਆਇਆ ਦੌੜ, ਜੋਤੀ ਜੋਤ ਸਰੂਪ ਹਰਿ, ਸੋਲਾਂ ਕਲੀਆਂ ਤਨ ਸ਼ਿੰਗਾਰ, ਸਿੰਘ ਸਿੰਘਾਸਣ ਡੇਰਾ ਲਾਇਆ । ਸੋਲਾਂ ਕਲੀਆਂ ਕਰੇ ਸ਼ਿੰਗਾਰ । ਪ੍ਰਭ ਅਬਿਨਾਸ਼ੀ ਵੇਖ ਵਿਚਾਰ । ਕਲਜੁਗ ਤੇਰੀ ਅੰਤਮ ਵਾਰ । ਰੰਗ ਰੰਗਾਏ ਅਪਰ ਅਪਾਰ । ਚਿੱਟਾ ਪੀਲਾ ਸੂਹਾ ਲਾਲ ਕਾਲੀ ਧਾਰ । ਏਕਾ ਰੰਗ ਚੜ੍ਹਾਏ ਗੁਲਾਲ, ਸਾਚੇ ਦਰ ਹਰਿ ਕਰਤਾਰ । ਚਿੱਟਾ ਅਸਵ ਮਾਰੇ ਛਾਲ, ਕਿਲੇ ਲਾਲ ਤਨ ਆਤਮ ਹੋਵੇ ਪਾਰ । ਉਚੇ ਫਲ ਲਾਹੇ ਡਾਲ, ਸ਼ਬਦ ਡੰਡਾ ਹੱਥ ਅਸਵਾਰ । ਵੇਖ ਵਖਾਏ ਨਿਹਚਲ ਧਾਮ ਅਟੱਲ, ਲੋਕਮਾਤ ਇਕ ਅਖਾੜ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪਣਾ ਖੇਲ ਕਰ ਕਰਤਾਰ । ਚਿੱਟਾ ਅਸਵ ਹੋ ਤਿਆਰ । ਦੱਖਣ ਦਿਸ਼ਾ ਹੋਣਾ ਬਾਹਰ । ਤਿੰਨਾਂ ਲੋਆਂ ਪਾਵੇ ਸਾਰ । ਲੱਖ ਚੁਰਾਸੀ ਕਰੇ ਖ਼ਬਰਦਾਰ । ਕਲਜੁਗ ਅੰਤਮ ਆਉਣੀ ਫਾਸੀ, ਧਰਮ ਰਾਏ ਕਰੇ ਪਿਆਰ । ਕੋਈ ਨਾ ਝੱਲੇ ਪੰਡਤ ਕਾਂਸੀ, ਵੇਦ ਪੁਰਾਨਾਂ ਕਰਨ ਵਿਚਾਰ । ਕੁਰਾਨ ਅੰਜ਼ੀਲਾਂ ਹੋਏ ਉਦਾਸੀ, ਅੰਤਮ ਹੋਈ ਛਾਰ । ਖਾਣੀ ਬਾਣੀ ਵੇਖ ਵਖਾਣੇ ਮਦਿਰਾ ਮਾਸੀ, ਸ਼ਬਦ ਖੰਡਾ ਤਿੱਖੀ ਧਾਰ । ਏਕਾ ਵਸੇ ਹਰਿ ਭਗਵਾਨੀ, ਰਸਨਾ ਗਾਏ ਗੁਣ ਗੁਣਵੰਤ ਰਸਨਾ ਧਾਰ । ਹਰਿਜਨ ਹੋਏ ਦਾਸਨ ਦਾਸੀ, ਸੋਲਾਂ ਕਲੀਆਂ ਤਨ ਸ਼ਿੰਗਾਰ । ਪ੍ਰਗਟ ਹੋਏ ਘਨਕਪੁਰ ਵਾਸੀ, ਆਤਮ ਕਿਲ੍ਹਾ ਤੋੜੇ ਕਾਇਆ ਗੜ੍ਹ ਹੰਕਾਰ । ਜੋਤੀ ਜੋਤ ਸਰੂਪ ਹਰਿ, ਅੱਸੂ ਤਿੰਨ ਦਿਵਸ ਵਿਚਾਰ । ਅੱਸੂ ਤਿੰਨ ਮਾਤ ਵਡਿਆਈ । ਨਿਹਕਲੰਕੀ ਜੋਤ ਜਗਾਈ । ਸਚ ਦਵਾਰੇ ਜਾਏ ਬੰਕੀ, ਚੋਟ ਨਗਾਰੇ ਲੱਗੇ ਡੰਕੀ, ਵਾਲੀ ਹਿੰਦ ਲਏ ਉਠਾਈ । ਕਿਰਪਾ ਕਰ ਸਾਚਾ ਹਰਿ, ਜਮਨ ਕਿਨਾਰੇ ਡੇਰਾ ਲਾਈ । ਰਾਜਾ ਰਾਣਾ ਫੜ ਫੜ ਬਾਹੋਂ ਚਰਨੀ ਲਾਈ । ਪ੍ਰਭ ਅਬਿਨਾਸ਼ੀ ਧਰਨੀ ਧਰ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚੀ ਜੋਤ ਜਗਾਈ । ਆਪ ਉਠਾਏ ਵਡੇ ਸ਼ਾਹ ਰਾਜਨ ਰਾਜੇ, ਪੁਰਖ ਅਬਿਨਾਸ਼ੀ ਬੇਪ੍ਰਵਾਹ, ਕਿਸੇ ਨਾ ਲੱਭੇ ਥਾਂ । ਸ਼ਾਹ ਸੁਲਤਾਨ ਫਿਰਨ ਭਾਜੇ, ਜਨ ਭਗਤਾਂ ਪਕੜੇ ਬਾਂਹ । ਦਿਵਸ ਰੈਣ ਠੰਡੀ ਛਾਂ । ਲੋਕਮਾਤ ਆਪ ਉਠਾਏ ਦਏ ਬੰਨੇ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਾਜਨਾ ਸਤਿਜੁਗ ਤੇਰੀ ਆਪੇ ਸਾਜੇ ਅਸੂ ਤਿੰਨ ਦਿਵਸ ਸੁਹਾ । ਕਿਸੇ ਨਾ ਦਿਸੇ ਸਚ ਕਲਬੂਤ, ਝੂਠੀ ਮਾਟੀ ਦੇਹ ਤਜਾਵਣਾ । ਏਕਾ ਸ਼ਬਦ ਪ੍ਰਭ

੫੩੫ ੦੪

ਦਰ ਸਾਚੇ ਦੂਤ, ਚਾਰ ਕੁੰਟ ਹਰਿ ਦੁੜਾਵਣਾ । ਰਾਓ ਰੰਕ ਏਕਾ ਨਾਤਾ, ਏਕਾ ਸਰਨ ਸਤਿਗੁਰ ਸ਼ਬਦ ਰਖਾਵਣਾ । ਏਕਾ ਮਾਤ ਏਕਾ ਪਿਤਾ, ਏਕਾ ਹਿੱਤਾ ਚਾਰ ਵਰਨ ਕਰਾਵਣਾ । ਏਕਾ ਖੇਵਟ ਏਕਾ ਖੇਟਾ, ਤੀਰਥ ਤਟ ਨਾ ਕੋਈ ਰਖਾਵਣਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਾਰ ਜਮਨ ਕਿਨਾਰੇ ਡੇਰਾ ਲਾਵਣਾ । ਚਰਨ ਛੁਹਾਏ ਜਮਨ ਕਿਨਾਰੇ, ਜੋਤੀ ਨੂਰ ਕਰ ਉਜਿਆਰ । ਸੱਚੀ ਤੂਰ ਸ਼ਬਦ ਸੰਸਾਰ । ਧਰਤ ਮਾਤ ਤੇਰੀ ਆਸਾ ਮਨਸਾ ਕਰੇ ਪੂਰ, ਦਰ ਸਾਚੇ ਸੁਣੀ ਪੁਕਾਰ । ਲੱਖ ਚੁਰਾਸੀ ਕੂੜੋ ਕੂੜ, ਮਾਨਸ ਜਨਮ ਗਏ ਹਾਰ । ਚਾਰ ਕੁੰਟ ਉਡੇ ਧੂੜ, ਮਿਟਦੇ ਜਾਣ ਮੂਰਖ ਮੂੜ੍ਹ, ਫਲ ਨਾ ਦਿਸੇ ਕਿਸੇ ਡਾਲ । ਰਾਜਿਆਂ ਰਾਣਿਆਂ ਪਾਏ ਜੂੜ, ਸ਼ਬਦ ਵੇਲਣੇ ਪੀੜੇ ਬੂੜ । ਗੁਰਮੁਖ ਖਿੱਚ ਲਿਆਏ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਮਿਹਰਬਾਨ ਚਤੁਰ ਸੁਜਾਨ, ਵਾਲੀ ਦੋ ਜਹਾਨ, ਜਿਸ ਜਨ ਮਸਤਕ ਲਾਏ ਧੂੜ । ਸ਼ਬਦ ਪਵਣ ਆਏ ਚਲ ਦਵਾਰੇ । ਪ੍ਰਭ ਅਬਿਨਾਸ਼ੀ ਕਰ ਨਿਮਸਕਾਰੇ । ਦੋਏ ਮੰਗਣ ਸੱਚਾ ਵਰ, ਪ੍ਰਭ ਅਬਿਨਾਸ਼ੀ ਕਿਰਪਾ ਕਰ, ਖਾਲੀ ਭਰੇ ਆਪ ਭੰਡਾਰੇ । ਰਾਜੇ ਰਾਣਿਆਂ ਦਏ ਵਰ, ਅੰਮ੍ਰਿਤ ਖੋਲ੍ਹ ਸਾਚਾ ਸਰ ਮਿਟੇ ਅੰਧ ਅੰਧਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੱਸੂ ਤਿੰਨ ਦੇਵੇ ਕਿਲ੍ਹੇ ਲਾਲ ਸ਼ਬਦ ਦੁਸ਼ਾਲ, ਚੋਲਾ ਪਾਏ ਵਿਚ ਸੰਸਾਰੇ । ਲਾਲ ਰੰਗ ਰੰਗ ਰੰਗ ਰੰਗੀਲਾ । ਕਲਜੁਗ ਤੇਰਾ ਅੰਤਮ ਵੇਲਾ, ਜੋਤੀ ਲੱਗੇ ਏਕਾ ਤੀਲਾ । ਪ੍ਰਭ ਅਬਿਨਾਸ਼ੀ ਨੂਰ ਨੁਰਾਨੀ । ਵੇਖ ਵਖਾਣੇ ਸ਼ਾਹ ਦੁਰਾਨੀ । ਜਗੇ ਜੋਤ ਇਕ ਭਵਾਨੀ । ਸ਼ਬਦ ਮਾਰੇ ਤੀਰ ਨੁਰਾਨੀ । ਨਾ ਕੋਈ ਜਾਣੇ ਭੇਵ, ਸਾਰ ਨਾ ਪਾਏ ਵੇਦ ਕੁਰਾਨੀ । ਕਲਜੁਗ ਵਧੀ ਬਈਮਾਨੀ । ਪ੍ਰਗਟ ਹੋਏ ਸ਼ਾਹ ਸੁਲਤਾਨੀ । ਜਨ ਭਗਤਾਂ ਦੇਵੇ ਸਚ ਨਿਸ਼ਾਨੀ । ਹੱਥੀ ਬੰਨ੍ਹੇ ਮੌਲੀ ਗਾਨੀ । ਮਹਿੰਦੀ ਲਾਏ ਰੰਗ ਮਹਾਨੀ । ਗੁਰ ਗੋਬਿੰਦ ਲਿਖਤ ਭਵਿਖਤ ਅੰਤਮ ਕਲ ਪੂਰ ਕਰਾਨੀ । ਗੁਰ ਗੋਬਿੰਦ ਲਿਖਿਆ ਲੇਖ । ਪ੍ਰਭ ਅਬਿਨਾਸ਼ੀ ਧਾਰੇ ਭੇਖ । ਵੇਖ ਵਖਾਣੇ ਔਲੀਏ ਪੀਰ ਸ਼ੇਖ਼ । ਪੰਚ ਪਿਆਰੇ ਆਪ ਉਪਜਾਏ, ਮਸਤਕ ਲਾਏ ਸਾਚੀ ਮੇਖ਼ । ਨਾਮ ਕਰਾਏ ਸਤਿ ਵਣਜਾਰੇ । ਰਾਜੇ ਰਾਣੇ ਕਰ ਖੁਆਰੇ । ਤਖ਼ਤ ਤਾਜ ਝੂਠਾ ਕਾਜ, ਸ਼ਬਦ ਮਾਰੇ ਇਕ ਉਡਾਰੇ । ਪ੍ਰਗਟ ਹੋਏ ਮਾਝੇ ਦੇਸ ਨਰਾਇਣ ਨਰ ਵਡ ਮਰਗੇਸ਼, ਕਰੇ ਖੇਲ ਅਪਰ ਅਪਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਦੂਰ ਕਰ, ਵੇਖੇ ਵਿਗਸੇ ਕਰ ਵਿਚਾਰੇ । ਲਾਲ ਰੰਗ ਰੰਗ ਗੁਲਾਲਾ । ਭਗਤ ਜਨਾਂ ਪ੍ਰਭ ਬਣੇ ਦਲਾਲਾ । ਨਾ ਕੋਈ ਸੂਹਾ ਨਾ ਕੋਈ ਦਿਸੇ ਪੀਲਾ ਕਾਲਾ । ਏਕਾ ਜੋਤੀ ਨੂਰ ਨੁਰਾਨੀ ਅੱਸੂ ਤਿੰਨ ਹੋਏ ਉਜਾਲਾ । ਰਾਓ ਰੰਕਾਂ ਜਾਏ ਆਤਮ ਵਿੰਨ੍ਹ, ਚਿੱਟੇ ਅਸਵ ਮਾਰੇ ਛਾਲਾ । ਪ੍ਰਗਟ ਜੋਤ ਭਿੰਨ ਭਿੰਨ, ਨਾ ਕੋਈ ਵੇਖੇ ਰੈਣ ਦਿਨ, ਕਲਜੁਗ ਮੇਟੇ ਰੈਣ ਕਾਲਾ । ਵਕਤ ਲੰਘਾਇਆ ਗਿਣ ਗਿਣ, ਸੰਤ ਮਨੀ ਸਿੰਘ ਲੇਖ ਲਿਖਾਇਆ ਬੈਠ ਸੱਚੀ ਧਰਮਸਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਿੱਟੇ ਅਸਵ ਪੈਰ ਧਰ ਕਰੇ ਖੇਲ ਜਗਤ ਨਿਰਾਲਾ । ਸੋਲਾਂ ਕਲੀਆਂ ਸੋਲਾਂ ਕਲ । ਸੱਤ ਦੀਪ ਨੌਂ ਖੰਡ ਪ੍ਰਿਥਮੀ ਕਰੇ ਛਲ । ਸਤਿ ਸਾਗਰਾਂ ਜਲ ਥਲ । ਕਾਇਆ ਗਾਗਰਾ ਘੜੀ ਘੜੀ ਪਲ ਪਲ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਨਿਹਚਲ ਧਾਮ ਅਟੱਲ । ਸੋਲਾਂ ਕਲੀਆਂ ਅਸਵ ਪਲਾਣ । ਸੱਤਾਂ ਦੀਪਾਂ ਕਰੇ ਧਿਆਨ । ਜੰਬੂ ਕੁਸ਼ਾ ਲਖਣ ਕਰੌਚ ਪੁਸ਼ਕਰ ਸਲਮਲ

ਸਾਨ ਪਛਾਣ । ਸੱਤੇ ਹਿੱਸੇ ਸੱਤਾਂ ਦੀਪਾਂ ਕਰੇ ਵੰਡ ਆਪ ਭਗਵਾਨ । ਨੌਂ ਖੰਡ ਪ੍ਰਿਥਮੀ ਕਿਸੇ ਨਾ ਦਿਸੇ ਕੁਲਾ ਖੰਡ, ਇਲਾਬ੍ਰਤ ਹਰਿਵਰਖ ਕਿੰਪੁਰਖ ਭਾਰਤ ਖੰਡ, ਹਰਣਯਮਹ ਕੇਤਮਾਲ ਸਨਕ ਭਦਰ । ਜੋਤੀ ਜੋਤ ਸਰੂਪ ਹਰਿ, ਸੋਲਾਂ ਕਲੀਆਂ ਦੇਵੇ ਵਰ, ਘਟ ਘਟ ਤੋੜੇ ਜੰਦਰ । ਸੋਲਾਂ ਕਲੀਆਂ ਸਚ ਕਨਾਤ । ਸੱਤਾਂ ਦੀਪਾਂ ਨੌਆਂ ਖੰਡਾਂ, ਲਾੜੀ ਮੌਤ ਚੜ੍ਹੇ ਬਰਾਤ । ਘਰ ਘਰ ਪੌਂਦੀ ਜਾਏ ਵੰਡਾਂ, ਬੇਮੁਖਾਂ ਵਢੀ ਚਾਏ ਕੰਡਾਂ, ਨਾ ਕੋਈ ਵੇਖੇ ਦਿਵਸ ਰਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ, ਚਰਨ ਬੰਨ੍ਹਾਏ ਸਾਚਾ ਨਾਤ । ਸੋਲਾਂ ਕਲੀਆਂ ਸੋਲਾਂ ਸ਼ਿੰਗਾਰ । ਪੁਰਖ ਅਬਿਨਾਸ਼ੀ ਅੰਤਮ ਵਾਰ । ਲੱਖ ਚੁਰਾਸੀ ਹੋਏ ਦਾਸੀ, ਜੀਵ ਜੰਤ ਸਾਧ ਸੰਤ ਦਰ ਦਰ ਖੁਆਰ । ਜਨ ਭਗਤ ਬਣਾਏ ਸਾਚੀ ਬਣਤ, ਕਿਰਪਾ ਕਰ ਨਰ ਗਿਰਧਾਰ । ਨਾ ਹੋਏ ਵਿਛੋੜਾ ਆਦਿ ਅੰਤ, ਜੁਗਾ ਜੁਗੰਤ ਭਗਤ ਭਗਵੰਤ, ਸ਼ਬਦ ਡੋਰੀ ਬੱਧੇ ਧਾਰ । ਮੇਲ ਮਿਲਾਵਾ ਪੂਰਨ ਸੰਤ, ਰਸਨਾ ਗਾਏ ਗੁਣ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕੀ ਲੈ ਅਵਤਾਰ । ਵਰ ਵਰਿਆਮ, ਸ਼ਾਹ ਸੁਲਤਾਨ, ਸੋਲਾਂ ਕਲੀਆਂ ਤਣਿਆਂ ਤਾਣ । ਚਾਰ ਕੁੰਟ ਭਵਾਏ ਬੇਈਮਾਨ ਵਡ ਸੁਲਤਾਨ, ਸ਼ਬਦ ਡੰਡਾ ਮਗਰ ਲਾਏ, ਇਕ ਕਰਾਏ ਸਚ ਉਡਾਨ । ਵੇਖ ਵਖਾਣੇ ਥਾਉਂ ਥਾਏ, ਅੰਦਰ ਬਾਹਰ ਨਾ ਕੋਈ ਰਖਾਏ, ਲੱਖ ਚੁਰਾਸੀ ਕਰੇ ਪਛਾਣ । ਨਾ ਕੋਈ ਛੁਡਾਏ ਪਿਤਾ ਮਾਏ, ਝੂਠੇ ਦਿਸਣ ਭੈਣ ਭਰਾਏ, ਕਲਜੁਗ ਦਿਸੇ ਅੰਧੇਰੀ ਰਾਤ । ਜੋਤੀ ਜੋਤ ਸਰੂਪ ਹਰਿ, ਅੱਠੇ ਪਹਿਰ ਦਿਵਸ ਰੈਣ ਵਕਤ ਸੁਹਾਏ, ਅੰਮ੍ਰਿਤ ਵੇਲਾ ਸਚ ਪ੍ਰਭਾਤ । ਸੋਲਾਂ ਸੋਲਾਂ ਬੱਤੀ ਬੱਤੀ ਧਾਰ । ਪ੍ਰਭ ਦੇ ਸਮਝਾਵੇ ਮਤੀ ਵਿਚ ਸੰਸਾਰ । ਕਲਜੁਗ ਵਗੇ ਵਾ ਤੱਤੀ, ਨਾ ਕੋਈ ਕਰੇ ਠੰਡੀ ਠਾਰ । ਨਾ ਕੋਈ ਦਿਸੇ ਜੀਵ ਜਤੀ, ਕਾਮ ਕਰੋਧ ਲੋਭ ਚਲਿਆ ਅੰਤਮ ਤਨ ਵਿਕਾਰ । ਕਾਇਆ ਮੰਦਰ ਝੂਠਾ ਬਣਿਆ ਅੰਤਮ ਹੋਣਾ ਛਾਰ । ਸ਼ਬਦ ਤੀਰ ਏਕਾ ਚਲਿਆ, ਚਾਰ ਕੁੰਟੀ ਵਾਰੋ ਵਾਰ । ਪ੍ਰਗਟ ਹੋਏ ਵਲੀਆ ਛਲੀਆ, ਨਿਹਕਲੰਕੀ ਨਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਜਾਮਾ ਧਰ, ਸੋਲਾਂ ਕਲੀਆਂ ਜੋੜੇ ਜੋੜ । ਉਪਰ ਪਾਏ ਸ਼ਬਦ ਘੋੜ, ਚਰਨ ਛੁਹਾਏ ਹਰਿ ਜੀ ਦੌੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਕੂਟੇ ਲਹਿੰਦੀ ਦਿਸ਼ਾ ਆਪ ਲਗਾਏ ਪਹਿਲਾ ਪੌੜ । ਸੋਲਾਂ ਕਲੀਆਂ ਸਚ ਸੁਲਤਾਨਾ । ਦੇਵੇ ਮਾਣ ਭਗਤ ਭਗਵਾਨਾ ਅੱਸੂ ਤਿੰਨ ਦਿਵਸ ਸੁਹਾਨਾ । ਉਠਿਆ ਹਰਿ ਬਲੀ ਬਲਵਾਨਾ । ਜਨ ਭਗਤਾਂ ਤੁੱਠਾ, ਹੱਥੀਂ ਬੱਧੇ ਗਾਨਾ । ਬੇਮੁਖਾਂ ਟੰਗੇ ਪੁੱਠਾ, ਸ਼ਬਦ ਡੰਡਾ ਸਿਰ ਲਗਾਨਾ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਜਗਤ ਬਿਧ ਨਾਨਾ । ਸੋਲਾਂ ਕਲੀਆਂ ਸਿਧੇ ਚੀਰ । ਅੱਸੂ ਤਿੰਨ ਚਲੇ ਤੀਰ । ਰਾਜੇ ਰਾਣੇ ਹੋਏ ਦਿਲਗੀਰ । ਬੇਮੁਹਾਣੇ ਸ਼ਾਹ ਹਕੀਰ । ਸੁਘੜ ਸਿਆਣੇ ਨੇਤਰ ਵਹਾਇਣ ਘਰ ਘਰ ਨੀਰ । ਬਾਲ ਅੰਞਾਣੇ ਮਾਤਾ ਛੱਡਣ ਸੀਰ । ਪੁਰਖ ਸੁਜਾਨੇ ਹਰਿ ਭਗਵਾਨੇ, ਇਕ ਚਲਾਏ ਸ਼ਬਦ ਤੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰੀ ਕਰੇ ਖ਼ਲਾਸੀ, ਬੇਮੁਖਾਂ ਪਾਏ ਸ਼ਬਦ ਜੰਜ਼ੀਰ । ਸੋਲਾਂ ਕਲੀਆਂ ਤਨ ਕਲੀਰੇ । ਜਨ ਭਗਤ ਉਪਜਾਏ ਮਾਤ ਹੀਰੇ । ਦੀਪਕ ਜਗੇ ਸਾਚੀ ਜੋਤੀ, ਇਕ ਦੂਜੇ ਦੇ ਸਾਚੇ ਵੀਰੇ । ਆਪੇ ਲੱਭੇ ਮਾਣਕ ਮੋਤੀ, ਸ੍ਰਿਸ਼ਟ ਸਬਾਈ ਰਹੀ ਸੋਤੀ, ਮੇਲ ਮਿਲਾਏ ਧੀਰੇ ਧੀਰੇ । ਨਾ ਕੋਈ ਰਖਾਏ ਵਰਨ ਗੋਤੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ, ਸ਼ਬਦ ਬੰਨ੍ਹਾਏ ਸਾਚੇ ਚੀਰੇ । ਸ਼ਬਦ

ਚੀਰ ਸਿਰ ਬੰਧਾਵਣਾ । ਨਾਮ ਬਸਤਰ ਤਨ ਪਹਿਨਾਵਣਾ । ਆਤਮ ਫ਼ਕੀਰ ਹਰਿ ਜਨ ਬੰਨਾਵਣਾ । ਧੀਰਜ ਧੀਰ ਇਕ ਰਖਾਵਣਾ । ਜੋਤੀ ਜੋਤ ਸਰੂਪ ਹਰਿ, ਅੱਸੂ ਤਿੰਨ ਆਤਮ ਬੰਨ੍ਹ, ਅੰਮ੍ਰਿਤ ਸਾਚਾ ਸੀਰ ਪਿਲਾਵਣਾ । ਅੱਸੂ ਤਿੰਨ ਸਚ ਦਿਹਾੜਾ । ਆਪੇ ਵੇਖੇ ਚੰਗਾ ਮਾੜਾ । ਕਲਜੁਗ ਲੱਗੀ ਅਗਨ ਤੱਤੀ ਹਾੜਾ । ਸ਼ਬਦ ਸਰੂਪੀ ਕਰੇ ਵਾੜਾ । ਧਰਤ ਮਾਤ ਤੇਰਾ ਬਣਾਏ ਇਕ ਅਖਾੜਾ । ਮੇਟ ਮਿਟਾਏ ਜਾਤ ਪਾਤ, ਚਹੁੰ ਵਰਨਾਂ ਦਾ ਸੱਚਾ ਲਾੜਾ । ਏਕਾ ਬਖ਼ਸ਼ੇ ਸੱਚੀ ਦਾਤ, ਜੋਤ ਜਗਾਏ ਬਹੱਤਰ ਨਾੜਾ । ਕਲਜੁਗ ਮਿਟੇ ਰੈਣ ਅੰਧੇਰੀ ਰਾਤ, ਸ੍ਰਿਸ਼ਟ ਸਬਾਈ ਚਬਾਏ ਦਾੜ੍ਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਦੂਤਾਂ ਪਾਏ ਝਾੜਾ । ਸਚ ਸਵਾਮੀ ਸਰਬ ਸੁਖ ਦਾਤਾ ਆਤਮ ਵੇਖ ਵਖਾਣੇ, ਸਚ ਸਿੰਘਾਸਣ ਬੈਠ ਮਾਰੇ ਝਾਤਾ । ਵਾਲੀ ਹਿੰਦ ਸਾਚੇ ਰਾਣੇ, ਪੁਰਖ ਅਬਿਨਾਸ਼ੀ ਵੇਖ ਇਕ ਇਕਾਤਾ । ਕਲਜੁਗ ਭੁੰਨੇ ਜਿਉਂ ਭਠਿਆਲੇ ਦਾਣੇ, ਆਤਮ ਤ੍ਰਿਖਾ ਕਵਣ ਬੁਝਾਤਾ । ਕਵਣ ਚਲਾਏ ਆਪਣੇ ਭਾਣੇ, ਅੰਮ੍ਰਿਤ ਬੂੰਦ ਪਿਆਏ ਸਵਾਂਤਾ । ਨਰ ਹਰਿ ਵਡ ਬਲੀ ਬਲਵਾਨੇ, ਭਗਤ ਸੁਹੇਲਾ ਪਿਤਾ ਮਾਤਾ । ਝੂਠੇ ਦਿਸਣ ਤਹਿਸੀਲਾਂ ਥਾਣੇ, ਵੱਢੀਆਂ ਖਾਣੇ ਵਡ ਕਮਜਾਤਾ । ਮਾਇਆਧਾਰੀ ਬੇਮੁਹਾਨੇ, ਗਊ ਗਰੀਬਾਂ ਮਾਰਨ ਲਾਤਾ । ਪੁਰਖ ਅਬਿਨਾਸ਼ੀ ਅੰਤ ਪਛਾਣੇ, ਸੁਣੀ ਪੁਕਾਰ ਧਰਤ ਮਾਤਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ । ਵਾਲੀ ਹਿੰਦ ਪੁਰਖ ਸੁਜਾਨ । ਸਾਚੇ ਦਰ ਕਰ ਧਿਆਨ । ਮਿਲੇ ਹਰਿ ਦਰ ਦਰਬਾਨ । ਖੁਲ੍ਹੇ ਸਰ ਜਾਣਾ ਤਰ, ਚਰਨ ਧੂੜ ਕਰ ਇਸ਼ਨਾਨ । ਨੌਂ ਖੰਡ ਪ੍ਰਿਥਮੀ ਚੁੱਕੇ ਡਰ । ਨਾ ਜਨਮੇ ਨਾ ਜਾਏ ਮਰ, ਭਰਮ ਭੁਲੇਖੇ ਦੂਰ ਕਰ, ਸ੍ਰਿਸ਼ਟ ਸਬਾਈ ਸੁੰਞ ਮਸਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਲਿਖਾਏ ਰਾਸ਼ਟਰਪਤ ਕਰਨਾ ਇਕ ਧਿਆਨ । ਸਾਚਾ ਲੇਖਾ ਹਰਿ ਲਿਖਾਣਾ । ਸੋਹੰ ਕੰਡੇ ਨਾਲ ਤੁਲਾਨਾ । ਸਾਚੇ ਡੰਡੇ ਵਣਜ ਕਰਾਨਾ । ਵਿਚ ਵਰਭੰਡੇ ਆਪ ਜਪਾਣਾ । ਕੁਝ ਨਾ ਜਾਨਣ ਪੰਡਤ ਪੰਡੇ, ਮੁਲਾਂ ਸ਼ੇਖ਼ ਹੱਥ ਨਾ ਆਵਣਾ । ਗ੍ਰੰਥੀ ਪੰਥੀ ਹੋਏ ਰੰਡੇ, ਸਾਚੇ ਡੰਡੇ ਕਿਸੇ ਹੱਥ ਨਾ ਪਾਵਣਾ । ਚਾਰ ਵਰਨ ਪ੍ਰਭ ਆਪੇ ਵੰਡੇ, ਕਲਜੁਗ ਅੰਤਮ ਆਇਆ ਕੰਢੇ, ਭਰਮ ਭੁਲੇਖਾ ਦੂਰ ਕਰਾਵਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਏਕਾ ਸਰਨ ਰਾਓ ਰੰਕ ਸ਼ਾਹ ਸੁਲਤਾਨ ਏਕਾ ਧਾਮ ਬਹਾਵਣਾ । ਵਾਲੀ ਹਿੰਦ ਸ਼ਬਦ ਪੁਜਾਰੀ । ਕਰ ਧਿਆਨ ਨਰ ਨਿਰੰਕਾਰੀ । ਧਰੇ ਭੇਖ ਭੇਖਾਧਾਰੀ । ਨੇਤਰ ਖੋਲ੍ਹ ਲੈਣਾ ਵੇਖ, ਨੈਣ ਮੁਧਾਰ ਕ੍ਰਿਸ਼ਨ ਮੁਰਾਰੀ । ਮਸਤਕ ਲਿਖੇ ਸਾਚੇ ਲੇਖ, ਆਦਿ ਪੁਰਖ ਏਕਾ ਕਾਰੀ । ਲੋਕਮਾਤ ਲਾਈ ਮੇਖ਼, ਜਗਤ ਸੱਚੀ ਸਰਦਾਰੀ । ਅੰਤਮ ਕਲਜੁਗ ਧਰਿਆ ਭੇਖ, ਦਿੱਲੀ ਆਏ ਸਚ ਦਵਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਰਿਹਾ ਘਲ, ਵੇਖ ਵਖਾਣੇ ਜਲ ਥਲ ਡੂੰਘੀ ਕੰਦਰ ਜੰਗਲ ਜੂਹ ਪਹਾੜੀ । ਵਾਲੀ ਹਿੰਦ ਰਾਜਨ ਰਾਜ । ਸਿਰ ਕਿਸੇ ਨਾ ਦਿਸੇ ਤਾਜ । ਪ੍ਰਗਟ ਹੋਇਆ ਪ੍ਰਭ ਦੇਸ ਮਾਝ । ਗਊ ਗਰੀਬ ਨਿਮਾਣਿਆਂ ਰੱਖੇ ਲਾਜ । ਵਡੇ ਵਡੇ ਸ਼ਾਹ ਰਾਜੇ ਰਾਣਿਆਂ, ਚਾਰ ਕੁੰਟ ਕਰਾਏ ਭਾਜ । ਕਿਸੇ ਹੱਥ ਨਾ ਆਏ ਸੁਘੜ ਸਿਆਣਿਆਂ, ਸ਼ਬਦ ਉਡਾਏ ਸਾਚਾ ਬਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸਾਜਨ ਰਿਹਾ ਸਾਜ । ਨਾਮ ਖ਼ੁਦਾਈ ਸਚ ਰੰਗੀਨ, ਅਲਾਮੁਮ ਹਿਲਾ ਆਲਮੀਨ ਯਾਮੁਬੀਨ, ਦਰੋਹੀ ਖ਼ੁਦਾਏ ਦੀ, ਖ਼ੁਦਾਏ ਦੇ ਨਬੀ ਦੀ, ਦਰੋਹੀ ਚਹੁੰ ਯਾਰਾਂ ਦੀ, ਹਜ਼ਰਤ ਦਸਤਗੀਰ ਦੀ,

ਜੀਵ ਅਲਨੇਕ ਕਮਚ ਖੇਲ ਸੋਹੰ ਖ਼ੁਦਾਏ ਦੀ, ਖ਼ੁਦਾਏ ਦੇ ਨਬੀ ਦੀ, ਦੁੱਖ ਰੋਗ ਸੋਗ ਹੱਡ ਨਾੜ, ਕਾਇਆ ਉਜਾੜ ਦੇਵੇ ਸਾੜ, ਸਭ ਤੌਫ਼ੀਕ ਇਕ ਖ਼ੁਦਾਏ ਦੀ, ਮਿਹਰਬਾਨ ਮਿਹਬਾਨ ਬੀਦੋ ਬੀ ਖੈਰ ਯਾ ਮੁਬੀਨ ਬੀ ਖੈਰ ਯਾ ਅਲਾਹ । ਨਾਮ ਖ਼ੁਦਾਈ ਹੱਕ ਹਲਾਲ ਸਚ ਬਿਸਮਿਲਾ । ਨਾਮ ਖ਼ੁਦਾਈ ਕਮਾਨੀ ਚਿੱਲਾ । ਜਗਤ ਵਡਿਆਈ ਨਬੀ ਰਸੂਲਾ । ਸੇਵ ਕਮਾਈ ਵੇਖੇ ਏਕਾ ਨੂਰ ਇਕੱਲਾ । ਸਾਚਾ ਨੂਰ ਜਿਉਂ ਕੋਹਤੂਰ ਹਾਜ਼ਰ ਹਜ਼ੂਰ , ਤਨ ਮੰਦਰ ਮਾਟੀ ਝੂਠੀ ਖੱਲਾ । ਇਕ ਖ਼ੁਦਾਈ ਖ਼ੁਦੀ ਖ਼ੁਦ ਬੰਦੇ । ਭਰਮ ਭੁਲੇਖੇ ਝੂਠੇ ਧੰਦੇ । ਅੰਧ ਅਗਿਆਨੀ ਮੰਦੇ । ਏਕਾ ਨੂਰ ਤੂਰ ਸੁਰੰਗਾ, ਸਚ ਦਮਾਮਾ ਨਾਮ ਮਰਦੰਗਾ, ਪੂਰ ਕਰਾਏ ਕਾਮਾ ਘਰ ਸਚ ਖਿਤਾਬ, ਏਕਾ ਦੇਵੇ ਆਬੇ ਹਯਾਤ ਹਯਾਤ ਆਬ, ਇਕ ਇਕੱਠੇ ਦੋ ਆਬ ਸਮੇਟ ਦੇਵੇ ਕਾਇਆ ਲਾਭ ਹੱਕ ਹਲਾਲੀ ਸ਼ਾਹ ਹਜ਼ੂਰ ਚੌਦਾਂ ਤਬਕੀ ਕਰੇ ਕਾਰਜ ਪੂਰਾ । ਪੀਰ ਦਸਤਗੀਰ ਸ਼ਾਹ ਜਨਾਬ, ਅਲੀ ਉਸਮਾਨ ਆਲਮੀਨ ਉਲਮਲਾ ਜਹਾਨ ਕੁਲਇਤੁਲਾ ਨਾਮ ਬਿਸਮਿਲਾ ਸਚ ਸਚਾਈ ਹੱਥ ਕੁਰਾਨ ਜੋਤੀ ਨੂਰ ਇਕ ਰੁਸ਼ਨਾਈ । ਦੂਈ ਦਵੈਤੀ ਰਹੇ ਨਾ ਰਾਈ । ਅਹਿਮਦ ਮੁਹੰਮਦ ਮਿਲੇ ਐਲੀ ਸ਼ਾਹ ਸੁਲਤਾਨ, ਹੱਕ ਹਕੂਕ ਸ਼ਾਹ ਰਫ਼ੀਕਾ ਚੁੱਕੇ ਚੂਕ ਸਿਦਕ ਸਬੂਰੀ ਆਸਾ ਪੂਰੀ, ਜਗ ਹੋਏ ਨੀਕਨ ਨੀਕਾ । ਏਕਾ ਜੋਤੀ ਨੂਰੀ ਅੱਲਾ ਵਸੇ ਇਕੱਲਾ, ਕੋਈ ਨਾ ਜਾਣੇ ਰਸ ਮੀਠਾ ਫੀਕਾ । ਦਰ ਘਰ ਤਨ ਅੰਦਰ ਰੋਗ ਸੋਗ ਮਿਟਾਵਣਾ, ਕਿਸੇ ਰਹੇ ਨਾ ਚਿੰਤਾ । ਬਿਰਧ ਬਾਲ ਜਵਾਨ ਏਕਾ ਮਿਲੇ ਨਾਮ ਖਜ਼ਾਨਾ, ਆਪ ਬਣਾਏ ਸਾਚੀ ਬਣਤਾ । ਕਿਰਪਾ ਕਰ ਹਰਿ ਭਗਵਾਨਾ, ਦੇਵੇ ਨਾਮ ਸਾਚਾ ਦਾਨਾ, ਅੰਮ੍ਰਿਤ ਆਤਮ ਸਾਚੇ ਸੰਤਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨਿਵਾਰੇ ਸੋਗੀ ਚਿੰਤਾ । ਕਾਲ ਕਲੇਸ਼ ਜਗਤ ਕਲੰਦਰ । ਅੱਠੇ ਪਹਿਰ ਰਹੇ ਅੰਦਰ । ਦਿਵਸ ਰੈਣ ਵਰਤੇ ਕਹਿਰ ਹੰਕਾਰੀ ਵਿਕਾਰੀ ਕਰੇ ਖੁਆਰੀ, ਲੱਗੀ ਅਗਨ ਕਾਇਆ ਅੰਦਰ । ਸ਼ਬਦ ਮਾਰ ਪ੍ਰਭ ਤੇਜ ਕਟਾਰੀ, ਵਾਰੋ ਵਾਰੀ ਹੱਡ ਨਾੜੀ ਤੋੜ ਜੰਦਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਆਪੇ ਜਾਣੇ ਕਾਇਆ ਮੰਦਰ ਸਾਚੇ ਅੰਦਰ । ਗੁਰ ਸੰਗਤ ਭਰਿਆ ਰਹੇ ਭੰਡਾਰਾ । ਸੇਵਾ ਕੀਨੀ ਗੁਰੂਦੁਆਰਾ । ਮਨ ਤਨ ਕਾਇਆ ਸੀਤਲ ਭੀਨੀ, ਰੰਗ ਚੜ੍ਹੇ ਅਪਾਰਾ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰੇ ਹਰਿ ਗਿਰਧਾਰਾ । ਸਚ ਭੰਡਾਰਾ ਹਰਿ ਦਾਤਾਰਾ । ਵਿਚ ਸੰਸਾਰ ਦੇਵਣਹਾਰ ਨਰ ਨਿਰੰਕਾਰਾ । ਮਾਨਸ ਦੇਹੀ ਕਦੇ ਨਾ ਹਾਰ, ਮਿਲਿਆ ਮੇਲ ਪੁਰਖ ਅਪਾਰਾ । ਬਸਤਰ ਪਾਏ ਤਨ ਸ਼ਿੰਗਾਰ, ਸਾਚੇ ਘੋੜ ਕਰ ਅਸਵਾਰਾ । ਨਾਮ ਦੇਵੇ ਤਿੱਖੀ ਧਾਰ, ਬਜ਼ਰ ਕਪਾਟੀ ਆਰ ਪਾਰਾ । ਚਰਨ ਲਗਾਏ ਦਇਆ ਕਮਾਏ ਦਰ ਦਵਾਰਾ । ਸਾਚਾ ਦੇਵੇ ਭਗਤ ਸਹਾਰਾ । ਪੁਰਖ ਅਬਿਨਾਸ਼ੀ ਨਰ ਨਿਰੰਕਾਰ, ਵਣਜ ਕਰਾਏ ਇਕ ਵਪਾਰਾ । ਸੋਹੰ ਸ਼ਬਦ ਸਚ ਜੈਕਾਰ, ਹਉਮੇ ਰੋਗ ਦਏ ਨਿਵਾਰਾ । ਗੁਰਮੁਖ ਰਸਨਾ ਰਹੀ ਉਚਾਰ, ਆਤਮ ਲਾਹੇ ਤਨ ਅਫ਼ਾਰਾ । ਜਗਤ ਅਵਲੜੀ ਚਲੇ ਚਾਲ, ਜੋਤ ਸਰੂਪੀ ਭੇਖ ਧਾਰਾ । ਮਾਨਸ ਦੇਹੀ ਅੰਮ੍ਰਿਤ ਫਲ ਵੇਖੇ ਸਾਚੇ ਡਾਲ, ਗੁਰਮੁਖ ਖਿੱਚ ਲਿਆਏ ਦਵਾਰਾ । ਦਰ ਘਰ ਸਾਚੇ ਹਰਿਜਨ ਅਨਮੁੱਲੜਾ ਲਾਲ, ਨਾ ਕੋਈ ਜਾਣੇ ਜੀਵ ਗਵਾਰਾ । ਅੰਮ੍ਰਿਤ ਸੁਹਾਏ ਸਾਚੇ ਤਾਲ, ਪ੍ਰਭ ਅਬਿਨਾਸ਼ੀ ਵਡ ਭੰਡਾਰਾ । ਆਦਿ ਅੰਤ ਨਾ ਹੋਏ ਕੰਗਾਲ, ਦੇਵਣਹਾਰ ਸਰਬ ਸੰਸਾਰਾ । ਜਗਤ ਤੋੜੇ ਹਰਿ ਜੰਜਾਲ, ਲੱਖ ਚੁਰਾਸੀ ਨਾ ਆਏ ਹਾਰਾ । ਸੱਚਾ ਦੇਵੇ ਨਾਮ ਧਨ ਜਗਤ ਮਾਲ, ਦਰ ਘਰ ਆਏ ਦਇਆ ਕਮਾਏ ਭਗਤ ਵਛਲ ਹਰਿ ਗਿਰਧਾਰਾ । ਅੰਤ ਕਾਲ ਨਾ ਖਾਏ ਕਾਲ, ਚਰਨ

੫੩੯
੦੪

ਪ੍ਰੀਤੀ ਨਿਭੇ ਨਾਲ, ਜਗਤ ਮਾਣ ਗੁਰ ਚਰਨ ਦੁਆਰਾ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਕਿਰਪਾ ਦੇਵੇ ਕਰ, ਭਰਿਆ ਰਹੇ ਸਦ ਭੰਡਾਰਾ । ਗੁਰ ਸੰਗਤ ਦੇਵੇ ਨਾਮ ਖ਼ਜ਼ਾਨਾ । ਪ੍ਰਭ ਅਬਿਨਾਸ਼ੀ ਬੀਨਾ ਦਾਨਾ । ਚਰਨ ਧੂੜੀ ਸਚ ਇਸ਼ਨਾਨਾ । ਹੱਥੀਂ ਬੰਨ੍ਹੇ ਨਾਮ ਗਾਨਾ । ਸੋਹੰ ਸਾਚਾ ਪੀਣਾ ਖਾਣਾ । ਦਰਗਹਿ ਸਾਚੀ ਮਾਣ ਦਵਾਨਾ । ਕਾਇਆ ਕਾਚੀ ਜੋਤ ਜਗਾਣਾ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਭੰਡਾਰੇ ਰਿਹਾ ਭਰ, ਅਤੋਟ ਅਤੁਟ ਆਪ ਰਖਾਨਾ । ਗੁਰ ਸੰਗਤ ਹਰਿ ਸੰਗ ਨਿਭਾਉਣਾ । ਦਰ ਘਰ ਸਾਚੇ ਰਹਿਣਾ ਮੰਗਤ, ਪ੍ਰਭ ਅਬਿਨਾਸ਼ੀ ਰਿਦੇ ਵਸਾਉਣਾ । ਆਪੇ ਕਟੇ ਭੁੱਖ ਨੰਗਤ, ਰੋਗ ਸੋਗ ਚਿੰਤ ਵਿਜੋਗ ਗਵਾਉਣਾ । ਆਪੇ ਚਾੜ੍ਹੇ ਨਾਮ ਰੰਗਤ, ਆਦਿ ਅੰਤ ਨਾ ਕਿਸੇ ਲਾਹੁਣਾ । ਧੰਨ ਵਡਿਆਈ ਧੰਨ ਕਮਾਈ, ਗੁਰ ਪੂਰੇ ਸੇਵ ਕਮਾਈ, ਗੁਰ ਸਾਚੀ ਸੰਗਤ ਅਮਰਾਪਦ ਘਰ ਸਾਚੇ ਪਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦੇਵੇ ਸਚਾ ਮਾਣ, ਦਿਵਸ ਰੈਣ ਸਦ ਰਸਨਾ ਗਾਉਣਾ । ਸ਼ਬਦ ਤੀਰ ਨਾਮ ਕਮਾਨ । ਰਸਨਾ ਚਿੱਲਾ ਖਿਚੇ ਤੀਰ, ਵਾਲੀ ਦੋ ਜਹਾਨ । ਦਿਲ ਹਿਲਾਵੇ ਦਿੱਲੀ ਦਿਲਾ, ਸਾਲ ਗਿਆਰਵੇਂ ਨੌਜਵਾਨ । ਵੇਖ ਵਖਾਣੇ ਸ਼ਾਹੀ ਕਿਲਾ, ਲਾ ਚੋਟ ਨਿਗਾਰੇ ਹਰਿ ਮਿਹਰਬਾਨ । ਕਲਜੁਗ ਤੇਰਾ ਅੰਤਮ ਸ਼ਿਲਾ, ਪੂਰਾ ਹੋਏ ਵਿਚ ਜਹਾਨ । ਮਾਤ ਪਤਾਲੀ ਉਖਾੜੀ ਸਿਲਾ, ਝੂਠੀ ਮੇਟੇ ਜਗਤ ਦੁਕਾਨ । ਸੱਤ ਸਾਗਰਾਂ ਜਲ ਹਿਲਾ, ਪਹਾੜ ਪਰਬਤ ਗੂੰਜ ਗੁੰਜਾਨ । ਨੌਂ ਖੰਡੀਂ ਉਖੜੇ ਮਾਤ ਕਿਲਾ, ਰਸਨਾ ਚਲੇ ਤੀਰ ਨਿਸ਼ਾਨ । ਨਿਹਕਲੰਕ ਕਲ ਜਾਮਾ ਪਾਏ, ਪ੍ਰਗਟ ਹੋਏ ਵਿਚ ਜਹਾਨ । ਫੂਲਣਹਾਰ ਕਰ ਸ਼ਿੰਗਾਰ ਤੀਰ ਕਮਾਨੀ ਸ਼ਬਦ ਕਟਾਰ । ਪਾੜਾ ਤੁਟੇ ਜ਼ਿਮੀ ਅਸਮਾਨੀ, ਨਾ ਕੋਈ ਵੇਖੇ ਰੂਸਾ ਧਾੜ । ਆਤਮ ਭੰਨੇ ਜਗਤ ਅਭਿਮਾਨੀ, ਵਿਚ ਨਿਸ਼ਾਨਾ ਕਾੜ ਕਾੜ । ਨਿਰ ਹਰਿ ਸਾਚਾ ਗੁਣਵੰਤ ਗੁਣ ਨਿਧਾਨੀ, ਕਲਜੁਗ ਝੂਠਾ ਦੇਵੇ ਝਾੜ । ਰਾਜੇ ਰਾਣਿਆਂ ਹੱਥ ਫੜਾਏ ਠੂਠਾ, ਮੰਗਣ ਦਰ ਦਵਾਰ । ਗੁਰਮੁਖਾਂ ਦੇਵੇ ਰਸ ਅਨੂਠਾ, ਜਗਤ ਵਡਿਆਈ ਕਿਲੇ ਵਿਚਕਾਰ । ਵਾਲੀ ਹਿੰਦ ਤੂੰ ਕਿਉਂ ਰੂਠਾ, ਪ੍ਰਗਟ ਹੋਇਆ ਨਿਹਕਲੰਕ ਅਵਤਾਰ । ਚਾਰ ਵਰਨ ਬੰਨ੍ਹਾਏ ਏਕਾ ਮੁੱਠਾ, ਸ੍ਰਿਸ਼ਟ ਸਬਾਈ ਕਰੇ ਦੋ ਫਾੜ । ਹਰਿਜਨ ਸਾਚਾ ਮਾਤ ਤੁੱਠਾ, ਪੰਚ ਬਣਾਏ ਸੱਚੀ ਸਰਕਾਰ । ਸਾਲ ਗਿਆਰਵੇਂ ਨਾ ਕੋਈ ਲੁਕਣ ਦੇਵੇ ਗੁੱਠਾ, ਲਿਆਏ ਅੰਦਰੋਂ ਬਾਹਰ । ਰਾਜਾ ਰਾਣਾ ਟੰਗੇ ਪੁੱਠਾ, ਆਤਮ ਭਰਿਆ ਜਿਸ ਹੰਕਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਘੋੜੇ ਚਿੱਟੇ ਜੋੜੇ ਹੋ ਅਸਵਾਰ ।



### * ੩ ਅੱਸੂ ੨੦੧੧ ਬਿਕ੍ਰਮੀ ਦਿੱਲੀ ਰਾਜ ਘਾਟ ਗਾਂਧੀ ਦੇ ਨਵਿਤ *

ਇੰਦਰ ਤੇਰਾ ਸਚ ਦਵਾਰ । ਪ੍ਰਭ ਅਬਿਨਾਸ਼ੀ ਕਰੇ ਵਿਚਾਰ । ਘਨਕਪੁਰ ਵਾਸੀ ਜਾਮਾ ਧਾਰ । ਭਾਰਤ ਵਾਸੀ ਉਤਰੇ ਪਾਰ । ਮਦਿਰਾ ਮਾਸੀ ਹੋਇਣ ਖੁਆਰ । ਗਊ ਗਰੀਬ ਨਿਮਾਣਿਆਂ ਲਾਹੇ ਉਦਾਸੀ, ਸਿਰ ਰੱਖੇ ਹੱਥ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਤੇਰਾਂ ਮੱਘਰ ਫੂਲਨ ਹਾਰ ਵੰਡੇ ਵਾਰੋ ਵਾਰ । ਤੇਰਾਂ ਮੱਘਰ ਹਰਿ ਵਕਤ ਸੁਹੇਲਾ, ਫੂਲਣ ਬਰਖਾ ਹਰਿ ਜੀ ਲਾਇਆ । ਗੁਰ ਸੰਗਤ ਸਾਚੀ ਸਿਖ ਸਹਿਜ ਸਹਿਜ ਅਨੰਦ ਮੰਗਲ ਭੈਣ ਭਾਈ ਗਾਇਆ । ਨਾਤਾ ਜੁੜੇ ਭਾਈ ਭੈਣ, ਨਾ ਕੋਈ ਤੋੜੇ ਤੋੜ ਤੁੜਾਇਆ । ਚਾਰ ਵਰਨੀ ਸਾਚਾ ਸਾਕ ਸੱਜਣ ਸੈਣ, ਨਿਹਕਲੰਕੀ

ਨਾਮ ਰਖਾਇਆ । ਜੋਤੀ ਜੋਤ ਸਰੂਪ ਹਰਿ, ਨੌਂ ਅਠਾਰਾਂ ਅਠਾਰਾਂ ਨੌਂ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਤੇਰਾਂ ਮੱਘਰ ਖੇਲ ਰਚਾਏ । ਇਕ ਇਕ ਫੁੱਲ ਹਰਿ ਵਰਤਾਏ । ਅੰਤਮ ਪੈਣਾ ਸਦਾ ਮੁੱਲ, ਮੁਖੋਂ ਬੋਲ ਸੁਣਾਏ । ਸ਼ਬਦ ਪੰਘੂੜਾ ਜਾਣਾ ਝੁੱਲ, ਨਿਹਕਲੰਕ ਡੰਕ ਵਜਾਏ । ਕਲਜੁਗ ਮਾਇਆ ਜਾਣੀ ਰੁਲ, ਧਰਮ ਜੈਕਾਰ ਆਪ ਕਰਾਏ । ਲੱਖ ਚੁਰਾਸੀ ਰਹੀ ਭੁੱਲ, ਸਚ ਦਵਾਰਾ ਹਰਿ ਦਿਖਾਏ । ਜੋਤੀ ਜੋਤ ਸਰੂਪ ਹਰਿ, ਨੌਂ ਅਠਾਰਾਂ ਅਠਾਰਾਂ ਨੌਂ ਆਪਣਾ ਭਾਣਾ ਆਪਣੇ ਹੱਥ ਰਖਾਏ । ਤੇਰਾਂ ਮੱਘਰ ਧੰਨ ਵਡਿਆਈ । ਤਿੰਨਾਂ ਲੋਆਂ ਖ਼ੁਸ਼ੀ ਮਨਾਈ । ਸਾਚੇ ਹਰੀ ਵਜੀ ਵਧਾਈ । ਇੰਦਲੋਕ ਵੇਖੇ ਰਾਹੀ । ਪ੍ਰਭ ਅਬਿਨਾਸ਼ੀ ਪਾਈ ਫਾਹੀ । ਲੋਕਮਾਤ ਜੋਤ ਜਗਾਈ । ਗਗਨ ਪਤਾਲਾਂ ਮਾਰੇ ਝਾਤ, ਉਹਲਾ ਪੜਦਾ ਕੋਈ ਨਾਹੀ । ਇਕ ਕਰਾਏ ਦਿਵਸ ਰਾਤ, ਭਰਮ ਭੁਲੇਖਾ ਰੱਖੇ ਨਾਹੀ । ਸੋਲਾਂ ਮੱਘਰ ਵਕਤ ਸੁਭਾਗਾ । ਚੜ੍ਹਿਆ ਦਿਨ ਮਾਤ ਵਡਭਾਗਾ । ਪ੍ਰਭ ਲੇਖਾ ਲੈਣਾ ਗਿਣ ਗਿਣ, ਕਲਜੁਗ ਤੇਰਾ ਤੁੱਟਾ ਤਾਗਾ । ਕੀਆ ਖੇਲ ਇਕ ਛਿੰਨ, ਕਾਇਆ ਜੋਤੀ ਬੁਝੇ ਆਗਾ । ਜੋਤੀ ਜੋਤ ਸਰੂਪ ਹਰਿ, ਮਿਲਿਆ ਮੇਲ ਕੰਤ ਸੁਹਾਗਾ । ਸੋਲਾਂ ਮੱਘਰ ਦਇਆ ਕਮਾਏ । ਛੋਟੇ ਬਾਲੇ ਦਇਆ ਕਮਾਏ ਲੇਖੇ ਲਾਏ । ਸਾਚਾ ਰਾਹ ਇਕ ਵਖਾਏ । ਪੁਰੀ ਇੰਦਰ ਜਾ ਬਹਾਏ । ਜੋਤੀ ਜੋਤ ਸਰੂਪ ਹਰਿ, ਸਾਚੇ ਭਾਣੇ ਰਿਹਾ ਸਮਾਏ । ਪੁਰੀ ਇੰਦਰ ਗਿਆ ਭੱਜ । ਸਿੰਘ ਸਿੰਘਾਸਣ ਗਿਆ ਸਜ । ਛੋਟਾ ਬਾਲਾ ਗਿਆ ਸਜ । ਪ੍ਰਭ ਅਬਿਨਾਸ਼ੀ ਪੜਦੇ ਮਾਤ ਰਿਹਾ ਕੱਜ । ਕਾਇਆ ਭਾਂਡਾ ਗਿਆ ਭੱਜ । ਅੰਮ੍ਰਿਤ ਪਿਆਏ ਕਾਇਆ ਰੱਜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਹਰਾ ਸੀਸ ਬੰਨ੍ਹਾਇਆ, ਫੂਲਨ ਵਰਖਾ ਹਰਿ ਜੀ ਲਾਇਆ, ਦਰ ਘਰ ਸਾਚੇ ਰਿਹਾ ਸਜ । ਫੂਲਨ ਬਰਖਾ ਹਰਿ ਜੀ ਲਾਏ । ਸਾਚੀ ਰੁਤ ਆਪ ਸੁਹਾਏ । ਪੂਰਨ ਸੁਤ ਭੇਟ ਚੜ੍ਹਾਏ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਲਿਖਿਆ ਲੇਖ ਨਾ ਕੋਈ ਮਿਟਾਏ । ਵਾਰ ਸੁਹੰਜਣੀ ਸੁਲੱਖਣੀ ਥਿਤ, ਸਾਚਾ ਲੇਖਾ ਲਏ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਅਠਾਰਾਂ ਅਠਾਰਾਂ ਨੌਂ ਅੰਤਮ ਵੇਲਾ ਪੂਰ ਕਰਾਏ । ਸਾਚੇ ਘਰ ਹਰਿ ਟਿਕਾਏ । ਮਸਤਕ ਟਿੱਕਾ ਆਪ ਲਗਾਏ । ਸੋਹੰ ਦੇਵੇ ਨਾਮ ਇੱਕਾ ਕਰੋੜ ਤੇਤੀਸਾ ਜਾ ਸੁਣਾਏ । ਸ਼ਬਦ ਮਿਲੇ ਸਾਚਾ ਸਿੱਕਾ, ਦੂਸਰ ਕੋਈ ਰਹਿ ਨਾ ਜਾਏ । ਬਾਲ ਅਵਸਥਾ ਬਾਲਾ ਨਿੱਕਾ, ਸਚ ਸਿੰਘਾਸਣ ਡੇਰਾ ਲਾਏ । ਮਾਤ ਲੱਗੇ ਰਸ ਫਿੱਕਾ, ਅੰਮ੍ਰਿਤ ਰਸ ਸਾਚਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗਾਂਧੀ ਸੇਵਾ ਲਾਏ । ਪ੍ਰਭ ਖੇਲ ਹਰਿ ਹਰਿ ਜਾਣੇ । ਹਰੀ ਚੰਦ ਜੋਗ ਮਹਾਨੇ । ਰਸਨਾ ਚੁਗੀ ਸਾਚੀ ਚੋਗ, ਦੇਵੇ ਫਲ ਹਰਿ ਭਗਵਾਨੇ । ਛਡਿਆ ਤਖ਼ਤ ਤਾਜ ਲਿਆ ਸੱਚਾ ਜੋਗ, ਤਨ ਗਰੀਬੀ ਸਚ ਪਛਾਣੇ । ਧੁਰਦਰਗਾਹ ਨਾ ਹੋਏ ਵਿਜੋਗ, ਮਿਟੇ ਰਾਜ ਰਾਜ ਰਾਜਾਨੇ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤ ਆਦਿ ਅੰਤ ਭਗਤ ਭਗਵੰਤ ਆਪ ਪਛਾਣੇ । ਆਤਮ ਮੰਗਿਆ ਏਕਾ ਦਾਨ । ਸਾਚੀ ਸੇਵਾ ਹਰਿ ਭਗਵਾਨ । ਅੰਮ੍ਰਿਤ ਮੇਵਾ ਵਿਚ ਜਹਾਨ । ਪ੍ਰਭ ਅਬਿਨਾਸ਼ੀ ਕਿਰਪਾ ਕਰ ਦਿਤਾ ਵਰ, ਪ੍ਰਗਟ ਕੀਆ ਵਿਚ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਾਣੀ ਜਾਨ । ਜੋਤ ਜੋਤੀ ਜਾਮਾ ਪਾਇਆ । ਸਾਚੀ ਸੇਵਾ ਹਰਿ ਜੀ ਲਾਇਆ । ਗਊ ਗਰੀਬ ਨਿਮਾਣਿਆਂ ਏਕਾ ਸੱਚਾ ਰਾਹ ਵਖਾਇਆ । ਅੰਤਮ ਮੰਨਣਾ ਪਿਆ ਭਾਣਿਆਂ, ਤਨ ਮੰਦਰ ਝੂਠਾ ਡੇਰਾ ਢਾਹਿਆ । ਛਤਰ ਦੀਸੇ ਨਾ ਸਿਰ ਰਾਜੇ ਰਾਣਿਆਂ, ਕਲਜੁਗ ਜੰਜ਼ਾਲਾ ਮੋਹ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚੇ ਲੇਖੇ ਹਰਿ ਜੀ ਲਾਇਆ । ਸਾਚਾ ਲੇਖਾ ਹਰਿ ਅਪਾਰ । ਦੂਜੀ ਬੰਨ੍ਹੇ ਫੇਰ ਧਾਰ । ਸੱਚਾ ਅਸਵ ਕਰ ਤਿਆਰ । ਅਠਾਰਾਂ ਮਾਘ ਕਰੇ ਪਾਰ । ਆਪੇ ਖਿੱਚੇ ਚਰਨ ਦਵਾਰ । ਦੱਸੇ ਸੱਚਾ ਰਾਹ ਫੜ ਫੜ ਬਾਹੋਂ ਪੁਰੀ ਇੰਦਰ ਵੇਖ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਕਰਾਏ ਸਾਚਾ ਵਿਹਾਰ । ਅਠਾਰਾਂ ਮਾਘ ਦੇਹ ਤਜਾਈ । ਸਾਚੇ ਘਰ ਵਜੀ ਵਧਾਈ । ਧਰਤ ਮਾਤ ਸਾਚਾ ਸੁਤ, ਸਾਚੀ ਸੇਵਾ ਗਿਆ ਕਮਾਈ । ਮਿਲਿਆ ਮੇਲ ਅਬਿਨਾਸ਼ੀ ਅਚੁੱਤ, ਏਕਾ ਘਰ ਦਏ ਬਹਾਈ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪੇ ਜਾਣੇ ਰਘੁਪਤ ਰਘੁਰਾਈ । ਭਗਤ ਗਾਂਧੀ ਤਨ ਸ਼ਿੰਗਾਰ । ਛੋਟਾ ਬਾਲਾ ਹੋ ਤਿਆਰ । ਚਾਰ ਕੁੰਟ ਵੇਖ ਵਿਚਾਰ । ਰਾਜੇ ਰਾਣੇ ਘੇਰ ਲਿਆਏ, ਹੱਥ ਫੜਾਏ ਸ਼ਬਦ ਕਟਾਰ । ਮੇਰ ਤੇਰ ਜਗਤ ਚੁਕਾਏ, ਚਾਰ ਵਰਨਾਂ ਆਪ ਸਰਦਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਚੇਲਾ ਤਨ ਛੁਹਾਏ, ਆਪ ਆਪਣੀ ਦਇਆ ਕਮਾਏ, ਪੰਚਮ ਦਿਤਾ ਸੱਚਾ ਹਾਰ । ਸੋਲਾਂ ਮੱਘਰ ਸਤਿ ਵਿਹਾਰੇ । ਪੁਰੀ ਇੰਦਰ ਜੈ ਜੈਕਾਰੇ । ਮਾਤਲੋਕ ਨਾ ਕੋਈ ਕਰੇ ਵਿਚਾਰੇ । ਛੋਟਾ ਬਾਲਾ ਘਰੋਂ ਕੱਢੇ ਫੜ ਕੇ ਬਾਹਰੇ । ਪ੍ਰਭ ਅਬਿਨਾਸ਼ੀ ਬਣਿਆ ਇਕ ਸੱਚਾ ਦੁਲਾਰਾ, ਉਤੇ ਪਾਏ ਸ਼ਬਦ ਦੁਸ਼ਾਲਾ, ਚਿੱਟਾ ਰੰਗ ਇਕ ਅਪਾਰੇ । ਜੋਤੀ ਜੋਤ ਸਰੂਪ ਹਰਿ, ਆਪੇ ਹੋਏ ਹਰਿ ਰਖਵਾਲਾ । ਸੋਲਾਂ ਮੱਘਰ ਲੋਕ ਇੰਦਰ ਵਧਾਈ । ਲੋਕਮਾਤ ਦੀ ਵਾਰੀ ਆਈ । ਤਿੰਨ ਅੱਸੂ ਖ਼ੁਸ਼ੀ ਮਨਾਈ । ਵੀਹ ਸੌ ਗਿਆਰਾਂ ਬਿਕ੍ਰਮੀ ਲੇਖ ਲਿਖਾਈ । ਨੌਂ ਮਹੀਨੇ ਅਠਾਰਾਂ ਦਿਨ ਗਰਭ ਮਾਤੀ ਫੰਦ ਕਟਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਸਾਚਾ ਚੰਦ ਅੱਸੂ ਤਿੰਨ ਚੜ੍ਹਾਈ ।


੫੪੨
੦੪

## ✻ ੩ ਅੱਸੂ ੨੦੧੧ ਬਿਕ੍ਰਮੀ ਦਿੱਲੀ ਲਾਲ ਕਿਲ੍ਹੇ ਦੀਵਾਨੇ ਆਮ ਵਿਚ ✻

ਸੋਹੰ ਨਾਮ ਅਜਪਾ ਜਾਪ ਜਾਪੇ । ਮਾਨਸ ਜਨਮ ਬਣਾਏ ਕਰਮ, ਉਤਾਰੇ ਪਾਪ ਰੋਗ ਸੰਤਾਪੇ । ਕਾਇਆ ਮੰਦਰ ਮਾਟੀ ਚਰਮ, ਮੇਟ ਮਿਟਾਏ ਤੀਨੋ ਤਾਪੇ । ਜਗਤ ਅੰਦੇਸਾ ਮਿਟੇ ਭਰਮ, ਦਰਸ ਦਿਖਾਏ ਅਪਨ ਆਪੇ । ਲੇਖੇ ਲਾਏ ਮਾਨਸ ਜਨਮ, ਭਗਤ ਵਛਲ ਵਡ ਪ੍ਰਤਾਪੇ । ਜੋਤੀ ਜੋਤ ਸਰੂਪ ਹਰਿ, ਅੰਤਮ ਕਲ ਸੋਹੰ ਜਪਾਏ ਸਾਚਾ ਜਾਪੇ । ਅਜਪਾ ਜਪ ਸੋਹੰ ਧਾਰਾ । ਤਿੰਨ ਲੋਆਂ ਸਦ ਵਸੇ ਬਾਹਰਾ । ਗੁਰ ਪੀਰ ਨਾ ਕਰੇ ਕੋਈ ਜਾਹਰਾ । ਪ੍ਰਗਟ ਹੋਏ ਅਵਤਾਰ ਨਰ, ਏਕਾ ਮਾਤ ਬੰਨੇ ਧਾਰਾ । ਆਪ ਆਪਣੀ ਕਿਰਪਾ ਕਰ, ਸ਼ਬਦ ਘੋੜਾ ਸਚ ਅਸਵਾਰਾ । ਲੋਕਮਾਤ ਖੋਲ੍ਹੇ ਦਰ, ਜਿੰਦਾ ਤੋੜੇ ਬੰਦ ਕੁਆੜਾ । ਕਾਇਆ ਭਾਂਡੇ ਦੇਵੇ ਭਰ, ਅਗਨ ਬੁਝਾਏ ਲੱਗੀ ਨਾੜਾ । ਜਮ ਰਾਜ ਚੁਕਾਏ ਝੂਠਾ ਡਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਏਕਾ ਚਾੜ੍ਹਾ । ਸੋਹੰ ਜਾਪ ਰਸਨ ਮਧੂ ਮਾਤਰ । ਆਪ ਵਖਾਣੇ ਆਪਣਾ ਆਪ, ਭੇਵ ਨਾ ਪਾਇਣ ਵੇਦ ਸ਼ਾਸਤਰ । ਪੁਰੀਆਂ ਲੋਆਂ ਰਹੇ ਕਾਂਪ, ਸ਼ਬਦ ਤੀਰ ਤਨ ਸਾਚੇ ਗਾਤਰ । ਕਲਜੁਗ ਤੇਰਾ ਅੰਤਮ ਪਾਪ, ਧਰਮ ਨਾ ਦਿਸੇ ਛਿੰਨ ਮਾਤਰ । ਪ੍ਰਗਟੇ ਜੋਤ ਵਡ ਨਰ ਹਰਿ ਪ੍ਰਤਾਪ, ਮਿਟਾਏ ਰੈਣ ਅੰਧੇਰੀ ਰਾਤਰ । ਸੋਹੰ ਜਪਾਏ ਸਾਚਾ ਜਾਪ, ਲਿਖਾਏ ਲੇਖ ਮਸਤਕ ਪਾਤਰ । ਸੋਹੰ ਜਾਪ ਅਜਪਾ ਜਪਣਾ, ਕਲਜੁਗ ਮਾਇਆ ਵਿਚ ਨਾ ਤਪਣਾ, ਮਾਇਆ ਮੋਹ ਨਾ ਲਾਏ ਡੰਗ, ਸੈਨੀ ਸੈਨਾ ਹਰਿ ਹੋਏ ਸਹਾਈ ਅੰਗ ਸੰਗ, ਮਾਨਸ ਜਨਮ

ਨਾ ਹੋਏ ਭੰਗ, ਅੰਤ ਬਣਾਏ ਆਪ ਅਪਨਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ ਜੋਤ ਧਰ, ਸੋਹੰ ਜਪਾਏ ਸਾਚਾ ਜਪਨਾ । ਸੋਹੰ ਸ਼ਬਦ ਸੁਰਤ ਧੁਨ ਨਾਦ । ਤੁੱਟੇ ਮੁਨ ਸੁੰਨ, ਵੇਖੇ ਜੋਤੀ ਏਕਾ ਆਦਿ । ਪੰਜਾਂ ਤੱਤਾਂ ਛਾਣ ਪੁਣ, ਕਾਇਆ ਮੰਡਲ ਸਚ ਬ੍ਰਿਹਿਮਾਦ । ਸਚ ਪੁਕਾਰ ਰਿਹਾ ਸੁਣ, ਭਗਤੀ ਬਖ਼ਸ਼ੇ ਸਾਚੀ ਦਾਦ । ਦੇਵੇ ਮਾਣ ਚੁਣ ਚੁਣ, ਹਰਿਜਨ ਰਸਨਾ ਰਹੇ ਅਰਾਧ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਅਜਪਾ ਜਾਪ ਜਪਾਏ ਪੁਰਖ ਅਬਿਨਾਸ਼ਾ ਮਾਧੋ ਮਾਧ । ਅਜਪਾ ਜਾਪ ਅਤੋਲ ਅਤੋਲਾ । ਸੋਹੰ ਸ਼ਬਦ ਜਗਤ ਅਮੋਲਾ । ਨਾਮ ਰਾਗੀ ਕੰਤ ਸੁਹਾਗੀ ਚਾਰ ਵਰਨਾਂ ਸੱਚਾ ਢੋਲਾ । ਬੁਝੇ ਆਗੀ ਮਿਟੇ ਦਾਗੀ, ਹੰਸ ਕਾਗੀ ਜਗਤ ਵਿਚੋਲਾ । ਮਾਇਆ ਤਿਆਗੀ ਭਗਤ ਵੈਰਾਗੀ, ਚਰਨ ਪ੍ਰੀਤੀ ਸਾਚੀ ਲਾਗੀ, ਨਰ ਨਰਾਇਣ ਵਸੇ ਕੋਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਏਕਾ ਦਸੇ ਸਾਚਾ ਬੋਲਾ । ਸੋਹੰ ਸ਼ਬਦ ਸਚ ਜੈਕਾਰ । ਸਤਿਜੁਗ ਸਾਚੇ ਸਾਚੀ ਧਾਰ । ਹਰਿਜਨ ਵਿਰਲਾ ਆਤਮ ਵਾਚੇ, ਦੁਰਮਤ ਮੈਲ ਲਏ ਉਤਾਰ । ਕਰੇ ਦਰਸ ਪ੍ਰਭ ਸਾਚੋ ਸਾਚੇ , ਅੱਖਰ ਵੱਖਰ ਸਚ ਨਿਤਾਰ । ਜੂਠਾ ਝੂਠਾ ਕੋਈ ਨਾ ਨਾਚੇ, ਕਿਰਿਆ ਕਰਮ ਲਏ ਵਿਚਾਰ । ਮਾਇਆ ਤਨ ਨਾ ਲਗੇ ਆਂਚੇ, ਹੰਕਾਰੀ ਨਾ ਚੜ੍ਹੇ ਬੁਖ਼ਾਰ । ਆਪੇ ਢਾਲੇ ਸਾਚੇ ਢਾਂਚੇ, ਜੋਤੀ ਭੱਠੀ ਕਾਇਆ ਅਗਨੀ ਡਾਰ । ਸੋਨਾ ਕੰਚਨ ਏਕਾ ਪਾਸੇ, ਸ਼ਬਦ ਸੁਹਾਗਾ ਦੇਵੇ ਡਾਰ । ਨਿਜ ਘਰ ਆਤਮ ਰੱਖੇ ਵਾਸੇ, ਪੁਰਖ ਅਬਿਨਾਸ਼ੀ ਹਰਿ ਨਿਰੰਕਾਰ । ਹਰਿਜਨ ਗਾਵੇ ਰਸਨ ਸਵਾਸ ਸਵਾਸੇ, ਮਿਲੇ ਮੇਲ ਅੰਤਮ ਵਾਰ । ਜਗੇ ਜੋਤ ਵਿਚ ਅਕਾਸ਼ੇ, ਧਰਮ ਰਾਏ ਨਾ ਕਰੇ ਖੁਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਸਤਿਜੁਗ ਸਾਚੇ ਸਾਚੀ ਸੋਹੰ ਦੱਸੇ ਏਕਾ ਧਾਰ । ਸੋਹੰ ਵਣਜ ਜਗਤ ਵਣਜਾਰਾ । ਖੁਲ੍ਹਿਆ ਦਰ ਹਰਿ ਵਰਤਾਰਾ । ਭਗਤ ਭੰਡਾਰੇ ਰਿਹਾ ਭਰ, ਜੋਤੀ ਦੀਪਕ ਕਰ ਉਜਿਆਰਾ । ਸਤਿਜੁਗ ਸਾਚੀ ਨੀਂਹ ਧਰ, ਅੰਮ੍ਰਿਤ ਦੇਵੇ ਠੰਡੀ ਧਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਮੋਲਾ ਸਾਚਾ ਤੋਲਾ, ਆਪ ਚਲਾਏ ਵਿਚ ਸੰਸਾਰਾ । ਸੰਤ ਮਨੀ ਸਿੰਘ ਵਡਾ ਦਾਤਾ । ਮਿਲਿਆ ਮੇਲ ਪੁਰਖ ਬਿਧਾਤਾ । ਨਾਮ ਚੜ੍ਹਾਇਆ ਸਾਚਾ ਤੇਲ, ਸ਼ਬਦ ਦਿੱਤੀ ਸਾਚੀ ਦਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਪੁੱਛੇ ਮਾਤ ਵਾਤਾ । ਅੰਤਮ ਵੇਲਾ ਆਏ ਢੁਕ । ਰਾਓ ਰੰਕਾਂ ਹਰਿ ਜੀ ਪੜਦਾ ਦੇਵੇ ਚੁੱਕ । ਬੇਮੁਖਾਂ ਮੁਖ ਪਾਏ ਥੁੱਕ । ਜੋਤੀ ਜੋਤ ਸਰੂਪ ਹਰਿ, ਆਪੇ ਖੋਲ੍ਹੇ ਸਾਚਾ ਦਰ, ਕਿਸੇ ਕੋਲੋਂ ਨਾ ਸਕੇ ਰੁਕ । ਗੁਰ ਗੋਬਿੰਦ ਤੇਰਾ ਭਾਰਾ । ਪ੍ਰਭ ਅਬਿਨਾਸ਼ੀ ਲਾਹੇ ਸਾਰਾ । ਅੰਤਮ ਕਲ ਪ੍ਰਗਟ ਹੋਏ, ਘਨਕਪੁਰ ਵਾਸੀ ਦੇਸ ਮਝਾਰਾ । ਜੋਤ ਸਰੂਪੀ ਕੀਆ ਭੇਸ, ਨਰ ਨਰਾਇਣ ਨਾ ਕੋਈ ਜਾਣੇ ਜੀਵ ਗਵਾਰਾ । ਸਤਿ ਪੁਰਖ ਸਦਾ ਆਦੇਸ, ਆਦਿ ਅੰਤ ਜੁਗਾ ਜੁਗੰਤ ਮਾਤ ਬੰਨ੍ਹੇ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰਾ । ਸੰਤ ਮਨੀ ਸਿੰਘ ਸਿਰ ਤੇਰੇ ਤਾਜ । ਪੂਰ ਕਰਾਏ ਪ੍ਰਭ ਸਾਚਾ ਕਾਜ । ਧੁਰਦਰਗਾਹੀ ਸਾਚਾ ਮਾਹੀ, ਦੁੱਖ ਦਲਿਦ੍ਰ ਰੋਗ ਸੋਗ ਕਟੇ ਆਜ । ਜਗਤ ਸਾਜਨਾ ਹਰਿ ਜੀ ਸਾਜੇ, ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰੀ, ਬੇਮੁਖ ਮਾਰੇ ਹਰਿ ਨਿਰੰਕਾਰੀ, ਤੇਰੀ ਰੱਖੇ ਅੰਤਮ ਲਾਜ । ਗੁਰ ਸੰਗਤ ਤੇਰੀ ਵਡ ਵਡਿਆਈ । ਕਿਲ੍ਹੇ ਲਾਲ ਚਰਨ ਛੁਹਾਈ । ਪ੍ਰਭ ਅਬਿਨਾਸ਼ੀ ਕਰੇ ਪ੍ਰਿਤਪਾਲ, ਅੰਤਮ ਵੇਲੇ ਹੋਏ ਸਹਾਈ । ਜੋਤੀ ਜੋਤ ਸਰੂਪ

੫੪੩ ੦੪

ਹਰਿ, ਸਾਚੇ ਧਾਮ ਰਾਮ ਰਮਈਆ । ਅੰਤਮ ਮੇਲ ਆਪ ਮਿਲਾਈ । ਸੰਗਤ ਸਾਚੀ ਨਾਲ ਰਖਾਉਣਾ । ਪ੍ਰਭ ਅਬਿਨਾਸ਼ੀ ਲੇਖੇ ਲਾਉਣਾ, ਅੱਸੂ ਤਿੰਨ ਡੰਨ ਲਗਾਉਣਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਏ ਕਾਜ ਵੇਖ ਸਾਜ ਸਾਚੇ ਦਰ ਹਰਿ ਬਹਾਉਣਾ । ਸੰਗਤ ਮਿਲਿਆ ਸਾਚਾ ਰਾਹ । ਪ੍ਰਭ ਅਬਿਨਾਸ਼ੀ ਜਗਤ ਮਲਾਹ । ਜਮ ਕੀ ਫਾਸੀ ਦੇਵੇ ਲਾਹ । ਪੁਰਖ ਅਬਿਨਾਸ਼ੀ ਦੇਵੇ ਠੰਡੀ ਛਾਂ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੇਵਾ ਇਕ ਖੁਆਏ ਕੋਈ ਨਾ ਅੱਗੋਂ ਕਰੇ ਨਾ । ਅੰਮ੍ਰਿਤ ਧਾਰਾ ਆਤਮ ਸੀਰਾ । ਗੁਰਮੁਖ ਦੇਵੇ ਕਰ ਪਿਆਰਾ । ਕਾਇਆ ਛਾਣੇ ਮੰਦਰ ਤੇਰਾ । ਆਪੇ ਪਾਏ ਹਰਿ ਜੀ ਸਾਰਾ, ਲੋਕਮਾਤ ਨਾ ਹੋਏ ਵਹੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਗੁਰਮੁਖ ਸੰਤ ਪਿਆਰਿਆ, ਹਰਿ ਚਰਨ ਦੁਲਾਰਿਆ, ਸ਼ਬਦ ਬੰਨ੍ਹੇ ਸਿਰ ਸਾਚਾ ਚੀਰਾ । ਸਾਚਾ ਚੀਰਾ ਸਿਰ ਰਖਾਏ । ਨਾਮ ਹੀਰਾ ਵਿਚ ਟਿਕਾਏ । ਪੀਰਨ ਪੀਰਾ ਦਇਆ ਕਮਾਏ । ਅੰਮ੍ਰਿਤ ਸੀਰਾ ਸਚ ਪਿਆਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਲ੍ਹੇ ਲਾਲ ਗੜ੍ਹੀ ਚਮਕੌਰ ਤੇਰਾ ਲੇਖਾ ਪੂਰਾ ਅੱਜ ਕਰਾਏ । ਚੋਬਦਾਰ ਪ੍ਰਭ ਧਾਰ ਵੇਸੇ । ਪੁਰਖ ਅਬਿਨਾਸ਼ੀ ਨਰ ਨਰੇਸ਼ੇ । ਦੋ ਜਹਾਨਾਂ ਵਾਲੀ ਹੱਥੋਂ ਖਾਲੀ, ਨਾ ਕੋਈ ਰੰਗ ਰੂਪ ਨਾ ਰੇਖੇ । ਲੋਕਮਾਤ ਚਾਰ ਕੁੰਟ ਕਰੇ ਰੁਸ਼ਨਾਈ, ਵਿਚ ਅੰਧ ਕੂਪ, ਗੁਰ ਸੰਗਤ ਸਾਰੀ ਹਰਿ ਜੀ ਵੇਖੇ । ਏਕਾ ਨੂਰ ਦੱਸੇ ਜੋਤ ਸਰੂਪ, ਪਹਿਲੀ ਵਾਰੀ ਚੋਬਦਾਰ ਹਰਿ ਨਿਰੰਕਾਰ, ਗੁਰ ਸੰਗਤ ਬੈਠੀ ਅੱਧਵਿਚਕਾਰ, ਆਪੇ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤ ਆਦਿ ਅੰਤ ਆਪੇ ਜਾਣੇ ਆਪਣੀ ਧਾਰ । ਆਪਣੀ ਧਾਰ ਜਾਣੇ ਹਰਿ ਭਗਵਾਨਾ । ਏਕਾ ਪਹਿਨੇ ਲਾਲ ਬਾਣਾ । ਗੁਰਮੁਖਾਂ ਦੇਵੇ ਸਾਚੀ ਮਤ ਧੀਰਜ ਯਤ, ਸੋਹੰ ਸ਼ਬਦ ਭੁੱਲ ਨਾ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਹੋਏ ਸਹਾਏ, ਸਚ ਵਾੜ ਆਪ ਕਰਾਨਾ । ਸਾਚੀ ਦਰਗਹਿ ਹਰਿ ਮਾਣ ਦਵਾਨਾ । ਜੀਵ ਕਿਉਂ ਭੁੱਲੇ ਗੁਣ ਨਿਧਾਨਾ । ਗੁਰਮੁਖ ਸਾਚਾ ਪੂਰੇ ਤੋਲ ਤੁਲੇ, ਆਤਮ ਜੋਤੀ ਤੇਜ ਪ੍ਰਕਾਸ਼ੀ ਕੋਟਨ ਭਾਨਾ । ਪ੍ਰਗਟ ਹੋਏ ਘਨਕਪੁਰ ਗੁਰ ਸੰਗਤ ਬਣਾਏ ਚਰਨ ਦਾਸੀ, ਕਿਲ੍ਹੇ ਲਾਲ ਝੁਲਦਾ ਰਹੇ ਲਾਲ ਨਿਸ਼ਾਨਾ । ਵਾਲੀ ਹਿੰਦ ਦਰ ਦਵਾਰ । ਅੱਸੂ ਤਿੰਨ ਦਿਵਸ ਵਿਚਾਰ । ਕਰੇ ਖੇਲ ਹਰਿ ਨਿਰੰਕਾਰ । ਗੁਰੂਆਂ ਪੀਰਾਂ ਪਾਏ ਸਾਰ । ਤੇਰੀ ਫੇਰ ਆਏ ਵਾਰ । ਆਪੇ ਲਿਖੇ ਤੇਰੇ ਲੇਖ, ਨੈਣ ਖੋਲ੍ਹ ਲੈਣਾ ਵੇਖ ਜੋਤ ਜਗੇ ਕਿਸ ਪ੍ਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਦੇਸ ਮਾਝੇ ਜੋਤ ਧਰ, ਪ੍ਰਗਟ ਹੋਏ ਵਿਚ ਸੰਸਾਰ । ਨੂਰੀ ਜੋਤ ਨੂਰ ਨਿਰਾਲਾ । ਪਾਇਆ ਗਲ ਲਾਲ ਦੁਸ਼ਾਲਾ । ਜਗਤ ਅਵਲੜੀ ਚਲੇ ਚਾਲਾ । ਗੁਰਮੁਖ ਸਾਚੇ ਲਾਲ, ਕਿਰਪਾ ਕਰੇ ਹਰਿ ਗੋਪਾਲਾ । ਗਊ ਗਰੀਬ ਨਿਮਾਣਿਆਂ ਸਦਾ ਸਦਾ ਸਦ ਕਰੇ ਪ੍ਰਿਤਪਾਲ, ਲੋਕਮਾਤ ਜਿਉਂ ਕ੍ਰਿਸ਼ਨਾ ਕਾਹਨਾ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ ਦਰ ਘਰ ਸਾਚੇ ਦੇਵੇ ਮਾਣਾ । ਕ੍ਰਿਸ਼ਨ ਮੁਰਾਰਾ ਖੇਲ ਅਪਾਰਾ, ਮਾਰੇ ਜੀਵ ਜੰਤ ਹੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਗਊ ਗਰੀਬ ਨਿਮਾਣਿਆਂ, ਪਾਉਂਦਾ ਰਹੇ ਸਦ ਮਾਤ ਸਾਰਾ । ਰਾਮ ਅਵਤਾਰ ਵਡ ਬਲਕਾਰੀ । ਕਰੇ ਖੇਲ ਅੰਤਮ ਵਾਰੀ । ਰਾਵਣ ਦੁਸ਼ਟ ਦਏ ਸੰਘਾਰੀ । ਧਰਮੀ ਭਬੀਖਣ ਰਾਜ ਦਰਬਾਰੀ । ਸਰਨ ਆਇਆ ਗਿਰਵਰ ਗਿਰਧਾਰੀ । ਚਰਨ ਲਾਇਆ ਕਿਰਪਾ ਧਾਰੀ । ਜੋਤੀ ਜੋਤ ਸਰੂਪ ਹਰਿ, ਆਦਿ


੫੪੪ ੦੪

ਅੰਤ ਜੁਗਾ ਜੁਗੰਤ, ਜਨ ਭਗਤਾਂ ਰਿਹਾ ਪੈਜ ਸਵਾਰੀ । ਮਦਿਰਾ ਮਾਸ ਰਸਨ ਤਜਾਵਣੀ । ਪੂਰ ਕਰੇ ਪ੍ਰਭ ਸਾਚਾ ਭਾਵਨੀ । ਸਾਚੀ ਰੁੱਤ ਘੜੀ ਸੁਹੰਵਣੀ , ਲੋਕਮਾਤ ਫੇਰ ਨਾ ਆਵਣੀ । ਜਗੀ ਜੋਤ ਮਾਤ ਨਿਰੰਜਣ, ਸਾਚੀ ਜੋਤੀ ਆਪ ਜਗਾਵਣੀ । ਚਰਨ ਧੂੜ ਕਰੇ ਇਸ਼ਨਾਨ, ਜਨਮ ਜਨਮ ਮੈਲ ਪ੍ਰਭ ਦਰ ਲਾਹਵਣੀ । ਦਰ ਘਰ ਸਾਚੇ ਮਿਲੇ ਮਾਣ, ਲਗੀ ਪ੍ਰੀਤੀ ਤੋੜ ਨਿਭਾਵਣੀ । ਮਿਲੇ ਮੇਲ ਹਰਿ ਭਗਵਾਨ, ਸੋਹੰ ਰਾਗ ਸਚ ਸ਼ਬਦ ਲੋਕਮਾਤ ਸੁਣਾਵਣੀ । ਗੁਰ ਪੂਰਾ ਪੂਰ ਕਰਾਏ ਭਾਵਨੀ । ਜਗਤ ਵਿਕਾਰਾ ਦੇਣਾ ਤੱਜ । ਸਾਚੀ ਸੇਜਾ ਚੜ੍ਹਨਾ ਭੱਜ । ਅੰਮ੍ਰਿਤ ਪੀਣਾ ਪ੍ਰਭ ਦਰ ਘਰ ਸਾਚੇ ਰੱਜ । ਪੁਰਖ ਅਬਿਨਾਸ਼ੀ ਆਤਮ ਸੇਜਾ ਰਿਹਾ ਸਜ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਪੇ ਪੜਦੇ ਲਏ ਕੱਜ । ਮਤ ਮਨ ਬੁਧ, ਸਤਿ ਸਰੂਪੀ ਪ੍ਰਭ ਕਰੇ ਸੁੱਧ । ਨਿਰਮਲ ਅਕਾਰ ਜੋਤ ਨਿਰੰਕਾਰ, ਸ਼ਬਦ ਅਸਵਾਰ ਪਵਣ ਅਧਾਰ, ਪੰਚਾਂ ਤੱਤਾਂ ਸੱਚਾ ਯੁੱਧ । ਜੋਤੀ ਜੋਤ ਸਰੂਪ ਹਰਿ, ਕਿਰਪਾ ਆਪਣੀ ਦੇਵੇ ਕਰ, ਸਾਚਾ ਗੁਰਮੁਖ ਜਾਏ ਤਰ, ਸ਼ਬਦ ਘੋੜੇ ਆਪ ਚੜ੍ਹਾਏ, ਗੁਰਮੁਖ ਸਾਚਾ ਬਹੇ ਕੁੱਦ । ਏਕਾ ਰੱਖਣਾ ਚਰਨ ਧਿਆਨ । ਦੇਵੇ ਦਰਸ ਹਰਿ ਭਗਵਾਨ । ਆਤਮ ਜੋਤੀ ਬ੍ਰਹਮ ਗਿਆਨ । ਦੁਰਮਤ ਮੈਲ ਜਾਏ ਧੋਤੀ, ਭਰਮ ਭੁਲੇਖੇ ਝੂਠੇ ਲੇਖੇ ਸਰਬ ਮਿਟ ਜਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਵਿਸ਼ਨੂੰ ਭਗਵਾਨ ਸਤਿਗੁਰ ਮੀਤਾ । ਗੁਰਮੁਖਾਂ ਕਾਇਆ ਕਰੇ ਠੰਡੀ ਸੀਤਾ । ਅੱਠੇ ਪਹਿਰ ਦਿਵਸ ਰੈਣ ਰਾਹ ਸਾਚਾ ਦੱਸੇ, ਪਰਖੇ ਨੀਤਾ । ਵਿਸ਼ੇ ਵਿਕਾਰਾਂ ਚਰਨਾਂ ਹੇਠ ਝੱਸੇ, ਰਸ ਰਸਨ ਜਗਤ ਵਿਕਾਰੀ ਨੱਸੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਤੀਰ ਏਕਾ ਕਸੇ । ਚਰਨ ਕਵਲ ਪ੍ਰਭ ਸਾਚਾ ਲੋੜੇ । ਪ੍ਰਭ ਅਬਿਨਾਸ਼ੀ ਕਦੇ ਨਾ ਮੋੜੇ । ਕਲਜੁਗ ਅੰਤਮ ਵੇਲਾ ਵਕਤ ਦੁਹੇਲਾ, ਗੁਰਸਿਖ ਆਤਮ ਕਦੇ ਨਾ ਕੌੜੇ । ਗੁਰ ਸੰਗਤ ਮੇਲਾ ਹਰਿ ਦਵਾਰੇ, ਅੰਤ ਸਹਾਈ ਪ੍ਰਭ ਸਾਚਾ ਬਹੁੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸ਼ਬਦ ਘੋੜੇ । ਸ਼ਬਦ ਘੋੜੇ ਜਾਣਾ ਚੜ੍ਹ । ਅੰਦਰ ਸਾਚੇ ਜਾਣਾ ਵੜ । ਪ੍ਰਭ ਅਬਿਨਾਸ਼ੀ ਆਪੇ ਫੜੇ ਜਨ ਭਗਤਾਂ ਲੜ । ਸ਼ਬਦ ਉਡਾਰੀ ਇਕ ਲਗਾਏ, ਆਪ ਆਪਣੀ ਦਇਆ ਕਮਾਏ, ਕੋਈ ਨਾ ਰੋਕੇ ਕਿਲ੍ਹਾ ਗੜ੍ਹ । ਜੋਤੀ ਜੋਤ ਸਰੂਪ ਹਰਿ, ਪ੍ਰਭ ਅਬਿਨਾਸ਼ੀ ਦਰ ਦਰਬਾਨ ਮਿਹਰਬਾਨ, ਆਤਮ ਦਰ ਰਿਹਾ ਖੋਲ੍ਹ, ਸਚ ਦਰਬਾਰ ਹਰਿ ਸੁਲਤਾਨ । ਗੁਰ ਸੰਗਤ ਪ੍ਰਭ ਦੇਵੇ ਮਾਣ । ਪੁਰਖ ਅਬਿਨਾਸ਼ੀ ਨਿਗਹਬਾਨ । ਚਤਰਭੁਜ ਸ੍ਰੀ ਭਗਵਾਨ, ਭੇਵ ਖੁਲ੍ਹਾਏ ਮਾਤ ਗੁਝ, ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਨਿਹਕਲੰਕ ਨਰਾਇਣ ਨਰ, ਵਡ ਦਾਤਾ ਬਲੀ ਬਲਵਾਨ । ਗੁਰ ਸੰਗਤ ਖੜ੍ਹੀ ਬਣ ਭਿਖਾਰ । ਮੰਗਣ ਵਾਰੋ ਵਾਰ । ਦੇਵਣਹਾਰ ਇਕ ਦਾਤਾਰ । ਲੋਕਮਾਤ ਜਾਮਾ ਪਾਏ, ਧਰਤ ਮਾਤ ਸੁਣ ਪੁਕਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਚਵੀਆਂ ਅਵਤਾਰ ।

### ✻ ੩ ਅੱਸੂ ੨੦੧੧ ਬਿਕ੍ਰਮੀ ਨਵੀਂ ਦਿੱਲੀ ਲਛਮਣ ਸਿੰਘ, ਦਰਸ਼ਨ ਸਿੰਘ ਦੇ ਗ੍ਰਹਿ ✻

ਭੇਖ ਰੂਮ ਸ਼ਾਹ ਮੁਲਾਨਾ ਨਿਰੰਕਾਰ । ਸੋਹਣਾ ਕੀਆ ਤਨ ਸ਼ਿੰਗਾਰ । ਧਰਤ ਮਾਤ ਸੁਹਾਈ ਸੀਸ ਗੁੰਦਾਇਆ ਪੁਰਖ ਅਪਾਰ । ਨੈਣ ਨਾਈ

੫੪੫ ੦੪

੫੪੬
੦੪

ਨਾ ਕੋਈ ਰਖਾਇਆ, ਮੇਢੀ ਗੁੰਦੇ ਵਾਰੋ ਵਾਰ । ਜੋਤੀ ਜੋਤ ਸਰੂਪ ਹਰਿ, ਫੂਲਨ ਕਰੇ ਤਨ ਸ਼ਿੰਗਾਰ । ਕੱਜਲ ਪਾਇਆ ਸੋਹਣਾ ਸੱਜਣ ਮਾਤ ਆਇਆ । ਪੜਦੇ ਕੱਜਣ ਹਰਿ ਜੀ ਆਇਆ । ਧਰਮ ਦਮਾਮੇ ਸਾਚੇ ਵੱਜਣ, ਸ਼ਬਦ ਡੰਕ ਇਕ ਲਿਆਇਆ । ਰਾਜੇ ਰਾਣੇ ਝੂਠੇ ਭੱਜਣ, ਧਰਮ ਯੁੱਧ ਨਾ ਕਿਸੇ ਕਰਾਇਆ । ਜੋਤੀ ਜੋਤ ਸਰੂਪ ਹਰਿ, ਫੂਲਨ ਸਿਹਰਾ ਸੀਸ ਸਜਾਇਆ । ਹਾਰ ਸ਼ਿੰਗਾਰ ਹਰਿ ਨਿਰੰਕਾਰ । ਫੁੱਲ ਫੁਲਵਾੜੀ ਮਾਤ ਗੁਲਜ਼ਾਰ । ਸਤਿ ਅਖਾੜੀ ਧਰਮ ਦਵਾਰ । ਚਰਨ ਛੁਹਾਏ ਗੰਜ ਪਹਾੜ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਨਵੇਂ ਉਨਾਨਵੇਂ ਘਰ ਵਿਚਾਰ । ਗਲੀ ਵਿਚਾਰੇ ਹਰਿ ਜੀ ਸੱਤ । ਜਨ ਭਗਤਾਂ ਰਖਣ ਆਇਆ ਪਤ । ਅੰਮ੍ਰਿਤ ਸਾਚਾ ਦੇਵੇ ਸੀਰ, ਹੱਥ ਨਾ ਆਵੇ ਕਿਸੇ ਤੀਰਥ ਤਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਨਵੇਂ ਉਨਾਨਵੇਂ ਘਰ ਵਿਚਾਰ, ਜੋਤੀ ਜੋਤ ਸਰੂਪ ਹਰਿ, ਫੂਲਨ ਹਾਰ ਤਨ ਸ਼ਿੰਗਾਰ, ਸੋਹਣਾ ਸੁੰਦਰ ਆਤਮ ਪਟ । ਰੂਮੇ ਸ਼ਾਹ ਹਰਿ ਸੁਲਤਾਨ । ਉਠੇ ਵੇਖੇ ਮਾਰ ਧਿਆਨ । ਝੁਲਦਾ ਕਿੱਥੇ ਧਰਮ ਨਿਸ਼ਾਨ । ਨਿਹਕਲੰਕ ਕਲ ਜਾਮਾ ਪਾਇਆ, ਸ਼ਬਦ ਚੜ੍ਹਾਏ ਇਕ ਬਬਾਣ । ਨਾਥ ਤ੍ਰੈਲੋਕੀ ਹਰਿ ਰਘੁਰਾਇਆ, ਵੇਖ ਵਖਾਣੇ ਰਾਜ ਰਾਜਾਨ । ਸ਼ਬਦ ਡੰਕ ਸੱਚਾ ਲਾਇਆ, ਕੂੜ ਕੁੜਿਆਰੇ ਸਰਬ ਮਿਟ ਜਾਣ । ਸੱਚਾ ਇਕ ਦਵਾਰ ਖੁਲ੍ਹਾਇਆ । ਰਾਜੇ ਰਾਣੇ ਚਰਨੀ ਡਿੱਗਣ ਆਣ । ਅੱਸੂ ਤਿੰਨ ਦਿਵਸ ਸੁਹਾਇਆ, ਪ੍ਰਭ ਅਬਿਨਾਸ਼ੀ ਧੁਰ ਦੀ ਬਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਖੇਲ ਰਚਾਇਆ, ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ, ਕਿਲ੍ਹਾ ਲਾਲ ਉਚ ਦੀਵਾਰ । ਪ੍ਰਭ ਅਬਿਨਾਸ਼ੀ ਪਾਈ ਸਾਰ । ਚਾਰ ਕੁੰਟਾਂ ਉਠ ਉਠ ਵੇਖੇ, ਨੇਤਰ ਪੇਖੇ ਵਾਰੋ ਵਾਰ । ਭਰਮ ਭੁਲਾ ਜਗਤ ਭੁਲੇਖੇ, ਮਾਇਆ ਪਾਈ ਹਰਿ ਕਰਤਾਰ । ਦਰ ਘਰ ਸਾਚੇ ਆਪ ਲਿਖਾਏ ਭਗਤਨ ਲੇਖੇ, ਨਾ ਕੋਈ ਕੀਆ ਮਾਤ ਉਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਫੂਲਨ ਕੀਆ ਤਨ ਸ਼ਿੰਗਾਰ । ਸ਼ਾਹ ਰੂਮ ਉਠੇ ਜਾਗੇ । ਕਵਣ ਬੁਝਾਏ ਤ੍ਰਿਸ਼ਨਾ ਆਗੇ । ਕੋਈ ਨਾ ਫੜੇ ਅੰਤਮ ਵਾਗੇ । ਨੇਤਰ ਖੋਲ੍ਹੇ ਸਰਬ ਘਰ ਬੋਲੇ, ਪੂਰੇ ਤੋਲ ਤੋਲੇ, ਕਿਥੇ ਮਿਲਦੇ ਮੌਲੀ ਧਾਗੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੂਲਨ ਸਿਹਰਾ ਸਿਰ ਸਜਾਇਆ, ਸ਼ਾਹ ਰੂਮਾ ਭੇਖ ਵਟਾਇਆ, ਚਿੱਟੇ ਅਸਵ ਹੋ ਅਸਵਾਰ, ਆਪ ਸੁਹਾਏ ਸਾਚੇ ਤਾਜੇ । ਜੋ ਦਿਸੇ ਜ਼ਿਮੀ ਖ਼ੁਦਾਈ ਨੂਰਾ । ਅੰਮ੍ਰਿਤ ਧਾਰ ਪੀਣੀ, ਜੋਤੀ ਕੋਹਤੂਰਾ । ਗਣਤ ਨਾ ਜਾਏ ਗਿਣੀ, ਜ਼ੱਰਾ ਜ਼ੱਰਾ ਹਰਿ ਭਰਪੂਰਾ । ਚੁਗਲੀ ਨਿੰਦਿਆ ਨਾ ਕੰਨ ਸੁਣੀ, ਫੂਲਨਹਾਰ ਸਿਰ ਬੱਧਾ ਚੀਰਾ । ਸ਼ਾਹ ਰੂਮ ਹੁਕਮ ਸਰਕਾਰ । ਪਹਿਲਾਂ ਕਰੇ ਤਨ ਸ਼ਿੰਗਾਰ । ਇਕ ਸੌ ਇਕਵੰਜਾ ਫੂਲਨਹਾਰ । ਬਵੰਜਵਾਂ ਛਤਰ ਹਰਿ ਚੋਬਦਾਰ । ਫੂਲਨ ਟੋਪੀ ਸੇਲੀ ਗਲ ਤਨ ਸ਼ਿੰਗਾਰ । ਪੰਝੀ ਪੰਝੀ ਵੰਡ ਕਰਾਏ, ਭੁਜਾ ਲਟਕਾਏ ਸਾਚੇ ਹਾਰ । ਜੋਤੀ ਜੋਤ ਸਰੂਪ ਹਰਿ, ਨੂਰੀ ਯਸੂ ਇਕ ਵਾਰ ਦਿਤਾ ਰਾਜ ਇਕ ਅਪਾਰ । ਰੂਮਾ ਸ਼ਾਹ ਰਿਹਾ ਬਿਰਾਜ । ਚੋਬਦਾਰ ਮਾਰੇ ਆਵਾਜ਼ । ਮਾਤਲੋਕ ਲਿਆਏ ਫੂਲਨ ਤਾਜ । ਉਠੇ ਸ਼ਾਹ ਲਾਜਨ ਲਾਜ । ਤਨ ਸ਼ਿੰਗਾਰੇ ਵੇਖ ਵਿਚਾਰੇ ਕੀ ਹੁਕਮ ਕਰਨਾ ਆਜ । ਜੋਤੀ ਜੋਤ ਸਰੂਪ ਹਰਿ, ਸਭ ਸਾਜਨਾ ਰਿਹਾ ਸਾਜ । ਆਸਣ ਛੱਡੇ ਸਚ ਸੁਲਤਾਨਾ । ਦੋਏ ਜੋੜ ਕਰੇ ਧਿਆਨਾ । ਖ਼ੁਦੀ ਖ਼ੁਦਾਈ ਦੇਣੀ ਮਾਰ, ਰਹਿਮਤ ਰਹਿਮਾਨ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਰੂਮੇ ਸ਼ਾਹ ਦਿਤਾ ਸੱਚਾ ਹਰਿ ਇਕ ਪ੍ਰਵਾਨਾ । ਇਕ ਪ੍ਰਵਾਨਾ ਲਿਖਿਆ ਲੇਖ । ਗੁਰਮੁਖਾਂ ਨੇਤਰ ਲੈਣਾ ਪੇਖ । ਮਾਦਰੇ

ਬ੍ਰਿੰਦਸੀ ਧਰਿਆ ਭੇਖ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰੇ ਸਾਚੀ ਮੇਖ । ਆਏ ਦਰ ਲਏ ਪ੍ਰਵਾਨਾ । ਵਾਹ ਵਾਹ ਲਿਖਿਆ ਲੇਖ ਵਿਸ਼ਨ ਮਿਹਰਬਾਨਾ । ਮਰੀਆ ਪੂਤ ਗੁਣ ਨਿਧਾਨਾ । ਪਿਤਾ ਨਾ ਦਿਸੇ ਕੋਈ ਜਹਾਨਾ । ਧੁਰਦਰਗਾਹੀ ਲਿਖਿਆ ਲੇਖ, ਅੰਤਮ ਪ੍ਰਗਟੇ ਨਿਹਕਲੰਕ ਬਲੀ ਬਲਵਾਨਾ । ਜੋਤੀ ਜੋਤ ਸਰੂਪ ਹਰਿ, ਦੂਰ ਦੁਰਾਡੇ ਅੱਡੋ ਆਡੇ ਨਾੜੀ ਬਲੋਏ ਕਰੇ ਸਰਬ ਪਛਾਨਾ । ਰਾਜ ਜੋਗ ਅੰਮ੍ਰਿਤ ਰਸ ਭੋਗ । ਪ੍ਰਭ ਚਰਨ ਦਵਾਰੇ ਸਚ ਸੰਜੋਗ । ਪੁਰਖ ਅਬਿਨਾਸ਼ੀ ਘਨਕਪੁਰ ਵਾਸੀ ਚਰਨ ਕਵਲਾਰੇ । ਸਚ ਪ੍ਰਕਾਸ਼ ਅੰਧੇਰ ਵਿਨਾਸ, ਮਧੁਰ ਰਸ ਰਾਸ ਹਰਿ ਗੁਣ ਰਸਨਾਰੇ । ਪਵਣ ਸਵਾਸ ਸ਼ਬਦ ਅਭਿਆਸ, ਨਿਜ ਆਤਮ ਵਾਸ ਕਰੇ ਬੰਦ ਖ਼ਲਾਸ ਚੁਰਾਸੀ ਗੇੜ ਕਟਾਰੇ । ਹੋਏ ਦਾਸਨ ਦਾਸ ਕਰ ਮਾਝੇ ਵਾਸ । ਸਦ ਵਸੇ ਪਾਸ ਵਿਸ਼ਨੂੰ ਭਗਵਾਨੇ । ਮਾਤ ਪਤਾਲ ਅਕਾਸ਼, ਜੋਤੀ ਮੰਡਲ ਸਾਚੀ ਰਾਸ, ਹਰਿ ਨਰਪਤਿ ਸਾਚਾ ਕਮਲਾਰੇ । ਕਮਲਾਪਤ ਜਗਤ ਉਜਿਆਰਾ । ਜੋਤੀ ਜਾਮਾ ਸ਼ਬਦ ਦਮਾਮਾ ਸਾਚਾ ਮਾਨਾ ਵਿਚ ਸੰਸਾਰਾ । ਅੰਮ੍ਰਿਤ ਦੇਵੇ ਸਾਚਾ ਜਾਮਾ, ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਭੇਖ ਕਰ, ਨਾ ਕੋਈ ਵਖਾਣੇ ਕ੍ਰਿਸ਼ਨਾ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ ਆਪ ਝੁਲਾਏ ਸਚ ਨਿਸ਼ਾਨਾ । ਸੱਤਾਂ ਦੀਪਾਂ ਰੱਖੇ ਆਣ । ਨੌਂ ਖੰਡ ਕਰੇ ਪਛਾਣ । ਸ਼ਬਦ ਚਲਾਏ ਰਸਨਾ ਖਿੱਚ ਤੀਰ ਕਮਾਨ । ਸ਼ਬਦ ਤੀਰ ਹਰਿ ਬਨਵਾਰ ਬੇਮੁਖਾਂ ਤੁੱਟੇ ਧੀਰ, ਕਲਜੁਗ ਵਕਤ ਅੰਤ ਅਖ਼ੀਰ, ਰਾਜਾ ਰਾਣਾ ਹੋਏ ਖੁਆਰ । ਸ਼ਾਹ ਸੁਲਤਾਨ ਲੱਥੇ ਚੀਰ ਮੱਥੇ ਮਿਟੇ ਬਿਧਨਾ ਲਕੀਰ, ਕਾਇਆ ਮੰਡਲ ਹੋਏ ਵੈਰਾਨਾ । ਲੋਕਮਾਤੀ ਹੋਈ ਭੀੜ, ਘਨਕਪੁਰ ਵਾਸੀ ਬੱਧੀ ਬੀੜ, ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਦਿਵਸ ਸੁਹਾਨਾ । ਅੱਸੂ ਤਿੰਨ ਸੰਗ ਰਲਾਇਆ । ਸਾਚਾ ਰੰਗ ਇਕ ਚੜ੍ਹਾਇਆ । ਦਰ ਦਵਾਰਾ ਗਿਆ ਲੰਘ, ਕਿਲ੍ਹੇ ਲਾਲ ਚਰਨ ਛੁਹਾਇਆ । ਚਾਰ ਕੁੰਟ ਦਿਸੇ ਭੁੱਖ ਨੰਗ, ਸਚ ਦਾਨ ਕਿਸੇ ਹੱਥ ਨਾ ਆਇਆ । ਚਿੱਟੇ ਅਸਵ ਕਸ ਤੰਗ, ਸ਼ਬਦ ਸਰੂਪੀ ਕਰੇ ਜੰਗ, ਦਰ ਦਰਵਾਜ਼ਿਉਂ ਬਾਹਰ ਆਇਆ । ਰਾਜੇ ਰਾਣੇ ਦਏ ਟੰਗ । ਸ਼ਬਦ ਚੜ੍ਹਾਏ ਸਾਚੀ ਕੰਗ, ਨਾਮ ਵਜਾਏ ਇਕ ਮਰਦੰਗ । ਭੰਨੇ ਜੀਵ ਕਾਚੀ ਵੰਗ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨਿਭਾਇਆ ਆਪਣਾ ਸੰਗ । ਗੁਰ ਸੰਗਤ ਸਾਚੀ ਸੰਗ ਰਲਾਈ । ਰੰਗ ਰੰਗ ਪ੍ਰਭ ਵਡ ਪ੍ਰਤਾਪ ਆਪਣਾ ਆਪ ਹੋਏ ਸਹਾਈ ਸਭਨੀ ਥਾਈਂ । ਮਾਰਨ ਆਇਆ ਤੀਨੋ ਤਾਪ, ਆਪੇ ਮਾਈ ਆਪੇ ਬਾਪ, ਸੋਹੰ ਦੱਸੇ ਸਾਚਾ ਜਾਪ, ਸਾਚੀ ਰੁੱਤ ਆਪ ਸੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਲ੍ਹੇ ਲਾਲ ਤੇਰਾ ਸ਼ਬਦ ਦਲਾਲ ਤੇਰਾ ਵਾਲੀ ਹਿੰਦ ਦਏ ਜਗਾਈ । ਸਾਚਾ ਸ਼ਬਦ ਹਰਿ ਰਖਵਾਣਾ । ਧਰਮ ਦਲਾਲ ਵਿਚ ਬਣਾਵਣਾ । ਹੱਕ ਜਲਾਲ ਇਕ ਵਖਾਵਣਾ । ਸ਼ਬਦ ਤਾਲ ਤਨ ਵਜਾਵਣਾ । ਅੰਮ੍ਰਿਤ ਤਾਲ ਸਚ ਸੁਹਾਵਣਾ । ਕਾਇਆ ਬੂਟਾ ਇਕ ਪਾਲ, ਮਾਨਸ ਦੇਹੀ ਫਲ ਲਗਾਵਣਾ । ਦੀਪਕ ਜੋਤੀ ਸਾਚਾ ਬਾਲ, ਵਾਲੀ ਹਿੰਦ ਫੜ ਉਠਾਵਣਾ । ਆਪ ਅਵਲੜੀ ਚਲੇ ਚਾਲ, ਸਦਾ ਸਦਾ ਬਖ਼ਸ਼ਿੰਦ ਆਪ ਅਖਵਾਵਣਾ । ਮਰੇ ਨਾ ਜੰਮੇ ਨਾ ਖਾਏ ਕਾਲ, ਰਾਓ ਰੰਕ ਸ਼ਾਹ ਸੁਲਤਾਨ ਵਿਚ ਜਹਾਨ ਬਾਹੋਂ ਪਕੜ ਆਪ ਉਠਾਵਣਾ । ਉਠਿਆ ਸਿੰਘ ਸ਼ੇਰ ਸ਼ੇਰ ਦਲੇਰ । ਰਾਜੇ ਰਾਣੇ ਲਏ ਘੇਰ । ਮਾਰੇ ਸ਼ਬਦ ਕਟਾਰੀ ਪਹਿਲੀ ਵਾਰੀ ਚਾਰ ਕੁੰਟ ਕਰੇ ਖੁਆਰੀ, ਕੋਈ ਨਾ ਕਰੇ ਮੇਰ ਤੇਰ । ਸ਼ਬਦ ਰੱਖੇ ਤਿੱਖੀ ਆਰੀ, ਕਰੇ ਚੀਰ ਧੜ ਦੋ ਫਾੜੀ,


੫੪੭
੦੪

ਬੇਮੁਖ ਜੀਆਂ ਕਿਸਮਤ ਮਾੜੀ ਹਉਮੇ ਵਿਚੋਂ ਕੱਢੇ ਪੀੜ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕਾ ਜੋਤ ਮਾਤ ਧਰ, ਧਰਤ ਮਾਤ ਤੇਰੀ ਬੰਨ੍ਹੇ ਸਾਚੀ ਬੀੜ । ਵਾਲੀ ਹਿੰਦ ਸਖੀ ਸੁਲਤਾਨਿਆ । ਪ੍ਰਗਟ ਹੋਇਆ ਹਰਿ ਵਡ ਮਿਹਰਬਾਨਿਆ । ਪੈਰ ਪਸਾਰ ਲੋਕਮਾਤ ਸੁੱਤਾ, ਦਰ ਆਏ ਵਾਲੀ ਦੋ ਜਹਾਨਿਆ । ਆਪ ਸੁਹਾਏ ਬਸੰਤੀ ਰੁੱਤਾ, ਫਲ ਲਗਾਏ ਸਾਚੇ ਡਾਹਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਆਏ ਚਲ ਸਚ ਦਵਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਭਗਤ ਉਧਾਰੇ ਸਾਗਰ ਸੰਸਾਰੇ । ਕਾਇਆ ਗਾਗਰ ਹੋਈ ਉਜਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਪਾਰ ਉਤਾਰੇ । ਕਿਲ੍ਹਾ ਲਾਲ ਚਾਰ ਦਿਵਾਰ ਅੰਦਰ ਗਿਆ ਹਰਿ ਕਰਤਾਰ । ਵੇਖ ਵਖਾਣੇ ਸਰਬ ਪਛਾਣੇ ਵਾਰੋ ਵਾਰੇ । ਸਾਚਾ ਲੇਖਾ ਆਪ ਲਿਖਾਏ ਭੇਖ ਵਟਾਏ, ਰਾਜੇ ਰਾਣੇ ਸਰਬ ਭੁਲਾਏ ਨਾ ਕੋਈ ਪਾਵੇ ਸਾਰ । ਗੁਰਮੁਖ ਸਾਚੇ ਪ੍ਰਭ ਆਪ ਜਪਾਏ, ਮਾਤ ਹਰਿ ਬਿਰਖ ਲਗਾਏ, ਆਤਮ ਤ੍ਰਿਸ਼ਨਾ ਤ੍ਰਿਖ ਮਿਟਾਏ ਪੂਰਨ ਵਡ ਭਾਗ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨ ਹਰਿ ਸੰਤ ਪਿਆਰਿਆ ਅੱਸੂ ਤਿੰਨ ਮਿਲਿਆ ਕੰਤ ਸੁਹਾਗ । ਦਰ ਮੰਦਰ ਸਾਚੇ ਵੇਖ ਵਖਾਣੇ । ਲੇਖ ਲਿਖਾਏ ਹਰਿ ਕੀ ਵਰਤੇ ਕਲਜੁਗ ਅੰਤਮ ਭਾਣੇ । ਵਾਲੀ ਹਿੰਦ ਨਾ ਭੁੱਲ ਨਿਧਾਨੇ । ਏਕਾ ਸਰਨ ਹਰਿ ਭਗਵਾਨੇ । ਵੇਲੇ ਅੰਤ ਸਰਬ ਪਛਤਾਨੇ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਨਾ ਕੋਈ ਜਾਣੇ ਜੀਵ ਨਿਧਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਇਆ । ਪ੍ਰਭ ਅਬਿਨਾਸ਼ੀ ਘਟ ਘਟ ਵਾਸੀ ਘਨਕਪੁਰ ਵਾਸੀ ਝੂਠੀ ਕਾਇਆ ਕਰੀ ਨਾਸ । ਜਨ ਭਗਤਾਂ ਹੋਇਆ ਸੱਚਾ ਦਾਸ । ਜੋਤ ਖੜੀ ਵਿਚ ਅਕਾਸ਼ । ਬਾਹਰ ਆਇਆ ਮਾਤ ਪ੍ਰਕਾਸ਼ । ਗੁਰਮੁਖ ਸਾਚੇ ਵਿਚ ਨਿਵਾਸ । ਚਾਰ ਵਰਨ ਨੌਂ ਖੰਡ ਪ੍ਰਿਥਮੀ ਕਰੇ ਵਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਇਕ ਏਕਾ ਏਕਾ ਇਕ ਵਖਾਏ ਸਾਚਾ ਘਰ, ਆਦਿ ਅੰਤ ਨਾ ਜਾਏ ਵਿਨਾਸ । ਆਇਆ ਆਦਿ ਪੁਰਖ ਅਪਾਰਾ, ਕਲਜੁਗ ਸੋਇਆ ਲਏ ਜਗਾਇਆ । ਸਿਰ ਸ਼ਬਦ ਡੰਡਾ ਲਾਏ ਭਾਰਾ, ਫੜ ਕੇ ਬਾਹੋਂ ਰਾਹੇ ਪਾਇਆ । ਜਮਨ ਕਿਨਾਰੇ ਚਰਨ ਛੁਹਾਇਆ । ਜੋਤ ਸਰੂਪੀ ਦਿਸ ਨਾ ਆਇਆ । ਨੌਂ ਖੰਡ ਪ੍ਰਿਥਮੀ ਪਾਏ ਵੰਡਾਂ, ਖੇਲ ਕਰੇ ਵਿਚ ਵਰਭੰਡਾਂ, ਨਾਰ ਸੁਹਾਗਣ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਜਨ ਭਗਤਾਂ ਆਤਮ ਵਿੰਨ੍ਹ, ਸੋਹੰ ਚਿੱਲੇ ਤੀਰ ਚੜ੍ਹਾਇਆ । ਸੋਹੰ ਚਿੱਲੇ ਚੜ੍ਹਿਆ ਤੀਰ । ਲਾਲ ਦਵਾਰੀ ਗਿਆ ਚੀਰ । ਅੰਦਰ ਵੜਿਆ ਹਿੰਦ ਵਾਲੀ ਪੀਰ ਦਸਤਗੀਰਾ ਕਲਜੁਗ ਅੰਤ ਅਖ਼ੀਰ । ਰਾਜੇ ਰਾਣਿਆਂ ਤੁੱਟੀ ਧੀਰ । ਆਤਮ ਲੱਥੇ ਮਾਤ ਚੀਰ । ਨਾ ਕੋਈ ਸਹਾਈ ਪੀਰ ਫ਼ਕੀਰ । ਏਕਾ ਨੂਰ ਅਲਾਹੀ ਧੁਰਦਰਗਾਹੀ ਸਚ ਸੁਲਤਾਨ ਵਡ ਮਿਹਰਬਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਲਏ ਬਚਾਈ । ਮਾਤ ਪਿਤ ਜੋ ਨਾਂ ਧਰਾਇਆ । ਕਰ ਜੁਗਤ ਪੁੱਤ ਪੂਤ ਉਪਜਾਇਆ । ਮਾਨਸ ਦੇਹੀ ਗਿਆ ਜਿੱਤ, ਝੂਠੀ ਕਾਇਆ ਦੇ ਤਜਾਇਆ । ਛੱਬੀ ਪੋਹ ਸਾਚੀ ਥਿਤ, ਮ੍ਰਿਤੂਲੋਕ ਦਿਸ ਨਾ ਆਇਆ । ਪੰਚਮ ਜੇਠੀ ਸਾਚਾ ਸੁਤ, ਪ੍ਰਗਟ ਹੋਏ ਜੋਤ ਬਲੋਏ ਪੁਰੀ ਘਨਕ ਡੰਕ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਮਾਤ ਪਾਇਆ । ਜੋਤੀ ਜਾਮਾ ਮਾਤ ਧਰ, ਪੂਰੇ ਕਾਜ ਰਿਹਾ ਕਰ । ਸੰਤ

ਮਨੀ ਸਿੰਘ ਲਿਖਿਆ ਵਰ । ਸਾਚੀ ਸਿੱਖਿਆ ਗੁਰ ਸ਼ਬਦ ਘਰ । ਦਰ ਮੰਗੀ ਸਾਚੀ ਭਿੱਖਿਆ, ਨਰ ਹਰਿ ਨਾਤਾ ਸਾਚਾ ਵਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਸਾਚੇ ਸੰਤ ਆਪ ਬਹਾਏ ਸਾਚੇ ਘਰ । ਸਤਿ ਪੁਰਖ ਹਰਿ ਚਤੁਰ ਸੁਜਾਨਾ । ਪੰਚਮ ਬੰਨ੍ਹੇ ਹੱਥੀਂ ਗਾਨਾ । ਝੁੱਲੇ ਛਤਰ ਇਕ ਨਿਸ਼ਾਨਾ । ਸੋਹੰ ਸਾਚਾ ਲੇਖ ਲਿਖਾਨਾ । ਤ੍ਰੈਲੋਕੀ ਨਾਥ ਸਗਲਾ ਸਾਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਗਲ ਸਮਗਰੀ ਸਾਚੀ ਰਾਸ । ਪੁਰਖ ਅਬਿਨਾਸ਼ੀ ਸਦ ਵਸੇ ਪਾਸ । ਘਨਕਪੁਰ ਵਾਸੀ ਨਾ ਹੋਏ ਉਦਾਸ । ਰਾਜੇ ਰਾਣੇ ਦੇਵਣ ਆਇਆ ਫਾਸੀ, ਮੇਟ ਮਿਟਾਏ ਮਦਿਰਾ ਮਾਸੀ, ਜਨ ਭਗਤਾਂ ਪੂਰਨ ਕਰੇ ਆਸ । ਮਾਣ ਗਵਾਏ ਵੇਦ ਪੁਰਾਨਾਂ ਪੰਡਤ ਕਾਸ਼ੀ, ਗੋਝ ਗਿਆਨਾ ਹਰਿ ਭਗਵਾਨਾ ਕਰੇ ਅੰਤ ਵਿਨਾਸ । ਖਾਣੀ ਬਾਣੀ ਗਗਨ ਪਤਾਲੀ ਜੀਆਂ ਜੰਤਾਂ ਵੇਦ ਪੁਰਾਨੀ, ਸ਼ਾਹ ਅੰਜ਼ੀਲਾਂ ਰੰਗ ਵੇਖੇ ਨੀਲਾ । ਪ੍ਰਭ ਅਬਿਨਾਸ਼ੀ ਕੀਤਾ ਹੀਲਾ । ਜੋਤੀ ਲੱਗਿਆ ਅਗਨ ਤੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਲ ਗਿਆਰਵੇਂ ਨਰ ਹਰਿ ਹਰਿ ਨਰ ਪ੍ਰਗਟ ਹੋਇਆ ਛੈਲ ਛਬੀਲਾ । ਸਾਲ ਗਿਆਰਵੇਂ ਹਰਿ ਬਲਵਾਨ । ਸ਼ਬਦ ਫੜੇ ਤੀਰ ਕਮਾਨ । ਨੌਂ ਖੰਡ ਨਾ ਕੋਈ ਅੜੇ, ਮਾਰੇ ਖੰਡਾ ਸ਼ਬਦ ਹਰਿ ਭਗਵਾਨ । ਗੁਰਮੁਖ ਸਾਚੇ ਦਰ ਘਰ ਸਾਚੇ ਵੜੇ, ਮਿਲਿਆ ਮੇਲ ਹਰਿ ਭਗਵਾਨ । ਆਤਮ ਦਰ ਦਵਾਰੇ ਸਦ ਰਹੇ ਖੜ੍ਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਨੂੰ ਭਗਵਾਨ ਭਗਤ ਵਣਜਾਰਾ । ਸਾਚਾ ਦੇਵੇ ਨਾਮ ਦਾਨ, ਜਨ ਚਰਨ ਸਰਨ ਕਰੇ ਪਿਆਰਾ । ਆਤਮ ਬਖ਼ਸ਼ੇ ਬ੍ਰਹਮ ਗਿਆਨ, ਪੰਜਾਂ ਸੇਵਕਾਂ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਗੁਰਮੁਖ ਬਣਾਏ ਚਤੁਰ ਸੁਜਾਨ । ਦੇਵੇ ਨਾਮ ਨਾਮ ਨਿਧਾਨਾ । ਹੱਥੀਂ ਬੰਨੇ ਹਰਿ ਜੀ ਗਾਨਾ । ਚਰਨ ਧੂੜ ਸਚ ਇਸ਼ਨਾਨਾ । ਚਤੁਰ ਮੂੜ੍ਹ ਮੂੜ੍ਹ ਚਤੁਰ ਹਰਿ ਏਕਾ ਰੰਗ ਰੰਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੀਪ ਜਗਤ ਬਲੋਏ ਗੁਰਮੁਖ ਆਤਮ ਕੋਟਨ ਭਾਨਾ । ਗੁਰਮੁਖ ਆਤਮ ਵੇਖ ਵਿਚਾਰ । ਜਿਸ ਨੇ ਪਾਈ ਸਾਚੀ ਸਾਰ । ਕਰਮ ਧਰਮ ਵਿਚ ਸੰਸਾਰ । ਮਾਨਸ ਦੇਹੀ ਉਤਮ ਜਨਮ, ਮਾਤ ਗਰਭ ਆਇਆ ਬਾਹਰ । ਜਗਤ ਮਾਇਆ ਮੇਟੇ ਭਰਮ, ਅੰਮ੍ਰਿਤ ਛਿੜਕੇ ਠੰਡਾ ਠਾਰ । ਦੂਈ ਦਵੈਤੀ ਮਿਟੇ ਭਰਮ, ਸ਼ਬਦ ਕਰਾਏ ਤਨ ਸ਼ਿੰਗਾਰ । ਮਾਨਸ ਦੇਹੀ ਸੁਫ਼ਲ ਜਨਮ, ਮਿਲੇ ਮੇਲ ਹਰਿ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਸਰਨ ਲਗਾਏ ਕਰਮ ਕਮਾਏ ਦਇਆ ਧਾਰ । ਕਰਮ ਕਰਾਇਆ ਪੁਰਖ ਅਬਿਨਾਸ਼ੀ , ਧਰਮ ਧਰਾਇਆ ਘਨਕਪੁਰ ਵਾਸ । ਭਰਮ ਚੁਕਾਇਆ ਨਿਜ ਆਤਮ ਵਾਸ । ਜੋਤੀ ਜੋਤ ਸਰੂਪ ਹਰਿ, ਰਸਨਾ ਰਸ ਇਕ ਵਖਾਇਆ, ਸੋਹੰ ਸ਼ਬਦ ਸਵਾਸ ਸਵਾਸ । ਕਾਲ ਅਕਾਲ ਨੇਹ ਨੇਹ ਕਾਲਾ । ਦੀਨ ਦਿਆਲ ਹਰਿ ਰਖਵਾਲਾ । ਗੁਰ ਗੋਪਾਲ ਜਗਤ ਅਵਲੜੀ ਚਲੇ ਚਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਦਾਸ ਆਪ ਰਖਾਏ, ਕਾਲ ਜੰਜ਼ਾਲ ਮਹਾਂਕਾਲਾ । ਕਾਲ ਮਹਾਂਕਾਲ ਪ੍ਰਭ ਦਾਸਨ ਦਾਸੇ । ਪ੍ਰਭ ਅਬਿਨਾਸ਼ੀ ਭਏ ਦਿਆਲ, ਜਗੀ ਜੋਤ ਮਾਤ ਪਤਾਲ ਅਕਾਸ਼ੇ । ਸੰਤ ਸੁਹੇਲਾ ਹੋਏ ਰਖਵਾਲ, ਭਗਤ ਸਨੇਹੀ ਦਾਸਨ ਦਾਸੇ । ਬਚਨ ਅਨਮੁਲੜੇ ਦੇਵੇ ਪਾਲ, ਗੁਰ ਗੋਬਿੰਦੇ ਲੇਖ ਲਿਖਾਸੇ । ਜੁਗਾ ਜੁਗੰਤਰ ਸਾਚੀ ਚਾਲ, ਆਦਿ ਅੰਤ ਨਾ ਕਦੇ ਵਿਨਾਸੇ । ਦੀਪਕ ਜੋਤੀ ਕਰ ਪ੍ਰਕਾਸ਼, ਲੋਕਮਾਤ ਨਾ ਕਦੇ ਵਿਨਾਸੇ । ਚਿੱਟੇ ਅਸਵ ਮਾਰ ਛਾਲ, ਹੋ ਅਸਵਾਰ ਬੰਨ੍ਹੇ ਧਾਰ ਵਿਚ ਸੰਸਾਰ, ਜਗਤ ਵੇਖੇ ਰੰਗ ਤਮਾਸ਼ੇ । ਨਿਰਗੁਣ ਸਰਗੁਣ ਰੂਪ ਅਪਾਰ, ਨਾ ਕੋਈ ਕਰੇ ਜੀਵ ਵਿਚਾਰ, ਕਲਜੁਗ

ਅੰਤਮ ਵਗੀ ਮਾਰ, ਦਰ ਦਰ ਘਰ ਘਰ ਕਰਨ ਹਾਸੇ । ਸ਼ਾਹ ਗੁਰ ਗੁਰ ਸ਼ਾਹ ਦੋਵੇਂ ਬੈਠੇ ਇਕ ਥਾਂ । ਕਲਜੁਗ ਕਰੇ ਕੌਣ ਨਿਬੇੜੀ, ਜਨ ਭਗਤਾਂ ਦੇਵੇ ਠੰਡੀ ਛਾਂ । ਲੱਖ ਚੁਰਾਸੀ ਬੱਧੀ ਬੇੜੀ, ਕੌਣ ਜਪਾਏ ਸਾਚਾ ਨਾਂ । ਢਹਿੰਦੇ ਜਾਣ ਨਗਰ ਖੇੜੀ, ਪਈ ਪੁਕਾਰੇ ਧਰਤ ਮਾਂ । ਕਵਣ ਲਿਆਏ ਨਾਮ ਬੇੜੀ, ਵੰਞ ਮੁਹਾਣਾ ਚੱਪੂ ਲਾ । ਮਾਇਆ ਰਾਣੀ ਭੇੜ ਭੇੜੀ, ਅਗਨ ਲਗਾਏ ਥਾਂ ਥਾਂ । ਅੰਤਮ ਵੇਲਾ ਕਵਣ ਨਿਬੇੜੀ, ਇਕ ਦੂਜੇ ਨੂੰ ਪੁੱਛਣ ਰਾਹ । ਸ਼ਾਹ ਬਹਾਦਰ ਆਖ ਸੁਣਾਇਆ । ਤਖ਼ਤ ਤਾਜ ਸਿਰ ਝੂਠਾ ਪਾਇਆ । ਜਗਤ ਰਾਜ ਨਾ ਮੋਹੇ ਸੁਖਾਇਆ । ਛੱਡਣਾ ਕਲ ਕਿ ਆਜ, ਕਲਜੁਗ ਝੂਠਾ ਜੂਠਾ ਠੂਠਾ, ਮੂੰਹ ਥੁੱਕਾਂ ਨਾਲ ਭਰਾਇਆ । ਦਰ ਦਵਾਰਿਉਂ ਗਿਆ ਰੁੱਠਾ, ਗੁਰ ਗੋਬਿੰਦੇ ਬਚਨ ਭੁਲਾਇਆ । ਕਵਣ ਕਰਾਏ ਏਕਾ ਮੁੱਠਾ, ਭਰਮ ਦਏ ਗਵਾਇਆ । ਗੁਰ ਗੋਬਿੰਦਾ ਸਾਚਾ ਤੁੱਠਾ, ਸਾਚਾ ਬਚਨ ਇਹ ਸੁਣਾਇਆ । ਬਹਾਦਰ ਸ਼ਾਹ ਸਚ ਸੁਲਤਾਨ । ਝੂਠੀ ਸ਼ਾਹੀ ਬੇਈਮਾਨ । ਲੋਕਮਾਤ ਨਾ ਚਲੇ ਦੁਕਾਨ । ਰਾਜੇ ਰਾਣੇ ਹੋਣ ਵੈਰਾਨ । ਝੁਲਦੇ ਰਹਿਣ ਸਚ ਨਿਸ਼ਾਨ । ਖ਼ੁਦਾਈ ਨੂਰ ਇਕ ਰਹਿਮਾਨ । ਹੋਏ ਜੁਦਾਈ ਜੀਵ ਸ਼ੈਤਾਨ । ਕਿਉਂ ਭੁਲਾਈ ਕਰ ਜ਼ਬਾਨ । ਅੰਤਮ ਵੇਲੇ ਦਏ ਦੁਹਾਈ, ਬੰਦੀ ਖ਼ਾਨੇ ਵਿਚ ਲਟਕਾਨ । ਏਕਾ ਹੋਏ ਹਰਿ ਸਹਾਈ । ਖ਼ੁਦੀ ਖ਼ੁਦਾਈ ਦਏ ਗਵਾਈ, ਨੂਰ ਅਲਾਹੀ ਨਰ ਹਰਿ ਸ੍ਰੀ ਭਗਵਾਨ । ਸ਼ਾਹ ਬਹਾਦਰ ਕਰੇ ਵਿਚਾਰ । ਝੂਠਾ ਦਿਸੇ ਦਿੱਲੀ ਦਰਬਾਰ । ਲੋਕਮਾਤ ਆਈ ਹਾਰ । ਕਿਰਪਾ ਕਰ ਸੱਚੀ ਸਰਕਾਰ । ਆਇਆ ਦਰ ਬਣ ਭਿਖਾਰ । ਦੇ ਵਰ ਦਿਵਸ ਵਿਚਾਰ । ਅੰਮ੍ਰਿਤ ਦੇ ਸਾਚਾ ਸਰ, ਪੂਰਬ ਕਰ ਵਿਚਾਰ । ਗੁਰ ਗੋਬਿੰਦੇ ਵਾਲੀ ਹਿੰਦੇ, ਲਜ ਪਤ ਤੇਰੇ ਹੱਥ ਦਾਤਾਰ । ਗੁਰ ਗੋਬਿੰਦ ਬੋਲ ਬੁਲਾਰਾ । ਕਵਣ ਦੇਵੇ ਅੰਤ ਸਹਾਰਾ । ਛੱਡਿਆ



ਦੇਸ ਪੰਜਾਬ ਮਝਾਰਾ । ਗੋਦਾਵਰੀ ਕੰਢਾ ਸੱਚਾ ਠੰਡਾ ਕੀਤਾ ਆਣ ਉਤਾਰਾ । ਮੇਰੇ ਹੱਥ ਨਾ ਆਈ ਤੇਰੀ ਵੰਡਾ, ਸਿਰ ਤੇਰੇ ਰਿਹਾ ਇਕ ਉਧਾਰਾ । ਜੂਠੇ ਝੂਠੇ ਦਿੱਤੀ ਕੰਡਾ, ਸਿਰ ਚੁੱਕਣਾ ਭਾਰ ਵਡਾ ਭਾਰਾ । ਆਤਮ ਤੋੜੇ ਹਰਿ ਘਮੰਡਾ, ਨਿਹਕਲੰਕ ਨਰ ਨਰਾਇਣ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਹਰਿ ਜਾਮਾ ਧਾਰ, ਕਿਲ੍ਹੇ ਲਾਲ ਅੰਦਰ ਵੜ, ਸਿੰਘਾਂ ਬੰਨ੍ਹੇ ਸੀਸ ਦਸਤਾਰਾ । ਸ਼ਾਹ ਬਹਾਦਰ ਖ਼ੁਸ਼ੀ ਮਨਾਈ । ਧੁਰ ਫ਼ਰਮਾਣ ਮਸਤਕ ਲਾਈ । ਕੋਈ ਨਾ ਕਰੇ ਏਥੇ ਸ਼ਾਹੀ । ਤੇਰੀ ਮੇਰੀ ਸਚ ਸਲਾਹੀ । ਅੰਤਮ ਵੇਲੇ ਆਏ ਮਾਹੀ । ਗਊ ਗਰੀਬਾਂ ਪਕੜੇ ਬਾਹੀਂ । ਬੰਦੀ ਖ਼ਾਨੇ ਦਏ ਛੁਡਾਈ । ਬੱਤੀ ਦੰਦੀ ਸਾਚੇ ਜੰਦੀ, ਆਤਮ ਅੰਧੀ ਸ੍ਰਿਸ਼ਟ ਸਬਾਈ, ਘਨਕਪੁਰ ਵਾਸੀ ਦਏ ਜਗਾਈ । ਨਾ ਕੋਈ ਵੇਖੇ ਉਚੀ ਕੰਧੀ, ਸ਼ਬਦ ਘੋੜੇ ਲਏ ਟਪਾਈ । ਨਾ ਕੋਈ ਵੇਖੇ ਸਾਕ ਸਨਬੰਧੀ, ਜਨ ਭਗਤਾਂ ਆਤਮ ਸਾਚੀ ਬੰਧੀ, ਰੱਖੇ ਹਰਿ ਸਚੀ ਸਰਨਾਈ । ਸ੍ਰਿਸ਼ਟ ਸਬਾਈ ਲੱਗੀ ਝੂਠੇ ਧੰਦੀ, ਸਾਧਾਂ ਸੰਤਾਂ ਆਤਮ ਗੰਦੀ, ਠੰਡੀ ਵਾ ਕਿਸੇ ਕੂਟ ਨਾ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦੇ ਸ਼ਾਹ ਸੁਲਤਾਨ ਬਲੀ ਬਲਵਾਨ, ਕਰਤਾ ਕਾਦਰ ਗੁਰਮੁਖਾਂ ਹੋਇਆ ਦਾਸ ਦਾਸਨ, ਚਿੱਟੀ ਸੇਜਾ ਹੇਠ ਵਿਛਾਈ । ਚਿੱਟੀ ਸੇਜਾ ਹਰਿ ਵਿਛਾਈ । ਪੰਜਾਂ ਸਿੱਖਾਂ ਹੁਕਮ ਸੁਣਾਈ । ਸਿੰਘ ਬਿਸ਼ਨ ਤੇਰੀ ਵਡਿਆਈ । ਸਚ ਤਾਜ ਪ੍ਰਭ ਤੇਰੇ ਸੀਸ ਟਿਕਾਈ । ਰੱਖੀ ਲਜ ਨਾ ਕੀਆ ਪੱਜ, ਚਾਰੋਂ ਕੁੰਟ ਲਸ਼ਕਰ ਸ਼ਾਹੀ । ਅੰਮ੍ਰਿਤ ਪੀਣਾ ਦਰ ਘਰ ਸਾਚੇ ਰੱਜ, ਗੁਰ ਗੋਬਿੰਦੇ ਪਕੜੀ ਬਾਹੀਂ । ਪੜਦੇ ਰਿਹਾ ਕੱਜ, ਬੈਠ ਹਰਿ ਕਿਲ੍ਹੇ ਲਾਲ ਸੱਚੀ ਸ਼ਾਹੀ । ਚਿੱਟੀ ਚਾਦਰ ਭਗਤਨ ਮਾਣ । ਪੰਜਾਂ ਬਖ਼ਸ਼ੇ ਚਰਨ ਧੂੜ ਇਸ਼ਨਾਨ । ਸਿੰਘ ਪ੍ਰੀਤਮ ਹਰਿ ਮਿਹਰਵਾਨ । ਗੁਰਮੁਖ ਸਿੰਘ ਅਭੁਲ ਭੁਲ

ਨਾ ਜਾਣ । ਪਾਲ ਸਿੰਘ ਗੁਣ ਨਿਧਾਨ । ਇੰਦਰ ਸਿੰਘ ਜੇਠਾ ਪੁੱਤ ਨੌਜਵਾਨ । ਸੰਤ ਮਨੀ ਸਿੰਘ ਤੇਰਾ ਦਿਸੇ ਸਚ ਨਿਸ਼ਾਨ । ਗੁਰਮੁਖਾਂ ਏਕਾ ਆਇਆ ਹਿੱਸੇ, ਸੋਹਣਾ ਸਿਹਰਾ ਵਿਚ ਜਹਾਨ । ਹੋਰ ਕਿਸੇ ਨਾ ਕਲਜੁਗ ਦਿਸੇ, ਨਿਹਕਲੰਕ ਵਡ ਬਲੀ ਬਲਵਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਜਨ ਭਗਤਾਂ ਦੇਵੇ ਬ੍ਰਹਮ ਗਿਆਨ । ਹਰਿ ਮਾਲਣ ਫੂਲਾਂ ਖਾਰੀ । ਗੁਰਮੁਖਾਂ ਦਰ ਬਣੀ ਭਿਖਾਰੀ । ਲੈ ਕੇ ਆਈ ਘਰ ਸਚ ਸੱਚੀ ਫੁਲਵਾੜੀ । ਦੇਵੇ ਸੱਚਾ ਨਾਮ ਵਰ, ਚਰਨ ਛੁਹਾਈ ਦਾਹੜੀ । ਸ਼ਬਦ ਸਰੂਪੀ ਅਵਾਜ਼ ਲਗਾਏ ਅੱਠੇ ਪਹਿਰ ਦਿਵਸ ਰੈਣ ਫਿਰਦਾ ਰਹੇ ਪਿਛੇ ਅਗਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਰ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਗਾਈ ਲੋਕਮਾਤ ਸੱਚੀ ਫੁਲਵਾੜੀ । ਸੱਚੀ ਫੁਲਵਾੜੀ ਮਾਤ ਫੁੱਲੇ । ਪ੍ਰਭ ਅਬਿਨਾਸ਼ੀ ਕਦੇ ਨਾ ਭੁੱਲੇ । ਕਲਜੁਗ ਅੰਤਮ ਅੰਤ ਦਰ ਘਰ ਸੱਚੇ ਸੱਚੀ ਸ਼ਾਹੀ, ਆਪੇ ਪਾਏ ਪੂਰਾ ਮੁੱਲੇ । ਹਰਿ ਸਰਨ ਲਗਾਏ ਦਇਆ ਕਮਾਏ ਵੇਖ ਵਖਾਣੇ ਬੇਗੁਨਾਹੀ, ਜੋਤ ਜਗਾਏ ਕਾਇਆ ਕੁੱਲੇ । ਮਗਰੋਂ ਲਾਹੇ ਜਮ ਕੀ ਫਾਹੀ, ਸ਼ਬਦ ਪੰਘੂੜਾ ਗੁਰ ਦਰ ਘਰ ਸਾਚੇ ਏਕਾ ਝੁੱਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਕਲਜੁਗ ਜੀਵਾਂ ਦਿਸ ਨਾ ਆਇਆ, ਨਰ ਹਰਿ ਹਰਿ ਨਰ ਸਾਚਾ ਕੰਤ ਕੰਤ ਕੰਤੂਲੇ । ਵਰਨ ਅਵਰਨਾ ਵਰ ਵਰਿਆਮ । ਆਦਿ ਮਧ ਹਰਿ ਕਰਨੀ ਕਰ, ਜਗਤ ਮਾਇਆ ਨਾ ਪੱਲੇ ਦਾਮ । ਰਾਹ ਰਹਿਮਾਨ ਮਹਿਬਾਨ ਬੀ ਖੈਰ ਖ਼ੁਦਾਏ ਹਰਿ ਰਘੁਰਾਏ, ਨਾ ਕੋਈ ਕਾਇਆ ਨਾ ਕੋਈ ਚਾਮ । ਚਲੇ ਚਲਾਏ ਆਪਣੇ ਭਾਣੇ, ਤਿੰਨਾਂ ਲੋਆਂ ਇਕ ਸਰਨਾਏ, ਸਚ ਮਸੱਲਾ ਹਰਿ ਬਿਸਰਾਮ । ਮੁਲਾਂ ਕਾਇਆ ਕਾਇਆ ਦੋਆਬਾ । ਨੂਰੀ ਅੱਲਾ ਜੋਤ ਮਹਿਤਾਬਾ । ਇਕ ਇਕੱਲਾ ਸ਼ਾਹ ਨਵਾਬਾ । ਗੁਰਮੁਖ ਮਸਤਕ ਧੂੜੀ ਦੇਵੇ, ਸ਼ਬਦ ਘੋੜੇ ਦੇ ਰਕਾਬਾ । ਜੋਤੀ ਨੂਰਾ ਹਰਿ ਮੌਲਾਨਾ, ਤਿੰਨਾਂ ਲੋਆਂ ਸੱਚਾ ਰਾਣਾ, ਲੋਕਮਾਤੀ ਵਰਤੇ ਭਾਣਾ, ਆਪੇ ਜਾਣੇ ਆਪਣਾ ਆਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਰੇ ਕਾਜ ਦੇਸ ਮਾਝ ਸ਼ਬਦ ਅਵਾਜ਼ ਰੱਖੇ ਲਾਜ, ਜੋਤੀ ਨੂਰ ਹਰਿ ਹਜ਼ੂਰ ਸਰਬ ਕਲਾ ਭਰਪੂਰ, ਨਾ ਕੋਈ ਝਲੇ ਤਾਬਾ । ਤਾਬ ਅਲਾਹੀ ਜਗਤ ਮਲਾਹੀ । ਵੇਖ ਵਖਾਣੇ ਮਾਤ ਸ਼ਾਹੀ । ਕਲ ਅੰਧੇਰੀ ਰਾਤ, ਸ਼ਬਦ ਜੰਜ਼ੀਰੀ ਪਾਈ ਫਾਹੀ । ਜਨ ਭਗਤਾਂ ਦੇਵੇ ਸਚ ਸੁਗਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਜਾਣੇ ਨਾਹੀ । ਆਦਿ ਨੀਲਾ ਚਿੱਟਾ ਲਾਲ ਸੂਹਾ ਪੀਲਾ । ਜੋਤੀ ਨੂਰ ਸ਼ਬਦੀ ਪਵਣੀ ਸ਼ੈਲ ਸ਼ਬੀਲਾ । ਬਵਣੀ ਗਵਣੀ ਮਸਾਣੀ ਪਵਣੀ, ਖਾਣੀ ਬਾਣੀ ਬਾਉਣੀ ਬਵਣੀ, ਧੁਰਦਰਗਾਹੀ ਹਰਿ ਵਕੀਲਾ । ਜਨ ਪੂਰਨ ਕਰੇ ਭਗਤਾਂ ਭਵਨੀ, ਦਰ ਘਰ ਆਪੇ ਵਖਾਣੇ ਜਾਣੇ ਸੁਘੜ ਸਿਆਣੇ ਕਰ ਕਰ ਹੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਰਨ ਛੁਹਾਏ ਸ਼ਬਦ ਲਗਾਏ ਸਾਚਾ ਕੀਲਾ । ਹਰਿ ਭਾਣਾ ਹਰਿ ਭਗਵਾਨ । ਸੁਘੜ ਸਿਆਣਾ ਚਤੁਰ ਸੁਜਾਨ । ਨਾਮ ਨਿਧਾਨਾ ਸਾਚਾ ਰੰਗ ਰਖਾਨਾ, ਹਰਿ ਮੇਲੀ ਮੇਲ ਮਿਲਾਨ । ਜੋਤੀ ਜੋਤ ਸਰੂਪ ਹਰਿ, ਅਸਤਰ ਬਸਤਰ ਸ਼ਸਤਰ ਘੋੜੇ ਤੀਰ ਕਮਾਨ ਨਾ ਕੋਈ ਉਠਾਨ । ਪ੍ਰਭ ਅਬਿਨਾਸ਼ੀ ਕਰਤਾ ਕਾਦਰ । ਗਰੀਬ ਨਿਮਾਣਿਆਂ ਦੇਵੇ ਆਦਰ । ਸਤਿਜੁਗ ਸਾਚਾ ਸਤਿ ਵਰਤਾਏ, ਧਰਤ ਮਾਤ ਤੇਰਾ ਮਾਣ ਰਖਾਏ, ਉਤੇ ਵਿਛਾਏ ਚਿੱਟੀ ਚਾਦਰ । ਗੋਬਿੰਦ ਗੋਬਿੰਦ ਗੋਬਿੰਦਾ ਪ੍ਰਭ ਪੂਰਾ ਬਚਨ ਮਾਤ ਕਰਾਏ, ਕਵਲ ਕਰਾਰੀ ਸ਼ਾਹ ਬਹਾਦਰ । ਨਿਹਕਲੰਕ ਕਲ ਜਾਮਾ ਪਾਏ, ਜੋਤ ਸਰੂਪੀ ਦਿਸ

ਨਾ ਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਵਣਜਾਰੇ ਹਰਿ ਚਰਨ ਪਿਆਰੇ, ਕਰੇ ਜਗਤ ਉਜਾਗਰ । ਚਿੱਟਾ ਬਾਣਾ ਤਨ ਗੁਰਦੇਵ । ਸੰਤ ਮਨੀ ਸਿੰਘ ਪੂਰੀ ਸੇਵ । ਮਿਲੇ ਫਲ ਘਰ ਸਾਚੇ ਮੇਵ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਗਾਇਆ ਅਲਖ ਨਿਰੰਜਣ ਅਲਖ ਅਭੇਵ । ਸ਼ਬਦ ਚੋਟ ਜੋਤ ਜਵਾਲਾ । ਆਪੇ ਤੋੜੇ ਕਿਲ੍ਹਾ ਕੋਟ, ਸਦਾ ਸਦਾ ਪ੍ਰਿਤਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣੀ ਕਿਰਪਾ ਰਿਹਾ ਕਰ, ਨਿਤ ਨਵਿਤੀ ਸਾਚਾ ਹਿਤੀ, ਦਾਸਨ ਦਾਸ ਸ਼ਾਹ ਸ਼ਾਬਾਸ਼ ਹਾਜਨ ਮੱਕਨ ਬੂਰੇ ਕੱਕਨ, ਸ਼ਾਹ ਅਲਖਨ ਵਰੋਲੇ ਮੱਖਣ । ਅੰਗ ਅੰਗਿਆਰੇ ਜੀਵ ਅੰਧਿਆਰੇ ਸਾਰੇ ਭਖਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੀ ਲਾਜ ਸੁਣ ਅਵਾਜ਼ ਮਾਤਲੋਕ ਪ੍ਰਭ ਆਇਆ ਰੱਖਣ । ਆਇਆ ਮਾਤ ਜਗਤ ਵਿਚੋਲਾ । ਜੋਤੀ ਨੂਰ ਸ਼ਬਦੀ ਚੋਲਾ । ਸਰਬ ਕਲਾ ਭਰਪੂਰਾ, ਆਪੇ ਰੱਖੇ ਪੜਦਾ ਉਹਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲ ਜਾਮਾ ਪਾਇਆ ਗੁਰ ਸੰਗਤ ਬਣਿਆ ਤੇਰਾ ਗੋਲਾ ।

### ❇ ੪ ਅੱਸੂ ੨੦੧੧ ਬਿਕ੍ਰਮੀ ਨਵੀਂ ਦਿੱਲੀ ਬਿਰਲਾ ਮੰਦਰ ਪੰਡਤ ਗੋਸਵਾਮੀ ਗਨੇਸ਼ ਦੱਤ ਦੇ ਨਾਲ ਬਚਨ ਹੋਏ ❇

ਰਾਮਾ ਕ੍ਰਿਸ਼ਨਾ ਹਰਿ ਅਵਤਾਰ । ਕਲਜੁਗ ਜੀਵ ਦਰ ਦਰ ਥੱਕੇ ਗਏ ਹਾਰ । ਪੰਡਤ ਬ੍ਰਹਿਮਣ ਕੋਈ ਨਾ ਕਰਨ ਵਿਚਾਰ, ਨਰ ਹਰਿ ਸੱਚੀ ਸਰਕਾਰ । ਨਾ ਕੋਈ ਦਿਸੇ ਸੱਚਾ ਜਾਮਨ, ਜੂਠੇ ਝੂਠੇ ਦਰ ਦਵਾਰ । ਕਵਣ ਕਰਾਏ ਪੂਰ ਕਾਮਨ, ਨੈਣ ਅੰਧੇ ਲੱਗੇ ਝੂਠੇ ਮਾਇਆ ਧੰਦੇ, ਪੁਰਖ ਅਬਿਨਾਸ਼ੀ ਮਨੋਂ ਵਿਸਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਮਾਤ ਧਰ, ਏਕਾ ਨੂਰ ਸਾਚਾ ਮਾਤ ਧਰ, ਰਾਮਾ ਕ੍ਰਿਸ਼ਨਾ ਦੇਵੇ ਵਰ, ਆਤਮ ਖੋਲ੍ਹੇ ਸਚ ਦਰ, ਵੇਖ ਵਖਾਣੇ ਗੁਣ ਨਿਧਾਨੇ, ਭਗਤ ਭਗਵਾਨਾ ਮਿਹਰਬਾਨਾ ਚਤੁਰ ਸੁਜਾਨਾ, ਸਾਚੇ ਦਰ ਦਵਾਰ । ਸਾਚਾ ਦਰ ਹਰਿ ਵਖਾਨੇ । ਪੰਡਤ ਪਾਂਧੇ ਅੰਧੇ ਕਾਣੇ, ਦਿਸ ਨਾ ਆਏ ਨੈਣ ਮੁਧਾਨੇ । ਜੋਤੀ ਜਾਮਾ ਮਾਤ ਭਗਵਾਨੇ । ਜੋਤੀ ਜੋਤ ਸਰੂਪ ਹਰਿ, ਵੇਦ ਪੁਰਾਨਾਂ ਅੰਤਮ ਕਲਜੁਗ ਆਪ ਪਛਾਣੇ । ਹਰਿ ਗੁਣਵੰਤਾ ਬੀਰ ਬਲੀ ਬਲਵਾਨਾ । ਪਵਣ ਸਰੂਪੀ ਏਕ ਬਬਾਨਾ । ਮਿਲੇ ਮੇਲ ਰਾਮ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਜੋਤ ਧਰ, ਸੰਗ ਨਿਭਾਏ ਰੰਗ ਚੜ੍ਹਾਏ ਮਾਤ ਖੇਲ ਵਧੀ ਵੇਲ ਵਾਲੀ ਦੋ ਜਹਾਨਾ । ਹਰੀ ਮੰਦਰ ਹਰਿ ਦਵਾਰਾ । ਕਵਣ ਵਖਾਣੇ ਕਵਣ ਜਾਣੇ, ਪ੍ਰਭ ਅਬਿਨਾਸ਼ੀ ਅਗੰਮ ਅਪਾਰਾ । ਆਤਮ ਹੋਏ ਅੰਧਾ ਕਾਣਾ, ਮਾਇਆਧਾਰੀ ਲੋਭ ਲੁਭਾਨਾ । ਅੰਤ ਲੰਗੋਟੀ ਜਗਤ ਧੰਦੇ ਚਤਰਭੁਜ ਹੋ ਨਾ ਕਿਸੇ ਵਖਾਣਾ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਲੋਕਮਾਤ ਭੇਖ ਰਖਾਏ, ਨਾ ਕੋਈ ਵਖਾਏ ਰਾਜਾ ਰਾਣਾ । ਮਹਾਤਮਾ ਬੁੱਧ ਧਰਮ ਯੁਧ ਕਾਰਜ ਕਰੇ ਪ੍ਰਭ ਤੇਰੇ ਸੁਧ । ਜੋਤ ਸਰੂਪੀ ਜਾਮਾ ਧਾਰ ਹਰਿ ਨਿਰੰਕਾਰੀ, ਲੱਖ ਚੁਰਾਸੀ ਆਤਮ ਕਰੇ ਸ਼ੁੱਧ । ਏਕਾ ਹਰਿ ਏਕ ਭਗਵਾਨ । ਏਕਾ ਬ੍ਰਹਮ ਜਗਤ ਪਛਾਣ । ਸਚ ਕਰਮ ਭਗਤ ਧਾਮ ਵਿਚ ਜਹਾਨ । ਅੱਗੇ ਨਾ ਭੁੱਲੇ ਮਾਇਆ ਭਰਮ, ਪੁਰਖ ਅਬਿਨਾਸ਼ੀ ਸਦਾ ਸਦ ਕਰੇ ਇਕ ਧਿਆਨ । ਕਾਇਆ ਮਾਟੀ ਝੂਠਾ ਚਰਮ, ਅੰਤ ਨਾ ਦਿਸੇ ਕੋਈ ਨਿਸ਼ਾਨ । ਮਿਲੇ ਮੇਲ ਭਗਤ ਮਿਟੇ ਭਰਮ, ਚਾਰ ਵਰਨਾਂ ਦੱਸੇ

੫੫੨
੦੪

ਏਕਾ ਸਰਨ, ਦੂਈ ਦਵੈਤੀ ਸ਼ਰਅ ਸ਼ਰਾਇਤੀ ਜਾਤ ਪਾਤ ਊਚ ਨੀਚ ਮੇਟ ਮਿਟਾਏ ਹਰਿ ਨਿਰੰਕਾਰੀ । ਸਰਬ ਕੰਤਾ ਜੀਆਂ ਜੰਤਾਂ, ਸਾਧਨ ਸੰਤਾਂ ਭਗਤ ਭਗਵੰਤਾ, ਆਦਿ ਪੁਰਖ ਅਪਰੰਪਰ ਸਵਾਮੀ ਸਦਾ ਨੇਹਕਾਮੀ, ਜੋਤੀ ਨੂਰਾ ਸਰਬ ਕਲਾ ਭਰਪੂਰਾ, ਗਊ ਗਰੀਬ ਨਿਮਾਣਿਆਂ ਸ਼ਾਹ ਸੁਲਤਾਨ ਰਾਜੇ ਰਾਣਿਆਂ, ਦੇਵੇ ਮਾਤ ਸੱਚਾ ਮਾਣੇ ਹਰਿ ਬਨਵਾਰੀ । ਏਕਾ ਮਾਤ ਜੋਤ ਅਧਾਰੀ ਨਰ ਨਿਰੰਕਾਰੀ ਆਵੇ ਜਾਵੇ ਵਾਰੋ ਵਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਜੀਵਾਂ ਜੰਤਾਂ ਮਾਤ ਸੁਣ ਪੁਕਾਰ ਜੁਗਾ ਜੁਗੰਤ ਬਣਾਏ ਬਣਤ, ਜੋਤ ਮਾਤ ਕਰ ਉਜਿਆਰੀ । ਸਦਾ ਵਸੇ ਇਕ ਇਕਾਂਤ, ਅੰਮ੍ਰਿਤ ਰੱਖੇ ਬੂੰਦ ਸਵਾਂਤ, ਝਿਰਨਾ ਝਿਰੇ ਅਪਰ ਅਪਾਰੀ । ਕਲਜੁਗ ਅੰਧੇਰੀ ਰੈਣ ਰਾਤ, ਪੁਰਖ ਅਬਿਨਾਸ਼ੀ ਵੇਖੇ ਮਾਰ ਝਾਤ, ਜਨ ਭਗਤਾਂ ਪੁੱਛੇ ਵਾਤ, ਪ੍ਰਗਟ ਹੋਏ ਰਾਮ ਅਵਤਾਰੀ । ਰਾਮ ਰਮਈਆ ਰਾਮਾ ਰਾਮ । ਜੋਤੀ ਜਾਮਾ ਕ੍ਰਿਸ਼ਨ ਭਗਵਾਨ । ਵਲੀਆ ਛਲੀਆ ਅਟੱਲ ਅਟੱਲੀਆ ਵਸੇ ਨੇਹਚਲ ਧਾਮ । ਬਲ ਦਵਾਰੇ ਬਣ ਭਿਖਾਰੀ ਕੀਆ ਖੇਲ ਮਹਾਨ । ਕਲਜੁਗ ਤੇਰੀ ਅੰਤਮ ਵਾਰੇ, ਵੇਦ ਵਿਆਸ ਬਣਿਆ ਲਿਖਾਰੇ, ਨਿਹਕਲੰਕ ਕਲ ਜਾਮਾ ਧਾਰੇ, ਗੌੜ ਬ੍ਰਹਿਮਣ ਗੁਣ ਨਿਧਾਨ । ਧੰਨ ਧੰਨ ਧੰਨ ਹਰਿ ਗੁਰੂ ਗੁਰਦੇਵ, ਲਾਏ ਸਾਚੀ ਸੇਵ ਮਿਲਿਆ ਇਕ ਘਰ ਸਚ ਟਿਕਾਣਾ । ਭਾਰਤ ਖੰਡ ਤੇਰਾ ਸਚ ਪੁਜਾਰੀ । ਦਰ ਘਰ ਆਏ ਨਾ ਦਿੱਤੀ ਕੰਡ, ਲਿਖਿਆ ਲੇਖ ਇਕ ਅਪਾਰੀ । ਆਤਮ ਸਦਾ ਸੁਹਾਗਣ ਨਾ ਹੋਏ ਰੰਡ, ਮਿਲੇ ਮੇਲ ਬਸਨ ਬਨਵਾਰੀ । ਜੋਤੀ ਜੋਤ ਸਰੂਪ ਹਰਿ, ਆਦਿ ਸ਼ਕਤ ਆਦਿ ਭਵਾਨੀ । ਭਗਤ ਆਤਮ ਸਚ ਨਿਸ਼ਾਨੀ । ਗਊ ਗਰੀਬ ਨਿਮਾਣਿਆਂ ਦਰ ਘਰ ਸਾਚੇ ਬੈਠਾ ਸੁਣੇ ਪੁਕਾਰੀ । ਮਿਲਿਆ ਘਰ ਸੱਚਾ ਅਸਥਾਨ, ਜਿਥੇ ਮੂਰਤੀ ਰਾਮ ਕ੍ਰਿਸ਼ਨ ਮੁਰਾਰੀ । ਗੌਤਮ ਬੁੱਧਾ ਲੱਖ ਚੁਰਾਸੀ ਆਤਮ ਕਰੇ ਸੁੱਧਾ, ਧਰਮ ਯੁੱਧ ਦਾ ਇਕ ਨਿਸ਼ਾਨ । ਵਾਲੀ ਹਿੰਦ ਰਾਹ ਵਖਾਣਾ ਸਿੱਧਾ, ਧਰਮ ਸਚ ਦਾ ਝੂੱਲੇ ਘਰ ਸਾਚੇ ਇਕ ਨਿਸ਼ਾਨ । ਗਊ ਗਰੀਬ ਨਿਮਾਣਿਆਂ ਪੁਰਖ ਅਬਿਨਾਸ਼ੀ ਮਾਰੇ ਮਾਤ ਧਿਆਨ, ਫੜ ਫੜ ਮਾਰੇ ਆਤਮ ਜੀਵ ਹੰਕਾਰੇ, ਵਡ ਵਡ ਰਾਜੇ ਰਾਣਿਆਂ, ਭੁੱਲਿਆ ਇਕ ਨੈਣ ਮੁਧਾਰੀ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਭਗਤ ਭਗਵੰਤ ਜੀਵ ਜੰਤ ਪਾਉਂਦਾ ਰਹੇ ਸਾਰੀ । ਭਗਤ ਵਛਲ ਹਰਿ ਗਿਰਧਾਰ । ਸਾਵਲ ਸੁੰਦਰ ਕਵਲ ਨੈਣ ਮੁਧਾਰ । ਮਧੁਰ ਬੈਨ ਮੋਰ ਮੁਕਟ ਕ੍ਰਿਸ਼ਨ ਮੁਰਾਰ । ਸ੍ਰਿਸ਼ਟ ਸਬਾਈ ਸਾਕ ਸੱਜਣ ਸੈਣ, ਮਾਤ ਪਿਤ ਭਾਈ ਭੈਣ, ਵੇਖ ਵਖਾਣੇ ਰਾਜ ਰੰਕ ਸ਼ਾਹ ਸੁਲਤਾਨ ਜੀਵ ਜਹਾਨ । ਪੁਰਖ ਅਬਿਨਾਸ਼ ਘਟ ਘਟ ਵਾਸ, ਹਰਿ ਨਰ ਨਰ ਹਰਿ ਹੋਏ ਦਾਸਨ ਦਾਸ, ਭਗਤ ਸੁਦਾਮਾ ਹਰਿ ਪੂਰ ਕਰਾਏ ਕਾਮਾ । ਛੱਡ ਸਿੰਘਾਸਣ ਹਰਿ ਆਏ ਸਚ ਧਾਮਾ । ਨੇਤਰ ਨੀਰ ਵਹਾਏ ਪਕੜਿਆ ਹਰਿ ਪੂਰੇ ਦਾ ਸੱਚਾ ਦਾਮਾ । ਇਕ ਵਡਿਆਈ ਹਰਿ ਰਘੁਰਾਈ, ਤਿੰਨਾਂ ਲੋਆਂ ਕਰੇ ਰੁਸ਼ਨਾਈ, ਜੋਤੀ ਨੂਰ ਬੰਦ ਰੱਖੇ ਮਾਨਸ ਜਾਮਾ ।



### ❇ ੪ ਅੱਸੂ ੨੦੧੧ ਬਿਕ੍ਰਮੀ ਨਵੀਂ ਦਿੱਲੀ ਰਕਾਬ ਗੰਜ ਗੁਰਦਵਾਰਾ ❇

ਸੰਤ ਮਨੀ ਸਿੰਘ ਸੇਵ ਕਮਾਈ । ਸਤਿ ਸਰੂਪੀ ਕਲਮ ਚਲਾਈ । ਪ੍ਰਭ ਅਬਿਨਾਸ਼ੀ ਲੇਖੇ ਲਾਈ । ਪੂਰਨ ਘਾਲ ਮਾਤ ਕਰਾਈ । ਤੁੱਟਾ ਜਗਤ ਜੰਜ਼ਾਲ, ਮਾਨਸ ਦੇਹੀ ਲੇਖੇ ਲਾਈ । ਪੁਰਖ ਅਬਿਨਾਸ਼ੀ ਕਰੇ ਪ੍ਰਿਤਪਾਲ, ਜੋਤੀ ਹੱਥ ਸਿਰ ਟਿਕਾਈ । ਮਰੇ ਨਾ ਜੰਮੇ ਨਾ ਖਾਏ ਕਾਲ,

ਨਰ ਨਰਾਇਣ ਸਰਬ ਸੁਖਦਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ, ਰਕਾਬ ਗੰਜ ਚਰਨ ਛੁਹਾਈ । ਸੰਤ ਮਨੀ ਸਿੰਘ ਲੇਖਾ ਮੁੱਕਾ । ਵਡ ਜ਼ਰਵਾਣਿਆਂ ਸਵਾਸ ਸੁੱਕਾ । ਬੇਮੁਹਾਣਿਆਂ ਮੁਖ ਪੈਣ ਥੁੱਕਾਂ । ਵਕਤ ਸੁਹੇਲਾ ਅੰਤਮ ਢੁੱਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣੇ ਭਾਣੇ ਸਰਬ ਕੁਛ ਜਾਣੇ, ਆਪਣੀ ਕਿਰਪਾ ਰਿਹਾ ਕਰ, ਕਿਸੇ ਕੋਲੋਂ ਨਾ ਮਾਤ ਰੁਕਾ । ਹਰਿ ਸੰਤ ਪਿਆਰਾ ਕੰਤ, ਤਿੰਨ ਸਾਲ ਚਲੀ ਚਾਲ ਕਲਮ ਘਾਲ ਹਰਿ ਦਾਤਾਰਾ । ਕਰੀ ਪ੍ਰਿਤਪਾਲ ਪ੍ਰਭ ਅਬਿਨਾਸ਼ੀ ਦਇਆ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵਖਾਇਆ ਅੰਤ ਕਿਨਾਰਾ । ਦਰ ਦਵਾਰੇ ਦੱਸੇ ਪ੍ਰੀਤ । ਦਰਸ਼ਨ ਕਰੇ ਨੇਤਨ ਨੀਤ । ਸੰਤ ਮਨੀ ਸਿੰਘ ਚੇਤਨ ਚੀਤ । ਇਕ ਵਖਾਏ ਪ੍ਰਭਾਸੀ ਖੇਤਾ, ਸਾਚੀ ਸੇਵਾ ਹਰਿ ਲਗਾਏ, ਵਹਿੰਦਾ ਰਹੇ ਤੱਤੇ ਠੰਡੇ ਸੀਤਲ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਰਖਿਆ ਚੀਤ ।

### ✻ ੪ ਅੱਸੂ ੨੦੧੧ ਬਿਕ੍ਰਮੀ ਨਵੀਂ ਦਿੱਲੀ ਰਾਸ਼ਟਰਪਤੀ ਭਵਨ ਡਾ: ਰਾਜਿੰਦਰ ਪ੍ਰਸ਼ਾਦ ✻

ਰਾਜ ਦਰਬਾਰ ਸਚ ਦਵਾਰਾ । ਚਰਨ ਸਰਨ ਹਰਿ ਨਿਰੰਕਾਰਾ । ਵੇਖ ਵਖਾਣੇ ਵਿਚ ਸੰਸਾਰਾ । ਦਰ ਘਰ ਸਾਚੇ ਜੋਤ ਜਗਾਏ, ਚੋਬਦਾਰਾਂ ਦਿਸ ਨਾ ਆਇਆ ਗਿਰਵਰ ਗਿਰਧਾਰਾ । ਸੋਹੰ ਸ਼ਬਦ ਡੰਕ ਵਜਾਇਆ, ਚਾਰੋਂ ਕੁਟ ਜੈ ਜੈ ਜੈਕਾਰਾ । ਰਾਓ ਰੰਕ ਰੰਕ ਰਾਜਾਨ । ਸ਼ਾਹ ਸੁਲਤਾਨ ਏਕਾ ਰੰਗ ਰੰਗਾਇਆ, ਕਰੇ ਖੇਲ ਅਪਰ ਅਪਾਰਾ । ਸ਼ਬਦ ਘੋੜੇ ਤੰਗ ਕਸਾਇਆ, ਅੰਦਰ ਮੰਦਰ ਲੰਘ ਕੇ ਆਇਆ, ਜੋਤ ਸਰੂਪੀ ਹਰਿ ਅਸਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਚਵੀਆਂ ਅਵਤਾਰਾ ।

### ✻ ੪ ਅੱਸੂ ੨੦੧੧ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ ਨਵੀਂ ਦਿੱਲੀ ✻

ਧਰਤ ਮਾਤ ਤੇਰੀ ਖੁਲ੍ਹੀ ਗੁੱਤ । ਕਲਜੁਗ ਮਾਰਿਆ ਛੋਟਾ ਪੁੱਤ । ਪ੍ਰਭ ਦਇਆ ਕਮਾਈ ਖ਼ੁਸ਼ੀ ਮਨਾਈ ਸਾਚੀ ਰੁੱਤ । ਧਰਮ ਰਾਏ ਖ਼ੁਸ਼ੀ ਮਨਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਗਨ ਮਾਤ ਕਰਾਈ, ਪ੍ਰਭ ਅਬਿਨਾਸ਼ੀ ਅਚੁੱਤ । ਕਲਜੁਗ ਅੰਤਮ ਗਿਆ ਹਾਰ । ਧਰਤ ਮਾਤ ਤੇਰੀ ਛਾਤੀ ਸੁੱਤਾ ਭੁਜਾ ਪੈਰ ਪਸਾਰ । ਜਗਤ ਮਿਟੇ ਅੰਧੇਰੀ ਰਾਤੀ, ਹੋਏ ਹਰਿ ਉਜਿਆਰ । ਨਿਰਮਲ ਘਰ ਨਿਰਮਲ ਬਾਤੀ, ਜਗ ਮਲਵੰਤੇ ਕਰ ਅਕਾਰ । ਜੋਤੀ ਜੋਤ ਸਰੂਪ ਹਰਿ, ਨੇਤਰ ਪੇਖੇ ਕਵਣ ਕੰਧ ਉਠਾਏ ਕਲਜੁਗ ਭਾਰ । ਕਲਜੁਗ ਕਾਲਾ ਹੋਇਆ ਮੁਰਦਾਰ । ਚਿੱਟਾ ਕਫਨ ਚਾਰ ਦਿਵਾਰ । ਸੰਗੀ ਸਾਥੀ ਕੋਈ ਨਾ ਰੱਖਣ, ਮੂਸਾ ਈਸਾ ਮੁਹੰਮਦੀ ਯਾਰ । ਚਾਰੋਂ ਕੁੰਟ ਅੰਗਿਆਰੇ ਭਖਣ, ਪਵਣ ਨਾ ਮਿਲੇ ਠੰਡੀ ਠਾਰ । ਹੱਥੀਂ ਪੈਰੀਂ ਦਿਸੇ ਖ਼ਾਲੀ, ਛੁਪਿਆ ਮੁਖ ਵਿਚ ਸੰਸਾਰ । ਲੋਕਮਾਤੋਂ ਕਰੇ ਚਾਲੀ, ਨਰ ਹਰਿ ਸੱਚੀ ਸਰਕਾਰ । ਕਰੇ ਖੇਲ ਦੋ ਜਹਾਨਾਂ ਵਾਲੀ । ਦਿਵਸ ਦਿਹਾੜਾ ਵਕਤ ਵਿਚਾਰ । ਧਰਤ ਮਾਤ ਤੇਰਾ ਸਾਚਾ ਪਾਲੀ, ਪ੍ਰਗਟ ਹੋ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪੇ ਕੰਤ ਸਚ ਭਤਾਰ ।


੫੫੪ ੦੪

ਕਲਜੁਗ ਸੁੱਤਾ ਪੈਰ ਪਸਾਰ । ਖ਼ਾਲੀ ਦਿਸੇ ਬੁੱਤਾ, ਮਿਟੇ ਕਾਮ ਕਰੋਧ ਹੰਕਾਰ । ਪ੍ਰਭ ਅਬਿਨਾਸ਼ੀ ਉਠੇ ਸੁੱਤਾ, ਜੋਤ ਸਰੂਪੀ ਕਰ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ । ਕਲਜੁਗ ਕਾਲੀ ਰੈਣ ਵਡੀ ਡੈਣ ਮਾਰੇ ਧਾਹ । ਪ੍ਰਗਟ ਹੋਇਆ ਕਵਣ, ਉਲਟਾ ਫੜਿਆ ਮਾਤ ਰਾਹ । ਨਾਤਾ ਤੁੱਟਾ ਭਾਈ ਭੈਣ, ਕੋਈ ਨਾ ਦਿਸੇ ਮਾਤ ਥਾਂ । ਉਲਟੇ ਵਹਿਣ ਸਾਰੇ ਵਹਿਣ, ਨਾ ਕੋਈ ਦੇਵੇ ਠੰਡੀ ਛਾਂ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਵੇਖ ਵਖਾਣੇ ਪੁੱਤਰ ਮਾਂ । ਉਲਟਾ ਰਾਹ ਉਲਟੀ ਚਾਲ । ਪ੍ਰਭ ਅਬਿਨਾਸ਼ੀ ਹੱਕ ਜਲਾਲ । ਘਨਕਪੁਰ ਵਾਸੀ ਆਪੇ ਘਾਲੇ, ਹੋ ਬੇਹਾਲੇ ਜਗਤ ਘਾਲ । ਅੱਸੂ ਤਿੰਨ ਸੁਰਤ ਸੰਭਾਲੇ, ਚਰਨ ਛੁਹਾਏ ਕਿਲ੍ਹੇ ਲਾਲ । ਕਰਮ ਚੰਦ ਗਾਂਧੀ ਚਰਨ ਪ੍ਰੀਤ ਬਾਂਧੀ ਨਾਲ ਰਲਿਆ ਛੋਟਾ ਬਾਲ । ਪ੍ਰਭ ਅਬਿਨਾਸ਼ੀ ਬਣਿਆ ਫਾਂਦੀ, ਲੋਆਂ ਪੁਰੀਆਂ ਤਣਿਆ ਜਾਲ । ਸ੍ਰਿਸ਼ਟ ਸਬਾਈ ਹੋਈ ਆਂਧੀ, ਲੁੱਟਿਆ ਤਨ ਹੋਈ ਬੇਹਾਲ । ਲੱਖ ਚੁਰਾਸੀ ਥੱਕੀ ਮਾਂਦੀ, ਕਲਜੁਗ ਉਡੀਕੇ ਅੰਤਮ ਕਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਮਾਰੀ ਇਕੋ ਛਾਲ । ਲੋਕਮਾਤ ਹਰਿ ਨਿਰੰਕਾਰਾ । ਪ੍ਰਗਟ ਹੋਏ ਵਿਚ ਸੰਸਾਰਾ । ਚਿੱਟੇ ਅਸਵ ਕਰ ਪਿਆਰਾ । ਸੋਲਾਂ ਕਲੀਆਂ ਆਸਨ ਭਾਰਾ । ਮਸਤਕ ਹੀਰਾ ਸਾਚਾ ਚੀਰਾ ਜੋਤੀ ਨੂਰਾ ਭਗਤੀ ਤਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠਾ ਹੋ ਅਸਵਾਰਾ । ਸਚ ਅਸਵਾਰਾ ਲੋਕਮਾਤ । ਚਾਰ ਕੁੰਟ ਮਾਰੇ ਝਾਤ । ਵੇਖ ਵਖਾਣੇ ਸਰਬ ਕਿਛ ਜਾਣੇ ਰੈਣ ਅੰਧੇਰੀ ਕਲਜੁਗ ਰਾਤ । ਸੁਘੜ ਸਿਆਣੇ ਰਾਜੇ ਰਾਣੇ, ਭਰਮ ਭੁੱਲੇ ਜਾਤ ਪਾਤ । ਪ੍ਰਭ ਅਬਿਨਾਸ਼ੀ ਨਾ ਕੋਈ ਪਛਾਣੇ, ਚਰਨ ਕਵਲ ਕਵਲ ਚਰਨ ਕਲ ਸਾਚਾ ਨਾਤ । ਰਸਨਾ ਰਸ ਸਰਬ ਜਗ ਜਾਣੇ, ਕੋਈ ਨਾ ਜਾਣੇ ਸੱਚਾ ਪਿਤ ਮਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਗਟ ਜੋਤੀ ਹੋ ਅਸਵਾਰ, ਹਰਿ ਗਿਰਧਾਰਾ ਆਇਆ ਮਾਤ । ਪੰਚਮ ਜੇਠਾ ਮਾਤ ਆਇਆ । ਗੁਰਮੁਖ ਰੱਖੇ ਸਾਇਆ ਹੇਠ, ਸਾਚਾ ਲੇਖਾ ਪ੍ਰਭ ਲਿਖਾਇਆ । ਵੇਖ ਵਖਾਣੇ ਔਲੀਏ ਪੀਰ ਸ਼ੇਖ਼, ਕੁਤਬ ਗੌਂਸ ਮਜੌਰ ਜਗਤ ਬ੍ਰਾਹਮਣ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸਾਚਾ ਸ਼ਬਦ ਚਲਾਇਆ । ਪੰਚਮ ਜੇਠ ਮਾਤ ਵਡਿਆਈ । ਪੁਰਖ ਅਬਿਨਾਸ਼ੀ ਜੋਤ ਜਗਾਈ । ਦਸਵੇਂ ਸਾਲ ਦਹਿ ਦਿਸ਼ਾ, ਦ੍ਰਿਸ਼ਟ ਕੂਟ ਹਰਿ ਦਏ ਖੁਲ੍ਹਾਈ । ਨੌਂ ਖੰਡ ਪ੍ਰਿਥਮੀ ਪਾਏ ਹਿੱਸਾ, ਸੱਤਾਂ ਦੀਪਾਂ ਵੰਡ ਕਰਾਈ । ਪੁਰਖ ਅਬਿਨਾਸ਼ੀ ਵਿਰਲੇ ਦਿਸਾ, ਲੱਖ ਚੁਰਾਸੀ ਗੂੜ੍ਹੀ ਨੀਂਦ ਕਲ ਸਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਚਿੱਟੇ ਬਾਣੇ ਤਨ ਛੁਹਾਏ ਅਚਰਜ ਰੁੱਤ ਸੁਹਾਈ । ਹਰਿ ਸੁਣਾਇਆ ਧੁਰ ਫ਼ਰਮਾਣ । ਪਹਿਲੀ ਵਾਰੀ ਵਿਚ ਜਹਾਨ । ਸੱਤਾਂ ਨਵਾਂ ਵੰਡ ਵੰਡਾਨ । ਦੋਹਾਂ ਵੇਖੇ ਸ੍ਰੀ ਭਗਵਾਨ । ਨਾ ਕੋਈ ਗੋਪੀ ਨਾ ਕੋਈ ਕਾਹਨ । ਜੋਤ ਸਰੂਪੀ ਖੇਲ ਮਹਾਨ । ਦੇਵੀ ਦੇਵਤੇ ਸਾਰੇ ਗਾਨ । ਸ਼ਿਵ ਸ਼ੰਕਰ ਕਰੇ ਇਕ ਧਿਆਨ । ਬ੍ਰਹਮਾ ਮਾਰੇ ਸਦ ਚਰਨ ਧਿਆਨ । ਪ੍ਰਗਟ ਹੋਏ ਵਿਚ ਸੰਸਾਰੇ, ਨਿਹਕਲੰਕ ਬਲੀ ਬਲਵਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਸੱਤ ਵੰਡ ਕਰਾਈ । ਦੀਪ ਖੰਡ ਕੋਈ ਰਹੇ ਨਾਹੀ । ਸੱਤੇ ਵਾਰ ਖ਼ੁਸ਼ੀ ਮਨਾਈ । ਸੋਲਾਂ ਕਲੀਆਂ ਤਨ ਛੁਹਾਈ । ਵਲੀਆ ਛਲੀਆ ਖੇਲੇ ਖੇਲ, ਨਾ ਕੋਈ ਜਾਣੇ ਜੀਵ ਗੁਸਾਈਂ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਵੇਲ

੫੫੫
੦੪

ਵਧਾਈ । ਪੰਚਮ ਜੇਠਾ ਹਰਿ ਨਿਰੰਕਾਰਾ । ਕਲਜੁਗ ਤੇਰੀ ਅੰਤਮ ਅੰਤ ਬੰਨ੍ਹੇ ਧਾਰਾ । ਪਹਿਲੀ ਹਾੜ ਦਿਵਸ ਵਿਚਾਰਾ । ਵੀਹ ਸੌ ਗਿਆਰਾਂ ਬਿਕ੍ਰਮੀ ਲੇਖ ਲਿਖਾਰਾ । ਸਾਢੇ ਤਿੰਨ ਹੱਥ ਸੀਆਂ ਚਾਰ ਦਵਾਰਾ । ਧਰਤ ਮਾਤ ਬੋਇਆ ਸਾਚਾ ਬੀਆ, ਅੰਤਮ ਫਲ ਲੱਗੇ ਭਾਰਾ । ਜਨ ਭਗਤਾਂ ਨਿਰਮਲ ਹੋਇਆ ਜੀਆ, ਮਿਲਿਆ ਮੇਲ ਨਰ ਨਿਰੰਕਾਰਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਨੀਤ ਕਰ, ਚਾਰ ਚਾਰ ਨੌਂ ਅਠਾਰਾਂ, ਅਠਾਰਾਂ ਇੱਕੀਸ ਸਤਾਈ ਸਚ ਵਿਹਾਰਾ । ਦਿਸ਼ਾ ਦੇਹ ਮੰਦਰ ਅਪਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਬੰਨ੍ਹੀ ਧਾਰਾ । ਪਹਿਲੀ ਹਾੜ ਹਰਿ ਉਜਿਆਰਾ । ਗੁਰੂਆਂ ਪੀਰਾਂ ਪਾਵੇ ਸਾਰਾ । ਗੁਰਮੁਖ ਸਾਚਾ ਬਣਿਆ ਲਿਖਾਰਾ । ਪ੍ਰਭ ਅਬਿਨਾਸ਼ੀ ਏਕਾ ਸ਼ਬਦ ਸਾਚਾ ਵਾਚਾ, ਸੰਗ ਬਿਆਸ ਜਾਏ ਨਾਚਾ ਕਰੇ ਖ਼ਬਰਦਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਏ ਵਿਚ ਸੰਸਾਰ, ਸਾਚਾ ਸ਼ਬਦ ਮਾਰ ਉਡਾਰਾ । ਸਾਧਾਂ ਸੰਤਾਂ ਵੇਖੇ ਵਾਰੋ ਵਾਰੀ । ਪਿੱਛੇ ਲੱਗਾ ਨਰ ਨਿਰੰਕਾਰੀ । ਜੋਤ ਅਗਨ ਲੱਗੇ ਭਾਰੀ । ਸਾਚੀ ਮੰਗਣ ਵਿਚ ਸੰਸਾਰੀ । ਗੁਰ ਪੀਰਾਂ ਮੁਖ ਲਾਏ ਸਗਨ, ਕਰਦਾ ਜਾਏ ਖ਼ਬਰਦਾਰੀ । ਲੋਕਮਾਤ ਕਿਉਂ ਬੈਠੇ ਨਗਨ, ਚਿੱਟੀ ਚਾਦਰ ਪ੍ਰਭ ਸ਼ਬਦ ਪਟਾਰੀ । ਕਰੇ ਪ੍ਰਕਾਸ਼ ਮਾਤ ਪਤਾਲ ਗਗਨ, ਜੋਤੀ ਨੂਰਾ ਕਰ ਉਜਿਆਰੀ । ਕਲਜੁਗ ਵਹਿਣ ਝੂਠੇ ਵਗਣ, ਨਾਂ ਭੁੱਲੇ ਜੀਵ ਗਵਾਰੀ । ਨਾ ਹਰਿ ਬੁਝਾਏ ਆਤਮ ਅਗਨ, ਅੰਮ੍ਰਿਤ ਦੇਵੇ ਜਾਮ ਅਪਾਰੀ । ਇਕ ਚੜ੍ਹਾਏ ਸਾਚੀ ਰੰਗਣ, ਜਿਉਂ ਬਾਲਕ ਮਾਤਾ ਮਾਂ ਪਿਆਰੀ । ਸ਼ਬਦ ਬੰਨ੍ਹਾਏ ਸਾਚਾ ਕੰਗਣ, ਦੋਵੇਂ ਭੁਜਾਂ ਹਰਿ ਪਸਾਰੀ । ਬਣ ਭਿਖਾਰੀ ਜਾਏ ਮੰਗਣ, ਗੁਰ ਗਦੇਲੇ ਵਡ ਗਦੀਲੇ ਵਾਰੋ ਵਾਰੀ । ਵੇਖ ਵਖਾਣੇ ਸਾਚੇ ਚੇਲੇ, ਪੁਰਖ ਅਬਿਨਾਸ਼ੀ ਕਿਹੜਾ ਮੇਲੇ, ਸ਼ਬਦ ਮਾਰੇ ਸਿਰ ਕਟਾਰੀ । ਜੋਤ ਸਰੂਪੀ ਖੇਲ ਖੇਲੇ, ਹਾਜੀ ਵੇਖਣ ਸੱਜਣ ਸੁਹੇਲੇ, ਪੁਰਖ ਅਬਿਨਾਸ਼ੀ ਪੁਰਖ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਨੀਂ ਹਾੜੀ ਸ਼ਬਦ ਧਾੜੀ ਸਤਿਸੰਗ ਬਿਆਸਾ ਵਾੜੀ । ਕਰਨੀ ਖੇਲ ਅਪਰ ਅਪਾਰ ਸ਼ਬਦ ਧਾੜ ਗਈ ਵੜ । ਸੰਤ ਸਾਧ ਸਭ ਗਏ ਦੜ । ਪੁਰਖ ਅਬਿਨਾਸ਼ੀ ਤੋੜੇ ਗੜ੍ਹ । ਸ਼ਬਦ ਸਰੂਪੀ ਉਤੇ ਚੜ੍ਹ । ਇਕ ਦੂਜੇ ਦੇ ਨਾਲ ਲੜ । ਉਨੀਂ ਹਾੜੇ ਆਏ ਦਵਾਰੇ, ਬਣਿਆ ਹਰਿ ਵਡਾ ਬਲਕਾਰੇ ਸ਼ਬਦ ਚਲਾਇਆ ਅਪਰ ਅਪਾਰੇ । ਉਤਰ ਦੇਣਾ ਸਤਿਸੰਗ ਪਿਆਰੇ । ਏਕਾ ਮੰਗੀ ਮੰਗ, ਦੂਜਾ ਕੋਈ ਨਾ ਵਣਜ ਵਪਾਰੇ । ਤਨ ਚੜ੍ਹਾਉਣਾ ਸਾਚਾ ਰੰਗ, ਦੁਰਮਤ ਮੈਲ ਸਰਬ ਨਿਵਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਹੱਥ ਮੁੜੇ ਸਮਰਥ ਮਿਲੇ ਨਾ ਖੈਰ ਕਿਸੇ ਭੰਡਾਰੇ । ਕਰਿਆ ਵੇਸ ਅਵਲੜੇ ਸ਼ਾਹ । ਮਿਲੇ ਮੇਲ ਹਰਿ ਭਗਵਾਨੇ, ਵੇਖ ਵਖਾਣੇ ਸਾਰੇ ਥਾਂ । ਅੱਸੂ ਤਿੰਨ ਦਿਵਸ ਵਿਚਾਰੇ, ਪ੍ਰਭ ਅਬਿਨਾਸ਼ੀ ਕਿਰਪਾ ਧਾਰੇ, ਗੁਰਮੁਖਾਂ ਦੇਵੇ ਠੰਡੀ ਛਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਗੁਰਸਿਖ ਬਹਾਏ, ਚਿੱਟੀ ਚਾਦਰ ਹੇਠ ਵਿਛਾਏ, ਕਰੇ ਆਦਰ ਗਲੇ ਲਗਾਏ, ਆਪੇ ਹੋਵੇ ਨੀਵੇਂ ਥਾਂ । ਵੇਖ ਵਖਾਣੇ ਸਾਰੇ ਘਰ । ਸ਼ਬਦ ਰਖਾਏ ਦਰ, ਦੇਵੇ ਵਰ । ਪੂਰ ਕਰਾਏ ਨਾ ਜਾਏ ਹਰ । ਭਰਮ ਭੁਲੇਖਾ ਲੋਕ ਬੇਮੁਖਾਂ ਚੁੱਕੇ ਜਗਤ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਕਿਲ੍ਹੇ ਲਾਲ ਦਿਤਾ ਸੱਚਾ ਵਰ । ਕਿਲ੍ਹੇ ਲਾਲ ਕਰ ਵਿਹਾਰਾ । ਸਤਿ ਸਤਿਵੰਤੀ ਬੰਨ੍ਹੇ ਧਾਰਾ । ਭਗਤ ਭਗਵੰਤੀ ਮੀਤ ਮੁਰਾਰਾ । ਕੰਤੂਲਾ ਕੰਤੀ ਸ਼ਬਦ ਝੂਲਾ ਦੇਵੇ ਇਕ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੫੫੬ ੦੪

ਭਗਵਾਨ, ਮੌਲੀ ਤੰਦਾ ਗੁਰ ਸੰਗਤ ਕਰੇ ਤਨ ਸ਼ਿੰਗਾਰਾ । ਮੌਲੀ ਤੰਦ ਹੱਥ ਬੰਨ੍ਹਾਇਆ । ਮਿਲਿਆ ਕੰਤ ਸੁਹਾਗ ਵਡ ਵਡਭਾਗ, ਵਰ ਘਰ ਸਾਚੇ ਪਾਇਆ । ਸੋਈ ਕਾਇਆ ਗਈ ਜਾਗ, ਕਰ ਦਰਸ ਉਤਰੀ ਤ੍ਰਿਸ਼ਨਾ ਆਗ, ਆਤਮ ਤਿਲਕ ਪ੍ਰਭ ਕੇਸਰ ਲਾਇਆ । ਮਿਸ਼ਰੀ ਕੂਜਾ ਝੋਲੀ ਪਾਈ । ਕਿਲ੍ਹੇ ਲਾਲ ਖ਼ੁਸ਼ੀ ਮਨਾਈ । ਸਾਚਾ ਸੱਜਣ ਹਰਿ ਚਰਨ ਲਗਨ, ਜਗਤ ਮਗਨ ਹਰਿ ਆਪ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚ ਪ੍ਰਵਾਨਾ ਸਤਿ ਸਪੂਤਾ ਨੀਚ ਨੀਚਾਂ ਮਾਣ ਦਵਾਈ । ਪੰਚਮ ਮਾਣ ਹਰਿ ਦਵਾਰ । ਗੁਰ ਸੱਜਣ ਸਾਚਾ ਮੀਤ ਮੁਰਾਰ । ਪਰਖੇ ਨੀਤ ਵਿਚ ਸੰਸਾਰ । ਸਤਿ ਸੰਗਤ ਸਾਰੀ ਜਾਏ ਤਾਰ । ਕਿਲ੍ਹੇ ਲਾਲ ਪਹਿਲੀ ਵਾਰ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ । ਹੰਕਾਰੀ ਜਿੰਦਾ ਦੇਵੇ ਝਾੜ । ਅੰਦਰ ਬਰਖੇ ਖ਼ੁਸ਼ੀ ਅਪਾਰ । ਪ੍ਰਭ ਅਬਿਨਾਸ਼ੀ ਲੱਖ ਚੁਰਾਸੀ ਪਰਖੇ, ਬੈਠ ਸਚ ਸੱਚੇ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਰਾਜ ਮਹੱਲਾਂ ਸਾਚੀ ਸਰਕਾਰ । ਸਾਚੀ ਧਾਰ ਉਚ ਮਹੱਲ ਸਚ ਅਟਾਰੀ । ਲੇਖ ਲਿਖਾਏ ਪ੍ਰਭ ਵਾਰੋ ਵਾਰੀ । ਮੇਖ ਲਗਾਏ ਵਿਚ ਸੰਸਾਰੀ । ਗੁਰ ਸੰਗਤ ਸਾਚੀ ਹਰਿ ਸ਼ਿੰਗਾਰੀ । ਬਾਹਰ ਆਉਣ ਦੀ ਕਰੀ ਤਿਆਰੀ । ਅੱਗੇ ਰੱਖ ਕਰ ਪਿਆਰੀ । ਪਿੱਛੇ ਲੱਗਾ ਨਰ ਨਿਰੰਕਾਰੀ । ਲਾਲ ਵੇਸਾ ਦਰ ਦਰਵੇਸ਼ਾ, ਪਹਿਰਾ ਦੇਵੇ ਚੋਬਦਾਰੀ । ਜੋਤ ਸਰੂਪੀ ਧਾਰੇ ਭੇਸਾ, ਗੁਰ ਸੰਗਤ ਆਏ ਵਡ ਚੁਬਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪੇ ਖੇਲੇ ਚਲੇ ਚਾਲ ਜਗਤ ਨਿਆਰੀ । ਦੀਵਾਨੇ ਖ਼ਾਸ ਗੁਰ ਸੰਗਤ ਆਈ । ਹਰਿ ਹਿਰਦੇ ਰੱਖਿਆ ਵਾਸ, ਨੇਤਰ ਨੈਣ ਮਸਤਕ ਮੁਖ ਗੁਰ ਪੂਰੇ ਵੇਖਣ ਰਾਹੀ । ਪ੍ਰਭ ਸਚ ਮਹੱਲੇ ਖੜ੍ਹ, ਇਕੱਲਾ ਦਰਸ ਦਿਖਾਏ ਸਾਚਾ ਮਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਨਿਧਾਨ ਸਚ ਫ਼ਰਮਾਣ ਬਣਿਆ ਜਗਤ ਮਲਾਹੀ । ਗੁਰ ਸੰਗਤ ਵੇਖ ਉਚ ਚੁਬਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਨੇਤਰ ਖੋਲ੍ਹੇ ਵੇਖ ਵਖਾਣੇ, ਗੁਰਮੁਖ ਸਾਚੇ ਸੰਤ ਪਿਆਰੇ । ਸ਼ਬਦ ਧਾਰ ਰਸ ਰਸਨਾ ਸਾਚੀ ਬੋਲੇ, ਕਾਇਆ ਕਰੇ ਠੰਡੀ ਠਾਰੇ । ਚਾਰ ਕੁੰਟ ਗਾਉਣੇ ਸੋਹਣੇ ਢੋਲੇ, ਗਲੀ ਕੂਚੇ ਵਿਚ ਬਜ਼ਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਲੇਖ ਲਿਖਾਰੇ । ਲਿਖਿਆ ਲੇਖ ਹਰਿ ਦਾਤਾਰਾ । ਦਰ ਘਰ ਸਾਚਾ ਵੇਖ, ਗੁਰ ਸੰਗਤ ਕੀਆ ਇਕ ਪਿਆਰਾ । ਲੋਕਮਾਤੀ ਲਿਖਾਏ ਲੇਖ, ਬਣੇ ਰੰਗ ਸਾਚਾ ਸੰਗ ਜਗਤ ਅਪਾਰਾ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸਾਚੀ ਜਾਏ ਤਰ, ਜਨ ਭਗਤਾਂ ਦੇਵੇ ਸਾਚਾ ਵਰ, ਅੱਸੂ ਤਿੰਨ ਆਏ ਬਾਹਿਰਾ । ਅੱਸੂ ਤਿੰਨ ਆਏ ਬਾਹਰ । ਸ਼ਾਹੀ ਖੜੇ ਚੋਬਦਾਰ । ਮਿਲੇ ਮਾਹੀ ਸਚ ਸਰਕਾਰ । ਦੋਏ ਜੋੜ ਕਰਨ ਨਿਮਸਕਾਰ । ਪ੍ਰਭ ਅਬਿਨਾਸ਼ੀ ਤੁੱਟੀ ਲਏ ਜੋੜ, ਚੜ੍ਹਿਆ ਸ਼ਬਦ ਘੋੜ, ਆਇਆ ਅੰਤ ਦੌੜ, ਕਰੇ ਖ਼ਬਰਦਾਰ । ਬਾਹਰ ਕਢਿਆ ਅਸਵ ਪੌੜ, ਭੰਨਣ ਚੜ੍ਹਿਆ ਮਿੱਠੇ ਕੌੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਆਪਣੀ ਕਾਰ । ਅੱਸੂ ਚਾਰ ਕਰ ਵਿਚਾਰ । ਗੁਰ ਸੰਗਤ ਸਾਚੀ ਸੰਗ ਅਪਾਰ । ਬਿਰਲਾ ਮੰਦਰ ਜਾਏ ਅੰਦਰ, ਕ੍ਰਿਸ਼ਨਾ ਰਾਮਾ ਹਰਿ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਬਿਰਲਾ ਮੰਦਰ ਬਿਰਹੋਂ ਰੋਗ । ਅੰਤ ਦਵਾਪਰ ਹੋਇਆ ਵਿਜੋਗ । ਕਲਜੁਗ ਮਿਲਿਆ ਧੁਰ ਸੰਜੋਗ । ਸਾਚਾ ਰਸ ਲਿਆ ਭੋਗ । ਪ੍ਰਭ ਅਬਿਨਾਸ਼ੀ ਰਾਹ ਸਾਚਾ ਰਿਹਾ ਦੱਸ, ਕਲਜੁਗ ਨਿਖੁੱਟੀ ਅੰਤਮ ਚੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਭੇਸਾ ਦਰ ਦਰਵੇਸ਼ਾ, ਕਲਜੁਗ ਦਿਸੇ ਸੱਚਾ ਜੋਗ । ਅੱਸੂ ਚਾਰ ਮੀਤ ਮੁਰਾਰ । ਵੇਖੇ ਵਿਚਾਰੇ ਅੰਦਰ ਬਾਹਰ ।

ਮੰਦਰ ਘਰ ਘਰ ਗੁਰੂਦਵਾਰ । ਸੰਤ ਮਨੀ ਸਿੰਘ ਸਾਚਾ ਧਨੀ, ਸ਼ਬਦ ਕਲਮ ਲੇਖ ਲਿਖੇ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਕਾਬ ਗੰਜ ਸਵੇਰ ਸੰਞ ਰੈਣ ਮੰਞ, ਅੰਤਮ ਪਾਵੇ ਸਾਰ । ਅੱਸੂ ਚਾਰ ਅਵਲੜੀ ਚਾਲ । ਪ੍ਰਭ ਅਬਿਨਾਸ਼ੀ ਦੀਨ ਦਿਆਲ । ਮੂਰਖ ਮੁਗਧ ਅੰਞਾਣੇ ਕਰਨ ਹਾਸੀ, ਕਵਣ ਵਖਾਣੇ ਕਵਣ ਜਾਣੇ , ਸ੍ਰਿਸ਼ਟ ਸਬਾਈ ਕਰੇ ਪ੍ਰਿਤਪਾਲ । ਜਗਤ ਹੋਏ ਅੰਧੇ ਕਾਣੇ ਬੇਮੁਹਾਣੇ, ਜੀਵ ਸ਼ੈਤਾਨੀ ਨਾ ਕੋਈ ਜਾਣੇ ਲਾਲ ਗੋਪਾਲ । ਗਊ ਗਰੀਬ ਜਿਸ ਗਲੇ ਲਗਾਨੇ, ਭੁੱਖਿਆਂ ਨੰਗਿਆਂ ਜਿਸ ਰੋਗ ਗਵਾਨੇ, ਵੇਖੇ ਘਰ ਗੁਣ ਨਿਧਾਨੇ, ਚਰਨ ਛੁਹਾਇਆ ਅਸੈਂਬਲੀ ਹਾਲ । ਸਤਿ ਧਰਮ ਦੇ ਬੰਨ੍ਹੇ ਗਾਨੇ, ਪੰਡਤ ਮੁਲਾਂ ਸਰਬ ਪਛਾਣੇ, ਗ੍ਰੰਥੀ ਪੰਥੀ ਵਡ ਵਿਦਵਾਨੀ, ਜਗਤ ਭੁੱਖ ਮਿਟਾਏ ਕਾਲ । ਦੇਵੇ ਮਾਣ ਹਰਿ ਭਗਵਾਨੇ, ਜੀਵ ਬਾਲ ਬਾਲ ਅੰਞਾਣ ਜਵਾਨੇ, ਅੰਤਮ ਅੰਤ ਸੁਰਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਕ ਰਾਜਾਨ ਸਰਬ ਪਛਾਣੇ ਅੱਸੂ ਚਾਰ । ਬਾਰਾਂ ਤੀਸ ਪੰਡਤ ਨਹਿਰੂ ਵੇਖ ਜਗਦੀਸ਼ । ਛਤਰ ਝੁਲਣਾ ਜਿਸ ਦੇ ਸੀਸ । ਨੌਂ ਖੰਡ ਪ੍ਰਿਥਮੀ ਜਾਣੀ ਪੀਸ । ਖੁਲ੍ਹੇ ਭੇਵ ਬੀਸ ਇਕੀਸ । ਦਰ ਘਰ ਸਾਚੇ ਕੋਇ ਨਾ ਲੱਗੇ ਫੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਰਸਨਾ ਗਾਏ ਹਰਿਜਨ ਬਤੀਸ । ਪ੍ਰਧਾਨ ਮੰਤਰੀ ਹੋ ਪ੍ਰਧਾਨ । ਪਹਿਲਾ ਵਰ ਸ੍ਰੀ ਭਗਵਾਨ । ਮੰਗਿਆ ਵਰ ਸੱਚਾ ਘਰ, ਮਿਲਿਆ ਮਾਣ ਵਿਚ ਜਹਾਨ । ਅੰਤਮ ਨੁਹਾਉਣਾ ਧੁੜੀ ਸਾਚੇ ਸਰ, ਲੋਕਮਾਤੀ ਕਰ ਇਸ਼ਨਾਨ । ਫਿਰ ਖੁਲ੍ਹੇ ਦਸਵਾਂ ਦਰ, ਮਿਲੇ ਮੇਲ ਹਰਿ ਭਗਵਾਨ । ਨਿਹਕਲੰਕ ਕਲ ਜਾਮਾ ਪਾਇਆ, ਤੇਰੇ ਸੀਸ ਹੱਥ ਰਖਾਏ ਵਡ ਦਾਤਾ ਮਿਹਰਬਾਨ । ਜਗਤ ਪਿਤ ਜਗਦੀਸ਼ ਹਰਿ ਅਖਵਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਘੁਪਤ ਰਘੁਰਾਇਆ । ਧਰਤ ਮਾਤ ਤੇਰੀ ਰੱਖੇ ਪਤਿ, ਲੋਕਮਾਤ ਜਾਮਾ ਪਾਇਆ । ਧਰਮ ਪੁਜਾਰੀ ਵੇਖ ਵਿਚਾਰੇ ਹਰਿ ਨਿਰੰਕਾਰੇ, ਸਾਚਾ ਸੁਤ ਸੱਜਣ ਸੁਹੇਲਾ ਆਪ ਅਖਵਾਇਆ । ਕਵਣ ਜਾਣੇ ਪ੍ਰਭ ਮਿਤ ਗਤ, ਭਾਣਾ ਰਾਣਾ ਕਿਸੇ ਹੱਥ ਨਾ ਆਇਆ । ਸਚ ਦਵਾਰੇ ਸਚ ਦਾਤਾਰਾ । ਚਰਨ ਛੁਹਾਏ ਪਹਿਲੀ ਵਾਰਾ । ਸੋਇਆ ਪੂਤ ਆਪ ਉਠਾਏ, ਦਰਸ ਦਿਖਾਏ ਹਰਿ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਚ ਭਵਨ ਰਾਸ਼ਟਰਪਤ । ਹਰਿ ਪ੍ਰਭ ਨਾ ਦੇਵ ਨਾ ਯਮਨ, ਨਾ ਕੋਈ ਮਸਾਣ ਨਾ ਕੋਈ ਪਵਣ, ਏਕਾ ਜੋਤੀ ਨੂਰ ਸਤਿ । ਮਾਤ ਪਛਾਣ ਕਰੇ ਕਵਣ, ਜਾਣੇ ਮਿਤ ਗਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਅੰਤ ਰੱਖਣ ਆਇਆ ਪਤਿ । ਪਤਿ ਪਤਿਵੰਤੇ ਧਰਤ ਮਾਤ ਦੁਲਾਰੇ । ਜੀਵਾਂ ਜੰਤਾਂ ਸਾਚੇ ਕੰਤੇ, ਗਊ ਗਰੀਬ ਤੇਰੇ ਸਹਾਰੇ । ਮਿਲੇ ਮੇਲ ਹਰਿ ਭਗਵੰਤੇ, ਕਲਜੁਗ ਤੇਰੀ ਅੰਤਮ ਵਾਰੇ । ਗੁਣੀ ਨਿਧਾਨੀ ਸਾਚੇ ਸੰਤੇ, ਸਤਿ ਧਰਮ ਮਾਤ ਜੈਕਾਰੇ । ਚਾਰ ਵਰਨ ਬਣਾਉਣੀ ਸਚ ਬਣਤ, ਊਚ ਨੀਚ ਭੇਵ ਨਿਵਾਰੇ । ਏਕ ਮਿਲਾਉਣਾ ਸਾਚਾ ਕੰਤੇ, ਨਰ ਨਰਾਇਣ ਹਰਿ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਜੋਤ ਧਰ, ਜਗਤ ਕਾਜ ਪ੍ਰਗਟ ਹੋ ਦੇਸ ਮਾਝ, ਤੇਰੇ ਕਾਜ ਅੰਤਮ ਅੰਤ ਆਪ ਸਵਾਰੇ ।

੫੫੮
੦੪

## ❇ ੫ ਅੱਸੂ ੨੦੧੧ ਬਿਕ੍ਰਮੀ ਦਿੱਲੀ ਅਤੇ ਗੁੜਗਾਉਂ ਵਿਚਕਾਰ ਜੰਗਲ ਵਿਚ ਬਿਸ਼ਨ ਸਿੰਘ ਦੇ ਸੀਸ ਤੇ ਮੋਰ ਦੇ ਪੰਖਾਂ ਦਾ ਮੁਕਟ ਰੱਖ ਕੇ ਲਿਖਤ ਕਰਵਾਈ ❇

ਪੁਰਖ ਅਬਿਨਾਸ਼ੀ ਕੀਆ ਕੌਲ । ਗੜ੍ਹੀ ਨਾ ਦਿਸੇ ਕੋਈ ਚਮਕੌਰ । ਗੁਰਮੁਖ ਸਾਚੇ ਜੀਵਾਂ ਤਿੰਨਾਂ ਲੋਕਾਂ ਏਕਾ ਦੌੜ । ਸੁਹੰਞਣੀ ਰੈਣ ਸੁਭਾਗਾ ਦਿਵਸ ਲੋਕਮਾਤ ਲਾਏ ਝੜੀ, ਗੁਰਮੁਖਾਂ ਪ੍ਰਭ ਪਕੜੀ ਡੋਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਲੀ ਬਲਵਾਨ ਕਲਜੁਗ ਅੰਧੇਰੀ ਰੈਣ ਆਪ ਪਛਾਣੇ ਸਾਚੀ ਗੜ੍ਹੀ । ਲੇਖ ਲਿਖਾਇਆ ਪੂਰ ਕਰਾਇਆ ਸੋਹਣਾ ਤਨ ਸੱਚਾ ਮਨ ਉਚਾ ਤਨ ਸ਼ਿੰਗਾਰ ਕਰਾਇਆ ।

## ❇ ੫ ਅੱਸੂ ੨੦੧੧ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹਿ ਗੁੜਗਾਉਂ ❇

ਰੂਪ ਰੰਗ ਅਪਾਰ ਭਗਤ ਅਧਾਰਿਆ । ਆਪ ਨਿਭਾਏ ਸਾਚਾ ਸੰਗ, ਲਹਿਣਾ ਦੇਣਾ ਹਰਿ ਚੁਕਾ ਰਿਹਾ । ਲੋਕਮਾਤ ਮਾਰ ਝਾਤ, ਕਿਸੇ ਦਰ ਨਾ ਜਾਏ ਮੰਗਣ, ਪ੍ਰਭ ਅਬਿਨਾਸ਼ੀ ਘਟ ਘਟ ਵਾਸੀ ਘਨਕਪੁਰ ਵਾਸੀ, ਲਹਿਣਾ ਦੇਣਾ ਆਪ ਚੁਕਾ ਰਿਹਾ । ਆਪੇ ਪੁੱਛੇ ਵਾਤ ਜਮ ਕੀ ਫਾਸੀ, ਅੰਤਮ ਵਾਰੀ ਸਰਬ ਤੁੜਾ ਰਿਹਾ । ਏਕਾ ਜੋਤ ਨਰ ਨਰਾਇਣ ਕਲਜੁਗ ਅੰਤ ਪ੍ਰਕਾਸ਼ੀ, ਅਗਿਆਨ ਅੰਧੇਰ ਕਲਜੁਗ ਮਿਟਾ ਰਿਹਾ । ਹਰਿਜਨ ਜਨ ਹਰਿ ਦੇਵੇ ਨਾਮ ਸ਼ਬਦ ਕਟਾਰਿਆ । ਸ਼ਬਦ ਉਡਾਏ ਸਾਚਾ ਬਾਜ, ਗੁਰ ਸੰਗਤ ਸ਼ਬਦ ਉਡਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰੇ, ਤੇਰਾ ਭਾਰ ਉਤਾਰਿਆ । ਦਇਆ ਸਿੰਘ ਹਰਿ ਦੀਆ ਵਰ, ਨਰ ਹਰੀ ਕਲ ਭਗਵਾਨਾ । ਸ੍ਰਿਸ਼ਟ ਸਬਾਈ ਕਰ ਵਲ ਛਲ, ਗੁਰਮੁਖਾਂ ਬਖ਼ਸ਼ੇ ਚਰਨ ਧਿਆਨਾ । ਆਪੇ ਕਰੇ ਵਲ ਛਲ ਛਲ ਵਲ, ਰੂਪ ਰੰਗ ਨਾ ਕਿਸੇ ਪਛਾਣਾ । ਜਨ ਭਗਤ ਉਧਾਰੇ, ਕਿਰਪਾ ਧਾਰੇ ਹਰਿ ਨਿਰੰਕਾਰੇ ਵਿਚ ਸੰਸਾਰੇ, ਜੰਗਲ ਜੂਹ ਉਜਾੜ ਪਹਾੜ ਵਿਚ ਜਲ ਧਾਰੇ ਕਰੇ ਖੇਲ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਧਰਤ ਮਾਤ ਤੇਰੀ ਸੁਣੇ ਪੁਕਾਰੇ । ਧਰਤ ਮਾਤ ਹਰਿ ਸੁਣ ਪੁਕਾਰ । ਪ੍ਰਗਟ ਹੋਏ ਵਿਚ ਸੰਸਾਰ । ਕਲਜੁਗ ਜੀਵ ਵਹੇ ਵਹਿੰਦੀ ਧਾਰ । ਗੁਰਮੁਖ ਪ੍ਰਭ ਕਾ ਭਾਣਾ ਸਹਿਣ, ਮਿਲੇ ਮੇਲ ਹਰਿ ਦਾਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਲ ਕੇ ਆਏ ਸਾਚੇ ਦਰ, ਮਿਲੇ ਭਗਤ ਉਧਾਰ ਨਰਾਇਣਾ ਨਰ । ਗੁਰਮੁਖ ਵਿਰਲੇ ਵੇਖਣ ਨੈਣਾਂ ਏਕਾ ਏਕ ਹਰਿ ਭਗਤ ਟੇਕ । ਆਤਮ ਨੂਰੀ ਪ੍ਰਭ ਏਕ । ਧਰਮ ਯੁੱਧ ਕਾਰਜ ਸੁਧ ਤਨ ਨਾ ਲਾਗੇ ਸੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਰਖਾਏ ਚਰਨ ਟੇਕ । ਇਕ ਇਕੱਲਾ ਹਰਿ ਨਿਰੰਕਾਰਾ । ਵੇਖ ਵਖਾਣੇ ਸਰਬ ਕਿਛ ਜਾਣੇ, ਜੀਵ ਜੰਤ ਬਿਰਧ ਬਾਲ ਅੰਞਾਣੇ, ਜਗਤ ਕਰੇ ਨਰ ਹਰਿ ਹਰਿ ਵਲ ਛਲਾ । ਜੋਤੀ ਜੋਤ ਸਰੂਪ ਹਰਿ, ਆਪ ਵਖਾਏ ਸਾਚੇ ਘਰ, ਜਨ ਭਗਤ ਚੁਕਾਏ ਡਰ, ਨਾਮ ਦੇਵੇ ਬ੍ਰਹਮ ਗਿਆਨ ਸਚ ਮਹੱਲ ਅਟਾਰੀ । ਜਗੇ ਜੋਤ ਇਕ ਅਪਾਰੀ । ਨੂਰ ਨੁਰਾਨੀ ਸ਼ਾਹ ਆਲਮ ਹਰਿ ਬਸਨ ਬਨਵਾਰੀ । ਨਰ ਨਰਾਇਣ ਵੱਜੇ ਡੰਕਾ, ਆਪ ਸੁਣਾਏ ਰਾਓ ਰੰਕਾ ਦਵਾਰ ਬੰਕਾ, ਪ੍ਰਗਟ ਮਾਤ ਰਾਮ ਰਮਈਆ ਕ੍ਰਿਸ਼ਨ ਮੁਰਾਰੀ । ਸਾਵਲ ਸੁੰਦਰ ਕ੍ਰਿਸ਼ਨ ਮੁਰਾਰ । ਪ੍ਰਗਟ ਹੋਏ ਵਿਚ ਸੰਸਾਰ । ਕਲਜੁਗ ਤੇਰੀ ਅੰਤਮ


੫੫੯
੦੪

ਵਾਰ । ਗਊ ਗਰੀਬ ਨਿਮਾਣਿਆਂ ਹਰਿ ਸੁਣ ਪੁਕਾਰ । ਵੇਖ ਵਖਾਣੇ ਰਾਜੇ ਰਾਣਿਆਂ, ਆਤਮ ਭਰਿਆ ਵਡ ਹੰਕਾਰ । ਦਰ ਘਰ ਦੇਵੇ ਮਾਣ ਜਨ ਭਗਤ ਨਿਮਾਣਿਆਂ, ਸਿਰ ਰੱਖ ਹੱਥ ਸਮਰਥ ਕਰਨ ਕਰਾਵਣਹਾਰ । ਆਤਮ ਦੇਵੇ ਨੂਰ ਜੋਤੀ ਸਾਚੀ ਵਥ, ਕਾਇਆ ਮੰਦਰ ਸਚ ਅਕਾਰ । ਸਗਲ ਵਸੂਰੇ ਜਾਇਣ ਲਥ, ਦਰਸ਼ਨ ਪਾਏ ਆਤਮ ਅਪਾਰ । ਲੇਖ ਲਿਖਾਏ ਹਰਿ ਸਮਰਥ, ਖਿੜੀ ਰਹੇ ਮਾਤ ਗੁਲਜ਼ਾਰ । ਕਿਰਪਾ ਕਰੇ ਪੁਰਖ ਅਕਥ, ਅੰਦਰੇ ਅੰਦਰ ਬਿਸ਼ਨ ਸਿੰਘ ਸਿੰਘਾਸਣ ਅੰਮ੍ਰਿਤ ਬਰਖੇ ਕਿਰਪਾ ਧਾਰ । ਜਨਮ ਮਰਨ ਕਲ ਭੇਵ ਚੁਕਾਇਆ । ਸੰਤ ਮਨੀ ਸਿੰਘ ਸਤਿਗੁਰ ਸਾਚੇ, ਗੁਰਮੁਖਾਂ ਫੜ ਫੜ ਬਾਹੋਂ ਰਾਹੇ ਪਾਇਆ । ਪ੍ਰਭ ਅਬਿਨਾਸ਼ੀ ਸਦ ਹਿਰਦੇ ਵਾਚੇ, ਆਤਮ ਜੋਤੀ ਦੀਪ ਇਕ ਜਗਾਇਆ । ਹੋਏ ਉਜਿਆਰ ਕਾਇਆ ਮਾਟੀ ਕਾਚੇ, ਮਿਲਿਆ ਇਕ ਸ਼ਬਦ ਅਪਾਰ । ਨਰ ਹਰਿ ਨਰਾਇਣ ਦਰਸ਼ਨ ਪੇਖ ਸੰਤ ਮਨੀ ਸਿੰਘ ਧੰਨ ਧੰਨ, ਧੰਨ ਤੇਰੀ ਵਡਿਆਈ । ਗੁਰਮੁਖਾਂ ਆਤਮ ਗਈ ਮੰਨ, ਜਗਤ ਬੇੜਾ ਦਿਤਾ ਬੰਨ੍ਹ, ਭਾਂਡਾ ਭਰਮ ਦਿਤਾ ਭੰਨ, ਆਏ ਸਚ ਸਰਨਾਈ । ਇਕ ਸੁਣਾਏ ਸ਼ਬਦ ਸੱਚਾ ਰਾਗ ਕੰਨ, ਪੰਜਾਂ ਤੱਤਾਂ ਦੇ ਜਲਾਈ । ਧਰਮ ਰਾਏ ਨਾ ਦਏ ਡੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਹੋਏ ਆਪ ਸਹਾਈ । ਜੋਤ ਅਕਾਲ ਦਿਆਲ ਗੋਪਾਲ । ਸੰਤ ਸੁਹੇਲਾ ਭਗਤ ਵਛਲ ਜਗਤ ਦਲਾਲ । ਸਚ ਸੱਜਣ ਸੁਹੇਲਾ ਇਕ ਇਕੇਲਾ ਨੂਰੀ ਰੰਗ ਇਕ ਜਲਾਲ । ਵਿਛੜਿਆਂ ਕਲ ਕਲਵੰਤੇ ਮੇਲਾ, ਪੂਰਨ ਭਗਵੰਤੇ ਚੇਲਾ ਹੋਏ ਆਪ ਰਖਵਾਲ । ਭਗਤ ਜਨਾਂ ਮਾਤ ਵਧੀ ਵੇਲਾ, ਕਰੇ ਹਰਿ ਆਪ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰਾ ਇਕ ਅਕਾਲ । ਇਕ ਅਕਾਲ ਅਗੰਮ ਅਥਾਹ । ਸਰਬ ਦਿਆਲ ਬੇਪ੍ਰਵਾਹ । ਧਰਤ ਮਾਤ ਰਖਵਾਲ ਵੇਖ ਵਖਾਣੇ ਸਭਨੀ ਥਾਂ । ਖੰਡ ਬ੍ਰਹਿਮੰਡਾਂ ਆਪ ਜਾਣੇ, ਜਨ ਭਗਤਾਂ ਦੇਵੇ ਪਾਰਜਾਤੀ ਠੰਡੀ ਛਾਂ । ਤੁੱਟੇ ਮਾਣ ਰਾਜੇ ਰਾਣੇ, ਸਚ ਜਪਾਏ ਪੁਰਖ ਅਬਿਨਾਸ਼ੀ ਮਾਤ ਨਾਂ । ਜੋਤੀ ਨੂਰਾ ਹਰਿ ਸਾਚਾ ਸੂਰਾ ਘਰ ਘਰ ਉਡਾਏ ਕਾਂ । ਜੋਤੀ ਜੋਤ ਜੋਤ ਭਗਵਾਨਾ । ਆਦਿ ਪੁਰਖ ਅਪਰੰਪਰ ਸਵਾਮੀ, ਜਗਤ ਪਿਤ ਨਾ ਕਿਸੇ ਪਛਾਣਾ । ਧੁਰਦਰਗਾਹੀ ਨਿਤ ਨਵਿਤ ਕਰੇ ਹਿਤ, ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਧਰੇ ਜੋਤ ਵਿਚ ਜਹਾਨਾ । ਵੇਖ ਵਖਾਏ ਸਾਚੀ ਥਿਤ, ਰੁੱਤ ਬਹਾਰ ਆਪ ਸੁਹਾਨਾ । ਕਲਜੁਗ ਝੂਠੇ ਦਿਸਣ ਬੁੱਤ, ਵਿਸਰਿਆ ਨਾਮ ਹਰਿ ਭਗਵਾਨਾ । ਗੁਰਮੁਖ ਵਿਰਲੇ ਉਜਲ ਮੁਖ, ਮਾਤ ਸੁਤ ਦੇਵੇ ਦਰਸ ਨੈਣ ਮੁਧਾਨਾ । ਪੰਚਮ ਜੇਠਾ ਵਡਾ ਸੇਠਾ ਚਰਨ ਪ੍ਰੀਤੀ ਜਗਤ ਰੀਤੀ, ਕਾਇਆ ਅਤੀਤੀ ਸੀਤਲ ਸੀਤੀ ਹੱਥੀਂ ਬੰਨ੍ਹੇ ਸਾਚਾ ਗਾਨਾ । ਮਾਨਸ ਦੇਹੀ ਜੀਤੀ, ਕਲਜੁਗ ਔਧ ਬੀਤੀ, ਮਿਲਿਆ ਮੇਲ ਹਰਿ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਜੋਤ ਉਜਾਲਾ ਹਰਿ ਸੰਸਾਰ । ਜਨ ਭਗਤਾਂ ਰਖਵਾਲਾ, ਆਦਿ ਅੰਤ ਜੁਗਾ ਜੁਗੰਤ ਵਾਰੋ ਵਾਰ । ਲੋਕਮਾਤ ਏਕਾ ਦੱਸੇ ਰਾਹ ਸੁਖਾਲਾ, ਨਾਮ ਦਾਤੀ ਸ਼ਬਦ ਅਪਾਰ । ਨਾਮ ਅਨਮੁੱਲੜਾ ਕੰਠ ਮਾਲਾ, ਸੋਲਾਂ ਕਰਾਏ ਤਨ ਸ਼ਿੰਗਾਰ । ਆਤਮ ਤੋੜੇ ਜਗਤ ਜੰਜ਼ਾਲਾ, ਧਰਮ ਰਾਏ ਨਾ ਆਏ ਦਵਾਰ । ਧੁਰਦਰਗਾਹੀ ਸਚ ਦਲਾਲਾ, ਆਤਮ ਜੋਤੀ ਕਰੇ ਅਕਾਰ । ਕਾਇਆ ਦੀਪਕ ਸਾਚਾ ਬਾਲਾ, ਮਿਟੇ ਕਲ ਅੰਧ ਅੰਧਿਆਰ । ਸ਼ਬਦ ਦੇਵੇ ਤਨ ਦੁਸ਼ਾਲਾ, ਕਰ ਕਰ ਆਦਰ ਚਿੱਟੀ ਚਾਦਰ, ਸੰਤ ਮਨੀ ਸਿੰਘ ਕਰ ਵਿਚਾਰ । ਦਰ ਘਰ ਆਏ ਕਰਤਾ ਕਾਦਰ, ਜੁਗਾਂ ਜੁਗਾਂ ਦਾ ਲਾਹੇ ਭਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋ ਵਿਚ ਸੰਸਾਰ । ਪ੍ਰਗਟ ਹੋਵੇ ਹਰਿ

ਸੰਸਾਰਾ । ਜਨ ਭਗਤਾਂ ਮੈਲ ਦੁਰਮਤ ਧੋਵੇ, ਚਾੜ੍ਹੇ ਰੰਗ ਇਕ ਅਪਾਰਾ । ਦਿਵਸ ਰੈਣ ਕਦੇ ਨਾ ਸੋਵੇ, ਖੜ੍ਹਾ ਰਹੇ ਪਹਿਰੇਦਾਰਾ । ਲੱਖ ਚੁਰਾਸੀ ਕਲਜੁਗ ਰੋਵੇ, ਮਿਲੇ ਮੇਲ ਨਾ ਹਰਿ ਗਿਰਧਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਸਚ ਪਿਆਰਾ । ਸਚ ਪਿਆਰ ਹਰਿ ਕਰਤਾਰ । ਸਚ ਵਿਹਾਰ ਵਿਚ ਸੰਸਾਰ । ਕਲਜੁਗ ਤੇਰੀ ਝੂਠੀ ਧਾਰ । ਲੱਖ ਚੁਰਾਸੀ ਪੈਣੀ ਮਾਰ । ਮਾਇਆ ਰੁਲੇ ਜਗਤ ਭੁੱਲੇ ਜੀਵ ਗਵਾਰ । ਨਾ ਕੋਈ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਮਾਣ ਵਿਚ ਜਹਾਨ, ਲੋਕਮਾਤ ਲਏ ਅਵਤਾਰ । ਕੋਟਨ ਕੋਟ ਕਾਇਆ ਗੜ੍ਹ । ਵੇਖ ਵਖਾਣੇ ਸਰਬ ਘਰ । ਲੱਖ ਚੁਰਾਸੀ ਅੰਦਰ ਵੜ । ਕਿਸੇ ਹੱਥ ਨਾ ਆਏ ਰਾਜੇ ਰਾਣੇ ਸ਼ਾਹ ਸੁਲਤਾਨੇ, ਉਜਾੜ ਪਹਾੜ ਕੰਦਰ ਧਾਰ ਵਿਚ ਸੰਸਾਰ, ਗੁਣਵੰਤ ਹਰਿ ਗੁਣ ਨਿਧਾਨੇ, ਪੁਰਖ ਅਬਿਨਾਸ਼ੀ ਅਵਲੜੀ ਚਾਲ । ਸੰਤ ਸੁਹੇਲੇ ਸੁਰਤ ਸੰਭਾਲ । ਇਕ ਇਕੇਲੇ ਫਲ ਸਾਚੇ ਡਾਲ । ਕਾਇਆ ਮੰਦਰ ਸਾਚੇ ਲਾਲ । ਨੂਰ ਜੋਤੀ ਰੰਗ ਗੁਲਾਲ । ਮਾਣਕ ਮੋਤੀ ਸ਼ਬਦ ਮਿਸਾਲ । ਆਪ ਉਠਾਏ ਕਾਇਆ ਸੋਤੀ, ਗੁਰਸਿਖ ਗੁਰ ਗੋਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਤੇਰੀ ਪੂਰ ਕਰਾਏ ਘਾਲ । ਪੂਰ ਕਰਾਏ ਤੇਰੀ ਘਾਲਾ । ਸੰਤ ਮਨੀ ਸਿੰਘ ਹਰਿ ਰਖਵਾਲਾ । ਲੋਕਮਾਤ ਵਡ ਵਡ ਧਨੀ, ਆਦਿ ਅੰਤ ਨਾ ਹੋਏ ਕੰਗਾਲਾ । ਮਿਲਿਆ ਸਾਕ ਸੱਜਣ ਸੈਣੀ ਵਡ ਹਰਿ ਗੁਣ ਗੁਣੀ, ਤੋੜੇ ਜਗਤ ਜੰਜ਼ਾਲਾ । ਮਾਤ ਆਤਮ ਗੁਣ ਨਿਧਾਨੇ ਪੁਣ ਛਾਣ ਛਾਣ ਪੁਣੀ, ਲੱਭਾ ਇਕ ਸੱਚਾ ਲਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਇਆ ਰਹੇ ਸਦ ਰਖਵਾਲਾ । ਸੰਤ ਮਨੀ ਸਿੰਘ ਸਚ ਦੁਲਾਰਾ । ਪੁਰਖ ਅਬਿਨਾਸ਼ੀ ਪਾਵੇ ਸਾਰਾ । ਘਨਕਪੁਰ ਵਾਸੀ ਆਤਮ ਜੋਤੀ ਨੂਰ ਉਜਾਲਾ । ਨਾ ਕੋਈ ਦੀਵਾ ਨਾ ਕੋਈ ਬਾਤੀ, ਕਾਇਆ ਮਿਟੀ ਅੰਧੇਰੀ ਰਾਤੀ, ਮਿਲਿਆ ਹਰਿ ਦੀਨ ਦਿਆਲਾ । ਅੰਦਰ ਵੇਖੇ ਮਾਰ ਛਾਲ ਤਨ ਮਨ ਹੋਏ ਸਵਾਂਤ ਸਵਾਂਤੀ ਅੰਮ੍ਰਿਤ ਧਾਰਾ । ਕਲਜੁਗ ਅੰਧੇਰੀ ਰਾਤੀ, ਪੁਰਖ ਅਬਿਨਾਸ਼ੀ ਮਾਰੇ ਝਾਤੀ, ਲੋਕਮਾਤ ਲਏ ਅਵਤਾਰਾ । ਜਨ ਭਗਤਾਂ ਮਿਟਾਏ ਅੰਤਮ ਬਾਕੀ, ਆਪੇ ਖੋਲ੍ਹੇ ਸਾਚੀ ਤਾਕੀ, ਸ਼ਬਦ ਚਲਾਏ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਸੰਤ ਮਨੀ ਸਿੰਘ ਦਿਤਾ ਵਰ, ਜਨ ਭਗਤਾਂ ਖੋਲ੍ਹੇ ਆਤਮ ਸਰ, ਅੰਮ੍ਰਿਤ ਭਰੇ ਇਕ ਭੰਡਾਰਾ । ਸੰਤ ਮਨੀ ਸਿੰਘ ਸਚ ਦੁਲਾਰ । ਪ੍ਰਗਟ ਹੋਏ ਵਿਚ ਸੰਸਾਰ । ਕਲਜੁਗ ਤੇਰੀ ਅੰਤਮ ਵਾਰ । ਸੇਵਾ ਕਰੀ ਦਰ ਅਪਾਰ । ਕਾਇਆ ਆਤਮ ਹੋਈ ਉਜਿਆਰ । ਸਿਰ ਰੱਖੇ ਹੱਥ ਕਰਤਾਰ । ਪ੍ਰਭ ਕਾ ਭਾਣਾ ਲਏ ਝਲ, ਲੋਕਮਾਤ ਨਾ ਆਏ ਹਾਰ । ਰਾਜੇ ਰਾਣਿਆਂ ਕਰੇ ਖੁਆਰ । ਸ਼ਬਦ ਡੋਰ ਪ੍ਰਭ ਸਾਚੇ ਫੜੀ, ਤੁੱਟ ਨਾ ਜਾਏ ਵਿਚ ਸੰਸਾਰ । ਸਚ ਸੁਹੰਜਣੀ ਘੜੀ, ਸੰਤ ਮਨੀ ਸਿੰਘ ਬਣਿਆ ਲੇਖ ਲਿਖਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਾਰ । ਜਗਤ ਬੰਨ੍ਹੇ ਸਾਚੀ ਧਾਰ । ਸੰਤ ਮਨੀ ਸਿੰਘ ਲੇਖ ਲਿਖਾਰ । ਪੁਰਖ ਅਬਿਨਾਸ਼ੀ ਸਾਚੀ ਧਾਰ । ਚਾਰ ਵਰਨਾਂ ਇਕ ਪਿਆਰ । ਰਾਜੇ ਰਾਣਿਆਂ ਕਰੇ ਖੁਆਰ । ਗਊ ਗਰੀਬ ਨਿਮਾਣਿਆਂ, ਏਕਾ ਬਖ਼ਸ਼ੇ ਚਰਨ ਪਿਆਰ । ਕਲਜੁਗ ਝੇੜਾ ਚੁੱਕੇ ਵੇਦ ਪੁਰਾਨ ਅੰਜ਼ੀਲ ਕੁਰਾਨ । ਖਾਣੀ ਬਾਣੀ ਅੰਤ ਪਛਤਾਣੀ, ਸੋਹੰ ਚਲਾਏ ਇਕ ਸੱਚੀ ਬਾਣੀ ਧੁਰਦਰਗਾਹੀ ਪ੍ਰਭ ਅਬਿਨਾਸ਼ੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਪ੍ਰਧਾਨ ਪ੍ਰਗਟ ਹੋਏ ਵਿਚ ਜਹਾਨ । ਸੰਤ ਮਨੀ ਸਿੰਘ ਘਰ ਸਚ ਵਸੰਦਾ, ਮਿਲਿਆ ਹਰਿ ਕੰਤ ਪਿਆਰਾ ।

੫੬੧
੦੪

ਏਕਾ ਸ਼ਬਦ ਸਾਚੀ ਧਾਰਾ । ਜੋਤ ਨੂਰ ਕਰ ਅਕਾਰ ਮਿਲਿਆ, ਗੁਰ ਪੂਰੇ ਦੁਰਮਤ ਮੈਲ ਧੋਤੀ ਚੜ੍ਹਿਆ ਰੂਪ ਅਪਾਰਾ । ਗੁਰ ਗੋਬਿੰਦ ਏਕਾ ਬੋਲੀ, ਸ਼ਬਦ ਚਲਾਏ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਜਗਤ ਅਪਾਰਾ । ਜਗਤ ਵੇਖ ਮਸਤਕ ਲਾਈ ਸਾਚੀ ਮੇਖ । ਆਤਮ ਨੇਤਰ ਲੈਣਾ ਵੇਖ । ਮੇਟ ਮਿਟਾਏ ਔਲੀਏ ਪੀਰ ਸ਼ੇਖ਼ । ਸਾਧ ਸੰਤ ਜਗਤ ਭਗਤ ਨਾ ਦਿਸੇ ਕੋਈ ਬਬੇਕ । ਗੁਰਮੁਖ ਸਾਚੇ ਸੰਤ ਜਨ, ਜਿਸ ਜਨ ਦੇਵੇ ਸਾਚਾ ਧਨ, ਆਦਿ ਅੰਤਾ ਸਾਧ ਸੰਤਾ, ਜੁਗਾ ਜੁਗੰਤਾ ਨਰ ਹਰਿ ਸਾਚਾ ਏਕ । ਹਰਿ ਸ਼ਬਦ ਅਮੋਲਾ, ਸ੍ਰਿਸ਼ਟ ਸਬਾਈ ਆਪੇ ਮਵਲਾ, ਪ੍ਰਗਟ ਹੋਏ ਕ੍ਰਿਸ਼ਨਾ ਸਵਲਾ, ਗੁਰਮੁਖ ਤਨ ਨਾ ਲਾਏ ਸੇਕ । ਆਪ ਉਲਟਾਏ ਨਾਭੀ ਕਵਲਾ, ਜੋਤੀ ਨੂਰਾ ਸਚ ਕੋਹਤੂਰਾ, ਸੰਤ ਮਨੀ ਸਿੰਘ ਤੇਰਾ ਬਚਨ ਅੰਤ ਕਰਾਏ ਮਾਤ ਪੂਰਾ, ਕੋਇ ਨਾ ਰਹੇ ਅਧੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਜਗਤ ਪਿਤ ਟੇਕ । ਪ੍ਰਗਟੇ ਜੋਤ ਸਤਿ ਪੁਰਖ ਸਤਿਵਾਦਾ । ਸ਼ਬਦ ਲਿਖਾਏ ਬੋਧ ਅਗਾਧਾ । ਆਤਮ ਧੁਨ ਉਪਜਾਏ ਸਾਚਾ ਨਾਦਾ । ਲੇਖਾ ਮਾਤ ਚੁਕਾਏ ਜਨ ਭਗਤਾਂ ਦੇਵੇ ਦਾਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਮਨ ਤਨ ਰਸਨ ਅਰਾਧਾ । ਸੰਤ ਗੁਰ ਗੁਰ ਸੰਤ ਲਿਖਿਆ ਧੁਰ । ਪ੍ਰਭ ਚਰਨੀ ਜੁੜ, ਖ਼ਾਲੀ ਹੱਥ ਨਾ ਗਿਆ ਮੁੜ । ਮੰਗੀ ਨਾਮ ਇਕ ਭਿਖ, ਪ੍ਰਭ ਚੜ੍ਹਾਇਆ ਸ਼ਬਦ ਘੋੜ । ਮਾਤਲੋਕ ਆਏ ਦੌੜ, ਵੇਖ ਵਖਾਣੇ ਮਿਠੇ ਕੌੜ, ਚਰਨ ਪ੍ਰੀਤੀ ਗਈ ਜੁੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡਾ ਦਾਤਾ ਚਤੁਰ ਸੁਜਾਨ, ਮਿਹਰਬਾਨ ਹਰਿ ਭਗਵਾਨ, ਰਸਨਾ ਧਿਆਇਣ, ਸੀਸ ਝੁਕਾਇਣ, ਤੇਤੀਸ ਕਰੋੜ । ਹਰਿ ਭਗਵਾਨ ਜਗਤ ਪਸਾਰ । ਸ਼ਬਦ ਧਾਰ ਵਿਚ ਸੰਸਾਰ । ਦੀਪਕ ਜੋਤੀ ਮਾਤ ਉਜਿਆਰ । ਮਹਾਨ ਮਹਾਨਾਂ, ਜਗਤ ਮਿਟਾਏ ਕੂੜ ਕੁੜਿਆਰ । ਕਲਕੀ ਅਵਤਾਰ, ਲੱਖ ਚੁਰਾਸੀ ਕਰਨੀ ਖ਼ਬਰਦਾਰ । ਸੰਤ ਮਨੀ ਸਿੰਘ ਬੱਧਾ ਗਾਨਾ, ਫੜੇ ਕਲਮ ਇਕ ਅਪਾਰ । ਸ਼ਬਦ ਦੱਸੇ ਹਰਿ ਨਿਰੰਕਾਰ । ਲਿਖਤ ਲਿਖੇ ਵਿਚ ਸੰਸਾਰ । ਰਾਜੇ ਰਾਣੇ ਹੋਣ ਖ਼ਬਰਦਾਰ । ਕਲਜੁਗ ਤੇਰੀ ਅੰਤਮ ਵਾਰ । ਸੋਹੰ ਚਲੇ ਤੀਰ ਕਮਾਨਾ, ਸਿੰਘ ਨਰ ਹਰਿ ਹਰਿ ਦਾਤਾਰ । ਪੁਰੀ ਘਨਕ ਸੁੱਤਾ ਪੈਰ ਪਸਾਰ । ਕਲਜੁਗ ਮਾਇਆ ਅਪਰ ਅਪਾਰ । ਗੁਰਮੁਖਾਂ ਦੇਵੇ ਠੰਡੀ ਛਾਇਆ, ਸਦ ਬਖ਼ਸ਼ੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਸੰਤ ਮਨੀ ਸਿੰਘ ਦਿਤਾ ਵਰ, ਰਾਣੇ ਸੰਗਰੂਰ ਆਉਣਾ ਡਰ, ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਸੰਤ ਸਤਿ ਸਤਿ ਸਤਿ ਦੇਵਾ । ਉਜਲ ਬੁੱਧ ਨਿਰਮਲ ਮਤ, ਪ੍ਰਭ ਰੱਖੇ ਸਤਿ, ਦਰ ਘਰ ਸਾਚੇ ਕੀਨੀ ਸੇਵਾ । ਆਤਮ ਧੀਰਜ ਸਾਚਾ ਯਤ, ਏਕਾ ਨਾਤਾ ਅੰਮ੍ਰਿਤ ਆਤਮ ਤੀਰਥ ਤਟ, ਮਾਣ ਗਵਾਇਆ ਅਠ ਸਠ ਤੀਰਥ, ਆਤਮ ਬ੍ਰਹਮ ਗਿਆਨੀ ਬ੍ਰਹਮ ਗਿਆਨਾ । ਗੁਰਮੁਖਾਂ ਦੇ ਸਮਝਾਵੇ ਮਤ, ਕਲਜੁਗ ਫੇਰ ਨਾ ਆਵੇ ਵਤ, ਨਿਹਕਲੰਕ ਨਰਾਇਣ ਨਰ, ਜਗੇ ਜੋਤ ਇਕ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਬੈਠ ਨਿਹਚਲ ਧਾਮ ਅਟੱਲ, ਸ੍ਰਿਸ਼ਟ ਸਬਾਈ ਕਰੇ ਵਲ ਛਲ, ਜੰਗਲ ਜੂਹ ਉਜਾੜ ਪਹਾੜ ਜਲ ਥਲ ਬੇਮੁਖਾਂ ਹੱਥ ਨਾ ਆਨਾ । ਸੰਤ ਮਨੀ ਸਿੰਘ ਰਸਨਾ ਤੀਰ । ਬਜ਼ਰ ਕਪਾਟੀ ਗਿਆ ਚੀਰ । ਗੁਰਮੁਖਾਂ ਮਿਲਿਆ ਅੰਮ੍ਰਿਤ ਸੀਰ । ਹਉਮੇ ਵਿਚੋਂ ਕੱਢੇ ਪੀੜ । ਏਕਾ ਓਟ ਹਰਿ ਰਖਾਈ, ਸ਼ਬਦ ਚੋਟ ਤਨ ਲਗਾਈ, ਅੰਤਮ ਬੰਨ੍ਹੇ ਹਰਿ ਜੀ ਬੀੜ । ਆਲ੍ਹਣਿਉਂ ਡਿੱਗੇ ਬੋਟ ਪ੍ਰਭ ਲਏ ਉਠਾਈ ਗੋਦ ਬਹਾਈ, ਕਲਜੁਗ ਮਾਇਆ ਲਾਹੇ

ਚੀਰ । ਆਤਮ ਭੁੱਲੀ ਮਾਇਆ ਰੁਲੀ, ਅੰਮ੍ਰਿਤ ਡੁਲ੍ਹੀ ਆਇਆ ਕੁੱਲੀ, ਆਪੇ ਤੋੜੇ ਜਗਤ ਜੰਜ਼ੀਰ । ਦੇਵੇ ਦਾਤ ਵਡ ਅਨਮੁੱਲੀ । ਲੋਕਮਾਤ ਨਾ ਤੋਲ ਤੁਲੀ । ਕਲਜੁਗ ਅੰਧੇਰੀ ਏਕਾ ਝੁਲੀ । ਲੱਖ ਚੁਰਾਸੀ ਆਉਣੀ ਫਾਸੀ, ਆਤਮ ਵਾੜੀ ਨਾ ਫਲੀ ਫੁੱਲੀ । ਪ੍ਰਗਟ ਹੋਏ ਘਨਕਪੁਰ ਵਾਸੀ, ਮੇਟ ਮਿਟਾਏ ਮਦਿਰਾ ਮਾਸੀ, ਚਰਨ ਲਗਾਏ ਸ਼ਬਦ ਸਵਾਸੀ, ਦੇਵੇ ਦਾਤ ਨਾਮ ਅਨਮੁੱਲੀ । ਮਾਨਸ ਜਨਮ ਹੋਏ ਰਹਿਰਾਸੀ, ਅੰਤਮ ਕਰੇ ਬੰਦ ਖ਼ਲਾਸੀ । ਨਿਜ ਘਰ ਆਤਮ ਨਿਜ ਵਸੇਰਾ, ਸਚ ਮੰਡਲ ਸਾਚੀ ਰਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਖੰਡਾ ਇਕ ਉਠਾਏ । ਜਗਤ ਰੰਡਾ ਕਰ ਵਖਾਏ । ਵਿਚ ਬ੍ਰਹਿਮੰਡਾਂ ਵੰਡ ਕਰਾਏ । ਨੌਂ ਖੰਡ ਪ੍ਰਿਥਮੀ ਪਾਏ ਵੰਡਾਂ, ਸੱਤਾਂ ਦੀਪਾਂ ਅੰਤ ਭੰਨਾਏ । ਮਾਤ ਪਤਾਲ ਅਕਾਸ਼ ਸਰਬ ਘਟ ਵਾਸਾ । ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸ ਸਾਚੇ ਵੇਸਾ, ਕਰੇ ਕਰਾਏ ਨਰ ਨਰੇਸ਼ਾ, ਖੁਲ੍ਹੜੇ ਕੇਸਾ ਪ੍ਰਗਟ ਜੋਤ ਮਾਝੇ ਦੇਸਾ । ਜੋਤ ਸਰੂਪੀ ਸ਼ਬਦ ਉਡਾਰੀ । ਪਵਣ ਬਬਾਨ ਤਿੰਨਾਂ ਲੋਕਾਂ ਏਕਾ ਧਾਰੀ । ਚੌਥੇ ਖੋਲ੍ਹੇ ਦਰ ਦਵਾਰੀ । ਪੰਜਵੇਂ ਸਾਚੀ ਜੋਤ ਨਿਰੰਕਾਰੀ । ਛੇਵੇਂ ਸੁੱਤਾ ਪੈਰ ਪਸਾਰੀ । ਸੱਤਵੇਂ ਖੇਲ ਹਰਿ ਨਿਰੰਕਾਰੀ । ਸਾਚਾ ਘਰ ਨਾ ਆਵੇ ਡਰ ਨਰ ਨਰਾਇਣਾ ਮਧੁਰ ਬੈਣਾ, ਸ੍ਰਿਸ਼ਟ ਸਬਾਈ ਸਾਕ ਸੱਜਣ ਸੈਣਾ, ਇਕ ਇਕੱਲਾ ਰਹਿਣਾ, ਨੂਰ ਨੁਰਾਨਾ ਅਕਾਲ ਅਕਾਲਾ ਦੀਨ ਦਿਆਲਾ ਕਾਲ ਮਹਾਂਕਾਲ ਕਰੇ ਰਖਵਾਲੀ । ਆਤਮ ਦਾਤ ਹਰਿ ਭਗਵੰਤਾ । ਚਰਨ ਨਾਤ ਵਿਚ ਮਾਤ ਸਾਚੇ ਸੰਤਾ । ਅੰਮ੍ਰਿਤ ਦੇਵੇ ਬੂੰਦ ਸਵਾਂਤ ਇਕ ਇਕਾਂਤ, ਮੇਲ ਮਿਲਾਏ ਸਾਚੇ ਕੰਤਾ । ਆਤਮ ਵੇਖੇ ਮਾਰ ਝਾਤ, ਨਾ ਕੋਈ ਵਖਾਣੇ ਜਾਤ ਪਾਤ, ਜੋਤੀ ਜੋਤ ਸਰੂਪ ਹਰਿ, ਸਤਿ ਸਤਿਵਾਦੀ ਨਾਦੀ ਨਾਦਾ, ਰਾਗ ਛਤੀਸਾ ਬੀਸ ਇਕੀਸਾ ਹਰਿ ਜਗਦੀਸ਼ਾ, ਸੁੱਤਾ ਪੈਰ ਪਸਾਰ । ਹਰਿਜਨ ਹਰਿ ਤੋਲਨ ਤੋਲੇ । ਆਤਮ ਕੁੰਡਾ ਸ਼ਬਦੀ ਖੋਲ੍ਹੇ । ਪਵਣ ਸਵਾਸੀ ਲਾਹੇ ਭਗਤ ਉਦਾਸੀ, ਵਸੇ ਕਾਇਆ ਚੋਲੇ । ਜੋਤ ਸਰੂਪੀ ਘਨਕਪੁਰ ਵਾਸੀ, ਦਸਮ ਦਵਾਰੀ ਪੜਦਾ ਖੋਲ੍ਹੇ । ਨਿਜ ਆਤਮ ਵੇਖੇ ਨਿਜ ਘਰ ਵਾਸੀ । ਸਚ ਮੰਡਲ ਦੀ ਸਾਚੀ ਰਾਸੀ । ਈੜਾ ਪਿੰਗਲਾ ਸੁਖਮਨ ਦਾਸੀ । ਮਿਟੇ ਅੰਧੇਰਾ ਕਾਲਾ ਲੱਖ ਚੁਰਾਸੀ ਕਟੇ ਫਾਸੀ । ਹਰਿ ਸਾਜਨ ਸਾਚਾ ਸ਼ਾਹੋ ਸ਼ਾਬਾਸ਼ੀ । ਜੋਤੀ ਦੇਵੇ ਨੂਰ ਨੁਰਾਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਜਗਤ ਪਿਤ ਜਗਦੀਸ਼ਰ ਸਦਾ ਸਦਾ ਜਨ ਭਗਤਾਂ ਹੋਏ ਆਪ ਰਖਵਾਲਾ । ਭਗਤ ਸਵਾਰੇ ਕਾਜ ਹਰਿ ਕਾਜਨ ਕਾਜੇ । ਅੰਤਮ ਰੱਖੇ ਲਾਜ, ਪ੍ਰਗਟ ਜੋਤ ਦੇਸ ਮਾਝੇ । ਚਾਰ ਕੁੰਟ ਪੈਣੀ ਭਾਜ, ਹਰਿ ਸਾਜਨ ਸਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਬਲੀ ਬਲਵਾਨ ਸ਼ਬਦ ਉਡਾਰੀ ਵਿਚ ਸੰਸਾਰੀ ਜੋਤ ਨਿਰੰਕਾਰੀ, ਵੇਖੇ ਖੇਲ ਲੱਖ ਚੁਰਾਸੀ ਮੇਲ, ਧਰਮ ਰਾਏ ਦੀ ਘੱਲੇ ਜੇਲ ਕਲ ਕਿ ਆਜੇ । ਸਾਧ ਸੰਤ ਸਿੱਖ ਗੁਰ ਭਾਈ । ਨਿਤ ਨਵਿਤ ਵੇਖ ਵਖਾਣੇ ਵਾਰ ਥਿਤ, ਅੰਮ੍ਰਿਤ ਆਤਮ ਕਾਇਆ ਸਿੰਚ ਤਨ ਮੰਦਰ ਸਚ ਕਿਆਰੀ । ਬੀਜੇ ਬੀਜ ਵਾਰੋ ਵਾਰੀ । ਅੰਮ੍ਰਿਤ ਫ਼ਲ ਲੱਗੇ ਕਾਇਆ ਡਾਲੀ । ਸੰਤ ਮਨੀ ਸਿੰਘ ਕੰਤ ਸੁਹਾਗਾ, ਸਚ ਸੁਹਾਗਣ ਬਣੀ ਨਾਰੀ । ਇਕ ਸੁਣਾਇਆ ਸਾਚਾ ਰਾਗਾ, ਗੁਰਮੁਖ ਹੋਏ ਵਡ ਵਡਭਾਗਾ । ਪੁਰਖ ਅਬਿਨਾਸ਼ੀ ਪਕੜੇ ਵਾਗਾ, ਪ੍ਰਗਟ ਹੋਏ ਨਰ ਨਿਰੰਕਾਰੀ । ਫੜ ਫੜ ਧੋਵੇ ਕਾਇਆ ਦਾਗਾ, ਕੰਚਨ ਉਤੇ ਲਾਏ ਸੁਹਾਗਾ, ਹੰਸ ਬਣਾਏ ਜੀਵ ਕਾਗਾ, ਕਲਜੁਗ ਤੇਰੀ ਅੰਤਮ ਵਾਰੀ । ਵੇਖ ਵਖਾਣੇ ਪਹਿਲੀ ਮਾਘਾ । ਰਾਜੇ ਰਾਣਿਆਂ ਫੇਰੇ ਸੁਹਾਗਾ । ਸੋਇਆ ਸ਼ੇਰ ਕਲਜੁਗ ਜਾਗਾ । ਹੋਇਆ ਦਲੇਰ ਕੋਲ

੫੬੩
੦੪

ਵਾਘਾ । ਸ਼ਬਦ ਉਠਾਏ ਲੜਾਏ ਨਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਸਾਚੇ ਮੇਲੇ ਆਤਮ ਖੇਲ ਹਰਿ ਜੀ ਖੇਲੇ, ਆਪੇ ਗੁਰ ਆਪੇ ਚੇਲੇ, ਏਕਾ ਸ਼ਬਦ ਸੁੰਨ ਖੋਲ੍ਹੇ, ਮੁਨ ਸੁੰਨ ਗੁਰਮੁਖ ਸਾਚੇ ਚੁਣ ਚੁਣ, ਮਸਤਕ ਭਾਗ ਗਏ ਜਾਗ, ਮਨ ਭਇਆ ਵੈਰਾਗ, ਤ੍ਰਿਸ਼ਨਾ ਬੁਝੀ ਆਗ, ਮਿਲੇ ਮੇਲ ਹਰਿ ਭਗਵਾਨਾ । ਹਰਿ ਭਗਵਾਨ ਮੇਲ ਮਿਲਈਆ । ਸੰਤ ਮਨੀ ਸਿੰਘ ਤੇਲ ਚੜ੍ਹਈਆ । ਆਪ ਬਹਾਏ ਸਾਚੀ ਨਈਆ । ਗੁਰ ਸੰਗਤ ਬਣਾਏ ਭੈਣਾਂ ਭਈਆ । ਚਾਰ ਵਰਨ ਏਕਾ ਧਾਰ, ਹਰਿ ਸੰਸਾਰ ਵਿਚ ਰਖਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਬਿਰਧ ਬਾਲ ਜਵਾਨਾਂ ਪਾਵੇ ਸਾਰ, ਊਚ ਨੀਚ ਜਾਤ ਪਾਤ ਪੁਰਖ ਬਿਧਾਤ ਏਕਾ ਦੇਵੇ ਸ਼ਬਦ ਦਾਤ, ਜਗਤ ਅੰਧੇਰੀ ਮਿਟਾ ਰਾਤ, ਪ੍ਰਗਟ ਹੋਏ ਕਮਲਾਪਾਤ, ਅੰਤਮ ਪੁੱਛੇ ਭਗਤਾਂ ਵਾਤ, ਨਾਮ ਦੇਵੇ ਸਚ ਸੁਗਾਤ, ਗੁਰਮੁਖਾਂ ਦੇਵੇ ਸਾਚੀ ਦਾਤ, ਹਰਿ ਬਨਵਾਰੀ ਫੂਲਨਹਾਰ ਅੰਤ ਗੁੰਦਈਆ । ਫੂਲਨ ਹਾਰ ਪਾਤੀ ਪਾਤੀ । ਪੁਰਖ ਅਬਿਨਾਸ਼ੀ ਗੁੰਦੇ ਨੈਣ ਮੂੰਦੇ ਨਾ ਕੋਈ ਵੇਖੇ ਦਿਵਸ ਰਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰੇ ਧੰਨ ਧੰਨਵੰਤੇ ਪਤ ਪਤਵੰਤੇ, ਮਿਲਿਆ ਮੇਲ ਸਾਚੇ ਕੰਤੇ । ਮਿਟੇ ਅੰਧੇਰ ਨਾ ਕੋਈ ਸੰਞ ਨਾ ਕੋਈ ਸਵੇਰ, ਭਗਤ ਸੁਹੇਲਾ ਇਕ ਇਕੇਲਾ, ਆਤਮ ਰਾਸੀ ਵਿਚ ਪ੍ਰਭਾਸੀ, ਕਾਇਆ ਮੰਡਲ ਸਾਚੀ ਰਾਸੀ, ਗਗਨ ਪਤਾਲੀ ਮਾਤ ਅਕਾਸ਼ੀ, ਪੁਰਖ ਅਬਿਨਾਸ਼ੀ ਨਿਜ ਘਰ ਵਾਸੀ, ਪਵਣ ਸਵਾਸੀ ਆਤਮ ਸਦ ਵਸੇਰਾ, ਸੰਤ ਸਿੱਖ ਗੁਰ ਸਤਿਗੁਰ ਭਾਇਆ । ਆਪ ਮਿਟਾਏ ਤ੍ਰਿਸ਼ਨਾ ਤ੍ਰਿਖ, ਦਰ ਘਰ ਸਾਚੇ ਮਾਣ ਦਵਾਇਆ । ਪ੍ਰਭ ਦਰ ਮੰਗੀ ਏਕਾ ਭਿੱਖ, ਨਾਮ ਨਿਰੰਜਣ ਦੇ ਰਘੁਰਾਇਆ । ਪੂਰੀ ਸਿਖਿਆ ਲਈ ਸਿੱਖ, ਸ਼ਬਦ ਅੰਜਨ ਨੇਤਰ ਪਾਇਆ । ਕਲਜੁਗ ਮਾਇਆ ਲੱਗੀ ਵਿਖ, ਆਤਮ ਰਸ ਤਨ ਗਵਾਇਆ । ਕਿਸੇ ਹੱਥ ਨਾ ਆਏ ਮੁਨ ਰਿਖ, ਅਠਸਠ ਤੀਰਥ ਮਾਣ ਗਵਾਇਆ । ਧੁਰਦਰਗਾਹੀ ਸਾਚੇ ਲੇਖ ਰਿਹਾ ਲਿਖ, ਸੰਤ ਵਿਚੋਲਾ ਜਗਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰਾ ਮਸਤਕ ਭਾਗ, ਕਲਜੁਗ ਅੰਤਮ ਗਿਆ ਜਾਗ, ਆਤਮ ਇਛਿਆ ਇਕ ਵੈਰਾਗ, ਚਰਨ ਕਵਲ ਹਰਿ ਜਾਏ ਲਾਗ, ਚਿੱਟੇ ਅਸਵ ਹੋ ਅਸਵਾਰ, ਹਰਿ ਨਿਰੰਕਾਰ ਪਹਿਰੇਦਾਰ ਵਾਰੋ ਵਾਰ ਪਕੜੀ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਅੰਤਮ ਵੇਲੇ ਜਾਇਣ ਜਾਗ । ਸਾਚਾ ਮੀਤ ਮੀਤ ਮੁਰਾਰਾ । ਨਰ ਹਰਿ ਸਾਚੇ ਅਚਰਜ ਰੀਤਾ, ਮਿਲੇ ਮੇਲ ਹਰਿ ਨਿਰੰਕਾਰਾ । ਏਕਾ ਸ਼ਬਦ ਸਾਚੀ ਦਾਤ ਵਿਚ ਮਾਤ ਅਠਾਰਾਂ ਧਿਆਏ ਗੀਤਾ, ਰੰਗ ਅਵਲੜਾ ਰੂਪ ਨਿਆਰਾ । ਦਿਵਸ ਰੈਣ ਹਰਿ ਪਰਖੇ ਨੀਤਾ, ਅੱਠੇ ਪਹਿਰ ਰਾਖੋ ਚੀਤਾ, ਆਵੇ ਜਾਵੇ ਵਾਰੋ ਵਾਰਾ । ਕਾਇਆ ਕਰੇ ਠੰਡੀ ਸੀਤਾ, ਕਲਜੁਗ ਅੰਤਮ ਮਿਟੀ ਰੀਤਾ, ਸਤਿਜੁਗ ਸਾਚੀ ਬੰਨ੍ਹੇ ਧਾਰਾ । ਨਿਤ ਨਵਿਤਾ ਸ਼ਬਦ ਸੁਣਾਏ ਸਚ ਸੰਗੀਤਾ, ਮਾਣ ਗਵਾਏ ਰਾਗ ਛਤੀਸਾ, ਮੇਟ ਮਿਟਾਏ ਮੂਸਾ ਈਸਾ, ਹਰਿ ਪੁਰਖ ਅਪਾਰਾ । ਜਗਤ ਉਜਿਆਰਾ ਭਗਤ ਸੁਧਾਰਾ । ਏਕਾ ਵਣਜ ਸਚ ਵਪਾਰਾ । ਦਿਵਸ ਰੈਣ ਹਰਿ ਵਸੇ ਨੈਣਾ । ਗੁਰਮੁਖ ਸੰਤ ਕੰਤ ਸੁਹਾਗ ਦਰ ਦਵਾਰੇ ਘਰ ਸਾਚੇ ਬਹਿਣਾ । ਮਹੱਲ ਮੁਨਾਰੇ ਵਡ ਵਡਭਾਗ, ਕਾਇਆ ਗਾਗਰ ਨਿਰਮਲ ਉਜਾਗਰ ਨਾਮ ਰਤਨਾਗਰ, ਡੂੰਘੀ ਧਾਰ ਸ਼ਬਦ ਸਾਗਰ, ਹਰਿ ਪਾਵੇ ਸਾਰੇ । ਗੁਰਮੁਖ ਵਿਰਲਾ ਹੋਏ ਸੁਦਾਗਰ, ਬਖ਼ਸ਼ੇ ਦਾਤ ਹਰਿ ਬਨਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸਿੱਖ ਗੁਰ ਚੇਲਾ ਅੰਤਮ ਮੇਲਾ ਭਗਤ ਸੁਹੇਲਾ, ਹੋਏ ਸਹਾਏ ਵਿਚ ਸੰਸਾਰੇ । ਹਰਿਜਨ ਪਾਏ ਨਾਮ ਧੰਨ ਭਾਂਡਾ ਭਰਮ ਭੰਨ, ਆਤਮ

ਮਿਟੇ ਜੰਨ, ਕਾਇਆ ਛਪਰੀ ਛੰਨ, ਜੋਤੀ ਨੂਰ ਟਿਕਾਏ । ਸੱਚਾ ਦੇਵੇ ਨਾਮ ਧਨ, ਲੋਕਮਾਤ ਨਾ ਲੱਗੇ ਸੰਨ੍ਹ, ਮਿਟੇ ਅੰਧੇਰ ਆਤਮ ਅੰਨ੍ਹ, ਸਚ ਉਜਿਆਰ ਆਪ ਕਰਾਏ । ਪੰਚਾਂ ਕਰੇ ਖੰਨ ਖੰਨ, ਸ਼ਬਦ ਡੋਰੀ ਦੇਵੇ ਬੰਨ੍ਹ, ਨੌਵਾਂ ਦਰਾਂ ਦੇਵੇ ਡੰਨ, ਅੰਦਰ ਰਹਿਣ ਨਾ ਪਾਏ । ਦਸਵੇਂ ਦਰ ਮਿਲੇ ਵਰ ਖੁਲ੍ਹੇ ਸਰ ਗੁਰਮੁਖ ਸਾਚਾ ਜਾਏ ਤਰ, ਆਤਮ ਭੰਡਾਰਾ ਪ੍ਰਭ ਜਾਏ ਭਰ, ਜੋਤੀ ਨੂਰ ਕਰ ਉਜਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਭਗਤ ਭਗਵੰਤ, ਹੋਏ ਸਹਾਈ ਸਦਾ ਰਖਵਾਲਾ । ਸੰਤ ਸਿੱਖ ਸਦਾ ਸੁਖਦਾਈ । ਆਤਮ ਅਤੀਤਾ ਸਦਾ ਸੁਰਜੀਤਾ ਮੀਤਨ ਮੀਤਾ, ਸਾਚੀ ਸੇਵ ਕਮਾਈ । ਤਨ ਮੰਦਰ ਡੂੰਘੀ ਕੰਦਰ, ਨਾ ਕੋਈ ਵੇਖ ਵਖਾਣੇ ਗੋਰਖ ਮਛੰਦਰ, ਉਚੇ ਟਿੱਲੇ ਸਾਰੇ ਹਿੱਲੇ, ਸ਼ਬਦ ਤੀਰ ਚੜ੍ਹੇ ਚਿੱਲੇ, ਭਗਤ ਉਧਾਰ ਜਗਤ ਸੁਧਾਰ ਅਵਲੜੀ ਰੀਤੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸਿੱਖ ਗੁਰ ਸੰਤ ਪਿਆਰੇ, ਸੱਜਣ ਸੁਹੇਲੇ ਸਾਚੇ ਮੀਤੇ । ਗੁਰ ਪ੍ਰਸਾਦਿ ਗੁਰ ਦਰ ਦਵਾਰੇ । ਹਉਮੇ ਰੋਗ ਜਗਤ ਵਿਜੋਗ ਚਿੰਤਾ ਸੋਗ, ਰਸਨਾ ਰਸ ਭੋਗ ਜਨ ਹਰਿ ਜਗਤ ਨਿਵਾਰੇ । ਦੇਵੇ ਦਰਸ ਹਰਿ ਅਮੋਘ, ਸਾਚਾ ਸ਼ਬਦ ਸਾਚਾ ਜੋਗ ਮਿਟੇ ਹਉਮੇ ਰੋਗ ਨਾ ਹੋਏ ਵਿਜੋਗ, ਕੰਤ ਕੰਤੂਲਾ ਕਮਲ ਕਵਲਾਰੇ । ਲਿਖਿਆ ਧੁਰ ਸੰਜੋਗ ਆਤਮ ਰੱਸ ਸਾਚਾ ਲੈਣਾ ਭੋਗ, ਸ਼ਬਦ ਝੂਲਾ ਹਰਿ ਝੁਲਾਰੇ । ਦੇਵੇ ਝੂਲਾ ਜਗਤ ਹੁਲਾਰਾ । ਭਗਤ ਉਧਾਰਾ ਪੁਰਖ ਅਪਾਰਾ । ਆਪ ਚੁਕਾਏ ਪਿਛਲਾ ਮੂਲਾ, ਗੁਰਮੁਖ ਸਾਚਾ ਫਲਿਆ ਫੂਲਾ, ਮਿਲਿਆ ਹਰਿ ਰਾਜ ਰਾਜਾਨ ਸ਼ਾਹ ਸੁਲਤਾਨ ਦੂਲੋ ਦੂਲਾ, ਲਾਏ ਭੋਗ ਰਸਨ ਰਸਨਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਨਰ ਹਰਿ, ਆਤਮ ਖੋਲ੍ਹ ਦਰ ਭੰਡਾਰਾ ਭਰ, ਆਤਮ ਜੋਤੀ ਨੂਰ ਧਰ, ਸ਼ਬਦ ਡੋਰ ਫੜ ਭਰਮ ਭੁੱਲਾ ਵਿਚ ਸੰਸਾਰੇ । ਅਕਾਸ਼ ਅਕਾਸ਼ ਅਕਾਸ਼ ਜੋਤ ਪ੍ਰਕਾਸ਼ । ਨੂਰ ਨਿਰੰਕਾਰਾ ਰੰਗ ਅਪਾਰਾ ਸਦ ਵਸੇ ਬਾਹਰ, ਥਿਰ ਘਰ ਸਾਚੇ ਸਦਾ ਸਦ ਵਾਸ । ਅਵਣ ਗਵਣ ਬਵਣ ਸਵਣ ਨਾ ਕੋਈ ਪਾਏ ਸਾਰ ਵਿਚ ਪ੍ਰਭਾਸ । ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼ ਦੇਵ ਯਮਨ, ਘਟ ਘਟ ਤਟ ਤਟ ਭਏ ਉਦਾਸ । ਸਚ ਕਿਨਾਰਾ ਹਰਿ ਨਿਰੰਕਾਰਾ ਵੇਖੇ ਜਮਨ, ਸ਼ਬਦ ਸਰੂਪੀ ਪਾਏ ਰਾਸ । ਪ੍ਰਗਟ ਹੋਏ ਦੁਸ਼ਟ ਦਮਨ, ਦਇਆਨਿਧ ਦੀਨ ਦਿਆਲਾ ਭਗਤ ਸੁਹੇਲਾ ਹੋਏ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਪੂਰਨ ਭਗਵੰਤ ਜਨ ਭਗਤਾਂ ਪੂਰ ਕਰਾਏ ਆਸ । ਖੰਡ ਬ੍ਰਹਿਮੰਡ ਲੋਅ ਲੋਅ ਅਕਾਰ । ਨਰ ਨਰੇਸ਼ੀ ਸਾਚੀ ਵੰਡ ਬ੍ਰਹਮਾ ਵਿਸ਼ਨ ਮਹੇਸ਼ੀ ਧਾਰ । ਗੁਣਵੰਤ ਗਣੇਸ਼ੀ ਖੁਲ੍ਹੜੇ ਕੇਸੀ, ਦਰ ਦਰਵੇਸ਼ੀ ਨੈਣ ਮੁੰਧਾਰ । ਅਵੱਲੜਾ ਭੇਸੀ ਗੁਰਮੁਖ ਪ੍ਰਵੇਸ਼ੀ, ਨਾ ਕੋਈ ਵੇਖ ਵਖਾਣੇ ਪ੍ਰਭ ਅਬਿਨਾਸ਼ੀ ਜਾਣੇ ਔਲੀਆ ਪੀਰ ਦਸਤਗੀਰ ਸ਼ਾਹ ਮੁਹੰਮਦ ਯਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਵੇ ਵਿਚ ਸੰਸਾਰ । ਸਚ ਦਵਾਰਾ ਬਣਿਆ ਸਚ ਦਰਬਾਨ । ਅਟੱਲ ਅਟੱਲਾ ਸ੍ਰੀ ਭਗਵਾਨ । ਇਕ ਇਕੱਲਾ ਵਲਾ ਛਲਾ, ਸ਼ਬਦ ਫੜੇ ਸਾਚਾ ਭੱਲਾ, ਨਾਮ ਚੜ੍ਹਾਏ ਸਾਚਾ ਚਿੱਲਾ ਰਸਨਾ ਖਿੱਚ ਕਮਾਨ । ਉਚੇ ਪਰਬਤ ਲਾਹੇ ਟਿੱਲਾ, ਪੂਰ ਕਰਾਏ ਬਚਨ ਡੱਲਾ, ਬੂਰੇ ਕੱਕੇ ਪਏ ਤਰਥੱਲਾ, ਧੂੰਆਂਧਾਰ ਜ਼ਿਮੀਂ ਅਸਮਾਨ । ਚਾਰੋਂ ਕੁੰਟ ਸ਼ਬਦੀ ਹੱਲਾ, ਮੇਟ ਮਿਟਾਏ ਜਗਤ ਨਿਸ਼ਾਨ । ਰਸਨਾ ਗਾਏ ਨਾ ਕੋਈ ਅੱਲਾ, ਮੇਟ ਮਿਟਾਏ ਹਰਿ ਕੁਰਾਨ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਏ ਵਿਚ ਜਹਾਨ । ਬ੍ਰਹਿਮੰਡ ਮੰਡਲ ਹਰਿਜਨ ਮਿਲਿਆ ਕਰ ਕਰ ਵੇਸਾ । ਲੋਕਮਾਤ ਅੰਧੇਰੀ ਰਾਤੀ, ਪੁਰਖ ਬਿਧਾਤੀ ਅਵਲੜਾ ਭੇਸਾ । ਸੰਤ ਮਨੀ ਸਿੰਘ ਜੋਤ ਪਛਾਤੀ, ਪੁੱਛੇ ਵਾਤੀ ਸ਼ਾਹ ਸੁਲਤਾਨ ਨਰ

੫੬੫
੦੪

ਨਰੇਸ਼ਾ । ਲੋਕਮਾਤੀ ਅੰਧੇਰੀ ਰਾਤੀ ਅੰਮ੍ਰਿਤ ਬੂੰਦ ਪਿਆਏ ਸਵਾਂਤੀ, ਆਤਮ ਖੋਲ੍ਹੇ ਤਾਕੀ, ਗੁਣਵੰਤੀ ਹਰਿ ਗੁਣ ਨਿਧਾਨਾ । ਕਲਜੁਗ ਭੇਖ ਚੁਕਾਏ ਬਾਕੀ, ਲੱਖ ਚੁਰਾਸੀ ਬੰਦਾ ਖ਼ਾਕੀ, ਲਾੜੀ ਮੌਤ ਹੱਥੀਂ ਬੰਨ੍ਹੇ ਗਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਪ੍ਰਗਟ ਹੋਏ ਵਾਲੀ ਦੋ ਜਹਾਨਾਂ । ਬ੍ਰਹਿਮੰਡ ਹਰਿ ਬ੍ਰਹਿਮੰਡੇ । ਧਰੇ ਜੋਤ ਜਗਤ ਵਰਭੰਡੇ । ਕਲਜੁਗ ਤੇਰਾ ਅੰਤ ਕਿਨਾਰਾ, ਕੋਈ ਨਾ ਦਏ ਸਹਾਰਾ, ਵਹਿੰਦੀ ਧਾਰ ਸਿੰਧ ਸਾਗਰ ਕੰਢੇ । ਲੱਖ ਚੁਰਾਸੀ ਆਰ ਪਾਰਾ, ਮੰਦਰ ਮਸੀਤਾਂ ਢਾਹੇ ਗੁਰੂਦਵਾਰਾ, ਜਗਤ ਨਿਸ਼ਾਨੇ ਮਿਟੇ ਝੰਡੇ । ਸ਼ਬਦ ਚਲੇ ਤੀਰ ਅਪਾਰਾ, ਲੋਆਂ ਪੂਰੀਆਂ ਪਾਵੇ ਸਾਰਾ, ਪਤਾਲ ਅਕਾਸ਼ਾਂ ਖੰਡ ਅਖੰਡੇ । ਵੇਖ ਵਖਾਣੇ ਹਰਿ ਨਿਰੰਕਾਰਾ, ਸ੍ਰਿਸ਼ਟ ਸਬਾਈ ਕਰ ਦੋ ਫਾੜ, ਅਗਨ ਜੋਤ ਲਗਾਏ ਹਾੜੇ, ਮੁਖ ਵੇਖੇ ਸਦ ਇਕੱਲੜਾ, ਧਰਤ ਮਾਤ ਤੇਰਾ ਸਚ ਅਖਾੜਾ, ਸਾਚੀ ਪਾਏ ਹਰਿ ਜੀ ਵੰਡੇ, ਕਲਜੁਗ ਅੰਤਮ ਆਇਆ ਕੰਢੇ । ਧਰਮ ਰਾਏ ਕਲ ਭਾੜਾ ਮੰਗੇ । ਜਲ ਥਲ ਜੰਗਲ ਜੂਹ ਵਿਚ ਉਜਾੜ ਪਹਾੜਾਂ, ਸ਼ਬਦ ਉਠਾਏ ਸਾਚੀ ਧਾੜਾ, ਬੇਮੁਖਾਂ ਅੱਗ ਲੱਗੇ ਬਹੱਤਰ ਨਾੜਾਂ, ਝੂਠੇ ਭੰਨੇ ਅੰਡੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਅੰਤਮ ਕਲ ਪਾਰ ਉਤਾਰੇ ਦਇਆ ਕਮਾਏ, ਆਪ ਚੜ੍ਹਾਏ ਸੋਹੰ ਸ਼ਬਦ ਸਾਚੇ ਡੰਡੇ । ਬ੍ਰਹਿਮੰਡ ਵੰਡ ਹਰਿ ਸਚ ਕਰਾਨਾ । ਬੇਮੁਖਾਂ ਕਲਜੁਗ ਆਈ ਕੰਡ ਛੁਟੇ ਤੀਰ ਲੱਥੇ ਚੀਰ, ਹੱਥ ਨਾ ਆਵੇ ਨੀਰ, ਚਾਰ ਕੁੰਟ ਹੋਏ ਵੈਰਾਨਾ । ਕਲਜੁਗ ਤੇਰਾ ਵਕਤ ਅਖ਼ੀਰ, ਕੋਈ ਨਾ ਦੇਵੇ ਮਾਤ ਸੀਰ, ਪ੍ਰਭ ਮੇਟ ਮਿਟਾਏ ਔਲੀਏ ਪੀਰ ਦਸਤਗੀਰ ਸ਼ਾਹ ਹਕੀਰ, ਚਲੇ ਇਕ ਤੀਰ ਨਿਸ਼ਾਨਾ । ਜਨ ਭਗਤਾਂ ਦੇਵੇ ਸ਼ਬਦ ਚਿੱਲਾ, ਆਤਮ ਅੰਮ੍ਰਿਤ ਬਖ਼ਸ਼ੇ ਸਾਚਾ ਹਰਿ ਨਰ ਨਰਾਇਣ ਹਰਿ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਇਕ ਝੁਲਾਏ ਸਚ ਨਿਸ਼ਾਨਾ । ਮਾਤ ਪਤਾਲ ਅਕਾਸ਼ । ਦਰ ਦਰਵੇਸ਼ ਹਰਿ ਸਰਬ ਘਟਾਂ ਘਟ ਵਾਸ । ਪੁਰਖ ਅਬਿਨਾਸ਼ ਕਲਜੁਗ ਅਵਲੜਾ ਭੇਸ ਕਰ, ਆਦਿ ਅੰਤ ਨਾ ਜਾਏ ਵਿਨਾਸ । ਜੋਤੀ ਖੇਲੀ ਅਪਾਰ ਨਰ, ਅੰਤਮ ਕਲ ਜਲ ਥਲ ਵੇਖ ਵਖਾਣੇ ਪਵਣ ਸਵਾਸ । ਲੱਖ ਚੁਰਾਸੀ ਆਵੇ ਡਰ, ਪਵਣ ਸਵਾਸਾ ਹਰਿ ਨਿਰੰਕਾਰਾ । ਕਰੇ ਖੇਲ ਅਪਰ ਅਪਾਰਾ । ਜੋਤੀ ਜਾਮਾ ਰਮਈਆ ਰਾਮਾ ਕ੍ਰਿਸ਼ਨਾ ਸ਼ਾਮਾ ਸ਼ਬਦ ਦਮਾਮਾ ਲੱਗੇ ਭਾਰਾ । ਪੂਰ ਕਰਾਏ ਮਾਤ ਕਾਮਾ, ਹਰੀ ਹਰਿ ਨਾਮਾ ਤ੍ਰੈਲੋਕੀ ਨਾਥ ਸਗਲਾ ਸਾਥ ਗਿਰਵਰ ਗਿਰਧਾਰਾ । ਧਰਤ ਮਾਤ ਤੇਰੀ ਰੱਖੇ ਪਤ ਦੇ ਕਰ ਹੱਥ ਪ੍ਰਭ ਸਮਰਥ ਸ਼ਬਦ ਚਲਾਏ ਸਾਚੀ ਗਾਥ, ਪੁਰਖ ਅਪਰ ਅਪਰ ਅਪਾਰਾ । ਸਾਚੇ ਲੇਖ ਲਿਖਾਏ ਮਥ, ਕਲਜੁਗ ਅੰਤਮ ਕਰੇ ਖ਼ਵਾਰਾ । ਸਤਿਜੁਗ ਸਾਚੇ ਸਾਚਾ ਰਥ, ਧਰੇ ਮਾਤ ਹਰਿ ਨਿਰੰਕਾਰਾ । ਪੁਰਖ ਅਬਿਨਾਸ਼ੀ ਅਕਥਨਾ ਅਕੱਥ, ਜੋਤ ਉਜਾਲਾ ਵਿਚ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਹੋਏ ਵਿਚ ਸੰਸਾਰਾ । ਭੇਖਾ ਧਾਰ ਵੇਖ ਵਖਾਣੇ । ਸ਼ਬਦ ਅਸਵਾਰੀ ਰਾਜੇ ਰਾਣੇ । ਜੋਤ ਨਿਰੰਕਾਰੀ ਚਾਰ ਕੁੰਟ ਦਹਿ ਦਿਸ਼ ਜੋਤ ਜਗਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਰਾਜੇ ਰਾਣੇ ਰੰਕ ਰਾਜਾਨ । ਵੇਖ ਵਖਾਣੇ ਸ੍ਰੀ ਭਗਵਾਨ । ਸ਼ਬਦ ਮਾਰੇ ਤੀਰ ਨਿਸ਼ਾਨ । ਜਗਤ ਛੁੱਟੇ ਸ਼ਬਦ ਤੀਰ, ਤੁੱਟੇ ਮਾਣ ਤਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਪੰਜ ਹਰਿ ਕਰਮ ਵਖਾਨਾ । ਰਾਣਾ ਸੰਗਰੂਰ ਹਰਿ ਪਕੜ ਉਠਾਨਾ । ਸ਼ਬਦ ਡੰਡਾ ਸਿਰ ਲਗਾਨਾ । ਕਲਜੁਗ ਅੰਤਮ ਆਈ ਕੰਡਾ, ਦਰ ਦਰਬਾਰ ਨਾ ਕਿਸੇ ਲਗਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰਾ ਲੇਖ ਜਗਤ ਭੇਖ ਮਿਟਾਵਨਾ । ਰਾਣਾ ਸੰਗਰੂਰ ਹੋ ਤਿਆਰ । ਅੰਤਮ ਹੋਣਾ ਚੂਰ

੫੬੬
੦੪

੫੬੭
੦੪

ਚੂਰ, ਆਸਾ ਮਨਸਾ ਹਰਿ ਜੀ ਪੂਰ, ਕਲਜੁਗ ਭੁੱਲੇ ਜੀਵ ਗਵਾਰ । ਸ਼ਬਦ ਦੇਵੇ ਸਾਚੀ ਤੂਰ, ਚਿੱਟੇ ਅਸਵ ਹੋ ਅਸਵਾਰ । ਏਕਾ ਜੋਤੀ ਸਾਚਾ ਨੂਰ, ਪਵਣ ਸਵਾਸੀ ਨਾਮ ਅਧਾਰ । ਜੋਤੀ ਜੋਤ ਸਰੂਪ ਹਰਿ, ਪੰਚਮ ਅੱਸੂ ਰਾਣੇ ਸੰਗਰੂਰ ਹਰਿ ਹਜ਼ੂਰ ਪ੍ਰਭ ਅਬਿਨਾਸ਼ੀ ਕਰੇ ਖ਼ਬਰਦਾਰ । ਰਾਣੇ ਸੰਗਰੂਰ ਉਠ ਉਠ ਜਾਗ । ਲੋਕਮਾਤ ਪ੍ਰਭ ਲਾਏ ਭਾਗ । ਆਤਮ ਧੋ ਪਿਛਲਾ ਦਾਗ । ਪੁਰਖ ਅਬਿਨਾਸ਼ੀ ਪਕੜੇ ਵਾਗ ਪ੍ਰਭ ਅਬਿਨਾਸ਼ੀ ਜਾਮਾ ਪਾਏ ਜੋਤ ਸਰੂਪੀ ਭੇਖ ਵਟਾਏ, ਜਗਤ ਵਿਚੋਲਾ ਧੋਵੇ ਦਾਗ਼ । ਗੁਰਮੁਖ ਸਾਚੇ ਲਏ ਬਚਾਏ, ਚਰਨ ਸਰਨ ਜੋ ਅੰਤਮ ਲਾਏ, ਆਪ ਬੁਝਾਏ ਤ੍ਰਿਸ਼ਨਾ ਆਗ । ਗੁਰ ਸੰਗਤ ਸਾਚਾ ਸੰਗ ਨਿਭਾਏ, ਅੰਗ ਸੰਗ ਪ੍ਰਭ ਆਪ ਹੋ ਜਾਏ, ਭੁੱਖ ਨੰਗ ਕੋਈ ਰਹਿਣ ਨਾ ਪਾਏ, ਚਰਨ ਸਰਨ ਜਨ ਜਾਏ ਲਾਗ । ਬੇਮੁਖ ਕਾਚੀ ਵੰਗ ਭੰਨ ਵਖਾਏ, ਸ਼ਬਦ ਮਰਦੰਗ ਇਕ ਵਜਾਏ, ਹੰਸ ਬਣਾਏ ਗੁਰਮੁਖ ਕਾਗ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣੀ ਕਿਰਪਾ ਦੇਵੇ ਕਰ, ਚਰਨ ਛੁਹਾਏ ਦਿਆਲ ਬਾਗ । ਦਿਆਲ ਬਾਗ਼ ਹਰਿ ਚਰਨ ਛੁਹਾਵਣਾ । ਕਲਜੁਗ ਭੇਖ ਅੰਤ ਮਿਟਾਵਣਾ । ਵੇਖ ਵੇਖ ਗੁਰਸਿਖ ਜਗਾਵਣਾ । ਮਸਤਕ ਲਿਖਣਾ ਸਾਚਾ ਲੇਖ, ਪ੍ਰਗਟ ਹੋਏ ਦਰਸ ਦਿਖਾਵਣਾ । ਲੋਕਮਾਤ ਲਗਾਏ ਮੇਖ, ਸ਼ਬਦ ਨਿਸ਼ਾਨਾ ਇਕ ਰਖਾਵਣਾ । ਆਪ ਮਿਟਾਏ ਔਲੀਏ ਪੀਰ ਸ਼ੇਖ਼, ਮੁੱਲਾ ਮੁਸਲਾ ਨਾ ਕੋਈ ਪੜ੍ਹਾਏ, ਗੁਰਮੁਖਾਂ ਏਕਾ ਸੋਹੰ ਨੂਰੀ ਨਾਉਂ ਜਪਾਵਣਾ । ਧਰੇ ਜੋਤ ਪ੍ਰਭ ਮਾਝੇ ਦੇਸ, ਕੁਰਾਨ ਅੰਜ਼ੀਲਾਂ ਵਕਤ ਚੁਕਾਵਣਾ । ਨਾ ਕੋਈ ਪੂਜੇ ਸ਼ਿਵ ਗਣੇਸ਼, ਬ੍ਰਹਮਾ ਵਿਸ਼ਨ ਨਾ ਕਿਸੇ ਧਿਆਵਣਾ । ਨਾ ਕੋਈ ਫਿਰੇ ਦਰ ਦਵਾਰੇ ਦਰਵੇਸ਼, ਕਰੋੜ ਤੇਤੀਸਾ ਬੀਸ ਇਕੀਸਾ ਅੰਤਮ ਅੰਤ ਕਰਾਵਣਾ । ਏਕਾ ਛਤਰ ਝੁੱਲੇ ਜਗਦੀਸ਼ਾ, ਨਿਹਕਲੰਕੀ ਡੰਕ ਵਜਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਿਚ ਜਹਾਨ ਚਰਨ ਕਵਲ ਉਪਰ ਧਵਲ ਪੁਰਖ ਅਬਿਨਾਸ਼ੀ ਸਰਨ ਲਗਾਵਣਾ । ਸ਼ਬਦ ਚਲੇ ਸਚ ਕਟਾਰ । ਤਿੰਨਾਂ ਲੋਆਂ ਤਿੱਖੀ ਧਾਰ । ਚੌਦਾਂ ਲੋਕਾਂ ਵੇਖ ਵਿਚਾਰ । ਸੋਲਾਂ ਕਲੀਆਂ ਕਰ ਸ਼ਿੰਗਾਰ । ਵਲੀਆ ਛਲੀਆ ਹਰਿ ਅਪਾਰ । ਕਲਜੁਗ ਤੇਰੀ ਅੰਤਮ ਵਾਰੀ, ਕਰੇ ਖੁਆਰੀ ਸ਼ਬਦ ਫੜੇ ਤਿੱਖੀ ਆਰੀ । ਨਾ ਕੋਈ ਵੇਖੇ, ਅੰਤਮ ਚੀਰ ਕਰੇ ਦੋ ਫਾੜੀ । ਭਾਣਾ ਵਰਤੇ ਪਹਿਲੀ ਹਾੜੀ । ਕਿਸੇ ਨਾ ਦਿਸੇ ਪਿਛਾ ਅਗਾੜੀ । ਕਲਜੁਗ ਜੀਵਾਂ ਕਿਸਮਤ ਮਾੜੀ । ਏਕਾ ਉਠੇ ਰੂਸਾ ਧਾੜੀ । ਅਗਨ ਲਗਾਏ ਬਹੱਤਰ ਨਾੜੀ । ਚਾਰੋਂ ਤਰਫ ਕਾੜ ਕਾੜ ਜੰਗਲ ਜੂਹ ਪਹਾੜ ਉਜਾੜੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰਾ ਬੰਨ੍ਹੇ ਨਾਤ, ਆਪ ਉਠਾਏ ਮੌਤ ਲਾੜੀ । ਮੌਤ ਲਾੜੀ ਕਰ ਤਿਆਰ । ਸੋਹਣਾ ਕਰੇ ਤਨ ਸ਼ਿੰਗਾਰ । ਲੱਖ ਚੁਰਾਸੀ ਵੇਖ ਵਿਚਾਰ । ਧਰਮ ਰਾਏ ਦਰ ਹੋਏ ਵਾਸ, ਕਲਜੁਗ ਤੇਰੀ ਅੰਤਮ ਵਾਰ । ਅੰਤਮ ਵਾਰ ਸੇਵਾ ਲਾਏ ਘਨਕਪੁਰ ਵਾਸੀ ਲੋਕਮਾਤ ਹਰਿ ਮਾਰ ਝਾਤ, ਕਲਜੁਗ ਅੰਧੇਰੀ ਰਾਤ, ਬੇਮੁਖ ਸੋਏ ਪੈਰ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਖਾਣੇ ਆਪੇ ਜਾਣੇ, ਆਪਣੀ ਸਾਚੀ ਧਾਰ । ਅੱਸੂ ਪੰਜ ਹਰਿ ਬਲਵਾਨਾ । ਕਰੇ ਖੇਲ ਮਾਤ ਮਹਾਨਾ । ਕਲਜੁਗ ਜੀਵਾਂ ਤੋੜੇ ਨਾਤ, ਨਾ ਕੋਈ ਸਹਾਈ ਵਿਚ ਜਹਾਨਾ । ਚਾਰ ਵਰਨ ਵੇਖ ਵਖਾਣੇ, ਰਾਜੇ ਰਾਣੇ ਮਾਰ ਧਿਆਨੇ, ਪੱਲੇ ਨਾ ਕਿਸੇ ਨਾਮ ਸੁਗਾਤ, ਬੇਮੁਹਾਣੇ ਅੰਧੇ ਕਾਣੇ ਵਡ ਜਰਵਾਣੇ, ਸੀਸ ਨਾ ਦਿਸੇ ਕਿਸੇ ਤਾਜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਾਜਨਾ ਰਿਹਾ ਸਾਜ । ਤਖ਼ਤ ਤਾਜ ਨਾ ਕੋਈ ਦਿਸੇ । ਹਰਿ ਰਾਜਾਨ

ਰਾਜ, ਜਗਤ ਪਿਤ ਜਗਦੀਸੇ । ਧਰਤ ਮਾਤ ਤੇਰੇ ਸਵਾਰੇ ਕਾਜਨ ਕਾਜ, ਪ੍ਰਗਟ ਹੋ ਅਵਤਾਰ ਚੌਬੀਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਅੰਤ ਕਰਾਏ ਬੀਸ ਇਕੀਸੇ । ਗੁਰਸਿਖ ਪਿਆਰ ਰਾਜ ਦੁਲਾਰ । ਰਾਜ ਦੁਲਾਰਾ ਨਾਮ ਅਧਾਰ ਵਿਚ ਸੰਸਾਰ, ਅੰਮ੍ਰਿਤ ਧਾਰ ਠੰਡੀ ਠਾਰ ਆਤਮ ਜਲ ਧਾਰ ਲੱਖ ਚੁਰਾਸੀ ਹੋਏ ਪਾਰ, ਬੰਦ ਖ਼ਲਾਸੀ ਵਿਚ ਸੰਸਾਰ । ਆਵਣ ਜਾਵਣ ਗੇੜ ਨਿਵਾਰ । ਸ਼ਬਦ ਗਹਿਣਾ ਤਨ ਸ਼ਿੰਗਾਰ । ਮਾਨਸ ਦੇਹੀ ਮਿਲਿਆ ਮੇਲ ਸਾਚੇ ਕੰਤ ਹਰਿ ਭਤਾਰ । ਗੁਰਮੁਖ ਸੁਲੱਖਣੀ ਮਾਤ ਨਾਰ । ਅੰਤਮ ਅੰਤ ਪਾਵੇ ਸਾਰ । ਪੂਰਬ ਕਰਮ ਜਨਮ ਵਿਚਾਰ । ਮਾਨਸ ਦੇਹੀ ਸਚ ਸਨੇਹੀ ਉਤਮ ਜਾਤੀ, ਲੋਕਮਾਤੀ ਭਗਤ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਵੇ ਹਰਿਜਨ ਭਾਵੇ, ਦਰਗਹਿ ਸਾਚੀ ਸਾਚੇ ਨਹਾਵੇ, ਗੁਰਮੁਖਾਂ ਦਿਸੇ ਵਸੇ ਧਾਮ ਨਿਆਰਾ । ਧਾਮ ਨਿਆਰਾ ਹਰਿ ਕਰਤਾਰਾ । ਨਾ ਕੋਈ ਜਾਣੇ ਆਰ ਪਾਰ ਕਿਨਾਰਾ । ਗੁਰਮੁਖ ਵਿਰਲਾ ਵੇਖ ਵਖਾਣੇ ਹਰਿ ਪ੍ਰਭ ਜਾਣੇ ਕਿਰਪਾ ਕਰੇ ਅਪਰ ਅਪਾਰਾ । ਜਗਤ ਦਰਵੇਸ਼ ਭਗਤ ਪ੍ਰਦੇਸੀ ਸਚ ਟਿਕਾਣੇ ਜੋਤੀ ਰੂਪਾ ਸਾਚਾ ਭੂਪਾ, ਸ਼ਬਦੀ ਪਹਿਨੇ ਚਿੱਟਾ ਬਾਣੇ । ਨਾ ਕੋਈ ਰੰਗ ਨਾ ਕੋਈ ਰੂਪੇ, ਨੂਰ ਨੁਰਾਨਾ ਸਤਿ ਸਰੂਪਾ, ਦੇਵੇ ਮਾਣ ਰਾਜੇ ਰਾਣੇ । ਲੱਖ ਚੁਰਾਸੀ ਅੰਧ ਕੂਪਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਵਲ ਛਲ ਜਲ ਥਲ ਕਰ ਕਰ ਵੇਖੇ ਵੇਖ ਵਖਾਣੇ । ਗੁਰਮੁਖ ਅਪਾਰਾ ਸੰਤ ਵਿਚੋਲਾ, ਹਰਿ ਦੇਵੇ ਸ਼ਬਦ ਅਧਾਰਾ । ਸੋਹੰ ਸਾਚਾ ਤੋਲਾ, ਮਿਲੇ ਮੇਲ ਨਿਰੰਕਾਰਾ । ਦਰ ਘਰ ਸਾਚੇ ਹੋਏ ਗੋਲਾ, ਚਾਰ ਕੁੰਟੀ ਇਕ ਜੈਕਾਰਾ । ਦੂਜਾ ਦਿਸੇ ਨਾ ਕੋਈ ਉਹਲਾ, ਝਿਰਨਾ ਝਿਰੇ ਅਪਰ ਅਪਾਰਾ । ਗੁਰਮੁਖਾਂ ਖੋਲ੍ਹੇ ਆਤਮ ਕਵਲਾ, ਤਿੱਖੀ ਰੱਖੀ ਸ਼ਬਦ ਧਾਰਾ । ਪੁਰਖ ਅਬਿਨਾਸ਼ੀ ਉਪਰ ਧਵਲਾ, ਜੋਤ ਜਗਾਏ ਅਪਰ ਅਪਾਰਾ । ਕਾਹਨਾ ਕ੍ਰਿਸ਼ਨਾ ਸਵਲਾ ਮਵਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੂਰ ਅਲਾਹੀ ਨੂਰੀ ਅਵਲਾ । ਅੱਲਾ ਨੂਰੀ ਹੱਕ ਹਲਾਲਾ । ਜਗਤ ਮਲਾਹੀ, ਗੁਰ ਗੋਪਾਲਾ । ਭਗਤਾਂ ਦੇਵੇ ਸਚ ਸਲਾਹੀ, ਨਾਮ ਨਿਰੰਜਣ ਸਚ ਰਖਵਾਲਾ । ਲੱਖ ਚੁਰਾਸੀ ਪੈਣੀ ਫਾਹੀ, ਜਗੀ ਜੋਤ ਇਕ ਜਵਾਲਾ । ਗੁਰਮੁਖਾਂ ਧੋਵੇ ਮਸਤਕ ਦਾਗ਼, ਸੱਚਾ ਚਾੜ੍ਹੇ ਰੰਗ ਗੁਲਾਲਾ । ਵੇਖ ਵਖਾਣੇ ਥਾਉਂ ਥਾਈਂ, ਸ਼ਬਦ ਬਣਾਏ ਵਿਚ ਦਲਾਲਾ । ਦਰ ਘਰ ਆਏ ਚਾਈਂ ਚਾਈਂ, ਜਗਤ ਅਵਲੜੀ ਚਲੇ ਚਾਲਾ । ਸਦਾ ਸੁਹੇਲਾ ਦੇਵੇ ਠੰਡੀ ਛਾਈਂ, ਕਲਜੁਗ ਦੱਸੇ ਰਾਹ ਸੁਖਾਲਾ । ਅੰਤ ਵਿਛੋੜਾ ਭੈਣ ਭਾਈ, ਜਗਤ ਜੰਜ਼ਾਲਾ ਕਾਲ ਮਹਾਂਕਾਲਾ । ਮੇਲ ਮਿਲਾਵਾ ਸਾਚੇ ਮਾਹੀ, ਧੁਰਦਰਗਾਹੀ ਹੋਏ ਰਖਵਾਲਾ । ਧਰਮ ਰਾਏ ਨਾ ਪਾਏ ਫਾਹੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਜੋਤੀ ਸਾਚੀ ਗੋਤੀ ਮੇਲ ਮਿਲਾਣਾ । ਮੇਲ ਮਿਲਾਏ ਹਰਿ ਭਗਵਾਨ । ਗੁਰਮੁਖ ਚਰਨੀ ਡਿੱਗਣ ਆਣ, ਹੋਏ ਸਹਾਈ ਹਰਿ ਰਘੁਰਾਈ ਏਥੇ ਓਥੇ ਦੋ ਜਹਾਨ । ਫੰਦਨ ਫੰਦ ਕਟਾਨ । ਆਤਮ ਵਜਦੀ ਰਹੇ ਵਧਾਈ, ਰਸਨਾ ਰੱਸ ਮਧੁਰ ਗੁਣ ਗਾਣ । ਗੁਰਮੁਖ ਸੇਵਾ ਧੰਨ ਕਮਾਈ, ਆਦਿ ਅੰਤ ਨਾ ਹੋਏ ਜੁਦਾਈ, ਏਕਾ ਰੰਗ ਸ੍ਰੀ ਭਗਵਾਨ । ਸੱਜਣ ਸੁਹੇਲਾ ਸਾਚਾ ਮਾਹੀ, ਅੰਤਮ ਪਕੜੇ ਦੋਵੇਂ ਬਾਹੀਂ, ਨਾ ਛੋੜੇ ਛੋੜ ਛੁੜਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਸਾਚਾ ਗੁਰਮੁਖ ਵਿਰਲੇ ਹਿਰਦੇ ਵਾਚਾ, ਦੇਵੇ ਦਰਸ ਆਤਮ ਦਰ ਦਰਬਾਨ । ਦਰ ਦਰਬਾਨਾ ਹਰਿ ਮਿਹਰਬਾਨਾ । ਸਗਲ ਜਹਾਨਾ ਕੁਲਵੰਤ ਹਰਿ ਭਗਵੰਤ ਭਗਤਨ ਸਾਚਾ ਮੇਲ ਮਿਲਾਨਾ । ਕੰਠ ਨੀਲਾ ਕਰ ਕਰ ਹੀਲਾ ਛੈਲ ਛਬੀਲਾ, ਅੰਤ ਸਾਚਾ ਸੰਗ ਨਿਭਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲਾ ਆਪੇ ਗੁਰ ਚੇਲਾ,

੫੬੮
੦੪

ਅੰਤਮ ਜੋਤੀ ਮੇਲ ਮਿਲਾਨਾ । ਪੰਚਮ ਸੋਏ ਦਰ ਦਵਾਰੇ । ਪੰਚਮ ਪਰਮ ਪੁਰਖ ਕੀ ਸਾਚੀ ਧਾਰੇ । ਕਲਜੁਗ ਤੇਰੀ ਅੰਤਮ ਵਾਰੇ । ਸਤਿਜੁਗ ਸਾਚੇ ਹੋਏ ਉਜਿਆਰੇ । ਚਾਰ ਵਰਨਾ ਸਾਚੀ ਸਰਨਾ ਨਰ ਨਿਰੰਕਾਰੇ । ਰਾਓ ਰੰਕ ਪ੍ਰਭ ਏਕਾ ਕਰਨਾ, ਗਊ ਗਰੀਬਾਂ ਪਾਵੇ ਸਾਰੇ । ਆਪ ਸੁਹਾਏ ਦਵਾਰ ਬੰਕਾਂ, ਚਰਨ ਛੁਹਾਏ ਵਿਚ ਸੰਸਾਰੇ । ਗੁਰਮੁਖ ਉਧਾਰੇ ਜਿਉਂ ਰਾਮਾ ਜਨਕਾ, ਪ੍ਰਗਟ ਹੋਏ ਕਾਜ ਸਵਾਰੇ । ਸ਼ਬਦ ਉਠਾਏ ਸਾਚਾ ਧਨੁਖਾ, ਰਸਨਾ ਚਲਾਏ ਸ਼ਬਦ ਤੀਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਹੋ ਅਸਵਾਰੇ । ਸਿੰਘ ਮਤਾਬ ਦਇਆ ਕਮਾਈ । ਸੰਤ ਮਨੀ ਸਿੰਘ ਸੇਵ ਕਮਾਈ । ਲਹਿਣਾ ਦੇਣਾ ਦੇਣਾ ਲਹਿਣਾ, ਅੰਤਮ ਵੇਲੇ ਜੋਤ ਜਗਾਈ । ਪ੍ਰਭ ਕਾ ਭਾਣਾ ਸਿਰ ਤੇ ਸਹਿਣਾ, ਵਿਚ ਮਾਲਵੇ ਸਿਰ ਛੁਪਾਈ । ਅੰਤਮ ਵੇਖਣਾ ਦਰਸ਼ਨ ਨੈਣਾਂ, ਪੁਰੀ ਘਨਕ ਜੋਤ ਜਗਾਈ । ਤਨ ਪਹਿਨਾਏ ਸ਼ਬਦ ਗਹਿਣਾ, ਦਰ ਦਵਾਰੇ ਲਏ ਬੁਲਾਈ । ਏਕਾ ਬਣੇ ਮਾਤ ਪਿਤ ਭੈਣ ਭਾਈ ਸਾਕ ਸੱਜਣ ਸੈਣਾ । ਸ਼ਬਦ ਘੋੜੇ ਦਏ ਚੜ੍ਹਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੇ ਸੀਸ ਸ਼ਬਦ ਤਾਜ ਪਹਿਨਾਈ । ਸ਼ਬਦ ਤਾਜ ਸਿਰ ਦੇਵੇ ਬੰਨ੍ਹ । ਸੰਤ ਦੁਲਾਰਾ ਰਸਨਾ ਗਾਏ ਜਗਤ ਸੁਣਾਏ ਕੰਨ । ਏਕਾ ਇਕ ਵਖਾਣੇ ਨਰ ਨਿਰੰਕਾਰ ਸਚ ਘਰ ਬਾਹਰ, ਆਤਮ ਖੁਲ੍ਹੇ ਦਰ ਦਵਾਰਾ, ਜਗਤ ਬੇੜਾ ਦੇਵੇ ਬੰਨ੍ਹ । ਸ਼ਬਦ ਚਲਾਏ ਸਚ ਜੈਕਾਰਾ, ਕਲਜੁਗ ਤੇਰੀ ਅੰਤਮ ਵਾਰਾ, ਗੁਰਮੁਖ ਸਾਚੇ ਸੰਤ ਜਨਾਂ ਆਪ ਉਠਾਏ ਆਪਨੇ ਕੰਨ੍ਹ । ਗੁਰਮੁਖਾਂ ਕੱਢੇ ਆਤਮ ਜੰਨ । ਭਾਂਡਾ ਭਰਮ ਦੇਵੇ ਭੰਨ । ਸੱਚਾ ਦੇਵੇ ਨਾਮ ਧਨ ਨਾ ਲੱਗੇ ਸੰਨ੍ਹ । ਸੰਤ ਮਨੀ ਸਿੰਘ ਹਰਿ ਦੁਲਾਰਾ ਵਿਚ ਸੰਸਾਰਾ । ਮੂਰਖ ਮੁਗਧ ਅੰਞਾਣ ਚਤੁਰ ਸੁਜਾਨ, ਬਣਾਏ ਗੁਣ ਨਿਧਾਨਾ ਹੋ ਮਿਹਰਵਾਨ, ਜੋਤੀ ਮੇਲ ਅਪਰ ਅਪਾਰਾ । ਆਤਮ ਜੋਤੀ ਹਰਿ ਜਗਾਈ । ਵਰਨ ਗੋਤ ਨਾ ਕੋਈ ਰਖਾਈ । ਦਸਮ ਦਵਾਰੀ ਖੁਲ੍ਹਾ ਸੋਤ, ਕਾਇਆ ਰੈਣ ਰਾਤ ਮਿਟਾਈ । ਪਰਮ ਪੁਰਖ ਅਬਿਨਾਸ਼ੀ ਜੋਤ, ਘਟ ਘਟ ਭੀਤਰ ਗਿਆ ਸਮਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧੁਨ ਨਾਦ ਸੰਤ ਸੁਹੇਲਾ ਸਾਚਾ ਲੋਕਮਾਤ ਉਪਜਾਈ । ਸੰਤ ਧੁਨ ਸ਼ਬਦ ਧੁਨਕਾਰਾ । ਤੁੱਟੀ ਸੁੰਨ ਸੁਣੇ ਨਾਮ ਇਕ ਨਿਰੰਕਾਰਾ । ਪੁਰਖ ਅਬਿਨਾਸ਼ੀ ਲਿਆ ਚੁਣ, ਸੱਜਣ ਮੀਤ ਮੁਰਾਰਾ । ਇਕ ਵਖਾਏ ਸਾਚਾ ਗੁਣ, ਡੰਕ ਵਜਾਉਣਾ ਜਗਤ ਅਪਾਰਾ । ਰਾਜੇ ਰਾਣੇ ਭੁੱਲੇ ਧਰ ਧਰ ਭੇਖ ਜਗਤ ਗਵਾਰਾ । ਕੋਈ ਨਾ ਛੱਡੇ ਮੁਲਾ ਸ਼ੇਖ਼, ਨੇਤਰ ਖੋਲ੍ਹ ਲਿਆ ਵੇਖ ਉਚੇ ਮੰਦਰ ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜਾਂ । ਜੋਤੀ ਜੋਤ ਸਰੂਪ ਹਰਿ, ਸੰਤ ਮਨੀ ਸਿੰਘ ਸਤਿਗੁਰ ਸਾਚਾ ਲੋਕਮਾਤ ਉਪਜਾਏ ਸਾਚਾ ਲਾੜਾ । ਸਾਚਾ ਲਾੜਾ ਚੜ੍ਹਿਆ ਘੋੜੇ । ਮਾਝੇ ਦੇਸ ਵਾਗਾਂ ਮੋੜੇ । ਚਰਨ ਪ੍ਰੀਤੀ ਹਰਿ ਚਰਨ ਕਵਲ ਉਪਰ ਧਵਲ, ਲਿਖਤ ਲੇਖ ਲਿਖੇ ਅਪਾਰੇ, ਲਿਖ ਲਿਖ ਭੇਜੇ ਦਰ ਦਰਬਾਰੇ, ਕਲਜੁਗ ਦਿਨ ਰਹਿ ਗਏ ਥੋੜੇ । ਨਿਹਕਲੰਕ ਕਲ ਜਾਮਾ ਧਾਰੇ, ਕਲਜੁਗ ਤੇਰੀ ਅੰਤਮ ਵਾਰੇ । ਆਪੇ ਪਰਖੇ ਮਿੱਠੇ ਕੌੜੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਅੰਤਮ ਮਾਰ ਝਾਤ ਆਪੇ ਵੇਖੇ ਬੈਠ ਇਕਾਂਤ । ਘਨਕਪੁਰ ਵਾਸੀ ਜੋਤ ਪ੍ਰਕਾਸ਼ੀ, ਮੇਟ ਮਿਟਾਏ ਮਦਿਰਾ ਮਾਸੀ, ਜਨ ਭਗਤਾਂ ਦੇਵੇ ਨਾਮ ਸੁਗਾਤ । ਸੰਤ ਮਨੀ ਸਿੰਘ ਕਲਮ ਚਲਾਈ । ਦਿਵਸ ਰੈਣ ਸੇਵ ਕਮਾਈ । ਗੁਰਮੁਖ ਸਾਚੇ ਸੰਤ ਪਿਆਰੇ ਹਰਿ ਦੁਲਾਰੇ, ਵਿਚ ਸੰਸਾਰੇ ਪਹਿਲੀ ਵਾਰ ਮੇਲ ਮਿਲਾਈ । ਬੇਮੁਖ ਅੰਤ ਹੋਣ ਖੁਆਰੇ, ਪੁਰਖ ਅਬਿਨਾਸ਼ੀ ਜਾਮਾ ਧਾਰੇ, ਸੋਹੰ ਖੰਡਾ ਫੜੇ ਡੰਡਾ । ਰਾਜਾ ਰਾਣਾ ਹੋਏ ਰੰਡਾ ।

੫੬੯ ੦੪

ਕਿਸੇ ਨਾ ਦਿਸੇ ਕੋਈ ਕੰਢਾ । ਆਪ ਕਰਾਏ ਖੰਡ ਖੰਡਾ । ਨਾ ਕੋਈ ਸੁਹਾਗਣ ਵਡ ਵਡ ਭਾਗਣ, ਜਗਤ ਦੁਹਾਗਣ ਹੋਈ ਨਾਰ ਰੰਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਖੇਲ ਵਿਚ ਵਰਭੰਡਾ । ਸੰਤ ਮਨੀ ਸਿੰਘ ਸਚ ਦੁਲਾਰ ਹੈ । ਵੇਖੇ ਵਿਗਸੇ ਹਰਿ ਨਰ, ਕਲਜੁਗ ਅੰਤਮ ਵਾਰ ਹੈ । ਆਪ ਬਹਾਏ ਸਾਚੇ ਘਰ, ਨਾ ਕੋਈ ਨਰ ਨਾ ਨਾਰ ਹੈ । ਕਿਸੇ ਨਾ ਆਵੇ ਉਥੇ ਡਰ, ਆਦਿ ਅੰਤ ਜੁਗਾ ਜੁਗੰਤ ਏਕਾ ਭਗਵੰਤ ਸੱਚੀ ਸਰਕਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਸਤਵੇਂ ਦਵਾਰੇ ਚਰਨ ਬਾਹਰ ਕਰ ਸ਼ਬਦ ਘੋੜੇ ਹਰਿ ਚੜ੍ਹ, ਜਨ ਭਗਤਾਂ ਪਾਵੇ ਸਾਰ ਹੈ । ਛੇਵੇਂ ਘਰ ਹਰਿ ਵਿਚਾਰ । ਪੰਜਵੇਂ ਆਏ ਹਰਿ ਦਵਾਰ । ਪੁਰਖ ਅਬਿਨਾਸ਼ੀ ਵੇਖ ਵਿਚਾਰ । ਸ਼ਬਦ ਘੋੜਾ ਕਰ ਤਿਆਰ । ਕਲਜੁਗ ਅੰਤਮ ਰਹਿ ਗਿਆ ਥੋੜਾ, ਵੇਖੇ ਵਿਗਸੇ ਹਰਿ ਦਾਤਾਰ । ਕਲਜੁਗ ਰੀਠਾ ਹੋਇਆ ਕੌੜਾ, ਸ਼ਬਦ ਭੰਨੇ ਮਾਰ ਕਟਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ, ਸਾਚਾ ਰਾਣਾ ਸ਼ਾਹ ਸੁਲਤਾਨਾ ਵਿਚ ਜਹਾਨਾਂ ਭਾਗ ਲਗਾਏ ਪਹਿਲੀ ਹਾੜ । ਸੰਤ ਮਨੀ ਸਿੰਘ ਲੇਖ ਲਿਖਾਇਆ । ਸ਼ਬਦ ਚਲਾਇਆ ਬੱਤੀ ਦੰਦਾ, ਨਿਹਕਲੰਕਾ ਪੂਰ ਕਰਾਇਆ । ਕਲਜੁਗ ਜੀਵ ਆਤਮ ਅੰਧ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਵਿਚ ਜਹਾਨ ਪੁਰਖ ਅਬਿਨਾਸ਼ੀ ਭੇਵ ਨਾ ਪਾਇਆ । ਸੰਤ ਮਨੀ ਸਿੰਘ ਵਡ ਬਲਵਾਨ, ਕੀਆ ਖੇਲ ਜਗਤ ਮਹਾਨ, ਸਾਚੀ ਸੇਵਾ ਮਾਤ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜੇ ਰਾਣੇ ਵਡ ਜ਼ਰਵਾਣੇ ਸਾਚਾ ਲੇਖਾ ਜਗਤ ਭੁਲੇਖਾ ਦਰ ਦਰਵੇਸ਼ੀ ਦੇਖ ਅੰਤਮ ਅੰਤ ਕਰਾਇਆ । ਸੰਤ ਮਨੀ ਸਿੰਘ ਜਗਤ ਜਣਾਇਆ । ਭਗਤ ਭਗਵੰਤ ਜਗਤ ਪਿਤ ਈਸ਼ਰ ਲੋਕਮਾਤ ਜਾਮਾ ਪਾਇਆ । ਕਲਜੁਗ ਹੋਈ ਅੰਧੇਰੀ ਰਾਤੀ ਨਾ ਕੋਈ ਖੋਲ੍ਹੇ ਆਤਮ ਤਾਕ, ਅੰਧ ਅੰਧੇਰ ਸਰਬ ਕਰਾਇਆ । ਸ਼ਬਦ ਚਲਾਏ ਲੇਖ ਲਿਖਾਏ ਭਵਿਖਤ ਵਾਕ, ਰਾਜਾ ਰਾਣਾ ਕਰੇ ਖ਼ਾਕ, ਤਖ਼ਤ ਤਾਜ ਕਿਸੇ ਰਹਿਣ ਨਾ ਪਾਇਆ । ਜਨ ਭਗਤਾਂ ਅੰਤਮ ਰੱਖੇ ਲਾਜ, ਸ਼ਬਦ ਦੇਵੇ ਸੱਚਾ ਦਾਜ, ਕਰਨ ਕਰਾਵਣਹਾਰ ਰਘੁਰਾਇਆ । ਮਸਤੂਆਣੇ ਸਾਜਨ ਸਾਜੇ, ਪ੍ਰਗਟ ਹੋਏ ਦੇਸ ਮਾਝੇ, ਰਾਜਿਆਂ ਰਾਣਿਆਂ ਰੱਖੇ ਲਾਜੇ, ਅੰਤਮ ਵੇਲੇ ਹੋਏ ਸਹਾਇਆ । ਰਾਜੇ ਰਾਣੇ ਸਚ ਦਰਬਾਰ । ਜਗੇ ਜੋਤ ਅਗੰਮ ਅਪਾਰ । ਸ਼ਬਦ ਚਲੇ ਸਾਚੀ ਧਾਰ । ਕਦੇ ਉਪਰ ਕਦੇ ਥੱਲੇ, ਗੁਰਮੁਖਾਂ ਵਸੇ ਸਚ ਮਹੱਲੇ, ਜੋਤੀ ਨੂਰ ਜਲੇ ਥਲੇ, ਵਰਤੇ ਖੇਲ ਅਪਰ ਅਪਾਰ । ਰਾਣੇ ਸੰਗਰੂਰ ਲੇਖ ਘੱਲੇ । ਸ਼ਬਦ ਤੀਰ ਚੜ੍ਹੇ ਚਿੱਲ੍ਹੇ । ਵੇਖ ਵਖਾਣੇ ਮੰਦਰ ਟਿੱਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਧਾਮ ਸੁਹਾਉਣਾ । ਸੰਤ ਮਨੀ ਸਿੰਘ ਲਿਖਿਆ ਲੇਖ ਪੂਰ ਕਰਾਉਣਾ । ਰਾਜੇ ਰਾਣਿਆਂ ਵਡ ਜ਼ਰਵਾਣਿਆਂ ਆਪ ਮਿਟਾਉਣੀ ਮਾਤ ਰੇਖ, ਫੜ ਫੜ ਬਾਹੋਂ ਸਰਨ ਲਗਾਉਣਾ । ਧੁਰਦਰਗਾਹੀ ਲੱਗੀ ਮੇਖ, ਅੰਤਮ ਵੇਲਾ ਨੇਤਰ ਵੇਖ, ਗਿਆ ਵਕਤ ਹੱਥ ਨਾ ਆਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਧਾਮ ਸੁਹਾਉਣਾ । ਮਸਤੂਆਣਾ ਧਾਮ ਅਪਾਰਾ । ਸੰਤ ਮਨੀ ਸਿੰਘ ਲੇਖ ਅਪਾਰਾ । ਲੋਕਮਾਤ ਸਚ ਵਣਜਾਰਾ । ਮਿਲਿਆ ਮੇਲ ਪੁਰਖ ਭਤਾਰਾ । ਸ਼ਬਦ ਵੱਜੇ ਸਾਚਾ ਡੰਕ, ਚਾਰ ਵਰਨ ਆਏ ਦਵਾਰਾ । ਇਕ ਕਰਾਏ ਰਾਓ ਰੰਕ, ਊਚ ਨੀਚ ਭੇਵ ਨਿਆਰਾ । ਆਪ ਸੁਹਾਏ ਦਵਾਰ ਬੰਕ, ਸੰਤ ਮਨੀ ਸਿੰਘ ਮਾਤ ਉਜਿਆਰਾ । ਗੁਰਮੁਖ ਉਪਜਾਏ ਜਿਉਂ ਰਾਜਾ ਜਨਕ, ਧਰਮ ਰਾਏ ਆਏ ਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਿੱਟੇ ਅਸਵ ਹੋ ਅਸਵਾਰਾ । ਚਿੱਟੇ ਅਸਵ ਹਰਿ ਅਸਵਾਰ ।

੫੭੧
੦੪

ਦਰ ਦਰਵਾਜ਼ਿਉਂ ਆਇਆ ਬਾਹਰ । ਤਿੰਨਾਂ ਲੋਆਂ ਪਾਵੇ ਸਾਰ । ਮਾਤ ਪਤਾਲ ਅਕਾਸ਼ ਏਕਾ ਧਾਰ । ਸਚ ਮੰਡਲ ਦੀ ਸਾਚੀ ਰਾਸ, ਪ੍ਰਗਟੇ ਆਦਿ ਪੁਰਖ ਅਬਿਨਾਸ਼, ਚਾਰੋਂ ਕੁੰਟ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕ ਪੁਰ ਵਾਸੀ ਸੰਤ ਮਨੀ ਸਿੰਘ ਸਾਚਾ ਹੀਰਾ, ਸਿਰ ਬੰਨ੍ਹੇ ਸ਼ਬਦ ਚੀਰਾ, ਨਰ ਹਰਿ ਹਰਿ ਨਰ ਸੱਚੀ ਸਰਕਾਰ । ਸਾਚਾ ਚੀਰਾ ਸਿਰ ਦਸਤਾਰਾ । ਸੰਤ ਮਨੀ ਸਿੰਘ ਸਾਚਾ ਹੀਰਾ । ਦੇਵੇ ਮਾਣ ਹਰਿ ਗਿਰਧਾਰਾ । ਵਡਾ ਸ਼ਾਹ ਪੀਰਨ ਪੀਰਾ, ਗਊ ਗਰੀਬ ਨਿਮਾਣਿਆਂ ਪਾਵੇ ਸਾਰਾ । ਹਰਿਜਨ ਸਾਚਾ ਧੀਰਨ ਧੀਰ, ਅੰਮ੍ਰਿਤ ਬਖ਼ਸ਼ੇ ਸਾਚਾ ਸੀਰ ਜੋ ਜਨ ਆਇਣ ਚਰਨ ਦਵਾਰਾ । ਹਉਮੈ ਕੱਢੇ ਕਾਇਆ ਪੀੜ, ਕਲਜੁਗ ਅੰਤਮ ਵਕਤ ਅਖ਼ੀਰ, ਲੱਗੀ ਅਗਨ ਬਹੱਤਰ ਨਾੜਾ । ਲੱਖ ਚੁਰਾਸੀ ਪੈਣੀ ਭੀੜ, ਨਾ ਕੋਈ ਬਚੇ ਹਸਤ ਕੀੜ, ਧਰਤ ਮਾਤ ਇਕ ਅਖਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵੇਖੇ ਜੋਤੀ ਧਾਰ ਭੇਖੇ, ਮਾਤਲੋਕੀ ਸੱਚਾ ਲਾੜਾ । ਹਰਿ ਸਰਨਾਈ ਜਗਤ ਪਿਤ ਮਾਇਆ । ਦੇਵੇ ਦਰਸ ਨਿਤ ਨਵਿਤ, ਭਗਤਨ ਹਿਤ ਹਰਿ ਰਘੁਰਾਇਆ । ਮੀਤ ਮੁਰਾਰਾ ਸਾਚਾ ਚਿਤ, ਆਤਮ ਹੋਈ ਪਤਤ ਪਵਿਤ, ਚਰਨ ਸਰਨ ਹਰਿ ਨਿਮਸਕਾਰਾ । ਮਾਨਸ ਜਨਮ ਲੈਣਾ ਜਿੱਤ, ਲੱਖ ਚੁਰਾਸੀ ਕਰੇ ਬੰਦ ਖ਼ਲਾਸੀ, ਉਧਰੇ ਉਤਰੇ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਮਿਹਰਬਾਨ, ਦੇਵੇ ਦਰਸ ਅਗੰਮ ਅਪਾਰਾ । ਸੱਚਾ ਕੰਤਾ ਦਰਸ ਅਮੋਘ, ਬਣਾਏ ਬਣਤਾ, ਸ਼ਬਦ ਚੁਗਾਏ ਸਾਚੀ ਚੋਗ । ਮਿਲੇ ਮੇਲ ਅਛਲ ਅਛੱਲੇ ਸਾਚੇ ਕੰਤਾ, ਮੇਟ ਮਿਟਾਏ ਚਿੰਤਾ ਸੋਗ । ਜੋਤ ਸਰੂਪੀ ਕਾਇਆ ਮੌਲੇ, ਲਿਖਿਆ ਧੁਰ ਸੰਜੋਗ । ਆਪ ਬਹਾਏ ਸ਼ਬਦ ਡੋਲੇ, ਲੋਕਮਾਤ ਨਾ ਹੋਏ ਵਿਜੋਗ । ਦਰ ਦਵਾਰੇ ਆਤਮ ਪੜਦਾ ਖੋਲ੍ਹੇ, ਆਤਮ ਰਸ ਲੈਣਾ ਭੋਗ । ਭਾਗ ਲਗਾਏ ਕਾਇਆ ਚੋਲੇ, ਸੋਹੰ ਦੇਵੇ ਸਾਚਾ ਜੋਗ । ਦਰਸ ਦਿਖਾਏ ਹੌਲੇ ਹੌਲੇ, ਪੁਰਖ ਅਬਿਨਾਸ਼ੀ ਮਾਤ ਅਮੋਘ । ਸ਼ਬਦ ਸਰੂਪੀ ਆਤਮ ਬੋਲੇ, ਮੇਟ ਮਿਟਾਏ ਚਿੰਤਾ ਸੋਗ । ਕਿਰਪਾ ਕਰੇ ਹਰਿ ਬਨਵਾਰੀ, ਦਰਸ ਦਿਖਾਏ ਵਿਚ ਸੰਸਾਰ, ਦੋਏ ਜੋੜ ਕਰ ਸਰਨ ਜਨ ਨਿਮਸਕਾਰਾ । ਸੀਸ ਆਪਣੇ ਹੱਥ ਰਖਾਏ ਜਗਦੀਸ਼ ਪੁਰਖ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸਰਨ ਕਰੇ ਕਰਾਏ ਏਕਾ ਟੇਕ ਬੁੱਧ ਬਬੇਕ ਸਚ ਪਿਆਰਾ । ਚਿੰਤਾ ਮਨ ਜਗਤ ਵੈਰਾਗ । ਵਣਜ ਵਣਜਾਰਾ ਇਕ ਧੰਨ, ਬੁਝੇ ਤ੍ਰਿਸ਼ਨਾ ਆਗ । ਆਪ ਮਨਾਏ ਜਿਸ ਜਨ, ਮਨ ਸ਼ਬਦ ਸਰੂਪੀ ਲਾਏ ਜਾਗ । ਜੋਤੀ ਜੋਤ ਸਰੂਪ ਹਰਿ, ਆਸਾ ਮਨਸਾ ਪੂਰ, ਘਰ ਸਾਚੇ ਲਾਏ ਪੂਰਨ ਭਾਗ । ਸਚ ਦਵਾਰਾ ਹਰਿ ਭੰਡਾਰ ਹੈ । ਨਰ ਹਰਿ ਬਣੇ ਵਰਤਾਰਾ, ਨਿਖੁੱਟ ਨਾ ਜਾਏ ਵਿਚ ਸੰਸਾਰ ਹੈ । ਲਾਹੁਣ ਆਇਆ ਸਿਰ ਤੋਂ ਭਾਰਾ, ਪੂਰਬ ਕਰਮ ਜਨਮ ਰਿਹਾ ਵਿਚਾਰ ਹੈ । ਤਨ ਪਹਿਨਾਏ ਫੂਲਨਹਾਰਾ, ਮਾਲਨ ਬਣੀ ਸੱਚੀ ਸਰਕਾਰ ਹੈ । ਸਿਰ ਉਠਾਈ ਸਾਚੀ ਖਾਰੀ, ਵੇਖ ਵਖਾਣੇ ਚਾਰ ਕੁੰਟ ਚਾਰ ਦਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਦਇਆ ਕਮਾਏ ਸਾਚੇ ਦਰ ਦਵਾਰ ਹੈ । ਭਗਤ ਭੰਡਾਰਾ ਵਿਚ ਸੰਸਾਰਾ । ਕਲਜੁਗ ਚਲੇ ਅੰਤਮ ਵਾਰਾ । ਲੋਕਮਾਤ ਫਲੇ ਫੁੱਲੇ, ਝੂਠੀ ਮਾਇਆ ਵਿਚ ਨਾ ਰੁਲੇ, ਪਾਣੀ ਪਏ ਨਾ ਕਾਇਆ ਚੁੱਲ੍ਹੇ, ਅੰਮ੍ਰਿਤ ਲੇਵੇ ਸਾਚੀ ਧਾਰਾ । ਵਿਚ ਮਾਤ ਪ੍ਰਭ ਪਾਏ ਮੁੱਲੇ, ਸ਼ਬਦ ਭੰਡਾਰਾ ਸਾਚਾ ਖੁਲ੍ਹੇ, ਜਨ ਭਗਤ ਚੜ੍ਹਾਏ ਸਾਚੇ ਝੂਲੇ, ਦੇਵੇ ਇਕ ਹੁਲਾਰਾ । ਮਿਲੇ ਮੇਲ ਕੰਤ ਕੰਤੂਲੇ, ਕਲਜੁਗ ਅੰਤਮ ਭੱਜੀ ਚੂਲੇ, ਚੌਥੇ ਜੁਗ ਪਵਾਏ ਮੁੱਲੇ, ਤਿੰਨਾ ਲੋਕਾਂ ਕਰੇ ਬਾਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ,

ਸਚ ਕਰਾਏ ਨਾਮ ਵਣਜ ਵਪਾਰਾ । ਗੁਰਮੁਖ ਤੇਰਾ ਸਾਚਾ ਥਾਂਉਂ । ਸਚ ਵਸੇਰਾ ਹਰਿ ਕਾ ਨਾਉਂ । ਘਰ ਘਰ ਉਡਦੇ ਦਿਸਣ ਕਾਉਂ । ਨਾ ਕੋਈ ਪਿਤਾ ਨਾ ਕੋਈ ਮਾਉਂ । ਪੁਰਖ ਅਬਿਨਾਸ਼ੀ ਸਾਚਾ ਹਿੱਤਾ, ਰਾਖੇ ਚਿਤਾ ਨਿਤ ਨਵਿਤਾ, ਦਰ ਘਰ ਦੇਵੇ ਠੰਡੀ ਛਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰੇ, ਬਿਸ਼ਨ ਸਿੰਘ ਸੰਤ ਦਵਾਰੇ ਚਰਨ ਛੁਹਾਏ ਗੁੜਗਾਉਂ । ਗੁਣ ਸਾਚਾ ਗਾਇਆ । ਵੱਜੀ ਸ਼ਬਦ ਨਾਦ ਧੁਨ, ਪੁਰੀਆਂ ਲੋਆਂ ਦਏ ਸੁਣਾਇਆ । ਤਪ ਤਪੀਸ਼ਰ ਉਠਾਏ ਰਿਖ ਮੁਨ, ਚੁਣ ਚੁਣ ਕੰਨੀ ਡੰਕ ਵਜਾਇਆ । ਸਚ ਪੁਕਾਰ ਰਿਹਾ ਸੁਣ, ਆਤਮ ਧੁੰਦੂਕਾਰ ਮਿਟਾਇਆ । ਲੱਖ ਚੁਰਾਸੀ ਛਾਣ ਪੁਣ, ਗੁਰਮੁਖ ਸਾਚਾ ਲਾਲ ਉਪਜਾਇਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਗੁਣਵੰਤ ਨਿਧਾਨਾ ਆਪ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਪਿਆਰੇ, ਰੰਗ ਰੰਗੀਲਾ ਕਰ ਕਰ ਹੀਲਾ ਦਰ ਘਰ ਸਾਚੇ ਚੜ੍ਹਾਵਣ ਆਇਆ । ਗੁਰਮੁਖ ਸਾਚੇ ਧੰਨ ਕਮਾਈ । ਉਜਲ ਮੁਖ ਸੇਵ ਕਮਾਈ । ਪ੍ਰਭ ਆਪ ਨਿਵਾਰੇ ਤ੍ਰਿਸ਼ਨਾ ਭੁੱਖ, ਹਉਮੇ ਮੇਟੇ ਕਾਇਆ ਦੁੱਖ, ਏਕਾ ਸੁਖ ਤਨ ਉਪਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਟੇਕ ਦੇਵੇ ਸੱਚੀ ਸਰਨਾਈ ।

## ❁ ੬ ਅੱਸੂ ੨੦੧੧ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹ ਗੁੜਗਾਉਂ ❁

ਜਗਤ ਅੰਧੇਰਾ ਅੰਧ ਅਗਿਆਨ । ਅੰਤ ਨਿਬੇੜਾ ਮੇਲ ਭਗਵਾਨ । ਵਸਦਾ ਰਹੇ ਕਾਇਆ ਨਗਰ ਖੇੜਾ, ਦੀਪਕ ਜੋਤੀ ਜਗੇ ਮਹਾਨ । ਪੁਰਖ ਅਬਿਨਾਸ਼ੀ ਬੰਨ੍ਹੇ ਬੇੜਾ, ਕਿਰਪਾ ਕਰ ਆਤਮ ਦਰ ਨਰ ਹਰਿ ਚਤੁਰ ਸੁਜਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਮੰਦਰ ਮਹੱਲ ਮੁਨਾਰਾ । ਜੋਤੀ ਦੀਪਕ ਕਰ ਉਜਿਆਰਾ । ਮਾਣਕ ਮੋਤੀ ਨਾਮ ਅਪਾਰਾ । ਆਤਮ ਦੁਰਮਤ ਮੈਲ ਪ੍ਰਭ ਦਰ ਧੋਤੀ, ਮਾਰੇ ਸ਼ਬਦ ਇਕ ਕਟਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੋਗਾਂ ਸੋਗਾਂ ਪਾਵੇ ਸਾਰਾ । ਕਾਇਆ ਕੋਟ ਕੋਟ ਗੜ੍ਹ । ਸ਼ਬਦ ਲੱਗੇ ਚੋਟ, ਦਸਮ ਦਵਾਰ ਚੜ੍ਹ । ਜਗਤ ਤ੍ਰਿਸ਼ਨਾ ਮਿਟੇ ਖੋਟ, ਸੁਫਲ ਕਰਾਏ ਨਾੜੀ ਨੜ । ਪੁਰਖ ਅਬਿਨਾਸ਼ੀ ਏਕਾ ਓਟ, ਏਕਾ ਫੜਿਆ ਸਾਚਾ ਲੜ । ਦਰ ਘਰ ਆਵੇ ਨਾ ਕਦੇ ਤੋਟ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰੇ ਰਿਹਾ ਖੜ੍ਹ । ਕਾਇਆ ਮੰਦਰ ਸਰਬ ਘਟ ਚਾਨਣ । ਦੁਰਮਤ ਮੈਲ ਕਟ, ਦੇਵੇ ਆਤਮ ਬ੍ਰਹਮ ਗਿਆਨਣ । ਦੂਈ ਦਵੈਤੀ ਮਿਟੇ ਫੱਟ, ਸਚ ਸਰੋਵਰ ਸਚ ਇਸ਼ਨਾਨਣ । ਸਾਚਾ ਤੀਰਥ ਆਤਮ ਤਟ, ਗੁਰਮੁਖ ਵਿਰਲੇ ਮਾਤ ਨਹਾਵਣ । ਜੋਤ ਜਗੇ ਕਾਇਆ ਲਟ ਲਟ, ਮਿਟੇ ਅੰਧ ਅੰਧਿਆਨਣ । ਭਾਗ ਲੱਗੇ ਕਾਇਆ ਮੱਟ, ਸ਼ਬਦ ਪਟ ਹਰਿ ਤਨ ਪਹਿਨਾਨਣ । ਆਤਮ ਦਰ ਦਵਾਰਾ ਖੋਲ੍ਹੇ ਹੱਟ, ਕਾਇਆ ਮੰਦਰ ਸਚ ਦੁਕਾਨਣ । ਗੁਰਮੁਖ ਲਾਹਾ ਲੈਣ ਖਟ, ਤੇਜ ਪ੍ਰਕਾਸ਼ ਕੋਟਣ ਭਾਨਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਧੁਰਦਰਗਾਹੀ ਸਚ ਸੁਹੇਲਾ ਸੱਚਾ ਜਾਮਨ । ਕਾਇਆ ਮੰਦਰ ਹਰਿ ਧਾਮ ਅਸਥੂਲ । ਗੁਰਮੁਖ ਸਾਚਾ ਸੰਤ ਪਿਆਰਾ, ਪੁਰਖ ਅਬਿਨਾਸ਼ੀ ਨਾ ਜਾਏ ਭੂਲ । ਲੋਕਮਾਤੀ ਸਚ ਦੁਲਾਰਾ, ਆਪ ਚੁਕਾਏ ਪਿਛਲਾ ਮੂਲ । ਸਾਚਾ ਦੇਵੇ ਸ਼ਬਦ ਹੁਲਾਰਾ, ਪਲੰਘ ਰੰਗੀਲਾ ਨਾ ਕੋਈ ਪਾਵਾ ਨਾ ਕੋਈ ਚੂਲ । ਜੋਤੀ ਬਾਤੀ ਲਾਏ ਤੀਲਾ, ਕਰੇ ਖੇਲ ਦੂਲੋ ਦੂਲ । ਵੇਖ ਵਖਾਣੇ ਅਕਾਸ਼ੀ ਨੀਲਾ, ਸੂਲੀ

ਬਣੇ ਗੁਰਮੁਖ ਸੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਲ ਮਿਲਈਆ, ਆਪ ਚੜ੍ਹਾਏ ਸਾਚੀ ਨਈਆ, ਭਵ ਸਾਗਰ ਪਾਰ ਕਰਈਆ,
ਜਿਉਂ ਜਲ ਕਵਲ ਫੂਲ । ਕਾਇਆ ਮੰਦਰ ਤਨ ਅੰਗਿਆਰ । ਵੇਖ ਵਖਾਣੇ ਅੰਦਰੇ ਅੰਦਰ, ਡੂੰਘੀ ਕੰਦਰ ਜੋਤ ਉਜਿਆਰ । ਲੱਖ ਚੁਰਾਸੀ ਭੌਂਦੇ
ਬੰਦਰ, ਪੁਰਖ ਅਬਿਨਾਸ਼ੀ ਨਾ ਪਾਏ ਸਾਰ । ਜਨ ਭਗਤਾਂ ਤੋੜੇ ਆਤਮ ਜੰਦਰ, ਸ਼ਬਦ ਹਥੌੜਾ ਏਕਾ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਤਮ ਨੇਤਰ ਖੋਲ੍ਹੇ, ਸ਼ਬਦ ਬੋਲੇ ਕਿਰਪਾ ਕਰ ਅਪਰ ਅਪਾਰ । ਨੇਤਰ ਨੈਣ ਹੋਏ ਉਜਿਆਰ । ਆਤਮ ਜੋਤੀ ਕਮਲਾਪਾਤੀ ਦਰ ਖੋਲ੍ਹੇ ਤਾਕੀ,
ਧਰੇ ਇਕ ਅੰਗਿਆਰ । ਲਹਿਣਾ ਦੇਣਾ ਚੁੱਕੇ ਬਾਕੀ, ਮੇਟ ਮਿਟਾਏ ਹਾਕਨ ਡਾਕੀ, ਭਵਿਖਤ ਵਾਕੀ ਖੇਲ ਅਪਾਰ । ਹਰਿਜਨ ਸੱਚਾ ਨਾਇਕ
ਨਾਕੀ, ਕੋਈ ਨਾ ਮਾਤ ਦਿਸੇ ਆਕੀ, ਪੰਜਾਂ ਤੱਤਾਂ ਮਾਰੇ ਸ਼ਬਦ ਕਟਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ
ਮੰਦਰ ਮਹੱਲ ਉਸਾਰ । ਕਾਇਆ ਮੰਦਰ ਮਹੱਲ ਮੁਨਾਰਾ । ਗੁਰਮੁਖ ਵੇਖੇ ਇਕ ਅਟੱਲ, ਜਗੇ ਜੋਤ ਹਰਿ ਗਿਰਧਾਰਾ । ਵੇਖ ਵਖਾਣੇ ਨਿਹਚਲ
ਧਾਮ ਅਚੱਲ, ਪ੍ਰਭ ਅਬਿਨਾਸ਼ੀ ਪਾਵੇ ਸਾਰਾ । ਦਰ ਦਵਾਰਾ ਬੈਠੇ ਮਲ, ਦੇਵਣਹਾਰ ਹਰਿ ਦਾਤਾਰਾ । ਕਰੇ ਖੇਲ ਘੜੀ ਪਲ, ਆਤਮ ਵਣਜ
ਹਰਿ ਨਿਰੰਕਾਰਾ । ਭਾਣਾ ਰੱਖੇ ਜਲ ਥਲ, ਕਾਇਆ ਕੋਟ ਹਰਿ ਗੜ੍ਹ ਬਨਾਣਾ । ਆਤਮ ਮਾਰੇ ਇਕ ਉਛੱਲ, ਅੰਧ ਅੰਧੇਰ ਸਰਬ ਵਹਿ ਜਾਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਜਗਤ ਭੇਖ, ਗੁਰਮੁਖ ਆਤਮ ਵੇਖ, ਧਰਤ ਮਾਤ ਕਲ ਸਾਚਾ ਹਾਟ, ਪੁਰਖ ਅਬਿਨਾਸ਼ੀ
ਸਾਚਾ ਹਿੱਤ, ਮਾਨਸ ਦੇਹੀ ਜਗਤ ਜਿੱਤ, ਲੇਖ ਪੂਰ ਕਰਾਵਣਾ । ਕਾਇਆ ਕੋਟ ਕਾਚੀ ਮਾਟੀ । ਆਤਮ ਦਵਾਰਾ ਸਾਚੀ ਹਾਟੀ । ਵਸੇ ਨਰ
੫੭੩ ਨਿਰੰਕਾਰਾ, ਬਜ਼ਰ ਕਪਾਟੀ । ਹਰਿਜਨ ਬਾਣ ਨਿਰਾਲਾ ਏਕਾ ਮਾਰਾ, ਬਜ਼ਰ ਕਪਾਟੀ ਪਾਟੀ । ਸ਼ਬਦ ਦੇਵੇ ਸਾਚੀ ਧਾਰਾ, ਜੋਤ ਉਜਿਆਰਾ ਲਾਟਨ ੫੭੩
੦੪ ਲਾਟੀ । ਨਿਜ ਘਰ ਵਸੇ ਰਾਮ ਮੁਰਾਰਾ, ਦੁਰਮਤ ਮੈਲ ਰਿਹਾ ਕਾਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਭਾਣਾ ਆਪਣੇ ਹੱਥ ੦੪
ਰਖਾਏ, ਅੱਗੇ ਨੇੜੇ ਆਈ ਦਿਸੇ ਵਾਟੀ । ਅੱਗੇ ਆਇਆ ਦਿਸੇ ਨੇੜਾ । ਲੱਗੇ ਭਾਗ ਕਾਇਆ ਖੇੜਾ । ਨੇਤਰ ਨੀਰ ਵਿਰੋਲੇ, ਪੁਰਖ ਅਬਿਨਾਸ਼ੀ
ਪੂਰੇ ਤੋਲ ਤੋਲੇ, ਬੰਨ੍ਹ ਵਖਾਏ ਬੇੜਾ । ਮਾਇਆ ਪੜਦਾ ਜਨ ਭਗਤ ਖੋਲ੍ਹੇ, ਜੂਠਾ ਝੂਠਾ ਮੁਕਾਏ ਝੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਦਿ ਅੰਤ ਹੋਏ ਸਹਾਈ ਦਇਆ ਕਮਾਏ, ਗੁਰਸਿਖ ਕਾਇਆ ਖੁਲ੍ਹਾ ਦਿਖਾਏ ਸਾਚਾ ਵਿਹੜਾ । ਸਾਚਾ ਭਾਣਾ ਹਰਿ ਵਰਤਾਵਣਾ । ਲਿਖਿਆ ਲੇਖ
ਪੂਰ ਕਰਾਵਣਾ । ਆਤਮ ਜੋਤੀ ਨੂਰ ਹਰਿ ਭਰਪੂਰ ਕਰਾਵਣਾ । ਵਡਾ ਦਾਤਾ ਮਿਹਰਬਾਨ ਸੂਰ, ਮਾਤ ਆਪ ਅਖਵਾਵਣਾ । ਆਤਮ ਬਖ਼ਸ਼ੇ ਸਾਚਾ
ਨੂਰ, ਨੈਣੀ ਨੂਰ ਫੇਰ ਟਿਕਾਵਣਾ । ਦਰ ਦਵਾਰੇ ਵੇਖਣ ਮਾਰ ਝਾਤ, ਪੁਰਖ ਅਬਿਨਾਸ਼ੀ ਨਜ਼ਰ ਨਾ ਆਵਣਾ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ,
ਪੜਦਾ ਉਹਲਾ ਸੰਝ ਸਵੇਰ ਇਕ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਹਰਿ ਭਗਵਾਨਾ ਗੁਰਸਿਖ ਤੇਰੇ ਸੀਸ ਹਰਿ
ਜਗਦੀਸ਼ ਆਪਣਾ ਰਾਹ ਚਲਾਵਣਾ ।

✻ ੭ ਅੱਸੂ ੨੦੧੧ ਬਿਕ੍ਰਮੀ ਇਹ ਪੰਜ ਸ਼ਬਦ ਸਤਿ ਸੰਗ ਭਵਨ ਦਿਆਲ ਬਾਗ ਆਗਰਾ ਵਿਖੇ ਉਚਾਰਨ ਕਰ ਕੇ ਉਸ ਵਕਤ ਦੇ ਰਾਧਾ ਸਵਾਮੀ ਗੱਦੀ ਦੇ ਮਾਲਕ ਮਹਿਤਾ ਜੀ ਨੂੰ ਦਿਤੇ ਗਏ ✻

ਆਦਿ ਸ਼ਕਤ ਆਈ ਦਵਾਰ । ਬੈਠੀ ਆਏ ਕੰਠ ਮਝਾਰ । ਆਪਣਾ ਕੀਆ ਪਹਿਲਾ ਵਾਰ । ਸੋਹੰ ਚਲਿਆ ਸ਼ਬਦ ਤੀਰ ਅਪਾਰ । ਤਿੱਖੀ ਰੱਖੀ ਪ੍ਰਭ ਸਾਚੇ ਧਾਰ । ਖਿੱਚੀ ਰੱਖੀ ਦਸਮ ਦਵਾਰ । ਨੇਤਰ ਪੇਖੀ ਅੰਧ ਅੰਧਿਆਰ । ਅੱਸੂ ਸੱਤ ਅੰਮ੍ਰਿਤ ਵੇਲਾ ਪੰਜ ਤੀਸ ਵਕਤ ਵਿਚਾਰ । ਨਰ ਨਰਾਇਣਾ ਧਾਮ ਸਾਚੇ ਬਹਿਣਾ, ਸੋਇਆ ਚਰਨ ਪਸਾਰ । ਸ਼ਬਦ ਸੁਨੇਹੜਾ ਦੇਣਾ ਮੋੜ । ਚਾਰੋਂ ਕੁੰਟ ਲੈਣਾ ਦੌੜ । ਜਗਤ ਰਸ ਫੀਕਾ ਅੰਤਮ ਹੋਇਆ ਕੌੜ । ਏਕਾ ਦਰ ਦਵਾਰੇ ਨਾਮ ਸਾਚਾ ਟੀਕਾ, ਚਰਨ ਸਰਨ ਗੁਰ ਦੋਏ ਜੋੜ । ਦਰ ਘਰ ਸਾਚੇ ਭੁਗਤਣੀ ਪਏ ਇਕ ਤਰੀਕਾ, ਵੇਖੇ ਪਰਖੇ ਮਿੱਠੇ ਕੌੜ । ਸਮਰਥ ਪੁਰਖ ਨਿਤ ਉਡੀਕਾਂ, ਚੜ੍ਹਿਆ ਰਹੇ ਸ਼ਬਦ ਘੋੜ । ਨਜ਼ਰ ਨਾ ਆਏ ਜੋਤ ਸਰੂਪੀ ਵਡ ਨੀਕਨ ਨੀਕਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਲਗਾਈ ਬੈਠਾ ਇਕਾ ਪੌੜ । ਇਕਾ ਪੌੜਾ ਉਚ ਮਹੱਲਾ । ਹਰਿ ਜੀ ਵੱਸਿਆ ਸਚ ਘਰ ਇਕੱਲਾ । ਰਾਹ ਸਾਚਾ ਦੱਸਿਆ, ਪੰਜ ਤੀਸ ਮਾਤ ਪਾਏ ਤਰਥੱਲਾ । ਨਾ ਕੋਈ ਧੀਰਜ ਨਾ ਕੋਈ ਜਤੀ, ਕਾਮ ਕਾਮਨੀ ਅਛਲ ਅਛੱਲਾ । ਸਚ ਸਮਗਰੀ ਸਾਚੀ ਰਤੀ, ਦੀਪਕ ਦੀਵਾ ਜੋਤੀ ਜਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਬੁਝਾਏ ਲੱਗੀ ਅੱਗਾ । ਲੱਗੀ ਅਗਨ ਤਨ ਅਪਾਰ । ਕਲਜੁਗ ਕਾਇਆ ਚੜ੍ਹਿਆ ਬੁਖ਼ਾਰ । ਹੰਕਾਰ ਵਿਕਾਰਾ ਅੰਦਰ ਵੜਿਆ, ਪੰਜਾਂ ਲੱਗੀ ਮਗਰ ਧਾੜ । ਗਰੀਬ ਨਿਮਾਣਾ ਮਾਤ ਡਰਿਆ, ਜੀਵ ਜੰਤ ਹੋਣ ਖੁਆਰ । ਦਰ ਘਰ ਸਾਚੇ ਆਏ ਵੜਿਆ, ਗੁਰ ਪੂਰੇ ਆਤਮ ਦੇਣੀ ਸ਼ਬਦ ਧਾਰ । ਤਨ ਮੰਦਰ ਕਾਲ ਅੰਧੇਰੇ ਸੜਿਆ, ਰੰਗਣ ਚਾੜ੍ਹ ਨਾਮ ਅਪਾਰ । ਦਰ ਦਵਾਰੇ ਆਣ ਖੜ੍ਹਿਆ, ਮੰਗਣ ਦਾਤ ਅਪਰ ਅਪਾਰ । ਪੁਰਖ ਅਬਿਨਾਸ਼ੀ ਮਾਤ ਚੜ੍ਹਿਆ, ਜੋਤੀ ਜਾਮਾ ਭੇਖ ਨਿਆਰ । ਭਗਤ ਜਨਾਂ ਹਰਿ ਅੰਦਰ ਵੜਿਆ, ਸ਼ਬਦ ਜੋਤੀ ਕਰ ਅਕਾਰ । ਗੁਰ ਪੂਰੇ ਲੜ ਸਾਚਾ ਫੜਿਆ, ਮਾਨਸ ਜਨਮ ਨਾ ਆਏ ਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲੇ ਮੇਲ ਹਰਿ ਕੰਤ ਭਤਾਰ । ਚਿੰਤਾ ਸੋਗ ਜਗਤ ਵਿਜੋਗ ਦੇਣਾ ਮਾਰ । ਨਾਮ ਦੇਣਾ ਸੱਚਾ ਜੋਗ, ਸੋਲਾਂ ਕਲੀਆਂ ਤਨ ਸ਼ਿੰਗਾਰ । ਨਿਝਰ ਰਸ ਮਧੁਰ ਸਸ ਕੰਠ ਵਸ ਰਾਹ ਸਾਚਾ ਦੱਸ ਲਈਏ ਭੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣਾ ਦਰ ਦਰਸ ਅਮੋਘ । ਆਏ ਦਰ ਬਣ ਸਵਾਲੀ । ਦੋਵੇਂ ਹੱਥ ਨਾ ਜਾਈਏ ਖ਼ਾਲੀ । ਕਲਜੁਗ ਰੈਣ ਘਟਾ ਕਾਲੀ । ਦੀਪਕ ਜੋਤੀ ਜਗੇ ਦਿਵਾਲੀ । ਮਾਣਕ ਮੋਤੀ ਮਸਤਕ ਥਾਲੀ । ਏਕਾ ਏਕ ਜੋਤ ਜਵਾਲੀ । ਪੁਰਖ ਅਬਿਨਾਸ਼ ਘਟ ਘਟ ਵਾਸ, ਰੱਖੀ ਟੇਕ ਸੁਰਤ ਸੰਭਾਲੀ । ਤਨ ਮੰਦਰ ਕਰਨਾ ਬੁਧ ਬਿਬੇਕ, ਸ਼ਬਦ ਬਣਾਉਣਾ ਸਾਚਾ ਹਾਲੀ । ਜਗਤ ਮਾਇਆ ਨਾ ਲੱਗੇ ਸੇਕ, ਫ਼ਲ ਲਗਾਉਣਾ ਸਾਚੀ ਡਾਲੀ । ਮੇਲ ਮਿਲਾਉਣਾ ਨਰ ਨਰੇਸ਼ ਹਰਿ ਦਰ ਦਰਵੇਸ਼, ਜੁਗਾ ਜੁਗੰਤਰ ਚਾਲ ਨਿਰਾਲੀ । ਕਵਣ ਸਿੰਘਾਸਣ ਕਵਣ ਆਸਣ, ਮਿਲੇ ਭਗਵੰਤਾ ਸਾਚਾ ਕੰਤਾ, ਕਾਇਆ ਰੰਗਣ ਚਾੜ੍ਹੇ ਰੰਗ ਏਕਾ ਨਾਮ ਲਾਲ ਗੁਲਾਲੀ ।

੫੭੫
੦੪

## ❋ ਦਿਆਲ ਬਾਗ ਸਵਾਮੀ ਮਹਿਤਾ ਜੀ ਦੇ ਨਾਲ ਸ਼ਬਦ ਦੁਆਰਾ ਬਚਨ ਅਤੇ ਸ਼ਬਦ ਮੰਗ, ਪਰੰਤੂ ਰਾਧਾ ਸਵਾਮੀ ਗੱਦੀ ਦੇ ਮਾਲਕ ਮਹਿਤਾ ਜੀ ਕੋਈ ਉਤਰ ਨਾ ਦੇ ਸਕੇ ❋

ਗੁਰ ਸ਼ਬਦ ਜਗਤ ਦਲਾਲ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ । ਪੰਜਾਂ ਤੱਤਾਂ ਮਾਰੇ ਕਾਲ । ਕਰੇ ਸਤਿ ਸਤਿ ਪ੍ਰਿਤਪਾਲ । ਅੰਮ੍ਰਿਤ ਸੋਮਾ ਵਗੇ ਨਹਿਰ, ਕਾਇਆ ਠੰਡੀ ਠਾਰ । ਸਚ ਮੰਡਲ ਤਨ ਮਨ ਕਰਨੀ ਸੈਰ, ਕਰ ਜੋਤ ਅਕਾਰ । ਦੂਜਾ ਕੋਈ ਨਾ ਵੜੇ ਐਰ ਗੈਰ, ਗੁਰ ਪੂਰਾ ਕਰੇ ਸਾਚੀ ਮਿਹਰ । ਕਰੇ ਮਿਹਰ ਗੁਰ ਮਿਹਰਬਾਨ ਹੈ । ਮਿਲਿਆ ਮੇਲ ਧੁਰ, ਆਤਮ ਜੋਤੀ ਜਗੇ ਮਹਾਨ ਹੈ । ਮਾਨਸ ਦੇਹੀ ਤਰਸਣ ਸੁਰ, ਇੰਦਲੋਕ ਕਰ ਧਿਆਨ ਹੈ । ਗੁਰ ਚਰਨ ਪ੍ਰੀਤੀ ਜਾਏ ਜੁੜ, ਆਤਮ ਉਪਜੇ ਬ੍ਰਹਮ ਗਿਆਨ ਹੈ । ਏਕਾ ਮਿਲੇ ਸ਼ਬਦ ਘੋੜ, ਚਰਨ ਧੂੜ ਸੱਚਾ ਇਸ਼ਨਾਨ ਹੈ । ਹੋਏ ਸਹਾਈ ਜੀਵ ਆਤਮ ਮੂਰਖ ਮੁਗਧ ਮੂੜ੍ਹ, ਮਿਲੇ ਸੱਚਾ ਨਾਮ ਦਾਨ ਹੈ । ਸ੍ਰਿਸ਼ਟ ਸਬਾਈ ਕੂੜੋ ਕੂੜ, ਏਕਾ ਜੋਤ ਸਤਿ ਸਤਿਵੰਤਾ, ਪੂਰਨ ਭਗਵੰਤਾ ਹਰਿ ਭਗਵਾਨ ਹੈ । ਪੂਰਨ ਭਗਵਾਨਾ ਗੁਰ ਦਰ ਪਾਈਏ ਨਾਮ ਨਿਧਾਨਾ । ਬੰਧਨ ਕਟ ਕਟਾਏ ਆਤਮ ਜੋਤੀ ਮਿਲੇ ਕੋਟਨ ਭਾਨਾ । ਅੰਦਰੇ ਅੰਦਰ ਗੁਰ ਪੂਰਾ ਪਾਈਏ, ਸ਼ਬਦ ਬੰਨ੍ਹੇ ਹੱਥ ਸਾਚਾ ਗਾਨਾ । ਦੋਏ ਜੋੜ ਮਾਨਸ ਦੇਹੀ ਭੁਲ ਬਖ਼ਸ਼ਾਈਏ, ਜੋਤੀ ਜੋਤ ਸਰੂਪ ਹਰਿ, ਆਤਮ ਖੋਲ੍ਹੇ ਬੰਦ ਦਰ, ਆਪਣੀ ਕਿਰਪਾ ਦੇਵੇ ਕਰ, ਦਸਮ ਦਵਾਰੀ ਸ਼ਬਦ ਅਸਵਾਰੀ ਜੋਤ ਨਿਰੰਕਾਰੀ, ਨਿਜ ਘਰ ਵਾਸ ਦਾਸਨ ਦਾਸ, ਸਰਬ ਸੁਖ ਸੁਖਮ ਦਰ ਪਾਈਏ । ਸੁਖਮ ਦਵਾਰਾ ਹਰਿ ਭਗਵਾਨ । ਮਿਟੇ ਭੁਖ ਦੁਖ ਸਗਲ ਜਹਾਨ । ਮਾਤ ਗਰਭ ਨਾ ਹੋਏ ਉਲਟਾ ਰੁੱਖ, ਆਤਮ ਜੋਤੀ ਮੇਲ ਮਿਲਾਨ । ਜੋਤੀ ਜੋਤ ਸਰੂਪ ਹਰਿ, ਗੁਰ ਪੂਰਾ ਕਿਰਪਾ ਦੇਵੇ ਕਰ, ਜਨ ਮੰਗੇ ਸਾਚਾ ਵਰ, ਮਿਲੇ ਮੇਲ ਨਰ ਹਰਿ ਸ੍ਰੀ ਭਗਵਾਨ । ਹਉਂ ਦਾਸਨ ਦਾਸ, ਦਾਸ ਗੁਰ ਤੇਰਾ । ਨਿਜ ਘਰ ਆਤਮ ਕਰਨਾ ਵਾਸ, ਮਿਟੇ ਜਗਤ ਅੰਧੇਰਾ । ਜੋਤ ਨੂਰ ਨੁਰਾਨੀ ਹੋਏ ਪ੍ਰਕਾਸ਼, ਸ਼ਬਦ ਧੁਨ ਤੁਟੇ ਸੁੰਨ, ਸਾਚਾ ਰਾਗ ਸੁਣਾਏ ਕਾਨਾ । ਦਰ ਭਿਖਾਰੀ ਨਾ ਵਿਚਾਰ ਗੁਣ ਅਵਗੁਣ, ਬਖ਼ਸ਼ੇ ਨਾਮ ਜਗਤ ਨਿਧਾਨਾ । ਸਚ ਦਵਾਰਾ ਲਿਆ ਸੁਣ, ਜਗਤ ਤ੍ਰਿਸ਼ਨਾ ਅਗਨ ਮਿਟਾਨਾ । ਲੱਖ ਚੁਰਾਸੀ ਛਾਣ ਪੁਣ, ਪੂਰਾ ਗੁਰ ਮਿਲਿਆ ਮੇਲ ਲਿਖਿਆ ਧੁਰ, ਮਸਤਕ ਧੂੜੀ ਚਰਨ ਛੁਹਾਨਾ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਗੁਰ ਪੂਰਾ ਦੇਵੇ ਨਾਮ ਵਰ, ਲੱਖ ਚੁਰਾਸੀ ਗੇੜ ਮਿਟਾਨਾ । ਲੱਖ ਚੁਰਾਸੀ ਤੁੱਟੇ ਗੇੜਾ । ਧਰਮ ਰਾਏ ਨਾ ਦੇਵੇ ਫਾਸੀ, ਰਸਨ ਤਜਾਏ ਮਦਿਰਾ ਮਾਸੀ, ਆਤਮ ਦਰ ਦਵਾਰ ਖੁਲ੍ਹਾ ਦਿਸੇ ਸੱਚਾ ਵਿਹੜਾ । ਦਰ ਘਰ ਸਾਚੇ ਕੋਇ ਨਾ ਲੱਗੇ ਮੁੱਲੇ, ਗੁਰ ਪੂਰਾ ਬੰਨ੍ਹੇ ਮਾਤ ਬੇੜਾ । ਹਰਿਜਨ ਜਨ ਹਰਿ ਪੂਰੇ ਤੋਲ ਤੁਲੇ, ਪੰਚਾਂ ਮਿਟੇ ਕਾਇਆ ਝੇੜਾ । ਗੁਰ ਭੰਡਾਰੇ ਸਦਾ ਖੁਲ੍ਹੇ, ਕਰੇ ਸਤਿ ਨਿਬੇੜਾ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਏਕਾ ਮੰਗੇ ਸਾਚਾ ਦਰ, ਵਸੇ ਸਾਚਾ ਕਾਇਆ ਨਗਰ ਖੇੜਾ । ਕਾਇਆ ਖੇੜਾ ਮਹੱਲ ਅਟਾਰੀ । ਪੰਚਾਂ ਝੇੜਾ, ਨਾ ਮਿਲੇ ਮੇਲ ਬਨਵਾਰੀ । ਇਕੋ ਦਿਤਾ ਸੱਚਾ ਗੇੜਾ, ਬਜ਼ਰ ਕਪਾਟੀ ਪਾੜੀ । ਦਰ ਘਰ ਸਾਚੇ ਸਚ ਨਿਬੇੜਾ, ਮਾਨਸ ਜਨਮ ਨਾ ਆਏ ਹਾਰੀ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਗੁਰ ਪੂਰਾ ਦੇਵੇ ਸਾਚਾ ਵਰ, ਸੋਹੰ ਸ਼ਬਦ ਫੇਰੇ ਸਿਰ ਪੰਚਾਂ ਤਿੱਖੀ ਆਰੀ । ਤਿੱਖੀ ਆਰੀ ਤਿੱਖੀ ਧਾਰ । ਦੁਰਮਤ ਮੈਲ ਦਏ ਉਤਾਰ । ਜਨਮ ਕਰਮ ਪੂਰਬ ਦਏ ਸਵਾਰ ।

ਇਕ ਵਖਾਏ ਸਚ ਧਰਮ, ਤਨ ਕਰਾਏ ਸ਼ਬਦ ਸੋਲਾਂ ਸ਼ਿੰਗਾਰ । ਜਗਤ ਮੇਟੇ ਅੰਦੇਸਾ ਭਰਮ, ਨਾਮ ਰਤਨ ਮਿਲੇ ਅਪਾਰ । ਮਾਨਸ ਦੇਹੀ ਸੁਫਲ ਜਨਮ, ਆਏ ਸਚ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਪੂਰਾ ਦੇਵੇ ਸਾਚਾ ਵਰ, ਭਰੇ ਰਹਿਣ ਅਤੁੱਟ ਭੰਡਾਰ । ਗੁਰ ਭੰਡਾਰਾ ਜਗਤ ਵਰਤਾਰਾ । ਦੇਂਦਾ ਜਾਏ ਵਾਰੋ ਵਾਰਾ । ਗੁਰਸਿਖ ਸਾਚਾ ਭਾਣਾ ਸਹਿੰਦਾ ਜਾਏ, ਸਚ ਸਿੰਘਾਸਣ ਬਹਿੰਦਾ ਜਾਏ, ਸੱਚਾ ਮਾਣੇ ਪੁਰਖ ਅਬਿਨਾਸ਼ੀ ਸਾਚਾ ਕੰਤਾ ਬਣ ਬਣ ਸਾਚੀ ਨਾਰੀ, ਮਿਲੇ ਮਾਣ ਵਿਚ ਜਹਾਨ ਵਿਰਲੇ ਗੁਰਮੁਖ ਸੰਤਾ ਜਿਸ ਜਨ ਮੰਗਿਆ ਇਕ ਦਵਾਰਾ । ਲੋਕਮਾਤੀ ਵੇਖੇ ਮਾਰ ਝਾਤੀ ਕਵਣ ਬਣਾਏ ਸਾਚੀ ਬਣਤਾ, ਮੰਗਣ ਆਏ ਬਣ ਭਿਖਾਰਾ । ਪੂਰਾ ਗੁਰ ਮਹਿੰਮਾ ਜਗਤ ਅਗਣਤ ਅਗਣਤਾ, ਨਾਮ ਨਿਰੰਜਣ ਦਰਦ ਦੁੱਖ ਭੰਜਨ ਜਗਤ ਪਿਤ ਕਰ ਸਾਚਾ ਹਿੱਤ, ਬਣ ਸਾਕ ਸੱਜਣ ਸੈਣ ਮੀਤ ਮੁਰਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਪੂਰਾ ਦੇਵੇ ਨਾਮ ਵਰ, ਚਿੰਤਾ ਸੋਗ ਜਗਤ ਵਿਜੋਗ ਰਸਨਾ ਰਸ ਭੋਗ ਨਾ ਕਰੇ ਵਿਚਾਰਾ । ਗੁਰ ਮੂਰਤ ਗੁਰ ਸੂਰਤ ਦਿਆਲਾ । ਗੁਰ ਸ਼ਬਦ ਤੂਰਤ ਸਹਿਜ ਸਹਿਜ ਧੰਨ ਮਾਲਾ । ਜੋਤ ਨੁਰਾਨੀ ਨੂਰ ਨੂਰੋ ਨੂਰਤ, ਕਾਲ ਅਕਾਲ ਅਕਾਲਾ । ਹਰਿਜਨ ਦਿਸੇ ਨਾ ਕਦੇ ਦੂਰਤ, ਜਗਤ ਬਸੰਤਰ ਕਰੇ ਪ੍ਰਿਤਪਾਲਾ । ਆਸਾ ਮਨਸਾ ਸਦਾ ਸਦ ਪੂਰਤ, ਨਿਤ ਨਵਿਤ ਅਵਲੜੀ ਚਾਲਾ । ਅੰਤਮ ਅੰਤ ਰਹਿਣਾ ਝੂਰਤ, ਨਾ ਕੋਈ ਪਛਾਣੇ ਗੁਰ ਗੋਪਾਲਾ । ਜੋਤੀ ਜੋਤ ਸਰੂਪ ਹਰਿ, ਇਕ ਬਣਾਇਆ ਦੋਹਾਂ ਧਿਰਾਂ ਸ਼ਬਦ ਦਲਾਲਾ । ਸ਼ਬਦ ਦਲਾਲ ਹਰਿ ਹਰਿ ਮਿਹਰਬਾਨ । ਮਾਤ ਨਾ ਸਕੇ ਕੋਈ ਪਛਾਣ । ਸਾਹਮਣੇ ਬੈਠ ਤੱਕੇ, ਕਲਜੁਗ ਬੂਟੇ ਸਾਰੇ ਪੱਕੇ, ਗੁਰਮੁਖ ਵਿਰਲੇ ਫਲ ਸਾਚਾ ਖਾਣ । ਗੁਰ ਪੀਰ ਸਭ ਬਾਹਰ ਧੱਕੇ, ਫੇਰਾ ਪਾਏ ਮਦੀਨੇ ਮੱਕੇ, ਕੋਈ ਨਾ ਰੋਕੇ ਵਿਚ ਜਹਾਨ । ਗੁਰਮੁਖ ਵਿਰਲੇ ਸੰਤ ਜਨ ਹਰਿ ਚਰਨ ਕਵਲ ਸ਼ਬਦ ਅਧਾਰੀ ਰੱਖੇ, ਆਦਿ ਤੱਤ ਨਾ ਹੋਏ ਵਿਨਾਸੀ । ਆਦਿ ਅੰਤ ਸ਼ਬਦ ਗੁਰਦੇਵਾ । ਭਗਤ ਭਗਵੰਤ ਦਰ ਦੇਵੇ ਨਾਮ ਸੱਚਾ ਮੇਵਾ । ਨਾਮ ਵਡਿਆਈ ਸਾਚੇ ਸੰਤ, ਏਕਾ ਜਪਿਆ ਨਰ ਨਰਾਇਣ ਜਿਹਵਾ । ਮਿਲਿਆ ਮੇਲ ਪ੍ਰਭ ਸਾਚੇ ਕੰਤ, ਦਰਸ਼ਨ ਪੇਖ ਅਲੱਖ ਅਭੇਵਾ । ਛੁੱਟੇ ਚੁਰਾਸੀ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਆਦਿ ਜੁਗਾਦੀ ਅੰਤਮ ਅੰਤ । ਦਿਆਲ ਬਾਗ਼ ਪ੍ਰਭ ਚਰਨ ਛੁਹਾਇਆ । ਸ਼ਬਦ ਰਾਗ ਇਕ ਉਪਜਾਇਆ । ਤਨ ਮਨ ਸਾਚੇ ਲਾਏ ਜਾਗ, ਪੰਜਾਂ ਚੋਰਾਂ ਬਾਹਰ ਕਢਾਇਆ । ਹਰਿਜਨ ਹਰਿਜਨ ਹਰਿਜਨ ਹੱਥ ਆਪਣੇ ਪਕੜੇ ਵਾਗ, ਸ਼ਬਦ ਘੋੜਾ ਇਕ ਰਖਾਇਆ । ਦੁਰਮਤ ਮੈਲ ਧੋਏ ਦਾਗ, ਨਿਰਮਲ ਕਾਇਆ ਦੇਹ ਕਰਾਇਆ । ਆਪ ਬੁਝਾਏ ਤ੍ਰਿਸ਼ਨਾ ਆਗ, ਅੰਮ੍ਰਿਤ ਝਿਰਨਾ ਦੇ ਝਿਰਾਇਆ । ਹੰਸ ਬਣਾਏ ਗੁਰਸਿਖ ਕਾਗ, ਸ਼ਬਦ ਧੁਨ ਨਾਦ ਤਨ ਮੰਦਰ ਦੇਹ ਵਜਾਇਆ । ਦਰਸ ਦਿਖਾਏ ਮਾਧਵ ਮਾਧ, ਸੁੰਦਰ ਸਾਵਲ ਕ੍ਰਿਸ਼ਨ ਮੁਰਾਰ । ਦਿਵਸ ਰੈਣ ਰੈਣ ਦਿਵਸ ਸਦ ਰੱਖਣਾ ਯਾਦ, ਮਾਨਸ ਦੇਹੀ ਨਾ ਆਏ ਹਾਰ । ਆਦਿ ਭਵਾਨੀ ਸ਼ਕਤੀ ਜੋਤੀ ਨਿਰਗੁਣ ਸਰਗੁਣ ਖੇਲ ਅਪਾਰ । ਕਰੇ ਖੇਲ ਵਿਚ ਬ੍ਰਹਿਮਾਦ, ਭਰਮ ਭੁੱਲੇ ਮਾਇਆ ਰੁੱਲੇ ਕਲਜੁਗ ਜੀਵ ਗਵਾਰ । ਜਨ ਭਗਤਾਂ ਮੇਟੇ ਵਾਦ ਵਿਵਾਦ, ਤਨ ਸ਼ਬਦ ਕਰਾਏ ਇਕ ਅਹਾਰ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਜ ਆਤਮ ਬੋਲੇ ਕੁੰਡਾ ਖੋਲ੍ਹੇ, ਦੇਵੇ ਨਾਮ ਇਕ ਅਮੋਲੇ, ਲੋਕਮਾਤ ਪੂਰੇ ਤੋਲ ਤੋਲੇ, ਭਗਤਨ ਦੇਵੇ ਸਾਚੀ ਦਾਦ । ਹਰਿਜਨ ਦਰ ਘਰ ਸਾਚੇ ਬਣਾਏ ਗੋਲੇ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਹਰਿਜਨ ਮੰਗੇ ਸਚ ਦਰ, ਜਗਤ ਵਿਚੋਲਾ

ਮਿਟਾਏ ਪੜਦਾ ਉਹਲਾ, ਦਸਮ ਦਵਾਰੇ ਹਰਿ ਬਨਵਾਰੀ ਦਇਆ ਕਮਾਏ, ਪੜਦਾ ਲਾਹੇ ਜੋਤ ਜਗਾਏ, ਮਿਟੇ ਸੁਨ ਸਮਾਧ । ਸੁਨ ਸਮਾਧ ਕਾਇਆ ਤੋੜੇ । ਪ੍ਰਭ ਅਬਿਨਾਸ਼ੀ ਵਾਗਾਂ ਮੋੜੇ । ਚਰਨ ਕਵਲ ਪ੍ਰਭ ਪ੍ਰੀਤੀ ਜੋੜੇ । ਕਲਜੁਗ ਦਿਨ ਰਹਿ ਗਏ ਥੋੜੇ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਜੋਤ ਧਰ, ਨਿਹਕਲੰਕ ਨਰਾਇਣ ਨਰ, ਧਰਤ ਮਾਤ ਸੁਣ ਪੁਕਾਰ ਵਿਚ ਸੰਸਾਰ । ਮਾਰੇ ਸ਼ਬਦ ਕਟਾਰ, ਲੱਖ ਚੁਰਾਸੀ ਵੇਖੇ ਪਰਖੇ ਮਿੱਠੇ ਕੌੜੇ । ਨਰ ਨਰਾਇਣਾ ਨਿਹਕਲੰਕਾ ਸ਼ਬਦ ਵਜਾਏ ਸਾਚਾ ਡੰਕਾ, ਆਪ ਉਠਾਏ ਰਾਓ ਰੰਕਾ, ਜਨ ਭਗਤ ਜਗਾਏ ਮਾਤ ਸੋਏ । ਜੋਤੀ ਨੂਰਾ ਸਾਚਾ ਹੀਰਾ ਇਕ ਲਗਾਏ ਆਤਮ ਤਨਕਾ, ਅੰਮ੍ਰਿਤ ਦੇਵੇ ਸਾਚਾ ਸੀਰ, ਗੁਰਮੁਖਾਂ ਆਤਮ ਬੁਝੇ ਹਉਮੈ ਵਿਚੋਂ ਕੱਢੇ ਪੀੜ, ਰਸਨ ਸਵਾਸੀ ਪ੍ਰਭ ਹੋਏ ਵਸ, ਤਨ ਗਵਾਏ ਅਨਰਸ ਫੀਕਾ । ਦਿਆਲ ਬਾਗ਼ ਧਰਤ ਸੁਹਾਇਆ । ਗੁਰ ਸੰਗਤ ਬੁਝਾਏ ਤ੍ਰਿਸ਼ਨਾ ਆਗ, ਸਾਚਾ ਸੰਗ ਅੰਮ੍ਰਿਤ ਆਤਮ ਗੰਗ ਸਰ ਸਰੋਵਰ ਇਸ਼ਨਾਨ ਕਰਾਇਆ । ਜਗਤ ਕਟੇ ਭੁੱਖ ਨੰਗ, ਨਾਮ ਦਾਤ ਜਨ ਲਈ ਮੰਗ, ਮਾਨਸ ਦੇਹੀ ਕਾਚੀ ਵੰਗ, ਸਾਚੀ ਰੰਗਣ ਨਾਮ ਚੜ੍ਹਾਇਆ । ਹੋਏ ਸਹਾਈ ਅੰਗ ਸੰਗ , ਵਡ ਦਾਤਾ ਸੂਰਾ ਸਰਬੰਗ, ਮਾਤ ਪਤਾਲ ਅਕਾਸ਼ ਨਿਜ ਘਰ ਵਾਸ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਆਤਮ ਖੋਲ੍ਹੇ ਸਾਚਾ ਸਰ, ਅੰਮ੍ਰਿਤ ਝਿਰਨਾ ਨਿਝਰ ਧਾਰ ਕਰ ਪਿਆਰ, ਹਰਿਜਨ ਸਾਚੇ ਕਵਲ ਨਾਭ ਮੁਖ ਚੁਆਇਆ । ਉਲਟੀ ਕਵਲ ਨਾਭੀ । ਬਜ਼ਰ ਕਪਾਟੀ ਪਾਟੀ । ਏਕਾ ਵੇਖੇ ਵੇਖ ਵਖਾਣੇ, ਸਾਚਾ ਤੀਰਥ ਸਾਚੀ ਹਾਟੀ । ਅੰਮ੍ਰਿਤ ਭਰਿਆ ਸੀਤਲ ਠਰਿਆ, ਨਾ ਕੋਈ ਤਟ ਨਾ ਕੋਈ ਤਾਟੀ । ਤਨ ਮਨ ਕਾਇਆ ਹਰਿਆ ਕਰਿਆ, ਜਗੀ ਜੋਤ ਮਹੱਲ ਲਲਾਟੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਆਪ ਚੜ੍ਹਾਏ ਔਖੀ ਘਾਟੀ । ਔਖੀ ਘਾਟੀ ਜਾਣਾ ਚੜ੍ਹ । ਹਰਿ ਘਰ ਮੰਦਰ ਸਚ ਟਿਕਾਣਾ, ਗੁਰਮੁਖ ਵਿਰਲਾ ਜਾਏ ਵੜ । ਜਗਤ ਅੰਧੇਰੀ ਕਾਇਆ ਕੰਦਰ, ਪੰਜੇ ਚੋਰ ਰਹੇ ਲੜ । ਜਨ ਭਗਤਾਂ ਜਾਇਣ ਅੰਦਰ ਸੜ । ਪ੍ਰਭ ਅਬਿਨਾਸ਼ੀ ਫੜਿਆ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਦੇਵੇ ਕਰ, ਆਪੇ ਤੋੜੇ ਕਾਇਆ ਕਿਲ੍ਹਾ ਹੰਕਾਰੀ ਗੜ੍ਹ ।

### ✻ ੭ ਅੱਸੂ ੨੦੧੧ ਬਿਕ੍ਰਮੀ ਬਿੰਦਰਾਬਨ ਬਾਂਕੇ ਬਿਹਾਰੀ ਮੰਦਰ ਵਿਚ ✻

ਗਿਰਵਰ ਗਿਰਧਾਰ ਗਵਰਧਨ ਧਾਰ । ਗਊ ਗਰੀਬ ਨਿਮਾਣਿਆਂ, ਕਰੇ ਕਰਾਏ ਹਰਿ ਪ੍ਰਿਤਪਾਲ । ਪੰਡਤ ਪਾਂਧੇ ਬੇਮੁਹਾਣਿਆਂ ਨਰ ਹਰਿ ਹਰਿ ਨਰ ਨਾ ਪਛਾਣਿਆ, ਹੋਏ ਕਲ ਨਿਧਾਨ ਜਗਤ ਅਵਲੜੀ ਚਾਲ । ਝੂਠੀ ਘਾਲਣ ਰਹੇ ਘਾਲ । ਆਵੇ ਜਾਵੇ ਨਰ ਹਰਿ ਭਗਵਾਨਿਆ, ਜਨ ਭਗਤਾਂ ਰਿਹਾ ਸੁਰਤ ਸੰਭਾਲ । ਬਿਰਜ ਵਾਸੀ ਸੂਰਯ ਅੰਸਾ ਵਿਸ਼ਨੂੰ ਬੰਸਾ, ਆਦਿ ਅਬਿਨਾਸ਼ੀ ਨਾ ਖਾਏ ਕਾਲ । ਪੰਡਤ ਪਾਂਧੇ ਮੰਦਰ ਪੁਜਾਰ । ਮਾਇਆ ਬਾਂਧਾ ਤਨ ਅੰਗਿਆਰ । ਕਲਜੁਗ ਅੰਤਮ ਥੱਕਾ ਮਾਂਦਾ, ਰਚਨ ਰਚਾਈ ਅਪਰ ਅਪਾਰ । ਜਾਦਵ ਬੰਸੀ ਰਘੂਪਤ ਰਘੁਨਾਥ, ਨਾ ਗੁਪਤ ਨਾ ਵੇਖਣ ਜਾਹਰ । ਅੰਦਰ ਬਾਹਰ ਕਿਸੇ ਨਾ ਦਿਸੇ, ਮੁਕੰਦ ਮਨੋਹਰ ਲਖ਼ਮੀ ਨਰਾਇਣ ਜਗਤ ਜਗਦੀਸ਼ੇ ਮੋਹਣ ਮਾਧਵ ਕ੍ਰਿਸ਼ਨ ਮੁਰਾਰ । ਅਚੁਤ ਅਗਣਤ ਖੇਲ ਅਪਾਰ । ਮੋਰ ਮੁਕਟ ਛਤਰ ਸੀਸੇ, ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਸਾਰੇ ਘਰ, ਮੰਦਰ ਮਹੱਲ ਅੰਤਮ ਕਲ ਝੂਠੀ ਚੱਕੀ

ਸਾਰੇ ਪੀਸੇ । ਅੱਸੂ ਸੱਤ ਬਿਰਜ ਬਿਹਾਰੀ । ਨਾ ਕੋਈ ਵੇਖੇ ਨੈਣ ਮੁਧਾਰੀ । ਮਾਇਆ ਭੁੱਲੇ ਜੀਵ ਗਵਾਰੀ । ਮੁਕਟ ਮੋਰ ਧਜ ਧਰਨਾਪਤ ਹਰਿ ਅਪਾਰੀ । ਕਵਲ ਨੈਣਾਂ ਮਧੁਰ ਬੈਣਾ, ਕੁੰਡਲ ਮੰਡਲ ਜੋਤ ਨਿਰੰਕਾਰੀ । ਨਿਹਕਲੰਕ ਨਰਾਇਣ ਨਰ, ਵੇਖ ਵਖਾਣੇ ਸਾਚੇ ਘਰ, ਜੂਠੇ ਝੂਠੇ ਮਾਇਆ ਲੂਠੇ ਪੂਜ ਪੁਜਾਰੀ । ਕਾਹਨ ਘਨਈਆ । ਮੰਡਲ ਰਾਸ, ਜਗਤ ਚਲਾਈ ਸਾਚੀ ਨਈਆ । ਭਾਗ ਲਗਾਇਆ ਵਿਚ ਪ੍ਰਭਾਸ, ਸ੍ਰਿਸ਼ਟ ਸਬਾਈ ਸੱਜਣ ਸੁਹੇਲਾ ਇਕ ਇਕੇਲਾ ਅਨਾਥ ਅਨਾਥੀ ਸਗਲਾ ਸਾਥੀ, ਬਣਿਆ ਰਹੇ ਭੈਣਾਂ ਭਈਆ । ਮਸਤਕ ਤਿਲਕ ਜੋਤ ਲਲਾਟੀ, ਫੜਫੜ ਚਾੜ੍ਹੇ ਔਖੀ ਘਾਟੀ, ਜਮਨ ਕਿਨਾਰਾ ਸਚ ਦਵਾਰਾ ਤੇਰੀ ਅੰਤਮ ਵਾਰਾ, ਮੁਕੰਦ ਮਨੋਹਰਾ ਗਊ ਗਰੀਬ ਨਿਮਾਣਿਆਂ ਹੱਥ ਪਕੜੇ ਡੋਰਾਂ । ਵਡ ਵਡ ਰਾਜੇ ਜਰ ਜਰਵਾਣਿਆਂ, ਪਕੜ ਬਹਾਏ ਅੰਧ ਘੋਰਾ, ਮਿਲਾਏ ਮੇਲ ਭਗਤ ਭਗਵਾਨਿਆਂ । ਭਗਤ ਭਗਵਾਨ ਜਨ ਕਰੇ ਪਛਾਣ । ਆਤਮ ਜੋਤੀ ਦੀਪ ਮਹਾਨ । ਨਿਰਮਲ ਨੈਣ ਮਿਲੇ ਨਰ ਹਰਿ ਸੱਚਾ ਸਾਕ ਸੈਣ, ਉਤਰੇ ਮਨ ਕੀ ਚਿੰਦਾ । ਰਾਮ ਰਮਈਆ ਕ੍ਰਿਸ਼ਨ ਘਨਈਆ, ਸੁੰਦਰ ਕੁੰਡਲ ਮੁਕਟ ਬੈਣ । ਸਚ ਦਵਾਰਾ ਬੰਕ ਦਵਾਰ । ਕ੍ਰਿਸ਼ਨ ਮੁਰਾਰਾ ਨਰ ਨਿਰੰਕਾਰ । ਜੋਤ ਅਕਾਰਾ ਵਿਚ ਸੰਸਾਰ । ਬਿਦਰ ਸੁਦਾਮਾ ਪਾਰ ਉਤਾਰ । ਦਰੋਪਤ ਪਾਈ ਸਾਰ । ਪਾਂਡੋ ਦਿਤਾ ਇਕ ਸਹਾਰ । ਦਰਸ ਅਮੋਘ ਦਰ ਦਾਤਾਰ । ਸ਼ਬਦ ਫੜੇ ਖੰਡਾ ਦੋ ਧਾਰ । ਦੁਰਯੋਧਨ ਹੰਕਾਰੀ ਕਰ ਖੁਆਰ । ਦਵਾਪਰ ਤੇਰੀ ਅੰਤਮ ਵਾਰ । ਭਾਰਤ ਖੰਡ ਪਈ ਵੰਡ, ਵੇਖ ਵਖਾਣੇ ਗਿਰਵਰ ਗਿਰਧਾਰ । ਗੁਰ ਦਰ ਅੰਤਮ ਆਈ ਕੰਡਾ, ਅਰਜਨ ਮਿਲਿਆ ਕ੍ਰਿਸ਼ਨ ਮੁਰਾਰ । ਜੋਤੀ ਜੋਤ ਸਰੂਪ ਹਰਿ, ਅਵਤਾਰ ਨਰ ਕਵਣ ਵਖਾਣੇ ਕਵਣ ਜਾਣੇ ਮਾਇਆ ਧਾਰੀ ਵਡ ਸੰਸਾਰੀ ਵਡ ਖੁਆਰੀ, ਆਵੇ ਜਾਵੇ ਮਾਤ ਰਹਾਵੇ ਵਾਰੋ ਵਾਰੀ ।

### ❇ ੮ ਅੱਸੂ ੨੦੧੧ ਬਿਕ੍ਰਮੀ ਦਿੱਲੀ ਰੇਲਵੇ ਸਟੇਸ਼ਨ ਉਤੇ ਬਿਸ਼ਨ ਸਿੰਘ ਦੇ ਨਵਿਤ ❇

ਪ੍ਰੇਮ ਮਧ ਮਾਤਾ ਗੁਣਵੰਤ, ਭਗਵੰਤ ਗੁਰਮੁਖ ਸਾਚਾ ਸੰਤ ਜਗਤ ਭਗਤ ਅੰਤਮ ਮੁਕਤ ਦਰ ਘਰ ਸਚ ਬਣਾਤਾ । ਪਾਰਬ੍ਰਹਮ ਸਚ ਕਰਮ ਮਾਨਸ ਜਨਮ, ਆਰ ਪਾਰ ਵਿਚ ਸੰਸਾਰ, ਦੋ ਧਾਰ ਜਗਤ ਅਧਾਰ ਪਾਰ ਕਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਗੁਣਵੰਤੀ ਸੋਭਾਵੰਤੀ ਗੁਰਮੁਖ ਨਾਰੀ ਕੰਤ ਪਿਆਰੀ, ਸਾਚੇ ਦਰ ਅਟੱਲ ਮਹੱਲ ਨਿਹਚਲ ਧਾਮ ਸਦ ਸਦ ਰਖਾਤਾ । ਵਿਸ਼ਨੂੰ ਬੰਸੀ ਬੰਸ ਅਮੋਲਾ । ਉਤਮ ਮਾਤ ਵਿਚ ਸਹੰਸੀ, ਮਿਲੇ ਸ਼ਬਦ ਸਾਚਾ ਢੋਲਾ । ਪੰਚ ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸੀ, ਨਿਰਮਲ ਬੁੱਧੀ ਉਤਮ ਚੋਲਾ । ਮਿਲਿਆ ਮੇਲ ਜਿਉਂ ਅਰਜਨ ਬੰਸੀ, ਆਤਮ ਪੜਦਾ ਪ੍ਰਭ ਸਾਚੇ ਖੋਲ੍ਹਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਿੰਘ ਬਿਸ਼ਨ ਤੇਰਾ ਮਾਤ ਬਣਾਇਆ ਸਚ ਵਿਚੋਲਾ । ਸੰਤ ਵਿਚੋਲਾ ਦੋ ਜਹਾਨ । ਦਰ ਘਰ ਬਣਿਆ ਸਾਚਾ ਗੋਲਾ, ਮਿਲਿਆ ਨਾਮ ਇਕ ਨਿਸ਼ਾਨ । ਸ਼ਬਦ ਪਹਿਨਾਏ ਪ੍ਰਭ ਨਿਰਮਲ ਚੋਲਾ, ਰੰਗਣ ਚੜ੍ਹੇ ਜਗਤ ਮਹਾਨ । ਬਜ਼ਰ ਕਪਾਟੀ ਪਰਦਾ ਖੋਲ੍ਹਾ, ਸ਼ਬਦ ਧੁਨੀ ਕੰਨ ਸੁਣੀ, ਮਿਲੇ ਮੇਲ ਨਰ ਹਰਿ ਸ੍ਰੀ ਭਗਵਾਨ ।

੫੭੮
੦੪

**✻ ੮ ਅੱਸੂ ੨੦੧੧ ਬਿਕ੍ਰਮੀ ਮੋਦੀ ਨਗਰ ਚੰਨਣ ਸਿੰਘ ਦੇ ਗ੍ਰਹਿ ✻**

ਗੁਣੀ ਗੁਣਵੰਤ ਸਾਜਨ ਸੰਤ, ਰਸਨ ਰਸ ਭੋਗ ਗੁਰ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਆਦਿ ਅੰਤ ਅਬਿਨਾਸ਼ੀ, ਚਾਰ ਕੁੰਟ ਨਾ ਜਾਏ ਹਾਰ । ਪਾਲਣ ਪਾਲ ਬਿਰਧ ਬਾਲ ਅੰਞਾਣ ਹੋਏ ਰਖਵਾਲ । ਜੀਵ ਜੰਤ ਵਿਚ ਜਹਾਨ, ਹਰਿ ਦਰ ਨਾ ਖਾਏ ਕਾਲ । ਚੁਕਾਏ ਜਮ ਕੀ ਕਾਣ, ਭਗਤ ਜਗਤ ਅਵਲੜੀ ਚਾਲ, ਏਕਾ ਜੋਤ ਮੇਲ ਭਗਵਾਨ, ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਪੰਚਮ ਜੇਠੀ ਦੇਵੇ ਜਗਤ ਦਾਨ । ਜਗਤ ਦਾਨ ਭਗਤ ਦਰ ਪਾਇਆ । ਮਿਲੇ ਮਾਣ ਕਲ ਕਲੇਸ਼ੀ ਘਰੋਂ ਲਾਹਿਆ । ਹੋ ਮਿਹਰਵਾਨ ਦਰ ਦਰਵੇਸ਼ੀ ਚਰਨ ਛੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅਵਸਥਾ ਬਾਲ ਬਾਲੇ ਸਿੰਘ ਸੁਰਜੀਤ ਨਾਮ ਧਰਾਇਆ ।

**✻ ੯ ਅੱਸੂ ੨੦੧੧ ਬਿਕ੍ਰਮੀ ਮੇਰਠ ਛਾਉਣੀ ਕੇਹਰ ਸਿੰਘ ਦੇ ਗ੍ਰਹਿ ✻**

ਜਗ ਪੰਡਤ ਪਿੰਡ ਪਰਾਇਆ । ਲੋਕਮਾਤ ਆਇਆ ਬਣ ਕੇ ਮੰਗਤ ਸਾਚਾ ਹੁਕਮ ਹਰਿ ਭੁਲਾਇਆ । ਸਚ ਘਰ ਨਾ ਮਾਣੀ ਸਾਚੀ ਸੰਗਤ, ਲੋਭੀ ਮਮਤਾ ਰਸਨ ਵਿਕਾਰ ਚਲਾਇਆ । ਕਾਇਆ ਦੁਹਾਗਣ ਹੋਈ ਨੰਗਤ, ਸ਼ਬਦ ਚੋਲਾ ਨਾ ਤਨ ਪਹਿਨਾਇਆ । ਮਾਨਸ ਦੇਹੀ ਦਿਸੇ ਭੰਗਤ, ਅੰਦਰ ਮੰਦਰ ਡੇਰਾ ਕਿਸੇ ਨਾ ਲਾਇਆ । । ਹਰਿਜਨ ਵਿਰਲਾ ਪ੍ਰਭ ਹੋਏ ਸਹਾਈ ਜਿਉਂ ਨਾਨਕ ਅੰਗਦ, ਸਰਨ ਸਰਨਾਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਨਿਹਕਲੰਕੀ ਭੇਖ ਵਟਾਇਆ । ਪੰਡਤ ਪੜ੍ਹ ਵੇਦ ਵਿਚਾਰ । ਵੇਦ ਕਿਤੇਬ ਨਾ ਪਾਈ ਸਾਰ । ਘਰ ਸਾਚਾ ਵੇਖ ਵਖਾਨ, ਪੁਰਖ ਅਬਿਨਾਸ਼ੀ ਗੁਪਤ ਜ਼ਾਹਰ । ਕਲਜੁਗ ਜੀਵ ਨਾ ਭੁੱਲ ਗਵਾਰ । ਸਚ ਸ਼ਬਦ ਘਰ ਸਚ ਸੁਨਿਆਰ । ਮਾਇਆ ਝੂਠੀ ਵੇਖ ਨਾ ਭੁੱਲ, ਸੋਲਾਂ ਕਰ ਤਨ ਸ਼ਿੰਗਾਰ । ਭਾਗ ਲਗਾਉਣਾ ਆਪਣੀ ਕੁਲ, ਜੋਤੀ ਨੂਰ ਕਰ ਉਜਿਆਰ । ਨਿਹਕਲੰਕ ਕਲ ਜਾਮਾ ਪਾਇਆ, ਵੇਖ ਵਖਾਣੇ ਪੰਡਤ ਪਾਂਧੇ, ਆਤਮ ਆਂਧੇ ਮਾਇਆ ਡੋਰੀ ਬਾਂਧੇ, ਕਵਣ ਵਖਾਣੇ ਕਵਣ ਜਾਣੇ ਕਵਣ ਭਤਾਰਾ ਕਵਣ ਨਾਰ । ਪੰਡਤ ਪੜ੍ਹਿਆ ਵੇਦ ਸ਼ਾਸਤਰ । ਇਕ ਨਾ ਜਾਣੇ ਨਾਮ ਅਸਤਰ । ਤਨ ਨਾ ਪਹਿਨੇ ਸੱਚਾ ਬਸਤਰ । ਹਉਮੇ ਲੱਗੀ ਕਾਇਆ ਨਸਤਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਏ, ਪੰਡਤ ਪਾਂਧੇ ਲਏ ਉਠਾਏ, ਸੋਹੰ ਸ਼ਬਦ ਹੱਥ ਰਖਾਏ ਸੱਚਾ ਸ਼ਸਤਰ । ਪੰਡਤ ਪਾਂਧੇ ਪਿੰਡ ਪਈਆਲ । ਕਲਜੁਗ ਥੱਕੇ ਮਾਂਦੇ, ਦਰਸ ਨਾ ਪੇਖਤ ਦੀਨ ਦਿਆਲ । ਪੀਤ ਪੀਤੰਬਰ ਝੂਠਾ ਗਾਂਦੇ, ਵੇਖ ਵਖਾਣੀ ਅਵਲੜੀ ਚਾਲ । ਅੰਦਰ ਬਾਹਰ ਆਉਂਦੇ ਜਾਂਦੇ, ਆਤਮ ਰਹੇ ਸਦਾ ਕੰਗਾਲ । ਪ੍ਰਭ ਅਬਿਨਾਸ਼ੀ ਜਾਂਦੇ, ਮਾਇਆ ਮਮਤਾ ਰੰਗ ਚੜ੍ਹਾਉਂਦੇ ਕਾਇਆ ਖਾਲ । ਕਲਜੁਗ ਜੀਵ ਭੁਲਾਉਂਦੇ ਫਿਰਦੇ, ਕਾਇਆ ਨੀਤ ਨਾ ਸਕੇ ਸੰਭਾਲ । ਝੂਠੇ ਤਾਲ ਵਜਾਉਂਦੇ ਜਾਂਦੇ, ਫਲ ਨਾ ਦਿਸੇ ਕਿਸੇ ਡਾਲ । ਨਿਹਕਲੰਕ ਕਲ ਜਾਮਾ ਪਾਏ, ਭੁੱਲੇ ਰੁਲੇ ਰਾਹੇ ਪਾਏ, ਅੰਤਮ ਸੁਰਤ ਸੰਭਾਲ । ਮੰਦਰ ਅੰਦਰ ਨਾ ਕੋਇ ਵੜਿਆ । ਪੰਡਤ ਪਾਂਧੇ ਦਰ ਦਵਾਰੇ, ਗਰਬ ਹੰਕਾਰੇ ਬਾਹਰ ਖੜਿਆ । ਅਸਥਿਰ ਨਾ ਵੇਖੇ ਹਰਿ ਚੁਬਾਰੇ, ਸਿਖ਼ਰ ਡੰਡੇ ਨਾ ਕੋਈ ਚੜ੍ਹਿਆ । ਜੀਆਂ ਜੰਤਾਂ ਝੂਠੇ ਲਾਰੇ, ਮਾਇਆ ਡੋਲੀ ਘਾੜਨ ਘੜਿਆ । ਮਿਲੇ ਮੇਲ ਨਾ ਹਰਿ ਨਿਰੰਕਾਰੇ,



੫੭੯ ੦੪

ਕਲਜੁਗ ਵਹਿਣ ਹੜ੍ਹਿਆ । ਨਿਹਕਲੰਕ ਕਲ ਜਾਮਾ ਧਾਰੇ, ਕਲਜੁਗ ਤੇਰੀ ਅੰਤਮ ਵਾਰੇ, ਪੰਡਤ ਪਾਂਧੇ ਵੇਖ ਵਿਚਾਰੇ । ਸੋਹੰ ਡੰਡਾ ਹੱਥ ਵਿਚ ਫੜਿਆ । ਮੰਦਰ ਅੰਦਰ ਗਊ ਘਾਟ । ਵੇਖ ਵਖਾਣੇ ਤੀਰਥ ਤਾਟ । ਕਿਤੇ ਨਾ ਦਿਸੇ ਜੋਤੀ ਲਾਟ । ਚਾਰੋਂ ਕੁੰਟ ਚਾਰ ਚੁਫੇਰੇ ਆਈ ਘਾਟ । ਲੱਖ ਚੁਰਾਸੀ ਫਿਰੇ ਅੰਧੇਰੇ, ਦੁਰਮਤ ਮੈਲ ਨਾ ਦੇਵੇ ਕੋਈ ਕਾਟ । ਮਾਤ ਗਰਭ ਆਵਣ ਜਾਵਣ ਜਿਹੜੇ, ਕੋਇ ਨਾ ਕੱਢੇ ਆਨ ਬਾਟ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਇਆ, ਜੂਠਾ ਝੂਠਾ ਭੇਖ ਵਟਾਇਆ, ਇਕ ਖੁਲ੍ਹਾਏ ਸਾਚਾ ਹਾਟ । ਗੁਰਦਵਾਰਾ ਗੁਰ ਦਰਬਾਰ । ਦਰ ਘਰ ਸਾਚਾ ਨਾ ਕੋਈ ਕਰੇ ਵਿਚਾਰ । ਗ੍ਰੰਥੀ ਪੰਥੀ ਭਾਂਡੇ ਕਾਚੇ, ਕੰਚਨ ਪਾਇਆ ਤਨ ਸ਼ਿੰਗਾਰ । ਹਰਿ ਹਰਿਜਨ ਕੋਇ ਨਾ ਵਾਚੇ, ਏਕਾ ਭਰਿਆ ਮਨ ਹੰਕਾਰ । ਜੋਤ ਨਿਰੰਜਣ ਸਾਚੋ ਸਾਚੇ, ਆਦਿ ਪੁਰਖ ਅਪਰੰਪਰ ਸਵਾਮੀ ਆਵੇ ਜਾਵੇ ਵਾਰੋ ਵਾਰ । ਹਰਿਜਨ ਵਿਰਲਾ ਹਿਰਦੇ ਵਾਚੇ, ਕਿਰਪਾ ਕਰੇ ਜਿਸ ਅਪਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗ੍ਰੰਥੀ ਪੰਥੀ ਅੰਤਮ ਪਾਵੇ ਮਾਤ ਸਾਰ । ਗੁਰਦਵਾਰਾ ਗੁਰ ਕਾ ਰਾਹ । ਬੇਮੁਖਾਂ ਕਲ ਦਿਸੇ ਨਾਹ । ਮਾਇਆ ਰਾਣੀ ਵਡ ਜ਼ਰਵਾਣੀ ਗਲ ਪਾਈ ਬੈਠੀ ਮਾਤ ਫਾਹ । ਦਰ ਘਰ ਸਾਚੇ ਹੋਏ ਸਵਾਣੀ, ਚਤੁਰਾਈ ਕਿਸੇ ਚਲੇ ਨਾ । ਬੇਮੁਖਾਂ ਆਤਮ ਹੋਈ ਅੰਧੀ ਕਾਣੀ, ਦਰ ਦਵਾਰਾ ਨਾ ਦਿਸੇ ਕੋਈ ਸੱਚਾ ਥਾਂ । ਨਾ ਕੋਈ ਜਾਣੇ ਜਾਣ ਵਖਾਣੇ ਖਾਣੀ ਬਾਣੀ ਪੁਰਖ ਧਿਆਨੀ ਵਡ ਵਿਦਵਾਨੀ, ਕਾਇਆ ਮੰਦਰ ਡੂੰਘੀ ਕੰਦਰ ਘਰ ਘਰ ਉਡਦੇ ਦਿਸਦੇ ਕਾਂ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜੋਤ ਧਰ, ਗੁਰਦਵਾਰਾ ਦਰ ਦਰਬਾਰਾ, ਅੰਦਰ ਬਾਹਰਾ ਗੁਪਤ ਜ਼ਾਹਰਾ, ਵੇਖ ਵਖਾਣੇ ਸਭਨੀ ਥਾਂ । ਗੁਰਦਵਾਰਾ ਗੁਰਮੁਖ ਜਾਨ । ਬੇਮੁਖ ਭੁੱਲੇ ਜੀਵ ਨਿਧਾਨ । ਪਾਣੀ ਪਿਆ ਕਾਇਆ ਚੁੱਲ੍ਹੇ, ਮਿਟੇ ਅੰਤ ਕਲਜੁਗ ਨਿਸ਼ਾਨ । ਹਰਿ ਭੰਡਾਰਾ ਏਕਾ ਖੁਲ੍ਹੇ, ਚਾਰ ਵਰਨਾਂ ਬ੍ਰਹਮ ਗਿਆਨ । ਭਾਗ ਲਗਾਏ ਕਾਇਆ ਕੁੱਲੇ, ਵਾਲੀ ਦੋ ਜਹਾਨ । ਹਰਿ ਸ਼ਬਦ ਸੁਹੇਲਾ ਧੁਰਦਰਗਾਹੀ ਮੇਲਾ ਪੂਰੇ ਤੋਲ ਤੁਲੇ, ਆਤਮ ਜੋਤੀ ਦੀਪ ਮਹਾਨ । ਜਗਤ ਸਿੰਘਾਸਣ ਕਲਜੁਗ ਡੁਲੇ, ਪ੍ਰਗਟ ਹੋਏ ਸ੍ਰੀ ਭਗਵਾਨ । ਸ਼ਬਦ ਅੰਧੇਰੀ ਏਕਾ ਝੁੱਲੇ, ਰਸਨਾ ਚਲੇ ਤੀਰ ਕਮਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਪ੍ਰਗਟ ਹੋਏ ਅੱਠੇ ਪਹਿਰ ਦਿਵਸ ਰੈਣ ਕਦੇ ਨਾ ਸੋਏ ਵਡ ਬਲੀ ਬਲਵਾਨ । ਗੁਰ ਕਾਇਆ ਗੁਰਬਾਣੀ ਗੁਰ ਕਾ ਬਾਣ । ਗੁਰਮੁਖ ਵਿਰਲਾ ਕਰੇ ਧਿਆਨ । ਜਿਸ ਜਨ ਹਰਿ ਹਿਰਦੇ ਚਰਨ ਧਿਆਨ । ਕਲਜੁਗ ਭੁੱਲੇ ਜੀਵ ਅੰਞਾਣ । ਮਿਟੀ ਅੰਤ ਜੋਤ ਨਿਸ਼ਾਨੀ, ਸਾਧ ਸੰਤ ਧਰ ਮਨ ਅਭਿਮਾਨ । ਭੇਵ ਨਾ ਜਾਨਣ ਬਾਣੀ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਦਰ ਦਵਾਰੇ ਗੁਰ ਘਰ ਤੀਰਥ ਤਟ, ਸਦ ਕਰੇ ਸਰਬ ਪਛਾਣ । ਨਾਮ ਅੱਲਾ ਹੱਕ ਮਸੱਲਾ ਸ਼ਬਦ ਕੁਰਾਨ । ਜ਼ਬਰਾਈਲ ਮੇਕਾਈਲ ਅਸਰਾਈਲ ਅਸਰਾਫ਼ੀਲ, ਚਾਰ ਕੁੰਟ ਚਾਰ ਗਲੀ ਵੇਖ ਵਖਾਨ । ਇਕ ਮਹੱਲਾ ਚਾਰ ਯਾਰ ਦਸਤਗੀਰ ਪੀਰ ਐਲੀ ਸ਼ਾਹ ਫ਼ਕੀਰ ਨੂਰ ਅਲਾਹੀ ਧੁਰਦਰਗਾਹੀ ਇਕ ਇਕੱਲਾ ਗੌਂਸ ਮਜੌਰੀ ਦਸਤਗੀਰ । ਮੱਕਾ ਕਾਅਬਾ ਹੱਕ ਜ਼ਨਾਬ ਮੇਲ ਦੁਆਬਾ ਆਪ ਪਿਆਈਂ ਠੰਡਾ ਸੀਰ । ਮੁਲਾਂ ਸ਼ੇਖ਼ ਮੁਲਾਨਾ ਅੰਧਾ ਕਾਣਾ, ਕਿਸੇ ਨਾ ਵੱਜੇ ਆਤਮ ਤੀਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਾਰ, ਦੋਹੀਂ ਹੱਥੀਂ ਤਨ ਲਾਹੇ ਚੀਰ । ਮੁਲਾਂ ਸ਼ੇਖ਼ ਹਾਹਾਕਾਰੇ । ਕਲਜੁਗ ਭੇਖ ਵੇਖ ਨੇਤਰ ਪੇਖ, ਦਰ ਦਰ ਘਰ ਘਰ ਪੁਕਾਰੇ । ਕਾਅਬਾ ਮੁਕਾਅਬ ਮੱਕਾ ਦੋ

ਆਬ, ਵੇਖ ਵਖਾਣੇ ਹਰਿ ਹਰਿ ਖ਼ੁਦਾਏ ਜਨਾਬ, ਨੂਰੀ ਨੂਰ ਕਰ ਅਕਾਰੇ । ਮੁਲਾਂ ਸ਼ੇਖ਼ ਕਾਜੀ ਕਲਜੁਗ ਅੰਤਮ ਝੂਠੇ ਪਾਜੀ, ਮਿਲੇ ਅੰਤ ਅਜ਼ਾਬ, ਦੋਜ਼ਖ਼ ਅਗਨ ਅੰਤਮ ਸਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਵੇਖੇ ਭਿੰਨ ਭਿੰਨ, ਭੇਵ ਖੁਲ੍ਹਾਏ ਗਿਣ ਗਿਣ, ਵਾਲੀ ਹਿੰਦ ਉਠ ਜਾਗ, ਮਾਝੇ ਦੇਸ ਲੱਗਾ ਭਾਗ, ਜਗੀ ਜੋਤ ਏਕਾ ਏਕ ਨਰ ਨਰਾਇਣ ਨਰ ਨਿਰੰਕਾਰੇ । ਵਾਲੀ ਹਿੰਦ ਉਠ ਸੁਲਤਾਨ । ਕਲਜੁਗ ਸੋਇਆ ਕਿਉਂ ਨੌਜਵਾਨ । ਮਾਇਆ ਰਾਣੀ ਹੋਈ ਪ੍ਰਧਾਨ । ਜੂਠ ਝੂਠ ਸਵਾਈ ਵਿਚ ਜਹਾਨ । ਧੀਆਂ ਭੈਣਾਂ ਖ਼ਾਕ ਛਾਣੀ, ਊਚਾਂ ਨੀਚਾਂ ਮਾਣ ਤਾਣ । ਜੂਠੇ ਝੂਠੇ ਮਾਇਆ ਲੂਠੇ, ਕੋਇ ਨਾ ਕਰੇ ਹਰਿ ਪਛਾਣ । ਜੋਤੀ ਜੋਤ ਸਰੂਪ ਹਰਿ, ਅੰਤਮ ਜੋਤ ਮਾਤ ਧਰ, ਕਰੇ ਖੇਲ ਜਗਤ ਮਹਾਨ । ਵਾਲੀ ਹਿੰਦ ਹੋ ਹੁਸ਼ਿਆਰ । ਪੁਰਖ ਅਬਿਨਾਸ਼ੀ ਜਾਮਾ ਧਾਰੇ, ਵੇਖ ਵਖਾਣੇ ਮੁਹੰਮਦੀ ਚਾਰ ਯਾਰ । ਜਗੇ ਜੋਤ ਇਕ ਅਪਾਰੇ, ਵੇਦ ਪੁਰਾਨਾਂ ਕੁਰਾਨ ਅੰਜ਼ੀਲਾਂ, ਖਾਣੀ ਬਾਣੀ ਦੋ ਜਹਾਨੀ ਸੱਚੀ ਰਾਣੀ, ਪਾਏ ਸੱਚੀ ਸਾਰ । ਨਾ ਕੋਈ ਦਿਸੇ ਰਾਜਾ ਰਾਣੀ, ਅੰਤਮ ਖ਼ਾਕੀ ਲਾੜੀ ਮੌਤ ਉਠਾਏ, ਧਰਤ ਮਾਤ ਗੋਦ ਸਵਾਏ, ਮਾਨਸ ਦੇਹੀ ਆਈ ਹਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਘਨਕ ਪੁਰ ਵਾਸੀ ਚਵੀਆਂ ਅਵਤਾਰ । ਘਨਕਪੁਰ ਹਰਿ ਜਾਮਾ ਪਾਇਆ । ਇਕ ਉਠਾਇਆ ਸ਼ਬਦ ਘੋੜ, ਚਾਰ ਕੁੰਟਾਂ ਰਿਹਾ ਦੁੜਾਇਆ । ਵੇਖ ਵਖਾਣੇ ਰਾਓ ਰੰਕ ਬੰਕ ਦਵਾਰ, ਸ਼ਾਹ ਸੁਲਤਾਨ ਲਏ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਵੀਹ ਸੌ ਗਿਆਰਾਂ ਬਿਕ੍ਰਮੀ, ਆਪਣਾ ਖੇਲ ਆਪਣੇ ਹੱਥ ਰਖਾਇਆ । ਅੱਸੂ ਤਿੰਨ ਰੱਖਣਾ ਯਾਦ । ਲੋਕਮਾਤ ਵੱਜਣਾ ਸਾਚਾ ਨਾਦ, ਸੋਹੰ ਸ਼ਬਦ ਪ੍ਰਭ ਤੀਰ ਚਲਾਉਣਾ, ਰਾਜਾ ਰਾਣਾ ਸਰਬ ਉਠਾਉਣਾ, ਵੇਖ ਵਖਾਣੇ ਖੰਡ ਬ੍ਰਹਿਮੰਡ ਬ੍ਰਹਿਮਾਦ । ਪੁਰਖ ਅਬਿਨਾਸ਼ੀ ਨਾ ਮਨੋਂ ਭੁਲਾਉਣਾ, ਜੋਤ ਸਰੂਪੀ ਦਰਸ ਦਿਖਾਉਣਾ, ਸ਼ਬਦ ਚਲਾਉਣਾ ਬੋਧ ਅਗਾਧ । ਕਾਹਨਾ ਕ੍ਰਿਸ਼ਨਾ ਭੇਖ ਵਟਾਉਣਾ, ਬ੍ਰਹਮਾ ਵਿਸ਼ਨਾ ਸੰਗ ਰਲਾਉਣਾ, ਕਰੋੜ ਤੇਤੀਸ ਚਰਨ ਬਹਾਉਣਾ, ਦੋਏ ਜੋੜ ਰਸਨ ਰਹੇ ਅਰਾਧ । ਜੋਤੀ ਜੋਤ ਸਰੂਪ ਹਰਿ, ਸ਼ਬਦ ਦੇਵੇ ਸਾਚਾ ਵਰ, ਚਲ ਕੇ ਆਏ ਤੇਰੇ ਦਰ, ਵੇਖ ਵਖਾਣੇ ਮਾਧਵ ਮਾਧ । ਅੱਸੂ ਤਿੰਨ ਸਚ ਵਿਹਾਰਾ । ਧਰਤ ਮਾਤ ਤੇਰਾ ਵੇਖੇ ਚੰਨ, ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਕਰੇ ਖੇਲ ਛਿੰਨ ਭੰਗਰ ਛਿੰਨ, ਕਿਆ ਕੋਈ ਜਾਣੇ ਜੀਵ ਗਵਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਲਿਖੇ ਜਗਤ ਲੇਖ, ਧਰਤ ਮਾਤ ਤੇਰੇ ਮਸਤਕ ਮੇਖ, ਚਰਨ ਛੁਹਾਏ ਨਰ ਨਿਰੰਕਾਰਾ । ਅੱਸੂ ਤਿੰਨ ਨੇੜੇ ਵਾਟ । ਚਰਨ ਛੁਹਾਏ ਪ੍ਰਭ ਰਾਜ ਘਾਟ । ਗਾਂਧੀ ਪਾਂਧੀ ਖੋਲ੍ਹ ਵਖਾਏ ਬਜ਼ਰ ਕਪਾਟ । ਨਾ ਕੋਈ ਸੋਨਾ ਰੁਪਾ ਚਾਂਦੀ, ਜੋਤੀ ਨੂਰ ਸਾਚੀ ਲਾਟ । ਰਸਨਾ ਹਰਿ ਗੁਣ ਪੀਂਦੀ ਖਾਂਦੀ, ਜਗਤ ਕਿਨਾਰਾ ਤੀਰਥ ਤਾਟ । ਗੀਤ ਸੁਹਾਗੀ ਗਾਉਂਦੀ ਜਾਂਦੀ, ਸ਼ਬਦ ਖਟੋਲਾ ਸਾਚੀ ਖਾਟ । ਪੁਰਖ ਅਬਿਨਾਸ਼ੀ ਰਾਹ ਤਕਾਉਂਦੀ ਜਾਂਦੀ, ਰਸਨਾ ਰਸ ਆਤਮ ਚਾਟ । ਪੁਰੀ ਇੰਦਰ ਦਰ ਦਰਸਾਉਂਦੀ ਜਾਂਦੀ, ਅੰਤਮ ਚੜ੍ਹੇ ਸਾਚੇ ਘਾਟ । ਸਚ ਸਿੰਘਾਸਣ ਡੇਰਾ ਲਾਉਂਦੀ ਜਾਂਦੀ, ਵੇਖ ਵਖਾਣੇ ਸਾਚਾ ਹਾਟ । ਨਿਹਕਲੰਕ ਜੋਤ ਨਿਰੰਜਣ ਦੇ ਮਤ ਮਾਤ ਸਮਝਾਉਂਦੀ ਜਾਂਦੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਏ, ਗੁਣਵੰਤੀ ਵਿਚ ਲਲਾਟ । ਰਾਜ ਘਾਟ ਰਾਜ ਦਵਾਰ । ਜਗਤ ਭਗਤ ਧਰਮ ਸਤਿ, ਮਿਲੇ ਮੇਲ ਪ੍ਰਭ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਪਾਰ ਉਤਾਰ । ਧਰਤ ਮਾਤ ਤੇਰੀ ਸੁਹਾਏ ਰੁਤ, ਬੇਮੁਖਾਂ ਵੱਢੇ

ਨੱਕ ਗੁੱਤ, ਰਾਜੇ ਰਾਣਿਆਂ ਰੰਕ ਰਾਜਾਨਾ ਕਰੇ ਖ਼ਬਰਦਾਰ । ਵੇਖ ਵਖਾਣੇ ਵਾਰ ਥਿਤ, ਗੁਰ ਗੋਬਿੰਦਾ ਸਾਚਾ ਮਿਤਾ, ਅੱਸੂ ਤਿੰਨ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾਏ, ਆਪ ਖੁਲ੍ਹਾਏ ਵਾਲੀ ਹਿੰਦ ਦਿੱਲੀ ਦਰਬਾਰ । ਵਾਲੀ ਹਿੰਦ ਪ੍ਰਭ ਚਰਨ ਛੁਹਾ ਕੇ । ਕਿਲ੍ਹੇ ਲਾਲ ਦਰ ਖੁਲ੍ਹਾ ਕੇ । ਆਪ ਵਸਾਏ ਸਾਚੇ ਘਰ, ਗੁਰ ਗੋਬਿੰਦ ਜੋ ਗਿਆ ਲਿਖਾ ਕੇ । ਬਹਾਦਰ ਸ਼ਾਹ ਦਿਤਾ ਵਰ, ਸ਼ਬਦ ਸ਼ਹੀਦੀ ਫ਼ੌਜ ਚੜ੍ਹਾ ਕੇ । ਅੰਤਮ ਕਲਜੁਗ ਕਰਨਾ ਸਰ, ਜੋਤ ਸਰੂਪੀ ਜਾਮਾ ਪਾ ਕੇ । ਚਾਰ ਵਰਨਾਂ ਖੁਲ੍ਹਾਉਣਾ ਏਕਾ ਘਰ, ਨਿਹਕਲੰਕੀ ਕਲ ਜਾਮਾ ਪਾ ਕੇ । ਨਾ ਜਨਮੇ ਨਾ ਜਾਏ ਮਰ, ਆਦਿ ਪੁਰਖ ਅਬਿਨਾਸ਼ੀ, ਘਟ ਘਟ ਵਾਸੀ, ਸੱਚਾ ਰਾਹ ਜਗਤ ਚਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋ ਮਿਹਰਬਾਨ ਵਾਲੀ ਹਿੰਦ ਸਦ ਬਖ਼ਸ਼ਿੰਦ ਸੋਇਆ ਆਪ ਜਗਾਵਣਾ । ਵਾਲੀ ਹਿੰਦ ਉਠ ਲਲਕਾਰ । ਪ੍ਰਭ ਅਬਿਨਾਸ਼ੀ ਜਾਮਾ ਧਾਰੇ, ਕਲਜੁਗ ਅੰਤਮ ਆਈ ਹਾਰੇ, ਨੌਂ ਖੰਡ ਪ੍ਰਿਥਮੀ ਪਾਵੇ ਸਾਰ । ਖੰਡਾ ਡੰਡਾ ਹੱਥ ਦੋ ਧਾਰ । ਤ੍ਰੈਲੋਕੀ ਨਾਥ ਸਗਲਾ ਸਾਥ, ਵੇਖ ਵਖਾਣੇ ਖੰਡ ਬ੍ਰਹਿਮੰਡ ਜੇਰਜ ਅੰਡ ਨਾ ਕੋਈ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿੱਲੀ ਕਿਲ੍ਹਾ ਲਾਲ, ਸ਼ਬਦ ਕਰੇ ਰਖਵਾਲ, ਜਗਤ ਚਲੇ ਅਵਲੜੀ ਚਾਲ, ਮਾਰੇ ਨਾਮ ਬਾਣ । ਕਿਲ੍ਹੇ ਲਾਲ ਰੰਗ ਲਾਗਾ ਲਾਲ । ਸ਼ਬਦ ਘੋੜੇ ਮਾਰੀ ਛਾਲ । ਵੇਖ ਵਖਾਣੇ ਨੂਰ ਅਲਾਹੀ ਸਚ ਜਮਾਲ । ਧੁਰਦਰਗਾਹੀ ਸਾਚਾ ਮਾਹੀ, ਗਊ ਗਰੀਬ ਨਿਮਾਣਿਆਂ ਕਰੇ ਪ੍ਰਿਤਪਾਲ । ਤਖ਼ਤੋਂ ਲਾਹੇ ਰਾਜੇ ਰਾਣਿਆਂ, ਵਡ ਬਲੀ ਬਲਵਾਨ । ਮਾਣ ਗਵਾਏ ਸੁਘੜ ਸਿਆਣਿਆਂ, ਮਾਰੇ ਸ਼ਬਦ ਬਾਣ । ਜੋਤੀ ਜੋਤ ਸਰੂਪ ਹਰਿ, ਸਚ ਧਰਮ ਜਗਤ ਕਰਮ ਝੁਲਾਏ ਇਕ ਨਿਸ਼ਾਨ । ਅੱਸੂ ਤਿੰਨ ਹਰਿ ਰਚਨ ਰਚਾਈ । ਵਕਤ ਲੰਘਾਇਆ ਗਿਣ ਗਿਣ, ਧਰਤ ਮਾਤ ਗੋਦ ਸੁਹਾਈ । ਖ਼ੁਸ਼ੀ ਵਖਾਣੇ ਭਿੰਨ ਭਿੰਨ, ਹੋਈ ਮਾਤ ਸਤਿ ਰੁਸ਼ਨਾਈ । ਸਤਿਜੁਗ ਤੇਰਾ ਸਾਚਾ ਚੰਨ, ਪਹਿਲੀ ਵਾਰ ਦਏ ਦਿਖਾਈ । ਵਾਲੀ ਹਿੰਦ ਸੁਣਨਾ ਕੰਨ, ਜਗੀ ਜੋਤ ਇਕ ਰਘੁਰਾਈ । ਗਊ ਗਰੀਬ ਨਿਮਾਣਿਆਂ ਨਾ ਦੇਣਾ ਡੰਨ, ਪੁਰਖ ਅਬਿਨਾਸ਼ੀ ਹੋਏ ਸਹਾਈ । ਭਾਂਡਾ ਭਰਮ ਕਲ ਦੇਣਾ ਭੰਨ, ਆਤਮ ਵੱਜੇ ਸਚ ਵਧਾਈ । ਜੂਠਾ ਝੂਠਾ ਜਗਤ ਜੰਨ, ਬੇਮੁਖ ਮੂੜ੍ਹ ਸੂਝ ਨਾ ਪਾਈ । ਤਨ ਮਨ ਹਰਿਆ ਹੋਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿੱਲੀ ਦਰ ਦਵਾਰ ਬੰਕਾ ਰਾਓ ਰੰਕਾ ਇਕ ਖੁਲ੍ਹਾਈ । ਅੱਸੂ ਚਾਰ ਚਾਰ ਜੁਗ ਜਾਤਾ । ਕਲਜੁਗ ਮਿਲਿਆ ਪੁਰਖ ਬਿਧਾਤਾ । ਮੇਟ ਮਿਟਾਏ, ਅੰਧ ਅੰਧੇਰੀ ਰਾਤਾ । ਫੜ ਫੜ ਬਾਹੋਂ ਰਾਹੇ ਪਾਏ, ਦੇਵੇ ਨਾਮ ਸਚ ਸੁਗਾਤਾ । ਗਊ ਗਰੀਬ ਨਿਮਾਣਿਆਂ ਫੜ ਗਲੇ ਲਗਾਵੇ, ਨਾ ਕੋਈ ਵੇਖੇ ਪਰਖੇ ਜਾਤਾ ਪਾਤਾ । ਸਦਾ ਬਹਾਵੇ ਠੰਡੀ ਛਾਂਵੇ, ਅੰਮ੍ਰਿਤ ਜਾਮ ਇਕ ਪਿਆਤਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਸਰਨ, ਏਕਾ ਬਖ਼ਸ਼ੇ ਚਰਨੀ ਨਾਤਾ । ਅੱਸੂ ਚਾਰ ਦਿਵਸ ਲਿਖਾਉਣਾ । ਪੰਡਤ ਨਹਿਰੂ ਆਪ ਜਗਾਉਣਾ । ਬਾਰਾਂ ਤੀਸ ਵਕਤ ਸਮਝਾਉਣਾ । ਹਰਿ ਜਗਦੀਸ਼ ਦਰਸ ਦਿਖਾਉਣਾ । ਮੋਰ ਮੁਕਟ ਮੁਕੰਦ ਮਨੋਹਰ ਲਖ਼ਮੀ ਨਰਾਇਣ, ਬਨ ਬਨਵਾਰੀ ਕ੍ਰਿਸ਼ਨ ਮੁਰਾਰੀ, ਮੋਹਣ ਮਾਧਵ ਕਵਲ ਨੈਣ ਮਧੁਰ ਬੈਣ, ਬਾਲੀ ਬਾਲਾ ਜੋਤ ਜਵਾਲਾ ਗੁਰ ਗੋਪਾਲਾ, ਪ੍ਰਗਟ ਹੋਏ ਦਰਸ ਦਿਖਾਉਣਾ । ਤਨ ਵਖਾਏ ਸੂਹਾ ਕਾਲਾ, ਕਲਜੁਗ ਅੰਤਮ ਟੁੱਟੇ ਡਾਲਾ, ਸਤਿਜੁਗ ਸਾਚਾ ਮਾਰੇ ਛਾਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਜਗਦੀਸ਼ । ਨਹਿਰੂ ਨਰਾਇਣ ਨਰ ਹਰਿ ਪੇਖ । ਰਸਨਾ


੫੮੨
੦੪

੫੮੩
੦੪

ਕਿਸੇ ਨਾ ਸਕੇ ਕਹਿਣ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼ । ਏਕਾ ਰੰਗ ਸੱਚਾ ਸੰਗ ਸੂਰਾ ਸਰਬੰਗ, ਸ਼ਬਦ ਘੋੜੇ ਕਸ ਤੰਗ, ਕਿਲ੍ਹੇ ਕੋਟ ਮਾਰ ਸ਼ਬਦ ਚੋਟ, ਕੱਢ ਕਾਇਆ ਖੋਟ, ਆਤਮ ਅੰਦਰ ਦਰ ਦਵਾਰੇ ਅੱਗੇ ਰਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਚਾਰ ਦਿਵਸ ਵਿਚਾਰ, ਦਰਸ ਦਿਖਾਇਆ ਅਸੈਂਬਲੀ ਹਾਲ, ਭਰਮ ਭੁਲੇਖਾ ਮਨ ਕਾ ਰਹਿਣਾ । ਭਵਨ ਭਵਰ ਫੂਲ, ਫੂਲਨ ਮਾਲ ਮਾਲਨ, ਜਗਤ ਦਲਾਲਣ ਭਗਤ ਰਖਵਾਲਣ, ਤਨ ਹਾਰ ਸ਼ਬਦ ਸ਼ਿੰਗਾਰ ਰੰਗ ਗੁਲਾਲਣ, ਤੇਜ ਭਾਨਣ ਅੰਮ੍ਰਿਤ ਇਸ਼ਨਾਨਣ, ਜੋਤ ਮਹਾਨਣ ਇਕ ਅਕਾਲਣ ਵਿਚ ਜਹਾਨਣ, ਰਾਜ ਰਾਜਾਨਣ ਸ਼ਾਹ ਸੁਲਤਾਨਣ, ਵਾਲੀ ਦੋ ਜਹਾਨਣ ਨਿਹਕਲੰਕ ਬਲੀ ਬਲਵਾਨਣ, ਸ਼ਬਦ ਬੰਕ ਦਵਾਰ ਇਕ ਸੁਹਾਨਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਸ਼ਟਰ ਪਿਤ ਕਰ ਸੱਚਾ ਹਿਤ, ਆਤਮ ਦੇਵੇ ਜੋਤੀ ਨੂਰ ਸੱਚਾ ਚਾਨਣ । ਰਾਸ਼ਟਰਪਤ ਜਗਤ ਭਤਾਰ । ਆਤਮ ਕਰਨੀ ਇਕ ਵਿਚਾਰ । ਚਾਰ ਕੁੰਟ ਉਡਦੀ ਦਿਸੇ ਛਾਰ । ਨਿਹਕਲੰਕ ਕਲ ਜਾਮਾ ਪਾਇਆ । ਧਰਤ ਮਾਤ ਸੁਣ ਪੁਕਾਰ । ਗਰੀਬ ਨਿਮਾਣੇ ਰਹੇ ਬਿਲਲਾਏ, ਕਰਨ ਹਾਏ ਹਾਏ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮਾਇਆਧਾਰੀ ਰਹੇ ਸਤਾਏ, ਰਾਜ ਦਰਬਾਰ ਨਾ ਕੋਈ ਸਹਾਏ, ਵੱਢੀ ਖੋਰ ਜਗਤ ਸਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਸ਼ਟਰ ਪਤ ਕਰ ਸਾਚਾ ਹਿੱਤ ਸ਼ਬਦ ਲਿਖਾਏ ਅਪਰ ਅਪਾਰ । ਰਾਸ਼ਟਰ ਪਤ ਪਤੀ ਪਤ ਪਾਵਨ । ਹਰਿ ਧਰਿਆ ਭੇਖ ਕਲਜੁਗ ਲੇਖ ਵੇਖ, ਜਿਉਂ ਬਲ ਬਾਵਨ । ਮਿਟਦੀ ਜਾਣੀ ਸ਼ਾਹ ਸੁਲਤਾਨਾ ਰੇਖ, ਕੋਈ ਨਾ ਦਿਸੇ ਮਾਤ ਜਾਮਨ । ਸਚ ਧਰਮ ਯਤ ਸਤਿ ਧੁਰਦਰਗਾਹੀ ਸਾਚੀ ਮੇਖ, ਆਪ ਲਗਾਏ ਦਇਆ ਕਮਾਏ ਰਾਮ ਰਮਈਆ ਰਾਮਾ ਰਾਮਨ । ਨਿਹਕਲੰਕ ਕਲ ਜਾਮਾ ਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਚਮਕੇ ਦਮਕੇ ਦਾਮਨੀ ਦਾਮਨ । ਜੋਤੀ ਨੂਰ ਜਗਤ ਉਜਿਆਰ । ਸਰਬ ਕਲਾ ਭਰਪੂਰ, ਨੂਰ ਨਿਰੰਜਣ ਇਕ ਅਕਾਰ । ਵਡ ਦਾਤਾ ਸੂਰਾ ਸੂਰਬੀਰ, ਸ਼ਬਦ ਸੱਚਾ ਜੈ ਜੈ ਜੈਕਾਰ । ਰਸਨ ਚਲਾਏ ਏਕਾ ਏਕ ਤੀਰ, ਚਾਰ ਕੁੰਟ ਏਕਾ ਵਾਰ । ਧਰਤ ਮਾਤ ਗਵਾਏ ਤੇਰਾ ਨੀਰ, ਚਰਨ ਦਬਾਏ ਪਹਿਲੀ ਵਾਰ । ਥਣੀਂ ਦੁੱਧ ਨਾ ਦਿਸੇ ਸੀਰ, ਜੋਤ ਖਿਚਾਏ ਹਰਿ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਸ਼ਬਦ ਸਰੂਪੀ ਡੰਕ ਵਜਾਇਆ, ਰਾਜੇ ਰਾਣਿਆਂ ਦਰ ਦਰਬਾਨਿਆਂ ਕਰੇ ਖ਼ਬਰਦਾਰ ।

### ❇ ੧੦ ਅੱਸੂ ੨੦੧੧ ਬਿਕ੍ਰਮੀ ਮੇਰਠ ਛਾਉਣੀ ਕੇਹਰ ਸਿੰਘ ਦੇ ਗ੍ਰਿਹਿ ਸਵਾਮੀ ਮਹਿਤਾ ਜੀ ਨੂੰ ਆਗਰਾ ❇

ਦਿਆਲ ਬਾਗ਼ ਗੁਰ ਜਾਣਾ ਜਾਗ । ਪ੍ਰਗਟ ਹੋਇਆ ਮਾਹੀ ਧੁਰ, ਜਿਸ ਹੱਥ ਪਕੜੀ ਤੇਰੀ ਵਾਗ । ਚਰਨ ਪ੍ਰੀਤੀ ਜਾਏ ਜੁੜ, ਸ਼ਬਦ ਸੁਣਾਏ ਇਕ ਰਾਗ । ਨਾਮ ਵਸਤ ਨਾ ਰਹੇ ਥੁੜ, ਤਨ ਬੁਝਾਏ ਤ੍ਰਿਸ਼ਨਾ ਆਗ । ਮਾਨਸ ਦੇਹੀ ਕਲਜੁਗ ਰਹੀ ਰੁੜ੍ਹ, ਨਾ ਕੋਈ ਧੋਏ ਪਾਪਾਂ ਦਾਗ਼ । ਨਿਹਕਲੰਕ ਕਲ ਜਾਮਾ ਪਾਇਆ, ਜਨ ਭਗਤਾਂ ਮਿਲਿਆ ਕੰਤ ਸੁਹਾਗ । ਦਿਆਲ ਬਾਗ਼ ਗੁਰ ਵੇਖ ਵਖਾਣ । ਆਤਮ ਮੂਲ ਸਚ ਪਛਾਣ । ਜੋਤੀ ਨੂਰ ਸ਼ਬਦ ਬਾਣ । ਪੁਰਖ ਅਬਿਨਾਸ਼ੀ ਆਸਾ ਮਨਸਾ ਪੂਰ, ਕਰ ਚਰਨ ਧਿਆਨ । ਸਦਾ ਸਦਾ ਸਦ ਹਾਜ਼ਰ ਹਜ਼ੂਰ, ਅੰਦਰ

੫੮੪ ੦੪

ਬਾਹਰ ਗੁਪਤ ਜ਼ਾਹਰ ਜੋਤੀ ਨੂਰ ਸਚ ਜਹਾਨ । ਨਿਹਕਲੰਕ ਕਲ ਜਾਮਾ ਪਾਇਆ, ਵਡ ਦਾਤਾ ਸੂਰ ਬਲੀ ਬਲਵਾਨ । ਦਿਆਲ ਬਾਗ ਗੁਰ ਗੁਰ ਸੁਰਤ ਸੰਭਾਲ । ਤਨ ਲੱਗੇ ਪੰਜੇ ਚੋਰ, ਅੱਠੇ ਪਹਿਰ ਕਰਨ ਕੰਗਾਲ । ਕੋਇ ਨਾ ਪਕੜੇ ਦੇਵਤ ਸੁਰ, ਨਾ ਸਕੇ ਕੋਈ ਸੁਰਤ ਸੰਭਾਲ । ਕਲਜੁਗ ਮਾਇਆ ਗਏ ਰੁੜ੍ਹ, ਕੋਈ ਨਾ ਝੱਲੇ ਜਗਤ ਝਾਲ । ਨਿਹਕਲੰਕ ਕਲ ਜਾਮਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਅਵਲੜੀ ਚਲੀ ਚਾਲ । ਦਿਆਲ ਬਾਗ਼ ਗੁਰ ਸ਼ਬਦ ਜਗਾਉਣਾ । ਅੰਦਰ ਬਾਹਰ ਗੁਪਤ ਜ਼ਾਹਰ ਸੰਗ ਸੁਹੇਲਾ, ਜੋਤੀ ਨੂਰ ਮੇਲ ਮਿਲਾਉਣਾ । ਆਪੇ ਗੁਰ ਆਪੇ ਚੇਲਾ, ਆਦਿ ਸ਼ਕਤੀ ਜਗਤ ਭਵਾਨੀ ਭਗਤ ਰਖਾਨੀ, ਦਸਮ ਦਵਾਰੀ ਜੋਤ ਜਗਾਉਣਾ । ਨਿਹਕਲੰਕ ਕਲ ਜਾਮਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਸ੍ਰਿਸ਼ਟ ਸਬਾਈ ਜਿਸ ਚੜ੍ਹਾਉਣਾ । ਦਿਆਲ ਬਾਗ਼ ਗੁਰ ਉਠ ਬਲ ਧਾਰ । ਪ੍ਰਭ ਅਬਿਨਾਸ਼ੀ ਚੜ੍ਹਿਆ ਸ਼ਬਦ ਘੋੜ, ਪੰਚਮ ਜੇਠਾ ਹੋ ਅਸਵਾਰ । ਚਾਰੋਂ ਕੁੰਟ ਰਿਹਾ ਦੌੜ, ਨੌਂ ਖੰਡ ਪ੍ਰਿਥਮੀ ਸਰਬ ਸੰਸਾਰ । ਸ਼ਬਦ ਘੋੜਾ ਮਾਰੇ ਪੌੜ, ਹੰਕਾਰੀ ਵਿਕਾਰੀ ਜੀਵ ਜੰਤ ਦੁਸ਼ਟ ਦੁਰਾਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਸ਼ਬਦ ਰਖਾਈ ਤਿੱਖੀ ਧਾਰ । ਦਿਆਲ ਬਾਗ਼ ਗੁਰ ਗੁਰ ਕੀਰਤ ਰਤ । ਹਰਿ ਦਰਸ਼ਨ ਕੋ ਲੋਚਣ ਸੁਰ, ਲੋਕਮਾਤ ਦਰ ਘਰ ਸਾਚੇ ਏਕਾ ਮਤ । ਪ੍ਰਗਟ ਹੋਏ ਘਨਕਪੁਰ, ਏਕਾ ਸ਼ਬਦ ਜਗਤ ਵਖਾਣੇ ਸਾਚਾ ਤੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ ਸਦ ਮਿਹਰਬਾਨ, ਦਰ ਦਵਾਰਾ ਹਰਿ ਭੰਡਾਰਾ ਜਗਤ ਵਰਤਾਰਾ, ਦੇਵੇ ਸਤਿ ਸੰਤੋਖ ਧੀਰਜ ਜਤ । ਸਤਿ ਹਰਿ ਵੰਡੇ । ਕਲਜੁਗ ਅੰਤਮ ਆਇਆ ਕੰਢੇ । ਗੁਰਮੁਖਾਂ ਲੋਕਮਾਤ ਮਾਰ ਝਾਤ, ਨਾ ਵੇਖੇ ਪਰਖੇ ਜਾਤ ਪਾਤ, ਤੁੱਟੀ ਗੰਢੇ । ਕਾਲ ਕੋਠੜੀ ਜਗਤ ਅੰਧੇਰੀ ਰੈਣ ਰਾਤ, ਕਲਜੁਗ ਅੰਧੇਰ ਵਿਚ ਵਰਭੰਡੇ । ਪੁਰਖ ਅਬਿਨਾਸ਼ੀ ਧੁਰਦਰਗਾਹੀ ਸਾਚਾ ਮਾਹੀ ਨਾਮ ਲਿਆਇਆ ਇਕ ਸੁਗਾਤ, ਭਗਤ ਜਨਾਂ ਦਰ ਸਾਚੇ ਵੰਡੇ । ਅੰਤਮ ਵੇਲੇ ਪੁੱਛੇ ਵਾਤ, ਸੋਹੰ ਦੇਵੇ ਸਾਚੀ ਦਾਤ, ਚਾਰ ਵਰਨ ਬਹਾਏ ਦਇਆ ਕਮਾਏ, ਗੁਰ ਗੋਬਿੰਦਾ ਵਾਲੀ ਹਿੰਦਾ ਏਕਾ ਝੰਡੇ ਸ਼ਬਦ ਡੰਡੇ ਆਤਮ ਚੰਡੇ । ਸ਼ਬਦ ਡੰਡਾ ਵਡ ਬਲਕਾਰੀ । ਵੇਖ ਵਖਾਣੇ ਵਾਰੋ ਵਾਰੀ । ਰਾਜੇ ਰਾਣੇ ਆਤਮ ਹੰਕਾਰੀ । ਬੇਮੁਹਾਣੇ ਜੀਵ ਸੰਸਾਰੀ । ਅੰਧੇ ਕਾਣੇ ਧੀਆਂ ਭੈਣਾਂ ਕਰਨ ਖੁਆਰੀ । ਮਦਿਰਾ ਮਾਸੀ ਪਾਪੀ ਗੰਦੇ, ਸ਼ਬਦ ਚਲਾਏ ਇਕ ਕਟਾਰੀ । ਧਰਮ ਰਾਏ ਦੀ ਪਾਏ ਬੰਦੀ, ਲੱਖ ਚੁਰਾਸੀ ਗੇੜ ਅਪਾਰੀ । ਗੁਰਮੁਖਾਂ ਢਾਹੇ ਆਤਮ ਕੰਧੀ, ਛੁਟੀ ਬੰਧੀ ਮਿਲੇ ਮੇਲ ਨਰ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਨ ਲੇਵੇ ਮਾਤ ਵਸਤ ਦਸਤ ਅਪਾਰੀ । ਦੋਏ ਜੋੜ ਗੁਰਸਿਖ ਅਰਦਾਸ । ਪੁਰਖ ਅਬਿਨਾਸ਼ੀ ਸਦਾ ਆਸ ਪਾਸ । ਘੱਟ ਘੱਟ ਵਾਸੀ, ਹਰਿ ਹਿਰਦੇ ਰੱਖੇ ਵਾਸ । ਹਰਿਜਨ ਸਾਚੇ ਸ਼ਾਹੋ ਸ਼ਾਬਾਸ਼ੀ, ਰਸਨਾ ਜਪੇ ਸਵਾਸ ਸਵਾਸ । ਆਪ ਮਿਟਾਏ ਚਿੰਤਾ ਸੋਗ ਰੋਗ ਉਦਾਸੀ, ਹਉਮੇ ਕਰੇ ਵਿਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਚ ਘਰ ਆਤਮ ਕਾਇਆ ਮੰਡਲ ਸਚ ਸਮਗਰੀ, ਜੋਤੀ ਨੂਰਾ ਪਾਏ ਸਾਚੀ ਰਾਸ । ਹਰਿ ਦਸ ਮਾਸ ਨੌਂ ਅਠਾਰਾਂ ਘੱਟ ਘੱਟ ਵਾਸ, ਆਤਮ ਸੁਖੀ ਮਾਇਆ ਕੁੱਖੀ, ਉਤਰੀ ਤ੍ਰਿਸ਼ਨਾ ਭੁੱਖੀ, ਸਚ ਸੁਗੰਧੀ ਸ਼ਬਦ ਸ਼ਬਦੀ ਏਕਾ ਨਾਮ ਸੁਖਣਾ ਸੁੱਖੀ, ਛੁਟਿਆ ਗੇੜਾ ਗਰਭਵਾਸ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਭਗਤ ਸੁਹੇਲਾ ਦੇਵੇ ਵਰ, ਆਦਿ ਅੰਤਾ ਸਾਚਾ ਕੰਤਾ ਪੂਰਨ

ਭਗਵੰਤਾ ਗੁਣੀ ਗੁਣਣੰਤਾ ਨਾ ਜਾਏ ਵਿਨਾਸ । ਧਾਮ ਅਵਲੜਾ ਥਾਂ ਸੁਹਾਏ । ਹਰਿ ਇਕੱਲੜਾ ਜੋਤ ਜਗਾਏ । ਦਰ ਦਵਾਰਾ ਜਿਸ ਜਨ ਮਲੜਾ, ਅੰਮ੍ਰਿਤ ਫਲ ਨਿਹਚਲ ਧਾਮ ਅਟੱਲ ਮਾਤ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੱਸੇ ਰਾਹ ਸੁਖਲੜਾ, ਅੰਤਮ ਵੇਲੇ ਫੜੇ ਪਲੜਾ, ਜੋਤੀ ਸਾਚਾ ਮੇਲ ਮਿਲਾਏ । ਮਿਲੇ ਮੇਲ ਜੋਤ ਭਗਵਾਨ । ਸੋਹੰ ਸ਼ਬਦ ਚੜ੍ਹਾਏ ਸਾਚਾ ਤੇਲ, ਅਚਰਜ ਖੇਲ ਸ਼ਬਦ ਗਾਨਾ ਹੱਥ ਬੰਧਾਨ । ਧਰਮ ਰਾਏ ਦੀ ਤੋੜੇ ਜੇਲ੍ਹ, ਆਪ ਬਚਾਏ ਗੁਰ ਗੋਬਿੰਦਾ ਸਾਚਾ ਚੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੇਵੇ ਸਾਚਾ ਵਰ, ਹਰਿ ਦਰ ਵਸੇ ਏਕਾ ਇਕ ਅਕੇਲ । ਥਾਨ ਸੁਭਾਗਾ, ਹਰਿ ਮਿਲਿਆ ਕੰਤ ਸੁਹਾਗਾ । ਹਰਿ ਸੁਣਿਆ ਰਾਗਾ । ਸੋਇਆ ਜੀਵ ਮਾਤ ਜਾਗਾ । ਜਨਮ ਜਨਮ ਦਾ ਧੋਇਆ ਦਾਗਾ । ਭਰਮ ਭਰਮ ਭਰਮ ਗਿਆ, ਧੁਨੀ ਧੁਨਵੰਤੇ ਸ਼ਬਦ ਸੁਣਾਇਆ ਸਾਚਾ ਰਾਗਾ । ਪ੍ਰਭ ਅਬਿਨਾਸ਼ੀ ਕੀਨੀ ਦਇਆ ਮਿਲੀ ਹਰਿ ਸਰਨਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚਾ ਨਾਮ ਦਾਨ ਜੋ ਜਨ ਚਰਨੀ ਲਾਗਾ । ਗੁਰ ਸੇਵਾ ਪੂਰਨ ਘਾਲ ਜਗਤ ਦਲਾਲਾ । ਹਰਿ ਰਖਵਾਲ ਕਰੇ ਪ੍ਰਿਤਪਾਲਾ । ਸੁਰਤ ਸੰਭਾਲ ਨਿਤ ਨਵਿਤ ਅਵਲੜੀ ਚਾਲਾ । ਜਗਤ ਬੰਧਾਇਆ ਮਾਇਆ ਜਾਲ, ਗੁਰਮੁਖ ਸਾਚੇ ਸੰਤ ਜਨਾਂ ਅੰਤਮ ਅੰਤ ਨਾ ਖਾਏ ਕਾਲਾ । ਪੁਰਖ ਅਬਿਨਾਸ਼ ਹੋਏ ਆਪ ਰਖਵਾਲਾ । ਹਰਿ ਭਗਤ ਹਰਿ ਦਰ ਸੁਹਾਏ । ਮਿਲੇ ਵਡਿਆਈ ਵਿਚ ਜਗਤ, ਪ੍ਰਭ ਅਬਿਨਾਸ਼ੀ ਸੇਵ ਕਮਾਏ । ਸਾਚੀ ਦੇਵੇ ਨਾਮ ਸ਼ਕਤ, ਬੂੰਦ ਰਕਤ ਲੇਖੇ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਮਾਨਸ ਦੇਹੀ ਸੁਫ਼ਲ ਕਰਾਏ । ਮਾਨਸ ਦੇਹੀ ਉਤਮ ਜਾਤ । ਮਿਲਿਆ ਹਰਿ ਸੱਚਾ ਸ਼ਬਦ ਸਨੇਹੀ, ਅੰਤਮ ਪੁੱਛੇ ਮਾਤ ਵਾਤ । ਗੁਰ ਪੀਰ ਔਲੀਏ ਕਿਸੇ ਨਾ ਰਹਿਣੀ ਮਾਨਸ ਦੇਹੀ, ਅੰਤਮ ਆਉਣੀ ਕਾਲੀ ਰਾਤ । ਗੁਰ ਪੂਰੇ ਚਰਨ ਪ੍ਰੀਤੀ ਸਾਚੀ ਬਹਿਣੀ, ਵੇਖ ਵਖਾਣੇ ਮਾਰ ਝਾਤ । ਗੁਰ ਨਾਨਕ ਗਿਆ ਜਿਉਂ ਵਿਚ ਤ੍ਰਬੈਣੀ, ਜਗਤ ਅੰਧੇਰਾ ਮਾਇਆ ਕਨਾਤ । ਇਕ ਪ੍ਰੀਤ ਸਚ ਰੀਤ ਜਗਤ ਮੀਤ ਨੇਂਹੀ, ਬੈਠਾ ਵੇਖੇ ਇਕ ਇਕਾਂਤ । ਅੰਮ੍ਰਿਤ ਬੂੰਦ ਨਾਨਕ ਹਰਿ ਚੋਏ । ਤਿੰਨਾਂ ਲੋਆਂ ਪੁਰੀਆਂ ਪਤਾਲਾਂ ਏਕਾ ਧਾਰ ਹਰਿ ਨਿਰੰਕਾਰ, ਦੂਜੀ ਦਿਸੇ ਨਾ ਕੋਇ ਸੋਏ । ਪ੍ਰਿਥਮੀ ਅਕਾਸ਼ ਘਟ ਘਟ ਵਾਸ, ਨਾ ਭਏ ਉਦਾਸ, ਮੰਡਪ ਮੰਡਲ ਸਾਚੀ ਰਾਸ ਵਿਚ ਪ੍ਰਭਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੁਰ ਗੁਰ ਨਾਨਕ ਦਿਤਾ ਸੱਚਾ ਵਰ, ਵਿਚ ਮਾਤ ਦਿੱਤੀ ਦਾਤ ਬੈਠ ਇਕਾਂਤ ਕਾਇਆ ਕੋਠੜੀ ਧਰਮਸਾਲ । ਸਚ ਦਰਬਾਰਾ ਹਰਿ ਮਾਤ ਲਗਾਇਆ । ਗੁਰਮੁਖ ਸਾਚਾ ਬਣ ਭਿਖਾਰੀ, ਕੋਇ ਨਾ ਮੰਗੇ ਧੁਰਦਰਗਾਹਿਆ । ਵੇਦ ਵਿਆਸ ਵਡਾ ਸ਼ਾਹ, ਵੇਖ ਅਵਲੜਾ ਰਾਹ ਮੰਗਣ ਆਇਆ । ਪ੍ਰਭ ਅਬਿਨਾਸ਼ੀ ਵੇਖ ਵਖਾਣੇ ਸੱਚਾ ਥਾਂ, ਜੋਤੀ ਜੋਤ ਸਰੂਪ ਹਰਿ, ਲੋਕਮਾਤੀ ਮਾਰ ਝਾਤੀ, ਪੁਰਖ ਬਿਧਾਤੀ ਜੋਤ ਜਗਾਇਆ । ਬੇਮੁਖ ਸੁੱਤੇ ਪੈਰ ਪਸਾਰ ਵਿਚ ਸੰਸਾਰ, ਗੁਰਮੁਖਾਂ ਲੇਖੇ ਲਾਈ ਰਾਤੀ । ਕਿਰਪਾ ਕਰੇ ਹਰਿ ਨਿਰੰਕਾਰ ਅੰਤਮ ਵੇਲੇ ਪੁੱਛੇ ਵਾਤੀ । ਅੰਤਮ ਜੋਤ ਜਗੇ ਬਾਤੀ । ਗੁਰਮੁਖ ਸਾਚੇ ਸੰਤ ਜਨਾਂ, ਖ਼ਾਲੀ ਹੱਥ ਹਰਿ ਸਮਰਥ, ਮੰਗਣ ਆਇਆ ਨਾਮ ਭਿਖਾਰ । ਗੁਰਮੁਖ ਸਾਚੇ ਸੰਤ ਜਨ, ਰਸਨਾ ਕਹਿਣ ਧੰਨ ਧੰਨ, ਜਿਸ ਜਨ ਆਤਮ ਜਾਏ ਮੰਨ, ਭਾਂਡਾ ਭਰਮ ਦਰ ਸਾਚੇ ਦਏ ਭੰਨ, ਗੁਣ ਅਵਗੁਣ ਰਸਨਾ ਰਸ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਮਹਾਨ, ਮੰਗਣ ਆਏ ਜੀਆ ਦਾਨ । ਗੁਰਮੁਖ ਸਾਚੇ ਸੰਤ ਜਨਾਂ, ਆਪਣੇ ਹੱਥ ਹਰਿ ਸਮਰਥ ਛਤਰ

੫੮੫
੦੪

੫੮੬
੦੪

ਸੀਸ ਚਵਰ ਝੁਲਾਰ । ਗੁਰ ਸੰਗਤ ਤੇਰੀ ਸਤਿ ਕਮਾਈ । ਪ੍ਰਭ ਅਬਿਨਾਸ਼ੀ ਜੋਤ ਧਰ, ਦਰ ਘਰ ਸਾਚੇ ਸੇਵਾ ਲਾਈ । ਪ੍ਰਗਟ ਹੋਏ ਦਰਦ ਦੁੱਖ ਭੰਜਨ, ਗੁਰਮੁਖਾਂ ਦੇਵੇ ਨਾਮ ਅੰਜਨ, ਕਲਜੁਗ ਮਾਇਆ ਝੂਠੀ ਛਾਇਆ, ਦੋਹੀਂ ਹੱਥੀਂ ਮੁਖ ਤੋਂ ਰਿਹਾ ਲਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਗੁਰਮੁਖਾਂ ਬਾਲ ਅੰਵਾਨਿਆਂ ਧੋਵਣ ਆਇਆ ਕਲਜੁਗ ਤੇਰੀ ਝੂਠੀ ਛਾਹੀ । ਕਲਜੁਗ ਦਾਗ਼ ਪ੍ਰਭ ਦੇਵੇ ਧੋ । ਦੁਰਮਤ ਮੈਲ ਗੁਰਮੁਖ ਤੇਰੇ ਤਨ ਨਾ ਜਾਏ ਛੋਹ । ਗੁਰਮਤ ਦੱਸੇ ਮਾਤ, ਜਗ ਖੇਲ ਕਰ ਛੱਬੀ ਪੋਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਵੱਜੇ ਡੰਕ, ਘਰ ਘਰ ਦਰ ਦਰ ਸੁਣਾਏ ਆਪਨੀ ਸੋ । ਸੋਇਆ ਜਾਗੇ ਜਗਤ ਗੁਰ ਦੀਨਾ । ਗੁਰਮੁਖ ਸਾਚਾ ਹਰਿ ਚਰਨੀ ਲਾਗੇ । ਮਨ ਤਨ ਕਾਇਆ ਮੰਦਰ ਸਾਚਾ ਅੰਦਰ । ਹੋਏ ਭਿੰਨ ਭਿੰਨ ਭਿੰਨ ਪੀਨਾ, ਤੁੱਟਾ ਜੋੜੇ ਸ਼ਬਦ ਡੋਰੀ ਬੰਨ੍ਹਿਆ, ਕਲਜੁਗ ਜੀਵ ਭੌਂਦੇ ਬੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਈ ਡੂੰਘੀ ਕੰਦਰ । ਵੇਸੀ ਵੇਸਾ ਨਰ ਨਰੇਸ਼ਾ । ਗੁਰਮੁਖ ਸਾਚੇ ਵਿਚ ਪ੍ਰਵੇਸ਼ਾ । ਕਿਸੇ ਹੱਥ ਨਾ ਆਏ ਬ੍ਰਹਮਾ ਵਿਸ਼ਨ ਮਹੇਸ਼ਾ । ਜਗਤ ਭੇਖ ਵਟਾਏ, ਟੇਕ ਏਕ ਰਖਾਏ, ਚਾਰ ਵਰਨ ਹਰਿ ਸਾਚੀ ਸਰਨ, ਖੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪਕੜੇ ਸੱਚਾ ਦਾਮਨ । ਹਰਿ ਸੰਗਤ ਹਰਿ ਹਰਿ ਰਸਨ ਧਿਆਇਆ । ਪੁਰਖ ਅਬਿਨਾਸ਼ੀ ਦਰ ਰਹਿਣਾ ਮੰਗਤ, ਫੂਲਨਹਾਰ ਤਨ ਸਿੰਗਾਰ ਆਪ ਕਰਾਇਆ । ਕਲਜੁਗ ਤੇਰੀ ਤਿੱਖੀ ਧਾਰ ਵਿਚ ਸੰਸਾਰ, ਲੱਖ ਚੁਰਾਸੀ ਗਈ ਹਾਰ । ਝੂਠੇ ਧੰਦੇ ਪਾਪੀ ਗੰਦੇ, ਮਾਨਸ ਜਨਮ ਗਵਾਇਆ । ਮੌਤ ਪੰਘੂੜਾ ਚੁਕਿਆ ਕੰਧੇ, ਘਰ ਘਰ ਖੋਲ੍ਹੇ ਕੁੰਡੇ ਤੋੜੇ ਜੰਦੇ, ਭਾਈ ਭੈਣ ਨਾ ਹੋਏ ਕੋਈ ਸਹਾਇਆ । ਰਸਨ ਨਾ ਗਾਇਆ ਬੱਤੀ ਦੰਦੇ, ਵੇਲੇ ਅੰਤ ਨਾ ਲਏ ਕੋਈ ਛੁਡਾਇਆ । ਬੇਮੁਖ ਜੀਵ ਮਦਿਰਾ ਮਾਸੀ ਆਤਮ ਗੰਦੇ, ਨਰ ਨਰਾਇਣਾ ਮਨੋਂ ਭੁਲਾਇਆ । ਕਾਇਆ ਤਾਣੀ ਕੱਚੀ ਤੰਦੇ, ਤੁੱਟੀ ਗੰਢ ਨਾ ਕਿਸੇ ਲਗਾਇਆ । ਧਰਮ ਰਾਏ ਲਾੜ੍ਹੀ ਮੌਤ ਫੰਦੀ ਫੰਦੇ, ਲੱਖ ਚੁਰਾਸੀ ਲਏ ਪ੍ਰਨਾਇਆ । ਗੁਰਮੁਖ ਸਾਚੇ ਸੰਤ ਜਨਾਂ, ਹਰਿ ਸਰਨਾਈ ਚਰਨ ਪ੍ਰੀਤੀ ਸਾਚੀ ਬੰਧੇ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਅੰਤਮ ਜੋਤੀ ਮੇਲ ਲਏ ਮਿਲਾਇਆ । ਗੁਰਮੁਖ ਗੁਰ ਗੁਰ ਗੁਰ ਨੇਤਰ ਵੇਖ, ਉਤਰੇ ਭੁੱਖ ਉਜਲ ਮੁਖ, ਨਿਜ ਘਰ ਆਤਮ ਸੁਖ, ਜਗਤ ਸੁਹੇਲਾ । ਨੇਤਰ ਪੇਖ ਗਰਭ ਵਾਸੀ ਨਾ ਹੋਏ ਉਲਟਾ ਰੁਖ, ਧਰਮ ਰਾਏ ਨਾ ਪਾਏ ਜੇਲ੍ਹਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਪਛਾਣ, ਆਦਿ ਅੰਤ ਜੁਗਾ ਜੁਗੰਤ, ਭਗਤ ਭਗਵੰਤ ਸਾਚੇ ਸੰਤ, ਮੀਤ ਮੁਰਾਰ ਨਰ ਨਿਰੰਕਾਰਾ ਦਰ ਭਿਖਾਰਾ, ਬਣਿਆ ਰਹੇ ਸੱਜਣ ਸੁਹੇਲਾ । ਗੁਰ ਸੰਗਤ ਪ੍ਰਭ ਦਰ ਆਵੇ । ਫੂਲਣ ਬਰਖਾ ਸੀਸ ਲਗਾਵੇ । ਰੋਗ ਸੋਗ ਜਗਤ ਚਿੰਤ ਮਿਟਾਵੇ । ਰਸਨਾ ਰਸ ਸੱਚਾ ਲੈਣਾ ਭੋਗ, ਹਰਿ ਹਰਿ ਗੁਣ ਸਾਚੇ ਗਾਵੇ । ਮਿਲੇ ਦਰਸ ਦਰ ਘਰ ਅਮੋਘ, ਦੋਏ ਜੋੜ ਚਰਨੀ ਸੀਸ ਝੁਕਾਵੇ । ਧੁਰ ਦਰਗਾਹੋਂ ਆਏ ਦੌੜ, ਦਰ ਦਰਬਾਨ ਹੋ ਮਿਹਰਬਾਨ ਸਾਚੀ ਜੋਤ ਜਗਾਵੇ । ਨਾ ਵੇਖ ਵਖਾਣੇ ਪੈਂਡਾ ਲੰਬਾ ਚੌੜ, ਛਿੰਨ ਭੰਗਰ ਅੰਦਰੇ ਅੰਦਰ ਜੋਤੀ ਜੋਤ ਡਗਮਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੀ ਦਏ ਵਧਾਈ, ਰੈਣ ਸਬਾਈ ਰਸਨ ਰਸ ਗਾਈ, ਆਤਮ ਤ੍ਰਿਸ਼ਨਾ ਹਰਸ ਮਿਟਾਈ, ਫੂਲਨਹਾਰ ਤਨ ਸ਼ਿੰਗਾਰ ਕਰਮ ਵਿਚਾਰ ਪ੍ਰਭ ਝੋਲੀ ਪਾਈ । ਕਰਮ ਧਰਮ ਹੋਏ ਉਜਿਆਰ, ਮਿਲਿਆ ਮੇਲ ਵਿਚ ਸੰਸਾਰ । ਮਿਟੇ ਚੁਰਾਸੀ ਭਰਮ, ਪ੍ਰਭ ਚਰਨ ਦਵਾਰ । ਦੂਈ ਦਵੈਤੀ ਮਿਟੇ ਵਰਮ, ਅੰਮ੍ਰਿਤ

੫੯੭
੦੪

ਪੀਏ ਠੰਡੀ ਧਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਬਾਲ ਅੰਞਾਣਿਆਂ, ਕਰੇ ਹਿਤ ਨਿਤ ਚਿਤ ਆਤਮ ਘਰ ਸਚ ਪਿਆਰ । ਆਤਮ ਘਰ ਕਰ ਪਿਆਰਾ । ਖੁਲ੍ਹਾ ਦਰ ਨਰ ਨਿਰੰਕਾਰਾ । ਤੀਰਥ ਵਖਾਣੇ ਗੁਰਮੁਖ ਜਾਣੇ, ਅੰਮ੍ਰਿਤ ਸਾਚਾ ਸਰ ਨੈਣ ਮੁਧਾਰਾ । ਮਧੁਰ ਰਸ ਪੀਵਣ ਤ੍ਰਿਖਾ ਬੁਝਾਵਣ, ਕਰ ਦਰਸ ਕੰਤ ਮੀਤ ਮੁਰਾਰਾ । ਨੇੜ ਨਾ ਆਏ ਕਾਮਨੀ ਕਾਮਨ, ਮਿਲੇ ਮੇਲ ਹਰਿ ਸਾਚੇ ਜਾਮਨ, ਧੁਰਦਰਗਾਹੀ ਆਪ ਕਰਾਏ ਪਾਰ ਕਿਨਾਰਾ । ਅੰਤਮ ਵੇਲੇ ਪਕੜੇ ਬਾਹੀਂ, ਧਰਮ ਰਾਏ ਦੀ ਤੋੜੇ ਫਾਹੀ, ਪਵਣ ਜੋਤੀ ਸ਼ਬਦ ਗੋਤੀ, ਗੁਰਮੁਖ ਬਣਾਏ ਮਾਣਕ ਮੋਤੀ, ਤਨ ਪਹਿਨਾਏ ਆਪ ਸੱਚਾ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਨਿਧ ਕਰ ਕਾਰਜ ਸਿਧ, ਮੇਲ ਮਿਲਾਏ ਸ਼ਬਦ ਦਿਆਲਾ ਰੱਖੇ ਬੁੱਧ, ਤੁੱਟੇ ਮਾਣ ਹੰਕਾਰ । ਦਰ ਦਵਾਰ ਜਾਏ ਤੁਠ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਵਾਸ ਸਵਾਸੀ ਜਪ ਜਪ ਜਪਣਾ, ਲੱਖ ਚੁਰਾਸੀ ਜਾਏ ਛੁੱਟ । ਮਾਨਸ ਦੇਹੀ ਰਾਸੀ, ਸਾਚੀ ਜੋਤ ਆਤਮ ਪ੍ਰਕਾਸ਼ੀ, ਮਿਲੇ ਭੰਡਾਰਾ ਅਤੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਨਿਧਾਨ ਸ਼ਬਦ ਖੰਡਾ ਹੱਥ ਫੜੇ, ਪੰਜਾਂ ਚੋਰਾਂ ਬਾਹਰ ਕੱਢੇ ਮਾਰ ਕੁੱਟ । ਸ਼ਬਦ ਖੰਡਾ ਲੈਣਾ ਫੜ । ਗੁਰਸਿਖ ਕਾਇਆ ਮੰਦਰ ਅੰਦਰ ਵੜ, ਕਾਇਆ ਕੋਟ ਕੱਢੇ ਖੋਟ, ਤੋੜ ਜਿੰਦਾ ਜਾਣਾ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਦਵਾਰੇ ਬੈਠਾ, ਆਪ ਫੜਾਏ ਆਪਣਾ ਲੜ । ਸਤਿ ਪੁਰਖ ਨਿਰੰਜਣ ਧੰਨ, ਜੋਤੀ ਜੋਤ ਜਗਾਈਆ । ਸਤਿ ਪੁਰਖ ਨਿਰੰਜਣ ਧੰਨ, ਸ਼ਬਦ ਧਾਰ ਜਿਸ ਉਪਜਾਈਆ । ਸਤਿ ਪੁਰਖ ਨਿਰੰਜਣ ਧੰਨ, ਸਵਾਸ ਸਵਾਸ ਰਸਨ ਜਿਸ ਚਲਾਈਆ । ਸਤਿ ਪੁਰਖ ਨਿਰੰਜਣ ਧੰਨ, ਮਾਤ ਪਤਾਲ ਅਕਾਸ਼ ਏਕਾ ਰਾਸ ਵਧਾਈਆ । ਸਤਿ ਪੁਰਖ ਨਿਰੰਜਣ ਧੰਨ, ਨਿਜ ਘਰ ਆਤਮ ਡੇਰਾ ਲਾਈਆ । ਸਤਿ ਪੁਰਖ ਨਿਰੰਜਣ ਧੰਨ, ਲੋਕਮਾਤ ਵੇਖ ਪ੍ਰਭਾਸ, ਅਚਰਜ ਖੇਲ ਰਚਾਈਆ । ਸਤਿ ਪੁਰਖ ਨਿਰੰਜਣ ਧੰਨ, ਪ੍ਰਗਟ ਜੋਤ ਘਨਕਪੁਰੀ, ਕਾਇਆ ਝੂਠੀ ਦੇਹ ਤਜਾਈਆ । ਸਤਿ ਪੁਰਖ ਨਿਰੰਜਣ ਧੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਣਤ ਆਪਣੇ ਹੱਥ ਰਖਾਈਆ । ਸਤਿ ਪੁਰਖ ਨਿਰੰਜਣ ਧੰਨ, ਰਚਨ ਰਚਾਇਆ । ਸਤਿ ਪੁਰਖ ਨਿਰੰਜਣ ਧੰਨ, ਸੋਹੰ ਸ਼ਬਦ ਸਾਚਾ ਬਚਨ ਮਾਤਲੋਕ ਆਪ ਉਪਜਾਇਆ ਸਤਿ ਪੁਰਖ ਨਿਰੰਜਣ ਧੰਨ, ਗੁਰਮੁਖ ਕਾਇਆ ਕੰਚਨ, ਸ਼ਬਦ ਸੁਹਾਗਾ ਉਪਰ ਲਾਇਆ । ਸਤਿ ਪੁਰਖ ਨਿਰੰਜਣ ਧੰਨ, ਜਨ ਭਗਤਾਂ ਦੇਵੇ ਆਤਮ ਦਾਨ, ਸਾਚਾ ਰਾਗ ਕੰਨ ਸੁਣਾਇਆ । ਸਤਿ ਪੁਰਖ ਨਿਰੰਜਣ ਧੰਨ, ਆਪੇ ਧੋਏ ਦੁਰਮਤ ਮੈਲ ਦਾਗ, ਕਾਇਆ ਨਿਰਮਲ ਕਰਾਇਆ । ਸਤਿ ਪੁਰਖ ਨਿਰੰਜਣ ਧੰਨ, ਹੱਥ ਆਪਣੇ ਪਕੜੇ ਵਾਗ, ਭਵ ਜਲ ਬੇੜਾ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੰਤ ਸੁਹਾਗਾ ਵਿਰਲੇ ਗੁਰਮੁਖ ਮਾਤ ਪਾਇਆ । ਸਤਿ ਪੁਰਖ ਨਿਰੰਜਣ ਧੰਨ, ਜੋਤ ਬਨਵਾਰੀਆ । ਸਤਿ ਪੁਰਖ ਨਿਰੰਜਣ ਧੰਨ, ਏਕਾ ਏਕੰਕਾਰੀਆ । ਸਤਿ ਪੁਰਖ ਨਿਰੰਜਣ ਧੰਨ, ਜੋਤ ਸਰੂਪ ਅਗੰਮ ਅਨਮੋਲ ਅਮੁੱਲੜਾ ਕਰੇ ਸਚ ਵਿਹਾਰਿਆ । ਸ਼ਬਦ ਤੋਲ ਤੋਲੇ ਗੁਰਮੁਖ ਪੂਰੇ ਤੋਲ ਤੁਲੜਾ, ਲੱਖ ਚੁਰਾਸੀ ਪਾਸਾ ਹਾਰਿਆ । ਸਤਿ ਪੁਰਖ ਨਿਰੰਜਣ ਧੰਨ, ਹਰਿ ਜਨ ਸਾਚੇ ਸੰਤ ਲੋਕਮਾਤ ਪਾਏ ਸਾਚਾ ਮੁੱਲੜਾ, ਵੇਖੇ ਵਿਗਸੇ ਕਰੇ ਵਿਚਾਰਿਆ । ਹਰਿ ਪੁਰਖ ਨਿਰੰਜਣ ਧੰਨ, ਭਾਗ ਲਗਾਏ ਆਪਣੀ ਕੁਲੜਾ, ਜਗੇ ਜੋਤ ਅਗੰਮ ਅਪਾਰਿਆ । ਹਰਿ ਪੁਰਖ ਨਿਰੰਜਣ ਧੰਨ, ਸਦ ਦਵਾਰਾ ਰੱਖੇ ਖੁਲ੍ਹੜਾ, ਸੱਚਾ ਕਰੇ ਵਣਜ ਵਪਾਰਿਆ । ਹਰਿ ਪੁਰਖ ਨਿਰੰਜਣ ਧੰਨ, ਲੋਕਮਾਤ ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਸੋਹੰ ਦੇਵੇ ਸ਼ਬਦ ਨਾਮ ਸਹਾਰਿਆ ।

੫੯੭
੦੪

ਹਰਿ ਪੁਰਖ ਨਿਰੰਜਣ ਧੰਨ, ਬੇਮੁਖਾਂ ਦੇਵੇ ਡੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਭੇਖ ਧਰ, ਕਰੇ ਖੇਲ ਮਾਤ ਅਪਾਰਿਆ । ਹਰਿ ਪੁਰਖ ਨਿਰੰਜਣ ਧੰਨ, ਧੰਨ ਧੰਨਵੰਤ ਹੈ । ਹਰਿ ਪੁਰਖ ਨਿਰੰਜਣ ਧੰਨ, ਗੁਰਮੁਖ ਜਗਾਏ ਦਇਆ ਕਮਾਏ, ਬੇਮੁਖ ਆਤਮ ਅੰਨ੍ਹ, ਹੋਏ ਰੈਣ ਅੰਧੇਰੀ ਅੰਧ ਅੰਧਿਆਰਿਆ । ਗੁਰਸਿਖ ਉਪਜਾਏ ਮਾਤ ਸਾਚੇ ਚੰਨ, ਜੋਤੀ ਨੂਰ ਕਰ ਉਜਿਆਰ ਕਿਰਪਾ ਧਾਰ ਵਿਚ ਸੰਸਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਪਰ ਅਪਾਰਿਆ । ਹਰਿ ਪੁਰਖ ਨਿਰੰਜਣ ਧੰਨ, ਜਗਤ ਪ੍ਰਵੇਸ਼ ਹੈ । ਸਤਿ ਪੁਰਖ ਨਿਰੰਜਣ ਧੰਨ, ਗੁਰਮੁਖ ਸਾਚੇ ਸਦਾ ਸਦਾ ਕਰ ਅਦੇਸ ਹੈ । ਸਤਿ ਪੁਰਖ ਨਿਰੰਜਣ ਧੰਨ, ਸਾਚਾ ਸ਼ਬਦ ਸੁਣਨਾ ਕੰਨ, ਧਰੇ ਜੋਤ ਮਾਝੇ ਦੇਸ ਹੈ । ਸਤਿ ਪੁਰਖ ਨਿਰੰਜਣ ਧੰਨ, ਗੁਰਮੁਖਾਂ ਦੇਵੇ ਬੇੜਾ ਬੰਨ੍ਹ, ਧੁਰਦਰਗਾਹੀ ਸੱਚਾ ਨਰ ਨਰੇਸ਼ ਹੈ । ਸਤਿ ਪੁਰਖ ਨਿਰਜਣ ਧੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੁਲ੍ਹੜੇ ਰੱਖੇ ਮਾਤ ਕੇਸ ਹੈ । ਸਤਿ ਪੁਰਖ ਨਿਰੰਜਣ ਧੰਨ, ਦਰ ਦਰਬਾਰ ਹੈ । ਸਤਿ ਪੁਰਖ ਨਿਰੰਜਣ ਧੰਨ, ਹਰਿ ਵਡਾ ਸੁਲਤਾਨ ਸ਼ਾਹੋ ਅਸਵਾਰ ਹੈ । ਸਤਿ ਪੁਰਖ ਨਿਰੰਜਣ ਧੰਨ, ਗੁਰਮੁਖ ਵਸੇ ਸਾਚੇ ਤਨ, ਕਾਇਆ ਮੰਦਰ ਚਾਰ ਦਵਾਰ ਹੈ । ਸਤਿ ਪੁਰਖ ਨਿਰੰਜਣ ਧੰਨ, ਪੰਚਾਂ ਕਰੇ ਖੰਨ ਖੰਨ, ਮਾਰੇ ਖੰਡਾ ਸ਼ਬਦ ਦੋ ਧਾਰ । ਸਤਿ ਪੁਰਖ ਨਿਰੰਜਣ ਧੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕੰਕਾਰ ਹੈ । ਸਤਿ ਪੁਰਖ ਨਿਰੰਜਣ ਧੰਨ, ਜਗਤ ਗਿਆਨਿਆ । ਸਤਿ ਪੁਰਖ ਨਿਰੰਜਣ ਧੰਨ, ਗੁਰਮੁਖ ਸਾਚੇ ਸੰਤ ਜਨਾਂ, ਚਰਨ ਕਵਲ ਕਵਲ ਚਰਨ ਦੇਵੇ ਚਰਨ ਧਿਆਨਿਆ । ਸਤਿ ਪੁਰਖ ਨਿਰਜਣ ਧੰਨ, ਉਪਰ ਧਵਲ ਗੁਰਮੁਖ ਉਪਜਾਏ ਫੁੱਲ ਕਵਲ, ਮਾਤ ਲਗਾਏ ਸਾਚਾ ਨਿਸ਼ਾਨਿਆ । ਸ੍ਰਿਸ਼ਟ ਸਬਾਈ ਰਿਹਾ ਮਵਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਮਾਤ ਪਛਾਨਿਆ । ਸਤਿ ਪੁਰਖ ਨਿਰੰਜਣ ਧੰਨ, ਜੋਤ ਜਗਾਇੰਦਾ । ਸਤਿ ਪੁਰਖ ਨਿਰੰਜਣ ਧੰਨ, ਵਰਨ ਗੋਤ ਮਿਟਾਇੰਦਾ । ਸਤਿ ਪੁਰਖ ਨਿਰੰਜਣ ਧੰਨ, ਕਿਵਾੜ ਦਸਵਾਂ ਸੋਤ ਖੁਲ੍ਹਾਇੰਦਾ । ਸਤਿ ਪੁਰਖ ਨਿਰੰਜਣ ਧੰਨ, ਵੇਖ ਵਖਾਣੇ ਬਹੱਤਰ ਨਾੜ, ਜੋਤੀ ਨੂਰ ਉਪਜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਰਮਤ ਮੈਲ ਅਠ ਸਠ ਰਹੀ ਫੈਲ, ਗੁਰਸਿਖ ਆਤਮ ਦੇਵੇ ਝਾੜ, ਸੋਹੰ ਸ਼ਿੰਗਾਰ ਤਨ ਪਹਿਨਾਇੰਦਾ । ਭਿੰਨੀ ਰੈਣੜੀਏ ਕਲ ਰੰਗ ਗੁਲਾਲ । ਭਿੰਨੀ ਰੈਣੜੀਏ ਉਠ ਜਾਗ ਵਡ ਵਡਭਾਗ, ਸੁਣ ਸੱਚਾ ਰਾਗ ਧੋ ਕਾਇਆ ਦਾਗ਼, ਪ੍ਰਭ ਦੇਵੇ ਸ਼ਬਦ ਦਲਾਲ । ਭਿੰਨੀ ਰੈਣੜੀਏ ਗੁਰਮੁਖ ਸਾਚੇ ਸੰਤ ਜਨਾਂ ਬੁਝਾ ਤ੍ਰਿਸ਼ਨਾ ਆਗ, ਹਰਿ ਸਰਨ ਸਰਨਾਈ ਜਾਇਣ ਲਾਗ, ਅੰਤਮ ਅੰਤ ਨਾ ਖਾਏ ਕਾਲ । ਭਿੰਨੀ ਰੈਣੜੀਏ ਮਿਲੇ ਮੇਲ ਕੰਤ ਸੁਹਾਗ, ਸ਼ਬਦ ਸੁਣਾਏ ਸੱਚਾ ਰਾਗ, ਸਦਾ ਸਹਾਈ ਹੋਏ ਰਖਵਾਲ । ਭਿੰਨੀ ਰੈਣੜੀਏ ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਸੰਤਾਂ ਦੇਵੇ ਸਾਚਾ ਫਲ, ਲਗਾਏ ਕਾਇਆ ਡਾਲ । ਭਿੰਨੀ ਰੈਣੜੀਏ ਧੰਨ ਧੰਨ ਸੁਰੈਣੀ । ਭਿੰਨੀ ਰੈਣੜੀਏ ਗੁਰਸਿਖ ਗੁਰਮੁਖ ਪਿਆਰਿਆਂ ਆਤਮ ਗਿਆ ਮੰਨ, ਪ੍ਰਭ ਅਬਿਨਾਸ਼ੀ ਵੇਖਣ ਨੈਣੀ । ਭਿੰਨੀ ਰੈਣੜੀਏ ਸ਼ਬਦ ਸ਼ਿੰਗਾਰਾ ਤੇਰੇ ਤਨ ਸਾਚੀ ਸੇਜਾ, ਧਰਤ ਮਾਤ ਗੁਰ ਸੰਗਤ ਮਿਲ ਬਹਿਣੀ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਸਾਚੇ ਮੇਲੇ, ਬਣੇ ਬਣਾਏ ਸਾਕ ਸੱਜਣ ਸੈਣੀ । ਭਿੰਨੀ ਰੈਣੜੀਏ ਰੁੱਤ ਮਾਤ ਸੁਹਾਈ । ਭਿੰਨੀ ਰੈਣੜੀਏ ਪੁਰਖ ਅਬਿਨਾਸ਼ੀ ਪਾਰਬ੍ਰਹਮ ਅਚੁੱਤ, ਜੋਤੀ ਜੋਤ ਜਗਾਈ । ਭਿੰਨੀ ਰੈਣੜੀਏ ਗੁਰਮੁਖ ਸਾਚੇ

੫੮੮
੦੪

ਸੰਤ ਜਨ ਹਰਿ ਦਰ ਸਾਚੇ ਸੁਤ, ਲਏ ਗੋਦ ਉਠਾਈ । ਭਿੰਨੀ ਰੈਨੜੀਏ ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਲੇਖ ਰਿਹਾ ਲਿਖਾਈ । ਭਿੰਨੀ ਰੈਨੜੀਏ ਸਾਚੇ ਲੈਣੇ ਪ੍ਰਭ ਦਰ ਲੈਣੇ, ਕਲਜੁਗ ਜੀਵ ਅੰਤਮ ਕਲ ਝੂਠੇ ਵਹਿਣ ਮਾਤ ਵਹਿਣੇ । ਪ੍ਰਭ ਭਾਣਾ ਨਾ ਜਾਏ ਟਲ, ਜਗਤ ਭੁਲਾਏ ਕਰ ਕਰ ਵਲ ਛਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਤਰਾਏ ਦਇਆ ਕਮਾਏ, ਆਪ ਚੁਕਾਏ ਲਹਿਣੇ ਦੇਣੇ । ਲਹਿਣਾ ਦੇਣਾ ਹਰਿ ਚੁਕਾਉਣਾ । ਧਰਤ ਮਾਤ ਤੇਰਾ ਸਾਚਾ ਪੂਤ, ਗੁਰਮੁਖ ਸੋਇਆ ਆਪ ਜਗਾਉਣਾ । ਤਾਣਾ ਪੇਟਾ ਵੇਖੇ ਸੂਤ, ਰੰਗ ਮਜੀਠੀ ਇਕ ਚੜ੍ਹਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਸ਼ਬਦ ਦਮਾਮਾ ਜਗਤ ਵਜਾਉਣਾ । ਜੋਤੀ ਜਾਮਾ ਨਰ ਨਿਰੰਕਾਰ । ਪੂਰਨ ਕਾਮਾ ਕਰੇ ਵਿਚ ਸੰਸਾਰ । ਭੇਖਾਧਾਰੀ ਬਨ ਬਨਵਾਰੀ ਕ੍ਰਿਸ਼ਨ ਮੁਰਾਰੀ ਰਮਈਆ ਰਾਮ । ਹਰਿ ਉਜਿਆਰ ਕਾਇਆ ਮਾਟੀ, ਝੂਠਾ ਚੰਮ ਹੋਏ ਛਾਰ । ਏਕਾ ਟੇਕ ਹਰਿ ਹਰਿ ਨਾਮ ਨਾਮਾ, ਦੋ ਜਹਾਨੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਦਿ ਅੰਤ ਨਾ ਜਾਏ ਮਰ, ਆਵੇ ਜਾਵੇ ਵਾਰੋ ਵਾਰ । ਆਵਣ ਜਾਵਣ ਖੇਲ ਰਚਾਇਆ । ਪਤਿਤ ਪਾਵਨ ਕਿਸੇ ਭੇਦ ਨਾ ਪਾਇਆ , ਅੰਮ੍ਰਿਤ ਸਾਵਣ ਬਰਖੇ ਮੇਘ, ਨਿਝਰ ਝਿਰਨਾ ਦਏ ਝਿਰਾਇਆ । ਨੇੜ ਨਾ ਆਏ ਕਾਮਨੀ ਕਾਮਨ, ਪੰਜਾਂ ਸ਼ਬਦ ਡੋਰ ਬੰਨਾਇਆ । ਧੁਰਦਰਗਾਹੀ ਸਾਚੀ ਮੁਨ ਸੁੰਨ, ਕਰ ਪ੍ਰਕਾਸ਼ ਅੰਧਘੋਰ ਮਿਟਾਇਆ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਮਨ, ਸ਼ਬਦ ਘੋੜਾ ਇਕ ਰਖਾਇਆ । ਭੇਖ ਧਾਰੇ ਜਿਉਂ ਦਵਾਰੇ ਬਲ ਬਾਵਨ, ਬੇਮੁਖ ਜੀਵਾਂ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਕਲ ਅਵਤਾਰ ਨਰ, ਸ਼ਬਦ ਅਸਵਾਰ ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਵੰਡ ਕਰਾਇਆ । ਨੌਂ ਖੰਡ ਪ੍ਰਿਥਮੀ ਪਾਏ ਵੰਡ । ਸੱਤਾਂ ਦੀਪਾਂ ਦਿਸੇ ਕੰਡ । ਸ਼ਬਦ ਉਠਾਏ ਚੰਡ ਪ੍ਰਚੰਡ । ਲੱਖ ਚੁਰਾਸੀ ਹਾਏ ਹਾਏ, ਦਰ ਦਰ ਘਰ ਘਰ ਪਏ ਡੰਡ । ਵੇਲੇ ਅੰਤ ਨਾ ਕੋਇ ਛੁਡਾਏ, ਬੇਮੁਖਾਂ ਆਤਮ ਹੋਈ ਰੰਡ । ਨਿਹਕਲੰਕ ਜਾਮਾ ਪਾਏ, ਸ਼ਬਦ ਸਰੂਪੀ ਡੰਕ ਵਜਾਏ, ਚਾਰ ਕੁੰਟਾਂ ਰਿਹਾ ਸੁਣਾਏ, ਕੋਈ ਨਾ ਦਿਸੇ ਜੇਰਜ ਅੰਡ । ਹਰਿ ਵਡਾ ਸ਼ਾਹੋ ਭੂਪੀ, ਨਾ ਕੋਈ ਰੰਗ ਨਾ ਕੋਈ ਰੂਪੀ, ਸ਼ਬਦ ਛਤਰ ਜਗਤ ਝੁਲਾਵਣਾ । ਸ੍ਰਿਸ਼ਟ ਸਬਾਈ ਅੰਧ ਕੂਪੀ, ਏਕਾ ਜੋਤ ਸਤਿ ਸਰੂਪੀ, ਰਾਜੇ ਰਾਣੇ ਕਿਸੇ ਹੱਥ ਨਾ ਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਤ ਹਰਿ ਜੋਤ ਧਰ, ਰਾਣਾ ਸੰਗਰੂਰ ਦਰ ਦਰਸ ਹਜ਼ੂਰ ਬਾਹੋਂ ਪਕੜ ਮਾਤ ਉਠਾਵਣਾ । ਰਾਣੇ ਸੰਗਰੂਰ ਹਰਿ ਦਰਸ ਦਿਖਾਏ । ਜੋਤ ਸਰੂਪੀ ਨਜ਼ਰੀ ਆਏ । ਕੌਸਤਕ ਮਣੀਆਂ ਮਸਤਕ ਟੀਕਾ, ਚਾਰੋਂ ਦਿਸ਼ਾ ਇਕ ਦਿਸਾਏ । ਭੇਖਾਧਾਰੀ ਵਡ ਧਨ ਧਨੀਆ, ਤੇਰੀ ਨਈਆ ਇਕ ਚਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਸਤੂਆਣੇ ਚਰਨ ਧਰ, ਸਚ ਸੁਹਾਵਾ ਥਾਨ, ਵਾਲੀ ਦੋ ਜਹਾਨ ਵਿਚ ਮਾਤ ਉਪਜਾਏ । ਮਸਤੂਆਣੇ ਚਰਨ ਛੁਹਾਉਣਾ । ਰਾਜਾ ਰਾਣਾ ਹਰਿ ਚਰਨ ਲਗਾਉਣਾ । ਚਾਰ ਵਰਨਾਂ ਇਕ ਟਿਕਾਣਾ, ਮਿਲੇ ਮੇਲ ਹਰਿ ਭਗਵਾਨਾ, ਅੰਮ੍ਰਿਤ ਜਾਮ ਇਕ ਪਿਆਉਣਾ । ਕਲਜੁਗ ਮਿਟੇ ਅੰਧੇਰੀ ਰੈਣੀ, ਸਤਿਜੁਗ ਸਾਚਾ ਚੰਦ ਚੜ੍ਹਾਉਣਾ । ਅੰਮ੍ਰਿਤ ਆਤਮ ਪਿਆਏ ਜਾਮ, ਹੰਕਾਰ ਵਿਕਾਰ ਦੂਰ ਕਰਾਉਣਾ । ਚਾਰ ਵਰਨਾਂ ਜਪਾਏ ਏਕਾ ਨਾਮ, ਊਚ ਨੀਚ ਜਾਤ ਪਾਤ ਭਰਮ ਭੁਲੇਖਾ ਦੂਰ ਕਰਾਉਣਾ । ਮੇਟ ਮਿਟਾਏ ਔਲੀਏ ਪੀਰ ਦਸਤਗੀਰ,

ਜੋਤੀ ਜੋਤ ਸਰੂਪ ਹਰਿ, ਏਕਾ ਡੰਕ ਚਾਰ ਕੁੰਟ ਵਜਾਉਣਾ । ਮੁਲਾਂ ਸ਼ੇਖ਼ ਮਿਟੇ ਕਾਜੀ । ਕੋਈ ਨਾ ਦਿਸੇ ਮੱਕੇ ਹਾਜ਼ੀ । ਛਤਰ ਝੁੱਲੇ ਨਾ ਕਿਸੇ ਤਾਜੀ । ਸ਼ਬਦ ਅੰਧੇਰੀ ਏਕਾ ਝੁੱਲੇ, ਮੇਟ ਮਿਟਾਏ ਪਾਪੀ ਗ਼ਾਜ਼ੀ । ਕਿਸੇ ਸਿਰ ਨਾ ਦਿਸੇ ਕੁੱਲੇ, ਸਚ ਸਾਜਨਾ ਪ੍ਰਭ ਸਾਚੇ ਸਾਜੀ । ਹਰਿਜਨ ਜਨ ਹਰਿ ਦੇਵੇ ਨਾਮ ਇਕ ਅਨਮੁੱਲੇ, ਅੰਤਮ ਵੇਲੇ ਰੱਖੇ ਲਾਜੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਜਿਨ੍ਹ ਜਨ ਹਰਿ ਸਾਚੀ ਸਾਜਨਾ ਸਾਜੀ ।

### ❇ ੧੦ ਅੱਸੂ ੨੦੧੧ ਬਿਕ੍ਰਮੀ ਮੇਰਠ ਛਾਉਣੀ ਕੇਹਰ ਸਿੰਘ ਦੇ ਗ੍ਰਿਹਿ ❇

ਜਗਤ ਸਾਜਨ ਸਾਜ ਸਾਜੇ । ਪੁਰਖ ਅਬਿਨਾਸ਼ੀ ਰਾਜ ਰਾਜਾਨ, ਜੁਗਾ ਜੁਗੰਤਰ ਸਵਾਰੇ ਕਾਜੇ । ਸ਼ਾਹ ਸ਼ਹਾਨਾ ਤਾਜ ਤਾਜਨ, ਸ਼ਬਦ ਮਾਰੇ ਸਚ ਅਵਾਜੇ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਪ੍ਰਗਟ ਹੋਏ ਜੋਤ ਬਲੋਏ ਸੰਬਲ ਦੇਸਾ, ਦੇਸ ਮਾਝੇ । ਰਾਜਨ ਰਾਜ ਰਾਜ ਦਵਾਰਾ । ਕੂੜ ਕੁਟੰਬ ਸਰਬ ਸੰਸਾਰਾ । ਚਾਰ ਕੁੰਟ ਧਰਤ ਮਾਤ ਰਹੀ ਕੰਬ, ਕਲਜੁਗ ਪਾਪ ਫਲ ਲੱਗਾ ਭਾਰਾ । ਪੁਰਖ ਅਬਿਨਾਸ਼ੀ ਛੇਤੀ ਝੰਬ, ਸੋਹੰ ਡੰਡਾ ਫੜ ਅਪਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਲੋਕਮਾਤ ਜੋਤ ਧਰ, ਲਏ ਮਾਤ ਅਵਤਾਰਾ । ਰਾਜ ਰਾਜਾਨ ਬੰਕ ਦਵਾਰੇ । ਆਨ ਸ਼ਾਨ ਦਰਬਾਨ ਮੁਸਾਹਬ ਚੋਬਦਾਰੇ । ਮਾਣ ਤਾਣ ਵਿਚ ਜਹਾਨ, ਗੁਣ ਅਵਗੁਣ ਨਾ ਕੋਈ ਵਿਚਾਰੇ । ਧਰਤ ਮਾਤ ਆਈ ਹਾਨ, ਕਲ ਪਛਾਣ ਕਲਜੁਗ ਭੁੱਲੇ ਜੀਵ ਨਿਧਾਨ, ਪੁਰਖ ਅਬਿਨਾਸ਼ੀ ਪਾਈ ਸਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਜਾਮਾ ਧਾਰੇ । ਰਾਜ ਰਾਜਾਨ ਤਖ਼ਤ ਤੀਰ । ਸ਼ਾਹ ਸੁਲਤਾਨ ਵਡ ਫ਼ਕੀਰ । ਹਰਿ ਮਿਹਰਬਾਨ ਅੰਤਮ ਲਾਹੇ ਕਲਜੁਗ ਚੀਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖਾਂ ਦੇਵੇ ਅੰਮ੍ਰਿਤ ਸੀਰ । ਧਰਤ ਮਾਤ ਮਿਟੇ ਝੂਠੀ ਰੀਤ, ਵੇਖ ਮਾਰ ਝਾਤ, ਅੰਮ੍ਰਿਤ ਦੇਵੇ ਹਰਿ ਬੂੰਦ ਸਵਾਂਤ । ਬੈਠਾ ਵੇਖੇ ਦਿਸੇ ਇਕ ਇਕਾਂਤ । ਲੋਕਮਾਤ ਹਰਿ ਜੋਤ ਧਰ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਧਰਤ ਮਾਤ ਧਵਲ, ਇਕ ਬਣਾਏ ਸਾਚਾ ਨਾਤ । ਧਰਤ ਮਾਤ ਹਰਿ ਹਰਿ ਧਿਆਨ । ਚਰਨ ਧੂੜ ਮਾਤ ਬਖ਼ਸ਼ੇ ਉਤਮ ਰੀਤੀ ਮਜਨ ਇਸ਼ਨਾਨ । ਲੱਖ ਚੁਰਾਸੀ ਪਰਖੇ ਨੀਤੀ । ਫੜੇ ਸ਼ਬਦ ਤੀਰ ਕਮਾਨ । ਹਰਿਜਨ ਤਨ ਹਰਿ ਕਾਇਆ ਰੱਖੇ ਠੰਡੀ ਸੀਤੀ, ਤਨ ਮੰਦਰ ਜੋਤ ਦੀਪ ਮਹਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਬਖ਼ਸ਼ੇ ਇਕ ਧਿਆਨ । ਚਰਨ ਕਵਲ ਜਨ ਜਾਏ ਲਾਗ । ਪ੍ਰਭ ਅਬਿਨਾਸ਼ੀ ਆਪ ਬੁਝਾਏ ਤ੍ਰਿਸ਼ਨਾ ਆਗ । ਘਨਕਪੁਰ ਵਾਸੀ ਬੇਮੁਖਾਂ ਪਾਏ ਜਮ ਕੀ ਫਾਸੀ, ਵੇਲੇ ਅੰਤਮ ਜਾਏ ਜਾਗ । ਚਰਨ ਛੁਹਾਏ ਪਕੜ ਉਠਾਏ ਪੰਡਤ ਕਾਂਸ਼ੀ, ਵੇਖ ਵਖਾਣੇ ਰਾਜ ਪਰਾਗ* । ਗਊ ਗਰੀਬ ਨਿਮਾਣਿਆਂ ਇਕ ਰਖਾਏ ਚਰਨ ਧਿਆਨੇ, ਵਾਸੀ ਅਯੁਧਿਆ ਲਾਏ ਭਾਗ । ਨਿਹਕਲੰਕ ਕਲ ਜਾਮਾ ਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਜਨ ਜਨ ਹਰਿ ਗੰਗਾ ਜਾਏ ਜਗਾਏ, ਮੇਲ ਮਿਲਾਏ ਕੰਤ ਸੁਹਾਗ । ਕਾਂਸ਼ੀ ਅਯੁਧਿਆ ਜਾਏ ਪਰਾਗ । ਪੰਡਤ ਪਾਂਧਿਆਂ ਧੋਏ ਦਾਗ । ਆਤਮ ਅੰਧਿਆਂ ਥੱਕੇ ਮਾਂਦਿਆਂ, ਵੇਦ ਪੁਰਾਨਾਂ

ਗਾਂਦਿਆਂ, ਸ਼ਬਦ ਲਾਏ ਏਕਾ ਜਾਗ । ਤੀਰਥ ਤਟਾਂ ਨਹਾਂਦਿਆਂ । ਘਟ ਘਟ ਘਟਾਂ ਵਿਸਮਾਂਦਿਆਂ, ਸਚ ਬਾਨ ਸੁਹਾਂਦਿਆਂ, ਸਚ ਸਰੋਵਰ ਇਸ਼ਨਾਨ ਕਰਾਂਦਿਆਂ, ਹੰਸ ਬਣਾਏ ਕਾਗ । ਗੌੜ ਬ੍ਰਹਿਮਣ ਵੇਖ ਵਖਾਂਦਿਆਂ, ਧੁਰਦਰਗਾਹੀ ਸੱਚਾ ਜਾਮਨ । ਦੇ ਮਤ ਸਮਝਾਏ ਪੰਡਤ ਕਾਸ਼ੀ ਪਾਂਧਿਆਂ, ਸ਼ਬਦ ਵਜਾਏ ਸਾਚਾ ਨਾਦ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਧਰਤ ਮਾਤ ਤੇਰੀ ਰੱਖੇ ਲਾਜ ਜੁਗਾਦਿ ਆਦਿ । ਜਮਨ ਕਿਨਾਰਾ ਵੇਖੇ ਗੰਗ । ਸ਼ਬਦ ਸਹਾਰਾ ਪੁਰਖ ਅਪਾਰਾ, ਇਕ ਚੜ੍ਹਾਏ ਸਾਚਾ ਰੰਗ । ਸ਼ਬਦ ਧਾਰਾ ਆਰ ਪਾਰਾ, ਭਗਤ ਸੁਹੇਲਾ ਸੱਚਾ ਸੰਗ । ਕਲਜੁਗ ਤੇਰੀ ਅੰਤਮ ਵਾਰ, ਰਵੀਦਾਸ ਚੁਮਾਰਾ ਮੀਤ ਮੁਰਾਰਾ । ਬਨ ਬਨਾਰਸ ਹੋਏ ਸਹਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰਾ । ਗੋਦਾਵਰੀ ਗੋਦ ਹਰਿ ਸੁਹਾਈ । ਪੁਰਖ ਅਬਿਨਾਸ਼ੀ ਜੋਧਨ ਜੋਧ, ਮਤ ਇਕੱਲੜੀ ਜਗਤ ਅਵੱਲੜੀ, ਆਪਣੇ ਹੱਥ ਰਖਾਈ । ਲੱਖ ਚੁਰਾਸੀ ਬੇਮੁਖ ਜੀਵਾਂ ਲਾਹੇ ਖਲੜੀ, ਅਚਰਜ ਬਣਤ ਰਿਹਾ ਬਣਾਈ । ਕਿਸੇ ਹੱਥ ਨਾ ਰਹੀ ਦਮੜੀ, ਚਾਰ ਕੁੰਟ ਪਏ ਦੁਹਾਈ । ਗੁਰ ਗੋਬਿੰਦ ਲਿਖਾਈ ਏਕਾ ਮਾਤ ਧਰਤ ਸੱਚੀ ਅੰਮੜੀ, ਨਾ ਕੋਈ ਮਾਤ ਪਿਤ ਭੈਣ ਭਾਈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਅਚਰਜ ਖੇਲ ਕਰੇ ਜੋਤ ਮਾਤ ਧਰੇ ਜੀਵ ਜਹਾਨਾ ਹਰਿ ਭਗਵਾਨਾ, ਨਾ ਕੋਈ ਜਾਣੇ ਰਾਹੀ । ਗੋਦਾਵਰੀ ਗੋਦ ਸੁਹਾਗਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਸੋਇਆ ਜਾਗਾ । ਤੀਰਥ ਤਟਾਂ ਲਾਹੇ ਉਦਾਸੀ, ਬੇਮੁਖਾਂ ਅੰਤਮ ਲਾਏ ਫਾਸੀ, ਇਕ ਸੁਣਾਏ ਸੱਚਾ ਰਾਗਾ । ਅੰਮ੍ਰਿਤ ਸਰ ਸਰੋਵਰ ਸਚ ਨੀਰ
੫੯੧ ੦੪
ਜਲ ਵਗੇ ਥਲ ਅੱਜ ਕੱਲ ਮਾਤ ਬਣਾਏ ਸਾਚੀ ਰਾਸਾ । ਕਲਜੁਗ ਅੰਤਮ ਗਿਆ ਟਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਭਗਤ ਸੁਹੇਲ ਪ੍ਰਿਥਮੀ ਅਕਾਸ਼ਾ । ਜਗਤ ਵਧਾਈ ਭਗਤ ਵਡਿਆਈ, ਰਸਨਾ ਜੈ ਜੈ ਜੈਕਾਰ । ਪੁਰਖ ਅਬਿਨਾਸ਼ੀ ਜੋਤ ਜਗਾਈ, ਕਾਇਆ ਮਾਟੀ ਦੇਹ ਤਜਾਈ, ਸੰਤ ਮਨੀ ਸਿੰਘ ਲਿਖਿਆ ਲੇਖ ਅਪਰ ਅਪਾਰ । ਸੁਹੰਜਣੀ ਰੈਣ ਲੋਕਮਾਤ ਆਈ । ਗੀਤ ਗੋਬਿੰਦੇ ਹਰਿਜਨ ਹਰਿ ਜਸ ਰਸਨਾ ਗਾਈ । ਧਰਤ ਮਾਤ ਤਨ ਸ਼ਿੰਗਾਰ, ਸੁਰਪਤ ਰਾਜੇ ਇੰਦੇ ਅੰਮ੍ਰਿਤ ਮੇਘ ਬਰਸਾਈ । ਪਾਰਜਾਤੀ ਫੂਲਨਹਾਰ, ਕਰੋੜ ਤੇਤੀਸ ਰਿਹਾ ਗੁਦਾਂਈ । ਤਨ ਪਹਿਨਾਏ ਨਰ ਨਰਾਇਣ ਕਲਕੀ ਅਵਤਾਰ, ਬ੍ਰਹਮਾ ਮੁਖ ਰਿਹਾ ਉਠਾਈ । ਚਾਰੋਂ ਕੁੰਟ ਵੇਖ ਵਖਾਣੇ ਕਿਹੜੀ ਕੂਟੇ ਹੋਏ ਰੁਸ਼ਨਾਈ । ਸ਼ਬਦ ਪੰਘੂੜਾ ਤ੍ਰੈਲੋਕ ਰਿਹਾ ਝੂਟ, ਗੁਰਮੁਖ ਵਿਰਲਾ ਪਾਏ ਸਾਰ । ਸ਼ੰਕਰ ਸਰਨ ਰਖਾਏ । ਦਿਵਸ ਰੈਣ ਉਠ ਉਠ ਵੇਖੇ ਨੇਤਰ, ਪ੍ਰਭ ਅਬਿਨਾਸ਼ੀ ਕਿਹੜੀ ਥਾਂਏ । ਜੋਤੀ ਧਾਰੇ ਅਵਲੜਾ ਭੇਸ, ਦਿਸ ਕਿਸੇ ਨਾ ਆਏ । ਸੰਤ ਮਨੀ ਸਿੰਘ ਲਿਖਿਆ ਲੇਖ, ਲਿਖੀ ਲਿਖਤ ਨਾ ਕੋਇ ਮਿਟਾਏ । ਪ੍ਰਭ ਅਬਿਨਾਸ਼ੀ ਵਾਕ ਭਵਿਖਤ, ਨਿਹਕਲੰਕੀ ਜੋਤ ਜਗਾਏ । ਵੇਖ ਵਖਾਣੇ ਸਿੱਖੀ ਸਿਖਤ, ਹਰਿ ਗੋਬਿੰਦੇ ਹਰਿ ਹਰਿ ਰਾਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅੰਤਮ ਕਲ ਜਾਮਾ ਪਾਏ । ਜਿਸ ਜਨ ਕਾਇਆ ਅੰਦਰ ਜੋਤ ਅਧਾਰੀ । ਵਿਚ ਸੰਸਾਰ ਪਾਵੇ ਸਾਰੀ । ਸ਼ਬਦ ਉਡਾਰੀ ਪਵਣ ਅਸਵਾਰੀ । ਵਸੇ ਬਾਹਰ ਸਚ ਦਵਾਰੀ । ਵਿਚ ਸੰਸਾਰ ਕਰੇ ਖੇਲ ਅਪਰ ਅਪਾਰੀ । ਕਲਜੁਗ ਵਹਿੰਦੀ ਤਿੱਖੀ ਧਾਰ, ਮਿਟਦੀ ਜਾਏ ਚਾਰ ਯਾਰੀ । ਚਾਰ ਕੁੰਟੀ ਉਡੇ ਛਾਰ, ਪੰਡਤ ਪਾਂਧਿਆਂ ਆਈ ਹਾਰ । ਕਾਸ਼ੀ ਅਯੁਧਿਆ ਪਰਾਗ ਰਾਜ, ਗ੍ਰੰਥੀ

ਪੰਖੀ ਹੋਏ ਪਾਜੀ । ਛੁਟੜ ਨਾਰ ਨਾ ਮਿਲਿਆ ਕੰਤ ਸੁਹਾਗ, ਸ਼ੇਖ਼ ਮੁੱਲਾ ਵਡ ਵਡ ਗਾਜ਼ੀ । ਕਾਇਆ ਲੱਗੇ ਵਡ ਵਡ ਪਾਪ, ਪੁਰਖ ਅਬਿਨਾਸ਼ੀ ਚੜ੍ਹਿਆ ਚਿੱਟੇ ਤਾਜੀ । ਸ਼ਬਦ ਰਖਾਏ ਸਾਚੀ ਅਵਾਜ, ਲੋਕਮਾਤ ਸੱਚਾ ਹਾਜੀ । ਪੰਚਮ ਜੇਠ ਚਰਨ ਧਰੇ ਰਕਾਬਾ । ਕਾਇਆ ਕਾਅਬਾ ਜਲ ਦੁਆਬਾ । ਵੇਖ ਵਖਾਣੇ ਸਚ ਜਨਾਬਾ । ਅੰਮ੍ਰਿਤ ਲਿਆਏ ਹਯਾਤੇ ਆਬਾ । ਵਿਚ ਲਗਾਏ ਕਵਲ ਨਾਭਾ । ਸ਼ਬਦ ਚਲਾਏ ਅਜ਼ਾਬ ਅਜ਼ਾਬਾ । ਧਰਤ ਮਾਤ ਸਾਚੀ ਦਾਤ, ਗੁਰ ਚਰਨ ਪ੍ਰੀਤੀ ਸਚ ਸਵਾਬਾ । ਲੱਖ ਚੁਰਾਸੀ ਅੰਤਮ ਲਾਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਮਨੀ ਸਿੰਘ ਦਿਤਾ ਵਰ, ਅੰਤਮ ਕਲ ਚਾਰ ਵਰਨ ਬੁਝਾਏ ਤ੍ਰਿਸ਼ਨਾ ਆਗਾ । ਜੋਤ ਨਿਰੰਜਣ ਮਾਤ ਜਗਾਈ । ਪੁਰੀ ਬ੍ਰਹਮ ਮਿਲੀ ਵਧਾਈ । ਸਚ ਧਰਮ ਪ੍ਰਭ ਨੀਂਹ ਰਖਾਈ । ਚਾਰੇ ਮੁਖੜੇ ਉਤਰੇ ਦੁਖੜੇ, ਵੇਦ ਪੁਰਾਨਾਂ ਹੋਏ ਸਹਾਈ । ਹਰਿ ਭਗਤ ਸੁਹੇਲੇ ਅੰਤਮ ਭੁਖੜੇ, ਦੇਵੇ ਨਾਮ ਦਾਤ ਵਸਤ ਸਵਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਈ । ਸ਼ਿਵ ਸ਼ੰਕਰ ਖ਼ੁਸ਼ੀ ਮਨਾਈ । ਪਾਰਬਤੀ ਸੰਗ ਰਲਾਈ, ਸਚ ਸੁਰਸਤੀ ਫੂਲਨ ਬਰਖਾ ਲੋਕ ਬ੍ਰਹਮੇ ਲਾਈ । ਇੰਦਰ ਇੰਦਰਾਸਣ ਸਿੰਘ ਸਿੰਘਾਸਣ, ਆਸਨ ਬਾਸਨ ਪੁਰਖ ਅਬਿਨਾਸ਼ਨ, ਸਵਾਸ ਸਵਾਸ ਕਰੋੜ ਤੇਤੀਸ ਗਾਈ । ਜੋਤ ਹੁਲਾਰਾ ਮਾਤ ਪਤਾਲ ਅਕਾਸ਼ਨ, ਸ਼ਬਦ ਅਸਵਾਰਾ ਘਟ ਘਟ ਵਾਸਨ, ਜੈ ਜੈਕਾਰ ਤਿੰਨਾਂ ਲੋਆਂ ਗਣ ਗੰਧਰਬ ਰਸਨਾ ਗਾਈ । ਪੰਚਮ ਬੈਠਾ ਸ਼ਬਦ ਅਸਵਾਰਾ ਪਵਣ ਉਡਾਰਾਂ ਸੱਤਾਂ ਦੀਪਾਂ ਵਸੇ ਬਾਹਰ, ਜੋਤੀ ਨੂਰਾ ਕਰ ਉਜਿਆਰਾ । ਲੋਕਮਾਤ ਹੋਏ ਸਹਾਈ, ਕਲਜੁਗ ਤੇਰਾ ਅੰਤ ਕਿਨਾਰਾ । ਸੰਤ ਮਨੀ ਸਿੰਘ ਤੇਰਾ ਬਣਿਆ ਸੱਚਾ ਲੇਖ ਲਿਖਾਰਾ । ਜਨ ਭਗਤਾਂ ਹੋਏ ਆਪ ਸਹਾਈ, ਆਦਿ ਪੁਰਖ ਅਪਰੰਪਰ ਸਵਾਮੀ ਜੀਆਂ ਜੰਤਾਂ ਪੁਰਖ ਬਿਧਾਤਾ । ਸਾਧਾਂ ਸੰਤਾਂ ਨਾਮ ਗਿਆਤਾ । ਦੀਨ ਦੁਨੀਆਂ ਹਰਿ ਹਰਿ ਬੰਨ੍ਹਿਆ ਗੁਰਮੁਖ ਸਮਾਏ ਜਿਉਂ ਜਲ ਮੀਨਾ । ਵੇਖ ਵਖਾਣੇ ਰੂਸਾ ਚੀਨਾ । ਆਪੇ ਜਾਣੇ ਮੱਕਾ ਮਦੀਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਖ਼ੁਦਾਈ ਨੂਰ ਅਲਾਹੀ ਆਪ ਵਖਾਣੇ ਜਾਣੇ ਮੁਹੰਮਦੀ ਦੀਨਾ । ਜੈ ਜੈਕਾਰ ਹੋਏ ਤ੍ਰੈਲੋਏ । ਮਾਤਲੋਕੀ ਹਾਹਾਕਾਰ ਸੁਣੇ ਪੁਕਾਰ ਨਾ ਕੋਇ । ਪੁਰਖ ਅਬਿਨਾਸ਼ੀ ਜਾਮਾ ਧਾਰ, ਜੋਤੀ ਨੂਰ ਹੋਏ । ਧਰਤ ਮਾਤ ਤੇਰੇ ਕਾਜ ਸਵਾਰ, ਦਰ ਦਵਾਰੇ ਆਣ ਖਲੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਮਨੀ ਸਿੰਘ ਦਿੱਤਾ ਵਰ, ਏਕਾ ਏਕ ਜਗਤ ਟੇਕ, ਵਰਨ ਗੋਤ ਰਹੇ ਨਾ ਕੋਇ । ਸੰਤ ਮਨੀ ਸਿੰਘ ਕਲਮ ਚਲਾਈ । ਏਕਾ ਰੱਖੀ ਨਰ ਹਰਿ ਹਰਿ ਨਰ ਸੱਚੀ ਸਰਨਾਈ । ਪੁਰਖ ਅਬਿਨਾਸ਼ੀ ਕਿਰਪਾ ਕਰ, ਆਤਮ ਜੋਤੀ ਸਚ ਜਗਾਈ । ਸ਼ਬਦ ਨਾਮ ਸੱਚਾ ਵਰ, ਦਰ ਘਰ ਸਾਚੇ ਗਿਆ ਪਾਈ । ਜਗਤ ਅੰਦੇਸਾ ਚੁਕਿਆ ਡਰ, ਲੇਖਾ ਲਿਖੇ ਹਰਿ ਰਘੁਰਾਈ । ਡੇਰਾ ਲਾਇਆ ਸੁਖ ਸਹਿਜ ਸਮਾਇਆ, ਅਨੰਦਪੁਰ ਭਾਣੇ ਸਾਚੇ ਰਿਹਾ ਸਮਾਈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਚਰਨ ਛੁਹਾਵਣਾ ਭਾਗ ਲਗਾਵਣਾ ਸਭਨੀਂ ਥਾਈਂ । ਸੰਤ ਮਨੀ ਸਿੰਘ ਕਲਮ ਚਲਾਉਂਦਾ । ਰਾਜੇ ਰਾਣੇ ਦੇ ਮਤ ਸਮਝਾਉਂਦਾ । ਗਊ ਗਰੀਬ ਨਿਮਾਣੇ ਗਲੇ ਲਗਾਣੇ, ਨਿਹਕਲੰਕੀ ਡੰਕ ਵਜਾਉਂਦਾ । ਅੰਤ ਹੋਏ ਬੇਮੁਹਾਣੇ, ਤਖ਼ਤ ਤਾਜ ਨਾ ਰਹੇ, ਸ਼ਬਦ ਲੇਖ ਲਿਖਤ ਭੇਜ ਸਾਚਾ ਹੁਕਮ ਸੁਣਾਉਂਦਾ । ਆਤਮ ਅੰਧੇ ਜੂਠੇ ਝੂਠੇ ਅੰਨ੍ਹੇ ਕਾਣੇ, ਚਰਨ ਧਿਆਨ ਨਾ ਕੋਈ ਲਗਾਉਂਦਾ । ਸੰਤ

ਮਨੀ ਸਿੰਘ ਲੇਖ ਲਿਖਾਉਂਦਾ । ਹੁਕਮ ਚਲਾਏ ਭਰਮ ਭੁਲਾਨੇ, ਪ੍ਰਭ ਅਬਿਨਾਸ਼ੀ ਕੰਤ ਧਿਆਉਂਦਾ । ਨਿਹਕਲੰਕੀ ਪਹਿਰੇ ਬਾਣੇ, ਤਖ਼ਤੋਂ ਲਾਹੇ ਰਾਜੇ ਰਾਣੇ, ਜਗੇ ਜੋਤ ਇਕ ਭਗਵਾਨੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਾਨ ਥਨੰਤਰ ਆਦਿ ਅੰਤਰ ਜੁਗਾ ਜੁਗੰਤਰ ਬਣਾਏ ਬਣਤਰ, ਜਿਸ ਧਾਮ ਚਰਨ ਛੁਹਾਉਂਦਾ । ਸੰਤ ਮਨੀ ਸਿੰਘ ਲਿਖਤ ਲਿਖਾਈ, । ਪੁਰੀ ਅਨੰਦ ਮਿਲੇ ਵਡਿਆਈ । ਘਨਕ ਪੁਰ ਵਾਸੀ ਸਾਚੀ ਜੋਤ ਦਏ ਜਗਾਈ । ਪ੍ਰਗਟ ਹੋਏ ਸ਼ਾਹੋ ਸ਼ਾਬਾਸ਼ੀ, ਚਰਨ ਕਵਲ ਦਏ ਛੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਜਾਏ ਹਰ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਬਖ਼ਸ਼ੀ ਚਰਨ ਸਰਨ ਸਰਨਾਈ । ਪੁਰੀ ਅਨੰਦ ਹਰਿ ਚਰਨ ਟਿਕਾਉਣਾ । ਲਿਖਿਆ ਲੇਖ ਪੂਰ ਕਰਾਉਣਾ । ਰਾਜ ਪਰਾਗ ਵੇਖ ਵਖਾਉਣਾ । ਪੰਡਤ ਕਾਂਸ਼ੀ ਆਪ ਉਠਾਉਣਾ । ਅਯੁਧਿਆ ਭਾਗ ਹਰਿ ਜੀ ਲਾਉਣਾ । ਵੇਦ ਪੁਰਾਨਾਂ ਪਕੜੇ ਵਾਗ, ਸ਼ਬਦ ਹੁਲਾਰਾ ਏਕਾ ਲਾਉਣਾ । ਆਪੇ ਧੋਵੇ ਬੇਮੁਖਾਂ ਦਾਗ਼, ਬਾਤੀ ਦੀਪਕ ਇਕ ਜਗਾਉਣਾ । ਮਿਲਨਾ ਮੇਲ ਸਹਿਜ ਸੁਖ ਭਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜਲ ਥਲ ਵੇਖ ਵਖਾਉਣਾ । ਭਾਰਤ ਖੰਡ ਵੇਖ ਵਖਾਣ । ਪ੍ਰਭ ਅਬਿਨਾਸ਼ੀ ਜਾਣੀ ਜਾਣ । ਨੌਵਾਂ ਖੰਡਾਂ ਕਰੇ ਧਿਆਨ । ਦਰ ਦਰ ਬੈਠਾ ਪਾਏ ਵੰਡਾਂ, ਨਾ ਕੋਈ ਜਾਣੇ ਚਤੁਰ ਸੁਜਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਦੇਵੇ ਸੱਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਖੰਡ ਹਰਿ ਭਾਗ ਲਗਾਉਣਾ । ਕਰ ਕਰ ਸਾਚੀ ਵੰਡ, ਮਸਤਕ ਟੀਕਾ ਸ਼ਬਦ ਨਿਸ਼ਾਨਾ ਮਾਤ ਲਗਾਉਣਾ । ਨਾਮ ਸੱਚੀ ਕਰੇ ਵੰਡ ਚਾਰ ਕੁੰਟ, ਸੋਹੰ ਸਗਲਾ ਸਾਥ ਨਿਭਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਕਥਨਾ ਅਕਥ ਸਗਲਾ ਸਾਥ ਸਾਚੀ ਗਾਥ ਸ਼ਬਦ ਨਾਦ ਚਾਰ ਕੁੰਟੀ ਦਹਿ ਦਿਸ਼ਾ ਅੰਤਮ ਅੰਤ ਇਕ ਵਜਾਉਣਾ । ਅੱਸੂ ਦਸ ਦਹਿ ਦਿਸ਼ੇ, ਪ੍ਰਭ ਅਬਿਨਾਸ਼ੀ ਜਾਏ ਦੱਸ । ਆਪ ਕਰਾਏ ਸਚ ਹਿੱਸੇ, ਧੁਰ ਦਰਗਾਹੋਂ ਆਏ ਨੱਸ । ਬੇਮੁਖਾਂ ਜੀਆਂ ਮੂਲ ਨਾ ਦਿਸੇ, ਜਨ ਭਗਤਾਂ ਆਤਮ ਤੀਰ ਮਾਰੇ ਕਸ । ਕਲਜੁਗ ਮਾਇਆ ਲਾਹੇ ਵਿਸੇ, ਸ੍ਰਿਸ਼ਟ ਸਬਾਈ ਜਾਏ ਵਸ । ਝੂਠੀ ਚੱਕੀ ਪੀਸਣ ਪੀਸੇ, ਗੁਰਮੁਖਾਂ ਰਾਹ ਸਾਚਾ ਜਾਏ ਦੱਸ । ਦਰ ਦਵਾਰੇ ਕਾਇਆ ਮਹੱਲ ਮੁਨਾਰੇ ਪੁਰਖ ਅਬਿਨਾਸ਼ੀ ਦਿਸੇ, ਗੁਰਮੁਖ ਸਾਚਾ ਸੰਗ ਰਲਾਏ ਹੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਦਰ ਬਣਾਏ ਨਾਮ ਵਣਜਾਰੇ ਭੇਖ ਭਿਖਾਰੇ । ਨਾਮ ਰੰਗ ਸਾਚੀ ਬੋਲੀ । ਗੁਰਮੁਖ ਸਾਚਾ ਪ੍ਰਭ ਸ਼ਬਦ ਚੜ੍ਹਾਏ ਸਾਚੀ ਡੋਲੀ । ਦਰ ਘਰ ਸਾਚੀ ਮੰਗ, ਚਰਨ ਪ੍ਰੀਤੀ ਘੋਲ ਘੋਲੀ । ਹੋਏ ਸਹਾਈ ਅੰਗ ਸੰਗ, ਦਾਸਨ ਦਾਸ ਗੋਲ ਗੋਲੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੇ ਅੰਤਮ ਅੰਤ, ਇਕ ਵਿਆਹੇ ਹੰਕਾਰੀ ਗੋਲੀ । ਗੋਲੀ ਹੰਕਾਰ ਰਚਿਆ ਕਾਜ । ਬੇਮੁਖਾਂ ਪਾਪਾਂ ਦੇਵੇ ਝੂਠਾ ਦਾਜ । ਗੁਰਮੁਖਾਂ ਮਿਟਾਏ ਤ੍ਰਿਸ਼ਨਾ ਭੁੱਖ, ਮਾਝੇ ਬੈਠ ਸਵਾਰੇ ਕਾਜ । ਆਤਮ ਉਪਜਾਏ ਸਾਚੇ ਸੁਖ, ਸੰਤ ਸੁਹੇਲਾ ਰੱਖੇ ਲਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਜਲ ਕਰਾਏ ਮਾਤ ਮੁਖ, ਸ਼ਬਦ ਪਹਿਨਾਏ ਸਾਚਾ ਤਾਜ । ਜੋਤੀ ਜਾਮਾ ਹਰਿ ਨਿਰੰਕਾਰ । ਨਾਮਾ ਰਾਮਾ ਵਿਚ ਸੰਸਾਰ । ਸ਼ਬਦ ਦਮਾਮਾ ਇਕ ਅਪਾਰ । ਚਾਰ ਕੁੰਟਾਂ ਹਰਿ ਸੁਨਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਜੋਤ ਧਰ, ਕਰੇ ਖੇਲ ਅਪਰ ਅਪਾਰ । ਪੁਰਖ ਅਬਿਨਾਸ਼ੀ ਦਇਆ ਕਮਾਈ । ਲੋਕਮਾਤ ਸਚ ਜੋਤ ਪ੍ਰਕਾਸ਼ੀ, ਵੀਹ ਸੌ ਬਿਕ੍ਰਮੀ ਲੇਖ ਲਿਖਾਈ । ਪ੍ਰਗਟ ਹੋਏ ਘਨਕ ਪੁਰ ਵਾਸੀ, ਜਮ ਕੀ ਫਾਸੀ ਗਲੋਂ ਕਟਾਈ । ਜਨ ਭਗਤਾਂ

੫੯੩
੦੪

ਲਾਹੇ ਮਨ ਉਦਾਸੀ, ਨਿਜ ਘਰ ਵਾਸੀ ਦੀਪਕ ਜੋਤੀ ਇਕ ਜਗਾਈ । ਰਸਨ ਚਲਾਏ ਸ਼ਬਦ ਸਵਾਸੀ । ਵੇਖ ਵਖਾਣੇ ਮਦਿਰਾ ਮਾਸੀ । ਨਾ ਕੋਈ ਜਾਣੇ ਪੰਡਤ ਕਾਂਸ਼ੀ । ਗਿਆਨ ਗੀਤਾ ਪ੍ਰਭ ਬਿਧਾਤਾ, ਖਾਣੀ ਬਾਣੀ ਵੇਦ ਪੁਰਾਨੀ, ਕੁਰਾਨ ਅੰਜ਼ੀਲੀ ਅੰਜ਼ੀਲ ਕੁਰਾਨੀ ਨਾ ਕਿਸੇ ਪਛਾਣੀ । ਜੋਤ ਮਾਤ ਲੱਗੀ ਤੀਲੀ, ਗਗਨ ਪਤਾਲੀ ਛੱਤ ਨੀਲੀ ਕਲਜੁਗ ਮਿਟੇ ਅੰਧੇਰੀ ਰਾਤੀ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਆਤਮ ਵਰ, ਮਿਲੇ ਮੇਲ ਕੰਤ ਸੁਹੇਲੇ ਸਾਚੇ ਵੇਲੇ, ਆਪੇ ਗੁਰ ਆਪੇ ਚੇਲੇ, ਅਚਰਜ਼ ਖੇਲ ਪਾਰਬ੍ਰਹਮ ਕਲ ਖੇਲੇ, ਵੇਖ ਵਖਾਣੇ ਜਾਤਾਂ ਪਾਤਾਂ, ਵੀਹ ਸੌ ਬਿਕ੍ਰਮੀ ਖੇਲ ਰਚਾਈ । ਏਕਾ ਘਰ ਵੱਜੀ ਵਧਾਈ । ਪੁਰੀ ਘਨਕ ਹੋਈ ਰੁਸ਼ਨਾਈ । ਸ਼ਬਦ ਵਜਾਏ ਸਾਚਾ ਡੰਕ, ਰਾਓ ਰੰਕਾਂ ਰਿਹਾ ਸੁਣਾਈ । ਜੋਤੀ ਨੂਰਾ ਲਾਏ ਤਨਕ, ਗੁਰਮੁਖ ਸਾਚੇ ਲਏ ਜਗਾਈ । ਆਪ ਸੁਹਾਏ ਦਵਾਰ ਬੰਕ, ਕਾਇਆ ਮੰਦਰ ਆਸਣ ਲਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਮਾਰ ਝਾਤ, ਕਲਜੁਗ ਵੇਖ ਅੰਧੇਰੀ ਰਾਤ, ਜੋਤੀ ਜੋਤ ਨਰ ਨਰਾਇਣ, ਸ਼ਬਦੀ ਚੋਲਾ ਜੋਤੀ ਪਾਈ । ਨਿਹਕਲੰਕ ਨਰ ਨਰਾਇਣ ਰਸਨਾ ਕਿਸੇ ਨਾ ਸਕੇ ਕਹਿਣ, ਨਾ ਕੋਈ ਵੇਖੇ ਨੇਤਰ ਨੈਣ, ਲੋਕਮਾਤ ਜੋਤ ਜਗਾਈ । ਲੋਕਮਾਤ ਹੋਇਆ ਉਜਿਆਰਾ । ਪੰਚਮ ਜੇਠ ਦਿਵਸ ਵਿਚਾਰਾ । ਪੁਰਖ ਅਬਿਨਾਸ਼ੀ ਧਰਤ ਮਾਤ ਸੁਣੇ ਪੁਕਾਰਾ । ਲੱਖ ਚੁਰਾਸੀ ਦੇਵੇ ਫਾਸੀ, ਗੁਰਮੁਖਾਂ ਕਰੇ ਬੰਦ ਖ਼ਲਾਸੀ, ਤਨ ਕਰਾਏ ਸ਼ਬਦ ਸ਼ਿੰਗਾਰਾ । ਮਾਨਸ ਦੇਹੀ ਕਰੇ ਰਾਸੀ, ਸ਼ਬਦ ਚਲਾਏ ਸਵਾਸ ਸਵਾਸੀ, ਸੋਹੰ ਖੰਡਾ ਹੱਥ ਦੋ ਧਾਰਾ । ਤਿੰਨਾਂ ਲੋਆਂ ਏਕਾ ਡੰਡਾ, ਨੌਂ ਖੰਡ ਪ੍ਰਿਥਮੀ ਪਾਏ ਵੰਡਾ, ਕਲਜੁਗ ਅੰਤਮ ਆਇਆ ਕੰਢਾ, ਮਾਨਸ ਦੇਹੀ ਆਤਮ ਰੰਡਾ, ਧਰੇ ਜੋਤ ਹਰਿ ਸੰਸਾਰਾ । ਚਾਰ ਕੁੰਟ ਚਲੇ ਚੰਡ ਪ੍ਰਚੰਡਾ, ਆਪ ਕਰਾਏ ਖੰਡ ਖੰਡਾ । ਬੇਮੁਖਾਂ ਹਰਿ ਜੀ ਮਾਰੇ ਡੰਡਾ, ਨਿਹਕਲੰਕ ਧਰ ਅਵਤਾਰ ਮੇਟ ਮਿਟਾਏ ਹਰਿ ਜੀ ਪਖੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ ਲਏ ਅਵਤਾਰਾ । ਲੋਕਮਾਤ ਹਰਿ ਜੋਤ ਜਗਾਈ । ਤਿੰਨਾਂ ਲੋਕਾਂ ਵੱਜੀ ਵਧਾਈ । ਧਰਤ ਮਾਤ ਖ਼ੁਸ਼ੀ ਮਨਾਈ । ਕਲਜੁਗ ਤੇਰੀ ਅੰਤਮ ਵੇਲ, ਫਲ ਨਾ ਲੱਗੇ ਕਿਤੇ ਰਾਈ । ਲੱਖ ਚੁਰਾਸੀ ਹਰਿ ਪਾਏ ਧਰਮ ਰਾਏ ਦੀ ਜੇਲ, ਨਾ ਹੋਏ ਕੋਈ ਸਹਾਈ । ਸਦਾ ਸਦਾ ਵਸੇ ਰੰਗ ਨਵੇਲ, ਵੇਖ ਵਖਾਨਣ ਹਰਿ ਦਿਸ ਨਾ ਆਈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪਣਾ ਭਾਣਾ ਸਾਚਾ ਰਾਣਾ, ਰਿਹਾ ਜਗਤ ਚਲਾਈ । ਕਲਜੁਗ ਤੇਰੀ ਅੰਤਮ ਵਾਰ । ਜੀਵ ਜੰਤ ਹੋਏ ਖੁਆਰ । ਮੰਦਰ ਮੱਠ ਹਾਹਾਕਾਰ । ਗੁਰਦਵਾਰੇ ਅੰਦਰ ਵਿਸ਼ੇ ਵਿਕਾਰ । ਬੇਮੁਖਾਂ ਆਤਮ ਵੱਜਾ ਜੰਦਰ, ਭਰਿਆ ਤਨ ਇਕ ਹੰਕਾਰ । ਕਾਇਆ ਅੰਧੇਰੀ ਡੂੰਘੀ ਕੁੰਦਰ, ਡੂੰਘੇ ਵਹਿਣ ਡੁੱਬਾ ਸੰਸਾਰ । ਜੋਗੀ ਭੁੱਲੇ ਗੋਰਖ ਮਛੰਦਰ, ਕੋਈ ਨਾ ਪਾਏ ਕਲਜੁਗ ਸਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਪ੍ਰਗਟ ਹੋਏ ਚਵੀਆਂ ਅਵਤਾਰ । ਲੋਕਮਾਤ ਹਰਿ ਜਾਮਾ ਪਾਇਆ । ਗੁਰਮੁਖਾਂ ਸਾਚਾ ਸੰਗ ਰਲਾਇਆ । ਸ਼ਬਦ ਘੋੜੇ ਤੰਗ ਕਸਾਇਆ । ਜਨ ਭਗਤਾਂ ਸਹਾਈ ਅੰਗ ਸੰਗ, ਲੋਕਮਾਤ ਡੇਰਾ ਲਾਇਆ । ਗਊ ਗਰੀਬ ਨਿਮਾਣਿਆਂ ਕਟੇ ਭੁੱਖ ਨੰਗ, ਰਾਜੇ ਰਾਣਿਆਂ ਸ਼ਾਹ ਸੁਲਤਾਨਿਆਂ, ਤਖ਼ਤ ਤਾਜ ਦਏ ਰੁਲਾਇਆ । ਲੱਖ ਚੁਰਾਸੀ ਬੇਮੁਹਾਨਿਆਂ, ਅੰਤਮ ਭੁੰਨੇ ਜਿਉਂ ਭਠਿਆਲੇ ਦਾਣਿਆਂ, ਸ਼ਬਦ ਤੀਰ ਚਾਰ ਕੁੰਟ ਵਹੀਰ, ਕਿਸੇ ਹੱਥ ਨਾ ਆਉਣਾ ਨੀਰ, ਕਰੇ ਖੇਲ ਜਗਤ ਮਹਾਨਿਆ । ਬੇਮੁਖਾਂ ਲੱਭੇ

ਅੰਤਮ ਚੀਰ, ਭੈਣਾਂ ਛੱਡਣ ਸੱਚੇ ਵੀਰ, ਬਾਲਕ ਮਿਲੇ ਨਾ ਮਾਤਾ ਸੀਰ, ਮੇਟ ਮਿਟਾਏ ਔਲੀਏ ਪੀਰ ਫ਼ਕੀਰ ਸ਼ਾਹ ਦਸਤਗੀਰ, ਚਲੇ ਚਲਾਏ ਆਪਣੇ ਭਾਣਿਆਂ । ਜਨ ਭਗਤਾਂ ਬੰਨ੍ਹੇ ਸਾਚੀ ਬੀੜ, ਹਉਮੇ ਕੱਢੇ ਵਿਚੋਂ ਪੀੜ, ਦੇਵੇ ਨਾਮ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਵਾਕ ਭਵਿਖਤ ਸਾਚੀ ਲਿਖਤ ਪੂਰ ਕਰਾਏ, ਗੁਰ ਗੋਬਿੰਦ ਲਿਖਾਏ ਵਿਚ ਜਹਾਨਿਆ । ਗੁਰ ਗੋਬਿੰਦ ਬਣ ਲਿਖਾਰਾ । ਲਿਖਿਆ ਲੇਖ ਅਪਰ ਅਪਾਰਾ । ਕਲਜੁਗ ਤੇਰੀ ਅੰਤਮ ਵਾਰਾ । ਕਰੇ ਖੇਲ ਹਰਿ ਨਿਰੰਕਾਰਾ । ਜੋਤੀ ਵੇਸ ਮਾਝੇ ਦੇਸ, ਚਾਰ ਕੁੰਟ ਕਰਾਏ ਹਾਹਾਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਪ੍ਰਗਟ ਹੋਏ ਵਿਚ ਸੰਸਾਰਾ । ਗੁਰ ਗੋਬਿੰਦ ਲਿਖਤ ਲਿਖਾਈ । ਅਠਵੰਜਾ ਪੈਂਠ ਸਾਖੀ, ਮਨ ਵੇਖ ਵਖਾਣੇ ਸੁਰਤ ਮਤ ਦੇ ਸਮਝਾਈ । ਕਿਲਕਪੁਰ ਵਾਸੀ ਸ਼ਬਦ ਸਵਾਸੀ, ਸਾਚਾ ਹਵਣ ਜੋਤੀ ਪਵਣ ਅਵਣ ਗਵਣ ਰਿਹਾ ਕਰਾਈ । ਧਾਰੇ ਭੇਖ ਜਿਉਂ ਬਲ ਬਾਵਨ, ਬੇਮੁਖ ਜੀਵਾਂ ਰਿਹਾ ਭੁਲਾਈ । ਗੁਰਮੁਖਾਂ ਉਤੇ ਬਰਖੇ ਸਵਣ, ਜਗਤ ਤ੍ਰਿਸ਼ਨਾ ਰਿਹਾ ਭੁੱਖ ਗਵਾਈ । ਨਿਹਕਲੰਕ ਨਰਾਇਣ ਨਰ, ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਸ਼ਬਦ ਸਰੂਪੀ ਡੰਕ ਵਜਾਇਆ, ਚਾਰ ਕੁੰਟ ਦਹਿ ਦਿਸ਼ ਦਿਸ ਕਿਸੇ ਨਾ ਆਈ ।

## ❇ ੧੮ ਅੱਸੂ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਅੰਮ੍ਰਿਤਸਰ ਦਰਬਾਰ ਵਿਚ ❇

ਰਾਜ ਘਾਟ ਨਰ ਨਿਰੰਕਾਰਾ । ਅੱਸੂ ਤਿੰਨ, ਪੂਰਬ ਕਰ ਵਿਚਾਰਾ । ਨੌਂ ਅਠਾਰਾਂ ਗਿਣ ਗਿਣ, ਕਰੇ ਖੇਲ ਜੋਤੀ ਮੇਲ ਮਾਤ ਅਪਰ ਅਪਾਰਾ । ਧਰਮ ਰਾਏ ਦੀ ਕਟੇ ਜੇਲ੍ਹ, ਗੁਰਮੁਖ ਬਣਾਏ ਸਾਚੇ ਚੇਲ, ਰੰਗੇ ਰੰਗ ਨਾਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਰੀਤੀ ਕਾਇਆ ਕਰੇ ਪਤਿਤ ਪੁਨੀਤੀ, ਸਤਿਜੁਗ ਬੰਨ੍ਹਾਏ ਸਾਚੀ ਧਾਰਾ, ਨੌਂ ਅਠਾਰਾਂ ਲੇਖ ਲਿਖਾਇਆ । ਪ੍ਰਭ ਅਬਿਨਾਸ਼ੀ ਭੇਵ ਖੁਲ੍ਹਾਇਆ । ਗੁਰਮੁਖ ਸਾਚੇ ਸਾਚੀ ਸੇਵ ਲਗਾਇਆ । ਵਡ ਵਡ ਦਾਤਾ ਮਿਹਰਬਾਨ, ਦੇਵੀ ਦੇਵ ਪੁਰੀ ਇੰਦਰ, ਹਰਿ ਮਰਗਿੰਦ ਫੂਲਨ ਸੇਜਾ ਹਰਿ ਤਖ਼ਤ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਲੋਕਮਾਤ ਭਿੰਨ, ਦਿਵਸ ਵਿਚਾਰ ਗਿਣ, ਕਰੋੜ ਤੇਤੀਸਾ ਲੇਖ ਲਿਖਾਇਆ । ਅਠਾਰਾਂ ਨੌਂ ਨੌਂ ਅਠਾਰਾਂ । ਸਾਚੀ ਪੁਰੀ ਸਚ ਵਿਹਾਰਾ । ਇਕ ਪ੍ਰੀਤੀ ਹਰਿ ਚਰਨ ਜੁੜੀ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰਾ । ਮਾਤ ਦੇਵੇ ਚਰਨ ਧੂੜੀ, ਅੰਤ ਮੇਲ ਸ਼ਬਦ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਿਸੇ ਪਾਰ ਕਿਨਾਰਾ । ਪਾਰ ਕਿਨਾਰ ਹਰਿ ਵਖਾਏ । ਸ਼ਬਦ ਧਾਰ ਇਕ ਰਖਾਏ । ਪੂਰਬ ਕਰਮ ਵਿਚਾਰ, ਮਾਨਸ ਦੇਹੀ ਲੇਖੇ ਲਾਏ । ਚਰਨ ਸਰਨ ਜਨ ਜਾਏ ਬਲਿਹਾਰ, ਭਾਣਾ ਮੰਨਣਾ ਬੇੜਾ ਬੰਨ੍ਹਣਾ ਹੁਕਮ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਿਰਧ ਬਾਲ ਜਵਾਨ ਅੰਞਾਣਿਆਂ , ਨੌਂ ਅਠਾਰਾਂ ਅਠਾਰਾਂ ਨੌਂ ਲੇਖੇ ਲਾਏ । ਨੌਂ ਅਠਾਰਾਂ ਗਰਭ ਵਾਸ । ਪ੍ਰਭ ਅੰਮ੍ਰਿਤ ਬਰਸੇ ਸਾਚੀ ਧਾਰਾ, ਪਵਣ ਦੇਵੇ ਸਚ ਸਵਾਸ । ਨੂਰੀ ਜੋਤ ਕਰ ਅਕਾਰ, ਕਾਇਆ ਮੰਡਲ ਪਾਵੇ ਰਾਸ । ਮਾਤ ਬਖ਼ਸ਼ੇ ਬੱਤੀ ਧਾਰ, ਮਾਤਾ ਸਾਸ ਗਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਹੋਏ ਦਾਸਨ ਦਾਸ ।

ਗੁਰਮੁਖਾਂ ਹਰਿ ਅੰਤ ਜਗਾਏ । ਸ਼ਬਦ ਸੁਨੇਹੜਾ ਦਰ ਪੁਜਾਏ । ਲੱਖ ਚੁਰਾਸੀ ਚੁੱਕੇ ਗੇੜਾ, ਸਤਾਰਾਂ ਹਾੜ ਲੜ ਫੜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਮੰਦਰ ਕਿਲ੍ਹਾ ਕੋਟ ਗੜ੍ਹ, ਪੰਜਾਂ ਚੋਰਾਂ ਲਏ ਫੜ, ਸ਼ਬਦ ਡੋਰ ਨਾਲ ਬੰਧਾਏ । ਸਚ ਫ਼ਰਮਾਣ ਹਰਿ ਸੁਣਾਉਣਾ । ਧੁਰ ਦੀ ਬਾਨ ਭਗਤ ਭਗਵਾਨ ਮੇਲ ਮਿਲਾਉਣਾ । ਸਚ ਧਰਮ ਜਗਤ ਨਿਸ਼ਾਨਾ ਇਕ ਚਲਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਪਿਛਲਾ ਘਾਟ ਨੇੜੇ ਵਾਟ ਪੂਰ ਕਰਾਉਣਾ । ਘਰ ਘਰ ਮੰਦਰ, ਕਾਇਆ ਅੰਦਰ ਵਸੇ ਗੁਰ ਗੋਪਾਲ । ਗੁਰਮੁਖ ਵਿਰਲਾ ਖੋਲ੍ਹੇ ਜੰਦਰ, ਮਿਲੇ ਮੇਲ ਪੁਰਖ ਦਿਆਲ । ਲੱਖ ਚੁਰਾਸੀ ਬਾਹਰ ਭੌਂਦੇ ਬੰਦਰ, ਹੱਥ ਨਾ ਆਏ ਇਕ ਅਨਮੁੱਲੜਾ ਲਾਲ । ਕਾਇਆ ਅੰਧੇਰੀ ਡੂੰਘੀ ਕੰਦਰ, ਅੰਮ੍ਰਿਤ ਭਰਿਆ ਸਾਚਾ ਤਾਲ । ਗੁਰਮੁਖ ਸਾਚੇ ਸੰਤ ਜਨ ਵਿਰਲੇ ਨਹਾਵਣ, ਮਾਰਨ ਸਾਚੀ ਛਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਨੂਰ ਕਰ, ਸਚ ਘਰ ਦੀਪਕ ਦੇਵੇ ਬਾਲ । ਦੀਪਕ ਜੋਤੀ ਕਰ ਉਜਿਆਰ । ਗੁਰਮੁਖ ਸਾਚੇ ਮਾਣਕ ਮੋਤੀ, ਸ਼ਬਦ ਕਰਾਏ ਤਨ ਸ਼ਿੰਗਾਰ । ਕਲਜੁਗ ਜਾਏ ਮੈਲ ਧੋਤੀ, ਫੂਲਨ ਬਰਖਾ ਦਰ ਦਵਾਰ । ਆਪ ਉਠਾਏ ਕਾਇਆ ਸੋਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਮੰਗੇ ਚੋਲੀ ਰੰਗੇ ਹਰਿ ਦਵਾਰ । ਸਦਾ ਸਦਾ ਦੇਵੇ ਨਾਮ ਜਗਤ ਅਨਮੁੱਲਾ । ਜੀਵ ਨਿਮਾਣਾ ਦਰ ਆਏ ਭੁੱਲਾ । ਤਨ ਪਹਿਨਾਏ ਸ਼ਬਦ ਬਾਣਾ, ਭਾਗ ਲਗਾਏ ਕਾਇਆ ਕੁੱਲਾ । ਏਕਾ ਧਾਮ ਵਖਾਏ ਰਾਜਾ ਰਾਣਾ, ਦਰ ਦਵਾਰਾ ਸਾਚਾ ਖੁਲ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖ ਵਖਾਣੇ ਸਰਬ ਕੁਛ, ਗੁਰਮੁਖ ਪੂਰੇ ਤੋਲ ਮਾਤ ਤੋਲਾ । ਤੋਲੇ ਮਾਤ ਜਗਤ ਵਣਜਾਰਾ । ਆਤਮ ਬੋਲੇ ਸ਼ਬਦ ਜੈਕਾਰਾ । ਵਸੇ ਕਾਇਆ ਚੋਲੇ, ਜੋਤੀ ਨੂਰ ਕਰ ਅਕਾਰਾ । ਗੁਰਮੁਖ ਬਹਾਏ ਸਾਚੇ ਡੋਲੇ, ਚਰਨ ਪ੍ਰੀਤੀ ਘੋਲ ਘੋਲੇ, ਖਿਚ ਲਿਆਏ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਗਤ ਪਛਾਣੇ , ਗੁਰਮੁਖਾਂ ਜਾਣੇ ਮਾਤ ਸਾਰਾ । ਸੁਰਤ ਨਾਦ ਨਾਦ ਧੁਨੀ । ਮੂਰਤ ਅਕਾਲ ਵਿਚ ਬ੍ਰਿਹਿਮਾਦ, ਵਡ ਗੁਣ ਗੁਣੀ । ਅੰਤ ਆਦਿ ਪੁਰਖ ਅਬਿਨਾਸ਼ੀ ਲਾਧ, ਮਾਨਸ ਦੇਹੀ ਛਾਣੀ ਪੁਣੀ । ਦੇਵੇ ਸ਼ਬਦ ਸਾਚੀ ਦਾਦ, ਸਚ ਪੁਕਾਰ ਹਰਿ ਦਾਤਾਰ ਘਰ ਸਾਚੇ ਸੁਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਤਮ ਵਿਚ ਮਾਤ ਸਾਚੀ ਚੁਣੀ । ਰਾਗ ਰੰਗ ਰੰਗੀਲਾ ਮਾਧਵ ਮਾਧ, ਨਾ ਕੋਈ ਵਖਾਣੇ ਸੂਹਾ ਚਿੱਟਾ ਲਾਲ ਕਾਲਾ ਪੀਲਾ । ਏਕਾ ਰੰਗ ਆਦਿ ਜੁਗਾਦਿ, ਜੋਤੀ ਨੂਰੀ ਸਾਚਾ ਤੀਲਾ । ਲੱਗਾ ਰਹੇ ਖੰਡ ਬ੍ਰਹਿਮੰਡ ਵਿਚ ਬ੍ਰਿਹਿਮਾਦ, ਨਾਮ ਨਿਧਾਨ ਭਗਤ ਭਗਵਾਨਾ ਅੰਮ੍ਰਿਤ ਆਤਮ ਰਸਨ ਸਵਾਦ । ਸ਼ਬਦ ਤੀਰ ਬਜ਼ਰ ਕਪਾਟੀ ਚੀਰ, ਦੇਵੇ ਸਾਚਾ ਸੀਰ, ਸ਼ਬਦ ਧੁਨੀ ਸਾਚਾ ਨਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੁਰ ਹਰਿ ਨਰਾਇਣ ਰਸਨ ਅਰਾਧ । ਰਸਨਾ ਗਾਓ ਗੁਣ ਗੁਣਵੰਤੀ । ਦਰ ਘਰ ਸਾਚੇ ਸੋਭਾ ਪਾਓ, ਮਿਲੇ ਮੇਲ ਹਰਿ ਭਗਵੰਤੀ । ਕਾਇਆ ਰੰਗਣ ਇਕ ਚੜ੍ਹਾਓ, ਪੂਰਨ ਕਾਜੇ ਸਾਚੇ ਸੰਤੇ । ਨਾਮ ਭਬੂਤੀ ਤਨ ਲਗਾਓ, ਮਾਤ ਬਣਾਏ ਸਾਚੇ ਸੰਤੇ । ਸ਼ਬਦ ਮਾਣੋ ਠੰਡੀ ਛਾਉਂ, ਹਰਿ ਸਹਾਰਾ ਸਾਚੇ ਕੰਤੇ । ਆਪੇ ਪਿਤਾ ਆਪੇ ਮਾਓ, ਵੇਸ ਅਨੇਕ ਆਦਿਨ ਅੰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਖਾਧਾਰੀ ਹਰਿ ਨਿਰੰਕਾਰੀ ਦਰ ਭਿਖਾਰੀ, ਤਿੰਨਾਂ ਲੋਆਂ ਪਾਵੇ ਸਾਰੀ, ਮੰਗੇ ਏਕਾ ਵਾਰੀ, ਵੇਖ ਵਖਾਣੇ ਲੱਖ ਚੁਰਾਸੀ ਜੀਵ ਜੰਤੇ । ਜੀਵ ਜੰਤ ਸਾਧ ਸੰਤ ਭਗਤ ਭਗਵੰਤ ਬਣਾਏ ਬਣਤ, ਰਸਨਾ ਜਿਹਵਾ ਹਰਿ ਸ਼ਬਦ ਮੇਵਾ, ਕੌਸਤਕ ਮਣੀਆਂ ਮਸਤਕ ਥੇਵਾ, ਮਿਲੇ



੫੯੬
੦੪

ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਲੱਖ ਚੁਰਾਸੀ ਵੇਖ ਵਖਾਣੇ ਪੰਡਤ ਕਾਸ਼ੀ । ਗੁਰਮੁਖਾਂ ਨੂਰਾ ਜੋਤੀ ਦਾਸੀ । ਸਰਬ ਕਲਾ ਭਰਪੂਰਾ, ਸ਼ਬਦ ਤੂਰਾ ਹਾਜ਼ਰ ਹਜ਼ੂਰਾ, ਅੰਤਮ ਅੰਤਾ ਕਰੇ ਬੰਦ ਖ਼ਲਾਸੀ । ਮਾਨਸ ਜਨਮ ਕਰਾਏ ਰਾਸੀ । ਦੁਰਮਤ ਮੈਲ ਅਠ ਸਠ ਰਹੀ ਫੈਲ, ਨਾ ਕੋਈ ਗੁਰ ਨਾ ਕੋਈ ਚੇਲ, ਵੇਖ ਵਖਾਣੇ ਘਰ ਘਰ ਘਰ, ਧਰਮ ਰਾਏ ਦੀ ਪਾਏ ਜੇਲ੍ਹ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਲੋਕਮਾਤ ਸ਼ਾਹੋ ਸ਼ਾਬਾਸ਼ੀ, ਅਚਰਜ ਕੀਆ ਖੇਲ । ਅਚਰਜ ਖੇਲ ਭਰਾਤੀ, ਮੇਲਾ ਹਰਿ ਸੱਜਣ ਸੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਗੁਰ ਆਪੇ ਚੇਲਾ । ਪੀਰ ਦਸਤਗੀਰ ਸ਼ਾਹ ਫ਼ਕੀਰ ਨੇਰਨ ਨੇਰ ਵੇਖ ਵਖਾਣੇ, ਸਰਬ ਕੁਛ ਜਾਣੇ ਜੀਵ ਜੰਤ ਅੰਤਮ ਵੇਲਾ । ਸਚ ਧਾਮ ਅਸਥੂਲ । ਧਰਤ ਮਾਤ ਪਿਆਰੀ, ਗੁਰਮੁਖ ਸਾਚੇ ਉਪਜਾਏ ਸਚੇ ਫੂਲ । ਆਤਮ ਜੋਤ ਕਰ ਉਜਿਆਰੀ, ਭੇਵ ਚੁਕਾਏ ਕੰਤ ਕੰਤੂਹਲ । ਹਉਮੇ ਮਾਰੇ ਹੰਕਾਰੀ, ਗੁਰਮੁਖ ਨਾ ਜਾਏ ਮਾਤ ਭੂਲ । ਕਰੇ ਖੇਲ ਕਲਜੁਗ ਅੰਤਮ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਪੰਘੂੜਾ ਲੈਣਾ ਝੂਲ । ਅੰਤਮ ਕਲ ਨਰ ਹਰਿ ਕਰਾਇਆ । ਜਗਤ ਨਾਮ ਕਲਜੁਗ ਵਖਾਇਆ । ਲਖ ਚੁਰਾਸੀ ਕਿਸੇ ਨਾ ਦਿਸੇ ਹੱਡ ਪਿੰਜਰ, ਅੰਤਮ ਖ਼ਾਕੀ ਖ਼ਾਕ ਮਿਲਾਇਆ । ਪੱਲੇ ਬੰਨ੍ਹੇ ਨਾ ਕੋਈ ਨਾਮ, ਦਾਤਾ ਰਾਮ ਸ਼ਾਮ ਮਨੋਂ ਭੁਲਾਇਆ । ਅੰਮ੍ਰਿਤ ਪੀਵੇ ਨਾ ਕੋਈ ਜਾਮ, ਆਤਮ ਵਿਖ ਰਸਨਾ ਤ੍ਰਿਖ ਵਿਕਾਰ ਵਧਾਇਆ । ਗੁਰਮੁਖ ਸਾਚਾ ਸਾਚੀ ਮੰਗੇ ਭਿੱਖ, ਦੇਵੇ ਦਾਨ ਦਾਤ ਸਾਢੇ ਤਿੰਨ ਹੱਥ ਸੀਂ ਰਖਾਇਆ । ਵੇਲੇ ਅੰਤਮ ਪੁੱਛੇ ਵਾਤ, ਪਹਿਲੀ ਅੱਸੂ ਬਣਤ ਬਣਾਇਆ । ਬਣੇ ਹਰਿ ਪਿਤ ਮਾਤ, ਸਤਾਰਾਂ ਹਾੜੀ ਦਿਵਸ ਸੁਹਾਇਆ । ਮਿੱਟੇ ਅੰਧ ਅੰਧੇਰੀ ਰਾਤ, ਨੌਂ ਅਠਾਰਾਂ ਲੇਖਾ ਪੂਰ ਕਰਾਇਆ । ਸਾਚੀ ਬਖ਼ਸ਼ੇ ਇਕ ਦਾਤ ਮਾਰ ਝਾਤ, ਬਾਰਾਂ ਬਾਰਾਂ ਲੇਖ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਲੋਕੀ ਨਾਥ ਸਗਲਾ ਸਾਥ, ਸ਼ਬਦ ਚੜ੍ਹਾਏ ਸਾਚੇ ਰਾਥ, ਪਹਿਲੀ ਅੱਸੂ ਸਤਾਰਾਂ ਹਾੜੀ ਗਰਭਵਾਸ ਰੋਗ ਗਵਾਇਆ । ਪਹਿਲੀ ਸਤਿ ਸਤਿ ਸਤਿ ਸਤਾਰਾਂ । ਖੁਲ੍ਹੇ ਨਰ ਹਰਿ ਨੌਂ ਅਠਾਰਾਂ । ਦਰ ਦਰਵੇਸ਼ਾ ਦੇਵੀ ਦੇਵ, ਵੇਖ ਵਖਾਣੇ ਸੰਗ ਮੁਹੰਮਦ ਚਾਰ ਯਾਰਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਪੂਰਬ ਕਰਮ ਗੁਰਸਿਖਾਂ ਵਿਚਾਰਾ । ਸਤਾਰਾਂ ਹਾੜ ਕਰੇ ਲੇਖਾ । ਗੁਰਮੁਖਾਂ ਚੁੱਕੇ ਭਰਮ ਭੁਲੇਖਾ । ਲਿਖਤ ਲੇਖ ਲੇਖਣੀ ਲਗਾਏ ਸਾਚੀ ਮੇਖਾ । ਨੇਤਰ ਨੈਣ ਦਰ ਸਾਚੇ ਪੇਖਾ । ਖੁਲ੍ਹਾਏ ਭੇਵ ਨੌਂ ਅਠਾਰਾਂ ਵੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੂਰੀ ਜਾਮਾ ਜੋਤੀ ਵੇਸਾ । ਅਕਾਲ ਇਕ ਦਿਆਲ ਦੂਜਾ, ਤੀਜੇ ਸੁਰਤ ਸੰਭਾਲ । ਚੌਥੇ ਘਰ ਵਖਾਏ ਸਾਚੇ ਲਾਲ । ਪੰਚਮ ਚਲੇ ਨਾਲ ਨਾਲ । ਛੇਵੇਂ ਦੇਵੇ ਸ਼ਬਦ ਦੁਸ਼ਾਲਾ, ਸਤਵੇਂ ਸਤਿ ਪੁਰਖਾਂ ਚਰਨ ਪ੍ਰੀਤੀ ਨਿਭੇ ਨਾਲ । ਅੱਠਵੇਂ ਅੱਠ ਤਨ ਵਿਚ ਪਾਵੇ ਸ਼ਬਦ ਜਾਲ । ਨਾਵੇਂ ਨੌਂ ਦਰ ਕਾਇਆ ਘਰ, ਸ਼ਬਦ ਨਾਮ ਜੂਠੀ ਚਾਮ ਰੱਖੇ ਕਾਲ । ਦਸਵੀਂ ਦਿਸ਼ੇ ਆਇਆ ਹਿੱਸੇ, ਪੁਰਖ ਅਬਿਨਾਸ਼ੀ ਗੁਰ ਗੋਬਿੰਦਾ ਵਡ ਮਰਗਿੰਦਾ, ਸੁਰਤੀ ਸੁਰਤ ਸੰਭਾਲ । ਦਸ ਇਕ ਗਿਆਰਾਂ ਸ਼ਬਦ ਉਡਾਰਾਂ ਪੁਰੀਆਂ ਲੋਆਂ ਖੰਡਾਂ ਬ੍ਰਹਿਮੰਡਾਂ ਵਰਭੰਡਾ ਕਰ ਤਿਆਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਿਆਰਾਂ ਕੱਤੇ ਪਾੜ ਨੀਲੀ ਛੱਤੇ ਕਰ ਅਕਾਰ ਸ਼ਬਦ ਜਣਾਏ ਲੇਖ ਲਿਖਾਏ, ਤਟ ਬਿਆਸਾ ਹੋਣਾ ਖ਼ਬਰਦਾਰ । ਕਮਲਾਪਾਤ ਚਰਨ ਨਾਤ ਬੰਧਾਏ ਕਲ । ਗੁਰਮੁਖ ਜਗਾਏ ਸੋਏ ਆਪ, ਹਰਿ ਸਹਿਜ ਸੁਖ ਦਾਤ ਮਾਤ ਅੰਤਮ ਪੁਛੇ ਗੁਰਮੁਖ ਵਾਤ, ਦਰਸ ਦਿਖਾਏ ਚਰਨ ਬਹਾਏ, ਦਇਆ ਦਿਆਲ ਕਰ ।

੫੯੭
੦੪

ਮਿਟਾਏ ਜਾਤ ਪਾਤ, ਕਲਜੁਗ ਅੰਧੇਰੀ ਰਾਤ, ਬੈਠ ਇਕ ਇਕਾਂਤ, ਭਰਮ ਚੁਕਾਏ ਰੋਗ ਸੋਗ ਚਿੰਤ ਮਿਟਾਏ ਨਿਜ ਆਤਮ ਵਾਸ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਸੰਤ ਸੁਹਾਗੀ ਸਦਾ ਸੁਹੇਲਾ, ਜਪ ਸਵਾਸ ਸਵਾਸੀ ਨਰ । ਨਰ ਨਰ ਨਰਾਇਣ ਨਰ, ਨਰ ਧਿਆਏ ਹੈ । ਏਕ ਏਕ ਦੇਵੇ ਕਰ, ਕਲਜੁਗ ਤੇਰੀ ਅੰਤਮ ਵਾਰ ਪੁਰਖ ਅਬਿਨਾਸ਼ੀ ਘਟ ਘਟ ਵਾਸ ਕਰਾਏ ਹੈ । ਏਕਾ ਖੁਲ੍ਹਾਏ ਦਰ, ਚਾਰ ਵਰਨ ਚੁਕਾਏ ਡਰ, ਦਰਸ ਦਿਖਾਏ ਸਾਚਾ ਹਰਿ, ਕਰ ਜੋਤ ਮਾਤ ਪ੍ਰਕਾਸ਼ ਹੈ । ਚਰਨ ਦਵਾਰ ਹਰਿ ਬਣਾਏ ਸਚ ਸਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰੇ ਕਲ ਰਾਸ ਹੈ । ਰਾਸਨ ਰਾਸ ਰਾਸੇ ਦਾਸਨ ਦਾਸ ਦਾਸੇ, ਪੁਰਖ ਅਗੰਮ ਅਬਿਨਾਸ਼ਾ ਸ਼ਬਦ ਚਲਾਏ ਰਸਨ ਸਵਾਸ ਹੈ । ਜੋਤ ਪ੍ਰਕਾਸ਼ਾ, ਮਾਤ ਪਤਾਲ ਅਕਾਸ਼ਾ, ਨੂਰੀ ਨੂਰਾ ਸ਼ਬਦੀ ਰਾਸਾ, ਖੇਲ ਅਪਰ ਅਪਾਰ ਹੈ । ਲੱਖ ਚੁਰਾਸੀ ਕਰੇ ਅੰਤ ਨਾਸਾ, ਧਰਮ ਰਾਏ ਘਰ ਘਰ ਦਰ ਦਰ ਵੇਖ ਤਮਾਸ਼ਾ, ਮਾਰੇ ਮਾਰ ਕਰ ਖੁਆਰ ਨਿਰੰਕਾਰ ਹੈ । ਮੇਟ ਮਿਟਾਏ ਮਦਿਰਾ ਮਾਸਾ, ਇਕ ਜਪਾਏ ਸ਼ਬਦ ਸਵਾਸਾ, ਸੋਹੰ ਸ਼ਬਦ ਚਲਾਏ ਮਾਤ ਸਾਚੀ ਕਲ ਧਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਟ ਬਿਆਸਾ ਪਾਵੇ ਤੇਰੀ ਸੱਚੀ ਸਾਰ ਹੈ । ਤਟ ਬਿਆਸ ਅੰਤ ਕਲ ਅੰਤ, ਅੰਤ ਹੋਣਾ ਜਗ ਨਾਸ ਹੈ । ਵੇਖ ਵੇਖ ਸਾਧ ਸੰਤ, ਮਾਇਆ ਪਾਏ ਹਰਿ ਬੇਅੰਤ, ਜੰਗਲ ਪ੍ਰਭਾਸ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਮਾਤ ਕਰੇ ਸਤਿ ਪ੍ਰਕਾਸ਼ ਹੈ । ਜੋਤ ਪ੍ਰਕਾਸ਼ ਪ੍ਰਗਟ ਹਰਿ ਰਾਏ । ਘਨਕ ਪੁਰ ਵਾਸ ਮੰਡਲ ਰਾਸ ਜੋਤ ਸਵਾਏ ਵੇਖ ਵਖਾਣੇ ਆਸ ਪਾਸ, ਪੁਰਖ ਅਬਿਨਾਸ਼ ਸੁਖ ਸਹਿਜ ਸਮਾਏ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਿਆਰਾਂ ਕੱਤਕ ਲਿਖਤ ਲੇਖ, ਆਪਣੀ ਆਪ ਲਿਖਾਏ ਹੈ । ਗਿਆਰਾਂ ਕੱਤਕ ਲੇਖ ਲਿਖਾਉਣਾ । ਸਤਿਸੰਗ ਬਿਆਸਾ ਆਤਮ ਪੜਦਾ ਖੋਲ੍ਹ, ਪ੍ਰਭ ਅਬਿਨਾਸ਼ੀ ਭੇਵ ਚੁਕਾਉਣਾ । ਕਾਇਆ ਮੰਦਰ ਵੱਜੇ ਏਕਾ ਢੋਲ, ਧੁਨ ਅਨਾਦਾਂ ਅਨੰਤ ਰਖਾਉਣਾ । ਅੱਠੇ ਪਹਿਰ ਕਰੇ ਕਲੋਲ, ਦੂਈ ਦਵੈਤੀ ਭੇਵ ਚੁਕਾਉਣਾ । ਏਕਾ ਸ਼ਬਦ ਜਗਤ ਅਨਮੋਲ, ਪੰਚਾਂ ਜਿਸ ਡੋਰ ਬੰਧਾਨਾ । ਪੁਰਖ ਅਬਿਨਾਸ਼ੀ ਤੋਲੇ ਪੂਰੇ ਤੋਲ, ਵਾਧ ਘਾਟ ਨਾ ਕੋਈ ਰਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦੂਸਰ ਕੋਈ ਵਿਚ ਮਾਤ ਨਾ ਆਉਣਾ । ਹਰਿ ਗੁਰ ਜਿਸ ਬਣਤ ਬਣਾਈ । ਬੂੰਦ ਰਕਤ ਜਿਸ ਦੇਹ ਉਪਜਾਈ । ਮਾਤ ਕੁੱਖ ਨੌਂ ਅਠਾਰਾਂ ਮਾਤ ਛੁਹਾਈ । ਪ੍ਰਭ ਅਬਿਨਾਸ਼ੀ ਘਟ ਘਟ ਵਾਸੀ ਮਾਨਸ ਦੇਹੀ ਬਣਤ ਬਣਾਈ । ਬਣੀ ਬਣਤ ਗਰਭਵਾਸ । ਮਹਿੰਮਾ ਅਗਣਤ, ਜਿਸ ਦੀਆ ਜੀਵ ਸਵਾਸ । ਨਾ ਕੋਈ ਸਾਧ ਨਾ ਕੋਈ ਸੰਤ, ਏਕਾ ਕੰਤ ਸਦ ਰੱਖੇ ਵਿਚ ਵਾਸ । ਬਾਹਰ ਆਇਆ ਸਚ ਜਪਾਇਆ, ਕਲਜੁਗ ਮਾਤੀ ਸੁੰਵਾ ਵਿਹੜਾ, ਸਿੰਮਲ ਰੁੱਖਾ ਵਿਚ ਪ੍ਰਭਾਸ । ਵਿਚ ਪ੍ਰਭਾਸ ਜਗਤ ਅਖਾੜਾ । ਬਣੀ ਬਣਤ ਬਹੱਤਰ ਨਾੜਾ । ਲਹੂ ਮਿਝ ਕਾਇਆ ਸਿੰਜ, ਬਣਿਆ ਗਾਰਾ ਗਾਹੜਾ । ਕਾਇਆ ਕੁਠਾਲੀ ਰਹੀ ਰਿੱਝ, ਸ਼ਬਦ ਚਲੇ ਸਾਚਾ ਤਾੜਾ । ਝਿਰੇ ਝਿਰਨਾ ਨਿੱਝਰ ਨਿਜ, ਲੱਗੀ ਅਗਨ ਤੱਤੀ ਹਾੜਾ । ਜੋਤੀ ਜੋਤ ਸਰੂਪ ਹਰਿ, ਅੰਤਮ ਆਪਣਾ ਖੇਲ ਕਰ, ਬੇਮੁਖ ਜੀਆਂ ਵਿਆਹੇ ਲਾੜੀ ਮੌਤ ਝੂਠਾ ਲਾੜਾ । ਪੂਰਾ ਗੁਰ ਨਾ ਮਿਲਿਆ ਕੋਇ । ਜੂਨੀ ਭਰਮੇ ਜਗਤ ਕੁਕਰਮੇ, ਦੁਰਮਤ ਮੈਲ ਨਾ ਕੋਈ ਧੋਏ । ਮਰੇ ਜਨਮੇ ਜਨਮੇ ਮਰੇ, ਮਾਨਸ ਦੇਹੀ ਮਾਤ ਹਰੇ, ਨਾ ਹੋਏ ਸਹਾਏ ਕੋਇ । ਜੋਤੀ ਜੋਤ ਸਰੂਪ ਹਰਿ, ਆਵਣ ਜਾਵਣ ਖੇਲ ਰਚਾਏ, ਅਗਲਾ ਪਿਛਲਾ ਲੇਖ ਲਿਖਾਏ, ਤ੍ਰੈ ਭਵਣ ਸੂਝ ਨਾ ਜਾਣੇ

੫੯੮
੦੪

ਕੋਇ । ਪਿਛਲਾ ਜਾਮਾ ਸੂਕਰ ਜਾਣ । ਵਿਸ਼ਟਾ ਮੁਖ ਅੰਧ ਅੰਧਿਆਨ । ਅੱਠੇ ਪਹਿਰ ਨੇਤਰ ਦੁੱਖ, ਨੈਣ ਮੂੰਧ ਮੂੰਧ ਮੂੰਧਾਨ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਕਰੇ ਪਛਾਣ । ਗੁਰ ਕਸਾਈ ਤੇਰਾ ਬਣਿਆ । ਸਿਰ ਛੁਰੀ ਚਲਾਈ, ਵੱਜਾ ਤੀਰ ਅਣੀਆ । ਨੇਤਰ ਨੀਰ ਮੁਖ ਦੁਹਾਈ, ਨਾ ਕੋਈ ਸਹਾਈ ਜਗਤ ਘਣਈਆ । ਝੂਠੀ ਦੇਹ ਮਾਤ ਤਜਾਈ, ਦੂਜਾ ਤਾਣਾ ਹਰਿ ਜੀ ਤਣਿਆ ।

✻ ੧੧ ਕੱਤਕ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਮਾਤਾ ਬਿਸ਼ਨ ਕੌਰ ਦੇ ਗ੍ਰਿਹ ✻

ਹਰਿ ਨਰ ਭੇਖ ਅਵੱਲੜਾ, ਚਲੇ ਚਾਲ ਨਿਰਾਲੀ । ਨੂਰ ਜੋਤੀ ਇਕ ਇਕੱਲੜਾ, ਚਾਰੋਂ ਕੰਨੀਆਂ ਰੱਖੇ ਖ਼ਾਲੀ । ਸਚ ਦਵਾਰਾ ਏਕਾ ਧਾਮ ਮਲੜਾ, ਸ਼ਬਦ ਰੱਖੇ ਭੰਡਾਰਾ ਆਤਮ ਜੋਤੀ ਨੂਰੀ ਪਲੜਾ, ਕਲਗੀਧਰ ਨਰ ਨਿਰੰਕਾਰਾ । ਗੁਰਮੁਖ ਆਤਮ ਦਰ ਦਵਾਰੇ ਅੱਗੇ ਖੱਲੜਾ, ਦੀਪਕ ਜੋਤੀ ਕਰ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਇਕ ਖੁਲ੍ਹਾਏ ਸੱਚਾ ਦਰ ਦਵਾਰਾ । ਦਰ ਦਵਾਰਾ ਦੇਵੇ ਖੋਲ੍ਹ । ਸੋਹੰ ਸ਼ਬਦ ਵਜਾਏ ਚਾਰ ਕੁੰਟ ਏਕਾ ਢੋਲ । ਆਪ ਉਠਾਏ ਰਾਓ ਰੰਕ ਸ਼ਾਹ ਸੁਲਤਾਨ, ਵਿਚ ਜਹਾਨ ਤੋਲੇ ਪੂਰੇ ਤੋਲ । ਜਨ ਭਗਤ ਲਗਾਏ ਆਤਮ ਤਨਕ, ਦਸਮ ਦਵਾਰੀ ਪ੍ਰਭ ਖੋਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਵਡਾ ਸ਼ਾਹੋ ਹਰਿ ਹਰਿ ਭੂਪ, ਸ਼ਬਦ ਸਰੂਪੀ ਰਿਹਾ ਬੋਲ । ਸ਼ਬਦ ਸਰੂਪੀ ਹਰਿ ਹੁਲਾਰਾ । ਚਾਰ ਕੁੰਟਾਂ ਇਕ ਜੈਕਾਰਾ । ਸੋਹੰ ਸ਼ਬਦ ਸਤਿਜੁਗ ਸਾਚੇ ਤੇਰੀ ਸਾਚੀ ਧਾਰਾ । ਆਦਿ ਅੰਤ ਜੁਗਾ ਜੁਗੰਤ, ਕਰੇ ਖੇਲ ਜਨ ਭਗਤ ਮੇਲ, ਦੇਵੇ ਦਰਸ ਅਗੰਮ ਅਪਾਰਾ । ਆਤਮ ਜੋਤੀ ਜਗੇ ਬਿਨ ਬਾਤੀ ਤੇਲ, ਨਿਰਮਲ ਸ਼ਬਦ ਪਵਣ ਹੁਲਾਰਾ । ਦਿਵਸ ਰੈਣ ਨਾ ਦੇਵੇ ਸਵਣ, ਵੇਖ ਵਖਾਣੇ ਅਵਣ ਗਵਣ ਤ੍ਰੈ ਭਵਨ, ਨੂਰੀ ਜੋਤ ਕਰ ਉਜਿਆਰਾ । ਧਾਰੇ ਭੇਖ ਜਿਉਂ ਬਲ ਬਵਨ, ਭਗਤਨ ਮੰਗੇ ਇਕ ਦਵਾਰਾ । ਕਵਣ ਸਵਣ ਹਰਿ ਜੋਤੀ ਰਵਣ, ਏਕਾ ਧਾਰ ਵਿਚ ਸੰਸਾਰਾ । ਵਿਚ ਸੰਸਾਰ ਸ਼ਬਦ ਅਪਾਰ, ਖੰਡਾ ਦੋ ਧਾਰਾ । ਪ੍ਰਗਟ ਜੋਤ ਹਰਿ ਨਿਰੰਕਾਰ ਵਿਚ ਸੰਸਾਰ ਪਾਵੇ ਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰ ਨਰਾਇਣ ਹਰਿ ਜਗਦੀਸ਼ ਹੈ । ਸ਼ਬਦ ਚਲਾਏ ਏਕਾ ਚੱਕੀ, ਸ੍ਰਿਸ਼ਟ ਸਬਾਈ ਰਹੀ ਪੀਸ ਹੈ । ਧਰਮ ਰਾਏ ਦਰ ਤੇਰੇ ਜਾਏ ਧੱਕੀ, ਲੇਖਾ ਚੁੱਕੇ ਲੱਖ ਚੁਰਾਸੀ ਬੀਸ ਇਕੀਸ ਹੈ । ਅੰਤਮ ਕਲਜੁਗ ਬੇਮੁਖਾਂ ਖੇਤੀ ਪੱਕੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰੇ ਨਰ ਹਰਿ ਸੱਚਾ ਜਗਦੀਸ਼ ਹੈ । ਏਕਾ ਜੋਤੀ ਸ਼ਬਦ ਜੈਕਾਰਾ । ਪ੍ਰਗਟ ਹੋਏ ਨਰ ਨਿਰੰਕਾਰਾ । ਸਾਚਾ ਦੇਵੇ ਮਾਣ ਤਾਣ, ਗੁਰਮੁਖਾਂ ਵਿਚ ਸੰਸਾਰਾ । ਸ਼ਬਦ ਉਠਾਏ ਖੰਡਾ ਦੋ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰਾ । ਕਲਜੁਗ ਕਾਲਾ ਵੇਸ, ਦਰ ਦਰਵੇਸ਼ ਹਰਿ । ਲੋਕਮਾਤ ਧਰ ਅਵਲੜਾ ਭੇਸ ਵੇਸ ਕਰ । ਭੁਲੇ ਨਰ ਨਰੇਸ਼ ਖੁਲ੍ਹੇ ਕੇਸ, ਦਵਾਰ ਨਾ ਕੋਈ ਜਾਣੇ ਪੰਡਤ ਬ੍ਰਹਿਮਣ, ਵੇਦ ਪੁਰਾਨ ਗੀਤਾ ਗਿਆਨ, ਅਠਾਰਾਂ ਧਿਆਏ ਖਾਣੀ ਬਾਣੀ ਕੁਰਾਨ ਅੰਜ਼ੀਲ ਅੰਜ਼ੀਲ ਕੁਰਾਨੀ ਸਾਰੇ ਰਹੇ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਪ੍ਰਗਟਾਏ । ਹਰਿ ਸਾਚੇ ਜੋਤ ਜਗਾਈਆ । ਚਾਰ ਕੁੰਟ ਪਏ ਦੁਹਾਈਆ । ਕਲਜੁਗ

ਤੇਰੀ ਅੰਤਮ ਵਰ, ਵਿਚ ਮਾਤ ਦੇ ਆਈਆ । ਪ੍ਰਭ ਅਬਿਨਾਸ਼ੀ ਸੋਲਾਂ ਕਰੇ ਤਨ ਸ਼ਿੰਗਾਰ, ਲੱਖ ਚੁਰਾਸੀ ਗਈ ਹਾਰ, ਸ਼ਬਦ ਬੰਨ੍ਹੇ ਸਾਚੀ ਧਾਰ,
ਸੋਹੰ ਡੰਡਾ ਹੱਥ ਉਠਾਈਆ । ਬੇਮੁਖਾਂ ਵੇਖ ਵਿਚਾਰ, ਸਾਧਾਂ ਸੰਤਾਂ ਪਾਵੇ ਸਾਰ ਹਰਿ ਨਿਰੰਕਾਰ, ਦੇਵੇ ਦਾਤ ਨਾਮ ਸੱਚੀ ਦਵਾਈਆ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੰਤਮ ਕਲ ਜੋਤ ਧਰ, ਕਰ ਕਰ ਵੇਸ ਮਾਝੇ ਦੇਸ ਖੁਲ੍ਹੜੇ ਕੇਸ ਰਾਜ ਰਾਜਾਨ ਸ਼ਾਹ
ਸੁਲਤਾਨ ਅੰਤਮ ਕਲ ਮੇਟ ਮਿਟਾਈਆ । ਸੱਚਾ ਹਰਿ ਰਾਜ ਰਾਜਾਨਾ । ਪ੍ਰਗਟ ਹੋਏ ਸ਼ਾਹ ਸੁਲਤਾਨਾ । ਫੜ ਫੜ ਮਾਰੇ ਬੇਈਮਾਨਾ । ਸ਼ਬਦ
ਖੰਡਾ ਹੱਥ ਉਠਾਇਆ, ਜੋਤ ਸਰੂਪੀ ਨੌਜਵਾਨਾ । ਵਡਾ ਸ਼ਾਹੋ ਹਰਿ ਭੂਪੀ, ਇਕ ਰਖਾਏ ਜਗਤ ਤਰਾਨਾ । ਸ੍ਰਿਸ਼ਟ ਸਬਾਈ ਹੋਈ ਅੰਧ ਕੂਪੀ,
ਭੁੱਲਿਆ ਨਾਮ ਇਕ ਗੁਣ ਨਿਧਾਨਾ । ਪ੍ਰਗਟ ਹੋਏ ਸਤਿ ਸਰੂਪੀ, ਜਗੇ ਜੋਤ ਇਕ ਮਹਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਡ ਦਾਤਾ
ਸੂਰਬੀਰ ਬਲੀ ਬਲਵਾਨਾ । ਵਡ ਦਾਤਾ ਸੂਰ ਹਰਿ ਬਲਕਾਰਿਆ । ਜਾਮਾ ਧਾਰੇ ਵਿਚ ਸੰਸਾਰ, ਕਲਜੁਗ ਅੰਤਮ ਵਾਰਿਆ । ਆਪ ਉਠਾਏ ਸੋਏ
ਭਗਤ ਸਾਧ ਸੰਤ, ਲਿਖਾਏ ਲੇਖ ਲਿਖਤ ਅਪਰ ਅਪਾਰਿਆ । ਸੋਹੰ ਸ਼ਬਦ ਵਾਕ ਭਵਿਖਤ, ਸਤਿਜੁਗ ਕਰੇ ਤੇਰੀ ਉਜਿਆਰਿਆ । ਮਹਾਰਾਜ
ਸ਼ੇਰ ਸਿੰਘ ਭੇਖਧਾਰੀ ਵਡ ਬਲਕਾਰੀ, ਸਾਚਾ ਭੇਵ ਚੁਕਾ ਰਿਹਾ । ਮੇਟ ਹੰਕਾਰੀ ਖੰਡਾ ਦੋ ਧਾਰੀ, ਮਿਟਾਏ ਚਾਰ ਯਾਰੀ, ਸਚ ਦੇਵੇ ਇਕ ਸਰਦਾਰੀ,
ਕਿਲ੍ਹੇ ਲਾਲ ਮਾਰ ਛਾਲ, ਸ਼ਬਦ ਦੇਵੇ ਇਕ ਦੁਸ਼ਾਲ, ਲੋਕਮਾਤ ਮਾਰ ਝਾਤ ਮਿਟਾਏ ਅੰਧੇਰੀ ਰਾਤ, ਸ਼ਬਦ ਪਾਏ ਗੁਰਸਿਖ ਤੇਰੀ ਝੋਲੀ ਸਾਚੀ ਦਾਤ,
ਨਾ ਕੋਈ ਪੁਛੇ ਜ਼ਾਤ ਪਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰੀ । ਕਲਜੁਗ ਕਾਲਾ ਵੇਸ ਕਾਲੀ ਸ਼ਾਹੀ ਹੈ । ਹਰਿ
੬੦੦ ੦੪ ਪ੍ਰਗਟ ਹੋਏ ਮਾਝੇ ਦੇਸ, ਲੱਖ ਚੁਰਾਸੀ ਪਾਏ ਫਾਹੀ ਹੈ । ਪਕੜ ਲਿਆਏ ਨਰ ਨਰੇਸ਼, ਦੋਵੇਂ ਬੰਨ੍ਹੇ ਬਾਹੀਂ ਹੈ । ਕਿਸੇ ਨਾ ਚਲੇ ਅੱਗੇ ਪੇਸ਼, ਚਾਰ ੬੦੦ ੦੪
ਕੁੰਟਾਂ ਦੇਣ ਦੁਹਾਈ ਹੈ । ਜੋਤੀ ਧਰਿਆ ਹਰਿ ਜੀ ਭੇਸ, ਵੇਖ ਵਖਾਣੇ ਥਾਉਂ ਥਾਈਂ ਹੈ । ਕਲਜੁਗ ਮਿਟਾਏ ਰੇਖ, ਸਤਿਜੁਗ ਦਏ ਵਡਿਆਈ
ਹੈ । ਆਪ ਮਿਟਾਏ ਔਲੀਏ ਪੀਰ ਸ਼ੇਖ਼, ਗੁਰਮੁਖਾਂ ਮਸਤਕ ਤਿਲਕ ਲਗਾਈ ਹੈ । ਆਤਮ ਬੈਠਾ ਦਰ ਦਰਵੇਸ਼, ਸਾਚੀ ਜੋਤ ਕਰੇ ਰੁਸ਼ਨਾਈ
ਹੈ । ਕਿਸੇ ਹੱਥ ਨਾ ਆਏ ਬ੍ਰਹਮਾ ਮਹੇਸ਼ ਗਣੇਸ਼, ਏਕਾ ਜੋਤੀ ਨੂਰ ਨੁਰਾਨੀ ਸ਼ਾਹ ਸੁਲਤਾਨੀ, ਆਵਣ ਜਾਵਣ ਖੇਲ ਰਚਾਈ ਹੈ । ਜੁਗਾ ਜੁਗੰਤ
ਚਲਾਏ ਸਾਚੀ ਬਾਣੀ ਦੋ ਜਹਾਨੀ, ਜਨ ਭਗਤਾਂ ਦਏ ਵਡਿਆਈ ਹੈ । ਸ੍ਰਿਸ਼ਟ ਸਬਾਈ ਅੰਤਮ ਆਈ ਹਾਨੀ, ਸ਼ਬਦ ਵੱਜੇ ਤੀਰ ਨਾਤਾ ਤੁਟੇ ਭੈਣਾਂ
ਭਾਈ ਹੈ । ਬੇਮੁਖਾਂ ਪ੍ਰਭ ਫੜ ਫੜ ਕੁੱਠੇ, ਰਸਨਾ ਤੀਰ ਏਕਾ ਛੁਟੇ, ਰਾਜ ਰਾਜਾਨਾ ਨਾ ਸਕੇ ਕੋਈ ਛੁਡਾਈ ਹੈ । ਕਲਜੁਗ ਜੜ੍ਹ ਆਪੇ ਪੁੱਟੇ,
ਜੀਵਾਂ ਜੰਤਾਂ ਭਾਗ ਨਿਖੁਟੇ, ਮਸਤਕ ਲੱਗੀ ਜੂਠੀ ਝੂਠੀ ਛਾਹੀ ਹੈ । ਗੁਰਮੁਖਾਂ ਦੇਵੇ ਸ਼ਬਦ ਝੂਟੇ, ਸਤਿਜੁਗ ਲਗਾਏ ਸਾਚੇ ਬੂਟੇ, ਤਨ ਸ਼ਿੰਗਾਰ
ਹਰਿ ਵਿਚਾਰ, ਸੋਲਾਂ ਤਣੀਆਂ ਚੋਲੀ ਪਾਈ ਹੈ । ਆਪ ਬਣਾਏ ਦਰ ਘਰ ਸਾਚੇ ਗੋਲੇ, ਜਨ ਭਗਤ ਉਠਾਏ ਕਾਇਆ ਡੋਲੀ ਆਤਮ ਪੜਦਾ ਰਿਹਾ
ਖੋਲ੍ਹੀ, ਸ਼ਬਦ ਸਰੂਪੀ ਆਤਮ ਬੋਲੀ, ਦੇਵੇ ਦਾਤ ਨਾਮ ਸੱਚੀ ਵਡਿਆਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ
ਨਰ, ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਮਾਰ ਝਾਤ, ਗੁਰਮੁਖ ਬਣਾਏ ਸਚ ਬਰਾਤ, ਲਾੜੀ ਮੌਤ ਲੱਖ ਚੁਰਾਸੀ ਬਣਾਏ ਨਾਤ, ਚੌਥੇ ਜੁਗ
ਚੌਥੀ ਵਾਰ ਏਕਾ ਗੇੜਾ ਦਏ ਦਵਾਈ ਹੈ । ਚੌਥੇ ਜੁਗ ਏਕਾ ਗੇੜਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਘਨਕਪੁਰ ਵਾਸੀ, ਆਪ ਮਿਟਾਏ ਝੂਠਾ

ਝੇੜਾ । ਧਰਮ ਰਾਏ ਦਰ ਕਰੇ ਦਾਸੀ ਮਦਿਰਾ ਮਾਸੀ, ਕਿਸੇ ਨਾ ਦਿਸੇ ਕਾਇਆ ਨਗਰ ਖੇੜਾ । ਮੌਤ ਲਾੜੀ ਖਿੜ ਖਿੜ ਹੱਸੇ, ਰਾਹ ਏਕਾ ਦੱਸੇ, ਅਠਾਈ ਕੁੰਡਾ ਖੁਲ੍ਹਾ ਵਿਹੜਾ । ਝੂਠੀ ਫਾਹੀ ਬੇਮੁਖ ਜੀਵ ਫਸੇ, ਨਾ ਕੋਈ ਕਰੇ ਨਿਬੇੜਾ । ਗੁਰਮੁਖਾਂ ਹਰਿ ਹਿਰਦੇ ਵਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਨ੍ਹੇ ਮਾਤ ਬੇੜਾ । ਓਅੰ ਅਕਾਰ ਅਕਾਰ ਅਕਾਰਾ । ਸ਼ਬਦ ਪਵਣ ਅਸਵਾਰ, ਪੁਰਖ ਅਪਾਰ ਸਾਚੀ ਧਾਰ, ਤ੍ਰੈ ਲੋਆਂ ਪਾਵੇ ਸਾਰਾ । ਵੇਖ ਵਖਾਣੇ ਦਿਵਸ ਰਾਤ, ਅੱਠੇ ਪਹਿਰ ਮਾਰ ਝਾਤ, ਬਾਰਾਂ ਮਾਸ ਘਰ ਘਰ ਵਾਸ, ਨਾ ਕੋਈ ਜਾਣੇ ਥਿਤ ਵਾਰਾ । ਪ੍ਰਗਟ ਜੋਤ ਘਨਕਪੁਰ ਵਾਸ, ਪੁਰਖ ਅਬਿਨਾਸ਼ ਸ਼ਾਹੋ ਸ਼ਾਬਾਸ਼, ਚਲਾਏ ਸ਼ਬਦ ਅਪਰ ਅਪਾਰਾ । ਮੇਲ ਮਿਲਾਏ ਤਟ ਬਿਆਸ, ਰਸਨਾ ਗਾਏ ਸਵਾਸ ਸਵਾਸ, ਮਿਲਿਆ ਕੰਤ ਹਰਿ ਪਿਆਰਾ । ਨਿਜ ਆਤਮ ਹੋਇਆ ਸੱਚਾ ਦਾਸ, ਕਾਇਆ ਜੋਤੀ ਜਗੀ ਪ੍ਰਭਾਸ, ਅੰਧ ਕੂਪ ਸਤਿ ਸਰੂਪ ਜੋਤ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਸਾਵਣ ਪਤਤ ਪਾਵਨ, ਸ਼ਬਦ ਦਿਤੀ ਸਾਚੀ ਧਾਰਾ । ਸ਼ਬਦ ਪਾਇਆ ਹਰਿ ਦਵਾਰ । ਮਿਲਿਆ ਮੇਲ ਹਰਿ ਨਿਰੰਕਾਰ । ਲੋਕਮਾਤੀ ਕਰ ਖੇਲ, ਸ਼ਬਦ ਚਲਾਉਣਾ ਤਿੱਖੀ ਧਾਰ । ਆਪੇ ਗੁਰ ਆਪੇ ਚੇਲ, ਕਰੇ ਕਰਾਏ ਆਪਣੀ ਕਾਰ । ਸੰਤ ਸਹਾਈ ਸੱਜਣ ਸੁਹੇਲ, ਜੁਗਾ ਜਗੰਤੀ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ, ਸਦਾ ਸਦਾ ਸਦਾ ਨਿਹਕਾਮੀ, ਕਰੇ ਖੇਲ ਅਪਰ ਅਪਾਰ । ਹੋਇਆ ਮੇਲ ਹਰਿ ਬਨਵਾਰ । ਚੁੱਕਿਆ ਭੇਵ ਦਸਮ ਦਵਾਰ । ਜਗਤ ਲੱਗੀ ਸਾਚੀ ਸੇਵ, ਸ਼ਬਦ ਵਰਤੌਣਾ ਵਿਚ ਸੰਸਾਰ । ਅੰਮ੍ਰਿਤ ਮੇਵ ਸਾਚਾ ਫਲ ਦਰ ਘਰ ਸਾਚੇ ਪਾਉਣਾ, ਲੱਗੇ ਫਲ ਕਾਇਆ ਡਾਰ । ਗੁਰਮੁਖ ਸੋਇਆ ਮਾਤ ਜਗਾਉਣਾ, ਸ਼ਬਦ ਫੁੰਕਾਰਾ ਦੇਣਾ ਮਾਰ । ਨਿਜ ਆਤਮ ਵਾਸ ਇਕ ਰਖਾਉਣਾ, ਸ਼ਬਦ ਘੋੜੇ ਰਾਸ ਉਠਾਉਣਾ, ਜੋਤੀ ਪਵਣ ਮਸਾਣ ਜਗਾਉਣਾ, ਸਤਿ ਸਰੂਪੀ ਦਰਸ ਦਿਖਾਉਣਾ, ਆਪੇ ਅੰਦਰ ਆਪੇ ਬਾਹਰ । ਦਰ ਘਰ ਸਾਚਾ ਇਕ ਵਖਾਉਣਾ, ਫੜ ਫੜ ਬਾਹੋਂ ਰਾਹੇ ਪਾਉਣਾ, ਕਾਇਆ ਮੰਦਰ ਦੀਪ ਜਗਾਉਣਾ, ਸ਼ਬਦ ਸੁਣਾਉਣਾ ਏਕਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਜੋਤ ਧਰ, ਵੇਲੇ ਅੰਤ ਭਗਤ ਭਗਵੰਤ ਪਾਏ ਸਾਚੀ ਸਾਰ । ਪਾਏ ਸਾਚੀ ਸਾਰ, ਸੁਰਤ ਸੰਭਾਲੀਆ । ਦੀਆ ਸ਼ਬਦ ਅਧਾਰ, ਆਤਮ ਜਗੀ ਜੋਤ ਨਿਰਾਲੀਆ । ਲੋਕਮਾਤ ਹੋਇਆ ਉਜਿਆਰ, ਸਾਚੀ ਘਾਲਣ ਏਕਾ ਘਾਲੀਆ । ਦੂਜੇ ਦਰ ਨਾ ਬਣਨਾ ਭਿਖਾਰ, ਮੰਗਿਆ ਏਕਾ ਵਰ ਬਣ ਸਵਾਲੀਆ । ਮਿਲਿਆ ਸ਼ਬਦ ਅਪਰ ਅਪਾਰ, ਮਸਤਕ ਚੜ੍ਹਿਆ ਰੰਗ ਗੁਲਾਲ ਗੁਲਾਲੀਆ । ਜਗੀ ਜੋਤ ਮੰਦਰ ਉਜਿਆਰ, ਮਿਟੇ ਅੰਧੇਰੀ ਰੈਣ ਘਟਾ ਕਾਲੀਆ । ਦਰ ਘਰ ਸਾਚੇ ਕੰਤ ਸੰਤ ਸੁਹੇਲੇ ਆਤਮ ਸੇਜਾ ਏਕਾ ਧਾਮ ਇਕੱਠੇ ਬਹਿਣ, ਚਲੇ ਚਾਲ ਜਗਤ ਨਿਰਾਲੀਆ । ਇਕ ਦੂਜੇ ਦੇ ਸੱਜਣ ਸਾਕ ਸੈਣ, ਇਕ ਗੁਰ ਇਕ ਬਨਵਾਲੀਆ । ਅੰਤਮ ਮੇਲ ਮਿਲਾਵਾ ਸਾਚਾ ਦਾਅਵਾ ਜਿਉਂ ਭਾਈ ਭੈਣ, ਰਾਹ ਦੱਸੇ ਇਕ ਸੁਖਾਲੀਆ । ਕਲਜੁਗ ਚੁਕਾਏ ਲਹਿਣ ਦੇਣ, ਪ੍ਰਭ ਸੂਸਾ ਲਾਹੇ ਕਾਲੀਆ । ਗੁਰਮੁਖ ਸਾਚੇ ਸੰਤ ਜਨ ਦਰ ਘਰ ਸਾਚੇ ਹੋ ਇਕੱਠੇ ਬਹਿਣ, ਕਿਰਪਾ ਕਰੇ ਦੇਵੇ ਵਰੇ ਭੰਡਾਰੇ ਭਰੇ, ਪ੍ਰਭ ਅਬਿਨਾਸ਼ੀ ਮਸਤਕ ਗਗਨ ਦੀਪਕ ਜੋਤੀ ਧਰੇ ਸਾਚੀ ਥਾਲੀਆ । ਹਰਿ ਕਾ ਧਾਮ ਅਗੰਮ, ਜੋਤ ਜਗਾਇੰਦਾ । ਹਰਿ ਕਾ ਧਾਮ ਅਗੰਮ, ਸ਼ਬਦ ਪਵਣ ਸੰਗ ਰਲਾਇੰਦਾ । ਹਰਿ ਕਾ ਧਾਮ ਅਗੰਮ, ਰੂਪ ਰੰਗ ਨਾ ਕੋਇ ਜਣਾਇੰਦਾ । ਹਰਿ ਕਾ ਰੂਪ ਅਗੰਮ, ਕੋਈ ਦਮ ਨਾ ਮੁੱਲ ਚੁਕਾਇੰਦਾ ।

੬੦੧
੦੪

ਹਰਿ ਕਾ ਰੂਪ ਅਗੰਮ, ਕਾਇਆ ਮੰਦਰ ਅੰਦਰ ਨਜ਼ਰੀ ਆਇੰਦਾ । ਹਰਿ ਕਾ ਧਾਮ ਅਗੰਮ, ਨੀਰ ਸੀਰ ਛੰਮ ਛੰਮ ਨਾ ਕੋਈ ਵਹਾਇੰਦਾ । ਹਰਿ ਕਾ ਰੂਪ ਅਗੰਮ, ਦੂਤ ਜਮ ਕੋਈ ਨਾ ਦਿਸ ਆਇੰਦਾ । ਹਰਿ ਕਾ ਧਾਮ ਅਗੰਮ, ਕੋਈ ਨਾ ਜਾਣੇ ਪ੍ਰਭ ਕਾ ਕੰਮ, ਕਿਹੜੀ ਬਣਤ ਬਣਾਇੰਦਾ । ਹਰਿ ਕਾ ਧਾਮ ਅਗੰਮ, ਤਿੰਨਾਂ ਲੋਆਂ ਬੈਠਾ ਧਾਰ ਬੰਨ੍ਹ, ਏਕਾ ਜਾਲ ਚਾਰੋਂ ਕੁੰਟ ਰਖਾਇੰਦਾ । ਏਕਾ ਸ਼ਬਦ ਸੁਣਾਏ ਕੰਨ, ਰਾਗ ਰੰਗ ਦਿਸ ਕਿਸੇ ਨਾ ਆਇੰਦਾ । ਹਰਿ ਕਾ ਧਾਮ ਅਗੰਮ, ਜੋਤੀ ਜੋਤ ਸਰੂਪ ਹਰਿ, ਏਕਾ ਜੋਤੀ ਸਾਚਾ ਨੂਰਾ ਵਡ ਭਰਪੂਰਾ, ਸਦਾ ਸਦਾ ਡਗਮਗਾਇੰਦਾ । ਹਰਿ ਕਾ ਧਾਮ ਅਟਲ, ਅਗੰਮ ਅਥਾਹ ਹੈ । ਹਰਿ ਕਾ ਧਾਮ ਅਟਲ, ਨਾ ਕੋਈ ਜਾਣੇ ਅੱਜ ਕਿ ਕੱਲ, ਨਾ ਕਿਸੇ ਦਮ ਵਸਾਹ ਹੈ । ਲੱਖ ਚੁਰਾਸੀ ਆਪ ਭੁਲਾਈ, ਖ਼ਾਕ ਰੁਲਾਈ ਕਰ ਵਲ ਛਲ, ਏਕਾ ਏਕ ਵਖਾਏ ਸੱਚਾ ਆਪਣਾ ਨਾਉਂ ਹੈ । ਗੁਰਮੁਖ ਜਗਾਏ ਥਾਉਂ ਥਾਈਂ ਪਕੜੇ ਬਾਹੀਂ, ਹੋਏ ਸਹਾਈ ਜਿਉਂ ਬਾਲਕ ਮਾਤਾ ਮਾਉਂ ਹੈ । ਚਰਨ ਦਵਾਰੇ ਸਚ ਘਰ ਬਾਹਰੇ ਵਿਚ ਸੰਸਾਰੇ ਕਲਜੁਗ ਤੇਰੀ ਅੰਤਮ ਵਾਰੇ, ਦੇਵੇ ਠੰਡੀ ਛਾਉਂ ਹੈ । ਪ੍ਰਭ ਅਬਿਨਾਸ਼ੀ ਜਾਮਾ ਧਾਰੇ ਘਟ ਘਟ ਵਾਸੀ, ਮੇਟ ਮਿਟਾਏ ਮਦਿਰਾ ਮਾਸੀ, ਦਰ ਦਰ ਘਰ ਘਰ ਉਡਦੇ ਕਾਉਂ ਹੈ । ਧਰਮ ਰਾਏ ਦਰ ਦੇਵੇ ਫਾਸੀ, ਪੰਡਤ ਪਾਂਧੇ ਬੈਠੇ ਕਾਂਸ਼ੀ, ਨਾ ਲੇਵੇ ਅੰਤ ਕੋਈ ਛੁਡਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੰਤਮ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਗੁਰਮੁਖਾਂ ਦੁਰਮਤ ਮੈਲ ਰਿਹਾ ਧੋਤ, ਲੋਕਮਾਤ ਕਰੇ ਰੁਸ਼ਨਾਈ ਹੈ । ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਤੇਰੀ ਅੰਤਮ ਵਾਰ ਘਨਕਪੁਰ ਵਾਸੀ ਜੋਤ ਮਾਤ ਜਗਾਈਆ । ਜਨ ਭਗਤਾਂ ਮੇਲ ਹਰਿ ਸੱਜਣ ਸੁਹੇਲ, ਸ਼ਬਦ ਡੋਰੀ ਕਾਇਆ ਨਾਲ ਬੰਧਾਈਆ । ਕਲਜੁਗ ਤੇਰੀ ਅੰਧ ਘੋਰੀ, ਚਾਰੋਂ ਕੁੰਟ ਲੱਗੀ ਚੋਰੀ, ਪ੍ਰਭ ਅਬਿਨਾਸ਼ੀ ਘੱਟ ਘੱਟ ਵਾਸੀ ਗੁਰਮੁਖ ਸਾਚੇ ਤੇਰੀ ਆਤਮ ਜੋਤ ਜਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਸ਼ਬਦ ਚਲਾਏ ਸਾਚਾ ਹਲ, ਕਲਜੁਗ ਸਤਿਜੁਗ ਦੋਵੇਂ ਬੈਲ ਬਣਾਈਆ । ਕਲਜੁਗ ਸਤਿਜੁਗ ਆਏ ਦਵਾਰੇ । ਦੋਏ ਜੋੜ ਕਰਨ ਨਿਮਸਕਾਰੇ । ਕਲਜੁਗ ਰੋ ਰੋ ਧਾਹਾਂ ਮਾਰੇ । ਪ੍ਰਭ ਅਬਿਨਾਸ਼ੀ ਤੁੱਟੀ ਜੋੜ, ਲੱਖ ਚੁਰਾਸੀ ਹੋਏ ਖੁਆਰੇ । ਨਿਹਕਲੰਕੀ ਵੱਜਾ ਡੰਕ, ਪੰਚਮ ਜੇਠ ਚੜ੍ਹੇ ਸ਼ਬਦ ਘੋੜੇ । ਆਪ ਮਿਟਾਏ ਮਦਿਰਾ ਮਾਸੀ, ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚੇ ਦੇਵੇ ਵਰ, ਮੰਗਣ ਆਇਆ ਸਾਚੇ ਘਰ, ਸੂਰਾ ਜੋਧ ਜੋਧਾ ਆਤਮ ਬੋਧਾ, ਬੋਧ ਅਗਾਧਾ ਆਤਮ ਸਾਧਾ, ਵਿਚ ਬ੍ਰਹਿਮਾਦਾ ਸ਼ਬਦ ਅਨਾਦਾ, ਘਨਕ ਪੁਰ ਵਾਸੀ ਸਤਿਜੁਗ ਸਾਚੇ ਹੋ ਤਿਆਰ । ਸੋਲਾਂ ਕਲੀਆਂ ਕਰ ਤਨ ਸ਼ਿੰਗਾਰ । ਗੁਰਮੁਖ ਸਾਚੇ ਸੰਤ ਜਨਾਂ ਮੇਲ ਮਿਲਾਉਣੇ ਸ਼ਬਦ ਡੋਰ ਬੰਧਾਉਣੇ, ਚਾਰ ਕੁੰਟ ਦਹਿ ਦਿਸ਼ ਵਾਰੋ ਵਾਰ । ਪ੍ਰਭ ਅਬਿਨਾਸ਼ੀ ਹੱਥ ਫੜਾਉਣੇ, ਕਲਜੁਗ ਤੇਰੀ ਅੰਤਮ ਵਾਰ । ਸਾਚੇ ਧਾਮ ਪ੍ਰਭ ਆਪ ਬਹਾਉਣੇ, ਲੱਖ ਚੁਰਾਸੀ ਗੇੜ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਣ ਦਵਾਏ, ਲੋਕਮਾਤ ਜਨਮ ਦਵਾਏ, ਮਿਲੇ ਵਡਿਆਈ ਵਿਚ ਸੰਸਾਰ । ਸਤਿਜੁਗ ਸਾਚਾ ਮਾਤ ਧਰਾਇੰਦਾ । ਸ਼ਬਦ ਦੇਵੇ ਸਾਚੀ ਦਾਤ, ਸੋਹੰ ਝੋਲੀ ਹਰਿ ਭਰਾਇੰਦਾ । ਚਾਰ ਵਰਨ ਇਕ ਬਰਾਤ, ਸ਼ਬਦ ਲਾੜਾ ਸੰਗ ਰਖਾਇੰਦਾ । ਕਲਜੁਗ ਤੇਰੀ ਮਿਟੇ ਅੰਧੇਰੀ ਰਾਤ, ਸਤਾਰਾਂ ਹਾੜੀ ਪਿਛਾ ਅਗਾੜੀ ਹਰਿ ਲਿਖਾਇੰਦਾ । ਚਾਰੋਂ ਕੁੰਟ ਸ਼ਬਦ ਬਣਾਏ ਵਾੜੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਆਪਣੀ ਆਪ ਰਖਾਇੰਦਾ । ਸ਼ਬਦ ਵਾੜ ਦੇਵੇ ਕਰ । ਜਗਤ ਝੂਠਾ ਚੁਕੇ ਡਰ । ਸਤਾਰਾਂ ਹਾੜ ਦੇਵੇ ਵਰ ।

ਨੌਂ ਅਠਾਰਾਂ ਬਾਰਾਂ ਧਰ । ਮਾਨਸ ਦੇਹੀ ਹਰਿ ਭਗਤ ਸਨੇਹੀ ਆਸਾ ਮਨਸਾ ਪੂਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਬੰਦ ਖ਼ਲਾਸੀ ਆਵਣ ਜਾਣ ਜਾਣ ਆਵਣ ਪਤਤ ਪਾਵਨ ਭੇਖ ਬਾਵਨ ਰਾਮਾ ਰਾਵਣ, ਵੇਸ ਦਰਵੇਸ ਇਕ ਕਰ । ਗੁਰ ਕਾ ਧਾਮ ਗੁਰ ਗੁਰ ਦੇਵਾ । ਪੂਰਨ ਹੋਏ ਕਾਮ, ਮਨ ਤਨ ਰਸਨਾ ਜੋ ਜਨ ਕਰੇ ਸੇਵਾ । ਤਿੰਨ ਸੌ ਸਠ ਹਾਡੀ ਬਹੱਤਰ ਨਾੜੀ ਕਾਇਆ ਚਾਮ, ਲੱਗੇ ਫਲ ਅੰਮ੍ਰਿਤ ਸਾਚਾ ਮੇਵਾ । ਕੋਈ ਨਾ ਲੱਗੇ ਘਰ ਸਾਚੇ ਦਾਮ, ਮਸਤਕ ਬਣਿਆ ਵਡ ਧਨ ਧਨਈਆ ਲਾਉਣਾ ਕੌਸਤਕ ਥੇਵਾ । ਤੀਰ ਚਲਾਉਣਾ ਏਕਾ ਅਣੀਆ, ਰਸਨਾ ਖਿੱਚ ਕਮਾਨ ਸਾਚੀ ਜਿਹਵਾ । ਸਤਿਜੁਗ ਸਾਚੇ ਜਗਤ ਰਖਵਾਲੀ, ਭਗਤ ਕਿਰਪਾਲ ਭੇਵ ਚੁਕਾਉਣਾ, ਲੇਖ ਲਿਖਾਇਆ ਹਰਿਦਵਾਰ ਪਹਿਲੀ ਹਾੜ ਹਰਿ ਕਰਮ ਕਮਾਇਆ । ਬਹੱਤਰ ਨਾੜੀ ਜੋਤੀ ਜੋਤ ਗੁਰਸਿਖ ਦੇਹ ਸਮਾਇਆ । ਵੇਖ ਵਖਾਣੇ ਜੰਗਲ ਕਾਇਆ ਮੰਦਰ ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਸਰਬ ਰਹਾਇਆ । ਰਸਨਾ ਤੀਰ ਚਲਾਇਆ ਖਿੱਚ ਕਮਾਨ, ਸਾਚੇ ਚਿਲੇ ਭੇਵ ਅਭੇਵ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਵਿਚੋਲਾ ਇਕ ਰਖਾਇਆ । ਸ਼ਬਦ ਵਿਚੋਲਾ ਮਾਤ ਬਣਾਇਆ ਸੋਹੰ ਨਾਮ ਇਕ ਅਮੋਲਾ, ਪੂਰੇ ਤੋਲ ਹਰਿ ਜੀ ਤੋਲਾ, ਗੁਰਮੁਖ ਸਾਚੇ ਝੋਲੀ ਪਾਇਆ । ਲੱਗਾ ਭਾਗ ਕਾਇਆ ਡਾਲਾ, ਦਰ ਘਰ ਸਾਚੇ ਬਣਿਆ ਗੋਲਾ, ਰਸਨ ਰਸਾਇਣ ਕੰਚਨ ਸਵਰਨੀ ਦੇਹ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਗੁਰ ਸੂਰਾ ਚਰਨ ਸਰਨ ਸਰਨ ਚਰਨ ਏਕਾ ਧਾਮ ਰਖਾਇਆ । ਸ਼ਬਦ ਵਿਚੋਲਾ ਮਾਰੇ ਫੇਰੇ । ਕਲਜੁਗ ਅੰਤਮ ਆਇਆ ਘੇਰੇ । ਉਨੀਂ ਹਾੜੇ ਸਾਚੇ ਗੇੜੇ । ਪ੍ਰਭ ਅਬਿਨਾਸ਼ੀ ਭੇਖਾਧਾਰੀ ਨਰ ਨਿਰੰਕਾਰੀ, ਆਇਆ ਦਰ ਦਵਾਰੀ ਸਾਚੇ ਡੇਰੇ । ਸ਼ਬਦ ਘੋੜੇ ਕਰ ਅਸਵਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਪਾਏ ਘਰ ਸਾਚੇ ਸਾਰੇ । ਉਨੀਂ ਹਾੜੀ ਦਰ ਦਰਬਾਰ । ਵੇਖ ਵਖਾਣੇ ਸੱਚੀ ਸਰਕਾਰ । ਪੰਚਮ ਪੰਚਮ ਸ਼ਬਦ ਧੁਨ ਵਾਜੇ, ਰਾਗ ਰੰਗ ਰਤਨ ਅਪਾਰ । ਨੂਰੀ ਜੋਤ ਅਕਾਲੀ ਗਾਜੇ, ਇਕ ਕਰਾਏ ਜੈ ਜੈਕਾਰ । ਸਾਚੇ ਸਾਜਣ ਹਰਿ ਜੀ ਸਾਜੇ, ਵੇਖ ਵਖਾਣੇ ਕਲ ਅੰਤਮ ਵਾਰ । ਸ਼ਬਦ ਪਿਆਰੇ ਵਡ ਰਾਜਨ ਰਾਜੇ, ਕਰਨਾ ਸੱਚਾ ਇਕ ਪਿਆਰ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ । ਕਰੇ ਕਰਾਏ ਆਪਣੀ ਕਾਰ । ਓਅੰਕਾਰ ਅਕਾਰ ਧਰ ਰੂਪ ਅਪਾਰ । ਸਤਿ ਦਵਾਰ ਛੇਵਾਂ ਘਰ ਬਾਹਰ । ਪੰਚਮ ਸਰਦਾਰ ਖੋਲ੍ਹੇ ਬੰਦ ਕਵਾੜ । ਚੌਥੇ ਘਰ ਆਏ ਸੰਤ ਜਨਾਂ ਦਾ ਸਾਚਾ ਲਾੜ । ਜੋਤੀ ਜੋਤ ਸਰੂਪ ਹਰਿ, ਨਾ ਕੋਈ ਜਾਣੇ ਪਿਛਾ ਅਗਾੜ । ਚੌਥਾ ਘਰ ਕਵਣ ਦਵਾਰ । ਕਵਣ ਸ਼ਬਦ ਕਵਣ ਧੁਨੀ, ਕਵਣ ਮੁਖ ਕਵਣ ਧੁਨਕਾਰ । ਕਵਣ ਪਵਣ ਕਵਣ ਰਿਹਾ ਪੁਕਾਰ ਸੁਣੀ, ਕਵਣ ਰੂਪ ਰੇਖ ਰੰਗ ਕਵਣ ਰੱਖੇ ਸਾਚੀ ਧਾਰ । ਕਵਣ ਅੰਮ੍ਰਿਤ ਮੇਘ ਬਰਸੇ ਸਵਣ, ਸਾਧ ਸੰਤ ਜੀਵ ਜੰਤ ਸਾਚਾ ਕੰਤ ਕਾਇਆ ਕਰੇ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਕਵਣ ਦਵਾਰੇ ਆਏ, ਕਵਣ ਸਿੰਘਾਸਣ ਡੇਰਾ ਲਾਏ, ਚੌਥੇ ਘਰ ਸਚੇ ਦਰਬਾਰ । ਚੌਥਾ ਘਰ ਜੋ ਜਨ ਵਿਚਾਰੇ । ਸਚ ਸਿੰਘਾਸਣ ਲੇਖ ਅਪਾਰੇ । ਚਾਰ ਕੁੰਟ ਚਾਰ ਰੂਪ, ਰੰਗ ਰੇਖ ਭੇਖ ਨਿਆਰ, ਵੇਖ ਵੇਖ ਨਰ ਨਿਰੰਕਾਰੇ । ਜੋਤੀ ਜੋਤ ਸਰੂਪ ਹਰਿ, ਕਵਣ ਧਾਮਾਂ ਕਰੇ ਬਿਸਰਾਮਾ, ਕਵਣ ਕੂਟ ਰਿਹਾ ਝੂਟ, ਜੋਤੀ ਨੂਰ ਕਰੇ ਉਜਿਆਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਨਿਹਕਲੰਕ ਨਰਾਇਣ ਨਰ, ਅੰਤਮ ਕਲ ਜਾਮਾ ਧਾਰੇ । ਜਾਮਾ ਧਾਰ ਮਾਤ ਅਵਤਾਰਾ । ਨਿਹਕਲੰਕ

ਨਰ ਅਵਤਾਰ, ਪੰਚਮ ਜੇਠੀ ਸ਼ਬਦ ਅਸਵਾਰਾ । ਸ਼ਬਦ ਰੱਖੇ ਸਾਚੀ ਧਾਰ, ਕਲਜੁਗ ਸਤਿਜੁਗ ਪਾਵੇ ਸਾਰਾ । ਪੂਰਬ ਕਰਮ ਰਿਹਾ ਵਿਚਾਰ, ਲੱਖ ਚੁਰਾਸੀ ਜਾਨਣਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਜੋਤ ਲੋਕਮਾਤ ਕਰੇ ਉਜਿਆਰਾ । ਘਨਕ ਪੁਰ ਵਾਸ ਜੋਤੀ ਨੂਰ ਹਰਿ । ਵੇਖ ਵਖਾਣੇ ਸਰਬ, ਦਸ ਮਾਸ ਹਰਿ । ਸਰਬ ਕਲਾ ਭਰਪੂਰ ਹਰਿ । ਜੀਵ ਜੰਤ ਸਾਧ ਸੰਤ ਭਗਤ ਭਗਵੰਤ, ਨਿਜ ਆਤਮ ਰੱਖੇ ਵਾਸ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਸਾਧ ਸੰਤ ਭਗਤ ਭਗਵੰਤ ਆਤਮ ਰੱਖੇ ਵਾਸ ਹਰਿ । ਗੁਰਮੁਖ ਨਾਮ ਅਨਮੋਲ, ਜਗਤ ਅਨਤੋਲ ਹੈ । ਬਜ਼ਰ ਕਪਾਟੀ ਪ੍ਰਭ ਰਿਹਾ ਖੋਲ੍ਹ, ਵਸੇ ਸਦਾ ਕੋਲ ਹੈ । ਸਚ ਸੁਨੇਹੁੜਾ ਸ਼ਬਦ ਦੇਵੇ ਬੋਲ ਰੰਗੇ ਰੰਗ ਕਾਇਆ ਚੋਲ ਹੈ । ਸਦਾ ਸਹਾਈ ਅੰਗ ਸੰਗ, ਪੁਰਖ ਅਬਿਨਾਸ਼ੀ ਦਰ ਮੰਗੀ ਏਕਾ ਮੰਗ, ਸਾਚੇ ਸੰਤ ਪਿਆਰੇ । ਨਾਮ ਵਣਜਾਰੇ ਹਰਿ ਦੁਲਾਰੇ, ਸ੍ਰਿਸ਼ਟ ਸਬਾਈ ਰਹੀ ਅਨਭੋਲ ਹੈ । ਸ੍ਰਿਸ਼ਟ ਸਬਾਈ ਅਨਭੋਲ ਸੁੱਤੀ ਪੈਰ ਪਸਾਰ । ਧਰਮ ਰਾਏ ਦਰ ਘਰ ਸਾਚੇ ਦਏ ਬਹਾਏ, ਪ੍ਰਭ ਅਬਿਨਾਸ਼ੀ ਕੁੰਡਾ ਖੋਲ੍ਹ । ਅਠਾਈ ਕੁੰਡ ਖਾਲੀ, ਨਾ ਕੋਈ ਦਿਸੇ ਵਾਲੀ, ਲੱਖ ਚੁਰਾਸੀ ਕਰਨੀ ਚਾਲੀ, ਗੁਰਮੁਖ ਆਤਮ ਬਣਨਾ ਹਾਲੀ, ਆਤਮ ਸੋਹੰ ਬੀਜ ਬਿਜਾਉਣਾ ਸਾਚੇ ਚੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਰਾਮਾ ਕ੍ਰਿਸ਼ਨਾ ਅਵਤਾਰ ਨਰ, ਲੋਕਮਾਤੀ ਜੋਤ ਧਰ, ਗੁਰਮੁਖਾਂ ਪਰਦੇ ਦੇਵੇ ਖੋਲ੍ਹ ।



✻ ੧੧ ਕੱਤਕ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਤੋਂ ਸਤਿਗੁਰ ਗੁਰਚਰਨ ਸਿੰਘ ਨੂੰ ਤੀਸਰੀ ਵਾਰ ਸ਼ਬਦ ਭੇਜਿਆ ਗਿਆ ✻

ਤੀਜਾ ਲੇਖ ਹਰਿ ਲਿਖਾਇੰਦਾ, ਆਤਮ ਨੇਤਰ ਲੈਣਾ ਖੋਲ੍ਹ । ਦੂਈ ਦਵੈਤੀ ਪਰਦਾ ਲਾਹਿੰਦਾ, ਸਾਚਾ ਰੰਗ ਰੰਗੀਲਾ ਮਾਧਵ ਮਾਧ, ਕਾਲਾ ਚਿੱਟਾ ਸੂਹਾ ਨੀਲਾ, ਵੇਖ ਵਖਾਣੇ ਚਿੱਟਾ ਚੋਲ । ਅੰਤਮ ਕਲਜੁਗ ਕਰਨਾ ਹੀਲਾ, ਮਿਲਿਆ ਮਾਣ ਉਪਰ ਧੌਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦਰ ਦਵਾਰ ਬੰਕ, ਆਪ ਸੁਹਾਏ ਸਾਚੇ ਤੇਰੇ ਸਾਵਣ । ਸਾਵਣ ਸਿੰਘ ਜੋਤ ਉਜਿਆਰੀ । ਆਸ ਪਾਸ ਬਿਆਸ ਧਾਮ ਨਿਆਰੀ । ਸਿੰਘ ਚਰਨ ਸਾਚੀ ਸਰਨ, ਗੁਰ ਨੇਤਰ ਦੀਆ ਹਰਨ ਫਰਨ, ਖੋਲ੍ਹੇ ਆਪ ਵਡ ਪ੍ਰਤਾਪ, ਜਪਿਆ ਜਾਪ ਹਰਿ ਬਨਵਾਰੀ । ਕਲਜੁਗ ਅੰਤਮ ਫਲਿਆ ਪਾਪ, ਹਰਿ ਭੁਲਾਇਆ ਆਪਾ ਆਪ, ਪ੍ਰਗਟੇ ਜੋਤ ਨਿਹਕਲੰਕ ਨਰ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਸ਼ਬਦ ਘੋੜ, ਪਵਣ ਜੋਤ ਸਚ ਅਸਵਾਰੀ । ਚਿੱਟੇ ਅਸਵ ਆਸਣ ਲਾਇੰਦਾ । ਮਾਤ ਪਤਾਲ ਅਕਾਸ ਅਕਾਸਣ, ਚਾਰੇ ਕੁੰਟਾਂ ਹਰਿ ਦੁੜਾਇੰਦਾ । ਲੱਖ ਚੁਰਾਸੀ ਬੈਠ ਆਤਮ ਆਸਣ, ਵੇਖ ਵਿਚਾਰੇ ਪਾਵੇ ਸਾਰ, ਲੇਖ ਲਿਖਾਇੰਦਾ । ਕਲਜੁਗ ਅੰਤਮ ਆਈ ਹਾਰ, ਪ੍ਰਭ ਅਬਿਨਾਸ਼ੀ ਕੀਆ ਜੋਤ ਅਕਾਰ, ਸਾਧਾਂ ਸੰਤਾਂ ਗੁਰੂਆਂ ਪੀਰਾਂ, ਅੰਮ੍ਰਿਤ ਸੀਰਾ ਠੰਡੀ ਧਾਰਾ ਵਿਚ ਸੰਸਾਰਾ, ਸਾਚਾ ਨਾਮ ਏਕਾ ਜਾਮ ਪਿਲਾਇੰਦਾ । ਲੱਖ ਚੁਰਾਸੀ ਪੈਣੀ ਮਾਰਾ, ਮਾਨਸ ਦੇਹੀ ਆਈ ਹਾਰਾ, ਮਾਇਆ ਰੁਲੇ ਜੀਵ ਗਵਾਰਾ, ਪ੍ਰਭ ਅਬਿਨਾਸ਼ੀ ਭੁੱਲੇ ਨਿਹਕਲੰਕ ਨਰਾਇਣ ਨਰ, ਕੋਈ ਨਾ ਪਾਵੇ ਸਾਰ । ਅੰਤਮ ਕਲ ਨਾ ਕੋਈ ਪਾਏ ਮੁੱਲੇ, ਪਾਣੀ ਪਿਆ ਕਾਇਆ ਚੁਲ੍ਹੇ, ਬੁਝੇ ਜੋਤੀ ਅੱਗ ਅੰਗਿਆਰ । ਸਚ ਦਵਾਰਾ ਏਕਾ ਖੁਲ੍ਹੇ, ਪੂਰਾ ਤੋਲ ਏਕਾ

ਤੁਲੇ, ਸ਼ਬਦ ਨਿਸ਼ਾਨ ਏਕਾ ਝੁੱਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਗੁਰਚਰਨ ਸਿੰਘ ਸਰਨ ਇਕ
ਰਖਾਇਆ । ਰਾਜ ਦਵਾਰ ਬੰਕ ਮਾੜੀ ਮੰਡਲ ਕੂੜ ਪਸਾਰ, ਵਿਚ ਸੰਸਾਰ ਅੰਤ ਰਹਿਣ ਨਾ ਪਾਇਆ । ਤਨ ਸ਼ਿੰਗਾਰ ਜਗਤ ਵਿਹਾਰ, ਮਾਇਆ
ਧਾਰ ਸ਼ਬਦ ਕਟਾਰ ਸਾਚੀ ਤਨ ਰਖਾਇਆ । ਮਾਨਸ ਦੇਹੀ ਵੇਖ ਵਿਚਾਰ, ਆਤਮ ਜੋਤੀ ਕਰ ਉਜਿਆਰ, ਸ਼ਬਦ ਮਿਲੇ ਮਾਣਕ ਮੋਤੀ ਡੂੰਘੀ ਚੁੱਭੀ
ਮਾਰ, ਡੂੰਘੀ ਭਵਰ ਹਰਿ ਰਖਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ
ਘਨਕ ਅੰਤਮ ਕਲ ਜੋਤ ਜਗਾਇਆ । ਗੁਰਚਰਨ ਸਰਨ ਸਿੰਘ ਆਉਣਾ ਦੌੜ । ਕਲਜੁਗ ਅੰਤਮ ਵੇਲਾ ਪਾਪਾਂ ਰੀਠਾ ਹੋਇਆ ਕੌੜ । ਹਰਿ
ਏਕਾ ਦਿਸੇ ਸਾਚਾ ਸੱਜਣ ਸੁਹੇਲਾ, ਘਰ ਸਾਚੇ ਲੱਗਾ ਸ਼ਬਦ ਪੌੜ । ਪੰਚਮ ਜੇਠੀ ਲੱਗੇ ਸਾਚਾ ਮੇਲਾ, ਪ੍ਰਗਟ ਹੋਏ ਬ੍ਰਹਿਮਣ ਗੌੜ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸਤਿਗੁਰ ਸਾਚਾ ਅੰਤਮ ਵੇਲੇ ਜਾਏ ਬਹੁੜ । ਕਲਜੁਗ ਅੰਤਮ ਧਾਰ ਸਿੰਧ ਸਾਗਰਾ । ਪ੍ਰਭ ਚਰਨ ਛੁਹਾਏ
ਦਇਆ ਕਮਾਏ, ਅਸੂ ਸੱਤ ਦਿਆਲ ਬਾਗ਼ ਆਗਰਾ । ਸਤਿ ਸਵਾਮੀ ਹੁਕਮ ਸੁਣਾਏ, ਜੋਤ ਜਗਾਏ ਕਾਇਆ ਗਾਗਰਾ । ਸਾਚਾ ਸ਼ਬਦ ਮਰਦੰਗ
ਵਜਾਏ, ਜਿਉਂ ਕ੍ਰਿਸ਼ਨਾ ਦਮਾਮਾ ਦਵਾਪਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੋਤੀ ਜੋਤ ਸਰੂਪ ਹਰਿ, ਮਾਤ ਪਿਤ ਪਿਤ
ਮਾਤ ਬਾਪਰਾ । ਏਕਾ ਟੇਕ ਹਰਿ ਹਰਿ ਜਾਣ । ਚਰਨ ਕਵਲ ਕਰ ਸਾਚਾ ਹਿੱਤ, ਨੇਤਰ ਨੈਣ ਪੇਖ ਮੁੰਧਾਨ । ਅੰਮ੍ਰਿਤ ਕਾਇਆ ਆਪਣੀ ਸਿੰਚ,
੬੦੫ ਨਾ ਕੋਈ ਵੇਖੇ ਵਾਰ ਥਿਤ, ਲੱਖ ਚੁਰਾਸੀ ਗੋਰ ਮੜ੍ਹੀ ਮਸਾਣ । ਪੁਰਖ ਅਬਿਨਾਸ਼ੀ ਰਾਖੋ ਚਿਤ, ਜੋਤ ਪ੍ਰਗਟਾਏ ਨਿਤ ਨਵਿਤ, ਵਾਲੀ ਦੋ ਜਹਾਨ । ੬੦੫
੦੪ ਕਲਜੁਗ ਅੰਤਮ ਗੁਰਮੁਖ ਸਾਚੇ ਗਏ ਜਿੱਤ, ਜਿਨ੍ਹ ਮਿਲਿਆ ਮੇਲ ਹਰਿ ਭਗਵਾਨ । ਜੋਤ ਜਗਾਈ ਹਰਿ ਭਗਵਾਨਾ । ਜੋਤ ਸਰੂਪੀ ਖੇਲ ਮਹਾਨਾ । ੦੪
ਕਾਇਆ ਮੰਦਰ ਇਕ ਸੁਹਾਨਾ । ਗੁਰਮੁਖਾਂ ਬੰਨ੍ਹੇ ਸ਼ਬਦ ਗਾਨਾ । ਆਤਮ ਜੋਤੀ ਨੂਰੋ ਨੂਰ ਤੇਜ ਕੋਟਨ ਭਾਨਾ । ਨਾਮ ਰਤਨ ਸ਼ਬਦ ਸਰੂਰ ਸਿੰਘ
ਭਗਵਾਨ ਹਰਿ ਭਗਵਾਨ ਪਛਾਨਾ । ਸਰਬ ਕਲਾ ਆਪੇ ਭਰਪੂਰ ਦੇਵੇ ਦਾਨ ਗੁਣ ਨਿਧਾਨਾ । ਏਕਾ ਸਾਚੀ ਮਸਤਕ ਧੂੜ, ਜੋਤ ਸਰੂਪ ਹਰਿ ਅੰਤਮ
ਜੋਤੀ ਮੇਲ ਮਿਲਾਨਾ । ਸਚ ਘਰ ਚਾਰ ਦਰਬਾਨ । ਪੰਚਮ ਪੁਰਖ ਅਬਿਨਾਸ਼ ਘਟ ਘਟ ਵਾਸ ਚਤੁਰ ਸੁਜਾਨ । ਹਰਿ ਨਰ ਸੱਚਾ ਸ਼ਾਹੋ ਸ਼ਾਬਾਸ਼,
ਏਕਾ ਸ਼ਬਦ ਏਕਾ ਧੁਨੀ ਧੁਨਕਾਨ । ਨਿਜ ਘਰ ਆਤਮ ਰੱਖੇ ਵਾਸ, ਦੇਵੇ ਨਾਮ ਸੱਚਾ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ
ਦੁਲਾਰ ਗੁਰਮੁਖ ਵਿਚਾਰ । ਉਤਰੇ ਭੁੱਖ ਦਰਸ ਅਪਾਰ । ਮਾਨਸ ਦੇਹੀ ਮਿਲਿਆ ਵਰ, ਦਰ ਦਵਾਰ ਰਵੀਦਾਸ ਚੁਮਾਰ । ਦੂਜਾ ਬਣਿਆ ਭਗਤ
ਸਨੇਹੀ ਬਾਲਮੀਕ ਵਡ ਨੀਕਨ ਨੀਕਾ, ਮੰਗਿਆ ਵਰ ਦਰ ਭਿਖਾਰ । ਸਿੰਘ ਪ੍ਰੀਤਮ ਨਿਤ ਉਡੀਕਾਂ, ਖੜਾ ਰਹੇ ਸੱਚੇ ਸਚ ਦਰਬਾਰ । ਪ੍ਰਭ ਅਬਿਨਾਸ਼ੀ
ਪਾਈ ਇਕ ਤਰੀਕਾ, ਭੁਖ ਨੰਗ ਕਰੇ ਦੂਰ ਅਪਰ ਅਪਾਰ । ਆਪੇ ਜਾਣੇ ਰਸ ਮੀਠਾ ਫੀਕਾ, ਭਗਤ ਸੁਦਾਮੇ ਦਿਤਾ ਤਾਰ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਧਾਰ । ਹਰਿ ਆਪੇ ਕ੍ਰਿਸ਼ਨ ਮੁਰਾਰ, ਜਗਤ ਬਨਵਾਰਿਆ । ਜਨ ਆਇਆ ਦਰ ਦਵਾਰ, ਗਰੀਬ ਨਿਮਾਣਾ ਬਣ
ਭਿਖਾਰਿਆ । ਪ੍ਰਭ ਸਾਚਾ ਪਾਏ ਸਾਰ, ਵਿਚ ਸੰਸਾਰ ਬੰਨ੍ਹੇ ਧਾਰ ਨਾ ਆਏ ਹਾਰਿਆ । ਰੋਗ ਸੋਗ ਚਿੰਤ ਮਿਟਾਏ ਅੰਧ ਅੰਧਿਆਰ, ਨੇੜ ਨਾ
ਆਏ ਘਨਕਪੁਰ ਵਾਸੀ ਸੱਚੀ ਸਰਕਾਰਿਆ । ਸ਼ਬਦ ਦੇਵੇ ਸਾਚੀ ਧਾਰ, ਪਵਣ ਘੋੜਾ ਦਰ ਦਵਾਰੇ ਆਏ ਬਹੁੜਾ, ਕਰੇ ਸ਼ਬਦ ਅਸਵਾਰਿਆ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਮ ਸੁੱਕਾ ਕਰੇ ਹਰਿਆ ਕਾਇਆ ਚਾਮ, ਰੋਗ ਸੋਗ ਚਿੰਤ ਨਿਵਾਰਿਆ । ਆਤਮ ਸਹਿੰਸਾ ਦੁੱਖੜਾ ਦੂਰ । ਉਜਲ ਮੁਖੜਾ ਮਿਲੇ ਸਚ ਨੂਰੋ ਨੂਰ । ਸੁਫ਼ਲ ਕਰਾਏ ਮਾਤ ਕੁੱਖੜਾ, ਆਏ ਦਰ ਸੱਚੇ ਹਜ਼ੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲ ਰੋਗ ਸੋਗ ਮਿਟਾਇਆ ਵਜਾਏ ਨਾਦ ਅਨਾਹਤ ਸਾਚੀ ਤੂਰ । ਵੱਜੇ ਨਾਦ ਨਾਮ ਨਿਰਾਲਾ । ਆਦਿ ਜੁਗਾਦਿ ਹੋਏ ਰਖਵਾਲਾ । ਆਤਮ ਸਾਧਨ ਰਿਹਾ ਸਾਧ, ਸ਼ਬਦ ਪਾਏ ਤਨ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨੀ ਅੰਸ ਬੰਸ ਹੋਏ ਰਖਵਾਲਾ । ਅੰਸਾ ਬੰਸਾ ਕਾਹਨਾ ਕੰਸਾ ਹਰਿ ਸਹੰਸਾ, ਦੇਵੇ ਮਾਣ ਜਗਤ ਵਡਿਆਈ । ਝੂਠੀ ਮਾਇਆ ਜੋ ਜਨ ਫੰਸਾ, ਦਰ ਆਏ ਦਇਆ ਕਮਾਏ ਦੇਵੇ ਫੰਦ ਕਟਾਈ । ਆਪ ਬਣਾਏ ਸਾਚੀ ਅੰਸਾ, ਡੋਰ ਗੁਰ ਸੰਗਤ ਹੱਥ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣੀ ਕਿਰਪਾ ਦੇਵੇ ਕਰ, ਸਚ ਦਵਾਰ ਆਏ ਸੱਚੀ ਸਰਨਾਈ । ਕਿਰਪਾ ਕਰ ਹਰਿ ਅਬਿਨਾਸ਼ । ਹਰਿਜਨ ਹੋਏ ਦਾਸਨ ਦਾਸ । ਜੀਵ ਜੰਤ ਸਰਬ ਕਰ ਆਤਮ ਵਾਸ । ਮਾਇਆ ਪਾਈ, ਕਲ ਬੇਅੰਤ, ਸਚ ਸੁਚ ਗਈ ਵਿਨਾਸ । ਜੋਤੀ ਜੋਤ ਸਰੂਪ ਹਰਿ, ਕਲ ਕਲੇਸ਼ਾ ਦੂਰ ਕਰ, ਰੋਗ ਸੋਗ ਚਿੰਤ ਜਾਏ ਵਿਨਾਸ । ਘਰ ਘਰ ਮਾਰੇ ਅੱਠੇ ਪਹਿਰ ਖੁਆਰੇ । ਭੈਣਾਂ ਭਈਆ ਆਤਮ ਸਰਬ ਹੰਕਾਰੇ । ਝੂਠੀ ਚੜ੍ਹੇ ਮਾਤ ਨਈਆ, ਦੇਵੇ ਕਵਣ ਸਹਾਰੇ । ਏਕਾ ਬਣੇ ਹਰਿ ਸਾਚਾ ਸੱਜਣ ਸੈਣ ਸਈਆ, ਬੇੜਾ ਲਾਏ ਪਾਰ ਕਿਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਕਲੇਸ਼ ਮਾਇਆ ਰਾਣੀ ਝੂਠਾ ਵੇਸ ਕਰੇ ਦੂਰ ਦਵਾਰੇ ।

## ❋ ੧੨ ਕੱਤਕ ੨੦੧੧ ਬਿਕ੍ਰਮੀ ਆਤਮਾ ਸਿੰਘ ਦੇ ਗ੍ਰਿਹ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ❋

ਜਾਗ ਜਾਗ ਜੀਵ ਜਾਗ ਕਲ, ਅੰਤ ਕੰਤ ਸੰਤ ਅਮੋਲ ਨਰ । ਜਾਗ ਜਾਗ ਜੀਵ ਜਾਗ ਕਲ, ਮਿਲੇ ਸਤਿ ਨਾਮ ਅੰਤ ਕੰਤ ਸੁਹਾਗ ਮਾਤ ਸਚ ਦਰ । ਜਾਗ ਜਾਗ ਜੀਵ ਜਾਗ ਕਲ ਦੇਵ ਦੰਤ ਕਲ ਅੰਤ ਹੋਏ ਭਸਮੰਤ, ਉਡੇ ਕਾਗ ਘਰ ਘਰ । ਉਠ ਜੀਵ ਜਾਗ ਜਾਗ ਕਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ, ਚਾਰ ਵਰਨ ਇਕ ਸਰਨ ਖੋਲ੍ਹੇ ਇਕ ਸੱਚਾ ਦਰ । ਦਰ ਦਵਾਰਾ ਇਕ ਖੁਲ੍ਹਾਇੰਦਾ । ਸਾਚਾ ਰਾਹ ਇਕ ਵਖਾਇੰਦਾ । ਗੁਰਮੁਖਾਂ ਫੜੇ ਬਾਂਹ ਪਾਰ ਕਰਾਇੰਦਾ । ਦਰਗਹਿ ਸਾਚੀ ਦੇਵੇ ਸੱਚਾ ਥਾਨ, ਆਵਣ ਜਾਵਣ ਪਤਤ ਪਾਵਨ ਗੇੜਾ ਝੇੜਾ ਜਗਤ ਚੁਕਾਇੰਦਾ । ਅੰਮ੍ਰਿਤ ਮੇਘ ਬਰਸੇ ਸਾਵਣ, ਗੁਰਮੁਖ ਸਾਚੇ ਤੀਰਥ ਨ੍ਹਾਵਣ, ਦੁਰਮਤ ਮੈਲ ਪ੍ਰਭ ਗਵਾਇੰਦਾ । ਬੇਮੁਖ ਮਾਰੇ ਕਰ ਖਵਾਰੇ ਵਡ ਹੰਕਾਰੇ ਜਿਉਂ ਰਾਮਾ ਰਾਵਣਾ, ਸ਼ਬਦ ਖੰਡਾ ਹੱਥ ਉਠਾਇੰਦਾ । ਉਠ ਉਠ ਲਾਲ ਜਗਤ ਦਲਾਲ, ਸਿੰਘ ਸਾਵਣ ਪਕੜ ਦਾਮਨ, ਨਿਹਕਲੰਕੀ ਬਾਣਾ ਪਾਇੰਦਾ । ਨੇੜ ਨਾ ਆਏ ਕਾਮਨੀ ਕਾਮਨ, ਦਰਗਹਿ ਸਾਚੀ ਹੋਏ ਜਾਮਨ, ਸਾਚਾ ਲੜ ਅੱਗੇ ਖੜ੍ਹ ਹਰਿ ਹੱਥ ਫੜਾਇੰਦਾ । ਜਗੇ ਜੋਤ ਬਹੱਤਰ ਨੜ, ਕਾਇਆ ਦਿਸੇ ਝੂਠਾ ਧੜ, ਏਕਾ ਸ਼ਬਦ ਸੀਸ ਤਾਜ ਰਖਾਇੰਦਾ । ਮਾਇਆ ਵਹਿਣ ਝੂਠਾ ਹੜ੍ਹ, ਸ਼ਬਦ ਪੈਣਾ ਕਾੜ ਕਾੜ, ਅੱਠੇ ਪਹਿਰ ਰਿਹਾ ਲੜ, ਡੋਰਾਂ ਆਪਣੇ ਹੱਥ ਰਖਾਇੰਦਾ । ਅੰਤਮ ਕਲ ਜਾਣਾ ਝੜ, ਮਾਇਆ ਧਾਰੀ ਜਾਣੇ ਸੜ, ਗੁਰਮੁਖ ਸਾਚੇ ਸੰਤ ਜਨ, ਪੁਰਖ

੬੦੭
੦੪

ਅਬਿਨਾਸ਼ੀ ਹੋਏ ਰਾਸੀ ਬਾਹੋਂ ਲਏ ਫੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਸ ਵਟਾਇਆ, ਗੁਰੂਆਂ ਪੀਰਾਂ ਕਿਸੇ ਹੱਥ ਨਾ ਆਏ ਸੀਸ ਧੜ । ਸਿਰ ਧੜ ਨਾ ਦਿਸੇ ਸੀਸ । ਕਰੇ ਖੇਲ ਹਰਿ ਜਗਦੀਸ਼ । ਨਾ ਕੋਈ ਗੁਰ ਨਾ ਕੋਈ ਚੇਲ, ਸ੍ਰਿਸ਼ਟ ਸਬਾਈ ਜਾਏ ਪੀਸ । ਲੱਖ ਚੁਰਾਸੀ ਏਕਾ ਸਾਚਾ ਸੱਜਣ ਸੁਹੇਲ, ਜਗਤ ਦੇਵੇ ਮਾਣ ਤਾਣ, ਕਵਣ ਕਰੇ ਹਰਿ ਤੇਰੀ ਰੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਫੜ ਚਰਨ ਨਿਵਾਏ, ਸ਼ਬਦ ਡੰਡਾ ਸੀਸ ਲਗਾਏ, ਇਕ ਅਕਾਰ ਜੋਤ ਧਰਾਏ, ਸੱਚੀ ਸਰਕਾਰ ਆਪ ਅਖਵਾਏ, ਖੋਲ੍ਹੇ ਭੇਵ ਵਡ ਦੇਵੀ ਦੇਵ ਬੀਸ ਇਕੀਸ । ਸਤਿਗੁਰ ਸੋਏ ਸਾਚੇ ਜਾਗ । ਮਾਨਸ ਦੇਹੀ ਅੰਤ ਕਲ ਕਵਣ ਧੋਏ ਪਾਪਾਂ ਦਾਗ਼ । ਸਾਚੇ ਸ਼ਬਦ ਕਰ ਅਸਵਾਰੀ ਪਹਿਲੀ ਵਾਰੀ, ਸੁਣ ਸ਼ਬਦ ਸਾਚਾ ਰਾਗ । ਨਿਹਕਲੰਕ ਕਲ ਜੋਤ ਧਾਰੀ ਵਡ ਸੰਸਾਰੀ, ਜਾਮਾ ਧਾਰੀ ਭੇਖ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰੀ । ਜਗਤ ਗੁਰ ਜਾਗੇ ਜਨ ਭਗਤ ਜਗਾਇੰਦਾ । ਜਗਤ ਗੁਰ ਜਾਗੇ, ਸਚ ਸ਼ਬਦ ਨਾਮ ਦ੍ਰਿੜਾਇੰਦਾ । ਜਗਤ ਗੁਰ ਜਾਗੇ, ਕਲਜੁਗ ਜੀਆਂ ਭੁੱਲਿਆਂ ਫੜ ਫੜ ਰਾਹੇ ਪਾਇੰਦਾ । ਜਗਤ ਗੁਰ ਜਾਗੇ, ਮਾਇਆ ਮਮਤਾ ਲੋਭ ਮੋਹ ਚੁਕਾਇੰਦਾ । ਸਤਿਗੁਰ ਸਾਚਾ ਜਾਗੇ ਮਾਤਲੋਕ ਪੂਰੇ ਤੋਲ ਤੁਲਿਆ, ਸਾਚਾ ਦਰ ਦਵਾਰਾ ਇਕ ਖੁਲ੍ਹਾਇੰਦਾ । ਸਤਿਗੁਰ ਸਾਚਾ ਜਾਗੇ, ਗੁਰਮੁਖਾਂ ਕਾਇਆ ਲਾਏ ਭਾਗੇ ਦੇਵੇ ਨਾਮ ਦਾਤ, ਨਾ ਮੁੱਲ ਕੋਈ ਰਖਾਇੰਦਾ । ਕਲਜੁਗ ਆਈ ਅੰਧੇਰੀ ਰਾਤ, ਕੋਈ ਨਾ ਪੁੱਛੇ ਵਾਤ, ਸਤਿਗੁਰ ਪੂਰਾ ਦਇਆ ਕਮਾਇੰਦਾ । ਨੇਤਰ ਖੋਲ੍ਹ ਮਾਰ ਝਾਤ, ਗੁਰ ਗੋਬਿੰਦ ਗੋਬਿੰਦ ਗੋਬਿੰਦ ਮਾਤ ਜੋਤ ਪ੍ਰਗਟਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਤ, ਸਿੰਘ ਸਾਵਣ ਦਰਸ ਦਿਖਾਇੰਦਾ । ਧੁਰਦਰਗਾਹੀ ਦੇਵੇ ਸਾਚੀ ਦਾਤ, ਤਨ ਮੰਦਰ ਵਿਚ ਬਹਾਇੰਦਾ । ਬੈਠਾ ਰਹੇ ਸਦਾ ਇਕ ਇਕਾਂਤ, ਸੁਨ ਸਮਾਧ ਆਸਣ ਬਾਸਣ, ਤਾੜੀ ਵਾੜੀ ਨੈਣ ਉਘਾੜੀ, ਨਾ ਨੇਤਰ ਬੰਦ ਕਰਾਇੰਦਾ । ਮਾਨਸ ਦੇਹੀ ਅੰਤਮ ਹਾਰੀ, ਨਾ ਕੋਈ ਥਿਰ ਰਹਾਇੰਦਾ । ਏਕਾ ਜੋਤ ਨਰ ਨਿਰੰਕਾਰੀ, ਜਗਤ ਗੁਰ ਥਾਪਨ ਥਾਪ ਆਪੇ ਆਪ, ਮਾਣ ਤਾਣ ਦਵਾਇੰਦਾ । ਏਕਾ ਰੱਖੇ ਆਪਣਾ ਵਡ ਪ੍ਰਤਾਪ, ਦੂਸਰ ਕੋਈ ਦਿਸ ਨਾ ਆਇੰਦਾ । ਕਲਜੁਗ ਅੰਤਮ ਪਾਪ ਗਿਆ ਕਾਂਪ, ਸਤਿਗੁਰ ਪੂਰਾ ਬੇੜਾ ਬੰਨ੍ਹੇ ਲਾਇੰਦਾ । ਏਕਾ ਦੱਸ ਘਰ ਸਾਚੇ ਜਾਪ, ਬੰਦ ਕਵਾੜਾ ਕਾਇਆ ਮੰਦਰ ਅੰਦਰ ਗੁਰ ਖੁਲ੍ਹਾਇੰਦਾ । ਕਾਇਆ ਮਾਟੀ ਭਾਂਡਾ ਕਾਚਾ, ਨੂਰੀ ਜੋਤੀ ਸ਼ਬਦ ਸਾਚਾ, ਆਵੇ ਜਾਵੇ ਦਿਸ ਕਿਸੇ ਨਾ ਆਇੰਦਾ । ਏਕਾ ਨਰ ਹਰਿ ਥਿਰ ਰਹਾਵੇ, ਤਿੰਨਾਂ ਲੋਆਂ ਜੀਆਂ ਜੰਤਾਂ ਸਾਧਾਂ ਸੰਤਾਂ, ਆਤਮ ਜੋਤੀ ਮਾਣਕ ਮੋਤੀ, ਮਸਤਕ ਗਗਨ ਜੋਤੀ, ਅਗਨ ਕਾਇਆ ਬ੍ਰਹਿਮੰਡ ਵਖਾਇੰਦਾ । ਸਤਿਗੁਰ ਪੂਰੇ ਕਰੋ ਵਿਚਾਰ ਵਿਚ ਸੰਸਾਰ, ਸ਼ਬਦ ਘੋੜੇ ਹੋ ਅਸਵਾਰ, ਨਿਹਕਲੰਕ ਨਰਾਇਣ ਨਰ, ਕਰੇ ਖ਼ਬਰਦਾਰ । ਦਰਸ ਪੇਖ ਤੀਜੇ ਨੈਣ, ਲੇਖ ਆਵੇ ਵਾਰੋ ਵਾਰ । ਮਿਲੇ ਮੇਲ ਸਾਚੇ ਸਾਜਨ ਸੈਣ, ਮੇਲ ਮਿਲਾਵਾ ਸਚ ਘਰ ਦਰ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਜਗਾਈ, ਪੁਰੀ ਘਨਕ ਵੱਜੀ ਵਧਾਈ, ਸ੍ਰਿਸ਼ਟ ਸਬਾਈ ਸਚ ਭਤਾਰ । ਸਚ ਭਤਾਰ ਸ਼ਬਦ ਸਵਾਮੀ । ਕਾਇਆ ਮੰਦਰ ਦਏ ਸੁਧਾਰ, ਪਹਿਲਾ ਕਰੇ ਸੱਚਾ ਵਾਰ, ਨਿਹਕਲੰਕ ਨਿਹਕਾਮੀ , ਅੰਤਮ ਆਉਣੀ ਕਲਜੁਗ ਹਾਰ, ਮੱਲਣਾ ਪਏ ਇਕ ਦਵਾਰ, ਕਿਸੇ ਨਾ ਪੱਲੇ ਦਿਸੇ ਦਾਮੀ । ਪ੍ਰਗਟ ਹੋਏ ਵਿਚ ਸੰਸਾਰ, ਪੁਰੀ ਘਨਕ ਜਾਮਾ ਧਾਰ, ਚਾਰ ਵਰਨ ਸਰਨ ਲਗਾਏ, ਰਾਓ ਰੰਕ ਰਾਜਾਨ ਸ਼ਾਹ

ਸੁਲਤਾਨ ਤਮਾਮੀ । ਸਤਿਗੁਰ ਪੂਰੇ ਜਗਤ ਗੁਰ ਦਾਤੇ, ਉਪਜੇ ਧੁਨ ਅਨਾਹਦ ਤੂਰੇ ਅੰਮ੍ਰਿਤ ਰਸ ਅਮਰ ਮਧ ਮਾਤੇ, ਨੇਤਰ ਵੇਖ ਵੇਖ ਵਖਾਨੀ । ਮਾਇਆ ਰਾਣੀ ਵਡ ਕਮਜਾਤੇ, ਅੰਤਮ ਮਿਲੇ ਨਾ ਕਿਸੇ ਪਾਣੀ । ਜਗੇ ਜੋਤ ਇਕ ਪੁਰਖ ਬਿਧਾਤੇ ਛੱਡਣੇ ਪੈਣੇ ਹਾਣੀਆਂ ਹਾਣੀ । ਨਿਹਕਲੰਕ ਦਰ ਸਾਚਾ ਖੋਲ੍ਹੇ ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਚੁਕਾਏ ਜਮ ਕੀ ਕਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪ੍ਰਗਟਾਏ, ਆਦਿ ਸ਼ਕਤ ਆਦਿ ਭਵਾਨੀ । ਸ਼ਬਦ ਫੂਲਨਹਾਰ ਤਨ ਸ਼ਿੰਗਾਰਿਆ । ਕਿਰਪਾ ਕਰ ਦਾਤਾਰ ਵਿਚ ਸੰਸਾਰ ਹੋਏ ਉਜਿਆਰਿਆ । ਇਕ ਵਖਾਏ ਸਚ ਦਰਬਾਰ, ਨਰ ਹਰਿ ਸੱਚੀ ਸਰਕਾਰ, ਊਚ ਨੀਚ ਭੇਵ ਨਿਵਾਰਿਆ । ਜਨਮ ਕਰਮ ਧਰਮ ਵੇਖ, ਲੋਚਨ ਨੈਣ ਨੇਤਰ ਪੇਖ ਭਰਮ ਨਿਵਾਰਿਆ । ਸ਼ਬਦ ਲੱਗੇ ਸਾਚੀ ਮੇਖ ਬਜ਼ਰ ਕਪਾਟੀ, ਖੁਲ੍ਹੀ ਸਾਚੀ ਹਾਟੀ ਵਣਜ ਵਣਜਾਰਿਆ । ਅੰਮ੍ਰਿਤ ਆਤਮ ਸਚ ਸਰੋਵਰ ਤੀਰਥ ਤਾਟੀ, ਅਠਸਠ ਫਿਰ ਫਿਰ ਥੱਕੇ ਸਾਧਾਂ ਸੰਤਾਂ ਕਾਇਆ ਚੋਲੀ ਪਾਟੀ, ਸ਼ਬਦ ਡੋਰ ਨਾ ਕੋਈ ਬੰਧਾ ਰਿਹਾ । ਕਰ ਕਰ ਖੇਲ ਨਾਟਕ ਨਾਟੀ, ਹੰਕਾਰ ਵਿਕਾਰ ਡੰਕ ਵਜਾ ਰਿਹਾ । ਦਰਸ ਦਰਸ ਦਰਸ ਗੁਰਦੇਵ ਨੇਤ ਸਾਚਾ ਲਾਹਾ ਮਾਤ ਖਾਟੀ, ਮਸਤਕ ਰੇਖ ਮੇਖ ਵੇਖ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਔਲੀਏ ਪੀਰ ਸ਼ੇਖ਼ ਏਕਾ ਧਾਰ ਵਿਚ ਸੰਸਾਰ ਵਹਾ ਰਿਹਾ । ਸ਼ਬਦ ਤੀਰ ਰਸਨ ਕਮਾਨ । ਖਿੱਚੇ ਹਰਿ ਬਲੀ ਬਲਵਾਨ । ਸਤਿਗੁਰ ਉਠੇ ਨੌਜਵਾਨ । ਮਾਇਆ ਮੂਧੇ ਹੋਣ ਠੂਠੇ, ਘਰ ਮੰਦਰ ਦਿਸੇ ਵੈਰਾਨ । ਸਾਕ ਸੰਬੰਧੀ ਸਾਰੇ ਝੂਠੇ, ਵੇਲੇ ਅੰਤ ਸਰਬ ਪਛਤਾਨ । ਪ੍ਰਭ ਅਬਿਨਾਸ਼ੀ ਏਕਾ ਤੁੱਠੇ, ਦੇਵੇ ਨਾਮ ਸ਼ਬਦ ਨਿਸ਼ਾਨ । ਪੰਜਾਂ ਚੋਰਾਂ ਫੜ ਫੜ ਕੁੱਠੇ, ਮੇਟ ਮਿਟਾਏ ਮਾਰ ਸ਼ੈਤਾਨ । ਗੁਰ ਗੁਰ ਗੁਰ ਗੁਰਮੁਖ ਸਾਚੇ ਰੁੱਠੇ, ਮੇਲ ਮਿਲਾਏ ਸ੍ਰੀ ਭਗਵਾਨ । ਅੰਤਮ ਰੱਖੇ ਏਕਾ ਮੁੱਠੇ, ਸਤਿਜੁਗ ਝੁੱਲੇ ਸੋਹੰ ਸੱਚਾ ਇਕ ਨਿਸ਼ਾਨ । ਨਿਹਕਲੰਕ ਕਲ ਜਾਮਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗਣ ਰੰਗ ਨਾਮ ਕੰਤ ਮੁਰਾਰਿਆ । ਜੁਗੋ ਜੁਗ ਕਾਇਆ ਕਾਲਾ ਚਾਮ, ਹੋਏ ਅੰਧ ਅੰਧਿਆਰਿਆ । ਅੰਤਮ ਕਿਸੇ ਨਾ ਆਉਣਾ ਕਾਮ, ਹੋਏ ਖੇਹ ਛਾਰ ਛਾਰਿਆ । ਕੋਈ ਨਾ ਮੰਗੇ ਕਿਸੇ ਦਾਮ, ਚਾਰੇ ਕੁੰਟਾਂ ਖੋਲ੍ਹ ਖੁਲ੍ਹਾ ਰਿਹਾ । ਗੁਰਮੁਖ ਸਾਚੇ ਇਕ ਪਿਆਏ ਅੰਮ੍ਰਿਤ ਜਾਮ, ਦੇਵੇ ਰਸ ਅਪਰ ਅਪਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗਣ ਨਾਮ ਇਕ ਚੜ੍ਹਾਇਆ, ਨਾ ਕੋਈ ਰੰਗੇ ਦੂਜੀ ਵਾਰਿਆ । ਰੰਗ ਰੰਗ ਰੰਗਣ ਲਾਲ । ਗੁਰਮੁਖਾਂ ਰੱਖੇ ਸੰਗ ਚਰਨ ਪ੍ਰੀਤੀ ਨਿਭੇ ਨਾਲ । ਜਗਤ ਤ੍ਰਿਸ਼ਨਾ ਮਿਟੇ ਭੁੱਖ ਨੰਗ, ਦਰਗਹਿ ਸਾਚੀ ਨਾ ਹੋਏ ਕੰਗਾਲ । ਪ੍ਰਭ ਅਬਿਨਾਸ਼ੀ ਸਦਾ ਅੰਗ ਸੰਗ, ਗੁਰਮੁਖ ਉਠਾਏ ਗੋਦੀ ਸਿੰਘ ਪਾਲ । ਗੁਰਚਰਨ ਸਿੰਘ ਉਠ ਆਤਮ ਬੋਧੀ ਮਾਤ ਸੁਰਤ ਸੰਭਾਲ । ਪ੍ਰਗਟ ਹੋਇਆ ਨਰ ਨਰਾਇਣਾ ਨਾ ਕੋਈ ਵਰਨ ਨਾ ਕੋਈ ਗੋਤੀ, ਨੂਰੀ ਨੂਰ ਨਾ ਕੋਈ ਜਾਣੇ ਜਲਾਲ । ਆਪ ਗੁੰਦਾਏ ਏਕਾ ਲੜੀ ਗੁਰਮੁਖ ਸਾਚੇ ਮਾਣਕ ਮੋਤੀ, ਗਲ ਲਟਕਾਏ ਸੁਰਤ ਸੰਭਾਲ । ਪੁਰੀਆਂ ਲੋਆਂ ਏਕਾ ਜੋਤੀ, ਗੁਰੂਆਂ ਪੀਰਾਂ ਰਿਹਾ ਬਾਲ । ਕਾਇਆ ਮੰਦਰ ਆਤਮ ਜੋਤੀ, ਸ਼ਬਦ ਡੰਡਾ ਰਿਹਾ ਉਠਾਲ । ਕਲਜੁਗ ਅੰਤਮ ਆਇਆ ਕੰਢਾ, ਤਟ ਬਿਆਸਾ ਹੋਣਾ ਠੰਡਾ, ਪੱਲੇ ਕਿਸੇ ਨਾ ਦਿਸੇ ਧਨ ਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਲੇ ਅਵਲੜੀ ਇਕ ਜਗਤ ਚਾਲ । ਹਰਿ ਚਰਨ ਸਚ ਸਰਨਾਈ । ਖੁਲ੍ਹੇ ਹਰਨ ਫਰਨ ਚੁੱਕੇ ਮਰਨ ਡਰਨ, ਪ੍ਰਭ ਦਇਆ ਕਮਾਈ । ਕਰੇ ਖੇਲ ਹਰਿ ਕਰਨੀ ਕਰਨ, ਲੇਖਾ ਅਗਣਤ ਨਾ ਗਣਿਆ ਜਾਈ । ਹਰਿ ਦਰ ਮਿਲੇ ਵਰ ਸੱਚੇ ਘਰ,

੬੦੮
੦੪

੬੦੯
੦੪

ਜਨ ਪੜੇ ਸੱਚੀ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨਾਤਾ ਤੋੜ ਵਿਛੋੜ, ਸ਼ਬਦ ਘੋੜੇ ਦਏ ਚੜ੍ਹਾਈ । ਰੋਗ ਸੋਗ ਚਿੰਤਾ ਦੁੱਖ ਸੁਖ ਮੁਖ ਪ੍ਰਭ ਚਰਨ ਆਏ ਦਰ । ਆਏ ਦਰ ਕਰੇ ਉਜਲ ਮੁਖ, ਸੁਫ਼ਲ ਹੋਏ ਮਾਤ ਕੁੱਖ, ਮਿਲੇ ਸੱਚਾ ਨਾਮ ਵਰ । ਮਾਤ ਗਰਭ ਉਲਟਾ ਰੁੱਖ, ਅੰਧ ਅੰਧੇਰ ਧੂੰਆਂ ਧੁਖ, ਜਪੇ ਸਵਾਸ ਸਵਾਸ ਹਰਿ । ਮਾਨਸ ਦੇਹੀ ਮਿਲੀ ਮਨੁੱਖ, ਲੱਖ ਚੁਰਾਸੀ ਸੁੱਖਣਾ ਸੁੱਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਵਖਾਏ ਸਚ ਦਰ । ਸੱਚਾ ਦਰ ਜਗਦੀਸ਼ ਮਾਤ ਵਖਾਇੰਦਾ । ਸ਼ਬਦ ਛਤਰ ਝੁਲਦਾ ਰਹੇ ਸੀਸ, ਗੁਰਮੁਖ ਸਾਇਆ ਹੇਠ ਰਖਾਇੰਦਾ । ਨਾ ਕੋਈ ਸੁਣਾਏ ਰਾਗ ਛਤੀਸ, ਏਕਾ ਸ਼ਬਦ ਤਨ ਵਸਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਚਰਨ ਸਰਨ ਆਏ ਪ੍ਰਭ ਬੇੜਾ ਪਾਰ ਕਰਾਇੰਦਾ । ਬੇੜਾ ਕਰੇ ਪਾਰ ਨਾ ਕੋਈ ਵੰਞ ਮੁਹਾਨਿਆ । ਡੂੰਘੀ ਭਵਰ ਕਲ ਸੰਸਾਰ ਡੁੱਬੇ ਰਾਜੇ ਰਾਨਿਆਂ । ਕੋਈ ਨਾ ਕਰੇ ਪਾਰ, ਬੇਮੁਖ ਹੋਏ ਜੀਵ ਬੇਮੁਹਾਨਿਆਂ । ਗੁਰਮੁਖ ਪਾਏ ਪ੍ਰਭ ਦਰ ਸਾਚਾ ਮਾਣ, ਹਰਿ ਦਰ ਸਾਚਾ ਰੰਗ ਜਿਸ ਜਨ ਮਾਨਿਆ । ਪੂਰਬ ਕਰਮ ਲਏ ਵਿਚਾਰ, ਸ਼ਬਦ ਕਰਾਏ ਤਨ ਸ਼ਿੰਗਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਧਰਮ ਸਿੰਘਾਸਣ ਹਰਿ ਬਿਰਾਜੇ । ਪ੍ਰਗਟਾਏ ਜੋਤ ਜੋਤ ਜੋਤ ਦੇਸ ਹਰਿ ਮਾਝੇ । ਜੋਤੀ ਸ਼ਬਦੀ ਸਾਚਾ ਭੇਸ ਨਾ ਕੋਈ ਪਛਾਣੇ ਰਾਜਨ ਰਾਜੇ । ਕਲਜੁਗ ਅਵਲੜਾ ਕੀਆ ਵੇਸ, ਸ਼ਬਦ ਤੁਰੰਗ ਚਿੱਟਾ ਰੰਗ, ਜੀਵ ਜੰਤ ਚਾਰ ਕੁੰਟ ਦਿਸਣ ਨੰਗ, ਨਾ ਕੋਈ ਰਖਾਏ ਕਿਸੇ ਲਾਜੇ । ਕਾਇਆ ਕਾਚੀ ਭੱਜੀ ਵੰਗ, ਘੜੇ ਭੰਨੇ ਜੋ ਜਨ ਸਾਜਨ ਸਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜਨ ਭਗਤਾਂ ਪੜਦੇ ਕਾਜੇ । ਪ੍ਰਗਟ ਹੋਏ ਨਰ ਅਵਤਾਰਾ । ਨਾ ਕੋਈ ਹਾਡੀ ਨਾ ਕੋਈ ਚੰਮ, ਨਾ ਕੋਈ ਪੱਲੇ ਦਿਸੇ ਦਮ, ਨਾਮ ਭਗਤੀ ਸਚ ਵਣਜਾਰਾ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਨਾ ਕੋਈ ਧੰਦਾ ਨਾ ਕੋਈ ਕੰਮ, ਨਾ ਪ੍ਰਭ ਅੰਧਾ ਨਾ ਨੀਰ ਵਹਾਏ ਛੰਮ ਛੰਮ, ਵੇਖੇ ਵਿਗਸੇ ਸਰਬ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਚਾਰ ਵਰਨ ਸਾਚੀ ਸਰਨ ਇਕ ਰਖਾਏ, ਸੱਚਾ ਮੰਦਰ ਅੰਦਰ ਗੁਰ ਦਰ ਦਵਾਰਾ । ਗੁਰ ਦਵਾਰਾ ਤਨ ਮੰਦਰ ਬਣਾਏ । ਸ਼ਬਦ ਸਾਚਾ ਬਖ਼ਸ਼ੇ ਅੰਦਰ, ਅਨਹਦ ਧੁਨ ਉਪਜਾਏ । ਜੋਤੀ ਨੂਰਾ ਦੇਵੇ ਡੂੰਘੀ ਕੰਦਰ, ਕਾਇਆ ਅੰਧੇਰ ਕਰੇ ਰੁਸ਼ਨਾਏ । ਤੋੜੇ ਵੱਜਾ ਤਨ ਮਨ ਹੰਕਾਰੀ ਜੰਦਰ, ਨਾਮ ਚਾਬੀ ਇਕੋ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੰਤਮ ਕਲ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸ਼ਬਦੀ ਮੇਲ ਮਿਲਾਏ । ਸ਼ਬਦ ਮੇਲ ਸ਼ਬਦ ਸੁਰਤ ਨਾਦ । ਸ਼ਬਦ ਜੋਤ ਅਕਾਲ ਮੂਰਤ, ਸ਼ਬਦ ਸ਼ਬਦ ਸ਼ਬਦ ਬ੍ਰਿਹਮਾਦ । ਸ਼ਬਦ ਦਾਦ ਨਾਮ ਤੂਰਤ, ਸ਼ਬਦ ਸ਼ਬਦ ਸ਼ਬਦ ਆਦਿ ਜੁਗਾਦਿ । ਸ਼ਬਦ ਆਸਾ ਮਨਸਾ ਪੂਰਤ, ਸ਼ਬਦ ਸ਼ਬਦ ਸ਼ਬਦ ਮੇਲ ਮਾਧਵ ਮਾਧ । ਸ਼ਬਦ ਨਾ ਜਾਣੇ ਨਾ ਵਖਾਣੇ ਕੋਈ ਰੰਗ ਰੂਪ ਸੂਰਤ, ਸ਼ਬਦ ਸ਼ਬਦ ਸ਼ਬਦ ਧੁਨ ਸਾਚੀ ਦਾਦ । ਸ਼ਬਦ ਮੇਲ ਸਾਚੀ ਜੋਤੀ ਨੂਰ ਨੂਰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਪਾਰ ਉਤਾਰੇ, ਅੰਤਮ ਕਲ ਸੰਤ ਸਾਧ । ਤਨ ਮੰਦਰ ਸ਼ਬਦ ਵਜੰਤਾ । ਵੱਸਿਆ ਨਗਰ ਖੇੜਾ, ਮੁਕਿਆ ਜਗਤ ਝੇੜਾ ਖੁਲ੍ਹਿਆ ਏਕਾ ਵਿਹੜਾ, ਦਰ ਘਰ ਸਾਚੇ ਮੇਲ ਸਾਚੇ ਕੰਤਾ । ਹੋਏ ਸੱਚੋ ਸਚ ਨਿਬੇੜਾ, ਮਿਟੇ ਮਾਤ ਚੁਰਾਸੀ ਗੇੜਾ, ਚਰਨ ਸਰਨ ਗੁਰ ਸਾਚੇ ਸੰਤਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਬੰਨ੍ਹੇ ਕਲਜੁਗ ਬੇੜਾ,

ਪੂਰਨ ਜੋਤ ਨਰ ਹਰ ਸ੍ਰੀ ਭਗਵੰਤਾ । ਨਰ ਹਰਿ ਭਗਤ ਭਗਵੰਤ ਪਤ ਪਤਵੰਤਾ । ਅੰਤਮ ਮੇਲ ਘਰ ਸਾਚੇ ਖੇਲ, ਦੀਪਕ ਜੋਤੀ ਬਿਨ ਜਗੇ ਤੇਲ, ਆਦਿ ਜੁਗਾਦੀ ਜੁਗਾਂ ਜੁਗੰਤਾ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਸਾਚਾ ਮੇਲ, ਬਣਤ ਬਣਾਏ ਮਾਨਸ ਜਨਮ ਦਵਾਏ ਦਏ ਵਡਿਆਈ ਜੀਵ ਜੰਤਾ । ਨਿਹਕਲੰਕ ਕਲ ਜੋਤ ਜਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਜੋਤ ਨੇੜ ਨਾ ਆਏ ਜਗਤ ਵਿਕਾਰ ਹਉਮੈ ਹੰਗਤਾ ।

### ✻ ੧੪ ਕੱਤਕ ੨੦੧੧ ਬਿਕ੍ਰਮੀ ਪਿੰਡ ਬੁੱਗੇ ਪ੍ਰੇਮ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✻

ਜਰਮ ਕਰਮ ਪ੍ਰਭ ਹੱਥ, ਲੱਖ ਚੁਰਾਸੀ ਆਪ ਉਪਾਇੰਦਾ । ਜਰਮ ਕਰਮ ਪ੍ਰਭ ਹੱਥ, ਜੀਆਂ ਜੰਤਾਂ ਮਾਤ ਉਪਜਾਇੰਦਾ । ਜਨਮ ਕਰਮ ਪ੍ਰਭ ਹੱਥ, ਦੇਵੇ ਸ਼ਬਦ ਸਵਾਸ ਪਵਣ ਸਚ ਦਾਤ ਝੋਲੀ ਪਾਇੰਦਾ । ਕਾਇਆ ਮੰਦਰ ਬਣੇ ਅੰਧੇਰੀ ਰਾਤ, ਦੀਪਕ ਨਾਮ ਇਕ ਟਿਕਾਇੰਦਾ । ਵਿਚ ਵਸੇ ਬੈਠ ਇਕਾਂਤ, ਦਿਸ ਕਿਸੇ ਨਾ ਆਇੰਦਾ । ਆਪੇ ਵੇਖੇ ਵੇਖ ਪਛਾਣੇ ਅੰਦਰ ਬਾਹਰ ਮਾਰ ਝਾਤ, ਆਪਣੇ ਭਾਣੇ ਸਦ ਸਮਾਇੰਦਾ । ਹਰਿ ਜਨ ਜੋੜੇ ਚਰਨ ਕਵਲ ਕਵਲ ਚਰਨ ਨਾਤ, ਉਪਰ ਧਵਲ ਮਾਣ ਰਖਾਇੰਦਾ । ਹਰਿਆ ਕਰੇ ਪ੍ਰਭ ਨਾਭ ਕਵਲ, ਅੰਮ੍ਰਿਤ ਬੂੰਦ ਮੁਖ ਚਵਾਇੰਦਾ । ਬਹੱਤਰ ਨਾੜੀ ਰਿਹਾ ਮਵਲ, ਜਨ ਕੋਇ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਜਰਮ ਕਰਮ ਆਪਣੇ ਹੱਥ ਰਖਾਇੰਦਾ । ਜਨਮ ਕਰਮ ਪ੍ਰਭ ਹੱਥ, ਡੋਰ ਬੰਧਾਈਆ । ਜਨਮ ਕਰਮ ਪ੍ਰਭ ਹੱਥ, ਪੰਜ ਤੱਤ ਪੰਜ ਚੋਰ ਏਕਾ ਥਾਂ ਵਸਾਈਆ । ਕਾਇਆ ਮੰਦਰ ਦਿਸੇ ਅੰਧ ਘੋਰ, ਜੀਵ ਜੰਤ ਸਾਧ ਸੰਤ ਰਹੇ ਸ਼ੋਰ ਮਚਾਈਆ । ਅੱਗੇ ਪਿੱਛੇ ਵਾਰੋ ਵਾਰੀ ਦੇਵੇ ਤੋਰ, ਨਾ ਕਿਸੇ ਭੇਵ ਜਣਾਈਆ । ਕੋਈ ਮੜ੍ਹੀ ਕੋਈ ਮਸਾਣੀ ਕੋਈ ਵਾਸ ਗੋਰ, ਜੋਤੀ ਆਪਣੀ ਆਪ ਸਮਾਈਆ । ਇਕ ਚੜ੍ਹਾਏ ਸ਼ਬਦ ਘੋੜ, ਗੁਰਮੁਖ ਸਾਚੇ ਸੇਵਾ ਲਾਈਆ । ਧੁਰਦਰਗਾਹੀ ਮਾਤ ਬਹੁੜ, ਲੱਖ ਚੁਰਾਸੀ ਗੇੜ ਕਟਾਈਆ । ਮਾਨਸ ਦੇਹੀ ਨਾ ਰਸ ਹੋਏ ਫੀਕਾ ਕੌੜ, ਅੰਮ੍ਰਿਤ ਫਲ ਦਰ ਘਰ ਸਾਚੇ ਇਕ ਏਕਾ ਵਾਰ ਲਗਾਈਆ । ਕਾਇਆ ਮਾਟੀ ਭਾਂਡੇ ਕਾਚੇ, ਪ੍ਰਭ ਅਬਿਨਾਸ਼ੀ ਸਾਚਾ ਵਾਚੇ, ਆਦਿ ਅੰਤ ਕੋਈ ਰਹਿਣ ਨਾ ਪਾਈਆ । ਕਾਇਆ ਬੰਦਰ ਜਗਤ ਨਾਚੇ ਡੋਰੀ ਹੱਥ ਕਲੰਦਰ, ਪੁਰਖ ਅਬਿਨਾਸ਼ੀ ਆਪ ਰਖਾਈਆ । ਕਰੇ ਲੇਖਾ ਅੰਦਰੇ ਅੰਦਰ, ਚਿਤਰ ਗੁਪਤ ਸਚ ਹਿਸਾਬ ਮੁਕਾਈਆ । ਨਾ ਕੋਈ ਦਿਸੇ ਉਚੇ ਟਿੱਲੇ ਗੋਰਖ ਮਛੰਦਰ, ਗੁਰੂਆਂ ਪੀਰਾਂ ਸਾਧਾਂ ਸੰਤਾਂ ਲਾੜੀ ਮੌਤ ਪ੍ਰਨਾਈਆ । ਦਰ ਘਰ ਸਾਚੇ ਪੁਰਖ ਅਬਿਨਾਸ਼ੀ ਤੋੜੇ ਜੰਦਰ, ਗੁਰਮੁਖ ਸਾਚੇ ਸੰਤ ਜਨਾਂ ਦਰ ਸਾਚੇ ਲਏ ਬਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਾਂ ਦੀਪਾਂ ਪਾਰ ਕਰ, ਸੱਤ ਅਕਾਸ਼ ਬਾਹਰ ਧਰ, ਸੱਤਵੇਂ ਦਿਨ ਸਤਿ ਸੰਤੋਖੀ ਸਾਚੇ ਧਾਮ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪ੍ਰੇਮ ਸਾਚਾ ਬਚਨ ਚੌਦਾਂ ਕਤਕ ਦਰ ਘਰ ਸਾਚੇ ਆਣ ਮਨਾਈਆ । ਆਦਿ ਅੰਤ ਜਗਤ ਕੁਛ ਨਾਹੀ । ਜੀਵ ਜੰਤ ਸਾਧ ਸੰਤ, ਬਿਨ ਹਰਿ ਸਾਚੇ ਕੰਤ ਸਰਬ ਪਛਤਾਈ । ਹਰਿਜਨ ਸਾਚੇ ਪ੍ਰਭ ਆਪ ਉਪਾਏ ਬਣਾਏ ਸਾਚੀ ਬਣਤ, ਮਾਨਸ ਜਨਮ ਲੋਕਮਾਤੀ ਮਾਰ ਝਾਤੀ, ਪੁਰਖ ਬਿਧਾਤੀ ਲੇਖੇ ਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਾਜਨ ਸਾਜੇ, ਗੁਰ ਗੋਬਿੰਦ ਗਰੀਬ ਨਿਵਾਜੇ ਦੂਸਰ ਕੋਈ ਜਾਣੇ ਨਾਹੀ । ਨੇਤਰਹੀਣ ਸ੍ਰਿਸ਼ਟ ਸਬਾਈ ਹਰਿ ਸੱਜਣ ਸਾਰ ਨਾ ਪਈਆ । ਗੁਰਮੁਖ ਸਾਚੇ

ਹਰਿ ਜਨ ਜਨ ਹਰਿ ਸੰਤ ਪਿਆਰੇ ਵਖ ਕੀਨ ਵਡ ਪ੍ਰਬੀਨ ਦਿਆਲ ਦੀਨ ਸਾਚੀ ਨਈਆ ਸ਼ਬਦ ਚੜ੍ਹਈਆ । ਸਾਚੀ ਨਈਆ ਹਰਿ ਚੜ੍ਹਾਇੰਦਾ । ਭੈਣਾਂ ਭਈਆ ਮਾਤ ਪਿਤ ਜਗਤ ਹਿਤ, ਨਾਤਾ ਸੁਤ ਤੁੜਾਇੰਦਾ । ਆਪੇ ਸੁਹਾਏ ਆਪਣੀ ਰੁੱਤ, ਪਾਰਬ੍ਰਹਮ ਅਬਿਨਾਸ਼ੀ ਅਚੁਤ, ਘਰ ਸਾਚੀ ਖਿੜੀ ਬਸੰਤ ਅੰਤ ਫੁੱਲ ਫੁਲਵਾੜੀ ਸੋਹਣੀ ਮਾਤ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਿੱਚੇ ਜੋਤ ਬਹੱਤਰ ਨਾੜੀ, ਕਾਇਆ ਮੰਦਰ ਨੀਂਹ ਉਸਾਰੀ, ਆਪੇ ਅੰਤਮ ਢਾਹਿੰਦਾ । ਆਪੇ ਢਾਹੇ ਹੋਏ ਜਨ ਢੇਰ । ਗੁਰਮੁਖ ਸਾਚੇ ਲੇਖੇ ਲਾਏ, ਮਾਤ ਗਰਭ ਨਾ ਆਏ ਦੂਜੀ ਵੇਰ । ਭਰਮ ਭੁਲੇਖੇ ਦੂਰ ਕਰਾਏ, ਸਤਿਗੁਰ ਸਾਚਾ ਨਾ ਕੋਈ ਵਖਾਏ ਸੰਝ ਸਵੇਰ । ਦਰ ਘਰ ਸਾਚੇ ਸਾਚਾ ਮਾਣ ਤਾਣ ਵਿਚ ਜਹਾਨ ਹਰਿ ਭਗਵਾਨ ਰਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜਮ ਕੀ ਫਾਸੀ ਦੂਰ ਕਰਾਏ ਨਾ ਲਾਏ ਦੇਰ । ਜਮ ਕਾ ਡਰ ਤੁੱਟਾ ਫਾਹ । ਮਿਲਿਆ ਸੱਚਾ ਹਰਿ, ਵਖਾਇਆ ਏਕਾ ਸਚਾ ਰਾਹ । ਖੁਲ੍ਹਾਇਆ ਸੱਚਾ ਦਰ, ਪਾਰ ਕਰਾਇਆ ਫੜ ਕੇ ਬਾਂਹ । ਲੋਕਮਾਤੀ ਜਾਏ ਮਰ, ਦਰਗਹਿ ਸਾਚੀ ਮਿਲਿਆ ਸੱਚਾ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਅਠਾਰਾਂ ਬਾਰਾਂ ਤੀਸ ਆਪ ਰਖਾਏ ਆਪਣੀ ਠੰਡੀ ਛਾਂ । ਨੌਂ ਅਠਾਰਾਂ ਬਾਰਾਂ ਤੀਸ । ਹੋਏ ਬੰਦ ਖ਼ਲਾਸੀ, ਪ੍ਰਭ ਚਰਨ ਦਾਸੀ, ਚਰਨ ਛੋਹੇ ਸੱਚਾ ਸੀਸ । ਮਿਲਿਆ ਸੱਚਾ ਸ਼ਾਹੋ ਸ਼ਾਹ ਸ਼ਾਬਾਸ਼ੀ । ਜੋਤੀ ਨੂਰ ਸ਼ਬਦ ਭਰਪੂਰ ਘਨਕਪੁਰ ਵਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਮਾਰ ਝਾਤ ਕਟੀ ਜਗਤ ਭੀੜ । ਲੇਖਾ ਲਿਖ ਲੇਖ ਜਗਤ ਚੁਕਾਇੰਦਾ । ਵੇਖ ਵੇਖ ਵੇਖ ਹਰਿਜਨ ਜਨ ਹਰਿ ਜੋਤੀ ਮੇਲ ਮਿਲਾਇੰਦਾ । ਮੇਟ ਮਿਟਾਏ ਲਿਖੀ ਰੇਖ ਧਾਰ ਭੇਖ, ਸਾਚਾ ਰਾਣਾ ਭਾਣਾ ਆਪਣੇ ਹੱਥ ਰਖਾਇੰਦਾ । ਨੇਤਰ ਨੈਣ ਲੋਚਨ ਦਰਸ ਲੈਣਾ ਪੇਖ, ਚਰਨ ਸੇਵ ਸਚ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦਰਬਾਰ, ਤਿੰਨਾਂ ਲੋਆਂ ਵਸੇ ਬਾਹਿਰ, ਗੁਰਮੁਖ ਫੁਲਵਾੜੀ ਸਾਚੀ ਆਪ ਲਗਾਇੰਦਾ । ਨੌਂ ਅਠਾਰਾਂ ਬੀਸ ਇਕੀਸ । ਲੇਖੇ ਲਾਏ ਹਰਿ ਜਗਦੀਸ਼ । ਦੇ ਮਤ ਰਿਹਾ ਸਮਝਾਏ, ਲੇਖਾ ਚੁੱਕੇ ਬਾਰਾਂ ਤੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਰਨ ਰਖਾਏ, ਚਰਨ ਛੁਹਾਇਆ ਸਾਚਾ ਸੀਸ ।

### * ੧੯ ਕੱਤਕ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਕਾਕਾ ਜਗਦੀਸ਼ ਸਿੰਘ ਦੇ ਜੋਤੀ ਜੋਤ ਸਮਾਣ ਦੇ ਨਵਿਤ *

ਏਕਾ ਜੋਤੀ ਜੋਤ ਅਕਾਲਾ । ਏਥੇ ਓਥੇ ਹੋਏ ਰਖਵਾਲਾ । ਗੁਰਮੁਖਾਂ ਤਨ ਪਹਿਨਾਏ, ਸੱਚਾ ਸ਼ਬਦ ਸੱਚਾ ਦੁਸ਼ਾਲਾ । ਆਪ ਆਪਣੀ ਸਰਨ ਰਖਾਏ, ਕਲਜੁਗ ਮਾਇਆ ਛਾਇਆ ਨਾ ਲੱਗੇ ਹੱਡੀਂ ਪਾਲਾ । ਲੱਖ ਚੁਰਾਸੀ ਡੰਨ ਲਗਾਏ, ਕਾਇਆ ਭਾਂਡਾ ਭੰਨ ਵਖਾਏ, ਆਪ ਬਹਾਏ ਸਾਚੇ ਘਰ ਸੱਚੀ ਧਰਮਸਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਸੰਗ ਰਲਾਏ, ਹੋਏ ਸਦਾ ਰਖਵਾਲਾ । ਆਪਣੇ ਸੰਗ ਆਪੇ ਰੱਖ । ਲੱਖ ਚੁਰਾਸੀ ਵਿਚੋਂ ਗੁਰਮੁਖ ਸਾਚਾ ਕੀਨਾ ਵਖ । ਜੀਵ ਜੰਤ ਜਗਤ ਗਵਾਰ ਕਰਨ ਹਾਹਾਕਾਰ, ਕੋਇ ਨਾ ਸਕੇ ਰੱਖ ਪ੍ਰਭ ਅਬਿਨਾਸ਼ੀ ਤੇਰੀ ਧਾਰ ਪਹਿਲੀ ਵਾਰ, ਕਲਜੁਗ ਉਡਦੇ ਦਿਸਣ ਕਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੇ ਘਰ ਬਹਾਏ ਸਰਨ ਲਗਾਏ, ਅੰਤਮ ਵੇਲੇ ਲਏ ਰੱਖ । ਗੁਰ ਜਾਗੇ ਗੁਰਮੁਖ ਜਗਾਇੰਦਾ । ਲੇਖ ਲਿਖਾਇਆ ਪ੍ਰਭ ਸਾਚੇ ਧੁਰ ਪ੍ਰਭ ਸਾਚਾ ਮੇਲ ਮਿਲਾਇੰਦਾ । ਚਰਨ

੬੧੨
੦੪

ਪ੍ਰੀਤੀ ਗਈ ਜੁੜ, ਮਾਨਸ ਦੇਹੀ ਲੇਖੇ ਲਾਇੰਦਾ । ਆਪ ਚੜ੍ਹਾਏ ਸ਼ਬਦ ਘੋੜ, ਤਿੰਨਾਂ ਲੋਆਂ ਪਾਰ ਕਰਾਇੰਦਾ । ਸਾਚੇ ਧਾਮ ਬਹਾਇੰਦਾ । ਸਾਚਾ ਧਾਮ ਹਰਿ ਅਪਾਰ । ਨਾ ਕੋਈ ਦਿਸੇ ਪਾਰ ਕਿਨਾਰ । ਘਰ ਘਰ ਬੈਠੇ ਕਰਨ ਵਿਚਾਰ, ਬੇਮੁਖਾਂ ਅੰਤਮ ਆਉਣੀ ਹਾਰ । ਗੁਰਮੁਖ ਸਾਚੇ ਸੰਤ ਜਨਾਂ ਮਿਲੇ ਜੋਤ ਹਰਿ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਕਰੇ ਖੇਲ ਅਪਰ ਅਪਾਰ । ਅਪਰ ਅਪਾਰ ਖੇਲ ਕਰਾਇੰਦਾ । ਸਾਚੀ ਧਾਰ ਜਗਤ ਚਲਾਇੰਦਾ । ਨਾ ਕੋਈ ਪਾਵੇ ਸਾਰ, ਗੁਰ ਗੋਬਿੰਦਾ ਵਡ ਮਰਗਿੰਦਾ, ਜੋਤ ਧਰ ਪ੍ਰਭ ਸਾਚਾ ਹਿੰਦ, ਗੁਰਮੁਖ ਸਾਚੇ ਬਿੰਦ ਤੇਰੀ ਲੇਖੇ ਲਾਇੰਦਾ । ਨਾ ਕੋਈ ਮਾਰੇ ਨਾ ਕੋਈ ਕੱਢੇ ਜਿੰਦ, । ਆਪਣਾ ਭਾਣਾ ਸਾਚਾ ਰਾਣਾ, ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੰਮ ਕੀ ਫਾਸੀ ਗਲੋਂ ਫਾਹ ਕਟਾਇੰਦਾ । ਜੰਮ ਕਾ ਫਾਹ ਦੇਵੇ ਕਟ । ਸਚ ਵਖਾਏ ਏਕਾ ਰਾਹ, ਸ਼ਬਦ ਪਹਿਨਾਏ ਸਾਚਾ ਪੱਟ । ਆਪੇ ਫੜੇ ਆਏ ਬਾਂਹ, ਕਰੇ ਖੇਲ ਝਟ ਪਟ । ਸਦਾ ਦੇਵੇ ਠੰਡੀ ਛਾਂ, ਗੁਰਮੁਖ ਲਾਹਾ ਲੈਣ ਖਟ । ਨਾ ਕੋਈ ਪਿਤਾ ਨਾ ਕੋਈ ਮਾਂ, ਪ੍ਰਭ ਅਬਿਨਾਸ਼ੀ ਜਗਤ ਖੁਲ੍ਹਾਇਆ ਝੂਠਾ ਹੱਟ । ਪ੍ਰਭ ਸਾਚੇ ਤੇਰਾ ਏਕਾ ਨਾਉਂ, ਲੱਖ ਚੁਰਾਸੀ ਖੇਲ ਬਾਜ਼ੀਗਰਨਟ । ਜਨ ਭਗਤ ਬਹਾਏ ਦਰ ਘਰ ਸਾਚੇ ਸਾਚੇ ਥਾਂਓ, ਦੂਈ ਦਵੈਤੀ ਮੇਲ ਫੱਟ । ਕੀਆ ਇਕ ਅਕਾਰ ਜੋਤ ਨਿਰੰਕਾਰਿਆ । ਲੋਕਮਾਤੀ ਕਰ ਵਿਚਾਰ, ਪੁਰਖ ਬਿਧਾਤੀ ਕਰੇ ਖੇਲ ਅਪਰ ਅਪਾਰਿਆ । ਬੇਮੁਖਾਂ ਦਿਸੇ ਕਲ ਅੰਧੇਰੀ ਰਾਤੀ, ਗੁਰਮੁਖਾਂ ਜੋਤ ਅਕਾਰਿਆ । ਜੀਵ ਜੰਤ ਸਾਧ ਸੰਤ ਚਾਰ ਕੁੰਟ ਵੇਖ ਮਾਰ ਝਾਤੀ, ਅੰਤਮ ਅੰਤ ਕਿਸੇ ਨਾ ਛੁਡਾ ਰਿਹਾ । ਜਨ ਭਗਤਾਂ ਦੇਵੇ ਅੰਮ੍ਰਿਤ ਬੂੰਦ ਸਵਾਂਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਪਿਤ ਜਗਦੀਸ਼ਰ, ਆਪਣੇ ਭਾਣੇ ਸਦ ਰਹਾ ਰਿਹਾ । ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਨਾ ਕੋਈ ਜਾਣੇ ਰਾਜਾ ਰਾਣਾ, ਸੁਘੜ ਸਿਆਣਾ ਭੇਵ ਨਾ ਪਾਇੰਦਾ । ਦਰ ਘਰ ਸਾਚੇ ਮਿਲੇ ਮਾਣਾ, ਆਪ ਬਿਠਾਏ ਸ਼ਬਦ ਬਬਾਣਾ, ਸਾਚੇ ਘਰ ਬਹਾਇੰਦਾ । ਏਕਾ ਦਰ ਹਰਿ ਵਖਾਣਾ, ਸਿੰਘ ਪਾਲ ਤੇਰੀ ਲਾਜ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਮਾਤ ਜਨਮ ਆਪੇ ਆਪ ਦਵਾਇੰਦਾ । ਲੋਕਮਾਤ ਹਰਿ ਜਨਮ ਦਵਾਏ । ਜਨਮ ਕਰਮ ਆਪਣੇ ਹੱਥ ਰਖਾਏ । ਮਾਤ ਪਿਤ ਭੈਣ ਭਾਈ ਸਾਕ ਸੱਜਣ ਸੈਣ ਝੂਠਾ ਭਰਮ ਕਾਇਆ ਚਰਮ ਕਿਸੇ ਕੰਮ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਤਮ ਜੋਤੀ ਮੇਲ ਆਪਣਾ ਆਪ ਕਰਾਏ । ਅੱਗੇ ਲਾਏ ਸਿੰਘ ਮਨਜੀਤ । ਸਾਧਾ ਸੰਤਾਂ ਆਪ ਵਖਾਈ ਸਾਚੀ ਰੀਤ । ਜੀਆਂ ਜੰਤਾਂ ਆਦਿਨ ਅੰਤਾ ਪੂਰਨ ਭਗਵੰਤਾ, ਵੇਖ ਵਖਾਣੇ ਹਰਿ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦੇਵੇ ਨਾਮ ਇਕ ਧਨਾਂ, ਸਾਚਾ ਰਾਗ ਸੁਣਾਏ ਕੰਨਾਂ, ਮਾਨਸ ਜਨਮ ਜਾਣਾ ਜਗ ਜੀਤ । ਮਨਜੀਤ ਵੱਜੀ ਵਧਾਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਇੰਦ ਇੰਦਰਾਸਣ ਦਏ ਬਹਾਈ । ਸਿੰਘ ਸਿੰਘਾਸਣ ਬੈਠਾ ਜਾਈ । ਕਰੋੜ ਤੇਤੀਸਾ, ਰਿਹਾ ਛਤਰ ਝੁਲਾਈ । ਆਈ ਵਾਰੀ ਜਗਤ ਜਗਦੀਸ਼ਾ, ਜਗਦੀਸ਼ ਸਿੰਘ ਪ੍ਰਭ ਸੇਵਾ ਲਾਈ । ਸਾਚੇ ਲੇਖੇ ਪ੍ਰਭ ਲਾਇਆ ਸੀਸਾ, ਜਟਾ ਜੂਟ ਧਾਰ ਸ਼ਿਵ ਸ਼ੰਕਰ ਕੱਢੇ ਬਾਹਰ, ਗੰਗਾ ਧਾਰ ਜਿਸ ਵਹਾਈ । ਲੋਆਂ ਪੁਰੀਆਂ ਪਾਵੇ ਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਖੇਲ ਹਰਿ ਜੋਤੀ ਮੇਲ ਆਪਣਾ ਆਪ ਕਰਾਈ । ਸਾਚਾ ਮੇਲ ਹਰਿ ਮਿਲਾਇਆ । ਧੁਰਦਰਗਾਹ ਸਚ ਦਵਾਰੇ ਸ਼ਬਦ ਚੜ੍ਹਾਏ ਸਾਚਾ ਤੇਲ । ਕਿਰਪਾ

ਕਰ ਹਰਿ ਨਿਰੰਕਾਰੇ, ਧਰਮ ਰਾਏ ਦੀ ਕਟੇ ਜੇਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਜੋਤੀ ਨੂਰਾ ਸਾਚਾ ਮੇਲ । ਪਹਿਲਾ ਮੇਲ ਹਰਿ ਮਿਲਾਇਆ । ਸਿੰਘ ਪਾਲ ਦਰ ਬਹਾਇਆ । ਦੀਨ ਦਿਆਲ ਵਡ ਕ੍ਰਿਪਾਲ, ਸਾਚੇ ਲੇਖੇ ਰਿਹਾ ਲਿਖਾਇਆ । ਇਕ ਲਗਾਏ ਸ਼ਬਦ ਛਾਲ, ਬ੍ਰਹਮ ਪੁਰੀ ਹਰਿ ਦਏ ਬਹਾਇਆ । ਚਵੀ ਚੇਤ ਵਸਿਆ ਕਾਇਆ ਖੇਤ, ਉਨੀਂ ਸੌ ਅਠਾਨਵੇਂ ਬਿਕ੍ਰਮੀ ਖੇਲ ਖਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਸਾਚੇ ਧਾਮ ਬਹਾਇਆ । ਦੂਜਾ ਕੀਆ ਹਰਿ ਵਿਚਾਰ । ਚੇਤ ਦਸ ਦਿਵਸ ਵਿਚਾਰ । ਖਾਣੀ ਬਾਣੀ ਬੋਧ ਅਗਾਧਾ, ਬਣੀ ਧਾਰ ਵਿਚ ਸੰਸਾਰ । ਪ੍ਰਭ ਅਬਿਨਾਸ਼ੀ ਵਡ ਜੋਧਨ ਜੋਧਾ, ਸ਼ਬਦ ਸ਼ਸਤਰ ਤਨ ਸ਼ਿੰਗਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟਾ ਬਾਲਾ ਜਗਤ ਜੰਜ਼ਾਲਾ । ਕਾਇਆ ਮੰਦਰ ਡੂੰਘੀ ਕੰਦਰ ਵਿਚ ਅੰਧ ਅੰਧਿਆਰ । ਤੀਜੇ ਖੇਲ ਹਰਿ ਵਰਤਾਈ । ਸਿੰਘ ਮਨਜੀਤ ਵਜੀ ਵਧਾਈ । ਸੇਜੇ ਆਇਆ ਚਾਈਂ ਚਾਈਂ । ਜਗਤ ਛੱਡੇ ਭੈਣਾਂ ਭਾਈ । ਜਨ ਭਗਤਾਂ ਸਾਚੇ ਸੰਤਾਂ ਆਤਮ ਲਡਾਏ ਸਾਚੇ ਲੱਡੇ, ਘਰ ਘਰ ਦਰ ਦਰ ਰਿਹਾ ਜਗਾਈ । ਸੁਤਾ ਕੋਈ ਨਾ ਛੱਡੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੇਖਾ ਆਪੇ ਜਾਣੇ, ਪੁਰੀ ਇੰਦਰ ਤਖ਼ਤ ਸੁਹਾਈ । ਸਿੰਘ ਮਨਜੀਤ ਸਚ ਪ੍ਰੀਤ, ਚਿਤਰ ਗੁਪਤ ਨਾ ਲੇਖਾ ਕੱਢੇ ਝੂਠਾ ਕਰੇ ਜਗਤ ਵਿਹਾਰਾ । ਕਲਜੁਗ ਤੇਰੀ ਅੰਤਮ ਵਾਰਾ । ਸਤਿਜੁਗ ਸਾਚੇ ਤੇਰੀ ਬੰਨ੍ਹੇ ਨਰ ਹਰਿ ਸਾਚੀ ਧਾਰਾ । ਆਪ ਉਠਾਏ ਬੇੜਾ ਆਪਣੇ ਕੰਨ੍ਹੇ, ਗੁਰਮੁਖ ਕਿਸੇ ਨਾ ਲੱਗੇ ਭਾਰਾ । ਗੁਰਮੁਖ ਬਹਾਏ ਸਾਚੇ ਘਰ ਨਾ ਛੱਪਰੀ ਨਾ ਛੰਨੇ, ਜਗੇ ਜੋਤ ਅਗੰਮ ਅਪਾਰਾ । ਜੋ ਘੜਿਆ ਪ੍ਰਭ ਸਾਚਾ ਭੰਨੇ, ਕਾਇਆ ਮਾਟੀ ਝੂਠੀ ਹਾਟੀ ਖੇਲ ਨਿਆਰਾ । ਬੇਮੁਖ ਜੀਵ ਕਲਜੁਗ ਅੰਨ੍ਹੇ, ਜੂਠਾ ਝੂਠਾ ਜਗਤ ਮੋਹ ਕਰਨ ਹਾਹਾਕਾਰਾ । ਗੁਰਮੁਖ ਮੈਲ ਪ੍ਰਭ ਦੁਰਮਤ ਧੋ, ਖਿੱਚ ਲਿਆਏ ਚਰਨ ਦਵਾਰਾ । ਸਿੰਘ ਜਗਦੀਸ਼ ਤੇਰੀ ਪ੍ਰਭ ਖ਼ੁਸ਼ੀ ਮਨਾਏ ਪੰਚਮ ਪੋਹ, ਬੈਠ ਪ੍ਰਭ ਇਕ ਚੁਬਾਰੇ । ਜੀਵ ਜੰਤ ਨਾ ਜਾਣੇ ਕੋ, ਕਰੇ ਖੇਲ ਹਰਿ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਜਨ ਭਗਤਾਂ ਸਾਰੇ । ਪਾਏ ਸਾਚੀ ਸਾਰ ਸੁਰਤ ਸੰਭਾਲਦਾ । ਜਨ ਜਾਏ ਵਾਰੋ ਵਾਰ, ਮੋਹ ਟੁੱਟੇ ਕਾਇਆ ਡਾਲ ਦਾ । ਗੁਰਮੁਖਾਂ ਤਨ ਪ੍ਰਭ ਕਰੇ ਸ਼ਬਦ ਸ਼ਿੰਗਾਰ, ਸਾਚੀ ਸੁਰਤ ਸੰਭਾਲਦਾ । ਸਾਚੀ ਪੁਰੀਆ ਬੰਨ੍ਹੇ ਧਾਰ, ਵੇਖ ਵਖਾਣੇ ਸਰਬ ਕੁਛ ਜਾਣੇ ਬੇੜਾ ਪਾਰ ਉਤਾਰਦਾ । ਆਉਣਾ ਜਾਣਾ ਰੰਗ ਭਗਵਾਨ, ਗੁਰਮੁਖ ਸਾਚਾ ਸਾਚੀ ਆਣ ਮਾਣੇ ਰੰਗ ਕਰਤਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਚੁੱਕੇ ਹੇਰਾ ਫੇਰਾ, ਰੰਗ ਸਾਚਾ ਘਰ ਸਾਚੇ ਸਦਾ ਸਦਾ ਮਾਣਦਾ । ਚੌਥਾ ਧਾਮ ਹਰਿ ਸਜਾਇਆ । ਜੋਤੀ ਰਾਮ ਜੋਤ ਜਗਾਇਆ । ਪੂਰਨ ਕਰੇ ਕਾਮ, ਪੜਦਾ ਉਹਲਾ ਨਾ ਕੋਈ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪੂਰਨ ਦਰ ਘਰ ਸਾਚੇ ਗੋਲਾ ਇਕ ਬਣਾਇਆ । ਇਕ ਗੁਰ ਗੋਬਿੰਦ ਗੋਪਾਲ । ਪਿਤਾ ਵਾਰੇ ਨਾਲ ਸਪੂਤ ਲਾਲ । ਮਰੇ ਨਾ ਜਨਮੇ ਜਨਮੇ ਨਾ ਮਰੇ, ਨਾ ਖਾਏ ਕਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਫਲ ਲਗਾਇਆ ਕਾਇਆ ਡਾਲ । ਗੁਰਮੁਖ ਤੇਰੀ ਫੁੱਲ ਫੁਲਵਾੜੀ । ਪੱਕਣਾ ਫਲ ਸਤਾਰਾਂ ਹਾੜੀ । ਗੁਰਮੁਖਾਂ ਲਾਜ ਰਖਾਏ ਦਇਆ ਕਮਾਏ, ਚਰਨ ਛੁਹਾਏ ਦਾਹੜੀ । ਗੁਰਮੁਖ ਸਾਚੇ ਲਏ ਉਠਾਏ, ਦਰਗਹਿ ਸਾਚੀ ਜਾਏ ਵਾੜੀ । ਸਿੰਘ ਪਾਲ ਤੇਰੀ ਝੋਲੀ ਪਾਏ, ਝੂਠੀ ਕਾਇਆ ਮਾਤ ਸਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਮੇਲ ਮਿਲਾਏ ਦਇਆ ਕਮਾਏ ਖਿੱਚੇ ਜੋਤ ਬਹੱਤਰ ਨਾੜੀ ।

ਬਹੱਤਰ ਨਾੜੀ ਤੁੱਟਾ ਨਾਤਾ । ਮਿਲਿਆ ਮੇਲ ਪੁਰਖ ਬਿਧਾਤਾ । ਦੋ ਜਹਾਨੀ ਸੱਜਣ ਸੁਹੇਲ, ਬੈਠਾ ਰਹੇ ਇਕ ਇਕਾਂਤਾ । ਦੋਹਾਂ ਭਰਾਵਾਂ ਮਿਲਿਆ ਮੇਲ, ਕਲਜੁਗ ਮਿਟੇ ਅੰਧੇਰੀ ਰਾਤਾ । ਗੁਰ ਗੁਰ ਗੋਬਿੰਦ ਗੁਰੂ ਗੁਰ ਚੇਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕਰੇ ਸ਼ਾਂਤ ਸਵਾਂਤਾ । ਆਤਮ ਸਵਾਂਤੀ ਬੂੰਦ ਅੰਮ੍ਰਿਤ ਹਰਿ ਪਿਲਾਇੰਦਾ । ਜਗਤ ਬੰਨ੍ਹੇ ਧੀਰ, ਨੇਤਰ ਚਲੇ ਨਾ ਨੀਰ, ਵਕਤ ਅਖ਼ੀਰ ਸਰਬ ਲਿਆਇੰਦਾ । ਮਾਇਆ ਮਮਤਾ ਕੱਢੇ ਵਿਚੋਂ ਪੀੜ, ਲੱਖ ਚੁਰਾਸੀ ਫੰਦ ਕਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਬੈਠ ਆਪਣਾ ਖੇਲ ਵਰਤਾਇੰਦਾ । ਸਚ ਘਰ ਸਚ ਟਿਕਾਣਾ । ਜਿਥੇ ਝੁੱਲੇ ਸ਼ਬਦ ਬਬਾਣਾ । ਸ਼ਬਦ ਸਰੂਪੀ ਘਟ ਘਟ ਵਾਸੀ, ਲੱਖ ਚੁਰਾਸੀ ਫੰਦ ਕਟਾਨਾ । ਮਿਲੇ ਮੇਲ ਸ਼ਾਹੋ ਸ਼ਾਬਾਸ਼ੀ, ਲੋਕਮਾਤ ਲਾਹੇ ਉਦਾਸੀ, ਦਰਗਹਿ ਸਾਚੀ ਮਾਣ ਦਵਾਨਾ । ਗੁਰਮੁਖ ਸਾਚੇ ਸਦ ਕਰਨ ਹਾਸੀ, ਪ੍ਰਭ ਅਬਿਨਾਸ਼ੀ ਜਿਸ ਗੋਦ ਉਠਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਧੁਰ ਮਸਤਕ ਵੇਖ, ਅੰਤਮ ਕਲ ਪੂਰ ਕਰਾਨਾ । ਮਸਤਕ ਲੇਖਾ ਆਪ ਲਿਖਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਸਾਚੇ ਸੰਤ ਜਨਾਂ, ਹਰਿ ਸਚ ਦਵਾਰੇ ਕਿਰਪਾ ਧਾਰੇ ਪਾਰ ਉਤਾਰੇ, ਫੜ ਫੜ ਬਾਹੋਂ ਪਾਰ ਕਰਾਇੰਦਾ । ਅੰਤਮ ਵੇਲੇ ਪਾਵੇ ਸਾਰੇ, ਦਰ ਘਰ ਸਾਚਾ ਏਕਾ ਧਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਅੰਤਮ ਜੋਤੀ ਮੇਲ ਕਰ ,ਆਵਣ ਜਾਵਣ ਪਤਤ ਪਾਵਨ ਝੂਠਾ ਗੇੜ ਚੁਕਾਇੰਦਾ । ਅੰਤਮ ਕਰੇ ਸਚ ਨਿਬੇੜਾ । ਜਗਤ ਦੇਵੇ ਝੂਠਾ ਗੇੜਾ । ਇਕ ਵਸਾਏ ਗੁਰਸਿਖ ਕਾਇਆ ਨਗਰ ਖੇੜਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਾਚੇ ਹਰਿ ਦਿਤਾ ਵਰ, ਪਹਿਲੀ ਸਾਵਣ ਬੰਨ੍ਹਿਆ ਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਸਾਚੇ ਦਰ ਸਦਾ ਵਸੇਰਾ । ਸਾਚਾ ਦਰ ਹਰਿ ਦਰਬਾਰ । ਭਰਿਆ ਰਹੇ ਸ਼ਬਦ ਭੰਡਾਰ । ਜਨ ਭਗਤਾਂ ਦੇਂਦਾ ਆਏ ਲੋਕਮਾਤ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜਨ ਭਗਤ ਟੇਕ, ਵਸੇ ਨਿਹਚਲ ਧਾਮ ਅਟੱਲ ਕਰੇ ਖੇਲ ਹਰਿ ਨਿਰੰਕਾਰ । ਸਾਚਾ ਖੇਲ ਹਰਿ ਨਿਰੰਕਾਰਿਆ । ਆਤਮ ਜੋਤੀ ਸਾਚਾ ਮੇਲ, ਕਾਇਆ ਹੋਈ ਠੰਡੀ ਠਾਰਿਆ । ਧਰਮ ਰਾਏ ਦੀ ਕਟੀ ਜੇਲ੍ਹ, ਆਪ ਬਹਾਏ ਚਰਨ ਦਵਾਰਿਆ । ਸ਼ਬਦ ਚੜ੍ਹਾਇਆ ਸਾਚਾ ਤੇਲ, ਫੂਲਨਹਾਰ ਸੋਹੰ ਸ਼ਬਦ ਤਨ ਪਹਿਨਾ ਰਿਹਾ । ਆਪੇ ਗੁਰ ਆਪੇ ਚੇਲ, ਸਾਚਾ ਖੇਲ ਆਪ ਵਰਤਾ ਰਿਹਾ । ਅਚਰਜ ਪਾਰਬ੍ਰਹਮ ਕਲ ਖੇਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਮਾਣਕ ਮੋਤੀ, ਜਗਦੀ ਰਹੇ ਕਾਇਆ ਜੋਤੀ, ਪਹਿਲੇ ਸਾਵਣ ਪਕੜੇ ਦਾਮਨ, ਧੁਰਦਰਗਾਹੀ ਸਾਚਾ ਮਾਹੀ, ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਆਪ ਅਖਵਾ ਰਿਹਾ । ਨਾ ਕੋਈ ਭੈਣ ਨਾ ਕੋਈ ਭਰਾਤਾ । ਕਲਜੁਗ ਦਿਸੇ ਅੰਧੇਰੀ ਰਾਤਾ । ਪ੍ਰਭ ਅਬਿਨਾਸ਼ੀ ਜਾਮਾ ਪਾਏ, ਅੰਤਮ ਵੇਲੇ ਪੁਛੇ ਵਾਤਾ । ਸ਼ਬਦ ਦਾਤ ਪ੍ਰਭ ਝੋਲੀ ਪਾਏ, ਧੁਰਦਰਗਾਹੀ ਸਚ ਸੁਗਾਤਾ । ਸਾਚੇ ਧਾਮ ਆਪ ਬਹਾਏ, ਜੋਤ ਮਿਲਾਏ ਇਕ ਇਕਾਂਤਾ । ਆਵਣ ਜਾਵਣ ਗੇੜ ਚੁਕਾਏ, ਅੰਮ੍ਰਿਤ ਬੂੰਦ ਪਿਆਏ ਸਵਾਂਤਾ । ਕਲਜੁਗ ਤੇਰਾ ਅੰਤਮ ਲੇਖਾ ਲੇਖ ਲਿਖਾਏ, ਸਤਿਜੁਗ ਤੇਰੀ ਉਤਮ ਜ਼ਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪਾਲ ਹੋ ਦਿਆਲ, ਗੋਦ ਬਿਠਾਏ ਤਿੰਨ ਲਾਲ, ਸੱਚਾ ਦਰ ਨਰ ਘਰ ਇਕ ਪਛਾਤਾ । ਸਿੰਘ ਪਾਲ ਤਿੰਨ ਦੁਲਾਰ । ਚਾਰੋਂ ਕੁੰਟ ਪਹਿਰੇਦਾਰ । ਦਰ ਘਰ ਸਾਚੇ ਖੇਲ ਅਪਾਰ । ਜਗੇ ਜੋਤ ਹਰਿ ਹਰਿ ਹਰਿ ਨਿਰੰਕਾਰ । ਆਪਣੀ ਕਰਨੀ ਰਿਹਾ ਕਰ, ਉਤਰ ਦੱਖਣ ਪੂਰਬ ਪੱਛਮ ਦਿਸ਼ਾ ਵਿਚਾਰ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਆਪਣੀ ਸਾਰ । ਆਪੇ ਪਾਏ ਸਾਰ ਸੁਰਤ ਸੰਭਾਲਦਾ । ਗੁਰਮੁਖ ਸਾਚੇ ਬਣ ਦਿਆਲ ਲੇਖੇ ਲਾਇੰਦਾ । ਦੇਵੇ ਸੱਚਾ ਨਾਮ ਨਾ ਹੋਏ ਕੰਗਾਲ, ਸਾਚੇ ਧਾਮ ਬਹਾਇੰਦਾ । ਫਲ ਲਗਾਏ ਸਾਚੇ ਡਾਲ, ਗੁਰ ਸੰਗਤ ਮੇਵਾ ਅੰਮ੍ਰਿਤ ਫਲ ਇਕ ਖਵਾਇੰਦਾ । ਪ੍ਰਭ ਅਬਿਨਾਸ਼ੀ ਵਡ ਦੇਵੀ ਦੇਵਾ, ਕਰੋੜ ਤੇਤੀਸਾ ਸਾਚੀ ਸੇਵਾ, ਸੁਰਪਤ ਰਾਜਾ ਇੰਦ ਤਖ਼ਤੋਂ ਲਾਹ ਬਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀਆਂ ਲੋਆਂ ਕਰ ਅਕਾਰ ਵਿਚ ਸੰਸਾਰ, ਕਲਜੁਗ ਤੇਰੀ ਅੰਤਮ ਵਾਰ, ਲੱਖ ਚੁਰਾਸੀ ਪਾਵੇ ਸਾਰ, ਧਰਮ ਰਾਏ ਦਰ ਖੋਲ੍ਹੇ ਬੰਦ ਕਵਾੜ, ਲੇਖਾ ਚੁੱਕੇ ਸਤਾਰਾਂ ਹਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਬਣਾਇੰਦਾ । ਸਾਚਾ ਲਾਲ ਇਕ ਦੁਲਾਰਾ । ਦਸ ਚੇਤ ਦਿਵਸ ਵਿਚਾਰਾ । ਕੀਆ ਭੇਟ ਪਹਿਲੀ ਵਾਰਾ । ਬਾਣੀ ਮੰਦਰ ਇਕ ਉਸਾਰਾ । ਜੋਤ ਜਗੀ ਅੰਦਰੇ ਅੰਦਰ, ਮਾਤਲੋਕ ਹੋਏ ਉਜਿਆਰਾ । ਬੰਦ ਕਵਾੜੀ ਵੱਜਾ ਜੰਦਰ, ਕਾਇਆ ਦਿਸੇ ਧੁੰਦੂਕਾਰਾ । ਪੁਰਖ ਅਬਿਨਾਸ਼ੀ ਵਸੇ ਡੂੰਘੀ ਕੰਦਰ, ਭੁੱਲੇ ਜੀਵ ਜਗਤ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਵਣ ਜੋਤ ਸ਼ਬਦ ਗੋਤ, ਸਦਾ ਵਸੇ ਗੁਪਤ ਜ਼ਾਹਰਾ । ਗੁਪਤ ਜ਼ਾਹਰ ਹਰਿ ਦਿਆਲ । ਜਗਤ ਅਵਲੜੀ ਚਲੇ ਚਾਲ । ਕਾਇਆ ਦਿਸੇ ਝੂਠੀ ਖਲੜੀ, ਕਿਸੇ ਨਾ ਨਿਭੇ ਅੰਤਮ ਨਾਲ । ਮਾਤ ਪਿਤਾ ਛਤਰ ਛਾਇਆ ਹੇਠ ਪਲੜੀ, ਲੱਗਾ ਫਲ ਸਾਚੇ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚਾ ਗੁਰਸਿਖ ਏਕਾ ਅੰਤਮ ਮੱਲਣਾ ਨਾ ਹੋਏ ਮਾਤ ਕੰਗਾਲਾ । ਇਕ ਦਵਾਰਾ ਭਗਤ ਵਰਤਾਰਾ । ਇਕ ਦਵਾਰਾ ਭਗਵੰਤ ਵਰਤਾਰਾ । ਸਾਧ ਸੰਤ ਜੁਗਾ ਜੁਗੰਤ ਆਦਿ ਅੰਤ, ਮੰਗਦੇ ਰਹੇ ਨਾਮ ਭਿਖਾਰਾ । ਮਿਲੇ ਵਡਿਆਈ ਜੀਵ ਜੰਤ, ਮੇਲ ਮਿਲਾਵਾ ਸਾਚੇ ਕੰਤ, ਰੋਗ ਸੋਗ ਜਗਤ ਵਿਜੋਗ ਚਿੰਤ ਨਿਵਾਰਾ । ਆਤਮ ਸੇਜਾ ਸਾਚਾ ਸੁਖ ਲਈਏ ਭੋਗ, ਮਿਲੇ ਮੇਲ ਹਰਿ ਭਤਾਰਾ । ਦੇਵੇ ਸਾਚਾ ਸ਼ਬਦ ਜੋਗ, ਪੜਦਾ ਖੋਲ੍ਹੇ ਦਸਮ ਦਵਾਰਾ । ਹਉਮੇ ਵਿਚੋਂ ਚੁੱਕੇ ਰੋਗ, ਜਾਤ ਪਾਤੀ ਵਸੇ ਬਾਹਰਾ । ਜਨ ਭਗਤਾਂ ਦੇਵੇ ਦਰਸ ਅਮੋਘ, ਲੱਖ ਚੁਰਾਸੀ ਉਤਰੇ ਪਾਰਾ । ਪ੍ਰਭ ਜੋਤੀ ਮਿਲਿਆ ਧੁਰ ਸੰਜੋਗ, ਲੋਕਮਾਤ ਨਾ ਹੋਏ ਖੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣਕ ਮੋਤੀ, ਆਪ ਕਰਾਏ ਤਨ ਸ਼ਿੰਗਾਰਾ । ਤਨ ਸ਼ਿੰਗਾਰ ਹਰਿ ਗਿਰਧਾਰਿਆ । ਗੁਰਮੁਖ ਰਿਹਾ ਤਾਰ, ਵਾਰੋ ਵਾਰਿਆ । ਦੇਵੇ ਸ਼ਬਦ ਉਡਾਰ ਪਹਿਲੀ ਵਾਰ, ਬਾਲ ਅੰਵਾਣੇ ਸੁਘੜ ਸਿਆਣੇ, ਸਾਚੇ ਲੇਖੇ ਲਾ ਰਿਹਾ । ਮਾਨਸ ਦੇਹੀ ਨਾ ਆਏ ਹਾਰ, ਦਰ ਘਰ ਸਾਚੇ ਉਤਰੇ ਪਾਰ, ਭਰਮ ਭੁਲੇਖਾ ਦੂਰ ਕਰਾ ਰਿਹਾ । ਸੋਲਾਂ ਕਰੇ ਤਨ ਸ਼ਿੰਗਾਰ ਸ਼ਬਦ ਬਣਾਏ ਸਾਚਾ ਹਾਰ, ਕੌਸਤਕ ਮਨੀ ਮਸਤਕ ਲਗਾ ਰਿਹਾ । ਜਗੇ ਜੋਤੀ ਵਿਚ ਸੰਸਾਰਾ । ਸਤਿਜੁਗ ਤੇਰੀ ਬੰਨ੍ਹੇ ਸਾਚੀ ਧਾਰਾ । ਗੁਰਮੁਖ ਸਾਚੇ ਮਾਤ ਵਿਚਾਰਾ । ਏਕਾ ਜੋਤੀ ਵਰਨ ਗੋਤੀ ਭੇਵ ਮਿਟਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਅੰਤਮ ਕਲ ਸਾਚਾ ਰਾਹ ਇਕ ਵਖਾ ਰਿਹਾ । ਸਾਚਾ ਰਾਹ ਇਕ ਟਿਕਾਣਾ । ਜਿਥੇ ਵਸੇ ਗੁਣ ਨਿਧਾਨਾ । ਨਾ ਕਦੇ ਰੋਵੇ ਨਾ ਕਦੇ ਹੱਸੇ ਏਕਾ ਰੰਗ ਹਰਿ ਭਗਵਾਨਾ । ਭਗਤ ਜਨਾਂ ਦੇ ਹਿਰਦੇ ਵਸੇ, ਆਤਮ ਦੇਵੇ ਬ੍ਰਹਮ ਗਿਆਨਾ । ਬੇਮੁਖ ਝੂਠੀ ਫਾਹੀ ਫਸੇ, ਮੋਹ ਮਮਤਾ ਜਗਤ ਵਧਾਣਾ । ਅੰਤਮ ਵੇਲੇ ਜਾਇਣ ਨੱਸੇ, ਖਿਚੇ ਜੋਤ ਸ੍ਰੀ ਭਗਵਾਨਾ । ਕਾਇਆ ਕੋਠੜੀ ਅੰਧੇਰੀ ਰੈਣ ਜਿਉਂ ਚੰਦ ਮਸੇ, ਸਾਚਾ ਦਰ ਕਿਸੇ ਹੱਥ ਨਾ ਆਣਾ । ਗੁਰਮੁਖ ਸਾਚਾ ਪ੍ਰਭ ਭਾਣਾ ਜਾਣੇ ਖਿੜ ਖਿੜ ਹੱਸੇ, ਕਿਸੇ ਹੱਥ ਨਾ

ਆਏ ਰਾਜੇ ਰਾਣੇ ਹਰਿ ਕਾ ਭਾਣਾ । ਉਤਰੇ ਪਾਰ ਭਵ ਸਾਗਰ । ਕਾਇਆ ਗਾਗਰ ਝੂਠੀ ਮਾਟੀ । ਅੰਮ੍ਰਿਤ ਰਸ ਆਤਮ ਏਕਾ ਚਾਟੀ । ਕਾਇਆ ਮੰਦਰ ਵਡ ਸਿੰਧ ਸਾਗਰ, ਲੋਕਮਾਤ ਖੁਲ੍ਹਾਈ ਸਾਚੀ ਹਾਟੀ । ਗੁਰਮੁਖ ਨਿਰਮਲ ਕਰਮ ਉਜਾਗਰ, ਸਾਚਾ ਰਾਹ ਪ੍ਰਭ ਦਰ ਖੁਲ੍ਹਾਈ ਸਾਚੇ ਸ਼ਬਦ ਬਣਨਾ ਸਚ ਸੁਦਾਗਰ, ਕਾਇਆ ਚੋਲੀ ਅੰਤਮ ਪਾਟੀ । ਕਿਸੇ ਨਾ ਦੇਵੇ ਆਦਰ, ਲੋਕਮਾਤ ਵਿਚ ਏਕਾ ਔਖੀ ਘਾਟੀ । ਪ੍ਰਭ ਦੇਵੇ ਚਿੱਟੀ ਚਾਦਰ, ਆਵਣ ਜਾਵਣ ਖੇਲ ਬਾਜ਼ੀਗਰ ਨਾਟੀ । ਏਕਾ ਜਾਣੇ ਕਰਤਾ ਕਾਦਰ, ਨਾ ਕੋਈ ਤੀਰਥ ਨਾ ਕੋਈ ਤਾਟੀ । ਏਕਾ ਮੇਲ ਹਰਿ ਰਤਨਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚ ਦਵਾਰੇ । ਕਰਾਏ ਵਣਜ ਇਕ ਵਪਾਰੇ । ਨਾਮ ਤਨ ਨਾ ਲਗੇ ਡੰਨ, ਭਾਂਡਾ ਕਾਇਆ ਦੇਵੇ ਭੰਨ, ਵਸਾਏ ਸਚ ਦਵਾਰੇ । ਸਚ ਦਵਾਰਾ ਹਰਿ ਕਾ ਨਿਆਰਾ, ਨਾਮ ਭੰਡਾਰਾ ਨਰ ਨਿਰੰਕਾਰਾ ਜੋਤ ਜਗਾਇਆ । ਸਤਵੇਂ ਆਸਣ ਡੇਰਾ ਲਾਇਆ । ਛੇਵੇਂ ਘਰ ਜੋਤ ਉਪਜਾਇਆ । ਪਵਣ ਸਵਾਸ ਸੰਗ ਰਲਾਇਆ । ਪੰਜਵੇਂ ਕੁੰਡਾ ਆਪੇ ਲਾਹਿਆ । ਸ਼ਬਦ ਡੋਰੀ ਨਾਲ ਬੰਧਾਇਆ । ਪੰਜ ਪੰਜਾਇਣ ਲੇਖ ਲਿਖਾਇਆ । ਜੋਤ ਨਰਾਇਣ ਭੇਵ ਕਿਸੇ ਨਾ ਪਾਇਆ । ਚੌਥੇ ਘਰ ਗੁਰਮੁਖ ਸਾਚੇ ਮੰਗਲਾਚਾਰ ਇਕ ਕਰਾਇਆ । ਨਾਤਾ ਤੁੱਟੇ ਭਾਈ ਭੈਣ, ਸ਼ਬਦ ਸੰਗਲ ਹਰਿ ਬੰਨ੍ਹਾਇਆ । ਆਪੇ ਬਣੇ ਸਾਕ ਸੱਜਣ ਸੈਣ, ਮਾਤ ਪਿਤ ਪਿਤਾ ਪੂਤ ਆਪ ਰਘੁਰਾਇਆ । ਦਰਸ ਦਿਖਾਏ ਤੀਜੇ ਨੈਣ, ਜੋਤ ਸਰੂਪ ਡਗਮਗਾਇਆ । ਰਸਨਾ ਕਿਸੇ ਨਾ ਸਕੇ ਕਹਿਣ, ਹਰਿ ਘਰ ਸਾਚੇ ਜਿਸ ਦਰਸ਼ਨ ਪਾਇਆ । ਆਪ ਚੁਕਾਏ ਲਹਿਣ ਦੇਣ, ਲੋਕਮਾਤੀ

੬੧੬ ਮਾਰ ਝਾਤੀ ਪੁਰਖ ਬਿਧਾਤੀ ਝੂਠਾ ਜੂਠਾ ਲੇਖ ਮੁਕਾਇਆ । ਗੁਰਮੁਖ ਤੇਰੀ ਉਤਮ ਜ਼ਾਤੀ, ਚਰਨ ਕਵਲ ਹਰਿ ਡੇਰਾ ਲਾਇਆ । ਮਿਲਿਆ ਮੇਲ ੬੧੬

੦੪ ਕਮਲਾਪਾਤੀ, ਉਪਰ ਧਵਲ ਮਾਣ ਰਖਾਇਆ । ਕਲਜੁਗ ਮਿਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚੜ੍ਹਾਇਆ । ਸਿੰਘ ਪਾਲ ਤੇਰੀ ਪੁੱਛੇ ਵਾਤੀ, ੦੪

ਦੇਵੇ ਪ੍ਰਭ ਸਾਚੀ ਦਾਤੀ, ਮਨਜੀਤ ਜਗਦੀਸ਼ ਤੇਰੀ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਸਰਬ ਬਖ਼ਸ਼ਿੰਦ ਤੁੱਟਾ ਨਾਤਾ ਜਗਤ ਬੰਧਾਇਆ । ਤੁੱਟਾ ਨਾਤਾ ਦੇਵੇ ਗੰਢ । ਜਨ ਭਗਤਾਂ ਰੱਖੇ ਆਤਮ ਠੰਡ । ਜਗੇ ਜੋਤ ਵਿਚ ਬ੍ਰਹਿਮੰਡ । ਸੱਤ ਦੀਪ ਨੌਂ ਖੰਡ, ਪ੍ਰਭ ਪਾਏ ਵੰਡ । ਲੱਖ ਚੁਰਾਸੀ ਆਈ ਕੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਸਰਬ ਪਛਾਣੇ ਜੀਵ ਜੰਤ ਸਾਧ ਸੰਤ, ਪੂਰਨ ਭਗਵੰਤ ਉਤਭੁਜ ਸੇਹਤਜ ਜੇਰਜ ਅੰਡ । ਸਤਿ ਪੁਰਖ ਦਿਆਲ ਕਰਮ ਕਮਾਇੰਦਾ । ਦੀਨਾ ਨਾਥ ਦੀਨ ਦਿਆਲ ਹਰਿ ਗੋਪਾਲ, ਗੁਰਮੁਖ ਸਾਚਾ ਲਾਲ ਸਾਚੀ ਸੇਜ ਬਹਾਇੰਦਾ । ਏਥੇ ਓਥੇ ਕਰੇ ਪ੍ਰਿਤਪਾਲ, ਚਲੇ ਨਾਲ ਨਾਲ, ਪੱਲਾ ਨਾਮ ਇਕ ਫੜਾਇੰਦਾ । ਲੋਕਮਾਤ ਘਾਲ ਘਾਲ, ਅੰਤਮ ਤੁੱਟਾ ਜਗਤ ਜੰਜ਼ਾਲ, ਪਹਿਲੀ ਮਾਰੇ ਇਕੋ ਛਾਲ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਪਾਰ ਲੰਘਾਇੰਦਾ । ਕਾਇਆ ਖੇੜਾ ਵੱਸਿਆ ਧਰਮਸਾਲ, ਮਿਲਿਆ ਇਕ ਅਨਮੁਲੜਾ ਲਾਲ, ਸਾਚਾ ਮੁੱਲ ਆਪ ਪੁਆਇੰਦਾ । ਆਪੇ ਬਣੇ ਹਰਿ ਦਲਾਲ । ਰੰਗ ਵੇਖੇ ਸੂਹੇ ਲਾਲ, ਦੂਸਰ ਨਾਹੀਂ ਵੇਖ ਵਖਾਇੰਦਾ । ਗੋਦ ਬਿਠਾਇਆ ਸਿੰਘ ਪਾਲ, ਛੋਟਾ ਇਕ ਅੰਵਾਣਾ ਬਾਲ, ਦਰਗਹਿ ਸਾਚੀ ਧਾਮ ਸੁਹਾਇੰਦਾ । ਅੰਮ੍ਰਿਤ ਭਰੇ ਸੁਹਾਵਾ ਤਾਲ, ਤੋੜੇ ਮਾਇਆ ਜਗਤ ਜੰਜ਼ਾਲ, ਸਾਚੇ ਸਰ ਸਰੋਵਰ ਇਕ ਇਸ਼ਨਾਨ ਕਰਾਇੰਦਾ । ਸ਼ਬਦ ਵਜਾਏ ਸਾਚਾ ਤਾਲ, ਅਨਹਦ ਧੁਨ ਵੱਜੇ ਕਮਾਲ, ਢੋਲ ਮਰਦੰਗ ਨਾ ਕੋਈ ਰਖਾਇੰਦਾ । ਜਨ ਭਗਤਾਂ ਰਿਹਾ ਸੁਰਤ ਸੰਭਾਲ, ਅਕਾਲ ਮੂਰਤ ਜਗਤ ਨਿਰਾਲ, ਦਿਸ ਕਿਸੇ ਨਾ ਆਇੰਦਾ । ਏਕਾ ਰੱਖੇ ਨਾਮ ਤੂਰਤ,

ਬੇਮੁਖਾਂ ਦਿਸੇ ਸਦਾ ਦੂਰਤ, ਗੁਰਮੁਖ ਆਤਮ ਆਸਣ ਡੇਰਾ ਲਾਇੰਦਾ । ਮਨਮੁਖ ਭੁੱਲੇ ਰਹੇ ਝੂਰਤ, ਸ੍ਰਿਸ਼ਟ ਸਬਾਈ ਦਿਸੇ ਕੂੜੋ ਕੂੜਤ, ਏਕਾ ਧਾਮ ਅਟਲ ਦਿਖਾਇੰਦਾ । ਜੋਤੀ ਜਗੇ ਨੂਰੋ ਨੂਰਤ, ਸਰਬ ਕਲਾ ਆਪੇ ਭਰਪੂਰਤ, ਸ਼ਬਦ ਜੋਤ ਪਵਣ, ਏਕਾ ਧਾਮ ਰਹਾਇੰਦਾ । ਸਰਬ ਜੀਆਂ ਸਰਬ ਆਸਾ ਪੂਰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵਣ ਜਾਵਣ ਆਪਣੇ ਹੱਥ ਰਖਾਇੰਦਾ । ਆਵਣ ਜਾਣਾ ਹੱਥ ਕਰਤਾਰ । ਬੇਮੁਖ ਪਾਏ ਰਾਹ ਔਝੜ, ਗੁਰਮੁਖ ਸੋਏ ਪ੍ਰਭ ਚਰਨ ਦਵਾਰ । ਭੇਵ ਰਖਾਏ ਹਰਿ ਸਾਚਾ ਗੁਝੜ, ਜੀਵ ਜੰਤ ਨਾ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵਣ ਜਾਵਣ ਖੇਲ ਰਚਾਏ, ਲੱਖ ਚੁਰਾਸੀ ਬਣਤ ਬਣਾਏ, ਪਵਣ ਸਵਾਸੀ ਵਿਚ ਟਿਕਾਏ, ਦਿਸ ਨਾ ਆਏ ਗੁਪਤ ਜ਼ਾਹਰ । ਸ਼ਿਵ ਸ਼ੰਕਰ ਜਟਾ ਜੂਟ ਧਾਰੇ । ਕਲਜੁਗ ਅੰਤਮ ਆਈ ਹਾਰੇ । ਬਾਸ਼ਕ ਤਸ਼ਕ ਗਲ ਲਟਕਾਏ, ਜਾਵੇ ਦਰ ਹਰਿ ਨਿਰੰਕਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਅੰਤਮ ਜੋਤੀ ਮੇਲ ਮਿਲਾਏ । ਅੰਤਮ ਜੋਤੀ ਮੇਲ ਮਿਲਈਆ । ਸ਼ਬਦ ਚੜ੍ਹਾਏ ਸਾਚੀ ਨਈਆ । ਸ਼ਿਵਲੋਕ ਹਰਿ ਵੇਖ ਵਖਾਣੇ, ਖਾਲੀ ਧਾਮ ਇਕ ਕਰਈਆ । ਗੁਰਮੁਖ ਸਾਚੇ ਸੁਘੜ ਸਿਆਣੇ, ਦੇਵੇ ਮਾਣ ਹਰਿ ਭਗਤ ਗੁਸਈਆ । ਨਾ ਕੋਈ ਜਾਣੇ ਵੇਦ ਪੁਰਾਣੇ, ਖਾਣੀ ਬਾਣੀ ਅੰਜ਼ੀਲ ਕੁਰਾਨੀ ਕਿਸੇ ਸਾਰ ਨਾ ਪਈਆ । ਏਕਾ ਜੋਤ ਨਰ ਹਰਿ ਸ੍ਰੀ ਭਗਵਾਨੀ, ਆਦਿ ਸ਼ਕਤ ਆਵੇ ਜਾਵੇ ਵਾਰੋ ਵਾਰ, ਵਿਚ ਸੰਸਾਰ ਸਾਚਾ ਰਾਹ ਇਕ ਚਲਈਆ । ਜੋਤੀ ਜੋਤ ਸਰੂਪ ਹਰਿ, ਏਕਾ ਜੋਤੀ ਨੂਰ ਕਰ, ਕਲਜੁਗ ਅੰਧੇਰ ਅੰਧ ਮਿਟਈਆ । ਕਲਜੁਗ ਮਿਟੇ ਅੰਧ ਅੰਧੇਰਾ । ਪ੍ਰਭ ਅਬਿਨਾਸ਼ੀ ਪਾਇਆ ਫੇਰਾ । ਗੁਰਮੁਖਾਂ ਚੁਕਾਏ ਹੇਰਾ ਫੇਰਾ । ਇਕ ਦਵਾਏ ਸਾਚਾ ਗੇੜਾ । ਧਰਮ ਰਾਏ ਦਾ ਚੁੱਕੇ ਝੇੜਾ । ਦਰਗਹਿ ਸਾਚੀ ਇਕ ਵਖਾਏ, ਸਾਚਾ ਧਾਮ ਖੁਲ੍ਹਾ ਵਿਹੜਾ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਦਿਸੇ ਰਾਮ ਰਹੀਮ ਨੇੜਨ ਨੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਤਮ ਕਲ ਬੰਨ੍ਹੇ ਬੇੜਾ । ਬੇੜਾ ਦੇਵੇ ਬੰਨ੍ਹ, ਭਾਂਡਾ ਭਰਮ ਭੰਨਾਇੰਦਾ । ਸ਼ਬਦ ਵਸਾਏ ਸਾਚਾ ਤਨ, ਏਕਾ ਰਾਗ ਸੁਣਾਇੰਦਾ । ਜਨ ਭਗਤਾਂ ਕੱਢੇ ਆਤਮ ਜਨ, ਸ਼ਬਦ ਸ਼ਿੰਗਾਰ ਤਨ ਕਰਾਇੰਦਾ । ਸਚ ਦਵਾਰੇ ਰਸਨਾ ਕਹਿਣ ਧੰਨ ਧੰਨ, ਮਾਨਸ ਜਨਮ ਲੇਖੇ ਲਾਇੰਦਾ । ਗੁਰਮੁਖ ਆਤਮ ਜਾਏ ਮੰਨ, ਅੰਤਮ ਜੋਤੀ ਮੇਲ ਮਿਲਾਇੰਦਾ । ਨਾ ਕੋਈ ਛੱਪਰੀ ਨਾ ਕੋਈ ਛੰਨ, ਗੁਰਮੁਖ ਸਾਚੇ ਪ੍ਰਭ ਸਾਚੇ ਘਰ ਵਸਾਇੰਦਾ । ਸਾਚਾ ਘਰ ਇਕ ਦਵਾਰ । ਜਗੇ ਜੋਤ ਅਗੰਮ ਅਪਾਰ । ਸ਼ਬਦ ਦੱਸੇ ਸਾਚੀ ਧਾਰ । ਪਵਣ ਸਵਾਸ ਠੰਡੀ ਠਾਰ । ਪੁਰਖ ਅਬਿਨਾਸ਼ੀ ਨਰ ਨਿਰੰਕਾਰ । ਘਟ ਘਟ ਵਾਸੀ ਏਕਾ ਕਰੇ ਹਰਿ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੋਤ ਸਰੂਪੀ, ਸ਼ਬਦ ਸਵਾਸੀ ਰਿਹਾ ਪਸਾਰ । ਸ਼ਬਦ ਜੋਤ ਪਵਣ ਅਸਵਾਰ । ਸਰਬ ਭਵਣ ਹਰਿ ਨਿਰੰਕਾਰ । ਨਾ ਕੋਈ ਜਾਣੇ ਦੇਵ ਯਮਨ, ਨਾ ਕੋਈ ਜਾਣੇ ਜੀਵ ਸੰਸਾਰ । ਬ੍ਰਹਮ ਸਰੂਪ ਸਰਬ ਹਰਿ ਰਵਣ, ਬ੍ਰਹਮਾ ਵੇਦ ਨਾ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਸ਼ਬਦ ਸਵਾਸੀ ਰਿਹਾ ਸਦ ਸਦ ਪਸਾਰ । ਸਚ ਸਿੰਘਾਸਣ ਹਰਿ ਜੀ ਲਾਇਆ । ਸਿੰਘ ਮਨਜੀਤ ਤੇਰਾ ਧਾਮ ਆਣ ਸੁਹਾਇਆ । ਲੋਕਮਾਤ ਸਦਾ ਸੁਰਜੀਤ, ਨਾ ਮਰੇ ਨਾ ਜਨਮੇ ਜਾਇਆ । ਦਰ ਘਰ ਸਚੇ ਰਿਹਾ ਅਤੀਤ, ਸਦਾ ਰੱਖੇ ਪ੍ਰਭ ਠੰਡੀ ਛਾਇਆ । ਗੁਰ ਚਰਨ ਨਿਭੇ ਤੋੜ ਪ੍ਰੀਤ, ਮਾਤ ਪਿਤ ਭੈਣ ਭਾਈ ਹਿੱਤ ਤਜਾਇਆ । ਦਰ ਘਰ ਸਾਚੇ ਇਕ

੬੧੭
੦੪

ਚਲਾਈ ਸਾਚੀ ਰੀਤ, ਸ਼ਬਦ ਸਿਹਰਾ ਸੀਸ ਗੁੰਦਾਇਆ । ਆਪੇ ਪਰਖੇ ਜਨ ਭਗਤਾਂ ਨੀਤ, ਨਾਮ ਮਹਿੰਦੀ ਹੱਥ ਰੰਗਾਇਆ । ਹਰਿਜਨ ਸਦਾ
ਰਾਖੇ ਚੀਤ, ਕਾਇਆ ਮੰਦਰ ਥਾਨ ਸੁਹਾਇਆ । ਸਦਾ ਗਾਓ ਸੁਹਾਗੀ ਗੀਤ, ਆਵਣ ਜਾਵਣ ਪ੍ਰਭ ਖੇਲ ਰਚਾਇਆ । ਪ੍ਰਭ ਅਬਿਨਾਸ਼ੀ ਸਾਚਾ
ਮੀਤ, ਸਚ ਸਿੰਘਾਸਣ ਆਸਣ ਲਾਇਆ । ਲੱਖ ਚੁਰਾਸੀ ਜਾਣਾ ਜੀਤ, ਆਵਣ ਜਾਵਣ ਦੇਵੇ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਸਿੰਘ ਮਨਜੀਤ ਤੇਰਾ ਧਾਮ ਸੁਹਾਇਆ । ਸਿੰਘ ਮਨਜੀਤ ਵੱਜੀ ਵਧਾਈ । ਮਿਲਿਆ ਮੇਲ ਵਡੇ ਭਾਈ । ਦੋਹਾਂ ਕਰ
ਇਕ ਸਲਾਹੀ । ਦਰ ਘਰ ਸਾਚਾ ਪਾਇਆ, ਪ੍ਰਭ ਜੋਤੀ ਲਾੜੀ ਇਕ ਵਿਆਹੀ । ਸਿਹਰਾ ਸ਼ਬਦ ਸੀਸ ਗੁੰਦਾਇਆ, ਹਾਰ ਤਨ ਪਹਿਨਾਈ ।
ਕਲਜੁਗ ਵੇਲਾ ਅੰਤਮ ਆਇਆ, ਜੋੜ ਜੋੜੇ ਹਰਿ ਰਘੁਰਾਈ । ਬੇਮੁਖਾਂ ਬੇੜਾ ਦਏ ਡੁਬਾਇਆ, ਅੱਗੇ ਵਾਟ ਨੇੜੇ ਆਈ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਸਾਚਾ ਹਰਿ ਸਾਚੇ ਘਰ ਵਜਦੀ ਰਹੇ ਸਦਾ ਵਧਾਈ । ਸਾਚੇ ਘਰ ਵੱਜੇ ਮਰਦੰਗ । ਚੜ੍ਹੇ ਸ਼ਬਦ ਸਾਚਾ ਰੰਗ । ਗੁਰਮੁਖ
ਸਾਚੇ ਸੰਤ ਜਨ, ਜਮਨ ਕਿਨਾਰਾ ਪਾਰ ਜਾਇਣ ਲੰਘ । ਏਕਾ ਦੇਵੇ ਮਾਲ ਧਨ, ਦੂਜਾ ਦਰ ਨਾ ਕੋਈ ਮੰਗ । ਜੋਤੀ ਜੋਤ ਸਰੂਪ ਹਰਿ, ਸਦਾ
ਸਹਾਈ ਅੰਗ ਸੰਗ । ਮਨਜੀਤ ਮਨ ਭਇਆ ਅਨੰਦ । ਕਲਜੁਗ ਚੜ੍ਹਿਆ ਸਾਚਾ ਚੰਦ । ਪ੍ਰਭ ਅਬਿਨਾਸ਼ੀ ਰਸਨਾ ਗਾਇਆ, ਮੁਖ ਭਾਗ ਲਗਾਇਆ
ਬੱਤੀ ਦੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਭਾਈਆਂ ਮੇਲ ਮਿਲਾਇਆ, ਜੀਵ ਨਾ ਜਾਨਣ ਅਗਿਆਨ ਅੰਧ । ਅਗਿਆਨ ਜਗਤ
ਅੰਧੇਰਾ ਨਾ ਕੋਈ ਜਾਣੇ ਨਾ ਹਰਿ ਪਛਾਣੇ, ਕਵਣ ਮਿਟਾਏ ਹੇਰਾ ਫੇਰਾ । ਦਰਗਹਿ ਸਾਚੀ ਦੇਵੇ ਮਾਣਾ, ਕਟੇ ਜਮ ਕਾ ਝੇੜਾ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨੀ ਬੰਨ੍ਹੇ ਆਪੇ ਬੇੜਾ । ਸਿੰਘ ਮਨਜੀਤ ਸਦ ਰਸਨਾ ਗਾਏ । ਜਗਤ ਜਗਦੀਸ਼ ਪ੍ਰਭ ਦਏ ਮਿਲਾਏ । ਬੀਸ
ਇਕੀਸ ਏਕਾ ਸੇਜਾ ਹਰਿ ਸਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਇ ਨਾ ਸਕੇ ਰੋਕ, ਭਾਣਾ ਆਪਣੇ ਹੱਥ ਰਖਾਏ । ਪ੍ਰਭ ਅਬਿਨਾਸ਼ੀ
ਜਗਤ ਮਲਾਹ, ਦੋਹਾਂ ਬਖ਼ਸ਼ੇ ਸਾਚਾ ਥਾਉਂ, ਕਰੋੜ ਤੇਤੀਸ ਸਿੰਘ ਮਨਜੀਤ ਛਤਰ ਝੁੱਲੇ ਸਾਚੀ ਛਾਉਂ । ਨਾਲ ਰਲਿਆ ਸਿੰਘ ਜਗਦੀਸ਼ਾ, ਜਗਦੀਸ਼
ਜਗਤ ਤਜਾਇਆ ਪਿਤਾ ਮਾਉਂ । ਨਾ ਕੋਈ ਕਰੇ ਰੀਸਾ, ਸ਼ਿਵ ਸ਼ੰਕਰ ਪਕੜੇ ਸਾਚੀ ਬਾਹੋਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਿਵਲੋਕ
ਬਹਾਇਆ, ਦਰਗਹਿ ਸਾਚੀ ਲਾਏ ਨਾਉਂ । ਸ਼ਿਵਲੋਕ ਹਰਿ ਦਵਾਰ । ਸਿੰਘ ਜਗਦੀਸ਼ ਵੇਖ ਵਿਚਾਰ । ਪ੍ਰਭ ਅਬਿਨਾਸ਼ੀ ਬੰਨ੍ਹੀ ਧਾਰ । ਪਹਿਲੀ
ਸਾਵਣ ਲੇਖ ਲਿਖਾਰ । ਪੰਚਮ ਪੋਹ ਪਾਵੇ ਸਾਰ । ਛੱਬੀ ਪੋਹ ਬਣ ਸਚ ਸੱਚਾ ਦਰਬਾਰ । ਨਿਹਕਲੰਕ ਨਰਾਇਣ ਨਰ, ਕਾਇਆ ਮਾਟੀ ਛੱਡੀ
ਖਾਟੀ, ਜਗਤ ਤਜਾਇਆ ਝੂਠਾ ਮੋਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗਤ ਮਿਤ ਆਪੇ ਜਾਣੇ, ਅਵਰ ਨਾ ਜਾਣੇ ਕੋ । ਗੁਣੀ
ਗਹੀਰ ਗਹਿਰ ਗੁਣਵੰਤੇ । ਮਿਲਿਆ ਮੇਲ ਗੁਰਸਿਖ ਪਿਆਰੇ ਸਚ ਦੁਲਾਰੇ ਸਾਚੇ ਕੰਤੇ । ਸ਼ਬਦ ਚੜ੍ਹਿਆ ਸਾਚਾ ਤੇਲ, ਫੁੱਲ ਫੁੱਲਵਾੜੀ ਸਚ
ਸੰਗਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲੇਖ ਆਪ ਚੁਕਾਇਆ, ਗੁਰਮੁਖ ਸਾਚਾ ਪਾਰ ਕਰਾਇਆ, ਬੇੜਾ ਬੰਨ੍ਹੇ ਜੀਵ ਜੰਤੇ ।
ਉਠ ਜਗਦੀਸ਼ ਕਰ ਤਿਆਰੀ । ਸਚ ਸਿੰਘਾਸਣ ਤੇਰੀ ਆਈ ਵਾਰੀ । ਜੀਵ ਜੰਤ ਪ੍ਰਭ ਅਬਿਨਾਸ਼ਨ, ਅੰਤਮ ਪਾਸਾ ਆਏ ਹਾਰੀ । ਗੁਰਮੁਖ
ਵਿਰਲੇ ਮਿਲੇ ਪੁਰਖ ਅਬਿਨਾਸ਼ਨ, ਰਿਹਾ ਜਗਤ ਪੈਜ ਸਵਾਰੀ । ਦਰ ਘਰ ਸਾਚੇ ਹੋਇਆ ਦਾਸ ਦਾਸਨ, ਗੁਰ ਗੋਬਿੰਦ ਸਿਰ ਲੱਥਾ ਭਾਰੀ ।

੬੧੮
੦੪

ਸਦਾ ਸਦਾ ਸਦਾ ਬਲ ਜਾਸਣ, ਗੁਰਮੁਖ ਵਿਹਾਵਣ ਪ੍ਰਭ ਜੋਤੀ ਲਾੜੀ ਇਕ ਕਵਾਰੀ । ਬੇਮੁਖਾਂ ਅੰਤਮ ਖਾਏ ਡੈਣ, ਲਾੜੀ ਮੌਤ ਕਰ ਖੁਆਰੀ । ਨਾਤਾ ਤੁੱਟੇ ਭਾਈ ਭੈਣ, ਸਿੰਘ ਜਗਦੀਸ਼ ਕਰੀ ਸੱਚੀ ਇਕ ਸਵਾਰੀ । ਪ੍ਰਭ ਆਪ ਚੁਕਾਇਆ ਲਹਿਣ ਦੇਣ, ਧਰਮ ਰਾਏ ਨਾ ਲੇਖਾ ਮੰਗੇ ਦੂਜੀ ਵਾਰੀ । ਜੋਤੀ ਦਰਸ਼ਨ ਤੀਜੇ ਨੈਣ, ਸਦਾ ਰਹੇ ਮਨ ਖ਼ੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਪੂਤ ਸਚ ਆਸਣ ਡੇਰਾ ਲਾਏ, ਸੁੱਤਾ ਰਹਿਣਾ ਪੈਰ ਪਸਾਰੀ । ਜਗਤ ਜਗਦੀਸ਼ ਜੋਤ ਜਗਈਆ । ਸਤਿ ਸਤਿ ਸਤਿਜੁਗ ਸਾਚੀ ਆਪ ਰਖਾਏ ਕਲਜੁਗ ਨੀਂਹਾ । ਆਪੇ ਧੋਏ ਪਿਛਲੇ ਦਾਗ਼ੇ, ਨਿਰਮਲ ਕੀਆ ਜੀਆ । ਵਿਚੋਂ ਹੰਸ ਉਡਾਇਆ ਕਾਗੀ, ਨਾ ਕੋਈ ਪੁੱਤਰ ਨਾ ਕੋਈ ਧੀਆ । ਸੋਈ ਕਾਇਆ ਮਾਤ ਜਾਗੀ, ਪ੍ਰਭ ਬੀਜ ਸਾਚਾ ਬੀਆ । ਚਰਨ ਪ੍ਰੀਤੀ ਸਾਚੀ ਲਾਗੀ, ਅੰਤਮ ਕੀਆ ਸਾਚਾ ਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ ਸਾਢੇ ਤਿੰਨ ਹੱਥ ਰਖਾਈ ਤੇਰੀ ਸੀਆ । ਸਾਢੇ ਤਿੰਨ ਹੱਥ ਧਾਮ ਨਿਆਰਾ । ਦੇਵੇ ਹਰਿ ਸਮਰਥ, ਮਾਤ ਅੰਤਮ ਵਾਰਾ । ਸਗਲ ਵਸੂਰੇ ਜਾਇਣ ਲੱਥ, ਦਰਸ਼ਨ ਕਰੇ ਜੋਤ ਨਿਰੰਕਾਰਾ । ਜਗਤ ਮਹਿੰਮਾ ਬਣੇ ਅਕੱਥ, ਆਪ ਉਪਜਾਏ ਸੱਚਾ ਇਕ ਦਰਬਾਰਾ । ਲੋਕਮਾਤੀ ਸਾਚਾ ਰਥ, ਖਿੱਚੀ ਜਾਏ ਵਾਰੋ ਵਾਰਾ । ਗੁਰਮੁਖਾਂ ਸਿਰ ਰੱਖੇ ਹੱਥ, ਸਿੰਘ ਮਨਜੀਤ ਸਿੰਘ ਜਗਦੀਸ਼ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਛਤਰ ਸੀਸ ਝੁਲਾਏ, ਧਰਮ ਸਤਿ ਨਿਸ਼ਾਨ ਇਕ ਝੁਲਾਏ, ਸੱਤ ਰੰਗ ਰੰਗਾਏ ਅਪਰ ਅਪਾਰਾ । ਸੱਤ ਰੰਗ ਸ਼ਬਦ ਵਟ । ਪ੍ਰਭ ਅਬਿਨਾਸ਼ੀ ਜਾਣੇ ਘਟ ਘਟ । ਸਾਚੀ ਜੋਤ ਕਰੇ ਉਜਿਆਰ, ਜਗੇ ਲਟ ਲਟ । ਗੁਰਮੁਖਾਂ ਬੇੜਾ ਕਰ ਤਿਆਰ, ਇਕ ਬਣਾਏ ਤੀਰਥ ਸਾਚਾ ਤਟ । ਮਾਨਸ ਜਨਮ ਨਾ ਆਏ ਦੂਜੀ ਵਾਰ, ਕਾਇਆ ਦਿਸੇ ਝੂਠਾ ਹੱਟ । ਏਕਾ ਮੇਲ ਹਰਿ ਕੰਤ ਭਤਾਰ, ਲੱਖ ਚੁਰਾਸੀ ਦੇਵੇ ਕਟ । ਦਰ ਘਰ ਸਾਚੇ ਸੌਣਾ ਪੈਰ ਪਸਾਰ, ਛੱਡਿਆ ਕਾਇਆ ਝੂਠਾ ਮੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਰਸ ਪਿਆਏ, ਰਸਨਾ ਰਸਕ ਲੈਣਾ ਚੱਟ । ਜਗਤ ਜਗਦੀਸ਼ ਵਣਜ ਵਪਾਰੀ । ਲਾਹ ਖੱਟਿਆ ਦੂਜੀ ਵਾਰੀ । ਗੁਰਮੁਖ ਨਾਉਂ ਪਹਿਲੀ ਵਾਰੀ । ਸਿੰਘ ਸਾਵਣ ਨਾਉਂ ਕਰ ਉਜਿਆਰੀ । ਮਿਲਿਆ ਮੇਲ ਪਤਤ ਪਾਵਨ, ਮਾਨਸ ਦੇਹੀ ਮਹੱਲ ਉਸਾਰੀ । ਨੇੜ ਨਾ ਆਏ ਕਾਮਨੀ ਕਾਮਨ, ਬਾਲ ਅਵਸਥਾ ਖੇਲ ਅਪਾਰੀ । ਜੋਤੀ ਚਮਕੇ ਦਾਮਨੀ ਦਾਮਨ, ਨਿਰਮਲ ਕਾਇਆ ਹੋਈ ਉਜਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਜਗਦੀਸ਼ ਲਾਏ ਮਾਤ ਤੇਰੀ ਸੱਚੀ ਫੁਲਵਾੜੀ । ਫਲ ਲਗਾਏ ਸਤਾਰਾਂ ਹਾੜੀ । ਸਾਚਾ ਦਰ ਇਕ ਖੁਲ੍ਹਾਏ, ਲੱਖ ਚੁਰਾਸੀ ਗੇੜ ਕਟਾਏ, ਗੁਰ ਸੰਗਤ ਅੰਦਰ ਜਾਏ ਵਾੜੀ । ਨਾਮ ਰੰਗਣ ਇਕ ਚੜ੍ਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨ ਛੁਹਾਏ ਦਾਹੜੀ । ਸਿੰਘ ਮਨਜੀਤ ਤੇਰੀ ਖ਼ਾਕ, ਸਾਚੇ ਦਰ ਹਰਿ ਰਖਾਇੰਦਾ । ਤੇਰਾ ਖੋਲ੍ਹੇ ਇਕ ਤਾਕ, ਦਰ ਦਰ ਬੰਦ ਕਰਾਇੰਦਾ । ਆਪੇ ਜਾਣੇ ਭਵਿਖਤ ਵਾਕ, ਨਾ ਕੋਈ ਭੇਵ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਤਰ ਪੇਖ ਮਾਰ ਝਾਤ, ਵਡੇ ਭਾਈ ਮੇਲ ਮਿਲਾਇੰਦਾ । ਸਿੰਘ ਜਗਦੀਸ਼ ਵਡਾ ਭਾਈ । ਤੇਰੀ ਖ਼ਾਕ ਜਿਸ ਮਸਤਕ ਲਾਈ । ਜਗਤ ਮੇਟੀ ਝੂਠੀ ਸ਼ਾਹੀ । ਮਿਲਿਆ ਮੇਲ ਸੱਚੇ ਮਾਹੀ । ਸਚ ਦਵਾਰੇ ਆਪ ਬਹਾਏ, ਫੜ ਕੇ ਦੋਵੇਂ ਬਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਦਵਾਏ, ਸਾਚਾ ਛਤਰ ਸੀਸ ਝੁਲਾਏ, ਰੱਖੇ ਥਾਉਂ ਥਾਈਂ । ਗੁਰਸਿਖ ਦਰ ਘਰ ਪ੍ਰਭ ਰੱਖੇ ਗੰਢ, ਗੁਰ ਸੰਗਤ ਦੇਵੇ ਵੰਡ, ਗੁਰਸਿਖ

੬੧੯
੦੪

ਹੋਏ ਨਾ ਕਿਸਮਤ ਮਾੜੀ, ਆਤਮ ਹੋਏ ਨਾ ਰੰਡ । ਲੱਖ ਚੁਰਾਸੀ ਗੇੜ ਨਿਵਾਰੀ, ਘਰ ਸਾਚੇ ਪਾਏ ਸਦਾ ਠੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਅੱਗੇ ਲਾਏ, ਦੋ ਜਹਾਨੀ ਕਾਜ ਰਚਾਏ, ਬੇਮੁਖਾਂ ਆਤਮ ਆਈ ਗੰਢ । ਸਿੰਘ ਜਗਦੀਸ਼ ਚਿਖਾ ਸਿੰਘਾਸਣ ਡੇਰਾ ਲਾਏ, ਦੋ ਜਹਾਨੀ ਕਾਜ ਰਚਾਏ, ਬਰਖਾ ਫੂਲਣ ਹਰਿ ਕਰਾਏ, ਗੁਰਮੁਖਾਂ ਭਾਰ ਆਪ ਚੁਕਾਏ, ਸਦਾ ਸੁਹਾਗੀ ਨਾ ਹੋਏ ਰੰਡ ।

### ❇ ੨੧ ਕੱਤਕ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਪੂਰਨ ਸਿੰਘ ਦੇ ਗ੍ਰਹਿ ਜ਼ਿਲਾ ਅੰਮ੍ਰਿਤਸਰ ❇

ਦਰ ਦਰਬਾਰ ਗੁਰਸਿਖ ਮੰਦਰ ਹਰਿ ਆਪ ਸੁਹਾਣਾ । ਜਨਮ ਕਰਮ ਮਾਤ ਵਿਚਾਰ, ਸ਼ਬਦ ਟਿਕਾਏ ਵਿਚ ਬਬਾਣਾ । ਲੱਖ ਚੁਰਾਸੀ ਬੰਨ੍ਹੇ ਧਾਰ, ਧਰਮ ਰਾਏ ਹਰਿ ਗੇੜ ਕਟਾਨਾ । ਹਰਿਜਨ ਸਾਚੇ ਉਤਰਨ ਪਾਰ, ਦਰ ਦਵਾਰ ਜਿਸ ਸੀਸ ਝੁਕਾਨਾ । ਦਰਗਹਿ ਸਾਚੀ ਦਿਸੇ ਪਾਰ ਕਿਨਾਰ, ਰਾਹ ਵਿਚ ਨਾ ਕਿਸੇ ਅਟਕਾਨਾ । ਮਾਨਸ ਦੇਹ ਲੇਖੇ ਲਾਏ ਹਰਿ ਕਰਤਾਰ, ਦੇ ਮਤ ਸਰਬ ਸਮਝਾਨਾ । ਜਨਮ ਨਾ ਆਏ ਦੂਜੀ ਵਾਰ, ਮਿਲੇ ਮੇਲ ਹਰਿ ਭਗਵਾਨਾ । ਉਧਰੇ ਪਾਰ ਨਰ, ਨਾਰ ਪਾਏ ਸਾਰ ਬਿਰਧ ਬਾਲ ਜਵਾਨਾ । ਸ਼ਬਦ ਰੱਖੇ ਤਿੱਖੀ ਧਾਰ, ਜਗਤ ਜੰਞਾਲਾ ਫੰਦ ਕਟਾਨਾ । ਛੋਟੀ ਕਾਇਆ ਨਿੱਕੀ ਵਾੜ, ਗੁਰਸਿਖੀ ਹਰਿ ਨੀਂਹ ਰਖਾਨਾ । ਆਪੇ ਜਾਣੇ ਆਪਣੀ ਸਾਰ, ਆਪਣਾ ਭੇਵ ਹਰਿ ਆਪ ਰਖਾਨਾ । ਸਤਾਰਾਂ ਹਾੜੀ ਦਿਵਸ ਵਿਚਾਰ, ਗੁਰ ਸੰਗਤ ਹਰਿ ਬੰਨ੍ਹੇ ਹੱਥੀਂ ਗਾਨਾ । ਸ਼ਬਦ ਚੜ੍ਹਾਏ ਸਾਚੇ ਲਾਲ, ਚੁੱਕੇ ਗੇੜ ਆਵਣ ਜਾਣਾ । ਪਰੇ ਹਟਾਏ ਜਮਦੂਤਾਂ ਧਾੜ, ਚਿਤਰ ਗੁਪਤ ਹਰਿ ਲੇਖ ਮਿਟਾਨਾ । ਕਲਜੁਗ ਮਾਇਆ ਚੋਲੀ ਪਾੜ, ਸਾਚਾ ਧਨੀ ਸ਼ਬਦ ਵਸਾਨਾ । ਚਾਰੋਂ ਕੁੰਟ ਦਿਸੇ ਉਜਾੜ, ਕਾਇਆ ਮੰਦਰ ਮਹੱਲ ਇਕ ਵਸਾਨਾ । ਜਗਤ ਜਗੇ ਜੋਤ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਮਸਤਕ ਤਿਲਕ ਇਕ ਲਗਾਨਾ । ਚਾੜ੍ਹੇ ਰੰਗ ਸ਼ਬਦ ਗੁਲਾਲ । ਗੁਰਮੁਖਾਂ ਮੰਗੀ ਇਕ ਮੰਗ, ਪ੍ਰਭ ਅਬਿਨਾਸ਼ੀ ਬਣਿਆ ਦਲਾਲ । ਸ਼ਬਦ ਘੋੜੇ ਕਸ ਤੰਗ, ਲੋਕਮਾਤ ਮਾਰੀ ਸਚੀ ਛਾਲ । ਆਪੇ ਵਸੇ ਅੰਗ ਸੰਗ, ਜਗਤ ਅਵਲੜੀ ਚਲੇ ਚਾਲ । ਮਾਨਸ ਦੇਹੀ ਹੋਣੀ ਭੰਗ, ਗੁਰਮੁਖ ਲੈਣੀ ਸੁਰਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜੀ ਫੁੱਲ ਫੁਲਵਾੜੀ, ਫੱਲ ਲਗਾਉਣੇ ਕਾਇਆ ਡਾਲ । ਹਰਿ ਮੰਦਰ ਹਰਿ ਉਸਾਰੇ । ਗੁਰਮੁਖਾਂ ਪਾਰ ਉਤਾਰੇ । ਲਾਲ ਦੁਲਾਰੇ ਸਾਚੇ ਵਾਰੇ । ਲੇਖਾ ਲਿਖੇ ਫੇਰਾ ਪਾਵੇ ਦਰ ਦਰਵੇਸ਼ਾ, ਜੋਤ ਸਰੂਪੀ ਭੇਖ ਧਾਰੇ । ਕਲਜੁਗ ਵਟਾਇਆ ਆਪਣਾ ਭੇਸਾ, ਨਾ ਜਾਣੇ ਜੀਵ ਗਵਾਰੇ । ਸ਼ਿਵ ਸ਼ੰਕਰ ਕਰੇ ਸਦਾ ਵੇਸਾ, ਦੋਏ ਜੋੜ ਚਰਨ ਨਿਮਸਕਾਰੇ । ਪ੍ਰਭ ਪ੍ਰਗਟ ਹੋਏ ਮਾਝੇ ਦੇਸਾ, ਪ੍ਰਭ ਮੇਲ ਮਿਲਾਵੇ ਸਿੰਘ ਜਗਦੀਸ਼ ਬਹਾਏ ਸਚ ਚੁਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਬੇੜਾ ਪਾਰ ਕਰਾਏ ਦਇਆ ਕਮਾਏ, ਲੱਖ ਚੁਰਾਸੀ ਗੇੜ ਕਟਾਏ, ਲੇਖ ਲਿਖਾਏ ਸਤਾਰਾਂ ਹਾੜੇ । ਸਾਚੀ ਬਣਤ ਹਰਿ ਬਣਾਇੰਦਾ । ਸਾਧ ਸੰਤ ਜੀਵ ਜੰਤ, ਨਾ ਕਿਸੇ ਭੇਵ ਚੁਕਾਇੰਦਾ । ਆਦਿ ਅੰਤ ਜੁਗਾ ਜੁਗੰਤ, ਅਚਰਜ਼ ਮਾਇਆ ਜਗਤ ਪਿਤ ਜਗਦੀਸ਼ਰ ਪਾਇੰਦਾ । ਆਵਣ ਜਾਵਣ ਖੇਲ ਰਚਾਇਆ, ਪੁਰੀਆਂ ਲੋਆਂ ਕਰ ਅਕਾਰ, ਸ਼ਬਦ ਧੀਰ ਧਰਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕੀ ਨਰ ਨਿਰੰਕਾਰ, ਬਾਣਾ ਭਾਣਾ ਜੋਤੀ ਰਾਣਾ ਆਪਣੇ ਹੱਥ ਰਖਾਇੰਦਾ । ਨਾ

ਕੋਈ ਜਾਣੇ ਸੁਘੜ ਸਿਆਣਾ, ਪ੍ਰਭ ਆਪੇ ਘੜੇ ਅੰਦਰ ਵੜੇ, ਆਪੇ ਅੰਤ ਮਿਟਾਇੰਦਾ । ਨਾ ਕੋਈ ਸੀਸ ਨਾ ਕੋਈ ਧੜੇ, ਮਾਨਸ ਦੇਹੀ ਕਿਸੇ ਨਾ ਦਿਸੇ ਮਾਤ ਜੜ੍ਹੇ, ਗਰਭਵਾਸ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਜੋਤੀ ਫੜੇ, ਅੰਤਮ ਜੋਤੀ ਮੇਲ ਮਿਲਾਇੰਦਾ । ਮਿਲੇ ਮੇਲ ਹਰਿ ਭਗਵਾਨਾ । ਗੁਰਮੁਖ ਵਿਰਲੇ ਸਚ ਦੁਲਾਰੇ, ਸੱਚਾ ਸ਼ਬਦ ਬੰਨ੍ਹੇ ਗਾਨਾ । ਸਚ ਧਾਮ ਬਹਾਏ ਸਿੰਘ ਪਾਲ ਦੇਵੇ ਮਾਣ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋ ਦਿਆਲ ਤਿੰਨ ਲਾਲ ਨਾਲ ਰਲਾਏ, ਜਗਤ ਚਲਾਏ ਸਾਚੀ ਧਾਰੇ । ਫਲ ਲਗਾਏ ਸਾਚੇ ਡਾਲ, ਵੇਖੇ ਵਿਗਸੇ ਕਰੇ ਵਿਚਾਰੇ । ਚਾਰ ਕੁੰਟ ਦਏ ਬਹਾਲ, ਦਰ ਦਰਬਾਨ ਖੜ੍ਹੇ ਰਹਿਣ ਪਹਿਰੇਦਾਰੇ । ਮਾਤਲੋਕੀ ਕਰ ਧਿਆਨ, ਬ੍ਰਹਮਲੋਕੀ ਸ਼ਬਦ ਉਡਾਨ, ਇੰਦਲੋਕੀ ਸੁਰਤ ਧਿਆਨ, ਸ਼ਿਵ ਸ਼ੰਕਰ ਵੇਖੇ ਨੈਣ ਮੁੰਧਾਰੇ । ਸ਼ਬਦ ਵੱਜੇ ਏਕਾ ਬਾਣ, ਪੁਰੀਆਂ ਲੋਆਂ ਲਾਹੇ ਘਾਣ, ਗੁਰਮੁਖਾਂ ਵਧਦੀ ਜਾਏ ਸ਼ਾਨ, ਦੇਵੇ ਮਾਣ ਹਰਿ ਗਿਰਧਾਰੇ । ਸਰਬ ਜੀਆਂ ਜਾਣੀ ਜਾਣ, ਆਪੇ ਕਰੇ ਮਾਤ ਪਛਾਣ, ਜਨ ਭਗਤਾਂ ਦੇਵੇ ਬ੍ਰਹਮ ਗਿਆਨ, ਲੇਖਾ ਚੁੱਕੇ ਸਤਾਰਾਂ ਹਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਸਤਕ ਤਿਲਕ ਲਗਾਏ, ਜਗਤ ਉਪਜਾਏ ਸਾਚੇ ਲਾੜੇ । ਸ਼ਬਦ ਜੋਗ ਜਗਤ ਬ੍ਰਹਿਮਾਦ । ਪੁਰੀਆਂ ਲੋਆਂ ਸਾਚਾ ਨਾਦ । ਮਿਲੇ ਮੇਲ ਜਹਾਨੀ ਦੋਆ, ਲਿਖਿਆ ਲੇਖ ਆਦਿ ਜੁਗਾਦਿ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਕਿਰਪਾ ਕਰ, ਦੇਵੇ ਦਾਤ ਵਡ ਸੁਗਾਤ, ਸੋਹੰ ਸ਼ਬਦ ਨਾਮ ਦਾਦ । ਹਰਿ ਜੋਤ ਅਕਾਰ, ਸ਼ਬਦ ਪ੍ਰਕਾਸ਼ ਹੈ । ਸ਼ਬਦ ਰੱਖੇ ਤਿਖੀ ਧਾਰ, ਪਵਣ ਦੇਵੇ ਸਰਬ ਸਵਾਸ ਹੈ । ਸ਼ਬਦ ਘੋੜੇ ਹੋ ਅਸਵਾਰ, ਸਚ ਮੰਡਲ ਵੇਖੇ ਸਾਚੀ ਰਾਸ ਹੈ । ਤਿੰਨਾਂ ਲੋਆਂ ਬੰਨੇ ਧਾਰ, ਵੇਖ ਵਖਾਣੇ ਮਾਤ ਪਤਾਲ ਅਕਾਸ਼ ਹੈ । ਸਾਚੀ ਪੁਰੀਆਂ ਪਾਵੇ ਸਾਰ, ਹਰਿ ਵਿਚਾਰ ਕਿਰਪਾ ਧਾਰ, ਬ੍ਰਹਮਾ ਸ਼ਿਵ ਇੰਦ ਵਡ ਮਰਗਿੰਦ ਸੱਚੀ ਸਰਕਾਰ ਹੈ । ਜਨ ਭਗਤ ਉਪਜਾਏ ਮਾਤ ਸਾਚੀ ਬਿੰਦ, ਮਾਨਸ ਦੇਹੀ ਅਪਰ ਅਪਾਰ ਹੈ । ਜੋਤੀ ਜੋਤ ਸਰੂਪ ਹਰਿ, ਆਤਮ ਜੋਤੀ ਨੂਰ ਧਰ, ਸ਼ਬਦ ਵਸਾਏ ਸਾਚੇ ਘਰ, ਪਵਣ ਅਸਵਾਰ ਹਰਿ ਨਿਰੰਕਾਰ ਹੈ । ਹਰਿ ਨਰ ਨਰ ਨਿਰੰਕਾਰਾ । ਪਵਣ ਸ਼ਬਦ ਜੋਤ ਅਧਾਰਾ । ਵਰਨ ਬਰਨ ਗੋਤ ਵਸੇ ਬਾਹਰਾ । ਏਕਾ ਅਬਿਨਾਸ਼ੀ ਅਬਿਨਾਸ਼ ਜੋਤ, ਦਿਸੇ ਸਦ ਗੁਪਤ ਜ਼ਾਹਰਾ । ਗੁਰਮੁਖਾਂ ਮੈਲ ਦੁਰਮਤ ਰਿਹਾ ਧੋਤ, ਸ਼ਬਦ ਕਰਾਏ ਤਨ ਸ਼ਿੰਗਾਰਾ । ਬੇਮੁਖ ਮਾਤ ਰਹੇ ਸੋਤ, ਆਤਮ ਅੰਧ ਧੁੰਦੂਕਾਰਾ । ਨਰ ਨਿਰੰਜਣ ਏਕਾ ਜੋਤ, ਆਵੇ ਜਾਵੇ ਵਾਰੋ ਵਾਰਾ । ਲੱਖ ਚੁਰਾਸੀ ਵਿਆਹੇ ਲਾੜੀ ਮੌਤ, ਗੁਰਮੁਖਾਂ ਦੇਵੇ ਸ਼ਬਦ ਬਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਅੰਤ ਮਾਇਆ ਖੇਲ, ਜਨ ਭਗਤ ਮੇਲ ਆਪਣੇ ਹੱਥ ਰਖਾਨਾ । ਭਗਤ ਮੇਲ ਹਰਿ ਆਪ ਕਰਾਇੰਦਾ । ਜੋਤੀ ਜਗੇ ਬਿਨ ਬਾਤੀ ਬਿਨ ਤੇਲ, ਜਗਤ ਉਜਿਆਰ ਹਰਿ ਗਿਰਧਾਰ ਚਾਰ ਕੁੰਟ ਕਰਾਇੰਦਾ । ਗੁਰਮੁਖ ਸਾਚੇ ਮਾਣਕ ਮੋਤੀ, ਫੜ ਫੜ ਬਾਹੋਂ ਸਾਚੇ ਹਾਰ ਬਣਾਇੰਦਾ । ਨਾ ਕੋਈ ਜਾਣੇ ਵਰਨ ਗੋਤੀ, ਚਾਰ ਵਰਨ ਏਕਾ ਸਰਨ ਏਕਾ ਧਾਰ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੁਰੀਆਂ ਲੋਆਂ ਪਸਰ ਪਸਾਰ ਆਪੇ ਜਾਣੇ ਵੇਖ ਵਖਾਣੇ ਨਜ਼ਰ ਕਿਸੇ ਨਾ ਆਇੰਦਾ । ਨਾ ਕੋਈ ਵੇਖੇ ਨਾ ਕੋਈ ਜਾਣੇ । ਲੋਕਮਾਤੀ ਭੁੱਲੇ ਰਾਜੇ ਰਾਣੇ । ਲੱਖ ਚੁਰਾਸੀ ਝੂਠੀ ਬਾਤੀ, ਨਾ ਕੋਈ ਚੁਕਾਵੇ ਆਵਣ ਜਾਣੇ । ਗੁਰਮੁਖਾਂ ਮੇਲ ਕਮਲਾਪਾਤੀ, ਦੇਵੇ ਦਰਸ ਸ੍ਰੀ ਭਗਵਾਨੇ । ਆਤਮ ਮਿਟੇ ਅੰਧੇਰੀ ਰਾਤੀ, ਦੀਪਕ ਜਗੇ ਜੋਤ ਮਹਾਨੇ । ਬੈਠਾ ਦਿਸੇ ਇਕ ਇਕਾਂਤੀ, ਗੁਰਮੁਖ

੬੨੨
੦੪

ਲਾਏ ਚਰਨ ਧਿਆਨੇ । ਆਤਮ ਵੇਖੇ ਮਾਰ ਝਾਤੀ, ਕਾਇਆ ਮੰਦਰ ਹਰਿ ਸੁਹਾਨੇ । ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਸਰ ਸਰੋਵਰ ਇਸ਼ਨਾਨ ਕਰਾਨੇ । ਅੰਤਮ ਵੇਲੇ ਪੁੱਛੇ ਵਾਤੀ, ਦਰਗਹਿ ਸਾਚੀ ਮਾਣ ਦਵਾਨੇ । ਨਾ ਕੋਈ ਪਿਤਾ ਨਾ ਕੋਈ ਮਾਤੀ, ਜਗਤ ਝੂਠੇ ਭੈਣ ਭਰਾਨੇ । ਏਕਾ ਨਰ ਹਰਿ ਪੁਰਖ ਬਿਧਾਤੀ, ਜਨ ਭਗਤਾਂ ਬੰਨ੍ਹੇ ਹੱਥੀਂ ਸ਼ਬਦ ਗਾਨੇ । ਸਾਚੀ ਦੇਵੇ ਨਾਮ ਦਾਤੀ, ਲੱਖ ਚੁਰਾਸੀ ਗੇੜ ਕਟਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਲੋਕੀ ਨਾਥੀ ਸਗਲਾ ਸਾਥੀ, ਆਦਿ ਅੰਤ ਜੁਗਾ ਜੁਗੰਤ ਭਗਤ ਸੁਹੇਲਾ ਸਾਚਾ ਮੇਲਾ ਦੋ ਜਹਾਨੇ । ਦੋ ਜਹਾਨੀ ਮੇਲ ਮਿਲਾਇੰਦਾ । ਸ਼ਬਦ ਮਾਰੇ ਤੀਰ ਕਾਨੀ, ਗੁਰਮੁਖ ਸੋਇਆ ਆਪ ਜਗਾਇੰਦਾ । ਅੰਮ੍ਰਿਤ ਦੇਵੇ ਆਤਮ ਪਾਣੀ, ਕਾਇਆ ਠੰਡੀ ਠਾਰ ਰਖਾਇੰਦਾ । ਸਾਚੀ ਦੇਵੇ ਸ਼ਬਦ ਬਾਣੀ, ਨਾਦ ਧੁਨ ਇਕ ਉਪਜਾਇੰਦਾ । ਪ੍ਰਭ ਜੋਤੀ ਸਾਚੀ ਰਾਣੀ, ਗੁਰਮੁਖ ਲਾੜੇ ਨਾਲ ਵਿਆਹਿੰਦਾ । ਸਾਚਾ ਮੇਲ ਇਕੋ ਹਾਣੀ, ਵਿਛੜ ਕਦੇ ਨਾ ਜਾਇੰਦਾ । ਸ਼ਬਦ ਚੜ੍ਹੇ ਸਾਚਾ ਤੇਲ, ਜਨ ਭਗਤਾਂ ਸਿਰੋਂ ਵਾਰੇ ਪਾਣੀ, ਫੂਲਨ ਸਿਹਰਾ ਸੀਸ ਗੁੰਦਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਧਨ ਧਨੀ ਕੌਸਤਕ ਮਣੀ ਗੁਰਸਿਖਾਂ ਮਸਤਕ ਤਿਲਕ ਲਗਾਇੰਦਾ । ਕੌਸਤਕ ਮਨੀ ਤਨ ਸ਼ਿੰਗਾਰ । ਪ੍ਰਭ ਅਬਿਨਾਸ਼ੀ ਲਾਏ ਵਾਰੋ ਵਾਰ । ਸਿੰਘ ਸਿੰਘਾਸਣ ਬੈਠ ਸੱਚੀ ਸਰਕਾਰ । ਲੱਖ ਚੁਰਾਸੀ ਅੰਤਮ ਨਾਸਨ, ਜਨ ਭਗਤਾਂ ਪਾਏ ਸਾਚੀ ਸਾਰ । ਮਿਲੇ ਮੇਲ ਪੁਰਖ ਅਬਿਨਾਸ਼ਨ, ਸ਼ਬਦ ਬੰਨ੍ਹੇ ਸੀਸ ਦਸਤਾਰ । ਨਿਜ ਘਰ ਆਤਮ ਰੱਖੇ ਵਾਸਨ, ਬੇਮੁਖ ਲੱਭਣ ਅੰਦਰ ਬਾਹਰ । ਜਨ ਭਗਤਾਂ ਕਰੇ ਮਾਨਸ ਜਨਮ ਰਾਸਨ, ਆਤਮ ਖੋਲ੍ਹੇ ਬੰਦ ਕਿਵਾੜ । ਜੁਗਾ ਜੁਗੰਤੀ ਦਾਸ ਦਾਸਨ, ਬੈਠਾ ਰਹੇ ਦਰ ਦਰਬਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੁਰੀਆਂ ਲੋਆਂ ਬੰਨ੍ਹੇ ਧਾਰ, ਕਰਮ ਕਮਾਇੰਦਾ । ਕੋਈ ਨਾ ਪਾਵੇ ਸਾਰ, ਸਤਿਜੁਗ ਸਾਚੇ ਜਨਮ ਦਵਾਇੰਦਾ । ਸ਼ਬਦ ਰੱਖੇ ਤਿੱਖੀ ਧਾਰ ਹਰਿ ਕਰਤਾਰ, ਖੰਡਾ ਆਪਣੇ ਹੱਥ ਰਖਾਇੰਦਾ । ਵੇਖ ਵਖਾਣੇ ਦਰ ਦਵਾਰ, ਆਪ ਬਣਾਏ ਆਪੇ ਢਾਹਿੰਦਾ । ਨਾ ਕੋਈ ਜਾਣੇ ਜੀਵ ਗਵਾਰ, ਕਿਹੜੇ ਧਾਮ ਹਰਿ ਰਹਾਇੰਦਾ । ਤਿੰਨਾਂ ਲੋਆਂ ਪਾਵੇ ਸਾਰ, ਆਪਣਾ ਭੇਵ ਆਪ ਛੁਪਾਇੰਦਾ । ਲੱਖ ਚੁਰਾਸੀ ਕਰ ਉਜਿਆਰ, ਜੋਤੀ ਨੂਰ ਇਕ ਵਖਾਇੰਦਾ । ਪਵਣ ਸਵਾਸੀ ਕਰ ਵਿਚਾਰ, ਪਵਣ ਉਨੰਜਾ ਕਾਇਆ ਮੰਡਲ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਮਾਣ ਦੋ ਜਹਾਨ ਆਪੇ ਆਪ ਦਵਾਇੰਦਾ । ਦੋ ਜਹਾਨਾਂ ਵਾਲੀ ਬਣਤ ਬਣਾਇੰਦਾ । ਜਨ ਭਗਤ ਸੁਰਤ ਸੰਭਾਲੀ, ਸੇਵ ਕਮਾਈ ਲੇਖੇ ਲਾਇੰਦਾ । ਮਾਇਆ ਤੋੜੇ ਜਗਤ ਜੰਜ਼ਾਲੀ, ਫਲ ਲਗਾਏ ਸਾਚੀ ਡਾਲੀ, ਅੰਮ੍ਰਿਤ ਮੇਵਾ ਇਕ ਖਵਾਇੰਦਾ । ਜਗਤ ਪਿਤ ਚਾਲ ਨਿਰਾਲੀ । ਕਲਜੁਗ ਦਿਸੇ ਘਟਾ ਕਾਲੀ, ਚੰਦ ਸੂਰਜ ਦੋਏ ਮਾਤ ਚੜ੍ਹਾਇੰਦਾ । ਗਗਨ ਮਸਤਕ ਸਾਚੀ ਥਾਲੀ, ਜੋਤੀ ਨੂਰ ਇਕ ਅਕਾਲੀ, ਤਿੰਨਾਂ ਲੋਕਾਂ ਅਕਾਰ ਕਰਾਇੰਦਾ । ਕਲਜੁਗ ਸਤਿਜੁਗ ਦਰ ਦਰਬਾਰ ਸੱਚੀ ਸਰਕਾਰ, ਲਾੜੀ ਮੌਤ ਨਾਲ ਰਲਾਈ, ਵੇਖ ਵਖਾਣੇ ਸਰਬ ਕੁਛ ਜਾਣੇ, ਆਪਣਾ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਤਣਦੀ ਤਾਣਾ, ਨਾ ਕੋਈ ਜਾਣੇ ਗੁਣ ਨਿਧਾਨਾ, ਆਪੇ ਘੜੇ ਅੰਦਰ ਵੜੇ, ਆਪੇ ਅੰਤ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਲਗਾਏ ਸਾਚੇ ਲੜੇ ਪੱਲੂ ਨਾਮ ਇਕ ਫੜਾਇੰਦਾ । ਪੱਲੂ ਨਾਮ ਇਕ ਫੜਾਇਆ । ਸੱਚਾ ਦਾਮ ਪ੍ਰਭ ਝੋਲੀ ਪਾਇਆ । ਪੂਰ ਕਰਾਏ ਆਪਣਾ ਕਾਮ, ਨਿਹਕਲੰਕੀ ਭੇਖ ਵਟਾਇਆ । ਰਾਮ ਰਹੀਮਾ

ਏਕਾ ਰਾਮ, ਨੂਰੀ ਜੋਤੀ ਜੋਤ ਉਪਜਾਇਆ । ਨਾ ਹੋਏ ਅੰਧੇਰੀ ਰਾਤੀ ਸ਼ਾਮ, ਸੰਝ ਸਵੇਰ ਇਕ ਕਰਾਇਆ । ਹੱਡ ਨਾੜੀ ਨਾ ਕੋਈ ਚਾਮ, ਬੱਤੀ ਧਾਰ ਨਾ ਸੀਰ ਮੁਖ ਚੁਆਇਆ । ਨਰ ਹਰਿ ਏਕਾ ਏਕ ਰਮਈਆ ਰਾਮ, ਜੋਤੀ ਨੂਰ ਸ਼ਬਦ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਮਾਤ ਧਰ, ਆਪ ਆਪਣਾ ਭੇਵ ਛੁਪਾਇਆ । ਜੋਤੀ ਜਾਮਾ ਹਰਿ ਨਿਰੰਕਾਰ ਹੈ । ਗੁਰਮੁਖਾਂ ਪਾਏ ਸਾਚੀ ਸਾਰ ਹੈ । ਤਿੰਨਾਂ ਲੋਆਂ ਬੰਨ੍ਹੇ ਏਕਾ ਧਾਰ ਹੈ । ਚੌਥੇ ਘਰ ਖੋਲ੍ਹੇ ਦਰ, ਗੁਰਮੁਖ ਸਾਚੇ ਵੇਖ ਵਿਚਾਰ ਹੈ । ਪੰਜਵੇਂ ਘਰ ਜੋਤ ਹੋਏ, ਏਕਾ ਨੂਰੀ ਚਾਨਣ ਹੋਏ, ਸ਼ਬਦ ਧੁਨੀ ਅਨਹਦ ਧੁਨ ਨਾਦ ਹੈ । ਛੇਵੇ ਘਰਂ ਹਰਿ ਖਲੋਏ, ਅੰਮ੍ਰਿਤ ਧਾਰ ਨਿਝਰ ਚੋਏ, ਪਵਣ ਸਵਾਸੀ ਚਰਨ ਦਾਸੀ ਜਾਣੇ ਰੰਗ ਕਰਤਾਰ ਹੈ । ਸਤਵੇਂ ਘਰ ਪ੍ਰਭ ਅਬਿਨਾਸ਼ੀ ਕਰ ਜੋਤੀ ਨੂਰਾ, ਏਕਾ ਹਰਿ ਸਤਿ ਸਰੂਪਾ ਵਡਾ ਭੂਪਾ, ਸ਼ਾਹੋ ਸ਼ਹਾਨਾ ਸ਼ਾਹਕਾਰ ਹੈ । ਸਤਵੇਂ ਘਰ ਹਰਿ ਬਨਵਾਰੀ । ਰੂਪ ਰੰਗ ਨਾ ਰੇਖ ਭੇਖ, ਨਾ ਕੋਈ ਵੇਖੇ ਖੇਲ ਮੁਰਾਰੀ । ਛੇਵੇਂ ਘਰ ਲਿਖੇ ਲੇਖ, ਪਵਣ ਸ਼ਬਦੀ ਜੋਤ ਅਧਾਰੀ । ਪੰਜਵੇਂ ਘਰ ਰਿਹਾ ਵੇਖ, ਗੁਰੂਆਂ ਪੀਰਾਂ ਪੈਜ ਸਵਾਰੀ । ਚੌਥੇ ਅੰਦਰ ਨੇਤਰ ਪੇਖ, ਆਤਮ ਜੋਤੀ ਸ਼ਬਦ ਧੁਨੀ ਸਾਚੀ ਦੇਵੇ ਇਕ ਧੁਨਕਾਰੀ । ਜਨ ਭਗਤ ਪੁਕਾਰ ਹਰਿ ਜੀ ਸੁਣੀ, ਪੰਜਵੇਂ ਅੰਦਰ ਆਇਆ ਬਾਹਰੀ । ਲੱਖ ਚੁਰਾਸੀ ਛਾਣੀ ਪੁਣੀ, ਫਲ ਨਾ ਦਿਸੇ ਕਿਸੇ ਡਾਰੀ । ਵਡ ਦਾਤਾ ਹਰਿ ਵਡ ਗੁਣ ਗੁਣੀ, ਵੇਖ ਵਖਾਣੇ ਗੁਪਤ ਜ਼ਾਹਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ, ਗੁਰਮੁਖਾਂ ਬਣਾਏ ਸਾਚੀ ਬਣਤ, ਦੇਵੇ ਮਾਣ ਸਚ ਦਵਾਰੇ । ਕਿਰਪਾ ਧਾਰੇ ਵਾਰੋ ਵਾਰੀ । ਕਿਰਪਾ ਧਾਰ ਧਾਰ ਬੰਨ੍ਹਾਇੰਦਾ । ਨਰ ਨਿਰੰਕਾਰ ਸੱਚੀ ਸਰਕਾਰ, ਸਿੰਘ ਸਿੰਘਾਸਣ ਡੇਰਾ ਲਾਇੰਦਾ । ਵੇਖ ਵਖਾਣੇ ਕਰੇ ਵਿਚਾਰ, ਆਪਣਾ ਭੇਵ ਵਡ ਦੇਵੀ ਦੇਵ ਆਪਣੇ ਹੱਥ ਰਖਾਇੰਦਾ । ਨਾ ਕੋਈ ਜਾਣੇ ਨਰ ਨਾਰ, ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸਾਚੀ ਸੇਵ ਲਗਾਇੰਦਾ । ਸੋਲਾਂ ਕਰ ਤਨ ਸ਼ਿੰਗਾਰ, ਸਾਚੀ ਸੇਜਾ ਆਪ ਬਹਾਇੰਦਾ । ਗੁਰਮੁਖ ਨਾਰੀ ਹਰਿ ਭਤਾਰਾ, ਸਾਚਾ ਕੰਤ ਮੀਤ ਮੁਰਾਰਾ, ਸਾਚਾ ਸੰਗ ਨਿਭਾਇੰਦਾ । ਆਤਮ ਖੋਲ੍ਹੇ ਬੰਦ ਕਵਾੜਾ, ਨਾਮ ਗਾੜ੍ਹਾ ਪ੍ਰੇਮ ਰੰਗਣ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹੱਤਰ ਨਾੜਾ ਏਕਾ ਰੰਗ, ਸੱਚਾ ਸੰਗ ਆਪਣਾ ਆਪ ਨਿਭਾਇੰਦਾ । ਸਾਚਾ ਸੰਗ ਆਪ ਨਿਭਾਇਆ । ਸਿੰਘ ਪਾਲ ਵਡ ਪ੍ਰਤਾਪ, ਸੋਹੰ ਜਪਿਆ ਸਾਚਾ ਜਾਪ, ਚਰਨ ਕਵਲ ਉਪਰ ਧਵਲ ਸੀਸ ਝੁਕਾਇਆ । ਪੁਰੀਆਂ ਲੋਆਂ ਗਿਆ ਮਵਲ, ਰੰਗ ਅਵਲੜਾ ਪ੍ਰਭ ਰੰਗਾਇਆ । ਪ੍ਰਭ ਅਬਿਨਾਸ਼ੀ ਆਪ ਟਿਕਾਇਆ ਨਾਭ ਕਵਲ, ਕਵਲ ਮੁਖ ਅੰਮ੍ਰਿਤ ਧਾਰ ਦੇ ਝਿਰਾਇਆ । ਨਾ ਕੋਈ ਵੇਖੇ ਰੰਗ ਕਾਲਾ ਪੀਲਾ ਸਵਲ, ਜੋਤੀ ਨੂਰ ਸਤਿ ਸਰੂਰ ਸਰਬ ਕਲਾ ਭਰਪੂਰ, ਏਕਾ ਰੰਗ ਹਰਿ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਿਤਾ ਵਰ, ਬ੍ਰਹਮਲੋਕ ਧਾਮ ਸੁਹਾਇਆ । ਬ੍ਰਹਮਲੋਕ ਧਾਮ ਨਿਆਰਾ । ਆਪੇ ਵੇਖੇ ਹਰਿ ਹਰਿ ਸਿਰਜਣਹਾਰਾ । ਸ੍ਰਿਸ਼ਟ ਸਬਾਈ ਲਿਖੇ ਲੇਖੇ, ਬਣਾਏ ਢਾਏ ਕਰ ਉਸਾਰਾ । ਗੁਰਮੁਖ ਵਿਰਲਾ ਨੇਤਰ ਪੇਖੇ, ਕਲਜੁਗ ਤੇਰੀ ਅੰਤਮ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਇਕ ਸੁਹਾਇਆ, ਗੁਰਮੁਖ ਸਾਚਾ ਦਏ ਬਹਾਇਆ, ਨਾਂ ਲਗਾਏ ਇਕ ਚੁਬਾਰਾ । ਪਾਲ ਸਿੰਘ ਤੇਰੀ ਸੇਵ ਵਡ ਵਡਿਆਈ । ਮਿਲਿਆ ਹਰਿ ਵਡ ਦੇਵੀ ਦੇਵ, ਲੋਕਮਾਤ ਬਣਤ ਬਣਾਈ । ਜਪਿਆ ਜਾਪ ਰਸਨਾ ਜਿਹਵ, ਭੁੱਲ ਰਹੇ ਨਾ ਰਾਈ । ਲੱਗਾ ਫਲ ਸਾਚਾ ਮੇਵ, ਪਿਤਾ

੬੨੩
੦੪

੬੨੪
੦੪

ਪੂਤ ਏਕਾ ਜੋਤ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਜੋਤੀ ਨੂਰ ਸਤਿ ਸਰੂਰ ਦੇਵੇ ਮਾਣ ਚਰਨ ਸਰਨਾਈ । ਸਰਨ ਸਰਨਾਈ ਆਪ ਰਖਾਇਆ , ਹਰਿ ਧਰਨੀ ਧਰਨ, ਮਰਨ ਡਰਨ ਗੇੜ ਚੁਕਾਇਆ । ਮਿਲਿਆ ਨਰ ਵਰਨੀ ਵਰਨ, ਕਰਨੀ ਕਰਨ ਕਲ ਖੇਲ ਕਰਾਇਆ । ਖੋਲ੍ਹੇ ਦਰ ਵਡ ਦਰਨੀ ਦਰਨ, ਵਡ ਭੰਡਾਰ ਇਕ ਰਖਾਇਆ । ਆਤਮ ਝੋਲੀ ਹਰਿ ਭਰਨੀ ਭਰਨ, ਤੋਟ ਕਦੇ ਨਾ ਆਇਆ । ਆਪੇ ਖੋਲ੍ਹੇ ਹਰਨੀ ਫਰਨ, ਤੀਜੇ ਨੇਤਰ ਲੋਇਣ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਲੋਕ ਸਾਚਾ ਧਾਮ ਅੰਤ ਸੁਹਾਇਆ । ਅੰਤ ਸੰਤ ਭਗਵੰਤ ਮੇਲ ਮਿਲਾਇੰਦਾ । ਮਿਲਿਆ ਮੇਲ ਕੰਤ ਜੰਤ, ਸਾਚਾ ਨਾਤਾ ਮਾਤ ਜੁੜ੍ਹਾਇੰਦਾ । ਜੀਵ ਜੰਤ ਸਾਧ ਸੰਤ, ਜੁਗਾ ਜੁਗੰਤ ਪੈਜ ਰਖਾਇੰਦਾ । ਮਾਤ ਬਣਾਏ ਸਾਚੀ ਬਣਤ, ਪਿਤਾ ਪੂਤ ਏਕਾ ਧਾਗਾ ਏਕਾ ਸੂਤ, ਸ਼ਬਦ ਡੋਰ ਨਾਲ ਬੰਨ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਰੋ ਵਾਰੀ ਰਿਹਾ ਤੋਰ, ਅੱਗਾ ਪਿੱਛਾ ਕਿਸੇ ਨਜ਼ਰ ਨਾ ਆਇੰਦਾ । ਪਿੱਛਾ ਅੱਗਾ ਨਾ ਕੋਈ ਜਾਣੇ । ਕਾਇਆ ਤੁੱਟੇ ਅੰਤਮ ਤੱਗਾ, ਭੁੱਲੇ ਜੀਵ ਨਿਦਾਨੇ । ਮਾਇਆ ਮਮਤਾ ਮੋਹ ਝੂਠਾ ਲੱਗਾ, ਮਾਤ ਪਿਤ ਨਾ ਕੋਈ ਭੈਣ ਭਰਾਨੇ । ਏਕਾ ਦਾਤਾ ਹਰਿ ਸੂਰਾ ਸਰਬਗਾ, ਦਰਗਹਿ ਸਾਚੀ ਦੇਵੇ ਮਾਣੇ । ਚਰਨ ਸਰਨ ਸਚ ਸਰਨਾਈ ਜੋ ਜਨ ਲੱਗਾ, ਆਵਣ ਜਾਵਣ ਫੰਦ ਕਟਾਣੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਨ੍ਹਾਏ ਸ਼ਬਦ ਹੱਥੀਂ ਸੱਚੇ ਗਾਨੇ । ਪਾਲ ਸਿੰਘ ਕਰ ਤਿਆਰੀ । ਮਾਰੀ ਇਕ ਸ਼ਬਦ ਉਡਾਰੀ । ਮਿਲਿਆ ਜੋਤ ਹਰਿ ਨਿਰੰਕਾਰੀ । ਬ੍ਰਹਮਲੋਕ ਮਿਲੀ ਸੱਚੀ ਸਰਦਾਰੀ । ਪਿਤਾ ਪੂਤ ਹਰਿ ਪੈਜ ਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਨੂਰ ਧਰ, ਕਾਇਆ ਮੰਦਰ ਸਾਚੇ ਅੰਦਰ ਡੂੰਘੀ ਕੰਦਰ ਤੋੜ ਜੰਦਰ, ਆਤਮ ਸੇਜਾ ਆਸਣ ਲਾਇਆ ਭਾਰੀ । ਆਤਮ ਸੇਜਾ ਆਸਣ ਲਾਇਆ । ਸ਼ਬਦ ਨੇਜਾ ਹੱਥ ਉਠਾਇਆ । ਨੇਤਰ ਤੀਜਾ ਖੋਲ੍ਹ ਵਖਾਇਆ । ਆਪ ਖਲੋਏ ਦਰ ਦਹਿਲੀਜਾ, ਪੜਦਾ ਓਹਲਾ ਸਰਬ ਚੁਕਾਇਆ । ਗੁਰਮੁਖ ਆਤਮ ਤਨ ਮਨ ਸੀਜਾ, ਕਾਇਆ ਠੰਡੀ ਠਾਰ ਕਰਾਇਆ । ਸ਼ਬਦ ਬੀਜ ਸਾਚਾ ਬੀਜਾ, ਨਾਦ ਧੁਨ ਇਕ ਉਪਜਾਇਆ । ਆਪੇ ਕਰੇ ਮਾਤ ਰੀਝਾ, ਪੂਤ ਸਪੂਤਾ ਦੇ ਵਡਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵਣ ਜਾਵਣ ਜਗਤ ਜਹਾਨ, ਹਰਿ ਭਗਵਾਨ ਆਪਣੇ ਹੱਥ ਰਖਾਇਆ । ਪੂਤ ਸਪੂਤਾ ਹਰਿ ਬਣਤ ਬਣਾਈ । ਨਾਰ ਕੰਤ ਨਾ ਜਾਣੇ ਰਾਈ । ਸਾਧ ਸੰਤ ਭੇਵ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਸਾਚਾ ਨੂਰ, ਬਜ਼ਰ ਕਪਾਟੀ ਕੀਨੀ ਦੂਰ, ਕਾਇਆ ਮੰਦਰ ਵਿਚ ਟਿਕਾਈ । ਕਾਇਆ ਮੰਦਰ ਹਰਿ ਸੁਹਾਇਆ । ਅੰਦਰੇ ਅੰਦਰ ਡੇਰਾ ਲਾਇਆ । ਨੂਰ ਉਜਾਲਾ ਗੁਰ ਗੋਪਾਲਾ, ਭਗਤ ਦਿਆਲਾ ਆਪ ਅਖਵਾਇਆ । ਏਕਾ ਰੱਖਿਆ ਸ਼ਬਦ ਦੁਸ਼ਾਲਾ । ਧਰਮ ਰਾਏ ਦਾ ਲਾਹੇ ਪਾਲਾ, ਗੁਰਮੁਖਾਂ ਹਰਿ ਤਨ ਪਹਿਨਾਇਆ । ਜਗਤ ਅਵਲੜੀ ਚੱਲੇ ਚਾਲਾ, ਸ਼ਬਦ ਵਜਾਏ ਸਾਚਾ ਤਾਲਾ, ਸੁਰ ਤਾਲ ਰਾਗ ਰੰਗ ਨਾ ਕੋਈ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਨੂਰ ਕਰ, ਵੇਖ ਵਖਾਣੇ ਸਚ ਘਰ, ਸਾਚੇ ਮੰਦਰ ਡੇਰਾ ਲਾਇਆ । ਸਾਚਾ ਧਾਮ ਇਕ ਅਸਥੂਲ । ਜਿਥੇ ਵਸੇ ਕੰਤ ਕੰਤੂਹਲ । ਸਚ ਸਿੰਘਾਸਣ ਹਰਿ ਬਿਰਾਜੇ, ਨਾ ਕੋਈ ਪਾਵਾ ਨਾ ਕੋਈ ਚੂਲ । ਪ੍ਰਗਟ ਹੋਇਆ ਦੇਸ ਮਾਝੇ, ਲੱਖ ਚੁਰਾਸੀ ਗਈ ਭੂਲ । ਆਪ ਸਵਾਰੇ ਆਪਣੇ ਕਾਜੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਸਚ ਕੰਤੂਹਲ । ਬ੍ਰਹਮਲੋਕ

ਹਰਿ ਪੈਜ ਸਵਾਰ । ਤੀਜੇ ਘਰ ਵੇਖ ਵਿਚਾਰ । ਸੁਰਪਤ ਰਾਜੇ ਇੰਦ, ਪ੍ਰਭ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪੇ ਬੰਨ੍ਹੇ ਆਪਣੀ ਧਾਰ । ਰਾਜ ਇੰਦ ਹਰਿ ਆਪ ਜਗਾਇਆ । ਵਡ ਦਾਤਾ ਗੁਣੀ ਗਹਿੰਦ, ਸਾਚਾ ਹੁਕਮ ਇਕ ਸੁਣਾਇਆ । ਲੋਕਮਾਤ ਉਪਜੀ ਸਾਚੀ ਬਿੰਦ, ਪੂਤ ਸਪੂਤਾ ਭਾਗ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਸਰਬ ਸੁਖ ਆਸਣ, ਏਕਾ ਡੇਰਾ ਆਪ ਰਖਾਇਆ । ਆਏ ਦਰ ਹਰਿ ਦਰਬਾਰ । ਰਾਜਾ ਇੰਦ ਕਰ ਵਿਚਾਰ । ਨਰ ਹਰਿ ਗੁਣੀ ਗਹਿੰਦ, ਅੰਤਮ ਕਲ ਲੋਕਮਾਤ ਲਏ ਅਵਤਾਰ । ਇਕ ਰਖਾਏ ਨਿਹਚਲ ਧਾਮ ਅਟਲ, ਪੁਰੀਆਂ ਲੋਆਂ ਕਰੇ ਖੁਆਰ । ਜੋਤੀ ਜਾਮਾ ਵਲ ਛਲ, ਗੁਰਮੁਖਾਂ ਰਿਹਾ ਪੈਜ ਸਵਾਰ । ਜਨ ਭਗਤਾਂ ਜਾਏ ਬਲ ਬਲ, ਪ੍ਰਭ ਅਬਿਨਾਸ਼ੀ ਘਟ ਘਟ ਵਾਸੀ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਤੇਰੀ ਰਿਹਾ ਪੈਜ ਸਵਾਰ । ਮਨਜੀਤ ਸਿੰਘ ਹਰਿ ਪੈਜ ਰਖਾਈ । ਪੁਰੀ ਇੰਦਰ ਮਿਲੀ ਵਡਿਆਈ । ਸੁਰਪਤ ਰਾਜਾ ਇੰਦ ਹਰਿ ਸਰਨਾਈ । ਸਦਾ ਸਦਾ ਸਦਾ ਬਖ਼ਸ਼ਿੰਦ, ਆਤਮ ਚੇਲਾ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿੰਨਾਂ ਲੋਆਂ ਕਰ ਅਕਾਰ, ਸ਼ਬਦ ਜੈਕਾਰ ਇਕ ਕਰਾਈ ਸ਼ਬਦ ਜੈਕਾਰਾ ਇਕ ਕਰਾਇਆ । ਸੋਹੰ ਨਾਅਰਾ ਗੁਰਸਿਖ ਲਗਾਇਆ । ਕਰੋੜ ਤੇਤੀਸਾ ਕਰੇ ਨਿਮਸਕਾਰਾ, ਹਰਿ ਹਰਿ ਸਾਚੇ ਸੇਵਾ ਲਾਇਆ । ਮਾਤਲੋਕ ਆਏ ਦੌੜਾ, ਦੇਵੇ ਵਰ ਹਰਿ ਰਘੁਰਾਇਆ । ਪ੍ਰਭ ਚਰਨ ਲਾਗ ਜਾਈਏ ਤਰ, ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਆਵਣ ਜਾਵਣ ਚੁੱਕੇ ਡਰ, ਜੋਤੀ ਮਿਲਿਆ ਹਰਿ ਭਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਕੁਲਵੰਤੇ, ਪੂਰਨ ਭਗਵੰਤੇ ਪਾਈ ਸਾਚੀ ਸਾਰਾ । ਇੰਦਰਪੁਰੀ ਧਾਮ ਸੁਹੇਲਾ । ਨਾ ਕੋਈ ਜਾਣੇ ਜੀਵ ਜਗਤ ਦੁਹੇਲਾ । ਪਾਰਬ੍ਰਹਮ ਅਚਰਜ਼ ਖੇਲਾ । ਸਤਿ ਪੁਰਖ ਨਿਰੰਜਣ ਜੋਤ ਅਪਾਰੀ ਹਰਿ ਨਿਰੰਕਾਰੀ, ਵੇਖ ਵਖਾਣੇ ਗੁਰ ਚੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਬਾਣ ਇਕ ਰਖਾਏ ਸ਼ਬਦ ਆਣ, ਬਣਿਆ ਰਹੇ ਸੱਜਣ ਸੁਹੇਲਾ । ਸੱਜਣ ਸੁਹੇਲਾ ਹਰਿ ਮੁਰਾਰ । ਕਰੇ ਮੇਲ ਸਾਚਾ ਮੇਲਾ ਵਿਚ ਸੰਸਾਰ । ਨੌਂ ਬਾਰਾਂ ਅਠਾਰਾਂ ਤੀਸ, ਕਲਜੁਗ ਤੇਰਾ ਅੰਤਮ ਵੇਲਾ । ਮਿਟੇ ਭੇਵ ਰਾਗ ਛਤੀਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਾਣ ਪਛਾਣੇ ਵਸੇ ਧਾਮ ਇਕ ਇਕੇਲਾ । ਸਾਚਾ ਧਾਮ ਹਰਿ ਸੁਹਾਇੰਦਾ । ਪੂਰਨ ਕਰੇ ਆਪਣਾ ਕਾਮ, ਸ਼ਿਵ ਸ਼ੰਕਰ ਚਰਨ ਧਿਆਨ ਲਗਾਇੰਦਾ । ਸੁੱਕਾ ਕਾਇਆ ਝੂਠਾ ਚਾਮ, ਹਰਿਆ ਕੋਈ ਨਾ ਮਾਤ ਕਰਾਇੰਦਾ । ਪ੍ਰਭ ਦਰ ਕੋਈ ਨਾ ਲੱਗੇ ਦਾਮ, ਅੰਮ੍ਰਿਤ ਇਕ ਬਰਸਾਇੰਦਾ । ਇਕ ਪਿਆਏ ਸ਼ਬਦ ਜਾਮ, ਆਤਮ ਤ੍ਰਿਸ਼ਨਾ ਭੁੱਖ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੀਲ ਕੰਠ ਬਸਨ ਬਨਵਾਰੀ, ਅੰਤਮ ਮੇਲ ਜੋਤੀ ਆਪ ਮਿਲਾਇੰਦਾ । ਨੀਲ ਕੰਠ ਕਰ ਤਿਆਰੀ । ਚੌਥੇ ਜੁਗ ਆਈ ਹਾਰੀ । ਪ੍ਰਗਟ ਹੋਇਆ ਨਰ ਨਿਰੰਕਾਰੀ । ਪੁਰੀਆਂ ਲੋਆਂ ਕਰੇ ਫਿਰ ਉਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਜਗਦੀਸ਼ ਛਤਰ ਝੁਲੇ ਮਾਤ ਸੀਸ ਆਈ ਅੰਤਮ ਕਲ ਵਾਰੀ । ਛਤਰ ਸਾਚਾ ਸੀਸ ਝੁਲਾਉਣਾ । ਗੁਰਮੁਖ ਸਾਚੇ ਸਾਚਾ ਤਾਜ, ਜਗਤ ਰਾਜ ਹੱਥ ਰਖਾਉਣਾ । ਆਪ ਰਖਾਏ ਗੁਰ ਸੰਗਤ ਲਾਜ, ਚਾਰ ਕੁੰਟ ਪਏ ਭਾਜ, ਮਾਤ ਪਿਤ ਕਿਸੇ ਹੱਥ ਨਾ ਆਉਣਾ । ਧੁਰਦਰਗਾਹੀ ਸਾਚਾ ਮਾਹੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦਰ ਨਿਰਮਲ ਘਰ ਗੁਰਮੁਖ ਸਾਚੇ ਦਰ ਦਵਾਰੇ ਦਰਸ਼ਨ ਪਾਉਣਾ । ਸਾਚਾ ਦਰ ਸਚ ਦਰਬਾਰਾ । ਲੱਖ ਚੁਰਾਸੀ ਨਾਤਾ

੬੨੫
੦੪

ਤੁੱਟਾ ਮੋਹ, ਗੁਰ ਮੰਦਰ ਸੋਹੇ ਦਵਾਰਾ । ਹਰਿ ਜਨ ਮਸਤਕ ਧੂੜੀ ਜਾਏ ਛੋਹ, ਲੱਖ ਚੁਰਾਸੀ ਉਤਰੇ ਪਾਰਾ । ਸਿੰਘਾਸਣ ਲਾਉਣਾ ਛੱਬੀ ਪੋਹ, ਜਗੇ ਜੋਤ ਅਗੰਮ ਅਪਾਰਾ । ਕਰੇ ਖੇਲ ਵਾਲੀ ਜਹਾਨਾਂ ਦੋ, ਨਰ ਨਰਾਇਣ ਹਰਿ ਨਿਰੰਕਾਰਾ । ਅਵਰ ਨਾ ਜਾਣੇ ਜੀਵ ਕੋ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਜਨ ਭਗਤਾਂ ਸਾਰਾ । ਹਰਿ ਵਿਛੋੜਾ ਹਰਿ ਜਨ ਜਾਣੇ, ਬਿਰਹੋਂ ਰੋਗ ਸੰਤਾਪ । ਆਤਮ ਜੋਤੀ ਜੋ ਸੁਖ ਮਾਣੇ, ਨਾ ਜਾਣੇ ਜਗਤ ਮਾਤ ਪਿਤ ਮਾਈ ਬਾਪ । ਮਾਣਕ ਮੋਤੀ ਸਾਚੇ ਚੰਦ ਚੜ੍ਹਾਣੇ, ਲੋਕਮਾਤੀ ਉਤਰਨ ਕੋਟਨ ਪਾਪ । ਹਰਿਜਨ ਦਿਸਣ ਵਾਂਗ ਮਹਿਤਾਬ । ਹਰਿ ਵਕਤ ਸੁਹਾਏ ਆਪਣਾ ਆਪ । ਤਨ ਪਹਿਨਾਏ ਸ਼ਬਦ ਬਾਣੇ, ਸ਼ਬਦ ਜਪਾਏ ਸਾਚਾ ਜਾਪ । ਕਿਸੇ ਵਕਤ ਹੱਥ ਨਾ ਆਏ ਰਾਜੇ ਰਾਣੇ, ਜਨ ਭਗਤਾਂ ਥਾਪਣਾ ਰਿਹਾ ਥਾਪ । ਅੰਤਮ ਲਾੜੀ ਮੌਤ ਖਾਣੇ, ਲੱਖ ਚੁਰਾਸੀ ਰਹੀ ਕਾਂਪ । ਹਰਿ ਰੰਗ ਗੁਰਮੁਖ ਵਿਰਲਾ ਮਾਣੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਗੋਦ ਬਿਠਾਏ ਆਪ । ਹਰਿ ਵਿਛੋੜਾ ਗੁਰਮੁਖ ਧਾਰੀ । ਗੁਰ ਗੋਬਿੰਦ ਚਰਨ ਜੋੜਾ, ਸ਼ਬਦ ਤਨ ਸਚ ਸ਼ਿੰਗਾਰੀ । ਘਰ ਸਾਚਾ ਏਕਾ ਲੋੜਾ, ਨਿਹਕਲੰਕ ਨਰਾਇਣ ਨਰ ਜੋਤ ਨਿਰੰਕਾਰੀ । ਲੋਕਮਾਤੀ ਨਾਤਾ ਤੋੜਾ, ਛੱਡਿਆ ਜੋੜ ਹਰਿ ਗਿਰਧਾਰੀ । ਏਕਾ ਮਿਲਿਆ ਸ਼ਬਦ ਘੋੜਾ, ਸਾਚਾ ਘਰ ਮਹੱਲ ਅਟੱਲ ਅਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਏ, ਤਿੰਨਾਂ ਲੋਆਂ ਦਰ ਦਰਬਾਰੀ । ਹਰਿ ਵਿਛੋੜਾ ਬਿਰਹੋਂ ਰੋਗ । ਕਲਜੁਗ ਵਕਤ ਰਹਿ ਗਿਆ ਥੋੜਾ, ਅੰਤਮ ਹੋਏ ਮਾਤ ਸੋਗ । ਸਤਿਜੁਗ ਸਾਚੇ ਮਿਲਿਆ ਜੋੜਾ, ਲਿਖਿਆ ਲੇਖਾ ਧੁਰ ਸੰਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਗੁਰਮੁਖ ਚਰਨ ਸਰਨ ਰਸ ਸਾਚਾ ਲੈਣ ਭੋਗ । ਹਰਿ ਵਿਛੋੜਾ ਔਖੀ ਘਾਟੀ । ਕਾਇਆ ਦਿਸੇ ਝੂਠੀ ਮਾਟੀ । ਰਾਓ ਰੰਕਾਂ ਚੋਲੀ ਪਾਟੀ । ਦਰ ਦਰ ਫਿਰਨ ਮੰਗਣ ਹਾਟੀ । ਗੁਰਮੁਖ ਸਾਚੇ ਮਾਤ ਤਰਨ, ਪ੍ਰਭ ਲਪੇਟੇ ਸ਼ਬਦ ਪਾਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਬਹਾਏ ਅੱਗੇ ਵਖਾਏ ਨੇੜੇ ਵਾਟੀ ।

## * ੨੭ ਕੱਤਕ ੨੦੧੧ ਬਿਕ੍ਰਮੀ ਪਿੰਡ ਬੁਗੇ ਪ੍ਰੇਮ ਸਿੰਘ ਦੇ ਗ੍ਰਿਹਿ *

ਜੋਤੀ ਨਾਰੀ ਗੁਰਮੁਖ ਕੰਤ ਸੁਹਾਗੀਆ । ਕਲਜੁਗ ਤੇਰੀ ਅੰਤਮ ਵਾਰੀ, ਵੇਖ ਵਖਾਣੇ ਗੁਰਮੁਖ ਜਾਣੇ ਜਾਣ ਪਛਾਣੇ ਆਤਮ ਧੋਏ ਦਾਗ਼ੀਆ । ਸਾਚਾ ਰੰਗ ਇਕ ਚੜ੍ਹਾਣੇ, ਜੋਤੀ ਜੋਤ ਸਰੂਪ ਹਰਿ, ਸਰਨ ਚਰਨ ਜੋ ਜਨ ਲਾਗੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੋਇਆ ਮਾਤ ਉਠ ਉਠ ਜਾਗਿਆ । ਜੋਤੀ ਨਾਰ ਤਨ ਸ਼ਬਦ ਸ਼ਿੰਗਾਰ । ਸੋਲਾਂ ਕਲੀਆਂ ਵੇਖ ਵਿਚਾਰ । ਜੋਤੀ ਜੋਤ ਸਰੂਪ ਹਰਿ, ਸਾਚਾ ਸੀਸ ਆਪ ਗੁੰਦਾਏ ਗੁਰਮੁਖ ਪ੍ਰਨਾਏ ਸਾਚੀ ਨਾਰ । ਸਾਚਾ ਸੀਸ ਆਪ ਗੁੰਦਾਇਆ । ਸਚ ਜਗਦੀਸ਼ ਖੇਲ ਰਚਾਇਆ । ਨਾ ਕੋਈ ਜਾਣੇ ਮੂਸਾ ਈਸਾ, ਕੁਰਾਨ ਅੰਜ਼ੀਲੀ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਨਾਰੀ ਇਕ ਪਿਆਰੀ, ਸ਼ਬਦ ਰੱਖੇ ਤਨ ਸ਼ਿੰਗਾਰੀ, ਸੋਹਣੀ ਸੇਜਾ ਆਸਣ ਲਾਇਆ । ਸੋਹਣੀ ਸੇਜ ਹਰਿ ਦਵਾਰ । ਜੋਤੀ ਰਾਣੀ ਪੁਰਖ ਭਤਾਰ । ਦੋ ਜਹਾਨੀ ਵੱਜੇ ਸ਼ਬਦ ਸਿਤਾਰ । ਜਨ ਭਗਤਾਂ ਪੜਦੇ ਕੱਜੇ, ਲੋਕਮਾਤੀ ਮਾਰੇ ਝਾਤੀ, ਦਿਵਸ ਰਾਤੀ ਪਾਵੇ ਸਾਰ । ਹਰਿਜਨ ਨਿਭਾਏ ਚਰਨ ਨਾਤੀ, ਜੋਤੀ ਦਿਸੇ ਇਕ ਇਕਾਂਤੀ, ਅੰਮ੍ਰਿਤ ਧਾਰ

੬੨੬
੦੪

ਠੰਡੀ ਠਾਰ । ਇਕ ਪਿਆਏ ਬੂੰਦ ਸਵਾਂਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖ ਨਿਰੰਜਣ ਸਦਾ ਸੁਹਾਗਣ ਏਕਾ ਨਾਰ । ਜੋਤੀ ਨਾਰੀ ਜਿਸ ਪ੍ਰਨਾਈ । ਦੁਹਾਗਣ ਰਾਤ ਮਾਤ ਨਾ ਆਈ । ਸੇਜ ਸੁਹਾਗਣ ਇਕ ਹੰਢਾਈ । ਅੱਠੇ ਪਹਿਰ ਦਿਵਸ ਰੈਣ ਰਿਹਾ ਜਾਗ, ਸਾਚੀ ਸੇਵਾ ਰਿਹਾ ਕਮਾਈ । ਗੁਰਮੁਖਾਂ ਪੂਰਨ ਵਡ ਵਡਭਾਗ, ਚਰਨ ਪ੍ਰੀਤੀ ਏਕਾ ਲਾਈ । ਅੰਤਮ ਬੁੱਝੇ ਤ੍ਰਿਸ਼ਨਾ ਆਗ, ਸਾਂਤਕ ਸਤਿ ਕਰੇ ਆਤਮ ਜੋਤ ਧਰੇ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਨਿਰੰਜਣ ਸਾਚੀ ਜੋਤੀ ਗੁਰਮੁਖ ਤੇਰੇ ਨਾਲ ਵਿਆਹੀ । ਹਰਿ ਜੋਤੀ ਸ਼ਬਦ ਅਧਾਰ ਹੈ । ਏਕਾ ਸ਼ਬਦ ਸੱਚੀ ਸਰਕਾਰ ਹੈ । ਤੀਜਾ ਪੁਰਖ ਸਬਾਈ ਸ੍ਰਿਸ਼ਟੀ ਏਕਾ ਨਾਰ ਹੈ । ਆਤਮ ਦਰ ਵਜਦੀ ਰਹੇ ਵਧਾਈ, ਅਨਹਦ ਧੁਨੀ ਸੱਚੀ ਧੁਨਕਾਰ ਹੈ । ਗੁਰਮੁਖ ਗਾਉਂਦਾ ਰਹੇ ਚਾਈਂ ਚਾਈਂ, ਨਰਾਇਣ ਨਰ ਸੱਚਾ ਭਤਾਰ ਹੈ । ਹੋਏ ਸਹਾਈ ਸਭਨੀਂ ਥਾਈਂ, ਮਾਨਸ ਜਨਮ ਰਿਹਾ ਸਵਾਰ ਹੈ । ਕਲਜੁਗ ਪਾਰ ਲੰਘਾਏ ਫੜ ਕੇ ਬਾਹੀਂ, ਪੁਰੀ ਘਨਕ ਲਿਆ ਅਵਤਾਰ ਹੈ । ਸਦਾ ਰੱਖੇ ਠੰਡੀ ਛਾਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਬਲੀ ਬਲਕਾਰ ਹੈ । ਵਡ ਬਲੀ ਬਲਵਾਨ, ਹਰਿ ਹਰਿ ਨਿਰੰਕਾਰਿਆ । ਵੱਜੇ ਸੱਚਾ ਬਾਣ, ਬਜ਼ਰ ਕਪਾਟੀ ਚੀਰ ਵਖਾ ਰਿਹਾ । ਵਡ ਦਾਤਾ ਚਤੁਰ ਸੁਜਾਨ, ਜੋਤੀ ਖੇਲ ਅਪਰ ਅਪਾਰਿਆ । ਧਾਰੇ ਭੇਖ ਸ੍ਰੀ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਲੇਖੇ ਆਪ ਲਿਖਾ ਰਿਹਾ । ਏਕਾ ਦੇਵੇ ਸ਼ਬਦ ਦਾਨ, ਨਾਮ ਝੋਲੀ ਹਰਿ ਭਰਾ ਰਿਹਾ । ਏਕਾ ਰੱਖੇ ਆਪਣੀ ਆਣ ਵਿਚ ਜਹਾਨ, ਭਾਣਾ ਆਪਣੇ ਹੱਥ ਰਖਾ ਰਿਹਾ । ਨਾ ਕੋਈ ਭੁੱਲੇ ਜੀਵ ਨਿਧਾਨ, ਲੱਖ ਚੁਰਾਸੀ ਬਣਤ ਬਣਾ ਰਿਹਾ । ਦਰਗਹਿ ਸਾਚੀ ਦੇਵੇ ਮਾਣ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਰੰਗ ਵਖਾ ਰਿਹਾ । ਲੋਕ ਮਾਤੀ ਛੁੱਟੇ ਪੀਣ ਖਾਣ, ਅੰਮ੍ਰਿਤ ਫਲ ਇਕ ਖਵਾ ਰਿਹਾ । ਫਲ ਲਗਾਇਆ ਸੱਚੇ ਡਾਹਣ ਰਸਨਾ ਰਸ ਸੋਹੰ ਸ਼ਬਦ ਹਰਿ ਚੁਆ ਰਿਹਾ । ਜਨ ਭਗਤਾਂ ਹੋਇਆ ਵਸ, ਰਾਹ ਸਾਚਾ ਰਿਹਾ ਦੱਸ, ਵਾਸੀ ਪੁਰੀ ਘਨਕ ਲੋਕਮਾਤੀ ਜੋਤ ਜਗਾ ਰਿਹਾ । ਬੇਮੁਖ ਦਰ ਤੋਂ ਜਾਇਣ ਨੱਸ, ਗੁਰਮੁਖਾਂ ਹਿਰਦੇ ਜਾਏ ਵਸ, ਚਰਨ ਪ੍ਰੀਤੀ ਇਕ ਨਿਭਾ ਰਿਹਾ । ਲੱਖ ਚੁਰਾਸੀ ਰੈਣ ਅੰਧੇਰੀ ਮਸ, ਗੁਰਮੁਖਾਂ ਆਤਮ ਜੋਤ ਪ੍ਰਕਾਸ਼ ਕੋਟ ਰਵ ਸਸ, ਦੀਪਕ ਸਾਚਾ ਇਕ ਜਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਨਾਰੀ ਸ਼ਬਦ ਉਡਾਰੀ, ਗੁਰਮੁੱਖਾਂ ਮੇਲ ਮਿਲਾ ਰਿਹਾ । ਜੋਤੀ ਨਾਰ ਸ਼ਬਦ ਉਡਾਨ ਹੈ । ਲੋਕਮਾਤੀ ਕਰ ਧਿਆਨ ਹਰਿ ਭਗਵਾਨ ਗੁਰਮੁਖਾਂ ਮੇਲ ਮਿਲਾਣ ਹੈ । ਆਤਮ ਦੇਖੇ ਚਤੁਰ ਸੁਜਾਨ, ਸ਼ਬਦ ਦੇਵੇ ਸੱਚਾ ਦਾਨ, ਸਾਚੀ ਝੋਲੀ ਹਰਿ ਭਰਾਨ ਹੈ । ਆਪੇ ਗੋਪੀ ਆਪੇ ਕਾਹਨ, ਦੂਸਰ ਨਾ ਕੋਈ ਵਿਚ ਜਹਾਨ ਹੈ । ਜਨ ਭਗਤਾਂ ਦੇਵੇ ਮਾਣ ਗੁਣ ਨਿਧਾਨ, ਝੁਲਦਾ ਰਹੇ ਸਦਾ ਇਕ ਨਿਸ਼ਾਨ । ਪੰਚਮ ਪੋਹ ਵੇਖ ਵਖਾਣੇ ਨਿਹਕਲੰਕ ਬਲੀ ਬਲਵਾਨ, ਕਰੇ ਖੇਲ ਮਾਤ ਮਹਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧਾਂ ਸੰਤਾਂ ਗੁਰੂਆਂ ਪੀਰਾਂ ਗਹਿਰ ਗੰਭੀਰਾਂ ਮਾਰੇ ਆਤਮ ਤੀਰ ਰਸਨਾ ਖਿੱਚ ਕਮਾਨ ਹੈ । ਰਸਨਾ ਖਿੱਚ ਕਮਾਨ ਤੀਰ ਚਲਾ ਰਿਹਾ । ਪੰਚਮ ਪੋਹ ਚਾਰ ਕੁੰਟ ਦਹਿ ਦਿਸ਼ ਪ੍ਰਭ ਅਬਿਨਾਸ਼ੀ ਘਟ ਘਟ ਵਾਸੀ ਸਰਬ ਕੁਛ ਵੇਖ ਵਖਾ ਰਿਹਾ । ਨਿਹਕਲੰਕ ਮਾਤ ਜੋਤ ਪ੍ਰਕਾਸ਼ੀ, ਮੇਟ ਮਿਟਾਏ ਮਦਿਰਾ ਮਾਸੀ, ਸੋਹੰ ਖੰਡਾ ਸ਼ਬਦ ਡੰਡਾ ਹੱਥ ਉਠਾ ਰਿਹਾ । ਪ੍ਰਗਟ ਹੋਏ ਘਨਕਪੁਰ ਵਾਸੀ, ਤੀਰ ਕਮਾਨ ਨਾ ਹੱਥ ਉਠਾ ਰਿਹਾ । ਭਾਰਤ ਖੰਡ ਜੋਤ ਪ੍ਰਕਾਸ਼ੀ, ਸੱਤ ਦੀਪ ਨੌਂ ਖੰਡ ਏਕਾ ਧਾਰ ਬੰਨ੍ਹਾ ਰਿਹਾ । ਵੇਖ


੬੨੭ ੦੪

ਵਖਾਣੇ ਪੰਡਤ ਕਾਸ਼ੀ, ਵੇਦ ਪੁਰਾਨਾ ਮਾਣ ਚੁਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਲਿਖਤ ਲੇਖ ਵਾਲੀ ਹਿੰਦ ਤੇਰੇ ਦਰ ਪੁਜਾ ਰਿਹਾ । ਪੰਚਮ ਪੋਹ ਬਣੇ ਲਿਖਾਰਾ । ਉਸਰੇ ਮਹੱਲ ਇਕ ਅਪਾਰਾ । ਦੇਵੇ ਵਾਰ ਵਾਰੋ ਵਾਰਾ । ਰਾਜੇ ਰਾਣਿਆਂ ਕਰ ਖੁਆਰਾ । ਸ਼ਬਦ ਰੱਖੇ ਤਿੱਖੀ ਧਾਰਾ । ਕਲਜੁਗ ਤੇਰੀ ਅੰਤਮ ਵਾਰਾ । ਪ੍ਰਗਟ ਜੋਤ ਨਿਹਕਲੰਕ ਨਰਾਇਣ ਨਰ ਅਵਤਾਰਾ । ਮੇਟ ਮਿਟਾਏ ਵਰਨ ਗੋਤ, ਚਾਰ ਕੁੰਟ ਹੋਏ ਧੁੰਦੂਕਾਰਾ । ਸਚ ਜੋਤ ਨਿਰਾਲਮ, ਸਿੰਘ ਸ਼ੇਰ ਸ਼ੇਰ ਸਿੰਘ ਸੱਚੀ ਸਰਕਾਰਾ । ਜਨ ਭਗਤਾਂ ਦੁਰਮਤ ਮੈਲ ਰਿਹਾ ਧੋਤ, ਅੰਮ੍ਰਿਤ ਪਾਏ ਕਾਇਆ ਕਰੇ ਠੰਡੀ ਠਾਰਾ । ਲੱਖ ਚੁਰਾਸੀ ਰਹੀ ਰੋਤ, ਹੱਥ ਨਾ ਆਏ ਨੈਣ ਮੁੰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ ਤੇਰਾ ਮਾਤ ਬਣਾਏ ਇਕ ਸੱਚਾ ਚੁਬਾਰਾ । ਵਾਲੀ ਹਿੰਦ ਹਰਿ ਜਣਾਇਆ । ਸਾਚੇ ਮੰਦਰ ਨੀਂਹ ਰਖਾਇਆ । ਜੋਤ ਜਗਾਣੀ ਅੰਦਰੇ ਅੰਦਰ, ਗੁਰੂਆਂ ਪੀਰਾਂ ਖਿੱਚ ਬਹਾਇਆ । ਕਾਇਆ ਦਿਸੇ ਡੂੰਘੀ ਕੰਦਰ, ਸਾਚੇ ਮੰਦਰ ਜੋਤ ਸਵਾਇਆ । ਅਠਸਠ ਤੀਰਥ ਭੌਂਦੇ ਬੰਦਰ, ਸੱਚਾ ਰਾਹ ਕਿਸੇ ਹੱਥ ਨਾ ਆਇਆ । ਪੰਚਮ ਪੋਹ ਧਰਤ ਮਾਤ ਤੇਰਾ ਤੋੜੇ ਜੰਦਰ, ਆਪਣੀ ਹੱਥੀਂ ਖੇਲ ਰਚਾਇਆ । ਨਾ ਕੋਈ ਜਾਣੇ ਗੁਰਖ ਮਛੰਦਰ, ਉਚੇ ਟਿੱਲੇ ਆਸਣ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਸੁਰਤ ਸੰਭਾਲ ਨਾ ਬਣ ਕੰਗਾਲ, ਨਿਹਕਲੰਕ ਸਾਚੀ ਜੋਤ ਜਗਾਇਆ । ਸਾਚੀ ਜੋਤ ਕਰੇ ਉਜਿਆਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਪੰਚਮ ਪੋਹ ਦਿਵਸ ਵਿਚਾਰੀ । ਕਲਜੁਗ ਜੀਵ ਨਾ ਜਾਣੇ ਕੋ, ਪੁਰੀਆਂ ਲੋਆਂ ਪਾਵੇ ਸਾਰੀ । ਜਗਤ ਨਾਤਾ ਝੂਠਾ ਮੋਹ, ਅੰਤਮ ਜਾਏ ਬਾਜ਼ੀ ਹਾਰੀ । ਗੁਰ ਚਰਨ ਸਰਨ ਜਨ ਜਾਏ ਛੋਹ, ਮਾਨਸ ਜਨਮ ਜਾਏ ਪੈਜ ਸਵਾਰੀ । ਹੋਏ ਸਹਾਈ ਜਹਾਨੀ ਦੋ, ਅੱਗੇ ਪਿਛੇ ਪਿਛੇ ਅੱਗੇ ਹਰਿ ਸ਼ਬਦ ਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰੇ ਸਾਚੀ ਕਾਰੀ । ਸਚ ਵਿਹਾਰ ਕਰਾਉਣਾ । ਕਰ ਜੋਤ ਅਕਾਰ ਸ਼ਬਦ ਧਾਰ ਇਕ ਰਖਾਉਣਾ । ਵੇਖ ਵਖਾਣੇ ਸਰਬ ਸੰਸਾਰ, ਸ਼ਬਦ ਮਾਰੇ ਡਾਹਢੀ ਮਾਰ, ਰਾਜ ਰਾਜਾਨ ਸ਼ਾਹ ਸੁਲਤਾਨ ਤਖ਼ਤੋਂ ਲਾਹ ਬਹਾਉਣਾ । ਨਾ ਕੋਈ ਝੁੱਲੇ ਮਾਤ ਨਿਸ਼ਾਨ, ਕਲਜੁਗ ਅੰਤਮ ਲੇਖ ਲਿਖਾਉਣਾ । ਪ੍ਰਗਟ ਜੋਤ ਸ੍ਰੀ ਭਗਵਾਨ, ਏਕਾ ਝੰਡਾ ਧਰਮ ਉਠਾਉਣਾ । ਸੱਤਾਂ ਦੀਪਾਂ ਦੇਵੇ ਮਾਣ, ਨੌਵਾਂ ਖੰਡਾਂ ਹਰਿ ਚਰਨ ਲਗਾਉਣਾ । ਸੋਹੰ ਚਲੇ ਏਕਾ ਬਾਣ, ਚਾਰ ਕੁੰਟ ਚਾਰ ਵਰਨ ਅਠਾਰਾਂ ਬਰਨ ਹਰਿ ਇਕ ਕਰਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਸਾਚਾ ਦਿਵਸ ਖੁਸ਼ੀਆਂ ਨਾਲ ਮਾਤ ਮਨਾਉਣਾ । ਪੰਚਮ ਪੋਹ ਕਰੇ ਤਿਆਰੀ । ਲੱਖ ਚੁਰਾਸੀ ਜਿਸ ਕਰਨੀ ਪਾਰੀ । ਬੇਮੁਖ ਜੀਵ ਕਰਨ ਹਾਸੀ ਪ੍ਰਗਟੇ ਜੋਤ ਨਰ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕ ਪੁਰ ਵਾਸੀ ਆਪਣੀ ਹੱਥੀਂ ਹਰਿ ਕਰੇ ਆਪ ਉਸਾਰੀ । ਪੰਚਮ ਪੰਚਮ ਪੰਚਮ ਜਗਤ ਵਡਿਆਈਆ । ਪੰਚਮ ਜੇਠੀ ਲਏ ਅਵਤਾਰ, ਲੋਕਮਾਤੀ ਪੁਰਖ ਬਿਧਾਤੀ ਜੋਤ ਜਗਾਈਆ । ਕਾਇਆ ਮੰਦਰ ਬੈਠਾ ਰਹੇ ਇਕ ਇਕਾਂਤੀ, ਭੈਣਾਂ ਭਾਈਆਂ ਸਾਰ ਨਾ ਪਾਈਆ । ਜਨ ਭਗਤਾਂ ਮਿਲਿਆ ਪੁਰਖ ਬਿਧਾਤੀ, ਦਰ ਦਰ ਘਰ ਘਰ ਜਾਏ ਆਤਮ ਕੁੰਡਾ ਲਾਹੀਆ । ਦੇਵੇ ਦਰਸ ਜੋਤ ਜਗਾਏ, ਸਾਵਣ ਸੁੰਦਰ ਰੂਪ ਵਟਾਈਆ । ਅਚਰਜ ਖੇਲ ਹਰਿ ਰਘੁਰਾਈਆ । ਮਾਤਾ ਤਾਬੋ ਸਿੰਘ ਜਵੰਦ, ਭੋਲੇ ਭਾਓ ਗੁਰ ਗੋਬਿੰਦਾ ਸਾਚਾ ਦਰ ਸੁਹਾਈਆ । ਦੇਵੇ ਵਡਿਆਈ ਗੁਰਮੁਖ ਵਧਾਈ, ਛੱਬੀ ਪੋਹ ਦੇਹ ਤਜਾਈਆ । ਅਵਰ ਨਾ ਜਾਣੇ ਕੋ, ਭੁੱਲੀ ਸਰਬ ਲੋਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਖੇਲ ਜਨ

੬੨੮
੦੪

ਭਗਤਾਂ ਮੇਲ ਆਪਣਾ ਆਪ ਕਰਾਈਆ । ਛੱਬੀ ਪੋਹ ਦੇਹ ਤਜਾਈ ਜਗਤ ਤੁੱਟਾ ਮੋਹ, ਛੱਡੇ ਭੈਣਾਂ ਭਾਈਆ । ਤਿੰਨਾਂ ਲੋਕਾਂ ਪਾਏ ਸੋ, ਏਕਾ ਜੋਤ ਜਗੇ ਰਘੁਰਾਈਆ । ਬੇਮੁਖ ਜੀਵ ਕੋਇ ਨਾ ਸਕੇ ਛੋਹ, ਗੁਰਮੁਖਾਂ ਰਿਹਾ ਬਣਤ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ਾ ਬੀਸ ਇਕੀਸਾ, ਏਕਾ ਛਤਰ ਰਿਹਾ ਸੀਸ ਝੁਲਾਈਆ । ਛੱਬੀ ਪੋਹ ਤਨ ਤਜਾਇਆ । ਲੱਖ ਚੁਰਾਸੀ ਦੇਣਾ ਡੰਨ, ਸ਼ਬਦ ਘੋੜਾ ਇਕ ਰਖਾਇਆ । ਜੋ ਘੜਿਆ ਸੋ ਦੇਣਾ ਭੰਨ, ਆਉਣ ਜਾਣਾ ਆਪਣੇ ਹੱਥ ਰਖਾਇਆ । ਗੁਰਮੁਖ ਸਾਚੇ ਸੁਣਨਾ ਕੰਨ, ਮਾਨਸ ਦੇਹੀ ਉਤਮ ਫਲ, ਸਾਚਾ ਮੇਵਾ ਮਾਤ ਲਗਾਇਆ । ਜਨ ਭਗਤਾਂ ਮਿਲਿਆ ਸਾਚਾ ਹਰਿ ਆਤਮ ਜਾਏ ਮੰਨ । ਲੱਖ ਚੁਰਾਸੀ ਫੰਦ ਕਟਾਇਆ । ਬੇਮੁਖ ਜੀਵ ਕਲਜੁਗ ਅੰਨ੍ਹ, ਨਰ ਹਰਿ ਹਰਿ ਨਰ ਭੇਵ ਕਿਸੇ ਨਾ ਪਾਇਆ । ਗੁਰਮੁਖ ਸਾਚੇ ਰਸਨਾ ਕਹਿਣ ਧੰਨ ਧੰਨ ਧੰਨ, ਭਾਂਡਾ ਭਰਮ ਹਰਿ ਭੰਨਾਇਆ । ਲੋਕਮਾਤ ਚੜ੍ਹਾਏ ਸਾਚੇ ਚੰਨ, ਪੰਚਮ ਪੋਹ ਨੀਂਹ ਰਖਾਇਆ । ਲੇਖੇ ਲੱਗਾ ਸੱਚਾ ਤਨ, ਮਾਤ ਕੁੱਖ ਮਿਲਿਆ ਸੁਖ ਲੋਕਮਾਤੀ ਸੁਫ਼ਲ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਲਾਹੇ ਦੁੱਖ, ਕਰ ਦਰਸ ਉਤਰੇ ਭੁੱਖ, ਛੱਬੀ ਪੋਹ ਇੰਦਲੋਕ ਸ਼ਿਵਲੋਕ ਬ੍ਰਹਮਲੋਕ ਬੈਕੁੰਠ ਧਾਮ ਏਕਾ ਥਾਂ ਦਏ ਵਖਾਇਆ । ਛੱਬੀ ਪੋਹ ਹਰਿ ਬਣਤ ਬਣਾਉਣੀ । ਪੰਚਮ ਪੋਹ ਧਾਰ ਰਖਾਉਣੀ । ਸ਼ਬਦ ਘੋੜੇ ਹੋ ਅਸਵਾਰ, ਗੁਰਮੁਖਾਂ ਵੇਖੇ ਵਾਰੋ ਵਾਰ, ਅੰਦਰ ਬਾਹਰ ਗੁਪਤ ਜ਼ਾਹਰ, ਏਕਾ ਜੋਤੀ ਰਾਮ ਜਗਾਉਣੀ । ਧਰਤ ਮਾਤ ਚਾਰ ਕੁੰਟ ਖਿੱਚੇ ਕਾਰ, ਉਤਰ ਪੂਰਬ ਪੱਛਮ ਦੱਖਣ ਏਕਾ ਸਾਰ ਰਖਾਉਣੀ । ਗੁਰਮੁਖ ਵਿਰੋਲੇ ਜਿਉਂ ਛਾਛ ਮੱਖਣ, ਲੱਖ ਚੁਰਾਸੀ ਛਾਣ ਵਖਾਉਣੀ । ਜੂਠੇ ਝੂਠੇ ਭਾਂਡੇ ਸੱਖਣ, ਗੁਰਮੁਖਾਂ ਆਤਮ ਅੰਮ੍ਰਿਤ ਧਾਰ ਠੰਡੀ ਠਾਰ ਆਪ ਵਖਾਉਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਕਟੇ ਗੇੜਾ, ਧਰਮ ਰਾਏ ਤੇਰਾ ਛੁੱਟੇ ਝੇੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਇਕ ਬਣਾਉਣੀ । ਸਾਚੀ ਬਣਤ ਹਰਿ ਬਣਾਇੰਦਾ । ਜੀਵ ਜੰਤ ਸਾਧ ਸੰਤ ਭਗਤ ਭਗਵੰਤ ਵੇਖ ਵਖਾਇੰਦਾ । ਜਨ ਭਗਤਾਂ ਮਿਲੇ ਸਾਚਾ ਕੰਤ, ਸਤਾਰਾਂ ਹਾੜੀ ਫੁੱਲ ਫੁੱਲਵਾੜੀ ਵਿਚ ਮਾਤ ਲਗਾਇੰਦਾ । ਪੰਚਮ ਪੋਹ ਕਰ ਤਿਆਰੀ, ਛੱਬੀ ਪੋਹ ਪੂਰ ਉਸਾਰੀ, ਸਾਚਾ ਧਾਮ ਆਪ ਸੁਹਾਇੰਦਾ । ਸਤਾਰਾਂ ਹਾੜੀ ਵੇਖੇ ਵਾੜੀ, ਆਪੇ ਫਿਰੇ ਪਿਛੇ ਅਗਾੜੀ, ਗੁਰਮੁਖਾਂ ਰੱਖੇ ਲਾਜ ਚਰਨ ਛੁਹਾਈ ਦਾਹੜੀ, ਸੱਚਾ ਪੱਲਾ ਨਾਮ ਫੜਾਇੰਦਾ । ਸ਼ਬਦ ਘੋੜੇ ਜਾਏ ਚਾੜ੍ਹੀ, ਨੇੜ ਨਾ ਆਏ ਮੌਤ ਲਾੜੀ, ਜਗੇ ਜੋਤ ਬਹੱਤਰ ਨਾੜੀ, ਸ਼ਬਦ ਨਾਦ ਇਕ ਵਜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਲੱਖ ਚੁਰਾਸੀ ਜਮ ਕੀ ਫਾਸੀ, ਲੋਕਮਾਤ ਮਾਰ ਝਾਤ ਅੰਤਮ ਅੰਤ ਕਟਾਇੰਦਾ । ਲੱਖ ਚੁਰਾਸੀ ਦੇਵੇ ਕਟ, ਹਰਿ ਸਾਚੀ ਬਣਤ ਬਣਾਇਆ । ਨਾ ਕੋਈ ਜਾਣੇ ਤੀਰਥ ਤੱਟ, ਵਸੇ ਘਟ ਘਟ, ਲੇਖਾ ਲਿਖਤ ਰਿਹਾ ਲਿਖਾਇਆ । ਵੇਖ ਵਖਾਣੇ ਕਾਇਆ ਮਟ, ਜਗੇ ਜੋਤ ਲਟ ਲਟ, ਸ਼ਬਦ ਲਪੇਟੇ ਸਾਚੇ ਪਟ, ਤਾਣਾ ਪੇਟਾ ਇਕ ਰਖਾਇਆ । ਇਕ ਖੁਲ੍ਹਾਏ ਸਾਚਾ ਹੱਟ, ਗੁਰਮੁਖ ਲਾਹਾ ਲੈਣ ਖੱਟ, ਦੂਈ ਦਵੈਤੀ ਮਿਟੇ ਫੱਟ, ਸਤਾਰਾਂ ਹਾੜੀ ਮਿਲੇ ਮਾਤ ਵਡਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਨਾਮ ਪੂਰ ਕਰਾਏ ਕਾਮ, ਦਰ ਮੰਦਰ ਕਾਇਆ ਇਕ ਸੁਹਾਇਆ । ਕਾਇਆ ਮੰਦਰ ਇਕ ਸੁਹਾਵਣਾ । ਦੀਪਕ ਜਗੇ ਅੰਦਰੇ ਅੰਦਰ, ਪੰਜਾਂ ਚੋਰਾਂ ਡੰਨ ਲਗਾਵਣਾ । ਸਾਚੇ ਘਰ ਤੋੜੇ ਜੰਦਰ, ਦੂਈ ਦਵੈਤੀ ਪੜਦਾ ਲਾਹਵਣਾ । ਮਹਾਰਾਜ

੬੨੯ ੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜ ਲੱਖ ਚੁਰਾਸੀ ਗੁਰਮੁਖ ਫੰਦ ਕਟਾਵਣ । ਤਿੰਨ ਪੰਜ ਸੱਤ ਨੌਂ ਬਾਰਾਂ ਪੰਦਰਾਂ ਅਠਾਰਾਂ ਇਕੀਸ ਚੌਬੀਸ ਸਤਾਈਸ ਸੰਗ ਲਾਉਣੀ ਤੀਸ । ਪ੍ਰਭ ਅਬਿਨਾਸ਼ੀ ਭੇਵ ਚੁਕਾਈ, ਜਾਣੇ ਰਾਗ ਛਤੀਸ । ਨਾਰਦ ਮੁਨ ਰਿਹਾ ਸਮਝਾਈ, ਚੁੱਕੇ ਭੇਵ ਬੀਸ ਇਕੀਸ । ਸਾਚੀ ਜੋਤ ਕਰੇ ਰੁਸ਼ਨਾਈ, ਪ੍ਰਗਟ ਹੋਏ ਜਗਤ ਜਗਦੀਸ਼ । ਝੂਠਾ ਨਾਤਾ ਮਾਤ ਪਿਤ ਭੈਣਾਂ ਭਾਈ, ਅੰਤਮ ਜਾਣਾ ਮਾਤ ਪੀਸ । ਏਕਾ ਹਰਿ ਸੱਚੀ ਸਰਨਾਈ, ਛਤਰ ਝੁੱਲੇ ਸਦਾ ਸੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਕਰੇ ਕਲ ਤੇਰੀ ਰੀਸ । ਕਲ ਕਲ ਕਲ ਪ੍ਰਭ ਧਾਰੀ । ਵਸੇ ਨਿਹਚਲ ਧਾਮ ਅਟੱਲ, ਅਟਲ ਅਟਲਾ ਨੀਂਹ ਉਸਾਰੀ । ਜਗਤ ਕਰਾਏ ਵਲ ਛਲ, ਵਲ ਛਲ ਛਲੀਆ ਖੇਲ ਅਪਾਰੀ । ਗੁਰਮੁਖ ਸਾਚੇ ਸਚ ਦਵਾਰਾ ਲੈਣਾ ਮੱਲ, ਮਿਲੇ ਮੇਲ ਹਰਿ ਬਨਵਾਰੀ । ਆਪ ਲਗਾਏ ਸਾਚਾ ਫਲ, ਕਾਇਆ ਅੰਮ੍ਰਿਤ ਆਤਮ ਸਿੰਚੇ ਇਕ ਕਿਆਰੀ । ਗੁਰਮੁਖ ਸਾਚੇ ਆਇਣ ਚਲ, ਵੇਖਣ ਧਾਮ ਸੱਚਾ ਰਾਮ ਛਤਰ ਝੁੱਲੇ ਇਕ ਅਪਾਰੀ । ਮਾਵਾਂ ਪੁੱਤਰਾਂ ਜਗਤ ਵਿਛੋੜਾ ਦੂਈ ਦਵੈਤੀ ਮਿਟੇ ਸੱਲ, ਕਾਇਆ ਹੋਏ ਠੰਡੀ ਠਾਰੀ । ਇਕ ਵਖਾਏ ਜਲ ਥਲ, ਜੰਗਲ ਜੂਹ ਉਜਾੜ ਪਹਾੜੀ, ਜਗੇ ਜੋਤ ਘੜੀ ਘੜੀ ਪਲ ਪਲ, ਛੱਬੀ ਪੋਹ ਕਰੇ ਸ਼ਬਦ ਅਸਵਾਰੀ । ਗੁਰਮੁਖਾਂ ਦੁਰਮਤ ਮੈਲ ਰਿਹਾ ਧੋ, ਸਿੰਘ ਪਾਲ ਪੈਜ ਸਵਾਰੀ । ਲੱਖ ਚੁਰਾਸੀ ਰਹੀ ਰੋ, ਕੋਈ ਨਾ ਪਾਵੇ ਕਲਜੁਗ ਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਧਾਮ ਬਹਾਏ, ਖਿੱਚ ਲਿਆਏ ਵਾਰੋ ਵਾਰੀ । ਦਰ ਦਵਾਰੇ ਏਕਾ ਵਾਰੇ, ਸ਼ਬਦ ਅਸਵਾਰੀ ਪਵਣ ਅਧਾਰੀ ਜੋਤ ਨਿਰੰਕਾਰੀ ਪਾਵੇ ਸਾਰ । ਤਿੰਨਾਂ ਲੋਆਂ ਵਸੇ ਬਾਹਰ । ਨੂਰੀ ਜੋਤ ਕਰ ਅਕਾਰ, ਆਪੇ ਗੁਪਤ ਆਪੇ ਜ਼ਾਹਰ, ਆਪੇ ਗੁਣੀਆਂ ਸਾਚਾ ਸ਼ਾਇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜੋਧਾ ਸੂਰਬੀਰ ਬਹਾਦਰ , ਬੇਮੁਖਾਂ ਦਿਸੇ ਏਕਾ ਕਾਇਰ । ਸੂਰਬੀਰ ਬਹਾਦਰ ਏਕਾ ਬਨਵਾਰਿਆ । ਕਰੇ ਖੇਲ ਕਰਤਾ ਕਾਦਰ, ਨਿਰਮਲ ਕਰਮ ਹੋਏ ਉਜਾਗਰ, ਗੁਰਮੁਖਾਂ ਬਣਿਆ ਸਚ ਸੁਦਾਗਰ, ਕਰਾਏ ਸਾਚਾ ਵਣਜ ਵਪਾਰਿਆ । ਜੋਤ ਜਗੀ ਕਾਇਆ ਗਾਗਰ, ਅੰਮ੍ਰਿਤ ਭਰਿਆ ਸਿੰਧ ਸਾਗਰ, ਚੱਲੇ ਧਾਰ ਅਪਰ ਅਪਾਰਿਆ । ਮਿਲਿਆ ਮੇਲ ਹਰਿ ਰਤਨਾਗਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪਾਲ ਹੋ ਦਿਆਲ, ਹੱਥ ਫੜਾਏ ਸਾਚੇ ਲਾਲ, ਵਾਰੋ ਵਾਰੀ ਸਾਚੇ ਧਾਮ ਸੁਹਾ ਰਿਹਾ । ਸਾਚਾ ਧਾਮ ਆਪ ਸੁਹਾਇਆ । ਜੋਤੀ ਨੂਰਾ ਜੋਤ ਸਵਾਇਆ । ਕੋਟਨ ਭਾਨਾ ਗੁਣ ਨਿਧਾਨਾ ਚਤੁਰ ਸੁਜਾਨਾ ਦਿਸ ਨਾ ਆਇਆ । ਸਰਬ ਗਿਆਨਾ ਵਡ ਧਿਆਨਾ, ਪਵਣ ਬਬਾਣਾ ਸ਼ਬਦ ਉਡਾਨਾ, ਜੋਤੀ ਰਾਣਾ ਇਕ ਰਖਾਇਆ । ਕ੍ਰਿਸ਼ਨਾ ਕਾਹਨਾ ਨੈਣ ਮੁਧਾਨਾ, ਸਾਵਲ ਸੁੰਦਰ ਕਵਲ ਨੈਣ ਮਧੁਰ ਬੈਨ, ਕੁੰਡਲ ਸੀਸ ਨਾ ਕੋਇ ਰਖਾਇਆ । ਜਨ ਭਗਤਾਂ ਬਣੇ ਸਾਕ ਸੱਜਣ ਸੈਣ, ਲਹਿਣ ਦੇਣ ਮਾਤ ਚੁਕਾਇਆ । ਰਸਨਾ ਸਕੇ ਨਾ ਕਿਸੇ ਕਹਿਣ, ਦਰਸ ਪੇਖੇ ਜੋ ਜਨ ਨੈਣ, ਤੀਜਾ ਲੋਇਣ ਹਰਿ ਖੁਲ੍ਹਾਇਆ । ਬੇਮੁਖਾਂ ਖਾਏ ਲਾੜੀ ਮੌਤ ਡੈਣ, ਗੁਰਮੁਖਾਂ ਪ੍ਰਭ ਗੋਦ ਉਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਾਧ ਬੋਧ ਬੋਧ ਅਗਾਧ, ਸ਼ਬਦ ਲੇਖ ਜਨ ਭਗਤ ਵੇਖ, ਵਿਚ ਮਾਤ ਸਚ ਦਾਤ ਵਸਤ ਨਾਮ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੋਹੰ ਸਾਚਾ ਅੰਮ੍ਰਿਤ ਆਤਮ ਜਾਮ ਪਿਲਾਇਆ । ਨਾ ਕੋਈ ਰੱਖੇ ਘੋੜ ਹਸਤ, ਨਾ ਸ਼ਿੰਗਾਰੇ ਤਨ ਬਸਤ, ਖੰਡਾ ਫੜੇ ਨਾ ਕੋਈ ਦਸਤ, ਜੋਤੀ ਖੇਲ ਰਚਾਇਆ । ਗੁਰਮੁਖਾਂ ਰੱਖੇ ਸਦਾ ਮਸਤ, ਰੰਗਣ ਨਾਮ ਇਕ ਚੜ੍ਹਾਇਆ ।

੬੩੦ ੦੪

੬੩੧
੦੪

ਸਾਚਾ ਜਾਮ ਹਰਿ ਪਿਲਾਇੰਦਾ । ਕੋਈ ਨਾ ਲਾਏ ਦਾਮ, ਮਿਟਾਏ ਅੰਧੇਰੀ ਸ਼ਾਮ, ਦੀਪਕ ਜੋਤੀ ਇਕ ਜਗਾਇੰਦਾ । ਪੂਰ ਕਰਾਏ ਕਾਮ, ਸੋਹੰ ਬਖ਼ਸ਼ੇ ਸਾਚਾ ਨਾਮ, ਦੋ ਜਹਾਨੀ ਪੈਜ ਰਖਾਇੰਦਾ । ਸੁੱਕਾ ਹਰਿਆ ਕਰੇ ਕਾਇਆ ਚਾਮ, ਅੰਮ੍ਰਿਤ ਪਿਆਏ ਸਾਚਾ ਜਾਮ, ਤਨ ਰੋਗ ਜਗਤ ਵਿਜੋਗ ਸਰਬ ਮਿਟਾਇੰਦਾ । ਗੁਰਮੁਖਾਂ ਦੇਵੇ ਅੰਮ੍ਰਿਤ ਆਤਮ ਰਸ ਸਾਚਾ ਭੋਗ, ਜਗਤ ਤ੍ਰਿਸ਼ਨਾ ਹਰਿ ਮਿਟਾਇੰਦਾ । ਏਕਾ ਦੇਵੇ ਦਰਸ ਅਮੋਘ, ਨੇਤਰ ਨੈਣ ਲੋਇਣ ਏਕਾ ਧਾਰ ਵਖਾਇੰਦਾ । ਲਿਖਿਆ ਧੁਰ ਸੱਚਾ ਸੰਜੋਗ, ਏਕਾ ਸੇਜਾ ਕੰਤ ਪਿਆਰੀ ਸਾਚੀ ਨਾਰੀ, ਸ਼ਬਦ ਸੁਹਾਗਣ ਵਡ ਵਡਭਾਗਣ ਸਾਚੀ ਸੇਜ ਬਹਾਇੰਦਾ । ਗੁਰਮੁਖ ਸਾਚੇ ਪ੍ਰਭ ਚਰਨ ਲਾਗਣ, ਦਿਵਸ ਰੈਣ ਜਾਗਣ, ਮਾਤ ਪਿਤ ਭਾਈ ਭੈਣ ਤਿਆਗਣ, ਏਕਾ ਨਾਤਾ ਚਰਨ ਜੁੜਾਇੰਦਾ । ਆਪ ਬਣਾਏ ਹੰਸ ਕਾਗਨ, ਇਕ ਸੁਣਾਏ ਸਾਚਾ ਰਾਗਨ, ਜਨ ਭਗਤਾਂ ਧੋਏ ਪਿਛਲੇ ਦਾਗਨ, ਪੂਰਬ ਲੇਖਾ ਹਰਿ ਚੁਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਖਾਧੇ ਬੇਰ ਸੰਝ ਸਵੇਰ ਪੰਚਮ ਵੇਰ, ਸਾਚੇ ਫਲ ਸਾਚੇ ਡਾਲ ਲਗਾਇੰਦਾ । ਸਾਚੇ ਫਲ ਲਗਾਏ ਡਾਲ । ਕਾਇਆ ਸੁਹਾਇਆ ਏਕਾ ਤਾਲ । ਅੰਮ੍ਰਿਤ ਭਰਿਆ ਨਾਮ ਜਲਾਲ । ਗੁਰਮੁਖ ਮਾਰੇ ਪਹਿਲੀ ਛਾਲ । ਸੁੱਚਾ ਮਿਲੇ ਅਨਮੁੱਲੜਾ ਲਾਲ । ਅੰਤ ਕਾਲ ਨਾ ਖਾਏ ਕਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਿਹਾ ਸੁਰਤ ਸੰਭਾਲ । ਹਰਿ ਚਰਨ ਜੋ ਜਨ ਧਿਆਨ ਲਗਾਇੰਦਾ । ਹਰਿ ਚਰਨ ਜੋ ਜਨ ਮਨ ਟਿਕਾਇੰਦਾ । ਹਰਿ ਚਰਨ ਜੋ ਜਨ ਤਨ ਸੇਵ ਕਮਾਇੰਦਾ । ਹਰਿ ਚਰਨ ਜੋ ਜਨ ਏਕਾ ਧਾਰ ਕਰ ਵਿਚਾਰ, ਦੁੱਖ ਭੁੱਖ ਭੇਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਕਰ ਉਜਲ ਮੁਖ ਬਣਤ ਬਣਾਇੰਦਾ । ਏਕਾ ਕੀਆ ਚਰਨ ਧਿਆਨਾ । ਅੱਠੇ ਪਹਿਰ ਰਸਨਾ ਗਾਏ, ਗੁਣਵੰਤ ਗੁਣ ਨਿਧਾਨਾ । ਜੀਵ ਜੰਤ ਕੋਈ ਸਾਰ ਨਾ ਪਾਏ, ਗਊ ਗਰੀਬਾਂ ਮਾਰਨ ਤਾਅਨਾ । ਕਵਣ ਬੇੜਾ ਪਾਰ ਕਰਾਏ, ਕਿਰਪਾ ਕਰ ਸ੍ਰੀ ਭਗਵਾਨਾ । ਜਗਤ ਉਖੇੜਾ ਰਿਹਾ ਲਗਾਏ, ਤੁੱਟਾ ਮਾਣ ਤਾਣਾ । ਨਗਰ ਖੇੜਾ ਕੌਣ ਵਸਾਏ, ਕਾਇਆ ਮਹੱਲ ਹੋਇਆ ਵੈਰਾਨਾ । ਮਾਇਆ ਝੇੜਾ ਕੌਣ ਚੁਕਾਏ, ਬੈਠੀ ਵਿਚ ਉਜਾੜ ਬੀਆਬਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਦਾਨ ਦੇ ਦਰਸ ਮਿਟੇ ਹਰਸ, ਚਰਨ ਧੂੜ ਸਚਾ ਇਸ਼ਨਾਨਾ । ਮੰਗੇ ਚਰਨ ਧੂੜ ਦਿਵਸ ਰੈਣਿਆ । ਜੀਵ ਜੰਤ ਕੀ ਜਾਨਣ ਮੂੜ੍ਹ, ਪ੍ਰਭ ਦਰਸ ਲੋਚਣ ਨੈਣਿਆਂ । ਆਤਮ ਕਾਇਆ ਰੰਗ ਰਹੇ ਗੂੜ੍ਹ, ਮਿਲੀ ਰਾਮ ਨਾਮ ਇਕ ਰਸੈਣਿਆ । ਮਸਤਕ ਮੰਗੇ ਚਰਨ ਧੂੜ, ਚਰਨ ਕਵਲ ਸਾਚੀ ਬਹਿਣਿਆ । ਮੰਗੇ ਧੂੜੀ ਕਰ ਪੁਕਾਰ । ਕਾਇਆ ਰੰਗੇ ਨਾਮ ਰੰਗਣ ਗੂੜ੍ਹੀ, ਭੁੱਖੀ ਭੀਲਣੀ ਤਿੱਖੀ ਧਾਰ । ਨਾ ਕੋਈ ਜਾਣੇ ਮੁਨੀ ਰਿਖੀ ਆਤਮ ਕੁਰਲਾਣੀ, ਦਏ ਦੁਹਾਈ ਹਰਿ ਰਘੁਰਾਈ ਕਰ ਵਿਚਾਰ । ਮਿੱਠਾ ਕੌੜਾ ਦਿਸੇ ਪਾਣੀ, ਗਰੀਬ ਨਿਮਾਣੀ ਬੇਰੀਆਂ ਬੇਰ ਖਾਣੀ, ਅੱਠੇ ਪਹਿਰ ਰਹੇ ਅਧਾਰ । ਚਤੁਰ ਸੁਜਾਨ ਨਾ ਸੁਘੜ ਸਿਆਣੀ, ਜੀਵ ਜੰਤ ਕਹਿਣ ਗਵਾਰ । ਤੇਰੇ ਚਰਨ ਸਰੋਵਰ ਮੰਗਾਂ ਇਕੋ ਪਾਣੀ, ਦੇਣਾ ਦਰਸ ਰਾਮ ਅਵਤਾਰ । ਆਤਮ ਕੁਰਲਾਏ ਦਏ ਦੁਹਾਏ, ਰਾਮ ਪਿਆਰਾ ਭਗਤ ਉਧਾਰਾ, ਕਵਣ ਮਿਲਾਏ ਸ਼ਬਦ ਸੁਣਾਏ ਇਕ ਜੈਕਾਰਾ । ਸੁਤਿਆਂ ਰੈਣ ਸਮਾਂ ਸੁਹਾਏ, ਕਰੇ ਦਰਸ ਹਰਿ ਨਿਰੰਕਾਰਾ । ਦਰ ਦਵਾਰਾ ਆਣ ਸੁਹਾਏ । ਉਠੇ ਭੀਲਣੀ ਮਨ ਕਰੇ ਵਿਚਾਰਾ । ਕਵਣ ਭੇਟ ਪ੍ਰਭ ਅੱਗੇ ਚੜ੍ਹਾਏ, ਵੇਖ ਵਖਾਣੇ ਝਾੜੀ ਝਾੜਾ । ਤੋੜ ਬੇਰ ਝੋਲੀ ਪਾਏ, ਪ੍ਰਭ ਅਬਿਨਾਸ਼ੀ ਜਾਣੇ ਬਹੱਤਰ ਨਾੜਾ । ਤਿੰਨ ਸੌ ਸੱਠ ਹਾਡੀ ਵਿਚ ਸਮਾਏ ।

੬੩੨
੦੪

ਜਨ ਭਗਤ ਲਡਾਏ ਆਪੇ ਲਾਡੀ, ਉਚ ਨੀਚ ਜ਼ਾਤ ਪਾਤ ਨਾ ਕੋਈ ਰਖਾਏ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਰਿਹਾ ਬਣਤ ਬਣਾਏ । ਕਿਰਪਾ ਕਰੀ ਰਾਮ ਅਵਤਾਰੀ । ਆਇਆ ਚਲ ਦਰ ਦਵਾਰੀ । ਭੀਲਣੀ ਵੇਖ ਖ਼ੁਸ਼ੀ ਅਪਾਰੀ । ਨੇਤਰ ਪੇਖੇ ਚੜ੍ਹੀ ਖ਼ੁਮਾਰੀ । ਅੱਗੇ ਡਾਹੀ ਬੇਰਾਂ ਖਾਰੀ । ਪ੍ਰਭ ਅਬਿਨਾਸ਼ੀ ਕੀਨੀ ਇਕ ਪਿਆਰੀ । ਆਤਮ ਜੋਤੀ ਨੂਰ ਉਜਾਲਾ, ਸ਼ਬਦ ਮਾਰੀ ਤੇਜ ਕਟਾਰੀ । ਦਰਸ ਦਿਖਾਇਆ ਗੁਰ ਗੋਪਾਲਾ, ਮਿਲਿਆ ਮੇਲ ਬਸਨ ਬਨਵਾਰੀ । ਝੂਠਾ ਪੜਦਾ ਲਾਹਿਆ ਕਾਲਾ, ਕਾਇਆ ਮੰਦਰ ਜੋਤ ਉਜਿਆਰੀ । ਧੁਰਦਰਗਾਹੀ ਮਿਲਿਆ ਸਚ ਦਲਾਲਾ, ਮਾਨਸ ਦੇਹੀ ਪੈਜ ਸਵਾਰੀ । ਜੋਤੀ ਜੋਤ ਸਰੂਪ ਹਰਿ, ਪੰਜ ਬੇਰ ਪਹਿਲੀ ਵੇਰ ਆਪਣੀ ਮੁੱਠ ਰਖਾ ਲੀ । ਪੰਜ ਬੇਰ ਹਰਿ ਹੱਥ ਉਠਾਏ । ਪਹਿਲਾ ਆਪਣੇ ਮੁਖ ਲਗਾਏ । ਲੱਗੇ ਭੋਗ ਮਿਟੇ ਜਗਤ ਵਿਜੋਗ, ਭੀਲਣੀ ਦੁੱਖ ਮਿਟਾਏ । ਜਨ ਭਗਤਾਂ ਲਿਖਿਆ ਧੁਰ ਸੰਜੋਗ, ਰਸਨਾ ਰਸ ਭੋਗ ਦਏ ਖਵਾਏ । ਜੋਤੀ ਜੋਤ ਸਰੂਪ ਹਰਿ, ਚਾਰੇ ਫ਼ਲ ਸਾਚੇ ਡਾਲ ਅੰਤਮ ਕਲ ਆਣ ਲਗਾਏ । ਸਾਚਾ ਫਲ ਦਰ ਪ੍ਰਵਾਨ । ਖ਼ੁਸ਼ੀ ਹੋਏ ਹਰਿ ਭਗਵਾਨ । ਦੇਵੇ ਵਰ ਵਡ ਮਿਹਰਬਾਨ । ਜਗਤ ਭੀਲਣੀ ਗਈ ਤਰ, ਮੇਟੇ ਆਵਣ ਜਾਣ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਦਰਸ ਦਿਖਾਉਣਾ ਫੇਰ ਜਹਾਨ । ਜੋਤੀ ਜੋਤ ਸਰੂਪ ਹਰਿ, ਲਿਖਿਆ ਲੇਖ ਵਕਤ ਪਛਾਣ । ਸਾਚਾ ਲੇਖਾ ਰਾਮ ਲਿਖਈਆ । ਤਰੇਤਾ ਦਵਾਪਰ ਜੋਤ ਮਿਲਈਆ । ਕਲਜੁਗ ਚਲਾਏ ਸਾਚੀ ਨਈਆ । ਨਿਹਕਲੰਕੀ ਜੋਤ ਜਗਈਆ । ਮਾਨਸ ਦੇਹੀ ਸਚ ਸਨੇਹੀ, ਦਵਾਰ ਬੰਕੀ ਆਣ ਸੁਹਈਆ । ਜੋਤੀ ਜੋਤ ਸਰੂਪ ਹਰਿ, ਆਪਣਾ ਖੇਲ ਆਪੇ ਜਾਣੇ ਨਾ ਕੋਈ ਜਾਣੇ ਭੈਣਾਂ ਭਈਆ । ਮੰਗਿਆ ਵਰ ਚਰਨ ਦਵਾਰੇ । ਮਿਲੇ ਮੇਲ ਦੂਜੀ ਵਾਰੇ । ਲੋਕਮਾਤ ਹਰਿ ਜਾਮਾ ਧਾਰੇ । ਕਲਜੁਗ ਅੰਤਮ ਪੈਜ ਸਵਾਰੇ । ਸਾਚੇ ਫਲ ਸਾਚੇ ਡਾਲੇ । ਚੌਥੇ ਜੁਗ ਚਾਰ ਅਪਾਰੇ । ਪੰਚਮ ਡਿੱਗਾ ਧਰਤ ਮਾਤ ਮੁਖ ਉਘਾੜੇ । ਲਿਖਿਆ ਲੇਖ ਵੇਦ ਰਿੱਗਾ ਅਥਰਬਣ ਆਏ ਪਾਏ ਸਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਗੇੜ ਨਿਵਾਰੇ, ਸਾਚਾ ਗੇੜਾ ਹਰਿ ਚੁਕਾਇੰਦਾ । ਜੂਠਾ ਝੂਠਾ ਜਗਤ ਝੇੜਾ , ਅੰਤਮ ਵੇਲੇ ਬੰਨ੍ਹੇ ਬੇੜਾ, ਆਪੇ ਪਾਰ ਕਰਾਇੰਦਾ । ਝੂਠਾ ਦਿਸੇ ਕਾਇਆ ਖੇੜਾ, ਆਪ ਬਣਾਏ ਆਪੇ ਢਾਹਿੰਦਾ । ਪੰਚਮ ਜੇਠ ਕਰੇ ਨਿਬੇੜਾ, ਕਲਜੁਗ ਜੀਵ ਭੇਵ ਨਾ ਪਾਇੰਦਾ । ਆਵਣ ਜਾਵਣ ਜਗਤ ਗੇੜਾ ਖੁਲ੍ਹਾ ਵਿਹੜਾ, ਨਾ ਕੋਇ ਪਾਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾਂ ਜੁਗਾਂ ਦਾ ਕਰੇ ਨਿਬੇੜਾ, ਵਿਚ ਵਿਚੋਲਾ ਪੜਦਾ ਉਹਲਾ ਨਾ ਕੋਈ ਰਖਾਇੰਦਾ । ਜਗਤ ਵਿਚੋਲਾ ਨਾ ਕੋਈ ਰਖਾਇਆ । ਸ਼ਬਦ ਬੋਲਾ ਇਕ ਕਰਾਇਆ । ਹਰਿ ਸਾਚੇ ਪੂਰਾ ਤੋਲ ਏਕਾ ਤੋਲਾ, ਵਾਧ ਘਾਟ ਨਾ ਕੋਈ ਜਣਾਇਆ । ਪ੍ਰਭ ਚਰਨ ਦਵਾਰੇ ਏਕਾ ਡੋਲਾ, ਸ਼ਬਦ ਬਬਾਣਾ ਇਕ ਰਖਾਇਆ । ਕਾਇਆ ਦਿਸੇ ਝੂਠਾ ਚੋਲਾ, ਆਦਿ ਅੰਤ ਕਿਸੇ ਰਹਿਣ ਨਾ ਪਾਇਆ । ਜੀਵ ਨਿਮਾਣਾ ਆਲਾ ਭੋਲਾ, ਮਾਇਆ ਮਮਤਾ ਫੰਦ ਫਸਾਇਆ । ਧਰਮ ਰਾਏ ਦਾ ਹੋਇਆ ਗੋਲਾ, ਆਤਮ ਅੰਧੇਰੀ ਕੰਧ ਰਖਾਇਆ । ਗੁਰਮੁਖਾਂ ਸੁਣਿਆ ਸ਼ਬਦ ਢੋਲਾ, ਲੱਖ ਚੁਰਾਸੀ ਪੰਧ ਮੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰੇ ਦਰ ਸਾਚੇ ਘਰ ਮਿਲਿਆ ਵਰ, ਜਗਤ ਬੋਲਾ ਇਕ ਵਿਹਾਇਆ । ਜਗਤ ਖੇਲ ਹਰਿ ਬਨਵਾਰਿਆ । ਸੰਤ ਮਨੀ ਸਿੰਘ ਸਾਚਾ ਮੇਲ, ਜਨਮ ਦਵਾਇਆ ਦੂਜੀ ਵਾਰਿਆ । ਸ਼ਬਦ ਚੜ੍ਹਾਇਆ ਸਾਚਾ ਤੇਲ, ਨਾਮ ਮਹਿੰਦੀ ਰੰਗਣ ਰੰਗ ਰੰਗਾਇਆ । ਆਪੇ ਗੁਰ ਆਪੇ

ਚੇਲ, ਗੁਰ ਗੋਬਿੰਦਾ ਵਕਤ ਸੁਹਾਇਆ । ਅਚਰਜ ਪਾਰਬ੍ਰਹਮ ਕਲ ਖੇਲ, ਭੇਵ ਕਿਸੇ ਨਾ ਪਾਇਆ । ਭੀਲਣੀ ਮਿਲਿਆ ਸਾਚਾ ਮੇਲ, ਨਿਹਕਲੰਕ ਚਰਨ ਪ੍ਰੀਤੀ ਸੇਵ ਕਮਾ ਲਿਆ । ਆਪ ਕਟਾਏ ਧਰਮ ਰਾਏ ਦੀ ਜੇਲ੍ਹ, ਜਗਤ ਜੀਤੀ ਨਾਮ ਰਖਾ ਲਿਆ । ਬਣੇ ਸਾਚਾ ਸੱਜਣ ਸੁਹੇਲ, ਕਾਇਆ ਅਤੀਤੀ ਇਕ ਰਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਮਨੀ ਸਿੰਘ ਤੇਰੇ ਸਚ ਦਵਾਰੇ, ਸਾਚੀ ਸੇਵਾ ਲੇਖੇ ਲਾ ਰਿਹਾ । ਸਾਚੀ ਸੇਵਾ ਲੇਖੇ ਲਾਈ । ਕਾਇਆ ਡਾਲ ਲਗਾ ਫਲ ਅੰਮ੍ਰਿਤ ਮੇਵਾ, ਮਿਠਤ ਰਸ ਰਸਨਾ ਗੁਰ ਸੰਗਤ ਦਏ ਖਵਾਈ । ਦੇਵੇ ਵਡਿਆਈ ਵਡ ਦੇਵੀ ਦੇਵਾ, ਸਾਚੇ ਧਾਮ ਦਏ ਬਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੁਰ ਗੁਰ ਚਰਨ ਕੌਰ ਅੱਠ ਕੱਤਕ ਜੋਤੀ ਮੇਲ ਮਿਲਾਈ ।

## ✻ ੨੮ ਕੱਤਕ ੨੦੧੧ ਬਿਕ੍ਰਮੀ ਬੇਬੇ ਵੀਰੋ ਦੇ ਅੰਤਮ ਸਮੇਂ ਨਵਿਤ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ✻

ਪੰਚਮ ਜੇਠ ਸਚ ਵਿਹਾਰਾ । ਸਤਿ ਪੁਰਖ ਨਿਰੰਜਣ ਸਾਚੀ ਧਾਰਾ । ਨੇਤਰ ਨੈਣ ਚਰਨ ਧੂੜ ਸਾਚਾ ਅੰਜਨ, ਚਰਨ ਸਰਨ ਸੱਚੀ ਸਰਕਾਰਾ । ਸਚ ਦਵਾਰੇ ਸਾਚਾ ਮਜਨ, ਅੰਮ੍ਰਿਤ ਬਰਖੇ ਠੰਡਾ ਠਾਰਾ । ਆਦਿ ਜੁਗਾਦੀ ਪੜਦੇ ਕੱਜਣ, ਜੋਤੀ ਖੇਲ ਕ੍ਰਿਸ਼ਨ ਮੁਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਾਣ ਵਖਾਣੇ, ਜੀਵ ਜੰਤ ਬੇਮੁਹਾਣੇ, ਨਾ ਕੋਈ ਪਾਵੇ ਸਾਰਾ । ਜੀਵ ਅੰਞਾਣ ਸਾਰ ਨਾ ਪਾਇੰਦਾ । ਪ੍ਰਭ ਅਬਿਨਾਸ਼ੀ ਜਾਣੀ ਜਾਣ ਵਿਚ ਜਹਾਨ, ਪੂਰਬ ਕਰਮ ਲੇਖ ਲਿਖਾਇੰਦਾ । ਇਕ ਰਖਾਏ ਸ਼ਬਦ ਆਣ, ਝੂਠਾ ਭੇਖ ਨਾ ਕੋਈ ਜਣਾਇੰਦਾ । ਦਰ ਘਰ ਮਿਲਦਾ ਸਾਚੇ ਮਾਣ, ਸਾਚਾ ਫਲ ਹਰਿ ਆਪ ਖਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਆਪਣੇ ਹੱਥ ਰਖਾਇੰਦਾ । ਭਾਣਾ ਭਗਵੰਤ ਰੰਗ ਕਰਤਾਰ । ਵੇਖ ਵਖਾਣੇ ਮਨੀ ਸਿੰਘ ਸੰਤ, ਸ਼ਬਦ ਕਰੇ ਤਨ ਸ਼ਿੰਗਾਰ । ਕਲਜੁਗ ਜੀਵ ਭੁੱਲੇ ਬੇਮੁਹਾਣੇ, ਜੀਵ ਜੰਤ ਨਾ ਕੋਈ ਪਾਵੇ ਸਾਰ । ਨਰ ਨਰੇਸ਼ਾ ਇਕ ਭਗਵੰਤ, ਜੋਤ ਸਰੂਪੀ ਹਰਿ ਦਾਤਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸਵਾਮੀ ਜਗਤ ਨਿਹਕਾਮੀ, ਜੋਤ ਨਿਰੰਜਣ ਸਦ ਅਧਾਰ । ਸ਼ਬਦ ਉਡਾਰੀ ਪਵਣ ਅਸਵਾਰੀ, ਜੋਤ ਨਿਰੰਕਾਰੀ ਕਿਸੇ ਦਿਸ ਨਾ ਆਇੰਦਾ । ਮੇਲ ਮਿਲਾਏ ਵਾਰੋ ਵਾਰੀ, ਵੇਖ ਵਖਾਣੇ ਨਰ ਨਾਰੀ, ਸੁਘੜ ਸਿਆਣਾ ਰਾਜਾ ਰਾਣਾ, ਭੇਵ ਕੋਈ ਨਾ ਪਾਇੰਦਾ । ਫੜ ਫੜ ਬਾਹੋਂ ਜਾਏ ਤਾਰੀ, ਮਾਨਸ ਜਨਮ ਨਾ ਜਾਏ ਹਾਰੀ, ਕਲਜੁਗ ਵੇਲਾ ਅੰਤ ਸੁਹਾਇੰਦਾ । ਅਰਜਨ ਮੇਲ ਕ੍ਰਿਸ਼ਨ ਮੁਰਾਰੀ, ਸੰਤ ਮਨੀ ਸਿੰਘ ਦੂਜੀ ਵਾਰੀ, ਚਰਨ ਛੁਹਾਏ ਸਾਚੀ ਦਾਹੜੀ, ਹਰਿ ਸਾਚਾ ਲਾਜ ਰਖਾਇੰਦਾ । ਆਪੇ ਰਹੇ ਪਿਛੇ ਅਗਾੜੀ, ਸ਼ਬਦ ਘੋੜੀ ਰਿਹਾ ਚਾੜ੍ਹੀ, ਮਾਨਸ ਦੇਹੀ ਨਾਮ ਮਰਦੰਗ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਮੇਲ ਕਰ, ਦਰ ਦਵਾਰੇ ਸਾਚੇ ਮਾਣ ਦਵਾਇੰਦਾ । ਅਰਜਨ ਮੇਲ ਹਰਿ ਭਗਵਾਨ । ਖਿੱਚੇ ਤੀਰ ਇਕ ਕਮਾਨ । ਅੰਮ੍ਰਿਤ ਨੀਰ ਸਾਚਾ ਸੀਰ, ਦੋ ਜਹਾਨ ਅੰਤਮ ਵੇਲੇ ਕਟੇ ਭੀੜ, ਮਿਲਿਆ ਮੇਲ ਜੋਤ ਮਹਾਨ । ਜੋਤੀ ਜੋਤ ਸਰੂਪ ਹਰਿ, ਭਗਤ ਭਗਵੰਤਾ, ਆਪੇ ਜੀ ਜੀਆ ਜੰਤ, ਅੰਤਮ ਅੰਤ ਅੰਤ ਜਨ ਆਏ । ਸਾਧ ਸੰਤ ਜੀਵ ਜੰਤ, ਮਾਨਸ ਦੇਹੀ ਝੂਠਾ ਭਾਂਡਾ, ਪ੍ਰਭ ਅਬਿਨਾਸ਼ੀ ਭੰਨ ਵਖਾਏ । ਅਰਜਨ ਮੇਲ ਹਰਿ ਸਾਚੇ ਕੰਤ, ਨੈਣ ਮੁੰਧਾਰੀ

੬੩੩
੦੪

ਰਸਨਾ ਗਾਏ । ਜਗਤ ਬਣਾਏ ਸਾਚੀ ਬਣਤ, ਦੋਏ ਜੋੜ ਚਰਨ ਸਰਨ ਸੀਸ ਝੁਕਾਏ । ਕਲਜੁਗ ਵਡਿਆਈ ਮਨੀ ਸਿੰਘ ਸੰਤ, ਮਾਨਸ ਦੇਹੀ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਦਰ ਘਰ ਸਚ ਦਵਾਰੇ ਆਤਮ ਜੋਤੀ ਕਰ ਅਕਾਰੇ, ਸ਼ਬਦ ਧਾਰ ਵਿਚ ਸੰਸਾਰ ਏਕਾ ਏਕ ਚਲਾਏ । ਹਰਿ ਚਰਨ ਕਰੀ ਨਿਮਸਕਾਰਾ । ਅਰਜਨ ਪਾਏ ਪ੍ਰਭ ਸਾਚਾ ਸਾਰਾ । ਦੁਰਜਨ ਜੀਵ ਰਹੇ ਗਵਾਰਾ । ਸਤਿ ਸਰੂਪੀ ਵਡਾ ਸ਼ਾਹੋ ਭੂਪੀ, ਕਲਜੁਗ ਮੇਟ ਅੰਧ ਅੰਧਿਆਰਾ । ਰੂਪ ਰੰਗ ਨਾ ਜਾਣੇ ਕੋਈ ਰੇਖ ਰੂਪੀ, ਜੋਤੀ ਖੇਲ ਸ਼ਬਦ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਤਿਗੁਰ ਸਾਚੇ, ਹਰਿ ਮੇਲ ਮਿਲਾਇਆ ਕੰਤ ਭਤਾਰਾ । ਦਵਾਪਰ ਬਣਿਆ ਹਰਿ ਰਥਵਾਹੀ । ਚਾਰੇ ਕੁੰਟਾਂ ਵੇਖ ਵਖਾਣੇ, ਵੇਖੇ ਥਾਉਂ ਥਾਈਂ । ਮਾਰ ਮੁਕਾਏ ਰਾਜ ਰਾਣੇ, ਜਨ ਭਗਤਾਂ ਰੱਖੇ ਠੰਡੀ ਛਾਈ । ਰਸਨਾ ਚਲੇ ਏਕਾ ਬਾਣੇ, ਵਡ ਹੰਕਾਰੀ ਦੀਸੇ ਨਾਹੀ । ਹਰਿ ਸੰਤ ਸੁਹੇਲਾ ਰੰਗ ਸਾਚਾ ਮਾਣੇ, ਦੂਸਰ ਦੀਸੇ ਕੋਈ ਨਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜਾਮਾ ਪਾਇਆ, ਸੰਤ ਮਨੀ ਸਿੰਘ ਕਲਜੁਗ ਤਾਰੇ ਦੋਵੇਂ ਫੜ ਕੇ ਬਾਹੀਂ । ਕਲਜੁਗ ਰਥ ਆਪ ਚਲਾਉਣਾ । ਸੰਤ ਮਨੀ ਸਿੰਘ ਤੇਰਾ ਸਾਚਾ ਸਾਥ, ਪ੍ਰਭ ਅਬਿਨਾਸ਼ੀ ਆਪ ਨਿਭਾਉਣਾ । ਜੋਤੀ ਜਾਮਾ ਤ੍ਰੈਲੋਕੀ ਨਾਥ, ਜਗਤ ਅਕਥ ਸਰਬ ਸਮਰਥ ਭੇਵ ਕਿਸੇ ਨਾ ਪਾਉਣਾ । ਸ੍ਰਿਸ਼ਟ ਸਬਾਈ ਪਾਏ ਨੱਥ, ਰਾਜਾ ਰਾਣਾ ਦਰ ਨਚਾਉਣਾ । ਬੇਮੁਖ ਜੀਵ ਜਾਏ ਮੱਥ, ਹੋ ਸਹਾਈ ਨਾ ਕਿਸੇ ਬਚਾਉਣਾ । ਸਗਲ ਵਸੂਰੇ ਜਾਇਣ ਲੱਥ, ਚਰਨ ਦਵਾਰ ਜਿਸ ਦਰਸ਼ਨ ਪਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜਾ ਏਕਾ ਏਕ, ਧਰਤ ਮਾਤ ਚਾਰੋਂ ਕੁੰਟ ਆਪ ਦੁੜਾਣਾ । ਸ਼ਬਦ ਘੋੜਾ ਹਰਿ ਦੁੜਾਏ । ਤੁੱਟਾ ਨਾਤਾ ਫੇਰ ਬੰਧਾਏ । ਪੁਰਖ ਬਿਧਾਤਾ ਦਇਆ ਕਮਾਏ । ਕਲਜੁਗ ਹੋਈ ਅੰਧੇਰੀ ਰਾਤਾ, ਬੇਮੁਖ ਜੀਵ ਹੋਏ ਹਲਕਾਏ । ਗੁਰਮੁਖਾਂ ਦੇਵੇ ਸਚ ਸੁਗਾਤਾ । ਸੋਹੰ ਦਾਤ ਝੋਲੀ ਪਾਏ । ਆਪੇ ਬਣੇ ਪਿਤਾ ਮਾਤਾ । ਭੈਣ ਭਰਾ ਸਭਨੀ ਥਾਂਏ । ਨਾ ਕੋਈ ਵੇਖੇ ਜਾਤਾਂ ਪਾਤਾਂ, ਊਚ ਨੀਚ ਹਰਿ ਭੇਵ ਚੁਕਾਏ । ਬੈਠਾ ਰਹੇ ਇਕ ਇਕਾਂਤਾ, ਆਤਮ ਸੇਜਾ ਆਸਣ ਲਾਏ । ਅੱਠੇ ਪਹਿਰ ਮਾਰੇ ਝਾਤਾਂ, ਸਾਚਾ ਲੇਖਾ ਰਿਹਾ ਲਿਖਾਏ । ਗੁਰਮੁਖ ਵਿਰਲਾ ਅੰਮ੍ਰਿਤ ਆਤਮ ਤੀਰਥ ਨਹਾਤਾ, ਦੁਰਮਤ ਮੈਲ ਰਿਹਾ ਗਵਾਏ । ਮਿਲਿਆ ਮੇਲ ਸਹਿਜ ਸੁਖ ਦਾਤਾ, ਚਰਨ ਕਵਲ ਕਵਲ ਚਰਨ ਜਨ ਸੇਵ ਕਮਾਏ । ਅੰਤਮ ਵੇਲੇ ਪੁਛੇ ਵਾਤਾ, ਸੰਤ ਮਨੀ ਸਿੰਘ ਤੇਰਾ ਰਥ ਪ੍ਰਭ ਸਮਰਥ ਸ਼ਬਦ ਸਰੂਪੀ ਰਿਹਾ ਚਲਾਏ । ਸ਼ਬਦ ਸਰੂਪੀ ਇਕ ਹੁਲਾਰਾ । ਖਿੱਚੇ ਵਾਗ ਵਾਰੋ ਵਾਰਾ । ਧੋਏ ਦਾਗ਼ ਵਿਚ ਸੰਸਾਰਾ । ਗੁਰਮੁਖ ਵਿਰਲਾ ਜਾਏ ਜਾਗ, ਪ੍ਰਭ ਖਿੱਚ ਲਿਆਏ ਚਰਨ ਦਵਾਰਾ । ਅੱਸੂ ਤਿੰਨ ਹੱਥ ਬੰਨ੍ਹੇ ਤਾਗ, ਕਿਲ੍ਹਾ ਲਾਲ ਖੇਲ ਅਪਾਰਾ । ਇਕ ਚਲਾਉਣਾ ਸ਼ਬਦ ਰਾਗ, ਆਤਮ ਧੁਨੀ ਸੱਚੀ ਧੁਨਕਾਰਾ । ਗੁਰਮੁਖ ਸਾਚਾ ਪ੍ਰਭ ਚਰਨ ਜਾਏ ਲਾਗ, ਬੰਦ ਕਵਾੜੀ ਖੋਲ੍ਹੇ ਦਸਮ ਦਵਾਰਾ । ਆਪ ਬੁਝਾਏ ਤ੍ਰਿਸ਼ਨਾ ਆਗ, ਹਉਮੇ ਕੱਢੇ ਰੋਗ ਭਾਰਾ । ਹੰਸ ਬਣਾਏ ਜੀਵ ਕਾਗ, ਅੰਮ੍ਰਿਤ ਮੁਖ ਚੁਆਏ ਸਾਚਾ ਸੀਰ ਪਾਏ ਸਾਰਾ । ਬੇਮੁਖਾਂ ਡੱਸੇ ਮਾਇਆ ਨਾਗਨੀ ਨਾਗ, ਆਤਮ ਵਿਖ ਦੁੱਖ ਲੱਗਾ ਭਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਚ ਸਵਾਮੀ, ਮਿਲਿਆ ਮੇਲ ਵਡ ਵਡਭਾਗ । ਵਡ ਵਡ ਭਾਗ ਜਗਤ ਵਡਿਆਈਆ । ਸੱਜਣ ਸੁਹੇਲਾ ਗਿਆ ਜਾਗ, ਸਚ ਦਵਾਰਾ ਹਰਿ ਨਿਰੰਕਾਰਾ ਵੇਖ ਵਿਚਾਰਾ ਪਹਿਲੀ ਵਾਰਾ, ਦੇਵੇ ਦਾਤ ਸਚ ਸੁਗਾਤ ਧੁਰਦਰਗਾਹੀ ਸਾਚਾ ਮਾਹੀਆ । ਆਤਮ


੬੩੪
੦੪

ਮਿਟੇ ਅੰਧੇਰੀ ਰਾਤ, ਸ਼ਬਦ ਮਿਲੀ ਸੱਚੀ ਦਾਤ, ਜੋਤੀ ਨੂਰ ਹਰਿ ਸਵਾਈਆ । ਕਾਇਆ ਡਾਲ ਫਲ ਫੁੱਲ ਲੱਗੇ ਪਾਤ, ਮਿਲਿਆ ਮੇਲ ਪੁਰਖ ਬਿਧਾਤ, ਸਾਚਾ ਖੇਲ ਜਗਤ ਰਚਾਈਆ । ਪੰਚਮ ਜੇਠ ਸੁਹੰਜਣੀ ਰਾਤ, ਜਨ ਭਗਤਾਂ ਵੇਖੇ ਮਾਰ ਝਾਤ, ਸਾਚੀ ਜੋਤ ਮਾਤ ਧਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਨੂਰ ਧਰ, ਸ਼ਬਦ ਸਰੂਰ ਇਕ ਕਰ, ਸਚ ਸਿੰਘਾਸਣ ਡੇਰਾ ਲਾਏ, ਗੁਰਮੁਖਾਂ ਦੇ ਮਤ ਰਿਹਾ ਸਮਝਾਈਆ । ਦੇਵੇ ਮਤ ਹਰਿ ਕਰਤਾਰਾ । ਚਰਨ ਪ੍ਰੀਤੀ ਸਾਚਾ ਨਾਤ, ਝੂਠਾ ਦਿਸੇ ਜਗਤ ਵਿਹਾਰਾ । ਨਾ ਕੋਈ ਪਿਤਾ ਨਾ ਕੋਈ ਮਾਤ, ਕੂੜ ਕੁਟੰਬਾ ਜੀਵ ਗਵਾਰਾ । ਅੰਤਮ ਵੇਲੇ ਕੋਈ ਨਾ ਪੁੱਛੇ ਵਾਤ, ਜੂਠੇ ਝੂਠੇ ਕਰਨ ਹਾਹਾਕਾਰਾ । ਇਕ ਇਕੇਲੀ ਜਗਤ ਸਹੇਲੀ ਰੈਣ ਅੰਧੇਰੀ ਰਾਤ, ਦੇਵੇ ਇਕ ਸਹਾਰਾ । ਪ੍ਰਭ ਅਬਿਨਾਸ਼ੀ ਪੁਛੇ ਵਾਤ, ਗੁਰਮੁਖਾਂ ਵੇਖੇ ਅੱਠੇ ਪਹਿਰ, ਨਾ ਜਾਣੇ ਕੋਈ ਵੇਲਾ ਪ੍ਰਭਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਬਹਾਏ ਸਚ ਦਵਾਰਾ । ਝੂਠਾ ਨਾਤਾ ਜਗਤ ਵਿਹਾਰ । ਪੁਰਖ ਅਬਿਨਾਸ਼ੀ ਗੁਰਮੁਖ ਵਿਰਲੇ ਕਲ ਪਛਾਤਾ, ਸ਼ਬਦ ਰਖਾਇਆ ਇਕ ਅਧਾਰ । ਨਾ ਕੋਈ ਦਿਵਸ ਰਾਤਾ, ਘੜੀ ਪਲ ਜਲ ਥਲ ਰਿਹਾ ਵਿਚਾਰ । ਬੈਠਾ ਰਹੇ ਇਕ ਇਕਾਂਤਾ । ਜੀਆਂ ਜੰਤਾਂ ਪਾਏ ਸਾਰ । ਨਾ ਕੋਈ ਪਿਤਾ ਨਾ ਕੋਈ ਮਾਤਾ, ਜਨ ਭਗਤਾਂ ਸਾਚਾ ਮੀਤ ਮੁਰਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮਤ ਰਿਹਾ ਸਮਝਾਏ, ਗੁਰਮੁਖ ਸਾਚੇ ਰਿਹਾ ਜਗਾਏ, ਲੱਖ ਚੁਰਾਸੀ ਰਹੀ ਝਖ ਮਾਰ । ਸਾਚਾ ਹੁਕਮ ਹਰਿ ਸਰਨਾਈ । ਚਰਨ ਸਰਨ ਇਕ ਓਟ ਰਖਾਈ । ਚੁੱਕੇ ਮਰਨ ਡਰਨ, ਕਾਇਆ ਨਗਾਰੇ ਇਕ ਚੋਟ ਲਗਾਈ । ਹਰਿ ਮੇਲ ਹਰਿ ਤਰਨੀ ਤਰਨ, ਝੂਠਾ ਖੋਟ ਦਏ ਗਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ


੬੩੫ ੦੪

ਜਾਣ ਪਛਾਣੇ, ਜੀਵ ਜੰਤ ਸੁਘੜ ਸਿਆਣੇ, ਭੇਵ ਰਹੇ ਨਾ ਰਾਈ । ਬੀਸ ਦਸ ਬਿਕ੍ਰਮੀ ਖੇਲ ਅਪਾਰ । ਪੰਚਮ ਜੇਠ ਸਚ ਵਿਹਾਰ । ਕਿਰਪਾ ਕਰੀ ਹਰਿ ਕਰਤਾਰ । ਆਪਣਾ ਕੀਆ ਸਚ ਵਿਹਾਰ । ਪੁੱਤਰ ਧੀਆਂ ਸਰਬ ਸੰਸਾਰ । ਹਰਿਜਨ ਕਰਾਏ ਨਿਰਮਲ ਜੀਆ, ਆਤਮ ਦੇਵੇ ਸ਼ਬਦ ਹੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਅੰਦਰ ਬਾਹਰ ਗੁਪਤ ਜ਼ਾਹਿਰ ਸਰਬ ਸਾਰ । ਸਚ ਵਿਹਾਰਾ ਦਿਤਾ ਕਰ । ਪ੍ਰਭ ਅਬਿਨਾਸ਼ੀ ਕਿਰਪਾ ਕਰ । ਸਗਨ ਸੁਹਾਗੀ ਝੋਲੀ ਭਰ । ਸੋਈ ਕਾਇਆ ਮਾਤ ਜਗਾਈ, ਮਿਲੇ ਮੇਲ ਲਿਖਿਆ ਧੁਰ । ਆਤਮ ਰਹੇ ਸਦਾ ਬੈਰਾਗੀ, ਨਾ ਕੋਈ ਜਾਣੇ ਦੇਵ ਸੁਰ । ਚਰਨ ਪ੍ਰੀਤੀ ਏਕਾ ਲਾਗੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚੜ੍ਹਾਇਆ ਸ਼ਬਦ ਘੋੜ । ਸਚ ਵਿਹਾਰਾ ਵਿਚ ਸੰਸਾਰਾ । ਸ਼ਬਦ ਖੇਲ ਅਪਾਰਾ, ਨਾ ਭੁੱਲ ਜੀਵ ਗਵਾਰਾ । ਜਨ ਭਗਤਾਂ ਪਾਉਂਦਾ ਆਏ ਸਾਰਾ, ਦੇਵੇ ਮਾਣ ਦਰ ਦਰਬਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰਨੀ ਕਰ ਧਰਨੀ ਧਰ, ਆਤਮ ਜੋਤੀ ਨੂਰ ਨੁਰਾਨਾ, ਇਕ ਅਕਾਲਾ ਤੋੜੇ ਜਗਤ ਜੰਜ਼ਾਲਾ, ਸਰਬ ਪ੍ਰਿਤਪਾਲਾ ਨਾ ਕੋਈ ਪੁਰਖ ਨਾ ਕੋਈ ਨਾਰਾ । ਨਾ ਕੋਈ ਪੁਰਖ ਨਾ ਕੋਈ ਨਾਰੀ । ਏਕਾ ਜੋਤ ਹਰਿ ਨਿਰੰਕਾਰੀ । ਕਾਇਆ ਮੰਦਰ ਝੂਠਾ ਮਹੱਲ ਮਾਤ ਅਟਾਰੀ । ਪ੍ਰਭ ਅਬਿਨਾਸ਼ੀ ਆਪ ਕਰਾਏ ਵਲ ਛਲ, ਅਚਰਜ਼ ਖੇਲ ਵਡ ਸੰਸਾਰੀ । ਸਚ ਦਵਾਰਾ ਲੈਣਾ ਮੱਲ, ਲਿਖਿਆ ਲੇਖ ਧੁਰ ਮਸਤਕ ਮਾਤਲੋਕ ਆਈ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਕਰਮ ਮਾਨਸ ਜਨਮ ਰਿਹਾ ਸਰਬ ਵਿਚਾਰੀ । ਪੂਰਬ ਕਰਮ ਹਰਿ ਲੇਖੇ ਲਾਉਣਾ । ਮਾਨਸ ਜਨਮ ਮਿਟੇ ਭਰਮ, ਜਗਤ ਭੁਲੇਖਾ ਦੂਰ ਕਰਾਉਣਾ । ਵਡ ਵਡਭਾਗੀ ਸੁਣਿਆ ਇਕ ਸੱਚਾ ਰਾਗੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ

ਸ਼ਬਦ ਭਗਤ ਦਾਤ, ਆਪਣੀ ਦਾਤ ਆਪ ਵਰਤਾਉਣਾ । ਸਾਚਾ ਖੇਲ ਹਰਿ ਕਰਤਾਰਾ । ਮਿਲੇ ਮੇਲ ਦੂਜੀ ਵਾਰਾ । ਚੜ੍ਹੇ ਤੇਲ ਵਿਚ ਸੰਸਾਰਾ । ਅਚਰਜ਼ ਖੇਲ ਪਾਰਬ੍ਰਹਮ ਮਾਨਸ ਜਨਮ ਨਾ ਆਈ ਹਾਰਾ । ਸਦ ਵਸੇ ਰੰਗ ਨਵੇਲ, ਨਾ ਕੋਈ ਜਾਣੇ ਉਚ ਮਹੱਲ ਚੁਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸ਼ਬਦ ਗੁਰਮੁਖ ਸਾਚੇ ਲਾਜ ਰਖਾਏ, ਦਰ ਦਵਾਰੇ ਸਾਚੇ ਆਏ, ਸੰਤ ਮਨੀ ਸਿੰਘ ਸਤਿਗੁਰ ਸਾਚੇ ਤੇਰੇ ਸੀਸ ਧਰੇ ਦਸਤਾਰਾ । ਸਾਚੀ ਦਸਤਾਰ ਸੀਸ ਟਿਕਾਇੰਦਾ । ਲੇਖਾ ਚੁੱਕੇ ਬੀਸ ਇਕੀਸ, ਭਗਤ ਭੀਲਣੀ ਪਾਰ ਕਰਾਇੰਦਾ । ਛੱਤਰ ਝੁਲੇ ਹਰਿ ਜਗਦੀਸ਼, ਸੀਸ ਨਿਵਾਇਆ ਲੇਖੇ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਤਰੇਤਾ ਜੁਗ ਪਿੰਡ ਬੁੱਗ ਲੇਖਾ ਪੂਰ ਕਰਾਇੰਦਾ । ਪੂਰ ਕਰਾਇਆ ਹਰਿ ਜੀ ਲੇਖਾ । ਆਪੇ ਕੱਢੇ ਭਰਮ ਭੁਲੇਖਾ । ਮਾਤ ਪਿਤ ਨਾ ਕਿਸੇ ਨੇਤਰ ਪੇਖਾ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼ਾ । ਨਾ ਕੋਈ ਜਾਣੇ ਵੇਦ ਪੁਰਾਨੀ ਪੰਡਤ ਰੇਖਾ । ਨਾ ਕੋਈ ਜਾਣੇ ਬ੍ਰਹਮ ਗਿਆਨੀ, ਨਾ ਕੋਈ ਜਾਣੇ ਧਾਰੀ ਕੇਸਾ । ਨਾ ਕੋਈ ਜਾਣੇ ਜਗਤ ਇਸ਼ਨਾਨੀ, ਸਾਚੀ ਜੋਤ ਸ੍ਰੀ ਦਸਮੇਸ਼ਾ । ਕਲਜੁਗ ਜੀਵ ਪੜਦਾ ਪਾਏ ਮਾਇਆ ਰਾਣੀ, ਮਿਟੇ ਨਾ ਜਗਤ ਅੰਦੇਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਜੋਤੀ ਜਾਮਾ ਭੇਖ ਧਰ ਪਿਛਲਾ ਲੇਖਾ ਪੂਰ ਕਰ, ਆਪੇ ਕੀਆ ਆਪਣਾ ਵੇਸਾ । ਤਰੇਤਾ ਯੁਗ ਲੇਖਾ ਚੁੱਕੇ । ਦਵਾਪਰ ਵੇਲਾ ਆਏ ਢੁਕੇ । ਸ਼ਬਦ ਬਾਣੀ ਨਾ ਕਦੇ ਰੁਕੇ । ਗੁਰਮੁਖ ਮੁਖ ਨਾ ਥੁੱਕ ਸੁਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਹਰਿ ਸੰਤ ਪਿਆਰੇ, ਸ਼ਬਦ ਲਗਾਏ ਏਕਾ ਚੋਟੇ । ਜੁਗ ਦਵਾਪਰ ਤੇਰੀ ਵਾਰੀ । ਦਿਤਾ ਵਰ ਹਰਿ ਬਨਵਾਰੀ । ਮਿਲੇ ਮੇਲ ਭੈਣ ਪਿਆਰੀ । ਕਲਜੁਗ ਵੇਲਾ ਅੰਤਮ ਨਿਹਕਲੰਕੀ ਜੋਤ ਅਪਾਰੀ । ਆਪੇ ਸੱਜਣ ਸੁਹੇਲਾ ਸੰਤ ਮਨੀ ਸਿੰਘ ਪੈਜ ਸਵਾਰੀ । ਆਪ ਕਰਾਏ ਸਾਚਾ ਮੇਲਾ, ਅਰਜਨ ਸੁਭਦਰਾ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜ ਚਾਰ ਕੁੰਟ ਰਿਹਾ ਦੌੜ, ਆਦਿ ਅੰਤ ਏਕਾ ਜੋਤ ਏਕਾ ਅਸਵਾਰੀ । ਸਾਚਾ ਸ਼ਬਦ ਹਰਿ ਜਣਾਇਆ । ਗੁਰਮੁਖ ਸਾਚੇ ਲਏ ਜਗਾਇਆ । ਆਪਣਾ ਭਾਣਾ ਸਾਚਾ ਰਾਣਾ, ਆਪਣੇ ਹੱਥ ਰਿਹਾ ਰਖਾਇਆ । ਗੁਰਮੁਖ ਜਾਣੇ ਚਤੁਰ ਸੁਘੜ ਸਿਆਣਾ, ਜਿਸ ਜਨ ਸਿਰ ਪ੍ਰਭ ਹੱਥ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਅਕਥ, ਸਚ ਵਿਹਾਰਾ ਸੀਸ ਦਸਤਾਰਾ ਆਪ ਸਜਾਇਆ । ਸਚ ਵਿਹਾਰ ਹਰਿ ਆਪ ਕਰਾਇੰਦਾ । ਨਾ ਕਰਨੀ ਜਗਤ ਵਿਚਾਰ, ਭਰਮ ਨਿਵਾਰ ਸਾਚੇ ਰਾਹੇ ਪਾਇੰਦਾ । ਰੱਖਣੀ ਲਾਜ ਸੀਸ ਦਸਤਾਰ ਸੱਚੀ ਸਰਕਾਰ, ਸਾਚਾ ਦਰ ਇਕ ਖੁਲ੍ਹਾਇੰਦਾ । ਜਨਮ ਮਰਨ ਨਾ ਜਾਣੇ ਜੀਵ ਗਵਾਰ, ਆਵਣ ਜਾਣਾ ਆਪਣੇ ਹੱਥ ਰਖਾਇੰਦਾ । ਝੂਠਾ ਨਾਤਾ ਜਗਤ ਵਿਹਾਰ, ਪੁਰਖ ਬਿਧਾਤਾ ਸਾਚੀ ਸੇਵਾ ਇਕ ਕਰਾਇੰਦਾ । ਅੰਮ੍ਰਿਤ ਫਲ ਲੱਗੇ ਸਾਚਾ ਮੇਵਾ, ਤੁਟਾ ਫਲ ਸਾਚੇ ਡਾਲ ਫਿਰ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚਾ ਹਰਿ, ਪ੍ਰਿਥੀਪਾਲ ਬਣ ਸ਼ਬਦ ਦਲਾਲ, ਚਾਰ ਛੁਹਾਰੇ ਸਾਚੇ ਦਰ ਲਿਆਇੰਦਾ । ਹਰਿ ਦਰ ਸੱਚਾ ਦਰਬਾਰਿਆ । ਹਰਿ ਦਰ ਖੇਲ ਅਪਾਰਿਆ । ਏਕਾ ਰੱਖੇ ਸਾਚੇ ਸਰ, ਅੰਮ੍ਰਿਤ ਸਾਚਾ ਤਾਲ ਸੁਹਾ ਰਿਹਾ । ਗੁਰਮੁਖ ਸਾਚਾ ਜਾਏ ਤਰ, ਸਾਚੇ ਤੀਰਥ ਨਹਾਵਣ ਨਹਾ ਰਿਹਾ । ਨਾ ਜਨਮੇ ਨਾ ਜਾਏ ਮਰ, ਗੁਰ ਚਰਨ ਸੀਸ ਝੁਕਾ ਰਿਹਾ । ਧਰਮ ਰਾਏ ਘਰ ਚੁੱਕੇ ਡਰ, ਨਿਹਕਲੰਕੀ ਲੜ ਫੜਾ ਰਿਹਾ । ਸ਼ਬਦ ਘੋੜੇ ਜਾਏ ਚੜ੍ਹ, ਤਿੰਨਾਂ ਲੋਆਂ ਕਿਲ੍ਹਾ ਕੋਟ ਸਰ ਕਰਾ ਰਿਹਾ । ਪ੍ਰਭ ਅਬਿਨਾਸ਼ੀ ਲਏ

੬੩੬ ੦੪

ਬਾਹੋਂ ਫੜ, ਸਚ ਦਵਾਰਾ ਇਕ ਰਖਾ ਰਿਹਾ । ਏਕਾ ਅੱਖਰ ਜਾਏ ਪੜ੍ਹ, ਸੋਹੰ ਸ਼ਬਦ ਮਾਤ ਚਲਾ ਰਿਹਾ । ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਜਾਮਾ ਹਰਿ ਜੀ ਪਾ ਰਿਹਾ । ਗੁਰਮੁਖ ਸਾਚੇ ਬੈਠਾ ਅੰਦਰ ਵੜ, ਰੂਪ ਰੰਗ ਨਾ ਕਿਸੇ ਵਖਾ ਰਿਹਾ । ਪੰਜਾ ਚੋਰਾਂ ਲਏ ਫੜ, ਸ਼ਬਦ ਡੰਡਾ ਹੱਥ ਉਠਾ ਰਿਹਾ । ਗੁਰਮੁਖ ਸਾਚੇ ਤੇਰੇ ਆਤਮ ਦਰ ਦਵਾਰੇ ਖੜ੍ਹ, ਸਤਿ ਸਰੂਪੀ ਦਰਸ ਦਿਖਾ ਰਿਹਾ । ਲੱਖ ਚੁਰਾਸੀ ਵਹਿਣਾ ਝੂਠੇ ਹੜ੍ਹ, ਕਲਜੁਗ ਵੇਲਾ ਅੰਤਮ ਆ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਸਾਚੀ ਬਣਤ ਵਿਚ ਮਾਤ ਬਣਾ ਰਿਹਾ । ਸਾਚੀ ਬਣਤ ਬਣਾਏ ਦਇਆ ਕਮਾਇੰਦਾ । ਜਗਤ ਨਈਆ ਇਕ ਚਲਾਏ, ਗੁਰ ਸੰਗਤ ਭੈਣਾਂ ਭਈਆ ਸਾਚੇ ਧਾਮ ਬਹਾਇੰਦਾ । ਨਾ ਕੋਈ ਵਖਾਣੇ ਪਿਤਾ ਮਈਆ, ਸਾਜਣ ਸਈਆ ਆਪ ਜਣਾਇੰਦਾ । ਸਾਚੇ ਸ਼ਬਦ ਅਸਵਾਰ ਹਰਿ ਨਿਰੰਕਾਰ , ਲੋਆਂ ਪੂਰੀਆਂ ਪਾਵੇ ਸਾਰ, ਆਪ ਬਣਾਏ ਆਪੇ ਅੰਤਮ ਢਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਮਗਰੀ ਕਰ ਤਿਆਰ, ਕਾਇਆ ਗਗਰੀ ਵਿਚ ਸੰਸਾਰ, ਵਸੇ ਨਗਰੀ ਸਚ ਦਰਬਾਰ, ਸਾਚਾ ਖੇਲ ਕਰਾਇੰਦਾ । ਸਾਚਾ ਖੇਲ ਹਰਿ ਕਰਤਾਰਾ । ਜਨ ਭਗਤਾਂ ਮੇਲ ਵਿਚ ਸੰਸਾਰਾ । ਸਤਾਰਾਂ ਹਾੜੀ ਚੜ੍ਹਨਾ ਤੇਲ, ਸੰਤ ਸੁਹਾਗਣ ਸਾਚੀ ਨਾਰਾ । ਧਰਮ ਰਾਏ ਦੀ ਕਟੇ ਜੇਲ੍ਹ, ਕਿਰਪਾ ਕਰੇ ਪੁਰਖ ਅਪਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਸੁੰਦਰ ਮੰਦਰ, ਜੋਤ ਜਗਾਏ ਕਾਇਆ ਡੂੰਘੀ ਕੰਦਰ, ਆਤਮ ਜੋਤੀ ਨੂਰ ਉਜਾਲਾ । ਗੁਰ ਗੋਬਿੰਦਾ ਗੁਰ ਗੋਪਾਲਾ । ਹਰਿ ਭਗਤ ਬਖ਼ਸ਼ਿੰਦਾ ਦੀਨ ਦਿਆਲਾ । ਇਕ ਉਪਜਾਏ ਸਾਚੀ ਬਿੰਦਾ, ਸ਼ਬਦ ਪਹਿਨਾਏ ਤਨ ਦੁਸ਼ਾਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਦਰ ਦਵਾਰੇ ਬਣਾਏ ਸੱਚੀ ਧਰਮਸਾਲਾ । ਆਤਮ ਦਰ ਸੱਚਾ ਦਰਬਾਰਾ । ਮਿਲੇ ਮੇਲ ਹਰਿ ਗਿਰਧਾਰਾ । ਜਗੇ ਜੋਤ ਅਗੰਮ ਅਪਾਰਾ । ਸ਼ਬਦ ਧੁਨ ਅਨਹਦ ਧਾਰਾ । ਤੁੱਟੇ ਮੁਨ ਨਾ ਰਹੇ ਸੁੰਨ, ਬਜ਼ਰ ਕਪਾਟੀ ਘਰ ਸਾਚੇ ਪਾਟੀ, ਮੇਟ ਮਿਟਾਏ ਧੁੰਦੂਕਾਰਾ । ਵਣਜ ਕਰਾਏ ਸਾਚੀ ਹਾਟੀ, ਜਗੇ ਜੋਤ ਕਾਇਆ ਮਾਟੀ, ਨਿਰਮਲ ਦੀਪ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਪੜਦਾ ਖੋਲ੍ਹੇ, ਸ਼ਬਦ ਸਰੂਪੀ ਅੰਦਰ ਬੋਲੇ, ਖੋਲ੍ਹ ਵਖਾਏ ਦਸਮ ਦਵਾਰਾ । ਦਸਮ ਦਵਾਰ ਜਾਏ ਖੁਲ੍ਹ । ਸਤਾਰਾਂ ਹਾੜੀ ਪੈਣਾ ਮੁਲ । ਭਾਗ ਲਗਾਉਣਾ ਸਾਚੀ ਕੁੱਲ । ਪੂਰੇ ਤੋਲ ਜਾਣਾ ਤੁੱਲ । ਕਲਜੁਗ ਜੀਵ ਨਾ ਜਾਣਾ ਭੁੱਲ । ਝੂਠੀ ਮਾਇਆ ਜਗਤ ਛਾਇਆ, ਆਤਮ ਅੰਧੇ ਝੂਠੇ ਧੰਦੇ, ਮਦਿਰਾ ਮਾਸੀ ਪਾਪੀ ਗੰਦੇ, ਮਾਤ ਨਾ ਜਾਣਾ ਰੁੱਲ । ਗੁਰਮੁਖ ਚੜ੍ਹਾਏ ਸਾਚੇ ਚੰਦੇ, ਪ੍ਰਗਟ ਹੋਏ ਗੁਰ ਗੋਬਿੰਦੇ, ਸਚ ਦਵਾਰਾ ਜਾਣਾ ਖੁਲ੍ਹ । ਇਕ ਉਪਜਾਏ ਪਰਮਾਨੰਦੇ, ਸਦਾ ਸਦਾ ਹਰਿ ਬਖ਼ਸ਼ਿੰਦੇ, ਅੰਮ੍ਰਿਤ ਆਤਮ ਨਾ ਜਾਏ ਡੁੱਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵੇਖ ਵਖਾਣੇ ਸਾਚਾ ਘਰ, ਗੁਰਮੁਖ ਵਸੇ ਕਿਹੜੇ ਦਰ, ਧਰਤ ਮਾਤ ਮਾਰ ਝਾਤ, ਚਾਰੋਂ ਕੁੰਟ ਬਖ਼ਸ਼ੇ ਦਾਤ ਸ਼ਬਦ ਸੁਗਾਤ, ਲੋਆਂ ਪੁਰੀਆਂ ਪਾਵੇ ਸਾਰੇ । ਲੋਆਂ ਪੁਰੀਆਂ ਪਾਵੇ ਸਾਰ ਬਣਤ ਬਣਾਇੰਦਾ । ਨਿਹਕਲੰਕੀ ਜਾਮਾ ਧਾਰ, ਹਰਿ ਕਰਤਾਰ ਪਹਿਲੀ ਵਾਰ, ਸਾਚਾ ਛਤਰ ਸੀਸ ਝੁਲਾਇੰਦਾ । ਰਾਜੇ ਰਾਣਿਆਂ ਕਰ ਖੁਆਰ, ਸ਼ਬਦ ਰੱਖੇ ਤਿੱਖੀ ਧਾਰ, ਚਿੱਟੇ ਅਸਵ ਹੋ ਅਸਵਾਰ, ਚਾਰੋਂ ਕੁੰਟਾਂ ਪਾਵੇ ਸਾਰ, ਵੇਖ ਵਖਾਣੇ ਨਰ ਨਾਰ, ਠਗ ਚੋਰ ਯਾਰ ਨਾ ਕੋਈ ਭੁੱਲ ਰਖਾਇੰਦਾ । ਜਨ ਭਗਤਾਂ ਪਾਵੇ ਅੰਤਮ ਸਾਰ,

ਖਿੱਚ ਲਿਆਏ ਚਰਨ ਦਵਾਰ, ਆਤਮ ਜੋਤੀ ਨੂਰ ਉਜਿਆਰ, ਵਰਨ ਗੋਤ ਨਾ ਕਰੇ ਵਿਚਾਰ, ਪੂਰਬ ਲੇਖਾ ਹਰਿ ਲਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਸਚ ਦਰਬਾਰ ਵਿਚ ਸੰਸਾਰ ਕਰ ਤਿਆਰ, ਸੋਲਾਂ ਕਲੀਆਂ ਤਨ ਸ਼ਿੰਗਾਰ, ਨੌਂ ਖੰਡ ਸੱਤਾਂ ਦੀਪਾਂ ਪਾਏ ਸਾਰ, ਸੁਰ ਨਰ ਗਣ ਗੰਧਰਬ ਸੁਰਪਤ ਰਾਜਾ ਇੰਦ ਵਡ ਮਰਗਿੰਦ, ਖਿੱਚ ਲਿਆਏ ਚਰਨ ਦਵਾਰ । ਸ਼ਿਵ ਸ਼ੰਕਰ ਸਾਚੀ ਬਿੰਦ, ਜੋਤੀ ਮੇਲਾ ਹਰਿ ਭਤਾਰ । ਬ੍ਰਹਮਾ ਵੇਖ ਵਖਾਣੇ, ਰੰਗ ਰਸ ਸਾਚਾ ਮਾਣੇ, ਅੰਤਮ ਮੇਲਾ ਹਰਿ ਕਰਤਾਰ । ਜਗੇ ਜੋਤ ਨਿਹਕਲੰਕੀ ਬਲੀ ਬਲਵਾਨੇ, ਕਲਜੁਗ ਅੰਤਮ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਲੋਕੀ ਨਾਥ ਸਗਲਾ ਸਾਥ, ਸ਼ਬਦ ਚਲਾਏ ਸਾਚਾ ਰਾਥ, ਪੰਚਮ ਜੇਠੀ ਹੋ ਅਸਵਾਰ । ਸਾਚਾ ਰਥ ਹਰਿ ਰਥਵਾਹੀ ਹੈ । ਸ੍ਰਿਸ਼ਟ ਸਬਾਈ ਰਿਹਾ ਮਥ, ਵੇਖ ਵਖਾਣੇ ਥਾਉਂ ਥਾਈਂ ਹੈ । ਰਾਜੇ ਰਾਣਿਆਂ ਪਾਵੇ ਨੱਥ, ਸ਼ਬਦ ਡੋਰੀ ਆਪਣੇ ਹੱਥ ਰਖਾਈ ਹੈ । ਗੁਰਮੁਖ ਸਾਚੇ ਸੰਤ ਜਨਾਂ ਆਤਮ ਵਸੂਰੇ ਜਾਇਣ ਲਥ, ਦਰ ਘਰ ਸਾਚੇ ਦਰਸ਼ਨ ਪਾਈ ਹੈ । ਸ਼ਬਦ ਚੜ੍ਹਾਏ ਸਾਚਾ ਰਥ, ਖਿੱਚੀ ਜਾਏ ਵਾਹੋ ਦਾਹੀ ਹੈ । ਕਲਜੁਗ ਸੀਆਂ ਸਾਢੇ ਤਿੰਨ ਹੱਥ, ਮੰਡਪ ਮਾੜੀ ਜਗਤ ਪਸਾਰਾ, ਝੂਠੀ ਬਣਤ ਬਣਾਈਆ । ਗੁਰ ਚਰਨ ਸਰਨ ਏਕਾ ਸੱਚਾ ਸਚ ਦਵਾਰਾ, ਆਦਿ ਅੰਤ ਹੋਏ ਸਹਾਈਆ । ਸਾਚਾ ਮੇਲ ਕੰਤ ਭਤਾਰਾ, ਗੁਰਮੁਖ ਸੁਹਾਗਣ ਸਾਚੀ ਨਾਰਾ, ਆਵਣ ਜਾਵਣ ਜਗਤ ਵਿਛੋੜਾ, ਦਏ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਇਕ ਰਖਾਏ ਸਾਚਾ ਘੋੜਾ, ਗੁਰਮੁਖਾਂ ਰਿਹਾ ਚੜ੍ਹਾਈਆ । ਸਾਚੇ ਘੋੜੇ ਆਪ ਚੜ੍ਹਾਇੰਦਾ । ਜੁਗਾਂ ਜੁਗਾਂ ਦੇ ਵਿਛੜੇ ਚਰਨ ਨਾਤੇ ਸਾਚੇ ਜੋੜੇ, ਪ੍ਰਭ ਅਬਿਨਾਸ਼ੀ ਵਾਗਾਂ ਮੋੜੇ, ਸਾਚੀ ਬਣਤ ਬਣਾਇੰਦਾ । ਬੇਮੁਖ ਜੀਵ ਰੀਠੇ ਕੌੜੇ, ਕਲਜੁਗ ਅੰਤਮ ਭੰਨ ਵਖਾਇੰਦਾ । ਗੁਰਮੁਖ ਗੁਰ ਚਰਨ ਸਰਨ ਕਲ ਆਇਣ ਦੌੜੇ, ਧਰਮ ਰਾਏ ਡੰਨ ਚੁਕਾਇੰਦਾ । ਤਿੰਨਾਂ ਲੋਆਂ ਲਾਏ ਸ਼ਬਦ ਪੌੜੇ, ਸਾਚੇ ਧਾਮ ਆਪ ਵਸਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਾਮ ਆਪਣਾ ਆਪ, ਅੰਤਮ ਕਲ ਕਰ ਵਲ ਛਲ, ਮਾਤ ਆਣ ਕਰਾਇੰਦਾ । ਸਾਚਾ ਤਨ ਸ਼ਿੰਗਾਰ, ਸ਼ਬਦ ਕਰਾਇੰਦਾ । ਫੂਲਨ ਬਖ਼ਸ਼ੇ ਹਾਰ ਹਰਿ ਦਾਤਾਰ, ਕਿਰਪਾ ਕਰ ਧੀਰ ਧਰਾਇੰਦਾ । ਕਾਇਆ ਕਰੇ ਠੰਡੀ ਠਾਰ ਵਿਚ ਸੰਸਾਰ, ਮੀਤ ਮੁਰਾਰ ਆਪ ਅਖਵਾਇੰਦਾ । ਨਿਰਮਲ ਜੋਤੀ ਕਰ ਅਕਾਰ, ਕਾਇਆ ਸੋਤੀ ਹੋਏ ਉਜਿਆਰ, ਸਚ ਭੰਡਾਰ ਹਰਿ ਵਰਤਾਰ, ਕਾਇਆ ਮੰਦਰ ਇਕ ਸੁਹਾਇੰਦਾ । ਗੁਣਵੰਤਾ ਹਰਿ ਗੁਣ ਵਿਚਾਰ, ਪੂਰਨ ਭਗਵੰਤਾ ਚਰਨ ਪਿਆਰ, ਹਰਿ ਸਾਚਾ ਸੀਰ ਪਿਲਾਇੰਦਾ । ਮਾਤ ਬਣਾਏ ਸਾਚੀ ਬਣਤਾ, ਮਹਿੰਮਾ ਜਗਤ ਸਦਾ ਅਗਣਤਾ, ਲੇਖਾ ਲੇਖ ਨਾ ਕੋਇ ਚੁਕਾਇੰਦਾ । ਵੇਖ ਵਖਾਣੇ ਜੀਆਂ ਜੰਤਾ, ਕਰੇ ਧਿਆਨੇ ਸਾਧਨ ਸੰਤਾ, ਬ੍ਰਹਮ ਗਿਆਨੇ ਆਦਿਨ ਅੰਤਾ, ਜੋਤੀ ਦੀਪਕ ਇਕ ਜਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਤਾਣ ਵਿਚ ਜਹਾਨ ਗੁਣ ਨਿਧਾਨ, ਗੁਰਮੁਖ ਸਾਚੇ ਆਪ ਮਾਣ ਰਖਾਇੰਦਾ । ਸਾਚਾ ਹਰਿ ਤਨ ਫੁਲਵਾੜੀ । ਫਲ ਫੁੱਲ ਲੱਗੇ ਸਤਾਰਾਂ ਹਾੜੀ । ਦੀਪਕ ਜੋਤੀ ਆਤਮ ਜਗੇ, ਹੋਏ ਰੁਸ਼ਨਾਈ ਬਹੱਤਰ ਨਾੜੀ । ਸ਼ਬਦ ਬੰਨ੍ਹੇ ਹੱਥੀਂ ਤਗੇ, ਪਰ੍ਹੇ ਹਟਾਏ ਚੋਰਾਂ ਝੂਠੀ ਧਾੜੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਲੇਖੇ ਲਾਏ ਭਰਮ ਭੁਲੇਖੇ ਦੂਰ ਕਰਾਏ, ਗੁਰਮੁਖ ਸਾਚੇ ਨੇੜ ਨਾ ਆਏ ਮੌਤ ਲਾੜੀ । ਮੌਤ ਲਾੜੀ ਦਰ ਦੁਰਕਾਰੇ । ਸ਼ਬਦ ਖੰਡਾ ਏਕਾ ਮਾਰੇ । ਗੁਰਮੁਖਾਂ ਪਾਈ ਸਾਚੀ ਵੰਡਾ, ਚਰਨ ਪ੍ਰੀਤੀ ਉਪਰ ਧਵਲਾਰੇ । ਆਤਮ ਸਦਾ ਸੁਹਾਗਣ

੬੩੮
੦੪

ਨਾ ਹੋਏ ਰੰਡਾ, ਮਿਲੇ ਮੇਲ ਹਰਿ ਕੰਤ ਪਿਆਰੇ । ਜੋਤੀ ਨੂਰ ਸ਼ਬਦ ਬ੍ਰਹਿਮੰਡਾ, ਮਾਤ ਪਤਾਲ ਅਕਾਸ਼, ਏਕਾ ਰੰਗ ਸੱਚੀ ਸਰਕਾਰੇ । ਗੁਰਮੁਖ ਆਤਮ ਕਰੇ ਵਾਸ, ਜੋਤ ਪ੍ਰਕਾਸ਼ ਪ੍ਰਭ ਅਬਿਨਾਸ਼, ਭਾਗ ਲਗਾਏ ਕਾਇਆ ਮਹੱਲ ਸਚ ਚੁਬਾਰੇ । ਜੋਤ ਸਰੂਪੀ ਪਾਏ ਰਾਸ, ਸ਼ਬਦ ਚਲਾਏ ਸਵਾਸ ਸਵਾਸ, ਦਰਸ ਦਿਖਾਏ ਅਗੰਮ ਅਪਾਰੇ । ਰਸਨ ਤਜਾਏ ਮਦਿਰਾ ਮਾਸ, ਹਉਮੇ ਦੁੱਖੜਾ ਹੋਏ ਨਾਸ, ਹਰਿ ਜੀ ਵਸੇ ਸਦਾ ਪਾਸ, ਕਦੇ ਗੁਪਤ ਕਦੇ ਜ਼ਾਹਿਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਵਡਿਆਈ ਸੱਚੀ ਸਰਕਾਰੇ । ਸਾਚਾ ਸ਼ਬਦ ਤਨ ਸ਼ਿੰਗਾਰੀ । ਨਾ ਡੋਲੇ ਮਨ ਦਹਿ ਦਿਸ਼ ਵਿਚਾਰੀ । ਸਾਚਾ ਰਾਗ ਸੁਣਨਾ ਕੰਨ, ਨਾਦ ਧੁਨ ਧੁਨੀ ਧੁਨਕਾਰੀ । ਲੱਖ ਚੁਰਾਸੀ ਵਿਚੋਂ ਚੁਣ, ਮਿਲੇ ਮੇਲ ਹਰਿ ਬਨਵਾਰੀ । ਸ੍ਰਿਸ਼ਟ ਸਬਾਈ ਛਾਣ ਪੁਣ, ਗੁਰਮੁਖ ਸਾਚੇ ਰਿਹਾ ਨਿਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੰਦੇਸ਼ਾ ਮਾਝੇ ਦੇਸਾ, ਜੋਤ ਸਰੂਪੀ ਧਾਰੇ ਭੇਸਾ, ਅੰਤਮ ਰੱਖੇ ਖੁਲ੍ਹੜੇ ਕੇਸਾ, ਜਨ ਭਗਤ ਜਗਾਏ ਵਿਚ ਸੰਸਾਰੀ । ਹਰਿਜਨ ਸੋਇਆ, ਆਪ ਜਗਾਏ । ਅਵਰ ਨਾ ਜਾਣੇ ਜੀਵ ਕੋਇਆ, ਪ੍ਰਭ ਅਬਿਨਾਸ਼ੀ ਦਇਆ ਕਮਾਏ । ਸਾਚਾ ਹਲ ਪ੍ਰਭ ਸਾਚੇ ਜੋਇਆ, ਸੋਹੰ ਬੀਜ ਬਿਜਾਏ ਧੁਰਦਰਗਾਹੀ ਸੱਚਾ ਢੋਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਤਮ ਕਲ ਆਪਣੀ ਹੱਥੀਂ ਝੋਲੀ ਪਾਏ । ਸ਼ਬਦ ਨਾਮ ਜਗਤ ਪੰਘੂੜਾ । ਕਾਇਆ ਚਾਮ ਰੰਗ ਚਾੜ੍ਹੇ ਗੂੜ੍ਹਾ । ਮਿੱਟੇ ਅੰਧੇਰੀ ਸ਼ਾਮ, ਜਨ ਮਸਤਕ ਲਾਏ ਧੂੜਾ । ਕੋਈ ਨਾ ਲੱਗੇ ਦਰ ਸਾਚੇ ਦਾਮ, ਚਤੁਰ ਸੁਜਾਨ ਕਰੇ ਮਨ ਮੂਰਖ ਮੂੜ੍ਹਾ । ਮੇਲ ਮਿਲਾਵਾ ਸਾਚੇ ਰਾਮ, ਸ੍ਰਿਸ਼ਟ ਸਬਾਈ ਨਾਤਾ ਕੂੜਾ । ਇਕ ਪਿਆਏ ਅੰਮ੍ਰਿਤ ਜਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ । ਸੋਹੰ ਸ਼ਬਦ ਰਸਨਾ ਰਸ ਗੀਤ । ਮਿਲੇ ਮੇਲ ਪ੍ਰਭ ਸਾਚੇ ਮੀਤ । ਹਰਿ ਹਿਰਦੇ ਜਾਏ ਵਸ, ਕਾਇਆ ਕਰੇ ਠੰਡੀ ਸੀਤ । ਪੰਚ ਪੰਚਾਇਣ ਜਾਇਣ ਨੱਸ, ਇਕ ਦਿਸਾਏ ਸਾਚੀ ਰੀਤ । ਸ਼ਬਦ ਬਾਣ ਲਾਏ ਕਸ, ਗੁਰਮੁਖ ਸਾਚੇ ਏਕਾ ਅੰਦਰ ਸਾਚਾ ਮੰਦਰ, ਨਾ ਕੋਈ ਵਖਾਣੇ ਦਿਹੁਰਾ ਮਸੀਤ । ਆਤਮ ਤੋੜੇ ਵੱਜਾ ਜੰਦਰ, ਨਰ ਹਰਿ ਸਾਚਾ ਰਾਖੋ ਚੀਤ । ਦਰ ਦਰ ਭੌਂਦੇ ਫਿਰਦੇ ਬੰਦਰ, ਕੋਈ ਨਾ ਪਰਖੇ ਕਿਸੇ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਝੋਲੀ ਪਾਏ, ਦਰਸ ਦਿਖਾਏ ਦਇਆ ਕਮਾਏ ਸਦਾ ਗਾਉਣਾ ਸੁਹਾਗੀ ਗੀਤਾ । ਰਸਨਾ ਗੀਤ ਸੁਹਾਗੀ ਗਾਉਣਾ । ਪੁਰਖ ਅਬਿਨਾਸ਼ੀ ਰਖਣਾ ਚੀਤ, ਕਾਇਆ ਮੰਦਰ ਭਾਗ ਲਗਾਉਣਾ । ਜਗਤ ਅਵਲੜੀ ਦੱਸੇ ਰੀਤ, ਮਦਿਰਾ ਮਾਸ ਰਸਨ ਤਜਾਉਣਾ । ਗੁਰ ਸੰਗਤ ਸਾਚਾ ਮੇਲ ਮਿਲਾਉਣਾ । ਚਰਨ ਪ੍ਰੀਤੀ ਕਾਇਆ ਡਾਲ, ਅੰਮ੍ਰਿਤ ਫਲ ਲਗਾਉਣਾ । ਨਾ ਕੋਈ ਮੰਦਰ ਨਾ ਮਸੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਦਵਾਰੇ ਸਾਚੇ ਅੰਦਰ, ਨਿਜ ਘਰ ਵਾਸੀ ਜੋਤ ਪ੍ਰਕਾਸ਼ੀ, ਸਵਛ ਸਰੂਪੀ ਦਰਸ਼ਨ ਪਾਉਣਾ । ਨੇਤਨ ਨੇਤ ਨੇਤ ਗੁਰ ਅੰਤਰ । ਦਿਵਸ ਰੈਣ ਜਨ ਰਸਨਾ ਚੀਤ, ਹਰਿ ਸ਼ਬਦ ਜਗ ਸਾਚਾ ਮੰਤਰ । ਕਾਇਆ ਵਖਾਣੇ ਸਾਚਾ ਖੇਤ, ਅੱਠੇ ਪਹਿਰ ਲੱਗੀ ਰਹੇ ਬਸੰਤਰ । ਜੋਤੀ ਜੋਤ ਸਰੂਪ ਹਰਿ, ਸਾਚੀ ਕਿਰਪਾ ਦੇਵੇ ਕਰ, ਨਰ ਹਰਿ ਸਾਚਾ ਨੇਤਨ ਨੀਤ । ਸਚ ਸ਼ਬਦ ਸ਼ਬਦ ਧੁਨਕਾਰਾ । ਪ੍ਰਭ ਅਬਿਨਾਸ਼ੀ ਰਿਹਾ ਪੁਕਾਰ ਸੁਣ, ਹਰਿਜਨ ਆਏ ਚਰਨ ਦੁਆਰਾ । ਵੇਖ ਵਖਾਣੇ ਗੁਣ ਅਵਗੁਣ, ਦੇਵੇ ਨਾਮ ਇਕ ਭੰਡਾਰਾ । ਸੰਤ ਸੁਹੇਲੇ ਸਾਚੇ ਚੁਣ, ਚਰਨ ਲਗਾਏ ਵਾਰੋ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਏ, ਗੁਰਮੁਖ ਮੰਗੇ

੬੩੯
੦੪

ਬਣ ਭਿਖਾਰਾ । ਗੁਰਮੁਖ ਸਾਚਾ ਦਰ ਭਿਖਾਰੀ । ਪ੍ਰਭ ਅਬਿਨਾਸ਼ੀ ਲਿਖਣਾ ਲੇਖ, ਆਤਮ ਕਰੇ ਸਾਚੀ ਕਾਰੀ । ਸੱਜਣ ਸੁਹੇਲਾ ਸਾਚਾ ਸਖ, ਫਲ ਲਗਾਏ ਸੱਚੀ ਫੁਲਵਾੜੀ । ਅੱਠੇ ਪਹਿਰ ਰਹੇ ਰੱਖ, ਪਵਣ ਸਵਾਸੀ ਜੋਤੀ ਰਹਿਰਾਸੀ ਬਹੱਤਰ ਨਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਾਪ ਮਾਰੇ ਤੀਨੋ ਤਾਪ, ਸਦਾ ਸਦਾ ਸਦਾ ਬਲ ਬਲ ਜਾਸੀ । ਸੋਹੰ ਨਾਮ ਰਸਨਾ ਗਾਉਣਾ । ਪੁਰਖ ਅਬਿਨਾਸ਼ੀ ਸਾਚਾ ਪਾਉਣਾ । ਘਟ ਘਟ ਵਾਸੀ ਨਿਜ ਘਰ ਵਾਸ ਇਕ ਰਖਾਉਣਾ । ਕਾਇਆ ਮੰਡਲ ਸਾਚੀ ਰਾਸੀ, ਸ਼ਬਦ ਸਵਾਸ ਜਗਤ ਧਰਵਾਸ ਹਰਿ ਰਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜਾਪ, ਚਾਰ ਵਰਨ ਅੰਤਮ ਏਕਾ ਏਕ ਜਪਾਉਣਾ । ਸੋਹੰ ਜਾਪ, ਜਪੇ ਜਪ ਅਜਪਾ ਜਪ ਜਪ ਜਾਪੇ । ਕੋਟਨ ਕੋਟ ਉਤਾਰੇ ਪਾਪ, ਲੋਕਮਾਤੀ ਵਡ ਪ੍ਰਤਾਪੇ । ਆਪੇ ਬਣੇ ਮਾਈ ਬਾਪ, ਗੁਰਮੁਖ ਸਾਚੇ ਏਕਾ ਰੰਗ ਰੰਗਾਣੇ ਆਪਣੇ ਆਪੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਗ ਨਿਭਾਏ, ਆਪ ਕਲ ਸਾਗਰ ਪਾਰ ਕਰਾਏ, ਦੇਵੇ ਦਾਤ ਵਡ ਕਰਾਮਾਤ, ਸੋਹੰ ਦਾਤ ਜਗਤ ਸੁਗਾਤੇ । ਜਗਤ ਜੰਜ਼ਾਲਾ ਝੂਠਾ ਨਾਤਾ । ਗੁਰ ਗੋਪਾਲਾ ਪਿਤਾ ਮਾਤਾ । ਕਰੇ ਪ੍ਰਿਤਪਾਲਾ ਦਿਵਸ ਰਾਤਾ । ਤੋੜੇ ਜਗਤ ਜੰਜ਼ਾਲਾ, ਬੈਠਾ ਰਹੇ ਇਕ ਇਕਾਂਤਾ । ਜੋਤੀ ਜੋਤ ਅਕਾਲ ਅਕਾਲਾ, ਚਰਨ ਪ੍ਰੀਤੀ ਦਿਸੇ ਨਾਤਾ । ਸ਼ਬਦ ਸਰੂਪੀ ਵੱਜੇ ਤਾਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬੈਠਾ ਮਾਰੇ ਝਾਤਾ । ਆਤਮ ਝਾਕੀ ਖੋਲ੍ਹੇ ਤਾਕੀ । ਜਨ ਭਗਤਾਂ ਚੁਕਾਏ ਲੇਖਾ ਬਾਕੀ । ਸ੍ਰਿਸ਼ਟ ਸਬਾਈ ਅੰਤਮ ਬਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਇਕ ਵਖਾਏ, ਜਗਤ ਫਾਹ ਦਏ ਕਟਾਏ, ਵੇਲੇ ਅੰਤਮ ਪੜਦੇ ਢਾਕੀ । ਜਗਤ ਜੰਜਾਲਾ ਮਾਤ ਕਟਾਉਣਾ । ਗੁਰ ਗੋਪਾਲਾ ਰਿਦੇ ਵਸਾਉਣਾ । ਸ਼ਬਦ ਦੁਸ਼ਾਲਾ ਤਨ ਪਹਿਨਾਉਣਾ । ਨਾ ਹੋਏ ਮਾਤ ਕੰਗਾਲਾ, ਸੋਹੰ ਲਾਲ ਹੱਥ ਫੜਾਉਣਾ । ਬਣਿਆ ਰਹੇ ਸ਼ਬਦ ਦਲਾਲਾ, ਦੋ ਜਹਾਨਾਂ ਪਾਰ ਕਰਾਉਣਾ । ਦਰ ਘਰ ਸਾਚੇ ਏਕਾ ਨਾਮ ਸੱਚਾ ਧਨ ਮਾਲਾ, ਪ੍ਰਭ ਅਬਿਨਾਸ਼ੀ ਝੋਲੀ ਪਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਕਰੇ ਉਜਾਲਾ, ਚਰਨ ਸਰਨ ਗੁਰ ਧਿਆਨ ਰਖਾਉਣਾ । ਚਰਨ ਸਰਨ ਹਰਿ ਸਰਨਾਈ । ਮਿਲੇ ਮਾਣ ਜਗਤ ਵਡਿਆਈ । ਜੀਵ ਜਹਾਨ ਭੁੱਲ ਨਾ ਰਾਈ । ਸ਼ਬਦ ਬਬਾਣ ਰਿਹਾ ਚੜ੍ਹਾਈ । ਆਪ ਚੁਕਾਏ ਝੂਠੀ ਕਾਨ, ਏਕਾ ਆਣ ਨਾਮ ਰਖਾਈ । ਦਰ ਘਰ ਸਾਚੇ ਦੇਵੇ ਥਾਨ, ਬੰਕ ਦਵਾਰ ਰਿਹਾ ਸੁਹਾਈ । ਜਗਤ ਨਿਮਾਣਿਆਂ ਦੇਵੇ ਮਾਣ, ਪਾਰ ਲੰਘਾਏ ਫੜ ਕੇ ਬਾਹੀਂ । ਸਾਚਾ ਸ਼ਬਦ ਪੀਣ ਖਾਣ, ਅੱਠੇ ਪਹਿਰ ਠੰਡੀ ਛਾਈਂ । ਗੁਰ ਚਰਨ ਤੀਰਥ ਸਾਚਾ ਨਹਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਭਨੀ ਥਾਈਂ । ਰਸਨਾ ਗਾਓ ਗਹਿਰ ਗੰਭੀਰਾ । ਅਮਰਾਪਦ ਪਾਓ, ਸੁਖ ਸਹਿਜ ਸਮਾਓ, ਅੰਮ੍ਰਿਤ ਧਾਰਾ ਬਖ਼ਸ਼ੇ ਸਾਚਾ ਨੀਰਾ । ਹਉਮੇ ਚਿੰਤਾ ਰੋਗ ਗਵਾਓ, ਸ਼ਬਦ ਰਸਨਾ ਰਸ ਭੋਗ ਲਗਾਓ, ਕੱਢੇ ਹਉਮੇ ਪੀੜਾ । ਗੁਰ ਚਰਨ ਪ੍ਰੀਤੀ ਜੋਗ ਕਮਾਓ, ਲੇਖਾ ਧੁਰ ਸੰਜੋਗ ਜਗਤ ਵਿਜੋਗ ਚੁਕਾਓ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪੇ ਕਟੇ ਮਾਤ ਭੀੜਾ । ਤਨ ਜੋਬਨ ਸ਼ਬਦ ਸ਼ਿੰਗਾਰਾ । ਕਟੇ ਹਉਮੇ ਰੋਗਣ, ਪੂਰਬ ਕਰਮ ਵਿਚਾਰਾ । ਦਰ ਘਰ ਸਾਚੇ ਏਕਾ ਜੋਤੀ ਜੋਗਣ, ਨਾ ਕੋਈ ਪੁਰਖ ਨਾ ਕੋਈ ਨਾਰਾ । ਗੁਰਮੁਖ ਸਾਚਾ ਰਸਨ ਆਤਮ ਭੋਗਣ, ਫੂਲਨ ਕਲੀਆਂ ਤਨ ਸ਼ਿੰਗਾਰਾ । ਮਿਲਿਆ ਮੇਲ ਧੁਰ ਸੰਜੋਗਣ, ਕੰਤ ਮਿਲਾਵਾ ਮੀਤ ਮੁਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦਰ ਸਾਚਾ ਜਗਤ ਰਖਾਇਆ ਦਰ


੬੪੦ ੦੪

੬੪੧
੦੪

ਸੱਚਾ ਦਰਬਾਰਾ । ਸੋਭਾਵੰਤੀ ਨਾਰ, ਤਨ ਸ਼ਿੰਗਾਰਿਆ । ਮਿਲਿਆ ਕੰਤ ਪਿਆਰ, ਆਤਮ ਸੇਜਾ ਹੋਈ ਤਿਆਰ, ਹਰਿ ਸੁੱਤਾ ਚਰਨ ਪਸਾਰਿਆ । ਗੁਰਮੁਖਾਂ ਵਾਜਾਂ ਰਿਹਾ ਮਾਰ, ਸ਼ਬਦ ਬਾਜਾ ਇਕ ਉਡਾਰ, ਚਾਰੇ ਕੁੰਟਾਂ ਵੇਖ ਵਖਾ ਰਿਹਾ । ਦਰ ਘਰ ਪਾਉਂਦਾ ਸਾਚੀ ਸਾਰ, ਮਾਨਸ ਦੇਹੀ ਪੈਜ ਸਵਾਰ, ਨਾ ਕੋਈ ਜਾਣੇ ਰਾਜੇ ਰਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਤੁਰ ਸੁਜਾਨ, ਰੰਗ ਸੰਗ ਸਾਚਾ ਮਾਣਿਆਂ । ਸਾਚਾ ਸੰਗ ਸੱਚੀ ਸਰਕਾਰਾ । ਚਿੱਟੇ ਅਸਵ ਕਸੇ ਤੰਗ, ਅੱਠੇ ਪਹਿਰ ਰਹੇ ਅਸਵਾਰਾ । ਜਨ ਭਗਤਾਂ ਕਟੇ ਭੁੱਖ ਨੰਗ, ਆਤਮ ਭਰੇ ਇਕ ਭੰਡਾਰਾ । ਸ਼ਬਦ ਚੜ੍ਹਾਏ ਸਾਚਾ ਰੰਗ, ਮਾਇਆ ਮਮਤਾ ਲਾਹੇ ਤਨ ਅਫਾਰਾ । ਵਡ ਦਾਤਾ ਸੂਰਾ ਸਰਬੰਗ, ਦੇਵਣਹਾਰ ਸਦਾ ਦਾਤਾਰਾ । ਗੁਰਮੁਖ ਸਾਚਾ ਪਾਰ ਜਾਏ ਲੰਘ, ਮੰਗੀ ਮੰਗ ਪ੍ਰਭ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਏ, ਪੁਰਖ ਅਬਿਨਾਸ਼ ਦਇਆ ਕਮਾਏ, ਹਰਿਜਨ ਬਣਿਆ ਸਚ ਭਿਖਾਰਾ । ਮੰਗੇ ਭਿਖ ਚਰਨ ਦਵਾਰਿਆ । ਆਤਮ ਤ੍ਰਿਸ਼ਨਾ ਲਾਹੇ ਵਿਖ, ਦੇਵੇ ਸ਼ਬਦ ਅਪਰ ਅਪਾਰਿਆ । ਸਾਚੀ ਸਿੱਖਿਆ ਲੈਣੀ ਸਿੱਖ, ਮਾਨਸ ਦੇਹੀ ਭਾਗ ਲਗਾ ਰਿਹਾ । ਨਾ ਕੋਈ ਜਾਣੇ ਮੁਨ ਰਿਖ, ਜੋਤੀ ਜਾਮਾ ਹਰਿ ਸੰਸਾਰਿਆ । ਦਰ ਦਵਾਰੇ ਮਿਲੇ ਏਕਾ ਨਾਮ ਭਿਖ, ਗੁਰਮੁਖ ਮੰਗਣ ਦਰ ਦਰਬਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਭਰੇ ਰਹਿਣ ਸਦ ਭੰਡਾਰਿਆ । ਹਰਿ ਭੰਡਾਰ ਸਦਾ ਭਰਪੂਰਿਆ । ਗੁਰਮੁਖਾਂ ਜਾਏ ਤਾਰ ਵਿਚ ਸੰਸਾਰ, ਦੇਵੇ ਸ਼ਬਦ ਸਤਿ ਸਰੂਰਿਆ । ਸਚ ਕਰਾਏ ਵਣਜ ਵਪਾਰ, ਮਾਨਸ ਜਨਮ ਨਾ ਆਏ ਹਾਰ, ਮੰਗਣ ਆਏ ਸਚ ਦਵਾਰਿਆ । ਸੋਲਾਂ ਕਰੇ ਤਨ ਸ਼ਿੰਗਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਦਵਾਰਾ ਅੰਮ੍ਰਿਤ ਸਾਚਾ ਆਪ ਚੁਆ ਰਿਹਾ । ਉਠ ਉਠ ਜਾਗ ਹਰਿ ਜੋਤ ਜਗਈਆ । ਗੁਰਮੁਖ ਸਾਚੇ ਜਾਗੇ ਭਾਗ, ਪ੍ਰਭ ਸ਼ਬਦ ਚੜ੍ਹਾਏ ਸੱਚੀ ਨਈਆ । ਕਲਜੁਗ ਮਾਇਆ ਧੋਏ ਦਾਗ਼, ਨਿਰਮਲ ਕਾਇਆ ਬੁੱਧ ਬਿਬੇਕ ਕਰਈਆ । ਇਕ ਸੁਣਾਏ ਸਾਚਾ ਰਾਗ, ਸੋਹੰ ਜਾਪ ਜਗਤ ਜਪਈਆ । ਤਨ ਬੰਨ੍ਹਾਏ ਸਾਚਾ ਤਾਗ, ਨਾ ਕੋਈ ਤੋੜੇ ਤੋੜ ਤੁੜਈਆ । ਆਪ ਬੁਝਾਏ ਤ੍ਰਿਸ਼ਨਾ ਆਗ, ਅੰਮ੍ਰਿਤ ਮੇਘ ਹਰਿ ਛਿੜਕਈਆ । ਗੁਰਮੁਖ ਬਣਾਏ ਹੰਸ ਕਾਗ, ਮਾਣਕ ਮੋਤੀ ਸੋਹੰ ਚੋਗ ਚੁਗਈਆ । ਅੰਤਮ ਵੇਲੇ ਪਕੜੇ ਵਾਗ, ਭਵ ਸਾਗਰ ਪਾਰ ਕਰਈਆ । ਜਨ ਮਿਲਿਆ ਸਾਚਾ ਕੰਤ ਸੁਹਾਗ, ਜਗਤ ਵਛੋੜਾ ਦੂਰ ਕਰਈਆ । ਚਰਨ ਕਵਲ ਜਨ ਜਾਏ ਲਾਗ, ਲੱਖ ਚੁਰਾਸੀ ਪ੍ਰਭ ਫੰਦ ਕਟਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਡਿਆਏ ਵਡ ਵਡਭਾਗ, ਦਰਸ ਅਮੋਘ ਸ਼ਬਦ ਜੋਗ ਇਕ ਦਵਈਆ । ਸ਼ਬਦ ਜੋਗ ਰਸਨ ਰਸ ਭੋਗ । ਨਰ ਹਰਿ ਦਿਤਾ ਵਰ ਕਿਰਪਾ ਕਰ, ਆਤਮ ਘਰ ਕਟੇ ਹਉਮੇ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਮਸਤਕ ਲਿਖਿਆ ਧੁਰ, ਧੁਰ ਮਸਤਕ ਸਚ ਸੰਜੋਗ । ਸਰਬ ਕਲਾ ਸਮਰਥ, ਹਰਿ ਮਿਹਰਬਾਨ ਹੈ । ਸਰਬ ਕਲਾ ਸਮਰਥ, ਵਾਲੀ ਦੋ ਜਹਾਨ ਹੈ । ਸਰਬ ਕਲਾ ਸਮਰਥ, ਤਿੰਨਾਂ ਲੋਆਂ ਬੰਧ ਬੰਧਾਨ ਹੈ । ਸਰਬ ਕਲਾ ਸਮਰਥ, ਚੌਦਾਂ ਲੋਕਾਂ ਹਟ ਖੁਲ੍ਹਾਨ ਹੈ । ਸਰਬ ਕਲਾ ਸਮਰਥ, ਸਮੇਰੂ ਰੱਖੇ ਇਕ ਨਿਸ਼ਾਨ ਹੈ । ਸਰਬ ਕਲਾ ਸਮਰਥ, ਬ੍ਰਹਮਾ ਬਹਾਏ ਵਿਚ ਸੱਚੀ ਦੁਕਾਨ ਹੈ । ਸਰਬ ਕਲਾ ਸਮਰਥ, ਸ਼ਿਵ ਸ਼ੰਕਰ ਬਾਸ਼ਕ ਤਸ਼ਕ ਗਲ ਲਟਕਾਨ ਹੈ । ਸਰਬ ਕਲਾ ਸਮਰਥ, ਇੰਦ ਇਦਰਾਸਣ ਸਿੰਘ ਸਿੰਘਾਸਣ ਕਰੋੜ ਤੇਤੀਸਾ ਛਤਰ ਝੁਲਾਨ ਹੈ । ਸਰਬ ਕਲਾ ਸਮਰਥ, ਹਰਿ

੬੪੨
੦੪

ਸੁਰਸਤੀ ਪ੍ਰਗਟੀ ਵਿਚ ਜਹਾਨ ਹੈ । ਸਰਬ ਕਲਾ ਸਮਰਥ, ਨਾਰਦ ਉਪਜੇ ਬ੍ਰਹਮ ਗਿਆਨ ਹੈ । ਸਰਬ ਕਲਾ ਸਮਰਥ, ਛੱਤੀ ਰਾਗਾਂ ਧੁਨ ਧੁਨਕਾਨ ਹੈ । ਸਰਬ ਕਲਾ ਸਮਰਥ, ਜੁਗਾਂ ਜੁਗੰਤਾ ਆਦਿਨ ਅੰਤਾ ਬਣਾਏ ਬਣਤਾ, ਨਾ ਕੋਈ ਜਾਣੇ ਜੀਵ ਨਿਧਾਨ ਹੈ । ਸਰਬ ਕਲਾ ਸਮਰਥ, ਬਣਤ ਬਣਾਇੰਦਾ । ਸਰਬ ਕਲਾ ਸਮਰਥ, ਮਾਤ ਪਤਾਲ ਅਕਾਸ਼ ਏਕਾ ਤਾਣ ਤਣਾਇੰਦਾ । ਸਰਬ ਕਲਾ ਸਮਰਥ, ਘਟ ਘਟ ਰੱਖੇ ਵਾਸ, ਦਿਸ ਨਾ ਆਇੰਦਾ । ਸਰਬ ਕਲਾ ਸਮਰਥ, ਸਾਚੀ ਜੋਤ ਇਕ ਪ੍ਰਕਾਸ਼, ਰੰਗਣ ਰੰਗ ਧੁਨ ਵਖਾਇੰਦਾ । ਸਰਬ ਕਲਾ ਸਮਰਥ, ਨਾ ਕੋਈ ਵਖਾਣੇ ਰੂਪ ਰੰਗ ਜਿਨ ਪ੍ਰਗਟ ਹੋ ਛਿੰਨ ਛਿੰਨ ਭਿੰਨ ਭਿੰਨ ਹਰਿ ਸਮਾਇੰਦਾ । ਸਰਬ ਕਲਾ ਸਮਰਥ, ਲੱਖ ਚੁਰਾਸੀ ਬੁਝਾਏ ਗਿਣ ਗਿਣ, ਨੌਂ ਦਸ ਗਿਆਰਾਂ ਬੀਸ ਤੀਸ ਚਾਰ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਰੱਖੇ ਸਚ ਦਰ, ਚਾਰ ਕੁੰਟ ਦਹਿ ਦਿਸ਼ ਵੰਡ ਕਰਾਇੰਦਾ । ਸਾਚੀ ਵੰਡ ਮਾਤ ਕਰਾਈ । ਲੱਖ ਚੁਰਾਸੀ ਵਰਭੰਡ ਉਪਜਾਈ । ਸੱਤ ਦੀਪ ਨੌਂ ਖੰਡ ਗਣਤ ਗਿਣਾਈ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਅੰਡਜ ਜੇਰਜ ਉਤਭੁਜ ਸੇਤਜ, ਦਿਸ ਕਿਸੇ ਨਾ ਆਈ । ਜੋਤੀ ਜੋਤ ਸਰੂਪ ਹਰਿ, ਪੁਰੀਆਂ ਲੋਆਂ ਧਾਰ ਬੰਨ੍ਹਾਈ । ਬੰਨ੍ਹੇ ਧਾਰਾ ਸੱਚੀ ਸਰਕਾਰਾ । ਲੋਕਮਾਤੀ ਕਰ ਵਿਚਾਰ, ਲੱਖ ਚੁਰਾਸੀ ਜੋਤ ਅਧਾਰਾ । ਪ੍ਰਭ ਅਬਿਨਾਸ਼ੀ ਸਾਚੀ ਕਾਰ, ਬਣਤ ਬਣਾਏ ਗਿਰਵਰ ਗਿਰਧਾਰਾ । ਜੋਤੀ ਜੋਤ ਸਰੂਪ ਹਰਿ, ਚਾਰ ਜੁਗ ਪਾਏ ਵੰਡ, ਤਰਤਾਲੀ ਲੱਖ ਸੰਗ ਰਲਾਏ ਬੀਸ ਹਜ਼ਾਰਾ । ਤਰਤਾਲੀ ਲੱਖ ਬੀਸ ਹਜ਼ਾਰ । ਸਤਿਜੁਗ ਤਰੇਤਾ ਕੀਨੇ ਵਖ, ਕੀਨੀ ਖੇਲ ਅਪਰ ਅਪਾਰ । ਅਠਾਰਾਂ ਜਾਮੇ ਹਰਿ ਪ੍ਰਤਖ, ਸਤਿਜੁਗ ਸਾਚੇ ਸਹਿਜੇ ਸੁਖ ਧਾਰ । ਤ੍ਰੇਤੇ ਪ੍ਰਗਟੇ ਅਲਖਣਾ ਅਲੱਖ, ਏਕਾ ਜੋਤੀ ਦੋਏ ਅਧਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਜੁਗ ਦਵਾਪਰ ਵੇਖ ਵਿਚਾਰੇ । ਦੋਏ ਜਾਮੇ ਹਰਿ ਜੀ ਧਾਰੇ । ਅੰਤਮ ਵੇਖੇ ਵੇਖ ਵਖਾਣੇ, ਜੀਵ ਜੰਤ ਜਾਏ ਹਾਰੇ । ਜੋਤੀ ਜੋਤ ਸਰੂਪ ਹਰਿ, ਅੰਤਮ ਕਲ ਪ੍ਰਗਟ ਜੋਤ ਹਰਿ ਮਾਲਨ ਕਰੇ ਤਿਆਰੀਆ । ਸਿਰ ਉਠਾਏ ਸਾਚੀ ਖਾਰੀਆ । ਗੁਰਮੁਖ ਸਾਚੇ ਸੰਤ ਜਨ, ਵਿਚ ਮਾਤ ਵੇਖੇ ਲੱਗੀ ਸੱਚੀ ਫੁਲਵਾੜੀਆ । ਜੋਤੀ ਜੋਤ ਸਰੂਪ ਹਰਿ, ਸਾਚਾ ਕਰਮ ਕਮਾਏ ਦਇਆ ਕਮਾਏ, ਵੇਖ ਵਖਾਣੇ ਸਤਾਰਾਂ ਹਾੜੀਆ । ਸਾਚੀ ਖਾਰੀ ਸੀਸ ਉਠਾਇੰਦਾ । ਹਰਿ ਜਗਦੀਸ਼ ਦਇਆ ਕਮਾਇੰਦਾ । ਪ੍ਰਭ ਭੇਵ ਖੁਲ੍ਹਾਉਣਾ ਬੀਸ ਇਕੀਸ, ਛਤਰ ਸੀਸ ਇਕ ਝੁਲਾਇੰਦਾ । ਲੱਖ ਚੁਰਾਸੀ ਜਾਣੀ ਪੀਸ, ਨਾ ਕੋਈ ਕਿਸੇ ਛੁਡਾਇੰਦਾ । ਨਾ ਕੋਈ ਦਏ ਸਹਾਰਾ ਖਾਣੀ ਬਾਣੀ ਅੰਜੀਲ ਕੁਰਾਨੀ ਸ਼ਬਦ ਹਦੀਸ, ਵੇਦ ਪੁਰਾਨਾਂ ਵਕਤ ਚੁਕਾਇੰਦਾ । ਅੰਤਮ ਛੱਡਣੇ ਹਾਣੀਆਂ ਹਾਣੀ, ਕਿਸੇ ਨਾ ਮਿਲਣਾ ਘਰ ਘਰ ਪਾਣੀ, ਰਾਜੇ ਛੱਡਣ ਸੁਤੀਆਂ ਰਾਣੀ, ਅਮੀਰ ਵਜ਼ੀਰ ਦਰ ਦਰਬਾਨ ਸ਼ਾਹ ਸੁਲਤਾਨ ਤਖ਼ਤ ਜਹਾਨ ਨਜ਼ਰ ਕੋਈ ਨਾ ਆਇੰਦਾ । ਪ੍ਰਗਟ ਹੋਇਆ ਨਰ ਹਰਿ ਬਲੀ ਬਲਵਾਨ ਵਿਚ ਜਹਾਨ, ਸ਼ਬਦ ਡੰਕ ਇਕ ਵਜਾਇੰਦਾ । ਫੜ ਫੜ ਮਾਰੇ ਬੇਈਮਾਨ ਸ਼ੈਤਾਨ, ਧਰਮ ਰਾਏ ਦੁਲਾਰੀ ਸਚ ਪਿਆਰੀ, ਲਾੜੀ ਮੌਤ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜੀ ਗੁਰਮੁਖ ਸਾਚੇ ਦਰ ਘਰ ਸਾਚੇ ਜਾਏ ਵਾੜੀ । ਸਦਾ ਠੰਡੀ ਛਾਂ ਰਖਾਇੰਦਾ । ਜਗਤ ਫੁਲਵਾੜੀ ਫੁੱਲ ਕਿਆਰਾ । ਗੁਰਮੁਖਾਂ ਪਾਏ ਕਲ ਜਗਤ ਪਿੱਤ ਵਿਚ ਸੰਸਾਰਾ । ਭਾਗ ਲਗਾਏ ਸਾਚੀ ਕੁਲ, ਨਿਤ ਨਵਿਤ ਨਰਾਇਣ ਨਰ ਨਿਰੰਕਾਰਾ । ਨਾ ਕੋਈ ਜਾਣੇ ਧੀ ਪੁੱਤ, ਮਾਤ ਪਿਤ ਨਾ ਪਾਵੇ ਸਾਰਾ । ਗੁਰਮੁਖਾਂ ਅੰਮ੍ਰਿਤ ਆਤਮ ਰਿਹਾ ਸਿੰਚ, ਕਾਇਆ ਕਰੇ ਠੰਡੀ ਠਾਰਾ ।

ਸਤਾਰਾਂ ਹਾੜੀ ਸੁਹਾਏ ਥਿਤ, ਮਾਤ ਗਰਭ ਨਾ ਆਏ ਰਿੱਤ, ਮਿਲੇ ਜੋਤ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਧਾਮ ਬਹਾਏ ਵਕਤ ਸੁਹਾਏ, ਕੌਸਤਕ ਮਨੀਆ ਤਿਲਕ ਲਗਾਏ, ਨੌਂ ਚੰਦ ਚੜ੍ਹਾਏ ਵਿਚ ਸੰਸਾਰਾ । ਨੌਂ ਚੰਦ ਨੌਂ ਨੌਂ ਖੰਡੇ । ਜਗੇ ਜੋਤ ਹਰਿ ਬ੍ਰਹਿਮੰਡੇ । ਕਲਜੁਗ ਅੰਤਮ ਆਇਆ ਕੰਢੇ । ਸਤਿਜੁਗ ਸਾਚਾ ਮਾਰੇ ਡੰਡੇ । ਸ਼ਬਦ ਫੜਿਆ ਹਰਿ ਜੀ ਖੰਡੇ । ਚਾਰੇ ਕੁੰਟ ਪਾਏ ਵੰਡੇ । ਜੀਵ ਜੰਤ ਹੋਏ ਘੁਮੰਡੇ । ਘਰ ਘਰ ਦੀਸੇ ਨਾਰ ਰੰਡੇ । ਧਰਤ ਮਾਤ ਕਰ ਪੁਕਾਰ, ਹਰਿ ਦਾਤਾਰ ਵਰ ਏਕਾ ਮੰਗੇ । ਲੱਖ ਚੁਰਾਸੀ ਕਰ ਖੁਆਰ ਵਿਚ ਸੰਸਾਰ, ਰਾਜੇ ਰਾਣੇ ਫਿਰਨ ਪੈਰ ਨੰਗੇ । ਨਿਹਕਲੰਕ ਜਾਮਾ ਧਾਰ । ਸ਼ਬਦ ਘੋੜੇ ਹੋ ਅਸਵਾਰ, ਅੰਤਮ ਕਲ ਮਾਰੇ ਡੰਡੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੂਲਨਹਾਰ ਗੁਰਸਿਖ ਪਿਆਰ, ਜਗਤ ਵਿਹਾਰ ਕਰੇ ਵਿਚ ਵਰਭੰਡੇ । ਵਰਭੰਡ ਵਰਭੰਡ ਵਰਭੰਡ ਹਰਿ ਭੰਡੀ ਪਾਈ । ਕਿਸੇ ਨਾ ਦਿਸੇ ਰਾਹ ਡੰਡੀ, ਮਾਵਾਂ ਪੁਤਰਾਂ ਸੁਧ ਨਾ ਰਾਈ । ਲੁਕਦੇ ਫਿਰਨ ਕਰੀਰ ਜੰਡੀ, ਆਪੇ ਕਰੇ ਖੰਡ ਖੰਡੀ, ਜਗਤ ਪਖੰਡੀ ਦਏ ਮਿਟਾਈ । ਸ਼ਬਦ ਫੜੇ ਸਾਚੀ ਚੰਡੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਦਏ ਮਿਟਾਈ । ਕਲਜੁਗ ਅੰਤਮ ਮੇਟ ਮਿਟਾਉਣਾ । ਸਤਾਰਾਂ ਹਾੜੀ ਲੇਖ ਲਿਖਾਉਣਾ । ਵੇਖ ਵੇਖ ਗੁਰਸਿਖ ਜਗਾਉਣਾ । ਮਸਤਕ ਸਾਚੀ ਮੇਖ ਲਗਾਉਣਾ । ਔਲੀਆ ਪੀਰ ਸ਼ੇਖ਼ ਮਿਟਾਉਣਾ । ਪੀਰ ਦਸਤਗੀਰ ਕੋਈ ਦਿਸ ਨਾ ਆਉਣਾ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ, ਬੀਆ ਬਾਨ ਵਿਚ ਜਹਾਨ, ਡੂੰਘੀ ਕੰਦਰ ਉਜਾੜ ਪਹਾੜ ਉਚਾ ਟਿੱਲਾ ਬੂਰਾ ਕੱਕਾ ਬਿੱਲਾ, ਕੋਈ ਰਹਿਣ ਨਾ ਪਾਉਣਾ । ਰਸਨਾ ਤੀਰ ਸ਼ਬਦ ਚਿੱਲਾ, ਗਗਨ ਪਤਾਲਾਂ ਥੰਮ ਹਿੱਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਡੰਕ ਸ਼ਬਦ ਅੰਕ ਰਾਓ ਰੰਕ ਦਵਾਰ ਬੰਕ ਘਰ ਘਰ ਚਲਾਉਣਾ । ਜਗਤ ਸੂਰਾ ਸਖੀ ਸੁਲਤਾਨ । ਸ਼ਬਦ ਗੁਣੀ ਪੂਰਾ ਨੌਜਵਾਨ । ਆਤਮ ਬਖ਼ਸ਼ੇ ਹਰਿ ਸਤਿ ਸਰੂਰਾ, ਸਾਚਾ ਦੇਵੇ ਸ਼ਬਦ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਅੰਤਮ ਕਿਰਪਾ ਦੇਵੇ ਕਰ, ਆਪ ਬਿਠਾਏ ਇਕ ਬਬਾਣ । ਸਚ ਬਬਾਣੇ ਜਾਣਾ ਚੜ੍ਹ । ਹਰਿ ਚਰਨ ਧਿਆਨੇ ਫੜਿਆ ਲੜ । ਕਲਜੁਗ ਹੋਇਆ ਬੇਮੁਹਾਨੇ, ਅੰਤਮ ਵੇਲੇ ਜਾਏ ਹੜ੍ਹ । ਗੁਰਮੁਖ ਸਾਚੇ ਸੁਘੜ ਸਿਆਣੇ, ਪ੍ਰਭ ਅਬਿਨਾਸ਼ੀ ਬਾਹੋਂ ਲਏ ਫੜ । ਦਰ ਘਰ ਸਾਚੇ ਦੇਵੇ ਮਾਣੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਇਕ ਇਕੱਲਾ, ਹਰਿ ਭਗਤਨ ਮੇਲਾ, ਜੋਤ ਸਰੂਪ ਅੰਦਰ ਬੈਠਾ ਵੜ । ਰੱਖੇ ਲਾਜ ਦੇਸ ਮਾਝ, ਭਗਤ ਬਨਵਾਰਿਆ । ਸ਼ਬਦ ਸੀਸ ਸਾਚਾ ਤਾਜ, ਖੇਲ ਨਰ ਨਿਰੰਕਾਰਿਆ । ਚਾਰ ਕੁੰਟ ਪੈਣੀ ਭਾਜ, ਆਵੇ ਵਾਰੀ ਵਾਰੋ ਵਾਰਿਆ । ਗੁਰਮੁਖਾਂ ਸਵਾਰੇ ਆਪ ਕਾਜ, ਸ਼ਬਦ ਦੇਵੇ ਸਚ ਵਸਤ ਹੱਥ ਸਮਰਥ, ਨਾ ਪੁਛੇ ਕੋਈ ਵਾਰਿਆ । ਨਾਮ ਗਹਿਣਾ ਤਨ ਸ਼ਬਦ ਬਸਤ, ਏਕਾ ਅਸਤ ਨਰ ਨਿਰੰਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹਰਿ ਦਰ ਪਿਆਰੇ, ਕਰ ਕਿਰਪਾ ਪਾਰ ਉਤਾਰਿਆ । ਉਤਰੇ ਪਾਰ ਬੰਨ੍ਹੇ ਬੇੜਾ । ਵਿਚ ਸੰਸਾਰ ਝੂਠਾ ਝੇੜਾ । ਪ੍ਰਭ ਜਾਏ ਪੈਜ ਸਵਾਰ, ਚੁੱਕੇ ਚੁਰਾਸੀ ਗੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਤਮ ਦਰ ਦਵਾਰੇ ਦਇਆ ਕਮਾਏ, ਖੁਲ੍ਹਾ ਰਖਾਏ ਸਦਾ ਵਿਹੜਾ । ਖੁਲ੍ਹਾ ਵਿਹੜਾ ਕਾਇਆ ਨਗਰ ਖੇੜਾ । ਦਰ ਘਰ ਸਾਚੇ ਸਦਾ ਸਚ ਨਿਬੇੜਾ । ਪੁਰਖ ਅਬਿਨਾਸ਼ੀ ਹਰਿ ਜਨ ਹਿਰਦੇ ਵਾਚੇ ਅੰਤਮ ਬੰਨ੍ਹੇ ਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਦਇਆ ਕਮਾਏ, ਜਗਤ ਜਗਦੀਸ਼ਾ ਲੱਖ ਚਾਰ

ਚੁਰਾਸੀ ਗੇੜਾ । ਲੱਖ ਚੁਰਾਸੀ ਚਾਰ ਯਾਰ । ਸੰਗ ਮੁਹੰਮਦ ਹੋਏ ਖ਼ਵਾਰ । ਕੋਈ ਨਾ ਪਾਵੇ ਅੰਤਮ ਸਾਰ । ਅੱਲਾ ਰਾਣੀ ਨਾ ਮਾਤ ਜੰਮਦੀ, ਨਾ ਹੋਏ ਕਲ ਖੁਆਰ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਅੰਤ ਇਕ ਮੁਹੰਮਦ ਵਾਰੋ ਵਾਰ ਬੁਲਾਇਆ, ਵੇਖੇ ਪੁਛੇ ਕੀ ਵਰਤੇ ਸੰਸਾਰ । ਆਏ ਦਰ ਹੋਏ ਨਿਮਾਣਾ । ਜਗਤ ਭੁਲਾਇਆ ਰਾਜਾ ਰਾਣਾ । ਸਾਚਾ ਰਾਹ ਕਿਸੇ ਦਿਸ ਨਾ ਆਇਆ, ਪੀਰ ਫਕੀਰਾਂ ਛਡਿਆ ਭਾਣਾ । ਜੋਤੀ ਜੋਤ ਸਰੂਪ ਹਰਿ, ਲੋਕਮਾਤੀ ਜੋਤ ਧਰ, ਵਰਨ ਗੋਤ ਇਕ ਕਰ, ਰਾਓ ਰੰਕ ਰਾਜ ਰਾਜਾਨਾ । ਦਵਾਰ ਬੰਕ ਸ਼ਾਹ ਸੁਲਤਾਨਾ । ਏਕਾ ਰੰਗ ਦਏ ਚੜ੍ਹਾਈਆ । ਫੂਲਨ ਬਰਖਾ ਹਰਿ ਨਰ ਲਾਈਆ । ਗੁਰਮੁਖਾਂ ਆਤਮ ਵਜਦੀ ਰਹੇ ਵਧਾਈਆ । ਸ਼ਬਦ ਸੁਹਾਗੀ ਗੀਤ, ਗਾਉਂਦੇ ਰਹਿਣਾ ਚਾਈਂ ਚਾਈਂਆ । ਕਲਜੁਗ ਅੰਤਮ ਜਾਣਾ ਬੀਤ, ਸਤਿਜੁਗ ਸਾਚੇ ਮਿਲੀ ਵਡਿਆਈਆ । ਜਨ ਭਗਤਾਂ ਕਰੇ ਕਾਇਆ ਠੰਡੀ ਸੀਤ, ਅੰਮ੍ਰਿਤ ਸਚ ਭੰਡਾਰ ਖੁਲ੍ਹਾਈਆ । ਮਾਨਸ ਜਨਮ ਜਾਣਾ ਜੀਤ, ਨਿਹਕਲੰਕੀ ਚਰਨੀ ਚੀਤ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਫੂਲਨ ਬਰਖਾ ਅੰਮ੍ਰਿਤ ਮੇਘ ਬਰਸਾਈਆ । ਫੂਲਨ ਬਰਖਾ ਸੋਭਾਵੰਤ, ਕਰੇ ਖੇਲ ਹਰਿ ਭਗਵੰਤ, ਭਗਤ ਵਡਿਆਈ ਸੰਤ ਸਹਾਈ । ਮੇਲ ਮਿਲਾਵਾ ਸਾਚੇ ਕੰਤ, ਜਗਤ ਵਿਛੋੜਾ ਦਏ ਕਟਾਈ । ਚਰਨ ਪ੍ਰੀਤੀ ਨਾਤਾ ਜੋੜਾ, ਜਗਤ ਛਡੇ ਭੈਣਾਂ ਭਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਇਕ ਵਸੇ ਅਟੱਲਾ, ਵਸੇ ਹਰਿ ਸਦ ਇਕੱਲਾ, ਦੂਰ ਦੁਰਾਡਾ ਇਕ ਮਹੱਲਾ, ਦੀਪਕ ਜੋਤੀ ਰਿਹਾ ਜਗਾਈ । ਸੱਚਾ ਭੋਗ ਭਗਤ ਦਵਾਰ । ਭਰੇ ਰਹਿਣ ਸਦ ਭੰਡਾਰ । ਤੋਟ ਨਾ ਆਵੇ ਵਿਚ ਸੰਸਾਰ । ਸਾਚੀ ਲੱਗੇ ਸ਼ਬਦ ਚੋਟ, ਕਾਇਆ ਵੱਜੇ ਇਕ ਨਗਾਰ । ਜੂਠਾ ਝੂਠਾ ਕੱਢੇ ਖੋਟ, ਦੇਵੇ ਨਾਮ ਸ਼ਬਦ ਅਪਾਰ । ਬੇਮੁਖ ਜੀਵ ਆਲ੍ਹਣਿਉਂ ਡਿੱਗੇ ਬੋਟ, ਕੋਈ ਨਾ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਨਿਆਰ । ਜਗੇ ਜੋਤ ਹਰਿ ਭਗਵਾਨਾ । ਆਤਮ ਜੋਤੀ ਜਗੇ, ਝੂਲਦਾ ਰਹੇ ਜਗਤ ਨਿਸ਼ਾਨਾ । ਏਕਾ ਵਾ ਠੰਡੀ ਵਗੇ, ਗੁਰਮੁਖ ਅੰਤਮ ਤ੍ਰਿਖਾ ਬੁਝਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੰਕ ਦਵਾਰ, ਸਹਿਜ ਸੁਖ ਧਾਰ ਆਪ ਸੁਹਾਨਾ । ਰਸਨਾ ਭੋਗ ਭਗਤ ਵਡਿਆਈਆ । ਸ਼ਬਦ ਜੋਗ ਸਚ ਕਮਾਈਆ । ਨਿਖੁੱਟ ਨਾ ਜਾਏ ਚੋਗ, ਹਰਿ ਹੋਏ ਆਪ ਸਹਾਈਆ । ਗੁਰਮੁਖਾਂ ਦਰਸ ਅਮੋਘ, ਆਤਮ ਦਰ ਦਵਾਰ ਦਰ ਦਰਸਾਈਆ । ਦੂਈ ਦਵੈਤੀ ਕਟੇ ਰੋਗ, ਰੰਗਣ ਨਾਮ ਮਜੀਠ ਚੜ੍ਹਾਈਆ । ਨਾ ਕੋਈ ਚਿੰਤਾ ਨਾ ਕੋਈ ਸੋਗ, ਹਰਿ ਭਾਣੇ ਸਦ ਸਮਾਈਆ । ਹਰਿ ਆਪ ਚੁਗਾਏ ਸ਼ਬਦ ਸਾਚੀ ਚੋਗ, ਗੁਰਮੁਖ ਸਾਚੇ ਗੋਦ ਉਠਾਈਆ । ਮਿਲਿਆ ਮੇਲ ਲਿਖਿਆ ਧੁਰ ਸੰਜੋਗ, ਚਰਨ ਪ੍ਰੀਤੀ ਤੋੜ ਨਿਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨ ਲਾਏ ਸਾਚਾ ਭੋਗ, ਗੁਰ ਸੰਗਤ ਮੁਖ ਛੁਹਾਈਆ । ਗੁਰ ਸੰਗਤ, ਗੁਰ ਚਰਨ ਦਾਸ । ਦੂਜੇ ਦਰ ਨਾ ਜਾਏ ਮੰਗਤ, ਪ੍ਰਗਟ ਜੋਤ ਕਰੇ ਪ੍ਰਕਾਸ਼ । ਹੋਏ ਸਹਾਈ ਜਿਉਂ ਨਾਨਕ ਅੰਗਦ, ਸ਼ਬਦ ਸੁਹੇਲਾ ਮਾਨਸ ਜਨਮ ਰਹਿਰਾਸ । ਲੱਖ ਚੁਰਾਸੀ ਜਮ ਕੀ ਫਾਸੀ ਆਪ ਕਟਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਾਚਾ ਹੋਏ ਦਾਸ । ਦਾਸਨ ਦਾਸ ਦਰ ਦਵਾਰੇ । ਪ੍ਰਭ ਪੂਰ ਕਰਾਏ ਆਸ, ਮੰਗੇ ਮੰਗ ਬਣ ਭਿਖਾਰੇ । ਜਗੇ ਜੋਤ ਪ੍ਰਿਥਮੀ ਅਕਾਸ਼, ਏਕਾ ਏਕ ਅਪਰ ਅਪਾਰੇ । ਨਿਜ ਘਰ ਆਤਮ ਰਖੇ ਵਾਸ ਦਾਸਨ ਦਾਸ ਦਾਸ ਹਰਿ ਚਰਨ ਪਨਿਹਾਰੇ । ਸਦਾ ਸਹਾਈ ਅੰਗ ਸੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗੇ ਮੰਗ ਇਕ ਨਾਮ ਦਰ ਦਵਾਰੇ ।

੬੪੪
੦੪

✻ ੧ ਮੱਘਰ ੨੦੧੧ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਤ੍ਰੈਲੋਕੀ ਨਾਥ ਤਿੰਨ ਦਵਾਰ । ਤਿੰਨਾਂ ਮਿਲਿਆ ਤਿੰਨ ਤਿੰਨ ਵਾਰ । ਤੀਜਾ ਨੇਤਰ ਖੋਲ੍ਹੇ, ਸ਼ਬਦ ਸਰੂਪੀ ਆਤਮ ਬੋਲੇ, ਪਵਣ ਘੋੜੇ ਹਰਿ ਅਸਵਾਰ । ਤਿੰਨਾਂ ਲੋਕਾਂ ਕੁੰਡਾ ਖੋਲ੍ਹੇ, ਤਿੰਨਾਂ ਪੁਰੀਆਂ ਬੰਨ੍ਹੇ ਧਾਰ । ਸ਼ਬਦ ਤੋਲ ਪ੍ਰਭ ਸਾਚਾ ਤੋਲੇ, ਸੋਹੰ ਦੇਵੇ ਇਕ ਹੁਲਾਰ । ਆਤਮ ਪੜਦਾ ਪ੍ਰਭ ਸਾਚਾ ਖੋਲ੍ਹੇ, ਗੁਰਮੁਖ ਨਿਮਾਣਾ ਜਾਏ ਤਾਰ । ਆਪ ਬਹਾਏ ਸ਼ਬਦ ਡੋਲੇ, ਬਣਿਆ ਰਹੇ ਮਾਤ ਕਹਾਰ । ਭਾਗ ਲਗਾਏ ਕਾਇਆ ਚੋਲੇ, ਸ਼ਬਦ ਕਰਾਏ ਤਨ ਸ਼ਿੰਗਾਰ । ਗੁਰਮੁਖ ਸਾਚੇ ਭੋਲੇ ਭਾਲੇ, ਜੋਤੀ ਜਾਮਾ ਦੇਵੇ ਹੁਲਾਰ । ਆਪੇ ਧੋਏ ਦਾਗ਼ ਕਾਲੇ, ਸੋਹੰ ਰੱਖੇ ਤਿੱਖੀ ਧਾਰ । ਮਾਇਆ ਤੋੜੇ ਜਗਤ ਜੰਜ਼ਾਲੇ, ਹੋਏ ਸਹਾਏ ਜੰਗਲ ਜੂਹ ਵਿਚ ਪਹਾੜ । ਅੰਤਮ ਅੰਤ ਦੇਵੇ ਸ਼ਬਦ ਦੁਸ਼ਾਲੇ, ਗੁਰਮੁਖ ਨਾ ਵਿਆਹੇ ਮੌਤ ਲਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰ ਇਕ ਖੁਲ੍ਹਾਏ । , ਦਇਆ ਕਮਾਏ ਸਤਾਰਾਂ ਹਾੜ । ਤ੍ਰੈ ਤਿੰਨ ਤਿੰਨ ਤ੍ਰੈ ਤਿੰਨ ਤੀਨ । ਸਾਧਾਂ ਸੰਤਾਂ ਪ੍ਰਭ ਆਤਮ ਭੰਨੇ ਹੰਕਾਰੀ ਬੀਨ । ਗੁਰਮੁਖਾਂ ਹੋਏ ਸਹਾਈ ਜਿਉਂ ਮਾਲ ਚਰਾਏ ਧੰਨੇ, ਕਰੇ ਕਾਇਆ ਠੰਡੀ ਸੀਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖ ਵਖਾਣੇ ਮਾਰੇ ਸ਼ਬਦ ਬਾਣੇ, ਚਰਨ ਲਗਾਏ ਵਾਲੀ ਸ਼ਾਹ ਰੂਸਾ ਚੀਨ । ਤ੍ਰੈ ਤਿੰਨ ਤ੍ਰੈ ਗੁਣਵੰਤਾ । ਕਰ ਖੇਲ ਜਗਤ ਹਰਿ ਮੇਲ, ਪੂਰਨ ਜੋਤੀ ਹਰਿ ਭਗਵੰਤਾ । ਚਾਰ ਕੁੰਟ ਤਿੰਨ ਦਵਾਰ, ਖੋਲ੍ਹੇ ਕਵਾੜ ਸਤਾਰਾਂ ਹਾੜ, ਪੁਰਖ ਅਬਿਨਾਸ਼ੀ ਸਾਚਾ ਕੰਤ ਵੇਖੇ ਪਰਖੇ ਚੰਗਾ ਮਾੜ, ਜਗੇ ਜੋਤ ਬਹੱਤਰ ਨਾੜ, ਭੇਵ ਰਹੇ ਨਾ ਕੋਇ ਜੀਵ ਸਾਧਾਂ ਸੰਤਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਨ ਭਗਤ ਬਣਾਏ ਸਾਚੀ ਬਣਤਾ । ਤੇਰਾਂ ਤਿੰਨ ਤਿੰਨ ਤਿੰਨ, ਚਾਰ ਕੁੰਟ ਹਰਿ ਜੀ ਵੇਖੇ, ਵੇਖ ਵਖਾਏ ਭਿੰਨ ਭਿੰਨ ਭਿੰਨ । ਗੁਰਮੁਖਾਂ ਲਿਖਾਏ ਸਾਚੇ ਲੇਖੇ, ਅੱਠੇ ਪਹਿਰ ਦਿਵਸ ਰੈਣ ਗਿਨ ਗਿਨ ਗਿਨ । ਬੇਮੁਖਾਂ ਰਹੇ ਭਰਮ ਭੁਲੇਖੇ, ਮਿਟੇ ਨਿਸ਼ਾਨ ਲੋਕ ਤਿੰਨ ਤਿੰਨ ਤਿੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਮਾਤ ਧਰਾਏ, ਦਿਸ ਨਾ ਆਏ ਕੋਈ ਕਿਸੇ ਚਿੰਨ੍ਹ ਚਿੰਨ੍ਹ ਚਿੰਨ੍ਹ । ਸਚ ਦਰਬਾਰ ਗਰੀਬ ਨਿਵਾਜ਼ । ਗੁਰਮੁਖਾਂ ਸਾਜਣ ਰਿਹਾ ਸਾਜ । ਜੋਤ ਜਗਾਈ ਵੱਜੀ ਵਧਾਈ, ਤਿੰਨਾਂ ਲੋਕਾਂ ਦੇਸ ਮਾਝ । ਤਿੰਨਾਂ ਲੋਆਂ ਕਰੇ ਰੁਸ਼ਨਾਈ, ਮਾਵਾਂ ਪੁੱਤਰਾਂ ਮਾਤ ਵਡਿਆਈ, ਹਰਿ ਹਰਿ ਹਰਿ ਸਵਾਰੇ ਸਾਚੇ ਕਾਜ । ਜੋਤ ਨੂਰ ਜਗਤ ਸਵਾਈ । ਸ਼ਬਦ ਵੱਜੇ ਸਾਚੀ ਤੂਰ, ਪੰਚਮ ਪੋਹ ਮਿਲੇ ਵਡਿਆਈ । ਖਿੱਚੇ ਜੋਤ ਹਰਿ ਕੋਹਤੂਰ, ਪੀਰ ਫ਼ਕੀਰ ਦੇਣ ਦੁਹਾਈ । ਪ੍ਰਗਟ ਹੋਏ ਇਕ ਸੂਰਬੀਰ, ਵੱਜੇ ਡੰਕ ਹਰਿ ਸਭਨੀ ਥਾਂਈਂ । ਅੱਠ ਸੱਠ ਤੀਰਥ ਖਿੱਚੇ ਨੀਰ, ਗੰਗਾ ਗੋਦਾਵਰੀ ਦਏ ਦੁਹਾਈ । ਸਾਧਾਂ ਸੰਤਾਂ ਲੱਥੇ ਚੀਰ, ਪ੍ਰਭ ਅਬਿਨਾਸ਼ੀ ਦਿਸ ਨਾ ਆਈ । ਗੁਰਮੁਖਾਂ ਵੇਲਾ ਅੰਤ ਅਖ਼ੀਰ, ਛੱਬੀ ਪੋਹ ਕਰੇ ਖੇਲ ਹਰਿ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੀਜ ਫੁੱਲ ਫੁਲਵਾੜੀ, ਸਤਾਰਾਂ ਹਾੜੀ ਰਿਹਾ ਬਿਜਾਈ । ਤ੍ਰੈਲੋਕੀ ਧਾਰ ਬੰਧਾਏ ਪੁਰਖ ਬਿਧਾਤਾ । ਮਾਤਲੋਕ ਦਏ ਵਖਾਏ, ਕਲਜੁਗ ਮਿਟੇ ਅੰਧੇਰੀ ਰਾਤਾ । ਗੁਰਮੁਖ ਸਾਚੇ ਪ੍ਰਭ ਲਏ ਉਪਜਾਏ, ਧੁਰ ਮਸਤਕ ਲਿਖਿਆ ਸਾਚਾ ਨਾਤਾ । ਸਾਚਾ ਸੰਗ ਆਪ ਨਿਭਾਏ, ਦੇਵੇ ਮਾਣ ਤਾਣ ਸਚ ਸ਼ਬਦ ਸੁਗਾਤਾ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਮਹਾਰਾਜ ਸ਼ੇਰ ਸਿੰਘ ਜਿਸ ਨਰ ਹਰਿ ਪਛਾਤਾ । ਨਰ ਹਰਿ ਹਰੀ ਹਰਿ ਜਾਣ । ਆਪਣੀ ਕਰਨੀ ਰਿਹਾ ਕਰ, ਵਾਲੀ ਦੋ ਜਹਾਨ । ਸਾਚੀ ਸਰਨ ਜਨ ਗਿਆ ਪੜ,

ਮਿਲਿਆ ਨਾਮ ਇਕ ਨਿਧਾਨ । ਸੋਹੰ ਅੱਖਰ ਗਿਆ ਪੜ੍ਹ, ਮਿਲੀ ਜੋਤ ਹਰਿ ਭਗਵਾਨ । ਸ਼ਬਦ ਘੋੜੇ ਗਿਆ ਚੜ੍ਹ, ਸਾਚੀ ਲਾਈ ਇਕ ਉਡਾਨ । ਪ੍ਰਭ ਅਬਿਨਾਸ਼ੀ ਲੜ ਲਿਆ ਫੜ, ਮਿਲਿਆ ਮੇਲ ਹਰਿ ਭਗਵਾਨ । ਦਰ ਦਵਾਰੇ ਅੱਗੇ ਖੜ੍ਹ, ਮਾਤਲੋਕ ਕਰੇ ਧਿਆਨ । ਦਰ ਘਰ ਸਾਚੇ ਜਾਣ ਵੜ, ਨੂਰੀ ਜੋਤ ਕਰ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚੇ ਸਚ ਚਲਾਉਣਾ ਇਕ ਬਬਾਣ । ਸਚ ਬਬਾਣ ਇਕ ਚਲਾਉਣਾ । ਚਰਨ ਧਿਆਨ ਇਕ ਰਖਾਉਣਾ । ਮਾਣ ਤਾਣ ਵਿਚ ਜਹਾਨ, ਅੰਤਮ ਕਲ ਆਪ ਰਖਾਉਣਾ । ਝੁਲਦਾ ਰਹੇ ਜਗਤ ਇਕ ਨਿਸ਼ਾਨ, ਮਿਟਦਾ ਰਹੇ ਪੀਣ ਖਾਣ, ਪੂਤ ਸਪੂਤਾ ਸਾਚਾ ਨਾਮ ਇਕ ਚਲਾਉਣਾ । ਸਾਚੇ ਹਰਿ ਸੁਣੀ ਪੁਕਾਰ । ਪੁਰਖ ਅਬਿਨਾਸ਼ੀ ਪਹਿਲੀ ਵਾਰ । ਸਿੰਘ ਪਾਲ ਜਾਏ ਚਰਨ ਬਲਿਹਾਰ । ਪ੍ਰਭ ਹੋਇਆ ਆਪ ਦਿਆਲ, ਰੱਖੇ ਲਾਜ ਵਿਚ ਸੰਸਾਰ । ਧਰੇ ਜੋਤ ਵਿਚ ਸਾਚੇ ਲਾਲ । ਕਾਇਆ ਰੋਸ਼ਨ ਹੋਏ ਮੁਨਾਰ । ਜਗਤ ਅਵਲੜੀ ਚਲੇ ਚਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਤ ਸਪੂਤਾ ਏਕਾ ਰੰਗਣ ਰੰਗ ਰੰਗਾਏ ਸਤਾਰਾਂ ਹਾੜੀ ਲਾਲ ਗੁਲਾਲ । ਕਲਜੁਗ ਅੰਤਮ ਬਣਤ ਬਣਾਈ । ਪ੍ਰਭ ਅਬਿਨਾਸ਼ੀ ਸਾਚੇ ਕੰਤ, ਸਾਚੀ ਨੀਂਹ ਸਤਿਜੁਗ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਢੇ ਤਿੰਨ ਹੱਥ ਦਿਤੀ ਸੀਂ, ਸਿੰਘ ਮਨਜੀਤ ਮਾਤ ਅਤੀਤ ਰਖਾਈ । ਸਾਢੇ ਤਿੰਨ ਹੱਥ ਜਗਤ ਨਿਸ਼ਾਨਾ । ਗੁਰਮੁਖਾਂ ਮਿਲਿਆ ਸਾਚਾ ਰਬ, ਬਣੇ ਰਖਵਾਹੀ ਹਰਿ ਭਗਵਾਨਾ । ਬੇਮੁਖਾਂ ਦਿਸੇ ਘਰ ਸਬ, ਗੁਰਮੁਖਾਂ ਅੰਮ੍ਰਿਤ ਮੇਘ ਹਰਿ ਬਰਸਾਨਾ । ਸਗਲ ਵਸੂਰੇ ਜਾਣ ਲਥ, ਦਰ ਦਵਾਰੇ ਜਿਸ ਦਰਸ਼ਨ ਪਾਨਾ । ਸਾਧਾਂ ਸੰਤਾਂ ਪਾਏ ਨੱਥ, ਸ਼ਬਦ ਡੋਰ ਹੱਥ ਰਖਾਨਾ । ਸਰਬ ਕਲਾ ਸਮਰਥ, ਆਤਮ ਜੋਤੀ ਖਿੱਚ ਲਿਆਨਾ । ਧੁਰਦਰਗਾਹੀ ਸਾਚੀ ਵਥ, ਸਾਚੇ ਧਾਮ ਹਰਿ ਟਿਕਾਣਾ । ਮਹਿੰਮਾ ਜਗਤ ਚਲੇ ਅਕੱਥ, ਅਕੱਥ ਕਥੀ ਨਾ ਕਿਸੇ ਕਥਾਨਾ । ਲੱਖ ਚੁਰਾਸੀ ਜਾਏ ਮੱਥ, ਵੇਲੇ ਅੰਤ ਨਾ ਕਿਸੇ ਛੁਡਾਨਾ । ਵੇਲਾ ਗਿਆ ਨਾ ਆਏ ਹੱਥ, ਜੀਵ ਜੰਤ ਸਰਬ ਪਛੁਤਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੰਦਰ ਏਕਾ ਆਪ ਸੁਹਾਨਾ । ਸਾਚਾ ਮੰਦਰ ਹਰਿ ਸੁਹਾਏ । ਜਗਤ ਸਿੰਘ ਜਗਦੀਸ਼ ਭੇਟ ਚੜ੍ਹਾਏ । ਮਸਤਕ ਧੂੜੀ ਗੁਰਮੁਖ ਲਗਾਏ । ਕਾਇਆ ਰੰਗਣ ਰੰਗੇ ਗੂੜ੍ਹੀ, ਲੱਖ ਚੁਰਾਸੀ ਗੇੜ ਕਟਾਏ । ਕਲ ਜੀਵ ਭੁੱਲੇ ਮੂੜ੍ਹੀ, ਜੂਠੇ ਝੂਠੇ ਧੰਦੇ ਲਾਏ । ਕਲਜੁਗ ਮਾਇਆ ਦਿਸੇ ਕੂੜੀ, ਆਤਮ ਅੰਧੇ ਹੋਏ ਹਲਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਤਾਣ ਚਰਨ ਧਿਆਨ ਗੁਰਮੁਖਾਂ ਕਲ ਰਖਾਏ । ਸਾਚ ਮੰਦਰ ਕਰੇ ਤਿਆਰ । ਜਗੇ ਜੋਤ ਸਾਚੇ ਅੰਦਰ, ਨੂਰ ਨਿਰੰਜਣ ਹਰਿ ਨਿਰੰਕਾਰ । ਕਾਇਆ ਵੇਖੇ ਡੂੰਘੀ ਕੰਦਰ, ਪਾਪਾਂ ਹੋਇਆ ਧੁੰਦੂਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਦਹਿ ਦਿਸ਼ ਅੱਠੇ ਪਹਿਰ ਪਾਵੇ ਸਾਰ । ਨੌਂ ਦਰ ਜਗਤ ਦਵਾਰੇ । ਪ੍ਰਭ ਅਬਿਨਾਸ਼ੀ ਪਾਏ ਸਾਰੇ । ਸ਼ਬਦ ਘੋੜੇ ਹੋਏ ਅਸਵਾਰੇ । ਪੰਚਮ ਪੋਹ ਦਿਵਸ ਵਿਚਾਰੇ । ਚਾਰ ਕੁੰਟ ਏਕਾ ਧਾਰ ਵਿਚ ਸੰਸਾਰ, ਅੰਤਮ ਕਲ ਪਹਿਲੀ ਵਾਰੇ । ਨਾ ਕੋਈ ਜਾਣੇ ਜੀਵ ਗਵਾਰ, ਲੱਖ ਚੁਰਾਸੀ ਗਈ ਹਰ, ਨਿਹਕਲੰਕੀ ਜਾਮਾ ਧਾਰੇ । ਗੁਰਮੁਖਾਂ ਪ੍ਰਭ ਪਾਵੇ ਸਾਰ, ਅੰਤਮ ਖੋਲ੍ਹੇ ਬੰਦ ਕਵਾੜ, ਸਤਾਰਾਂ ਹਾੜੀ ਜਗਤ ਅਪਾਰੇ । ਜਗੇ ਜੋਤ ਬਹੱਤਰ ਨਾੜ, ਸ਼ਬਦ ਵੱਜੇ ਕਾੜ ਕਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਪਾਰ ਉਤਾਰੇ । ਲੱਖ ਚੁਰਾਸੀ ਉਤਰੇ ਪਾਰ । ਜੋ ਜਨ ਆਏ ਚਲ ਦਵਾਰ । ਧਰਮ ਰਾਏ ਨਾ ਮਾਰੇ ਮਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਦੇਵੇ ਵਰ, ਸਾਚਾ



੬੪੬
੦੪

ਹਰਿ ਇਕ ਵਖਾਏ ਦਇਆ ਕਮਾਏ ਦਰ ਦਰਬਾਰ । ਸੋਹੰ ਸਾਚਾ ਨਾਮ ਜਪਾਏ, ਗੁਰਮੁਖ ਸਾਚੇ ਮਾਤ ਜਗਾਏ, ਨੇਤਰ ਨੈਣ ਲੋਚਨ ਖੋਲ੍ਹ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰ । ਨੌ ਦਰ ਦਰ ਦਰਵੇਸ਼ਾ । ਵੇਖ ਵਖਾਣੇ ਕਾਇਆ ਘਰ, ਅੱਠੇ ਪਹਿਰ ਗਹਿਰ ਗੰਭੀਰ ਧਾਰੇ ਵੇਸਾ । ਕਲਜੁਗ ਅੰਤਮ ਵਰਤੇ ਕਹਿਰ, ਨਾ ਕੋਈ ਜਾਣੇ ਨਰ ਨਰੇਸ਼ਾ । ਪੰਚਮ ਜੇਠੀ ਵਡ ਦੁਪਹਿਰ, ਜੋਤੀ ਧਾਰੇ ਹਰਿ ਜੀ ਭੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਏ ਸਾਰ, ਆਪ ਚੁਕਾਏ ਦੋ ਜਹਾਨਾਂ ਸਾਚਾ ਲੇਖਾ । ਲੇਖਾ ਚੁੱਕੇ ਦੋ ਜਹਾਨ, ਦੇਵੇ ਮਾਤ ਵਡਿਆਈਆ । ਝੇੜਾ ਛੁੱਟੇ ਆਵਣ ਜਾਣ, ਪਤਤ ਪਾਵਨ ਫੰਦ ਕਟਾਈਆ । ਦਰਗਹਿ ਸਾਚੀ ਮਾਣ ਤਾਣ, ਹਰਿ ਸਾਚਾ ਮਾਣ ਰਖਾਈਆ । ਏਕਾ ਸ਼ਬਦ ਸੁਣਾਏ ਕਾਨ, ਨਾਦ ਧੁਨੀ ਇਕ ਵਜਾਈਆ । ਸ਼ਬਦ ਦੇਵੇ ਪੀਣ ਖਾਣ, ਆਤਮ ਤ੍ਰਿਸ਼ਨਾ ਰੋਗ ਮਿਟਾਈਆ । ਇਕ ਬਿਠਾਏ ਸ਼ਬਦ ਬਬਾਣ, ਪੁਰੀਆਂ ਲੋਆਂ ਬਾਹਰ ਕਢਾਈਆ । ਸਾਚਾ ਦੇਵੇ ਨਾਮ ਦਾਨ, ਤ੍ਰੈਲੋਕੀ ਨਾਥ ਦਇਆ ਕਮਾਈਆ । ਲੋਕਮਾਤ ਕਰ ਹਰਿ ਪਛਾਨ, ਗੁਰਮੁਖ ਸਾਚੇ ਸੰਤ ਜਨ ਆਪਣੀ ਗੋਦ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਗਵੰਤ ਸਾਚੇ ਸੰਤ, ਜੁਗਾ ਜੁਗੰਤ ਸਾਧ ਸੰਤ, ਰਿਹਾ ਬਣਤ ਬਣਾਈਆ । ਬਣਾਏ ਬਣਤ ਸੱਚੀ ਸਰਕਾਰਾ । ਕਰੇ ਖੇਲ ਅਪਰ ਅਪਾਰਾ । ਨਾ ਕੋਈ ਜਾਣੇ ਨਾਰੀ ਨਾਰਾ । ਝੂਠਾ ਖੇਲ ਜਗਤ ਵਿਹਾਰਾ । ਪ੍ਰਭ ਚਰਨ ਪ੍ਰੀਤੀ ਸਾਚਾ ਮੇਲ, ਕਲਜੁਗ ਤੇਰੀ ਅੰਤਮ ਵਾਰਾ । ਅਚਰਜ਼ ਪਾਰਬ੍ਰਹਮ ਕਰੀ ਖੇਲ, ਨਾ ਕੋਈ ਜਾਣੇ ਜੀਵ ਗਵਾਰਾ । ਆਪੇ ਗੁਰ ਆਪੇ ਚੇਲ, ਧੁਰਦਰਗਾਹੀ ਸਚ ਸਹਾਰਾ । ਧਰਮ ਰਾਏ ਦੀ ਕਟੇ ਜੇਲ੍ਹ, ਮਾਨਸ ਦੇਹੀ ਜਨਮ ਸੁਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਹਰਿ ਜਗਤ ਨਰ, ਜਿਸ ਜਨ ਮੰਗਿਆ ਇਕ ਦਵਾਰਾ । ਇਕ ਦਰ ਸਚ ਦਰਬਾਰ ਹੈ । ਮਿਲੇ ਨਾਮ ਵਰ, ਭਗਤ ਭੰਡਾਰ ਹੈ । ਗੁਰਮੁਖ ਵਿਰਲਾ ਜਾਏ ਤਰ, ਮਿਲੇ ਮੇਲ ਹਰਿ ਦਾਤਾਰ ਹੈ । ਅੰਮ੍ਰਿਤ ਨੁਹਾਏ ਸਾਚੇ ਸਰ, ਕਾਇਆ ਹੋਏ ਠੰਡੀ ਠਾਰ ਹੈ । ਆਪ ਚੁਕਾਏ ਜਮ ਕਾ ਡਰ, ਦੂਈ ਦਵੈਤੀ ਦਏ ਨਿਵਾਰ ਹੈ । ਇਕ ਵਖਾਏ ਸਾਚਾ ਘਰ, ਜਗੇ ਜੋਤ ਅਗੰਮ ਅਪਾਰ ਹੈ । ਨਾ ਜਨਮੇ ਨਾ ਜਾਏ ਮਰ, ਨਰ ਨਰੇਸ਼ ਸਹਿਜ ਸੁਖ ਧਾਰ ਹੈ । ਆਪਣੀ ਕਰਨੀ ਰਿਹਾ ਕਰ, ਗੁਰਮੁਖ ਸਾਚੇ ਪੈਜ ਸਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਭਾਣਾ ਸਾਚਾ ਰਾਣਾ, ਆਪ ਕਰਾਏ ਕਰਨਹਾਰ ਕਰਤਾਰ ਹੈ । ਕਰਨ ਕਰਾਵਣ ਜੋਗ, ਪ੍ਰਭ ਸਮਰਥ ਹੈ । ਜਨ ਭਗਤਾਂ ਦੇਵੇ ਦਰਸ ਅਮੋਘ, ਸ਼ਬਦ ਚੜ੍ਹਾਏ ਸਾਚੇ ਰਥ ਹੈ । ਹਉਮੈ ਕਟੇ ਚਿੰਤਾ ਰੋਗ, ਪੰਜਾਂ ਚੋਰਾਂ ਦੇਵੇ ਮਥ ਹੈ । ਸਾਚਾ ਰਸ ਰਸਨਾ ਲੈਣਾ ਭੋਗ, ਸੋਹੰ ਸ਼ਬਦ ਜਗਤ ਅਕੱਥ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਕਲਜੁਗ ਪਾਰ ਉਤਾਰੇ, ਸਦ ਦੇ ਕਰ ਰੱਖੇ ਹੱਥ ਹੈ । ਕਲਜੁਗ ਉਧਰੇ ਪਾਰ, ਸਰਨ ਸਰਨਾਈਆ । ਪੂਰਬ ਕਰਮ ਰਿਹਾ ਵਿਚਾਰ, ਬਣੇ ਮਾਤ ਪਿਤ ਭੈਣ ਭਾਈ ਸਾਕ ਸੱਜਣ ਸੈਣ, ਕਿਸੇ ਭੇਵ ਨਾ ਪਾਈਆ । ਆਪੇ ਜਾਣੇ ਆਪਣੀ ਧਾਰ, ਨਾ ਕੋਈ ਰਸਨਾ ਸਕੇ ਕਹਿਣ, ਆਵਣ ਜਾਵਣ ਜਗਤ ਗੇੜ ਆਪਣੇ ਹੱਥ ਰਖਾਈਆ । ਜਗਤ ਮੁਕਾਏ ਲਹਿਣ ਦੇਣ, ਪ੍ਰਭ ਅਬਿਨਾਸ਼ੀ ਘਟ ਘਟ ਵਾਸੀ ਪੁਰਖ ਅਬਿਨਾਸ਼ੀ, ਏਕਾ ਰਾਹ ਜਗਤ ਫਾਹ ਕਲਜੁਗ ਅੰਤਮ ਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ਾ ਬੀਸ ਇਕੀਸਾ, ਛਤਰ ਝੁੱਲੇ ਸਾਚੇ ਸੀਸਾ, ਰਾਓ ਰੰਕ ਸ਼ਾਹ ਸੁਲਤਾਨ ਵਿਚ ਜਹਾਨ, ਲਏ ਚਰਨ ਬਹਾਈਆ । ਆਏ ਚਰਨ ਰਾਜ ਰਾਜਾਨਾ ।


੬੪੭
੦੪

੬੪੮
੦੪

ਏਕਾ ਸਰਨ ਸ੍ਰੀ ਭਗਵਾਨਾ । ਸੋਹੰ ਸ਼ਬਦ ਨਾਮ ਨਿਧਾਨਾ । ਤਿੰਨਾਂ ਲੋਆਂ ਹਰਿ ਜਪਾਨਾ । ਅਵਰ ਨਾ ਜਾਣੇ ਕੋਇਆ, ਗੁਰਮੁਖਾਂ ਹਰਿ ਭੇਵ ਖੁਲ੍ਹਾਨਾ । ਭੇਵ ਚੁਕਾਏ ਦੋਆਂ ਦੋਆ, ਏਕਾ ਰੰਗ ਨਾਮ ਰੰਗਾਨਾ । ਆਪ ਉਠਾਏ ਕਲਜੁਗ ਸੋਇਆ, ਪ੍ਰਭ ਅਬਿਨਾਸ਼ੀ ਵਾਲੀ ਦੋ ਜਹਾਨਾਂ । ਦੁਰਮਤ ਪਾਪਾਂ ਮੈਲ ਧੋਇਆ, ਅੰਮ੍ਰਿਤ ਸੀਰ ਇਕ ਪਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜੀ ਫੁੱਲ ਫੁੱਲਵਾੜੀ ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ । ਹੱਥੀਂ ਗਾਨਾਂ ਬੰਨ੍ਹ ਧੀਰ ਧਰਾਇੰਦਾ । ਕਲਜੁਗ ਮਾਇਆ ਨਾ ਲੱਗੇ ਤਨ, ਹਉਮੇ ਪੀੜ ਕਢਾਇੰਦਾ । ਭਾਂਡਾ ਭਰਮ ਦੇਵੇ ਭੰਨ, ਆਤਮ ਸਾਚੀ ਜੋਤ ਜਗਾਇੰਦਾ । ਸਾਚਾ ਸ਼ਬਦ ਸੁਣਾਏ ਕੰਨ, ਨਾਦ ਧੁਨ ਇਕ ਰਖਾਇੰਦਾ । ਆਪ ਤੁੜਾਏ ਆਤਮ ਸੁਨ, ਮਾਇਆ ਪੜਦਾ ਪਰੇ ਹਟਾਇੰਦਾ । ਸ੍ਰਿਸ਼ਟ ਸਬਾਈ ਛਾਣ ਪੁਣ, ਗੁਰਮੁਖ ਸਾਚੇ ਲਾਲ ਗੋਦ ਉਠਾਇੰਦਾ । ਕਵਣ ਜਾਣੇ ਹਰਿ ਤੇਰੇ ਗੁਣ, ਬੋਧ ਅਗਾਧ ਅਗਾਧ ਬੋਧਾ ਭੇਵ ਕੋਇ ਨਾ ਪਾਇੰਦਾ । ਧੁਰਦਰਗਾਹੀ ਸਾਚਾ ਮਾਹੀ ਜਨ ਭਗਤਾਂ ਪੁਕਾਰ ਰਿਹਾ ਸੁਣ, ਪੁਰੀਆਂ ਲੋਆਂ ਧਾਰ ਬੰਨ੍ਹਾਇੰਦਾ । ਗੁਰਮੁਖ ਸਾਚੇ ਮਾਤ ਚੁਣ, ਸਾਚੇ ਧਾਮ ਲਿਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ਾ ਛਤਰ ਸੀਸਾ, ਬੀਸ ਇਕੀਸਾ ਏਕਾ ਏਕ ਝੁਲਾਇੰਦਾ । ਸਾਚਾ ਧਾਮ ਹਰਿ ਨਿਆਰਾ । ਨਾ ਕੋਈ ਦਿਸੇ ਪਾਰ ਕਿਨਾਰਾ । ਪੁਰੀਆਂ ਲੋਆਂ ਪਾਏ ਹਿੱਸੇ, ਪ੍ਰਿਥਮੀ ਅਕਾਸ਼ ਘਟ ਘਟ ਵਾਸ, ਵੇਖ ਵਖਾਣੇ ਸਰਬ ਸੰਸਾਰਾ । ਚੌਦਾਂ ਲੋਕ ਮੰਡਲ ਰਾਸ, ਬ੍ਰਹਿਮੰਡ ਵੇਖ ਵਖਾਣੇ ਹਰਿ ਪਛਾਣੇ ਸਾਚੀ ਧਾਰਾ । ਨੌਂ ਖੰਡ ਪ੍ਰਿਥਮੀ ਪਾਈ ਵੰਡ, ਸੱਤਾਂ ਦੀਪਾਂ ਸੋਹੰ ਸ਼ਬਦ ਜੈ ਜੈਕਾਰਾ । ਜਗੀ ਜੋਤ ਵਿਚ ਬ੍ਰਹਿਮੰਡ, ਵੇਖ ਵਖਾਣੇ ਹਰਿ ਪਛਾਣੇ ਵਿਚ ਵਰਭੰਡ, ਹੋਏ ਜੈ ਜੈ ਜੈਕਾਰਾ । ਬੇਮੁਖਾਂ ਅੰਤਮ ਆਈ ਕੰਡ, ਘਰ ਘਰ ਦਿਸੇ ਨਾਰ ਰੰਡ, ਲੱਖ ਚੁਰਾਸੀ ਹਾਹਾਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਕਲਜੁਗ ਅੰਤਮ ਪਾਰ ਉਤਾਰਾ । ਆਪ ਬਣਾਏ ਸਚ ਦੁਲਾਰੇ, ਸਤਿਜੁਗ ਚੜ੍ਹਾਏ ਸਾਚੇ ਚੰਦ, ਸਾਚੇ ਚੰਦ ਜਗਤ ਰੁਸ਼ਨਾਈਆ । ਠੰਡਾ ਸੀਤਲ ਬੰਦ ਬੰਦ, ਇਕ ਉਪਜਾਇਆ ਪਰਮਾਨੰਦ, ਮਦਿਰਾ ਮਾਸ ਰਸਨ ਤਜਾਈਆ । ਸ਼ਬਦ ਸੁਣਾਏ ਸਾਚਾ ਛੰਦ, ਸੋਹੰ ਢੋਲਾ ਗਾਇਆ ਚਾਈਂ ਚਾਈਂਆ । ਆਪੇ ਢਾਹੇ ਭਰਮਾਂ ਕੰਧ, ਆਤਮ ਅੰਧੇਰ ਪੜਦਾ ਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਬਖ਼ਸ਼ੰਦ, ਆਦਿ ਅੰਤ ਮੇਲ ਮਿਲਾਈਆ । ਹਰਿ ਸਮਰਥ, ਜਗਤ ਪਿਤ ਸੁਖਦਾਈਆ । ਦੇਵੇ ਨਾਮ ਸੱਚੀ ਵਥ, ਨਿਤ ਨਵਿਤ ਜੋਤੀ ਨੂਰ ਜਗਤ ਸਵਾਈਆ । ਨਾ ਕੋਈ ਜਾਣੇ ਵਾਰ ਥਿਤ, ਪ੍ਰਭ ਅਬਿਨਾਸ਼ੀ ਮਾਤ ਕਿਸੇ ਨਾ ਜਾਈਆ । ਗੁਰਮੁਖ ਵਿਰਲਾ ਰੱਖੇ ਚਿਤ, ਜਿਸ ਜਨ ਦਇਆ ਕਮਾਈਆ । ਅੰਮ੍ਰਿਤ ਆਤਮ ਕਾਇਆ ਦਏ ਸਿੰਚ, ਕਾਇਆ ਮੰਦਰ ਸਾਚਾ ਅੰਦਰ ਸਾਚਾ ਧਾਮ ਸੁਹਾਈਆ । ਆਪੇ ਬਣੇ ਹਰਿ ਸਾਚਾ ਮਿਤ, ਏਥੇ ਓਥੇ ਹੋਏ ਸਹਾਈਆ । ਮਾਨਸ ਜਨਮ ਕਲ ਲੈਣਾ ਜਿੱਤ, ਜਨਮ ਅਨਮੁੱਲੜਾ ਵਿਚ ਮਾਤ ਦੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਖੁਲ੍ਹੜਾ ਗੁਰਮੁਖ ਵਿਰਲਾ ਪੂਰੇ ਤੋਲ ਤੁਲੜਾ, ਜਿਸ ਜਨ ਤਨ ਚਰਨ ਸਰਨ ਸੀਸ ਹਰਿ ਭੇਟ ਚੜ੍ਹਾਈਆ । ਮਨ ਤਨ ਚਰਨ ਗੁਰ ਭੇਟਾ, ਨਾ ਕੋਈ ਬੇਟੀ ਨਾ ਕੋਈ ਬੇਟਾ, ਧੁਰਦਰਗਾਹੀ ਏਕਾ ਖੇਵਟ ਖੇਟਾ, ਚਾਰ ਕੁੰਟ ਹਰਿ ਚਤੁਰੰਗ ਸੂਰਾ ਸਰਬੰਗ । ਸ੍ਰਿਸ਼ਟ ਸਬਾਈ ਤਾਣਾ ਪੇਟਾ, ਸ਼ਬਦ ਘੋੜੇ ਕਸੇ ਤੰਗ । ਨਾਮ ਸ਼ਸਤਰ ਪਹਿਨੇ ਅੰਗ । ਗੁਰਮੁਖਾਂ ਪ੍ਰੇਮ ਲਾਏ ਮਹਿੰਦੀ ਰੰਗ । ਸ੍ਰਿਸ਼ਟ ਸਬਾਈ ਇਕ ਦੂਜੇ ਦੇ ਨਾਲ ਖਹਿੰਦੀ, ਨੌਂ ਖੰਡ ਪ੍ਰਿਥਮੀ ਲਾਏ ਜੰਗ । ਝੂਠੇ ਵਹਿਣ ਅੰਤਮ

ਕਲ ਵਹਿੰਦੀ । ਪ੍ਰਭ ਪ੍ਰਗਟ ਹੋਏ ਭੇਖਾਧਾਰੀ, ਧਾਰ ਭੇਖ ਅਮਾਮ ਮਹਿੰਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ, ਸੰਗ ਮੁਹੰਮਦ ਚਾਰ ਯਾਰ । ਵੇਖ ਵਖਾਣੇ ਪਾਏ ਸਾਰ । ਈਸਾ ਮੂਸਾ ਬੰਨ੍ਹੇ ਧਾਰ । ਪੰਚਮ ਪੋਹ ਵੇਖ ਵਿਚਾਰ । ਵਾਲੀ ਹਿੰਦ ਪ੍ਰਭ ਕਰੇ ਖ਼ਬਰਦਾਰ । ਪ੍ਰਗਟ ਹੋਇਆ ਵਡਾ ਸ਼ਾਹ ਮਰਗਿੰਦ, ਸ਼ਬਦ ਡੰਕ ਵੱਜੇ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਣਾ ਬਾਣਾ ਸ਼ਬਦ ਤਾਣਾ, ਪੰਚਮ ਪੋਹ ਹਰਿ ਸੁਹਾਨਾ, ਵਾਲੀ ਹਿੰਦ ਸੋਇਆ ਮੋਇਆ ਆਪ ਉਠਾਨਾ, ਲੇਖ ਲਿਖਾਏ ਅਪਰ ਅਪਾਰ । ਲੇਖਾ ਲਿਖਣਹਾਰ ਸੁਲਤਾਨਾ । ਵੇਖ ਵਖਾਣੇ ਸ੍ਰੀ ਭਗਵਾਨਾ । ਭੇਖ ਵਟਾਏ ਕ੍ਰਿਸ਼ਨਾ ਕਾਹਨਾ । ਤੀਜੇ ਲੋਇਣ ਦਰਸ ਦਿਖਾਏ, ਨੈਣ ਮੁੰਧਾਰੀ ਨੈਣ ਮੁੰਧਾਨਾ । ਅੰਮ੍ਰਿਤ ਮੇਘ ਬਰਸ ਵਖਾਏ, ਇੰਦ ਇੰਦਰਾਸਣ ਚਰਨ ਬਹਾਏ, ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਜਿਨ ਉਪਾਏ, ਅੰਤਮ ਕਲ ਆਪ ਮਿਟਾਨਾ । ਸਾਚੀ ਜੋਤ ਦਸ ਦਸਮੇਸ਼ ਸ਼ਬਦ ਸ਼ਹੀਦੀ ਬੰਨ੍ਹੇ ਗਾਨਾ । ਕਲਜੁਗ ਅੰਤਮ ਵੇਸ ਕਰਾਏ, ਨਾ ਕੋਈ ਜਾਣੇ ਜੀਵ ਜਹਾਨਾ । ਖੁਲ੍ਹੇ ਹਰਿ ਜੀ ਕੇਸ ਰਖਾਏ, ਆਤਮ ਜੋਤੀ ਨੂਰ ਮਹਾਨਾ । ਮਾਝੇ ਦੇਸ ਹੋਏ ਰੁਸ਼ਨਾਏ, ਵਾਲੀ ਹਿੰਦ ਸਖੀ ਸੁਲਤਾਨਾ । ਵਰਨ ਬਰਨ ਨਾ ਕੋਈ ਰਖਾਏ, ਜਾਤ ਪਾਤ ਹਰਿ ਭੇਵ ਮਿਟਾਨਾ । ਏਕਾ ਸਰਨ ਟੇਕ ਰਖਾਏ ਆਤਮ ਤੀਰ ਨਿਰ ਨਿਸ਼ਾਨਾ । ਗੁਰਮੁਖਾਂ ਆਤਮ ਬੁੱਧ ਬਬੇਕ ਕਰਾਏ, ਸੋਹੰ ਦੇਵੇ ਨਾਮ ਨਿਧਾਨਾ । ਸ੍ਰਿਸ਼ਟ ਸਬਾਈ ਇਕ ਕਰਾਏ । ਰਾਓ ਰੰਕ ਦਵਾਰ ਬੰਕ ਹਰਿ ਇਕ ਸੁਹਾਏ, ਸ਼ਬਦ ਵਜਾਏ ਸਾਚਾ ਡੰਕ, ਚਾਰ ਕੁੰਟ ਹਰਿ ਸੁਹਾਨਾ । ਗੁਰਮੁਖ ਉਧਾਰੇ ਜਿਉਂ ਰਾਜਾ ਜਨਕ, ਪਤਤ ਪਾਵਨ ਪਾਰ ਕਰਾਨਾ । ਪ੍ਰਗਟ ਹੋਏ ਵਾਸੀ ਪੁਰੀ ਘਨਕ, ਮਾਤਲੋਕ ਕਲਜੁਗ ਅੰਤਮ ਵਕਤ ਸੁਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਤਿੰਨਾਂ ਲੋਕਾਂ ਪਾਏ ਸੋ, ਆਪਣਾ ਭਾਣਾ ਆਪਣੇ ਹੱਥ ਰਖਾਨਾ । ਕਾਲਾ ਸੂਸਾ ਤਨ ਸ਼ਿੰਗਾਰ । ਈਸਾ ਮੂਸਾ ਹੋਏ ਖੁਆਰ । ਸੰਗ ਮੁਹੰਮਦ ਚਾਰ ਯਾਰ । ਅਹਿਮਦ ਬੀਰ ਬੈਤਾਲੇ ਦਰ ਦਰ ਭਿਖਾਰ । ਚਾਰੋਂ ਕੁੰਟ ਹੋਏ ਕੰਗਾਲੇ, ਕੋਈ ਨਾ ਪਾਵੇ ਸਾਰ । ਮਸੀਤ ਮੰਦਰ ਨਾ ਦਿਸੇ ਧਨ ਮਾਲੇ, ਚਾਰੋਂ ਕੁੰਟ ਭੱਠ ਅੰਗਿਆਰ । ਫਲ ਨਾ ਦਿਸੇ ਕਿਸੇ ਡਾਲੇ, ਲੱਖ ਚੁਰਾਸੀ ਆਈ ਹਾਰ । ਜਨ ਭਗਤਾਂ ਤੋੜੇ ਜਗਤ ਜੰਜ਼ਾਲੇ, ਸ਼ਬਦ ਪਹਿਨਾਏ ਸਾਚਾ ਹਾਰ । ਸੱਚੀ ਵਸਤ ਨਾਮ ਦੇਵੇ ਧਨ ਮਾਲੇ, ਅੰਤਮ ਅੰਤ ਨਾ ਆਏ ਹਾਰ । ਪ੍ਰਭ ਭੇਖਾ ਧਾਰੀ ਕਰੇ ਭੇਖ, ਸ੍ਰਿਸ਼ਟ ਸਬਾਈ ਵੇਖ ਤਨ ਪਹਿਨਾਏ ਸੂਸੇ ਕਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਦਰ ਜਗਤ ਦਵਾਰਾ ਦਸਵਾਂ ਘਰ ਹਰਿ ਨਿਰੰਕਾਰਾ ਗੁਰਮੁਖਾਂ ਪਾਵੇ ਸਾਰਾ । ਸਰਬ ਸਹਾਈ ਜੋਤੀ ਨੂਰ ਇਕ ਅਲਾਹੀ । ਨੂਰ ਨਿਰੰਤਰ ਸਰਬ ਘਟ ਅੰਤਰ, ਜਗੇ ਜੋਤ ਇਕ ਬਸੰਤਰ, ਭੇਵ ਕਿਸੇ ਨਾ ਪਾਈ । ਨੂਰ ਅਲਾਹੀ ਅੱਲਾ ਐਲੀ ਹੱਕ । ਨਾ ਕੋਈ ਮਿਲਿਆ ਸਚ ਘਰ ਮਾਹੀ, ਅੰਤਮ ਫਲ ਗਿਆ ਪੱਕ । ਕਵਣ ਦੇਵੇ ਠੰਡੀ ਛਾਂਈ, ਕਲਜੁਗ ਅੰਤਮ ਗਿਆ ਥੱਕ, ਨਾ ਕੋਈ ਪਕੜੇ ਦੋਵੇਂ ਬਾਹੀਂ, ਚਾਰੋਂ ਕੁੰਟ ਪੈਣ ਧੱਕ । ਦਰ ਦਵਾਰੇ ਰੋਵਣ ਗਰੀਬ ਗਊ ਗਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ, ਦੂਰ ਦੁਰਾਡੇ ਰਿਹਾ ਤੱਕ । ਹਰਿ ਭਗਤ ਜਗਤ ਵਡਿਆਈਆ । ਸਾਚੀ ਬੂੰਦ ਰਕਤ, ਪ੍ਰਭ ਜੋਤੀ ਨੂਰ ਸਵਾਈਆ । ਪਵਣ ਸ਼ਬਦੀ ਸਾਚੀ ਸ਼ਕਤ, ਆਦਿ ਅੰਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਇਕ ਰਖਾਏ ਸਚ ਘਰ, ਆਵੇ ਜਾਵੇ ਆਪਣੀ ਖੇਲ ਰਚਾਈਆ । ਆਵਣ ਜਾਵਣ ਖੇਲ ਕਰਤਾਰਾ । ਪਤਤ ਪਾਵਨ ਵਿਚ ਸੰਸਾਰਾ । ਭੇਖਾਧਾਰੀ ਹਰਿ ਬਨਵਾਰੀ,

ਜਿਉਂ ਬਲ ਬਾਵਨ ਕਰੇ ਖੇਲ ਅਪਰ ਅਪਾਰਾ । ਜੋਤੀ ਜੋਤ ਸਰੂਪ ਹਰਿ, ਇਕ ਰਖਾਏ ਸਚ ਘਰ, ਆਦਿ ਅੰਤ ਜੁਗਾ ਜੁਗੰਤ, ਤ੍ਰੈ ਲੋਆਂ ਪਾਵੇ ਸਾਰਾ । ਤ੍ਰੈ ਲੋਆਂ ਪਾਏ ਸਾਰ ਸੁਰਤ ਸੰਭਾਲਦਾ । ਕਰੇ ਜੋਤ ਇਕ ਅਕਾਰ, ਲੱਖ ਚੁਰਾਸੀ ਪਸਰ ਪਸਾਰ ਮਾਤ ਪਤਾਲ ਅਕਾਸ਼ ਏਕਾ ਧਾਰ ਰਖਾਇੰਦਾ । ਘੱਟ ਘੱਟ ਹਰਿ ਜੀ ਰੱਖੇ ਵਾਸ, ਏਕਾ ਸ਼ਬਦ ਪਵਣ ਸਵਾਸ, ਗੁਰਮੁਖਾਂ ਧੀਰ ਧਰਾਇੰਦਾ । ਲੱਖ ਚੁਰਾਸੀ ਹੋਣੀ ਨਾਸ, ਮੁਖ ਲਗਾਇਣ ਮਦਿਰਾ ਮਾਸ, ਆਤਮ ਰਸ ਸਰਬ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਅੰਤਮ ਕਲ ਵਸੇ ਨਿਹਚਲ ਧਾਮ ਅਟਲ, ਭਾਣਾ ਰਾਣਾ ਆਪਣੇ ਹੱਥ ਰਖਾਇੰਦਾ । ਸਾਚਾ ਭਾਣਾ ਹਰਿ ਕਰਤਾਰ । ਨਾ ਕੋਈ ਜਾਣੇ ਜੀਵ ਜੰਤ ਗਵਾਰ । ਕਲਜੁਗ ਭੁੱਲੇ ਮਾਇਆ ਰੁਲੇ, ਡੁੱਬੇ ਵਿਚ ਮੰਝਧਾਰ । ਲੱਗੀ ਅਗਨ ਕਾਇਆ ਕੁਲੇ, ਆਤਮ ਭਰਿਆ ਇਕ ਹੰਕਾਰ । ਗੁਰਮੁਖ ਵਿਰਲਾ ਪੂਰੇ ਤੋਲ ਤੁੱਲੇ, ਮਿਲਿਆ ਜਿਸ ਸ਼ਬਦ ਅਧਾਰ । ਮਾਤ ਫੁਲਵਾੜੀ ਫਲੇ ਫੁੱਲੇ, ਲੋਕਮਾਤੀ ਸਚ ਬਹਾਰ । ਗੁਰਮੁਖਾਂ ਅੰਮ੍ਰਿਤ ਆਤਮ ਅੰਤ ਨਾ ਡੁੱਲੇ, ਖੁੱਲ੍ਹੇ ਕਵਲ ਜੋਤ ਉਜਿਆਰ । ਬੇਮੁਖਾਂ ਪਾਣੀ ਪਿਆ ਕਾਇਆ ਚੁੱਲ੍ਹੇ, ਹੋਏ ਅੰਧ ਅੰਧਿਆਰ । ਹਰਿ ਸ਼ਬਦ ਭੰਡਾਰਾ ਸਦਾ ਖੁਲ੍ਹੇ, ਦੇਵਣਹਾਰ ਸਰਬ ਸੰਸਾਰ । ਕੋਇ ਨਾ ਲਾਏ ਹਰਿ ਜੀ ਮੁੱਲੇ, ਨਿਹਕਲੰਕ ਲਏ ਅਵਤਾਰ । ਗੁਰਮੁਖ ਵਿਰਲਾ ਪੂਰੇ ਤੋਲ ਤੁਲੇ, ਮਾਇਆ ਰੁਲੇ, ਜੂਠੇ ਝੂਠੇ ਜਗਤ ਵਿਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਸ਼ਬਦ ਘੋੜੇ ਚਿੱਟੇ ਅਸਵ ਰਹੇ ਅਸਵਾਰ । ਸ਼ਬਦ ਘੋੜੇ ਹਰਿ ਅਸਵਾਰਾ । ਚਾਰ ਕੁੰਟ ਪਾਵੇ ਸਾਰਾ । ਰਾਓ ਰੰਕ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਿਚ ਜਹਾਨਾਂ, ਵੇਖੇ ਵਿਗਸੇ ਕਰ ਵਿਚਾਰਾ । ਕਲਜੁਗ ਜੀਵ ਜੂਠਾ ਝੂਠਾ ਪੀਣ ਖਾਣ, ਸਾਚਾ ਨਾਮ ਇਕ ਗਿਰਧਾਰਾ । ਦਰਗਹਿ ਸਾਚੀ ਨਾ ਮਿਲੇ ਮਾਣ, ਮਾਇਆ ਮਮਤਾ ਦੁੱਖ ਲੱਗਾ ਭਾਰਾ । ਜਨ ਭਗਤਾਂ ਚੁਕਾਏ ਜਮ ਕੀ ਕਾਣ, ਦੇਵੇ ਦਰਸ ਅਗੰਮ ਅਪਾਰਾ । ਸ਼ਬਦ ਦੁਸ਼ਾਲਾ ਦੇਵੇ ਤਾਣ, ਜੋਤੀ ਨੂਰਾ ਸਾਚਾ ਸੂਰਾ, ਸਰਬ ਕਲਾ ਭਰਪੂਰਾ ਵਾਲੀ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਆਪ ਬਿਠਾਏ ਸ਼ਬਦ ਬਬਾਣ । ਸਚ ਬਬਾਣਾ ਸ਼ਬਦ ਉਡਾਰੀ । ਸਚ ਮਸਾਣਾ ਪੀਣਾ ਖਾਣਾ ਨਾਮ ਅਧਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਜਗਤ ਨਿਆਰੀ । ਸੰਤ ਸੁਹੇਲਾ ਮੀਤ, ਹਰਿ ਰਾਮ ਰਮਈਆ ਹਰਿ ਰਹਿਮਾਨ । ਮਾਨਸ ਜਨਮ ਜਾਣਾ ਜਗ ਜੀਤ, ਦਰ ਪੁਰਖ ਸੁਜਾਨ । ਆਪ ਚੁਕਾਏ ਜਮ ਕਾ ਡਰ, ਗੁਰਮੁਖ ਆਤਮ ਬੂਝ ਬੁਝਾਨ । ਆਤਮ ਜੋਤੀ ਨੂਰ ਕਰ, ਮੇਟ ਮਿਟਾਏ ਅੰਧ ਅੰਧਿਆਨ । ਏਕਾ ਇਕ ਇਕ ਸ਼ਬਦ ਸਾਚੀ ਤੂਰ, ਧੁਨੀ ਧੁਨ ਧੁਨੀ ਧੁਨਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਅਕੇਲਾ ਸੰਤ ਸੁਹੇਲਾ, ਕਰੇ ਖੇਲ ਕਲ ਅੰਤ ਮਹਾਨ । ਕਲਜੁਗ ਅੰਤਮ ਖੇਲ ਰਚਾਉਣੀ । ਗੁਰਮੁਖ ਸਾਚੇ ਸੰਤ ਪ੍ਰਭ ਬਣਤ ਬਣਾਉਣੀ । ਮਿਲੇ ਮੇਲ ਹਰਿ ਸਾਚੇ ਕੰਤ, ਆਲਸ ਨਿੰਦਰਾ ਮਗਰੋਂ ਲਾਹੁਣੀ । ਨਾ ਕੋਈ ਜਾਣੇ ਜੀਵ ਜੰਤ, ਲੱਖ ਚੁਰਾਸੀ ਜਿਸ ਕਟਾਉਣੀ । ਕਲਜੁਗ ਭੁੱਲੇ ਜੂਠੇ ਝੂਠੇ ਸੰਤ, ਗੁਰ ਗੋਬਿੰਦ ਲਿਖਤ ਭਵਿਖਤ ਹਰਿ ਸਾਚੇ ਪੂਰ ਕਰਾਉਣੀ । ਲੱਖ ਚੁਰਾਸੀ ਦੇਵ ਦੰਤ, ਧਰਮ ਰਾਏ ਤੇਰੇ ਹੱਥ ਫੜਾਉਣੀ । ਜਨ ਭਗਤ ਬਣਾਏ ਸਾਚੀ ਬਣਤ, ਸਤਾਰਾਂ ਹਾੜੀ ਫੁੱਲ ਫੁੱਲਵਾੜੀ ਪ੍ਰਭ ਸਾਚੇ ਮਾਤ ਲਗਾਉਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਦਵਾਰ ਹਰਿ ਭਗਤ ਅਧਾਰ, ਏਕਾ ਧਾਮ ਗੁਰ ਸੰਗਤ ਮੇਲ ਮਿਲਾਉਣੀ । ਹਰਿ ਧਾਮ

੬੫੦
੦੪

ਜਗਤ ਅਪਾਰ । ਜੋਤੀ ਰਾਮ ਖੇਲ ਕਰਤਾਰ । ਗੁਰਮੁਖ ਮਾਣਕ ਮੋਤੀ ਕਾਇਆ ਝੂਠਾ ਚਾਮ, ਕਰਾਏ ਸੱਚਾ ਵਣਜ ਵਪਾਰ । ਸੋਹੰ ਜਪਾਏ ਸਾਚਾ ਨਾਮ, ਚਾਰ ਵਰਨ ਇਕ ਪਿਆਰ । ਕਰਾਏ ਗੁਰਸਿਖਾਂ ਪੂਰਨ ਕਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜਿਉਂ ਤਰੇਤਾ ਰਾਮ । ਅੰਤਮ ਕਲ ਜਗਤ ਵਣਜਾਰਾ । ਪ੍ਰਭ ਅਬਿਨਾਸ਼ੀ ਕਰਿਆ ਵਲ ਛਲ, ਭੁੱਲਿਆ ਹਰਿ ਸੰਸਾਰਾ । ਜੋਤੀ ਖੇਲ ਘੜੀ ਘੜੀ ਪਲ ਪਲ, ਬੇਮੁਖ ਜੀਵ ਨਾ ਪਾਇਣ ਸਾਰਾ । ਵੇਖ ਵਖਾਣੇ ਜਲ ਥਲ, ਜੰਗਲ ਜੂਹ ਉਜਾੜ ਪਹਾੜਾ । ਲੱਖ ਚੁਰਾਸੀ ਪਾਏ ਡੂੰਘੀ ਡਲ, ਆਪ ਚਬਾਏ ਆਪਣੀ ਦਾੜ੍ਹਾ । ਗੁਰਮੁਖ ਬਹਾਏ ਨਿਹਚਲ ਧਾਮ ਅਟੱਲ, ਦਰ ਖੁਲ੍ਹਾਏ ਸਤਾਰਾਂ ਹਾੜਾ । ਕਲਜੁਗ ਭਾਣਾ ਨਾ ਜਾਏ ਟਲ, ਬੇਮੁਖਾਂ ਲੱਗੇ ਅਗਨ ਬਹੱਤਰ ਨਾੜਾ । ਸ੍ਰਿਸ਼ਟ ਸਬਾਈ ਜਾਏ ਹੱਲ, ਸ਼ਬਦ ਸਰੂਪੀ ਉਠੇ ਧਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰਾ ਇਕ ਬਣਾਏ ਮਾਤ ਅਖਾੜਾ । ਸੁਰਤ ਸ਼ਬਦ ਹਰਿ ਚਰਨ ਧਿਆਨ ਰਖਾਇੰਦਾ । ਸੋਹੰ ਸਾਚਾ ਨਾਮ ਬਬਾਣ, ਹਰਿ ਸੰਤਾਂ ਆਪ ਚੜ੍ਹਾਇੰਦਾ । ਇਕ ਲਗਾਏ ਸਚ ਉਡਾਨ, ਖੰਡ ਬ੍ਰਹਿਮੰਡ ਵਰਭੰਡ ਪਾਰ ਕਰਾਇੰਦਾ । ਦਰ ਘਰ ਸਾਚੇ ਦੇਵੇ ਮਾਣ, ਚਰਨ ਸਰਨ ਇਕ ਰਖਾਇੰਦਾ । ਨਾ ਕੋਈ ਸਕੇ ਕਲ ਪਛਾਣ, ਜੋਤੀ ਜਾਮਾ ਹਰਿ ਜੀ ਪਾਇੰਦਾ । ਗੁਰ ਨਾਨਕ ਕਰਿਆ ਇਕ ਧਿਆਨ, ਨਿਹਕਲੰਕੀ ਡੰਕ ਵਜਾਇੰਦਾ । ਗੁਰ ਗੋਬਿੰਦ ਰਖਾਈ ਏਕਾ ਆਣ, ਵਿਸ਼ਨੂੰ ਭਗਵਾਨ ਖੇਲ ਖਿਲਾਇੰਦਾ । ਦਰ ਦਵਾਰੇ ਦੇਵੇ ਸਾਚਾ ਮਾਣ, ਅੰਤਮ ਕਲ ਨੂਰ ਨੁਰਾਨਾ ਸ਼ਾਹ ਸੁਲਤਾਨਾ ਵਡ ਮਿਹਰਬਾਨਾ, ਭੇਖ ਅਵੱਲੜਾ ਇਕ ਇਕੱਲੜਾ ਮਾਤ ਰਖਾਇੰਦਾ । ਗੁਰਮੁਖਾਂ ਰੱਖੇ ਭਾਰਾ ਪਲੜਾ, ਸਾਚੀ ਧਾਰ ਹਰਿ ਬੰਨ੍ਹਾਇੰਦਾ । ਦੱਸੇ ਰਾਹ ਇਕ ਸੁਖਲੜਾ, ਸੋਹੰ ਸਾਚਾ ਜਾਪ ਜਪਾਇੰਦਾ । ਆਤਮ ਦਰ ਦਵਾਰੇ ਅੱਗੇ ਖਲੜਾ, ਨਿਜ ਘਰ ਆਤਮ ਦਰਸ ਦਿਖਾਇੰਦਾ । ਕਲਜੁਗ ਅੰਧੇਰ ਏਕਾ ਝੁਲੜਾ, ਨਾ ਕੋਈ ਕਿਸੇ ਛੁਡਾਇੰਦਾ । ਕਲਜੁਗ ਜੀਆਂ ਫਲ ਕਾਇਆ ਅੰਤਮ ਹੁਲੜਾ, ਦੂਜੀ ਵਾਰ ਨਾ ਕੋਈ ਲਗਾਇੰਦਾ । ਲੱਗੀ ਅੱਗ ਕਾਇਆ ਕੁੱਲੜਾ, ਕੋਈ ਨਾ ਦਿਸੇ ਬੁਝਾਇੰਦਾ । ਦਰ ਦਵਾਰਾ ਨਰ ਨਿਰੰਕਾਰਾ ਏਕਾ ਖੁਲ੍ਹੜਾ, ਗੁਰਮੁਖਾਂ ਦਇਆ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਫੜ ਫੜ ਬਾਹੋਂ ਧੁਰ ਦਰਗਾਹੋਂ ਵਿਛੜੇ ਆਪ ਮਿਲਾਇੰਦਾ । ਵਿਛੜੇ ਧੁਰ ਦਰਗਹਿ, ਮੇਲੇ ਹਰਿ ਨਿਰੰਕਾਰਿਆ । ਬਣ ਜਗਤ ਮਲਾਹ, ਨਿਹਕਲੰਕ ਕਲ ਜਾਮਾ ਧਾਰਿਆ । ਗੁਰ ਗੋਬਿੰਦ ਵੇਲੇ ਅੰਤਮ ਮਾਰੀ ਧਾਹ, ਦਰ ਸਾਚੇ ਇਕ ਪੁਕਾਰਿਆ । ਕਵਣ ਪਕੜੇ ਮੇਰੀ ਬਾਂਹ, ਲੋਕਮਾਤ ਦੇਵੇ ਕਵਣ ਸਹਾਰਿਆ । ਪਿਤਾ ਪੂਤ ਵਾਰੀ ਮਾਂ, ਖਾਲੀ ਚਲਿਆ ਤੇਰੇ ਦਵਾਰਿਆ । ਸਿਰ ਰੱਖੀਂ ਠੰਡੀ ਛਾਂ, ਘਰ ਘਰ ਉਡਾਈਂ ਕਾਂ, ਨਿਹਕਲੰਕ ਅੰਤਮ ਕਲ ਆਪ ਆਪਣੀ ਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਦਰਵਾਜ਼ਾ ਹਰਿ ਦਵਾਰ ਸੱਚਾ ਦਰਬਾਰ ਗੁਰ ਪੀਰ ਸਾਧ ਸੰਤ ਔਲੀਏ ਪੀਰ ਸ਼ੇਖ਼ ਗੌਂਸ ਮੰਗਦੇ ਰਹੇ ਵਾਰੋ ਵਾਰਿਆ । ਸੱਚਾ ਇਕ ਦਰਬਾਰ ਨਰ ਨਿਰੰਕਾਰ ਹੈ । ਦੂਜਾ ਕੋਈ ਨਾ ਪਾਵੇ ਸਾਰ, ਲੱਖ ਚੁਰਾਸੀ ਰਹੀ ਝਖ ਮਾਰ ਹੈ । ਤੀਜੇ ਜੋਤੀ ਇਕ ਅਕਾਰ, ਲੱਖ ਚੁਰਾਸੀ ਪਸਰ ਪਸਾਰ ਹੈ । ਚੌਥੀ ਸ਼ਬਦ ਇਕ ਉਡਾਰ, ਤਿੰਨਾਂ ਲੋਆਂ ਖੰਡ ਮੰਡਲ ਬ੍ਰਹਿਮੰਡਾਂ ਦੇਵੇ ਸਚ ਸੱਚੀ ਧੁਨਕਾਰ ਹੈ । ਜੋਤੀ ਜੋਤ ਸਰੂਪ ਹਰਿ, ਪੰਚਮ ਪਵਣ ਅਵਣ ਗਵਣ, ਲੱਖ ਚੁਰਾਸੀ ਦੇਵੇ ਇਕ ਸਵਾਸ ਹੈ । ਛੇਵੇਂ ਛੱਪਰ ਛੰਨ ਨਾ ਕੋਇ, ਜਿਥੇ ਹਰਿ ਜੀ ਸੱਚਾ ਸੋਏ, ਸਾਚੀ ਜੋਤ ਇਕ ਪ੍ਰਕਾਸ਼ ਹੈ । ਸਤਵੇਂ ਘਰ ਜੋਤ ਨਿਰੰਜਣ ਇਕ ਬਲੋਏ,

ਸੰਤ ਗੁਰ ਨਾ ਕਰੇ ਕੋਈ ਕਿਆਸ ਹੈ । ਅਠਵੇਂ ਅੱਠ ਤੱਤ ਵਿਚਾਰੇ, ਵਸੇ ਕਾਇਆ ਮਹੱਲ ਮੁਨਾਰੇ, ਨਾ ਕੋਈ ਜਾਣੇ ਜੀਵ ਸੰਸਾਰੇ, ਜਨ ਭਗਤਾਂ ਹੋਇਆ ਦਾਸ ਹੈ । ਨਾਵੇਂ ਰੰਗ ਸੱਚੇ ਗਿਰਧਾਰੇ, ਮਾਤ ਉਪਜਾਏ ਸਚ ਸੁੱਚ ਇਕ ਦਰਬਾਰੇ, ਨੌਂ ਦਰ ਬੇਮੁਖਾਂ ਘਰ ਆਪ ਖੁਲ੍ਹਾਰੇ, ਗੁਰਮੁਖਾਂ ਬੰਦ ਕਰਾਇੰਦਾ । ਦਸਵੇਂ ਦਹਿ ਦਿਸ਼ ਵਿਚਾਰੇ, ਗੁਰਮੁਖਾਂ ਵਸੇ ਆਤਮ ਘਰ ਸੱਚੇ ਦਵਾਰੇ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਧਾਮ ਜਗਤ ਅਟੱਲ ਪੰਚਮ ਪੋਹ ਨੀਂਹ ਰਖਾਇੰਦਾ । ਪੰਚਮ ਪੋਹ ਬੰਨ੍ਹੇ ਧਾਰ । ਆਪ ਉਠਾਏ ਸ਼ਬਦ ਖੰਡਾ ਸਾਚਾ ਡੰਡਾ ਨਾ ਜਾਣੇ ਕੋ, ਰਾਜਾ ਰਾਣਾ ਲਏ ਸੁਧਾਰ । ਗੁਰਮੁਖਾਂ ਬੀਜ ਆਤਮ ਸਾਚਾ ਬੋ, ਸੋਹੰ ਸ਼ਬਦ ਹਰਿ ਅਪਾਰ । ਏਕਾ ਹਲ ਹਰਿ ਰਸਨਾ ਰਿਹਾ ਜੋ, ਆਪ ਬਣਾਏ ਸਤਿ ਸਤਿ ਸਤਿ ਬਹਾਰ । ਬੇਮੁਖ ਗੁਰ ਦਰ ਨਾ ਸਕੇ ਛੋਹ, ਦੇਵੇ ਦਰ ਦੁਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਾਰ, ਸਚ ਮਹੱਲ ਦਏ ਉਸਾਰ । ਸਚ ਮਹੱਲ ਕਰ ਉਸਾਰੀ । ਪੁਰੀਆਂ ਲੋਆਂ ਬੰਨ੍ਹੇ ਧਾਰੀ । ਪੂਰਬ ਕਰਮ ਸਰਬ ਵਿਚਾਰੀ । ਬ੍ਰਹਮਲੋਕ ਹਰਿ ਖੇਲ ਨਿਆਰੀ । ਗੁਰਮੁਖ ਜੋਤੀ ਜਗੇ ਅਪਾਰੀ । ਇੰਦਲੋਕ ਸੱਚੀ ਸਰਦਾਰੀ । ਕਰੋੜ ਤੇਤੀਸਾ ਚਰਨ ਨਿਮਸਕਾਰੀ । ਛੋਟੇ ਬਾਲੇ ਸਿਰ ਛਤਰ ਝੁਲਾਰੀ । ਜਗਤ ਜਗਦੀਸ਼ੇ ਆਈ ਵਾਰੀ । ਕਲਜੁਗ ਅੰਤਮ ਖੇਲ ਅਪਾਰੀ । ਸ਼ਿਵ ਸ਼ੰਕਰ ਸੁੰਨ ਸਮਾਧੀ ਆਤਮ ਸਾਧੀ, ਜਟਾ ਜੂਟ ਧਾਰੀ । ਜੋਤ ਨਿਰੰਜਣ ਪ੍ਰਭ ਸਾਚੇ ਲਾਧੀ, ਸ਼ਬਦ ਲੱਗਾ ਮਗਰ ਭਾਰੀ । ਅੰਤਮ ਕਲਜੁਗ ਵਿਚ ਸਾਚਾ ਨਾਦੀ, ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡਾ ਮਾਧਵ ਮਾਧੀ, ਸਚ ਮਹੱਲ ਇਕ ਅਟੱਲ ਕਰੇ ਸਚ ਉਸਾਰੀ । ਹਰਿ ਬ੍ਰਹਿਮੰਡ ਬ੍ਰਹਿਮੰਡ, ਅਕਾਰ ਵੇਖ ਵਖਾਣੇ । ਸਰਬ ਘਟ ਜਾਣੇ ਹਰਿ ਵਿਚ ਨੌਂ ਖੰਡ, ਕਰੇ ਖੇਲ ਹਰਿ ਮਹਾਨੇ । ਕਲਜੁਗ ਜੀਵਾਂ ਹੋਈ ਆਤਮ ਰੰਡ, ਭੁੱਲੇ ਜੀਵ ਜੰਤ ਬੇਮੁਹਾਣੇ । ਵੇਲੇ ਅੰਤਮ ਪ੍ਰਭ ਦੇਵੇ ਕੰਡ, ਨਾ ਕੋਈ ਕਰੇ ਗੁਰ ਪੀਰ ਸਹਾਨੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਤਮ ਠੰਡ, ਦੇਵੇ ਨਾਮ ਗੁਣ ਨਿਧਾਨੇ । ਦੇਵੇ ਨਾਮ ਹਰਿ ਭਗਤ ਅਧਾਰੀ । ਪੂਰਨ ਕਰੇ ਕਾਮ, ਜੋਤੀ ਨੂਰ ਸਰਬ ਪਸਾਰੀ । ਮਿਟੇ ਕਲ ਰੈਣ ਅੰਧੇਰੀ ਸ਼ਾਮ, ਜਗੇ ਜੋਤ ਇਕ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਚ ਪੁਰਖ ਸੁਜਾਨਾ, ਚਲਾਏ ਸ਼ਬਦ ਤੀਰ ਸਾਚੀ ਧਾਰੀ । ਸ਼ਬਦ ਸਾਚੀ ਧਾਰੀ ਵਿਚ ਜਹਾਨ ਹੈ । ਲੱਖ ਚੁਰਾਸੀ ਪਾਵੇ ਸਾਰੀ, ਏਕਾ ਜਗਤ ਸੱਚੀ ਉਡਾਨ ਹੈ । ਸਾਧਾਂ ਸੰਤਾਂ ਵੇਖ ਵਖਾਣੇ ਵਾਰੋ ਵਾਰੀ । ਸ਼ਬਦ ਘੋੜੇ ਹਰਿ ਬਲਵਾਨ ਹੈ । ਨਾ ਕੋਈ ਜਾਣੇ ਨਰ ਨਾਰੀ, ਨਿਹਕਲੰਕ ਝੁਲਾਏ ਸੱਚਾ ਇਕ ਨਿਸ਼ਾਨ ਹੈ । ਇੱਕੀ ਮਾਘ ਕਰੇ ਤਿਆਰੀ, ਸਿੰਘ ਲਾਭ ਜਾਣਾ ਜਾਗ, ਨਾ ਸੌਣਾ ਬਣ ਨਾਦਾਨ ਹੈ । ਇੱਕੀ ਮਾਘ ਆਏ ਦਵਾਰੇ । ਕਰੇ ਖੇਲ ਹਰਿ ਨਿਰੰਕਾਰੇ । ਸਤਵੇਂ ਘਰ ਸਾਚਾ ਮੇਲ, ਛੇ ਪੰਜ ਨਾ ਹਰਿ ਵਿਚਾਰੇ । ਸ਼ਬਦ ਚੜ੍ਹਨਾ ਸਾਚਾ ਤੇਲ, ਚੌਥੇ ਦਰ ਬੰਦ ਕਵਾੜੇ । ਅਚਰਜ ਖੇਲ ਪਾਰਬ੍ਰਹਮ ਕਲ ਖੇਲ, ਲੱਗੇ ਅਗਨ ਤੱਤੀ ਹਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਵਿਚ ਮਾਤ ਉਪਜਾਏ ਧੁਰਦਰਗਾਹੀ ਸਾਚੇ ਲਾੜੇ । ਇੱਕੀ ਮਾਘ ਹਰਿ ਅਸਵਾਰਾ ਪਵਣ ਘੋੜਾ । ਸ਼ਬਦ ਤਿੱਖੀ ਧਾਰਾ ਨਾਮ ਜੋੜਾ । ਨਾ ਕੋਈ ਪਾਵੇ ਸਾਰਾ, ਵੇਖੇ ਪਰਖੇ ਮਿੱਠਾ ਕੌੜਾ । ਸ਼ਬਦ ਧੁਨੀ ਨਾੜੀ ਤਨ ਮੰਦਰ ਮਹੱਲ ਮੁਨਾਰਾ, ਦਸਮ ਦਵਾਰੇ ਏਕਾ ਸਾਚਾ

੬੫੨
੦੪

੬੫੩
੦੪

ਪੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਮਾਰ ਝਾਤ ਇਕ ਇਕਾਂਤ ਧੁਰਦਰਗਾਹੀ ਸਾਚਾ ਮਾਹੀ ਆਇਆ ਦੌੜਾ । ਧੁਰਦਰਗਾਹੀ ਧਾਮ ਅਵੱਲਾ । ਵਸੇ ਹਰਿ ਇਕ ਇਕੱਲਾ । ਲੱਖ ਚੁਰਾਸੀ ਆਪ ਭੁਲਾਏ, ਕਰ ਵਲ ਛਲਾ । ਗੁਰਮੁਖ ਸਾਚੇ ਲਏ ਜਗਾਏ, ਸੋਹੰ ਸ਼ਬਦ ਹੱਥ ਫੜਾਏ ਸਾਚਾ ਭੱਲਾ । ਸਾਧ ਸੰਤ ਆਦਿ ਅੰਤ ਜੁਗਾ ਜੁਗੰਤ ਪ੍ਰਭ ਰਿਹਾ ਪੈਜ ਰਖਾਈ । ਵੇਖ ਵਖਾਣੇ ਜੋ ਜਾਣੇ ਸਚ ਮਹੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ, ਸ਼ਬਦ ਸਰੂਪੀ ਖੇਲ ਰਚਾਇਆ, ਪਵਣ ਸਰੂਪੀ ਮੇਲ ਮਿਲਾਇਆ, ਕਿਸੇ ਹੱਥ ਨਾ ਆਏ ਅੱਲਾ । ਸ਼ਬਦ ਖ਼ਜ਼ਾਨਾ ਆਤਮ ਭਰਪੂਰ । ਗੁਰ ਪੂਰਾ ਹੋਇਆ ਮਿਹਰਬਾਨਾ, ਆਤਮ ਦੀਆ ਜੋਤੀ ਸਾਚਾ ਨੂਰ । ਤਨ ਬੱਧਾ ਨਾਮ ਗਾਨਾ, ਮਾਇਆ ਮਮਤਾ ਕੀਨੀ ਦੂਰ । ਜੋਤ ਪ੍ਰਕਾਸ਼ੀ ਕੋਟਨ ਭਾਨਾ, ਗੁਰ ਪੂਰਾ ਹਾਜ਼ਰ ਹਜ਼ੂਰ । ਜਗਤ ਝੂਠਾ ਪੀਣਾ ਖਾਣਾ, ਏਕਾ ਵਸਤ ਨਾਮ ਸੱਚੀ ਤੂਰ । ਪ੍ਰਭ ਦੇਵੇ ਦਾਨਾ ਬੀਨਾ, ਅੰਦਰ ਬੈਠਾ ਨਾ ਦਿਸੇ ਦੂਰ । ਸੰਤ ਸੁਹਾਗੀ ਠਾਂਡਾ ਸੀਨਾ, ਪੰਚਮ ਦਿਸੇ ਕੂੜੋ ਕੂੜ । ਦਿਵਸ ਰੈਣ ਮਨ ਤਨ ਭੀਨਾ, ਗੁਰ ਚਰਨ ਮਸਤਕ ਸਾਚੀ ਧੂੜ । ਆਪ ਆਪਣੇ ਜਿਹਾ ਕੀਨਾ, ਛੁੱਟੇ ਜਗਤ ਝੇੜਾ ਕੂੜੋ ਕੂੜ । ਸਾਚੇ ਸੰਤ ਮਿਲਿਆ ਮਾਲ ਧਨਾ, ਪੂਰੇ ਧਨਵੰਤ ਜੀਵ ਜੰਤ ਨਾ ਜਾਣੇ ਮੂੜ੍ਹ । ਵੇਖ ਵਖਾਣੇ ਪ੍ਰਭ ਸਾਚਾ ਕੰਤ ਇੱਕੀ ਮਾਘ ਆਤਮ ਲਾਏ ਜਾਗ, ਹੱਥ ਪਕੜੇ ਆਪਣੇ ਵਾਗ, ਵੇਖ ਵਖਾਣੇ ਸ਼ਬਦ ਹੁਲਾਰਾ ਇਕ ਪੰਘੂੜ । ਅੰਦਰ ਗੁਰ ਬਾਹਰ ਗੁਰ, ਗੁਪਤ ਜ਼ਾਹਿਰ ਸਾਚੀ ਸੁਰ, ਆਤਮ ਜੋਤੀ ਨੂਰ ਨਿਰਾਲਮ, ਵੇਖ ਵਖਾਣੇ ਸਰਬ ਘਟ ਆਲਮ, ਸਤਿਗੁਰ ਸਖੀ ਸਰਬ ਸੁਲਤਾਨਾ । ਵਿਚ ਜਹਾਨਾਂ ਸ਼ਬਦ ਡੋਰੀ ਨਾਮ ਬਿਬਾਣਾ, ਏਕਾ ਪੌੜੀ ਦੋਏ ਜਹਾਨਾਂ । ਕਲਜੁਗ ਵੇਲ ਹੋਈ ਕੌੜੀ, ਵੇਖੇ ਜਾਣੇ ਸ੍ਰੀ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵੇਖ ਵਖਾਣੇ ਸਾਚਾ ਘਰ, ਜੋਤ ਨੂਰੀ ਸ਼ਬਦ ਮਹੱਲਾ ਸਾਚਾ ਨਾਉਂ ਇਕ ਟਿਕਾਣਾ । ਕਾਇਆ ਮੰਦਰ ਮਹੱਲ ਸਚ ਦਵਾਰਾ । ਜਗੇ ਜੋਤ ਕਾਇਆ ਝੂਠੀ ਖੱਲ, ਰੋਸ਼ਨ ਹੋਏ ਤਨ ਮੁਨਾਰਾ । ਨਾ ਕੋਈ ਜਾਣੇ ਜਲ ਥਲ ਕਾਇਆ ਡੂੰਘੀ ਵੇਖੇ ਡਲ, ਬੈਠਾ ਇਕ ਇਕੱਲਾ ਨਰ ਨਿਰੰਕਾਰਾ । ਸ਼ਬਦ ਸਰੂਪੀ ਚਲਾਏ ਹਲ, ਅੰਮ੍ਰਿਤ ਬਰਖੇ ਜਲ ਠੰਡੀ ਧਾਰਾ । ਨਿਹਚਲ ਧਾਮ ਇਕ ਅਟਲ, ਨਾ ਕੋਈ ਜਾਣੇ ਜੰਤ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖ ਵਖਾਣੇ ਸਰਬ ਕਿਛ ਜਾਣੇ, ਸਾਚਾ ਮੇਲ ਦਸਮ ਦਵਾਰਾ । ਕਾਇਆ ਚਿੰਤਾ ਰੋਗ ਆਤਮ ਦੁਖਦਾਈ । ਮੀਠੇ ਕਰੇ ਰਸਨਾ ਭੋਗ, ਨਾ ਹੋਵੇ ਕੋਈ ਸਹਾਈ । ਏਕਾ ਮਿਲੇ ਸ਼ਬਦ ਸੱਚਾ ਜੋਗ, ਕਾਇਆ ਸੁਫ਼ਲ ਕਰਾਈ । ਨਾਮ ਮਿਲੇ ਸੱਚੀ ਚੋਗ, ਤ੍ਰਿਸ਼ਨਾ ਭੁੱਖ ਸਰਬ ਮਿਟ ਜਾਈ । ਹਰਿਜਨ ਜਨ ਹਰਿ ਕਟੇ ਚਿੰਤਾ ਵਿਜੋਗ, ਸਾਚਾ ਸੁਖ ਇਕ ਉਪਜਾਈ । ਦਰ ਘਰ ਮਿਲੇ ਦਰਸ ਅਮੋਘ, ਜੋਤੀ ਜੋਤ ਸਰੂਪ ਹਰਿ, ਜੋ ਜਨ ਰਸਨਾ ਸਦ ਸਦ ਗਾਈ । ਰਸਨਾ ਗਾਉਣਾ ਗਹਿਰ ਗੰਭੀਰਾ । ਆਤਮ ਸ਼ਾਂਤ ਠੰਡੀ ਧਾਰ, ਦੇਵੇ ਅੰਮ੍ਰਿਤ ਸਾਚਾ ਨੀਰਾ । ਅੰਦਰ ਵੇਖੇ ਮਾਰ ਝਾਤ, ਮਿੱਟੇ ਅੰਧ ਅੰਧੇਰੀ ਰਾਤ, ਦਿਵਸ ਰੈਣੀ ਕੱਢੇ ਪੀੜਾ । ਜੋਤੀ ਜੋਤ ਸਰੂਪ ਹਰਿ, ਹਰਿਜਨ ਜਨ ਭਗਤ ਸੁਹੇਲਾ ਆਪੇ ਬੰਨ੍ਹੇ ਬੇੜਾ । ਬੇੜਾ ਬੰਨ੍ਹੇ ਹਰਿ ਬਨਵਾਰੀ । ਕਾਇਆ ਨਗਰ ਖੇੜਾ ਵਸੇ, ਏਕਾ ਰਾਹ ਸਾਚਾ ਦੱਸੇ, ਭੁੱਲੇ ਰਹਿਣ ਨਾ ਜੀਵ ਗਵਾਰੀ । ਸ਼ਬਦ ਤੀਰ ਸਾਚਾ ਕਸੇ, ਦੁੱਖ ਦਲਿਦਰ ਦਰ ਤੋਂ ਨੱਸੇ, ਕਿਰਪਾ ਕਰੇ ਨਰ ਹਰਿ ਹਰਿ ਨਰ ਸਰਬ ਕਲਧਾਰੀ । ਆਤਮ ਘਰ ਸਾਚੇ ਵਸੇ, ਖਿੜੀ ਰਹੇ ਸੱਚੀ ਗੁਲਜ਼ਾਰੀ । ਦੁੱਖਾਂ ਮਿਟੇ

ਅੰਧੇਰੀ ਰੈਣ ਮੱਸੇ, ਆਤਮ ਜੋਤੀ ਹਰਿ ਉਜਿਆਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇਵੇ ਵਰ ਜੋ ਜਨ ਆਏ ਚਰਨ ਸਰਨ ਸੱਚੀ ਸਰਕਾਰੀ । ਗੁਰ ਚਰਨ ਸਰਨ ਕਲ ਜਾਣਾ ਜਾਗ । ਮਦਿਰਾ ਮਾਸ ਦੇਣਾ ਤਿਆਗ । ਪ੍ਰਭ ਆਪ ਬੁਝਾਏ ਕਾਇਆ ਅਗਨ ਲੱਗੀ ਝੂਠੀ ਆਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖਾਂ ਰੋਗਾਂ ਧੋਏ ਅਗਲੇ ਪਿਛਲੇ ਦਾਗ਼, ਪਵਣ ਮਸਾਣਾ ਤੀਰ ਨਿਸ਼ਾਨਾ ਮਾਰੇ ਗੁਣ ਨਿਧਾਨਾ, ਆਤਮ ਵਡ ਪ੍ਰਭ ਸਾਚੇ ਸਾਜ ਵਖਾਨਾ । ਕਰੇ ਖੇਲ ਅੰਧ ਘੋਰੀ, ਪਵਣ ਮਸਾਣ ਗੋਰੀ, ਦਰ ਘਰ ਸਾਚੇ ਕੌਣ ਕਰੇ ਚੋਰੀ, ਵੇਖ ਵਖਾਣੇ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਚਰਨ ਧਿਆਨਾ । ਪਵਣ ਪਵਣ ਪਵਣ ਮਸਾਨ ਮਸਾਨਿਆ ਰਵਿਆ ਸਰਬ ਗਵਨ, ਨਾ ਜਾਣੇ ਜੀਵ ਨਿਧਾਨਿਆ । ਦੀਆ ਏਕਾ ਜਗਤ ਦੁੱਖ ਵਰਤਾ ਨਾ ਕਿਸੇ ਕਲ ਪਛਾਨਿਆ । ਕਾਇਆ ਮੰਦਰ ਅੰਦਰ ਅੰਧੇਰੀ ਰਾਤਾ, ਸੋਇਆ ਜੀਵ ਅਗਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਜਗਤ ਨਿਸ਼ਾਨ ਵਾਲੀ ਦੋ ਜਹਾਨਿਆ ।

### ✻ ੧੬ ਮੱਘਰ ੨੦੧੧ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਸਤ ਦੀਪ ਨੌਂ ਖੰਡ ਸਰਬ ਸੰਸਾਰਿਆ । ਵੇਖ ਵਖਾਣੇ ਹਰਿ ਬ੍ਰਹਿਮੰਡ, ਸੁਘੜ ਸਿਆਨਿਆ । ਪਹਿਲੀ ਪਾਈ ਮਾਤ ਵੰਡ, ਸੋਲਾਂ ਮੱਘਰ ਕਰ ਧਿਆਨਿਆ । ਸਾਧਾਂ ਸੰਤਾਂ ਆਈ ਕੰਡ, ਉਠਿਆ ਬਾਲ ਨੌਜਵਾਨਿਆ । ਦਰ ਘਰ ਜਾਏ ਵੰਡ, ਇਕ ਵਖਾਏ ਆਪਣੇ ਭਾਣਿਆ । ਕਲਜੁਗ ਔਧ ਗਈ ਹੰਢ, ਬੇੜਾ ਡੁੱਬੇ ਬੇਮੁਹਾਨਿਆ । ਸਿਰ ਉਠਾਈ ਪਾਪਾਂ ਪੰਡ, ਤਨ ਪਾਏ ਝੂਠਾ ਬਾਣਿਆ । ਆਤਮ ਹੋਈ ਖੰਡ ਖੰਡ, ਨਾ ਕੋਈ ਦੇਵੇ ਮਾਣ ਜਗਤ ਨਿਮਾਣਿਆ । ਨਾ ਕੋਈ ਸੁਹਾਗਣ ਨਾ ਕੋਈ ਰੰਡ, ਕਲਜੁਗ ਜੀਵ ਅੰਧੇ ਕਾਣਿਆ । ਸ਼ਬਦ ਫੜੇ ਹੱਥ ਚੰਡ ਪ੍ਰਚੰਡ, ਪ੍ਰਗਟ ਹੋਏ ਵਿਚ ਜਹਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਲਾਂ ਮੱਘਰ ਇਕ ਇਕ ਅੱਖਰ ਕਰ ਕਰ ਵੱਖਰ, ਰਖਾਏ ਜਗਤ ਨਿਸ਼ਾਨਿਆ । ਸੋਲਾਂ ਮੱਘਰ ਕਰੇ ਵਿਚਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਛੋਟੇ ਲਾਲ ਹਰਿ ਦੁਲਾਰੇ । ਸ਼ਬਦ ਘੋੜੇ ਕਰ ਅਸਵਾਰੇ । ਚਰਨ ਪ੍ਰੀਤੀ ਸਾਚੀ ਜੋੜੇ, ਤਿੰਨਾਂ ਲੋਆਂ ਵਸੇ ਬਾਹਰੇ । ਆਪ ਚੜ੍ਹਾਏ ਸ਼ਬਦ ਘੋੜੇ, ਗੁਰੂਆਂ ਪੀਰਾਂ ਸਾਧਾਂ ਸੰਤਾਂ ਵਾਜਾਂ ਮਾਰੇ । ਕਲਜੁਗ ਦਿਨ ਰਹਿ ਗਏ ਥੋੜੇ, ਨਿਹਕਲੰਕ ਕਲ ਜਾਮਾ ਧਾਰੇ । ਵੇਖੇ ਪਰਖੇ ਮਿਠੇ ਕੌੜੇ, ਸ਼ਬਦ ਹਥੌੜਾ ਇਕੋ ਮਾਰੇ । ਗੁਰਮੁਖਾਂ ਹਰਿ ਸਾਚਾ ਬਹੁੜੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰੇ । ਸੋਲਾਂ ਮੱਘਰ ਖੇਲ ਰਚਾਈ । ਗੁਰਮੁਖ ਸਾਚੇ ਸੰਤ ਜਨ ਹਰਿ ਸਾਚਾ ਮੇਲ ਮਿਲਾਈ । ਦੇਵੇ ਨਾਮ ਇਕ ਧਨਾ, ਰੋਗ ਦੁੱਖ ਰਹੇ ਨਾ ਰਾਈ, ਜੋਤੀ ਜੋਤ ਸਰੂਪ ਹਰਿ, ਏਕਾ ਸ਼ਬਦ ਸ੍ਰਿਸ਼ਟ ਸਬਾਈ ਰਿਹਾ ਸੁਣਾਈ । ਛੋਟਾ ਲਾਲ ਕਰ ਤਿਆਰੇ । ਸਾਧਾਂ ਸੰਤਾਂ ਵਾਜਾਂ ਮਾਰੇ । ਗੁਰਮੁਖਾਂ ਦੇਵੇ ਸ਼ਬਦ ਅਧਾਰੇ । ਆਤਮ ਉਪਜਾਏ ਏਕਾ ਸੁਖਾ, ਆਓ ਚਲ ਸਚ ਘਰ ਸਚ ਦਰਬਾਰੇ । ਨਿਹਚਲ ਧਾਮ ਇਕ ਅਟੱਲ, ਵਸੇ ਨਾ ਮੰਦਰ ਕਿਸੇ ਚੁਬਾਰੇ । ਵੇਖ ਵਖਾਣੇ ਜਲ ਥਲ, ਡੂੰਘੀ ਕੰਦਰ ਡੂੰਘੀ ਗਾਰੇ । ਸ਼ਬਦ ਮਾਰੇ ਇਕ ਉਛੱਲ, ਮਹਾਰਾਜ

੬੫੪
੦੪

੬੫੫
੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਖੁਲ੍ਹਾਏ ਇਕ ਦਵਾਰੇ । ਛੋਟਾ ਬਾਲਾ ਉਤੋਂ ਬੋਲੇ । ਸਾਧਾਂ ਸੰਤਾਂ ਵਾਜਾਂ ਮਾਰੇ, ਆਤਮ ਕੁੰਡਾ ਏਕਾ ਖੋਲ੍ਹੇ । ਜੀਵ ਜੰਤ ਆਦਿ ਅੰਤ, ਹਰਿ ਸਾਚਾ ਪੂਰੇ ਤੋਲ ਤੋਲੇ । ਜਨ ਭਗਤ ਮਿਲਾਵਾ ਸਾਚੇ ਕੰਤ, ਆਤਮ ਪੜਦੇ ਖੋਲ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਇੰਦਰ ਸਚ ਸਿੰਘਾਸਣ ਆਪ ਬਿਠਾਏ ਪੜਦੇ ਉਹਲੇ । ਇੰਦ ਇੰਦਰਾਸਣ ਹਰਿ ਸ਼ਿੰਗਾਰ । ਛੋਟਾ ਬਾਲਾ ਆਇਆ ਭੱਜ, ਆਪਣੀ ਪੈਜ ਸਵਾਰੇ । ਮੇਟੇ ਦਾਗ਼ ਕਾਲੇ, ਸ਼ਬਦ ਘੋੜੇ ਕਰ ਅਸਵਾਰ । ਅੱਠੇ ਪਹਿਰ ਕਰੇ ਪ੍ਰਿਤਪਾਲੇ, ਅੰਮ੍ਰਿਤ ਬਖ਼ਸ਼ੇ ਠੰਡੀ ਧਾਰ । ਚਰਨ ਪ੍ਰੀਤੀ ਨਿਭੇ ਨਾਲ, ਪੁਰੀ ਇੰਦਰ ਪੈਜ ਸਵਾਰ । ਇੰਦਰ ਦਵਾਰੇ ਹੋਏ ਖਾਲੀ , ਅੰਤਮ ਹੋਇਆ ਕਲਜੁਗ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਸਦਾ ਅਤੀਤ, ਏਕਾ ਬਖ਼ਸ਼ੇ ਸੱਚਾ ਚਰਨ ਪਿਆਰ । ਸੋਲਾਂ ਮੱਘਰ ਵੇਖ ਵਖਾਨਿਆ । ਜਗਤ ਭੁਲੇਖਾ ਭੇਖ ਵਟਾਨਿਆ । ਸਾਚਾ ਲੇਖਾ ਹਰਿ ਲੇਖ ਲਿਖਾਨਿਆ । ਲੱਖ ਚੁਰਾਸੀ ਵਿਚੋਂ ਵੇਖ, ਭਾਲ ਬਾਲ ਅੰਞਾਨਿਆ । ਅੱਗੇ ਲਾਇਆ ਸਾਧਾਂ ਸੰਤਾਂ ਨੇਤਰ ਲੈਣਾ ਪੇਖ, ਸੋਲਾਂ ਕਲੀਆਂ ਤਨ ਪਹਿਨਾਇਆ । ਧੁਰਦਰਗਾਹੋਂ ਲਿਖੀ ਸਾਚੀ ਰੇਖ, ਬਿਧਨਾ ਲੇਖ ਦਏ ਮਿਟਾਇਆ । ਸਤਿਜੁਗ ਸਾਚੀ ਲੱਗੀ ਮੇਖ, ਇੰਦਰ ਗਗਨ ਸੁਹਾਇਆ । ਨੇਤਰ ਨੈਣ ਲੋਚਣ ਤਿੰਨੇ ਲੈਣ ਵੇਖ, ਸਚ ਸਿੰਘਾਸਣ ਹਰਿ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਮਿਹਰਬਾਨ ਲੱਖ ਚੁਰਾਸੀ ਵਿਚੋਂ ਕਰ ਵਖ ਬਹਾਇਆ । ਲੱਖ ਚੁਰਾਸੀ ਕੀਨਾ ਵੱਖਰ । ਸੋਹੰ ਸ਼ਬਦ ਭੇਟਾ ਅੱਖਰ । ਪ੍ਰਭ ਆਪ ਉਠਾਏ ਸਾਚਾ ਬੇਟਾ, ਦਇਆ ਕਮਾਏ ਰੋੜੀ ਸੱਖਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖ ਵਖਾਣੇ ਸਰਬ ਕਿਛ ਜਾਣੇ ਉਜਾੜ ਪਹਾੜ ਵਡ ਵਡ ਪੱਥਰ । ਸੋਲਾਂ ਮੱਘਰ ਸਮਰਥ ਦੀਨ ਦਿਆਲਿਆ । ਜਨ ਭਗਤਾਂ ਸਿਰ ਰੱਖੇ ਹੱਥ, ਦੇਵੇ ਸ਼ਬਦ ਨਾਮ ਦੁਸ਼ਾਲਿਆ । ਸੋਹੰ ਇਕ ਚਲਾਇਆ ਸਾਚਾ ਰਥ, ਰਥ ਰਥਵਾਹੀ ਆਪਣਾ ਆਪ ਰਖਾਨਿਆ । ਪੁਰੀਆਂ ਲੋਆਂ ਦੇਵੇ ਮਥ, ਗੁਰਮੁਖਾਂ ਸਾਚਾ ਰਾਹ ਵਖਾਨਿਆ । ਜਗਤ ਚਲਾਏ ਸਾਚੀ ਗਥ, ਦੇਵੇ ਮਾਣ ਜਗਤ ਜਹਾਨਿਆ । ਵੇਲਾ ਗਿਆ ਨਾ ਆਵੇ ਹੱਥ, ਭੁੱਲੇ ਜੀਵ ਗੁਣ ਨਿਧਾਨਿਆ । ਰਾਜੇ ਰਾਣਿਆਂ ਪਾਏ ਨੱਥ, ਘਰ ਘਰ ਫਿਰਾਏ ਵਡ ਸ਼ੈਤਾਨਿਆ । ਸਗਲ ਵਸੂਰੇ ਜਾਇਣ ਲੱਥ, ਜੋ ਦਰ ਆਏ ਜੀਵ ਨਿਮਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਲਾਂ ਮੱਘਰ ਸਿੰਘ ਮਨਜੀਤ, ਆਪ ਚੁਕਾਏ ਪੀਣਾ ਖਾਣਿਆ । ਪੀਣਾ ਖਾਣਾ ਜਗਤ ਚੁਕਾਇਆ । ਸ਼ਬਦ ਬਾਣ ਹੱਥ ਫੜਾਇਆ । ਤੀਰ ਕਮਾਨ ਹਰਿ ਰਸਨ ਰਖਾਇਆ । ਕਰੇ ਪਛਾਣ ਜਗਤ ਰਘੁਰਾਇਆ । ਸਾਧਾਂ ਸੰਤਾਂ ਤੁੱਟੇ ਮਾਣ, ਨਾਮ ਨਿਸ਼ਾਨ ਇਕ ਲਗਾਇਆ । ਆਪੇ ਜਾਣੇ ਜਾਣੀ ਜਾਣ, ਦੂਸਰ ਕੋਈ ਸਾਰ ਨਾ ਪਾਇਆ । ਤਟ ਬਿਆਸਾ ਵੇਖ ਵਖਾਣ, ਸ਼ਬਦ ਸੀਨੇ ਤੀਰ ਲਗਾਇਆ । ਦਿਆਲ ਬਾਗ਼ ਕਰ ਧਿਆਨ, ਸ਼ਬਦ ਆਣ ਇਕ ਵਖਾਈਆ । ਇਕ ਝੁਲਾਏ ਸ਼ਬਦ ਨਿਸ਼ਾਨ, ਛੋਟੇ ਬਾਲ ਹੱਥ ਫੜਾਈਆ । ਪੁਰੀਆਂ ਲੋਆਂ ਦੇਵੇ ਮਾਣ, ਗੁਰਮੁਖਾਂ ਹਰਿ ਦਇਆ ਕਮਾਈਆ । ਕਲਜੁਗ ਅੰਤਮ ਆਈ ਹਾਨ, ਜਗਤ ਲੇਖਾ ਦਏ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਛੋਟੇ ਬਾਲੇ ਆਪਣਾ ਭਾਣਾ ਤੇਰੇ ਹੱਥ ਰਖਾਈਆ । ਛੋਟੇ ਬਾਲੇ ਹਰਿ ਹੁਕਮ ਸੁਣਾਏ । ਸਾਧ ਸੰਤ ਲਏ ਜਗਾਏ । ਸੋਇਆ ਮੋਇਆ ਕੋਈ ਰਹਿ ਨਾ ਜਾਏ । ਏਕਾ ਹਲ ਪ੍ਰਭ ਸਾਚੇ ਜੋਇਆ, ਚਾਰੇ ਕੁੰਟਾਂ ਆਪੇ ਵਾਹੇ । ਅੰਮ੍ਰਿਤ ਬੀਜ ਗੁਰਮੁਖਾਂ ਆਤਮ ਬੋਇਆ, ਸਾਚਾ ਫਲ ਨਾਮ ਖਵਾਏ । ਨਿਝਰ ਰਸ ਏਕਾ ਚੋਇਆ, ਤ੍ਰਿਸ਼ਨਾ ਭੁੱਖ ਸਰਬ

੬੫੬
੦੪

ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ ਨਾ ਜਾਣੇ ਜੀਵ ਕੋਇ । ਸਿੰਘ ਮਨਜੀਤ ਸੇਵ ਕਮਾਈ । ਸਾਧਾਂ ਸੰਤਾਂ ਜੀਆਂ ਜੰਤਾਂ ਦਏ ਉਠਾਈ । ਆਦਿਨ ਅੰਤਾ ਇਕ ਭਗਵੰਤਾ, ਸਾਚੀ ਬਣਤਾ ਰਿਹਾ ਬਣਾਈ । ਹਰਿਜਨ ਮੇਲ ਸਾਚੇ ਕੰਤਾ, ਸਿੰਘ ਜਗਦੀਸ਼ ਉਠਾਏ ਫੜ ਕੇ ਬਾਹੀਂ । ਵੇਲਾ ਚੁੱਕਿਆ ਸਾਧਾਂ ਸੰਤਾਂ, ਰਾਜੇ ਰਾਣਿਆਂ ਪਾਏ ਫਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਹੁਕਮ ਸੁਣਾਏ, ਦਏ ਸੁਨੇਹੜਾ ਥਾਉਂ ਥਾਈਂ । ਸਿੰਘ ਜਗਦੀਸ਼ ਕਰ ਵਿਚਾਰ । ਪ੍ਰਭ ਅਬਿਨਾਸ਼ੀ ਪਾਵੇ ਸਾਰ । ਲੋਕਮਾਤ ਮਾਰ ਝਾਤ, ਕਲਜੁਗ ਤੇਰੀ ਅੰਤਮ ਵਾਰ । ਚਾਰੋਂ ਕੁੰਟ ਅੰਧੇਰੀ ਰਾਤ, ਚੰਦ ਸੂਰਜ ਦੋਏ ਗਏ ਹਾਰ । ਨਾ ਕੋਈ ਪੁੱਛੇ ਮਾਤ ਵਾਤ, ਜੀਵ ਜੰਤ ਹੋਏ ਖੁਆਰ । ਸ਼ਿਵ ਸ਼ੰਕਰ ਬੈਠਾ ਇਕ ਇਕਾਂਤ ਪ੍ਰਭ ਚਰਨ ਕਰੇ ਇਕ ਪਿਆਰ । ਪ੍ਰਗਟ ਹੋ ਪ੍ਰਭ ਕਮਲਾਪਾਤ, ਧਰਤ ਮਾਤ ਰੋਵੇ ਧਾਹਾਂ ਮਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਪਰ ਅਪਾਰ । , ਸ਼ਿਵ ਸ਼ੰਕਰ ਦਰ ਪੁਕਾਰਿਆ । ਪ੍ਰਭ ਸਾਚੇ ਖੇਲ ਅਪਾਰਿਆ । ਪ੍ਰਭ ਸਾਚੀ ਜੋਤੀ ਮੇਲ ਕਰ, ਵਿਛੜੇ ਜੁਗ ਕਈ ਕਈ ਵਾਰਿਆ । ਏਕਾ ਆਪਣਾ ਸੱਜਣ ਸੁਹੇਲ ਕਰ, ਕਲਜੁਗ ਦੁਖੀ ਆਤਮ ਭੁੱਖੀ ਚਰਨ ਪਿਆਰਿਆ । ਇਕ ਉਪਜਾਨਾ ਸਾਚਾ ਸੁਖੀ, ਸ਼ਬਦ ਚਲਾਣਾ ਸਾਚੀ ਧਾਰਿਆ । ਗੁਰਮੁਖਾਂ ਕਰ ਕਰ ਉਜਲ ਮੁਖੀ, ਖਿੱਚ ਲਿਆਏ ਚਰਨ ਦਵਾਰਿਆ । ਸੁਫ਼ਲ ਕਰਾਏ ਮਾਤ ਕੁੱਖੀ, ਦੇਵੇ ਮਾਣ ਵਿਚ ਸੰਸਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਸਚ ਦਵਾਰ, ਸ਼ਿਵ ਸ਼ੰਕਰ ਦਰ ਪੁਕਾਰਿਆ । ਸ਼ਿਵ ਸ਼ੰਕਰ ਦਰ ਦਏ ਦੁਹਾਈ । ਕਲਜੁਗ ਵੇਲਾ ਅੰਤਮ ਆਇਆ, ਦਰ ਘਰ ਸਾਚਾ ਕੋਈ ਦੀਸੇ ਨਾਹੀ । ਨਿਹਕਲੰਕ ਹਰਿ ਦਰ ਸੁਹਾਇਆ ਮੇਲ ਮਿਲਾਇਆ ਫੜ ਕੇ ਬਾਹੀਂ । ਅੰਤਮ ਵੇਲਾ ਨੇੜੇ ਆਇਆ, ਸਦਾ ਰੱਖੇ ਠੰਡੀ ਛਾਈਂ । ਹੇਰਾ ਫੇਰਾ ਕਰਦਾ ਆਇਆ, ਜੀਵ ਜੰਤ ਕੋਈ ਜਾਣੇ ਨਾਹੀ । ਤੇਰਾ ਮੇਰਾ ਨਾਉਂ ਧਰਦਾ ਆਇਆ, ਜੋਤੀ ਨੂਰ ਸਭਨੀਂ ਥਾਈਂ । ਗੁਰਮੁਖਾਂ ਹਰਿ ਵਰਦਾ ਆਇਆ, ਸੇਜ ਬਹਾਏ ਚਾਈਂ ਚਾਈਂ । ਆਤਮ ਭੰਡਾਰੇ ਭਰਦਾ ਆਇਆ, ਤੋਟ ਕੋਈ ਰੱਖੇ ਨਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੰਤਮ ਅੰਤ ਕਲ ਦੂਸਰ ਕੋਈ ਦੀਸੇ ਨਾਹੀ । ਸ਼ਿਵ ਸ਼ੰਕਰ ਦਰ ਨਿਮਾਣਾ । ਕੰਕਰ ਕੰਕਰ ਵਰਤੇ ਭਾਣਾ । ਸ਼ਬਦ ਮਰਦੰਗ ਇਕ ਵਜਾਣਾ । ਗੁਰਮੁਖਾਂ ਚੋਲੇ ਚਾੜ੍ਹੇ ਰੰਗ, ਰੰਗਣ ਨਾਮ ਇਕ ਰੰਗਾਣਾ । ਆਪ ਨਿਭਾਏ ਆਪਣਾ ਸੰਗ, ਨਰ ਹਰਿ ਸ੍ਰੀ ਭਗਵਾਨਾ । ਸ਼ਬਦ ਘੋੜੇ ਕਸ ਤੰਗ, ਆਪ ਉਡਾਏ ਇਕ ਬਬਾਣਾ । ਦਰ ਘਰ ਮਿਲੇ ਸਾਚੀ ਮੰਗ, ਮੰਗੇ ਮੰਗ ਚਰਨ ਧਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਬਿਠਾਏ ਦਇਆ ਕਮਾਏ ਸਾਚੇ ਸਚ ਟਿਕਾਣਾ । ਸਚ ਟਿਕਾਣਾ ਹਰਿ ਮਿਹਰਬਾਨ, ਹਰਿ ਦੇਵੇ ਸ਼ਬਦ ਬਬਾਣਾ ਇਕ ਉਡਾਨ ਹੈ । ਮਿਲੇ ਆਤਮ ਜੋਤੀ ਪਵਣ ਮਸਾਣਾ, ਛੱਡੇ ਜੀਵ ਜਹਾਨ, ਇਹ ਕਾਇਆ ਦਿਸੇ ਝੂਠਾ ਬਾਣਾ, ਅੰਤਮ ਖ਼ਾਕੀ ਖ਼ਾਕ ਮਿਲ ਜਾਣ ਹੈ । ਦਰ ਘਰ ਸਾਚਾ ਇਕ ਪਛਾਣਾ, ਜਿਥੇ ਵਸੇ ਹਰਿ ਭਗਵਾਨ ਹੈ । ਮਿਲੇ ਅੰਮ੍ਰਿਤ ਨਾਮ ਨਿਧਾਨਾ, ਅੱਠੇ ਪਹਿਰ ਰੰਗ ਰੰਗਾਨ ਹੈ । ਛੁੱਟੇ ਜਗਤ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਮੇਟ ਮਿਟਾਨ ਹੈ । ਝੁੱਲੇ ਸੱਚਾ ਨਾਮ ਨਿਸ਼ਾਨਾ, ਲੱਖ ਚੁਰਾਸੀ ਏਕਾ ਆਨ ਹੈ । ਜਗੀ ਜੋਤ ਇਕ ਭਗਵਾਨਾ । ਨੂਰੀ ਜੋਤ ਡਗਮਗਾਨ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਬਿਠਾਏ ਦਇਆ ਕਮਾਏ

ਸਾਚੇ ਧਾਮ ਨਿਧਾਨ ਹੈ । ਸਾਚਾ ਧਾਮ ਆਪ ਸੁਹਾਇਆ । ਪੂਰਨ ਕਾਮ ਅੰਤਮ ਕਲ ਆਪਣਾ ਆਪ ਕਰਾਇਆ । ਜੂਠਾ ਝੂਠਾ ਕਾਇਆ ਚਾਮ, ਅੰਤਮ ਵੇਲੇ ਹੱਥ ਕਿਸੇ ਨਾ ਆਇਆ । ਆਤਮ ਜੋਤੀ ਨੂਰੀ ਪ੍ਰਭ ਸਾਚੇ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਿਵ ਸ਼ੰਕਰ ਅੰਕੁਰ ਕੰਕਰ, ਏਕਾ ਮਰਦੰਗ ਵਜਾਇਆ । ਸ਼ਿਵ ਸ਼ੰਕਰ ਕਰ ਤਿਆਰੀ, ਪ੍ਰਭ ਸਾਚਾ ਹੁਕਮ ਸੁਣਾਇੰਦਾ । ਜਗੀ ਜੋਤ ਹਰਿ ਨਿਰੰਕਾਰੀ, ਲੋਕਮਾਤ ਡਗਮਗਾਇੰਦਾ । ਵੇਖ ਵਖਾਣੇ ਵਾਰੋ ਵਾਰੀ, ਪੁਰੀਆਂ ਲੋਆਂ ਧਾਰ ਬੰਨ੍ਹਾਇੰਦਾ । ਪਹਿਲੋਂ ਆਏ ਬ੍ਰਹਮੇ ਵਾਰੀ, ਸਿੰਘ ਪਾਲ ਤਖ਼ਤ ਸੁਹਾਇੰਦਾ । ਰਾਜੇ ਇੰਦ ਕਰੀ ਤਿਆਰੀ, ਸਿੰਘ ਮਨਜੀਤ ਹੁਕਮ ਸੁਣਾਇੰਦਾ । ਸ਼ਿਵ ਸ਼ੰਕਰ ਚਰਨ ਬਲਿਹਾਰੀ, ਸਿੰਘ ਜਗਦੀਸ਼ ਦਰਸ ਦਿਖਾਇੰਦਾ । ਵੇਖੇ ਖੇਲ ਹਰਿ ਕਰਤਾਰੀ, ਸਿਰ ਆਪਣਾ ਹੱਥ ਰਖਾਇੰਦਾ । ਪ੍ਰਭ ਖੇਲ ਅਪਰ ਅਪਾਰੀ, ਜੀਵ ਜੰਤ ਨਾ ਕੋਈ ਜਣਾਇੰਦਾ । ਪੁਰੀਆਂ ਲੋਆਂ ਏਕਾ ਸ਼ਬਦ ਉਡਾਰੀ, ਜੋਤੀ ਨੂਰ ਇਕ ਰਖਾਇੰਦਾ । ਦਰ ਘਰ ਸਾਚੇ ਲੱਗੀ ਸੱਚੀ ਫੁਲਵਾੜੀ, ਪ੍ਰਭ ਸਾਚਾ ਫਲ ਲਗਾਇੰਦਾ । ਕਰੇ ਖੇਲ ਸਤਾਰਾਂ ਹਾੜੀ, ਰਾਜੇ ਰਾਣਿਆਂ ਹੁਕਮ ਸੁਣਾਇੰਦਾ । ਗੁਰਮੁਖਾਂ ਰੱਖੇ ਲਾਜ ਚਰਨ ਛੁਹਾਈ ਦਾਹੜੀ, ਲੱਖ ਚੁਰਾਸੀ ਗੇੜ ਕਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹਰਿ ਸੰਤ ਦੁਲਾਰੇ, ਸਾਚਾ ਨਾਮ ਨਿਸ਼ਾਨ ਤੇਰਾ ਜਗਤ ਝੁਲਾਇੰਦਾ । ਸਚ ਨਿਸ਼ਾਨ ਜਗਤ ਝੁਲਾਉਣਾ । ਰੰਗਣ ਰੰਗ ਸਤਿ ਕਰਾਉਣਾ । ਏਕਾ ਤੱਤ ਹਰਿ ਰਖਾਉਣਾ । ਆਤਮ ਸ਼ਬਦ ਸਾਚਾ ਤੱਤ, ਦੇ ਮਤ ਚਾਰ ਵਰਨਾਂ ਆਪ ਸਮਝਾਉਣਾ । ਪ੍ਰਭ ਅਬਿਨਾਸ਼ੀ ਰੱਖੀ ਪਤ, ਸਿੰਘ ਜਗਦੀਸ਼ ਸ਼ਿਵ ਸ਼ੰਕਰ ਜਾਏ ਸੁਣਾਉਣਾ । ਬਾਲ ਅਵਸਥਾ ਨਾ ਤੁੱਟੇ ਧੀਰਜ ਯਤ, ਰਕਤ ਬੂੰਦ ਏਕਾ ਲੇਖ ਲਿਖਾਉਣਾ । ਆਤਮ ਸ਼ਬਦ ਸਾਚਾ ਸਤਿ, ਸਾਚੀ ਸ਼ਕਤ ਹਰਿ ਦਰ ਘਰ ਬੰਦ ਕਰਾਉਣਾ । ਪੂਰ ਕਰਾਏ ਹਰਿ ਸੇਵਾ ਭਗਤ, ਪੰਚਮ ਪੋਹ ਨੀਂਹ ਰਖਾਉਣਾ । ਮਿਲੇ ਵਡਿਆਈ ਚਾਰ ਜੁਗ ਜਗਤ, ਗੁਰਸਿਖ ਸਾਚੇ ਸੇਵ ਕਮਾਉਣਾ । ਦਰ ਘਰ ਸਾਚੇ ਮਿਲੀ ਮੁਕਤ, ਸਿੰਘ ਜਗਦੀਸ਼ ਤੇਰਾ ਦਰ ਦਰਬਾਰ ਵਿਚ ਮਾਤ ਉਪਜਾਉਣਾ । ਨਿਹਕਲੰਕ ਬਣਾਈ ਸਾਚੀ ਜੁਗਤ, ਉਤਰ ਪੂਰਬ ਪੱਛਮ ਦੱਖਣ ਕਿਸੇ ਹੱਥ ਨਾ ਆਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਮਿਹਰਬਾਨ, ਸਤਾਰਾਂ ਹਾੜੀ ਫੁੱਲ ਫੁੱਲਵਾੜੀ ਵਿਚ ਮਾਤ ਲਗਾਏ, ਸ਼ਬਦ ਡੰਡਾ ਵਿਚ ਨਵ ਖੰਡਾਂ ਸਿੰਘ ਪ੍ਰੀਤਮ ਤੇਰੇ ਹੱਥ ਫੜਾਉਣਾ । ਸ਼ਬਦ ਡੰਡਾ ਲੈਣਾ ਫੜ । ਸਾਚੇ ਪੌੜੇ ਜਾਣਾ ਚੜ੍ਹ । ਸਾਧ ਸੰਤ ਕੋਈ ਅੱਗੇ ਨਾ ਸਕੇ ਅੜ । ਗੁਰੂਆਂ ਪੀਰਾਂ ਜੋਤ ਦਏ ਨਿਰੰਕਾਰ, ਖ਼ਾਲੀ ਦਿਸਣ ਧੜ । ਸਚ ਬਣਾਏ ਦਰ ਦਰਬਾਰ, ਆਪ ਅੰਦਰ ਬੈਠੇ ਵੜ । ਲੱਖ ਚੁਰਾਸੀ ਭੌਂਦੀ ਫਿਰੇ ਬਾਹਰ, ਸ਼ਬਦ ਤੀਰ ਵੱਜੇ ਕੜ ਕੜ । ਗੁਰਮੁਖਾਂ ਪੈਜ ਹਰਿ ਰਿਹਾ ਸਵਾਰ, ਦਰ ਦਵਾਰੇ ਅੱਗੇ ਖੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਲਤਾਨ ਅੱਠੇ ਪਹਿਰ ਸ਼ਬਦ ਘੋੜ ਚੜ੍ਹ । ਪੰਚਮ ਪੋਹ ਭਗਤ ਵਡਿਆਈਆ । ਜਨ ਭਗਤਾਂ ਮਿਟੇ ਦੁੱਖ ਰੰਜ, ਸਵੇਰ ਸੰਝ ਇਕ ਰਖਾਈਆ । ਨਾ ਕੋਈ ਦਿਸੇ ਧਾਰ ਮੰਝ, ਪ੍ਰਭ ਬੇੜਾ ਪਾਰ ਕਰਾਈਆ । ਸ਼ਬਦ ਰੱਖੇ ਸਾਚਾ ਵੰਞ, ਗੁਰਮੁਖਾਂ ਹੱਥ ਫੜਾਈਆ । ਛੱਬੀ ਪੋਹ ਗੁਰਮੁਖਾਂ ਚੜ੍ਹਨੀ ਸਾਚੀ ਜੰਞ, ਲਾੜੀ ਮੌਤ ਜਿਨ ਵਿਆਹੀਅ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਡੇਰਾ ਲਾਏ, ਸਾਧਾਂ ਸੰਤਾਂ ਗੁਰੂਆਂ ਪੀਰਾਂ, ਜੋਤੀ ਨੂਰਾ ਜੋਤੀ ਖਿੱਚ ਲਿਆਈਆ । ਸਾਚੀ ਬਣਤ ਆਪ ਬਣਾਉਣੀ ਛੱਬੀ ਪੋਹ, ਤੁੱਟੇ ਜਗਤ ਜੰਜ਼ਾਲਾ ਝੂਠਾ ਮੋਹ, ਪੂਰ ਕਰਾਏ ਵੇਖ ਵਖਾਏ ਮਾਤ ਪਤਾਲ ਪ੍ਰਿਥਮੀ ਅਕਾਸ਼ । ਮਾਤ ਪਤਾਲ

ਪ੍ਰਿਥਮੀ ਅਕਾਸ਼ੇ । ਕਰੇ ਖੇਲ ਵਿਚ ਪਰਵਾਸੇ । ਨੌਂ ਅਠਾਰਾਂ ਬਣੇ ਬਣਤ, ਲੇਖ ਲਿਖਤ ਲਿਲਾਟ ਲਿਖਾਸੇ । ਦਰ ਘਰ ਵਡਿਆਈ ਸਾਚੇ ਆਵਣ ਜਾਵਣ ਚੁੱਕੇ ਝੇੜਾ, ਦਹਿ ਦਿਸ਼ ਦਸ ਮਾਸੇ । ਹਰਿ ਹਰਿ ਜੀ ਬੰਨ੍ਹੇ ਬੇੜਾ, ਨਿਜ ਘਰ ਆਤਮ ਰੱਖੇ ਵਾਸੇ । ਵਸਦਾ ਰਹੇ ਨਗਰ ਖੇੜਾ, ਗੁਰਮੁਖਾਂ ਜਨਮ ਹੋਇਆ ਰਹਿਰਾਸੇ । ਕਲਜੁਗ ਜੀਵ ਝੂਠਾ ਝੇੜਾ, ਲੱਖ ਚੁਰਾਸੀ ਅੰਤਮ ਨਾਸੇ । ਹਰਿ ਹਰਿ ਕਾ ਭਾਣਾ ਮੇਟੇ ਕਿਹੜਾ, ਏਕਾ ਏਕ ਪੁਰਖ ਅਬਿਨਾਸ਼ੇ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਮਾਤ ਕਰਾਏ, ਗੁਰਮੁਖ ਸਾਚੇ ਲੇਖੇ ਲਾਏ, ਇੰਦਲੋਕ ਸ਼ਿਵਲੋਕ ਧਾਮ ਬਹਾਏ, ਬ੍ਰਹਮਲੋਕ ਰਖਾਏ ਸਿੰਘ ਪਾਲ ਵਾਸੇ । ਵਸੇ ਧਾਮ ਨਰ ਨਿਰੰਕਾਰਿਆ । ਅੰਮ੍ਰਿਤ ਪਿਆਏ ਸਾਚਾ ਜਾਮ, ਗੁਰਮੁਖਾਂ ਕਰ ਪਿਆਰਿਆ । ਲੇਖੇ ਲਾਏ ਕਾਇਆ ਚਾਮ, ਵਸਾਏ ਸਚ ਦਰਬਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਦਵਾਰਾ, ਜਨ ਭਗਤ ਭਗਤ ਜਨ ਸਦਾ ਭਿਖਾਰਾ, ਦੇਵਣਹਾਰ ਹਰਿ ਗਿਰਧਾਰਿਆ । ਤੇਗ ਬਹਾਦਰ ਸੇਵ ਕਮਾਈ । ਚਿੱਟੀ ਚਾਦਰ ਧਰਮ ਵਿਛਾਈ । ਪ੍ਰਭ ਅਬਿਨਾਸ਼ੀ ਕੀਆ ਆਦਰ, ਸਿੰਘ ਪਾਲ ਜਨਮ ਦਵਾਈ । ਕਰੀ ਖੇਲ ਕਰਤੇ ਕਾਦਰ, ਨਿਹਕਲੰਕੀ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸੇਵਾ ਅਲਖ ਅਭੇਵਾ, ਦੇਵੀ ਦੇਵਾ ਰਿਹਾ ਪੂਰ ਕਰਾਈ । ਗੁਰ ਪੂਰੇ ਜਨਮ ਦਵਾਇਆ । ਵਡ ਸੂਰੇ ਹਰਿ ਸਰਨ ਲਗਾਇਆ । ਕਾਰਜ ਕਰੇ ਮਾਤ ਪੂਰੇ, ਮਰਨ ਡਰਨ ਜਗਤ ਚੁਕਾਇਆ । ਸਰਬ ਕਲਾ ਆਪ ਭਰਪੂਰੇ, ਪਿਤਾ ਪੂਤ ਹਰਿ ਜੋਤ ਟਿਕਾਇਆ । ਬੇਮੁਖਾਂ ਕਲ ਦਿਸੇ ਦੂਰੇ, ਗੁਰ ਗੋਬਿੰਦ ਕਲ ਜਾਮਾ ਪਾਇਆ । ਜੋਤ ਨਿਰੰਜਣ ਸਾਚੀ ਨੂਰੇ, ਪ੍ਰਭ ਅਬਿਨਾਸ਼ੀ ਝੋਲੀ ਪਾਇਆ । ਸਮਰਥ ਪੁਰਖ ਸਦਾ ਉਡੀਕੇ, ਸਿੰਘ ਪੂਰਨ ਹਰਿ ਨਾਮ ਉਪਜਾਇਆ । ਨਿਹਕਲੰਕ ਕਲ ਆਸਾ ਪੂਰੇ, ਆਪਣਾ ਭੇਵ ਆਪਣੇ ਹੱਥ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਅੰਤ ਭੁਲੇਖਾ, ਅੰਤਮ ਦਏ ਮਿਟਾਇਆ । ਪਿਛਲਾ ਲੇਖਾ ਹਰਿ ਮੁਕਾਇੰਦਾ । ਭਗਤ ਭੁਲੇਖਾ ਅੰਤ ਕਢਾਇੰਦਾ । ਨਾ ਕੋਈ ਜਾਣੇ ਪੀਰ ਔਲੀਆ ਸ਼ੇਖ਼ਾ, ਸਾਧ ਸੰਤ ਨਾ ਕਿਸੇ ਜਣਾਇੰਦਾ । ਆਪੇ ਲਿਖੀ ਧੁਰ ਮਸਤਕ ਰੇਖਾ, ਲੇਖਾ ਆਪ ਲਿਖਾਇੰਦਾ । ਕਲਜੁਗ ਅੰਤਮ ਧਾਰੇ ਭੇਖਾ, ਜੋਤੀ ਜਾਮਾ ਹਰਿ ਵਟਾਇੰਦਾ । ਗੁਰ ਗੋਬਿੰਦ ਤੇਰੇ ਲਿਖੇ ਲੇਖਾ, ਹਰਿ ਲੇਖਾ ਲੇਖ ਲਿਖਤ ਪੂਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਤਰ ਨੈਣ ਲੋਚਨ ਜਿਸ ਜਨ ਪੇਖਾ, ਲੱਖ ਚੁਰਾਸੀ ਜਮ ਕੀ ਫਾਸੀ, ਅੰਤਮ ਕਲ ਕਟਾਇੰਦਾ । ਗੁਰ ਗੋਬਿੰਦੇ ਖੇਲ ਅਪਾਰੇ । ਵਾਲੀ ਹਿੰਦੇ ਵਿਚ ਸੰਸਾਰੇ । ਵਾਲੀ ਹਿੰਦੇ ਲਾਲ ਦੁਲਾਰੇ । ਸਚ ਨੌਂ ਚੰਦੇ ਨੀਹਾਂ ਵਿਚ ਉਸਾਰੇ । ਪ੍ਰਭ ਆਪ ਬਣਾਏ ਸਾਚੀ ਬਿੰਦੇ, ਅੰਤਮ ਕਲ ਪਾਏ ਸਾਰੇ । ਕਰੇ ਖੇਲ ਹਰਿ ਗੁਣੀ ਗਹਿੰਦੇ, ਜਗਾਏ ਜੋਤ ਅਪਰ ਅਪਾਰੇ । ਆਪ ਮਿਟਾਏ ਸਗਲੀ ਚਿੰਦੇ, ਕਰੇ ਖੇਲ ਨਰ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਲੇਖਾ ਆਣ ਚੁਕਾਏ ਦੇਵੇ ਮਾਣ ਵਿਚ ਮਾਤ ਜਨਮ ਸੰਸਾਰੇ । ਮਾਤਲੋਕ ਹਰਿ ਜਨਮ ਦਵਾਇਆ । ਲੋਕ ਪ੍ਰਲੋਕ ਥਾਂ ਸੁਹਾਇਆ । ਸਾਚੀ ਪੁਰੀਆਂ ਆਣ ਰਖਾਇਆ । ਸ਼ਬਦ ਬਾਣ ਇਕ ਚਲਾਇਆ । ਮਾਣ ਤਾਣ ਸਚ ਨਿਸ਼ਾਨ, ਸ਼ਬਦ ਬਬਾਣ ਹੱਥ ਫੜਾਇਆ । ਵੇਖ ਵਖਾਣੇ ਚਤੁਰ ਸੁਜਾਨ, ਜੋਤੀ ਨੂਰ ਕੋਟਨ ਭਾਨ, ਅਕਾਸ਼ ਪਤਾਲ ਗਗਨ ਰਹਾਇਆ । ਲੱਖ ਚੁਰਾਸੀ ਪੁਣ ਛਾਣ, ਦਰ ਘਰ ਸਾਚੇ ਵੇਖ ਵਖਾਣੇ, ਬਾਲ ਅੰਞਾਣੇ ਲੇਖੇ ਲਾਇਆ । ਸ੍ਰਿਸ਼ਟ ਸਬਾਈ ਸੁੰਞ ਮਸਾਣ, ਕਲਜੁਗ ਅੰਤਮ ਆਈ ਹਾਨ, ਸਿੰਘ

੬੫੮
੦੪

ਜਗਦੀਸ਼ ਤੇਰਾ ਦਰ ਦਵਾਰ ਇਕ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਨੀਂਹ ਰਖਾਇਆ ।

❇ ੧੯ ਮੱਘਰ ੨੦੧੧ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ❇

ਹਰਿ ਸ਼ਬਦ ਜਗਤ ਜਗਦੀਸ਼ । ਨੌਂ ਅਠਾਰਾਂ ਬਾਰਾਂ ਤੀਸ । ਚੁੱਕੇ ਭੇਵ ਰਾਗ ਛਤੀਸ । ਕਲਜੁਗ ਵੇਸ ਬੀਸ ਇਕੀਸ । ਛਤਰ ਝੁੱਲੇ ਹਰਿ ਸਾਚੇ ਸੀਸ । ਸਰਨ ਲਗਾਏ ਹਰਿ ਰਘੁਰਾਏ ਮੂਸ ਈਸ । ਕੁਰਾਨ ਅੰਜ਼ੀਲ ਰਹਿਣ ਨਾ ਪਾਏ, ਸੋਹੰ ਸ਼ਬਦ ਸਚ ਹਦੀਸ । ਥਾਣਾ ਤਹਿਸੀਲ ਸਰਬ ਮਿਟ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਨਾ ਕੋਈ ਕਰੇ ਰੀਸ । ਕਲ ਕਲੰਦਰ, ਕਲ ਜਾਮਾ ਪਾਇਆ । ਜਗੀ ਜੋਤ ਅੰਦਰੇ ਅੰਦਰ, ਗੁਰਦਵਾਰੇ ਮੰਦਰ, ਕਿਸੇ ਹੱਥ ਨਾ ਆਇਆ । ਲੱਖ ਚੁਰਾਸੀ ਭੌਂਦੇ ਬੰਦਰ, ਗੋਰਖ ਮਛੰਦਰ, ਉਚੇ ਟਿੱਲੇ ਆਸਣ ਲਾਇਆ । ਆਤਮ ਵੱਜਾ ਹੰਕਾਰੀ ਜੰਦਰ, ਅੰਤਮ ਕਲ ਨਾ ਕੋਇ ਤੁੜਾਇਆ । ਰੈਣ ਅੰਧੇਰੀ ਡੂੰਘੀ ਕੰਦਰ, ਸਾਕ ਸੈਣ ਨਾ ਕੋਈ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਪਕ ਜੋਤੀ ਇਕ ਜਗਾਇਆ । ਦੀਪਕ ਜੋਤੀ ਹਰਿ ਪ੍ਰਕਾਸ਼ । ਗੁਰਮੁਖ ਹਿਰਦੇ ਰੱਖੇ ਵਾਸ । ਅਲਖ ਨਾ ਲਖੇ, ਹਰਿ ਸ਼ਬਦ ਸਵਾਸ । ਪਤਿ ਮਾਤ ਰੱਖੇ ਹੋਇਆ ਦਾਸ । ਚਾਰ ਕੁੰਟ ਭੌਂਦੇ ਵੇਖੇ, ਲੇਖਾ ਦੇਣਾ ਦਸ ਮਾਸ । ਚਾਰੇ ਕੁੰਟਾਂ ਹੋਣ ਸਖੇ, ਉਲਟੇ ਰੁੱਖ ਗਰਭਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਪੀਰ ਔਲੀਏ ਰਾਹ ਸਾਚਾ ਦੱਸੇ, ਮਿਲੇ ਮੇਲ ਹਰਿ ਅਬਿਨਾਸ਼ । ਹਰਿ ਅਬਿਨਾਸ਼ੀ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਜੋਤੀ ਨੂਰ ਇਕ ਕਰਾਇੰਦਾ । ਘਨਕ ਪੁਰ ਵਾਸੀ, ਸ਼ਬਦ ਧਾਰ ਵਿਚ ਸੰਸਾਰ, ਏਕਾ ਏਕ ਰਖਾਇੰਦਾ । ਮੇਟ ਮਿਟਾਏ ਮਦਿਰਾ ਮਾਸੀ, ਸ਼ਬਦ ਸਵਾਸੀ ਚਰਨ ਰਖਾਇੰਦਾ । ਭੁੱਲੇ ਰੁਲੇ ਜੀਵ ਕਰਨ ਹਾਸੀ, ਛੱਬੀ ਪੋਹ ਬਣਤ ਬਣਾਇੰਦਾ । ਚਾਰ ਵਰਨਾਂ ਕਰੇ ਦਾਸੀ, ਰਾਜੇ ਰਾਣਿਆਂ ਨੱਥ ਪਵਾਇੰਦਾ । ਪੰਡਤ ਪਕੜ ਉਠਾਏ ਕਾਸ਼ੀ, ਸ਼ਬਦ ਤੀਰ ਇਕ ਚਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਣਾ ਆਪਣਾ ਭਾਣਾ ਬੇਮੁਹਾਣਾ, ਅੰਤਮ ਕਲ ਆਪਣੇ ਹੱਥ ਰਖਾਇੰਦਾ । ਭਾਣਾ ਰੱਖੇ ਹੱਥ, ਜਗਤ ਭੁਲਾਇਆ । ਸ੍ਰਿਸ਼ਟ ਸਬਾਈ ਰਿਹਾ ਮਥ, ਰੰਕ ਰਾਜਾਨਾ ਸ਼ਾਹ ਸੁਲਤਾਨਾ ਹਰਿ ਮਿਹਰਵਾਨਾ ਖ਼ਾਕ ਰੁਲਾਇਆ । ਜਗਤ ਚਲਾਏ ਸ਼ਬਦ ਅਕੱਥ, ਸੋਹੰ ਨਾਉਂ ਰਖਾਇਆ । ਇਕ ਰਖਾਏ ਸਾਚਾ ਰਥ, ਗੁਰਸਿਖਾਂ ਲਏ ਚੜ੍ਹਾਇਆ । ਬੇਮੁਖਾਂ ਸੀਆਂ ਸਾਢੇ ਤਿੰਨ ਹੱਥ, ਮੰਦਰ ਮਾੜੀ ਕੋਈ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਸੋਲਾਂ ਕਲੀਆਂ ਕਰ ਸ਼ਿੰਗਾਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਵੇਖ ਵਖਾਣੇ ਸਰਬ ਕਿਛ ਜਾਣੇ, ਏਕਾ ਸ਼ਬਦ ਮਰਦੰਗ ਵਜਾਇਆ । ਸ਼ਬਦ ਮਰਦੰਗ ਹਰਿ ਵਜਾਉਣਾ । ਗੁਰਮੁਖ ਸਾਚੇ ਸਾਚਾ ਸੰਗ, ਤੇਰਾ ਅੰਤਮ ਹਰਿ ਪੂਰੇ ਆਪ ਨਿਭਾਉਣਾ । ਸ਼ਬਦ ਘੋੜੇ ਕਸ ਤੰਗ, ਚਾਰ ਕੁੰਟ ਦਹਿ ਦਿਸ਼ ਪਵਣ ਸਰੂਪੀ ਆਪ ਤਜਾਉਣਾ । ਕਲਜੁਗ ਜੀਵ ਭੰਨੇ ਕਾਚੀ ਵੰਗ, ਹੋਏ ਸੰਗ ਨਾ ਕਿਸੇ ਛੁਡਾਉਣਾ । ਲੱਖ ਚੁਰਾਸੀ ਹੋਣੀ ਭੰਗ, ਸ਼ਬਦ ਪੜਦਾ ਕਿਸੇ ਨਾ ਪਾਉਣਾ । ਪਾਰ ਬਿਆਸੋਂ ਜਾਣਾ ਲੰਘ, ਬੇਮੁਹਾਣਾ ਬੇੜਾ ਅੰਤਮ ਕਲ ਡੁਬਾਉਣਾ । ਇਕ ਚੜ੍ਹਾਏ ਸਾਚਾ ਰੰਗ, ਗੁਰਮੁਖਾਂ ਮੰਗੀ ਸਾਚੀ ਮੰਗ, ਰਾਜ ਰਾਜਾਨ ਕਿਸੇ ਹੱਥ ਨਾ ਆਉਣਾ ।


੬੫੯
੦੪

ਵਡ ਦਾਤਾ ਸੂਰਾ ਸਰਬੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸੰਤ ਸੁਹੇਲਾ ਸਾਚਾ ਮੇਲਾ, ਇਕ ਇਕੇਲਾ, ਦਰ ਘਰ ਸਾਚੇ ਆਪਣਾ ਆਪ ਕਰਾਉਣਾ । ਹਰਿ ਸਾਚਾ ਮੇਲ ਮਿਲਾਏ, ਤਨ ਸ਼ਿੰਗਾਰਿਆ । ਏਕਾ ਸ਼ਬਦ ਤੇਲ ਚੜ੍ਹਾਏ, ਕਲਜੁਗ ਤੇਰੀ ਅੰਤਮ ਵਾਰਿਆ । ਏਕਾ ਆਪਣਾ ਖੇਲ ਵਖਾਏ, ਜੋਤ ਜਗਾਏ ਵਿਚ ਸੰਸਾਰਿਆ । ਗੁਰੂਆਂ ਪੀਰਾਂ ਦਏ ਹਿਲਾਏ, ਸ਼ਬਦ ਖੰਡਾ ਇਕ ਉਠਾ ਰਿਹਾ । ਸਾਧਾਂ ਸੰਤਾਂ ਹਰਿ ਜਗਾਏ, ਨਾਮ ਹਲੂਣਾ ਏਕਾ ਮਾਰਿਆ । ਫੜ ਫੜ ਬਾਹੋਂ ਰਾਹੇ ਪਾਏ, ਸ਼ਬਦ ਡੰਡਾ ਹੱਥ ਫੜਾ ਰਿਹਾ । ਇਕ ਵਖਾਏ ਸਾਚਾ ਥਾਏਂ, ਧੁਰ ਦਰਗਾਹੀ ਸਾਚਾ ਮਾਹੀ ਬੇਪ੍ਰਵਾਹੀ, ਲੋਕਮਾਤ ਜੋਤ ਜਗਾ ਰਿਹਾ । ਸ੍ਰਿਸ਼ਟ ਸਬਾਈ ਆਤਮ ਰਥਵਾਹੀ, ਅੱਠੇ ਪਹਿਰ ਦਿਵਸ ਰੈਣ ਕਾਇਆ ਆਪ ਚਲਾ ਰਿਹਾ । ਅੰਤਮ ਲੇਖਾ ਚੁੱਕੇ ਲਹਿਣ ਦੇਣ ਝੂਠੇ ਛੱਡੇ ਭਾਈ ਭੈਣ ਸਾਕ ਸੈਣ ਇਕ ਅਖਵਾ ਰਿਹਾ । ਜਨ ਭਗਤਾਂ ਖੋਲ੍ਹੇ ਸਾਚੇ ਨੈਣ, ਤੀਜਾ ਨੇਤਰ ਕਾਇਆ ਖੇਤਰ, ਆਪਣਾ ਆਪ ਖੁਲ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਤ ਬਣਾਏ ਪਹਿਲੀ ਚੇਤਰ, ਫੁੱਲ ਫੁੱਲਵਾੜੀ ਮਾਤ ਲਗਾ ਰਿਹਾ ।

❇ ੧੯ ਮੱਘਰ ੨੦੧੧ ਬਿਕ੍ਰਮੀ ਸਤਿਗੁਰ ਪ੍ਰਤਾਪ ਸਿੰਘ ਵਾਸਤੇ ਸ਼ਬਦ ਭਲਾਈਪੁਰ ਜ਼ਿਲਾ ਅੰਮ੍ਰਿਤਸਰ ❇

ਜਗਤ ਨੇਤਰ ਗੁਰ ਖੋਲ੍ਹ । ਸ਼ਬਦ ਸਰੂਪੀ ਹਰਿ ਨਰ ਨਰ ਹਰਿ ਬਿਨ ਰੰਗ ਰੂਪੀ, ਕਵਣ ਦਵਾਰਾ ਕਿਸ ਵਸੇ ਕੋਲ । ਏਕਾ ਜੋਤ ਸਤਿ ਸਰੂਪੀ, ਧੁਨ ਨਾਦ ਅਨਾਹਦ ਧੁਨ ਕਵਣ ਦਵਾਰੇ ਵੱਜੇ ਢੋਲ । ਦੋ ਜਹਾਨਾਂ ਹਰਿ ਸੁਲਤਾਨਾਂ ਸ਼ਾਹੋ ਭੂਪੀ, ਕਵਣ ਨਾਮ ਕਾਇਆ ਤਨ ਚਾਮ, ਆਦਿ ਅੰਤ ਇਕ ਅਨਮੋਲ । ਲੱਖ ਚੁਰਾਸੀ ਸ੍ਰਿਸ਼ਟ ਸਬਾਈ ਲੋਕਮਾਤੀ ਅੰਧ ਕੂਪੀ, ਕਵਣ ਗੁਰਮੁਖ ਤੁਲੇ ਪੂਰੇ ਤੋਲ । ਜੋਤੀ ਜੋਤ ਸਰੂਪ ਹਰਿ, ਨੂਰ ਨੁਰਾਨਾ ਏਕਾ ਗੁਰਦਵਾਰਾ ਵਡਾ ਸੰਸਾਰਾ, ਭਗਤ ਭੰਡਾਰਾ ਰਿਹਾ ਖੋਲ੍ਹ । ਭਗਤ ਭੰਡਾਰਾ ਹਰਿ ਖੁਲ੍ਹਾਇਆ । ਕਲਜੁਗ ਅੰਤਮ ਵਾਰ, ਅਚਰਜ ਖੇਲ ਮਾਤ ਕਰਾਇਆ । ਗੁਰਮੁਖ ਸਾਚੇ ਕਰ ਪਿਆਰ, ਜੋਤੀ ਮੇਲ ਹਰਿ ਮਿਲਾਇਆ । ਸ਼ਬਦ ਬਖ਼ਸ਼ੀ ਸਾਚੀ ਧਾਰ, ਬੱਤੀ ਧਾਰ ਦਏ ਬਖ਼ਸ਼ਾਇਆ । ਅੰਮ੍ਰਿਤ ਦੇਵੇ ਠੰਡਾ ਠਾਰ, ਨਿੱਝਰ ਰਸ ਕੋਟ ਰਵ ਸੱਸ, ਕਾਇਆ ਗਗਨ ਅਕਾਸ਼ ਵਖਾਇਆ । ਪੁਰਖ ਅਬਿਨਾਸ਼ੀ ਹੋਇਆ ਵਸ, ਰਾਹ ਸਾਚਾ ਮਾਤ ਰਿਹਾ ਦੱਸ, ਭਗਤ ਸੁਹੇਲਾ ਕਿਸੇ ਹੱਥ ਨਾ ਆਇਆ । ਸ਼ਬਦ ਤੀਰ ਰਿਹਾ ਕਸ, ਬੇਮੁਖ ਦਰ ਤੋਂ ਜਾਣ ਨੱਸ, ਗੁਰਮੁਖਾਂ ਹਰਿ ਹੋਇਆ ਵਸ, ਬਾਹੋਂ ਪਕੜ ਗਲੇ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਉਨੀਂ ਮੱਘਰ ਸਿੰਘ ਗੁਰਮੁਖ ਸਚ ਸਿੰਘਾਸਣ ਹਰਿ ਡੇਰਾ ਲਾਇਆ । ਸਚ ਸਿੰਘਾਸਣ ਹਰਿ ਸੁਹਾਏ । ਸ਼ਬਦ ਜੋਤੀ ਖੇਲ ਰਚਾਏ । ਮਾਣਕ ਮੋਤੀ ਗੁਰਸਿਖ ਬਣਾਏ । ਦੁਰਮਤ ਮੈਲ ਕਾਇਆ ਧੋਤੀ, ਅੰਮ੍ਰਿਤ ਆਤਮ ਇਕ ਪਿਆਏ । ਏਕਾ ਨੂਰ ਏਕਾ ਜੋਤੀ, ਕਾਇਆ ਮਹੱਲ ਸਦਾ ਅਟੱਲ, ਸਾਚਾ ਦੀਪਕ ਇਕ ਜਗਾਏ । ਆਪ ਕਰਾਏ ਵਲ ਛਲ, ਵਸੇ ਨਿਹਚਲ ਧਾਮ ਅਟਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤਕ ਟਿੱਕਾ ਨਾਮ ਲਗਾਏ । ਮਸਤਕ ਨਾਮ ਭਗਤ ਰੇਖਾ । ਕਾਇਆ ਚਾਮ ਜਗਤ ਭੁਲੇਖਾ । ਸਾਚਾ ਦਾਮ ਅੰਤਮ ਅੰਤ ਹਰਿ ਸਾਚੇ ਪੇਖਾ । ਪੂਰ ਕਰਾਏ ਪ੍ਰਭ ਸਾਚਾ ਕਾਮ, ਮੇਟ ਮਿਟਾਏ

ਬਿਧਨਾ ਰੇਖਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਭਾਗਾ ਵਡ ਵਡਭਾਗਾ, ਕਲਜੁਗ ਅੰਤਮ ਜੋਤੀ ਜਾਗਾ, ਸ਼ਬਦ ਚਲਾਏ ਇਕ ਅਨੁਰਾਗਾ, ਜਗਤ ਭਗਤ ਮੀਤ ਬਣਾਏ । ਬਣਾਈ ਬਣਤ ਜਗਤ ਵਡਿਆਈਆ । ਸਾਧ ਸੰਤ ਕਿਸੇ ਹੱਥ ਨਾ ਆਈਆ । ਹਰਿਜਨ ਮੇਲ ਮਿਲਾਵਾ ਸਾਚੇ ਕੰਤ, ਕੰਤ ਸੁਹਾਗੀ ਮਿਲਿਆ ਮੇਲ ਹਰਿ ਰਘੁਰਾਈਆ । ਕਲਜੁਗ ਭੁੱਲੇ ਜੀਵ ਜੰਤ, ਸਾਚਾ ਦਾਮਨ ਨਾ ਕੋਈ ਕਿਸੇ ਫੜਾਈਆ । ਕਲਜੁਗ ਵੇਲਾ ਆਇਆ ਅੰਤ, ਗੁਰ ਪੂਰਾ ਗੁਰਮੁਖਾਂ ਲੇਖ ਲਿਖਾਈਆ । ਕਲਜੁਗ ਮਾਇਆ ਪਾਏ ਬੇਅੰਤ, ਬੇਮੁਖਾਂ ਮਾਇਆ ਪੜਦਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਨਿਰੰਜਣ ਸਤਿ ਸਵਾਮੀ, ਸੱਜਣ ਮੀਤ ਮੁਰਾਰਾ ਹਰਿ ਨਿਰੰਕਾਰਾ, ਲੋਆਂ ਪੁਰੀਆਂ ਬੰਨ੍ਹੇ ਧਾਰਾ, ਗੁਰੂਆਂ ਪੀਰਾਂ ਪਾਵੇ ਸਾਰਾ, ਰਸਨਾ ਕਮਾਨ ਹਰਿ ਬਲਵਾਨ ਵਿਚ ਜਹਾਨ, ਆਪਣੀ ਆਪ ਉਠਾਈਆ । ਰਸਨ ਕਮਾਨ ਬਲੀ ਬਲਵਾਨਿਆ । ਚਲੇ ਤੀਰ ਨਿਸ਼ਾਨ ਵਾਲੀ ਦੋ ਜਹਾਨਿਆ । ਰਾਜ ਰਾਜਾਨ ਸ਼ਾਹ ਸੁਲਤਾਨ, ਤਖ਼ਤ ਤਾਜ ਨਾ ਕੋਈ ਬਚਾਨਿਆ । ਗੁਰਮੁਖ ਸਾਚੇ ਸੰਤ ਜਨਾਂ ਦੇਵੇ ਮਾਣ, ਹਰਿ ਪਛਾਣ ਚਲੇ ਚਲਾਏ ਆਪਣੇ ਭਾਣਿਆ । ਆਪੇ ਗੋਪੀ ਆਪੇ ਕਾਹਨ ਹਰਿ ਭਗਵਾਨ, ਲੱਖ ਚੁਰਾਸੀ ਛਾਣੇ ਪੁਣੇ, ਅੰਦਰ ਬਾਹਰ ਵੇਖ ਵਖਾਣਿਆ । ਜਨ ਭਗਤਾਂ ਦੇਵੇ ਸ਼ਬਦ ਦਾਨ, ਆਤਮ ਜੋਤੀ ਸਾਚਾ ਨੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਵਡ ਹਰਿ ਮਿਹਰਬਾਨਿਆ । ਕਵਣ ਦਰ ਕਵਣ ਦਵਾਰਾ । ਕਵਣ ਘਰ ਕਵਣ ਪਸਾਰਾ । ਕਵਣ ਨਰ ਕਵਣ ਜੋਤ ਅਧਾਰਾ । ਨਾ ਜਨਮੇ ਨਾ ਜਾਏ ਮਰ, ਕਿਸ ਵਸੇ ਸਚ ਦਵਾਰਾ । ਜੋਤੀ ਜੋਤ ਸਰੂਪ ਹਰਿ, ਕਵਣ ਰੰਗ ਜਗਤ ਸੰਗ, ਮਿਲੇ ਮੇਲ ਹਰਿ ਕੰਤ ਭਤਾਰਾ । ਕਵਣ ਰਾਮ ਰਹਿਮਾਨ, ਜਗਤ ਗੁਰ ਚੇਲਿਆ । ਕਵਣ ਦੇਵੇ ਜੀਆ ਦਾਨ, ਆਤਮ ਮੇਲਾ ਜਿਸ ਜਨ ਮੇਲਿਆ । ਕਵਣ ਹੀਆ ਮਿਲੇ ਭਗਵਾਨ, ਅੰਤਮ ਬਣੇ ਸਾਚਾ ਬੇਲੀਆ । ਕਵਣ ਝੁਲੇ ਸਚ ਨਿਸ਼ਾਨ, ਚਾਰ ਕੁੰਟ ਦਹਿ ਦਿਸ਼ ਰੰਗ ਨਵੇਲਿਆ । ਕਵਣ ਚਲੇ ਜਗਤ ਬਾਣ, ਗੁਰ ਸਾਚੇ ਸਤਿਗੁਰ ਪੂਰੇ, ਕਵਣ ਵਖਾਣੇ ਕਵਣ ਜਾਣੇ, ਬਨ ਬਨਵਾਲੀ ਅਚਰਜ਼ ਖੇਲ ਖੇਲਿਆ । ਕਵਣ ਧਾਮ ਗੁਰ ਸਤਿਗੁਰ ਵਸੇਰਾ । ਕਵਣ ਨਾਮ ਜਗਤ ਕਰੇ ਨਿਬੇੜਾ । ਕਵਣ ਚਾਮ ਸੁਹਾਏ ਕਾਇਆ ਨਗਰ ਖੇੜਾ । ਕਵਣ ਦਾਮ ਬੰਨ੍ਹੇ ਲਾਏ ਬੇੜਾ । ਕਵਣ ਕਾਮ ਚੁੱਕੇ ਚੁਰਾਸੀ ਝੇੜਾ । ਕਵਣ ਰਾਮ ਵਖਾਏ ਖੁਲ੍ਹਾ ਵਿਹੜਾ । ਕਵਣ ਤਾਮ ਜਗਤ ਜੀਵ ਖਾਏ, ਛੁੱਟੇ ਪੰਜਾਂ ਝੇੜਾ । ਗੁਰ ਸਤਿਗੁਰ ਸਾਚੇ ਅੰਤਮ ਕਰਨਾ ਇਕ ਨਿਬੇੜਾ । ਸਤਿਗੁਰ ਸਚ ਸਹਿਜ ਸੁਖ ਧਾਰੇ । ਕਾਇਆ ਮਾਟੀ ਭਾਂਡੇ ਕੱਚ, ਨੂਰੀ ਜੋਤ ਇਕ ਨਿਰੰਕਾਰੇ । ਅਗਨ ਬਸੰਤਰ ਜਾਣੀ ਮੱਚ, ਕੋਈ ਨਾ ਹੋਏ ਜਗਤ ਸਹਾਰੇ । ਗੁਰ ਸਤਿਗੁਰ ਜਗ ਸੱਚ, ਕਵਣ ਬਿਧ ਕਲ ਉਤਰੇ ਪਾਰੇ । ਕਲ ਕਲਿਆਣਾ ਜਗਤ ਵਖਾਈਆ । ਜੀਵ ਨਿਧਾਨਾ ਸਾਚਾ ਰਾਹ ਦਿਸ ਨਾ ਆਈਆ । ਵੱਜੇ ਸ਼ਬਦ ਤੀਰ ਨਿਸ਼ਾਨਾ, ਹੱਥੀਂ ਗਾਨਾ ਇਕ ਬੰਨ੍ਹਾਈਆ । ਮਿਲੇ ਮੇਲ ਹਰਿ ਭਗਵਾਨਾ, ਜੋਤੀ ਨੂਰ ਸ਼ਬਦ ਸਵਾਈਆ । ਹੋਏ ਸਹਾਈ ਵਾਲੀ ਦੋ ਜਹਾਨਾਂ, ਧਰਮ ਰਾਏ ਫੰਦ ਕਟਾਈਆ । ਕਵਣ ਜੋਤੀ ਹਰਿ ਪਹਿਰੇ ਬਾਣਾ, ਕਵਣ ਸ਼ਬਦ ਧਾਰ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਿੰਘ ਪ੍ਰਤਾਪ ਸਚ ਜਾਪ, ਸਾਚੇ ਦਰ ਸਾਚੇ ਘਰ, ਆਪਣਾ ਆਪ ਦਏ ਖੁਲ੍ਹਾਈਆ । ਦਰ ਦਵਾਰ ਜਾਪ ਜਪਾਉਣਾ । ਗੁਰਮੁਖ ਗੁਰਸਿਖ ਸਚ ਘਰ ਬਾਹਰ, ਏਕਾ ਇਕ ਵਸਾਉਣਾ । ਨਾ ਹੋਏ ਬੰਦ ਕਵਾੜ, ਤੱਤੀ ਵਾ ਨਾ ਜੇਠ ਹਾੜ, ਅੰਮ੍ਰਿਤ ਧਾਰ ਇਕ ਵਗਾਉਣਾ । ਜੋਤੀ ਜਗੇ


੬੬੧
੦੪

ਬਹੱਤਰ ਨਾੜ, ਦੀਪਕ ਸਾਚਾ ਨਾਮ ਜਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਲੇਖ ਗੁਰ ਪੂਰਾ ਵੇਖ, ਤੇਰੇ ਮਸਤਕ ਤੀਰ ਚਲਾਉਣਾ । ਮਸਤਕ ਤੀਰ ਹਰਿ ਚਲਾਏ । ਨੇਤਰ ਨੀਰ ਨਾ ਕੋਈ ਵਹਾਏ । ਕਾਇਆ ਬਸਤਰ ਚੀਰ ਪਾਰ ਕਰਾਏ । ਸੋਹੰ ਰੱਖੇ ਸੱਚਾ ਸ਼ਸਤਰ, ਨਾ ਕੋਈ ਕਿਸੇ ਧੀਰ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਾਮਧਾਰੀ ਜਗਤ ਵਪਾਰੀ ਪਾਵੇ ਸਾਰੀ, ਲਿਖਤ ਲੇਖ ਮਸਤਕ ਆਤਮ ਵੇਖ, ਦਰ ਦਵਾਰ ਘਲਾਏ, ਲੇਖ ਲਿਖਤ ਆਏ ਦਰ । ਵੇਖ ਭੇਖ ਨਾ ਜਾਣਾ ਡਰ । ਲੋਕਮਾਤ ਪ੍ਰਭ ਲਾਈ ਸਾਚੀ ਮੇਖ, ਭਗਤ ਭੰਡਾਰੇ ਰਿਹਾ ਭਰ । ਗੁਰ ਪੂਰੇ ਲੋਚਨ ਲੋਇਣ ਨੇਤਰ ਪੇਖ, ਪ੍ਰਭ ਅਬਿਨਾਸ਼ੀ ਸਾਚਾ ਵਰ । ਜਿਸ ਬਣਾਇਆ ਜਗਤ ਲੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਵਖਾਏ ਸਚ ਘਰ । ਸਚ ਘਰ ਹਰਿ ਵਖਾਉਣਾ । ਖੋਲ੍ਹੇ ਦਰ ਭਰਮ ਚੁਕਾਉਣਾ । ਗੁਰਮੁਖ ਸਾਚਾ ਜਾਏ ਤਰ, ਨਰ ਹਰਿ ਕਲ ਰਸਨਾ ਗਾਉਣਾ । ਨਾ ਜਨਮੇ ਨਾ ਜਾਏ ਮਰ, ਏਕਾ ਰੰਗ ਨਾਮ ਰੰਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਸੁਹੇਲੇ, ਜਗਤ ਮਾਣ ਦੋ ਜਹਾਨ ਗੁਰ ਪੂਰੇ ਆਪ ਦਵਾਉਣਾ । ਸਾਚਾ ਲੇਖਾ ਹਰਿ ਲਿਖਾਏ । ਔਲੀਆ ਪੀਰ ਸ਼ੇਖ਼ ਨਾ ਕੋਈ ਮਿਟਾਏ । ਜੋਤੀ ਜਾਮਾ ਭੇਖ ਧਾਰੇ ਵਾਲੀ ਹਿੰਦ ਲਏ ਉਠਾਏ । ਆਪ ਲਿਖਾਏ ਸਾਚੀ ਰੇਖਾ, ਵਡ ਪ੍ਰਧਾਨੀ ਹਰਿ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜਾ ਲੇਖ ਜਗਤ ਵੇਖ, ਰਾਣਾ ਸੰਗਰੂਰ ਤੁਟੇ ਗ਼ਰੂਰ, ਦਰ ਘਰ ਪੁਚਾਏ । ਚੌਥੀ ਲਿਖਤ ਲਿਖੇ ਅਪਾਰ । ਬਿਆਸ ਕਿਨਾਰਾ ਵੇਖ ਵਿਚਾਰ । ਸਿੰਘ ਗੁਰਚਰਨ ਹੋ ਤਿਆਰ । ਨਿਹਕਲੰਕ ਨਰਾਇਣ ਨਰ, ਧਰੀ ਜੋਤ ਵਿਚ ਸੰਸਾਰ । ਬਾਗ਼ ਦਿਆਲਾ ਖੋਲ੍ਹ ਦਰ, ਕਲਜੁਗ ਹੋਇਆ ਬੰਦ ਕਵਾੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਲੇਖਾ ਲਿਖਤ ਲਿਖਾਏ, ਵੇਖੇ ਪਰਖੇ ਚੰਗੇ ਮਾੜ । ਗੁਰਮੁਖ ਅੰਦਰ ਸਚ ਦਰਬਾਰ । ਪ੍ਰਭ ਅਬਿਨਾਸ਼ੀ ਖੋਲ੍ਹੇ ਜੰਦਰ, ਨਾ ਕੋਈ ਕਰੇ ਬੰਦ ਕਵਾੜ । ਸਾਚਾ ਦੀਪ ਜਗੇ ਜਗ ਅੰਦਰ, ਘਟ ਘਟ ਰੁਸ਼ਨਾਈ ਹੱਡ ਮਾਸ ਨਾੜੀ ਨਾੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਪੂਰਬ ਕਰਮ , ਸਾਚੇ ਲੇਖੇ ਲਾਏ, ਮਾਤ ਪੈਜ ਰਿਹਾ ਸਵਾਰ । ਲੋਕਮਾਤ ਸਚ ਦਵਾਰਾ । ਪ੍ਰਭ ਅਬਿਨਾਸ਼ੀ ਪਾਵੇ ਸਾਰਾ । ਸਚ ਸਿੰਘਾਸਣ ਆਤਮ ਰਾਸੀ, ਜੋਤੀ ਰਾਮਾ ਹਰਿ ਬਲਵਾਨਾ ਆਸਣ ਲਾਏ ਨਿਤ ਨਵੇਲਾ ਇਕ ਅਪਾਰਾ । ਘਨਕਪੁਰ ਵਾਸੀ ਸ਼ਾਹੋ ਸ਼ਾਬਾਸ਼ੀ, ਰਾਜੇ ਰਾਣਿਆਂ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਡੇਰਾ ਲਾਏ, ਗੁਰਮੁਖ ਸਾਚੇ ਪਾਰ ਉਤਾਰਾ । ਸਚ ਸਿੰਘਾਸਣ ਹਰਿ ਸੁਹਾਇੰਦਾ । ਚਾਰ ਕੁੰਟ ਚਾਰ ਦਵਾਰ ਦਹਿ ਦਿਸ਼ੇ, ਸ਼ਬਦ ਡੋਰ ਹਰਿ ਬੰਨ੍ਹਾਇੰਦਾ । ਗੁਰਮੁਖ ਤੇਰੇ ਆਏ ਹਿੱਸੇ, ਨਾਮ ਧਾਰੀ ਜਗਤ ਵਪਾਰੀ, ਸਾਚੀ ਵੰਡ ਕਰਾਇੰਦਾ । ਨੂਰ ਉਜਾਲਾ ਕਿਸੇ ਨਾ ਦਿਸੇ, ਸਿੰਘ ਪਾਲਾ ਹੱਥ ਫੜਾਇੰਦਾ । ਆਪੇ ਲਾਹੇ ਆਤਮ ਵਿੱਸੇ, ਤੀਰ ਨਿਰਾਲਾ ਇਕ ਚਲਾਇੰਦਾ । ਛਤਰ ਝੁਲਾਏ ਹਰਿ ਸਾਚੇ ਸੀਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪ੍ਰਤਾਪ ਫੜ ਬਾਹੋਂ ਆਪ ਲਗਾਇੰਦਾ । ਸਚ ਸਿੰਘਾਸਣ ਡੇਰਾ ਲਾ, ਗੁਰ ਪੂਰਾ ਬਾਹੋਂ ਫੜ ਜਗਤ ਗੁਰ ਸੂਰੇ ਦਏ ਹਿਲਾ, ਇਕ ਵਖਾਏ ਸਾਚਾ ਥਾਂ । ਦੋ ਜਹਾਨਾਂ ਵਾਲੀ ਹਰਿ ਬਨਵਾਲੀ ਕਰੇ ਰਖਵਾਲੀ, ਦੇਵੇ ਸਦਾ ਠੰਡੀ ਛਾਂ । ਚਲੀ ਜਗਤ ਚਾਲ ਨਿਰਾਲੀ, ਕਲਜੁਗ ਅੰਤਮ ਰੈਣ ਕਾਲੀ, ਚਾਰੇ ਕੁੰਟਾਂ ਦਿਸਣ ਖਾਲੀ, ਗੁਰ ਪੀਰ ਜਗਤ ਦਲਾਲੀ, ਕੋਈ ਵਾਤ ਪੁੱਛੇ ਨਾ ।

੬੬੨
੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ । ਸ਼ਬਦ ਸਰੂਪੀ ਹੁਕਮ ਸੁਣਾਇਆ । ਰਾਓ ਰੰਕ ਰਾਜਾਨ ਸ਼ਾਹ ਸੁਲਤਾਨ ਕੋਈ ਭੁੱਲੇ ਨਾ । ਸਾਚਾ ਹੁਕਮ ਹਰਿ ਸਰਕਾਰਾ । ਦਰ ਦਰ ਆਵੇ ਘਰ ਘਰ ਜਾਵੇ, ਗੁਰ ਗੋਬਿੰਦ ਪਾਵੇ ਸਾਚੀ ਸਾਰਾ । ਵੇਖ ਵਖਾਣੇ ਜਗੀ ਜੋਤ ਅੰਦਰੇ ਅੰਦਰ, ਭੇਵ ਚੁਕਾਏ ਗੁਪਤ ਜਾਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਇਕ ਖੁਲ੍ਹਾਏ ਸੱਚਾ ਦਰ ਦਰਬਾਰਾ । ਨਾਮ ਅਧਾਰੀ ਸ਼ਬਦ ਅਸਵਾਰੀ । ਪਵਣ ਆਹਾਰੀ ਕਵਣ ਦਿਸ਼ਾ, ਵਿਚ ਮਾਤ ਵਿਚਾਰੀ । ਨਾਮ ਵੰਡੇ ਸਾਚਾ ਹਿੱਸਾ, ਕਵਣ ਰੱਖੇ ਨਾਮ ਖ਼ੁਮਾਰੀ । ਨਿਹਕਲੰਕ ਕਲ ਜਾਮਾ ਪਾਇਆ, ਲੋਆਂ ਪੁਰੀਆਂ ਮਾਤ ਪਤਾਲ ਅਕਾਸ਼ ਗਗਨ ਪਤਾਲੀ, ਦੀਪਕ ਮਸਤਕ ਜੋਤੀ ਬਾਲੀ ਭੇਵ ਰਹੇ ਨਾ ਰਾਇਆ । ਮਸਤਕ ਜੋਤੀ ਨੂਰ ਪ੍ਰਕਾਸ਼ । ਤੀਜੇ ਲੋਇਣ ਹਰ ਘਟ ਵਾਸ । ਗੁਰਮੁਖ ਬੀਜ ਸਾਚਾ ਬੋਇਣ, ਹਰਿ ਨਰ ਨਰ ਹਰਿ ਸਦਾ ਸੁਹੇਲਾ ਹੋਏ ਦਾਸ । ਗੁਰ ਪੀਰ ਨਾ ਜਗਤ ਸੋਇਣ, ਪੁਰਖ ਅਬਿਨਾਸ਼ ਸਦਾ ਬਲੋਇਣ, ਨਾ ਹੋਇਣ ਕਦੇ ਵਿਨਾਸ । ਨਿਹਕਲੰਕ ਕਲ ਜਾਮਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਚਲਾਏ ਗੁਰਮੁਖਾਂ ਸਵਾਸ ਸਵਾਸ । ਸ਼ਬਦ ਸਵਾਸਾ ਆਪ ਚਲਾਏ । ਪੂਰਨ ਭਰਵਾਸਾ ਮਾਤ ਧਰਾਏ । ਪ੍ਰਿਥਮੀ ਅਕਾਸ਼ਾ ਨਾਤ ਬੰਧਾਏ । ਸਰਬ ਘਟ ਵਾਸ ਪੰਚਮ ਪੋਹ, ਲੇਖਾ ਲਿਖਤ ਲਿਖਾਏ । ਗੁਰੂਆਂ ਪੀਰਾਂ ਆਤਮ ਜੋਤੀ ਨੂਰ ਖੋਹ, ਸਾਚੇ ਮੰਦਰ ਬੰਦ ਕਰਾਏ । ਸ਼ਬਦ ਜਣਾਏ ਛਬੀ ਪੋਹ, ਜਗਤ ਜੰਜ਼ਾਲਾ ਮੋਹ ਚੁਕਾਏ । ਜਗਤ ਸਿੰਘਾਸਣ ਬੈਠੇ ਰਹੇ ਰੋ, ਅੰਤਮ ਕਲ ਕਵਣ ਪਾਰ ਲੰਘਾਏ । ਸਾਚਾ ਹਲ ਪ੍ਰਭ ਰਿਹਾ ਜੋ, ਜੜ੍ਹ ਕਿਸੇ ਦੀ ਰਹਿਣ ਨਾ ਪਾਏ । ਸਾਚੇ ਦਰ ਨਾ ਮਿਲੇ ਕਿਸੇ ਢੋ, ਫੁੱਲ ਫੁੱਲਵਾੜੀ ਜਗਤ ਵਾੜੀ, ਪ੍ਰਭ ਜੋਤੀ ਅਗਨ ਸਾੜੀ, ਨਾ ਹੋਏ ਸਹਾਈ ਕੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਲ ਥਲ ਜੰਗਲ ਜੂਹ ਉਜਾੜ ਪਹਾੜੀ, ਏਕਾ ਬੀਜ ਸੋਹੰ ਸ਼ਬਦ ਚਾਰ ਕੁੰਟਾਂ ਰਿਹਾ ਬੋ । ਸਤਵੇਂ ਘਰ ਹਰਿ ਨਿਰੰਕਾਰੇ । ਮਹਲ ਅਟਲ ਅਚਲ ਅਥਲ, ਨਾ ਕੋਈ ਦੀਸੇ ਚਾਰ ਦੀਵਾਰੇ । ਏਕਾ ਫਲ ਏਕਾ ਹਲ ਏਕਾ ਥਲ, ਆਪ ਆਪਣੀ ਪਾਵੇ ਸਾਰੇ । ਸਾਚੇ ਘਰ ਖੁਲ੍ਹੇ ਦਰ, ਨਾਮ ਵਰ ਸ਼ਬਦ ਭੰਡਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਨੂਰਾ ਸਾਚਾ ਸੂਰਾ, ਸਮਰਥ ਸਰਬ ਕਲਾ ਆਪੇ ਭਰਪੂਰਾ, ਆਤਮ ਵੇਖੇ ਨੇਤਰ ਪੇਖੇ ਪਾਵੇ ਸੱਚੀ ਸਾਰੇ । ਸਤਵੇਂ ਘਰ ਸਹਿਜ ਸੁਖ ਜੋਤੀ ਨੂਰ ਉਪਾਏ । ਨਾ ਕੋਈ ਰੋਗ ਸੋਗ ਚਿੰਤਾ ਦੁੱਖ, ਕਾਇਆ ਛਾਇਆ ਨਾ ਭੁੱਖ ਸਤਾਏ । ਨਾ ਕੋਈ ਨਰ ਨਾਰੀ ਮਨੁੱਖ, ਨਾ ਕੋਈ ਮਾਤ ਰੱਖੇ ਕੁੱਖ, ਸਾਚਾ ਸੀਰ ਨਾ ਕੋਈ ਪਿਆਏ । ਗਰਭ ਵਾਸ ਨਾ ਉਲਟਾ ਰੁਖ, ਮਾਸ ਦਸ ਨਾ ਹੋਏ ਕੋਈ ਸਹਾਏ । ਘਰ ਘਰ ਜੋਤੀ ਧੁੰਏ ਰਹੇ ਧੁਖ, ਦੀਪਕ ਜੋਤੀ ਇਕ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਸਤਵੇਂ ਘਰ ਜੋਤ ਧਰ, ਅਕਾਸ਼ ਪ੍ਰਕਾਸ਼ ਗਗਨ ਲਗਨ ਸਗਨ, ਬ੍ਰਹਿਮੰਡ ਖੰਡ ਮਾਤ ਵੰਡ, ਇੱਕੀ ਮਾਘ ਤੇਰੇ ਹਿੱਸੇ ਆਏ । ਵੰਡੀ ਵੰਡ ਹਰਿ ਨਿਰੰਕਾਰੀ । ਨਾ ਦੇਣੀ ਕੰਡ, ਵਡ ਵਡ ਵਡ ਬਲਕਾਰੀ । ਸ਼ਬਦ ਫੜੀ ਹੱਥ ਵਿਚ ਚੰਡ, ਆਏ ਦਰ ਨਰ ਨਿਰੰਕਾਰੀ । ਮਾਇਆ ਮਮਤਾ ਕਰਨੀ ਖੰਡ, ਖੰਡਾ ਮਾਰੀ ਦੋ ਧਾਰੀ । ਪੰਜਾਂ ਚੋਰਾਂ ਦੇਣਾ ਦੰਡ, ਵੇਖੇ ਵਿਗਸੇ ਹਰਿ ਸ਼ਾਹੋ ਅਸਵਾਰੀ । ਬਾਲ ਜਵਾਨੀ ਗਈ ਹੰਢ, ਆਈ ਅੰਤਮ ਤੀਜੀ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਜੋਤ ਅਕਾਰਾ, ਸ਼ਬਦ ਅਧਾਰਾ ਪਵਣ ਅਸਵਾਰਾ, ਤਿੰਨਾਂ ਲੋਕਾਂ

ਵਸੇ ਬਾਹਰੀ । ਚੌਥਾ ਘਰ ਚੌਥਾ ਪਦ । ਗੁਰਮੁਖ ਸਾਚੇ ਲੈਣੇ ਸਦ । ਸ਼ਬਦ ਧੁਨ ਧੁਨੀ ਧੁਨ ਨਾਦ ਇਕ ਵਜਾਉਣਾ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਪੀਏ ਸਾਚਾ ਜਾਮ, ਏਕਾ ਸੱਚਾ ਮਧ ਲਾਹੇ ਸਦ ਸਦ ਤਨ ਅਫਾਰ । ਸਤਵੇਂ ਘਰ ਸਤਿ ਸਤਿ ਸਤਿ ਧਾਰ, ਦੂਜਾ ਰੰਗ ਹਰਿ ਸੰਗ ਵੇਖ ਵਿਚਾਰ । ਕਵਣ ਅੰਗ ਕਵਣ ਸੰਗ ਕਵਣ ਜੰਗ ਕਵਣ ਤੰਗ ਕਸੇ ਪੁਰਖ ਅਪਾਰ । ਕਵਣ ਸੁਹੇਲਾ ਕਵਣ ਮੇਲਾ ਜਗਤ ਦੁਹੇਲਾ, ਗੁਰ ਪੂਰਾ ਸੰਤ ਸੁਹਾਗੀ ਜਗਤ ਬੈਰਾਗੀ, ਕਲਜੁਗ ਮਾਇਆ ਤਨ ਤਿਆਗੀ ਉਤਰੇ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕਤ ਸੁਹਾਏ ਇੱਕੀ ਮਾਘੀ, ਗੁਰਮੁਖ ਰਲਾਏ ਸੱਚੇ ਰਾਗੀ, ਪਹਿਲੇ ਧੋਏ ਜੂਠੇ ਝੂਠੇ ਦਾਗ਼ੀ, ਸ਼ਬਦ ਕਰਾਏ ਤਨ ਸ਼ਿੰਗਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਜੋਤ ਸਰੂਪੀ ਜਾਮਾ ਧਰ, ਆਏ ਦਰ ਸੱਚੇ ਦਰਬਾਰ । ਹਰਿ ਦਰ ਭੇਟਾ ਇਕ ਰੁਮਾਲਾ । ਖੇਵਟ ਖੇਟਾ ਜਗਤ ਦਲਾਲਾ । ਸਾਚੇ ਸੂਤਰ ਸ਼ਬਦ ਲਪੇਟਾ ਕਲਜੁਗ ਅੰਤਮ ਲਥਾ ਪਾਲਾ । ਪ੍ਰਭ ਅਬਿਨਾਸ਼ੀ ਸਾਚਾ ਬੇਟਾ ਆਪ ਬਣਾਏ, ਕਰੇ ਸਦ ਪ੍ਰਿਤਪਾਲਾ । ਜੋਤੀ ਜੋਤ ਸਰੂਪ ਹਰਿ, ਭੇਵ ਖੁਲ੍ਹਾਏ ਦਇਆ ਕਮਾਏ, ਪੂਰਬ ਜਨਮ ਲੇਖੇ ਲਾਏ, ਮਾਤ ਰਖਾਏ ਨਾਉਂ ਸਿੰਘ ਸਿੰਘ ਸਿੰਘ ਪਾਲਾ । ਪੂਰਬ ਲੇਖਾ ਲੇਖ ਵਖਾਣੀ । ਵੇਖ ਵਖਾਣੇ ਸਰਬ ਘਟ ਜਾਣੀ । ਆਦਿ ਜੁਗਾਦੀ ਸ਼ਬਦ ਅਨਾਦੀ, ਹੱਥ ਨਾ ਆਏ ਵੇਦ ਪੁਰਾਨੀ । ਜੋਤ ਜੋਤ ਸ਼ਬਦ ਬ੍ਰਹਿਮਾਦੀ, ਦੇਵੇ ਮਾਣ ਨਿਤਾਣ ਨਿਤਾਣੀ । ਅੱਠੇ ਪਹਿਰ ਦਿਵਸ ਰੈਣ ਹਰਿ ਰਸਨ ਅਰਾਧੀ, ਹਰੀ ਚੰਦ ਦਰ ਸੁਘੜ ਸਿਆਣੀ । ਜੋਤੀ ਜੋਤ ਸਰੂਪ ਹਰਿ, ਸਾਚੀ ਸੇਵਾ ਆਪੇ ਲਾਈ, ਚਰਨ ਪ੍ਰੀਤੀ ਇਕ ਰਖਾਈ । ਕੰਤ ਸੁਹਾਗੀ ਹਰਿ ਭਗਵੰਤਾ, ਨਾਰ ਸੁਹਾਈ ਤਾਰਾ ਰਾਣੀ । ਤਾਰਾ ਰਾਣੀ ਹਰਿ ਦੇਵੇ ਤਾਰ । ਮਾਇਆ ਰਾਣੀ ਦਰ ਖੁਆਰ । ਰਸਨਾ ਭਰਿਆ ਸਾਚਾ ਪਾਣੀ, ਗਾਇਆ ਗੁਣ ਗੁਣਵੰਤ ਭਤਾਰ । ਅਕਥ ਅਕਥਨੀ ਜਗਤ ਬਾਣੀ, ਵੇਖ ਵਖਾਣੀ ਸਰਬ ਸੰਸਾਰ । ਲੱਖ ਚੁਰਾਸੀ ਪੁਣੀ ਛਾਣੀ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚਾ ਸੇਵਾ ਲਾਏ ਦਇਆ ਕਮਾਏ, ਦਰ ਦਵਾਰਾ ਦਏ ਖੁਲ੍ਹਾਇਆ, ਪਾਏ ਵਸਤ ਇਕ ਅਪਾਰ । ਸਚ ਵਸਤ ਹਰਿ ਝੋਲੀ ਪਾਏ । ਦਰ ਘਰ ਹਰਿ ਸਾਚਾ, ਏਕਾ ਵਰ ਨਾਮ ਵਡਿਆਏ । ਸਚ ਸਰਨਾਈ ਜਾਏ ਪੜ, ਸ਼ਬਦ ਲੜ ਲਿਆ ਫੜ, ਚਾਰ ਕੁੰਟ ਚਾਰ ਚੁਫੇਰ, ਚਾਰੇ ਵਾਰਾਂ ਦਏ ਭਵਾਏ । ਏਕਾ ਅੱਖਰ ਲੈਣਾ ਪੜ੍ਹ, ਵੱਖਰ ਰੰਗ ਨਾ ਕੋਈ ਰਖਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੁਰ ਮੇਲਾ ਸੰਤ ਸੁਹੇਲਾ । ਏਕਾ ਆਪਣਾ ਨਾਮ ਜਪਾਏ । ਨਾਰ ਭਤਾਰ ਮਿਲਿਆ ਮੀਤ । ਸ਼ਬਦ ਗਾਇਆ ਇਕ ਸੁਹਾਗੀ ਸੋਹੰ ਗੀਤ । ਪ੍ਰਭ ਅਬਿਨਾਸ਼ੀ ਦਰ ਘਰ ਸਾਚਾ ਪਾਇਆ, ਰਸਨ ਰਸਾਇਣ ਸਦਾ ਚੀਤ । ਨਾ ਦਿਸੇ ਨਾ ਕਿਸੇ ਜਾਇਆ, ਮੰਦਰ ਦਿਹੁਰੇ ਨਾ ਦਿਸੇ ਮਸੀਤ । ਜੋਤ ਸਰੂਪੀ ਗੁਰਮੁਖ ਸਾਚੇ ਅੰਦਰ ਮੰਦਰ ਡੇਰਾ ਲਾਇਆ, ਅੱਠੇ ਪਹਿਰ ਪਰਖੇ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਪੂਰ ਕਰਾਇਆ, ਸਾਚੀ ਸੇਵਾ ਆਪ ਲਗਾਇਆ, ਆਦਿਨ ਅੰਤਾ ਪੂਰਨ ਭਗਵੰਤਾ, ਵੇਖ ਵਖਾਣੇ ਸਾਚੀ ਨੀਤ । ਜਗਤ ਰੋਗ ਭਗਤ ਦਲਾਲਾ । ਦਰਸ ਅਮੋਘ ਨਰ ਹਰਿ ਨਿਰਾਲਾ । ਦੇਵੇ ਵਰ ਥਿਰ ਘਰ ਬੈਠ ਕਰੇ ਪ੍ਰਿਤਪਾਲਾ । ਜੋਤੀ ਜੋਤ ਸਰੂਪ ਹਰਿ, ਸ਼ਾਹ ਵਡ ਵਡ ਭੂਪ, ਮੇਟੇ ਦਾਗ਼ ਆਤਮ ਕਾਲਾ । ਆਤਮ ਦਾਗ਼ ਹਰਿ ਹਰਿ ਕਟੇ । ਚਰਨ ਲਾਗ ਪੂਰਨ ਭਾਗ, ਗੁਰਮੁਖ ਲਾਹਾ ਸਾਚਾ ਖੱਟੇ । ਕਾਇਆ ਆਂਚ ਬੁਝੇ ਤ੍ਰਿਸ਼ਨਾ ਅੱਗ, ਰਸਨਾ ਰਸ ਸ਼ਬਦ

੬੬੪
੦੪

ਚੱਟੇ । ਰੋਗ ਸੋਗ ਸਰਬ ਵਿਨਾਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਲੋਕਮਾਤ ਨਾ ਮਿਟੇ । ਇਕ ਜਲ ਦਰ ਪ੍ਰਵਾਨ । ਕਾਇਆ ਬਲ ਸੁੰਞ ਮਸਾਣ । ਅੰਮ੍ਰਿਤ ਪਾਏ ਨਿਹਚਲ ਧਾਮ ਅਟੱਲ, ਹਰਿਆ ਹੋਵੇ ਪਵਣ ਮਸਾਣ । ਲੱਗੇ ਫਲ ਕਾਇਆ ਡਾਲ, ਕਿਰਪਾ ਕਰੇ ਹਰਿ ਭਗਵਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਚਰਨ ਨਾਤਾ ਪੁਰਖ ਬਿਧਾਤਾ, ਬਖ਼ਸ਼ੇ ਜੀਆ ਦਾਨ । ਜਲ ਸਾਗਰ ਸਿੰਧ, ਹਰਿ ਬਖ਼ਸ਼ਿੰਦ ਹੈ । ਹਰਿ ਭਗਤ ਸੁਹੇਲਾ ਸਾਚੀ ਬਿੰਦ, ਬਖ਼ਸ਼ੇ ਪ੍ਰਭ ਮਰਗਿੰਦ ਹੈ । ਅੰਮ੍ਰਿਤ ਧਾਰ ਵਿਚ ਸੰਸਾਰ, ਦੇਵੇ ਕਰ ਵਿਚਾਰ ਗੁਣੀ ਗਹਿੰਦ ਹੈ । ਰਸਨਾ ਲਾਵੇ ਜੀਵ ਅਪਾਰ, ਕਾਇਆ ਹੋਵੇ ਠੰਡੀ ਠਾਰ ਹੈ । ਮੁਖ ਕਰੇ ਨਾ ਨਿੰਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਧਾਰੀ ਵਡ ਬਲਕਾਰੀ, ਆਪ ਮਿਟਾਏ ਆਤਮ ਸਗਲੀ ਚਿੰਦ ਹੈ । ਆਦਿ ਅੰਤ ਅਦੇਸ ਅਦੇਸਾ । ਕਮਲਾ ਕੰਤ ਭਗਤ ਪ੍ਰਵੇਸ਼ਾ । ਸਾਧ ਸੰਤ ਹਰਿ ਵਡ ਨਰੇਸ਼ਾ । ਜੋਤੀ ਜੋਤ ਸਰੂਪ ਧਾਰੀ ਭੇਖ ਜੋਤ ਨਿਰੰਕਾਰੀ ਮਾਝੇ ਦੇਸਾ । ਮਾਝੇ ਦੇਸ ਢੋਲ ਮਰਦੰਗ । ਸੀਸ ਦਸਤਾਰ ਕਾਲਾ ਰੰਗ । ਸ਼ਬਦ ਯਾਰ ਸੂਰਾ ਸਰਬੰਗ । ਕਰੇ ਵਿਚਾਰ ਪਾਵੇ ਸਾਰ, ਗੁਰਮੁਖਾਂ ਕਟੇ ਭੁੱਖ ਨੰਗ । ਪੰਚਮ ਪੋਹ ਦਿਵਸ ਵਿਚਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਲਾ ਸੂਸਾ ਲਗਾਏ ਸ਼ਬਦ ਸਾਚੇ ਅੰਗ । ਕਾਲਾ ਸੂਸਾ ਤਨ ਸ਼ਿੰਗਾਰ । ਰਾਜ ਰਾਜਾਨਾ ਹਰਿ ਸੁਲਤਾਨਾ ਕਰੇ ਖ਼ਬਰਦਾਰ । ਸ਼ਬਦ ਚਲੇ ਤੀਰ ਮਹਾਨਾ, ਲਿਖਤ ਲੇਖ ਜਾਏ ਦਿੱਲੀ ਦਰਬਾਰ । ਨਾ ਕੋਈ ਜਾਣੇ ਮੁਨੀ ਰਿਖੀ, ਪੰਡਤ ਪਾਂਧੇ ਗਏ ਹਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਕਾਲਾ ਸੂਸਾ ਈਸਾ ਮੂਸਾ ਤਨ ਸ਼ਿੰਗਾਰ । ਕਾਲਾ ਸੂਸਾ ਤਨ ਸ਼ਿੰਗਾਰੇ । ਈਸਾ ਮੂਸਾ ਕਲਜੁਗ ਚੋਬਦਾਰੇ । ਅੰਤਮ ਅੰਤ ਪਕੜ ਉਠਾਏ, ਮਗਰ ਲਗਾਏ ਸ਼ਬਦ ਧਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦਸਤਾਰ ਰੰਗ ਅਪਾਰ, ਕਾਲੀ ਧਾਰ ਸੀਸ ਰਖਾਏ । ਰੱਖੇ ਸੀਸ ਕਾਲੀ ਧਾਰ । ਜਗਤ ਜਗਦੀਸ਼ ਕਰ ਪਿਆਰ । ਸ਼ਬਦ ਚਲਾਏ ਭੇਵ ਖੁਲ੍ਹਾਏ, ਬੀਸ ਇਕੀਸ ਸੋਹੰ ਖੰਡਾ ਨਾਮ ਡੰਡਾ ਫੜੇ ਹੱਥ ਕਰਤਾਰ । ਜਗੀ ਜੋਤ ਇਕ ਬ੍ਰਹਿਮੰਡਾ, ਚਰਨ ਲਾਏ ਦਇਆ ਕਮਾਏ, ਰਾਜ ਰਾਜਾਨਾ ਹਰਿ ਨਵ ਖੰਡਾ, ਵਾਲੀ ਹਿੰਦ ਹੋ ਤਿਆਰ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਨਾ ਕੋਈ ਜਾਣੇ ਜੀਵ ਗਵਾਰ ।



### ✻ ੨੦ ਮੱਘਰ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹਿ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ✻

ਰਾਜਨ ਰਾਜ ਹਰਿ ਨਿਰੰਕਾਰ । ਸਾਚਾ ਸਾਜਨ ਵਿਚ ਸੰਸਾਰ । ਜੁਗਾ ਜੁਗੰਤਰ ਸਵਾਰੇ ਕਾਜੇ, ਰੱਖੇ ਲਾਜਨ ਭਗਤ ਮੁਰਾਰ । ਮਾਰੇ ਸ਼ਬਦ ਇਕ ਅਵਾਜ਼ਣ, ਜੋਤੀ ਜਾਮਾ ਭੇਖ ਨਿਆਰ । ਆਪੇ ਮੱਕਾ ਆਪੇ ਹਾਜਣ, ਨਾ ਕੋਈ ਦੀਸੇ ਠਗ ਚੋਰ ਯਾਰ । ਸ਼ਬਦ ਘੋੜਾ ਸਾਚਾ ਤਾਜਨ ਸ਼ਾਹੋ ਸ਼ਾਬਾਸ਼ਾ ਹਰਿ ਅਸਵਾਰ । ਜੋਤੀ ਜੋਤ ਸਰੂਪ ਹਰਿ, ਭੇਖ ਭਿਖਾਰੀ ਭਗਤ ਅਧਾਰੀ ਮੰਗੇ ਦਾਤ ਪ੍ਰੇਮ ਅਪਾਰ । ਹਰਿ ਭਿਖਾਰਾ ਭਗਤ ਦਵਾਰਾ । ਕਲਜੁਗ ਤੇਰੀ ਅੰਤਮ ਵਾਰਾ । ਕਰੇ ਖੇਲ ਅਪਰ ਅਪਾਰਾ । ਸ਼ਬਦ ਰਖਾਏ ਤਿੱਖਾ ਆਰਾ । ਨਾ ਕੋਈ ਜਾਣੇ ਮੁਨ ਰਿਖਾ, ਵੇਦ ਪੁਰਾਨਾ ਦਿਸੇ

ਬਾਹਰਾ । ਏਕਾ ਲੇਖ ਧੁਰ ਮਸਤਕ ਲਿਖਾ, ਗੁਰਮੁਖਾਂ ਪਾਏ ਮਾਤ ਸਾਰਾ । ਸ਼ਬਦ ਜਣਾਈ ਸਾਚੀ ਸਿੱਖਾ, ਲੱਖ ਚੁਰਾਸੀ ਉਤਰੇ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਿਆ ਦਰ ਦਰਵੇਸ਼ ਨਰ ਹਰਿ ਨਿਰੰਕਾਰਾ । ਦਰ ਦਰਵੇਸ਼ ਸ਼ਾਹ ਹਕੀਰ । ਜੋਤ ਗਰੀਬੀ ਅਵਲੜਾ ਭੇਸ, ਨਾ ਕੋਈ ਜਾਣੇ ਜਗਤ ਫ਼ਕੀਰ । ਧਰੇ ਜੋਤ ਹਰਿ ਮਾਝੇ ਦੇਸ, ਸ਼ਬਦ ਚਲਾਏ ਸਾਚਾ ਤੀਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਤਨ ਛੁਹਾਏ ਕਾਲੇ ਚੀਰ । ਕਾਲੇ ਚੀਰ ਤਨ ਛੁਹਾਏ । ਸਾਚਾ ਤੀਰ ਇਕ ਸ਼ਬਦ ਚਲਾਏ । ਰਾਜੇ ਰਾਣਿਆਂ ਤੁੱਟੇ ਧੀਰ, ਵਾਲੀ ਹਿੰਦ ਹਰਿ ਉਠਾਏ । ਗੁਰੂਆਂ ਪੀਰਾਂ ਕੱਢੇ ਦੂਈ ਦਵੈਤੀ ਪੀੜ, ਬਾਹੋਂ ਪਕੜ ਜਗਤ ਜਣਾਏ । ਗੁਰਮੁਖਾਂ ਕਟੇ ਅੰਤਮ ਭੀੜ, ਗੁਰ ਗੋਬਿੰਦ ਜੋ ਗਿਆ ਲਿਖਾਏ । ਛੱਬੀ ਪੋਹ ਵਕਤ ਅਖ਼ੀਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਸਰਬ ਖੁਲ੍ਹਾਏ । ਪੰਚਮ ਪੋਹ ਹਰਿ ਖੇਲ ਰਚਾਉਣਾ । ਸ਼ਬਦ ਮਿਆਨੋਂ ਖੰਡਾ ਧੂਹ, ਰਾਜੇ ਰਾਣਿਆਂ ਹਰਿ ਵਖਾਉਣਾ । ਏਕਾ ਹਰਿ ਅਵਰ ਨਾ ਕੋ, ਤਖ਼ਤ ਤਾਜ ਜਿਸ ਮਾਤ ਮਿਟਾਉਣਾ । ਗੁਰਮੁਖਾਂ ਅੰਮ੍ਰਿਤ ਆਤਮ ਰਿਹਾ ਚੋ, ਏਕਾ ਮੇਘ ਨਾਮ ਬਰਸਾਉਣਾ । ਸ਼ਬਦ ਹਲ ਪ੍ਰਭ ਰਿਹਾ ਜੋ, ਸਾਚਾ ਬੀਜ ਨਾਮ ਬਿਜਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਲੇਖ ਲਿਖਾਏ, ਅੰਤਮ ਕਲ ਜੋ ਮਾਤ ਵਰਤਾਉਣਾ । ਪੰਚਮ ਪੋਹ ਲਿਖਤ ਲਿਖਾਏ । ਵਾਲੀ ਹਿੰਦ ਹਰਿ ਉਠਾਏ । ਸਰਬ ਬਖ਼ਸ਼ਿੰਦ ਪੰਡਤ ਪਾਂਧੇ ਲਏ ਜਗਾਏ । ਜਗਤ ਪ੍ਰਧਾਨ ਨੌਜਵਾਨ, ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਸ਼ਬਦ ਹਲੂਣਾ ਇਕ ਰਖਾਏ । ਰਾਣਾ ਸੰਗਰੂਰ ਸ਼ਬਦ ਤੂਰ ਜੋਤੀ ਨੂਰ ਇਕ ਉਪਜਾਏ । ਤਟ ਬਿਆਸਾ ਆਤਮ ਵਾਸਾ, ਸਿੰਘ ਗੁਰਚਰਨ ਸ਼ਬਦ ਡੋਰੀ ਨਾਲ ਬੰਧਾਏ । ਦਿਆਲ ਬਾਗ਼ ਜਾਏ ਜਾਗ । ਰਾਧਾ ਸਵਾਮੀ ਰਾਹ ਵਖਾਏ, ਦਰ ਘਰ ਸਾਚੇ ਸਦ ਲਿਆਏ, ਕਾਗੋਂ ਹੰਸ ਆਪ ਬਣਾਏ, ਸ਼ਬਦ ਸੁਣਾਏ ਸਾਚਾ ਰਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਖੇਲ ਰਚਾਏ, ਗੁਰਮੁਖਾਂ ਮਿਲੇ ਕੰਤ ਸੁਹਾਗ ।



## ❇ ੨੧ ਮੱਘਰ ੨੦੧੧ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹ ਪਟੀ ਜ਼ਿਲਾ ਅੰਮ੍ਰਿਤਸਰ ❇

ਹਰਿ ਸੇਵਾ ਫਲ ਉਤਮ ਪਾਇਆ, ਨਾਮ ਪਦਾਰਥ ਲਾਧਾ । ਜਗਤ ਮੇਵਾ ਰਸ ਸਾਚਾ ਖਾਇਆ, ਮਿਲਿਆ ਮੇਲ ਹਰਿ ਮਾਧਵ ਮਾਧਾ । ਸਾਚਾ ਦਰ ਜਿਸ ਇਕ ਵਖਾਇਆ । ਸ਼ਬਦ ਵਜਾਇਆ ਸਾਚਾ ਨਾਦਾ । ਬਾਹੋਂ ਪਕੜ ਕਲ ਗਲੇ ਲਗਾਇਆ, ਪਾਰਬ੍ਰਹਮ ਪੁਰਖ ਬ੍ਰਿਹਮਾਦਾ । ਸੰਤ ਮਨੀ ਸਿੰਘ ਜਨਮ ਦਵਾਇਆ, ਮਾਨਸ ਦੇਹੀ ਸਾਧਨ ਸਾਧਾ । ਚਰਨ ਪ੍ਰੀਤੀ ਨਾਤ ਜੁੜਾਇਆ, ਸ਼ਬਦ ਚਲਾਇਆ ਬੋਧ ਅਗਾਧਾ । ਸਾਚਾ ਲੇਖਾ ਮਾਤ ਕਰਾਇਆ, ਆਪ ਕਰਾਏ ਮਾਤ ਵਾਧਾ । ਜੋਤੀ ਜੋਤ ਜੋਤ ਜਗਾਇਆ, ਦਿਵਸ ਰੈਣ ਅੱਠੇ ਪਹਿਰ ਰਸਨ ਅਰਾਧਾ । ਆਪੇ ਬਖ਼ਸ਼ੇ ਪੀਆ ਖਾਇਆ, ਆਪੇ ਹੋਏ ਪਿਤਾ ਦਾਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਤਨ ਪਦਾਰਥ ਗੁਰਸਿਖ ਹੀਰਾ, ਸੰਤ ਦੁਲਾਰਾ ਏਕਾ ਲਾਧਾ । ਸੰਤ ਦੁਲਾਰਾ ਹਰਿ ਦਵਾਰ । ਪਾਵੇ ਸਾਰ ਵਿਚ ਸੰਸਾਰ । ਸ਼ਬਦ ਵਣਜਾਰਾ ਜਗਤ ਅਪਾਰਾ, ਪ੍ਰਭ ਭਰੇ ਭੰਡਾਰ । ਪਹਿਲੀ ਵਾਰ ਆਤਮ ਖੋਲ੍ਹੇ ਦਰ ਦਵਾਰ । ਸ਼ਬਦ ਧੁਨ ਅਪਰ ਅਪਾਰ । ਕਵਲ ਮੁਖੀ ਮੁਖ ਉਘਾੜਾ, ਝਿਰਨਾ ਅੰਮ੍ਰਿਤ ਝਿਰੇ ਅਪਾਰ । ਪੰਚਮ

ਚੋਰਾਂ ਪਾਏ ਝਾੜਾ, ਸ਼ਬਦ ਡੰਡਾ ਮਾਰੇ ਮਾਰ । ਨੇੜ ਨਾ ਆਏ ਝੂਠੀ ਧਾੜਾ, ਤੁੱਟਾ ਮਾਣ ਜਗਤ ਹੰਕਾਰ । ਗੁਰ ਚਰਨ ਛੁਹਾਏ ਚਿੱਟਾ ਦਾਹੜਾ, ਬਾਹੋਂ ਪਕੜ ਕਲ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਦਵਾਏ ਦਇਆ ਕਮਾਏ, ਘਰ ਸਪੂਤਾ ਸੱਚੀ ਸਰਕਾਰ । ਸਚ ਸਰਕਾਰ ਹਰਿ ਨਿਰੰਕਾਰਾ । ਜਗਤ ਅਵੱਲੜੀ ਚਲੇ ਧਾਰਾ । ਹਰਿ ਜਨ ਪਾਵੇ ਸਾਰ, ਆਤਮ ਵੇਖੇ ਇਕ ਦਵਾਰਾ । ਸਾਚਾ ਭਰੇ ਸ਼ਬਦ ਭੰਡਾਰ, ਪੁਰਖ ਅਬਿਨਾਸ਼ੀ ਬਣ ਵਰਤਾਰਾ । ਮਾਤਲੋਕ ਨਾ ਆਏ ਹਾਰ, ਸ਼ਬਦ ਸਿਹਰਾ ਸੀਸ ਦਸਤਾਰ । ਫੂਲਨ ਵਰਖਾ ਅਪਰ ਅਪਾਰ, ਗਣ ਗੰਧਰਬੀ ਪਾਏ ਸਾਰਾ । ਅੰਮ੍ਰਿਤ ਬਰਖੇ ਠੰਡੀ ਧਾਰ, ਕਿਰਪਾ ਕਰੇ ਅਪਰ ਅਪਾਰਾ । ਕਾਰਜ ਕਰਤਾ ਦਏ ਸਵਾਰ, ਨਾ ਕੋਈ ਜਾਣੇ ਜੀਵ ਗਵਾਰਾ । ਆਪੇ ਡੁਬਦੇ ਲਾਏ ਪਾਰ, ਇਕ ਵਖਾਏ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲੱਖ ਅਲੇਖਾ ਜਗਤ ਭੁਲੇਖਾ, ਕਰੇ ਖੇਲ ਅਪਾਰ ਅਪਾਰਾ । ਅਪਰ ਅਪਾਰਾ ਖੇਲ ਨਿਆਰਾ । ਦੋ ਜਹਾਨੀ ਹਰਿ ਕਰਤਾਰਾ । ਭਗਤ ਨਿਸ਼ਾਨੀ ਵਿਚ ਸੰਸਾਰਾ । ਗੁਰਮੁਖਾਂ ਜੋਤ ਜਗੇ ਮਹਾਨੀ, ਥਿਰ ਘਰ ਵਾਸ ਪੁਰਖ ਅਬਿਨਾਸ਼ੀ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜਾਣੇ ਸਾਰਾ । ਹਰਿ ਸੰਤ ਪਿਆਰਾ ਮੀਤ, ਵਡ ਸੰਸਾਰਿਆ । ਜਗਤ ਅਵੱਲੜੀ ਚਲੇ ਰੀਤ, ਕਰਾਏ ਵਣਜ ਇਕ ਸਚ ਵਣਜਾਰਿਆ । ਦਿਵਸ ਰੈਣ ਪਰਖੇ ਨੀਤ, ਭਰਮ ਭੁੱਲੇ ਨਾ ਜੰਤ ਵਿਚਾਰਿਆ । ਹਰਿ ਹਰਿ ਸਦਿ ਰਾਖੇ ਚੀਤ, ਮਿਲੇ ਮੇਲ ਨਰ ਬਨਵਾਰਿਆ । ਸਦਾ ਰੱਖੇ ਕਾਇਆ ਠੰਡੀ ਸੀਤ, ਦੇਵੇ
੬੬੭ ੦੪ ਨਾਮ ਸ਼ਬਦ ਸਾਚੀ ਧਾਰਿਆ । ਨਾ ਕੋਈ ਮੰਦਰ ਨਾ ਕੋਈ ਮਸੀਤ, ਮਿਲੇ ਹਰਿ ਨਾ ਕਿਸੇ ਗੁਰਦਵਾਰਿਆ । ਏਕਾ ਟੇਕ ਗੁਰ ਚਰਨ ਪ੍ਰੀਤ, ਦੋਏ ਜੋੜ ਦਰ ਨਿਮਸਕਾਰਿਆ । ਸ਼ਬਦ ਸੁਣਾਏ ਇਕ ਸੁਹਾਗੀ ਗੀਤ, ਸਾਚਾ ਮੰਗਲ ਗੁਰਮੁਖ ਸੰਤ ਸੁਹਾਗੀ ਰਸਨਾ ਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾਂ ਜੁਗਾਂ ਦੇ ਵਿਛੜੇ ਕਲਜੁਗ ਅੰਤਮ ਮੇਲ ਮਿਲਾ ਰਿਹਾ । ਜਗ ਵਿਛੋੜਾ ਜਗਤ ਕਲ । ਭਗਤ ਸੁਹੇਲਾ ਆਪ ਅਛਲ ਅਛੱਲ । ਜਲ ਥਲ ਘੜੀ ਘੜੀ ਪਲ ਪਲ । ਇਕ ਜਪਾਏ ਸਾਚਾ ਜਾਪ, ਹਰਿ ਭਾਣਾ ਜਗਤ ਰਾਣਾ ਸੁਘੜ ਸਿਆਣਾ ਨਾ ਜਾਏ ਟਲ । ਵੇਖ ਵਖਾਣੇ ਅੱਜ ਕਿ ਕੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਿਰੇ ਬਾਣਾ, ਸਚ ਦਵਾਰਾ ਲੈਣਾ ਮੱਲ । ਸਚ ਦਵਾਰਾ ਹਰਿ ਨਿਰੰਕਾਰ । ਜੋਤ ਅਕਾਰਾ ਸਾਚੀ ਧਾਰ । ਸ਼ਬਦ ਅਸਵਾਰਾ ਪਵਣ ਅਧਾਰ । ਖੇਲ ਅਪਾਰਾ ਸੰਤ ਪਿਆਰਾ, ਚਰਨ ਬਹਾਏ ਦਇਆ ਕਮਾਏ, ਪ੍ਰਭ ਅਬਿਨਾਸ਼ੀ ਮੀਤ ਮੁਰਾਰਾ । ਤੁੱਟੀ ਗੰਢੇ ਤੋੜ ਤੁੜਾਏ ਜੋੜ ਜੁੜਾਏ ਸਾਚਾ ਨਾਤਾ, ਪੁਰਖ ਬਿਧਾਤਾ ਵਿਚ ਸੰਸਾਰ । ਗੁਰਮੁਖ ਗੁਰਮੁਖ ਕਰੇ ਉਤਮ ਜਾਤਾ, ਸੰਤ ਸੁਹੇਲਾ ਪਿਤਾ ਮਾਤਾ, ਭੈਣ ਭਾਈ ਸਾਕ ਸੱਜਣ ਸੈਣ ਸੱਚਾ ਯਾਰ । ਬੈਠਾ ਰਹੇ ਇਕ ਇਕਾਂਤਾ, ਸੁਹਾਏ ਦਿਵਸ ਰੈਣ ਸੁਹੰਜਣੀ ਰਾਤਾ, ਭਾਗ ਲਗਾਏ ਦਰ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਖੇਲਾ ਜਗਤ ਮੇਲਾ, ਆਪੇ ਗੁਰ ਆਪੇ ਚੇਲਾ, ਸਾਚਾ ਵਣਜ ਇਕ ਕਰਾਇਆ, ਫੜ ਕੇ ਬਾਹੋਂ ਰਾਹੇ ਪਾਇਆ, ਨਾ ਹੋਏ ਵਿਛੋੜਾ ਦੂਜੀ ਵਾਰ । ਜਗਤ ਵਿਛੋੜਾ ਗਿਆ ਛੁੱਟ । ਸਾਚਾ ਪੀਆ ਅੰਮ੍ਰਿਤ ਘੁਟ । ਨਿਰਮਲ ਜੀਆ ਭੰਡਾਰ ਅਤੁਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ , ਦੋਹਾਂ ਧਿਰਾਂ ਮੇਲ ਮਿਲਾਏ, ਦੂਈ ਦਵੈਤੀ ਗਈ ਛੁਟ । ਮਿਲਿਆ ਮੇਲ ਧੁਰਦਰਗਾਹ । ਪ੍ਰਭ ਅਬਿਨਾਸ਼ੀ ਜਗਤ ਮਲਾਹ । ਪੁੱਤਰ ਧੀਆਂ ਪਕੜੇ ਬਾਂਹ ।

ਰਖਾਏ ਮਾਤ ਨੀਹਾਂ, ਸਦਾ ਰੱਖੇ ਠੰਡੀ ਛਾਂ । ਜੀਵ ਜੰਤ ਕਿਆ ਕਰੇ ਹੀਆ, ਪਿਤਾ ਮਾਤ ਕੋਈ ਜਾਣੇ ਨਾ । ਪੂਰਬ ਕਰਮ ਬੀਜ ਜੋ ਬੀਆ, ਮਾਨਸ ਦੇਹੀ ਲੈਣੇ ਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਡਿਆਈ ਬਣਤ ਬਣਾਈ ਦੋਹਾਂ ਧਿਰਾਂ ਏਕਾ ਥਾਂ । ਹਰਿ ਪਿਆਰ ਪ੍ਰਭ ਪਰਮ ਪੁਰਖ ਭਾਨਿਆ । ਜਗਤ ਵਿਹਾਰ ਹਰਿ ਦਾਤਾਰ, ਸ਼ਬਦ ਧਾਰ ਇਕ ਸਚ ਨਿਸ਼ਾਨੀਆ । ਦਿਵਸ ਵਿਚਾਰ ਕਰ ਤਨ ਸ਼ਿੰਗਾਰ, ਹਰਿ ਦੇਵੇ ਨਾਮ ਦਾਨ ਵਡ ਸਚ ਦਾਨ ਦਾਨੀਆ । ਚਰਨ ਧਿਆਨ ਇਕ ਧੁਰਦਰਗਾਹੀ, ਸਚ ਲੇਖ ਪ੍ਰਭ ਦੇਵੇ ਲਿਖ, ਆਦਿ ਅੰਤ ਟੇਕ ਇਕ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤੀ ਸ਼ਬਦ ਰਖਾਏ ਸੰਗ ਏਕ ਸਚ ਨਿਸ਼ਾਨੀਆਂ । ਸ਼ਬਦ ਡੋਰੀ ਹੱਥ ਸਗਨ ਮਨਾਇੰਦਾ । ਭਾਂਡਾ ਭਰਮ ਭੰਨ, ਤਨ ਸੁਹਾਇੰਦਾ । ਜਗਤ ਨਿਕਲੇ ਜੰਨ, ਕੰਨ ਸੁਣਾਇੰਦਾ । ਮੂਰਖ ਮੁਗਧ ਨਾ ਜਾਣੇ ਅੰਨ੍ਹ, ਤੋੜ ਵਿਛੋੜਾ ਆਪ ਕਰਾਇੰਦਾ । ਦਰ ਘਰ ਸਾਚੇ ਚੜ੍ਹਦਾ ਸੱਚਾ ਚੰਨ, ਅੰਧ ਅੰਧੇਰ ਸਰਬ ਮਿਟਾਇੰਦਾ । ਅੰਤਮ ਬੇੜਾ ਰਿਹਾ ਬੰਨ੍ਹ, ਧੁਰ ਸੰਜੋਗੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲੇ ਸਾਚੇ ਮੇਲੇ ਗੁਰ ਚਰਨ ਪ੍ਰੀਤੀ ਸਾਚੀ ਨੀਤੀ, ਕਾਇਆ ਅਤੀਤੀ ਠੰਡੀ ਠਾਰ, ਮਾਇਆ ਧਾਰ ਵਿਚ ਸੰਸਾਰ, ਪਵਣ ਅਸਵਾਰ ਸ਼ਬਦ ਧਾਰ ਅੰਮ੍ਰਿਤ ਜਾਮ ਪਿਲਾਇੰਦਾ । ਅੰਮ੍ਰਿਤ ਜਾਮ ਹਰਿ ਪਿਆਏ । ਪੰਚਮ ਜੇਠੀ ਸਗਨ ਮਨਾਏ । ਜੁਗਾ ਜੁਗੰਤਰ ਲਿਖਿਆ ਲੇਖ, ਕਲਜੁਗ ਅੰਤਮ ਪੂਰ ਕਰਾਏ । ਜੋਤ ਸਰੂਪੀ ਧਾਰੇ ਭੇਖ, ਨਿਹਕਲੰਕੀ ਜਾਮਾ ਪਾਏ । ਆਪ ਮਿਟਾਏ ਬਿਧਨਾ ਰੇਖ, ਸ਼ਬਦ ਮੇਖ ਇਕ ਲਗਾਏ । ਗੁਰਮੁਖ ਸਾਚੇ ਨੇਤਰ ਪੇਖ, ਧੁਰਦਰਗਾਹੀ ਸਾਚਾ ਮਾਹੀ, ਕੰਤ ਕੰਤੂਲੇ ਸੰਤ ਪਿਆਰੇ ਮੇਲ ਮਿਲਾਏ । ਨਾਰ ਪਿਆਰੀ ਕੰਤ ਸੁਹਾਗਣ ਵਡ ਵਡਭਾਗਣ, ਸਹਿੰਸਾ ਰੋਗ ਪਹਿਲੀ ਮਾਘਣ, ਸਾਚਾ ਸ਼ਬਦ ਤੇਲ ਚੜ੍ਹਾਏ । ਆਪ ਮਿਟਾਏ ਤ੍ਰਿਸ਼ਨਾ ਆਗਨ, ਗੁਰਮੁਖ ਸਾਚੇ ਸੰਤ ਜਨਾਂ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦਰ ਘਰ ਸਾਚੇ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਬਣਾਏ ਬਣਤ, ਏਕਾ ਜੋੜਾ ਸ਼ਬਦ ਘੋੜਾ ਸਾਚੀ ਵਾਗ ਪ੍ਰੀਤ ਤਾਗ ਮੌਲੀ ਮਹਿੰਦੀ ਸਾਚਾ ਸਗਣ ਨਾਮ ਰੰਗਣ ਸਾਚੀ ਤਨ ਆਪ ਕਰਾਏ । ਸਾਚਾ ਤਨ ਹਰਿ ਸ਼ਿੰਗਾਰ । ਅੰਗਣ ਭੂਸ਼ਣ ਸ਼ਬਦ ਪਿਆਰ । ਸਾਚਾ ਸਗਣ ਹਰਿ ਸਾਚੇ ਕੀਆ, ਜੋਤ ਸਰੂਪੀ ਕਰ ਵਿਚਾਰ । ਦੂਜਾ ਦਰ ਨਾ ਗਿਆ ਮੰਗਣ, ਆਪੇ ਬਣੇ ਲੇਖ ਲਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਭਨੀ ਥਾਈਂ, ਆਪੇ ਜਾਣੇ ਵੇਖ ਵਖਾਣੇ, ਦੇਵੇ ਮਾਣੇ ਦੋ ਜਹਾਨੇ, ਮਿਲਿਆ ਮੇਲ ਭਾਈਆ ਭਾਈ । ਭਈਆ ਭਈਆ ਜਗਤ ਵਿਚੋਲਾ, ਸਾਚੀ ਨਈਆ ਆਪ ਚੜ੍ਹਈਆ । ਖਾਏ ਮਾਤ ਝਕੋਲਾ, ਅੰਤਮ ਵੇਲੇ ਪਕੜੇ ਬਾਹੀਂ, ਸਦਾ ਰਖਾਵੇ ਠੰਡੀ ਛਾਂਈਂ, ਦਰ ਘਰ ਪਿਆਰਾ ਜਗਤ ਨਿਆਰਾ, ਆਤਮ ਦਰ ਮਹੱਲ ਮੁਨਾਰਾ, ਦੂਸਰ ਕੋਈ ਦੀਸੇ ਨਾਹੀਂ । ਸੰਤ ਮਨੀ ਸਿੰਘ ਕਰ ਪਿਆਰ, ਮੁਖ ਸਗਨ ਲਗਾਏ ਪ੍ਰਭ ਛੁਹਾਰਾ । ਚਰਨ ਸੁਹਾਏ ਸਾਚੀ ਨਾਰਾ । ਕਲਜੁਗ ਤੇਰੀ ਅੰਤਮ ਵਾਰਾ । ਪ੍ਰਭ ਅਬਿਨਾਸ਼ੀ ਸਿਰ ਲੱਥਾ ਭਾਰਾ । ਮਿਲਿਆ ਮੇਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖੇ ਲਾਜ ਧਰੇ ਸੀਸ ਸ਼ਬਦ ਸੱਚਾ ਦਸਤਾਰਾ । ਸ਼ਬਦ ਤਾਲ ਮਰਦੰਗ ਨਗਾਰਾ । ਸਾਚੀ ਧੁਨ ਧੁਨੀ, ਧੁਨ ਨਾਦ ਲੋਕ ਪ੍ਰਲੋਕ ਇਕ ਸਹਾਰਾ । ਵਜਦਾ ਰਹੇ ਆਦਿ ਜੁਗਾਦਿ, ਨਾ ਕੋਈ ਮੇਟੇ ਮੇਟਣਹਾਰਾ । ਸ਼ਬਦ ਚਲਾਏ ਹਰਿ ਬ੍ਰਿਹਮਾਦ, ਆਪ ਖੁਲ੍ਹਾਏ ਸੁੰਨ ਸਮਾਧ, ਗੁਰਮੁਖਾਂ ਖੋਲ੍ਹੇ ਦਰ ਦਵਾਰਾ । ਦਰ ਘਰ ਮਿਲੇ ਸਾਚੀ ਦਾਦ, ਨਾਮ ਕਰਾਏ ਵਣਜ ਵਪਾਰਾ । ਹਰਿ ਸੱਜਣ ਮੀਤ ਮੁਰਾਰਾ ਲੈਣਾ ਅਰਾਧ,

੬੬੮ ੦੪

ਚਰਨ ਕਵਲ ਕਰ ਇਕ ਪਿਆਰਾ । ਧੁਰਦਰਗਾਹੀ ਮਾਧਵ ਮਾਧ, ਵਰਭੰਡੀ ਹੋਏ ਕੰਤ ਪਿਆਰਾ । ਸੰਤ ਸੁਹੇਲਾ ਰਸਨ ਅਰਾਧ, ਸਦਾ ਸਦਾ ਸਦ ਜੈ ਜੈਕਾਰਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਕਿਰਪਾ ਕਰ, ਆਪੇ ਦੇਵੇ ਸੱਚਾ ਵਰ, ਜਗਤ ਭੰਡਾਰਾ ਦੇਵੇ ਭਰ, ਚਰਨ ਲਾਗ ਜਾਣਾ ਤਰ, ਮਾਨਸ ਦੇਹੀ ਸ਼ਬਦ ਸਨੇਹੀ, ਏਕਾ ਨਾਮ ਸੱਚਾ ਕਾਮ ਜਗਤ ਧਾਮ ਦੂਸਰ ਕੋਈ ਨਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਜੋਗੀ ਧੁਰਦਰਗਾਹੀ ਮੇਲਾ, ਫੜ ਫੜ ਤਾਰੇ ਵਿਚ ਸੰਸਾਰੇ ਅੰਤਮ ਦੋਵੇਂ ਬਾਹੀਂ । ਹਰਿ ਵਿਚੋਲਾ ਜਗਤ ਵਿਵਹਾਰ । ਪੜਦਾ ਉਹਲਾ ਵਿਚ ਸੰਸਾਰ । ਨਾਮ ਡੋਲਾ ਕਰ ਤਿਆਰ । ਸੰਤ ਮਨੀ ਸਿੰਘ ਤੇਰਾ ਗੋਲਾ, ਜਗਤ ਬਣੇ ਹਰਿ ਕਹਾਰ । ਆਪ ਸ਼ਿੰਗਾਰੇ ਕਾਇਆ ਚੋਲਾ, ਤਨ ਪਹਿਨਾਏ ਫੂਲਨਹਾਰ । ਦਸਮ ਦਵਾਰੀ ਪੜਦਾ ਖੋਲ੍ਹਾ, ਜੋਤੀ ਨੂਰ ਕਰ ਅਕਾਰ । ਅੰਤਮ ਪੂਰੇ ਤੋਲ ਤੋਲਾ, ਨਾ ਕੋਈ ਕੀਆ ਮਾਤ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜਾਤੀ ਪੁਰਖ ਬਿਧਾਤੀ ਦਿਵਸ ਰਾਤੀ, ਸ਼ਬਦ ਰਖਾਏ ਏਕਾ ਧਾਰ । ਏਕਾ ਧਾਰ ਸ਼ਬਦ ਚਲਾਈਆ । ਪੰਚਮ ਜੇਠੀ ਕਰ ਵਿਹਾਰ ਬੀਸ ਇਕੀਸਾ ਪੂਰ ਕਰਾਈਆ । ਮਾਤ ਪਿਤ ਭੈਣ ਭਾਈ ਨਾ ਕੋਈ ਪਾਵੇ ਸਾਰ, ਜਗਤ ਅਵੱਲੜੀ ਰੀਤ ਆਪੇ ਆਪ ਚਲਾਈਆ । ਜੋੜੀ ਜੋੜ ਹਰਿ ਨਿਰੰਕਾਰ, ਸਾਚੀ ਸੇਜਾ ਇਕ ਬਣਾਈਆ । ਫੂਲਨ ਬਰਖਾ ਅੰਮ੍ਰਿਤ ਧਾਰ, ਕਾਇਆ ਠੰਡੀ ਠਾਰ ਰਖਾਈਆ । ਸੰਤ ਸੁਹਾਗੀ ਸਾਚੀ ਨਾਰ, ਚਰਨ ਕਵਲ ਪ੍ਰੀਤ ਬੰਧਾਈਆ । ਮੇਲ ਮਿਲਾਵਾ ਸਚ ਭਤਾਰ, ਵਿਛੜ ਕਦੇ ਨਾ ਜਾਈਆ । ਫਲ ਲਗਾਇਆ ਸਾਚੇ ਡਾਲ, ਮਾਤਾ ਕੁੱਖ ਸੁਫਲ ਕਰਾਈਆ । ਗੁਰ ਸੰਗਤ ਸੁਹਾਏ ਪ੍ਰਭ ਸਾਚਾ ਨਾਲ, ਸਚ ਤਾਜ ਸਾਚਾ ਸੀਸ, ਸ਼ਬਦ ਸਿਹਰਾ ਹਰਿ ਗੁੰਦਾਈਆ । ਕਰੇ ਖੇਲ ਹਰਿ ਜਗਦੀਸ਼, ਮਾਤਲੋਕੀ ਕਾਜ ਰਚਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨੀ, ਪੂਰਨ ਜੋਤੀ ਇਕ ਭਗਵਾਨੀ, ਦੇਵੇ ਨਾਮ ਸਚ ਨਿਸ਼ਾਨੀ, ਸਾਚਾ ਲੇਖਾ ਨੇਤਰ ਪੇਖਾ, ਅੰਦਰ ਬਾਹਰ ਗੁਪਤ ਜ਼ਾਹਰ, ਵੇਖ ਵਖਾਣੇ ਜੀਵ ਨਾਦਾਨੇ ਬੇਮੁਹਾਨੇ, ਗੁਰਮੁਖ ਵਿਰਲਾ ਸੰਤ ਪਛਾਣੇ, ਪ੍ਰਭ ਅਬਿਨਾਸ਼ੀ ਚਲੇ ਭਾਣੇ, ਸਾਚੀ ਧਾਰ ਸ਼ਬਦ ਵਿਚਾਰ ਨਰ ਨਾਰੀ, ਗੁਰਮੁਖ ਵਿਰਲੇ ਮਾਤ ਪਾਈਆ । ਨਰ ਨਾਰੀ ਕੰਤ ਪਿਆਰੀ । ਪ੍ਰਭ ਅਬਿਨਾਸ਼ੀ ਦੇਵੇ ਸੱਚਾ ਇਕ ਪਿਆਰ, ਚਰਨ ਬੰਧਾਏ ਏਕਾ ਧਾਰੀ । ਅੰਤਮ ਵੇਲਾ ਆਪ ਸੁਹਾਏ, ਕਾਇਆ ਚੋਲੀ ਰੰਗ ਵਖਾਏ, ਸ਼ਬਦ ਚੂੜਾ ਹੱਥ ਪਹਿਨਾਏ, ਮਹਿੰਦੀ ਲਾਏ ਪ੍ਰੇਮ ਪਿਆਰੀ । ਗੁਰ ਸੰਗਤ ਸੇਵਾ ਸਚ ਕਮਾਏ, ਰੰਗਣ ਰੰਗ ਉਤਰ ਨਾ ਜਾਏ, ਚੜ੍ਹੀ ਰਹੇ ਸਦ ਖ਼ੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਦਰ ਕਰ ਪਿਆਰ, ਜਗਤ ਖਾਰੇ ਆਪ ਉਤਾਰੀ ।

## ❇ ੨੨ ਮੱਘਰ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹਿ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ❇

ਸੰਤ ਭਤਾਰ ਜੋਤੀ ਨਾਰ । ਸਾਚਾ ਪੀਹੜਾ ਤਨ ਸ਼ਿੰਗਾਰ । ਸ਼ਬਦ ਲੀੜਾ ਵਿਚ ਸੰਸਾਰ । ਹੱਥ ਕਲੀਰਾ ਮਹਿੰਦੀ ਧਾਰ । ਅੰਮ੍ਰਿਤ ਨੀਰਾ ਵਾਰੇ ਵਾਰ । ਸਾਚਾ ਸੀਰਾ ਚਰਨ ਪਿਆਰ । ਮਨ ਤਨ ਤਨ ਮਨ ਭਾਂਡਾ ਦੇਵੇ ਧੀਰਾ, ਗੁਰ ਗੋਬਿੰਦਾ ਦਰ ਦਰਬਾਰ । ਸ਼ਬਦ ਪਹਿਨਾਏ ਸਾਚਾ ਚੀਰਾ, ਸਾਚਾ ਹੀਰਾ ਸੰਤ ਪਿਆਰ । ਆਪ ਉਠਾਏ ਆਪਣਾ ਬੀੜਾ, ਕਲਜੁਗ ਤੇਰੀ ਅੰਤਮ ਵਾਰ । ਭਗਤ ਨਿਮਾਣਿਆਂ ਕਟੇ ਭੀੜਾ, ਜੋਤੀ

ਜਾਮਾ ਭੇਖ ਨਿਆਰ । ਜੋਤੀ ਜੋਤ ਸਰੂਪ ਹਰਿ, ਮੇਲ ਮਿਲਾਇਆ ਆਪਣਾ ਕਰ ਵਿਹਾਰ । ਸਚ ਵਿਹਾਰਾ ਜੋਤੀ ਨਾਰੀ । ਇਕ ਪਿਆਰਾ ਸ਼ਬਦ ਧਾਰਾ ਤਿੱਖਾ ਆਰਾ, ਏਕਾ ਏਕ ਪਾਵੇ ਸਾਰੀ । ਨਾ ਕੋਈ ਜਾਣੇ ਸ਼ਾਹ ਦਾਰਾ, ਲੱਖ ਚੁਰਾਸੀ ਭੁੱਲੇ ਜੀਵ ਗਵਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਸ਼ਬਦ ਗਹਿਣਾ, ਜਗਤ ਚੁਕਾਏ ਮੇਲ ਮਿਲਾਏ, ਕਲਜੁਗ ਤੇਰੀ ਅੰਤਮ ਵਾਰੀ । ਸ਼ਬਦ ਗਹਿਣਾ ਤਨ ਸ਼ਿੰਗਾਰੇ । ਕਾਇਆ ਮੰਦਰ ਸਚ ਦਵਾਰੇ । ਕੰਤ ਕਵਾਰਾ ਸਾਚੀ ਸੇਜਾ ਆਤਮ ਸੁੱਤਾ ਪੈਰ ਪਸਾਰੇ । ਏਕਾ ਦੇਵੇ ਸ਼ਬਦ ਝੂਲਾ, ਪਵਨ ਨਾਦੀ ਅਪਰ ਅਪਾਰੇ । ਆਪ ਚੁਕਾਏ ਅਗਲਾ ਪਿਛਲਾ ਮੂਲ, ਵੇਖ ਵਖਾਣੇ ਜੀਵ ਜੰਤ ਅਧਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਸਾਚਾ ਰਾਮਾ, ਖੇਲ ਕਰਾਇਆ ਮੇਲ ਮਿਲਾਇਆ ਸੰਤ ਸੁਹਾਗੀ ਸਾਚੀ ਨਾਰੇ । ਸਾਚੀ ਸਿੱਖਿਆ ਸੁਲੱਖਣੀ ਨਾਰ । ਪ੍ਰਭ ਦਰ ਮਿਲੀ ਸਾਚੀ ਭਿੱਖਿਆ, ਗੁਰ ਚਰਨ ਪ੍ਰੀਤੀ ਇਕ ਪਿਆਰ । ਆਪ ਮਿਟਾਏ ਜਗਤ ਤ੍ਰਿਖਿਆ, ਧੀਰਜ ਧਰਮ ਸਹਿਜ ਸੁਖ ਧਾਰ । ਸਿਰ ਮਸਤਕ ਲੇਖ ਪ੍ਰਭ ਸਾਚੇ ਲਿਖਿਆ, ਮੇਲ ਮਿਲਾਇਆ ਏਕਾ ਇਕ ਅਧਾਰ । ਜੋਤੀ ਜੋਤ ਸਰੂਪ ਹਰਿ, ਵਿਚ ਵਿਚੋਲਾ ਨਾ ਕੋਈ ਰਖਾਇਆ, ਸ਼ਬਦੀ ਖੇਲ ਅਪਰ ਅਪਾਰ । ਧਰਮ ਸਿੰਘਾਸਣ ਨਾਮ ਸਹਾਰਾ । ਪੁਰਖ ਅਬਿਨਾਸ਼ਣ ਭਗਤ ਅਧਾਰਾ । ਨਿਜ ਘਰ ਵਾਸਣ ਸ਼ਬਦ ਸਵਾਸਣ ਜੋਤ ਪ੍ਰਕਾਸ਼ਣ, ਦੇਵੇ ਦਾਤ ਚਰਨ ਪ੍ਰੀਤ ਵਡ ਵਣਜਾਰਾ । ਮਦਿਰਾ ਮਾਸੀ ਅੰਤਮ ਨਾਸਣ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਖੰਡਾ ਸਾਚਾ ਡੰਡਾ, ਮਾਰੇ ਸਿਰ ਕਾੜ ਕਾੜਾ । ਸ਼ਬਦ ਡੰਡਾ ਹੱਥ ਉਠਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਕਲਜੁਗ ਤੇਰੀ ਅੰਤਮ ਵਾਰ । ਵੇਖ ਵਖਾਏ ਚਾਰ ਯਾਰ, ਸੰਗ ਮੁਹੰਮਦ ਹੋ ਤਿਆਰ । ਕਾਲਾ ਮੂਸਾ ਤਨ ਸ਼ਿੰਗਾਰ, ਈਸਾ ਮੂਸਾ ਹੋਏ ਦੁੱਖਿਆਰ । ਛਤਰ ਝੁਲੇ ਪ੍ਰਭ ਸਾਚੇ ਸੀਸਾ, ਜਗਤ ਜਗਦੀਸ਼ਾ ਬਣਤ ਬਣਾਏ ਸਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਜਗਤ ਬੇੜਾ ਅੰਤਮ ਅੰਤ ਫੜ ਫੜ ਬਾਹੋਂ ਲਾਏ ਪਾਰ । ਬੇੜਾ ਪਾਰ ਕਰਾਏ ਜਗਤ ਮਲਾਹੀਆ । ਪਾਰ ਕਿਨਾਰਾ ਇਕ ਵਖਾਏ, ਸਾਚਾ ਰਾਹ ਵਖਾਈਆ । ਸ਼ਬਦ ਜੈਕਾਰਾ ਇਕ ਕਰਾਏ, ਚਾਰ ਵਰਨਾਂ ਸਾਚੀ ਸਰਨਾਂ ਏਕਾ ਏਕ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਰੰਕ ਰਾਜਾਨ, ਸ਼ਾਹ ਸੁਲਤਾਨ ਵਿਚ ਜਹਾਨ, ਪ੍ਰਗਟ ਹੋ ਨੌਜਵਾਨ, ਦਰ ਦਰ ਘਰ ਘਰ ਸਾਚਾ ਹੁਕਮ, ਧੁਰਦਰਗਾਹੀ ਸਚ ਮਲਾਹੀ, ਅੰਤਮ ਵੇਲੇ ਘਰ ਨਵੇਲੇ, ਜੰਗਲ ਜੂਹ ਉਜਾੜਾਂ ਬੇਲੇ, ਮੰਦਰ ਮਸਜਿਦ ਗੁਰਦਵਾਰੇ, ਵੇਲੇ ਅੰਤਮ ਦਏ ਪੁਜਾਈਆ । ਸ਼ਬਦ ਸੁਨੇਹੁੜਾ ਦੇਵੇ ਕਲ, ਨਾ ਕੋਈ ਕਰੇ ਵਲ ਛੱਲ, ਕਲਜੁਗ ਸ਼ਬਦ ਮਾਰੇ ਉਛਲ, ਛਾਣ ਪੁਣ ਪੁਣ ਛਾਣ ਕਰੇ ਜਲ ਥਲ, ਰਾਜੇ ਰਾਣਿਆਂ ਆਈ ਹਾਨ । ਪ੍ਰਭ ਅਬਿਨਾਸ਼ੀ ਕਰੇ ਪਛਾਣ, ਜਗਤ ਤੁੱਟੇ ਮਾਣ ਤਾਣ, ਰਸਨਾ ਖਿੱਚੇ ਤੀਰ ਕਮਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਨਾਮ ਦਮਾਮਾ, ਛਤਰ ਝੁੱਲੇ ਵਿਚ ਜਹਾਨ । ਸਾਚਾ ਛਤਰ ਹਰਿ ਝੁਲਾਉਣਾ । ਜਗਤ ਜਗਦੀਸ਼ ਬਣਤ ਬਣਾਉਣਾ । ਬੀਸ ਇਕੀਸ ਖੇਲ ਰਚਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਨਿਸ਼ਾਨਾ ਸ਼ਬਦ ਬਿਬਾਣ ਇਕ ਉਡਾਨ, ਤਿੰਨਾਂ ਲੋਆਂ ਕਰ ਧਿਆਨ, ਲੋਕਮਾਤ ਮਾਰ ਝਾਤ, ਬਖ਼ਸ਼ੇ ਦਾਤ ਵਡ ਕਰਾਮਾਤ, ਸਾਚੇ ਦਰ ਦਰਬਾਰ ਕਰ ਅਕਾਰ, ਜੋਤੀ ਨੂਰ ਸ਼ਬਦ ਤੂਰ ਹਰਿ ਭਰਪੂਰ, ਦੇਵਣਹਾਰ ਸੱਚੀ ਸਰਕਾਰ । ਵਿਚ ਸੰਸਾਰ ਪਹਿਲੀ ਵਾਰ, ਸਤਿਗੁਰ ਤੇਰੀ ਬੰਨ੍ਹੇ ਧਾਰ,

੬੭੦
੦੪

੬੭੧
੦੪

ਛੋਟੇ ਬਾਲੇ ਕਰ ਤਿਆਰ, ਜਗਤ ਜੰਜ਼ਾਲੇ ਵਾਰੇ ਵਾਰ । ਚਰਨ ਪ੍ਰੀਤੀ ਨਿਭੇ ਨਾਲੇ, ਅੰਤ ਨਾ ਹੋਏ ਕੋਈ ਖ਼ੁਆਰ । ਸਾਚੇ ਦਿੱਤੇ ਸ਼ਬਦ ਦੁਸ਼ਾਲੇ, ਰਣ ਭੂਮੀ ਸੁੱਤੇ ਪੈਰ ਪਸਾਰ । ਆਪੇ ਧੋਏ ਦਾਗ਼ ਕਾਲੇ, ਮਾਤਾ ਸੀਰ ਬਖ਼ਸ਼ੇ ਬੱਤੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਸਵਾਰੀ ਸਹਿਜ ਸੁਖ ਧਾਰੀ ਕਰੇ ਅਪਰ ਅਪਾਰ । ਕਿਰਪਾ ਕਰੇ ਅਪਰ ਅਪਾਰ । ਖੋਲ੍ਹੇ ਦਰ ਹਰਿ ਨਰ ਨਰ ਹਰਿ ਸੱਚੀ ਸਰਕਾਰ । ਖੋਲ੍ਹੇ ਦਰ ਚੁੱਕੇ ਡਰ ਨਾ ਜਾਏ ਮਰ ਦੇਵੇ ਵਰ, ਲੱਖ ਚੁਰਾਸੀ ਬੇੜਾ ਕਰੇ ਪਾਰ । ਗੁਰਮੁਖਾਂ ਕਰੇ ਬੰਦ ਖ਼ਲਾਸੀ, ਦਰ ਨਾ ਆਏ ਮਦਿਰਾ ਮਾਸੀ, ਸ਼ਬਦ ਡੰਡਾ ਹੱਥ ਉਠਾਏ, ਕਲਜੁਗ ਜੀਵਾਂ ਦਿਸ ਨਾ ਆਏ, ਅੱਠੇ ਪਹਿਰ ਦਿਵਸ ਰੈਣ ਮਾਰੇ ਮਾਰ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਨੀਂਹ ਰਖਾਏ, ਸਾਢੇ ਤਿੰਨ ਹੱਥ ਸੀਂ ਸੁਹਾਏ, ਨਾ ਕੋਈ ਜਾਣੇ ਜੀਵ ਗਵਾਰ । ਸਾਚਾ ਮੰਦਰ ਹਰਿ ਬਣਾਉਣਾ । ਗੁਰਮੁਖਾਂ ਅੰਦਰ ਜੋਤ ਜਗਾਉਣਾ । ਡੂੰਘੀ ਕੰਦਰ ਭਾਗ ਨਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ, ਦੇਣਾ ਵਰ, ਲੱਖ ਚੁਰਾਸੀ ਫੰਦ ਕਟਾਉਣਾ । ਲੱਖ ਚੁਰਾਸੀ ਕਟੇ ਫੰਦ । ਹਰਿਜਨ ਗਾਏ ਬੱਤੀ ਦੰਦ । ਸ਼ਬਦ ਸੁਹਾਗੀ ਸਾਚਾ ਛੰਦ । ਪੁਰਖ ਅਬਿਨਾਸ਼ੀ ਪਰਮਾਨੰਦ । ਘਟ ਘਟ ਵਾਸੀ, ਗੁਰਮੁਖ ਚੜ੍ਹਾਏ ਸਾਚੇ ਚੰਦ । ਸਾਚੀ ਜੋਤ ਮਾਤ ਪ੍ਰਕਾਸ਼ੀ, ਕਲਜੁਗ ਜੀਵ ਨਾ ਜਾਣੇ ਅੰਧ । ਪ੍ਰਗਟ ਹੋਏ ਘਨਕਪੁਰ ਵਾਸੀ, ਰਾਜੇ ਰਾਣਿਆਂ ਬੇਮੁਹਾਣਿਆਂ ਆਤਮ ਢਾਹੇ ਭਰਮਾਂ ਕੰਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਦਿ ਅੰਤ ਜੁਗਾ ਜੁਗੰਤ, ਦੇਵੇ ਵਡਿਆਈ ਦਇਆ ਕਮਾਈ ਆਏ ਸਰਨਾਈ ਦਾਤੇ ਹਰਿ ਭਗਵੰਤ । ਪੂਰਨ ਭਗਵੰਤਾ ਭਗਤ ਪੁਜਾਰੀ । ਲੇਖਾ ਲਿਖੇ ਵਾਰੋ ਵਾਰੀ । ਅੰਦਰ ਬੈਠਾ ਵੇਖੇ ਵੇਖ ਵਖਾਣੇ, ਜੀਵ ਜੰਤ ਬੇਮੁਹਾਣੇ, ਸਾਧ ਸੰਤ ਭੁੱਲੇ ਨਿਧਾਨੇ, ਮਾਇਆ ਰੁਲੇ ਆਤਮ ਹੰਕਾਰੀ । ਗੁਰਮੁਖ ਸਾਚੇ ਸੰਤ ਪਛਾਣੇ, ਦਰਗਹਿ ਸਾਚੀ ਦੇਵੇ ਮਾਣੇ, ਸਾਚਾ ਨਾਮ ਪੀਣ ਖਾਣੇ ਸੱਚੀ ਸ਼ਬਦ ਉਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰੀ । ਕਲਜੁਗ ਅੰਤਮ ਅੰਤ ਜੋਤ ਜਗਾਈਆ । ਪੂਰਨ ਦਾਤਾ ਹਰਿ ਭਗਵੰਤ, ਸਾਚੀ ਬਣਤ ਰਿਹਾ ਬਣਾਈਆ । ਫੜ ਫੜ ਉਠਾਏ ਸਾਧ ਸੰਤ, ਸ਼ਬਦ ਡੋਰੀ ਨਾਲ ਬੰਧਾਈਆ । ਬੇਮੁਖਾਂ ਮਾਇਆ ਪਾਏ ਬੇਅੰਤ, ਆਤਮ ਧੁੰਦੂਕਾਰ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਮਿਹਰਬਾਨ, ਪੰਚਮ ਪੋਹ ਲਾਏ ਨਿਸ਼ਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਮਾਤ ਵਡਿਆਈਆ । ਸਚ ਨਿਸ਼ਾਨਾ ਦੇਣਾ ਲਾ । ਸ਼ਬਦ ਬਿਬਾਣਾ ਤੀਰ ਚਲਾ । ਰਾਜਾ ਰਾਣਾ ਤਖ਼ਤੋਂ ਲਾਹ । ਏਕਾ ਹੁਕਮ ਦਏ ਸੁਣਾ । ਨਿਹਕਲੰਕ ਕਲ ਜਾਮਾ ਪਾਇਆ, ਸਭ ਨੂੰ ਫਾਹੀ ਰਿਹਾ ਪਾ । ਕਲਜੁਗ ਵੇਲਾ ਅੰਤਮ ਆਇਆ, ਵਾਲੀ ਹਿੰਦ ਹੁਕਮ ਸੁਣਾਇਆ, ਰਾਜ ਦਰਬਾਰ ਝੂਠੀ ਛਾਇਆ, ਅੰਤਮ ਵੇਲਾ ਇਕ ਤਕਾ । ਘਨਕਪੁਰੀ ਹਰਿ ਜੋਤ ਜਗਾਇਆ, ਗੁਰਮੁਖ ਸਾਚੇ ਵਿਚ ਸਮਾਇਆ, ਛੱਬੀ ਪੋਹ ਲਿਖਤ ਰਿਹਾ ਲਿਖਾ । ਸਾਚਾ ਲੇਖ ਹਰਿ ਲਿਖਾਇਆ, ਰੂਸਾ ਚੀਨਾ ਸੰਗ ਰਲਾਇਆ, ਸ਼ਬਦ ਦਰਬਾਨ ਦਰ ਤੇ ਆਇਆ, ਹੇ ਮਿਹਰਬਾਨ ਹਰਿ ਭੇਵ ਖੁਲ੍ਹਾਇਆ, ਰਾਜਾ ਰਾਣਾ ਕੋਈ ਭੁੱਲੇ ਨਾ । ਕਲਜੁਗ ਅੰਤਮ ਭੇਖ ਵਟਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਮਾਰ ਝਾਤ, ਵੇਖ ਵਖਾਣੇ ਸਾਰੇ ਥਾਂ, ਵੇਖੇ ਸਾਰੇ ਥਾਂ ਸਰਬ ਕਿਛ ਜਾਣਦਾ । ਨਾ ਮਿਲਣੀ ਪੁੱਤਰਾਂ ਮਾਂ, ਅੰਤਮ ਵੇਲਾ ਆਇਆ ਪਛੋਤਾਣ ਦਾ । ਰਾਜੇ ਰਾਣਿਆਂ ਨਾ ਕੋਈ ਪਕੜੇ ਬਾਂਹ, ਝੁਲੇ ਇਕ ਨਿਸ਼ਾਨ ਸ੍ਰੀ ਭਗਵਾਨ ਦਾ । ਦਰ ਦਰ ਘਰ ਘਰ

ਉਡਦੇ ਕਾਂ, ਵਕਤ ਚੁੱਕੇ ਮਾਇਆ ਪੀਣ ਖਾਣ ਦਾ । ਨਿਹਕਲੰਕ ਕਲ ਜਾਮਾ ਪਾਇਆ, ਛੁਟੇ ਤੀਰ ਰਸਨ ਇਕ ਕਮਾਨ ਦਾ । ਰਸਨਾ ਛੁੱਟੇ ਤੀਰ ਸੀਨਾ ਪਾੜਿਆ । ਚਾਰੋਂ ਕੁੰਟ ਹੋਏ ਵਹੀਰ, ਸ਼ਬਦ ਘੋੜੇ ਚੜ੍ਹਿਆ ਸਾਚਾ ਲਾੜਿਆ । ਕਿਸੇ ਹੱਥ ਨਾ ਆਉਣਾ ਨੀਰ, ਨਾ ਦਿਸੇ ਪਿੱਛਾ ਅਗਾੜਿਆ । ਭਾਈਆਂ ਭੈਣਾਂ ਨਾਤਾ ਤੁੱਟੇ ਵੀਰ, ਉਠੇ ਰੁਸਾ ਧਾੜੀ ਦਿਨ ਦਿਹਾੜਿਆ । ਕੋਈ ਨਾ ਦੇਵੇ ਕਿਸੇ ਧੀਰ, ਮਗਰ ਲੱਗੀ ਮੌਤ ਲਾੜੀ ਧਰਮ ਰਾਏ ਖੋਲ੍ਹੇ ਬੰਦ ਕਵਾੜਿਆ । ਪ੍ਰਭ ਅਬਿਨਾਸ਼ੀ ਦੋਹੀਂ ਹੱਥੀਂ ਰਿਹਾ ਚੀਰ, ਤਨ ਨਾ ਕਿਸੇ ਦਿਸੇ ਲੀਰ, ਸ਼ਬਦ ਖੰਡਾ ਵੱਜੇ ਕਾੜ ਕਾੜਿਆ । ਨਾ ਕੋਈ ਸਹਾਈ ਪੀਰ ਫਕੀਰ ਸ਼ਾਹ ਦਸਤਗੀਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਔਲੀਏ ਪੀਰ ਸ਼ੇਖ਼ ਗੌਂਸ ਕੁਤਬ, ਅਗਨੀ ਜੋਤੀ ਕਾਇਆ ਅੰਦਰੇ ਅੰਦਰ ਸਾੜਿਆ । ਹਰਿ ਮੰਤਰ ਨਾਮ ਅਪਾਰ, ਵਸਤ ਅਮੋਲ ਹੈ । ਏਕਾ ਦੱਸੇ ਸਚ ਪਿਆਰ, ਮੇਲ ਮਿਲਾਏ ਵਸੇ ਸਦਾ ਜੋ ਜਨ ਕੋਲ ਹੈ । ਆਤਮ ਭੇਵ ਦੇਵੀ ਦੇਵ ਚੁਕਾਏ, ਮਾਰ ਝਾਕੀ ਆਤਮ ਤਾਕੀ ਰਿਹਾ ਖੋਲ੍ਹ ਹੈ । ਲਹਿਣ ਦੇਣ ਚੁਕਾਏ, ਸ਼ਬਦ ਦੇਵੇ ਸਾਚਾ ਰਸ, ਧੁਨੀ ਨਾਦ ਵਜਾਏ ਢੋਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੂਰੇ ਤੋਲ ਰਿਹਾ ਤੋਲ ਹੈ । ਤੋਲੇ ਤੋਲ ਜਗਤ ਵਣਜਾਰਾ । ਨਾਮ ਅਨਮੋਲ ਹਰਿ ਭਗਤ ਵਪਾਰਾ । ਆਦਿ ਅੰਤ ਨਾ ਜਾਏ ਡੋਲ, ਸ਼ਬਦ ਸਰੂਪੀ ਇਕ ਸਹਾਰਾ । ਦਿਵਸ ਰੈਣ ਕਰੇ ਚੋਹਲ, ਕਾਇਆ ਮੰਦਰ ਮਹੱਲ ਮੁਨਾਰਾ । ਸਹਿਜ ਸੁਭਾਗੀ ਰਿਹਾ ਬੋਲ, ਆਤਮ ਖੋਲ੍ਹੇ ਬੰਦ ਕਵਾੜਾ । ਚਰਨ ਪ੍ਰੀਤੀ ਸਾਚੀ ਘੋਲ ਮਿਲੇ ਮਾਣ ਸਤਾਰਾਂ ਹਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਲਾਜ ਰਖਾਏ ਦਇਆ ਕਮਾਏ, ਚਰਨ ਛੁਹਾਏ ਦਾਹੜਾ । ਚਰਨ ਪ੍ਰੀਤੀ ਨਾਮ ਅਧਾਰ । ਪਰਖੇ ਨੀਤੀ ਵਿਚ ਸੰਸਾਰ । ਕਾਇਆ ਅਤੀਤੀ ਸੀਤਲ ਸੀਤੀ, ਦਿਵਸ ਰੈਣ ਠੰਡੀ ਠਾਰ । ਰਸਨਾ ਰਸ ਆਤਮ ਮਧ, ਮਾਨਸ ਜਨਮ ਜਾਓ ਜਗ ਜੀਤੀ, ਵੇਲੇ ਅੰਤ ਨਾ ਆਏ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਲਾ ਜਗਤ ਸੁਹੇਲਾ, ਇਕ ਇਕੇਲਾ ਸਦ ਨਵੇਲਾ, ਸਾਚਾ ਕਰੇ ਤਨ ਸ਼ਿੰਗਾਰ । ਆਪੇ ਗੁਰ ਆਪੇ ਚੇਲਾ, ਸੰਤ ਮਨੀ ਸਿੰਘ ਕੰਤ ਸੁਹਾਗੀ ਹਰਿ ਭਤਾਰ । ਹਰਿ ਭਤਾਰਾ ਵਿਚ ਸੰਸਾਰਾ । ਦੇਵੇ ਮਾਣ ਵਾਲੀ ਦੋ ਜਹਾਨਾ, ਸ਼ਬਦ ਸਿਹਰਾ ਸੀਸ ਦਸਤਾਰਾ । ਆਪੇ ਤਾਰੇ ਕਰ ਕਰ ਮਿਹਰਾ । ਵਕਤ ਲਿਆਏ ਨੇਰਨ ਨੇਰਾ । ਚਾਰੋਂ ਕੁੰਟ ਪਾਏ ਘੇਰਾ । ਸ਼ਬਦ ਡੋਰੀ ਬੰਧ ਬੰਧਾਨ, ਭੇਵ ਚੁੱਕੇ ਮੇਰਾ ਤੇਰਾ । ਰਹਿਣ ਨਾ ਦੇਵੇ ਕੋਈ ਡੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਪਿਆਲਾ ਨਾਮ ਰਸ । ਦੀਨ ਦਿਆਲਾ ਹੋਏ ਵਸ । ਹਰਿ ਕਿਰਪਾਲ ਏਕਾ ਰਾਹ ਜਗਤ ਫਾਹ, ਬੇਪ੍ਰਵਾਹ ਸਾਚਾ ਜਾਏ ਦੱਸ । ਗੁਰਮੁਖ ਕੋਈ ਭੁੱਲੇ ਨਾ, ਪ੍ਰਭ ਅਬਿਨਾਸ਼ੀ ਪਕੜੇ ਬਾਂਹ, ਨਾ ਕੋਈ ਪਿਤਾ ਨਾ ਕੋਈ ਮਾਂ, ਚਰਨ ਲਗਾਏ ਹੱਸ ਹੱਸ । ਸਦਾ ਰੱਖੇ ਠੰਡੀ ਛਾਂ, ਏਥੇ ਓਥੇ ਦੋ ਜਹਾਨੀ, ਇਕ ਜਪਾਏ ਸਾਚਾ ਨਾਂ । ਸ਼ਬਦ ਮਾਰੇ ਤੀਰ ਕਾਨੀ, ਮੇਟ ਮਿਟਾਏ ਸ਼ਾਹ ਇਰਾਨੀ, ਵਡ ਦੁਰਾਨੀ ਜੀਵ ਸ਼ੈਤਾਨੀ ਬੇਈਮਾਨੀ, ਗੁਰਮੁਖ ਸਾਚੇ ਦਰ ਘਰ ਅੰਤਮ ਕੋਈ ਦੀਸੇ ਨਾ । ਏਕਾ ਧਾਰ ਧੁਰ ਫ਼ਰਮਾਨ, ਸ਼ਬਦ ਸੋਹੰ ਸੱਚੀ ਬਾਣੀ, ਕਲਜੁਗ ਮੁੱਕੇ ਅੰਤਮ ਖਾਣੀ, ਸਤਿਜੁਗ ਸਾਚੇ ਧਰਤ ਮਾਤ ਮਾਰ ਝਾਤ, ਪ੍ਰਭ ਆਪ ਦਵਾਏ ਸਾਚਾ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲਾ ਇਕ ਇਕੇਲਾ, ਦੋ ਜਹਾਨੀ ਸਾਚਾ ਮੇਲਾ, ਸ਼ਬਦ ਚੜ੍ਹਾਏ ਸਾਚਾ ਤੇਲਾ, ਦੂਸਰ ਕੋਈ ਨਾ । ਪ੍ਰਭ ਅਬਿਨਾਸ਼ੀ ਸਾਚਾ ਕਾਜ । ਸ਼ਬਦ ਦੇਵੇ ਨਾਮ ਦਾਜ । ਤਨ ਬਸਤਰ ਕੰਗਣ

੬੭੨
੦੪

੬੭੩
੦੪

ਸਾਚੀ ਰੰਗਣ, ਆਦਿ ਅੰਤੀ ਰੱਖੇ ਲਾਜ । ਦਰ ਘਰ ਸਾਚਾ ਏਕਾ ਮੰਗਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਹਰਿ ਨਿਰੰਕਾਰਾ, ਸ੍ਰਿਸ਼ਟ ਸਬਾਈ ਸਾਜਨ ਸਾਜ । ਸਾਜਨ ਸਾਜੇ ਗਰੀਬ ਨਿਵਾਜ਼ੇ । ਰੱਖੇ ਲਾਜੇ ਦੇਸ ਮਾਝੇ । ਚਾਰੋਂ ਕੁੰਟ ਪੈਣ ਭਾਜੇ । ਸੰਗੀ ਸਾਥੀ ਨਾ ਕੋਈ ਪੜਦਾ ਕਾਜੇ । ਪ੍ਰਭ ਰਘੁਨਾਥੀ ਮਸਤਕ ਲਿਖਿਆ ਲੇਖ ਤ੍ਰੈਲੋਕੀ ਨਾਥੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਪਹਿਨਾਏ ਸ਼ਬਦ ਸਾਚਾ ਤਾਜੇ । ਨਰ ਹਰਿ ਹਰੀ ਭਗਵਾਨ । ਕਿਰਪਾ ਕਰ ਸਾਚਾ ਹਰਿ ਦੇਵੇ ਨਾਮ ਵਰ, ਆਤਮ ਜੋਤੀ ਜੀਆ ਦਾਨ । ਦੁਰਮਤ ਮੈਲ ਕਾਇਆ ਧੋਤੀ, ਪੁਰਖ ਅਬਿਨਾਸ਼ੀ ਆਪ ਉਠਾਏ ਮਾਤ ਸੋਤੀ, ਇਕ ਰਖਾਏ ਚਰਨ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਖੋਲ੍ਹੇ ਦਰ, ਵਡ ਦਾਤਾ ਮਿਹਰਵਾਨ । ਆਏ ਦਰ ਹਰਿ ਦਾਤਾਰ । ਚਰਨ ਲਾਏ ਦਇਆ ਕਮਾਏ, ਰੋਗ ਸੋਗ ਚਿੰਤ ਮਿਟਾਏ, ਸ਼ਬਦ ਦੇਵੇ ਸਾਚੀ ਧਾਰ । ਲੇਖਾ ਧੁਰ ਸੰਜੋਗ ਮਿਲਾਏ, ਬਿਰਹੋਂ ਵਿਛੋੜਾ ਰੋਗ ਗਵਾਏ, ਅੰਮ੍ਰਿਤ ਰੱਖੇ ਠੰਡਾ ਠਾਰ । ਰਸਨਾ ਰਸ ਭੋਗ ਲਗਾਏ, ਦਰ ਘਰ ਸਾਚਾ ਆਣ ਸੁਹਾਏ, ਜੋਤੀ ਜਾਮਾ ਰਮਈਆ ਰਾਮਾ ਕ੍ਰਿਸ਼ਨਾ ਸ਼ਾਮਾ, ਕਲਜੁਗ ਅੰਤਮ ਭੇਖ ਨਿਆਰ । ਆਪੇ ਬੰਨ੍ਹੇ ਨਾਮ ਦਾਮਾ, ਸੁੱਕਾ ਹਰਿਆ ਕਰੇ ਚਾਮਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਹਰਿ ਨਿਰੰਕਾਰ । ਦਰ ਘਰ ਘਰ ਦਰ, ਦਿਵਸ ਰੈਣ ਆਵੇ ਡਰ । ਗੁਰ ਪੂਰੇ ਦਇਆ ਕਮਾਈ, ਚਰਨ ਲਾਗ ਜਾਗੇ ਭਾਗ, ਮਾਤਲੋਕੀ ਜਾਏ ਆਪ, ਬੁਝਾਏ ਆਤਮ ਲੱਗੀ ਤ੍ਰਿਸ਼ਨਾ ਆਗ, ਜਗਤ ਭੰਡਾਰੇ ਜਾਏ ਭਰ । ਹੰਸ ਬਣਾਏ ਗੁਰਮੁਖ ਕਾਗ, ਇਕ ਸੁਹਾਏ ਸਾਚਾ ਸਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਅਧਾਰੀ ਜਗਤ ਸੁਧਾਰੀ, ਪੂਰਬ ਕਰਮ ਰਿਹਾ ਵਿਚਾਰੀ, ਆਪੇ ਧੋਏ ਕਾਇਆ ਦਾਗ਼ । ਕਾਇਆ ਦਾਗ਼ ਦੂਰੋ ਦੂਰ । ਪ੍ਰਭ ਅਬਿਨਾਸ਼ੀ ਹਾਜ਼ਰ ਹਜ਼ੂਰ । ਆਸਾ ਮਨਸਾ ਕਰੇ ਪੂਰ । ਚਿੰਤਾ ਸੋਗ ਹੋਏ ਦੂਰ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਦਰ ਘਰ ਸਾਚੇ ਦੇਵੇ ਵਰ, ਸਰਬ ਕਲਾ ਸਮਰਥ ਸਰਬ ਕਲ ਭਰਪੂਰ । ਸਰਬ ਕਲਾ ਸਮਰਥ ਦਇਆ ਕਮਾਇੰਦਾ । ਹਰਿ ਰੱਖੇ ਦੇ ਕਰ ਹੱਥ, ਜਿੰਨਾਂ ਪ੍ਰੇਤਾਂ ਭੂਤ ਦੈਤਾਂ ਸ਼ਬਦ ਡੰਡਾ ਸੀਸ ਲਗਾਇੰਦਾ । ਹਾਕਨ ਡਾਕਨ ਸਿਰ ਮੁੰਡਵਾਏ, ਸ਼ਬਦ ਡੋਰੀ ਹਰਿ ਬੰਧਾਏ, ਗੁਰਮੁਖ ਸਾਚੇ ਹਰਿ ਭਗਤ ਦੁਲਾਰੇ, ਬੇੜਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਧੁਰਦਰਗਾਹੀ ਸਚ ਮਲਾਹ, ਜਗਤ ਤੋੜੇ ਜੰਜ਼ਾਲਾ ਫਾਹ, ਜਗਤ ਮਾਰਗ ਸਾਚੇ ਪਾਇੰਦਾ । ਜਗਤ ਜੰਜ਼ਾਲਾ ਜਾਏ ਕਟ । ਭਗਤ ਰਖਵਾਲਾ ਪ੍ਰਗਟ ਝੱਟ । ਆਤਮ ਜੋਤੀ ਜਗੇ ਜੋ ਅੰਦਰ ਨੂਰ ਨੁਰਾਨੀ ਲਟ । ਖ਼ਾਲੀ ਭਰੇ ਹਰਿ ਪਿਆਲਾ, ਰਸਨਾ ਰਸ ਸੋਹੰ ਸ਼ਬਦ ਲੈਣਾ ਚੱਟ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਕਿਸੇ ਹੱਥ ਨਾ ਆਏ ਤੀਰਥ ਤਟ । ਤੀਰਥ ਤਟ ਜਗਤ ਇਸ਼ਨਾਨ । ਗੁਰਮੁਖ ਵੇਖੇ ਘਟ ਘਟ, ਚਰਨ ਧੂੜ ਸਰਬ ਮਾਣ । ਸ਼ਬਦ ਪਹਿਨਾਏ ਸਾਚਾ ਪੱਟ, ਸਾਚਾ ਨਾਮ ਪੀਣ ਖਾਣ । ਇਕ ਖੁਲ੍ਹਾਏ ਸਾਚਾ ਹੱਟ, ਅਤੁੱਲ ਭੰਡਾਰ ਸਦਾ ਰਹਿ ਜਾਣ । ਰੋਗ ਸੋਗ ਪ੍ਰਭ ਰਿਹਾ ਕਟ, ਕਿਰਪਾ ਕਰੇ ਸ੍ਰੀ ਭਗਵਾਨ । ਜਗੇ ਜੋਤ ਕਾਇਆ ਮੱਟ, ਦੇਵੇ ਦਰਸ ਹਰਿ ਮਿਹਰਵਾਨ । ਕਲਜੁਗ ਮਾਇਆ ਮੇਟੇ ਫੱਟ, ਸਾਚਾ ਦੇਵੇ ਜੀਆ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਧਾਰਾ ਭਗਤ ਸਹਾਰਾ, ਇਕ ਇਕੱਲਾ ਸਚ ਮਹੱਲਾ, ਮਿਲੇ ਮੇਲ ਨਰ ਹਰਿ ਹਰਿ ਨਰ ਸ੍ਰੀ ਭਗਵਾਨ । ਹਰਿ ਨਰ ਨਰ ਹਰਿ ਨਰਾਇਣ । ਕਿਰਪਾ ਰਿਹਾ ਕਰ, ਲੋਚਣ ਲੋਇਣ ਵੇਖੇ ਨੈਣ । ਸਾਚਾ ਦੇਵੇ

ਨਾਮ ਵਰ, ਆਪੇ ਬਣੇ ਮਾਤ ਪਿਤ ਭਾਈ ਭੈਣ । ਲੱਖ ਚੁਰਾਸੀ ਚੁੱਕੇ ਡਰ, ਧਰਮ ਰਾਏ ਨਾ ਦਰ ਬਹਾਏ, ਪ੍ਰਭ ਆਪ ਚੁਕਾਏ ਲਹਿਣ ਦੇਣ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਗੁਰਮੁਖ ਸਾਚੇ ਸੰਤ ਦੁਲਾਰੇ, ਏਕਾ ਧਾਰ ਵਿਚ ਸੰਸਾਰ, ਹਰਿ ਦਵਾਰੇ ਸਾਚੇ ਬਹਿਣ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਜਾਏ ਕਰ, ਸ਼ਬਦ ਦਾਤ ਦੇਵੇ ਵਰ, ਸੱਜਣ ਸੁਹੇਲਾ ਹਰਿ ਅਕੇਲਾ, ਸਖਾ ਸਹਾਈ ਅੰਤਮ ਸਾਕ ਸੈਣ ।

✻ ਪਹਿਲੀ ੧ ਪੋਹ ੨੦੧੧ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ਦਰਬਾਰ ਵਿਚ ✻

ਹਰਿ ਭਗਤ ਹਰਿ ਦਰ ਨਿਆਰਾ, ਹਰਿ ਭਗਤ ਹਰਿ ਘਰ ਸਚ ਵਸਾਨਿਆ । ਹਰਿ ਭਗਤ ਨਾ ਜਨਮੇ ਨਾ ਜਾਏ ਮਰ, ਏਕਾ ਰੰਗ ਸਦ ਰਹਾਨਿਆ । ਹਰਿ ਭਗਤ ਆਵਣ ਜਾਵਣ ਚੁੱਕੇ ਡਰ, ਮਿਲੇ ਮਾਣ ਦੋ ਜਹਾਨਿਆ । ਹਰਿ ਭਗਤ ਅੰਮ੍ਰਿਤ ਤੀਰਥ ਨੁਹਾਵੇ ਸਾਚੇ ਸਰ, ਖੁਲ੍ਹੇ ਬੰਦ ਕਵਾੜ ਜਗੇ ਜੋਤ ਇਕ ਮਹਾਨਿਆ । ਹਰਿ ਭਗਤ ਸ਼ਬਦ ਸਰੂਪੀ ਅੱਠੇ ਪਹਿਰ ਰਿਹਾ ਲੜ, ਮਾਰ ਮਿਟਾਏ ਪੰਜ ਸ਼ੈਤਾਨਿਆ । ਹਰਿ ਭਗਤ ਸਾਚੇ ਘਾੜਨ ਰਿਹਾ ਘੜ, ਨਾ ਭੰਨੇ ਡੰਨੇ ਕੋਈ ਵਿਚ ਜਹਾਨਿਆ । ਹਰਿ ਭਗਤ ਨਾ ਕੋਈ ਸੀਸ ਨਾ ਕੋਈ ਧੜ, ਸਾਚਾ ਨਾਮ ਜਗਤ ਨਿਸ਼ਾਨਿਆ ।


ਹਰਿ ਭਗਤ ਦਸਮ ਦਵਾਰੇ ਚੜ੍ਹ, ਮਿਲੇ ਮੇਲ ਬਲੀ ਬਲਵਾਨਿਆ । ਹਰਿ ਭਗਤ ਦਸਮ ਘਰ ਜਾਏ ਵੜ, ਮਿਲੇ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਹਰਿ ਭਗਤ ਜਗਤ ਨਿਆਰਾ । ਹਰਿ ਭਗਤ ਪ੍ਰਭ ਪਾਏ ਸਾਰਾ । ਹਰਿ ਭਗਤ ਮਾਤ ਸਾਚੀ ਧਾਰਾ । ਹਰਿ ਭਗਤ ਦਾਤ ਸ਼ਬਦ ਵਣਜ ਵਪਾਰਾ । ਹਰਿ ਭਗਤ ਨਾਤ, ਗੁਰ ਚਰਨ ਪਿਆਰਾ । ਹਰਿ ਭਗਤ ਪਿਤ ਮਾਤ, ਨਰਾਇਣ ਨਰ ਨਿਰੰਕਾਰਾ । ਹਰਿ ਭਗਤ ਬੈਠਾ ਰਹੇ ਇਕ ਇਕਾਂਤ, ਸਾਚੀ ਪੁਰੀ ਕਰ ਪਸਾਰਾ । ਹਰਿ ਭਗਤ ਪ੍ਰਭ ਵੇਖੇ ਮਾਰ ਝਾਤ, ਜੋਤੀ ਨੂਰ ਇਕ ਉਜਿਆਰਾ । ਹਰਿ ਭਗਤ ਅੰਮ੍ਰਿਤ ਬੂੰਦ ਪੀਏ ਸਵਾਂਤ, ਮਿਟੇ ਅੰਧ ਅੰਧਿਆਰਾ । ਹਰਿ ਭਗਤ ਉਤਮ ਜਾਤ, ਮਿਲਿਆ ਮੇਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਹਰਿ ਭਗਤ ਹਰਿ ਦਵਾਰ । ਹਰਿ ਭਗਤ ਵਡਿਆਈ ਵਿਚ ਸੰਸਾਰ । ਹਰਿ ਭਗਤ ਮਿਲੇ ਵਧਾਈ, ਰਸਨਾ ਗਾਏ ਨਰ ਨਾਰ । ਹਰਿ ਭਗਤ ਨਾ ਹੋਏ ਜੁਦਾਈ, ਦੋ ਜਹਾਨੀ ਪਹਿਰੇਦਾਰ । ਹਰਿ ਭਗਤ ਮਾਣੇ ਠੰਡੀ ਛਾਈਂ, ਦੇਵੇ ਪ੍ਰਭ ਕਿਰਪਾ ਧਾਰ । ਹਰਿ ਭਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਆਪ ਬਹਾਏ ਸਚ ਸਾਚੇ ਦਰਬਾਰ । ਹਰਿ ਭਗਤ ਸਾਜਣ ਸਾਜਿਆ । ਹਰਿ ਭਗਤ ਰੱਖੇ ਲਾਜ ਗਰੀਬ ਨਿਵਾਜ਼ਿਆ । ਹਰਿ ਭਗਤ ਮਾਰੇ ਅਵਾਜ਼, ਸਵਾਰੇ ਕਾਜਿਆ । ਹਰਿ ਭਗਤ ਸਦ ਪਹਿਨਾਏ ਸ਼ਬਦ ਤਾਜ, ਵੇਖੇ ਖੇਲ ਕਲ ਕਿ ਆਜਿਆ । ਹਰਿ ਭਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਦੇਵੇ ਵਡਿਆਈ, ਵੱਜੇ ਵਧਾਈ ਅੰਤਮ ਕਲ ਦੇਸ ਮਾਝਿਆ । ਹਰਿ ਭਗਤ ਮਿਲੇ ਵਡਿਆਈਆ । ਹਰਿ ਭਗਤ ਮਾਝੇ ਦੇਸ ਜੋਤ ਜਗਾਈਆ । ਹਰਿ ਭਗਤ ਕਰ ਕਰ ਵੇਸ, ਨਿਹਕਲੰਕ ਨਰਾਇਣ ਨਰ ਸਾਚੀ ਵੇਲ ਵਧਾਈਆ । ਹਰਿ ਭਗਤ ਸਦਾ ਆਦੇਸ, ਕਲ ਸਾਚੀ ਬਣਤ ਬਣਾਈਆ । ਹਰਿ ਭਗਤ ਬ੍ਰਹਮਾ ਵਿਸ਼ਨ ਮਹੇਸ਼ ਕਲ ਸ਼ਿਵ ਸ਼ੰਕਰ ਧਾਰ ਰਖਾਈਆ । ਹਰਿ ਭਗਤ ਨਰ ਨਰੇਸ਼, ਘਰ ਸਾਚੀ ਪੁਰੀ ਆਪ ਵਸਾਈਆ । ਹਰਿ ਭਗਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ

੬੭੪
੦੪

ਸਾਚੇ ਦੇਵੇ ਮਾਣ, ਲੋਕਮਾਤ ਕਰੇ ਰੁਸ਼ਨਾਈਆ । ਹਰਿ ਭਗਤ ਹਰਿ ਉਧਾਰੇ, ਨਿਹਕਲੰਕ ਕਲ ਜਾਮਾ ਧਾਰੇ । ਜਗੇ ਜੋਤ ਨਿਰਾਲੀਆ । ਹਰਿ ਭਗਤ ਪ੍ਰਭ ਪਾਵੇ ਸਾਰੇ, ਕਲਜੁਗ ਤੇਰੀ ਅੰਤਮ ਵਾਰੇ, ਕਰ ਕੇ ਖੇਲ ਭਗਤ ਮੇਲ ਮਿਲਾਈਆ । ਕਲਜੁਗ ਜੀਵ ਥੱਕੇ ਨਾ ਕੋਈ ਪਾਵੇ ਸਾਚੀ ਸਾਰੇ । ਚਲੇ ਚਾਲ ਹਰਿ ਨਿਰਾਲੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ, ਸ੍ਰਿਸ਼ਟ ਸਬਾਈ ਸਾਚੇ ਦਰ ਏਕਾ ਸਦਾ ਸੁਹਾਈਆ । ਹਰਿ ਭਗਤ ਹਰਿ ਭੰਡਾਰ, ਸ਼ਬਦ ਅਤੁੱਟ ਨਾਮ ਅਪਾਰ, ਸਚ ਕਰਾਏ ਵਣਜ ਵਪਾਰ, ਦੇਵੇ ਮਾਣ ਵਡਿਆਈਆ । ਸਤਿਜੁਗ ਤੇਰੀ ਤਿੱਖੀ ਧਾਰ, ਗੁਰਮੁਖ ਵਿਰਲੇ ਉਤਰੇ ਪਾਰ, ਪ੍ਰਭ ਅਬਿਨਾਸ਼ੀ ਪਾਵੇ ਸਾਰ, ਨਾ ਹੋਵੇ ਅੰਤ ਜੁਦਾਈਆ । ਲੱਖ ਚੁਰਾਸੀ ਥੱਕੇ ਹਾਰ, ਕਿਸੇ ਨਾ ਦਿਸੇ ਪਾਰ ਕਿਨਾਰ, ਗੁਰਮੁਖਾਂ ਮਿਲਿਆ ਹਰਿ ਨਿਰੰਕਾਰ, ਆਤਮ ਜੋਤੀ ਦੀਪ ਇਕ ਜਗਾਈਆ । ਸ਼ਬਦ ਘੋੜੇ ਹੋ ਅਸਵਾਰ, ਜਨ ਭਗਤਾਂ ਰਿਹਾ ਪੈਜ ਸਵਾਰ, ਦਿਵਸ ਰੈਣ ਕਰੇ ਕਾਜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਜੋਤ ਵਰਨ ਗੋਤ ਨਾ ਕੋਈ ਕਰਾਈਆ । ਗੁਰ ਪੂਰਾ ਮਿਹਰਵਾਨ ਦਇਆ ਕਮਾਇੰਦਾ । ਅੱਠੇ ਪਹਿਰ ਕਰ ਧਿਆਨ, ਚਰਨ ਸਰਨ ਪ੍ਰੀਤ ਰਖਾਇੰਦਾ । ਆਪੇ ਕਰੇ ਜਾਣ ਪਛਾਣ, ਜੁਗਾ ਜੁਗੰਤ ਮੇਲ ਮਿਲਾਇੰਦਾ । ਲੋਕਮਾਤ ਸਾਚਾ ਮੇਲ ਮਿਲਾਣ, ਸੁਫ਼ਲ ਕੁੱਖ ਆਪ ਕਰਾਇੰਦਾ । ਮਿਲੇ ਵਡਿਆਈ ਦੋ ਜਹਾਨ, ਪੁਰੀਆਂ ਲੋਆਂ ਧਾਰ ਬੰਨ੍ਹਾਇੰਦਾ । ਇਕ ਰਖਾਇਆ ਸ਼ਬਦ ਬਬਾਣ, ਸਾਚੇ ਬਾਲੇ ਵਿਚ ਬਹਾਇੰਦਾ । ਅੰਮ੍ਰਿਤ ਨੀਰ ਕਰਾਇਆ ਸਚ ਇਸ਼ਨਾਨ, ਇੰਦਲੋਕ ਸ਼ਿਵਲੋਕ ਧਾਮ ਸੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਲਾਰੀ ਧੀ ਪਿਆਰੀ, ਪਿਛਲਾ ਲਹਿਣਾ ਕਲਜੁਗ ਗਹਿਣਾ ਵਖਾਏ ਨੈਣਾ, ਅੰਤਮ ਤਨ ਪਹਿਨਾਇੰਦਾ । ਪਿਛਲਾ ਲਹਿਣਾ ਆਪ ਚੁਕਾਇਆ । ਲਾਲ ਦੁਲਾਰੇ ਸਿਹਰਾ ਲਾਇਆ । ਸ਼ਿਵ ਪੁਰੀ ਚੁਬਾਰੇ ਵਿਚ ਬਹਾਇਆ । ਇੰਦਰ ਪੁਰੀ ਪਾਵੇ ਸਾਰੇ, ਕਰੋੜ ਤੇਤੀਸਾ ਸੇਵਾ ਲਾਇਆ । ਕਿਰਪਾ ਕਰ ਹਰਿ ਨਿਰੰਕਾਰੇ, ਅੰਮ੍ਰਿਤ ਮੇਵਾ ਫਲ ਖਵਾਇਆ । ਜਗੇ ਜੋਤ ਵਿਚ ਸੰਸਾਰੇ, ਵਲ ਛਲ ਨਾ ਕੋਈ ਰਖਾਇਆ । ਖਾਲੀ ਭਰੇ ਹਰਿ ਭੰਡਾਰੇ, ਤੋਟ ਕੋਈ ਰਹਿਣ ਨਾ ਪਾਇਆ । ਏਕਾ ਬਖ਼ਸ਼ੇ ਚਰਨ ਪਿਆਰੇ, ਧੀਰਜ ਧੀਰ ਆਪ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੰਤਾ ਰੋਗ ਜਗਤ ਸੋਗ ਦਏ ਮਿਟਾਇਆ ।

❃ ੫ ਪੋਹ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਕਾਕਾ ਜਗਦੀਸ਼ ਸਿੰਘ ਦੀ ਯਾਦ ਵਿਚ ਨੌਂ ਦਰ ਦਰਬਾਰ ਦੀ ਨੀਂਹ ਰਖਣ ਸਮੇਂ ਉਸ ਦੀ ਹੱਡੀਆਂ ਤੇ ਭਸਮ ਨੀਂਹ ਵਿਚ ਪਾਈ ਗਈ ਅਤੇ ਬਾਅਦ ਵਿਚ ਵਿਹਾਰ ਹੋਇਆ ❃

ਪੰਚਮ ਪੋਹ ਪੰਚ ਪ੍ਰਵਾਨਾ । ਕਲਜੁਗ ਕਾਲਾ ਵੇਸ, ਮਾਝੇ ਦੇਸ ਸ੍ਰੀ ਭਗਵਾਨਾ । ਪ੍ਰਗਟ ਹੋਏ ਵਡ ਨਰ ਨਰੇਸ਼, ਗੁਣ ਨਿਧਾਨਾ । ਸਤਿ ਪੁਰਖ ਕੋ ਸਦਾ ਆਦੇਸ, ਪੰਚਮ ਪੋਹ ਥਿਤ ਸਾਚੀ ਵੇਖ, ਵੱਡੇ ਵੱਡੇ ਰਾਜ ਰਾਜਾਨਾ । ਪੰਚਮ ਪੋਹ ਪਵਣ ਅਸਵਾਰਾ । ਸ਼ਬਦੀ ਪਵਣੀ ਇਕ ਹੁਲਾਰਾ । ਅਵਣੀ ਗਵਣੀ ਨਾ ਕੋਈ ਪਾਵੇ ਸਾਰਾ । ਭੇਖ ਧਾਰੇ ਜਿਉਂ ਬਾਵਨ ਬਵਨੀ, ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰਮੁਖਾਂ ਆਤਮ ਮੇਘ ਸਵਣੀ, ਅੰਮ੍ਰਿਤ ਬਰਖੇ ਠੰਡੀ ਧਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ ਕਰੇ ਖੇਲ ਅਪਰ ਅਪਾਰਾ ।

੬੭੫
੦੪

ਕਰੇ ਖੇਲ ਅਪਰ ਅਪਾਰਿਆ । ਪਹਿਲੀ ਵਾਰ ਵਿਚ ਸੰਸਾਰਿਆ । ਕਲਜੁਗ ਅੰਤਮ ਜਾਮਾ ਧਾਰਿਆ । ਜੋਤ ਸਰੂਪੀ ਕੀਆ ਵੇਸ, ਨਾ ਕੋਈ ਜਾਣੇ ਜੀਵ ਗਵਾਰਿਆ । ਸਤਿ ਪੁਰਖ ਕੋ ਸਦਾ ਆਦੇਸ, ਆਵੇ ਜਾਵੇ ਵਾਰੋ ਵਾਰਿਆ । ਭੁੱਲੇ ਫਿਰਦੇ ਨਰ ਨਰੇਸ਼, ਕੋਈ ਨਾ ਪਾਵੇ ਸਾਚੀ ਸਾਰਿਆ । ਕਲਜੁਗ ਤੇਰਾ ਕਾਲਾ ਵੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਵੇਖ ਵਖਾਣੇ ਦਰ ਘਰ, ਕਰੇ ਕਰਾਏ ਆਪ ਆਪਣੀ ਵਾਰਿਆ । ਕਲਜੁਗ ਕਾਲਾ ਵੇਸ, ਦਰ ਦਰਵੇਸ਼ ਹਰਿ ਨਰੇਸ਼ ਹੈ । ਗੁਰਮੁਖ ਸਾਚੇ ਵਿਚ ਪ੍ਰਵੇਸ਼, ਮਾਝੇ ਦੇਸ ਜਗਤ ਅਵੱਲੜਾ ਵੇਸ ਹੈ । ਖੁਲ੍ਹੇ ਰੱਖੇ ਹਰਿ ਜੀ ਕੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜ ਰਾਜਾਨ ਸ਼ਾਹ ਸੁਲਤਾਨ, ਨੌਂ ਖੰਡ ਪ੍ਰਿਥਮੀ ਵਿਚ ਜਹਾਨ, ਰਾਜ ਰਾਜਾਨਾ ਦੇਵੇ ਸਚ ਸੰਦੇਸ਼ ਹੈ । ਰਾਜ ਰਾਜਾਨਾ ਆਪ ਜਗਾਏ । ਜਗਤ ਜਗਦੀਸ਼ ਬਣਤ ਬਣਾਏ । ਸਾਚੀ ਨੀਂਹ ਸ਼ਬਦ ਰਖਾਏ । ਸਾਢੇ ਤਿੰਨ ਹੱਥ ਕਲਜੁਗ ਜੀਵ ਤੇਰੀ ਸੀਂ, ਸਿੰਘ ਮਨਜੀਤ ਸੰਗ ਰਲਾਏ । ਗੁਰਮੁਖ ਅੰਮ੍ਰਿਤ ਸਾਚਾ ਜਾਮ ਲੈਣ ਪੀ, ਪ੍ਰਭ ਅਬਿਨਾਸ਼ੀ ਭੇਵ ਖੁਲ੍ਹਾਏ । ਲੋਕਮਾਤੀ ਸਦਾ ਜੀਣ, ਸਚ ਦਵਾਰੇ ਮਾਣ ਦਵਾਏ । ਗੁਰਮੁਖ ਸਾਚੇ ਬਲ ਬਲ ਥੀਨ, ਨਿਹਕਲੰਕੀ ਜੋਤ ਜਗਾਏ । ਸ਼ਬਦ ਲਿਖਾਏ ਰੂਸਾ ਚੀਨ, ਛੱਬੀ ਪੋਹ ਨੇੜੇ ਆਏ । ਆਪੇ ਭੰਨੇ ਹੰਕਾਰੀ ਬੀਨ, ਕਾਲਾ ਵੇਸ ਦਰ ਦਰਵੇਸ਼ ਵਾਲੀ ਹਿੰਦ ਲਏ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਦਿਵਸ ਸੁਭਾਗਾ ਸੋਇਆ ਜਾਗਾ, ਸ਼ਬਦ ਚਲਾਏ ਸੱਚਾ ਰਾਗਾ, ਰਾਜ ਰਾਜਾਨਾ ਲਏ ਉਠਾਏ । ਵਾਲੀ ਹਿੰਦ ਉਠ ਬਲ ਧਾਰ, ਨਿਹਕਲੰਕ ਕਲ ਜਾਮਾ ਪਾਏ । ਪ੍ਰਗਟ ਹੋਇਆ ਵਿਚ ਸੰਸਾਰ, ਪੰਚਮ ਪੋਹ ਨੀਂਹ ਰਖਾਏ । ਇਕ ਬਣਾਏ ਸਚ ਸੱਚਾ ਦਰਬਾਰ, ਚਾਰ ਵਰਨ ਇਕ ਥਾਂ ਬਹਾਏ । ਊਚ ਨੀਚ ਜਾਤ ਪਾਤ, ਭਰਮ ਭੁਲੇਖਾ ਦੂਰ ਕਰਾਏ । ਭਰਮ ਨਿਵਾਰ ਗੁਰਮੁਖਾਂ ਠੰਡੀ ਛਾਂ ਰਖਾਏ । ਲੱਖ ਚੁਰਾਸੀ ਹੋਈ ਰੰਡ, ਕਲਜੁਗ ਤੇਰੇ ਅੰਤਮ ਵੇਲੇ, ਸ਼ਬਦ ਖੰਡਾ ਹੱਥ ਉਠਾਏ । ਆਪੇ ਕਰੇ ਖੰਡ ਖੰਡ, ਧਰਮ ਰਾਏ ਦਰ ਦੇਵੇ ਦੰਡ, ਨਾ ਕੋਈ ਸਕੇ ਕਿਸੇ ਬਚਾਏ । ਰਾਜੇ ਰਾਣਿਆਂ ਨੰਗੀ ਹੋਈ ਕੰਡ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਸਾਚੀ ਬਣਤ ਹਰਿ ਬਣਾਇੰਦਾ । ਮਹਿੰਮਾ ਜਗਤ ਅਗਣਤ, ਨਾ ਕੋਈ ਗਿਣਾਇੰਦਾ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਦਇਆ ਕਮਾਇੰਦਾ । ਏਕਾ ਸ਼ਬਦ ਚਲਾਏ ਸਾਚਾ ਅੰਕ, ਰਾਓ ਰੰਕ ਸ਼ਾਹ ਸੁਲਤਾਨ ਜੀਵ ਜਹਾਨ ਸਾਚਾ ਡੰਕ ਵਜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਦਿਵਸ ਸੁਭਾਗਾ ਖ਼ੁਸ਼ੀਆਂ ਨਾਲ ਮਨਾਇੰਦਾ । ਸਾਚੀ ਖ਼ੁਸ਼ੀ ਹਰਿ ਮਨਾਈਆ । ਗੁਰਮੁਖਾਂ ਮਿਲੇ ਵਧਾਈਆ । ਅੰਤਮ ਧਾਰੇ ਕਲਜੁਗ ਭੇਖਾ, ਮਾਇਆ ਤ੍ਰਿਸ਼ਨਾ ਦਏ ਬੁਝਾਈਆ । ਉਲਟਾ ਮਾਤ ਗਰਭ ਕਲ ਰੁਖਾ, ਨਾ ਹੋਵੇ ਕੋਈ ਸਹਾਈਆ । ਨੌਂ ਅਠਾਰਾਂ ਗਰਭਵਾਸ ਦੁੱਖਾ, ਅੰਮ੍ਰਿਤ ਸੀਰ ਨਾ ਕੋਇ ਪਿਆਈਆ । ਸੁਫ਼ਲ ਕਰਾਈ ਮਾਤ ਕੁੱਖਾ, ਲੋਕਮਾਤ ਮਿਲੀ ਵਡਿਆਈਆ । ਉਜਲ ਹੋਇਆ ਸਾਚਾ ਮੁਖਾ, ਸਾਚੀ ਸੇਵਾ ਹਰਿ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ ਤੇਰੀ ਬਣਤ ਗੁਰ ਸੰਗਤ ਮੇਲ ਆਪਣੇ ਹੱਥੀਂ ਬਣਾਈਆ । ਆਪਣੇ ਹੱਥੀਂ ਆਪ ਬਣਾਏ । ਹਰਿ ਸਮਰਥੀ ਕਥਨਾ ਅਕਥੀ, ਭੇਵ ਨਾ ਜਾਣੇ ਕੋਈ ਰਾਏ । ਸ੍ਰਿਸ਼ਟ ਸਬਾਈ ਜਾਏ ਮਥੀ, ਰਾਜ ਰਾਜਾਨਾ ਦਏ ਹਿਲਾਏ । ਨੱਕ ਡੋਰੀ ਪਾਏ ਨੱਥੀ, ਅੰਤ ਕਾਲ ਨਾ ਕੋਈ ਛੁਡਾਏ । ਨਾ ਕੋਈ ਸੰਗੀ ਨਾ ਕੋਈ ਸਾਥੀ, ਚਾਰੋਂ ਕੁੰਟ ਪਏ ਦੁਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾਈ

੬੭੬
੦੪

ਤੇਰੀ ਸਾਚੀ ਰਥੀ, ਸਾਚੇ ਧਾਮ ਆਪ ਟਿਕਾਏ । ਸਾਚਾ ਧਾਮ ਆਪ ਸੁਹਾਇਆ । ਜਗਤ ਜਗਦੀਸ਼ੇ ਡੇਰਾ ਲਾਇਆ । ਸਿੰਘ ਮਨਜੀਤੇ ਨਾਲ ਮਿਲਾਇਆ । ਅਚਰਜ਼ ਖੇਲ ਮਾਤ ਕਰਾਇਆ । ਆਪੇ ਬਣਿਆ ਸੱਜਣ ਸੁਹੇਲ, ਦੋ ਜਹਾਨਾਂ ਵਾਲੀ ਹਰਿ ਬਨਵਾਲੀ, ਏਥੇ ਓਥੇ ਹੋਏ ਸਹਾਇਆ । ਇੰਦਪੁਰੀ ਹੋਈ ਖਾਲੀ, ਸਚ ਸਿੰਘਾਸਣ ਸਿੰਘ ਮਨਜੀਤੇ ਹਰਿ ਬਹਾਇਆ । ਲੋਕਸ਼ਿਵ ਨਾ ਮਿਲੇ ਦਲਾਲੀ, ਵੇਲਾ ਅੰਤਮ ਮਾਤ ਆਇਆ । ਗੁਰਮੁਖ ਪੂਰੇ ਘਾਲ ਘਾਲੀ, ਸਾਚੇ ਦਰ ਦਏ ਬਹਾਇਆ । ਅੱਠੇ ਪਹਿਰ ਦਿਵਸ ਰੈਣ ਮਸਤਕ ਲਾਲੀ, ਦੀਪਕ ਜੋਤ ਰਿਹਾ ਜਗਾਇਆ । ਚੜ੍ਹਿਆ ਰੰਗ ਇਕ ਗੁਲਾਲੀ, ਆਦਿ ਅੰਤ ਨਾ ਕਿਸੇ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਸਾਚਾ ਧਾਮ ਲੋਕਮਾਤ ਮਾਰ ਝਾਤ ਬੈਠ ਇਕਾਂਤ, ਆਪਣੀ ਹੱਥੀਂ ਆਪ ਸੁਹਾਇਆ । ਸੁਹਾਏ ਧਾਮ ਹਰਿ ਬਨਵਾਰਿਆ । ਪੂਰ ਕਰਾਏ ਕਾਮ, ਕਲਜੁਗ ਤੇਰੀ ਅੰਤਮ ਵਾਰਿਆ । ਇਕ ਜਪਾਏ ਸਾਚਾ ਨਾਮ, ਸੋਹੰ ਸ਼ਬਦ ਅਪਰ ਅਪਾਰਿਆ । ਕੋਇ ਨਾ ਲਾਏ ਘਰ ਸਾਚੇ ਦਾਮ, ਸਾਚਾ ਵਣਜ ਆਪ ਕਰਾ ਰਿਹਾ । ਕਲਜੁਗ ਹੋਈ ਅੰਧੇਰੀ ਸ਼ਾਮ, ਕਾਲਾ ਵੇਸ ਆਪ ਰਖਾ ਰਿਹਾ । ਗੁਰਮੁਖਾਂ ਪਿਆਏ ਅੰਮ੍ਰਿਤ ਜਾਮ, ਤਨ ਮੰਦਰ ਸਾਚੇ ਅੰਦਰ ਦੀਪਕ ਜੋਤੀ ਆਪ ਜਗਾ ਰਿਹਾ । ਸਾਧਾਂ ਸੰਤਾਂ ਆਤਮ ਵੱਜੇ ਜੰਦਰ, ਪ੍ਰਭ ਪਕੜ ਲਿਆਵੇ ਆਪੇ ਗੋਰਖ ਨਾਲ ਮਛੰਦਰ, ਸਭ ਦਾ ਮਾਣ ਗਵਾ ਰਿਹਾ । ਗੁਰਮੁਖਾਂ ਜੋਤ ਜਗਾਏ ਅੰਦਰੇ ਅੰਦਰ, ਸ਼ਬਦ ਮੇਲ ਆਪ ਮਿਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਵਿਚ ਸੰਸਾਰਾ ਪਹਿਲੀ ਵਾਰਾ, ਨੌਂ ਦਰ ਆਪ ਰਖਾ ਰਿਹਾ । ਨੌਂ ਦਰ ਰੱਖੇ ਦਰਵਾਜ਼ੇ । ਪ੍ਰਭ ਸੱਚੀ ਸਾਜਨ ਮਾਤ ਸਾਜੇ ਗਰੀਬ ਨਿਵਾਜ਼ੇ । ਸਾਚੀ ਲੇਖ ਲਿਖਤ ਆਪ ਕਰਾਏ, ਸੋਏ ਉਠਾਏ ਰਾਜਨ ਰਾਜੇ । ਸਿੰਘ ਜਗਦੀਸ਼ ਤੇਰੀ ਪਹਿਲੀ ਮੇਖ ਲਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿੰਦੀ ਦਿਸ਼ਾ ਆਪ ਕਰਾਏ ਨੂਰ ਅਲਾਹੀ ਸਾਚਾ ਮਾਹੀ ਆਪਣੇ ਸਾਚੇ ਕਾਜੇ । ਨੂਰ ਇਲਾਹੀ ਨੂਰ ਨੁਰਾਨਿਆ । ਧੁਰਦਰਗਾਹੀ ਸਚ ਮਲਾਹੀ ਕਾਲਾ ਵੇਸ ਫੂਲਨਹਾਰ ਗਲ ਵਿਚ ਗਾਨੀਆ । ਵੇਖ ਵਖਾਣੇ ਥਾਂਉਂ ਥਾਈਂ ਅੰਜ਼ੀਲ ਕੁਰਾਨ ਜਗਤ ਜਹਾਨ ਬੇਈਮਾਨ ਕਰੇ ਆਪ ਪਛਾਨਿਆ । ਮਾਰੇ ਸ਼ਬਦ ਇਕ ਨਿਸ਼ਾਨਾ । ਵਾਲੀ ਹਿੰਦ ਉਠ ਬਲਵਾਨਾ । ਪ੍ਰਗਟ ਹੋਏ ਵਾਲੀ ਦੋ ਜਹਾਨਾ । ਅੰਤਮ ਝੁੱਲਣਾ ਇਕ ਨਿਸ਼ਾਨਾ, ਸੱਤਾਂ ਦੀਪਾਂ ਮਾਣ ਦਵਾਨਾ । ਨੌਂ ਖੰਡ ਪ੍ਰਿਥਮੀ ਵੰਡ ਕਰਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਸ਼ਬਦ ਸਰੂਪੀ ਬੰਨ੍ਹੇ ਗਾਨਾ । ਸ਼ਬਦ ਗਾਨਾ ਰਿਹਾ ਬੰਨ੍ਹ । ਸੁੱਕਾ ਹਰਿਆ ਹੋਵੇ ਤਨ । ਨਾ ਜਨਮੇ ਨਾ ਮਰਿਆ, ਧਰਮ ਰਾਏ ਨਾ ਦੇਵੇ ਡੰਨ । ਪ੍ਰਭ ਅਬਿਨਾਸ਼ੀ ਦਰ ਦਵਾਰੇ ਖੜ੍ਹਿਆ, ਆਪੇ ਘੜੇ ਆਪੇ ਲਏ ਭੰਨ । ਨਾ ਕੋਈ ਸੀਸ ਨਾ ਕੋਈ ਧੜਿਆ, ਨਾ ਕੋਈ ਫੜੇ ਨਾ ਦੇਵੇ ਡੰਨ । ਮਾਤਲੋਕ ਨਾ ਕਿਸੇ ਲੱਗੀ ਜੜ੍ਹਿਆ, ਲੱਖ ਚੁਰਾਸੀ ਹੋਈ ਅੰਨ੍ਹ । ਗੁਰਮੁਖ ਵਿਰਲਾ ਪੰਜਾਂ ਤੱਤਾਂ ਨਾਲ ਲੜਿਆ, ਪ੍ਰਭ ਕਾ ਭਾਣਾ ਰਿਹਾ ਮੰਨ । ਏਕਾ ਲੜ ਸਾਚਾ ਫੜਿਆ, ਧੁਰਦਰਗਾਹੀ ਆਪ ਮਿਟਾਏ, ਕਲਜੁਗ ਭਰਮ ਭੁਲੇਖਾ ਝੂਠਾ ਜੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਏ ਦੂਜੀ ਮੇਖਾ, ਵੇਖ ਵਖਾਣੇ ਬਿਧਨਾ ਰੇਖਾ, ਗੁਰਮੁਖ ਸਾਚੇ ਤੇਰੀ ਮਾਤ ਵਡਿਆਈ, ਰਸਨਾ ਹਰਿ ਹਰਿ ਗਾਈ ਧੰਨ ਧੰਨ ਧੰਨ । ਕਲਜੁਗ ਸੁਸਾ ਤਨ ਛੁਹਾਇਆ । ਈਸਾ ਮੂਸਾ ਭੇਵ ਚੁਕਾਇਆ । ਬੀਸ ਇਕੀਸਾ ਜਗਤ ਜਗਦੀਸ਼ਾ ਸੇਵਾ ਲਾਇਆ । ਏਕਾ ਛਤਰ ਝੁਲਾਏ ਸਾਚੇ ਸੀਸਾ, ਨਿਹਕਲੰਕੀ ਜਾਮਾ ਪਾਇਆ । ਨਾ ਕੋਈ ਜਾਣੇ ਰਾਗ ਛਤੀਸਾ,


੬੭੭
੦੪

ਵੇਦ ਪੁਰਾਨੀ ਹੱਥ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵੇਖ ਵਖਾਣੇ ਸਾਚੇ ਘਰ, ਮੰਦਰ ਮੁਨਾਰਾ ਗੁਰਦਵਾਰਾ ਉਚ ਚੁਬਾਰਾ ਕਿਸੇ ਦਿਸ ਨਾ ਆਇਆ । ਉਚ ਦਵਾਰਾ ਦਰ ਦਵਾਰ । ਪੁਰਖ ਅਬਿਨਾਸ਼ੀ ਵਿਚ ਸੰਸਾਰ । ਸਰਬ ਘਟ ਵਾਸੀ, ਆਦਿ ਅੰਤ ਪਾਵੇ ਸਾਰ । ਲੱਖ ਚੁਰਾਸੀ ਸਦਾ ਵਿਨਾਸੀ, ਵੇਲੇ ਅੰਤਮ ਆਏ ਹਾਰ । ਕੋਈ ਨਾ ਜਾਣੇ ਪੰਡਤ ਕਾਸ਼ੀ, ਕਿਸੇ ਹੱਥ ਨਾ ਆਵੇ ਹਰਿ ਦਵਾਰ । ਪੰਥੀ ਗ੍ਰੰਥੀ ਮਦਿਰਾ ਮਾਸੀ, ਜੂਠੇ ਝੂਠੇ ਮਾਇਆ ਧਾਰ । ਪ੍ਰਗਟ ਹੋਏ ਘਨਕਪੁਰ ਵਾਸੀ, ਭੇਜੇ ਲਿਖਤ ਦਿੱਲੀ ਦਰਬਾਰ । ਪੂਰ ਕਰਾਏ ਜਨ ਭਗਤਾਂ ਆਸੀ, ਜਗਾਏ ਜੋਤ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜਾ ਲੇਖ ਸ੍ਰਿਸ਼ਟ ਸਬਾਈ ਅੰਤਮ ਕਲ ਵੇਖ ਧਰਤ ਮਾਤ ਸੁਣ ਪੁਕਾਰ । ਵੇਲੇ ਅੰਤਮ ਪਾਵੇ ਸਾਰ । ਗੁਰਮੁਖ ਉਪਜਾਏ ਸਾਚੇ ਸੰਤ, ਜਗਤ ਵਡਿਆਈ ਦੇਵੇ ਤਨ ਸ਼ਿੰਗਾਰ । ਗੁਰ ਸੰਗਤ ਸਾਚਾ ਮੇਲ ਮਿਲਾਈ, ਬਣਤ ਬਣਾਈ ਅਪਰ ਅਪਾਰ । ਸਿੰਘ ਜਗਦੀਸ਼ ਤੇਰੀ ਖ਼ੁਸ਼ੀ ਮਨਾਈ । ਪੰਚਮ ਪੋਹ ਦਿਵਸ ਵਿਚਾਰ । ਗੁਰਮੁਖ ਸਾਚੇ ਸਾਚੀ ਜੰਵ ਬਣਾਈ । ਮੰਗਲਾਚਾਰ ਤੇਰੇ ਦਰ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਵਾਗ ਆਪਣੇ ਹੱਥ ਰਖਾਈ, ਖਿੱਚ ਬਹਾਏ ਚਰਨ ਦਵਾਰ । ਸਾਚਾ ਲਾੜਾ ਹਰਿ ਸਜਾਏ । ਸ੍ਰਿਸ਼ਟ ਸਬਾਈ ਚਬਾਏ ਹੇਠ ਦਾੜ੍ਹਾ, ਲੱਖ ਚੁਰਾਸੀ ਧਾਮ ਬਣਾਏ । ਖੇਲ ਰਚਾਏ ਸਤਾਰਾਂ ਹਾੜਾ, ਕਲਜੁਗ ਅੰਧੇਰੀ ਸ਼ਾਮ ਮਿਟਾਏ ਜੋਤ ਜਗਾਏ ਬਹੱਤਰ ਨਾੜਾ । ਸਾਧ ਸੰਤ ਗੁਰ ਪੀਰ ਸ਼ੇਖ਼ ਮੁਸਾਇਕ ਗੌਂਸ ਔਲੀਆ ਕੁਤਬ ਦਸਤਗੀਰ ਸ਼ਾਹ ਹਕੀਰ ਵਿਚ ਜਹਾਨ ਕੋਈ ਭੁੱਲ ਨਾ ਜਾਏ । ਏਕਾ ਪਾਏ ਸ਼ਬਦ ਜੰਜ਼ੀਰ, ਅੰਮ੍ਰਿਤ ਦੇਵੇ ਸਾਚਾ ਸੀਰ, ਵਿਚੋਂ ਕੱਢੇ ਹਉਮੇ ਪੀੜ, ਸਾਚੀ ਬਣਤ ਰਿਹਾ ਬਣਾਏ । ਆਤਮ ਹੰਕਾਰੀ ਦੇਵੇ ਪੀੜ, ਬੇਮੁਖਾਂ ਤੋੜੇ ਹੱਡੀ ਰੀੜ, ਨਾ ਕੋਈ ਜਾਣੇ ਹਸਤ ਕੀੜ, ਸਚ ਦਵਾਰ ਰਿਹਾ ਖੁਲ੍ਹਾਏ । ਸਤਿਜੁਗ ਤੇਰੀ ਬੰਨ੍ਹੇ ਬੀੜ, ਲੱਖ ਚੁਰਾਸੀ ਦੇਵੇ ਪੀੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਭਾਰ ਰਿਹਾ ਉਠਾਏ । ਸਾਚਾ ਭਾਰ ਹਰਿ ਉਠਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਦਰ ਦਵਾਰ ਇਕ ਬਣਾਇੰਦਾ । ਚਾਰ ਵਰਨਾਂ ਇਕ ਪਿਆਰ, ਅਠਾਰਾਂ ਬਰਨ ਮੇਟ ਮਿਟਾਇੰਦਾ । ਸੰਗ ਰਲਾਏ ਮੁਹੰਮਦ ਚਾਰ ਯਾਰ, ਈਸਾ ਮੂਸਾ ਸਰਨ ਬਹਾਇੰਦਾ । ਅੰਜ਼ੀਲ ਕੁਰਾਨ ਤੁੱਟੇ ਧਾਰ, ਵੇਦ ਪੁਰਾਨਾਂ ਮੁਖ ਭਵਾਇੰਦਾ । ਖਾਣੀ ਬਾਣੀ ਗਈ ਹਾਰ, ਕਲਜੁਗ ਕਾਲਾ ਵੇਸ ਮਿਟਾਇੰਦਾ । ਦਰ ਦਰ ਘਰ ਘਰ ਸੰਤ ਜਨਾਂ ਨੂੰ ਪੈਂਦੀ ਮਾਰ, ਮਾਣ ਤਾਣ ਨਾ ਕੋਈ ਰਖਾਇੰਦਾ । ਪ੍ਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਗੁਰਮੁਖ ਸਾਚੇ ਸੰਤ ਜਨਾਂ, ਆਪਣੀ ਗੋਦ ਉਠਾਇੰਦਾ । ਏਕਾ ਸ਼ਬਦ ਵਸਾਏ ਮਨਾ, ਸਾਚਾ ਦੇਵੇ ਨਾਮ ਧਨਾ, ਆਤਮ ਤ੍ਰਿਸ਼ਨਾ ਭੁੱਖ ਮਿਟਾਇੰਦਾ । ਇਕ ਸੁਣਾਏ ਰਾਗ ਕੰਨਾ, ਸੋਹੰ ਸਾਚਾ ਜਾਪ ਜਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਇਕ ਬਣਾਏ ਨਿਹਚਲ ਧਾਮ ਅਟੱਲ, ਸ੍ਰਿਸ਼ਟ ਸਬਾਈ ਆਪ ਭੁਲਾਈ ਕਰ ਕਰ ਵਲ ਛਲ, ਦਿਸ ਕਿਸੇ ਨਾ ਆਇੰਦਾ । ਵਲ ਛਲ ਹਰਿ ਆਪ ਕਰਾਇਆ । ਜਲ ਥਲ ਪ੍ਰਭ ਆਪ ਸਮਾਇਆ । ਘੜੀ ਘੜੀ ਪਲ ਪਲ, ਆਪਣੇ ਭਾਣੇ ਆਪ ਰਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚੌਥੀ ਮੇਖ ਨੇਤਰ ਪੇਖ, ਧਰਤ ਮਾਤ ਤੇਰੇ ਮਸਤਕ ਦਏ ਲਗਾਇਆ । ਚੌਥੀ ਮੇਖ ਦੇਵੇ ਗੱਡ । ਵਾਰੀ ਹੋਵੇ ਪੰਚਮ ਹੱਡ । ਪੰਚਮ ਤੱਤ ਪ੍ਰਭ ਦੇਵੇ ਮਤ, ਆਪ ਲਡਾਏ ਸਾਚੇ ਲੱਡ । ਸ਼ਬਦ ਦੇਵੇ ਧੀਰਜ ਯਤ, ਸੋਹੰ ਸਾਚਾ ਮਾਤ ਸਤਿ, ਦੂਈ ਦਵੈਤੀ ਦੇਵੇ ਵੱਢ ।


੬੭੮
੦੪

ਸਿੰਘ ਜਗਦੀਸ਼ ਤੇਰੀ ਰੱਤ । ਗੁਰ ਸੰਗਤ ਤੇਰੀ ਰੱਖੇ ਪਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਵਾ ਅੰਮ੍ਰਿਤ ਫਲ ਧੁਰਦਰਗਾਹੀ ਸਾਚਾ ਮੇਵਾ । ਗੁਰ ਸੰਗਤ ਅੰਮ੍ਰਿਤ ਮੇਵਾ ਵਿਚ ਮਾਤ ਲਗਾਇਆ । ਮਸਤਕ ਲਗਾਏ ਕੌਸਤਕ ਮਨੀ ਸਾਚਾ ਥੇਵਾ, ਖੰਡ ਬ੍ਰਹਿਮੰਡ ਕਰੇ ਰੁਸ਼ਨਾਇਆ । ਗੁਰ ਸੰਗਤ ਗਾਏ ਰਸਨਾ ਜਿਹਵਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਨਰ ਨਰਾਇਣ ਘਰ ਬਾਹਰਾ, ਕਿਸੇ ਜੀਵ ਦਿਸ ਨਾ ਆਇਆ । ਨਰ ਨਰਾਇਣ ਇਕ ਦਵਾਰ ਹੈ । ਰਸਨਾ ਸਕੇ ਨਾ ਕਿਸੇ ਕਹਿਣ, ਭੁੱਲੇ ਜੀਵ ਗਵਾਰ ਹੈ । ਆਪ ਚੁਕਾਏ ਲਹਿਣ ਦੇਣ, ਕਲਜੁਗ ਤੇਰੀ ਅੰਤਮ ਵਾਰ ਹੈ । ਨਾ ਕੋਈ ਮਾਤ ਪਿਤ ਨਾ ਭਾਈ ਭੈਣ, ਛੱਡਣਾ ਸਰਬ ਇਹ ਸੰਸਾਰ ਹੈ । ਘਰ ਘਰ ਪੈਂਦੇ ਵੇਖੋ ਵੈਣ, ਦਰ ਦਰ ਰੋਂਦੇ ਨਾਰੀ ਨਾਰ ਹੈ । ਗੁਰਮੁਖ ਸਾਚੇ ਭਾਣਾ ਸਾਚਾ ਸਹਿਣ, ਜਿਸ ਮਿਲਿਆ ਹਰਿ ਭਤਾਰ ਹੈ । ਆਪ ਬਣਾਏ ਸਾਕ ਸੱਜਣ ਸੈਣ, ਪ੍ਰਭ ਅਬਿਨਾਸ਼ੀ ਹਰਿ ਕਰਤਾਰ ਹੈ । ਧੁਰਦਰਗਾਹੀ ਆਇਆ ਲੈਣ, ਕਰਿਆ ਖੇਲ ਅਪਰ ਅਪਾਰ ਹੈ । ਨਾ ਖਾਏ ਲਾੜੀ ਮੌਤ ਡੈਣ, ਧਰਮ ਰਾਏ ਰਿਹਾ ਦਰ ਦੁਰਕਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਹਿਲੀ ਸਾਵਣ ਪਤਤ ਪਾਵਣ, ਤੇਰਾ ਬਣਿਆ ਲੇਖ ਲਿਖਾਰ ਹੈ । ਸੰਤ ਬਣਾਏ ਬਣਤ ਸਹਿਜ ਸੁਖਦਾਇਆ । ਮੇਲ ਮਿਲਾਵਾ ਸਾਚੇ ਕੰਤ, ਵਿਛੜ ਕਦੇ ਨਾ ਜਾਇਆ । ਮਾਇਆ ਮਮਤਾ ਭੁੱਲੇ ਜੀਵ ਜੰਤ, ਜੂਠਾ ਝੂਠਾ ਮੋਹ ਜਗਤ ਵਧਾਇਆ । ਹਰਿਜਨ ਵਡਿਆਏ ਆਦਿ ਅੰਤ, ਜੁਗਾ ਜੁਗੰਤ ਪੈਜ ਰਖਦਾ ਆਇਆ । ਪਕੜ ਪਛਾੜੇ ਦੇਵ ਦੰਤ, ਸ਼ਬਦ ਖੰਡਾ ਹੱਥ ਉਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨ, ਆਸਾ ਮਨਸਾ ਪੂਰ ਆਪ ਕਰਾਇਆ । ਸਾਚੀ ਰਚਨ ਹਰਿ ਰਚਾਈ । ਧੁਰਦਰਗਾਹੀ ਸਾਚਾ ਬਚਨ, ਨਾ ਕੋਈ ਪਿਤਾ ਨਾ ਕੋਈ ਮਾਈ । ਕਾਇਆ ਭਾਂਡਾ ਕਾਚਾ ਕੰਚਨ, ਥਿਰ ਕਿਸੇ ਦੀਸੇ ਨਾਹੀਂ । ਅੰਤਮ ਚੜ੍ਹੇ ਸਾਚੀ ਅੰਚਨ, ਗੁਰਮੁਖ ਸਾਚੇ ਬਲ ਬਲ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਅਗਨੀ ਸਾਚੇ ਸਗਨੀ ਵਿਚ ਮਾਤ ਲਗਾਈ । ਜੋਤੀ ਅਗਨ ਹਰਿ ਆਪ ਲਗਾਏ । ਗੁਰਮੁਖ ਕੁਠਾਲੀ ਪ੍ਰਭ ਸਾਚੀ ਆਪ ਰਖਾਏ । ਚਾਰੇ ਕੁੰਟਾਂ ਵੇਖਣ ਖਾਲੀ, ਕਿਸੇ ਨਾਲ ਕੁਛ ਨਾ ਜਾਏ । ਧਰਮ ਰਾਏ ਘਰ ਹੋਏ ਚਾਲੀ, ਅੰਤਮ ਅੰਤ ਨਾ ਕੋਈ ਛੁਡਾਏ । ਗੁਰਮੁਖਾਂ ਹਰਿ ਬਣਿਆ ਪਾਲੀ, ਆਪਣੀ ਗੋਦ ਉਠਾਏ । ਏਕਾ ਮੰਗੇ ਨਾਮ ਦਲਾਲੀ, ਭਰਮ ਭੁਲੇਖਾ ਦੂਰ ਕਰਾਏ । ਜਗੇ ਜੋਤ ਸਚ ਦੀਪਕ ਥਾਲੀ , ਗਗਨ ਪਤਾਲੀ ਹੋਏ ਰੁਸ਼ਨਾਏ । ਸਾਚਾ ਫ਼ਲ ਲਗਾਏ ਸਾਚੀ ਡਾਲੀ, ਅੰਮ੍ਰਿਤ ਫ਼ਲ ਪ੍ਰਭ ਆਪ ਖਵਾਏ । ਕਲਜੁਗ ਤੋੜੇ ਜਗਤ ਜੰਜ਼ਾਲੀ, ਸਾਚਾ ਨਾਤਾ ਪੁਰਖ ਬਿਧਾਤਾ ਆਪਣੇ ਚਰਨ ਬੰਧਾਏ । ਚਲੀ ਚਾਲ ਇਕ ਨਿਰਾਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸਾਚੇ ਲੇਖੇ ਲਾਏ । ਸਾਚੇ ਲੇਖੇ ਹਰਿ ਆਪ ਲਗਾਇਆ । ਭਰਮ ਭੁਲੇਖੇ ਜਗਤ ਭੁਲਾਇਆ । ਨੇਤਰ ਪੇਖੇ ਸ੍ਰਿਸ਼ਟ ਸਬਾਇਆ । ਲੋਕਮਾਤ ਲਗਾਏ ਸਾਚੀ ਮੇਖੇ, ਪੰਚਮ ਪੋਹ ਨੀਂਹ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟ ਮਿਟਾਏ ਔਲੀਏ ਪੀਰ ਸ਼ੇਖ਼ੇ, ਵਰਨ ਬਰਨ ਕਿਸੇ ਦਿਸ ਨਾ ਆਇਆ । ਜਗਤ ਜਗਦੀਸ਼ ਪ੍ਰਭ ਸੇਵਾ ਲਾਈ । ਮੇਟ ਮਿਟਾਏ ਰਾਗ ਛਤੀਸ, ਸੁਰਸਤੀ ਧੁਨ ਜੋ ਰਸਨਾ ਗਾਈ । ਵਕਤ ਚੁਕਾਏ ਸੁਪਾਰਾ ਤੀਸ, ਦੰਦ ਬਤੀਸ ਨਾ ਕੋਈ ਗਾਈ । ਚਾਰ ਵਰਨਾਂ ਇਕ ਹਦੀਸ, ਸੋਹੰ ਸਦ ਜੈ ਜੈ ਜੈਕਾਰ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ

ਨਰ, ਗੁਰਮੁਖ ਸਾਚੇ ਸੰਤ ਜਨਾਂ, ਅੰਤਮ ਕਲ ਪੂਰਨ ਆਸ ਆਪ ਕਰਾਈ । ਪੂਰਨ ਆਸ ਕਰੇ ਮਿਹਰਵਾਨ । ਮਿਲਿਆ ਮੇਲ ਵਿਚ ਪ੍ਰਭਾਸ, ਬਖ਼ਸ਼ੇ ਜੀਆ ਦਾਨ । ਜੁਗਾ ਜੁਗੰਤ ਨਾ ਹੋਏ ਨਾਸ, ਸਿਰ ਹੱਥ ਰੱਖੇ ਸ੍ਰੀ ਭਗਵਾਨ । ਜਗੇ ਜੋਤ ਪ੍ਰਿਥਮੀ ਅਕਾਸ਼, ਇੰਦਲੋਕ ਸ਼ਿਵਲੋਕ ਬ੍ਰਹਮਲੋਕ ਕਰੋੜ ਤੇਤੀਸ ਰਸਨਾ ਗਾਏ ਗਾਨ । ਗਣ ਗੰਧਰਬ ਸ਼ਿਵ ਸ਼ੰਕਰ ਜਟਾ ਜੂਟ ਧਾਰੀ, ਪਰਮ ਪੁਰਖ ਪ੍ਰਭ ਪਾਵੇ ਸਾਰੀ, ਦਰ ਦਵਾਰੇ ਸਾਚਾ ਮਾਣ । ਕਲਜੁਗ ਤੇਰੀ ਅੰਤਮ ਵਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਜਗਤ ਮਹਾਨ । ਪ੍ਰਭ ਸਾਚਾ ਦਇਆ ਕਮਾਇੰਦਾ । ਸਿੰਘ ਜਗਦੀਸ਼ ਪ੍ਰਭ ਸਾਚਾ ਤੇਰੀ ਸੇਵਾ ਪੂਰ ਕਰਾਇੰਦਾ । ਵਡ ਦੇਵੀ ਦੇਵ ਜਗਤ ਮਾਤਾ, ਤੇਰੀ ਝੋਲੀ ਆਪਣੀ ਹੱਥੀਂ ਆਪੇ ਭਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਫੂਲ ਤੇਰੀ ਭੇਟ ਚੜ੍ਹਾਇੰਦਾ । ਜਗਤ ਜਗਦੀਸ਼ੇ ਤੇਰੇ ਸਾਚੇ ਫੁੱਲ । ਲੋਕਮਾਤ ਪ੍ਰਭ ਪਾਏ ਮੁੱਲ, ਭਾਗ ਲਗਾਇਆ ਸਾਚੀ ਕੁਲ । ਮਾਤ ਸੁਲੱਖਣੀ ਪੂਰੇ ਤੋਲ ਜਾਣਾ ਤੁਲ । ਰਣਜੀਤ ਕੌਰ ਨੇਤਰ ਨੀਰ ਨਾ ਜਾਏ ਡੁਲ੍ਹ । ਸ੍ਰਿਸ਼ਟ ਸਬਾਈ ਚਾਰੋਂ ਕੁੰਟ ਸਖਣੀ, ਅੰਮ੍ਰਿਤ ਆਤਮ ਸ਼ਬਦ ਗਿਆ ਡੁਲ੍ਹ । ਨਿਹਕਲੰਕ ਨਰਾਇਣ ਨਰ, ਲਜ ਪਤ ਮਾਤ ਰੱਖਣੀ, ਕਿਸੇ ਅੱਗ ਨਾ ਦਿਸਣੀ ਚੁੱਲ੍ਹ । ਚਾਰੋਂ ਕੁੰਟ ਅਗਨੀ ਜੋਤੀ ਏਕਾ ਭਖਣੀ, ਜਗਤ ਜਗਦੀਸ਼ੇ ਸਚ ਦਵਾਰਾ ਗਿਆ ਖੁਲ੍ਹ । ਧਾਰੇ ਭੇਖ ਅਲਖ ਅਲਖਣੀ, ਕਲਜੁਗ ਤੇਰਾ ਅੰਤਮ ਫ਼ਲ ਜੂਠਾ ਝੂਠਾ ਗਿਆ ਹੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਗੁਰ ਸੰਗਤ ਤੇਰੀ ਭੇਟ ਚੜ੍ਹਾਏ ਸਾਚੇ ਫੁੱਲ । ਸਾਚੇ ਫੁੱਲ ਕਰੇ ਦਾਨਾ । ਕਿਰਪਾ ਕਰੇ ਆਪ ਭਗਵਾਨਾ । ਚਰਨ ਧੂੜ ਕਰਨਾ ਇਕ ਇਸ਼ਨਾਨਾ । ਮੂਰਖ ਮੁਗਧ ਮੂੜ ਬਣਾਏ ਚਤੁਰ ਸੁਜਾਨਾ । ਸ੍ਰਿਸ਼ਟ ਸਬਾਈ ਕੂੜੋ ਕੂੜ, ਨਾ ਕੋਈ ਰੰਕ ਨਾ ਕੋਈ ਰਾਜਾਨਾ । ਸ਼ਬਦ ਵੇਲਣੇ ਪ੍ਰਭ ਪੀੜੇ ਸਾਚੇ ਬੂੜ, ਅੰਤਮ ਕਲ ਸ਼ਾਹ ਸੁਲਤਾਨਾ । ਸਤਾਰਾਂ ਹਾੜੀ ਪਾਏ ਜੂੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਅਬਿਨਾਸ਼ੀ ਬਣਿਆ ਗਾਡੀ, ਜਗਤ ਜਗਦੀਸ਼ੇ ਤੇਰੀ ਲੇਖੇ ਲਾਏ ਤਿੰਨ ਸੌ ਸੱਠ ਹਾਡੀ । ਸਾਚਾ ਮੰਦਰ ਵਿਚ ਬਣਾਏ, ਇਕ ਇਕ ਦੇਵੇ ਗਾਡੀ । ਜੋਤ ਜਗਾਏ ਅੰਦਰੇ ਅੰਦਰ, ਸੱਤ ਦੀਪ ਚਾਰ ਕੁੰਟ ਕੋਇ ਨਾ ਛਾਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਲੋਕਮਾਤ ਮਾਰ ਝਾਤ ਬੈਠ ਇਕਾਂਤ, ਸਾਚਾ ਵੇਲਾ ਸਚ ਪ੍ਰਭਾਤ, ਬੇਮੁਖ ਜੂਠੇ ਝੂਠੇ ਦਰ ਦਵਾਰਿਉਂ ਜਾਏ ਕਾਢੀ । ਸਾਚੇ ਹੱਡ ਪ੍ਰਭ ਦੇਵੇ ਵੰਡ । ਗੁਰਮੁਖਾਂ ਆਤਮ ਰੱਖੇ ਠੰਡ । ਪੁਰਖ ਅਬਿਨਾਸ਼ੀ ਘਨਕਪੁਰ ਵਾਸੀ ਲੋਕਮਾਤ ਨਾ ਦੇਵੇ ਕੰਡ । ਰਾਜੇ ਰਾਣਿਆਂ ਲਾਹੇ ਉਦਾਸੀ, ਸ਼ਬਦ ਲਾਏ ਸਾਚਾ ਦੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਾਲਾ ਵੇਸ ਦਰ ਦਰਵੇਸ, ਜਨ ਭਗਤਾਂ ਲਡਾਏ ਸਾਚੇ ਲਾਡੀ । ਵਾਲੀ ਹਿੰਦ ਰਾਜ ਦਰਬਾਰ । ਪ੍ਰਭ ਅਬਿਨਾਸ਼ੀ ਪਾਏ ਸਾਰ । ਘਨਕਪੁਰ ਵਾਸੀ ਸਚ ਮਹੱਲ ਰਿਹਾ ਉਸਾਰ । ਮੇਟ ਮਿਟਾਉਣੇ ਮਦਿਰਾ ਮਾਸੀ, ਲੱਖ ਚੁਰਾਸੀ ਪੈਣੀ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚੇ ਗੁਰਮੁਖ ਸਾਚੇ ਸੰਤ ਜਨਾਂ, ਸ਼ਬਦ ਪਹਿਨਾਏ ਸਚ ਸੱਚਾ ਪੰਚਮ ਸੱਚਾ ਹਾਰ । ਸਾਚਾ ਹਾਰ ਤਨ ਸ਼ਿੰਗਾਰ । ਕਿਰਪਾ ਧਾਰੇ ਵਿਚ ਸੰਸਾਰ । ਮੇਟ ਮਿਟਾਏ ਚਾਰ ਯਾਰ, ਸੰਗ ਮੁਹੰਮਦ ਅੰਜ਼ੀਲ ਕੁਰਾਨਾਂ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰ ਪੀਰ ਔਲੀਏ ਸਾਧ ਸੰਤ, ਖਿੱਚ ਲਿਆਏ ਚਰਨ ਦਵਾਰ । ਚਰਨ ਦਵਾਰਾ ਇਕ ਗਿਰਧਾਰ ਹੈ । ਲੱਖ ਚੁਰਾਸੀ ਰਹੀ ਝੱਖ ਮਾਰ ਹੈ । ਅੰਤਮ ਲਾਹੇ ਜਮ ਕੀ ਫਾਸੀ, ਗੁਰ

੬੮੦
੦੪

ਪੂਰਾ ਬੇੜਾ ਕਰ ਜਾਏ ਪਾਰ ਹੈ । ਮਾਨਸ ਜਨਮ ਕਰਾਏ ਰਹਿਰਾਸੀ, ਲੋਕਮਾਤ ਬਣਾਏ ਸੱਚਾ ਦਰਬਾਰ ਹੈ । ਕਰੇ ਖੇਲ ਘਨਕਪੁਰ ਵਾਸੀ, ਮਾਤ ਗਰਭ ਗੇੜ ਨਿਵਾਰ ਹੈ । ਗੁਰਮੁਖਾਂ ਪੂਰ ਕਰਾਏ ਆਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜੀ ਲੋਕਮਾਤ ਲਾਏ ਸੱਚੀ ਬਹਾਰ ਹੈ । ਬਿਸ਼ਨ ਸਿੰਘ ਹੋ ਤਿਆਰ । ਸਾਚੀ ਨੀਂਹ ਦੇ ਉਸਾਰ । ਪਹਿਲਾ ਰੱਖੇ ਹਰਿ ਜੀ ਵਾਰ । ਦੂਜੀ ਕਰੇ ਸੰਗਤ ਤਿਆਰ । ਤੀਜਾ ਵੇਖੇ ਨੈਣ ਮੁੰਧਾਰ । ਚੌਥਾ ਸਾਧਾਂ ਸੰਤਾਂ ਪਾਵੇ ਸਾਰ । ਪੰਜਵੇਂ ਜੋਤ ਕਰੇ ਅਕਾਰ । ਛੇਵੇਂ ਘਰ ਖੋਲ੍ਹੇ ਬਾਹਰ । ਸਤਵੇਂ ਘਰ ਜਗੇ ਜੋਤ ਅਗੰਮ ਅਪਾਰ । ਗੁਰਮੁਖ ਸਾਚੇ ਤੇਰਾ ਸਾਚਾ ਬਚਨ, ਕਲਜੁਗ ਅੰਤਮ ਵਿਚ ਸੰਸਾਰ । ਗੁਰ ਸੰਗਤ ਸਾਰੀ ਸਾਕ ਸੈਣ ਸੱਜਣ, ਪ੍ਰਭ ਅਬਿਨਾਸ਼ੀ ਮਾਤ ਪਿਤ ਭਾਈ ਭੈਣ ਯਾਰ ਪਿਆਰ । ਲੋਕਮਾਤ ਆਇਆ ਪੜਦੇ ਕੱਜਣ, ਲੱਖ ਚੁਰਾਸੀ ਕਰੇ ਖੁਆਰ । ਗੁਰਮੁਖ ਸਾਚੇ ਲੋਕਮਾਤ ਗੱਜਣ, ਨਾਲ ਰਖਾਏ ਵਿਚ ਦਿੱਲੀ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੱਸੂ ਤਿੰਨ ਲਾਲ ਕਿਲ੍ਹੇ ਕੀਨਾ ਸਚ ਵਿਹਾਰ । ਸਚ ਵਿਹਾਰਾ ਆਪ ਕਰਾਇਆ । ਅੱਸੂ ਤਿੰਨ ਖੇਲ ਰਚਾਇਆ । ਵਾਲੀ ਹਿੰਦ ਸਾਰ ਨਾ ਪਾਇਆ । ਪ੍ਰਧਾਨ ਮੰਤਰੀ ਗੂੜ੍ਹੀ ਨੀਂਦ ਸਵਾਇਆ । ਦਰ ਦਰ ਘਰ ਘਰ ਪੰਡਤ ਪਾਂਧੇ ਵੇਖਣ ਜੰਤਰੀ, ਕਿਹੜੀ ਕੂਟੇ ਨਿਹਕਲੰਕ ਕਲ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਭੇਖ ਕਰ, ਵੇਸ ਅਵੇਸਾ ਮਾਝੇ ਦੇਸ ਵਿਚ ਮਾਤ ਦਿਸ ਨਾ ਆਇਆ । ਮਾਝੇ ਦੇਸ ਧਾਰੇ ਭੇਸ । ਨਾ ਕੋਈ ਰੂਪ ਰੰਗ ਨਾ ਕੋਈ ਰੇਖ । ਗੁਰ ਸੰਗਤ ਕੀਨਾ ਸਾਚਾ ਸੰਗ, ਸ਼ਬਦ ਸਨੇਹੀ ਮਾਤ ਪੇਖ । ਨੂਰੀ ਜੋਤੀ ਕੀਆ ਰੰਗ, ਆਪ ਮਿਟਾਏ ਬਿਧਨਾ ਰੇਖ । ਸਦਾ ਸਹਾਈ ਅੰਗ ਸੰਗ, ਧਰੇ ਧਰਾਏ ਅਵੱਲੜਾ ਭੇਸ । ਪੰਚਮ ਪੋਹ ਸ਼ਬਦ ਸਰੂਪੀ ਕਰੇ ਜੰਗ, ਰਾਜੇ ਰਾਣਿਆਂ ਕਰੇ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਚ ਦਵਾਰਾ ਜਗਤ ਘਰ ਬਾਹਰਾ, ਗੁਰਮੁਖ ਸਾਚੇ ਸੰਤ ਜਨ, ਦੂਜਾ ਦਰ ਨਾ ਲੈਣ ਮੰਗ । ਰਾਜ ਇੰਦਰ ਇੰਦਰ ਪ੍ਰਸਾਦ, ਪੰਡਤ ਨਹਿਰੂ ਰੱਖਣਾ ਯਾਦ, ਪ੍ਰਭ ਅਬਿਨਾਸ਼ੀ ਜਾਮਾ ਧਾਰੇ । ਲੱਖ ਚੁਰਾਸੀ ਸੁਣੇ ਫਰਿਆਦ, ਲੋਕਮਾਤ ਕਰੇ ਅਕਾਰੇ । ਭਗਤਾਂ ਦੇਵੇ ਸ਼ਬਦ ਦਾਦ, ਸੋਹੰ ਸ਼ਬਦ ਕਰਾਏ ਸਚ ਜੈਕਾਰੇ । ਚਾਰ ਵਰਨਾਂ ਏਕਾ ਨਾਦ, ਏਕਾ ਸ਼ਬਦ ਚਲਾਏ ਬੋਧ ਅਗਾਧ, ਖਾਣੀ ਬਾਣੀ ਕੋਈ ਨਾ ਪਾਵੇ ਸਾਰੇ । ਪ੍ਰਗਟ ਹੋਇਆ ਮਾਧਵ ਮਾਧ, ਵੇਦ ਪੁਰਾਨਾਂ ਵਸੇ ਬਾਹਰੇ । ਗੁਰਮੁਖ ਸਾਚੇ ਲਏ ਲਾਧ, ਆਤਮ ਜੋਤੀ ਸ਼ਬਦ ਹੁਲਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਜਾਏ ਡੰਕ, ਸ਼ਬਦ ਚੋਟ ਲੱਗੇ ਕਾਇਆ ਤਨ ਨਗਾਰੇ । ਕਾਇਆ ਤਨ ਨਗਾਰਾ ਚੋਟ ਲਗਾਈਆ । ਸੋਹੰ ਸ਼ਬਦ ਸਚ ਜੈਕਾਰਾ, ਚਾਰ ਵਰਨਾਂ ਦਏ ਸੁਣਾਈਆ । ਕਲਜੁਗ ਮਿਟੇ ਧੁੰਦੂਕਾਰਾ, ਸਤਿਜੁਗ ਸਾਚੀ ਬਣਤ ਬਣਾਈਆ । ਪ੍ਰਗਟ ਹੋਏ ਚਵੀਆਂ ਅਵਤਾਰਾ, ਵੇਦ ਵਿਆਸ ਗਿਆ ਲਿਖਾਈਆ । ਗੁਰ ਨਾਨਕ ਤੇਰੀ ਸੁਣ ਪੁਕਾਰਾ, ਪਤਾਲ ਅਕਾਸ਼ ਗਗਨ ਰਹਾਈਆ । ਗੁਰ ਗੋਬਿੰਦ ਤੇਰੀ ਬੰਨ੍ਹੇ ਧਾਰਾ, ਜੋਤੀ ਭੇਖ ਹਰਿ ਵਟਾਈਆ । ਵਾਲੀ ਹਿੰਦ ਬਣ ਭਿਖਾਰਾ, ਨਿਹਕਲੰਕ ਜੋਤ ਪ੍ਰਗਟਾਈਆ । ਮੰਗਣ ਆਓ ਚਲ ਦਵਾਰਾ, ਸਾਚਾ ਮੰਦਰ ਰਿਹਾ ਸੁਹਾਈਆ । ਅੰਦਰ ਬਾਹਰ ਪਾਏ ਸਾਰਾ, ਗੁਪਤ ਜ਼ਾਹਰ ਭੇਵ ਨਾ ਰਾਈਆ । ਕਲਜੁਗ ਅੰਤਮ ਆਈ ਹਾਰਾ, ਈਸਾ ਮੂਸਾ ਦਏ ਦੁਹਾਈਆ । ਮਿਟਦੇ ਜਾਣ ਚਾਰ ਯਾਰਾ, ਸੰਗ ਮੁਹੰਮਦ ਰਿਹਾ ਸ਼ਰਮਾਈਆ । ਕੁਰਾਨ ਅੰਜ਼ੀਲੀ ਪੈਣੀ ਮਾਰਾ, ਸ਼ਬਦ ਡੰਡਾ ਹੱਥ ਉਠਾਈਆ ।

੬੮੧
੦੪

ਵੇਦ ਪੁਰਾਨਾਂ ਕਰੇ ਖਵਾਰਾ, ਸਾਚਾ ਰਾਹ ਨਾ ਕੋਇ ਵਖਾਈਆ । ਬ੍ਰਹਮੇ ਅੰਤਮ ਆਈ ਹਾਰਾ, ਚਾਰੋਂ ਕੁੰਟ ਦਏ ਦੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸੱਚੀ ਸਰਕਾਰਾ, ਜੋਤੀ ਰੂਪ ਧਾਰ ਭੇਖ ਲੋਕਮਾਤ ਰਿਹਾ ਵਟਾਈਆ । ਸ਼ਿਵ ਸ਼ੰਕਰ ਹਰਿ ਸੁਣ ਪੁਕਾਰ । ਲੋਕਮਾਤੀ ਕਰ ਵਿਚਾਰ । ਜਗਤ ਜਗਦੀਸ਼ਾ ਦਏ ਹੁਲਾਰ । ਸਾਚਾ ਸੀਸਾ ਛਤਰ ਝੁਲਾਰ । ਈਸਾ ਮੂਸਾ ਕਰੇ ਖੁਆਰ । ਪੰਚਮ ਪੋਹ ਗਲ ਪਾਇਆ ਕਾਲਾ ਸੂਸਾ, ਸੋਹਣਾ ਕੀਆ ਸ਼ਿੰਗਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਅਠਾਰਾਂ ਬਰਨ, ਇਕ ਸਰਨ ਚੁਕਾਏ ਮਰਨ ਡਰਨ, ਖੋਲ੍ਹੇ ਹਰਨ ਫਰਨ, ਪ੍ਰਗਟ ਹੋਏ ਤਾਰਨ ਤਰਨ, ਕਰਨ ਕਰਾਵਣਹਾਰ । ਕਰਨ ਕਰਾਵਣਹਾਰ ਸਖੀ ਸੁਲਤਾਨਿਆ । ਧਰੇ ਭੇਖ ਜਿਉਂ ਬਲ ਬਾਵਨ, ਭੁਲਾਏ ਰਾਜੇ ਰਾਨਿਆ । ਆਪ ਉਠਾਏ ਸੋਏ ਗੁਰ ਚੇਲੇ ਸਿੰਘ ਸਾਵਣ, ਮਾਰੇ ਸ਼ਬਦ ਤੀਰ ਕਾਨੀਆ । ਜਗਾਓ ਜੋਤ ਪਤਤ ਪਾਵਣ, ਗੁਰਮੁਖਾਂ ਪਕੜੇ ਸੱਚਾ ਦਾਮਨ, ਦਰ ਘਰ ਕਰੇ ਪ੍ਰਵਾਨਿਆ । ਨੇੜ ਨਾ ਆਏ ਕਾਮਨੀ ਕਾਮਨ, ਮੇਟ ਮਿਟਾਏ ਪੰਜ ਸ਼ੈਤਾਨਿਆ । ਧੁਰਦਰਗਾਹੀ ਸੱਚਾ ਜਾਮਨ, ਨਿਹਕਲੰਕ ਬਲੀ ਬਲਵਾਨਿਆ । ਹੰਕਾਰੀ ਮਾਰੇ ਕਰ ਖੁਆਰੇ ਸ਼ਬਦ ਕਟਾਰੇ ਜਿਉਂ ਰਾਮਾ ਰਾਵਣ, ਚਾਰ ਕੁੰਟ ਰਖਾਏ ਏਕਾ ਆਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਇਕ ਖੁਲ੍ਹਾਏ ਸਚ ਦਰ, ਲੱਖ ਚੁਰਾਸੀ ਦੇਵੇ ਵਰ, ਆਏ ਦਰ ਸਾਚੇ ਘਰ, ਅੰਮ੍ਰਿਤ ਆਤਮ ਸਰ ਕਰਾਏ ਇਕ ਇਸ਼ਨਾਨਿਆ । ਅੰਮ੍ਰਿਤ ਆਤਮ ਸਰ ਇਕ ਬਣਾਇਆ । ਲੋਕਮਾਤੀ ਖੋਲ੍ਹੇ ਦਰ, ਜੋਤ ਸਰੂਪੀ ਭੇਖ ਧਰ, ਧਰਮ ਝੰਡਾ ਇਕ ਝੁਲਾਇਆ । ਨਾ ਜਨਮੇ ਨਾ ਜਾਏ ਮਰ, ਗੁਰ ਚਰਨੀ ਜਨ ਜਾਏ ਪੜ, ਨੌਂ ਖੰਡੀ ਮਾਣ ਦਵਾਇਆ । ਅੱਠੇ ਪਹਿਰ ਰਿਹਾ ਲੜ, ਗੁਰਸਿਖ ਤੇਰੀ ਕਾਇਆ ਅੰਦਰ ਵੜ, ਬੇਮੁਖਾਂ ਦਿਸੇ ਖਾਲੀ ਧੜ, ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਕਿਸੇ ਦਿਸ ਨਾ ਆਇਆ । ਜਨ ਭਗਤ ਤੇਰੇ ਆਤਮ ਦਰ ਦਵਾਰੇ ਖੜ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਪਕ ਜੋਤੀ ਇਕ ਜਗਾਇਆ । ਜਗਤ ਰਚਾਇਆ ਕਾਜ, ਬਣਤ ਬਣਾਈਆ । ਭਗਤ ਰਖਾਏ ਲਾਜ, ਹਰਿ ਰਘੁਰਾਈਆ । ਸ਼ਬਦ ਪਹਿਨਾਏ ਸਿਰ ਸੱਚਾ ਤਾਜ, ਛਤਰ ਸੀਸ ਝੁਲਾਈਆ । ਸਾਚੇ ਸਾਜਣ ਰਿਹਾ ਸਾਜ, ਭੁੱਲੀ ਭਰਮ ਸਰਬ ਲੋਕਾਈਆ । ਬਨਿਆ ਮੱਕੇ ਵਡਾ ਹਾਜੀ ਹਾਜ, ਕਾਅਬਾ ਕੁਰਾਨ ਇਕ ਦਿਸ਼ਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪੂਰਨ ਇੱਛਾ ਆਪ ਕਰਾਈਆ । ਮੱਕਣ ਹਾਜੀ ਹੱਜ ਜਲਾਲ । ਕਿਸੇ ਦਿਸ ਨਾ ਆਏ ਸ਼ੇਖ਼ ਕਾਜ਼ੀ, ਚਲੀ ਅਵਲੜੀ ਚਾਲ । ਸ਼ਬਦ ਰਖਾਇਆ ਸਾਚਾ ਤਾਜੀ, ਪਵਣ ਸਰੂਪੀ ਮਾਰੀ ਛਾਲ । ਕਲਜੁਗ ਤੇਰੀ ਅੰਤਮ ਬਾਜੀ, ਝਾੜੇ ਫਲ ਉਚੇ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰਿਹਾ ਸੁਰਤ ਸੰਭਾਲ । ਹਾਜਨ ਮੱਕਾ ਪੀਰਨ ਸ਼ਾਹ । ਏਕਾ ਦੇਵੇ ਸ਼ਬਦ ਧੱਕਾ, ਕੋਈ ਨਾ ਪਕੜੇ ਕਿਸੇ ਬਾਂਹ । ਕਲਜੁਗ ਫਲ ਅੰਤਮ ਪੱਕਾ, ਕਲਜੁਗ ਜੀਵਾਂ ਲੈਣਾ ਖਾ । ਕਿਸੇ ਨਾ ਸਹਾਈ ਭੈਣ ਭਾਈ ਸਕਾ, ਘਰ ਘਰ ਰੋਵਣ ਮਾਰਨ ਧਾਹ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰੱਖੇ ਠੰਡੀ ਛਾਂ । ਮੱਕਾ ਹਾਜਣ ਹੱਜ ਹਜ਼ੂਰ । ਸਰਬ ਕਲਾ ਆਪੇ ਭਰਪੂਰ । ਨੂਰ ਉਜਾਲਾ ਜੋਤੀ ਨੂਰ । ਸ਼ਬਦ ਦਲਾਲਾ ਕਲਜੁਗ ਤੇਰਾ ਅੰਤਮ ਵੇਖੇ ਭਰਿਆ ਪੂਰ । ਕਲਜੁਗ ਭੇਖ ਪ੍ਰਭ ਅਬਿਨਾਸ਼ੀ ਵੇਖ, ਏਕਾ ਰੰਗ ਰੰਗਾਇਆ ਕਾਲਾ, ਲੱਖ ਚੁਰਾਸੀ ਕਰਨੀ ਚੂਰ । ਬੇਮੁਖ ਜੀਵਾਂ ਕੱਢੇ ਦਵਾਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ



੬੮੨
੦੪

ਆਸਾ ਮਨਸਾ ਪੂਰ । ਹਾਜੀ ਹਾਜਨ ਦਰ ਕਬੂਲ । ਲੋਕਮਾਤ ਨਾ ਜਾਏ ਭੂਲ । ਪ੍ਰਭ ਅਬਿਨਾਸ਼ੀ ਘਟ ਘਟ ਵਾਸੀ, ਫੁੱਲ ਫੁਲਵਾੜੀ ਸਾਚੀ ਲਾਏ, ਹੋਏ ਰਖਵਾਲਾ ਕੰਤ ਕੰਤੂਹਲ । ਲਾੜੀ ਮੌਤ ਨਾ ਕਦੇ ਵਿਆਹੇ, ਗੁਰਮੁਖ ਸਾਚਾ ਸੰਤ ਜਨ, ਸ਼ਬਦ ਪੰਘੂੜਾ ਰਿਹਾ ਝੂਲ । ਧਰਮ ਰਾਏ ਨਾ ਪਾਏ ਫਾਹੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਲਹਿਣਾ ਦੇਣਾ ਪਿਛਲਾ ਮੂਲ । ਮੱਕਾ ਹਾਜੀ ਹਾਜਣ ਹੱਜ ਨਵਾਬ । ਮਿਲਿਆ ਮੇਲ ਲੋਕਮਾਤ ਦੋ ਆਬ । ਸ਼ਬਦ ਚੜ੍ਹਿਆ ਸਾਚਾ ਤੇਲ, ਦਰ ਘਰ ਸਾਚੇ ਸਚ ਜ਼ਨਾਬ । ਅਚਰਜ਼ ਕੀਆ ਹਰਿ ਜੀ ਖੇਲ, ਸ਼ਬਦ ਘੋੜੇ ਚਰਨ ਰਕਾਬ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦਇਆ ਕਮਾਏ ਸਰਨ ਲਗਾਏ, ਇਕ ਵਖਾਏ ਕਾਅਬਾ ਕਾਅਬ । ਕਲਜੁਗ ਤੇਰੇ ਕਾਲੇ ਚੀਰ, ਅੰਤਮ ਵੇਲੇ ਅੰਤ ਅੰਤ ਅੰਤ ਸੰਤ ਫ਼ਕੀਰ । ਵੇਖ ਵਖਾਣੇ ਹਰਿ ਜੀਵ ਜੰਤ ਜੰਤ ਜੰਤ, ਕੋਈ ਨਾ ਦੇਵੇ ਕਿਸੇ ਧੀਰ । ਗੁਰਸਿਖ ਬਣਾਏ ਸਾਚੀ ਬਣਤ, ਅੰਮ੍ਰਿਤ ਪਿਆਏ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਭੇਖ ਵਟਾਇਆ, ਕਾਲਾ ਸੂਸਾ ਤਨ ਛੁਹਾਇਆ, ਨਾ ਕੋਈ ਜਾਣੇ ਸ਼ਾਹ ਫ਼ਕੀਰ । ਸ਼ਾਹ ਫ਼ਕੀਰ ਮਵਲ ਮੌਲਾਨਿਆ । ਵਡ ਦਾਤਾ ਬੇਪ੍ਰਵਾਹ, ਲੱਖ ਚੁਰਾਸੀ ਖੇਲ ਖਿਲਾਨਿਆ । ਵੇਖ ਵਖਾਣੇ ਸਾਰੇ ਥਾਂ, ਨਾ ਕੋਈ ਭੇਵ ਛੁਪਾਨਿਆ । ਗੁਰਮੁਖਾਂ ਰੱਖੇ ਠੰਡੀ ਛਾਂ, ਦੇਵੇ ਮਾਣ ਜਹਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਲਾ ਸੂਸਾ ਤਨ ਛੁਹਾਇਆ । ਪੰਚਮ ਪੋਹ ਲਿਖਤ ਲਿਖਾਇਆ, ਕਰੇ ਵੇਸ ਦਰ ਦਰਵੇਸ ਜਗਤ ਮਹਾਨਿਆ । ਇਕ ਤਖ਼ਤ ਇਕ ਸੁਲਤਾਨ । ਏਥੇ ਓਥੇ ਦੋ ਜਹਾਨ । ਗੁਰ ਗੁਰ ਗੁਰ ਨਾ ਭੁੱਲ ਨਿਧਾਨ । ਕਵਣ ਉਪਜਾਏ ਸ਼ਬਦ ਸੁਰ, ਕਵਣ ਦੇਵੇ ਨਾਮ ਨਿਧਾਨ । ਚਰਨ ਪ੍ਰੀਤੀ ਕਿਸ ਜਾਏ ਜੁੜ, ਕਵਣ ਦੇਵੇ ਬ੍ਰਹਮ ਗਿਆਨ । ਕਵਣ ਚੜ੍ਹਾਏ ਸ਼ਬਦ ਘੋੜ, ਖੰਡ ਬ੍ਰਹਿਮੰਡ ਵਰਭੰਡ ਮਾਰ ਧਿਆਨ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਸ਼ਬਦ ਡੰਡਾ ਹੱਥ ਉਠਾਇਆ, ਪ੍ਰਗਟ ਹੋਇਆ ਵਡ ਬਲੀ ਬਲਵਾਨ ।

❇ ੫ ਪੋਹ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਸਵਾਮੀ ਮਹਿਤਾ ਜੀ ਨੂੰ ਦਿਆਲ ਬਾਗ਼ ਆਗਰਾ ਸ਼ਬਦ ਭੇਜਿਆ ❇

ਬਾਗ਼ ਦਿਆਲਾ ਅੰਤਮ ਪਤ ਤੇਰੀ ਰਹੇ, ਸਰਨ ਆਓ ਬਣ ਕੰਗਾਲਾ । ਕਲਜੁਗ ਵਹਿਣ ਝੂਠਾ ਵਹੇ, ਰੁੜ੍ਹਦਾ ਜਾਏ ਧਨ ਮਾਲਾ । ਗੁਰਮੁਖ ਵਿਰਲਾ ਪ੍ਰਭ ਅਬਿਨਾਸ਼ੀ ਚਰਨੀ ਬਹੇ, ਸ਼ਬਦ ਪਾਏ ਤਨ ਸਾਚੀ ਮਾਲਾ । ਏਕਾ ਨਾਉਂ ਦਰ ਸਾਚੇ ਲਏ, ਪੰਚਾਂ ਤੋੜੇ ਜਗਤ ਜੰਜ਼ਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ । ਸ਼ਬਦ ਡੰਡਾ ਹੱਥ ਉਠਾਇਆ, ਗੁਰੂਆਂ ਪੀਰਾਂ ਸਾਧਾਂ ਸੰਤਾਂ ਅੰਤਮ ਕਲ ਕੱਢੇ ਦਵਾਲਾ । ਦਿਆਲ ਬਾਗ਼ ਗੁਰ ਜਾਣਾ ਜਾਗ । ਅੰਤਮ ਬੁੱਝੇ ਜੋਤੀ ਚਿਰਾਗ਼ । ਨਾ ਕੋਈ ਧੋਵੇ ਕਾਇਆ ਲੱਗੇ ਦਾਗ਼ । ਸਚ ਸਿੰਘਾਸਣ ਗੂੜ੍ਹੀ ਨੀਂਦ ਸੋਵੇ, ਆਤਮ ਤ੍ਰਿਸ਼ਨਾ ਬੁਝੇ ਜਗਤ ਆਗ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਘਰ ਘਰ ਦਰ ਦਰ ਉਡਾਏ ਕਾਗ । ਚੌਥਾ ਦਰ ਹਰਿ ਬੰਦ ਕਰਾਉਣਾ । ਇਕ ਵਖਾਏ ਸਾਚਾ ਘਰ, ਜੋਤ ਸਰੂਪੀ ਡਗਮਗਾਉਣਾ । ਚਰਨ ਸਰੋਵਰ ਸਾਚਾ ਸਰ, ਆਤਮ ਤੀਰਥ ਇਕ ਇਸ਼ਨਾਨ ਕਰਾਉਣਾ । ਨਾ ਜਨਮੇ ਨਾ ਜਾਏ ਮਰ, ਏਕਾ ਹਰਿ ਓਟ ਰਖਾਉਣਾ । ਲੋਕਮਾਤ ਆਇਆ ਜੋਤ

੬੮੩
੦੪

ਧਰ, ਸੋਹੰ ਸ਼ਬਦ ਡੰਕ ਵਜਾਉਣਾ । ਆਪਣਾ ਕੀਤਾ ਲੈਣਾ ਭਰ, ਹੋ ਸਹਾਈ ਨਾ ਕਿਸੇ ਬਚਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਸ਼ਬਦ ਡੰਡਾ ਹੱਥ ਫੜਾਇਆ, ਗੁਰੂਆਂ ਪੀਰਾਂ ਸਾਧਾਂ ਸੰਤਾਂ ਮਾਇਆਧਾਰੀ ਕਰਮ ਵਿਚਾਰੀ, ਸੋਇਆ ਗੁਰ ਆਪ ਜਗਾਉਣਾ । ਸੋਏ ਜਾਗ ਜਗਤ ਗੁਰ । ਪ੍ਰਭ ਧੋਏ ਦਾਗ਼, ਆਓ ਤੁਰ । ਬੁਝੇ ਤ੍ਰਿਸ਼ਨਾ ਆਗ, ਚਰਨ ਪ੍ਰੀਤੀ ਜਾਏ ਜੁੜ । ਅੰਤਮ ਅੰਤ ਪਕੜੇ ਵਾਗ, ਇਕ ਚੜ੍ਹਾਏ ਸ਼ਬਦ ਘੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਚਨ ਰਿਹਾ ਲਿਖਾਏ, ਦੇ ਮਤ ਅੰਤ ਸਮਝਾਏ, ਕਲਜੁਗ ਬੇੜਾ ਰਿਹਾ ਰੁੜ੍ਹ । ਦਿਆਲ ਬਾਗ਼ ਗੁਰ ਕਿਉਂ ਮੁਖ ਛੁਪਾਇਆ । ਆਤਮ ਲੱਗੀ ਮਾਇਆ ਤ੍ਰਿਖ, ਭੁੱਖ ਜਗਤ ਵਿਕਾਰ ਅੰਤ ਵਧਾਇਆ । ਸਾਚੀ ਸਿੱਖਿਆ ਲੈਣੀ ਸਿੱਖ, ਨਿਹਕਲੰਕ ਕਲ ਜਾਮਾ ਪਾਇਆ । ਆਦਿ ਅੰਤ ਜੁਗਾ ਜੁਗੰਤ ਮਸਤਕ ਲੇਖ ਰਿਹਾ ਲਿਖ, ਬਿਧਨਾ ਲੇਖ ਦਏ ਮਿਟਾਇਆ । ਦਰ ਘਰ ਏਕੋ ਏਕਾ ਪ੍ਰਭ ਦੇਵੇ ਭਿਖ, ਅਤੁੱਟ ਭੰਡਾਰ ਇਕ ਰਖਾਇਆ । ਆਤਮ ਲਾਹੇ ਦੂਈ ਦਵੈਤੀ ਵਿਖ, ਮਾਇਆ ਮਮਤਾ ਮੋਹ ਵਧਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰ ਗੱਦੀ ਸ਼ਬਦ ਡੋਰ ਬੱਧੀ, ਲੋਕਮਾਤ ਦਏ ਹਿਲਾਈਆ । ਸ਼ਬਦ ਡੋਰੀ ਦਿੱਤੀ ਪਾ । ਅੰਤਮ ਪਾਏ ਗਲ ਵਿਚ ਫਾਹ । ਇਕ ਵਖਾਏ ਸਿਧਾ ਰਾਹ । ਪੁਰੀ ਘਨਕ ਜਾਮਾ ਪਾਇਆ, ਬੇਮੁਖਾਂ ਕਲ ਦਿਸੇ ਨਾ । ਨਿਹਕਲੰਕੀ ਡੰਕ ਵਜਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਪੀਰ ਵੰਡਾਏ ਹਿੱਸੇ ਥਾਂ ਥਾਂ ਥਾਂ । ਪਹਿਲਾ ਹਿੱਸਾ ਪਾਈ ਵੰਡ । ਕਰੀ ਖੇਲ ਵਿਚ ਵਰਭੰਡ । ਅੱਸੂ ਸੱਤ ਦਿਤਾ ਵੰਡ । ਦਰ ਘਰ ਆਏ ਪੈਜ ਸਵਾਰੀ, ਲੋਕਮਾਤੀ ਦਿਤੀ ਕੰਡ । ਅੰਤਮ ਆਇਆ ਪਾਸਾ ਹਾਰੀ, ਆਤਮ ਹੋਈ ਰੰਡ । ਸ਼ਬਦ ਫੜੇ ਪ੍ਰਭ ਸਚ ਕਟਾਰੀ, ਪ੍ਰਗਟ ਹੋਏ ਵਿਚ ਬ੍ਰਹਿਮੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਪਾਇਆ, ਕਲਜੁਗ ਜੀਵ ਭੇਵ ਨਾ ਰਾਇਆ, ਸਿਰ ਉਠਾਈ ਮਾਇਆ ਛਾਇਆ ਝੂਠੀ ਪੰਡ । ਮਾਇਆ ਰਾਣੀ ਸਿਰ ਬੱਧਾ ਭਾਰ । ਅੰਤਮ ਵੇਲੇ ਆਈ ਹਾਨੀ, ਦਰ ਦਰ ਹੋਣਾ ਅੰਤ ਖੁਆਰ । ਝੂਠੀ ਤਣੀ ਮਾਤ ਤਾਣੀ, ਵੇਸ ਕਲੰਦਰ ਤਨ ਸ਼ਿੰਗਾਰ । ਸੋਹੰ ਸ਼ਬਦ ਸੱਚੀ ਬਾਣੀ, ਪੰਚਾਂ ਕਰੇ ਚਰਨ ਪਿਆਰ । ਏਕਾ ਜੋਤ ਹਰਿ ਭਗਵਾਨੀ, ਆਦਿ ਅੰਤੀ ਏਕੰਕਾਰ । ਨਿਹਕਲੰਕੀ ਸਚ ਨਿਸ਼ਾਨੀ, ਸ਼ਬਦ ਚਲਾਏ ਅਪਰ ਅਪਾਰ । ਭੁੱਲੇ ਫਿਰਦੇ ਵਡ ਵਿਦਵਾਨੀ, ਨਾ ਕੋਈ ਪਾਏ ਮਾਤ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਕਰੇ ਬ੍ਰਹਮ ਗਿਆਨੀ, ਖਿਚ ਲਿਆਏ ਚਰਨ ਦਵਾਰ । ਦੂਜਾ ਲੇਖ ਰਿਹਾ ਘੱਲ । ਨਾ ਕੋਈ ਕਰਨਾ ਵਲ ਛਲ । ਫਲ ਬੋਣਾ ਕਾਇਆ ਡਲ । ਕਲਜੁਗ ਜਵਾਨੀ ਗਈ ਢਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਇਕ ਸੁਹਾਏ ਮੰਦਰ ਅੰਦਰ ਡੇਰਾ ਲਾਏ, ਵੇਖ ਵਖਾਣੇ ਰਾਜੇ ਰਾਣੇ, ਸ਼ਾਹ ਸੁਲਤਾਨੇ ਜਲ ਥਲ ।


੬੮੪
੦੪

## ✻ ੫ ਪੋਹ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਸੰਤ ਗੁਰਚਰਨ ਸਿੰਘ ਬਿਆਸ ਨੂੰ ਸ਼ਬਦ ਭੇਜਿਆ ✻

ਸ਼ਬਦ ਘੋੜਾ ਚਿੱਟਾ ਅਸਵ ਚੁੱਕੇ ਪੌੜ । ਚਰਨ ਸਰਨ ਸਰਨ ਗੁਰਚਰਨ । ਕਲਜੁਗ ਅੰਤਮ ਆਉਣਾ ਦੌੜ । ਪ੍ਰਭ ਅਬਿਨਾਸ਼ੀ ਤਰਨੀ ਤਰਨ, ਅੰਤਮ ਪਰਖੇ ਮਿੱਠੇ ਕੌੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਸ਼ਬਦ ਡੰਡਾ ਹੱਥ ਉਠਾਇਆ, ਧੁਰਦਰਗਾਹੀ ਆਇਆ ਦੌੜ । ਆਤਮ ਦਰ ਸਚ ਦਵਾਰ । ਤਟ ਬਿਆਸਾ ਕਰ ਵਿਚਾਰ । ਜਗਤ ਹਾਸਾ ਭਗਤ ਖੁਆਰ । ਨਿਹਕਲੰਕੀ ਜੋਤ ਪ੍ਰਕਾਸ਼ਾ, ਸ਼ਬਦ ਡੰਡਾ ਅਪਰ ਅਪਾਰ । ਏਕਾ ਦੇਵੇ ਸ਼ਬਦ ਧਰਵਾਸਾ, ਫੜ ਫੜ ਬਾਹੋਂ ਲਾਏ ਪਾਰ । ਹੋਏ ਸਹਾਈ ਮਾਤ ਪਤਾਲ ਅਕਾਸ਼ਾ, ਅੰਦਰ ਬਾਹਰ ਗੁਪਤ ਜ਼ਾਹਰ । ਸਤਾਰਾਂ ਹਾੜੀ ਵੇਖ ਤਮਾਸ਼ਾ, ਆਉਣਾ ਚਲ ਸਚ ਸੱਚੇ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਸ਼ਬਦ ਡੰਡਾ ਹੱਥ ਉਠਾਇਆ, ਪੰਚਮ ਪੋਹ ਦਏ ਨੀਂਹ ਉਸਾਰ । ਪੰਚਮ ਪੋਹ ਨੀਂਹ ਉਸਾਰੇ । ਸਾਧਾਂ ਸੰਤਾਂ ਪਾਵੇ ਸਾਰੇ । ਆਤਮ ਜੋਤੀ ਖਿਚ ਲਿਆਏ, ਇਕ ਬਹਾਏ ਸਚ ਚੁਬਾਰੇ । ਦੂਜਾ ਨਾ ਕੋਈ ਵਿਚ ਰਖਾਏ, ਆਪੇ ਕਰੇ ਆਪਣੀ ਕਾਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਸ਼ਬਦ ਡੰਡਾ ਹੱਥ ਰਖਾਇਆ, ਉਠੇ ਮਾਤ ਮਾਰੇ ਝਾਤ, ਕਲਜੁਗ ਅੰਤਮ ਰਿਹਾ ਲਲਕਾਰੇ । ਨਿਹਕਲੰਕ ਨਰ ਅਵਤਾਰ । ਸ਼ਬਦ ਡੰਕ ਇਕ ਅਪਾਰ । ਰਾਓ ਰੰਕਾਂ ਇਕ ਕਰੇ ਕਰਾਏ ਜੈਕਾਰ । ਸਾਧਾਂ ਸੰਤਾਂ ਲਾਏ ਤਨਕ, ਖਿਚ ਲਿਆਏ ਚਰਨ ਦਵਾਰ । ਆਪ ਸੁਹਾਏ ਥਾਨ ਬੰਕ, ਛੱਬੀ ਪੋਹ ਕਰ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਮਿਆਨੋਂ ਲਿਆ ਧੂ, ਚਾਰੇ ਕੁੰਟਾਂ ਮਾਰੇ ਵਾਰੋ ਵਾਰ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ, ਅਜਪਾ ਜਪ ਰਸ ਨਾਂਓ । ਨੇਤਰ ਨੈਣ ਪ੍ਰਭ ਸਾਚਾ ਜੋਤੀ ਨੂਰ ਏਕਾ ਅੰਜਨ, ਲੋਚਨ ਪੇਖ ਘਰ ਸਾਚਾ ਵੇਖ ਅੰਤਮ ਕਲ ਪਾਓ । ਧੁਰਦਰਗਾਹ ਸਚ ਮਲਾਹ, ਇਕ ਕਰਾਏ ਸਾਚਾ ਮਜਨ, ਮਾਇਆ ਮਮਤਾ ਮੈਲ ਗਵਾਓ । ਜੋ ਘੜਿਆ ਭਾਂਡਾ ਅੰਤਮ ਭੱਜਣ, ਸੁਖ ਰੈਣ ਵਸੇਰਾ ਨਾ ਮਿਲੇ ਠੰਡੀ ਛਾਉਂ । ਜਨ ਭਗਤਾਂ ਆਇਆ ਪਰਦੇ ਕੱਜਣ, ਪਾਰ ਕਰਾਏ ਫੜ ਫੜ ਬਾਹੋਂ । ਜੋਤੀ ਜੋਤ ਸਰੂਪ ਹਰਿ, ਹੋਏ ਸਹਾਈ ਸਭਨੀ ਥਾਂਉਂ । ਸਾਚਾ ਸੱਜਣ ਵੇਖ ਵਖਾਣੇ ਸਾਚਾ ਥਾਉਂ । ਸਾਚਾ ਸੱਜਣ ਜਗਤ ਮਲਾਹ । ਚਾਰ ਵਰਨਾਂ ਏਕਾ ਸਰਨਾ, ਇਕ ਦਿਸਾਏ ਰਾਹ । ਗੁਰਚਰਨ ਸਿੰਘ ਪ੍ਰਭ ਸਾਚਾ ਵਰਨਾ, ਜੋਤੀ ਨੂਰ ਉਜਾਲਾ, ਸ਼ਬਦ ਸਰੂਪੀ ਗੁਰ ਗੋਪਾਲਾ, ਪਵਣ ਅਧਾਰੀ ਦੀਨ ਦਿਆਲਾ ਨਾ ਕੁਛ ਖਾਓ । ਖਾਣਾ ਪੀਣਾ ਦੇਣਾ ਤਜ । ਸ਼ਬਦ ਪੰਘੂੜੇ ਚੜ੍ਹਨਾ ਭੱਜ । ਹਰਿ ਦਰ ਦਵਾਰੇ ਜਾਣਾ ਸਜ । ਏਕਾ ਅੰਮ੍ਰਿਤ ਪੀਣਾ ਰਜ । ਸਦਾ ਸਦਾ ਲੋਕਮਾਤ ਜੀਣਾ, ਪ੍ਰਭ ਅਬਿਨਾਸ਼ੀ ਪੜਦੇ ਰਿਹਾ ਕੱਜ । ਹਰਿ ਚਰਨ ਪ੍ਰੀਤੀ ਬਲ ਬਲ ਬਲ ਥੀਣਾ, ਪ੍ਰਗਟ ਹੋਏ ਦੇਸ ਮਾਝ । ਮਾਝੇ ਦੇਸ ਮਿਲੀ ਵਡਿਆਈ । ਨਿਹਕਲੰਕ ਜੋਤ ਜਗਾਈ । ਪੁਰੀ ਘਨਕ ਵੱਜੇ ਡੰਕ, ਰੰਕ ਰਾਜਾਨਾ ਰਿਹਾ ਸੁਣਾਈ । ਸੋਹੰ ਸ਼ਬਦ ਸੁਣਾਏ ਸਾਚਾ ਅੰਕ, ਸਤਿਜੁਗ ਸਾਚੀ ਬਣਤ ਬਣਾਈ । ਇਕ ਸੁਹਾਏ ਦਵਾਰ ਬੰਕ, ਗੁਰਸਿਖ ਕਾਇਆ ਆਤਮ ਸੇਜਾ ਬੈਠਾ ਆਸਣ ਲਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਜਗਤ ਲੇਖਾ ਵੇਖੀ ਵੇਖਾ ਮਨ ਤਨ ਅੰਦਰ ਰਹਿ ਨਾ ਜਾਈ ।

✻ ੫ ਪੋਹ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਸਤਿਗੁਰ ਪ੍ਰਤਾਪ ਸਿੰਘ ਨਾਮਧਾਰੀ ਨੂੰ ਸ਼ਬਦ ਭੇਜਿਆ ਗਿਆ ✻

ਸਿੰਘ ਪ੍ਰਤਾਪ ਵਡ ਵਡ ਆਪ । ਚਾਰ ਕੁੰਟ ਵਧਿਆ ਪਾਪ । ਘਰ ਘਰ ਦਰ ਦਰ ਝੂਠਾ ਜਾਪ । ਨਾ ਕੋਈ ਜਾਣੇ ਆਪਾ ਆਪ । ਇਕ ਹੰਕਾਰੀ ਜਗਤ ਅਕਾਰੀ, ਜੂਠਾ ਝੂਠਾ ਚੜ੍ਹਿਆ ਤਾਪ । ਧਰਤ ਮਾਤ ਪ੍ਰਭ ਦਰ ਪੁਕਾਰੀ, ਹਰਿ ਹੋ ਸਹਾਈ ਮਾਈ ਬਾਪ । ਨਿਹਕਲੰਕ ਖੇਲ ਅਪਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਆਪੇ ਆਪ । ਸ਼ਬਦ ਸੁਨੇਹੜਾ ਰਿਹਾ ਘਾਲ । ਕਲਜੁਗ ਅੰਤਮ ਵੇਖ ਵਖਾਣੇ ਜੰਗਲ ਜੂਹ ਜਲ ਥਲ । ਗੁਰਮੁਖ ਸਾਚੇ ਸੰਤ ਸਿਆਣੇ, ਫ਼ਲ ਲਗਾਏ ਸਾਚੇ ਡਾਲ । ਕਲਜੁਗ ਜੀਵ ਬੇਮੁਹਾਣੇ, ਜਗਤ ਭੁਲਾਏ ਕਰ ਕਰ ਵਲ ਛਲ । ਪਕੜ ਉਠਾਏ ਰਾਜੇ ਰਾਣੇ, ਖੇਲ ਰਚਾਏ ਅੱਜ ਕਿ ਕਲ । ਗੁਰਮੁਖ ਸਾਚਾ ਰੰਗ ਸਾਚਾ ਮਾਣੇ, ਸਚ ਦਵਾਰ ਲਏ ਮਲ । ਚਲੇ ਚਲਾਏ ਆਪਣੇ ਭਾਣੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦੂਈ ਦਵੈਤੀ ਮੇਟੇ ਸੱਲ । ਗੁਰ ਸਤਿ ਸਤਿਗੁਰ ਸਤਿ । ਲਿਖਿਆ ਧੁਰ ਧੁਰ ਲੇਖ, ਲਿਖਤ ਪ੍ਰਭ ਦੇ ਸਮਝਾਵੇ ਮਤ । ਜੋਤ ਸਰੂਪੀ ਧਾਰੇ ਭੇਖ, ਤੀਜੇ ਲੋਇਣ ਲੈਣਾ ਵੇਖ, ਦਸਵੇਂ ਘਰ ਹੱਡ ਮਾਸ ਨਾੜੀ ਨਾ ਕੋਈ ਰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਸੋਹੰ ਸਾਚਾ ਸ਼ਬਦ ਚਲਾਏ, ਜਨ ਭਗਤਾਂ ਅੰਤਮ ਰੱਖੇ ਪਤ । ਨਿਹਕਲੰਕ ਜਾਮਾ ਪਾਇਆ । ਸ਼ਬਦ ਡੰਕ ਇਕ ਵਜਾਇਆ । ਰਾਓ ਰੰਕ ਦਏ ਸੁਣਾਇਆ । ਗੁਰ ਪੀਰ ਸਾਧ ਸੰਤ, ਜੋਤੀ ਨੂਰ ਹਾਜ਼ਰ ਹਜ਼ੂਰ, ਸਰਬ ਕਲਾ ਭਰਪੂਰ, ਸਦਾ ਸੁਹੇਲਾ ਇਕ ਅਕੇਲਾ, ਧੁਰਦਰਗਾਹੀ ਮੇਲਾ ਦਏ ਮਿਲਾਇਆ । ਆਪੇ ਗੁਰ ਆਪੇ ਚੇਲਾ, ਧਰਮ ਰਾਏ ਦੀ ਕਟੇ ਜੇਲ੍ਹਾ, ਅਚਰਜ਼ ਕਰੇ ਮਾਤ ਖੇਲਾ, ਦਿਸ ਕਿਸੇ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੁਰੀ ਘਨਕ ਡੇਰਾ ਲਾਇਆ । ਸਿੰਘ ਪ੍ਰਤਾਪ ਗੁਰ ਗੁਰ ਆਪ । ਕਵਣ ਸੁਵੇਲਾ ਜਗਤ ਸੁਹੇਲਾ, ਕਵਣ ਵਖਾਣੇ ਸਾਚਾ ਜਾਪ । ਕਵਣ ਧਾਮਾ ਕਵਣ ਰਾਮਾ ਦਰ ਘਰ ਸਾਚੇ ਸਾਚਾ ਮੇਲਾ, ਕਵਣ ਵਖਾਣੇ ਪੁੰਨ ਪਾਪ । ਕਵਣ ਗੁਰ ਕਵਣ ਚੇਲਾ, ਕਵਣ ਮਾਰੇ ਤੀਨੋ ਤਾਪ । ਕਵਣ ਹਰਿ ਇਕ ਅਕੇਲਾ, ਜੋਤੀ ਜੋਤ ਸਰੂਪ ਹਰਿ, ਕਵਣ ਥਾਪਣਾ ਰਿਹਾ ਥਾਪ । ਕਵਣ ਥਾਪੇ ਕਾਇਆ ਰਾਸ । ਕਵਣ ਕਰੇ ਜੋਤ ਪ੍ਰਕਾਸ਼ । ਕਵਣ ਦੇਵੇ ਆਤਮ ਰਸਨ ਸਵਾਸ । ਕਵਣ ਚਲਾਏ ਸ਼ਬਦ ਮਾਤ ਪਤਾਲ ਅਕਾਸ਼ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਵਣ ਦਵਾਰਾ ਸਚ ਘਰ ਬਾਹਰਾ, ਵਿਚ ਸੰਸਾਰਾ ਜੋਤ ਅਕਾਰਾ, ਕਵਣ ਵਸੇ ਆਸ ਪਾਸ । ਆਸ ਪਾਸ ਕਿਸ ਵਸੇਰਾ । ਲੱਗਾ ਪ੍ਰਭਾਸ ਵਿਚ ਡੇਰਾ । ਪਰਮ ਪੁਰਖ ਹਰਿ ਸਾਚੀ ਆਸ, ਵੇਖ ਵਖਾਣੇ ਹਰਿ ਨੇੜਨ ਨੇੜਾ । ਕਾਇਆ ਪਿੰਜਰ ਹੱਡ ਨਾੜੀ ਮਾਸ, ਅੰਤਮ ਢਹਿ ਢਹਿ ਹੋਏ ਢੇਰਾ । ਮਾਤ ਗਰਭ ਰਿਹਾ ਦਸ ਮਾਸ, ਆਇਆ ਗਿਆ ਚੁਰਾਸੀ ਗੇੜਾ । ਰਸਨਾ ਗਾਏ ਸਵਾਸ ਸਵਾਸ, ਕਵਣ ਚੁਕਾਏ ਅੰਤਮ ਅੰਤ ਜਮ ਕਾ ਝੇੜਾ । ਪ੍ਰਭ ਮਿਲਣ ਦੀ ਸਾਚੀ ਆਸ, ਅੰਤਮ ਬੰਨ੍ਹੇ ਲਾਏ ਬੇੜਾ । ਮਨ ਬੈਰਾਗੀ ਸਦਾ ਉਦਾਸ, ਵੇਖ ਵਖਾਣੇ ਕਾਇਆ ਨਗਰ ਖੇੜਾ । ਸਚ ਮੰਡਲ ਹਰਿ ਸਾਚੀ ਰਾਸ, ਕਾਇਆ ਮੰਦਰ ਅੰਦਰ ਖੁਲ੍ਹਾ ਵਿਹੜਾ । ਗਗਨ ਪਤਾਲੀ ਜੋਤ ਅਕਾਲੀ ਮਾਤ ਪਤਾਲ ਅਕਾਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਆਪ ਲਗਾਏ ਇਕ ਉਖੇੜਾ । ਲਾਏ ਕਲ ਉਖੇੜਾ ਸਰਬ ਕਲਾ ਭਰਪੂਰਿਆ । ਧਰਤ ਮਾਤ ਕਰਾਏ ਖੁਲ੍ਹਾ ਵਿਹੜਾ, ਗੁਰਮੁਖਾਂ ਆਸਾ ਮਨਸਾ ਪੂਰਿਆ । ਲੱਖ

ਚੁਰਾਸੀ ਚੁੱਕੇ ਝੇੜਾ, ਵੇਲਾ ਨੇੜ ਨਾ ਜਾਣੋ ਦੂਰਿਆ । ਕਾਇਆ ਮੰਦਰ ਢਹਿਣਾ ਖੇੜਾ, ਏਕਾ ਜੋਤੀ ਸਾਚਾ ਨੂਰਿਆ । ਅੰਤਮ ਵੇਲੇ ਬੰਨ੍ਹੇ ਬੇੜਾ, ਸਰਬ ਕਲਾ ਆਪੇ ਭਰਪੂਰਿਆ । ਗੁਰੂਆਂ ਪੀਰਾਂ ਭੇੜ ਭੇੜਾ, ਹਰਿ ਦਿਸੇ ਹਾਜ਼ਰ ਹਜ਼ੂਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਬੰਨ੍ਹੇ ਬੇੜਾ ।

❋ ੫ ਪੋਹ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਰਾਸ਼ਟਰਪਤੀ ਰਾਜਿੰਦਰ ਪ੍ਰਸ਼ਾਦ ਨੂੰ ਦਿੱਲੀ ਸ਼ਬਦ ਲਿਖ ਕੇ ਭੇਜਿਆ ਗਿਆ ❋

ਰਾਜ ਜੋਗ ਦਿੱਲੀ ਦਰਬਾਰ । ਫੀਕਾ ਰਸ ਰਸਨਾ ਭੋਗ ਵਿਚ ਸੰਸਾਰ । ਏਕਾ ਹਰਿ ਦਰਸ ਅਮੋਘ, ਮਾਨਸ ਦੇਹੀ ਜਗਤ ਅਪਾਰ । ਲਿਖਿਆ ਲੇਖ ਧੁਰ ਸੰਜੋਗ ਮਿਲੇ ਮੇਲ ਕੰਤ ਭਤਾਰ । ਦੂਈ ਦਵੈਤੀ ਕਟੇ ਰੋਗ, ਸ਼ਬਦ ਦੇਵੇ ਇਕ ਅਪਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪੂਰਬ ਕਰਮ ਰਿਹਾ ਵਿਚਾਰ । ਵਾਲੀ ਹਿੰਦ ਸਖੀ ਸੁਲਤਾਨ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਪ੍ਰਗਟ ਹੋਇਆ ਵਾਲੀ ਦੋ ਜਹਾਨ । ਸੋਹੰ ਸਾਚਾ ਸ਼ਬਦ ਚਲਾਇਆ, ਚਾਰ ਵਰਨਾਂ ਇਕ ਗਿਆਨ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਮਾਣ ਰਖਾਇਆ, ਏਕਾ ਬਖ਼ਸ਼ੇ ਚਰਨ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਾਲੀ ਹਿੰਦ ਸਰਬ ਬਖ਼ਸ਼ਿੰਦ, ਆਤਮ ਦੇਵੇ ਬ੍ਰਹਮ ਗਿਆਨ । ਵਾਲੀ ਹਿੰਦ ਜਗਤ ਸਰਦਾਰ । ਸਾਚਾ ਭਗਤ ਪ੍ਰਭ ਚਰਨ ਦਵਾਰ । ਮਿਲੇ ਮੁਕਤ ਅੰਤਮ ਅੰਤ ਅੰਤਮ ਵਾਰ । ਪੁਰਖ ਅਬਿਨਾਸ਼ੀ ਸਾਚੀ ਜੁਗਤ, ਆਪ ਕਰਾਏ ਕਿਰਪਾ ਧਾਰ । ਨਿਹਕਲੰਕ ਕਲ ਜਾਮਾ ਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਖੇਲ ਅਪਰ ਅਪਾਰ । ਵਾਲੀ ਹਿੰਦ ਧਰਤ ਮਾਤ ਦੁਲਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਪ੍ਰਗਟ ਹੋਇਆ ਮਾਝੇ ਦੇਸ, ਕਰੇ ਵੇਸ ਰਾਮ ਰਮਈਆ ਕ੍ਰਿਸ਼ਨ ਮੁਰਾਰੇ । ਸਤਿ ਪੁਰਖ ਸਦਾ ਆਦੇਸ, ਰਾਜ ਰਾਜਾਨਾ ਪਾਵੇ ਸਾਰੇ । ਕੋਟਨ ਕੋਟ ਮੰਗਣ ਦਰ ਦਰਵੇਸ਼, ਬ੍ਰਹਮਾ ਵਿਸ਼ਨ ਮਹੇਸ਼ ਸ਼ਿਵ ਖੜ੍ਹੇ ਦਵਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਕਲ ਜਾਮਾ ਧਾਰੇ । ਸਚ ਦੁਲਾਰੇ ਸਚ ਸਪੂਤ, ਧਰਤ ਮਾਤ ਖ਼ੁਸ਼ੀ ਮਨਾਉਂਦੀ , । ਕਲਜੁਗ ਕਾਲਾ ਵਡਾ ਅਵਧੂਤ, ਕਾਲਾ ਸੂਸਾ ਈਸਾ ਮੂਸਾ ਤਨ ਸ਼ਿੰਗਾਰ ਕਰਾਉਂਦੀ । ਸਾਚਾ ਸੰਗ ਨਿਭਾਏ ਚੀਨਾ ਰੂਸਾ, ਏਕਾ ਬਣਤ ਬਣਾਉਂਦੀ । ਜੋਤੀ ਜੋਤ ਸਰੂਪ ਹਰਿ, ਕਿਰਪਾ ਆਪਣੀ ਰਿਹਾ ਕਰ, ਧਰਤ ਮਾਤ ਮਾਰ ਝਾਤ, ਵਾਲੀ ਹਿੰਦ ਤੇਰੀ ਬਣਤ ਬਣਾਉਂਦੀ । ਵਾਲੀ ਹਿੰਦ ਸੱਚੀ ਸਰਕਾਰ । ਚਾਰ ਵਰਨਾਂ ਇਕ ਪਿਆਰ । ਗਊ ਗਰੀਬ ਨਿਮਾਣਿਆਂ, ਦੇਣਾ ਮਾਣ ਸੱਚੇ ਘਰ ਬਾਹਰ । ਸਾਚਾ ਰੰਗ ਏਕਾ ਏਕ ਜਨ ਭਗਤ ਸਾਚਾ ਮਾਣਿਆ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਧਾਰੇ ਭੇਖ ਸ੍ਰੀ ਭਗਵਾਨਿਆ । ਨਿਹਕਲੰਕੀ ਖੇਲ ਅਪਾਰ । ਲੋਕਮਾਤ ਵਿਚ ਸੰਸਾਰ । ਸ਼ਬਦ ਰੱਖੀ ਸਾਚੀ ਦਾਤ, ਜਨ ਭਗਤਾਂ ਬਣੇ ਆਪ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਵਡ ਮਰਗਿੰਦ, ਸਾਚੇ ਦਰ ਸੁਣੇ ਪੁਕਾਰ । ਵਾਲੀ ਹਿੰਦ ਰਾਜ ਦਵਾਰੇ । ਪ੍ਰਭ ਅਬਿਨਾਸ਼ੀ ਵੇਖ ਵਖਾਣੇ ਮਹੱਲ ਅਟੱਲ ਉਚ ਚੁਬਾਰੇ । ਆਪੇ ਜਾਣੇ ਜਲ ਥਲ, ਲੋਆਂ ਪੁਰੀਆਂ ਪਾਵੇ ਸਾਰੇ । ਪ੍ਰਭ ਕਾ ਭਾਣਾ ਨਾ ਜਾਏ ਟਲ, ਕਲਜੁਗ ਅੰਤਮ ਗਿਆ ਹਾਰੇ । ਪ੍ਰਭ ਅਬਿਨਾਸ਼ੀ ਕਰੇ

ਵਲ ਛਲ, ਮਾਇਆ ਪੜਦੇ ਪਾਏ ਭਾਰੇ । ਗੁਰਮੁਖਾਂ ਆਤਮ ਜੋਤੀ ਜਾਏ ਬਲ, ਆਇਣ ਚੱਲ ਸਚ ਦਵਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜਨ ਭਗਤਾਂ ਪੈਜ ਸਵਾਰੇ । ਜਨ ਭਗਤਾਂ ਪੈਜ ਸਵਾਰ, ਸਦਾ ਪ੍ਰਿਤਪਾਲਦਾ । ਦੇਵੇ ਸ਼ਬਦ ਹੁਲਾਰ, ਤੋੜੇ ਕਾਲ ਜੰਜ਼ਾਲ ਦਾ । ਆਤਮ ਜੋਤੀ ਕਰ ਉਜਿਆਰ, ਦੇਵੇ ਨਾਮ ਖ਼ਜ਼ਾਨਾ ਸੱਚੇ ਧਨ ਮਾਲ ਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਦਿ ਅੰਤ ਜੁਗਾ ਜੁਗੰਤ, ਸਦਾ ਸਦਾ ਪ੍ਰਿਤਪਾਲਦਾ । ਪੁਰੀ ਘਨਕ ਹਰਿ ਜੋਤ ਜਗਾਈ । ਪੰਚਮ ਜੇਠ ਮਿਲੀ ਵਡਿਆਈ । ਧਰਤ ਮਾਤ ਖ਼ੁਸ਼ੀ ਮਨਾਈ । ਸਦਾ ਰਹੇ ਇਕ ਇਕਾਂਤ, ਦੂਸਰ ਕਿਸੇ ਦੀਸੇ ਨਾਹੀਂ । ਦੇਹੀ ਨਾਤਾ ਤੁੱਟਾ ਮਾਤ, ਸ਼ਬਦ ਉਡਾਰੀ ਇਕ ਲਗਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੱਬੀ ਪੋਹ ਤਨ ਮੰਦਰ ਦੇਣਾ ਖੇਹ ਕਰਾਈ । ਕਾਇਆ ਮੰਦਰ ਗਿਆ ਸੜ । ਲੱਗੀ ਅੱਗ ਬਹੱਤਰ ਨੜ । ਸਾਚੇ ਪੌੜੇ ਗਿਆ ਚੜ੍ਹ । ਸਿੰਘ ਪੂਰਨ ਵਿਚ ਬੈਠਾ ਵੜ । ਨਾ ਕੋਈ ਸੀਸ ਨਾ ਕੋਈ ਧੜ । ਲੱਖ ਚੁਰਾਸੀ ਨਾਲ ਰਿਹਾ ਲੜ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ, ਸ਼ਬਦ ਸਰੂਪੀ ਰਿਹਾ ਫੜ । ਸਾਚਾ ਦੇਵੇ ਨਾਮ ਨਿਧਾਨਾ, ਕਾਇਆ ਕਿਲ੍ਹੇ ਅੰਦਰ ਵੜ । ਭਾਰਤ ਖੰਡ ਝੁੱਲੇ ਇਕ ਨਿਸ਼ਾਨਾ, ਸਚ ਧਰਮ ਦੀ ਲਾਏ ਜੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਾਲੀ ਹਿੰਦ ਸੱਚੇ ਸੁਲਤਾਨ, ਸੋਹੰ ਅੱਖਰ ਜਗਤ ਵੱਖਰ ਲੈਣਾ ਪੜ੍ਹ । ਕਰਮ ਜੋਗ ਮਾਤਨਿੰਗ । ਪ੍ਰਭ ਮਾਰੇ ਇਕ ਝਾਤਨਿੰਗ ।
੬੮੮ ਕਰਮ ਵਿਚਾਰੇ ਪਾਵੇ ਸਾਰੇ, ਕਲਜੁਗ ਅੰਧੇਰੀ ਰਾਤਨਿੰਗ । ਧਰਤ ਮਾਤ ਸਚ ਦੁਲਾਰੇ, ਵਾਲੀ ਹਿੰਦ ਸੱਚੀ ਸਰਕਾਰੇ, ਅੰਤਮ ਵੇਲੇ ਪੁੱਛੇ ਕੌਣ ੬੮੮
੦੪ ਵਾਤਨਿੰਗ । ਸਾਚੇ ਭਗਤ ਜਗਤ ਵਡਿਆਈ । ਮਾਤ ਪਿਤ ਬੂੰਦ ਰਕਤ ਪ੍ਰਭ ਲੇਖੇ ਲਾਈ । ਆਤਮ ਜੋਤੀ ਸ਼ਬਦੀ ਸ਼ਬਦ, ਲੋਕਮਾਤ ਮਿਲੇ ਵਡਿਆਈ । ੦੪
ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਤ ਦੁਲਾਰੇ, ਪ੍ਰਭ ਚਰਨ ਵਣਜਾਰੇ ਦੇਵੇ ਸ਼ਬਦ ਜਣਾਈ । ਸ਼ਬਦ ਜਣਾਈ ਜਾਣਾ ਜਾਣ । ਮਿਲਣਾ ਮੇਲ ਅੰਤ ਭਗਵਾਨ । ਆਤਮ ਦੇਵੇ ਇਕ ਸੱਚਾ ਸੁੱਚਾ ਬ੍ਰਹਮ ਗਿਆਨ । ਚਾਰ ਵਰਨਾਂ ਏਕਾ ਸਰਨਾ, ਊਚਾਂ ਨੀਚਾਂ ਕਰ ਧਿਆਨ । ਨਾ ਕੋਈ ਦੀਸੇ ਵਰਨਾ ਬਰਨਾਂ, ਏਕਾ ਜੋਤ ਸ੍ਰੀ ਭਗਵਾਨ । ਅੰਤਮ ਵੇਲੇ ਹਰਿ ਸੰਤ ਦੁਲਾਰੇ ਸਾਚੇ ਤਰਨਾ, ਹਰਿ ਸ਼ਬਦ ਖਟੋਲਾ ਮਿਲੇ ਬਿਬਾਣ । ਆਪ ਕਟਾਏ ਜੰਮਣਾ ਮਰਨਾ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਦੇਵੇ ਜੀਆ ਦਾਨ । ਸਾਚਾ ਦਾਨ ਹਰਿ ਭਗਵੰਤ ਹੈ । ਮੇਲ ਮਿਲਾਏ ਸਾਚੇ ਕੰਤ ਹੈ । ਸੋਹੰ ਸ਼ਬਦ ਲੋਕਮਾਤ ਮਹਾਨ, ਆਦਿ ਅੰਤ ਹੈ । ਮਿਲੇ ਮੇਲ ਭਗਤ ਭਗਵਾਨ, ਮੇਲ ਮਿਲਾਵਾ ਸਾਚੇ ਕੰਤ ਹੈ । ਚਰਨ ਧੂੜ ਸੱਚਾ ਇਸ਼ਨਾਨ, ਮਿਲੇ ਵਡਿਆਈ ਜੀਵ ਜੰਤ ਹੈ । ਅੰਮ੍ਰਿਤ ਫਲ ਆਤਮ ਰਸ ਸਾਚਾ ਖਾਣ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਿਸ ਬਣਾਈ ਸਾਚੀ ਬਣਤ ਹੈ । ਬਣਤ ਬਣਾਈ ਗਈ ਬਣ । ਪੂਰਬ ਕਰਮ ਕਮਾਈ ਧੰਨ । ਲੋਕਮਾਤ ਮਿਲੀ ਵਡਿਆਈ, ਪ੍ਰਭ ਅਬਿਨਾਸ਼ੀ ਲਿਆ ਮੰਨ । ਸ਼ਬਦ ਸੁਨੇਹੜਾ ਰਿਹਾ ਘਲਾਈ, ਲੱਖ ਚੁਰਾਸੀ ਹੋਣਾ ਖੰਨ । ਨਿਹਕਲੰਕ ਜੋਤ ਜਗਾਈ, ਬੇਮੁਖ ਜੀਵਾਂ ਦੇਵੇ ਡੰਨ । ਜਨ ਭਗਤਾਂ ਆਤਮ ਵੱਜੇ ਵਧਾਈ, ਭਾਂਡਾ ਭਰਮ ਪ੍ਰਭ ਦੇਵੇ ਭੰਨ । ਦਿੱਲੀ ਤਖ਼ਤ ਹੋਏ ਰੁਸ਼ਨਾਈ, ਸਚ ਛਤਰ ਹਰਿ ਸੀਸ ਝੁਲਾਈ, ਨੌਂ ਖੰਡ ਪ੍ਰਿਥਮੀ ਹੋਈ ਅੰਨ੍ਹ । ਸਾਚਾ ਮਾਣ ਤਾਣ ਵਿਚ ਜਹਾਨ ਰਖਾਈ, ਵਡ ਦਾਤਾ ਸੂਰਾ

ਸਰਬੰਗ । ਅੱਠੇ ਪਹਿਰ ਦਿਵਸ ਰੈਣ ਹੋਏ ਸਹਾਈ, ਚਿੱਟੇ ਅਸਵ ਕਸ ਤੰਗ । ਵਾਲੀ ਹਿੰਦ ਚਾੜ੍ਹੇ ਨਾਮ ਰੰਗ, ਦਰ ਦਵਾਰੇ ਆਏ ਚਾਈਂ ਚਾਈਂ । ਜੋਤੀ ਜੋਤ ਸਰੂਪ ਹਰਿ, ਚਾਰ ਵਰਨਾਂ ਖੁਲ੍ਹਾਏ ਇਕ ਦਰ, ਨਿਹਕਲੰਕ ਨਰਾਇਣ ਨਰ, ਵਾਲੀ ਹਿੰਦ ਵਡ ਮਰਗਿੰਦ, ਸਾਗਰ ਸਿੰਧ, ਪ੍ਰਭ ਅਬਿਨਾਸ਼ੀ ਘਟ ਘਟ ਵਾਸੀ, ਸਦਾ ਸੁਹੇਲਾ ਰੱਖੇ ਠੰਡੀ ਛਾਈਂ ।

### ❇ ੫ ਪੋਹ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਸ਼ਬਦ ਭੇਜਿਆ ਗਿਆ ਦਿੱਲੀ ❇

ਪ੍ਰਧਾਨ ਮੰਤਰੀ ਵਡ ਪ੍ਰਧਾਨ । ਪ੍ਰਭ ਅਬਿਨਾਸ਼ੀ ਚਰਨ ਧਿਆਨ । ਜਿਸ ਨੇ ਦੀਆ ਪੀਣ ਖਾਣ । ਲੋਕਮਾਤ ਰਖਾਈ ਸਾਚੀ ਨੀਆ, ਉਡੇ ਉਡਾਵੇ ਸ਼ਬਦ ਬਿਬਾਣ । ਸਾਢੇ ਤਿੰਨ ਹੱਥ ਅੰਤਮ ਆਵੇ ਸੀਆ, ਵਡੇ ਵਡੇ ਨੌਜਵਾਨ , ਹਰਿਜਨ ਨਿਰਮਲ ਹੋਏ ਜੀਆ, ਪੁਰਖ ਅਬਿਨਾਸ਼ੀ ਰਸਨਾ ਗਾਨ । ਸਾਚਾ ਜਾਮ ਜਿਸ ਜਨ ਪੀਆ, ਅਮਰਾਪਦ ਜਗਤ ਕਲ ਪਾਨ । ਜੋਤੀ ਜੋਤ ਸਰੂਪ ਹਰਿ, ਦੇਵੇ ਮਾਣ ਵਾਲੀ ਦੋ ਜਹਾਨ । ਪ੍ਰਧਾਨ ਮੰਤਰੀ ਆਤਮ ਧਿਆਨ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਵੇਖ ਵਖਾਣੇ ਚਤੁਰ ਸੁਜਾਨ । ਘਨਕਪੁਰ ਵਾਸੀ ਸ਼ਾਹੋ ਸ਼ਾਬਾਸ਼ੀ, ਧਰੇ ਜੋਤ ਸ੍ਰੀ ਭਗਵਾਨ । ਵੇਖੇ ਖੇਲ ਮਾਤ ਪਤਾਲ ਅਕਾਸ਼ੀ, ਗੁਣਵੰਤ ਹਰਿ ਗੁਣੀ ਨਿਧਾਨ । ਮੇਟ ਮਿਟਾਏ ਮਦਿਰਾ ਮਾਸੀ, ਸ਼ਬਦ ਜਣਾਏ ਲਿਖਿਆ ਧੁਰ ਫ਼ਰਮਾਣ । ਮਾਨਸ ਜਨਮ ਕਰੇ ਰਹਿਰਾਸੀ, ਹਰਿਜਨ ਜਨ ਹਰਿ ਕਲ ਰਸਨਾ ਗਾਨ । ਜੋਤੀ ਜੋਤ ਸਰੂਪ ਹਰਿ, ਵਡ ਦਾਤਾ ਬਲ ਬਲੀ ਬਲਵਾਨ ।


੬੮੯
੦੪

ਵਡ ਬਲੀ ਬਲਵਾਨ ਹਰਿ ਨਿਰੰਕਾਰਿਆ । ਅੱਠੇ ਪਹਿਰ ਨੌਜਵਾਨ, ਨਾ ਆਵੇ ਪਾਸਾ ਹਾਰਿਆ । ਜਨ ਭਗਤਾਂ ਦੇਵੇ ਮਾਣ ਤਾਣ, ਰਖਾਏ ਆਣ ਵਿਚ ਸੰਸਾਰਿਆ । ਸ਼ਬਦ ਫੜੇ ਫੜਾਏ ਤੀਰ ਕਮਾਨ, ਚਲਾਈ ਜਾਏ ਵਾਰੋ ਵਾਰਿਆ । ਗੁਰਮੁਖ ਸਾਚੇ ਸੰਤ ਜਨਾਂ ਦਰ ਘਰ ਸਾਚੇ ਸਾਚੀ ਦਰਗਹਿ ਦੇਵੇ ਮਾਣ, ਮਿਲਾਏ ਮੇਲ ਜੋਤ ਨਿਰੰਕਾਰਿਆ । ਜੋਤ ਨਿਰੰਕਾਰ ਜਗਤ ਨਿਰਾਲੀਆ । ਕਲਜੁਗ ਕਰਮ ਰਿਹਾ ਵਿਚਾਰ, ਚਾਰੋਂ ਕੁੰਟ ਘਟਾ ਕਾਲੀਆ । ਧਰਤ ਮਾਤ ਕਰੇ ਪੁਕਾਰ, ਦਰ ਆਏ ਬਣ ਸਵਾਲੀਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਲੋਕਮਾਤ ਸਾਚੇ ਵਾਲੀਆ । ਨਿਹਕਲੰਕ ਲਏ ਅਵਤਾਰ, ਗੁਰਮੁਖਾਂ ਤੋੜੇ ਜਗਤ ਜੰਜ਼ਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਾਧ ਸੰਤ ਭਗਤ ਭਗਵੰਤ ਮਿਲਾਏ ਮੇਲ ਨਰ ਹਰਿ ਬਨ ਬਨਵਾਲੀਆ । ਹਰਿ ਬਨਵਾਲੀ ਭਗਤ ਸਵਾਲੀ ਸਾਚਾ ਦਰ ਦਵਾਰਾ, ਕੋਈ ਨਾ ਜਾਏ ਖਾਲੀ । ਰਾਗ ਰੰਗ ਰਾਜ ਤਾਜ, ਧੁਰਦਰਗਾਹੀ ਸਾਚੀ ਡਾਲੀ । ਸ਼ਬਦ ਸੁਨੇਹੁੜਾ ਆਤਮ ਅਵਾਜ਼, ਮਾਰੇ ਹਰਿ ਨਿਰੰਕਾਰੇ ਚਲੇ ਚਾਲ ਨਿਰਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨੌਂ ਖੰਡ ਪ੍ਰਿਥਮੀ ਦੀਪ ਸੱਤ ਦੇਵੇ ਮਤ ਰੱਖੇ ਪਤਿ, ਫਲ ਲਗਾਏ ਸਾਚੀ ਡਾਲੀ । ਮਤ ਕਛ ਕਛ ਮਤ ਕਸ਼ਮੀਰ । ਪ੍ਰਭ ਅਬਿਨਾਸ਼ੀ ਜਗਤ ਨਿਰਾਲਾ ਇਕ ਅਕਾਲਾ, ਸੋਹੰ ਸ਼ਬਦ ਚਲਾਏ ਸਾਚਾ ਤੀਰ । ਜੋਤੀ ਜਾਮਾ ਦੀਨ ਦਿਆਲਾ, ਧਰਤ ਮਾਤ ਦੁਲਾਰੇ, ਪਿਆਏ ਅੰਮ੍ਰਿਤ ਸਾਚਾ ਸੀਰ । ਕਰੇ ਖੇਲ ਅੰਤਮ ਵਾਰੇ, ਚਾਰੋਂ ਕੁੰਟ ਹੋਏ ਵਹੀਰ । ਨਿਹਕਲੰਕ ਕਲ ਜਾਮਾ ਧਾਰੇ, ਗੁਰਮੁਖ ਸਾਚੇ ਸੰਤ ਸੁਹੇਲੇ ਆਪੇ ਮੇਲੇ, ਜੁਗਾਂ ਜੁਗਾਂ ਦੇ ਵਿਛੜੇ ਵੀਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੰਤਮ ਕਟੇ ਹਿੰਦ ਗੋਬਿੰਦਾ, ਭਾਰਤ

ਖੰਡੀ ਬਿਰਹੋਂ ਪੀੜ । ਭਾਰਤ ਖੰਡ ਹੋਏ ਪ੍ਰਕਾਸ਼ । ਨਿਹਕਲੰਕ ਕਲ ਜਾਮਾ ਪਾਇਆ, ਪੁਰੀ ਘਨਕ ਕਲ ਰੱਖੇ ਵਾਸ । ਸ਼ਬਦ ਘੋੜਾ ਇਕ ਰਖਾਇਆ, ਵੇਖ ਵਖਾਣੇ ਪੁਰੀਆਂ ਲੋਆਂ ਮਾਤ ਪਤਾਲ ਅਕਾਸ਼ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਮਾਰ ਝਾਤ, ਜਨ ਭਗਤਾਂ ਪੂਰ ਕਰਾਏ ਅੰਤਮ ਕਲ ਸਾਚੀ ਆਸ । ਪੂਰਨ ਆਸ ਜਾਏ ਕਰ । ਜਨ ਭਗਤਾਂ ਦੇਵੇ ਸਾਚਾ ਵਰ । ਗੁਰਮੁਖ ਵਿਰਲਾ ਰਸਨਾ ਸੇਵੇ, ਆਤਮ ਖੋਲ੍ਹੇ ਬੰਦ ਕਵਾੜ । ਪ੍ਰਭ ਅਬਿਨਾਸ਼ੀ ਅਲਖ ਅਭੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਚੋਰਾਂ ਨਾਲ ਸ਼ਬਦ ਸਰੂਪੀ ਰਿਹਾ ਲੜ । ਸ਼ਬਦ ਡੋਰੀ ਹੱਥ ਰਖਾਈਆ । ਚੋਰੀ ਚੋਰੀ ਗੁਰਮੁਖ ਸਾਚੇ ਸੰਤ ਜਨਾਂ ਆਤਮ ਬੰਨ੍ਹ ਵਖਾਈਆ । ਕਲਜੁਗ ਰੈਣ ਅੰਧੇਰ ਘੋਰੀ, ਸਚ ਸੁਚ ਕਿਸੇ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇ ਮਤ ਲੋਕਮਾਤ ਰਿਹਾ ਸਮਝਾਈਆ ।



### ✻ ੫ ਪੋਹ ੨੦੧੧ ਬਿਕ੍ਰਮੀ ਮਹਾਰਾਜ ਸੰਗਰੂਰ ਨੂੰ ਸ਼ਬਦ ਭੇਜਿਆ ਗਿਆ ✻

ਭਗਤ ਵਛਲ ਗਿਰਧਾਰ ਰੂਪ ਅਪਾਰ ਹੈ । ਆਦਿ ਅੰਤ ਏਕਾ ਏਕ ਸੱਚੀ ਸਰਕਾਰ ਹੈ । ਜੁਗਾ ਜੁਗੰਤ ਭਗਤ ਅਧਾਰ, ਦੇਵੇ ਨਾਮ ਅਪਾਰ ਹੈ । ਪੂਰਬ ਕਰਮ ਰਿਹਾ ਵਿਚਾਰ, ਹਰਿ ਸਾਜਨ ਮੀਤ ਮੁਰਾਰ ਹੈ । ਲੱਖ ਚੁਰਾਸੀ ਆਰ ਪਾਰ, ਕਲਜੁਗ ਅੰਤਮ ਆਈ ਹਾਰ ਹੈ । ਪੰਚਮ ਪੋਹ ਰੱਖੇ ਨੀਂਹ ਸਚ ਦਰਬਾਰ, ਚਾਰ ਵਰਨਾਂ ਇਕ ਅਧਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਲਿਆ ਅਵਤਾਰ ਹੈ । ਲੋਕਮਾਤ ਹਰਿ ਜੋਤ ਜਗਾਈ । ਚਾਰ ਕੁੰਟ ਵੱਜੇ ਵਧਾਈ । ਗੁਰਮੁਖ ਸਾਚੇ ਸੰਤ ਜਨ, ਪ੍ਰਭ ਅਬਿਨਾਸ਼ੀ ਲਏ ਜਗਾਈ । ਸੋਹੰ ਦੇਵੇ ਨਾਮ ਧਨ, ਆਤਮ ਤ੍ਰਿਸ਼ਨਾ ਦਏ ਮਿਟਾਈ । ਭਾਂਡਾ ਭਰਮ ਹਰਿ ਦਏ ਭੰਨ, ਸੰਤ ਮਨੀ ਸਿੰਘ ਲਿਖਤ ਲਿਖਾਈ । ਕਲਜੁਗ ਜੀਵਾਂ ਦੇਵੇ ਡੰਨ, ਮਸਤੂਆਣੇ ਜੋਤ ਜਗਾਈ । ਸਾਚੀ ਜੋਤ ਜਗਾਏ ਤਨ, ਅੰਦਰ ਮੰਦਰ ਕਰੇ ਰੁਸ਼ਨਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਣੇ ਸੰਗਰੂਰ ਹਰਿ ਹਜ਼ੂਰ ਰਿਹਾ ਬਣਤ ਬਣਾਈ । ਰਾਣੇ ਸੰਗਰੂਰ ਉਠ ਕਰ ਧਿਆਨ । ਜੋਤ ਸਰੂਪੀ ਹਰਿ ਭਗਵਾਨ । ਸ਼ਬਦ ਸਰੂਪੀ ਇਕ ਬਿਬਾਣ । ਬਿਨ ਰੰਗ ਰੂਪੀ ਧਰਮ ਨਿਸ਼ਾਨ । ਸ੍ਰਿਸ਼ਟ ਸਬਾਈ ਅੰਧ ਕੂਪੀ, ਸਾਧ ਸੰਤ ਹੋਏ ਹੈਰਾਨ । ਪ੍ਰਗਟ ਹੋਇਆ ਸਤਿ ਸਰੂਪੀ, ਨਿਹਕਲੰਕ ਬਲੀ ਬਲਵਾਨ । ਦੋ ਜਹਾਨਾਂ ਵਡਾ ਸ਼ਾਹੋ ਭੂਪੀ, ਰਾਜ ਰਾਜਾਨਾਂ ਦੇਵੇ ਜੀਆ ਦਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

### ✻ ੫ ਪੋਹ ੨੦੧੧ ਬਿਕ੍ਰਮੀ ਮਹਾਰਾਜਾ ਪਟਿਆਲਾ ਨੂੰ ਸ਼ਬਦ ਲਿਖ ਕੇ ਭੇਜਿਆ ਗਿਆ ✻

ਰਾਜਨ ਰਾਜ, ਰਾਜ ਪ੍ਰਮੁੱਖ । ਪ੍ਰਭ ਅਬਿਨਾਸ਼ੀ ਸਾਜਨ ਸਾਜ, ਘਰ ਘਰ ਧੂੰਏਂ ਰਹੇ ਧੁਖ । ਪ੍ਰਗਟ ਹੋਏ ਦੇਸ ਮਾਝ, ਜਨ ਭਗਤਾਂ ਕਰਾਏ

ਉਜਲ ਮੁਖ । ਕਲਜੁਗ ਸਵਾਰੇ ਆਪੇ ਕਾਜ, ਸੁਫ਼ਲ ਕਰਾਏ ਧਰਤ ਮਾਤ ਕੁੱਖ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਗਰਭ ਨਾ ਹੋਏ ਉਲਟਾ ਰੁਖ । ਰਾਜ ਪ੍ਰਮੁੱਖ ਰਾਜ ਰਾਜਾਨੇ । ਆਤਮ ਤ੍ਰਿਸ਼ਨਾ ਸ੍ਰੀ ਭਗਵਾਨੇ । ਬਿਨ ਹਰਿ ਦਰਸ਼ਨ ਨਾ ਸਾਚਾ ਸੁਖ, ਮਿਲੇ ਮਾਣ ਨਾ ਵਿਚ ਜਹਾਨੇ । ਨਾ ਕੋਈ ਮਿਟਾਏ ਤ੍ਰਿਸ਼ਨਾ ਭੁੱਖ, ਦੇਵੇ ਮਾਲ ਧਨ ਨਾਮ ਨਿਧਾਨੇ । ਗੁਰਮੁਖ ਸਾਚੇ ਸੰਤ ਜਨ ਸੁੱਖਣਾ ਰਹੇ ਸੁੱਖ, ਮਿਲੇ ਮੇਲ ਅੰਤ ਭਗਵਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠੀ ਜਾਮਾ ਪਾਇਆ, ਗੁਰਮੁਖ ਸਾਚੇ ਸੰਤ ਜਨਾਂ, ਸ਼ਬਦੀ ਬੰਨ੍ਹੇ ਹੱਥੀਂ ਗਾਨੇ । ਨਿਹਕਲੰਕ ਨਰਾਇਣ ਨਰ ਨਿਰੰਕਾਰਿਆ । ਸ਼ਬਦ ਵਜਾਏ ਸਾਚਾ ਡੰਕ, ਸਾਚੀ ਜੋਤ ਕਰੇ ਉਜਿਆਰਿਆ । ਹਰਿਜਨ ਸੁਹੇਲੇ ਸਾਚੇ ਮੇਲੇ ਜੋਤ ਸਰੂਪੀ ਲਾਏ ਤਨਕ, ਖਿੱਚ ਲਿਆਏ ਚਰਨ ਦਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠੀ ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਕਲਜੁਗ ਜੀਵਾਂ ਦਿਸ ਨਾ ਆਇਆ, ਗੁਰ ਗੋਬਿੰਦ ਬਣਿਆ ਏਕ ਲਿਖਾਰਿਆ ।

### ❇ ੫ ਪੋਹ ੨੦੧੧ ਬਿਕ੍ਰਮੀ ਮਹਾਰਾਜ ਫਰੀਦਕੋਟ ਨੂੰ ਸ਼ਬਦ ਭੇਜਿਆ ਗਿਆ ❇

ਰਾਣੇ ਫਰੀਦਕੋਟ, ਉਠ ਉਠ ਜਾਗ । ਪ੍ਰਭ ਅਬਿਨਾਸ਼ੀ ਲਾਏ ਸ਼ਬਦ ਚੋਟ, ਅਗਲੇ ਪਿਛਲੇ ਧੋਏ ਦਾਗ਼ । ਕਲਜੁਗ ਮਾਇਆ ਮਮਤਾ ਕਢੇ ਖੋਟ, ਆਪਣੇ ਹੱਥ ਪਕੜੇ ਵਾਗ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਮਿਲਿਆ ਮੇਲ ਹਰਿ ਕੰਤ ਸੁਹਾਗ । ਰਾਜ ਰਾਜਾਨ ਝੂਠਾ ਤਾਜ । ਕਲਜੁਗ ਮੂਧਾ ਹੋਇਆ ਠੂਠਾ, ਚਾਰੋਂ ਕੁੰਟ ਪੈਣੀ ਭਾਜ । ਗੁਰਮੁਖਾਂ ਮਿਲੇ ਰਸ ਅਨੂਠਾ, ਪ੍ਰਭ ਅਬਿਨਾਸ਼ੀ ਰੱਖੇ ਲਾਜ । ਕਲਜੁਗ ਵੇਲੇ ਅੰਤਮ ਅੰਤ, ਦਰ ਘਰ ਸਾਚੇ ਕਿਉਂ ਬੈਠਾ ਰੂਠਾ, ਪ੍ਰਗਟ ਹੋਏ ਹਰਿ ਦੇਸ ਮਾਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਜਨ ਭਗਤਾਂ ਸਾਜਨਾ ਰਿਹਾ ਸਾਜ ।

### ❇ ੫ ਪੋਹ ੨੦੧੧ ਬਿਕ੍ਰਮੀ ਮਹਾਰਾਜ ਕਪੂਰਥਲਾ ਨੂੰ ਸ਼ਬਦ ਲਿਖ ਕੇ ਭੇਜਿਆ ਗਿਆ ❇

ਜਗਤ ਮਾਣ ਜੀਵ ਨਿਧਾਨਿਆ । ਭਗਤ ਭਗਵਾਨ, ਨਾ ਕਲ ਪਛਾਣਿਆ । ਦਰਗਾਹ ਸਾਚੀ ਦੇਵੇ ਮਾਣ, ਚੁਕਾਏ ਆਵਣ ਜਾਣਿਆ । ਸਚ ਝੁਲਾਏ ਇਕ ਨਿਸ਼ਾਨ, ਨਾ ਕੋਈ ਜਾਣੇ ਰਾਜ ਰਾਜਾਨਿਆ । ਜੀਵਾਂ ਜੰਤਾਂ ਦੇਵੇ ਪੀਣ ਖਾਣ, ਆਤਮ ਜੋਤ ਨੂਰ ਮਹਾਨਿਆ । ਸੰਤ ਮਨੀ ਸਿੰਘ ਲਾਇਆ ਬਾਣ, ਚਲਾਈ ਚੱਕੀ ਜੇਲ੍ਹ ਦਿਵਾਨਿਆ । ਅੰਤਮ ਵੇਲੇ ਆਈ ਹਾਨ, ਸਤਿ ਸਰੂਪੀ ਨਾ ਹਰਿ ਪਛਾਨਿਆ । ਕਵਣ ਚੁਕਾਏ ਜਮ ਕੀ ਕਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰੇ ਸ਼ਬਦ ਤੀਰ ਨਿਸ਼ਾਨਿਆ । ਸ਼ਬਦ ਤੀਰ ਹਰਿ ਚਲਾਏ । ਸੰਤ ਮਨੀ ਸਿੰਘ ਤੇਰੀ ਭੀੜ, ਅੰਤਮ ਕਲ ਆਪ ਕਟਾਏ । ਸਤਿਜੁਗ ਸਾਚੇ ਬੰਨ੍ਹੇ ਬੀੜ, ਰਾਜੇ ਰਾਣੇ ਲਏ ਉਠਾਏ । ਆਤਮ ਹੰਕਾਰੀ ਜਗਤ ਵਿਕਾਰੀ, ਸ਼ਬਦ ਵੇਲਣੇ ਰਿਹਾ ਪੀੜ, ਅੰਤਮ ਅੰਤ ਨਾ ਕੋਈ ਸਹਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪਣੀ ਗੋਦ ਆਪ ਉਠਾਏ ।

੬੯੧ ੦੪

✻ ੫ ਪੋਹ ੨੦੧੧ ਬਿਕ੍ਰਮੀ ਬਾਬਾ ਮਿਹਰ ਸਿੰਘ ਜੀ ਨੂੰ ਜਲੰਧਰ ਮਾਡਲ ਟਾਊਨ ਸ਼ਬਦ ਭੇਜਿਆ ਗਿਆ ✻

ਜੋਤੀ ਧੂੰਆਂ ਧੁਖੇ ਅੰਦਰ । ਕਾਇਆ ਡੂੰਘੀ ਵੇਖੇ ਕੰਦਰ । ਲੇਖੇ ਲਾਏ ਤਨ ਸਾਚਾ ਮੰਦਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਵੇਖੇ ਦਰ, ਚੌਦਾਂ ਚੇਤਰ ਸ਼ਹਿਰ ਜਲੰਧਰ । ਚੌਦਾਂ ਚੇਤ ਲੈਣਾ ਚਿਤ । ਪ੍ਰਭ ਅਬਿਨਾਸ਼ੀ ਵੇਖਣ ਆਏ, ਕਾਇਆ ਸੁਹਣਾ ਸੁੱਚਾ ਖੇਤ । ਨੈਣ ਲੋਚਣ ਪੇਖਣ ਆਏ, ਮਾਇਆਧਾਰੀ ਜਿੰਨ ਪ੍ਰੇਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲਜੁਗ ਅੰਤਮ ਕਰ ਕਰ ਭੇਖ । ਸ਼ਹਿਰ ਜਲੰਧਰ ਗੁਰ ਗੁਰ ਲਾਲ । ਜੋਤ ਨਿਰਾਲੀ ਅੰਦਰੇ ਅੰਦਰ, ਡਗਮਗਾਏ ਬੇਮਿਸਾਲ । ਚਾਰੋਂ ਕੁੰਟ ਮਦਿਰਾ ਮਾਸੀ ਭੌਂਦੇ ਬੰਦਰ, ਕਲਜੁਗ ਅਵੱਲੜੀ ਚਲੇ ਚਾਲ । ਕੋਈ ਨਾ ਤੋੜੇ ਆਤਮ ਜੰਦਰ, ਫਲ ਨਾ ਦਿਸੇ ਕਿਸੇ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਲੱਖ ਚੁਰਾਸੀ ਵਿਚੋਂ ਲਏ ਭਾਲ । ਸੰਤ ਪਿਆਰੇ ਹਰਿਜਨ ਮੀਤ । ਪ੍ਰਭ ਅਬਿਨਾਸ਼ੀ ਵੇਖ ਵਖਾਣੇ, ਏਕਾ ਜਾਣੇ ਸਚ ਪ੍ਰੀਤ । ਗੁਰਦਵਾਰਾ ਮੰਦਰ ਨਾ ਕਿਸੇ ਟਿਕਾਣਾ, ਵਸੇ ਰਸੇ ਨਾ ਕਿਸੇ ਮਸੀਤ । ਜੋਤੀ ਨੂਰ ਸ਼ਬਦ ਬਿਬਾਣਾ, ਸਾਚੇ ਕੁੰਟਾਂ ਰਿਹਾ ਜੀਤ । ਗੁਰਮੁਖਾਂ ਦੇਵੇ ਨਾਮ ਨਿਧਾਨਾ, ਸੋਹੰ ਸ਼ਬਦ ਸੁਹਾਗੀ ਗੀਤ । ਜੋਤ ਸਰੂਪੀ ਪਹਿਰੇ ਬਾਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੱਠੇ ਪਹਿਰ ਪਰਖੇ ਨੀਤ । ਪੰਚਮ ਪੋਹ, ਪਰਮ ਪੁਰਖ ਪ੍ਰਧਾਨ । ਸਾਧਾਂ ਸੰਤਾਂ ਆਤਮ ਸ਼ਕਤੀ ਖੋਹ, ਖਾਲੀ ਕਰੇ ਵਿਚ ਜਹਾਨ । ਜਗਤ ਨਾਤਾ ਤੁੱਟੇ ਮੋਹ, ਕਾਇਆ ਮੰਡਪ ਹੋਏ ਵੈਰਾਨ । ਆਤਮ ਦਰ ਰਹੇ ਰੋ, ਨਾ ਮਿਲੇ ਮੇਲ ਭਗਵਾਨ । ਸ਼ਬਦ ਬੀਜ ਪ੍ਰਭ ਰਿਹਾ ਬੋ, ਗੁਰਮੁਖਾਂ ਫਲ ਲੱਗੇ ਸਾਚੇ ਡਾਹਣ । ਕਲਜੁਗ ਅੰਤਮ ਨਾ ਜਾਣੇ ਕੋ, ਪੜ੍ਹ ਪੜ੍ਹ ਥੱਕੇ ਵੇਦ ਪੁਰਾਨ । ਵੇਦ ਪੁਰਾਨ ਸਾਰ ਨਾ ਜਾਣਿਆ । ਅੰਜ਼ੀਲ ਕੁਰਾਨ ਹਰਿ ਰੰਗ ਨਾ ਮਾਣਿਆ । ਉਠਿਆ ਸ਼ਬਦ ਜਵਾਨ, ਵਿਚ ਜਹਾਨ ਵਡ ਬਲਵਾਨਿਆ । ਪੁਰਖ ਅਬਿਨਾਸ਼ੀ ਰਸਨਾ ਖਿੱਚੇ ਇਕ ਕਮਾਨ, ਚਲੇ ਤੀਰ ਗੁਣ ਨਿਧਾਨਿਆ । ਫੜ ਫੜ ਉਠਾਏ ਰਾਜ ਰਾਜਾਨ ਸ਼ਾਹ ਸੁਲਤਾਨ, ਇਕ ਰਖਾਏ ਆਨਿਆ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗੀ ਜੋਤ ਇਕ ਮਹਾਨਿਆ ।

✻ ੫ ਪੋਹ ੨੦੧੧ ਬਿਕ੍ਰਮੀ ਸੰਤ ਲਾਭ ਸਿੰਘ ਸੈਦਪੁਰ ਨੂੰ ਸ਼ਬਦ ਭੇਜਿਆ ਗਿਆ ✻

ਲਾਭ ਸਿੰਘ ਪ੍ਰਭ ਲੈਣਾ ਲੱਭ । ਘਰ ਬੈਠਿਆਂ ਨਾ ਲਏ ਦੱਬ । ਪ੍ਰਗਟ ਹੋਇਆ ਮਾਝੇ ਦੇਸ, ਕਰ ਨਾਲ ਵੇਸ ਝੱਬ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਉਲਟੀ ਸਿੱਧੀ ਕਵਲ ਨਭ । ਕਵਣ ਬਿਧ ਨਭ ਉਲਟਾਏ । ਕਵਣ ਰਿਧ ਕਵਣ ਸਿਧ, ਤੀਜੇ ਘਰ ਸ਼ਿੰਗਾਰ ਲਗਾਏ । ਕਵਣ ਕਰੇ ਕਾਰਜ ਸਿਧ, ਚੌਥਾ ਦਰ ਚੌਥਾ ਪਦ ਘਰ ਸਦ ਆਤਮ ਦਰ ਦਏ ਖੁਲ੍ਹਾਏ । ਕਿੱਥੇ ਵਜੇ ਸਾਚਾ ਨਦ, ਧੁਨ ਅਨਹਦ ਕਿਸ ਧਾਮ ਸੁਣਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਇਕ ਸਮਾਧ ਸੁੰਨ ਲਗਾਏ । ਸੁੰਨ ਸਮਾਧੀ ਲਏ ਲਗਾ । ਸਾਧ ਸੰਤ ਲਏ ਬਹਾ । ਪੰਜ ਦਿਨ ਖ਼ੁਸ਼ੀ ਮਨਾ । ਪੰਜਾਂ ਚੋਰਾਂ ਡੋਰੀ ਪਾ । ਦਰ ਦਵਾਰ ਦਏ ਸੁਹਾ । ਖਾਣਾ ਪੀਣਾ ਦਏ ਛੁਡਾ ।

ਬੇਮੁਹਾਣਾ ਖੇਲ ਰਚਾ । ਵਡ ਜਰਵਾਣਾ ਭੇਖ ਵਟਾ । ਸੰਤ ਸੁਹੇਲੇ ਅੰਦਰ ਬਹਾ । ਬਾਹਰੋਂ ਕੁੰਡਾ ਦੇਵੇ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਗਤ ਪਖੰਡਾ ਦਏ ਮਿਟਾ ।



### ❇ ੫ ਪੋਹ ੨੦੧੧ ਬਿਕ੍ਰਮੀ ਸ੍ਰ: ਗੁਰਬਖ਼ਸ਼ ਸਿੰਘ ਅਡੀਟਰ ਪ੍ਰੀਤ ਲੜੀ ਨੂੰ ਸ਼ਬਦ ਭੇਜਿਆ ਗਿਆ ❇

ਚਾਰ ਵਰਨਾਂ ਸੱਚੇ ਯਾਰ । ਲੋਕਮਾਤ ਰਹਿਣਾ ਖ਼ਬਰਦਾਰ । ਕਲਜੁਗ ਮਿਲਿਆ ਅੰਤਮ ਗਹਿਣਾ, ਜੀਆਂ ਜੰਤਾਂ ਆਤਮ ਕਰੇ ਇਕ ਸ਼ਿੰਗਾਰ । ਜਗਤ ਤਮਾਸ਼ਾ ਵੇਖੇ ਨੈਣਾਂ, ਆਤਮ ਭਰਿਆ ਵਡ ਹੰਕਾਰ । ਪ੍ਰਭ ਕਾ ਭਾਣਾ ਸਹਿਣਾ ਪੈਣਾ, ਨਾ ਕੋਈ ਜਾਣੇ ਜੀਵ ਗਵਾਰ । ਆਪ ਚੁਕਾਏ ਲਹਿਣਾ ਦੇਣਾ, ਮੀਤ ਬਣਾਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਅਵਤਾਰ । ਜਗਤ ਰੀਤ ਇਕ ਚਲਾਈ । ਮਾਨਸ ਦੇਹੀ ਸਚ ਮਸੀਤ, ਮੰਦਰ ਗੁਰੂਦਵਾਰਾ ਧਾਮ ਸੁਹਾਈ । ਸੁਰਤੀ ਬੁੱਧ ਜੋਤੀ ਅੰਦਰ ਆਦਿ ਅੰਤ ਇਕ ਟਿਕਾਈ । ਜੋਤੀ ਜੋਤ ਸਰੂਪ ਹਰਿ, ਕਾਇਆ ਕਾਅਬਾ ਜਗਤ ਦੋਆਬਾ, ਵਾਹ ਵਾਹ ਸੋਹਣੀ ਬਣਤ ਬਣਾਈ । ਬਣਾਏ ਬਣਤ ਹਰਿ ਬਨਵਾਲੀ । ਕੋਈ ਨਾ ਮੰਗੇ ਵਿਚ ਦਲਾਲੀ । ਲੋਕਮਾਤ ਪੁਰਖ ਬਿਧਾਤ, ਆਵੇ ਜਾਵੇ ਦੋਹਾਂ ਹੱਥਾਂ ਖਾਲੀ । ਜਨ ਭਗਤਾਂ ਦੇਵੇ ਸ਼ਬਦ ਦਾਤ, ਚਲੇ ਚਾਲ ਜਗਤ ਨਿਰਾਲੀ । ਕਲਜੁਗ ਮਿਟਾਏ ਅੰਧੇਰੀ ਰਾਤ, ਗਊ ਗਰੀਬ ਨਿਮਾਣਿਆਂ ਪ੍ਰਭ ਬਣੇ ਪਾਲੀ । ਇਕ ਬੰਧਾਏ ਚਰਨ ਨਾਤ, ਹਰਿ ਦਰ ਚਰਨ ਸੁਹੇਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬੂੰਦ ਪਿਆਏ ਸਵਾਂਤ । ਚਾਰ ਵਰਨਾਂ ਇਕ ਪਿਆਰਾ । ਚਾਰ ਵਰਨਾਂ ਏਕਾ ਧਾਰਾ । ਚਾਰ ਵਰਨਾਂ ਏਕਾ ਰੰਗ ਏਕਾ ਸੰਗ, ਏਕਾ ਮੰਗ ਪ੍ਰਭ ਸਚ ਦਵਾਰਾ । ਚਾਰ ਵਰਨਾਂ ਕਟੇ ਭੁੱਖ ਨੰਗ, ਆਤਮ ਭਰੇ ਤਨ ਭੰਡਾਰਾ । ਚਾਰ ਵਰਨਾਂ ਹੋਏ ਸਹਾਈ ਅੰਗ ਸੰਗ, ਪਰਮ ਪੁਰਖੋਤਮ ਨਿਹਕਲੰਕ ਨਰਾਇਣ ਨਰ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਆਦਿ ਅੰਤ ਦੇਵੇ ਮਾਤ ਦਾਤ ਇਕ ਭੰਡਾਰਾ । ਸਚ ਭੰਡਾਰਾ ਦੇਵੇ ਵੰਡ । ਗਊ ਗਰੀਬ ਨਿਮਾਣਿਆਂ, ਪ੍ਰਭ ਆਤਮ ਪਾਏ ਠੰਡ । ਵਡ ਸ਼ਾਹ ਰਾਜ ਰਾਜਾਨਿਆਂ, ਅੰਤਮ ਨੰਗੀ ਹੋਈ ਕੰਡ । ਵੱਜੇ ਸ਼ਬਦ ਤੀਰ ਸਾਚਾ ਬਾਣਿਆ, ਜੋਤ ਸਰੂਪੀ ਦੇਵੇ ਸੱਚਾ ਦੰਡ । ਹਰਿਜਨ ਚਲੇ ਪ੍ਰਭ ਕੇ ਭਾਣਿਆ, ਆਤਮ ਸਦਾ ਸੁਹਾਗਣ ਨਾ ਹੋਏ ਰੰਡ । ਕਲਜੁਗ ਜੀਵ ਭੁੰਨੇ ਜਿਉਂ ਭਠਿਆਲੇ ਦਾਣਿਆਂ, ਸੱਤ ਦੀਪ ਨੌਂ ਖੰਡ ਚਾਰ ਕੁੰਟਾਂ ਪਾਏ ਵੰਡ । ਪ੍ਰਭ ਕਾ ਭਾਣਾ ਵਿਰਲੇ ਗੁਰਮੁਖ ਜਾਣਿਆ, ਜਗਤ ਭਰਿਆ ਤਨ ਘਮੰਡ । ਦਰ ਆਇਆ ਨਾ ਕਿਸੇ ਪਛਾਣਿਆ, ਮਾਨਸ ਦੇਹੀ ਗਈ ਹੰਢ । ਜੋਤੀ ਜੋਤ ਸਰੂਪ ਹਰਿ, ਜੀਆਂ ਜੰਤਾਂ ਬੇਮੁਹਾਣਿਆਂ ਜਗਤ ਨਿਮਾਣਿਆਂ, ਸਿਰ ਆਪਣੇ ਚੁੱਕੇ ਦੁੱਖਾਂ ਪੰਡ । ਪੰਚਮ ਹਾੜ ਸ਼ਬਦ ਉਡਾਰ । ਪ੍ਰੀਤ ਨਗਰ ਆਇਆ ਕਰ ਵਿਚਾਰ । ਵੇਖ ਵਖਾਣੇ ਕਾਇਆ ਗਾਗਰ, ਏਕਾ ਭਰਿਆ ਜਗਤ ਹੰਕਾਰ । ਗੁਰਮੁਖ ਵਿਰਲੇ ਕਰਮ ਉਜਾਗਰ, ਪਰਮ ਪੁਰਖ ਦੀ ਪਾਏ ਸਾਰ । ਏਕਾ ਬਣਨਾ ਸ਼ਬਦ ਸੁਦਾਗਰ, ਸੋਹੰ ਸ਼ਬਦ ਵਸਤ ਅਪਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤੀ ਭਗਤ ਉਧਾਰ ।

੬੯੩
੦੪

✻ ੮ ਪੋਹ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ✻

ਪ੍ਰਭ ਅਬਿਨਾਸ਼ੀ ਰਚਨ ਰਚਾਈ ਜਾਵੇ । ਗੁਰੂਆਂ ਪੀਰਾਂ ਸਾਧਾਂ ਸੰਤਾਂ ਕਲਜੁਗ ਜੀਵਾਂ, ਬਾਹੋਂ ਪਕੜ ਉਠਾਈ ਜਾਵੇ । ਕਲਜੁਗ ਜੀਵਾਂ ਹੋ
ਹੋ ਨੀਵਾਂ, ਦੇ ਮਤ ਆਪ ਸਮਝਾਈ ਜਾਵੇ । ਸਾਢੇ ਤਿੰਨ ਹੱਥ ਅੰਤਮ ਆਵੇ ਸੀਵਾਂ, ਮਾਤ ਪਿਤ ਭਾਈ ਭੈਣ ਨਾ ਨਾਲ ਕੋਈ ਜਾਵੇ । ਗੁਰਮੁਖਾਂ
ਬਣਤ ਬਣਾਏ ਲੋਕਮਾਤ ਰਖਾਏ ਨੀਹਾਂ, ਸਚ ਮਹੱਲ ਇਕ ਚੁਣਾਈ ਜਾਵੇ । ਜਨ ਭਗਤ ਦੁਲਾਰੇ ਆਪ ਬਣਾਏ ਪੁੱਤਰ ਧੀਆਂ, ਅੰਮ੍ਰਿਤ ਫਲ ਅੰਤਮ
ਕਲ ਖਵਾਈ ਜਾਵੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਬਣਤ ਬਣਾਈ ਜਾਵੇ । ਹਰਿ
ਸਾਚੀ ਬਣਤ ਬਣਾਇੰਦਾ । ਮਹਿੰਮਾ ਅਗਣਤ ਨਾ ਕੋਈ ਗਿਣਾਇੰਦਾ । ਸਾਧ ਸੰਤ ਸੋਏ ਮੋਏ ਮਾਤ ਉਠਾਇੰਦਾ । ਸ਼ਬਦ ਸਰੂਪੀ ਮੁਖੜਾ ਧੋਵੇ,
ਅੰਮ੍ਰਿਤ ਜਲ ਇਕ ਰਖਾਇੰਦਾ । ਏਕਾ ਬੂੰਦ ਸਵਾਂਤੀ ਚੋਏ, ਕਵਲ ਨਾਭ ਖੁਲ੍ਹਾਇੰਦਾ । ਜੋਤ ਪ੍ਰਕਾਸ਼ ਸਾਚੀ ਹੋਏ, ਅੰਧ ਅੰਧੇਰ ਮਿਟਾਇੰਦਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਰਾਜੇ ਰਾਣੇ ਸ਼ਾਹ ਸੁਲਤਾਨੇ ਸ਼ਬਦ ਭਾਣੇ ਆਪੇ ਹਰਿ ਰਖਾਇੰਦਾ । ਸ਼ਬਦ
ਭਾਣਾ ਹਰਿ ਰਖਾਇਆ । ਕਾਲਾ ਬਾਣਾ ਤਨ ਛੁਹਾਇਆ । ਪੰਚਮ ਪੋਹ ਮਾਤ ਵਡਿਆਇਆ । ਤਖ਼ਤ ਤਾਜ ਨਾ ਰਹਿਣੇ ਕੋ, ਨਿਹਕਲੰਕ ਕਲ
ਜਾਮਾ ਪਾਇਆ । ਸਚ ਸਿੰਘਾਸਣ ਗੁਰ ਪੂਰੇ ਅੱਗੇ ਲੈਣਾ ਹੋ, ਰਾਜ ਰਾਜਾਨਾਂ ਸਰਨੀ ਲਏ ਲਗਾਇਆ । ਏਕਾ ਜੋਤ ਜਗਾਏ ਤ੍ਰੈ ਲੋਅ, ਸੋਹੰ
ਸਾਚਾ ਡੰਕ ਵਜਾਇਆ । ਗੁਰੂਆਂ ਪੀਰਾਂ ਸਾਧਾਂ ਸੰਤਾਂ ਆਤਮ ਸ਼ਕਤੀ ਲਏ ਖੋਹ, ਛੱਬੀ ਪੋਹ ਬਣਤ ਬਣਾਇਆ । ਗੁਰਮੁਖਾਂ ਆਤਮ ਸੋਹੰ ਸ਼ਬਦ

ਰਿਹਾ ਬੋ, ਹਾਲੀ ਪਾਲੀ ਹਰਿ ਰਖਵਾਲੀ ਸਾਚਾ ਹਲ ਜਵਾਇਆ । ਏਕਾ ਜੋਤ ਨੂਰ ਅਕਾਲੀ । ਕਲਜੁਗ ਮਿਟਾਏ ਘਟਾ ਕਾਲੀ, ਗੁਰਮੁਖ ਸਾਚੇ
ਮਾਰਨ ਛਾਲੀ, ਵਾਲੀ ਹਿੰਦ ਵਡ ਮਰਗਿੰਦ ਨਿਹਕਲੰਕ ਨਰਾਇਣ ਨਰ, ਲੋਕਮਾਤ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ
ਮਾਤ ਵਡਿਆਈ, ਗੁਰਮੁਖ ਸਾਚਾ ਸੰਤ ਪਿਆਰਾ, ਦੂਜੀ ਵਾਰਾ ਭਗਤ ਸੁਦਾਮਾ ਸੰਗ ਰਲਾਈ । ਇਕ ਦਰ ਦਰਬਾਰ ਰਖਾਉਣਾ । ਸਤਿਗੁਰ
ਪੂਰੇ ਸਾਚੀ ਕਾਰ, ਜਗਤ ਵਿਹਾਰਾ ਇਕ ਕਰਾਉਣਾ । ਸ੍ਰਿਸ਼ਟ ਸਬਾਈ ਇਕ ਭਤਾਰ, ਲੱਖ ਚੁਰਾਸੀ ਪੈਣੀ ਮਾਰ, ਘਰ ਘਰ ਦਰ ਦਰ ਨਰ
ਨਾਰ, ਕੰਤ ਸੁਹਾਗੀ ਗੁਰਮੁਖ ਸਾਚੇ ਵਿਚ ਮਾਤ ਹੰਢਾਉਣਾ । ਵਿਰਲੇ ਗੁਰਮੁਖ ਕਿਸਮਤ ਜਾਗੀ, ਪ੍ਰਭ ਅਬਿਨਾਸ਼ੀ ਮਿਲਿਆ ਭਾਗੀ, ਧੋਣ ਆਇਆ
ਪਿਛਲੇ ਦਾਗ਼ੀ, ਇਕ ਸੁਣਾਇਆ ਸਾਚਾ ਰਾਗੀ, ਆਤਮ ਰੰਗਣ ਇਕ ਚੜ੍ਹਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ
ਜਨਾਂ ਇਕ ਦਵਾਰਾ ਵਿਚ ਸੰਸਾਰਾ, ਪਹਿਲੀ ਵਾਰਾ ਜੋਤ ਅਧਾਰਾ, ਦੋਵੇਂ ਹੱਥ ਖਾਲੀ ਰਖਾਉਣਾ । ਹੱਥ ਖਾਲੀ ਭਗਤ ਦਲਾਲ ਹੈ । ਦੋ ਜਹਾਨਾਂ
ਸਾਚਾ ਵਾਲੀ, ਚਲੇ ਮਾਤ ਅਵਲੜੀ ਚਾਲ ਹੈ । ਗੁਰਮੁਖ ਆਤਮ ਭੋਲੀ ਭਾਲੀ, ਧਰਤ ਮਾਤ ਤੇਰਾ ਅਨਮੁੱਲੜਾ ਲਾਲ ਹੈ । ਪ੍ਰਭ ਸ਼ਬਦ ਬਣਾਏ
ਸਾਚੀ ਡੋਲੀ, ਅੰਤਮ ਲਏ ਆਪ ਉਠਾਲ ਹੈ । ਦਰ ਘਰ ਸਾਚੇ ਇਕ ਬਣਾਏ ਸਾਚੀ ਗੋਲੀ, ਤਨ ਸੁਹਾਏ ਸ਼ਬਦ ਚੋਲੀ, ਆਤਮ ਪੜਦੇ ਰਿਹਾ
ਖੋਲ੍ਹੀ, ਨੂਰ ਇਕ ਜਲਾਲ ਹੈ । ਚਰਨ ਪ੍ਰੀਤੀ ਸਾਚੀ ਘੋਲੀ, ਮਿਲੀ ਵਸਤ ਨਾਮ ਅਨਮੋਲੀ, ਪੂਰੇ ਤੋਲ ਹਰਿ ਰਿਹਾ ਤੋਲੀ, ਕਲਜੁਗ ਤੇਰੀ ਅੰਤਮ
ਵਾਰ ਹੈ । ਜਨ ਭਗਤਾਂ ਆਤਮ ਪੜਦੇ ਰਿਹਾ ਖੋਲ੍ਹੀ, ਲੱਖ ਚੁਰਾਸੀ ਅੰਤਮ ਵੇਲੇ ਇਕ ਖਿਡਾਏ ਸ਼ਬਦ ਹੋਲੀ, ਫੜੀ ਹੱਥ ਸੱਚੀ ਕਟਾਰ ਹੈ ।

੬੯੫
੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਹਰਿ ਭਗਤ ਟੇਕ, ਸੱਚਾ ਸਚ ਸੱਚੀ ਸਰਕਾਰ ਹੈ । ਮਾਤ ਸਿੰਘਾਸਣ ਹਰਿ ਬਣਾਇਆ । ਸ਼ਬਦ ਆਸਣ ਇਕ ਲਗਾਇਆ । ਸ੍ਰਿਸ਼ਟ ਸਬਾਈ ਜੋਤ ਪ੍ਰਕਾਸ਼ਣ, ਗੁਰਮੁਖਾਂ ਨਿਜ ਘਰ ਵਾਸ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਸ਼ਟਮ ਪੋਹ ਲੇਖਾ ਰਿਹਾ ਲਿਖਾਇਆ । ਅਸ਼ਟਮ ਪੋਹ ਖੇਲ ਅਪਾਰ । ਭੇਖਾਧਾਰੀ ਵਿਚ ਸੰਸਾਰ । ਸ੍ਰਿਸ਼ਟ ਸਬਾਈ ਵੇਖ ਵਿਚਾਰੇ, ਕਲਜੁਗ ਤੇਰੀ ਅੰਤਮ ਵਾਰ । ਲੱਖ ਚੁਰਾਸੀ ਚਾਰੋਂ ਕੁੰਟ ਹਾਰੀ, ਜੀਵ ਜੰਤ ਹੋਏ ਗਵਾਰ । ਧਰਤ ਮਾਤ ਹੋਈ ਖੁਆਰੀ, ਪ੍ਰਭ ਦਰ ਆਈ ਧਾਹ ਮਾਰ । ਵਧਦੀ ਜਾਏ ਚਾਰ ਯਾਰੀ, ਕਾਮੀ ਕਰੋਧੀ ਮੁਗਧ ਨਰ ਨਾਰ । ਕਲਜੁਗ ਹੋਈ ਰੈਣ ਅੰਧਿਆਰੀ, ਕੋਈ ਨਾ ਪਾਵੇ ਤੇਰੀ ਸਾਰ । ਰਾਜੇ ਰਾਣੇ ਸੁੱਤੇ ਪੈਰ ਪਸਾਰੀ, ਮਾਇਆਧਾਰੀ ਬੇਮੁਹਾਰ । ਗਊ ਗਰੀਬ ਨਿਮਾਣਿਆਂ ਦੁੱਖ ਲੱਗਾ ਭਾਰੀ, ਅੱਠੇ ਪਹਿਰ ਰੋਣ ਧਾਹਾਂ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਸੁਣ ਸੱਚੀ ਇਕ ਪੁਕਾਰ । ਕਰੀ ਪੁਕਾਰ ਸੁਣ ਦਰ ਤੇਰੇ । ਪ੍ਰਭ ਬਖ਼ਸ਼ੀਂ ਅਵਗੁਣ ਮੇਰੇ । ਕਲਜੁਗ ਕਰੀਂ ਅੰਤ ਨਿਬੇੜੇ । ਘਰ ਘਰ ਵਧਦੇ ਗਏ ਝੇੜੇ । ਧਰਤ ਮਾਤ ਕਰੇ ਪੁਕਾਰ, ਰੋਵੇ ਧਾਹਾਂ ਮਾਰ ਸੁਣ ਦਾਤਾਰ, ਝੂਠੇ ਦਿਸਣ ਨਗਰ ਖੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੰਤਮ ਬੰਨ੍ਹੇ ਬੇੜੇ । ਧਰਤ ਮਾਤ ਦਏ ਦੁਹਾਈਆ । ਰੱਖੇ ਖੁਲ੍ਹੜੇ ਕੇਸ, ਵੇਸ ਦਰਵੇਸ ਸੁਣ ਸਾਚੇ ਮੇਰੇ ਮਾਹੀਆ । ਭੁੱਲੇ ਕਲਜੁਗ ਨਰ ਨਰੇਸ਼, ਸਾਰ ਕਿਸੇ ਨਾ ਪਾਈਆ । ਕਲਜੁਗ ਝੂਠਾ ਵਧਿਆ ਭੇਖ, ਸਾਚੀ ਜੋਤ ਨਾ ਕੋਈ ਜਗਾਈਆ । ਕਵਣ ਮਿਟਾਏ ਬਿਧਨਾ ਲਿਖੀ ਰੇਖ, ਧਰਤ ਮਾਤ ਅੰਤ ਕੁਰਲਾਈਆ । ਜੂਠੇ ਝੂਠੇ ਔਲੀਏ ਪੀਰ ਸ਼ੇਖ਼, ਸਚ ਕੁਰਾਨ ਨਾ ਕਿਸੇ ਫੜਾਈਆ । ਚਾਰੋਂ ਕੁੰਟ ਘਰ ਘਰ ਬੈਠੀ ਰਹੀ ਵੇਖ, ਮੇਰੀ ਪਤ ਨਾ ਕਿਸੇ ਰਖਾਈਆ । ਇਕ ਦਰ ਦਵਾਰਾ ਹਰਿ ਦਾਤਾਰਾ ਤੇਰਾ ਲਿਆ ਵੇਖ, ਮੰਗਣ ਆਈ ਬਣ ਸ਼ੁਦਾਈਆ । ਕਲਜੁਗ ਜੂਠੀ ਝੂਠੀ ਰੇਖ, ਆਪਣੇ ਹੱਥੀਂ ਦਏ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰ ਏਕ ਮਿਲੇ ਸਾਚਾ ਵਰ, ਦਰ ਦਰ ਦਏ ਦੁਹਾਈਆ । ਰੋ ਰੋ ਮਾਤ ਪੁਕਾਰਦੀ । ਪ੍ਰਭ ਅਬਿਨਾਸ਼ੀ ਵਾਜਾਂ ਮਾਰਦੀ । ਦਿਵਸ ਰੈਣ ਸੰਤ ਚਿਤਾਰਦੀ । ਵੇਖੇ ਖੇਲ ਸੱਚੀ ਸਰਕਾਰ ਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਦੀ ਨੂਹ ਏਕਾ ਮਿਲੇ ਖ਼ੁਦੀ ਖ਼ੁਦਾਈ ਸੱਚੇ ਪ੍ਰਵਰਦਿਗਾਰ ਦੀ । ਪ੍ਰਵਰਦਿਗਾਰ ਪ੍ਰਵਰਦਿਗਾਰ, ਚਾਰ ਯਾਰਾਂ ਸੰਗ ਕਰ ਪਿਆਰ । ਮੁਹੰਮਦ ਬੱਧਾ ਸਿਰ ਭਾਰ । ਕਲਜੁਗ ਅੰਤਮ ਹੋ ਤਿਆਰ । ਧਰਤ ਮਾਤ ਅੰਤਮ ਵਾਰ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਲੋਕਮਾਤ ਆਇਆ ਜਾਮਾ ਧਾਰ । ਕਰੇ ਖੇਲ ਅਪਰ ਅਪਾਰ । ਫੜੇ ਸ਼ਬਦ ਖੰਡਾ ਹੱਥ ਕਟਾਰ । ਮਾਰੀ ਜਾਏ ਵਾਰ ਵਾਰ । ਰਹਿਣ ਨਾ ਦੇਵੇ ਕੋਈ ਹੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣਾ ਖੇਲ ਆਪੇ ਕਰੇ, ਲੋਕਮਾਤ ਜੋਤ ਧਰੇ, ਰੂਪ ਰੰਗ ਨਾ ਕਿਸੇ ਵਿਚਾਰ । ਪ੍ਰਭ ਸਾਚੀ ਬਣਤ ਬਣਾਈਆ । ਮਹਿੰਮਾ ਅਗਣਤ ਗਣੀ ਨਾ ਜਾਈਆ । ਜੀਵ ਜੰਤ ਸਾਧ ਸੰਤ ਰਿਹਾ ਭੁਲਾਈਆ । ਗੁਰ ਪੂਰਾ ਗੁਰੂਆਂ ਪੀਰਾਂ ਰਿਹਾ ਉਠਾਈਆ । ਸ਼ਬਦ ਚਲਾਏ ਸਾਚਾ ਤੀਰਾ, ਏਕਾ ਰਸਨ ਕਮਾਨ ਉਠਾਈਆ । ਸੰਤ ਮਨੀ ਸਿੰਘ ਸਿਰ ਬੰਨ੍ਹੀ ਚੀਰਾ, ਜੋਤੀ ਹੀਰਾ ਮਸਤਕ ਇਕ ਟਿਕਾਈਆ । ਏਕਾ ਦੇਵੇ ਸ਼ਬਦ ਧੀਰਾ, ਦੂਈ ਦਵੈਤੀ ਭੇਵ ਚੁਕਾਈਆ । ਕਲਜੁਗ ਹੋਏ ਅੰਤ ਅਖੀਰਾ, ਪ੍ਰਭ ਸਾਚਾ

ਲੇਖ ਰਿਹਾ ਲਿਖਾਈਆ । ਗੁਰਮੁਖਾਂ ਪਿਆਏ ਅੰਮ੍ਰਿਤ ਸਾਚਾ ਸੀਰਾ, ਆਤਮ ਤ੍ਰਿਸ਼ਨਾ ਦਏ ਬੁਝਾਈਆ । ਕੋਈ ਨਾ ਕਟੇ ਕਿਸੇ ਦੀ ਭੀੜਾ, ਪ੍ਰਭ ਸਾਚਾ ਡੰਨ ਲਗਾਈਆ । ਆਪ ਉਠਾਏ ਸੱਚਾ ਬੀੜਾ, ਕਲਜੁਗ ਬੇੜਾ ਅੰਤ ਡੁਬਾਈਆ । ਲੱਖ ਚੁਰਾਸੀ ਭੇੜ ਭੇੜਾ, ਨਾ ਕਿਸੇ ਕੋਈ ਛੁਡਾਈਆ । ਨਾ ਕੋਈ ਵਸੇ ਨਗਰ ਖੇੜਾ, ਤੁੱਟੇ ਨਾਤਾ ਭੈਣ ਭਾਈਆ । ਆਪੇ ਦੇਵੇ ਇਕੋ ਗੇੜਾ, ਧਰਤ ਮਾਤ ਸੋਹਣੀ ਸੇਜਾ ਇਕ ਵਿਛਾਈਆ । ਗੁਰਮੁਖਾਂ ਬੰਨ੍ਹੇ ਹਰਿ ਜੀ ਬੇੜਾ, ਖੁਲ੍ਹੜੇ ਕੇਸ ਦਰ ਦਰਵੇਸ਼, ਕਾਲਾ ਭੇਸ ਮਾਝੇ ਦੇਸ ਕਰਾਈਆ । ਕਿਸੇ ਨਾ ਚਲੇ ਕੋਈ ਪੇਸ਼, ਸ਼ਬਦ ਡੰਡਾ ਇਕ ਰਖਾਈਆ । ਸਮਰਥ ਪੁਰਖ ਕੋ ਸਦਾ ਆਦੇਸ, ਗੁਰਮੁਖ ਸਾਚੇ ਵਿਚ ਪ੍ਰਵੇਸ਼, ਜੋਤੀ ਖੇਲ ਰਚਾਈਆ । ਏਕਾ ਧਾਰੇ ਆਪਣਾ ਭੇਸ, ਜੁਗਾ ਜੁਗੰਤ ਅਵੱਲੜਾ ਵੇਸ, ਨਾ ਕਿਸੇ ਬੂਝੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅਸ਼ਟਮ ਪੋਹ ਆਪ ਤੁੜਾਏ ਜਗਤ ਜੰਜ਼ਾਲਾ ਝੂਠਾ ਮੋਹ, ਗੁਰਮੁਖਾਂ ਚਰਨ ਪ੍ਰੀਤੀ ਇਕ ਬੰਧਾਈਆ । ਸਾਚੀ ਚਾਲ ਹਰਿ ਨਿਰੰਕਾਰੇ । ਕਾਲਾ ਵੇਸ ਕਲਜੁਗ ਕਲ ਧਾਰੇ । ਦਰ ਪਕੜ ਲਿਆਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਵੇਦ ਪੁਰਾਨਾਂ ਪਾਵੇ ਸਾਰੇ । ਆਪੇ ਵੇਖੇ ਚੌਦਾਂ ਲੋਕ ਤਿੰਨ ਦੇਸ, ਚੌਥੇ ਘਰ ਸੰਤ ਪਿਆਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚੀ ਬਣਤ ਆਪਣੀ ਆਪ ਬਣਾ ਰਿਹਾ । ਸਾਚੀ ਬਣਤ ਬਣਾਈ ਜਾਵੇ । ਸ਼ਬਦ ਡੰਕ ਵਜਾਈ ਜਾਵੇ । ਜੋਤੀ ਨੂਰ ਜਗਾਈ ਜਾਵੇ । ਇਕ ਤੂਰ ਰਖਾਈ ਜਾਵੇ । ਸਰਬ ਕਲਾ ਭਰਪੂਰ, ਆਪਣੀ ਕਾਰ ਕਮਾਈ ਜਾਵੇ । ਰਾਜੇ ਰਾਣਿਆਂ ਅਸ਼ਟਮ ਪੋਹ ਉਠਾਈ ਜਾਵੇ । ਸ਼ਬਦ ਮਿਆਨੋਂ ਖੰਡਾ ਧੂਹ, ਅੱਗੇ ਦਿਸੇ ਨਦੀ ਨੂਹ, ਪੀਰ ਫ਼ਕੀਰ ਭੁੱਲੇ, ਡਾਹਢੀ ਮਾਰ ਕਰਾਈ ਜਾਵੇ । ਵਾਲੀ ਹਿੰਦ ਦਇਆ ਕਮਾਏ, ਦੇ ਮਤ ਆਪ ਸਮਝਾਈ ਜਾਵੇ । ਪ੍ਰਧਾਨ ਮੰਤਰੀ ਦਿਸੇ ਡੂੰਘਾ ਖੂਹ, ਮਗਰੋਂ ਧੱਕਾ ਦੇ ਡਰਾਈ ਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਰਾਣਾ ਸੰਗਰੂਰ ਹਰਿ ਹਜ਼ੂਰ, ਬਾਹੋਂ ਪਕੜ ਹਰਿ ਉਠਾਈ ਜਾਵੇ । ਵਾਲੀ ਹਿੰਦ ਕਰ ਧਿਆਨ । ਆਏ ਖੜਾ ਹਰਿ ਭਗਵਾਨ । ਰੂਪ ਰੰਗ ਨਾ ਕੋਈ ਵਖਾਨ । ਜੋਤ ਸਰੂਪੀ ਜੋਤ ਮਹਾਨ । ਨਾ ਕੋਈ ਲੱਭੇ ਕਿਸੇ ਨਿਸ਼ਾਨ । ਮੰਦਰ ਅੰਦਰ ਨਾ ਵਿਚ ਬੀਆਬਾਨ । ਬਿਰਧ ਬਾਲ ਨਾ ਵਿਚ ਜਹਾਨ । ਅਠਸਠ ਨਾ ਤੀਰਥ ਕਰਦਾ ਫਿਰੇ ਕੋਈ ਇਸ਼ਨਾਨ । ਮੱਕਾ ਮਦੀਨਾ ਰੂਸਾ ਚੀਨਾ, ਚਾਰੋਂ ਕੁੰਟ ਕਰ ਧਿਆਨ । ਏਕਾ ਵੇਖ ਗੁਰਮੁਖ ਸਾਚੇ ਦਾ ਸਾਚਾ ਸੀਨਾ, ਜਿਥੇ ਬੈਠਾ ਸ੍ਰੀ ਭਗਵਾਨ । ਪੁਰਖ ਅਬਿਨਾਸ਼ੀ ਦਾਨਾ ਬੀਨਾ, ਚਾਰ ਵਰਨ ਜਿਸ ਏਕਾ ਕੀਨਾ, ਰਾਓ ਰੰਕ ਰੰਕ ਰਾਜਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਲੱਖ ਚੁਰਾਸੀ ਵਿਚੋਂ ਵਖ ਕੀਨਾ, ਏਕਾ ਦੀਆ ਸੋਹੰ ਸੱਚਾ ਨਾਮ ਨਿਧਾਨ । ਪ੍ਰਧਾਨ ਮੰਤਰੀ ਪੜਦਾ ਖੋਲ੍ਹ । ਪ੍ਰਭ ਅਬਿਨਾਸ਼ੀ ਕਿਹੜੀ ਕੂਟੇ ਰਿਹਾ ਬੋਲ । ਗੁਰਮੁਖਾਂ ਦੇਵੇ ਸਾਚੇ ਝੂਟੇ, ਆਪ ਮਨਾਏ ਜੁਗਾਂ ਜੁਗਾਂ ਦੇ ਰੂਠੇ, ਸ਼ਬਦ ਵਜਾਏ ਸਾਚਾ ਢੋਲ । ਅੰਤ ਕਰਾਏ ਏਕਾ ਮੁੱਠੇ, ਲਿਖੇ ਲੇਖ ਆਪ ਅਨਮੋਲ । ਪ੍ਰਭ ਅਬਿਨਾਸ਼ੀ ਸਾਚਾ ਤੁੱਠੇ, ਸਦ ਵਸੇ ਭਗਤਾਂ ਕੋਲ । ਰਹਿਣ ਨਾ ਦੇਵੇ ਲੁਕਿਆ ਕੋਈ ਕਿਸੇ ਗੁੱਠੇ, ਪ੍ਰਭ ਅਬਿਨਾਸ਼ੀ ਅੰਮ੍ਰਿਤ ਆਤਮ ਦੇਵੇ ਤੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਇਕ ਰਖਾਇਆ ਪਾਰ ਕਿਨਾਰਾ, ਚਾਰ ਵਰਨਾਂ ਸ਼ਬਦ ਸਾਚਾ ਢੋਲ । ਸੱਚਾ ਸ਼ਬਦ ਢੋਲ ਵਜਾਈ ਜਾਂਦਾ । ਗੁਰਮੁਖਾਂ ਆਤਮ ਪੜਦੇ ਖੋਲ੍ਹ, ਹਿਰਦੇ ਵਿਚ ਵਸਾਈ ਜਾਂਦਾ । ਅੰਤਮ ਕਲ

੬੯੬
੦੪

ਪੂਰੇ ਤੋਲ ਤੋਲ, ਸਾਚੇ ਲੇਖੇ ਲਾਈ ਜਾਂਦਾ । ਬੇਮੁਖ ਜੀਵ ਰੋਲ ਰੋਲ, ਸਾਚੇ ਦਰ ਹਰਿ ਦੁਰਕਾਈ ਜਾਂਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਆਪਣੀ ਬਣਤ ਸਾਚੇ ਸੰਤ, ਆਪੇ ਆਪ ਬਣਾਈ ਜਾਂਦਾ । ਪ੍ਰਭ ਸਾਚਾ ਭੇਖ ਵਟਾਇੰਦਾ । ਜਮ ਰਾਇਆ ਹੁਕਮ ਸੁਣਾਇੰਦਾ । ਦੇਸ ਮਾਝਾ ਕਾਜ ਰਚਾਇੰਦਾ । ਰਾਜੇ ਰਾਣਿਆਂ ਕੋਈ ਨਾ ਰੱਖੇ ਲਾਜਾ, ਧਰਮ ਰਾਏ ਫਾਸੀ ਗਲ ਲਟਕਾਇੰਦਾ । ਜਮਦੂਤਾਂ ਨੂੰ ਮਾਰੇ ਅਵਾਜਾਂ, ਦੋਵੇਂ ਹੱਥ ਬੰਨ੍ਹਾਇੰਦਾ । ਕਿਸੇ ਨਾ ਮਿਲੇ ਘੋੜਾ ਤਾਜਾ, ਖਾਲੀ ਹੱਥੀਂ ਨੰਗੀ ਪੈਰੀਂ ਸਰਬ ਰਖਾਇੰਦਾ । ਜਗਤ ਵਜਾਇਆ ਝੂਠਾ ਵਾਜਾ, ਰਾਗ ਨਾਦ ਨਾ ਕੋਈ ਸੰਗ ਜਾਇੰਦਾ । ਕਿਸੇ ਮਿਲੇ ਨਾ ਪਿਓ ਦਾਦਾ, ਭੈਣ ਭਾਈ ਨਾ ਕੋਈ ਛੁਡਾਇੰਦਾ । ਪ੍ਰਭ ਅਬਿਨਾਸ਼ੀ ਸਾਚੇ ਬਾਂਧਾ, ਮੌਤ ਲਾੜੀ ਅੱਗੇ ਲਾਇੰਦਾ । ਕਲਜੁਗ ਜੀਵ ਥੱਕਾ ਮਾਂਦਾ, ਨਾ ਪੈਰ ਅੱਗੇ ਉਠਾਇੰਦਾ । ਚਾਰ ਭਰਾਵਾਂ ਸਦ ਲਿਆਂਦਾ, ਤੋਲਾ ਇਕ ਬਣਾਇੰਦਾ । ਅੰਤਮ ਕਲ ਮੁਖ ਕਰੇ ਕਾਲਾ, ਧਰਮ ਰਾਏ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੈ ਭਿਆਨਕ ਅਚਨ ਅਚਾਨਕ, ਰਾਜੇ ਰਾਣੇ ਸ਼ਾਹ ਸੁਲਤਾਨ, ਬਾਹੋਂ ਪਕੜ ਹਿਲਾਇੰਦਾ । ਕਲਜੁਗ ਤੇਰਾ ਅੰਤ ਸਿਆਪਾ । ਝੂਠਾ ਜਗ ਵਧਿਆ ਪਾਪਾ । ਏਕਾ ਭੁੱਲਿਆ ਸਾਚਾ ਜਾਪਾ । ਜੂਠਾ ਝੂਠਾ ਚੜ੍ਹਿਆ ਤਾਪਾ । ਨਾ ਕੋਈ ਦਿਸੇ ਮਾਈ ਬਾਪਾ । ਅੰਤਮ ਪਾਏ ਕਲਜੁਗ ਹਿੱਸੇ, ਪੁਰਖ ਅਬਿਨਾਸ਼ੀ ਥਾਪਨ ਥਾਪਾ । ਬੇਮੁਖ ਜੀਵਾਂ ਮੂਲ ਨਾ ਦਿਸੇ, ਨਾ ਕੋਈ ਪਛਾਣੇ ਆਪਣਾ ਆਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਭੇਖ ਵਟਾਇਆ, ਕਲਜੁਗ ਤੇਰਾ ਕਰੇ ਅੰਤ ਸਿਆਪਾ । ਕਲਜੁਗ ਤੇਰੇ ਪਾਏ ਵੈਣ । ਰਾਜੇ ਰਾਣੇ ਵੇਖਣ ਨੈਣ । ਅੰਤ ਸਹਾਈ ਨਾ ਭਾਈ ਭੈਣ । ਲਾੜੀ ਮੌਤ ਖਾਏ ਡੈਣ । ਗੁਰਮੁਖਾਂ ਸੁਹਾਏ ਭਿੰਨੜੀ ਰੈਣ । ਗੁਰ ਸੰਗਤ ਨਾਤਾ ਭਾਈ ਭੈਣ । ਸਾਚਾ ਖੇਲ ਹਰਿ ਰਚਾਇਆ, ਨਾ ਰਸਨਾ ਸਕੇ ਕੋਈ ਕਹਿਣ । ਹਰਿ ਦਰ ਸਾਚਾ ਮੇਲ ਮਿਲਾਇਆ, ਆਪੇ ਬਣੇ ਸਾਕ ਸੱਜਣ ਸੈਣ । ਰਾਜੇ ਰਾਣਿਆਂ ਲਏ ਜਗਾਏ, ਆਪ ਚੁਕਾਏ ਲਹਿਣ ਦੇਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵੇਖ ਵਖਾਣੇ ਸਾਚੇ ਘਰ, ਏਕਾ ਦੇਵੇ ਆਤਮ ਵਰ, ਦਰ ਦਵਾਰੇ ਅਗੇ ਖੜ੍ਹ । ਪੰਜਾਂ ਚੋਰਾਂ ਨਾਲ ਰਿਹਾ ਲੜ । ਇਕ ਫੜਾਏ ਦਇਆ ਕਮਾਏ ਨਾਮ ਡੋਰੀ ਸ਼ਬਦ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੰਦਰ ਮੰਦਰ ਕਿਲ੍ਹੇ ਗੜ੍ਹ, ਸ਼ਬਦ ਸਰੂਪੀ ਜਾਏ ਚੜ੍ਹ, ਜੋਤ ਸਰੂਪੀ ਖੇਲ ਕਰ, ਨਾ ਕੋਈ ਸਕੇ ਅੱਗੋਂ ਫੜ । ਪੰਚਮ ਪੋਹ ਲਗਨ ਖੁਲ੍ਹਾਇਆ । ਪ੍ਰਭ ਸਾਚਾ ਸਗਨ ਆਪ ਮਨਾਇਆ । ਗੁਰਮੁਖਾਂ ਕਾਇਆ ਰੰਗਣ ਰੰਗਾਇਆ । ਜੋਤੀ ਦੀਪਕ ਇਕ ਜਗਾਇਆ । ਸਾਚਾ ਘਰ ਇਕ ਰਖਾਇਆ । ਜਗਤ ਦਵਾਰਾ ਆਪ ਖੁਲ੍ਹਾਇਆ । ਕਿਰਪਾ ਧਾਰ ਹਰਿ ਰਘੁਰਾਇਆ । ਸਚ ਦਰਬਾਰ ਨੀਂਹ ਧਰਾਇਆ । ਅੰਮ੍ਰਿਤ ਬਰਖੇ ਠੰਡੀ ਧਾਰਾ, ਸਾਚਾ ਮੀਂਹ ਬਰਸਾਇਆ । ਜਗਤ ਜਗਦੀਸ਼ ਕਰ ਪਿਆਰਾ, ਧਰਤ ਮਾਤ ਸਾਚਾ ਬੀਜ ਬਿਜਾਇਆ । ਲਹੂ ਮਿਝ ਬਣਾਇਆ ਸਾਚਾ ਗਾਰਾ, ਧਰਤ ਮਾਤ ਤੇਰੀ ਖ਼ਾਕ ਨਾਲ ਰਲਾਇਆ । ਹੱਡੀ ਹੱਡੀ ਰੱਖੇ ਚਾਰ ਦਵਾਰ, ਸਤਿਜੁਗ ਸਾਚੀ ਧਾਰ ਬੰਧਾਇਆ । ਪੰਚਮ ਰੱਖੇ ਵਿਚ ਅੰਧਕਾਰ, ਪੰਜ ਤੱਤ ਤਨ ਜਲਾਇਆ । ਮਿਲੀ ਜੋਤ ਨਰ ਨਿਰੰਕਾਰ, ਜੋਤੀ ਮੇਲਾ ਇਕ ਮਿਲਾਇਆ । ਦੇਵੇ ਮਾਣ ਵਿਚ ਸੰਸਾਰ ਪ੍ਰਭ ਸਾਚਾ ਧਾਮ ਸੁਹਾਇਆ । ਲੱਖ ਚੁਰਾਸੀ ਕਰੇ ਖ਼ਬਰਦਾਰ, ਜਨ ਭਗਤਾਂ ਦਏ ਜਗਾਇਆ । ਚਾਰੋਂ ਕੁੰਟ ਪਹਿਰੇਦਾਰ, ਦਰ ਦਰਬਾਨ ਨਾ ਕੋਈ ਰਖਾਇਆ ।

੬੯੭ ੦੪

ਨੇੜ ਨਾ ਆਵਣ ਦੇਵੇ ਕੋਈ ਕੀਆ ਪੜਦਾ, ਨੌਂ ਦਵਾਰੇ ਖੋਲ੍ਹ ਵਖਾਇਆ । ਆਪੇ ਕਰੇ ਆਪਣੀ ਮਿਹਰਾ, ਦਸਮ ਦਵਾਰ ਸਾਚਾ ਹਰਿ ਕਿਰਪਾ ਕਰ, ਸਿੰਘ ਸਿੰਘਾਸਣ ਡੇਰਾ ਲਾਏ, ਦੇਵੇ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਇਕ ਦਵਾਰਾ ਵਿਚ ਸੰਸਾਰਾ, ਪਹਿਲੀ ਵਾਰਾ ਲੋਕਮਾਤ ਮਾਰ ਝਾਤ ਏਕਾ ਏਕ ਖੁਲ੍ਹਾਇਆ । ਸਚ ਦਵਾਰਾ ਆਪ ਖੁਲ੍ਹਾਏ । ਭਗਤ ਭਿਖਾਰਾ ਮੰਗਣ ਆਏ । ਨਾਮ ਪਿਆਰਾ ਲੈ ਕੇ ਜਾਏ । ਜੀਵ ਜੰਤ ਅਧਾਰਾ, ਦਰ ਘਰ ਸਾਚੇ ਬਹਿ ਕੇ ਜਾਏ । ਸਾਧਾਂ ਸੰਤਾਂ ਕਰ ਵਿਚਾਰਾ, ਸੋਹੰ ਸ਼ਬਦ ਮਾਤ ਸਾਚਾ ਰਸਨਾ ਕਹਿ ਕੇ ਜਾਏ । ਲੋਕਮਾਤ ਨਾ ਕਰੇ ਕੋਈ ਉਧਾਰਾ, ਜੋ ਬਣਿਆ ਸੋ ਢਹਿ ਕੇ ਜਾਏ । ਏਕਾ ਰਹੇ ਅਟੱਲ ਮੁਨਾਰਾ, ਪ੍ਰਭ ਕਾ ਭਾਣਾ ਸਹਿ ਕੇ ਜਾਏ । ਮਾਨਸ ਜਨਮ ਨਾ ਆਏ ਹਾਰਾ, ਰਸਨਾ ਹਰਿ ਹਰਿ ਕਹਿ ਕੇ ਜਾਏ । ਲੱਖ ਚੁਰਾਸੀ ਗੇੜ ਨਿਵਾਰਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੀ ਸਚ ਭੰਡਾਰਾ ਲੈ ਕੇ ਜਾਏ । ਸਚ ਦਰਬਾਰ ਸੱਚਾ ਘਰ ਬਾਹਰਾ । ਵਿਚ ਸੰਸਾਰ ਹਰਿ ਉਜਿਆਰਾ । ਪੰਚਮ ਪੋਹ ਦਿਵਸ ਵਿਚਾਰਾ । ਕਲਜੁਗ ਨਾਤਾ ਤੁੱਟੇ ਮੋਹ, ਸਤਿਜੁਗ ਤੇਰਾ ਸਤਿ ਪਿਆਰਾ । ਲੱਖ ਚੁਰਾਸੀ ਰਹੀ ਰੋ, ਨਾ ਮਿਲੇ ਹਰਿ ਕੰਤ ਭਤਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਅੰਤ ਲਿਖਾਰਾ । ਬਣਿਆ ਆਪ ਲੇਖ ਲਿਖਾਰੀ । ਲਿਖੇ ਲੇਖ ਹਰਿ ਗਿਰਧਾਰੀ । ਨੇਤਰ ਨੈਣ ਲੋਚਣ ਲੈਣਾਂ ਵੇਖ, ਵਰਤੇ ਖੇਲ ਜੋ ਸੰਸਾਰੀ । ਜੋਤ ਸਰੂਪੀ ਧਾਰੇ ਭੇਖ, ਪ੍ਰਭ ਅਬਿਨਾਸ਼ੀ ਨੈਣ ਮੁੰਧਾਰੀ । ਕਲਜੁਗ ਮਿਟਦੀ ਅੰਤਮ ਰੇਖ, ਝੂਠੀ ਮਿਟਣੀ ਚਾਰ ਯਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੬੯੮ ੦੪ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ, ਵਿਚ ਜਹਾਨਾ ਕਰੇ ਖ਼ਬਰਦਾਰੀ । ਰਾਜ ਰਾਜਾਨ ਸਰਬ ਜਗਾਏ । ਹਰਿ ਸੁਲਤਾਨ ਹੁਕਮ ਸੁਣਾਏ । ਲਿਖਿਆ ਲੇਖ ਮਾਤ ਮਹਾਨ, ਨਾ ਕੋਈ ਮੇਟੇ ਮੇਟ ਮਿਟਾਏ । ਏਕਾ ਝੁੱਲਿਆ ਸ਼ਬਦ ਨਿਸ਼ਾਨ, ਪ੍ਰਭ ਅਬਿਨਾਸ਼ੀ ਆਪ ਝੁਲਾਏ । ਸੱਤਾਂ ਰੰਗਾਂ ਰੰਗ ਰੰਗਾਨ, ਸੱਤਾਂ ਦੀਪਾਂ ਵੰਡ ਵੰਡਾਏ । ਨੌਂਵਾਂ ਖੰਡਾਂ ਕਰੇ ਧਿਆਨ, ਸੋਹੰ ਡੰਡੇ ਨਾਲ ਬੰਧਾਏ । ਜੋਤੀ ਜੋਤ ਸਰੂਪ ਹਰਿ, ਪ੍ਰਭ ਅਬਿਨਾਸ਼ੀ ਪੁਰਖ ਸੁਜਾਨ ਸਾਚੀ ਬਣਤ ਆਪ ਬਣਾਏ । ਲਿਖਿਆ ਲੇਖ ਜਗਤ ਅਪਾਰ । ਰਾਜੇ ਰਾਣੇ ਹੋ ਤਿਆਰ । ਪ੍ਰਭ ਅਬਿਨਾਸ਼ੀ ਮਾਤ ਆਇਆ, ਚਿੱਟੇ ਅਸਵ ਹੋ ਅਸਵਾਰ । ਨਿਹਕਲੰਕ ਕਲ ਫੇਰਾ ਪਾਇਆ, ਸ਼ਬਦ ਸਰੂਪੀ ਵਡਾ ਸ਼ਾਹੋ ਭੂਪੀ ਕਰੇ ਖ਼ਬਰਦਾਰ । ਸਤਿ ਸਰੂਪੀ ਕਿਸੇ ਦਿਸ ਨਾ ਆਇਆ, ਸਤਿ ਸਰੂਪੀ ਜੋਤ ਅਕਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਲੇਖ ਲਿਖਾਏ ਕਰੇ ਖ਼ਬਰਦਾਰ । ਲੇਖ ਲਿਖਾਇਆ ਜਾਣਾ ਜਾਗ । ਕਲਜੁਗ ਵੇਲਾ ਅੰਤਮ ਆਇਆ, ਦਰ ਦਰ ਘਰ ਘਰ ਲੱਗੇ ਆਗ । ਕੋਇ ਨਾ ਹੋਏ ਕਿਸੇ ਸਹਾਇਆ, ਨਾ ਕੋਈ ਧੋਵੇ ਝੂਠੇ ਦਾਗ਼ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਸ਼ਬਦ ਸਰੂਪੀ ਡੰਕ ਵਜਾਇਆ, ਸੋਹੰ ਬੰਨ੍ਹੇ ਤਨ ਸਾਚਾ ਤਾਗ । ਸਾਚਾ ਤਾਗ ਸ਼ਬਦ ਤੰਦ । ਪ੍ਰਭ ਅਬਿਨਾਸ਼ੀ ਆਪ ਬੰਧਾਏ, ਖੁਸ਼ੀ ਕਰਾਏ ਬੰਦ ਬੰਦ । ਜੋਤੀ ਨੂਰਾ ਇਕ ਟਿਕਾਏ, ਮੇਟ ਮਿਟਾਏ ਅੰਧੇਰ ਅੰਧ । ਰਾਜੇ ਰਾਣੇ ਵੇਖ ਵਖਾਏ, ਨਾ ਕੋਈ ਜਾਣੇ ਸਵੇਰ ਸੰਝ । ਗੁਰਮੁਖ ਸਾਚੇ ਸਰਨ ਲਗਾਏ, ਲਏ ਉਠਾਏ ਦਇਆ ਕਮਾਏ, ਆਪ ਮਿਟਾਏ ਅਗਲਾ ਪੰਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਚੜ੍ਹਾਏ ਸਾਚਾ ਚੰਦ । ਸਾਚਾ ਚੰਦ ਸ਼ਬਦ ਅਸਮਾਨ ।

੬੯੮ ੦੪

ਪਰਮਾਨੰਦ ਦੋ ਜਹਾਨ । ਮਿਟੇ ਅੰਧੇਰ ਕਲਜੁਗ ਅੰਧ, ਹੋਏ ਰੁਸ਼ਨਾਈ ਜੋਤ ਮਹਾਨ । ਲੱਖ ਚੁਰਾਸੀ ਕਟੇ ਫੰਦ, ਸਾਚਾ ਬਖ਼ਸ਼ੇ ਚਰਨ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ, ਗੁਰਮੁਖ ਸਾਚੇ ਸੰਤ ਜਨ, ਚਰਨ ਧੂੜ ਦੇਵੇ ਸੱਚਾ ਇਸ਼ਨਾਨ । ਸਚ ਇਸ਼ਨਾਨ ਪ੍ਰਭ ਚਰਨ ਦਵਾਰ । ਮਿਲੇ ਮਾਣ ਵਿਚ ਸੰਸਾਰ । ਸ਼ਬਦ ਬਿਬਾਣ ਇਕ ਉਡਾਰ । ਪਵਣ ਮਸਾਣ ਹਰਿ ਜੋਤ ਅਧਾਰ । ਜੋਤੀ ਜੋਤ ਸਰੂਪ ਹਰਿ, ਵੇਸ ਅਨੇਕ ਜਨ ਭਗਤ ਟੇਕ, ਲੋਕਮਾਤ ਵਾਰੋ ਵਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਭਿੰਨੜੀ ਰੈਣ ਪੈਜ ਸਵਾਰੇ । ਰਾਓ ਉਮਰਾਓ ਖੋਲ੍ਹੇ ਨੈਣ, ਭੇਖਾਧਾਰੀ ਕਰੇ ਭੇਖ ਦਰ ਦਵਾਰੇ । ਕਾਲਾ ਵੇਸ ਕਾਲੀ ਡੈਣ, ਆਏ ਡਰ ਮਹੱਲ ਅਟੱਲ ਚੁਬਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰੇ । ਸਾਚੀ ਸਾਰ ਆਪ ਸੰਭਾਲੇ । ਮਗਰੋਂ ਲਾਹੇ ਸੂਸੇ ਕਾਲੇ । ਕਲਜੁਗ ਜੀਵਾਂ ਕੱਢੇ ਦਵਾਲੇ । ਆਤਮ ਹੋਏ ਮੁਖੜੇ ਕਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪ ਪਹਿਨਾਏ ਸ਼ਬਦ ਸਰੂਪੀ ਤਨ ਚਿੱਟੇ ਦੋਸ਼ਾਲੇ । ਸ਼ਬਦ ਦੋਸ਼ਾਲਾ ਲੈਣਾ ਓੜ੍ਹ । ਗੁਰਮੁਖ ਵਿਰਲਾ ਵਿਚੋਂ ਇਕ ਕਰੋੜ । ਚਰਨ ਪ੍ਰੀਤੀ ਆਪ ਰਖਾਈ, ਅੰਤਮ ਵੇਲੇ ਲਏ ਜੋੜ । ਆਤਮ ਦਰ ਵੱਜੇ ਵਧਾਈ, ਪ੍ਰਭ ਅਬਿਨਾਸ਼ੀ ਜਾਏ ਬਹੁੜ । ਜੋਤੀ ਨੂਰ ਕਰੇ ਰੁਸ਼ਨਾਈ, ਮਸਤਕ ਮਿਲੇ ਸਾਚੀ ਧੂੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਦਿ ਅੰਤ ਸ੍ਰਿਸ਼ਟ ਸਬਾਈ ਕੂੜੋ ਕੂੜ , ਕਾਲਾ ਸੂਸਾ ਹਰਿ ਉਤਾਰੇ, ਈਸਾ ਮੂਸਾ ਹੋਏ ਖੁਆਰੇ । ਝੂਠਾ ਪੀਸਣ ਮਾਤ ਪੀਹਣ, ਕਲਜੁਗ ਚੱਕੀ ਚਲੇ ਅਪਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟਾ ਬਾਣਾ ਸਾਚਾ ਗਾਣਾ ਕਰੇ ਤਨ ਸ਼ਿੰਗਾਰੇ । ਚਿੱਟਾ ਬਾਣਾ ਤਨ ਛੁਹਾਏ । ਗੁਰਮੁਖਾਂ ਤਨ ਮਨ ਰੰਗਾਏ । ਭਾਂਡਾ ਭਰਮ ਪ੍ਰਭ ਭੰਨ ਵਖਾਏ । ਕਲਜੁਗ ਜੂਠਾ ਝੂਠਾ ਜੰਨ ਕਢਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚਾ ਰਾਗ ਗੁਰਮੁਖਾਂ ਧੋਏ ਕਾਇਆ ਦਾਗ਼, ਆਪਣੀ ਹੱਥੀਂ ਰਿਹਾ ਧਵਾਏ । ਚਿੱਟਾ ਬਾਣਾ ਤਨ ਸ਼ਿੰਗਾਰ । ਸੋਲਾਂ ਕਲੀਆਂ ਸੋਹਣਾ ਹਾਰ । ਰਲ ਮਿਲ ਸਖੀਆਂ ਮੰਗਲ ਗਾਇਆ, ਮਿਲਿਆ ਹਰਿ ਕੰਤ ਭਤਾਰ । ਸਾਚਾ ਵਕਤ ਆਪ ਸੁਹਾਇਆ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਪ੍ਰਭ ਅਬਿਨਾਸ਼ੀ ਸਾਚਾ ਪਾਇਆ, ਮਾਨਸ ਜਨਮ ਸੁਫ਼ਲ ਕਰਾਇਆ, ਸਾਚਾ ਕੀਆ ਵਣਜ ਵਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ, ਕਾਇਆ ਕਰੇ ਠੰਡੀ ਠਾਰ ।

### ❇ ੯ ਪੋਹ ੨੦੧੧ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❇

ਹਰਿ ਸ਼ਬਦ ਨਗਾਰਾ ਵਜੇ, ਚਾਰ ਚੁਫੇਰ ਹੈ । ਲੱਖ ਚੁਰਾਸੀ ਵਾਂਗ ਅਗਨ ਦਜੇ, ਪ੍ਰਭ ਅਬਿਨਾਸ਼ੀ ਆਪ ਭੁਲਾਈ ਕਰ ਕਰ ਹੇਰ ਫੇਰ ਹੈ । ਦਰ ਦਵਾਰ ਏਕਾ ਸਜੇ, ਕਲਜੁਗ ਤੇਰੀ ਅੰਤਮ ਵੇਰ ਹੈ । ਕਿਸੇ ਲਾਉਣ ਨਾ ਦੇਵੇ ਅੱਜੇ ਪੱਜੇ, ਰਾਜੇ ਰਾਣਿਆਂ ਰਿਹਾ ਘੇਰ ਹੈ । ਗੁਰਮੁਖਾਂ ਆਤਮ ਡੋਰ ਸਾਚੀ ਬੱਝੇ, ਪ੍ਰਭ ਕਰੇ ਸਾਚੀ ਮਿਹਰ ਹੈ । ਜੋ ਘੜਿਆ ਸੋ ਅੰਤਮ ਭੱਜੇ, ਪ੍ਰਭ ਰਿਹਾ ਜੋੜ ਉਖੇੜ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਦਰੇ ਵਿਚ ਸੰਸਾਰੇ, ਦਸਵੇਂ ਰਿਹਾ ਵਸੇਰ ਹੈ । ਨੌਂ ਦਵਾਰ ਜਗਤ ਵਣਜਾਰਾ । ਪੁਰਖ ਅਬਿਨਾਸ਼ੀ

ਨਾ ਪਾਇਣ ਸਾਰਾ । ਕਲਜੁਗ ਵੇਲਾ ਅੰਤਮ ਆਇਆ, ਪ੍ਰਭ ਅਬਿਨਾਸ਼ੀ ਜਾਮਾ ਧਾਰਾ । ਸ਼ਬਦ ਡੰਕ ਇਕ ਵਜਾਇਆ, ਚਾਰ ਕੁੰਟਾਂ ਕਰੇ ਖ਼ਬਰਦਾਰਾ । ਸੋਇਆ ਕੋਈ ਰਹਿਣ ਨਾ ਪਾਇਆ, ਕਰੇ ਖੇਲ ਅਪਰ ਅਪਾਰਾ । ਮਾਇਆ ਪੜਦਾ ਸਾਚਾ ਲਾਹਿਆ, ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ । ਲੱਖ ਚੁਰਾਸੀ ਜਗਤ ਜੰਜ਼ਾਲਾ ਫਾਹ ਕਟਾਇਆ, ਕਿਰਪਾ ਕਰ ਹਰਿ ਗਿਰਧਾਰਾ । ਏਕਾ ਸੱਚਾ ਰਾਹ ਵਖਾਇਆ, ਮੰਗਣ ਨਾ ਜਾਏ ਕੋਈ ਦਵਾਰਾ । ਕਲਜੁਗ ਸਾਚਾ ਧਾਮ ਸੁਹਾਇਆ, ਨਿਹਕਲੰਕੀ ਦਇਆ ਕਮਾਇਆ, ਜੋਤ ਸਰੂਪੀ ਲੈ ਅਵਤਾਰਾ । ਏਕਾ ਏਕ ਸ਼ਬਦ ਚਲਾਇਆ । ਰਾਓ ਰੰਕ ਦਏ ਹਿਲਾਇਆ । ਦਵਾਰ ਬੰਕ ਆਪ ਸੁਹਾਇਆ । ਜਗਤ ਜਗਦੀਸ਼ੇ ਹਰਿ ਦਰਬਾਰੇ ਦੀਪਕ ਜੋਤੀ ਇਕ ਜਗਾਇਆ । ਗੁਰਮੁਖ ਸਾਚਾ ਮਾਣਕ ਮੋਤੀ, ਲੋਕਮਾਤ ਹਰਿ ਦਏ ਉਪਜਾਇਆ । ਦੁਰਮਤ ਮੈਲ ਕਾਇਆ ਧੋਤੀ, ਨਿਝਰ ਰਸ ਪ੍ਰਭ ਅਬਿਨਾਸ਼ੀ ਹੋਇਆ ਵਸ, ਅੰਤਮ ਜੋਤੀ ਮੇਲ ਮਿਲਾਇਆ । ਸਚ ਦਵਾਰੇ ਗਿਆ ਵਸ, ਜੋਤ ਪ੍ਰਕਾਸ਼ੀ ਕੋਟ ਰਵ ਸੱਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਦਰਸ਼ਨ ਪਾਇਆ । ਦਰਸ਼ਨ ਪਾਇਆ ਹਰਿ ਗਿਰਧਾਰ । ਮਿਲਿਆ ਮੇਲ ਸੱਚੀ ਸਰਕਾਰ । ਸਚ ਸਿੰਘਾਸਣ ਡੇਰਾ ਲਾਇਆ, ਵੇਖੇ ਵਿਗਸੇ ਕਰੇ ਵਿਚਾਰ । ਗੁਰਮੁਖਾਂ ਸਾਚਾ ਮੇਲ ਮਿਲਾਇਆ, ਜੋਤੀ ਮੇਲਾ ਇਕ ਅਕੇਲਾ ਸੱਜਣ ਸੁਹੇਲਾ, ਨੂਰ ਨੁਰਾਨੀ ਹਰਿ ਦਾਤਾਰ । ਜੋਤੀ ਜੋਤ ਸਰੂਪ ਹਰਿ, ਨੌਂ ਦਵਾਰੇ ਵਿਚ ਸੰਸਾਰੇ, ਆਪ ਬਣਾਏ ਸਚ ਸੱਚੇ ਦਰਬਾਰ । ਸਚ ਦਰਬਾਰੇ ਨੌਂ ਦਰਵਾਜ਼ੇ । ਕਰੇ ਖੇਲ ਗਰੀਬ ਨਿਵਾਜ਼ੇ । ਪ੍ਰਗਟ ਜੋਤ ਦੇਸ ਮਾਝੇ । ਕਲਜੁਗ ਤੇਰਾ ਅੰਤਮ ਅੰਤ ਆਪ ਰਚਾਇਆ ਸਾਚਾ ਕਾਜੇ । ਗੁਰਮੁਖ ਵਿਰਲੇ ਸਾਚੇ ਸੰਤ, ਪ੍ਰਭ ਆਪ ਰਖਾਏ ਅੰਤਮ ਲਾਜੇ । ਕਲਜੁਗ ਭੁੱਲੇ ਜੀਵ ਜੰਤ, ਅੰਤਮ ਵੇਲੇ ਖੋਲ੍ਹੇ ਪਾਜੇ । ਗੁਰ ਸੰਤ ਮਿਲਾਵਾ ਸਾਚੇ ਕੰਤ, ਵਸੇ ਮਹੱਲਾ ਪੜਦੇ ਕਾਜੇ । ਜਗਤ ਵਡਿਆਈ ਆਦਿ ਅੰਤ, ਭਗਤ ਜਨਾਂ ਹਰਿ ਸਾਜਨ ਸਾਜੇ । ਪੰਚਮ ਪੋਹ ਮਿਲੇ ਵਧਾਈ, ਲੇਖ ਲਿਖਾਇਆ ਵਡ ਰਾਜਨ ਰਾਜੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜਾ ਦਿਵਸ ਰੈਣ ਅੱਠੇ ਪਹਿਰ ਚੜ੍ਹਿਆ ਰਹੇ ਸੱਚੇ ਤਾਜੇ । ਚਿੱਟੇ ਅਸਵ ਹਰਿ ਅਸਵਾਰਾ । ਨੌਵਾਂ ਦਰਾਂ ਵਸੇ ਬਾਹਰਾ । ਕਲਜੁਗ ਜੰਤਾਂ ਝੂਠੇ ਸੰਤਾਂ ਪਾਵੇ ਸਾਰਾ । ਆਪ ਬਣਾਏ ਸਾਚੀ ਬਣਤਾ, ਨੌਂ ਦਵਾਰੇ ਸਚ ਦਰਬਾਰਾ । ਜੋਤੀ ਖਿੱਚੇ ਆਦਿਨ ਅੰਤਾ, ਗੁਰੂਆਂ ਪੀਰਾਂ ਆਈ ਹਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਦਰਵਾਜੇ ਸਾਜਨ ਸਾਜੇ ਦੇਸ ਮਾਝੇ, ਚਾਰੋਂ ਕੁੰਟ ਆਏ ਹਾਰਾ । ਨੌਂ ਦਰਵਾਜੇ ਨਰ ਨਰਾਇਣ ਵੇਖੇ । ਰਸਨਾ ਕਿਸੇ ਨਾ ਸਕੇ ਕਹਿਣ, ਲੱਖ ਚੁਰਾਸੀ ਧਾਰੇ ਭੇਖੇ । ਜਨ ਭਗਤਾਂ ਖੋਲ੍ਹੇ ਤੀਜੇ ਨੈਣ, ਆਪ ਲਿਖਾਏ ਸਾਚੇ ਲੇਖੇ । ਕਲਜੁਗ ਜੀਵ ਝੂਠੇ ਵਹਿਣ ਵਹਿਣ, ਨਾ ਕੋਈ ਮਿਟਾਏ ਬਿਧਨਾ ਰੇਖੇ । ਹਰਿ ਭਗਤ ਚੁਕਾਏ ਲਹਿਣ ਦੇਣ, ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਦਰਬਾਰਾ ਆਪ ਬਣਾਇਆ, ਪੰਚਮ ਪੋਹ ਨੀਂਹ ਰਖਾਇਆ, ਰਾਜੇ ਰਾਣਿਆਂ ਦਏ ਜਗਾਇਆ, ਸਿੰਘ ਜਗਦੀਸ਼ ਲਾਇਆ ਲੇਖੇ । ਸਾਚੇ ਲੇਖੇ ਗਿਆ ਲੱਗ, ਪ੍ਰਭ ਅਬਿਨਾਸ਼ੀ ਦਇਆ ਕਮਾਈ । ਸਾਚੀ ਖ਼ਾਕ ਦਰ ਦਰ ਪਾਕ, ਰਾਜੇ ਰਾਣਿਆਂ ਦਏ ਖੁਲ੍ਹਾਈ ਬੰਦ ਕਵਾੜ ਆਤਮ ਤਾਕ, ਨਾ ਕੋਈ ਵੇਖੇ ਮਾਰ ਝਾਤ, ਨੌਂ ਦਵਾਰਾ ਵਿਚ ਸੰਸਾਰਾ, ਕਲਜੁਗ ਮਾਇਆ ਡਾਹਢੀ ਪਾਈ । ਰਾਜ ਰਾਜਾਨ ਮਸਤਕ ਧੂੜੀ ਲਾਇਣ ਖ਼ਾਕ, ਆਤਮ ਜੋਤੀ ਪ੍ਰਭ ਦਏ ਜਗਾਈ । ਕਾਇਆ ਮੰਦਰ ਅੰਦਰ ਖੋਲ੍ਹੇ ਤਾਕ, ਜੋਤੀ

ਨੂਰ ਕਰੇ ਉਜਿਆਰ, ਸ਼ਬਦ ਖੁਲ੍ਹਾਏ ਦਇਆ ਕਮਾਏ, ਲੇਖ ਲਿਖਾਏ ਭਵਿਖਤ ਵਾਕ, ਪ੍ਰਗਟ ਹੋਏ ਹਰਿ ਰਘੁਰਾਈ । ਰਾਜੇ ਰਾਣੇ ਅੰਤ ਮਿਲਾਏ ਖ਼ਾਕੀ ਖ਼ਾਕ, ਕਿਸੇ ਨਾ ਹੋਏ ਕੋਈ ਸਹਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨੌਂ ਦਵਾਰੇ ਸਚ ਦਰਬਾਰੇ, ਲੋਕਮਾਤ ਰਿਹਾ ਉਪਜਾਈ । ਨੌਂ ਦਵਾਰੇ ਦਰ ਖੁਲ੍ਹਾਇੰਦਾ । ਬੇਮੁਖਾਂ ਹਰਿ ਭੁਲਾਇਆ । ਕਲਜੁਗ ਲੱਗੀ ਮਾਇਆ ਆਤਮ ਤ੍ਰਿਸ਼ਨਾ , ਸਾਚਾ ਸੁਖ ਨਾ ਕੋਈ ਉਪਜਾਇੰਦਾ । ਨਾ ਕੋਈ ਸਹਾਈ ਬ੍ਰਹਮਾ ਵਿਸ਼ਨ ਗਣਪਤ ਮਹੇਸ਼ ਗਣੇਸ਼, ਨਾ ਕੋਈ ਕਿਸੇ ਛੁਡਾਇੰਦਾ । ਕਲਜੁਗ ਵੇਲਾ ਅੰਤਮ ਨਾ ਕੋਈ ਜਾਣੇ ਰਾਮਾ ਕ੍ਰਿਸ਼ਨਾ, ਸ਼ਬਦ ਪੱਲੂ ਨਾ ਕੋਈ ਹੱਥ ਫੜਾਇੰਦਾ । ਸਚ ਦਵਾਰਾ ਕਿਸੇ ਨਾ ਦਿਸਨਾ, ਕਲਜੁਗ ਅੰਧ ਅੰਧੇਰ ਮਿਟਾਇੰਦਾ । ਆਤਮ ਲਾਹੇ ਨਾ ਕੋਈ ਵਿਸਨਾ, ਕਲਜੁਗ ਮਾਇਆ ਪੜਦਾ ਪਾਇੰਦਾ । ਜਨ ਭਗਤਾਂ ਹਰਿ ਹਰਿ ਸਾਚਾ ਦਿਸਨਾ, ਜਿਸ ਜਨ ਸਾਚੀ ਦਇਆ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਦਵਾਰ ਵਿਚ ਸੰਸਾਰ, ਲੱਖ ਚੁਰਾਸੀ ਕਰਮ ਵਿਚਾਰ, ਅੰਤਮ ਕਲ ਆਪ ਖੁਲ੍ਹਾਇੰਦਾ । ਨੌਂ ਦਵਾਰੇ ਵੇਖੇ ਖ਼ਾਕੀ । ਨੌਂ ਦਰ ਕਾਇਆ ਘਰ, ਕੋਈ ਨਾ ਚੁਕਾਏ ਅੰਤਮ ਬਾਕੀ । ਪ੍ਰਭ ਅਬਿਨਾਸ਼ੀ ਜੋਤ ਜਗਾਏ, ਕਲਜੁਗ ਖੁਲ੍ਹਾਏ ਅੰਤਮ ਅੰਤ, ਗੁਰਮੁਖਾਂ ਆਤਮ ਤਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੂਰ ਨਿਰੰਜਣ ਹਰਿ ਨਿਰੰਕਾਰ, ਨਾ ਕੋਈ ਜਾਣੇ ਬੰਦਾ ਖ਼ਾਕੀ । ਨੌਂ ਦਰ ਕਾਇਆ ਘਰ ਜਗਤ ਮਹੱਲ ਅਟਾਰੀਆ । ਆਪੇ ਦੀਆ ਹਰਿ ਜੀ ਵਰ, ਰੰਗ ਨਵੇਲ ਇਕ ਕਰਤਾਰਿਆ । ਸਚ ਸਰੋਵਰ ਏਕਾ ਸਰ, ਕਾਇਆ ਮੰਡਲ ਸਾਚੇ ਧਾਮ ਸੁਹਾ ਰਿਹਾ । ਅੰਮ੍ਰਿਤ ਭਰਿਆ ਹਰਿ ਭੰਡਾਰ, ਨਾ ਕੋਈ ਕਿਸੇ ਪਿਆ ਰਿਹਾ । ਸਾਚੇ ਮੰਦਰ ਅੰਦਰ ਡੂੰਘੀ ਕੰਦਰ ਆਵੇ ਡਰ, ਪੰਜਾਂ ਚੋਰਾਂ ਪਹਿਰੇ ਲਾ ਰਿਹਾ । ਮਾਰੇ ਇਕ ਹੰਕਾਰੀ ਜਿੰਦਰ, ਜੂਠੀ ਝੂਠੀ ਚਾਬੀ ਲਾ ਰਿਹਾ । ਚਾਰੋਂ ਕੁੰਟ ਬੇਮੁਖ ਜੀਵ ਫਿਰਦੇ ਬੰਦਰ, ਮਦਿਰਾ ਮਾਸ ਮੁਖ ਛੁਹਾ ਰਿਹਾ । ਗੁਰਮੁਖ ਵਿਰਲੇ ਸਾਚੇ ਸੰਤ ਜੋਤ ਜਗਾਏ ਅੰਦਰੇ ਅੰਦਰ, ਚਰਨ ਪ੍ਰੀਤੀ ਇਕ ਵਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਦਵਾਰੇ ਵਿਚ ਸੰਸਾਰੇ, ਬੇਮੁਖ ਜੀਵਾਂ ਦੇ ਮਤ ਆਪ ਸਮਝਾ ਰਿਹਾ । ਨੌਂ ਦਵਾਰੇ ਦਿਸ਼ਾ ਤਿੰਨ । ਵੇਖ ਵਿਚਾਰੇ ਭਿੰਨ ਭਿੰਨ । ਲੇਖ ਲਿਖਾਏ ਗਿਣ ਗਿਣ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਸੰਸਾਰ ਸਾਚਾ ਮੰਦਰ ਆਪ ਉਸਾਰਿਆ ਗਿਣ ਗਿਣ । ਸਾਚੇ ਵਾਰ ਕਰ ਉਸਾਰੇ । ਚਾਰ ਚਾਰ ਕਰ ਤਿਆਰੇ । ਸਾਚੇ ਜਾਣੇ ਚਾਰ ਦਵਾਰੇ । ਚਾਰੇ ਕੁੰਟਾਂ ਖੇਲ ਅਪਾਰੇ । ਮੇਖ ਲਗਾਏ ਪ੍ਰਭ ਅਬਿਨਾਸ਼ੀ, ਲੋਕਮਾਤ ਨਾ ਕੋਈ ਉਖਾੜੇ । ਕਰੇ ਖੇਲ ਘਨਕਪੁਰ ਵਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਛੱਤ ਗਗਨ ਦੀ ਪਾੜੇ । ਨੌਂ ਦਰਵਾਜੇ ਨੌਂ ਨਿਧ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਾਚਾ ਧਾਮ ਸ਼ਬਦ ਤੋਲਾ, ਜੋਤੀ ਅਗਨੀ ਰਿਹਾ ਰਿਧ । ਨੌਂ ਉਜਾਲਾ ਹਰਿ ਕਿਰਪਾਲਾ, ਦੀਨ ਦਿਆਲਾ ਗੁਰਮੁਖ ਸਾਚੇ ਸੰਤ ਜਨਾਂ, ਆਪੇ ਕਰੇ ਕਾਰਜ ਸਿਧ । ਨਾ ਕੋਈ ਮੰਗੇ ਵਿਚ ਦਲਾਲਾ, ਅੱਠੇ ਪਹਿਰ ਰਹੇ ਰਖਵਾਲਾ, ਬੇਮੁਖਾਂ ਮੁਖ ਕਰੇ ਕਾਲਾ, ਨਾ ਕੋਈ ਵਖਾਣੇ ਸਾਚੀ ਬਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਖਿੱਚ ਜਵਾਲਾ, ਚਰਨ ਲਿਆਏ ਨੌਂ ਨਾਥ ਚੁਰਾਸੀ ਸਿੱਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਤੀਰ ਚਲਾਏ, ਨੌਂ ਦਵਾਰੇ ਪੀੜ ਕਢਾਏ, ਰਾਜੇ ਰਾਣਿਆਂ ਆਤਮ ਜਾਏ ਵਿਧ । ਨੌਂ ਦਵਾਰੇ ਵੱਜੇ ਤੀਰ । ਵੇਖ ਵਖਾਨਣ ਸ਼ਾਹ ਹਕੀਰ । ਪੁਰਖ ਅਬਿਨਾਸ਼ੀ ਸਾਚਾ ਭਾਲਣ, ਤਨ ਸ਼ਿੰਗਾਰ ਲੱਥੇ

ਚੀਰ । ਹੱਡ ਨਾੜੀ ਝੂਠਾ ਦਿਸੇ ਬਾਲਣ ਸੜਨਾ ਮਰਨਾ ਅੰਤ ਅਖ਼ੀਰ । ਨੂਰੀ ਜੋਤ ਅਕਾਲਣ, ਰੰਕ ਸੁਲਤਾਨਾਂ ਵਿਚ ਫਕੀਰ । ਧੁਰਦਰਗਾਹੀ ਸਾਚਾ ਪਾਲਨ, ਨਾ ਕੋਈ ਜਾਣੇ ਵਜ਼ੀਰ ਅਮੀਰ । ਚਲੀ ਚਾਲ ਜਗਤ ਨਿਰਾਲਣ, ਕਲਜੁਗ ਅੰਤ ਅੰਤ ਅਖ਼ੀਰ । ਨਾ ਕੋਈ ਰੱਖੇ ਵਿਚ ਦਲਾਲਣ, ਰਸਨਾ ਖਿੱਚੇ ਸ਼ਬਦ ਤੀਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ, ਦਰ ਦਵਾਰੇ ਅੰਤ ਕਰਾਏ ਵਹੀਰ । ਸਰਗੁਣ ਰੂਪ ਅਪਾਰ, ਨੌਂ ਦਵਾਰ ਹੈ । ਨਿਰਗੁਣ ਰੂਪ ਅਪਾਰ, ਦਸਵੇਂ ਪਿਆਰ ਹੈ । ਸਰਗੁਣ ਰੂਪ ਅਪਾਰ ਸਰਬ ਸੰਸਾਰ ਹੈ । ਨਿਰਗੁਣ ਰੂਪ ਅਪਾਰ ਜੋਤ ਨਿਰੰਕਾਰ ਹੈ । ਸਰਗੁਣ ਰੂਪ ਅਪਾਰ, ਪੰਜਾਂ ਤੱਤਾਂ ਮਾਤ ਉਡਾਰ ਹੈ । ਨਿਰਗੁਣ ਰੂਪ ਅਪਾਰ, ਏਕਾ ਜੋਤੀ ਪੁਰਖ ਬਿਧਾਤੇ, ਨਾ ਕੋਈ ਪਾਵੇ ਸਾਰ ਹੈ । ਨਿਰਗੁਣ ਸਰਗੁਣ ਖੇਲ ਅਪਾਰ, ਨਿਹਕਲੰਕੀ ਅੰਤਮ ਵਾਰ ਹੈ । ਭਰਮ ਭੁਲਾਏ ਜਗਤ ਅਪਾਰ, ਕਿਸੇ ਨਾ ਆਏ ਸਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਦਵਾਰੇ ਦਰ ਦਵਾਰ, ਲੱਖ ਚੁਰਾਸੀ ਕਰ ਪਛਾਣ, ਲੋਕਮਾਤ ਰਿਹਾ ਵਖਾਣ ਹੈ । ਨੌਂ ਦਵਾਰੇ ਲੱਖ ਚੁਰਾਸੀ ਕਲਜੁਗ ਮਾਇਆ ਝੂਠੇ ਰਸ । ਅੰਤਮ ਪੈ ਜਾਏ ਜਮ ਕੀ ਫਾਸੀ, ਧਰਮ ਰਾਏ ਦੇ ਪਾਏ ਵਸ । ਪੁਰਖ ਅਬਿਨਾਸ਼ੀ, ਮਦਿਰਾ ਮਾਸੀ ਸ਼ਬਦ ਤੀਰ ਰਿਹਾ ਕਸ । ਪ੍ਰਗਟ ਹੋਏ ਘਨਕਪੁਰ ਵਾਸੀ, ਰਾਜੇ ਰਾਣਿਆਂ ਰਾਹ ਸਾਚਾ ਰਿਹਾ ਦੱਸ । ਪੰਡਤ ਪਕੜ ਉਠਾਏ ਕਾਸ਼ੀ, ਜੋਤ ਜਗਾਏ ਕੋਟ ਰਵ ਸਸ । ਜਨ ਭਗਤਾਂ ਆਤਮ ਲਾਹੇ ਉਦਾਸੀ, ਅੰਮ੍ਰਿਤ ਪਿਆਏ ਆਤਮ ਰਸ । ਸ਼ਬਦ ਜਪਾਏ ਸਵਾਸ ਸਵਾਸੀ, ਜੋਤੀ ਜੋਤ ਸਰੂਪ ਹਰਿ, ਨੌਂ ਦਰਵਾਜੇ ਖੋਲ੍ਹ ਦਰ, ਕਰੇ ਪ੍ਰਕਾਸ਼ ਘਟ ਘਟ ਵਾਸ, ਲੋਕਮਾਤ ਪਤਾਲ ਅਕਾਸ਼ । ਨੌਂ ਦਵਾਰੇ ਲੋਕਮਾਤ, ਕਾਇਆ ਮਹੱਲ ੭੦੨ ੦੪
ਸਚ ਚੁਬਾਰੇ । ਅੱਠੇ ਪਹਿਰ ਅੰਧੇਰੀ ਰਾਤ, ਭੁੱਲੇ ਜੀਵ ਜੰਤ ਗਵਾਰੇ । ਨਾ ਕੋਈ ਪਾਏ ਵਸਤ ਸੁਗਾਤ, ਝੂਠੀ ਖੇਲ ਵਿਚ ਸੰਸਾਰੇ । ਮਾਇਆ ਰਹੀ ਮਾਰ ਝਾਤ, ਗੁਰਮੁਖ ਸਾਚੇ ਸੰਤ ਪਿਆਰੇ । ਪੁਰਖ ਅਬਿਨਾਸ਼ੀ ਏਕਾ ਬਖ਼ਸ਼ੇ ਸਾਚੀ ਦਾਤ, ਆਪ ਕਰਾਏ ਚਰਨ ਵਣਜਾਰੇ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਇਕ ਵਖਾਏ ਸਚ ਘਰ ਬਾਹਰੇ । ਦਸਵੇਂ ਘਰ ਹਰਿ ਇਕਾਂਤ, ਜਗੇ ਜੋਤ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੰਤਮ ਵੇਲੇ ਪੁੱਛੇ ਵਾਤ । ਸਚ ਸਿੰਘਾਸਣ ਹਰਿ ਨਿਰੰਕਾਰ । ਛੱਬੀ ਪੋਹ ਕਰ ਤਿਆਰ । ਆਪ ਰਖਾਏ ਦਰ ਸੱਚੇ ਦਰਬਾਰ । ਗੁਰਮੁਖਾਂ ਸਾਚੀ ਬਣਤ ਬਣਾਏ, ਲੋਕਮਾਤ ਕਰ ਵਿਚਾਰ । ਕਲਜੁਗ ਸੋਏ ਸੰਤ ਉਠਾਏ ਸਾਧਾਂ ਕਰਾਏ ਖ਼ਬਰਦਾਰ । ਆਪ ਆਪਣੇ ਕੰਠ ਲਗਾਏ, ਜੁਗਾਂ ਜੁਗਾਂ ਦੇ ਵਿਛੜੇ ਵੀਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਡੇਰਾ ਲਾਏ, ਛੱਬੀ ਪੋਹ ਕਾਇਆ ਤਜ, ਜੋਤ ਸਰੂਪੀ ਕਰ ਅਕਾਰ । ਸਚ ਸਿੰਘਾਸਣ ਹਰਿ ਸੁਲਤਾਨ । ਸ਼ਬਦ ਸਵਾਸਣ ਵਡ ਮਿਹਰਬਾਨ । ਪੁਰਖ ਅਬਿਨਾਸ਼ਣ ਨੌਜਵਾਨ । ਜੋਤ ਪ੍ਰਕਾਸ਼ਣ ਨੌਂ ਖੰਡ ਪ੍ਰਿਥਮੀ, ਦੀਪਕ ਜੋਤੀ ਇਕ ਮਹਾਨ । ਜਨ ਭਗਤਾਂ ਆਤਮ ਨਿਜ ਘਰ ਰੱਖੇ ਵਾਸਨ, ਦੇਵੇ ਨਾਮ ਸੱਚਾ ਪੀਣ ਖਾਣ । ਮਾਨਸ ਜਨਮ ਕਰੇ ਰਹਿਰਾਸਨ, ਸਤਾਰਾਂ ਹਾੜੀ ਖ਼ੁਸ਼ੀ ਮਨਾਣ । ਪ੍ਰਗਟ ਹੋਏ ਘਨਕਪੁਰ ਵਾਸਨ, ਵਡ ਦਾਤਾ ਜੋਧਾ ਸੂਰਾ ਬਲਵਾਨ । ਲੱਖ ਚੁਰਾਸੀ ਦੇਵੇ ਫਾਸਨ, ਮੇਟ ਮਿਟਾਏ ਜੀਵ ਸ਼ੈਤਾਨ । ਕਰੇ ਖੇਲ ਪੁਰਖ ਅਬਿਨਾਸ਼ਣ, ਨਾ ਕੋਈ ਜਾਣੇ ਜੀਵ ਜਹਾਨ । ਜਨ ਭਗਤਾਂ ਹੋਏ ਦਾਸ ਦਾਸਨ, ਜੋਤੀ ਸ਼ਬਦ ਹਰਿ ਭਗਵਾਨ । ਜੂਠੇ ਝੂਠੇ ਅੰਤਮ ਨਾਸਨ, ਸ਼ਬਦ ਮਾਰੇ ਏਕਾ ਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਸਚ ਤਖ਼ਤ ਸੁਲਤਾਨ ਬਿਰਾਜੇ, ਵਡ ਰਾਜਾ ਸ਼ਾਹ ਸੁਜਾਨ । ਵਡ ਸ਼ਹਾਨਾ ਹਰਿ ਮਿਹਰਬਾਨ । ਜੋਤੀ ਬਾਣਾ ਸ਼ਬਦੀ ਗਾਨਾ, ਰਸਨਾ ਰੱਖੇ ਤੀਰ ਕਮਾਨ । ਖਿਚੀ ਆਏ ਰਾਜਾ ਰਾਣਾ, ਨਾ ਕੋਈ ਰਹੇ ਸੁਘੜ ਸਿਆਣ । ਸੋਹੰ ਸ਼ਬਦ ਰਖਾਏ ਸਾਚੀ ਆਨ । ਨਿਹਕਲੰਕ ਪਹਿਰੇ ਬਾਣਾ, ਨਾ ਕੋਈ ਰੱਖੇ ਵੰਞ ਮੁਹਾਣਾ, ਪੁਰੀਆਂ ਲੋਆਂ ਸੰਸਾਰ ਸਾਗਰ ਇਕ ਉਡਾਨ । ਏਕਾ ਛਤਰ ਸੀਸ ਝੁਲਾਣਾ, ਸੱਤਰ ਬਹੱਤਰ ਭੇਵ ਚੁਕਾਣਾ, ਜਗੇ ਜੋਤ ਕੋਟਨ ਭਾਨ । ਇਕ ਇਕੱਤਰ ਆਪ ਅਖਵਾਣਾ, ਸੋਹੰ ਮੰਤਰ ਜਾਪ ਜਪਾਣਾ, ਗੁਰਮੁਖ ਬਿਠਾਏ ਵਿਚ ਬਿਬਾਣਾ, ਸਾਚਾ ਝੁਲੇ ਇਕ ਨਿਸ਼ਾਨ । ਦਰ ਘਰ ਸਾਚੇ ਸਾਚਾ ਮਾਣਾ, ਨਾਮ ਰਸ ਪੀਣਾ ਖਾਣਾ, ਸਾਚਾ ਮੇਲ ਸ੍ਰੀ ਭਗਵਾਨ । ਲੱਖ ਚੁਰਾਸੀ ਤਣਿਆ ਤਾਣਾ, ਰਾਜਾ ਰਾਣਾ ਜਿਸ ਫਸਾਣਾ, ਸਾਧ ਸੰਤ ਸਰਬ ਪਛਤਾਨ । ਨਿਹਕਲੰਕੀ ਪਹਿਰੇ ਬਾਣਾ, ਸ਼ਬਦ ਸਰੂਪੀ ਡੰਕ ਵਜਾਣਾ, ਰਾਓ ਰੰਕ ਇਕ ਕਰਾਨਾ, ਏਕਾ ਆਪ ਵਡ ਪ੍ਰਤਾਪ, ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਸਿਖ ਸਾਚੇ ਸੰਤ ਜਨਾਂ, ਚਰਨ ਦਵਾਰੇ ਪੈਜ ਸਵਾਰੇ, ਦਰਗਹਿ ਸਾਚੀ ਰਖਾਵੇ ਲੋਕਮਾਤ ਮਾਣ । ਲੋਕਮਾਤ ਹਰਿ ਮਲਾਹ । ਪਾਰ ਕਰਾਏ ਫੜ ਫੜ ਬਾਂਹ । ਨਾ ਕੋਈ ਜਪਾਏ ਔਖਾ ਨਾਂ । ਇਕ ਦਰਸ ਦਏ ਦਿਖਾ । ਕਰ ਤਰਸ ਮਿਟਾਏ ਹਰਸ, ਬੇੜਾ ਬੰਨ੍ਹੇ ਦੇਵੇ ਲਾ । ਅੰਮ੍ਰਿਤ ਮੇਘ ਦੇਵੇ ਬਰਸ, ਸ਼ਬਦੀ ਜੋਤੀ ਠੰਡੀ ਛਾਂ । ਜੋਤੀ ਜੋਤ ਸਰੂਪ ਹਰਿ, ਸਦਾ ਸੁਹੇਲਾ ਸਾਚਾ ਮੇਲਾ ਇਕ ਇਕੇਲਾ, ਆਪੇ ਪਿਤਾ ਆਪੇ ਮਾਂ । ਮਾਤ ਪਿਤ ਹਰਿ ਮਾਈ ਬਾਪ । ਜੋਤ ਸਰੂਪੀ
੭੦੩ ਵਡ ਪ੍ਰਤਾਪ । ਸੋਹੰ ਜਪਾਏ ਸਾਚਾ ਜਾਪ । ਕਲਜੁਗ ਚੜ੍ਹਿਆ ਹੰਕਾਰੀ ਤਾਪ । ਸ੍ਰਿਸ਼ਟ ਸਬਾਈ ਸਾਚੀ ਥਾਪਣਾ ਰਿਹਾ ਥਾਪ । ਚਾਰੋਂ ਕੁੰਟ ਹੋਏ ੭੦੩
੦੪ ਖੁਆਰੀ, ਨਾ ਕੋਈ ਜਾਣੇ ਆਪਣਾ ਆਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਫੇਰੇ ਸ਼ਬਦ ਤਿੱਖੀ ਆਰੀ, ੦੪
ਆਪ ਉਤਾਰੇ ਕੋਟਨ ਪਾਪ । ਕੋਟਨ ਪਾਪ ਦੇਵੇ ਲਾਹ । ਧੁਰਦਰਗਾਹੀ ਸਚ ਮਲਾਹ । ਲੱਖ ਚੁਰਾਸੀ ਫਾਹ ਕਟਾ । ਗੁਰਮੁਖ ਕਰ ਸ਼ਬਦ ਸਵਾਸੀ, ਅੰਤਮ ਵੇਲੇ ਲਏ ਬਚਾ । ਬੇਮੁਖ ਜੀਵ ਮਦਿਰਾ ਮਾਸੀ, ਦਰ ਦਵਾਰੇ ਦਏ ਦੁਰਕਾ । ਜੋਤ ਨਿਰੰਜਣ ਪੁਰਖ ਅਬਿਨਾਸ਼ੀ, ਸਾਚੀ ਜੋਤ ਮਾਤ ਪ੍ਰਗਟਾ । ਪ੍ਰਗਟ ਹੋਏ ਘਨਕਪੁਰ ਵਾਸੀ, ਰਾਓ ਉਮਰਾਓ ਪ੍ਰਭ ਲਏ ਜਗਾ । ਵਾਰੀ ਆਏ ਪੰਡਤ ਕਾਂਸ਼ੀ, ਸ਼ਬਦ ਸੁਨੇਹੜਾ ਦਏ ਘਲਾ । ਵੇਦ ਪੁਰਾਨਾਂ ਕਰੇ ਦਾਸੀ, ਸੋਹੰ ਸਾਚਾ ਸ਼ਬਦ ਜਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਰਿਹਾ ਬਣਾ । ਕਲਜੁਗ ਤੇਰੀ ਕਾਲੀ ਸ਼ਾਹੀ, ਆਤਮ ਤ੍ਰਿਸ਼ਨਾ ਰਹੀ ਆਗ । ਜੂਠੀ ਝੂਠੀ ਮਾਇਆ ਫਾਹੀ, ਸਾਧਾ ਸੰਤਾਂ ਆਤਮ ਲਾਏ ਦਾਗ਼ । ਸਾਚਾ ਦਰ ਦਵਾਰਾ ਕੋਈ ਦੀਸੇ ਨਾਹੀ, ਜੂਠੇ ਝੂਠੇ ਦਿਸਣ ਕਾਗ । ਹਰਿ ਵੇਖ ਵਖਾਣੇ ਥਾਉਂ ਥਾਈਂ, ਨਾ ਕੋਈ ਸੋਹਿਲਾ ਸਾਚਾ ਰਾਗ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵੇਰ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਸ਼ਬਦ ਲਾਏ ਜਾਗ । ਗੁਰਮੁਖ ਸਾਚਾ ਇਕ ਦੁਲਾਰਾ । ਪ੍ਰਭ ਅਬਿਨਾਸ਼ੀ ਪਾਏ ਸਾਰਾ । ਵੇਖ ਵਖਾਣੇ ਸਰਬ ਕੁਛ ਜਾਣੇ, ਆਦਿਨ ਅੰਤਾ ਨਰ ਨਿਰੰਕਾਰਾ । ਸਾਚਾ ਦਰ ਇਕ ਸੁਹਾਏ, ਕਰੇ ਖੇਲ ਜਗ ਅਪਾਰਾ । ਸੋਏ ਜਗਾਏ ਰਾਜੇ ਰਾਣੇ, ਸ਼ਬਦ ਚਲਾਏ ਤਿੱਖਾ ਆਰਾ । ਇਕ ਰਖਾਏ ਆਪਣੇ ਭਾਣੇ, ਨਾ ਕੋਈ ਭੁੱਲੇ ਜੀਵ ਗਵਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਇਕ ਵਖਾਣੇ ਸੱਚਾ ਦਰਬਾਰਾ । ਸਚ ਦਰਬਾਰਾ ਧੁਰਦਰਗਾਹੀ । ਲੱਖ

ਚੁਰਾਸੀ ਜਿਸ ਅੰਤਮ ਕਲ ਕਟਣੀ ਫਾਹੀ । ਮੇਟ ਮਿਟਾਏ ਮਦਿਰਾ ਮਾਸੀ, ਦਰ ਦਵਾਰਾ ਕੋਈ ਦੀਸੇ ਨਾਹੀ । ਖਿਚ ਲਿਆਏ ਪ੍ਰਭ ਪੰਡਤ ਕਾਸ਼ੀ, ਜੋਤੀ ਅਗਨ ਰਿਹਾ ਜਲਾਈ । ਪ੍ਰਗਟ ਹੋਏ ਘਨਕਪੁਰ ਵਾਸੀ, ਦੂਸਰ ਕੋਈ ਦੀਸੇ ਨਾਹੀ । ਮਾਨਸ ਜਨਮ ਹੋਏ ਰਹਿਰਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਸਾਚੀ ਸੇਵ ਕਮਾਈ । ਸਾਚੀ ਸੇਵਾ ਆਪ ਲਗਾਏ । ਅੰਮ੍ਰਿਤ ਫਲ ਵਡ ਦੇਵੀ ਦੇਵਾ, ਏਕਾ ਨਾਮ ਰਸ ਖਵਾਏ । ਕੌਸਤਕ ਮਨੀ ਮਸਤਕ ਥੇਵਾ, ਸ਼ਬਦ ਰੰਗਣ ਤਨ ਚੜ੍ਹਾਏ । ਪ੍ਰਭ ਅਬਿਨਾਸ਼ੀ ਗਾਇਣ ਜਿਹਵਾ, ਦਰ ਘਰ ਸਾਚੇ ਮਾਣ ਰਖਾਏ । ਮਿਲਿਆ ਪ੍ਰਭ ਅਲਖ ਅਭੇਵਾ, ਚਰਨ ਸਰਨ ਜਨ ਸਾਚੇ ਲਾਏ । ਬਿਰਥਾ ਜਾਏ ਨਾ ਮਾਤ ਸੇਵਾ, ਦਰ ਦਰਬਾਰੇ ਜੋ ਮਾਤ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਤਮ ਝੋਲੀ ਦੇਵੇ ਭਰ, ਸ਼ਬਦ ਭੰਡਾਰ ਰਿਹਾ ਵਰਤਾਏ । ਸ਼ਬਦ ਭੰਡਾਰ ਹਰਿ ਵਰਤਾਰ । ਕਰੇ ਖੇਲ ਨਿਆਰੀ ਪਹਿਲੀ ਵਾਰੀ, ਲੱਖ ਚੁਰਾਸੀ ਹੋਏ ਦੁਖਿਆਰੀ, ਧਰਤੀ ਦੱਬੀ ਪਾਪਾਂ ਭਾਰ । ਦਰ ਘਰ ਸਾਚੇ ਕਰੇ ਪੁਕਾਰੀ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਵੇਖ ਵਖਾਣੇ ਨੈਣ ਮੁੰਧਾਰੀ, ਪ੍ਰਗਟ ਹੋਏ ਵਿਚ ਸੰਸਾਰ । ਜੋਤੀ ਖੇਲ ਅਪਰ ਅਪਾਰੀ, ਸ਼ਬਦ ਖੰਡਾ ਤਿੱਖੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਇਕ ਕਮਾਇਆ, ਧਰਤ ਮਾਤ ਤੇਰਾ ਧਰਮ ਰਖਾਇਆ, ਕਲਜੁਗ ਤੇਰੀ ਅੰਤਮ ਵਾਰ । ਜਗਤ ਧਰਮ ਸਾਚਾ ਨਾਤਾ । ਲਿਖੇ ਕਰਮ ਪੁਰਖ ਬਿਧਾਤਾ । ਸਤਿਜੁਗ ਸਾਚੇ ਤੇਰਾ ਸਾਚਾ ਜਨਮ, ਕਲਜੁਗ ਮਿਟੇ ਅੰਧੇਰੀ ਰਾਤਾ । ਕਲਜੁਗ ਜੀਵ ਭੁੱਲੇ ਭਰਮ, ਨਾ ਕੋਈ ਜਾਣੇ ਪਿਤਾ ਮਾਤਾ । ਦੂਈ ਦਵੈਤੀ ਆਤਮ ਵਰਮ, ਨਾ ਕੋਈ ਵੇਖੇ ਇਕ ਇਕਾਂਤਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਪ੍ਰਗਟ ਹੋਏ ਕਮਲਾਪਾਤਾ । ਭਗਤ ਭਗਵਾਨ ਕਮਲਾਪਤ । ਚਰਨ ਬੰਧਾਏ ਚਰਨ ਪ੍ਰੀਤ ਏਕਾ ਨਤ । ਗੁਰਮੁਖ ਸਾਚੇ ਸੇਵਾ ਲਾਏ, ਸ਼ਬਦ ਦੇਵੇ ਸਾਚੀ ਮਤ । ਪੰਦਰਾਂ ਪੋਹ ਦਿਵਸ ਸੁਹਾਏ, ਸਚ ਦਰਬਾਰੇ ਪਾਈ ਛੱਤ । ਜਗਤ ਜਗਦੀਸ਼ ਪ੍ਰਭ ਲੇਖੇ ਲਾਏ, ਧਰਤ ਮਾਤ ਮੁਖ ਚਵਾਈ ਰੱਤ । ਭਰਮ ਭੁਲੇਖੇ ਹਰਿ ਕਢਾਏ, ਰਾਜੇ ਰਾਣਿਆਂ ਪਾਈ ਨੱਥ । ਲੋਕਮਾਤ ਸੋਏ ਜਗਾਏ, ਸ੍ਰਿਸ਼ਟ ਸਬਾਈ ਰਿਹਾ ਮੱਥ । ਪ੍ਰਭ ਅਬਿਨਾਸ਼ੀ ਗਏ ਭੁਲਾਏ, ਅੰਤਮ ਸੀਆਂ ਆਏ ਸਾਢੇ ਤਿੰਨ ਹੱਥ । ਸਿੰਘ ਮਨਜੀਤ ਹਰਿ ਜਗਤ ਵਡਿਆਏ, ਕਲਜੁਗ ਚਲਾਇਆ ਅੰਤਮ ਰਥ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਭਾਈਆਂ ਮੇਲ ਮਿਲਾਇਆ, ਸ਼ਬਦ ਦਿੱਤੀ ਸਾਚੀ ਵਥ ।

### ❋ ੨੧ ਪੋਹ ੨੦੧੧ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❋

ਸੱਚ ਮੰਡਲ ਸ਼ਬਦ ਰਹਿਰਾਸ । ਵਿਚ ਵਰਭੰਡ ਪੁਰਖ ਅਬਿਨਾਸ਼ । ਵੇਖ ਵਖਾਣੇ ਹਰਿ ਨਵ ਖੰਡ, ਜੋਤ ਸਰੂਪੀ ਕਰ ਪ੍ਰਕਾਸ਼ । ਸ਼ਬਦ ਉਠਾਏ ਚੰਡ ਪ੍ਰਚੰਡ, ਚਾਰ ਕੁੰਟ ਕਰਾਏ ਦਾਸੀ ਦਾਸ । ਲੱਖ ਚੁਰਾਸੀ ਪਾਏ ਵੰਡ, ਵੇਖ ਵਖਾਣੇ ਪ੍ਰਿਥਮੀ ਅਕਾਸ਼ । ਕਲਜੁਗ ਔਧ ਅੰਤ ਗਈ ਹੰਢ, ਬੇਮੁਹਾਣਾ ਹੋਏ ਨਾਸ । ਬੇਮੁਖ ਜੀਵਾਂ ਆਤਮ ਹੋਈ ਰੰਡ, ਭੁੱਲਿਆ ਹਰਿ ਸਰਬ ਗੁਣਤਾਸ । ਜਨ ਭਗਤਾਂ ਹਰਿ ਪਾਏ ਠੰਡ, ਦੇਵੇ ਦਰਸ ਹਰਿ ਸ਼ਾਹੋ ਸ਼ਾਬਾਸ਼ । ਬੇਮੁਖਾਂ ਸਿਰ ਚੁਕੀ ਪਾਪਾਂ ਪੰਡ, ਸਚ ਨਾਉਂ ਨਾ ਦਿਸੇ ਕਿਸੇ ਪਾਸ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ,

੭੦੪
੦੪

ਲੋਕਮਾਤ ਹਰਿ ਜੋਤ ਧਰ, ਗੁਰਮੁਖਾਂ ਪੂਰ ਕਰਾਏ ਆਸ । ਗੁਰਮੁਖਾਂ ਪੁੰਨੀ ਆਸ ਚਰਨ ਵਣਜਾਰਿਆ । ਦੇਵੇ ਸ਼ਬਦ ਨਾਮ ਧੁਨੀ, ਖੋਲ੍ਹੇ ਬੰਦ ਕਵਾੜਿਆ । ਸਚ ਪੁਕਾਰ ਧੁਰਦਰਗਾਹ ਪ੍ਰਭ ਸਾਚੇ ਸੁਣੀ, ਦੇਵੇ ਅੰਮ੍ਰਿਤ ਸਾਚੀ ਧਾਰਿਆ । ਕਲਜੁਗ ਤੇਰੀ ਅੰਤਮ ਵੇਖੇ, ਕਰੇ ਖੇਲ ਹਰਿ ਕਰਤਾਰਿਆ । ਸ੍ਰਿਸ਼ਟ ਸਬਾਈ ਛਾਣ ਪੁਣ, ਗੁਰਮੁਖਾਂ ਲੱਭਾ ਲਾਲ ਇਕ ਦੁਲਾਰਿਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਨਿਰਗੁਣ ਸਰਗੁਣ ਖੇਲ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰਿਆ । ਕਰੇ ਖੇਲ ਅਪਰ ਅਪਾਰਾ । ਦੀਪਾਂ ਲੋਆਂ ਪਾਵੇ ਸਾਰਾ । ਅਵਰ ਨਾ ਜਾਣੇ ਜੀਵ ਜੰਤ ਗਵਾਰਾ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਬੇਮੁਖਾਂ ਜੜ੍ਹ ਉਖਾੜੇ ਪਹਿਲੀ ਹਾੜਾ । ਗੁਰਮੁਖਾਂ ਆਤਮ ਬੀਜ ਸਾਚਾ ਬੋਏ । ਧਰਤ ਮਾਤ ਤੇਰਾ ਫੁੱਲ ਫੁਲਵਾੜਾ । ਹਰਿ ਜੋਤ ਜਗਤ ਪ੍ਰਕਾਸ਼ । ਵਰਨ ਗੋਤ ਏਕਾ ਰਾਸ । ਹਰਿ ਜੋਤ ਹਰਿ ਭਗਤ ਜਗਤ ਵਾਸ । ਹਰਿ ਜੋਤ ਸ਼ਬਦ ਚਲਾਏ ਸਵਾਸ ਸਵਾਸ । ਹਰਿ ਜੋਤ ਗੁਰਮੁਖ ਵਡਿਆਏ, ਦਇਆ ਕਮਾਏ ਮਾਤ ਪਤਾਲ ਅਕਾਸ਼ । ਹਰਿ ਜੋਤ ਸਦ ਡਗਮਗਾਏ, ਆਦਿ ਅੰਤ ਨਾ ਜਾਏ ਵਿਨਾਸ । ਹਰਿ ਜੋਤ ਪ੍ਰਭ ਲੋਕਮਾਤ ਧਰਾਏ, ਵੇਖ ਵਖਾਣੇ ਦਹਿ ਦਿਸ਼ ਦਸ ਮਾਸ । ਹਰਿ ਵੇਖ ਵਖਾਣੇ ਚਾਰ ਕੁੰਟ ਰਾਜੇ ਰਾਣੇ, ਸ਼ਬਦ ਤੀਰ ਇਕ ਚਲਾਏ । ਆਪ ਕਰਾਏ ਬੇਮੁਹਾਨੇ, ਨੇਤਰ ਨੀਰ ਰਹੇ ਵਹਾਏ । ਪੁਰਖ ਅਬਿਨਾਸ਼ੀ ਨਾ ਮਾਤ ਪਛਾਣੇ, ਬਾਲਕ ਮਾਤਾ ਸੀਰ ਛੁਡਾਏ । ਕਰੇ ਕਰਾਏ ਖੇਲ ਆਪਣੇ ਭਾਣੇ, ਸ੍ਰਿਸ਼ਟ ਸਬਾਈ ਚੀਰ ਵਖਾਏ । ਬੇਮੁਖ ਜੀਵ ਭੁੰਨੇ ਜਿਉਂ ਭਠਿਆਲੇ ਦਾਣੇ, ਗੁਰਮੁਖਾਂ ਆਤਮ ਹਉਮੇ ਪੀੜ ਕਢਾਏ । ਏਕਾ ਦੇਵੇ ਆਤਮ ਸੱਚਾ ਨਾਮ ਬ੍ਰਹਮ ਗਿਆਨੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਡ ਬਲੀ ਬਲਵਾਨੇ । ਵਡ ਬਲੀ ਬਲਵਾਨ ਜਗਤ ਉਧਾਰਿਆ । ਅੱਠੇ ਪਹਿਰ ਨੌਜਵਾਨ, ਸਾਚਾ ਰੰਗ ਸੱਚੇ ਕਰਤਾਰਿਆ । ਲੱਖ ਚੁਰਾਸੀ ਪਕੜ ਪਛਾੜੇ ਬੇਈਮਾਨ, ਖਿਚ ਲਿਆਏ ਚਰਨ ਦਵਾਰਿਆ । ਪ੍ਰਗਟ ਹੋਏ ਵਾਲੀ ਦੋ ਜਹਾਨ, ਕਲਜੁਗ ਤੇਰੀ ਅੰਤਮ ਵਾਰਿਆ । ਮੇਟ ਮਿਟਾਏ ਅੰਜ਼ੀਲ ਕੁਰਾਨ, ਹੋਏ ਖੁਆਰੀ ਸੰਗ ਚਾਰ ਯਾਰਿਆ । ਆਪ ਵਖਾਣੇ ਸਰਬ ਕਿਛ ਜਾਣੇ ਵੇਦ ਪੁਰਾਨਿਆ । ਖਾਣੀ ਬਾਣੀ ਜੁਗ ਚੌਥੇ ਰਾਣੀ, ਅੰਤਮ ਵੇਲੇ ਹੋਏ ਬੇਮੁਹਾਨਿਆ । ਮਾਇਆ ਰਾਣੀ ਹੋਈ ਪ੍ਰਧਾਨੀ, ਭੁਲਾਏ ਜੀਵ ਜੰਤ ਨਿਧਾਨਿਆ । ਪ੍ਰਭ ਅਬਿਨਾਸ਼ੀ ਸ਼ਬਦ ਚਲਾਏ ਏਕਾ ਤੀਰ, ਲੱਖ ਚੁਰਾਸੀ ਨਾਮ ਵਖਾਣਿਆ । ਚਾਰੋਂ ਕੁੰਟ ਕਰਾਏ ਵਹੀਰ, ਰਾਜੇ ਛਡ ਛਡ ਭੱਜਣ ਰਾਣੀਆਂ । ਇਕ ਦੂਜੇ ਦੇ ਵਿਛੜਨ ਵੀਰ, ਛੁੱਟੇ ਸੰਗ ਰਾਜੇ ਰਾਣਿਆਂ । ਮਾਰੇ ਸ਼ਬਦ ਜ਼ੰਜ਼ੀਰ, ਮੰਗੇ ਲੇਖਾ ਹਰਿ ਸ਼ਾਹ ਸਾਚਾ ਬਾਣੀਆ । ਵੇਖ ਵਖਾਣੇ ਹਸਤ ਕੀੜ, ਊਚ ਨੀਚ ਸਰਬ ਕੁਛ ਜਾਣਿਆ । ਧਰਤ ਮਾਤ ਤੇਰੀ ਬੰਨ੍ਹੇ ਬੀੜ, ਪ੍ਰਗਟ ਹੋਏ ਨਿਹਕਲੰਕ ਬਲੀ ਬਲਵਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਸਾਚੀ ਬਣਤ ਬਣਾਏ, ਸਾਚਾ ਸ਼ਬਦ ਚਲਾਏ ਕਰ ਕਰ ਮਿਹਰ ਵਡ ਮਿਹਰਬਾਨਿਆ । ਮਾਤ ਪਿਤ ਨਾ ਕੋਈ ਭੈਣ ਭਰਾਤਾ । ਸਰਬ ਜੀਆਂ ਕਾ ਏਕਾ ਦਾਤਾ । ਅੰਮ੍ਰਿਤ ਧਾਰ ਕਰ ਪਿਆਰ, ਲੱਖ ਚੁਰਾਸੀ ਬੂੰਦ ਸਵਾਂਤਾ । ਮਾਨਸ ਦੇਹੀ ਕੀਤਾ ਅਕਾਰ ਵਿਚ ਸੰਸਾਰ, ਜੀਆ ਦਾਨ ਦੇਵੇ ਸਚ ਸੁਗਾਤਾ । ਆਤਮ ਜੋਤੀ ਹਰਿ ਭਗਵਾਨ, ਸਦਾ ਅਡੋਲ ਰਹੇ ਇਕਾਂਤਾ । ਬਿਰਧ ਬਾਲ ਅੰਞਾਣਿਆਂ ਕਰੇ ਪਛਾਣ, ਨਾ ਵੇਖੇ ਜਾਤ ਪਾਤਾ । ਮਾਨਸ ਦੇਹੀ ਦੇਵੇ ਮਾਣ, ਆਪੇ ਪਿਤਾ ਆਪੇ ਮਾਤਾ । ਜੋਤੀ ਜੋਤ ਸਰੂਪ ਹਰਿ, ਧੁਰਦਰਗਾਹੀ ਜਗਤ ਮਲਾਹੀ,

੭੦੫
੦੪

ਨੂਰ ਜੋਤੀ ਸ਼ਬਦੀ ਨਾਤਾ । ਹਰਿ ਚਰਨ ਨਾਤ ਸੱਚੀ ਸਰਨਾਈਆ । ਮਿਲੇ ਸ਼ਬਦ ਸੱਚੀ ਦਾਤ, ਜਗਤ ਵਡਿਆਈਆ । ਆਤਮ ਮਿਟੇ ਅੰਧੇਰੀ ਰਾਤ, ਦੀਪਕ ਜੋਤੀ ਇਕ ਜਗਾਈਆ । ਗੁਰਮੁਖ ਸਾਚੇ ਆਤਮ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਘਟ ਘਟ ਵਾਸ, ਆਤਮ ਸੇਜਾ ਆਸਣ ਲਾਈਆ । ਅੰਤਮ ਵੇਲੇ ਕਰੇ ਬੰਦ ਖਲਾਸ, ਮਾਨਸ ਦੇਹੀ ਭਗਤ ਸਨੇਹੀ, ਸਾਚੇ ਲੇਖ ਲਿਖਾਈਆ । ਧਰਮ ਰਾਏ ਦੀ ਕਟੇ ਫਾਸੀ, ਰਸਨਾ ਤਜਾਏ ਮਦਿਰਾ ਮਾਸੀ, ਸ਼ਬਦ ਧਾਰ ਇਕ ਰਖਾਈਆ । ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸ਼ੀ, ਜੋਤੀ ਜੋਤ ਸਰੂਪ ਹਰਿ, ਏਕਾ ਰੰਗਣ ਆਤਮ ਨਾਮ ਚੜ੍ਹਾਈਆ । ਆਤਮ ਰੰਗੇ ਰੰਗ ਚਲੂਲ । ਸ੍ਰਿਸ਼ਟ ਸੁਹੇਲਾ ਸਾਚਾ ਮੇਲਾ, ਪ੍ਰਭ ਅਬਿਨਾਸ਼ੀ ਨਾ ਜਾਏ ਭੂਲ । ਕਲਜੁਗ ਅੰਤਮ ਦਿਸੇ ਵੇਲਾ, ਮੇਲ ਮਿਲਾਵਾ ਹਰਿ ਸਾਚਾ ਕੰਤ ਕੰਤੂਹਲ । ਏਕਾ ਸ਼ਬਦ ਏਕਾ ਧਾਰ । ਏਕਾ ਗੁਰ ਏਕਾ ਚੇਲ, ਕਾਇਆ ਮੰਦਰ ਮਹੱਲ ਅਟੱਲ, ਜੋਤੀ ਨੂਰ ਹਰਿ ਉਜਿਆਰ । ਨਾ ਕੋਈ ਕਰੇ ਵਲ ਛਲ, ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਜਲ ਥਲ, ਜੋਤੀ ਨੂਰ ਹਰਿ ਉਜਿਆਰ । ਨਾ ਕੋਈ ਸਾਚੇ ਸੰਤਾਂ ਪਾਏ ਸਾਰ । ਲੋਕਮਾਤ ਬਣਾਏ ਸਾਚੀ ਬਣਤਾ, ਮਿਲੇ ਵਡਿਆਈ ਜੀਵ ਜੰਤਾ, ਮੰਗੇ ਮੰਗ ਦਰ ਭਿਖਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਦੇਵੇ ਸਾਚਾ ਨਾਮ ਵਰ, ਆਤਮ ਭਰਿਆ ਰਹੇ ਨਾਮ ਭੰਡਾਰ । ਨਾਮ ਭੰਡਾਰਾ ਦੇਵੇ ਵੰਡ । ਗੁਰਮੁਖਾਂ ਆਤਮ ਰੱਖੇ ਠੰਡ । ਆਦਿ ਅੰਤ ਨਾ ਦੇਵੇ ਕੰਡ । ਆਤਮ ਹੋਏ ਨਾ ਕਦੇ ਰੰਡ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਖਾਣੇ ਸਰਬ ਕਿਛ ਜਾਣੇ, ਉਤਭੁਜ ਸੇਹਤਜ ਜੇਰਜ਼ ਅੰਡ । ਜੁਗ ਜੁਗ ਧਾਰੇ ਭੇਖ ਭਗਤ ਭਗਵਾਨਿਆ । ਜੋਤੀ ਨੂਰਾ ਹਰਿ ਮਹਾਨਿਆ । ਜੁਗ ਜੁਗ ਧਾਰੇ ਭੇਖ, ਸਾਚਾ ਰੰਗ ਇਕ ਰੰਗਾਨਿਆ । ਚਿੱਟੇ ਅਸਵ ਕਸੇ ਤੰਗ, ਵਡ ਬਲੀ ਬਲਵਾਨਿਆ । ਜੁਗ ਜੁਗ ਧਾਰੇ ਭੇਖ, ਸ਼ਬਦ ਵਜਾਏ ਇਕ ਮਰਦੰਗ, ਹੱਥੀਂ ਬੰਨ੍ਹੇ ਨਾਮ ਗਾਨਿਆ । ਜੁਗ ਜੁਗ ਧਾਰੇ ਭੇਖ, ਤ੍ਰੈ ਲੋਆਂ ਆਏ ਲੰਘ, ਜੰਗਲ ਜੂਹ ਉਜਾੜ ਪਹਾੜ ਬੀਆਬਾਨਿਆ । ਜੁਗ ਜੁਗ ਧਾਰੇ ਭੇਖ, ਆਪ ਨਿਭਾਏ ਆਪਣਾ ਸੰਗ, ਗੁਰਮੁਖ ਚਤੁਰ ਸੁਘੜ ਸਿਆਨਿਆ । ਜੁਗ ਜੁਗ ਧਾਰੇ ਭੇਖ, ਬੇਮੁਖ ਭੰਨੇ ਕਾਚੀ ਵੰਗ, ਮੇਟ ਮਿਟਾਏ ਜੀਵ ਸ਼ੈਤਾਨਿਆ । ਜੁਗ ਜੁਗ ਧਾਰੇ ਭੇਖ, ਦੂਰ ਦੁਰਾਡਾ ਏਕਾ ਸੱਚਾ ਸੰਗ, ਕਲਜੁਗ ਭੁੱਲ ਨਾ ਜੀਵ ਨਾਦਾਨਿਆ । ਜੁਗ ਜੁਗ ਧਾਰੇ ਭੇਖ, ਮਾਨਸ ਜਨਮ ਨਾ ਹੋਏ ਭੰਗ, ਦੇਵੇ ਨਾਮ ਸੱਚੀ ਨਿਸ਼ਾਨੀਆਂ । ਜੁਗ ਜੁਗ ਧਾਰੇ ਭੇਖ, ਸ਼ਬਦ ਚੜ੍ਹਾਏ ਸਾਚੀ ਕੰਗ, ਰੋੜ੍ਹ ਰੁੜ੍ਹਾਏ ਵੇਦ ਪੁਰਾਨਿਆ । ਜੁਗ ਜੁਗ ਧਾਰੇ ਭੇਖ, ਜਨ ਭਗਤਾਂ ਕਟੇ ਭੁੱਖ ਨੰਗ, ਆਤਮ ਦੇਵੇ ਅੰਮ੍ਰਿਤ ਸਾਚਾ ਜਾਮ ਹੋਏ ਬ੍ਰਹਮ ਗਿਆਨਿਆ । ਜੁਗ ਜੁਗ ਧਾਰੇ ਭੇਖ, ਹਰਿ ਸੰਤ ਦੁਲਾਰੇ ਲਏ ਵੇਖ, ਨਾ ਕੋਈ ਲਾਏ ਦਾਮ, ਦੇਵੇ ਦਾਤ ਨਾਮ ਨਿਸ਼ਾਨੀਆ । ਕਲਜੁਗ ਧਾਰੇ ਭੇਖ, ਸੋਹੰ ਸ਼ਬਦ ਦੇਵੇ ਵਡ ਕਰਾਮਾਤ ਜੋਤੀ ਜਗੇ ਨੂਰ ਮਹਾਨਿਆ । ਜੁਗ ਜੁਗ ਧਾਰੇ ਭੇਖ, ਮੇਲ ਮਿਲਾਵਾ ਹਰਿ ਬਹੁ ਭਾਂਤ, ਮਸਤਕ ਧੂੜੀ ਜਿਸ ਜਨ ਚਰਨ ਛੁਹਾਨਿਆ । ਜੁਗ ਜੁਗ ਧਾਰੇ ਭੇਖ, ਮੇਟ ਮਿਟਾਏ ਕਲ ਅੰਧੇਰੀ ਰਾਤ, ਦੀਪਕ ਜੋਤੀ ਇਕ ਜਗਾਨਿਆ । ਜੁਗ ਜੁਗ ਧਾਰੇ ਭੇਖ, ਸਦ ਵਸੇ ਇਕ ਇਕਾਂਤ, ਗੁਰਮੁਖਾਂ ਦੱਸੇ ਸਚ ਨਿਸ਼ਾਨੀਆਂ । ਜੁਗ ਜੁਗ ਧਾਰੇ ਭੇਖ, ਨਾ ਕੋਈ ਪਿਤਾ ਨਾ ਕੋਈ ਮਾਤ, ਭੈਣ ਭਾਈ ਨਾ ਕੋਈ ਰਖਾਨਿਆਂ । ਜੁਗ ਜੁਗ ਧਾਰੇ ਭੇਖ, ਲੋਕਮਾਤ ਮਾਰ ਝਾਤ, ਜੋਤੀ ਜੋਤ ਸਰੂਪ ਹਰਿ, ਸ਼ਬਦ ਤੀਰ ਚਲਾਏ ਏਕਾ ਕਾਨੀਆ । ਜੁਗ ਜੁਗ ਧਾਰੇ ਭੇਖ, ਮਹਾਰਾਜ

੭੦੬
੦੪

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਵਾਰ ਸੋਹੰ ਚਲਾਏ ਸਾਚੀ ਬਾਣੀਆ । ਜੁਗ ਜੁਗ ਧਾਰੇ ਭੇਖ, ਵਕਤ ਸੁਹਾਇੰਦਾ । ਹਰਿਜਨ
ਨੇਤਰ ਲੈਣਾ ਪੇਖ, ਵਕਤ ਸੁਹਾਇੰਦਾ । ਆਤਮ ਸ਼ਬਦ ਲਾਈ ਸਾਚੀ ਮੇਖ, ਨਾ ਕੋਈ ਬਾਹਰ ਕਢਾਇੰਦਾ । ਵੇਖ ਵਖਾਣੇ ਔਲੀਏ ਪੀਰ ਸ਼ੇਖ਼,
ਅੱਗੇ ਹੋ ਨਾ ਕੋਈ ਛੁਡਾਇੰਦਾ । ਕਲਜੁਗ ਜੂਠਾ ਝੂਠਾ ਦਿਸੇ ਭੇਖ, ਨਰ ਨਾਰੀ ਹਰਿ ਸਮਝਾਇੰਦਾ । ਆਪੇ ਲਿਖੇ ਸਾਚੇ ਲੇਖ, ਜਨ ਭਗਤਾਂ
ਬਣਤ ਬਣਾਇੰਦਾ । ਲੱਖ ਚੁਰਾਸੀ ਵਿਚੋਂ ਵੇਖ, ਚਰਨ ਪ੍ਰੀਤੀ ਨਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਜੁਗਾਂ ਜੁਗਾਂ ਦੇ ਵਿਛੜੇ ਕਲਜੁਗ ਅੰਤਮ ਮੇਲ ਮਿਲਾਇੰਦਾ । ਮਿਲਿਆ ਮੇਲ ਹਰਿ ਬਨਵਾਰਾ । ਜੁਗ ਜੁਗ ਧਾਰੇ ਭੇਖ, ਵੇਖ ਵਖਾਣੇ
ਸਰਬ ਸੰਸਾਰਾ । ਪੂਰਬ ਜਨਮ ਰਿਹਾ ਵੇਖ, ਮਸਤਕ ਲਿਖੀ ਸਾਚੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ,
ਗੁਰਮੁਖ ਸਾਚੇ ਸੰਤ ਜਨਾਂ, ਆਤਮ ਖੋਲ੍ਹੇ ਬੰਦ ਕਵਾੜਾ । ਖੋਲ੍ਹੇ ਬੰਦ ਕਵਾੜ ਬਜ਼ਰ ਕਪਾਟਿਆ । ਸ਼ਬਦ ਘੋੜੇ ਪ੍ਰਭ ਸਾਚੇ ਦੇਵੇ ਚਾੜ੍ਹ, ਪੂਰ ਕਰਾਏ
ਪਿਛਲਾ ਘਾਟਿਆ । ਦਰ ਘਰ ਸਾਚੇ ਦੇਵੇ ਵਾੜ, ਬਖ਼ਸ਼ੇ ਦਾਤ ਆਤਮ ਜੋਤੀ ਇਕ ਮਹਾਨਿਆ । ਜਗੇ ਜੋਤ ਬਹੱਤਰ ਨਾੜ, ਦੂਈ ਦਵੈਤੀ ਪੜਦਾ
ਪਾਇਆ, ਕਲਜੁਗ ਮਾਇਆ ਪ੍ਰਭ ਦੇਵੇ ਸਾੜ, ਗੁਰਮੁਖ ਸਾਚੇ ਰਸਨਾ ਰਸ, ਚਰਨ ਸਰਨ ਗੁਰ ਚੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ, ਲੋਕਮਾਤ ਖੁਲ੍ਹਾਏ ਏਕਾ ਸਾਚਾ ਹੱਟ । ਏਕਾ ਹੱਟ ਭਗਤ ਵਣਜਾਰਾ । ਸ਼ਬਦ ਪਹਿਨਾਏ
੭੦੭ ਸਾਚਾ ਪੱਟ, ਕਰੇ ਤਨ ਸ਼ਿੰਗਾਰਾ । ਜੋਤੀ ਜਗੇ ਕਾਇਆ ਮੱਟ, ਮਿਟੇ ਅੰਧ ਅੰਧਿਆਰਾ । ਨਾ ਕੋਈ ਜਾਣੇ ਰਾਗੀ ਨਾਦੀ ਭਟ, ਸ਼ਬਦ ਸੁਰੰਗਾ ੭੦੭
੦੪ ਇਕ ਸਿਤਾਰਾ । ਗੁਰਮੁਖ ਵਿਰਲੇ ਸਾਚਾ ਲਾਹਾ ਲੈਣ ਖੱਟ, ਮਿਲੇ ਮੇਲ ਕੰਤ ਭਤਾਰਾ । ਆਪੇ ਮੇਟੇ ਕਾਇਆ ਦੂਈ ਦਵੈਤੀ ਫੱਟ, ਅੰਮ੍ਰਿਤ ਬਖ਼ਸ਼ੇ ੦੪
ਠੰਡੀ ਧਾਰਾ । ਨਾ ਕੋਈ ਤੀਰਥ ਨਾ ਕੋਈ ਤਟ, ਏਕਾ ਬਖ਼ਸ਼ੇ ਗੁਰਚਰਨ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ
ਸੰਤ ਜਨਾਂ, ਬੰਨ੍ਹੇ ਸੱਚੀ ਦਸਤਾਰਾ । ਜੁਗ ਜੁਗ ਧਾਰੇ ਭੇਖ ਕਰਮ ਕਮਾਇੰਦਾ । ਸਤਿਜੁਗ ਲਾਏ ਸਾਚੀ ਮੇਖ, ਧਰਤ ਸਤਿ ਹਰਿ ਉਪਜਾਇੰਦਾ ।
ਨਰ ਨਰਾਇਣਾ ਨੇਤਰ ਨੈਣਾਂ ਵੇਖ, ਪਾਰਬ੍ਰਹਮ ਅਚੁਤ ਆਪਣੇ ਭਾਣੇ ਸਦ ਸਮਾਇੰਦਾ । ਲੱਖ ਚੁਰਾਸੀ ਮਿਟਾਏ ਰੇਖ, ਬੇਮੁਖਾਂ ਵੱਢੇ ਨੱਕ ਗੁੱਤ, ਅੱਗੇ
ਹੋ ਨਾ ਕੋਈ ਛੁਡਾਇੰਦਾ । ਕਲਜੁਗ ਜੂਠਾ ਝੂਠਾ ਦਿਸੇ ਭੇਖ, ਨਰ ਨਾਰੀ ਹਰਿ ਸਮਝਾਇੰਦਾ । ਆਪੇ ਲਿਖੇ ਸਾਚੇ ਲੇਖ, ਜਨ ਭਗਤਾਂ ਬਣਤ
ਬਣਾਇੰਦਾ । ਲੱਖ ਚੁਰਾਸੀ ਵਿਚੋਂ ਵੇਖ, ਚਰਨ ਪ੍ਰੀਤੀ ਨਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੁਗਾਂ ਜੁਗਾਂ ਦੇ ਵਿਛੜੇ, ਕਲਜੁਗ ਅੰਤਮ ਮੇਲ ਮਿਲਾਇੰਦਾ । ਮਿਲਿਆ ਮੇਲ ਹਰਿ ਬਨਵਾਰਾ । ਜੁਗ ਜੁਗ ਧਾਰੇ ਭੇਖ, ਵੇਖ ਵਖਾਣੇ ਸਰਬ
ਸੰਸਾਰਾ । ਪੂਰਬ ਜਨਮ ਕਰਮ ਪ੍ਰਭ ਰਿਹਾ ਵੇਖ, ਮਸਤਕ ਲਿਖੀ ਸਾਚੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ
ਨਰ, ਗੁਰਮੁਖ ਸਾਚੇ ਸੰਤ ਜਨਾਂ, ਖੋਲ੍ਹੇ ਬੰਦ ਕਵਾੜਾ । ਖੋਲ੍ਹੇ ਬੰਦ ਕਵਾੜ ਬਜ਼ਰ ਕਪਾਟਿਆ । ਸ਼ਬਦ ਘੋੜੇ ਪ੍ਰਭ ਦੇਵੇ ਚਾੜ੍ਹ, ਪੂਰ ਕਰਾਏ
ਪਿਛਲਾ ਘਾਟਿਆ । ਦਰ ਘਰ ਸਾਚੇ ਦੇਵੇ ਵਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਪੜਦਾ ਪਾਟਿਆ । ਆਤਮ ਤ੍ਰਿਸ਼ਨਾ ਲੱਗੀ
ਭੁੱਖ , ਅੰਮ੍ਰਿਤ ਮੇਘ ਨਾ ਕੋਈ ਬਰਸਾਇੰਦਾ । ਕਲਜੁਗ ਸੁੱਕਾ ਕਾਇਆ ਰੁੱਖ, ਬਿਨ ਗੁਰ ਪੂਰੇ ਨਾ ਕੋਈ ਹਰਾ ਕਰਾਇੰਦਾ । ਗੁਰਮੁਖਾਂ ਕਰਾਏ

ਉਜਲ ਮੁਖ, ਸ਼ਬਦ ਰਾਗ ਸਚ ਧੁਨੀ ਨਾਦ ਹਰਿ ਸੁਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸੱਚਾ ਵਰ, ਸਾਚੇ ਦਰ ਦਵਾਰ ਆਪ ਬਹਾਇੰਦਾ । ਸ਼ਬਦ ਗਹਿਣਾ ਤਨ ਸ਼ਿੰਗਾਰ । ਗੁਰ ਸੰਗਤ ਲੈਣਾ ਚਰਨ ਪਿਆਰ । ਭਾਣਾ ਸਹਿਣਾ ਖ਼ੁਸ਼ੀ ਅਪਾਰ । ਦਰਸ਼ਨ ਕਰ ਕਰ ਸਾਚੇ ਨੈਣਾ, ਆਤਮ ਤ੍ਰਿਖਾ ਲੈਣੀ ਨਿਵਾਰ । ਸਾਚਾ ਸ਼ਬਦ ਰਸਨਾ ਕਹਿਣਾ, ਸੋਹੰ ਸਤਿਜੁਗ ਸਾਚੀ ਧਾਰ । ਸਚ ਦਵਾਰਾ ਏਕਾ ਰਹਿਣਾ, ਕਲਜੁਗ ਭੁੱਲੇ ਜੀਵ ਗਵਾਰ । ਲੱਖ ਚੁਰਾਸੀ ਖਾਏ ਲਾੜੀ ਮੌਤ ਡੈਣਾ, ਨਾ ਕੋਈ ਕਰੇ ਮਾਤ ਉਧਾਰ । ਨਾਤਾ ਤੁੱਟਾ ਭਾਈ ਭੈਣਾਂ, ਕਲਜੁਗ ਤੇਰੀ ਅੰਤਮ ਵਾਰ । ਸਾਚਾ ਸ਼ਬਦ ਤਨ ਪਾਏ ਚੋਲਾ, ਨਾਮ ਢੋਲਾ ਹਰਿ ਚਰਨ ਸਰਨ ਗੁਰਮੁਖ ਬਣਾਏ ਪ੍ਰਭ ਸਾਚਾ ਗੋਲਾ । ਚੁਕਾਏ ਮਰਨ ਡਰਨ, ਧੁਰਦਰਗਾਹੀ ਸਚ ਵਿਚੋਲਾ । ਖੁਲ੍ਹਾਏ ਹਰਨ ਫਰਨ, ਲੋਕਮਾਤ ਬਣ ਸਾਚਾ ਤੋਲਾ । ਕਰੋੜ ਤੇਤੀਸਾ ਵਡ ਦੇਵੀ ਦੇਵਾ ਪਾਣੀ ਭਰਨ, ਸੁਰਪਤ ਰਾਜੇ ਇੰਦ ਵਿਆਹੇ ਤੇਰਾ ਬੋਲਾ । ਪ੍ਰਗਟ ਹੋਇਆ ਤਰਨੀ ਤਰਨ, ਸ਼ਬਦ ਰਖਾਏ ਏਕਾ ਡੋਲਾ । ਆਪੇ ਜਾਣੇ ਕਰਨੀ ਕਰਨ, ਸਚ ਦਵਾਰਾ ਕੁੰਡਾ ਖੋਲ੍ਹਾ । ਗੁਰਮੁਖ ਸਾਚੇ ਆਏ ਸਰਨ, ਏਕਾ ਸ਼ਬਦ ਸੁਣਾਏ ਸੋਹੰ ਸਾਚਾ ਬੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਰਖਾਏ ਪੜਦਾ ਉਹਲਾ । ਸ਼ਬਦ ਡੋਰੀ ਰਸਨਾ ਗੀਤ । ਆਤਮ ਲਾਹੇ ਉਦਾਸੀ, ਮਿਲੇ ਸਾਚਾ ਮੀਤ । ਦੇਵੇ ਦਰਸ ਘਨਕਪੁਰ ਵਾਸੀ, ਕਾਇਆ ਕਰੇ ਠੰਡੀ ਸੀਤ । ਮਾਨਸ ਜਨਮ ਕਰੇ ਰਹਿਰਾਸੀ, ਕਲਜੁਗ ਅਚਰਜ਼ ਚਲਾਏ ਰੀਤ । ਬੇਮੁਖ ਜੀਵ ਕਰਨ ਹਾਸੀ, ਲੱਭਦੇ ਫਿਰਨ ਮੰਦਰ ਗੁਰਦਵਾਰੇ ਮਸੀਤ । ਸਚ ਮੰਡਲ ਦੀ ਸਾਚੀ ਰਾਸੀ, ਲੱਖ ਚੁਰਾਸੀ ਪਰਖੇ ਨੀਤ । ਹੱਥ ਨਾ ਆਏ ਪੰਡਤ ਕਾਸ਼ੀ, ਗੁਰਮੁਖ ਵਿਰਲੇ ਮਾਨਸ ਜਨਮ ਗਏ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਟਾਏ ਜਮ ਕੀ ਫਾਸੀ, ਏਕਾ ਬਖ਼ਸ਼ੇ ਚਰਨ ਪ੍ਰੀਤ । ਚਰਨ ਪ੍ਰੀਤੀ ਪੁਰਖ ਸੁਜਾਨਾ । ਸਾਚੀ ਰੀਤੀ ਵਿਚ ਜਹਾਨਾ । ਕਾਇਆ ਅਤੀਤੀ ਪ੍ਰਭ ਚਰਨ ਧਿਆਨਾ । ਕਲਜੁਗ ਔਧ ਗਈ ਕਲ ਬੀਤੀ, ਨਾ ਕੋਈ ਮਿਲੇ ਮਾਤ ਟਿਕਾਣਾ । ਸਤਿਜੁਗ ਚੱਲੇ ਸਾਚੀ ਰੀਤੀ, ਆਪ ਚਲਾਏ ਵਾਲੀ ਦੋ ਜਹਾਨਾਂ । ਮੇਟ ਮਿਟਾਏ ਮੰਦਰ ਮਸੀਤੀ, ਇਕ ਚਲਾਏ ਸ਼ਬਦ ਬਾਣਾ । ਅੰਮ੍ਰਿਤ ਧਾਰ ਗੁਰਮੁਖ ਸਾਚੇ ਆਤਮ ਪੀਤੀ, ਮਿਟੇ ਅੰਧੇਰ ਅੰਧ ਅੰਧਿਆਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਘਰ ਸੋਹੰ ਸ਼ਬਦ ਸਾਚਾ ਗਾਣਾ । ਸਾਚਾ ਗਾਨਾ ਬੰਨ੍ਹੇ ਮਨ । ਭਰਮ ਭੁਲੇਖਾ ਕੱਢੇ ਜੰਨ । ਧਰਮ ਰਾਏ ਨਾ ਮੰਗੇ ਲੇਖਾ, ਰਸਨਾ ਕਹੇ ਧੰਨ ਧੰਨ । ਮਸਤਕ ਲਿਖੀ ਸਾਚੀ ਰੇਖਾ, ਗੁਰਮੁਖਾਂ ਬੇੜਾ ਰਿਹਾ ਬੰਨ੍ਹ । ਸ਼ਬਦ ਸਰੂਪੀ ਧਾਰੇ ਭੇਖਾ, ਸੋਹੰ ਨਾਮ ਸੁਣਾਏ ਕੰਨ । ਕਲਜੁਗ ਜੀਵ ਰਹੇ ਵੇਖੀ ਵੇਖਾ, ਆਤਮ ਹੋਈ ਅੰਨ੍ਹ । ਆਪ ਮੁਕਾਏ ਅਗਲਾ ਪਿਛਲਾ ਲੇਖਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੇੜਾ ਰਿਹਾ ਬੰਨ੍ਹ । ਕਲਜੁਗ ਖੇਲ ਅਪਾਰ ਬਣਤ ਬਣਾਇੰਦਾ । ਸਤਿਜੁਗ ਸਾਚੀ ਧਾਰ ਜਗਤ ਧਰਾਇੰਦਾ । ਵੇਖ ਵਖਾਏ ਕਰ ਵਿਚਾਰ, ਨਾ ਕੋਈ ਬੂਜ ਬੁਝਾਇੰਦਾ । ਰਾਜੇ ਰਾਣੇ ਕਰ ਖੁਆਰ, ਸ਼ਬਦ ਮਾਰੇ ਡਾਹਢੀ ਮਾਰ, ਭਰਮ ਭੁਲੇਖਾ ਦੂਰ ਕਰਾਇੰਦਾ । ਕਾਇਆ ਤਨ ਕਰੇ ਸ਼ਿੰਗਾਰ, ਸੋਹੰ ਸ਼ਬਦ ਹਰਿ ਅਪਾਰ, ਸਾਚਾ ਬਾਣਾ ਹਰਿ ਪਹਿਨਾਇੰਦਾ । ਮੇਟ ਮਿਟਾਏ ਚਾਰ ਯਾਰ, ਸੰਗ ਮੁਹੰਮਦ ਹੋਏ ਖੁਆਰ, ਈਸਾ ਮੂਸਾ ਢਾਹੇ ਢੇਰ ਕਰਾਇੰਦਾ । ਫੜ ਹੱਥ ਸ਼ਬਦ ਕਟਾਰ, ਤਿੱਖੀ ਰੱਖੀ ਹਰਿ ਜੀ ਧਾਰ, ਲੱਖ ਚੁਰਾਸੀ ਮਦਿਰਾ ਮਾਸੀ, ਪਾਰ ਕਰਾਇੰਦਾ । ਪ੍ਰਗਟ

੭੦੮
੦੪

ਹੋਏ ਘਨਕਪੁਰ ਵਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਆਪਣੀ ਆਪ ਕਰਾਇੰਦਾ । ਲਿਖਤ ਲੇਖਾ ਲਿਖਣਹਾਰ । ਜੋਤੀ ਜਾਮਾ ਖੇਲ ਅਪਾਰ । ਮਾਣਕ ਮੋਤੀ ਗੁਰਮੁਖ ਸਾਚੇ, ਸਾਚੇ ਧਾਮ ਆਪ ਬਣਾਏ ਸੋਹਣਾ ਹਾਰ । ਕਰੇ ਪ੍ਰਕਾਸ਼ ਕੋਟਨ ਭਾਨਾ, ਲੋਕਮਾਤ ਕਰ ਉਜਿਆਰ । ਸ਼ਬਦ ਬੰਨ੍ਹੇ ਹੱਥੀਂ ਗਾਨਾ, ਛੱਬੀ ਪੋਹ ਦਿਵਸ ਵਿਚਾਰ । ਮਾਰੇ ਤੀਰ ਰਾਜਾ ਰਾਣਾ, ਝੂਠਾ ਦਿਸੇ ਘਰ ਬਾਹਰ । ਵਾਲੀ ਹਿੰਦ ਬੇਮੁਹਾਣਾ, ਪ੍ਰਭ ਸ਼ਬਦ ਕਰੇ ਖ਼ਬਰਦਾਰ । ਗੁਰਮੁਖ ਸਾਚਾ ਆਪ ਉਠਾਨਾ, ਬਣ ਕੇ ਰਹੇ ਪਹਿਰੇਦਾਰ । ਸ਼ਬਦ ਘੋੜਾ ਇਕ ਰਖਾਨਾ, ਚਾਰੇ ਕੁੰਟਾਂ ਵੇਖੇ ਵਾਰੋ ਵਾਰ । ਨਾਮ ਤੋੜਾ ਇਕ ਲਗਾਨਾ, ਸਚ ਸੱਚੀ ਦਸਤਾਰ । ਕਲਗੀ ਜੋੜਾ ਇਕ ਬਣਾਨਾ, ਗੁਰਮੁਖ ਤੇਰੀ ਆਤਮ ਪਿਆਰ । ਪ੍ਰਭ ਅਬਿਨਾਸ਼ੀ ਸੀਸ ਟਿਕਾਨਾ, ਕਲਜੁਗ ਕਰਨਾ ਅੰਤ ਵਿਹਾਰ । ਆਪੇ ਛੱਡੇ ਪੀਣਾ ਖਾਣਾ, ਜਗਤ ਜੀਣਾ ਸਾਚੀ ਧਾਰ । ਲੱਖ ਚੁਰਾਸੀ ਤਣਿਆ ਤਾਣਾ, ਨਾ ਕੋਈ ਜਾਣੇ ਜੰਤ ਗਵਾਰ । ਆਪੇ ਵਰਤੇ ਆਪਣਾ ਭਾਣਾ, ਨਿਹਕਲੰਕ ਕਲ ਲਏ ਅਵਤਾਰ । ਹਰਿਜਨ ਸਾਚਾ ਸੁਘੜ ਸਿਆਣਾ, ਦਰ ਘਰ ਸਾਚੇ ਲਏ ਵਾੜ । ਪ੍ਰਭ ਅਬਿਨਾਸ਼ੀ ਪੜਦਾ ਪਾਣਾ, ਲੱਖ ਚੁਰਾਸੀ ਨਾਤਾ ਤੁੱਟੇ ਸਤਾਰਾਂ ਹਾੜ । ਦਰ ਘਰ ਸਾਚਾ ਗੁਰਮੁਖ ਵਿਰਲੇ ਮਾਣਾ । ਲੱਖ ਚੁਰਾਸੀ ਧਰਮ ਰਾਏ ਦੀ ਦੇਵੇ ਫਾਸੀ, ਸ੍ਰਿਸ਼ਟ ਸਬਾਈ ਦਾੜ੍ਹਾਂ ਹੇਠ ਚਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਆਤਮ ਮੰਗਲ ਸਾਚੀ ਰਾਸ ਵਿਚ ਪ੍ਰਭਾਸ ਦੱਸੇ ਇਕ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਗ ਆਪ ਨਿਭਾਏ ਚੜ੍ਹਾਏ ਸ਼ਬਦ ਬਿਬਾਣਾ । ਸ਼ਬਦ ਬਿਬਾਣਾ ਭਗਤ ਭਗਵਾਨ । ਇਕ ਟਿਕਾਣਾ ਜੋਤ ਮਹਾਨ । ਨਾ ਕੋਈ ਜਾਣੇ ਰਾਜਾ ਰਾਣਾ, ਝੂਠੇ ਝੁੱਲਣ ਜਗਤ ਨਿਸ਼ਾਨ । ਗੁਰਮੁਖ ਮੰਨੇ ਸਾਚਾ ਭਾਣਾ, ਆਤਮ ਜੋਤੀ ਮੇਲ ਮਿਲਾਨ । ਆਪ ਚੁਕਾਏ ਜਮ ਕੀ ਕਾਨਾ, ਲੱਖ ਚੁਰਾਸੀ ਫੰਦ ਕਟਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਰਮਈਆ ਰਾਮਾ ਕ੍ਰਿਸ਼ਨਾ ਸ਼ਾਮਾ ਹਰਿ ਭਗਵਾਨ । ਕਰਨ ਕਾਰਨ ਜੋਗ ਹਰਿ ਸਮਰਥ ਹੈ । ਸਚ ਰਸ ਪ੍ਰਭ ਚਰਨ ਲੈਣਾ ਭੋਗ, ਮੌਤ ਰਾਣੀ ਪ੍ਰਭ ਪਾਏ ਨੱਥ ਹੈ । ਤੋੜੇ ਨਾਤਾ ਜਗਤ ਵਿਜੋਗ, ਸਿਰ ਰੱਖੇ ਦੇ ਕਰ ਹੱਥ ਹੈ । ਮੇਲ ਮਿਲਾਵਾ ਸ਼ਬਦ ਸੰਜੋਗ, ਦੇਵੇ ਦਾਤ ਸਾਚੀ ਵਥ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਚਲਾਏ ਕਾਇਆ ਸੱਚਾ ਰਥ ਹੈ । ਸਾਚਾ ਰਥ ਹਰਿ ਸਮਰਥ ਚਲਾਇੰਦਾ । ਪੁਰਖ ਅਬਿਨਾਸ਼ੀ ਅਕੱਥਨਾ ਅਕਥ, ਸਾਚੀ ਵਥ ਝੋਲੀ ਪਾਇੰਦਾ । ਲੇਖੇ ਲਾਏ ਸੀਆਂ ਸਾਢੇ ਤਿੰਨ ਹੱਥ, ਮਾਨਸ ਜਾਮਾ ਰਮਈਆ ਰਾਮਾ, ਆਪਣੇ ਹੱਥ ਰਖਾਇੰਦਾ । ਹਰਿਆ ਕਰੇ ਸੁੱਕਾ ਚਾਮਾ, ਨਾ ਕੋਈ ਮੰਗੇ ਹਰਿ ਜੀ ਦਾਮਾ, ਆਪਣੀ ਦਇਆ ਕਮਾਇੰਦਾ । ਗੁਰ ਚਰਨ ਸੇਵਾ ਸਾਚੇ ਧਾਮਾ, ਮਾਨਸ ਦੇਹੀ ਬਖ਼ਸ਼ੇ ਜਾਮਾ, ਸੋਇਆ ਪੂਤ ਫੇਰ ਜਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੋਰੀ ਆਪਣੀ ਹੱਥੀਂ ਆਪ ਬੰਨ੍ਹਾਇੰਦਾ । ਸ਼ਬਦ ਡੋਰੀ ਪ੍ਰਭ ਦੇਵੇ ਬੰਨ੍ਹ । ਖ਼ਾਕ ਨਾ ਰੁਲੇ ਕਾਇਆ ਤਨ । ਪ੍ਰਭ ਸਾਚੇ ਤੇਰੀ ਛਤਰ ਛਾਇਆ ਹੇਠ ਪਲੇ, ਬੇੜਾ ਦਿਤਾ ਬੰਨ੍ਹ । ਲੋਕਮਾਤ ਫਲੇ ਫੁਲੇ, ਧਰਮ ਰਾਏ ਨਾ ਦੇਵੇ ਡੰਨ । ਜਗੇ ਜੋਤੀ ਸਾਚੀ ਕੁਲੇ, ਰਸਨਾ ਕਹਿਣ ਧੰਨ ਧੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਆਪ ਬਲੋਏ, ਕਰੇ ਰੁਸ਼ਨਾਏ ਸਾਚੇ ਤਨ । ਤਿੰਨ ਸੌ ਸੱਠ ਹਾਡੀ ਬਹੱਤਰ ਨਾੜ । ਵਿਚ ਨਾ ਜਾਏ ਪ੍ਰਭਾਸ ਉਜਾੜ । ਅਗਨੀ ਆਂਚ ਨਾ ਦੇਵੇ ਸਾੜ । ਲਾੜੀ ਮੌਤ ਨਾ ਲੱਭੇ ਸਾਚਾ ਲਾੜ । ਆਪ ਚੜ੍ਹਾਏ ਸ਼ਬਦ ਸਾਚੀ ਪੌੜੀ, ਚਰਨ

੭੦੯
੦੪

ਬੰਧਾਏ ਸਾਚਾ ਨਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਿਤਾ ਵਰ, ਸਾਚਾ ਪੂਤ ਪਿਤਾ ਮਾਤ । ਕਲਜੁਗ ਨਾ ਮਿਲੇ ਕੋਈ ਮੀਤ ਮੁਰਾਰ । ਰੁੜ੍ਹਦਾ ਬੇੜਾ ਲਾਏ ਪਾਰ । ਜਗਤ ਸਾਗਰ ਦੂਰ ਕਿਨਾਰ । ਕਾਇਆ ਗਾਗਰ ਤੁਟਾ ਹੰਕਾਰ । ਨਿਰਮਲ ਕਰਮ ਹੋਏ ਉਜਾਗਰ, ਆਇਆ ਗੁਰ ਚਰਨ ਦਵਾਰ । ਸਾਚਾ ਬਣਿਆ ਹਰਿ ਦਰ ਸੁਦਾਗਰ, ਏਕਾ ਨਾਮ ਵਣਜ ਵਪਾਰ । ਚਾੜ੍ਹੇ ਨਾਮ ਰੰਗ ਰਤੀ ਰਤਨਾਗਰ, ਸਿਰੋਂ ਲੱਥੇ ਪਾਪਾਂ ਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸਾਚੇ ਦਰ, ਆਪ ਕਰਾਏ ਬੇੜਾ ਪਾਰ । ਕਲਜੁਗ ਮਾਇਆ ਗਈ ਛੱਡ । ਦੁਖੀ ਹੋਇਆ ਹੱਡ ਹੱਡ । ਝੂਠਾ ਲਡਾਇਆ ਲਾਡ ਲਡ । ਆਤਮ ਹੰਕਾਰੀ ਮਾਰ ਕਟਾਰੀ ਗਈ ਵੱਢ । ਆਏ ਦਰ ਗੁਰ ਚਰਨ ਦਵਾਰੀ, ਭਰਮ ਭੁਲੇਖਾ ਦੇਵੇ ਕੱਢ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸਾਚਾ ਨਾਮ ਵਰ, ਕਲਜੁਗ ਕੱਢੇ ਅੰਧੇਰੀ ਡੂੰਘੀ ਖੱਡ । ਨਾਮ ਵਰ ਸਾਚਾ ਪਾਈ ਜਾ । ਪੁਰਖ ਅਬਿਨਾਸ਼ੀ ਰਿਦੇ ਵਸਾਈ ਜਾ । ਸੋਹੰ ਸ਼ਬਦ ਸਾਚਾ ਗਾਈ ਜਾ । ਮਾਇਆ ਰਾਣੀ ਚਿੱਟੀ ਚਾਦਰ ਉਤੇ ਪਾਈ ਜਾ । ਅੱਠੇ ਪਹਿਰ ਭਰੇ ਪਾਣੀ, ਸਾਚਾ ਹੁਕਮ ਸੁਣਾਈ ਜਾ । ਕਲਜੁਗ ਅੰਤਮ ਅੰਤ ਜਗ ਦਿਸੇ ਝੂਠੀ ਤਾਣੀ, ਆਪਣੀ ਬਣਤ ਬਣਾਈ ਜਾ । ਅੰਤਮ ਵੇਲੇ ਇਕ ਆਏ ਹਿੱਸੇ, ਅਧਵਿਚਕਾਰੇ ਘੜਾ ਪਾਣੀ ਸਿਰ ਪੈਰਾਂ ਤਾਈਂ ਪਵਾਈ ਜਾ । ਅੰਤਮ ਛੱਡਣੇ ਪੈਣੇ ਹਾਣੀਆਂ ਹਾਣੀ, ਸਾਚਾ ਲੇਖਾ ਆਪ ਲਿਖਾਈ ਜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸੱਚਾ ਨਾਮ ਵਰ, ਮਾਇਆ ਰਾਣੀ ਲੜ, ਆਪਣੇ ਨਾਲ ਬੰਧਾਈ ਜਾ । ਸਤਿ ਪੁਰਖ ਅਪਰੰਪਰ ਅਪਾਰ, ਅਮਰ ਹਰਿ ਧਾਰਾ । ਸੋਹੇ ਸੀਸ ਸੱਚਾ ਪੀਤੰਬਰ, ਸ਼ਬਦ ਰੱਖੇ ਸੱਚਾ ਦਸਤਾਰਾ ਵਡ ਵੱਡਾ ਪੀਰ ਪੈਗ਼ੰਬਰ, ਨਰ ਹਰਿ ਸੱਚਾ ਅਵਤਾਰਾ । ਲੋਕਮਾਤ ਵਡ ਅਡੰਬਰ, ਲੱਖ ਚੁਰਾਸੀ ਪਸਰ ਪਸਾਰਾ । ਸ੍ਰਿਸ਼ਟ ਸਬਾਈ ਆਪ ਭਰਤੰਬਰ, ਵਿਸ਼ਨੂੰ ਬੰਸੀ ਪੁਰਖ ਅਪਾਰਾ । ਕਲਜੁਗ ਤੇਰਾ ਮਾਤ ਰਚਾਇਆ ਸਵੰਬਰ, ਸ਼ਬਦ ਸਨੇਹੀ ਜੋਤ ਅਧਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰੇ ਆਪ ਵਿਹਾਰਾ । ਕਲਜੁਗ ਰਚਿਆ ਕਾਜ ਜਗਤ ਕੁੜਮਾਈਆ । ਗੁਰਮੁਖਾਂ ਰੱਖੇ ਲਾਜ, ਬਣਤ ਬਣਾਈਆ । ਸਾਚਾ ਸਾਜਣ ਰਿਹਾ ਸਾਜ, ਪੰਚਮ ਪੋਹ ਨੀਂਹ ਰਖਾਈਆ । ਸ਼ਬਦ ਸਰੂਪੀ ਮਾਰੇ ਅਵਾਜ਼, ਗੁਰਮੁਖ ਸਾਚੇ ਸੇਵਾ ਲਾਈਆ । ਦੇਵੇ ਨਾਮ ਸਾਚਾ ਦਾਜ, ਪ੍ਰਭ ਅਬਿਨਾਸ਼ੀ ਧੁਰਦਰਗਾਹੀਆ । ਹਰਿ ਚਰਨ ਪ੍ਰੀਤੀ ਸਾਚਾ ਰਾਜ, ਝੂਠੀ ਤੋੜੇ ਮਾਇਆ ਫਾਹੀਆ । ਪ੍ਰਗਟ ਜੋਤ ਹਰਿ ਦੇਸ ਮਾਝ, ਜੋਗੀ ਜੁਗਤ ਇਕ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ ਤੇਰੀ ਸਾਚੀ ਸੇਵਾ ਲਾਈਆ । ਸਾਚੀ ਸੇਵਾ ਲਾਏ ਵਿਚ ਸੰਸਾਰ ਹੈ । ਪੰਚਮ ਪੋਹ ਲੱਗੇ ਮੇਵਾ, ਹਰਿ ਭਗਤ ਦਵਾਰ ਹੈ । ਕੌਸਤਕ ਮਨੀ ਸਾਚਾ ਥੇਵਾ, ਪ੍ਰਭ ਲਾਏ ਮਸਤਕ ਧਾਰ ਹੈ । ਕਰੇ ਖੇਲ ਅਲਖ ਅਭੇਵਾ, ਨਾ ਕੋਈ ਜਾਣੇ ਜੰਤ ਗਵਾਰ ਹੈ । ਲੱਖ ਚੁਰਾਸੀ ਗਾਏ ਰਸਨਾ ਜਿਹਵਾ, ਸਤਿਜੁਗ ਸਾਚੇ ਤੇਰੀ ਧਾਰ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਤ ਬਣਾਈ ਸੱਚੇ ਦਰਬਾਰ ਹੈ । ਸਚ ਦਰਬਾਰ ਹਰਿ ਨਿਰੰਕਾਰਿਆ । ਏਕਾ ਏਕ ਟੇਕ, ਗੁਰਮੁਖ ਗੁਰ ਚਰਨ ਦਵਾਰਿਆ । ਦੂਜੇ ਕਰੇ ਬੁਧ ਬਿਬੇਕ, ਮਾਇਆ ਸੇਕ ਤਨ ਗਵਾ ਰਿਹਾ । ਤੀਜੇ ਆਤਮ ਲਾਏ ਮੇਖ, ਲੋਇਣ ਲੋਚਣ ਆਪ ਖੁਲ੍ਹਾ ਰਿਹਾ । ਚੌਥੇ ਦਰ ਘਰ ਸਾਚੇ ਲੈਣਾ ਵੇਖ, ਸ਼ਬਦ ਰਾਗ ਹਰਿ ਸੁਣਾ ਰਿਹਾ । ਪੰਜਵੇਂ ਆਪ ਲਿਖਾਏ ਸਾਚੇ ਲੇਖ, ਗੁਰਮੁਖ ਸਾਚੇ


੭੧੦
੦੪

ਮੇਲ ਮਿਲਾ ਰਿਹਾ । ਛੇਵੇਂ ਛੇ ਘਰ ਰਿਹਾ ਵੇਖ, ਦੂਸਰ ਦਿਸ ਨਾ ਆ ਰਿਹਾ । ਸਤਵੇਂ ਸਤਿ ਸਰੂਪੀ ਧਾਰੇ ਭੇਖ, ਜੋਤੀ ਜਾਮਾ ਹਰਿ ਅਪਾਰਿਆ । ਅੱਠਵੇਂ ਉਠ ਉਠ ਲੈਣਾ ਵੇਖ, ਮਾਝੇ ਦੇਸ ਭਾਗ ਲਗਾ ਰਿਹਾ । ਨਾਵੇਂ ਨੌਂ ਦਰ ਝੂਠਾ ਭੇਖ, ਕਲਜੁਗ ਜੀਵਾਂ ਆਪ ਡੁਲਾ ਰਿਹਾ । ਦਸਵੇਂ ਘਰ ਇਕ ਵਸੇਖ, ਜੋਤੀ ਨੂਰ ਹਰਿ ਡਗਮਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ, ਆਪਣਾ ਰੰਗ ਆਪ ਵਰਤਾ ਰਿਹਾ । ਜੁਗ ਜੁਗ ਧਾਰੇ ਭੇਖ, ਹਰਿ ਨਿਰੰਕਾਰਿਆ । ਜੁਗ ਜੁਗ ਧਾਰੇ ਭੇਖ, ਸ਼ਬਦ ਅਪਾਰਿਆ । ਜੁਗ ਜੁਗ ਧਾਰੇ ਭੇਖ, ਲੱਖ ਚੁਰਾਸੀ ਵਿਚ ਪਸਾਰਿਆ । ਜੁਗ ਜੁਗ ਧਾਰੇ ਭੇਖ, ਸਤਿਜੁਗ ਤਰੇਤਾ ਦਵਾਪਰ ਪਾਰ ਉਤਾਰਿਆ । ਜੁਗ ਜੁਗ ਧਾਰੇ ਭੇਖ, ਬ੍ਰਹਮਾ ਗਿਆਨ ਦਵਾਏ ਵੇਦ ਵਿਦਾਤਾ ਰਸਨ ਉਚਾਰਿਆ । ਜੁਗ ਜੁਗ ਧਾਰੇ ਭੇਖ, ਸ਼ਿਵ ਸ਼ੰਕਰ ਸਾਚੀ ਜੋਤ ਜਗਾ ਰਿਹਾ, ਬਾਸ਼ਕ ਤਸ਼ਕਾ ਗਲ ਲਟਕਾ ਰਿਹਾ । ਜੁਗ ਜੁਗ ਧਾਰੇ ਭੇਖ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਸੰਗ ਬਹਾ ਰਿਹਾ । ਜੁਗ ਜੁਗ ਧਾਰੇ ਭੇਖ, ਭਗਤ ਧਰੂ ਬਣਾਏ ਸਾਚੀ ਬਿੰਦ, ਸਾਚਾ ਦਰ ਆਪ ਸੁਹਾ ਰਿਹਾ । ਜੁਗ ਜੁਗ ਧਾਰੇ ਭੇਖ, ਵਡ ਜੋਧਾ ਦਾਤਾ ਹਰਿ ਮਰਗਿੰਦ, ਸ਼ਬਦ ਤਾਜ ਸਿਰ ਟਿਕਾ ਰਿਹਾ । ਜੁਗ ਜੁਗ ਧਾਰੇ ਭੇਖ, ਨਰ ਹਰਿ ਹਰਿ ਨਰ ਵਡ ਮਰਗਿੰਦ, ਨਿੰਦਕ ਦੁਸ਼ਟ ਦੰਤ ਆਪ ਖਪਾ ਰਿਹਾ । ਜੁਗ ਜੁਗ ਧਾਰੇ ਭੇਖ, ਹਰਿ ਬਖ਼ਸ਼ਿੰਦ, ਗੁਰਮੁਖ ਸਾਚੇ ਮੇਲੇ ਆਪ ਕਰਾ ਰਿਹਾ । ਜੁਗ ਜੁਗ ਧਾਰੇ ਭੇਖ, ਬੇਮੁਖ ਘਲੇ ਧਰਮ ਰਾਏ ਦੀ ਜੇਲ੍ਹੇ, ਲਾੜੀ ਮੌਤ ਨਾਲ ਪਰਨਾ ਰਿਹਾ । ਜੁਗ ਜੁਗ ਧਾਰੇ ਭੇਖ, ਫਲ ਲਗਾਏ ਸਾਚੀ ਵੇਲੇ, ਪੁਰੀਆਂ ਲੋਆਂ ਆਪ ਲੰਘਾ ਰਿਹਾ । ਜੁਗ ਜੁਗ ਧਾਰੇ ਭੇਖ, ਅਚਰਜ ਖੇਲ ਮਾਤ ਪ੍ਰਭ ਖੇਲੇ, ਕਲਜੁਗ ਵੇਲਾ ਅੰਤ ਸੁਹਾ ਰਿਹਾ । ਜੁਗ ਜੁਗ ਧਾਰੇ ਭੇਖ, ਹਰਿ ਸੰਤ ਬਣਾਏ ਸਚ ਸੁਹੇਲੇ, ਸਚ ਵਡਿਆਈ ਆਪ ਦਵਾ ਰਿਹਾ । ਜੁਗ ਜੁਗ ਧਾਰੇ ਭੇਖ, ਗੁਰਮੁਖਾਂ ਚਾੜ੍ਹੇ ਨਾਮ ਤੇਲੇ, ਸ਼ਬਦ ਵਟਨਾ ਆਪ ਲਗਾ ਰਿਹਾ । ਜੁਗ ਜੁਗ ਧਾਰੇ ਭੇਖ, ਕਰੇ ਖੇਲ ਅੰਤਮ ਵੇਲੇ, ਨੇਤਰ ਸੁਰਮਾ ਇਕ ਸੁਹਾ ਰਿਹਾ । ਜੁਗ ਜੁਗ ਧਾਰੇ ਭੇਖ, ਗੁਰਮੁਖਾਂ ਸਾਚੇ ਮੇਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਗਾਨਾ ਜਗਤ ਨਿਸ਼ਾਨਾ, ਹੱਥ ਬੰਨ੍ਹਾ ਰਿਹਾ । ਸ਼ਬਦ ਗਾਨਾ ਬੰਨ੍ਹੇ ਡੋਰ । ਦਰ ਘਰ ਸਾਚੇ ਗੁਰਮੁਖ ਸਾਚੇ ਦੇਵੇ ਤੋਰ । ਨਾ ਕੋਈ ਪੁੰਨ ਨਾ ਕੋਈ ਪਾਪੇ, ਪੁਰਖ ਅਬਿਨਾਸ਼ੀ ਏਕਾ ਜਾਪੇ, ਚੁੱਕੇ ਮੋਰ ਤੋਰ । ਲੋਕਮਾਤ ਵਡ ਪ੍ਰਤਾਪੇ, ਮਿਟੇ ਅੰਧੇਰ ਘੋਰੀ ਘੋਰ । ਸੋਹੰ ਜਪਿਆ ਸਾਚਾ ਜਾਪੇ, ਦੂਰ ਕਰਾਏ ਪੰਜੇ ਚੋਰ । ਦੁੱਖ ਰੋਗ ਨਾ ਕੋਈ ਵਿਆਪੇ, ਚੜ੍ਹਿਆ ਰਹੇ ਸ਼ਬਦ ਘੋੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਕਲਜੁਗ ਤੇਰੇ ਅੰਤਮ ਵੇਲੇ ਸੱਚੀ ਮੋਹਰ । ਲਾਏ ਮੋਹਰ ਗੁਰਮੁਖ ਸਾਚੇ ਸਿੰਘ ਪਾਲ, ਕਲਜੁਗ ਹੋਏ ਅੰਧੇਰਾ ਘੋਰ । ਪ੍ਰਗਟ ਹੋਏ ਦੀਨ ਦਿਆਲ, ਲੱਖ ਚੁਰਾਸੀ ਲੁੱਟੇ, ਧਰਮ ਰਾਏ ਬਣ ਬਣ ਚੋਰ । ਕਲਜੁਗ ਜੀਵਾਂ ਭਾਗ ਨਿਖੁਟੇ, ਏਕਾ ਦਿਸੇ ਮੜ੍ਹੀ ਗੋਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਦੁਲਾਰੇ ਚਰਨ ਪਿਆਰੇ, ਫੜ ਫੜ ਬਾਹੋਂ ਰਿਹਾ ਤੋਰ । ਸਿੰਘ ਪਾਲ ਮਿਲੇ ਸਿਕਦਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਚਵੀ ਚੇਤ ਦਿਵਸ ਵਿਚਾਰੀ । ਸ਼ਬਦ ਘੋੜੇ ਕਰ ਅਸਵਾਰੀ । ਮਾਰੀ ਇਕ ਸੱਚੀ ਉਡਾਰੀ । ਬੈਠਾ ਜਾਏ ਹਰਿ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਹਰਿ ਦਿਤਾ ਵਰ, ਬ੍ਰਹਮਲੋਕ ਹਰਿ ਪੈਜ ਸਵਾਰੀ । ਬ੍ਰਹਮਲੋਕ ਗੁਰਸਿਖ ਬਹਾਇਆ । ਆਪ ਕਰਾਇਆ ਉਜਲ

ਮੁਖ, ਸਾਚਾ ਸੁਖ ਇਕ ਵਖਾਇਆ । ਆਪ ਮਿਟਾਏ ਤ੍ਰਿਸ਼ਨਾ ਭੁੱਖ, ਅੰਮ੍ਰਿਤ ਸੀਰ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਸੱਜਣ ਸੁਹੇਲਾ ਸਾਚਾ ਮੇਲਾ, ਇਕ ਇਕੇਲਾ ਆਪਣਾ ਆਪ ਕਰਾਇਆ । ਸਾਚੇ ਧਾਮ ਗੁਰਸਿਖ ਸੁਹਾਏ । ਕਲਜੁਗ ਸਾਚੀ ਰੀਤ ਚਲਾਏ । ਹਰਿਜਨ ਹਰਿ ਹਰਿ ਸਾਚਾ ਮੀਤ, ਸਾਚੀ ਬਣਤ ਰਿਹਾ ਬਣਾਏ । ਗੁਰਮੁਖ ਵਿਰਲੇ ਜਨਮ ਜਾਣਾ ਜੀਤ, ਪ੍ਰਭ ਚਰਨ ਸਾਚੀ ਸੇਵ ਕਮਾਏ । ਕਾਇਆ ਜੂਠੀ ਝੂਠੀ ਨੀਤ, ਕਲਜੁਗ ਜੀਵ ਹੋਏ ਹਲਕਾਏ । ਗੁਰਮੁਖਾਂ ਪਰਖੇ ਆਪੇ ਨੀਤ, ਸਿੰਘ ਸਵਰਨ ਸੇਵਾ ਲਾਏ । ਪ੍ਰਭ ਅਬਿਨਾਸ਼ੀ ਸਾਚਾ ਮੀਤ, ਦਰ ਦਰਬਾਨ ਆਪ ਬਹਾਏ । ਕਾਇਆ ਹੋਈ ਠੰਡੀ ਸੀਤ, ਜੋਤ ਸਰੂਪੀ ਦਰਸ਼ਨ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਰਿਹਾ ਬਣਾਏ ।

❈ ੨੫ ਪੋਹ ੨੦੧੧ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❈

ਕਲਜੁਗ ਸਾਚੀ ਧਾਰ ਵਿਚ ਸੰਸਾਰ ਹੈ । ਪ੍ਰਭ ਅਬਿਨਾਸ਼ੀ ਪਾਵੇ ਸਾਰ, ਲੱਖ ਚੁਰਾਸੀ ਵੇਖ ਵਿਚਾਰ ਹੈ । ਵੇਖ ਵਖਾਣੇ ਜੀਵ ਜੰਤ ਸਾਧ ਸੰਤ ਪੂਰਨ ਭਗਵੰਤ, ਜੋਤੀ ਜਾਮਾ ਭੇਖ ਅਪਾਰ ਹੈ । ਕਲਜੁਗ ਜੀਆਂ ਮਾਇਆ ਪਾਏ ਬੇਅੰਤ, ਭੁੱਲੇ ਜੀਵ ਗਵਾਰ ਹੈ । ਕਰੇ ਖੇਲ ਪ੍ਰਭ ਅੰਤਮ ਅੰਤ, ਸ਼ਬਦ ਘੋੜੇ ਹੋ ਅਸਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣਾ ਕਰੇ ਸਚ ਵਿਹਾਰ ਹੈ । ਸਚ ਵਿਹਾਰ ਹਰਿ ਦਾਤਾਰਿਆ । ਕਲਜੁਗ ਕਰਮ ਰਿਹਾ ਵਿਚਾਰ, ਵੇਲਾ ਅੰਤਮ ਆ ਰਿਹਾ । ਸਤਿਜੁਗ ਸਾਚੇ ਬੰਨ੍ਹੇ ਧਾਰ, ਸ਼ਬਦ ਸਹਾਰਾ ਇਕ ਕਰਾ ਰਿਹਾ । ਪੁਰੀਆਂ ਲੋਆਂ ਕਰ ਵਿਚਾਰ, ਸਾਚਾ ਢੋਆ ਇਕ ਵਖਾ ਰਿਹਾ । ਬ੍ਰਹਮਾ ਵੇਦ ਮੁਖ ਚਾਰ ਵਖਾਣੇ, ਲੇਖਾ ਆਪ ਚੁਕਾ ਰਿਹਾ । ਆਪ ਚਲਾਏ ਆਪਣੇ ਭਾਣੇ, ਜੁਗ ਛਤੀਸਾ ਆਪਣਾ ਖੇਲ ਖਿਲਾ ਰਿਹਾ । ਵੇਖ ਵਖਾਣੇ ਰਾਜੇ ਰਾਣੇ, ਬੀਸ ਇਕੀਸਾ ਨੇਤਰ ਨੀਰ ਸਰਬ ਵਹਾ ਰਿਹਾ । ਮੇਟ ਮਿਟਾਏ ਮੂਸਾ ਈਸਾ, ਸੰਗ ਮੁਹੰਮਦ ਰੁਲਾ ਰਿਹਾ । ਇਕ ਚਲਾਏ ਸ਼ਬਦ ਹਦੀਸਾ, ਖਾਣੀ ਬਾਣੀ ਭੇਵ ਚੁਕਾ ਰਿਹਾ । ਮਾਣ ਗਵਾਏ ਰਾਗ ਛਤੀਸਾ, ਨਾਰਦ ਮੁਨ ਹਰਿ ਸਮਝਾ ਰਿਹਾ । ਮਾਤ ਸੁਰਸਤੀ ਝੁਕਾਏ ਸੀਸਾ, ਹੰਕਾਰੀ ਬੀਨ ਆਪ ਭੰਨਾ ਰਿਹਾ । ਪ੍ਰਗਟ ਕਰੇ ਜੋਤ ਜਗਦੀਸ਼ਾ, ਨਿਹਕਲੰਕੀ ਭੇਖ ਵਟਾ ਰਿਹਾ । ਏਕਾ ਛਤਰ ਝੁਲਾਏ ਸਾਚੇ ਸੀਸਾ, ਵਾਲੀ ਹਿੰਦ ਆਪ ਸਮਝਾ ਰਿਹਾ । ਲੱਖ ਚੁਰਾਸੀ ਝੂਠਾ ਪੀਸਣ ਪੀਸਾ, ਗੁਰਸਿਖਾਂ ਰਾਹ ਸਾਚਾ ਇਕ ਵਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ਼ਬਦ ਬਾਣਾ ਸਾਚਾ ਰਾਣਾ, ਜਨ ਭਗਤਾਂ ਤਨ ਪਹਿਨਾ ਰਿਹਾ । ਕਲਜੁਗ ਕਾਲੀ ਰੈਣ, ਨਾ ਕੋਈ ਦੀਸੇ ਸਾਕ ਸੱਜਣ ਭਾਈ ਭੈਣ, ਆਤਮ ਜੀਵ ਪ੍ਰਭ ਹੰਕਾਰਿਆ । ਬੇਮੁਖ ਡੁੱਬੇ ਵਹਿੰਦੇ ਵਹਿਣ, ਨਾ ਦੇਵੇ ਕੋਈ ਸਹਾਰਾ, ਗੁਰਮੁਖ ਵਿਰਲਾ ਪ੍ਰਭ ਅਬਿਨਾਸ਼ੀ ਪੇਖੇ ਤੀਜੇ ਨੈਣ, ਸਤਿ ਸਰੂਪੀ ਦਰਸ ਦਿਖਾ ਰਿਹਾ । ਆਪ ਚੁਕਾਏ ਲਹਿਣ ਦੇਣ, ਆਤਮ ਝੋਲੀ ਆਪ ਭਰਾ ਰਿਹਾ । ਰਸਨਾ ਕਿਸੇ ਨਾ ਸਕੇ ਕਹਿਣ, ਨਿਹਕਲੰਕ ਸਾਚਾ ਡੰਕ ਵਜਾ ਰਿਹਾ । ਆਪ ਉਠਾਏ ਰਾਓ ਰੰਕ, ਸ਼ਬਦ ਸੁਨੇਹੜਾ ਇਕ ਘਲਾ ਰਿਹਾ । ਇਕ ਸੁਹਾਏ ਦਵਾਰ ਬੰਕ, ਵਾਲੀ ਹਿੰਦ ਹੁਕਮ ਸੁਣਾ ਰਿਹਾ । ਗੁਰਮੁਖ ਉਧਾਰੇ ਜਿਉਂ ਰਾਜਾ ਜਨਕ, ਕੌਸਤਕ ਮਣੀਆ ਮਸਤਕ ਤਿਲਕ ਲਗਾ ਰਿਹਾ । ਪ੍ਰਭ ਅਬਿਨਾਸ਼ੀ ਵਡ ਧਨ ਧਨੀਆ, ਨਾਮ ਝੋਲੀ ਹਰਿ ਭਰਾ ਰਿਹਾ ।


੭੧੨
੦੪

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਤ ਸੁਹੇਲਾ ਸਾਚਾ ਮੇਲਾ, ਵਡ ਵਡਭਾਗੀ ਏਕਾ ਰਾਗੀ ਰਾਗ ਸੁਣਾ ਰਿਹਾ । ਸ਼ਬਦ ਰਾਗੀ ਰਾਗ ਅਨਾਦ । ਗੁਰਮੁਖਾਂ ਦੇਵੇ ਸਾਚੀ ਦਾਦ । ਆਤਮ ਜੋਤੀ ਨੂਰ ਕਰਾਏ, ਸ਼ਬਦ ਚਲਾਏ ਵਿਚ ਬ੍ਰਹਿਮਾਦ । ਏਕਾ ਸਾਚੀ ਤੂਰ ਰਖਾਏ, ਪ੍ਰਭ ਅਬਿਨਾਸ਼ੀ ਮਾਧਵ ਮਾਧ । ਅੰਮ੍ਰਿਤ ਸਾਚਾ ਜਾਮ ਪਿਆਏ, ਭੇਵ ਖੁਲ੍ਹਾਏ ਬੋਧ ਅਗਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਇਕ ਵਜਾਏ ਸਾਚਾ ਨਾਦ । ਵਜਾਏ ਨਾਦ ਅੰਧ ਘੋਰ ਹੈ । ਪ੍ਰਭ ਅਬਿਨਾਸ਼ੀ ਘਨਕਪੁਰ ਵਾਸੀ, ਸਰਬ ਕਲਾ ਭਰਪੂਰ ਹੈ । ਮੇਟ ਮਿਟਾਏ ਮਦਿਰਾ ਮਾਸੀ, ਕਲਜੁਗ ਡੋਬੇ ਤੇਰਾ ਸੱਚਾ ਪੂਰ ਹੈ । ਗੁਰਮੁਖਾਂ ਕਰੇ ਬੰਦ ਖ਼ਲਾਸੀ, ਵਡ ਦਾਤਾ ਹਰਿ ਹਰਿ ਸੂਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਸਾਧ ਸੰਤ, ਸਦਾ ਸਦਾ ਸਦ ਹਾਜ਼ਰ ਹਜ਼ੂਰ ਹੈ । ਸ਼ਬਦ ਹਥੌੜਾ ਰਿਹਾ ਵੱਜ । ਹੰਕਾਰੀ ਕਾਇਆ ਕੌੜਾ ਰੀਠਾ ਰਿਹਾ ਭੱਜ । ਪ੍ਰਭ ਅਬਿਨਾਸ਼ੀ ਸਾਚਾ ਡੀਠਾ, ਜਗਤ ਤਜਾਈ ਝੂਠੀ ਲਜ । ਏਕਾ ਨਾਮ ਮਿਲੇ ਆਤਮ ਮੀਠਾ, ਅੰਮ੍ਰਿਤ ਆਤਮ ਸਰ ਸਰੋਵਰ ਪੀਣਾ ਰੱਜ । ਸਾਚਾ ਰੰਗ ਚੜ੍ਹੇ ਮਜੀਠਾ, ਕਾਇਆ ਪਰਦੇ ਰਿਹਾ ਕੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਚਾਰ ਕੁੰਟ ਚਾਰ ਚੁਫੇਰ, ਅੱਠੇ ਪਹਿਰ ਸੰਝ ਸਵੇਰੇ ਲੱਭੇ ਭੱਜ ਭੱਜ । ਬੇਮੁਖ ਸੋਇਆ ਪੈਰ ਪਸਾਰ, ਨਾ ਜਾਣੇ ਪ੍ਰਭ ਦੀ ਸਾਰ ਹੈ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪੂਰਬ ਕਰਮ ਰਿਹਾ ਵਿਚਾਰ ਹੈ । ਸਾਚੀ ਜੋਤ ਮਾਤ ਪ੍ਰਕਾਸ਼ੀ, ਕਲਜੁਗ ਅੰਧ ਅੰਧੇਰਾ ਅੰਧਿਆਰ ਹੈ । ਬੇਮੁਖ ਜੀਵ ਕਰਨ ਹਾਸੀ, ਮਦਿਰਾ ਮਾਸੀ ਕਰਨ ਖਵਾਰ ਹੈ । ਵੇਦ ਪੁਰਾਨ ਵਾਚਣ ਪੰਡਤ ਕਾਂਸ਼ੀ, ਗ੍ਰੰਥੀ ਪੰਥੀ ਬੇਮੁਹਾਰ ਹੈ । ਗੁਰਮੁਖਾਂ ਆਤਮ ਪ੍ਰਭ ਲਾਹੇ ਉਦਾਸੀ, ਆਪ ਕਟਾਏ ਜਮ ਕੀ ਫਾਸੀ, ਸ਼ਬਦ ਮਾਰੇ ਤੇਜ਼ ਕਟਾਰ ਹੈ । ਸੋਹੰ ਸ਼ਬਦ ਜਪਾਏ ਸਵਾਸ ਸਵਾਸੀ, ਮਾਨਸ ਜਨਮ ਨਾ ਆਏ ਹਾਰ ਹੈ । ਮਾਨਸ ਜਨਮ ਹੋਏ ਰਹਿਰਾਸੀ, ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਕਰ ਜਾਏ ਬੇੜਾ ਪਾਰ ਹੈ । ਪ੍ਰਗਟ ਹੋਏ ਘਨਕਪੁਰ ਵਾਸੀ, ਵਡ ਬਲੀ ਬਲਵਾਨ ਹੈ । ਗੁਰਮੁਖਾਂ ਪੂਰ ਕਰਾਏ ਆਤਮ ਰਾਸੀ, ਇਕ ਰਖਾਇਆ ਚਰਨ ਧਿਆਨ ਹੈ । ਜਨ ਭਗਤਾਂ ਹੋਇਆ ਦਾਸਨ ਦਾਸੀ, ਗੁਣਵੰਤਾ ਗੁਣ ਨਿਧਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਹਰਿ ਦਵਾਰੇ ਦੇਵੇ ਸੱਚਾ ਮਾਣ ਹੈ । ਦਰ ਘਰ ਸਾਚੇ ਦੇਵੇ ਮਾਣ ਹੈ । ਗੁਰਮੁਖ ਸਾਚੇ ਆਤਮ ਮਾਰੇ ਸ਼ਬਦ ਬਾਣ ਹੈ । ਕਲਜੁਗ ਜੀਆਂ ਭਾਂਡਾ ਕਾਚਾ, ਮਿਟੇ ਅੰਤ ਨਿਸ਼ਾਨ ਹੈ । ਗੁਰਮੁਖ ਮਿਲਿਆ ਪ੍ਰਭ ਸਾਚੋ ਸਾਚਾ, ਦੇਵੇ ਨਾਮ ਸ਼ਬਦ ਬਿਬਾਣ ਹੈ । ਬੇਮੁਖ ਆਏ ਦਰ ਤੇ ਨਾਚਾ, ਆਤਮ ਹੋਈ ਸੁੰਞ ਮਸਾਣ ਹੈ । ਗੁਰਮੁਖ ਵਿਰਲੇ ਹਿਰਦੇ ਵਾਚਾ, ਪ੍ਰਭ ਅਬਿਨਾਸ਼ੀ ਸਾਚੋ ਸਾਚਾ, ਜੋਤ ਸਰੂਪੀ ਬਹੱਤਰ ਨਾੜੀ ਰਾਚਾ, ਆਤਮ ਜੋਤੀ ਜਗੇ ਮਹਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਚਾਰ ਵਰਨਾਂ ਏਕਾ ਸਰਨਾ, ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਬੇਈਮਾਨਾਂ ਅੰਤਮ ਮਿਟੇ ਨਿਸ਼ਾਨ ਹੈ । ਆਤਮ ਰੋਵੇ ਦਏ ਦੁਹਾਈ ਹੈ । ਆਈ ਹਰਿ ਸੱਚੀ ਸ਼ਰਨਾਈ ਹੈ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਮਿਲੇ ਨਾਮ ਵਡਿਆਈ ਹੈ । ਆਤਮ ਸਾਚਾ ਨੂਰ ਧਰ, ਏਕਾ ਦੱਸੇ ਸਚ ਰੁਸ਼ਨਾਈ ਹੈ । ਦਰ ਘਰ ਆਏ ਮਿਲੇ ਸਾਚਾ ਵਰ, ਭਾਂਡਾ ਭਰਮ ਰਿਹਾ ਭੰਨਾਈ ਹੈ । ਆਪ ਨੁਹਾਏ ਸਾਚੇ ਸਰ, ਚਰਨ ਧੂੜੀ ਮਸਤਕ ਰਿਹਾ ਛੁਹਾਈ ਹੈ । ਸ਼ਬਦ

ਸੰਜੋਗੀ ਮੇਲ ਕਰ, ਚਿਤਾ ਸੋਗੀ ਸਰਬ ਗਵਾਈ ਹੈ । ਕਲਜੁਗ ਮਾਇਆ ਜਗਤ ਵਿਜੋਗ, ਕਲ ਸ਼ਬਦ ਝੋਲੀ ਤਨ ਭਰਾਈ ਹੈ । ਰਸ ਰਸਨਾ ਸਾਚਾ ਭੋਗ, ਹਰਿ ਜਗਤ ਵਿਸ ਵਖ ਕਰਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਲਾੜੀ ਜੋਤੀ ਇਕ ਪ੍ਰਨਾਈ ਹੈ । ਖੰਡ ਮੰਡਲ ਬ੍ਰਹਿਮੰਡ ਵਰਭੰਡ ਸ਼ਬਦ ਧੁਨਕਾਰ ਹੈ । ਵੇਖ ਵਖਾਣੇ ਉਤਭੁਜ ਸੇਹਤਜ ਜੇਰਜ ਅੰਡਜ, ਸਰਬ ਘਟ ਘਟਾ ਪਸਾਰ ਹੈ । ਗੁਰਮੁਖ ਸਾਚੇ ਲੋਕਮਾਤ ਨੰਗੀ ਹੋਏ ਨਾ ਕੰਡ, ਪ੍ਰਭ ਹੋਵੇ ਪਹਿਰੇਦਾਰ ਹੈ । ਸ਼ਬਦ ਦਾਤ ਪ੍ਰਭ ਰਿਹਾ ਵੰਡ, ਆਦਿਨ ਅੰਤੀ ਏਕਾ ਕਾਰ ਹੈ । ਆਪ ਉਠਾਏ ਸ਼ਬਦ ਚੰਡ ਪ੍ਰਚੰਡ, ਤਿੱਖੀ ਰੱਖੀ ਹਰਿ ਜੀ ਧਾਰ ਹੈ । ਨੌਂ ਖੰਡ ਪ੍ਰਿਥਮੀ ਪਾਏ ਵੰਡ, ਵਿਚ ਮਾਰੇ ਸ਼ਬਦ ਕਟਾਰ ਹੈ । ਕਲਜੁਗ ਔਧ ਗਈ ਕਲ ਹੰਢ, ਅੰਤਮ ਖਾਲੀ ਦਿਸੇ ਘਰ ਬਾਹਰ ਹੈ । ਆਈ ਹਾਰ ਅੰਤ ਵਰਭੰਡ, ਲੱਖ ਚੁਰਾਸੀ ਬੇਮੁਹਾਰ ਹੈ । ਕੋਈ ਨਾ ਪਾਏ ਆਤਮ ਠੰਡ, ਚਾਰੋਂ ਕੁੰਟ ਠਗ ਚੋਰ ਯਾਰ ਹੈ । ਬੇਮੁਖ ਜੀਵਾਂ ਆਤਮ ਹੋਈ ਰੰਡ, ਸਾਧ ਸੰਤ ਦੁਹਾਗਣ ਨਾਰ ਹੈ । ਗੁਰਮੁਖਾਂ ਬੰਨ੍ਹੇ ਪ੍ਰਭ ਅਬਿਨਾਸ਼ੀ ਸੋਹੰ ਨਾਮ ਸਾਚੀ ਗੰਢ, ਏਕਾ ਕਰੇ ਕਰਾਏ ਸੱਚਾ ਵਣਜ ਵਪਾਰ ਹੈ । ਧਰਮ ਰਾਏ ਨਾ ਦੇਵੇ ਦੰਡ, ਸ਼ਬਦ ਬਿਬਾਣ ਇਕ ਹੁਲਾਰ ਹੈ । ਤਿੰਨ ਲੋਆਂ ਕਰੇ ਖੰਡ ਖੰਡ, ਪ੍ਰਭ ਅਬਿਨਾਸ਼ੀ ਖੇਲ ਅਪਾਰ ਹੈ । ਬ੍ਰਹਮਲੋਕ ਪ੍ਰਭ ਪਾਈ ਵੰਡ, ਅੰਤਮ ਆਈ ਕਲਜੁਗ ਹਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਅਪਾਰ ਹੈ । ਸਾਚਾ ਹਰਿ ਦਰ ਦਵਾਰ । ਹਉਮੇ ਕੱਢੇ ਕਾਇਆ ਪੀੜ, ਏਕਾ ਬਖ਼ਸ਼ੇ ਚਰਨ ਪਿਆਰ । ਲੋਕਮਾਤ ਬੰਨ੍ਹੇ ਬੀੜ, ਮਾਨਸ ਦੇਹੀ ਪੈਜ ਸਵਾਰ । ਕਲਜੁਗ ਅੰਤਮ ਕਟੇ ਭੀੜ, ਅੱਠੇ ਪਹਿਰ ਹੋਏ ਰਖਵਾਰ । ਰੋਗ ਸੋਗ ਜਗਤ ਵਿਜੋਗ ਦਏ ਪੀੜ, ਮਾਰੇ ਇਕ ਸ਼ਬਦ ਕਟਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਆਤਮ ਅੰਦਰ ਸਾਚੇ ਮੰਦਰ, ਨੂਰੀ ਜੋਤ ਸ਼ਬਦ ਅਧਾਰ । ਨੂਰੀ ਜੋਤ ਆਤਮ ਪ੍ਰਕਾਸ਼ । ਦੁਰਮਤ ਮੈਲ ਧੋਤ, ਸ਼ਬਦ ਜਪਾਏ ਸਵਾਸ ਸਵਾਸ । ਨਾ ਕੋਈ ਜਾਣੇ ਵਰਨ ਗੋਤ, ਸਚ ਮੰਡਲ ਦੀ ਸਾਚੀ ਰਾਸ, ਮਾਣ ਰਖਾਏ ਦੁੱਧ ਪੋਤ, ਸਾਚਾ ਫਲ ਜਿਉਂ ਚੰਨਣ ਪ੍ਰਭਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਮੁਖ ਲਗਾਏ, ਪੂਰ ਕਰਾਏ ਦਰ ਆਇਆਂ ਆਸ । ਸਾਚਾ ਪ੍ਰਭ ਧਾਰੇ ਭੇਸਾ । ਨਾ ਕੋਈ ਜਾਣੇ ਪੀਰ ਫ਼ਕੀਰ ਔਲੀਆ ਸ਼ੇਖ਼ਾ । ਗੁਰਸਿਖ ਏਕਾ ਤਾਣਾ ਏਕਾ ਪੇਟਾ । ਲੱਖ ਚੁਰਾਸੀ ਰਹੀ ਵੇਖੀ ਵੇਖ, ਕਵਣ ਖੇਵਟ ਕਵਣ ਖੇਟਾ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਧਾਰੇ ਭੇਖ, ਆਪ ਬਣਾਏ ਸਾਚਾ ਬੇਟਾ । ਮਸਤਕ ਲੇਖ ਲਿਖਾਏ ਸਾਚੀ ਰੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰਾ ਭਗਤ ਭੰਡਾਰਾ, ਆਪੇ ਮਾਂ ਪਿਓ ਬੇਟਾ । ਗੁਰਮੁਖ ਸਾਚੇ ਸਾਚਾ ਹਰਿ, ਪ੍ਰਭ ਸਾਚਾ ਮੇਲ ਮਿਲਾਏ, ਹਰਿ ਅੰਮ੍ਰਿਤ ਸਾਚਾ ਸੀਰ । ਦੋਹਾਂ ਧਿਰਾਂ ਏਕਾ ਘਰ ਤੇਲ ਚੜ੍ਹਾਏ, ਸ਼ਬਦ ਬੰਨ੍ਹੇ ਹੱਥ ਕਲੀਰ । ਦਰ ਘਰ ਸਾਚੇ ਇਕ ਵਖਾਏ, ਗੁਰ ਸੰਗਤ ਸਾਚੀ ਭੈਣ ਭਾਈ ਸਾਚੇ ਵੀਰ । ਫੜ ਫੜ ਰਾਹੇ ਕਲਜੁਗ ਪਾਏ, ਨਾ ਕੋਈ ਜਾਣੇ ਸੰਤ ਫ਼ਕੀਰ । ਗੁਰਮੁਖ ਸਾਚੇ ਸੰਤ ਉਠਾਏ, ਪ੍ਰਭ ਕੱਟਣ ਆਇਆ ਭੀੜ । ਅੰਮ੍ਰਿਤ ਸਾਚਾ ਮੁਖ ਚੁਆਏ, ਕਲਜੁਗ ਵੇਲਾ ਅੰਤ ਅਖ਼ੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਧਾਰ ਵਹਾਏ, ਅੰਮ੍ਰਿਤ ਸਾਚਾ ਨੀਰ । ਅੰਮ੍ਰਿਤ ਨੀਰ ਹਰਿ ਦਵਾਰ । ਗੁਰਮੁਖ ਹਰਿ ਕਰ ਪਿਆਰ । ਦੋਹਾਂ ਮੇਲ ਏਕਾ ਧਾਰ । ਗੁਰਸਿਖਾਂ ਕਾਇਆ ਕਰੇ ਠੰਡੀ ਠਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਆਪ ਆਪਣੀ ਪਾਏ ਸਾਰ । ਦੋਵੇਂ ਹੱਥ ਰੱਖੇ ਪ੍ਰਭ ਖ਼ਾਲੀ । ਦੋ ਜਹਾਨਾਂ ਬਣੇ ਵਾਲੀ । ਕਲਜੁਗ ਜੀਵਾਂ ਬਣਿਆ ਪਾਲੀ । ਨਾ ਕੋਈ ਮੰਗੇ ਵਿਚ ਦਲਾਲੀ । ਸੋਹੰ ਸ਼ਬਦ ਮਾਲੀ । ਕਲਜੁਗ ਰੈਣ ਘਟਾ ਕਾਲੀ । ਗੁਰਮੁਖਾਂ ਪ੍ਰਭ ਦਇਆ ਕਮਾਏ, ਆਤਮ ਦੀਪਕ ਜਗੇ, ਆਤਮ ਜੋਤੀ ਸਚ ਦਿਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦਿਵਸ ਰੈਣ ਕਰੇ ਰਖਵਾਲੀ । ਨਿਰੰਕਾਰ ਨਿਰੰਕਾਰ ਨਿਰੰਕਾਰ ਜੋਤ ਪ੍ਰਕਾਸ਼ ਹੈ । ਨਿਰੰਕਾਰ ਨਿਰੰਕਾਰ ਨਿਰੰਕਾਰ ਲੋਕਮਾਤ ਪਤਾਲ ਅਕਾਸ਼ ਹੈ । ਨਿਰੰਕਾਰ ਨਿਰੰਕਾਰ ਨਿਰੰਕਾਰ ਲੱਖ ਚੁਰਾਸੀ ਰਖੇ ਵਾਸ ਹੈ । ਨਿਰੰਕਾਰ ਨਿਰੰਕਾਰ ਨਿਰੰਕਾਰ ਲੋਆਂ ਪੁਰੀਆਂ ਵੇਖ ਵਖਾਣੇ, ਜੰਗਲ ਜੂਹ ਉਜਾੜ ਪਹਾੜ ਵਿਚ ਪ੍ਰਭਾਸ ਹੈ । ਨਿਰੰਕਾਰ ਨਿਰੰਕਾਰ ਨਿਰੰਕਾਰ, ਪ੍ਰਕਾਸ਼ ਪ੍ਰਕਾਸ਼ ਪ੍ਰਕਾਸ਼, ਆਦਿ ਅੰਤ ਆਦਿ ਅੰਤ ਆਦਿ ਅੰਤ ਨਾ ਜਾਏ ਵਿਨਾਸ ਹੈ । ਪ੍ਰਕਾਸ਼ ਪ੍ਰਕਾਸ਼ ਪ੍ਰਕਾਸ਼ ਬੇਅੰਤ ਬੇਅੰਤ ਬੇਅੰਤ, ਆਪੇ ਜਾਣੇ ਆਪਣੀ ਰਾਸ ਹੈ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਨਾ ਵਰਨ ਨਾ ਗੋਤ, ਸਦਾ ਸਦਾ ਅਬਿਨਾਸ਼ ਹੈ । ਜੋਤ ਜੋਤ ਜੋਤ, ਜਗਤ ਰਹੀ ਮੌਲ ਹੈ । ਜੋਤ ਜੋਤ ਜੋਤ, ਲੋਕਮਾਤ ਤੋਲੇ ਪੂਰੇ ਤੋਲ ਹੈ । ਜੋਤ ਜੋਤ ਜੋਤ, ਗੁਰਮੁਖ ਸਾਚੇ ਸਦ ਮਾਰੇ ਝਾਤ, ਸਦ ਵਸੇ ਤੇਰੀ ਕਾਇਆ ਕੋਲ ਹੈ । ਜੋਤ ਜੋਤ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਹਿਲੀ ਜੋਤ ਹਰਿ ਜਗਾਈ, ਸਤਿਜੁਗ ਸਾਚੇ ਬਣਤ ਬਣਾਈ, ਜੋਤੀ ਨੂਰ ਦੂਣ ਸਵਾਈ, ਭਗਤ ਭਗਵੰਤੇ ਮੇਲ ਮਿਲਾਈ, ਸਾਚੇ ਕੰਤੇ ਇਕ ਵਡਿਆਈ, ਜੋਤੀ ਜੋਤ ਸਰੂਪ ਹਰਿ, ਸਾਚੇ ਘਰ ਆਪ ਸਹਾਈ ਹੈ । ਸਾਚਾ ਘਰ ਇਕ ਟਿਕਾਣਾ । ਨਾ ਕੋਈ ਜਾਣੇ ਜੰਤ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪੇ ਬੈਠੇ ਸਚ ਬਿਬਾਣਾ । ਸਚ ਬਬਾਣਾ ਹਰਿ ਦਵਾਰ । ਰੂਪ ਰੰਗ ਨਾ ਰੇਖ ਭੇਖ, ਸ਼ਬਦ ਸਹਾਰ ਅਪਾਰ । ਨਾ ਕੋਈ ਸਕੇ ਵੇਖ ਲੇਖ, ਪਵਣ ਅਸਵਾਰਾ ਸ਼ਬਦ ਅਧਾਰ । ਜੋਤੀ ਜੋਤ ਸਰੂਪ ਹਰਿ, ਦਰ ਘਰ ਸਾਚੇ ਏਕਾ ਜੋਤੀ ਕਰੇ ਅਕਾਰ । ਮਾਤਲੋਕ ਲਏ ਅਵਤਾਰਾ । ਜੁਗਾ ਜੁਗੰਤਰ ਵਾਰੋ ਵਾਰਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰਾ । ਬਰਾਹ ਰੂਪ ਯਗਯ ਪੁਰਸ਼ ਖੇਲ ਅਪਾਰਾ । ਹਾਵ ਗਰੀਵ ਚੌਥੀ ਵਾਰਾ । ਨਰਾਇਣ ਨਰ ਸਾਚੀ ਧਾਰਾ । ਕਪਲ ਮੁਨ ਰੂਪ ਨਿਆਰਾ । ਦੱਤਾ ਤ੍ਰੈ ਰਿਖਵ ਦੇਵ ਭਗਤ ਸੁਧਾਰਾ । ਪ੍ਰਿਥੂ ਵੇਖ ਪ੍ਰਭ ਸਹਾਰਾ । ਮਤਸ ਬੰਨ੍ਹੇ ਸਾਚੀ ਧਾਰਾ । ਕਛਪ ਰੂਪ ਵਿਚ ਜਲ ਧਾਰਾ । ਮੋਹਣੀ ਰੂਪ ਬਲ ਦਵਾਰਾ । ਬਾਵਨ ਭੇਖ ਭੇਖ ਭਿਖਾਰਾ । ਹੰਸਾ ਚੋਗ ਚੁਗੇ ਅਪਾਰਾ । ਨਰ ਸਿੰਘ ਜਾਮਾ ਭਗਤ ਅਧਾਰਾ । ਹਰਿ ਜੀ ਗਜ ਸਹਾਰਾ । ਨਰ ਨਰਾਇਣ ਧਰੂ ਉਧਾਰਾ । ਪਰਸ ਰਾਮ ਕਸ਼ਤਰੀ ਮਾਰਾ । ਰਾਮ ਰਮਈਆ ਰਾਵਣ ਸੰਘਾਰਾ । ਵੇਦ ਵਿਆਸਾ ਆਈ ਵਾਰਾ । ਕ੍ਰਿਸ਼ਨ ਘਨਈਆ ਨੈਣ ਮੁੰਧਾਰਾ ਕੰਸ ਸੰਘਾਰਾ । ਬੁੱਧ ਚਲਾਈ ਸਾਚੀ ਨਈਆ, ਸਤਿਜੁਗ ਤੇਰੀ ਵਿਚ ਸੰਸਾਰਾ । ਈਸਾ ਮੂਸਾ ਖੇਲ ਰਚਾਇਆ, ਕਲਜੁਗ ਸੂਸਾ ਤਨ ਛੁਹਾਇਆ, ਪ੍ਰਭ ਅਬਿਨਾਸ਼ੀ ਰਚਨ ਰਚਾਇਆ, ਸੰਗ ਮੁਹੰਮਦ ਚਾਰ ਯਾਰਾ । ਨਾਨਕ ਦਾਤ ਲੈ ਕੇ ਆਇਆ, ਸਤਿਨਾਮ ਮੰਤਰ ਅਪਾਰਾ । ਦਸਵੇਂ ਗੁਰ ਭੇਖ ਵਟਾਇਆ, ਪੁਰਖ ਅਬਿਨਾਸ਼ੀ ਸ਼ਬਦ ਅਪਾਰਾ । ਏਕਾ ਓਟ ਹਰਿ ਰਖਾਇਆ, ਕਲਜੁਗ ਸਾਰੇ ਗਏ ਹਾਰਾ । ਸ਼ਬਦ ਚੋਟ ਡੰਕ ਲਗਾਇਆ, ਚਾਰੋਂ ਕੁੰਟ ਹੋਏ ਧੁੰਦੂਕਾਰਾ । ਕੋਟਾਂ ਵਿਚੋਂ ਇਕ ਜਗਾਇਆ, ਗੁਰਮੁਖ ਸਾਚਾ ਸੰਤ ਪਿਆਰਾ । ਜੋਤੀ ਜਾਮਾ ਹਰਿ ਜੀ ਪਾਇਆ, ਕਲਜੁਗ ਵੇਖੇ ਮਾਤ ਵਣਜਾਰਾ । ਚਵੀਆਂ ਜਾਮਾ ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਏ ਵਿਚ ਸੰਸਾਰਾ । ਨਿਹਕਲੰਕ

੭੧੫
੦੪

੭੧੬
੦੪

ਕਲਗੀ ਅਵਤਾਰਾ । ਸ਼ਬਦ ਤੋੜਾ ਸੀਸ ਅਪਾਰਾ । ਸਾਚਾ ਘੋੜਾ ਪਵਣ ਅਸਵਾਰਾ । ਚਿੱਟਾ ਜੋੜਾ ਨਰ ਨਿਰੰਕਾਰਾ । ਕਲਜੁਗ ਜੀਵ ਮਿੱਠਾ ਕੌੜਾ, ਪਰਖਣ ਆਇਆ ਵਡ ਸੰਸਾਰਾ । ਤਿੰਨਾਂ ਲੋਆਂ ਇੱਕਾ ਪੌੜਾ, ਆਪੇ ਜਾਣੇ ਪਾਰ ਕਿਨਾਰਾ । ਨਾ ਕੋਈ ਜਾਣੇ ਲੰਬਾ ਚੌੜਾ, ਸ਼ਬਦ ਡੰਡਾ ਇਕ ਸਹਾਰਾ । ਕਲਜੁਗ ਵਕਤ ਰਹਿ ਗਿਆ ਥੋੜਾ, ਨਿਹਕਲੰਕ ਲਏ ਅਵਤਾਰਾ । ਧੁਰ ਦਰਗਾਹੋਂ ਆਇਆ ਦੌੜਾ, ਗੁਰਮੁਖਾਂ ਕਰੇ ਸਚ ਪਿਆਰਾ । ਵੇਲੇ ਅੰਤਮ ਹਰਿ ਜੀ ਬਹੁੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਪਾਏ ਸਾਚੀ ਸਾਰਾ । ਸਾਚੀ ਸਾਰ ਹਰਿ ਜੀ ਪਾਏ । ਲੋਕਮਾਤ ਸ਼ਬਦ ਜਣਾਏ । ਚਾਰ ਕੁੰਟਾਂ ਵੇਖੇ ਮਾਰ ਝਾਤ, ਗੁਰਮੁਖਾਂ ਸਾਚੀ ਬਣਤ ਬਣਾਏ, ਕਲਜੁਗ ਰੈਣ ਅੰਧੇਰੀ ਰਾਤ, ਬੇਮੁਖਾਂ ਕੋਈ ਦੀਸੇ ਨਾਹੇ । ਜਨ ਭਗਤਾਂ ਮਿਲੇ ਕਮਲਾਪਾਤ, ਚਰਨ ਨਾਤ ਇਕ ਬੰਧਾਏ । ਸ਼ਬਦ ਦੇਵੇ ਸਾਚੀ ਦਾਤ, ਪੁਰਖ ਬਿਧਾਤਾ ਅੰਤਮ ਵੇਲੇ ਪੁੱਛੇ ਵਾਤ, ਹੋਏ ਆਪ ਸਹਾਈ, ਨਾ ਕੋਈ ਜਾਣੇ ਜਾਤ ਪਾਤ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਨਿਸ਼ਾਨ, ਚਾਰ ਕੁੰਟ ਚਲਾਏ । ਸਾਚਾ ਨਾਮ ਨਿਧਾਨ, ਹਰਿ ਦਵਾਰ ਹੈ । ਪੁਰਖ ਅਬਿਨਾਸ਼ੀ ਹੋਏ ਮਿਹਰਬਾਨ, ਜਨ ਭਗਤਾਂ ਖੋਲ੍ਹੇ ਬੰਦ ਕਵਾੜ ਹੈ । ਏਕਾ ਮਾਰੇ ਤਿੱਖਾ ਬਾਣ, ਹਰਿ ਮੇਟ ਮਿਟਾਏ ਪੰਜਾਂ ਧਾੜ ਹੈ । ਲੱਖ ਚੁਰਾਸੀ ਪੁਣ ਛਾਣ, ਗੁਰਸਿਖ ਸਾਚੇ ਲੱਭੇ ਲਾੜ ਹੈ । ਆਪ ਰਖਾਏ ਆਪਣੀ ਆਣ, ਸ਼ਬਦ ਘੋੜੇ ਰਿਹਾ ਚਾੜ੍ਹ ਹੈ । ਅੰਤਮ ਦੇਵੇ ਇਕ ਬਿਬਾਣ ਹੈ । ਧੁਰਦਰਗਾਹੀ ਸਾਚਾ ਮਾਹੀ, ਦਰ ਘਰ ਸਾਚੇ ਰਿਹਾ ਵਾੜ ਹੈ । ਆਪ ਕਟਾਏ ਜਮ ਕੀ ਫਾਹੀ, ਜੋਤ ਜਗਾਏ ਬਹੱਤਰ ਨਾੜ ਹੈ । ਗੁਰ ਸੰਗਤ ਨਾਤਾ ਭੈਣਾਂ ਭਾਈ, ਪ੍ਰਭ ਆਪ ਬੰਧਾਏ ਸਤਾਰਾਂ ਹਾੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਲੱਖ ਚੁਰਾਸੀ ਚਬਾਏ ਆਪਣੀ ਦਾੜ੍ਹ ਹੈ । ਲੱਖ ਚੁਰਾਸੀ ਚਬਾਏ ਆਪਣੀ ਦਾੜ੍ਹ । ਲੇਖ ਲਿਖਾਏ ਸਤਾਰਾਂ ਹਾੜ । ਰਾਜੇ ਰਾਣਿਆਂ ਸੀਨੇ ਪਾੜ । ਸ਼ਬਦ ਲਗਾਏ ਮਗਰ ਧਾੜ । ਨਾ ਕੋਈ ਛੁਡਾਏ, ਕਲਜੁਗ ਦਿਨ ਆਏ ਮਾੜ । ਚਾਰੋਂ ਕੁੰਟਾਂ ਰਹੇ ਬਿਲਲਾਏ, ਸ਼ਬਦ ਖੰਡਾ ਚਲੇ ਕਾੜ ਕਾੜ । ਬੇਮੁੱਖ ਜੀਵ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਾੜ । ਧਰਮ ਰਾਏ ਦਵਾਰ ਖੁਲ੍ਹਾਇੰਦਾ । ਪ੍ਰਭ ਅਬਿਨਾਸ਼ੀ ਹੁਕਮ ਸੁਣਾਇੰਦਾ । ਘਨਕਪੁਰ ਵਾਸੀ ਸਾਚੀ ਬਣਤ ਬਣਾਇੰਦਾ । ਲੱਖ ਚੁਰਾਸੀ ਦੇਵੇ ਫਾਸੀ, ਮਾਤਲੋਕ ਨਾ ਕੋਈ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਬਣਾਇੰਦਾ । ਸਾਚੀ ਬਣਤ ਹਰਿ ਮਾਤ ਬਣਾਈ । ਗੁਰਮੁਖ ਸਾਚੇ ਸੇਵਾ ਲਾਈ । ਜਗਤ ਜਗਦੀਸ਼ੇ ਤੇਰੀ ਵਾਰੀ ਆਈ । ਮਿਟਣਾ ਭੇਵ ਬੀਸ ਇਕੀਸੇ, ਬੇਮੁਖਾਂ ਸਿਰ ਪੈਣੀ ਛਾਹੀ । ਝੁੱਲੇ ਛਤਰ ਇਕ ਜਗਦੀਸ਼ੇ, ਚਾਰ ਕੁੰਟ ਸਭਨੀ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਆਪੇ ਤਾਰੇ, ਫੜ ਫੜ ਦੋਵੇਂ ਬਾਹੀਂ । ਜਗਤ ਜਗਦੀਸ਼ਾ ਕਰ ਤਿਆਰ । ਪ੍ਰਭ ਅਬਿਨਾਸ਼ੀ ਕਰੇ ਵਿਚਾਰ । ਧਰਤ ਮਾਤ ਰੋ ਰੋ ਪੁਕਾਰੇ ਧਾਹਾਂ ਮਾਰੇ, ਜੂਠੇ ਝੂਠੇ ਕਲਜੁਗ ਜੀਵ ਮਾਇਆ ਰਾਣੀ ਸ਼ਿੰਗਾਰ । ਵਡ ਵਡ ਭੁੱਲੇ ਰਾਜੇ ਰਾਣੇ, ਗਊ ਗਰੀਬ ਨਿਮਾਣੇ ਨਾ ਕੋਈ ਪਾਵੇ ਸਾਰ । ਝੂਠੇ ਹੋਏ ਤਹਿਸੀਲਾਂ ਠਾਣਿਆਂ, ਦਰ ਦਰ ਭਿਖਾਰੀ ਲੱਖ ਚੁਰਾਸੀ ਬੇਮੁਹਾਣਿਆ, ਨਾ ਮਿਲੇ ਕੋਈ ਸੱਚੀ ਸਰਕਾਰ । ਗੁਰਮੁਖ ਵਿਰਲੇ ਮਾਤ ਪਛਾਣਿਆ, ਨਿਹਕਲੰਕ ਲਿਆ ਅਵਤਾਰ । ਹਰਿਜਨ ਚਲਾਏ ਆਪਣੇ ਭਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ

ਖੇਲ ਜਗਤ ਅਪਾਰ । ਹਰਿ ਸਾਚਾ ਖੇਲ ਰਚਾਇਆ । ਗੁਰਮੁਖ ਸਾਚਾ ਲੇਖੇ ਲਾਇਆ । ਉਨੀਂ ਕੱਤਕ ਖ਼ੁਸ਼ੀ ਮਨਾਇਆ । ਵਜੀ ਵਧਾਈ ਸੁਣੀ ਲੋਕਾਈ, ਜੈ ਜੈ ਜੈਕਾਰ ਕਰਾਇਆ । ਪੁਰੀਆਂ ਲੋਆਂ ਕਰੇ ਰੁਸ਼ਨਾਈ, ਪ੍ਰਭ ਅਬਿਨਾਸ਼ੀ ਦਰਸ਼ਨ ਪਾਇਆ । ਸੱਤ ਨੌਂ ਛੱਡੇ ਭੈਣਾਂ ਭਾਈ, ਜਗਤ ਜੰਜਾਲਾ ਮੋਹ ਤਜਾਇਆ । ਏਕਾ ਮਿਲਿਆ ਸਚ ਗੁਸਾਈਂ, ਸਾਚੀ ਗੋਦ ਜਿਸ ਉਠਾਇਆ । ਗੁਰਮੁਖਾਂ ਉਠਾਏ ਫੜ ਕੇ ਬਾਹੀਂ, ਅੰਮ੍ਰਿਤ ਸਾਚਾ ਦੁੱਧ ਪਿਆਇਆ । ਸਦਾ ਰੱਖੇ ਠੰਡੀ ਛਾਂਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਾਧ ਬੋਧ ਬੋਧ ਅਗਾਧ ਸਾਚਾ ਹੁਕਮ ਸੁਣਾਇਆ । ਸਾਚਾ ਹੁਕਮ ਹਰਿ ਦਵਾਰ । ਸ਼ਿਵ ਸ਼ੰਕਰ ਬੈਠਾ ਕਰ ਵਿਚਾਰ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਨਿਹਕਲੰਕ ਲਏ ਅਵਤਾਰ । ਕਲਜੁਗ ਅੰਤਮ ਮਾਣ ਗਵਾਇਆ, ਅੰਤਮ ਵੇਲਾ ਆਈ ਹਾਰ । ਗੁਰਮੁਖ ਸਾਚੇ ਮਾਣ ਦਵਾਇਆ, ਸ਼ਿਵ ਪੁਰੀ ਜੋਤ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚੜ੍ਹਾਏ ਸ਼ਬਦ ਬਿਬਾਣ । ਸ਼ਬਦ ਬਿਬਾਣੇ ਆਪ ਚੜ੍ਹਾਇਆ । ਸਾਚੇ ਰਾਣੇ ਹੁਕਮ ਸੁਣਾਇਆ । ਏਕਾ ਅੰਮ੍ਰਿਤ ਸਾਚਾ ਪੀਣਾ ਖਾਣਾ, ਆਵਣ ਜਾਵਣ ਗੇੜ ਚੁਕਾਇਆ । ਲੱਖ ਚੁਰਾਸੀ ਵੇਖੇ ਨੈਣਾਂ, ਸਾਚੇ ਧਾਮ ਆਪ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਦਾਨਾ ਬੀਨਾ, ਆਪਣੇ ਭਾਣੇ ਸਦ ਸਮਾਇਆ । ਹਰਿ ਭਾਣਾ ਬਲੀ ਬਲਵਾਨ ਹੈ । ਨਾ ਕੋਈ ਜਾਣੇ ਰਾਜਾ ਰਾਣਾ ਵਿਚ ਜਹਾਨ ਹੈ । ਗੁਰਮੁਖ ਵਿਰਲੇ ਮਾਤ ਪਛਾਣਾ, ਜਿਸ ਬਖ਼ਸ਼ੇ ਚਰਨ ਧਿਆਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਚਾਰ ਵਰਨ ਝੁਲਾਏ ਸੱਚਾ ਇਕ ਨਿਸ਼ਾਨ ਹੈ । ਛੱਬੀ ਪੋਹ ਦਿਵਸ ਜਾਏ ਚੜ੍ਹ । ਗੁਰਮੁਖਾਂ ਪ੍ਰਭ ਕਰੇ ਮੋਹ, ਆਪ ਫੜਾਏ ਆਪਣਾ ਲੜ । ਆਤਮ ਬੀਜ ਰਿਹਾ ਬੋ, ਸੋਹੰ ਅੱਖਰ ਲੈਣਾ ਪੜ੍ਹ । ਜੀਵ ਜੰਤ ਨਾ ਜਾਣੇ ਕੋ, ਹਰਿ ਵਸੇ ਕਾਇਆ ਕੋਟ ਗੜ੍ਹ । ਲੱਖ ਚੁਰਾਸੀ ਰਹੀ ਰੋ, ਕਿਸੇ ਨਾ ਦਿਸੇ ਸੀਸ ਧੜ । ਗੁਰਮੁਖਾਂ ਅੰਮ੍ਰਿਤ ਆਤਮ ਰਿਹਾ ਚੋ, ਲੋਕਮਾਤ ਬਾਹੋਂ ਫੜ ਫੜ । ਮਿਲੇ ਵਧਾਈ ਗੁਰ ਸੰਗਤ ਛੱਬੀ ਪੋਹ, ਸ਼ਬਦ ਘੋੜੇ ਜਾਣਾ ਚੜ੍ਹ । ਗੁਰ ਸੰਗਤ ਮਨ ਵੱਜੇ ਵਧਾਈ । ਛੱਬੀ ਪੋਹ ਪ੍ਰਭ ਰੁੱਤ ਸੁਹਾਈ । ਜਗਤ ਜਗਦੀਸ਼ਾ ਸਾਚਾ ਸੁਤ, ਗੁਰ ਸੰਗਤ ਸੇਵਾ ਸਾਚੀ ਲਾਈ । ਪਾਰਬ੍ਰਹਮ ਸਾਚਾ ਅਚੁੱਤ, ਅੰਮ੍ਰਿਤ ਫਲ ਸਾਚਾ ਮੇਵਾ ਰਿਹਾ ਖਵਾਈ । ਲੋਕਮਾਤ ਵਡ ਦੇਵੀ ਦੇਵਾ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸਾਚਾ ਮੇਘ ਰਿਹਾ ਬਰਸਾਈ । ਧਰਤ ਮਾਤ ਲਾਇਆ ਸਾਚਾ ਥੇਵਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਬਾਰਾ ਵਿਚ ਸੰਸਾਰਾ ਏਕਾ ਏਕ ਖੁਲ੍ਹਾਈ । ਸਚ ਦਰਬਾਰਾ ਮਾਤ ਖੁਲ੍ਹਾਇਆ । ਨਰ ਨਿਰੰਕਾਰ ਬਣਤ ਬਣਾਇਆ । ਸ਼ਬਦ ਜੈਕਾਰਾ ਇਕ ਕਰਾਇਆ । ਜਗਤ ਜਗਦੀਸ਼ੇ ਤੇਰੀ ਸਾਚੀ ਖ਼ਾਕ, ਲਹੂ ਮਿਝ ਗਾਰਾ ਨਾਲ ਰਲਾਇਆ । ਗੁਰਮੁਖਾਂ ਖੋਲ੍ਹੇ ਆਤਮ ਤਾਕ, ਤੇਰੀ ਜੋਤੀ ਦਏ ਜਗਾਇਆ । ਰਾਜੇ ਰਾਣਿਆਂ ਲਿਖੇ ਲੇਖ ਭਵਿੱਖਤ ਵਾਕ, ਪੰਚਮ ਪੋਹ ਨੀਂਹ ਰਖਾਇਆ । ਪ੍ਰਗਟ ਹੋਇਆ ਪਾਕੀ ਪਾਕ, ਸ਼ਬਦ ਡੰਡਾ ਹੱਥ ਉਠਾਇਆ । ਲੱਖ ਚੁਰਾਸੀ ਹੋਣੀ ਖ਼ਾਕ, ਝੂਠੀ ਛਾਰ ਪ੍ਰਭ ਦਏ ਉਡਾਇਆ । ਕੋਈ ਨਾ ਬਣੇ ਸੱਜਣ ਸਾਕ, ਝੂਠਾ ਜਗਤ ਮੋਹ ਵਧਾਇਆ । ਪ੍ਰਭ ਮਗਰ ਲਗਾਏ ਲਾੜੀ ਮੌਤ, ਬੀਰ ਬੇਤਾਲੇ ਹਾਕਨ ਡਾਕਨ ਰਹੇ ਤਕਾਇਆ । ਧਰਮ ਰਾਏ ਲੋਕਮਾਤ ਮਾਰ ਝਾਕ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਅਠਾਈ ਕੁੰਡਾਂ ਖੋਲ੍ਹੇ ਤਾਕ, ਇੱਕੋ ਧੱਕਾ ਦਏ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਮਦੀਨਾ ਮੱਕਾ ਬੂਰਾ ਕੱਕਾ ਅੰਤਮ ਅੰਤ ਆਪੇ ਦਏ ਮਿਟਾਇਆ । ਛੱਬੀ ਪੋਹ ਕਰ ਤਿਆਰ । ਪੁਰਖ

੭੧੮
੦੪

ਅਬਿਨਾਸ਼ੀ ਪਾਵੇ ਸਾਰ । ਸੋਲਾਂ ਕਲੀਆਂ ਕਰ ਤਨ ਸ਼ਿੰਗਾਰ । ਵਡ ਜੋਧਾ ਹਰਿ ਬਲ ਬਲੀਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਰੀਤੀ ਸਦਾ ਅਤੀਤੀ, ਕਰੇ ਕਰਾਏ ਆਪਣੀ ਵਾਰ । ਸਾਚੀ ਰੀਤ ਜਗਤ ਚਲਾਉਣੀ । ਗੁਰਸਿਖਾਂ ਪ੍ਰੀਤ ਚਰਨ ਬੰਧਾਉਣੀ । ਮੰਦਰ ਮਸੀਤ ਕਾਇਆ ਸਾਚੀ ਮਾਤ ਬਣਾਉਣੀ । ਸਚ ਦਵਾਰਾ ਇਕ ਜਗਦੀਸ਼, ਨੌਂ ਦਵਾਰੇ ਤਾਕ ਰਖਾਉਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਮਗਰੀ ਵਿਚ ਰਖਾਉਣੀ । ਸਚ ਸਮਗਰੀ ਦੇਵੇ ਰੱਖ । ਲੱਖ ਚੁਰਾਸੀ ਕਰੇ ਵਖ । ਚਾਰੋਂ ਕੁੰਟ ਲਾਉਂਦੇ ਭੱਖ । ਗੁਰਮੁਖ ਸਾਚੇ ਲਏ ਰੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਸ੍ਰੀ ਭਗਵਾਨਾ, ਕਰੇ ਖੇਲ ਅਲੱਖਣਾ ਅਲੱਖ । ਸਾਚਾ ਦਰ ਦਰ ਦਰਬਾਰ । ਲੋਕਮਾਤ ਸੱਚੀ ਸਰਕਾਰ । ਰਾਓ ਉਮਰਾਓ ਕਰੇ ਖ਼ਬਰਦਾਰ । ਚਾਰੋਂ ਕੁੰਟ ਵੇਖ ਵਖਾਣੇ ਜੀਵ ਜੰਤ ਸਾਧ ਸੰਤ ਮੂਰਖ ਮੁਗਧ ਜੀਵ ਗਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰਿਹਾ ਪੈਜ ਸਵਾਰ ।

❇ ੨੬ ਪੋਹ ੨੦੧੧ ਬਿਕ੍ਰਮੀ ਪਿੰਡ ਜੇਠੂਵਾਲ ਦਰਬਾਰ ਦੇ ਸੰਪੂਰਨ ਹੋਣ ਤੇ ਕਾਕਾ ਜਗਦੀਸ਼ ਸਿੰਘ ਦੀ ਯਾਦ ਵਿਚ ਵਿਹਾਰ ਹੋਇਆ ❇

ਹਰਿ ਕਾ ਰੂਪ ਅਗੰਮ, ਖੇਲ ਅਪਾਰਿਆ । ਹਰਿ ਕਾ ਰੂਪ ਅਗੰਮ, ਜੋਤ ਨਿਰੰਕਾਰਿਆ । ਹਰਿ ਕਾ ਰੂਪ ਅਗੰਮ, ਭੇਵ ਨਿਆਰਿਆ । ਹਰਿ ਕਾ ਰੂਪ ਅਗੰਮ, ਦੇਵੀ ਦੇਵ ਨਾ ਪਾਏ ਸਾਰਿਆ । ਹਰਿ ਕਾ ਰੂਪ ਅਗੰਮ, ਬ੍ਰਹਮਾ ਬ੍ਰਹਮਪੁਰੀ ਜੋਤ ਜਗਾ ਰਿਹਾ । ਹਰਿ ਕਾ ਰੂਪ ਅਗੰਮ, ਸ਼ਿਵ ਸ਼ੰਕਰ ਜਟਾ ਜੂਟ ਧਾਰ ਸਾਚੀ ਸੇਵਾ ਲਾ ਰਿਹਾ । ਹਰਿ ਕਾ ਰੂਪ ਅਗੰਮ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਅੰਮ੍ਰਿਤ ਫਲ ਇਕ ਖਵਾ ਰਿਹਾ । ਹਰਿ ਕਾ ਰੂਪ ਅਗੰਮ, ਨਾ ਕੋਈ ਹੱਡ ਮਾਸ ਨਾੜੀ ਚੰਮ, ਏਕਾ ਜੋਤੀ ਸ਼ਬਦ ਅਧਾਰਿਆ । ਹਰਿ ਕਾ ਰੂਪ ਅਗੰਮ, ਪਵਣ ਉਨੰਜਾ ਦਰ ਖਲੋਤੀ, ਤਿੰਨਾਂ ਲੋਆਂ ਦਰ ਖੁਲ੍ਹਾ ਰਿਹਾ । ਹਰਿ ਕਾ ਰੂਪ ਅਗੰਮ, ਮੰਗਦੇ ਰਹਿਣ ਕੋਟਨ ਕੋਟੀ, ਦਿਸ ਕਿਸੇ ਨਾ ਆ ਰਿਹਾ । ਹਰਿ ਕਾ ਰੂਪ ਅਗੰਮ, ਨਾ ਕੋਈ ਖਾਏ ਪੀਏ ਰੋਟੀ, ਇਕ ਅਧਾਰ ਰਖਾ ਰਿਹਾ । ਹਰਿ ਕਾ ਰੂਪ ਅਗੰਮ, ਹਰਿ ਕਾ ਸ਼ਬਦ ਰਖਾਏ ਸੋਟੀ, ਲੋਆਂ ਪੁਰੀਆਂ ਧਾਰ ਬੰਨ੍ਹਾ ਰਿਹਾ । ਹਰਿ ਕਾ ਰੂਪ ਅਗੰਮ, ਲੱਖ ਚੁਰਾਸੀ ਵੇਖੇ ਪਰਖੇ ਆਤਮ ਨੀਤੀ ਖੋਟੀ, ਸ਼ਬਦ ਜੋਤੀ ਮੇਲ ਮਿਲਾ ਰਿਹਾ । ਹਰਿ ਕਾ ਰੂਪ ਅਗੰਮ, ਕਦੇ ਨਾ ਆਵੇ ਕੋਇ ਤੋਟੀ, ਗੁਰਮੁਖ ਸਾਚੇ ਆਤਮ ਝੋਲੀ ਹਰਿ ਭਰਾ ਰਿਹਾ । ਸਾਚੀ ਜੋਤ ਜਗਾਏ ਕਾਇਆ ਮੰਡਲ ਚੋਟੀ, ਧੂੰਆਂ ਧਾਰ ਸਰਬ ਮਿਟਾ ਰਿਹਾ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਲੋਕਮਾਤ ਮਾਰ ਝਾਤ, ਭਾਣਾ ਆਪਣੇ ਹੱਥ ਰਖਾ ਰਿਹਾ । ਹਰਿ ਕਾ ਰੂਪ ਅਗੰਮ, ਬੇਪ੍ਰਵਾਹ ਹੈ । ਹਰਿ ਕਾ ਰੂਪ ਅਗੰਮ, ਨਾ ਜਾਣੇ ਕੋਈ ਸੱਚਾ ਥਾਂ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਪਿਤਾ ਨਾ ਕੋਈ ਮਾਂ ਹੈ । ਹਰਿ ਕਾ ਰੂਪ ਅਗੰਮ, ਪਵਣ ਸਵਾਸੀ ਠੰਡੀ ਛਾਂ ਹੈ । ਹਰਿ ਕਾ ਰੂਪ ਅਗੰਮ, ਲੱਖ ਚੁਰਾਸੀ ਕਰੇ ਦਾਸੀ, ਨਾ ਕਰੇ ਕੋਈ ਨਾਂਹ ਹੈ । ਹਰਿ ਕਾ ਰੂਪ ਅਗੰਮ, ਤਿੰਨਾਂ ਲੋਆਂ ਫਾਸੀ, ਬ੍ਰਹਮੇ ਆਈ ਅੰਤਮ ਉਦਾਸੀ, ਸ਼ਿਵ ਸ਼ੰਕਰ ਮਿਟੇ ਲੋਕਮਾਤ ਘਰ ਘਰ ਉਡਾਏ ਕਾਂ ਹੈ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦਾ ਜੋਤ ਜਗਿੰਦਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ,

ਸਾਚੀ ਜੋਤ ਕਰੇ ਅਕਾਰ ਹੈ । ਹਰਿ ਕਾ ਰੂਪ ਅਗੰਮ, ਨਿਰ ਅਕਾਰ ਹੈ । ਹਰਿ ਕਾ ਰੂਪ ਅਗੰਮ, ਪਵਣ ਸਰੂਪੀ ਸ਼ਬਦ ਅਸਵਾਰ ਹੈ । ਹਰਿ ਕਾ ਰੂਪ ਅਗੰਮ, ਚੌਦਾਂ ਹੱਟਾਂ ਤੀਰਥ ਤੱਟਾਂ ਕਰੇ ਵਣਜ ਵਪਾਰ ਹੈ । ਹਰਿ ਕਾ ਰੂਪ ਅਗੰਮ, ਆਤਮ ਜੋਤੀ ਜਗੇ ਲਟ ਲਟਾਂ, ਨਾ ਹੋਏ ਅੰਧ ਅੰਧਿਆਰ ਹੈ । ਏਕਾ ਖੇਲ ਬਾਜੀਗਰ ਨਟਾ, ਸਾਚਾ ਸ਼ਬਦ ਸੱਚੀ ਧੁਨਕਾਰ ਹੈ । ਜੋਤੀ ਜੋਤ ਸਰੂਪ ਹਰਿ, ਆਤਮ ਸਾਚੇ ਸਰ ਸਰੋਵਰ ਭਰਿਆ ਇਕ ਭੰਡਾਰ ਹੈ । ਹਰਿ ਕਾ ਰੂਪ ਅਗੰਮ, ਸ਼ਬਦ ਭੰਡਾਰਿਆ । ਹਰਿ ਕਾ ਰੂਪ ਅਗੰਮ, ਤਿੰਨਾਂ ਲੋਆਂ ਪਾਵੇ ਸਾਰ ਹੈ । ਅਵਰ ਨਾ ਜਾਣੇ ਜੀਵ ਕੋਇਆ, ਗੁਰ ਪੀਰ ਲੱਭ ਲੱਭ ਥੱਕੇ ਹਾਰ ਹੈ । ਕਵਣ ਸਿੰਘਾਸਣ ਹਰਿ ਜੀ ਸੋਇਆ , ਨਾ ਕੋਈ ਜਾਣੇ ਰਾਜਾ ਰਾਣਾ । ਪੁਰਖ ਅਬਿਨਾਸ਼ੀ ਨਾ ਜਨਮੇ ਨਾ ਕਦੇ ਮੋਇਆ, ਆਪੇ ਚਲੇ ਆਪਣਾ ਭਾਣਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਅੰਤਮ ਅੰਤ ਬੇਮੁਹਾਨਿਆ । ਹਰਿ ਕਾ ਰੂਪ ਅਗੰਮ, ਬੇਮੁਹਾਣ ਹੈ । ਹਰਿ ਕਾ ਰੂਪ ਅਗੰਮ, ਗੁਣਵੰਤ ਗੁਣ ਨਿਧਾਨ ਹੈ । ਹਰਿ ਕਾ ਰੂਪ ਅਗੰਮ, ਰਾਜ ਰਾਜਾਨਾ ਸ਼ਾਹ ਸੁਲਤਾਨਾ ਏਕਾ ਰੱਖੇ ਵਿਚ ਜਹਾਨ ਹੈ । ਹਰਿ ਕਾ ਰੂਪ ਅਗੰਮ, ਸਾਧ ਸੰਤ ਨਾ ਸਕੇ ਕੋਈ ਪਛਾਣ ਹੈ । ਹਰਿ ਕਾ ਰੂਪ ਅਗੰਮ, ਸ਼ਬਦ ਰੱਖੇ ਸੱਚਾ ਬਾਣ ਹੈ । ਹਰਿ ਕਾ ਰੂਪ ਅਗੰਮ, ਅੱਠੇ ਪਹਿਰ ਨੌਜਵਾਨ ਹੈ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਸਾਚਾ ਛਤਰ ਏਕਾ ਸੀਸ ਝੁਲਾਨ ਹੈ । ਹਰਿ ਕਾ ਰੂਪ ਅਗੰਮ, ਅਲਖਣਾ ਅਲੇਖ ਹੈ । ਹਰਿ ਕਾ ਰੂਪ ਅਗੰਮ, ਜੋਤੀ ਜਾਮਾ ਧਾਰੇ ਭੇਖ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼ ਹੈ । ਹਰਿ ਕਾ ਰੂਪ ਅਗੰਮ, ਕਿਸੇ ਹੱਥ ਨਾ ਆਏ ਲੋਕਮਾਤ ਸਾਚੀ ਰੇਖ ਹੈ । ਹਰਿ ਕਾ ਰੂਪ ਅਗੰਮ, ਖੰਡ ਮੰਡਲ ਵਰਭੰਡ ਰਿਹਾ ਵੇਖ ਹੈ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਏਕਾ ਦਾਤ ਏਕਾ ਏਕ ਹੈ । ਹਰਿ ਕਾ ਰੂਪ ਅਗੰਮ, ਸ਼ਬਦ ਉਡਾਰ ਹੈ । ਹਰਿ ਕਾ ਰੂਪ ਅਗੰਮ, ਪਵਣ ਅਸਵਾਰ ਹੈ । ਹਰਿ ਕਾ ਰੂਪ ਅਗੰਮ, ਜੀਆਂ ਜੰਤਾਂ ਸਰਬ ਭਤਾਰ ਹੈ । ਹਰਿ ਕਾ ਰੂਪ ਅਗੰਮ, ਸਾਧਾਂ ਸੰਤਾਂ ਬੰਨ੍ਹੇ ਧਾਰ ਹੈ । ਹਰਿ ਕਾ ਰੂਪ ਅਗੰਮ, ਸਾਚੀ ਬਣਤ ਬਣਾਇੰਦਾ । ਸਚ ਸਿੰਘਾਸਣ ਹਰਿ ਨਿਰੰਕਾਰ । ਕਲਜੁਗ ਕੀਆ ਇਕ ਤਿਆਰ । ਚੌਥੇ ਜੁਗ ਬੱਧੀ ਧਾਰ । ਗੁਰਮੁਖ ਸਾਚੇ ਸੇਵਾ ਲਾਏ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਕਰ ਅਕਾਰ । ਸਚ ਸਿੰਘਾਸਣ ਪਾਵਾ ਚਾਰ । ਝੂਠਾ ਦਾਅਵਾ ਜੀਵ ਗਵਾਰ । ਪ੍ਰਭ ਰੱਖੇ ਸਦਾ ਠੰਡੀ ਛਾਵਾਂ, ਹਰਿਜਨ ਸਾਚੇ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਜੋਤੀ ਆਸਣ ਅਪਰ ਅਪਾਰ । ਸਚ ਸਿੰਘਾਸਣ ਪਾਈ ਵੰਡ । ਕਲਜੁਗ ਅੰਤਮ ਆਈ ਕੰਡ । ਕੋਈ ਨਾ ਖੋਲ੍ਹੇ ਝੂਠੀ ਗੰਢ । ਆਤਮ ਹੋਈ ਸਰਬ ਰੰਡ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਵਿਚ ਸੰਸਾਰੀ ਪਹਿਲੀ ਵਾਰੀ, ਭਾਰਤ ਖੰਡ ਕਰਾਈ ਸਾਚੀ ਵੰਡ । ਨਿਹਕਲੰਕੀ ਜੋਤ ਧਰ, ਸ਼ਬਦ ਉਠਾਏ ਚੰਡ ਪ੍ਰਚੰਡ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਸਰਬ ਕਿਛ ਜਾਣੇ, ਉਤਭੁਜ ਸੇਤਜ ਜੇਰਜ ਅੰਡ । ਸਚ ਸਿੰਘਾਸਣ ਹਰਿ ਬਣਾਇਆ । ਪੰਝੀ ਪ੍ਰਕਿਰਤੀਆਂ ਨਾਲ ਉਣਾਇਆ । ਚਵੀਆਂ ਜੁਗਾਂ ਦਾ ਮੇਲ ਮਿਲਾਇਆ । ਨਿਰਗੁਣ ਸਰਗੁਣ ਦੋਵੇਂ ਰੂਪ, ਆਪਣਾ ਆਪ ਨਾਮ ਰਖਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਤਾਣਾ ਤਣਿਆ ਜਾਲ । ਲੱਖ ਚੁਰਾਸੀ ਕਰੇ ਬੇਹਾਲ । ਮਿਟ ਜਾਣੇ ਮਦਿਰਾ ਮਾਸੀ, ਕਲਜੁਗ ਚਲੇ ਅਵਲੜੀ ਚਾਲ । ਗੁਰਮੁਖ ਬਚਾਏ ਸ਼ਬਦ ਸਵਾਸੀ, ਚਰਨ ਪ੍ਰੀਤੀ

ਨਿਭੇ ਨਾਲ । ਮਾਤ ਜੋਤ ਹਰਿ ਪ੍ਰਕਾਸ਼ੀ, ਗੁਰਸਿਖ ਨਾ ਹੋਏ ਕਦੇ ਕੰਗਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਿਹਾ ਸੁਰਤ ਸੰਭਾਲ । ਸਚ ਸਿੰਘਾਸਣ ਸੇਜ ਵਿਛਾਈ ਜਾ । ਘਨਕਪੁਰ ਵਾਸੀ ਸ਼ਾਹੋ ਸ਼ਾਬਾਸ਼ੀ, ਆਪਣੀ ਖੇਲ ਕਰਾਈ ਜਾ । ਗੁਰਮੁਖਾਂ ਮਾਨਸ ਜਨਮ ਕਰੇ ਰਹਿਰਾਸੀ, ਸਾਚੀ ਬਣਤ ਬਣਾਈ ਜਾ । ਪੰਡਤ ਪਾਂਧੇ ਰੋਂਦੇ ਕਾਂਸ਼ੀ, ਗ੍ਰੰਥੀ ਪੰਥੀ ਜਗਤ ਭੁਲਾਈ ਜਾ । ਮੁੱਲਾਂ ਸ਼ੇਖ਼ਾਂ ਰਹੇ ਉਦਾਸੀ, ਹਜ਼ਾਰਾ ਦਰੂਦ ਨਾ ਕਿਸੇ ਪੜ੍ਹਾਈ ਜਾ । ਕੁਰਾਨ ਅੰਜੀਲਾਂ ਆਈ ਫ਼ਾਸੀ, ਈਸਾ ਮੂਸਾ ਆਪ ਜਗਾਈ ਜਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਚ ਸਿੰਘਾਸਣ ਆਪ ਉਣਾਈ ਜਾ । ਸਚ ਸਿੰਘਾਸਣ ਹਰਿ ਬਣਾਇੰਦਾ । ਕਲਜੁਗ ਸੋਇਆ ਗੂੜ੍ਹੀ ਨੀਂਦ, ਸ਼ਬਦ ਡੰਡਾ ਆਪ ਉਠਾਇੰਦਾ । ਸਚ ਸਿੰਘਾਸਣ ਹਰਿ ਸੁਲਤਾਨਾ । ਜੋਤ ਸਰੂਪੀ ਹਰਿ ਭਗਵਾਨਾ । ਚਿੱਟੇ ਅਸਵ ਪਾ ਪਲਾਣਾ । ਸੋਲਾਂ ਕਲੀਆਂ ਤਨ ਛੁਹਾਨਾ । ਵਡਾ ਸ਼ਾਹੋ ਸ਼ਾਹ ਸਰਦਾਰ, ਬੰਨ੍ਹਣ ਆਏ ਰਾਜਾ ਰਾਣਾ । ਲੱਖ ਚੁਰਾਸੀ ਕਰਮ ਵਿਚਾਰ, ਗੁਰਮੁਖਾਂ ਦੇਵੇ ਲੋਕਮਾਤ ਮਾਣਾ । ਧਰਤ ਮਾਤ ਸੁਣੀ ਪੁਕਾਰ, ਪ੍ਰਗਟ ਹੋਏ ਨਿਹਕਲੰਕ ਵਡ ਬਲੀ ਬਲਵਾਨਾ । ਮਾਇਆ ਰਾਣੀ ਝੂਠਾ ਕਲ ਵਿਹਾਰ, ਲੱਖ ਚੁਰਾਸੀ ਭੁੱਲਾ ਹਰਿ ਗੁਣਵੰਤ ਗੁਣ ਨਿਧਾਨਾ । ਆਤਮ ਹੋਈ ਸਰਬ ਹੰਕਾਰ, ਸਾਧ ਸੰਤ ਨਾ ਕਿਸੇ ਪਛਾਣਾ । ਚਾਰ ਕੁੰਟ ਦਿਸੇ ਧੂਆਂ ਧਾਰ, ਦੀਪਕ ਜੋਤੀ ਨਾ ਕੋਈ ਜਗਾਨਾ । ਗੁਰਮੁਖ ਸਾਚੇ ਕਰ ਤਿਆਰ, ਸਾਚੀ ਸੇਵਾ ਆਪ ਲਗਾਨਾ । ਸਿੰਘ ਮਨਜੀਤ ਲਾਲ ਵਾਰ, ਚਾੜ੍ਹੇ ਸਾਚੇ ਸ਼ਬਦ ਬਬਾਣਾ । ਇੰਦਰਪੁਰੀ ਹੋਏ ਇੰਦਰ ਬਾਹਰ, ਗੁਰਮੁਖ ਸਾਚਾ ਵਿਚ ਬਹਾਣਾ । ਤਨ ਕੀਆ ਸ਼ਬਦ ਸ਼ਿੰਗਾਰ, ਇਕੋ ਮਾਰੀ ਨਾਮ ਉਡਾਨਾ । ਤਿੰਨਾਂ ਲੋਕਾਂ ਹੋਇਆ ਬਾਹਰ, ਮਿਲਿਆ ਮੇਲ ਪੁਰਖ ਸੁਜਾਨਾ । ਪ੍ਰਭ ਅਬਿਨਾਸ਼ੀ ਕਰੇ ਪਿਆਰ, ਛੋਟਾ ਬਾਲਾ ਵੇਖ ਨਿਧਾਨਾ । ਪੁਰੀ ਇੰਦਰ ਖੋਲ੍ਹੇ ਬੰਦ ਕਿਵਾੜ, ਨਰ ਹਰਿ ਸਾਚਾ ਬੰਨ੍ਹੇ ਗਾਨਾ । ਰੱਖੀ ਖੇਲ ਸਤਾਰਾਂ ਹਾੜ, ਝੁਲਦਾ ਰਹੇ ਨਾਮ ਨਿਸ਼ਾਨਾ । ਸ਼ਬਦ ਘੋੜੇ ਗੁਰਮੁਖ ਸਾਚੇ ਚਾੜ੍ਹ, ਦਰ ਘਰ ਸਾਚੇ ਦੇਵੇ ਵਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਗੁਰਸਿਖ ਦੁਲਾਰੇ, ਲੋਕਮਾਤ ਉਪਜਾਏ ਸਾਚੇ ਲਾੜ । ਸਾਚਾ ਲਾੜਾ ਚੜ੍ਹਿਆ ਘੋੜੀ । ਤਿੰਨਾਂ ਲੋਕਾਂ ਪ੍ਰਭ ਅਬਿਨਾਸ਼ੀ ਇੱਕੋ ਲਾਈ ਸ਼ਬਦ ਪੌੜੀ । ਧਰਤ ਮਾਤ ਕਰ ਪੁਕਾਰ ਧਾਹਾਂ ਮਾਰ, ਪ੍ਰਭ ਅਬਿਨਾਸ਼ੀ ਦਰ ਆਈ ਦੌੜੀ । ਪ੍ਰਭ ਅਬਿਨਾਸ਼ੀ ਪਾਈ ਸਾਰ , ਲੱਖ ਚੁਰਾਸੀ ਅੰਤਮ ਵੇਲ ਹੋਈ ਕੌੜੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅੰਤਮ ਵੇਲੇ ਕਿਰਪਾ ਕਰ, ਦਰ ਘਰ ਸਾਚੇ ਆਏ ਬਹੁੜੀ । ਦਰ ਘਰ ਸਾਚਾ ਕਰ ਪਛਾਣ । ਕਰੇ ਖੇਲ ਵਿਚ ਜਹਾਨ । ਧਰਤ ਮਾਤ ਦੇਵੇ ਵਰ, ਗੁਰਮੁਖ ਉਠਾਏ ਨੌਜਵਾਨ । ਸ਼ਬਦ ਭੰਡਾਰਾ ਰਿਹਾ ਭਰ, ਦਰ ਘਰ ਸਾਚੇ ਦੇਵੇ ਮਾਣ । ਆਪ ਚੁਕਾਇਆ ਜਮ ਕਾ ਡਰ, ਇਕ ਬਿਠਾਇਆ ਸ਼ਬਦ ਬਿਬਾਣ । ਸਾਚੀ ਤਰਨੀ ਗਿਆ ਤਰ, ਗੁਰਮੁਖ ਸਾਚਾ ਚਤੁਰ ਸੁਜਾਨ । ਨਾ ਜਨਮੇ ਨਾ ਜਾਏ ਮਰ, ਪੁਰਖ ਅਬਿਨਾਸ਼ੀ ਚਰਨ ਧਿਆਨ । ਸਚ ਸਰੋਵਰ ਆਤਮ ਭੰਡਾਰਾ ਰਿਹਾ ਭਰ, ਚਰਨ ਧੂੜ ਸੱਚਾ ਇਸ਼ਨਾਨ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚਾ ਦਰ ਘਰ ਸਾਚੇ ਹੋਇਆ ਪ੍ਰਵਾਨ । ਗੁਰਮੁਖ ਸਾਚਾ ਦਰ ਪ੍ਰਵਾਨ । ਜਗਤ ਜਗਦੀਸ਼ਾ ਵਿਚ ਜਹਾਨ । ਛਤਰ ਝੁਲਾਏ ਪ੍ਰਭ ਸਾਚਾ ਸੀਸਾ, ਚਰਨ ਬਿਠਾਏ ਕਰ ਧਿਆਨ । ਕਰੇ ਖੇਲ ਹਰਿ ਜਗਦੀਸ਼ਾ, ਨਾ ਕੋਈ ਜਾਣੇ ਜੀਵ ਜਹਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ

੭੨੦
੦੪

ਵਿਸ਼ਨੂੰ ਭਗਵਾਨ, ਜਗਤ ਜਗਦੀਸ਼ੇ ਤੇਰੀ ਵੰਡ । ਗੁਰਮੁਖਾਂ ਆਤਮ ਰੱਖੀਂ ਠੰਡ । ਪੱਲੇ ਸਾਚਾ ਨਾਮ ਬੰਨ੍ਹਾਏ, ਦਰ ਘਰ ਸਾਚੇ ਮਾਣ ਦਵਾਇਆ, ਸ਼ਬਦ ਸੁਨੇਹੁੜਾ ਦਰ ਘਰ ਸਾਚੇ ਜਾਈਂ ਵੰਡ । ਰਾਜੇ ਰਾਣੇ ਸਰਬ ਉਠਾਈਂ, ਤਖ਼ਤ ਤਾਜ ਸਰਬ ਮਿਟਾਈਂ, ਕਲਜੁਗ ਔਧ ਗਈ ਹੰਢ । ਸਾਚਾ ਹੁਕਮ ਧੁਰ ਫ਼ਰਮਾਣ ਆਪ ਸੁਣਾਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਸੁਹਾਗਣ ਨਾਰ ਨਾ ਹੋਏ ਰੰਡ । ਸਾਚਾ ਮੇਲਾ ਹਰਿ ਕਰਤਾਰ । ਸੱਜਣ ਸੁਹੇਲਾ ਵਿਚ ਸੰਸਾਰ । ਆਪੇ ਵਸੇ ਸਦ ਅਕੇਲਾ, ਲੱਖ ਚੁਰਾਸੀ ਸਾਚਾ ਯਾਰ । ਗੁਰਮੁਖਾਂ ਹੋਏ ਸੱਜਣ ਸੁਹੇਲਾ, ਆਦਿ ਅੰਤਾ ਅੰਤਮ ਵਾਰ । ਅਚਰਜ ਖੇਲ ਮਾਤ ਖੇਲਾ, ਧਰਤ ਮਾਤ ਸੁਣ ਪੁਕਾਰ । ਆਪ ਸੁਹਾਇਆ ਕਲਜੁਗ ਤੇਰਾ ਅੰਤਮ ਵੇਲਾ, ਨਿਹਕਲੰਕ ਜਾਮਾ ਧਾਰ । ਆਪੇ ਗੁਰ ਆਪੇ ਚੇਲਾ, ਸ਼ਬਦ ਜੋਤੀ ਇਕ ਮਿਲਾਰ । ਗੁਰਮੁਖ ਸਾਚੇ ਫੜ ਫੜ ਬਾਹੋਂ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰੇ ਸਚ ਵਿਹਾਰ । ਸਚ ਵਿਹਾਰਾ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਸਾਚੀ ਧਾਰਾ ਵਿਚ ਸੰਸਾਰਾ, ਨਾ ਕੋਈ ਭੇਵ ਜਣਾਇੰਦਾ । ਨਾ ਕੋਈ ਜਾਣੇ ਨਾਰੀ ਨਾਰਾ, ਸਾਧ ਸੰਤ ਜੀਵ ਜੰਤ, ਗੁਰ ਪੀਰ ਕਿਸੇ ਦਿਸ ਨਾ ਆਇੰਦਾ । ਆਪਣਾ ਰੰਗ ਆਪੇ ਜਾਣੇ ਹਰਿ ਕਰਤਾਰਾ, ਕਲਜੁਗ ਤੇਰੀ ਅੰਤਮ ਵਾਰਾ, ਆਪਣੀ ਬਣਤ ਬਣਾਇੰਦਾ । ਮਾਤਲੋਕ ਖੋਲ੍ਹੇ ਸਚ ਦਵਾਰਾ, ਚਾਰ ਵਰਨਾਂ ਏਕਾ ਸਰਨ ਲਿਆਇੰਦਾ । ਏਕਾ ਭਰੇ ਨਾਮ ਭੰਡਾਰਾ, ਦੇਂਦਾ ਜਾਏ ਵਾਰੋ ਵਾਰਾ, ਤੋਟ ਕਦੇ ਨਾ ਆਇੰਦਾ । ਗੁਰਮੁਖਾਂ ਦੇਵੇ ਅੰਮ੍ਰਿਤ ਧਾਰਾ, ਕਾਇਆ ਕਰੇ ਠੰਡੀ ਠਾਰਾ, ਏਕਾ ਸਾਚਾ ਜਾਮ ਪਿਲਾਇੰਦਾ । ਆਤਮ ਜੋਤੀ ਕਰ ਉਜਿਆਰਾ, ਲੱਖ ਚੁਰਾਸੀ ਵਸੇ ਬਾਹਰਾ, ਸੱਚਾ ਧਾਮ ਇਕ ਅਟੱਲ, ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਾਚੀ ਬਣਤ ਹਰਿ ਆਪ ਬਣਾਇੰਦਾ । ਸਾਚੀ ਬਣਤ ਹਰਿ ਬਨਵਾਰੀ । ਆਦਿ ਅੰਤ ਵਿਚ ਸੰਸਾਰੀ । ਗੁਰਮੁਖਾਂ ਮੇਲ ਸਾਚੇ ਕੰਤ, ਆਤਮ ਜੋਤੀ ਕਰੇ ਉਜਿਆਰੀ । ਬੇਮੁਖਾਂ ਮਾਇਆ ਪਾਏ ਬੇਅੰਤ, ਬੇਮੁਖ ਜੀਵ ਮਦਿਰਾ ਮਾਸੀ, ਘਰ ਘਰ ਫਿਰੇ ਦੁਹਾਗਣ ਨਾਰੀ । ਗੁਰਮੁਖਾਂ ਦੇਵੇ ਆਤਮ ਪਵਣ ਸਵਾਸੀ, ਸਾਚਾ ਛਤਰ ਸੀਸ ਝੁਲਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਾਚੀ ਖੇਲ ਵਿਚ ਸੰਸਾਰੀ । ਕਰੇ ਖੇਲ ਆਪ ਕਰਤਾਰ ਹੈ । ਕਲਜੁਗ ਤੇਰੀ ਅੰਤਮ ਕੌੜੀ ਵੇਲ, ਨਾ ਕੋਈ ਦੇਵੇ ਅੰਮ੍ਰਿਤ ਸੀਰ ਸਾਚੀ ਧਾਰ ਹੈ । ਲੱਖ ਚੁਰਾਸੀ ਜਾਏ ਧਰਮ ਰਾਏ ਦੀ ਝੂਠੀ ਜੇਲ੍ਹ, ਅੰਤਮ ਬੰਨ੍ਹੇ ਝੂਠਾ ਭਾਰ ਹੈ । ਗੁਰਮੁਖਾਂ ਮਿਲੇ ਹਰਿ ਸਾਚਾ ਸੱਜਣ ਸੁਹੇਲ, ਕਰਾਏ ਮੇਲ ਖਿਚ ਲਿਆਏ ਚਰਨ ਦਵਾਰ ਹੈ । ਆਪ ਚੜ੍ਹਾਏ ਸ਼ਬਦ ਸਰੂਪੀ ਸਾਚਾ ਤੇਲ, ਗੁਰਮੁਖ ਸਾਚਾ ਕੰਤ ਸੁਹਾਗੀ, ਮਿਲਾਏ ਮੇਲ ਸੱਚੀ ਨਾਰ ਹੈ । ਲੋਕਮਾਤ ਹੋਏ ਵਡ ਵਡਭਾਗਣ, ਗੁਰਮੁਖ ਸੋਏ ਮਾਤ ਜਾਗਣ, ਇਕ ਬੰਨ੍ਹਾਏ ਸੱਚਾ ਤਾਗਨ, ਪੁਰਖ ਅਬਿਨਾਸ਼ੀ ਚਰਨ ਲਾਗਣ, ਆਪ ਪਕੜੇ ਸਾਚੀ ਵਾਗਣ, ਦੁਰਮਤ ਧੋਏ ਦਾਗਣ, ਚਾੜ੍ਹੇ ਰੰਗ ਇਕ ਅਪਾਰ ਹੈ । ਗੁਰਮੁਖ ਬਣਾਏ ਹੰਸ ਕਾਗਣ, ਮਾਇਆ ਡੱਸੇ ਨਾ ਝੂਠੀ ਨਾਗਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਕਲਜੁਗ ਅੰਤਮ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਇਆ, ਨਾ ਕੋਈ ਜਾਣੇ ਜੀਵ ਗਵਾਰ ਹੈ । ਜੋਤੀ ਭੇਖ ਹਰਿ ਨਿਰੰਕਾਰਾ । ਗੁਰਮੁਖ ਸਾਚੇ ਵੇਖ, ਦੇਵੇ ਮਾਣ ਵਿਚ ਸੰਸਾਰਾ । ਲੱਖ ਚੁਰਾਸੀ ਨੇਤਰ ਨੈਣਾਂ

ਲੈਣਾ ਪੇਖ, ਨੌਂ ਖੰਡਾਂ ਬ੍ਰਹਿਮੰਡਾਂ ਦਿਸੇ ਇਕ ਦਵਾਰਾ । ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਚਾਰੋਂ ਕੁੰਟ ਕਿਸੇ ਨਾ ਦਿਸੇ ਪਾਰ ਕਿਨਾਰਾ । ਆਪ ਮਿਟਾਏ ਬਿਧਨਾ ਲਿਖੀ ਰੇਖ, ਗੁਰਮੁਖਾਂ ਕੀਆ ਸਚ ਪਿਆਰਾ । ਸੋਲਾਂ ਮੱਘਰ ਥਿਤ ਵਾਰ ਵੇਖ, ਸਿੰਘ ਮਨਜੀਤ ਕੀਆ ਤਿਆਰਾ । ਆਪੇ ਬਣੇ ਮਾਤ ਪਿਤ, ਭਾਈ ਭੈਣ ਹਰਿ ਭਤਾਰਾ । ਦਰਸ ਦਿਖਾਏ ਨਿਤ ਨਵਿਤ, ਅੱਠੇ ਪਹਿਰ ਅਗੰਮ ਅਪਾਰਾ । ਅੰਮ੍ਰਿਤ ਕਾਇਆ ਸਾਚੀ ਸਿੰਚ, ਝਿਰਨਾ ਝਿਰਾਏ ਠੰਡੀ ਧਾਰਾ । ਮਾਤ ਗਰਭ ਨਾ ਹੋਏ ਉਲਟਾ ਰੁੱਖ, ਲੱਖ ਚੁਰਾਸੀ ਉਤਰੇ ਪਾਰਾ । ਏਕਾ ਮਿਲਿਆ ਹਰਿ ਸਾਚਾ ਮਿਤ, ਸਾਚਾ ਦੇਵੇ ਸ਼ਬਦ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਸੁਹਾਏ, ਤੇਰਾ ਇਕ ਦਰ ਦਵਾਰਾ । ਸਚ ਦਵਾਰਾ ਆਪ ਸੁਹਾਏ । ਇਕ ਘਰ ਬਾਹਰ ਮਾਤ ਵਖਾਏ । ਜਗਤ ਜਗਦੀਸ਼ਾ ਕਰ ਤਿਆਰ, ਦੋਹਾਂ ਵੀਰਾਂ ਹਰਿ ਮੇਲ ਮਿਲਾਏ । ਸ਼ਬਦ ਕਰਾਏ ਤਨ ਸ਼ਿੰਗਾਰ, ਨਾਮ ਚੀਰਾ ਸਿਰ ਬੰਧਾਏ । ਜਗਤ ਖੇਲ ਅਪਰ ਅਪਾਰ, ਜੋਤੀ ਜਾਮਾ ਹਰਿ ਜੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਖੰਡ ਪ੍ਰਿਥਮੀ ਨੌਂ ਦਰ ਦਰਬਾਰਾ ਇਕ ਵਖਾਏ । ਜਗਤ ਜਗਦੀਸ਼ੇ ਤੇਰਾ ਨਾਉਂ । ਨੌਂ ਦਵਾਰੇ ਸਾਚਾ ਥਾਉਂ । ਪੁਰਖ ਅਬਿਨਾਸ਼ੀ ਡੇਰਾ ਲਾਏ ਅਗੰਮ ਅਥਾਹੋ । ਚਾਰੋਂ ਕੁੰਟ ਘੇਰਾ ਪਾਏ, ਮੇਰਾ ਤੇਰਾ ਆਪ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਘਰ ਉਡਾਏ ਕਾਂਉਂ । ਸਚ ਦਵਾਰਾ ਆਪ ਸੁਹਾਉਣਾ । ਨੌਂ ਦਰਾਂ ਭੇਵ ਖੁਲ੍ਹਾਉਣਾ । ਦਸਵੇਂ ਅੰਦਰ ਵਾਸ ਰਖਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਮੰਡਲ ਸਾਚੀ ਰਾਸ ਲੋਕਮਾਤ ਖੇਲ ਖਿਲਾਉਣਾ । ਮਾਤਲੋਕ ਕਰੇ ਕਾਰ, ਸਾਚੀ ਬਣਤ ਬਣਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਆਪਣੀ ਦਇਆ ਕਮਾਈਆ । ਬਜਰ ਕਪਾਟੀ ਦੇਵੇ ਪਾੜ, ਸ਼ਬਦ ਤੀਰ ਹੱਥ ਰਖਾਈਆ । ਕਲਜੁਗ ਮਾਇਆ ਦੇਵੇ ਸਾੜ, ਅਗਨੀ ਜੋਤ ਇਕ ਜਗਾਈਆ । ਗੁਰਮੁਖ ਬਣਾਏ ਸਾਚੇ ਲਾੜ, ਦੇਵੇ ਮਾਤ ਹਰਿ ਵਡਿਆਈਆ । ਲੱਖ ਚੁਰਾਸੀ ਚਬਾਏ ਆਪਣੀ ਦਾੜ੍ਹ, ਜੋਤ ਜਗਾਏ ਭੇਖ ਵਟਾਈਆ । ਕਰੇ ਖੇਲ ਸਤਾਰਾਂ ਹਾੜ, ਲੱਖ ਚੁਰਾਸੀ ਬੰਧਨ ਕਟੇ, ਸਾਚੀ ਬਣਤ ਬਣਾਈਆ । ਗੁਰਮੁਖਾਂ ਤਨ ਪਹਿਨਾਏ ਸੋਹੰ ਸ਼ਬਦ ਸਾਚਾ ਪਟੇ, ਕਿਸੇ ਹੱਟੇ ਹੱਥ ਨਾ ਆਈਆ । ਨਾ ਕੋਈ ਦਿਸੇ ਤੀਰਥ ਤਟੇ, ਏਕਾ ਵਸੇ ਘਟ ਘਟੇ, ਸੋਹੰ ਸਾਚਾ ਰਾਹ ਵਖਾਈਆ । ਕਾਇਆ ਜੋਤ ਜਗਾਏ ਲਟ ਲਟੇ, ਅਗਿਆਨ ਅੰਧੇਰ ਮਿਟਾਈਆ । ਦੂਈ ਦਵੈਤੀ ਮੇਟੇ ਫਟੇ, ਚਾਰ ਵਰਨਾਂ ਦੇ ਸਮਝਾਈਆ । ਗੁਰਮੁਖ ਵਿਰਲਾ ਦਰ ਆਏ ਨੱਠੇ, ਆਏ ਹਰਿ ਸਰਨਾਈਆ । ਦੁਰਮਤ ਮੈਲ ਪ੍ਰਭ ਅਬਿਨਾਸ਼ੀ ਕਟੇ, ਸਚ ਸਰੋਵਰ ਇਕ ਇਸ਼ਨਾਨ ਕਰਾਈਆ । ਰਸਨਾ ਰਸ ਏਕਾ ਚੱਟੇ, ਚਰਨ ਧੂੜ ਮਸਤਕ ਧੁਰਦਰਗਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਕਲਜੁਗ ਤੇਰੀ ਅੰਤਮ ਵਾਰ, ਗੁਰਮੁਖਾਂ ਕੱਟਣ ਆਇਆ ਜਮ ਕੀ ਫਾਹੀਆ । ਗੁਰਮੁਖਾਂ ਤੋੜੇ ਜਗਤ ਜੰਜਾਲਾ । ਸਾਚਾ ਦੇਵੇ ਨਾਮ ਧਨ ਸੱਚਾ ਧਨ ਮਾਲਾ । ਸੋਹੰ ਸ਼ਬਦ ਤਨ ਪਹਿਨਾਏ, ਗੁਰਮੁਖ ਤੇਰੀ ਆਤਮ ਸਾਚੀ ਮਾਲਾ । ਏਕਾ ਰਾਗ ਕੰਨ ਸੁਣਾਏ, ਫੁੱਲ ਲਗਾਏ ਸਾਚਾ ਡਾਲਾ । ਭਰਮ ਭੁਲੇਖਾ ਸਰਬ ਕਢਾਏ, ਦਰਸ਼ਨ ਦਿਖਾਏ ਗੁਰ ਗੋਪਾਲਾ । ਝੂਠੀ ਕਾਇਆ ਭੰਨ ਵਖਾਏ, ਕਿਸੇ ਨਾ ਨਿਭੇ ਅੰਤਮ ਨਾਲਾ । ਗੁਰਮੁਖ ਸਾਚੇ ਲੋਕਮਾਤ ਚੰਨ ਚੜ੍ਹਾਏ, ਆਪੇ ਬਣੇ ਹਰਿ ਰਖਵਾਲਾ । ਗੁਰ ਸੰਗਤ ਰਸਨਾ ਹਰਿ ਹਰਿ ਸਦਾ ਗਾਏ, ਸਿੰਘ ਮਨਜੀਤਾ ਸਦਾ ਅਤੀਤਾ, ਸਾਚੇ ਧਾਮ ਬਹਾਇਆ । ਕਾਇਆ ਕਰੇ ਠੰਡੀ ਸੀਤਾ । ਜਗਤ ਚਲਾਏ ਸਾਚੀ ਰੀਤਾ । ਨਿਹਕਲੰਕ

੭੨੨
੦੪

ਨਰਾਇਣ ਨਰ, ਕਲਜੁਗ ਅੰਤਮ ਜਾਮ ਪਿਆਏ, ਏਕਾ ਸ਼ਬਦ ਸੁਣਾਏ, ਸੋਹੰ ਸੱਚਾ ਅਠਾਰਾਂ ਧਿਆਏ ਗੀਤਾ । ਵਰਨ ਬਰਨ ਮੇਟ ਮਿਟਾਏ, ਗੁਰਮੁਖ ਸਾਚੇ ਨੌਂ ਨਿਧ ਪ੍ਰਭ ਦਰ ਆਏ, ਏਕਾ ਰਸ ਆਤਮ ਪੀਤਾ । ਆਤਮ ਸਾਚੀ ਜੋਤ ਜਗਾਏ, ਪੁਰਖ ਅਬਿਨਾਸ਼ੀ ਏਕਾ ਰਾਖੇ ਹਿਰਦੇ ਚੀਤਾ । ਆਦਿ ਅੰਤ ਸਾਧ ਸੰਤ ਹੋਏ ਸਹਾਏ, ਅੱਠੇ ਪਹਿਰ ਪਰਖੇ ਨੀਤਾ । ਮਾਤ ਪਿਤ ਭਾਈ ਭੈਣਾਂ ਸਾਕ ਸੱਜਣ ਸੈਣਾ ਨਾ ਕੋਈ ਛੁਡਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਅਚਰਜ ਖੇਲ ਹਰਿ ਵਰਤਾਨਾ । ਅਚਰਜ ਖੇਲ ਹਰਿ ਵਰਤਾਰਿਆ । ਗੁਰਮੁਖਾਂ ਮਿਲਾਏ ਸਾਚਾ ਮੇਲ, ਆਪ ਬਹਾਏ ਅਟਲ ਉਚ ਮਹੱਲ ਸ਼ਬਦ ਅਟਾਰੀਆ । ਪਾਰ ਕਰਾਏ ਜਲ ਥਲ, ਜੰਗਲ ਜੂਹ ਉਜਾੜ ਪਹਾੜ, ਏਕਾ ਏਕ ਦੇਵੇ ਸ਼ਬਦ ਹੁਲਾਰਿਆ । ਕਾਇਆ ਨਾਤ ਤੁੱਟੇ ਬਹੱਤਰ ਨਾੜ, ਆਤਮ ਜੋਤੀ ਮੇਲ ਪੁਰਖ ਅਪਾਰਿਆ । ਨੇੜ ਨਾ ਆਏ ਪੰਚਮ ਪੰਚਾਂ ਧਾੜ, ਸ਼ਬਦ ਮਾਰੇ ਹਰਿ ਕਾੜ ਕਾੜ, ਗੁਰਮੁਖ ਸਾਚੇ ਸੰਤ ਜਨਾਂ ਬਣੇ ਆਪ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪੇ ਜਾਣੇ ਆਪਣਾ ਸਚ ਵਿਹਾਰਿਆ । ਸਚ ਵਿਹਾਰ ਹਰਿ ਕਰਤਾਰ ਹੈ । ਕਲਜੁਗ ਤੇਰੀ ਅੰਤਮ ਵਾਰ ਹੈ । ਲੱਖ ਚੁਰਾਸੀ ਹੋਣੀ ਮਾਤ ਖੁਆਰ ਹੈ । ਧਰਮ ਰਾਏ ਹੱਥ ਫੜੇ ਫਾਸੀ, ਪੁਰਖ ਅਬਿਨਾਸ਼ੀ ਖੋਲ੍ਹੇ ਇਕ ਦਵਾਰ ਹੈ । ਲਾੜੀ ਮੌਤ ਕਰੇ ਸੋਹਣਾ ਤਨ ਸ਼ਿੰਗਾਰ ਹੈ । ਮੇਟ ਮਿਟਾਏ ਮਦਿਰਾ ਮਾਸੀ, ਕਲਜੁਗ ਤੇਰੀ ਅੰਤਮ ਵਾਰ ਹੈ । ਕਰੇ ਜੋਤ ਪ੍ਰਕਾਸ਼ ਘਨਕਪੁਰ ਵਾਸੀ, ਨਿਹਕਲੰਕ ਚਵੀਆਂ ਅਵਤਾਰ ਹੈ । ਗੁਰ ਗੋਬਿੰਦਾ ਗੁਣੀ ਗਹਿੰਦਾ, ਦੋ ਜਹਾਨਾਂ ਸਦ ਬਖ਼ਸ਼ਿੰਦਾ, ਆਪੇ ਜਾਣੇ ਆਪਣੀ ਕਾਰ ਹੈ । ਲੱਖ ਚੁਰਾਸੀ ਕਰੇ ਨਿੰਦਾ, ਆਤਮ ਵੱਜਾ ਹੰਕਾਰੀ ਜਿੰਦਾ, ਗੁਰਮੁਖ ਵਿਰਲੇ ਆਪ ਬਣਾਏ ਸਾਚੀ ਬਿੰਦਾ, ਦੇਵੇ ਦਰਸ ਅਗੰਮ ਅਪਾਰ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪੇ ਜਾਣੇ ਆਪਣੀ ਸਾਰ ਹੈ । ਜਾਣੇ ਸਾਰ ਸੁਰਤ ਸੰਭਾਲਦਾ । ਲੋਕਮਾਤ ਆਵੇ ਵਾਰੋ ਵਾਰ, ਗੁਰਮੁਖ ਸਾਚੇ ਸੰਤ ਜਨਾਂ, ਫੜ ਫੜ ਬਾਹੋਂ ਪਾਰ ਉਤਾਰਦਾ । ਏਕਾ ਧਾਮ ਥਿਰ ਰਹਾਵੇ, ਨਰ ਹਰਿ ਸੱਚੀ ਸਰਕਾਰ ਦਾ । ਲੱਖ ਚੁਰਾਸੀ ਝੂਠੇ ਦਾਅਵੇ, ਯਮਰਾਜ ਅੰਤਮ ਫੜ ਫੜ ਬਾਹੋਂ ਧਰਮ ਰਾਏ ਜੇਲੇ ਵਾੜਦਾ । ਗੁਰਮੁਖਾਂ ਦੇਵੇ ਪ੍ਰਭ ਅਬਿਨਾਸ਼ੀ ਠੰਡੀ ਛਾਏਂ, ਰਸਨਾ ਹਰਿ ਹਰਿ ਜੋ ਜਨ ਉਚਾਰਦਾ । ਨਾ ਕੋਈ ਪਿਤਾ ਨਾ ਕੋਈ ਮਾਏ, ਝੂਠਾ ਨਾਤਾ ਪੀਣ ਖਾਣ ਦਾ । ਘਰ ਘਰ ਉਡਦੇ ਦਿਸਣ ਕਾਂਓ, ਗੁਰਮੁਖ ਹੰਸ ਪ੍ਰਭ ਸਾਚਾ ਮਾਤ ਪਛਾਣਦਾ । ਆਪ ਬਣਾਏ ਸਾਚੀ ਬਣਤ, ਮਾਰੇ ਤੀਰ ਏਕਾ ਸ਼ਬਦ ਬ੍ਰਹਮ ਗਿਆਨ ਦਾ । ਗੁਰਮੁਖ ਸੁਹਾਏ ਵਿਚ ਸਹੰਸ, ਧਰੇ ਭੇਖ ਸ੍ਰੀ ਭਗਵਾਨ ਦਾ । ਜੋਤੀ ਜੋਤ ਸਰੂਪ ਹਰਿ, ਸਾਚਾ ਰਾਣਾ ਬੇਮੁਹਾਣਾ, ਅੰਤਮ ਕਲ ਪਛਾਣਦਾ । ਅੰਤਮ ਕਲ ਕਰ ਵਿਚਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਲੋਕਮਾਤ ਲਿਆ ਅਵਤਾਰ । ਗੁਰ ਗੋਬਿੰਦ ਸਾਚਾ ਬਣਿਆ ਭਵਿਖਤ ਲੇਖ ਲਿਖਾਰ । ਗੁਰ ਨਾਨਕ ਦਿੱਤੀ ਸਾਚੀ ਸਿਖਤ, ਮੱਕੇ ਮਦੀਨੇ ਪਾਏ ਸਾਰ । ਨਾ ਕੋਈ ਜਾਣੇ ਮੁਨ ਰਿਖਤ, ਗਿਆਨੀ ਧਿਆਨੀ ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾਂ ਪੈਂਦੀ ਮਾਰ । ਨਾ ਕੋਈ ਜਾਣੇ ਬੂਰੇ ਕੱਕੇ, ਈਸਾ ਮੂਸਾ ਗਏ ਹਾਰ । ਦੂਰ ਦੁਰਾਡਾ ਹਰਿ ਜੀ ਤੱਕੇ, ਤਿੰਨਾਂ ਲੋਆਂ ਪਾਏ ਸਾਰ । ਪਹਿਲਾਂ ਖੇਲ ਕਰੇ ਪ੍ਰਭ ਮਦੀਨੇ ਮੱਕੇ, ਔਲੀਏ ਪੀਰ ਸ਼ੇਖ਼ ਗੌਂਸ ਕੁਤਬ ਕੱਢੇ ਬਾਹਰ । ਉਮਤ ਨਬੀ ਰਸੂਲ ਦੀ ਚਾਰੋਂ ਕੁੰਟ ਪੈਣ ਧੱਕੇ, ਸੱਚਾ ਲੱਗਾ ਸ਼ਬਦ ਨਾਹਰ । ਸਦੀ ਚੌਧਵੀਂ ਫਲ ਸਾਚਾ ਪੱਕੇ, ਵੇਖੋ ਖੇਲ ਪ੍ਰਵਰਦਿਗਾਰ ਦੀ ।



੭੨੩
੦੪

ਧਰਮਰਾਜ ਦੇ ਅੱਗੇ ਹੱਕੇ, ਲਾੜੀ ਮੌਤ ਸਚ ਦੁਲਾਰੀ, ਬੇਮੁਖਾਂ ਤਾਈਂ ਵੰਗਾਰ ਦੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਤਮ ਵੇਖ ਵਖਾਣੇ ਸਰਬ ਸੰਸਾਰ ਦੀ । ਪਹਿਲੀ ਕੂਟ ਕਰ ਵਿਚਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਐਲੀ ਅੱਲਾ ਹੋ ਤਿਆਰ । ਸ਼ਬਦ ਆਏ ਅਪਰ ਅਪਾਰ । ਲਹਿੰਦਾ ਜਾਏ ਤਨ ਬੁਖ਼ਾਰ । ਚਾਰੋਂ ਕੁੰਟ ਆਈ ਹਾਰ । ਮੂੰਹ ਦੇ ਭਾਰ ਡਿੱਗੇ ਚਾਰੋਂ ਯਾਰ । ਝੂਠੇ ਤੁੱਟੇ ਕਾਇਆ ਤੱਗੇ, ਨਾ ਕੋਈ ਦੇਵੇ ਮਾਤ ਸਹਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਬਣੇ ਸ਼ਬਦ ਲਿਖਾਰ । ਅੱਲਾ ਰਾਣੀ ਦਏ ਦੁਹਾਈ । ਪੁਰਖ ਅਬਿਨਾਸ਼ੀ ਪਾਈ ਫਾਹੀ । ਕੋਈ ਨਾ ਮਿਲੇ ਸਾਚਾ ਮਾਹੀ । ਦਰ ਘਰ ਸਾਚਾ ਚਾਰੋਂ ਕੁੰਟ ਦਿਸੇ ਨਾਹੀ । ਜੋਤੀ ਜੋਤ ਸਰੂਪ ਹਰਿ, ਆਪੇ ਭੰਨੇ ਕਾਇਆ ਭਾਂਡਾ ਕਾਚਾ, ਦੂਸਰ ਕੋਈ ਨਾਹੀ । ਅੱਲਾ ਰਾਣੀ ਹੋਈ ਹੈਰਾਨ । ਪ੍ਰਭ ਅਬਿਨਾਸ਼ੀ ਰਸਨਾ ਖਿੱਚੇ ਤੀਰ ਕਮਾਨ । ਪਹਿਲਾ ਵੱਜੇ ਮਦੀਨੇ ਮੱਕੇ, ਆਪ ਮਿਟਾਏ ਵਡੇ ਵਡੇ ਬੇਈਮਾਨ ਸ਼ੈਤਾਨ । ਨਾਤਾ ਤੁਟੇ ਭਾਈ ਭੈਣ ਸਕੇ, ਜੀਵ ਜੰਤ ਸਾਧ ਸੰਤ ਸਰਬ ਕੁਰਲਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਬੈਠ ਸ਼ਬਦ ਚਲਾਏ ਸਾਚਾ ਬਾਣ । ਸ਼ਬਦ ਬਾਣ ਜਾਏ ਚਲ । ਪਾਰ ਕਰਾਏ ਜਲ ਥਲ । ਜੰਗਲ ਜੂਹ ਡੂੰਘੀ ਡਲ । ਉਚੇ ਟਾਹਣੇ ਲਾਹੇ ਫਲ । ਲੱਖ ਚੁਰਾਸੀ ਜਾਏ ਦਲ । ਸ਼ਬਦ ਸਰੂਪੀ ਵਾਹੇ ਹਲ । ਵਡਾ ਸ਼ਾਹੋ ਸ਼ਾਹ ਭੂਪੀ, ਨਿਹਚਲ ਬੈਠ ਧਾਮ ਅਟੱਲ । ਨਾ ਕੋਈ ਦਿਸੇ ਰੰਗ ਰੂਪੀ, ਲੱਖ ਚੁਰਾਸੀ ਆਪ ਭੁਲਾਈ ਕਰ ਕਰ ਵਲ ਛਲ । ਏਕਾ ਜੋਤ ਸਤਿ ਸਰੂਪੀ, ਪ੍ਰਗਟ ਹੋਏ ਘੜੀ ਘੜੀ ਪਲ ਪਲ । ਮਾਇਆ ਰਾਣੀ ਅੰਧ ਕੂਪੀ, ਬੇਮੁਖਾਂ ਲਾਹੇ ਕਲਜੁਗ ਖੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਭੇਖ ਵਟਾਏ, ਕਰੇ ਖੇਲ ਅੱਜ ਕਿ ਕੱਲ । ਸ਼ਬਦ ਮਾਲਨ ਫੂਲ ਲਿਆਈਆ । ਪ੍ਰਭ ਸਾਚੇ ਭੇਟ ਚੜ੍ਹਾਈਆ । ਬਣੇ ਸੱਚੀ ਇਕ ਦਲਾਲਣ, ਜੀਉੜਾ ਲੇਖੇ ਲਿਆ ਲਗਾਈਆ । ਏਕਾ ਜੋਤ ਹਰਿ ਅਕਾਲਣ, ਸਰਬ ਥਾਈਂ ਹੋਏ ਸਹਾਈਆ । ਦਿਵਸ ਰੈਣ ਕਰੇ ਪ੍ਰਿਤਪਾਲਨ, ਨਾ ਦੇਵੇ ਕੋਈ ਸਜ਼ਾਈਆ । ਬੇਮੁਖ ਚਾਰੋਂ ਕੁੰਟ ਚਲੇ ਭਾਲਣ, ਨਿਹਕਲੰਕ ਮਾਝੇ ਦੇਸ ਜੋਤ ਜਗਾਈਆ । ਸਾਚਾ ਵੱਜੇ ਸ਼ਬਦ ਤਾਲਨ, ਰਾਜੇ ਰਾਣਿਆਂ ਰਿਹਾ ਸਮਝਾਈਆ । ਕਾਇਆ ਮਾਟੀ ਨਾ ਨਿਭੇ ਕਿਸੇ ਨਾਲਨ, ਆਤਮ ਜੋਤੀ ਹੱਥ ਹਰਿ ਰਖਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਫੂਲ ਸਾਚੀ ਸੇਵਾ ਲਾਈਆ । ਸਾਚੇ ਫੂਲ ਫੁੱਲ ਉਮੰਗ । ਖੁਲ੍ਹੇ ਕਵਲ ਜਲ ਤਰੰਗ । ਉਪਰ ਧਵਲ ਪ੍ਰਭ ਅਬਿਨਾਸ਼ੀ ਸਾਚਾ ਸੰਗ । ਬਹੱਤਰ ਨਾੜੀ ਰਿਹਾ ਮਵਲ, ਸ਼ਬਦ ਘੋੜੇ ਕੱਸਿਆ ਤੰਗ । ਸ੍ਰਿਸ਼ਟ ਸਬਾਈ ਹੋਈ ਬਵਲ, ਗੁਰਮੁਖਾਂ ਆਤਮ ਚਾੜ੍ਹੇ ਰੰਗ । ਜਿਉਂ ਰਾਮਾ ਕ੍ਰਿਸ਼ਨਾ ਸਵਲ, ਨਾ ਕੋਈ ਜਾਣੇ ਜੀਵ ਬੇਰੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਸਚ ਦਵਾਰਾ । ਭਗਤ ਭੰਡਾਰਾ ਗੁਰਸਿਖ ਵਣਜਾਰਾ, ਸਾਚੀ ਮੰਗ ਲਏ ਮੰਗ । ਫਲ ਫੁਲਵਾੜੀ ਸਾਚੇ ਪੱਤ । ਪੁਰਖ ਅਬਿਨਾਸ਼ੀ ਵੇਖੇ ਨਾੜ ਨਾੜੀ, ਜੂਠੀ ਝੂਠੀ ਉਬਲੇ ਰੱਤ । ਗੁਰਮੁਖਾਂ ਫਿਰੇ ਸਦ ਪਿੱਛੇ ਅਗਾੜੀ, ਆਤਮ ਬੀਜੇ ਸਾਚੇ ਵਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜਾਮਾ ਧਾਰ, ਗੁਰਮੁਖਾਂ ਦੇਵੇ ਸਾਚਾ ਵਰ, ਸਰਬ ਕਲਾ ਸਮਰਥ । ਗੁਰਸਿਖ ਆਤਮ ਦਰ ਕੁਰਲਾਈਆ । ਝੱਲੀ ਜਾਏ ਨਾ ਮਾਤ ਜੁਦਾਈਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਧੁਰਦਰਗਾਹੀ ਸਾਚੇ ਮਾਹੀਆ । ਸਾਚਾ ਦੇ ਨਾਮ ਵਰ, ਅਗਿਆਨ ਅੰਧੇਰ ਸਰਬ ਮਿਟ

ਜਾਈਆ । ਚਰਨ ਧੂੜ ਨਹਾਈਏ ਸਾਚੇ ਸਰ, ਮੂਰਖ ਮੂੜ੍ਹ ਚਤੁਰ ਸੁਘੜ ਬਣ ਜਾਈਆ । ਆਤਮ ਭੰਡਾਰਾ ਸਾਚਾ ਭਰ, ਦੂਜਾ ਦਰ ਮੰਗਣ ਮਾਤ ਨਾ ਜਾਈਆ । ਸਚ ਦਵਾਰਾ ਮਿਲੇ ਵਰ, ਧਰਮ ਰਾਏ ਫੰਦ ਕਟਾਈਆ । ਸਾਚੀ ਸਰਨ ਜਾਈਏ ਪੜ, ਬਣ ਸਾਚਾ ਜਗਤ ਮਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦਵਾਰੇ ਹੋਏ ਨਿਮਾਣੀ ਆਤਮ ਰਾਣੀ ਰੋ ਰੋ ਦਏ ਦੁਹਾਈਆ । ਆਤਮ ਰੋਵੇ ਧਾਹਾਂ ਮਾਰਦੀ । ਪੁਰਖ ਅਬਿਨਾਸ਼ੀ ਕੰਤ ਭਤਾਰ, ਸਾਚਾ ਆਪਣਾ ਆਪ ਪੁਕਾਰਦੀ । ਸਾਚੇ ਦਰ ਸੁਣ ਪੁਕਾਰ, ਲੋਕਮਾਤ ਗਈ ਹਾਰ, ਝੂਠੀ ਖੇਲ ਠਗ ਚੋਰ ਯਾਰ ਦੀ । ਚਾਰੋਂ ਕੁੰਟ ਪੈਂਦੀ ਮਾਰ, ਕਲਜੁਗ ਜੀਵ ਭੁਲੇ ਗਵਾਰ, ਝੂਠੀ ਮਾਇਆ ਜਗਤ ਸਾੜਦੀ । ਏਕਾ ਬਖ਼ਸ਼ ਚਰਨ ਪਿਆਰ, ਮੈਂ ਆਈ ਚੱਲ ਸਚ ਦਵਾਰ, ਮਿਲਿਆ ਹਰਿ ਪੁਰਖ ਅਪਾਰ, ਆਤਮ ਜੋਤੀ ਸਚ ਬਾਲਦੀ । ਆਤਮ ਜੋਤ ਜਗੇ ਦੀਵਾ । ਗੁਰ ਚਰਨ ਦਵਾਰੇ ਰਹਿਣਾ ਨੀਵਾਂ । ਸਾਚਾ ਵਿਹੜਾ ਹਰਿ ਵਖਾਏ, ਸਾਢੇ ਤਿੰਨ ਹੱਥ ਰਖਾਏ ਸੀਆਂ । ਪ੍ਰਭ ਬਿਨ ਪਾਰ ਲੰਘਾਏ ਕਿਹੜਾ, ਬੇਮੁਖ ਭੁੱਲੇ ਮਾਇਆ ਰੁਲੇ, ਨਾ ਕਰੇ ਕੋਈ ਠੰਡਾ ਸੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਾਚਾ ਜਾਮ ਪਿਆਏ, ਗੁਰਮੁਖ ਸਾਚੇ ਦਰ ਘਰ ਆਏ, ਏਕਾ ਰਸ ਸਾਚਾ ਪੀਆ । ਆਤਮ ਰਸ ਸ਼ਬਦ ਸਰੂਰ ਹੈ । ਪ੍ਰਭ ਅਬਿਨਾਸ਼ੀ ਹੋਏ ਵਸ, ਬੇਮੁਖ ਜਾਨਣ ਦੂਰ ਹੈ । ਆਤਮ ਜੋਤ ਕਰੇ ਪ੍ਰਕਾਸ਼ ਕੋਟ ਰਵ ਸਸ, ਗੁਰਮੁਖਾਂ ਹਾਜ਼ਰ ਹਜ਼ੂਰ ਹੈ । ਪੰਚ ਪੰਚਾਇਣ ਜਾਏ ਨੱਸ, ਸ਼ਬਦ ਉਪਜਾਏ ਸਾਚੀ ਤੂਰ ਹੈ । ਲਾੜੀ ਮੌਤ ਨਾ ਖਾਏ ਡੈਣ, ਪ੍ਰਭ ਅਬਿਨਾਸ਼ੀ ਆਪਣੀ ਗੋਦ ਉਠਾਏ ਹੱਸ ਹੈ । ਆਪੇ ਬਣੇ ਮਾਤ ਪਿਤ ਸਾਕ ਸੱਜਣ ਭਾਈ ਭੈਣ, ਗੁਰਮੁਖ ਹਿਰਦੇ ਰਿਹਾ ਵਸ ਹੈ । ਗੁਰ ਸੰਗਤ ਤੁਠਾ ਸਾਚਾ ਸੈਣ, ਮਿਟੇ ਅੰਧੇਰੀ ਕਲਜੁਗ ਕਾਲੀ ਰੈਣ ਹੈ । ਗੁਰਮੁਖਾਂ ਅੰਤ ਵਿਛੋੜੇ ਪੈਣ, ਪ੍ਰਭ ਆਪ ਚੁਕਾਏ ਲਹਿਣ ਦੇਣ ਹੈ । ਹਰਿਜਨ ਸਾਚਾ ਭਾਣਾ ਸਹਿਣ, ਹਰਿ ਹਰਿ ਰਸਨਾ ਸਦਾ ਕਹਿਣ ਹੈ । ਬੇਮੁਖ ਵਹੇ ਡੂੰਘੇ ਵਹਿਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਸਕੇ ਕੋਈ ਕਹਿਣ ਹੈ । ਨਾ ਜਾਣੇ ਕੋਈ ਜੀਵ ਗਵਾਰਾ । ਅੰਤਮ ਪਾਸਾ ਆਇਆ ਹਾਰਾ । ਕਲਜੁਗ ਕਾਲੀ ਵਹਿੰਦੀ ਧਾਰਾ । ਫਲ ਨਾ ਦਿਸੇ ਕਿਸੇ ਡਾਲਾ । ਸ਼ਬਦ ਡੰਡਾ ਲੱਗਾ ਭਾਰਾ । ਪ੍ਰਭ ਅਬਿਨਾਸ਼ੀ ਬਣਿਆ ਹਾਲੀ, ਧਰਤ ਮਾਤ ਰਹਿਣ ਨਾ ਦੇਵੇ ਕੋਈ ਜਾੜਾ । ਕਲਜੁਗ ਚਲੀ ਚਾਲ ਨਿਰਾਲੀ, ਲੱਖ ਚੁਰਾਸੀ ਇਕ ਬਣਾਏ ਸਚ ਅਖਾੜਾ । ਕਿਸੇ ਘਰ ਨਾ ਦਿਸੇ ਛੰਨਾ ਥਾਲੀ, ਮਗਰ ਲਗਾਏ ਮੌਤ ਲਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ, ਦਿਨ ਦਿਹਾੜੇ ਬੇਮੁਖ ਜੀਵਾਂ ਰਿਹਾ ਪਾੜੀ । ਹਰਿ ਦਰਬਾਰ ਅਪਰ ਅਪਾਰਿਆ । ਹਰਿ ਦਰਬਾਰ ਮਾਨਸ ਦੇਹੀ ਜਗਤ ਸਨੇਹੀ, ਪੂਰੇ ਲੇਖ ਲਿਖਾ ਰਿਹਾ । ਹਰਿ ਦਰਬਾਰ ਸਾਚਾ ਵੇਖ, ਸਾਚਾ ਘਰ ਸੁਹਾ ਰਿਹਾ । ਸਚ ਦਰਬਾਰ ਲੋਕਮਾਤ ਨਾ ਦਿਸੇ ਕੋਈ ਰੇਖ, ਸਾਚੀ ਬਣਤ ਬਣਾ ਰਿਹਾ । ਸਚ ਦਰਬਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨੀਂਹ ਰਖਾ ਰਿਹਾ । ਸਚ ਦਰਬਾਰ ਸਚ ਟਿਕਾਣਾ । ਸਚ ਦਰਬਾਰ ਗੁਰਮੁਖਾਂ ਮਿਲੇ ਨਾਮ ਬਿਬਾਣਾ । ਸਚ ਦਰਬਾਰ ਸੁੱਕਾ ਹਰਿਆ ਕਰੇ ਚਾਮ, ਜੋ ਜਨ ਕਰੇ ਚਰਨ ਧਿਆਨਾ । ਸਚ ਦਰਬਾਰ ਕੋਈ ਨਾ ਲੱਗੇ ਦਾਮ, ਦੇਵੇ ਦਰਸ ਹਰਿ ਭਗਵਾਨਾ । ਸਚ ਦਰਬਾਰ ਪੂਰ ਕਰਾਏ ਗੁਰਸਿਖਾਂ ਕਾਮ, ਦਰ ਘਰ ਸਾਚੇ ਰੱਖੇ ਮਾਣਾ । ਸਚ ਦਰਬਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਇਕ ਸੁਹਾਣਾ । ਸਚ ਦਰਬਾਰ ਹਰਿ ਭਗਵੰਤ ਹੈ । ਸਚ ਦਰਬਾਰ ਗੁਰਮੁਖ ਵਿਚਾਰੇ ਸੰਤ ਹੈ । ਸਚ

ਦਰਬਾਰ ਵਿਚ ਮੰਝਧਾਰ, ਆਪ ਬਣਾਇਆ ਹਰਿ ਹਰਿ ਸਾਚੇ ਕੰਤ ਹੈ । ਸਚ ਦਰਬਾਰ ਪਾਏ ਸਾਰ ਨਰ ਨਾਰ, ਆਦਿ ਅੰਤ ਸਾਚੀ ਕਾਰ ਹੈ । ਸਚ ਦਰਬਾਰ ਪੂਰਬ ਕਰਮ ਰਿਹਾ ਵਿਚਾਰ, ਦਰ ਘਰ ਸਾਚੇ ਬੰਨ੍ਹੇ ਧਾਰ, ਮੇਲ ਮਿਲਾਇਆ ਸਾਚੇ ਕੰਤ ਹੈ । ਸਚ ਦਰਬਾਰ ਸ਼ਬਦ ਉਡਾਰ ਵਿਚ ਸੰਸਾਰ, ਰਸਨਾ ਗਾਉਣਾ ਸੋਹੰ ਸਚ ਸਤਿ ਹੈ । ਸਚ ਦਰਬਾਰ ਭਰਮ ਨਿਵਾਰ ਚਰਨ ਦਵਾਰ, ਕਾਇਆ ਚੋਲੀ ਨਾਮ ਰੰਗਤ ਹੈ । ਸਚ ਦਰਬਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਆਪ ਸੁਹਾਏ, ਗੁਰਮੁਖ ਸਾਚਾ ਬਣਿਆ ਰਹੇ ਭਿਖਾਰ ਹੈ । । ਸਾਚਾ ਧਾਮ ਊਚ ਅਟੱਲਾ । ਗੁਰ ਦਰਬਾਰ ਇਕ ਇਕੱਲਾ । ਵਸੇ ਹਰਿ ਸੱਚੀ ਸਰਕਾਰ, ਮਾਇਆ ਪਾਈ ਆਪ ਭੁਲਾਈ ਕਰ ਕਰ ਵਲ ਛਲਾ । ਗੁਰਮੁਖਾਂ ਕਟੇ ਜਮ ਕੀ ਫਾਹੀ, ਕਲਜੁਗ ਵੇਲੇ ਅੰਤਮ ਹੋਏ ਸਹਾਈ ਜਲ ਥਲਾ । ਫੜ ਫੜ ਤਾਰੇ ਦੋਵੇਂ ਬਾਹੀਂ, ਵੰਞ ਮੁਹਾਣਾ ਨਾ ਕੋਈ ਰਖਾਈ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਰਿਹਾ ਬਣਾਈ । ਸਚ ਦਰਬਾਰ ਨੌਂ ਦਵਾਰ । ਗੁਰਮੁਖ ਵਿਰਲਾ ਪਾਵੇ ਸਾਰ । ਬੇਮੁਖ ਚਾਰੋਂ ਕੁੰਟ ਫਿਰਦੇ, ਦਹਿ ਦਿਸ਼ ਰਹੇ ਝੱਖ ਮਾਰ । ਗੁਰਮੁਖਾਂ ਵਸੇ ਹਰਿ ਸਾਚਾ ਹਿਰਦੇ, ਆਤਮ ਜੋਤੀ ਕਰ ਅਕਾਰ । ਆਪ ਰਖਾਏ ਆਪਣੇ ਪਰਦੇ, ਨਿਹਕਲੰਕੀ ਜਾਮਾ ਧਾਰ । ਕਾਰਜ ਕਰੇ ਮਾਤ ਸਿੱਧੇ, ਜਨ ਭਗਤਾਂ ਖੋਲ੍ਹੇ ਬੰਦ ਕਵਾੜ । ਦਾਸੀ ਕਰੇ ਨੌਂ ਨਿਧੇ, ਅਠਾਰਾਂ ਸਿੱਧੇ ਹੋਏ ਭਿਖਾਰ । ਗੁਰਮੁਖਾਂ ਹਰਿ ਆਤਮ ਵਿੱਧੇ, ਸ਼ਬਦ ਬਿਬਾਣਾ ਸਾਚੀ ਬਿੱਧੇ, ਤਨ ਪਹਿਨਾਇਆ ਕੰਗਣਹਾਰ । ਇਕ ਵਖਾਏ ਰਾਹ ਸਿੱਧੇ, ਲੱਖ ਚੁਰਾਸੀ ਬੇੜਾ ਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਧਾਰ । ਸਚ ਦਰਬਾਰ ਹਰਿ ਰਘੁਰਾਈ । ਵੇਖੇ ਵਿਗਸੇ ਕਰ ਵਿਚਾਰ, ਨਾ ਕੋਈ ਸਕੇ ਭੇਵ ਛੁਪਾਈ । ਧੁਰਦਰਗਾਹੀ ਸੱਚੀ ਸਰਕਾਰ, ਲੋਕਮਾਤ ਮਿਲਿਆ ਜਗਤ ਮਲਾਹੀਆ । ਗੁਰਮੁਖਾਂ ਬੰਨ੍ਹੇ ਸਾਚੀ ਧਾਰ, ਧਰਮ ਰਾਏ ਰਿਹਾ ਸਮਝਾਈਆ । ਸੋਲਾਂ ਕਰੇ ਤਨ ਸ਼ਿੰਗਾਰ, ਸ਼ਬਦ ਚੋਲੀ ਤਨ ਛੁਹਾਈਆ । ਖਿੱਚ ਲਿਆਏ ਚਰਨ ਦਵਾਰ, ਵਾਰੋ ਵਾਰ ਸੋਏ ਪੂਤ ਰਿਹਾ ਜਗਾਈਆ । ਆਤਮ ਖਿੜੀ ਰਹੇ ਗੁਲਜ਼ਾਰ, ਸਦਾ ਰਹੇ ਬਸੰਤ ਬਹਾਰ, ਫੂਲਨ ਬਰਖਾ ਹਰਿ ਜੀ ਲਾਈਆ । ਜੋਤੀ ਜਾਮਾ ਕਰ ਪਿਆਰ, ਆਪੇ ਤਾਰੇ ਨਰ ਨਾਰ, ਬਿਰਧ ਬਾਲ ਜਵਾਨਾਂ ਰਿਹਾ ਸਮਝਾਈਆ । ਫੜ ਫੜ ਬਾਹੋਂ ਰਿਹਾ ਤਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਰਿਹਾ ਜਗਤ ਸਮਝਾਈਆ । ਸਚ ਦਰਬਾਰ ਨੌਂ ਦਰਵਾਜੇ । ਵਸੇ ਵਿਚ ਗਰੀਬ ਨਿਵਾਜੇ । ਆਪ ਆਪਣਾ ਸਾਜਣ ਸਾਜੇ । ਜੋਤ ਜਗਾਏ ਦੇਸ ਮਾਝੇ । ਹਰਿ ਸੰਤ ਸੁਹੇਲਾ ਗੁਰਸਿਖ ਮੇਲਾ, ਅੰਤ ਰਖਾਏ ਮਾਤ ਲਾਜੇ । ਆਪੇ ਗੁਰ ਆਪੇ ਚੇਲਾ, ਨਾ ਕੋਈ ਹੋਏ ਵਕਤ ਦੁਹੇਲਾ, ਸ਼ਬਦ ਸਰੂਪੀ ਮਾਰੇ ਅਵਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਚਾਰੋਂ ਕੁੰਟ ਕਰਾਏ ਭਾਜੇ । ਸਚ ਦਰਬਾਰ ਹਰਿ ਬਣਾਏ । ਕਿਰਪਾ ਧਾਰੇ ਜੋਤ ਜਗਾਏ । ਸਚ ਸਿੰਘਾਸਣ ਇਕ ਸੁਹਾਏ । ਗੁਰਮੁਖ ਸਾਚੇ ਦਾਸੀ ਦਾਸਨ, ਆਪੇ ਆਪ ਹੋ ਜਾਏ । ਸ਼ਬਦ ਚਲਾਏ ਸਵਾਸ ਸਵਾਸਨ, ਮਾਨਸ ਦੇਹੀ ਰਾਸ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਅਠਾਰਾਂ ਅਠਾਰਾਂ ਨੌਂ ਲੇਖਾ ਅੰਤ ਮੁਕਾਏ । ਸਚ ਦਰਬਾਰਾ ਨੌਂ ਦਵਾਰੇ । ਖੋਲ੍ਹੇ ਭੇਤ ਆਪ ਨਿਰੰਕਾਰੇ । ਹਿੱਸੇ ਕਰੇ ਵਾਰੋ ਵਾਰੇ । ਕਿਸੇ ਨਾ ਦਿਸੇ ਪਰਵਰਦਿਗਾਰੇ । ਝੂਠੀ ਚੱਕੀ ਕਲਜੁਗ ਜੀਵ ਪਿਸੇ, ਅੰਤਮ ਹੋਏ ਦੋ ਫਾੜੇ । ਗੁਰਮੁਖਾਂ ਪ੍ਰਭ ਆਇਆ ਹਿੱਸੇ, ਵੰਡ ਕਰਾਏ ਸਤਾਰਾਂ ਹਾੜੇ । ਮਿਟਣਾ ਭੇਵ ਬੀਸ

੭੨੬
੦੪

ਇਕੀਸੇ, ਬੇਮੁਖਾਂ ਦਿਨ ਆਏ ਮਾੜੇ । ਮਾਣ ਗਵਾਏ ਈਸਾ ਮੂਸੇ, ਸ਼ਬਦ ਲਗਾਏ ਮਗਰ ਧਾੜੇ । ਇਕ ਚਲਾਏ ਸ਼ਬਦ ਹਦੀਸੇ, ਕੁਰਾਨ ਅੰਜੀਲਾਂ ਲਹਿੰਦੀ ਦਿਸ਼ਾ ਸਾੜੇ । ਸ਼ਬਦ ਤੀਰ ਚਲੇ ਪ੍ਰਭ ਅਬਿਨਾਸ਼ੀ ਤੇਰੇ ਸਚ ਮਹੱਲੇ, ਨੌਜਵਾਨ ਸ਼ਬਦ ਵੱਜੇ ਕਾੜ ਕਾੜੇ । ਗੁਰਮੁਖ ਸਾਚਾ ਛਤਰ ਛਾਇਆ ਹੇਠ ਪਲੇ, ਬਣਾਏ ਸਚ ਦਵਾਰੇ, ਆਪ ਬਣਾਏ ਸਾਚੇ ਲਾੜੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਛੱਬੀ ਪੋਹ ਸਾਧਾਂ ਸੰਤਾਂ, ਆਤਮ ਜੋਤੀ ਲਾਏ ਆਗ ਬਹੱਤਰ ਨਾੜੇ । ਸਚ ਦਰਬਾਰ ਸ਼ਬਦ ਲਗਾਣਾ । ਪ੍ਰਗਟ ਹੋਇਆ ਸ਼ਾਹ ਸੁਲਤਾਨਾ । ਜੋਤ ਸਰੂਪੀ ਵਾਲੀ ਦੋ ਜਹਾਨਾਂ । ਵਡ ਵਡ ਸ਼ਾਹੋ ਭੂਪੀ, ਰੂਪ ਰੇਖ ਨਾ ਕੋਈ ਵਖਾਣਾ । ਸ੍ਰਿਸ਼ਟ ਸਬਾਈ ਅੰਧ ਕੂਪੀ, ਕੋਈ ਨਾ ਜਾਣੇ ਸਚ ਨਿਸ਼ਾਨਾ । ਸਚ ਸਿੰਘਾਸਣ ਹਰਿ ਬਿਰਾਜੇ, ਜੋਤ ਸਰੂਪੀ ਦੇਸ ਮਾਝੇ, ਗੁਰਮੁਖਾਂ ਹੱਥੀਂ ਬੰਨ੍ਹੇ ਗਾਨਾ । ਆਪ ਆਪਣਾ ਸਾਜਨ ਸਾਜਾ । ਪੁਰਖ ਅਬਿਨਾਸ਼ੀ ਗਰੀਬ ਨਿਵਾਜਾ । ਆਤਮ ਜੋਤੀ ਕਰ ਪ੍ਰਕਾਸ਼, ਹਿਰਦੇ ਰਖੇ ਵਾਸ, ਨੂਰੀ ਜਾਮਾ ਕੋਟਨ ਭਾਨਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੰਦਰ ਜਗੀ ਜੋਤ ਅੰਦਰੇ ਅੰਦਰ, ਨਾ ਕੋਈ ਜਾਣੇ ਗੋਰਖ ਮਛੰਦਰ, ਅੰਜੀਲ ਕੁਰਾਨੀ ਖਾਣੀ ਬਾਣੀ, ਵੇਦ ਪੁਰਾਨੀ ਨਾ ਕਿਸੇ ਪਛਾਣਾ । ਖਾਣੀ ਬਾਣੀ ਗਈ ਹਾਰ । ਅੰਤਮ ਕਲ ਨਾ ਸੁਣੇ ਕੋਈ ਪੁਕਾਰ । ਪ੍ਰਭ ਕਾ ਭਾਣਾ ਨਾ ਜਾਏ ਟਲ, ਚਲੇ ਅਪਰ ਅਪਾਰ । ਨਿਹਕਲੰਕੀ ਵਲ ਛਲ, ਜੋਤੀ ਜਾਮਾ ਭੇਖ ਨਿਆਰ । ਵਸੇ ਜਲ ਥਲ ਬੇਮੁਖ ਜੀਵ ਭੁਲੇ ਰੁਲੇ, ਮਾਇਆ ਜਗਤ ਗਵਾਰ । ਜਨ ਭਗਤਾਂ ਸਚ ਦਵਾਰਾ ਖੁਲ੍ਹੇ, ਨੌਂ ਦਰਵਾਜੇ ਸਚ ਦਰਬਾਰ । ਕੋਇ ਨਾ ਲਾਏ ਹਰਿ ਜੀ ਮੁੱਲੇ, ਦੇਵੇ ਸ਼ਬਦ ਨਾਮ ਅਪਾਰ । ਗੁਰਮੁਖ ਵਿਰਲਾ ਪੂਰੇ ਤੋਲ ਤੁਲੇ, ਪ੍ਰਭ ਸੋਹੰ ਡੰਡੇ ਦੇਵੇ ਸ਼ਬਦ ਇਕ ਹੁਲਾਰ । ਕਲਜੁਗ ਅੰਤਮ ਆਇਆ ਕੰਢੇ, ਨੌਂ ਖੰਡ ਪ੍ਰਿਥਮੀ ਪਾਏ ਵੰਡੇ, ਸੱਤਾਂ ਦੀਪਾਂ ਕਰੇ ਵਿਚਾਰ । ਆਪ ਚਲਾਏ ਚੰਡ ਪ੍ਰਚੰਡੇ, ਸ਼ਬਦ ਰੱਖੇ ਤਿਖੀ ਧਾਰ । ਚਾਰ ਕੁੰਟਾਂ ਨਾਰ ਰੰਡੇ, ਤੁੱਟੇ ਨਾਤਾ ਕੰਤ ਭਤਾਰ । ਗੁਰਮੁਖ ਚੜ੍ਹਾਏ ਸਾਚੇ ਡੰਡੇ, ਲੋਕਮਾਤ ਮਾਰ ਝਾਤ, ਪ੍ਰਭ ਅਬਿਨਾਸ਼ੀ ਕਿਰਪਾ ਧਾਰ ਨਾ ਕੋਈ ਪੂਜੇ ਕਰੀਰ ਜੰਡੇ । ਖਾਣੀ ਬਾਣੀ ਕੁਰਾਨ ਅੰਜੀਲੀ ਗਈ ਹਾਰ । ਕਲਜੁਗ ਤੇਰੀ ਅੰਤਮ ਵਾਰ । ਚੋਲੀ ਕਾਲੀ ਹਰਿ ਤਨ ਛੁਹਾਏ, ਸੂਹੀ ਪੀਲੀ ਲਾਲ ਕਾਲੀ ਨੀਲੀ ਕਰੇ ਭੇਸ ਜਗਤ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚੇ ਦਰ ਦੇਵੇ ਵਰ, ਗੁਰਮੁਖਾਂ ਵਖਾਏ ਇਕ ਸੱਚਾ ਘਰ ਬਾਹਰ । ਇਕ ਘਰ ਬਾਹਰਾ ਹਰਿ ਨਿਰੰਕਾਰਾ । ਜੋਤੀ ਜਗੇ ਅਗੰਮ ਅਪਾਰਾ । ਗੁਰਮੁਖ ਸਾਚੇ ਮਾਣਕ ਮੋਤੀ, ਆਪ ਬਹਾਏ ਚਰਨ ਦੁਆਰਾ । ਦੁਰਮਤ ਮੈਲ ਪ੍ਰਭ ਸਾਚੇ ਧੋਤੀ, ਸ਼ਬਦ ਰੰਗ ਇਕ ਅਪਾਰਾ । ਆਪ ਉਠਾਏ ਕਾਇਆ ਸੋਤੀ, ਸ਼ਬਦ ਖੰਡਾ ਮਾਰ ਦੋ ਧਾਰਾ । ਨੂਰ ਨੁਰਾਨੀ ਏਕਾ ਜੋਤੀ, ਮਿਟੇ ਅੰਧ ਅੰਧਿਆਰਾ । ਲੱਖ ਚੁਰਾਸੀ ਰਹੀ ਰੋਤੀ, ਹੱਥ ਨਾ ਆਵੇ ਹਰਿ ਗਿਰਧਾਰਾ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਮੇਲ ਮਿਲਾਇਆ, ਲੋਕਮਾਤ ਦਇਆ ਕਮਾਇਆ, ਆਪ ਆਪਣੀ ਸਰਨ ਬਹਾਇਆ, ਸਿੰਘ ਸਿੰਘਾਸਣ ਡੇਰਾ ਲਾਇਆ, ਦਸਵੇਂ ਘਰ ਸਚ ਦਵਾਰਾ । ਦਸਵਾਂ ਘਰ ਹਰਿ ਨਿਰੰਕਾਰਿਆ । ਨਾ ਜਨਮੇ ਨਾ ਜਾਏ ਮਰ, ਉਚ ਅਟੱਲ ਵਸੇ ਸਚ ਮੁਨਾਰਿਆ । ਗੁਰਮੁਖ ਸਾਚਾ ਜਾਏ ਬਲ ਬਲ, ਦੇਵੇ ਦਰਸ ਮਿਟਾਏ ਹਰਸ, ਜਿਸ ਜਨ ਅਗੰਮ ਅਪਾਰਿਆ । ਲੋਕਮਾਤ ਕਰ ਆਇਆ ਤਰਸ, ਧਰਤ ਮਾਤ ਸੁਣ ਪੁਕਾਰਿਆ । ਅੰਮ੍ਰਿਤ ਮੇਘ ਪ੍ਰਭ ਰਿਹਾ ਬਰਸ, ਗੁਰਮੁਖਾਂ ਕਾਇਆ ਕਰੇ ਠੰਡੀ ਠਾਰਿਆ । ਜੋਤੀ ਜੋਤ


੭੨੭
੦੪

ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਨੌਂਵੇਂ ਦਰ ਬਾਹਰ ਰਖਾ ਲਿਆ । ਨੌਵੇਂ ਦਰ ਵਸੇ ਬਾਹਰ । ਕਦੇ ਗੁਪਤ ਕਦੇ ਜ਼ਾਹਰ । ਸਤਿ ਸਰੂਪੀ ਏਕਾ ਕਾਰ । ਬਿਨ ਰੰਗ ਰੂਪੀ ਜੋਤ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲ ਜਾਮਾ ਪਾਇਆ, ਸ਼ਬਦ ਸਿੰਘਾਸਣ ਡੇਰਾ ਲਾਇਆ, ਲੱਖ ਚੁਰਾਸੀ ਰਿਹਾ ਕਰਮ ਵਿਚਾਰ । ਪਹਿਲਾ ਦਰ ਹਰਿ ਖੁਲ੍ਹਾਏ । ਲੋਕਮਾਤ ਦੇ ਹਿੱਸੇ ਆਏ । ਪੰਜੇ ਚੋਰ ਆਇਣ ਨੱਸੇ, ਸਾਚੇ ਰਾਹ ਫਿਰਨ ਹਲਕਾਏ । ਪ੍ਰਭ ਅਬਿਨਾਸ਼ੀ ਮੂਲ ਨਾ ਦਿਸੇ, ਨਾ ਕੋਈ ਕਟਾਏ ਜਮ ਕੀ ਫਾਹੇ । ਜੋਤੀ ਜੋਤ ਸਰੂਪ ਹਰਿ, ਘਰ ਮੰਦਰ ਸਾਚੇ ਅੰਦਰ, ਪੰਜਾਂ ਏਕਾ ਧਾਮ ਸੁਹਾਏ । ਦੂਜਾ ਦਰ ਵੇਖ ਵਿਚਾਰ । ਮਤ ਬੁਧ ਖੜੀ ਰਹੇ ਮੰਗੇ ਦਰ ਹਰਿ ਕਰਤਾਰ । ਸ਼ਬਦ ਡੰਡੀ ਹੱਥ ਵਿਚ ਫੜੀ ਰਹੇ, ਮਨ ਚੰਚਲ ਰਿਹਾ ਹਉਮੇ ਮਾਰ । ਨਾ ਕੋਈ ਸੇਰ ਨਾ ਕੋਈ ਧੜੀ ਰਹੇ, ਏਕਾ ਸ਼ਬਦ ਅਟੱਲ ਅਪਾਰ । ਕਾਇਆ ਮੰਦਰ ਅੰਦਰ ਖੜੀ ਰਹੇ, ਜੋਤੀ ਮਿਲੇ ਨਰ ਹਰਿ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਤੀਜੇ ਦਰ ਮਨਾਈ ਬੁੱਧ । ਮੰਗਣ ਆਈ ਨਵ ਨਿਧ । ਲੋਕਮਾਤ ਕਰ ਕਾਰਜ ਸਿਧ । ਚਰਨ ਭਿਖਾਰੀ ਹਰਿ ਦਵਾਰੀ ਏਕਾ ਦਰ ਸਾਚੀ ਰਿਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਕਰ ਕਰ ਕਾਰਜ ਆਪਣੇ ਸਿਧ । ਚੌਥਾ ਦਰ ਹਰਿ ਵਿਚਾਰਿਆ । ਧਰੇ ਜੋਤ ਇਕ ਨਿਰੰਕਾਰਿਆ । ਸਾਧਾਂ ਸੰਤਾਂ ਕਰੇ ਖ਼ਬਰਦਾਰਿਆ । ਪ੍ਰਗਟ ਹੋਏ ਆਦਿਨ ਅੰਤਾ, ਆਓ ਚਲ ਸਚ ਮਹੱਲ ਨਿਹਕਲੰਕ ਕਲ ਜਾਮਾ ਧਾਰਿਆ । ਕਰੇ ਖੇਲ ਘੜੀ ਘੜੀ ਪਲ ਪਲ, ਬੇਮੁਖਾਂ ਮਾਇਆ ਪਰਦੇ ਪਾ ਰਿਹਾ । ਏਕ ਧਾਮ ਉਪਜਾਏ ਜਗਤ ਅਟੱਲ, ਚੌਥੇ ਘਰ ਡੇਰਾ ਲਾ ਰਿਹਾ । ਕਰੇ ਖੇਲ ਅੱਜ ਕੱਲ, ਸੋਏ ਪੁੱਤ ਆਪ ਜਗਾ ਰਿਹਾ । ਲੱਖ ਚੁਰਾਸੀ ਵੇਖੇ ਲੱਗੇ ਜੂਠੇ ਝੂਠੇ ਫਲ, ਸੋਹੰ ਸ਼ਬਦ ਡੰਡੇ ਨਾਲ ਝੜਾ ਰਿਹਾ । ਨਾ ਕੋਈ ਕਰੇ ਵਲ ਛਲ, ਜੋਤੀ ਜਾਮਾ ਹਰਿ ਪ੍ਰਬਲ, ਸਾਚਾ ਲੇਖਾ ਲਿਖਤ ਭਵਿਖਤ ਆਪ ਲਿਖਾ ਰਿਹਾ । ਦੀਪਕ ਜੋਤੀ ਜਾਏ ਬਲ, ਏਕ ਮਾਰੇ ਨਾਮ ਉਛਲ, ਬੇਮੁਖ ਜੀਵ ਨਾ ਸਕਣ ਝੱਲ, ਰੂਪ ਰੰਗ ਜਗਤ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚੌਥੇ ਦਰ ਸਚ ਦਵਾਰੇ, ਸਾਧਾਂ ਸੰਤਾਂ ਮਾਣ ਦਵਾ ਰਿਹਾ । ਪੰਚਮ ਦਰ ਹਰਿ ਸੁਹਾਇਆ । ਸ਼ਬਦ ਸਰੂਪੀ ਕੁੰਡਾ ਲਾਹਿਆ । ਨਾ ਕੋਈ ਵੇਖੇ ਛੈਲ ਛਬੀਲਾ, ਏਕਾ ਪ੍ਰਭ ਜੀ ਸਾਚਾ ਹੀਲਾ, ਕਰੇ ਖੇਲ ਹਰਿ ਰਘੁਰਾਇਆ । ਜੋਤੀ ਨੂਰ ਲਾਏ ਤੀਲਾ, ਲੱਖ ਚੁਰਾਸੀ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਚਲ ਕੇ ਆਏ ਸਾਚੇ ਘਰ, ਪੰਚਮ ਬੋਲੇ ਸ਼ਬਦ ਜਣਾਇਆ । ਪੰਚਮ ਬੋਲੇ ਸ਼ਬਦ ਸੁਭਾਗਾ । ਇਕ ਸੁਣਾਏ ਸਾਚਾ ਰਾਗਾ । ਗੁਰ ਪੀਰ ਔਲੀਆ ਸਾਧ ਸੰਤ ਸ਼ੇਖ਼ ਪੀਰ ਦਸਤਗੀਰ ਸ਼ਾਹ ਹਕੀਰ, ਆਪ ਉਠਾਏ ਸੋਇਆ ਜਾਗਾ । ਅੰਮ੍ਰਿਤ ਰੱਖੇ ਸਾਚਾ ਨੀਰ, ਗੁਰਮੁਖਾਂ ਮੁਖ ਚੁਆਏ ਮਿਟਾਏ ਤ੍ਰਿਸ਼ਨਾ ਆਗਾ । ਜੋਤੀ ਜੋਤ ਸਰੂਪ ਹਰਿ, ਪੰਚਮ ਬੈਠ ਦੇਵੇ ਵਰ, ਚਰਨ ਦਵਾਰੇ ਸਾਚਾ ਸਰ, ਸਾਧਾਂ ਸੰਤਾਂ ਹਰਿ ਧੋਵੇ ਦਾਗਾ । ਪੰਚਮ ਘਰ ਹਰਿ ਬਨਵਾਰੀ ਪਵਣ ਰੱਖੇ ਕਰ ਪਿਆਰੀ । ਸਵਾਸੀ ਦੇਵੇ ਜੀਆਂ ਅਧਾਰੀ । ਨਿਰਗੁਣ ਰੂਪ ਅਪਰ ਅਪਾਰੀ । ਸਰਗੁਣ ਉਤਰੇ ਪਾਰ ਪ੍ਰਭ ਕਿਰਪਾ ਧਾਰੀ । ਦਿਤਾ ਪਵਣ ਅਧਾਰ, ਚਲੇ ਸਵਾਸ ਵਾਰੋ ਵਾਰੀ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਮਹੱਲੇ, ਇਕ ਇਕਲੇ ਸ਼ਬਦ ਅਟਾਰੀ । ਛੇਵੇਂ ਘਰ ਹਰਿ ਭਗਵਾਨਾ । ਸਾਚਾ ਦੇਵੇ ਸ਼ਬਦ ਗਿਆਨਾ । ਗੁਰਮੁਖਾਂ ਮਾਰੇ ਆਤਮ

ਤੀਰ, ਵਡ ਬਲੀ ਬਲਵਾਨਾ । ਬਜ਼ਰ ਕਪਾਟੀ ਦੇਵੇ ਚੀਰ, ਆਤਮ ਜੋਤੀ ਜਗੇ ਮਹਾਨਾ । ਕਿਸੇ ਹੱਥ ਨਾ ਆਏ ਪੀਰ ਫਕੀਰ, ਔਲੀਏ ਗੌਂਸ ਰਹੇ ਮਸਤਾਨਾ । ਛੇਵੇਂ ਘਰ ਸ਼ਬਦ ਸਰੂਪੀ ਨਾ ਕੋਈ ਦਿਸੇ ਰੰਗ ਲਕੀਰ, ਏਕਾ ਵਜੇ ਸ਼ਬਦ ਤਰਾਨਾ । ਨਾ ਕੋਈ ਸਾਰੰਗ ਨਾ ਕੋਈ ਸੁਰ, ਸ਼ਬਦ ਚਲੇ ਲਿਖਿਆ ਧੁਰ, ਅਨਹਦ ਸ਼ਬਦ ਸੱਚੀ ਧੁਨਕਾਨਾ । ਗੁਰ ਚਰਨ ਪ੍ਰੀਤੀ ਆਏ ਜੁੜ, ਆਪ ਚੜ੍ਹਾਏ ਸ਼ਬਦ ਘੋੜ, ਸਚ ਵਖਾਣੇ ਇਕ ਟਿਕਾਣਾ । ਧੁਰ ਦਰਗਾਹੋਂ ਆਇਆ ਦੌੜ, ਚਿੱਟੇ ਅਸਵ ਚੁੱਕੇ ਪੌੜ, ਆਪੇ ਭੰਨੇ ਮਿੱਠੇ ਕੌੜ, ਉਮਤ ਨਬੀ ਰਸੂਲ ਦੀ ਹੱਥ ਬੰਨ੍ਹੇ ਗਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕ ਮਾਰੇ ਸ਼ਬਦ ਨਿਸ਼ਾਨਾ । ਛੇਵੇਂ ਘਰ ਸ਼ਬਦ ਤੀਰ । ਲੱਖ ਚੁਰਾਸੀ ਰਿਹਾ ਚੀਰ । ਪ੍ਰਭ ਅਬਿਨਾਸ਼ੀ ਆਪ ਚਲਾਏ ਵਡ ਜੋਧਾ ਸੂਰਬੀਰ । ਲੋਕਮਾਤ ਨਾ ਕੋਈ ਉਠਾਏ, ਮਾਇਆ ਭੁੱਲੇ ਪੀਰ ਫ਼ਕੀਰ । ਗੁਰਮੁਖਾਂ ਸਾਚੇ ਸੰਤ ਜਨਾਂ, ਆਤਮ ਬੰਨ੍ਹਣ ਸਾਚੇ ਬੰਨ੍ਹੇ, ਵਿਚੋਂ ਕੱਢੇ ਹਉਮੇ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੇਵੇਂ ਘਰ ਸ਼ਬਦ ਧਾਰੀ, ਗੁਰੂਆਂ ਪੀਰਾਂ ਰਿਹਾ ਪੈਜ ਸਵਾਰੀ, ਬੰਨ੍ਹੇ ਜਗਤ ਬੀੜ । ਸਤਵੇਂ ਘਰ ਹਰਿ ਨਿਰੰਕਾਰ ਹੈ । ਚਾਰੋਂ ਕੁੰਟ ਖੁਲ੍ਹੇ ਦਰ ਦਵਾਰ ਹੈ । ਚਿੱਟਾ ਅਸਵ ਖੜਾ ਰਹੇ ਅੱਠੇ ਪਹਿਰ ਤਿਆਰ ਹੈ । ਐਰਾਪਤ ਹਾਥੀ ਸਗਲਾ ਸਾਥੀ ਹਰਿ ਰਘੁਨਾਥੀ, ਹਰਿ ਦਵਾਰੇ ਕਰੇ ਤਨ ਸ਼ਿੰਗਾਰ ਹੈ । ਲਛਮੀ ਚਰਨ ਝੱਸੇ, ਖਿੜ ਖਿੜ ਹੱਸੇ, ਲੱਖ ਚੁਰਾਸੀ ਰਾਹ ਸਾਚਾ ਦੱਸੇ, ਪ੍ਰਭ ਅਬਿਨਾਸ਼ੀ ਸਾਚਾ ਚਰਨ ਪਿਆਰ ਹੈ । ਪਾਰਜਾਤ ਮਿਟਾਏ ਅੰਧੇਰੀ ਰਾਤੇ, ਸ਼ਬਦ ਸੁਗਾਤ ਸਾਚਾ ਫਲ ਖਵਾਏ, ਦਇਆ ਕਮਾਏ ਆਦਿ ਅੰਤ ਨਾ ਜਾਏ ਵਿਨਾਸ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਹਰਿ ਭਗਵਾਨਾ, ਸਤਵੇਂ ਘਰ ਪ੍ਰਕਾਸ਼ ਹੈ । ਨਾ ਜਨਮੇ ਨਾ ਜਾਏ ਮਰ, ਨ ਹੋਏ ਕਦੇ ਉਦਾਸਿਆ । ਮਾਤਲੋਕ ਨਾ ਜਾਏ ਡਰ, ਨਾ ਫਸੇ ਕਿਸੇ ਫਾਸਿਆ । ਏਕਾ ਜੋਤ ਨੂਰ ਉਜਾਲਾ, ਲੱਖ ਚੁਰਾਸੀ ਕਰੇ ਦਾਸਿਆ । ਸਾਚਾ ਰੰਗ ਗੁਰ ਗੋਪਾਲਾ , ਧਰਤ ਮਾਤ ਜੋਤ ਪ੍ਰਗਟਾਏ ਪੁਰਖ ਅਬਿਨਾਸ਼ਿਆ । ਗੁਰਮੁਖਾਂ ਦੇਵੇ ਸਾਚਾ ਵਰ, ਸਤਵੇਂ ਘਰ ਬੈਠਾ ਵੜ, ਕੋਇ ਨਾ ਅੱਗੇ ਜਾਏ ਅੜ, ਛੇਵੇਂ ਸ਼ਬਦ ਰਿਹਾ ਲੜ, ਪੰਜਵੇਂ ਕੁੰਡਾ ਆਪੇ ਮਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਸਾਚੇ ਮੰਦਰ ਦੇਵੇ ਵਰ, ਸਤਵੇਂ ਘਰ ਆਏ ਵੜ, ਸਿੰਘ ਸਿੰਘਾਸਣ ਸਾਚਾ ਆਪ ਸੁਹਾ ਰਿਹਾ । ਸਾਚੇ ਦਰ ਹਰਿ ਜੀ ਆਇਆ । ਸਤਵੇਂ ਘਰ ਭਾਗ ਲਗਾਇਆ । ਗੁਰਮੁਖਾਂ ਆਤਮ ਜਾਗ ਜਗਾਇਆ । ਏਕਾ ਸਾਚਾ ਰਾਗ ਸੁਣਾਇਆ । ਆਪ ਆਪਣੇ ਹੱਥ ਪਕੜੀ ਵਾਗ, ਚਾਰੋਂ ਕੁੰਟ ਲਏ ਫਿਰਾਇਆ । ਹਰਿਜਨ ਮੇਲਾ ਕੰਤ ਸੁਹਾਗ, ਨਾ ਮਰੇ ਨਾ ਕਿਸੇ ਜਾਇਆ । ਜੋਤ ਨਿਰਾਲੀ ਨਾ ਕੋਈ ਦਿਸੇ ਅੰਦਰ ਬਾਹਰ ਦਾਗ, ਉਜਲ ਕਰ ਨਾ ਕਿਸੇ ਧਵਾਇਆ । ਗੁਰਮੁਖ ਬਣਾਏ ਹੰਸ ਕਾਗ, ਸਚ ਦਵਾਰੇ ਲਾਏ ਭਾਗ, ਛੱਬੀ ਪੋਹ ਦਿਵਸ ਸੁਹਾਇਆ । ਪੁਰਖ ਅਬਿਨਾਸ਼ੀ ਗਿਆ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚ ਕਰਮ ਗੁਰਮੁਖਾਂ ਵੇਖ ਮਾਨਸ ਦੇਹੀ ਝੂਠਾ ਚਰਮ, ਆਪਣੀ ਹੱਥੀਂ ਆਪ ਧਵਾਇਆ । ਦੁਰਮਤ ਮੈਲ ਧਵਾਏ, ਅੰਦਰ ਵੜ ਹਰਿ ਸੁਹਾਏ, ਕਾਇਆ ਮਹੱਲ ਮੁਨਾਰੇ ਪਰੇ ਹਟਾਏ, ਪੰਚਾਂ ਧਾੜ ਹਰਿ । ਏਕਾ ਆਪਣੀ ਰੱਖ ਸਰਨਾਏ, ਪ੍ਰਭ ਅਬਿਨਾਸ਼ੀ ਦਇਆ ਕਮਾਏ, ਦਰ ਘਰ ਸਾਚੇ ਦੇਵੇ ਵਾੜ ਹਰਿ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਵੇਂ ਘਰ ਦਿਸੇ ਹਰਿ, ਨਾ ਜਨਮੇ ਨਾ ਜਾਏ ਮਰ, ਗੁਰਮੁਖਾਂ ਪਾਰ ਉਤਾਰ ਹਰਿ । ਅੱਠਵੇਂ ਦਰ ਉਠ ਉਠ ਵੇਖੇ । ਲੱਖ ਚੁਰਾਸੀ

ਤੇਰੇ ਭਰਮ ਭੁਲੇਖੇ । ਮੇਟ ਮਿਟਾਏ ਲੋਕਮਾਤ ਰੇਖੇ । ਆਪੇ ਪਰਖੇ ਸਾਚੀ ਸਿੱਖੀ, ਸੋਹੰ ਧਾਰ ਰੱਖੇ ਤਿੱਖੀ, ਪਹਿਲੀ ਵਾਰ ਲਿਖੇ ਲੇਖੇ, ਨਾ ਕੋਈ ਜਾਣੇ ਮੁਨੀ ਰਿਖੀ । ਦਰ ਦਰ ਭੌਂਦੇ ਨਾਮ ਨਾ ਪਾਏ ਮਸਤਕ ਲੇਖ, ਵਡ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਏਕਾ ਏਕ ਲਿਖੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਵਰ ਦੇਵੇ ਸਾਚੀ ਸਿੱਖੀ । ਨਾਵਾਂ ਦਰ ਨੌਜਵਾਨ ਹੈ । ਗੁਰਮੁਖ ਵਿਰਲਾ ਜਿੱਤੇ, ਵਡ ਬਲੀ ਬਲਵਾਨ ਹੈ । ਮੋਹ ਤੁਟੇ ਹੱਸੇ, ਨਾਵੇਂ ਦਰ ਵਡ ਵਡ ਸ਼ੈਤਾਨ ਹੈ । ਲੱਗੇ ਭਾਗ ਕਾਇਆ ਕੁਲੇ, ਆਤਮ ਜੋਤੀ ਪੁਰਖ ਅਬਿਨਾਸ਼ੀ, ਏਕਾ ਜਾਣ ਮਾਤ ਪਿਤੇ, ਸੋ ਜਨ ਪੁਰਖ ਸੁਜਾਨ ਹੈ । ਧਾਰੇ ਭੇਖ ਨਿਤ ਨਵਿਤਾ, ਜਾਣ ਪ੍ਰਭ ਦੀ ਆਣ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਕਿਰਪਾ ਰਿਹਾ ਕਰ, ਨਾਵੇਂ ਦਰ ਕਰ ਪਛਾਣ ਹੈ । ਨਾਵਾਂ ਦਰ ਵੇਖ ਵਿਚਾਰੋ । ਮਾਨਸ ਜਨਮ ਨਾ ਮਾਤ ਹਾਰੋ । ਲੱਖ ਚੁਰਾਸੀ ਝੂਠਾ ਗੇੜਾ, ਚੁਕੇ ਮੇਰੋ ਤੇਰੋ । ਹਰਿ ਨਰ ਸਾਚਾ ਬੰਨ੍ਹੇ ਬੀੜਾ, ਆਤਮ ਢਾਹੇ ਭਰਮਾਂ ਡੇਰਾ । ਆਪ ਵਸਾਏ ਕਾਇਆ ਨਗਰ, ਦੇਵੇ ਸ਼ਬਦ ਸਾਚਾ ਗੇੜਾ । ਆਪੇ ਗੁਰ ਆਪੇ ਚੇਰਾ, ਅੰਤਮ ਕਰੇ ਹੱਕ ਨਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਰ ਆਪਣੀਆਂ ਮਿਹਰਾਂ । ਨਾਵੇਂ ਦਰ ਸ੍ਰਿਸਟ ਹਲਕਾਈ ਹੈ । ਲੱਖ ਚੁਰਾਸੀ ਰਹੀ ਮਰ, ਨਾ ਸਕੇ ਕੋਈ ਛੁਡਾਈ ਹੈ । ਗੁਰਮੁਖ ਸਾਚਾ ਜਾਏ ਤਰ, ਹਰਿ ਸਾਚੀ ਸਰਨ ਰਖਾਈ ਹੈ । ਚਰਨ ਦਵਾਰੇ ਜਾਏ ਪੜ੍ਹ, ਭਰਮ ਭੁਲੇਖਾ ਦੂਰ ਕਰਾਈ ਹੈ । ਆਤਮ ਦਰ ਪ੍ਰਭ ਸਾਚਾ ਖੜ, ਆਦਿ ਅੰਤ ਹੋਏ ਸਹਾਈ ਹੈ । ਅੱਠੇ ਪਹਿਰ ਦਿਵਸ ਰੈਣ, ਪੰਜਾਂ ਤੱਤਾਂ ਨਾਲ ਰਿਹਾ ਲੜ, ਸਾਚੀ ਬਣਤ ਰਿਹਾ ਬਣਾਈ ਹੈ । ਅੰਦਰ ਬੈਠਾ ਹਰਿ ਜੀ ਵੇਖੇ, ਹੱਥਕੜੀ ਇਕ ਰਖਾਈ ਹੈ । ਡੂੰਘੀ ਕੰਦਰ ਕਾਇਆ ਮੰਦਰ ਕੋਈ ਨਾ ਦੀਸੇ ਸਾਚੀ ਧਾੜ ਮਗਰ ਲਗਾਈ ਹੈ । ਵੇਖ ਵਖਾਣੇ ਬਹੱਤਰ ਹਾਡੀ ਹਾਡੀ ਨਾੜ ਨਾੜ, ਸਾਚੀ ਬਣਤ ਜਿਸ ਬਣਾਈ ਹੈ । ਕਲਜੁਗ ਜੀਵਾਂ ਭਾਗ ਮਾੜ, ਹਉਮੇ ਤ੍ਰਿਸ਼ਨਾ ਜਗਤ ਵਧਾਈ ਹੈ । ਗੁਰਮੁਖ ਸਾਚੇ ਸਾਚੇ ਪੌੜੇ ਜਾਣਾ ਚੜ੍ਹ, ਦਰ ਘਰ ਸਾਚੇ ਜਾਣਾ ਵੜ, ਨੌਂ ਦਵਾਰੇ ਹਰਿ ਗਿਰਧਾਰੇ ਗੁਰਮੁਖਾਂ ਬੰਦ ਕਰਾਈਆ । ਭੇਵ ਖੁਲ੍ਹਾਏ ਸਤਾਰਾਂ ਹਾੜੇ, ਗੁਰਮੁਖ ਬਣਾਏ ਸਾਚੇ ਲਾੜੇ, ਸੋਹਣੀ ਸੇਜਾ ਹਰਿ ਵਿਛਾਈਆ । ਕਾਇਆ ਚੋਲੀ ਝੂਠੀ ਪਾੜੇ, ਆਤਮ ਜੋਤੀ ਮੇਲ ਮਿਲਾਈਆ । ਕਰੇ ਖੇਲ ਦਿਨ ਦਿਹਾੜੇ, ਪਰਦਾ ਓਹਲਾ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਮ ਦਵਾਰਾ ਸਚ ਘਰ ਬਾਹਰਾ, ਸਿੰਘ ਸਿੰਘਾਸਣ ਸਾਚੇ ਮੰਦਰ, ਏਕਾ ਏਕ ਵਿਛਾਈਆ । ਸਾਚੀ ਸੇਜਾ ਹਰਿ ਧਿਆਨ, ਗੁਰਮੁਖਾਂ ਰਿਹਾ ਬਣਤ ਬਣਾਈਆ । ਦਰ ਘਰ ਸਾਚੇ ਆਪੇ ਜਾਏ, ਸੋਏ ਸਿੱਖ ਰਿਹਾ ਉਠਾਈਆ । ਏਕਾ ਦੇਵੇ ਸਾਚਾ ਵਰ, ਆਤਮ ਜੋਤ ਰਿਹਾ ਜਗਾਈਆ । ਦਰਸ ਦਿਖਾਏ ਨਰ ਹਰਿ, ਭੇਖ ਅਵਲੜਾ ਇਕ ਇਕੱਲਾ, ਵੇਖੇ ਗੁਰਮੁਖਾਂ ਥਾਉਂ ਥਾਈਂਆ । ਆਪ ਫੜਾਏ ਆਪਣਾ ਪੱਲੜਾ, ਸਦ ਰੱਖੇ ਠੰਡੀ ਛਾਏ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮੰਦਰ ਗੁਰਦਵਾਰ, ਹਰਿ ਨਿਰੰਕਾਰ, ਚਾਰ ਵਰਨਾਂ ਇਕ ਪਿਆਰ ਸਾਚੀ ਮਤ ਰਿਹਾ ਸਮਝਾਈਆ । ਹਰਿ ਦਰਬਾਰ ਸਚ ਵਿਚਾਰਾ । ਚਾਰ ਵਰਨਾਂ ਇਕ ਪਿਆਰਾ । ਸਤਿਜੁਗ ਤੇਰੀ ਸਾਚੀ ਧਾਰਾ । ਊਚ ਨੀਚ ਹਰਿ ਭੇਵ ਨਿਵਾਰਾ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ, ਆਇਣ ਚਲ ਦਵਾਰਾ । ਮੇਟ ਮਿਟਾਏ ਬੇਈਮਾਨ ਵਡ ਸ਼ੈਤਾਨ, ਜਗਤ ਜਹਾਨ ਕਰਾਏ ਪਾਰ ਕਿਨਾਰਾ । ਅੱਠੇ ਪਹਿਰ ਇਕ ਉਡਾਨ, ਵੇਖ ਵਖਾਣੇ ਸਰਬ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ


੭੩੦
੦੪

ਆਪਣੀ ਕਿਰਪਾ ਕਰ, ਲੋਕਮਾਤ ਹਰਿ ਦਏ ਵਰ, ਗੁਰਮੁਖਾਂ ਖੋਲ੍ਹੇ ਦਸਮ ਦਵਾਰਾ । ਸਚ ਦਵਾਰਾ ਖੋਲ੍ਹੇ ਭੂਪ ਏਕਾ ਏਕ ਸਤਿ ਸਰੂਪ । ਹੋਏ ਪ੍ਰਕਾਸ਼ ਕਾਇਆ ਮੰਦਰ ਅੰਧ ਕੂਪ । ਆਦਿ ਅੰਤ ਨਾ ਜਾਏ ਵਿਨਾਸ ਨਾ ਕੋਈ ਰੰਗ ਨਾ ਕੋਈ ਰੂਪ । ਏਕਾ ਏਕ ਪੁਰਖ ਅਬਿਨਾਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਪਾਰ ਕਿਨਾਰਾ ਅੰਤਮ ਵਾਰਾ, ਏਕਾ ਵਾਰ ਕਰਾਇੰਦਾ । ਜੋਤੀ ਜਗੇ ਅਗੰਮ ਅਪਾਰਾ, ਨੂਰੀ ਨੂਰ ਇਕ ਰਖਾਇੰਦਾ । ਪਵਣ ਘੋੜੇ ਹਰਿ ਅਸਵਾਰਾ, ਚਾਰੋਂ ਕੁੰਟ ਆਪ ਦੁੜਾਇੰਦਾ । ਗੁਰਮੁਖਾਂ ਕਰੇ ਹਰਿ ਪਿਆਰਾ, ਚਾਰ ਵਰਨਾਂ ਇਕ ਪਿਆਰਾ, ਸਚ ਦਵਾਰਾ ਚਾਰ ਵਰਨਾਂ ਇਕ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਹਰਿ ਭੁੱਲੇ ਜਗਤ ਨਿਧਾਨ ਹੈ । ਰਾਜੇ ਰਾਣੇ ਵਿਚ ਜਹਾਨ ਹੈ । ਸ਼ਾਹ ਸੁਲਤਾਨ ਹੋਏ ਹੈਰਾਨ ਹੈ । ਜੋਤੀ ਜਗੇ ਇਕ ਭਗਵਾਨੇ, ਆਪ ਉਠਾਏ ਵਡ ਬਲੀ ਬਲਵਾਨ ਹੈ । ਜਨ ਭਗਤਾਂ ਦੇਵੇ ਆਤਮ ਦਾਨੇ, ਸ਼ਬਦ ਮਾਰੇ ਤੀਰ ਨਿਸ਼ਾਨ ਹੈ । ਹੱਥੀ ਬੰਨ੍ਹੇ ਸ਼ਬਦ ਗਾਨੇ, ਹੱਥ ਫੜਾਏ ਤੀਰ ਕਮਾਨ ਹੈ । ਝੁਲਦੇ ਰਹਿਣ ਮਾਤ ਨਿਸ਼ਾਨੇ, ਜਗਤ ਜਗਦੀਸ਼ੇ ਕਲਜੁਗ ਤੇਰੀ ਅੰਤਮ ਵਾਰ ਹੈ । ਨੌਵਾਂ ਖੰਡਾਂ ਖੇਲ ਮਹਾਨੇ, ਵਿਚ ਬ੍ਰਹਿਮੰਡਾਂ ਜੋਤ ਭਗਵਾਨੇ, ਗੁਣਵੰਤੀ ਗੁਣ ਨਿਧਾਨ ਹੈ । ਸਾਚਾ ਰੰਗ ਸ਼ਬਦ ਬਸੰਤੀ, ਆਪ ਚੜ੍ਹਾਏ ਇਕ ਇਕੰਤੀ, ਭਾਰਤ ਖੰਡ ਪਾਈ ਵੰਡ, ਕਿਰਪਾ ਕਰ ਹਰੀ ਹਰਿ ਦਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਖੇਲ ਮਾਤ ਰਚਾਇਆ, ਧਰਤ ਮਾਤ ਬਖ਼ਸ਼ੇ ਦਾਤ, ਕਲਜੁਗ ਰੈਣ ਅੰਧੇਰੀ ਰਾਤ, ਸਚ ਦਵਾਰਾ ਭਗਤ ਘਰ ਬਾਹਰਾ, ਪ੍ਰਭ ਅਬਿਨਾਸ਼ੀ ਚਰਨ ਛੁਹਾਇਆ, ਸਚ ਤਖ਼ਤ ਸੁਲਤਾਨ ਸ਼ਬਦ ਨਿਸ਼ਾਨ ਹੈ । ਪ੍ਰਗਟ ਹੋਏ

੭੩੧ ੦੪

ਵਾਲੀ ਦੋ ਜਹਾਨ, ਵਡ ਸ਼ਾਹੋ ਸ਼ਾਹ ਸ਼ਹਾਨ ਹੈ । ਲੋਆਂ ਪੁਰੀਆਂ ਮਾਰ ਧਿਆਨ, ਨੌਵਾਂ ਖੰਡਾਂ ਹਰਿ ਵੇਖ ਵਖਾਣ ਹੈ । ਪੁਰਖ ਅਬਿਨਾਸ਼ੀ ਏਕਾ ਸਾਚਾ ਵਰ, ਲੱਖ ਚੁਰਾਸੀ ਵਿਖਾਏ ਬਲੀ ਬਲਵਾਨ ਹੈ । ਨਿਹਕਲੰਕ ਲਏ ਅਵਤਾਰ, ਸਾਚੇ ਤਖ਼ਤ ਬਿਰਾਜੇ ਦੇਸ ਮਾਝੇ, ਫੜੇ ਸ਼ਬਦ ਤੀਰ ਨਿਸ਼ਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤਾ ਬੇਪਛਾਣ ਹੈ । ਹਰਿ ਭਗਵੰਤਾ ਹਰਿ ਭਗਵੰਤ, ਹਰਿ ਭਗਵੰਤ ਨਾ ਕੋਈ ਪਛਾਣਦਾ । ਕਲਜੁਗ ਭੁੱਲੇ ਜੀਵ ਜੰਤ, ਆਤਮ ਵੱਜਾ ਤੀਰ ਅੰਧ ਅਗਿਆਨ ਦਾ । ਅੱਠੇ ਪਹਿਰ ਰਹੇ ਪੀੜ, ਭੁੱਲਿਆ ਰਾਹ ਪੁਰਖ ਸੁਜਾਨ ਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਧਾਰੇ ਭੇਖ ਸ੍ਰੀ ਭਗਵਾਨ ਦਾ । ਸਚ ਸਿੰਘਾਸਣ ਡੇਰਾ ਲਾਏ । ਸ਼ਬਦ ਸਵਾਸਣ ਇਕ ਚਲਾਏ । ਮਾਤ ਪਤਾਲ ਅਕਾਸ਼ ਅਕਾਸ਼ਣ, ਸਾਚੀ ਜੋਤ ਹਰਿ ਜਗਾਏ । ਗੁਰਮੁਖਾਂ ਰੱਖੇ ਨਿਜ ਘਰ ਆਤਮ ਵਾਸਣ, ਬੰਧਨ ਧਰਮ ਰਾਏ ਹਰਿ ਆਪ ਕਰਾਏ । ਜੋਤੀ ਜਾਮਾ ਦਾਸੀ ਦਾਸਨ, ਸ਼ਬਦ ਬੰਧਨ ਬੰਧ ਬੰਧਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਸਿੰਘਾਸਣ ਆਸਣ ਲਾਏ । ਸਚ ਸਿੰਘਾਸਣ ਹਰਿ ਅਸਥੂਲ । ਨਾ ਕੋਈ ਪਾਵਾ ਨਾ ਕੋਈ ਚੂਲ । ਨਾ ਕੋਈ ਚੁਕਾਏ ਮਾਤ ਮੂਲ । ਸ਼ਬਦ ਸਿੰਘਾਸਣ ਹਰਿ ਜੀ ਬੈਠਾ, ਚਾਰੇ ਕੁੰਟਾਂ ਰਿਹਾ ਝੂਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਮੇਲ ਮਿਲਾਏ, ਹਰਿ ਕੰਤ ਸਾਚਾ ਕੰਤ ਕੰਤੂਹਲ । ਕੰਤ ਕੰਤੂਹਲ ਹਰਿ ਬਨਵਾਰਿਆ । ਲੱਖ ਚੁਰਾਸੀ ਗਈ ਭੂਲ, ਕਲਜੁਗ ਤੇਰੀ ਅੰਤਮ ਵਾਰਿਆ । ਕਾਇਆ ਟਾਹਣੀ ਕਿਸੇ ਨਾ ਦਿਸੇ ਨਾਮ ਸਾਚਾ ਫੂਲ, ਨਾ ਦੇਵੇ ਅੰਮ੍ਰਿਤ ਕੋਈ ਸੱਚੀ ਬਾਣੀਆਂ । ਏਕਾ ਧਾਮ ਹਰਿ ਅਸਥੂਲ, ਲੇਖਾ ਮੰਗੇ ਨਾ ਧਰਮ

੭੩੨
੦੪

ਰਾਏ ਸੱਚਾ ਬਾਣੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਗਾਏ, ਆਪ ਆਪਣੀ ਸਰਨ ਲਗਾਏ, ਜੁਗਾਂ ਜੁਗਾਂ ਦੇ ਵਿਛੜੇ ਮੇਲ ਮਿਲਾਏ ਸਾਚੇ ਹਾਣੀਆਂ । ਸਤਿਜੁਗ ਤ੍ਰੇਤਾ ਆਪ ਵਿਚਾਰ । ਆਪੇ ਪਿਤਾ ਆਪੇ ਮਾਤਾ, ਆਪੇ ਮਾਂ ਪਿਓ ਬੇਟਾ, ਆਪੇ ਹੋਏ ਸੁਲੱਖਣੀ ਨਾਰ । ਆਪੇ ਖੇਵਟ ਆਪੇ ਖੇਟਾ, ਗੁਰਮੁਖਾਂ ਬੇੜਾ ਪਾਰ ਕਰਾਏ, ਕਲਜੁਗ ਡੁੱਬਣਾ ਵਿਚ ਮੰਝਧਾਰ । ਦਰਸ ਦਿਖਾਏ ਤੀਜੇ ਨੈਣ, ਗੁਰਮੁਖ ਰਸਨਾ ਸਕੇ ਨਾ ਕਹਿਣ, ਘਰ ਘਰ ਰੋਵੇ ਨਾਰੀ ਨਾਰ, ਲਾੜੀ ਮੌਤ ਖਾਏ ਡੈਣ, ਨਾਤਾ ਤੁੱਟੇ ਭਾਈ ਭੈਣ, ਗੁਰਮੁਖਾਂ ਬਣੇ ਸਾਚਾ ਸੱਜਣ ਸੈਣ, ਆਪ ਚੁਕਾਏ ਲਹਿਣ ਦੇਣ, ਦੇਵੇ ਵਸਤ ਨਾਮ ਅਪਾਰਿਆ । ਗੁਰ ਸੰਗਤ ਰਲ ਮਿਲ ਸਾਰੇ ਬਹਿਣ, ਲੋਕਮਾਤ ਮਾਰ ਝਾਤ ਪੁਰਖ ਬਿਧਾਤ, ਸਾਚੀ ਦਸੇ ਧਾਰਿਆ । ਕਲਜੁਗ ਮਿਟੇ ਅੰਧੇਰੀ ਰਾਤ, ਅੰਮ੍ਰਿਤ ਦੇਵੇ ਬੂੰਦ ਸਵਾਂਤ, ਖੋਲ੍ਹੇ ਬਜ਼ਰ ਕਪਾਟ ਆਪੇ ਪਾੜਿਆ । ਤਨ ਵਖਾਏ ਸਾਚਾ ਹਾਟ, ਜਗੇ ਜੋਤ ਇਕ ਲਿਲਾਟ, ਜੋਤੀ ਨੂਰਾ ਹਾਜ਼ਰ ਹਜ਼ੂਰਾ, ਸਾਚਾ ਸੰਗ ਵਖਾ ਰਿਹਾ । ਸਰਬ ਗੁਣਾਂ ਆਪੇ ਭਰਪੂਰਾ, ਸ਼ਬਦ ਮੋਹਣੀ ਅਨਹਦ ਤੂਰਾ, ਸਾਚਾ ਰਾਗ ਆਪ ਉਪਜਾ ਰਿਹਾ । ਗੁਰਮੁਖਾਂ ਆਤਮ ਬਖ਼ਸ਼ੇ ਸਤਿ ਸਰੂਰਾ, ਸਾਚਾ ਝੂਲਾ ਆਪ ਝੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਮੇਲ ਮਿਲਾ ਰਿਹਾ । ਮੇਲ ਮਿਲਾਏ ਹਰਿ ਭਗਵਾਨਾ । ਸ਼ਬਦੀ ਬੰਨ੍ਹੇ ਹੱਥੀਂ ਗਾਨਾ । ਸੋਹੰ ਚਲੇ ਤੀਰ ਨਿਸ਼ਾਨਾ । ਆਪ ਉਡਾਏ ਵਿਚ ਬਿਬਾਣਾ । ਰਸਨਾ ਖਿੱਚੇ ਇਕ ਕਮਾਨਾ । ਕਾਹਨਾ ਕ੍ਰਿਸ਼ਨਾ ਬ੍ਰਹਮਾ ਵਿਸ਼ਨਾ ਸ਼ਿਵ ਸ਼ੰਕਰ ਲਾਏ ਬੈਠ ਧਿਆਨਾ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਹਰਿ ਜਗਦੀਸ਼ਾ ਏਕਾ ਮੰਗੇ ਨਾਮ ਨਿਧਾਨਾ । ਪ੍ਰਭ ਭੇਵ ਖੁਲ੍ਹਾਏ ਬੀਸ ਇਕੀਸ ਏਕਾ ਛਤਰ ਝੁਲਾਏ ਸੀਸਾ, ਪ੍ਰਗਟ ਹੋਇਆ ਲੋਕਮਾਤ ਵਾਲੀ ਦੋ ਜਹਾਨਾਂ । ਦੋ ਜਹਾਨਾਂ ਵਾਲੀ ਜੋਤ ਨਿਰਾਲੀਆ । ਚਲੀ ਚਾਲ ਨਿਰਾਲੀ, ਖੇਲ ਅਕਾਲੀਆ । ਲੱਖ ਚੁਰਾਸੀ ਤੇਰਾ ਹਾਲੀ, ਗੁਰਮੁਖ ਕਰਨ ਆਇਆ ਰਖਵਾਲੀ, ਸਾਚੀ ਬਣਤ ਬਣਾ ਰਿਹਾ । ਨਾ ਕੋਈ ਮੰਗੇ ਵਿਚ ਦਲਾਲੀ, ਏਕਾ ਸ਼ਬਦ ਹੱਕ ਜਲਾਲੀ, ਸ਼ਬਦ ਸੁਨੇਹੜਾ ਹਰਿ ਸੁਣਾ ਰਿਹਾ । ਸਾਚਾ ਫਲ ਸਾਚੀ ਡਾਲੀ, ਕਾਇਆ ਮੰਡਲ ਸਾਚੀ ਥਾਲੀ, ਦੀਪਕ ਜੋਤੀ ਵਿਚ ਟਿਕਾ ਰਿਹਾ । ਆਪੇ ਵੇਖੇ ਗਗਨ ਪਤਾਲੀ, ਮਾਤ ਪਤਾਲ ਅਕਾਸ਼ ਵਾਸ ਹਰਿ ਰਖਾ ਰਿਹਾ । ਆਦਿ ਅੰਤ ਨਾ ਜਾਏ ਵਿਨਾਸ, ਗੁਰਮੁਖਾਂ ਦਾਸਨ ਦਾਸ, ਆਪ ਅਖਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਸਿੰਘਾਸਣ ਸੱਚਾ ਸਮਾ ਰਿਹਾ । ਸਚ ਸਿੰਘਾਸਣ ਡੇਰਾ ਲਾਇਆ । ਗੁਰਮੁਖਾਂ ਘੇਰਾ ਸਾਚਾ ਪਾਇਆ । ਆਪ ਚੁਕਾਏ ਮੇਰਾ ਤੇਰਾ ਹੇਰਾ ਫੇਰਾ, ਚੰਦ ਨੌਂ ਚੰਦੀ ਸਚ ਚੜ੍ਹਾਇਆ । ਆਪੇ ਕਟੇ ਫੰਦ ਫੰਦੀ, ਧਰਮ ਰਾਏ ਨਾ ਫੰਦ ਕਟਾਇਆ । ਇਕ ਉਪਜਾਏ ਪਰਮਾਨੰਦੀ, ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦੀ, ਆਤਮ ਸਾਚਾ ਜਾਮ ਪਿਆਇਆ । ਕਲਜੁਗ ਜੀਵਾਂ ਆਤਮ ਗੰਦੀ, ਜੂਠੇ ਝੂਠੇ ਮਾਇਆ ਲੂਠੇ ਲੱਗੇ ਝੂਠੇ ਧੰਦੀਂ, ਮਾਇਆ ਮੋਹ ਹੰਕਾਰ ਵਧਾਇਆ । ਬੇਮੁਖ ਜੀਵਾਂ ਆਤਮ ਹੋਈ ਅੰਧੀ, ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਅੱਠੇ ਪਹਿਰ ਰਸਨਾ ਗੰਦੀ, ਮਦਿਰਾ ਮਾਸ ਮੁਖ ਲਗਾਇਆ । ਹਰਿ ਨਾ ਧਿਆਇਆ ਬੱਤੀ ਦੰਦੀਂ, ਮਾਨਸ ਦੇਹੀ ਜਿਸ ਜਨਮ ਦਵਾਇਆ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਜਾਏ ਰੰਦੀ, ਸੋਹੰ ਰੰਦਾ ਹੱਥ ਰਖਾਇਆ । ਆਪ ਮਿਟਾਏ ਮਾਇਆਧਾਰੀ ਦੂਈ ਦਵੈਤੀ ਕੰਧੀ, ਸ਼ਬਦ ਧੱਕਾ ਏਕਾ ਲਾਇਆ । ਬੇਮੁਖ ਜੀਵ ਆਪੇ ਪਾਏ ਧਰਮ ਰਾਏ ਦੀ ਫੰਦੀ, ਨਾ ਸਕੇ ਕੋਈ ਛੁਡਾਇਆ । ਨਿਹਕਲੰਕ ਨਰਾਇਣ ਨਰ,

ਗੁਰਮੁਖ ਸਾਚੇ ਸੰਤ ਜਨਾਂ, ਆਪ ਆਪਣੀ ਸਰਨ ਰਖਾਇਆ । ਆਏ ਸਾਚੀ ਸਰਨ, ਸਰਨ ਸਰਨਾਈਆ । ਚੁਕਾਏ ਮਰਨ ਡਰਨ, ਸਾਚਾ ਮੇਲ ਮਿਲਾਈਆ । ਖੋਲ੍ਹੇ ਹਰਨ ਫਰਨ, ਨੇਤਰ ਨੈਣ ਲੋਚਣ ਤਿੰਨੇ ਇਕ ਕਰਾਈਆ । ਬੇਮੁਖ ਡੂੰਘੇ ਡੁੱਬੇ ਵਹਿਣ, ਨਾ ਫੜੇ ਕੋਈ ਬਾਹੀਆ । ਗੁਰਮੁਖ ਸਾਚੇ ਸਾਚਾ ਲਾਹਾ, ਹਰਿ ਦਰ ਲੈਣਾ, ਤਖ਼ਤ ਬਿਰਾਜੇ ਦੇਸ ਮਾਝੇ, ਸਾਚੀ ਜੋਤ ਜਗਾਈਆ । ਲੱਖ ਚੁਰਾਸੀ ਸਾਜਣ ਸਾਜੇ, ਵੇਖ ਵਖਾਣੇ ਰਾਜੇ ਰਾਣੇ, ਲਿਖ ਲਿਖ ਲੇਖ ਹਰਿ ਘਲਾਈਆ । ਚਾਰੋਂ ਕੁੰਟ ਪੈਣੀ ਭਾਜੇ, ਰੂਸਾ ਚੀਨਾ ਦਏ ਦੁਹਾਈਆ । ਉਠੇ ਸ਼ਾਹ ਫਰੰਗੀ, ਅੰਤਮ ਹੋਏ ਕੰਡ ਨੰਗੀ, ਅੱਗਾ ਪਿੱਛਾ ਦਿਸ ਨਾ ਆਈਆ । ਪ੍ਰਭ ਖੰਡਾ ਰਿਹਾ ਹੁਲਾਰ, ਸਿੰਘ ਸਿੰਘਾਸਣ ਕਰ ਤਿਆਰ, ਛੱਬੀ ਪੋਹ ਦਿਵਸ ਵਿਚਾਰ, ਰਾਓ ਉਮਰਾਓ ਸ਼ਾਹ ਸੁਲਤਾਨ ਦਏ ਹਿਲਾਈਆ । ਧਰਤ ਮਾਤ ਰਹੀ ਪੁਕਾਰ, ਨਿਹਕਲੰਕ ਕਿਰਪਾ ਧਾਰ, ਕਲਜੁਗ ਜੀਵਾਂ ਹੋ ਹੋ ਨੀਵਾਂ, ਕਾਲੀ ਸ਼ਾਹੀ ਲਾਈਆ । ਸਾਢੇ ਤਿੰਨ ਹੱਥ ਅੰਤਮ ਆਵੇ ਸੀਆਂ, ਮਨਜੀਤ ਸਿੰਘ ਤੇਰੀ ਬਣਤ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸੰਤ, ਚਰਨ ਦਵਾਰੇ ਲਏ ਬਹਾਈਆ । ਸੰਤ ਜਗਾਏ ਦਇਆ ਕਮਾਏ, ਉਠ ਉਠ ਆਏ ਦਰ ਸਾਚੇ ਭਾਗੇ । ਪ੍ਰਭ ਅਬਿਨਾਸ਼ੀ ਜੋਤ ਜਗਾਈ, ਵੱਜੀ ਵਧਾਈ ਦੇਸ ਮਾਝੇ । ਕਲਜੁਗ ਤੇਰੀ ਅੰਤਮ ਅੰਤ ਕਰਨ ਆਇਆ ਕੁੜਮਾਈ, ਲਾੜੀ ਮੌਤ ਨਾਲ ਵਜਾਏ ਵਾਜੇ । ਧਰਮ ਰਾਏ ਦਏ ਦੁਹਾਈ, ਪ੍ਰਭ ਅਬਿਨਾਸ਼ੀ ਮੇਰਾ ਦਰ ਖੁਲ੍ਹਾਈਂ, ਅਠਾਈ ਕੁੰਡਾਂ ਪਰਦੇ ਕਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਜਗਾਈ, ਪੁਰੀਆਂ ਲੋਆਂ ਧਾਰ ਬੰਧਾਈ, ਆਪ ਆਪਣਾ ਸਾਜਣ ਸਾਜੇ । ਸਚ ਦਵਾਰੇ ਬਣਤ ਬਣਾਈਆ । ਸਚ ਗਿਰਧਾਰੇ ਖੇਲ ਰਚਾਈਆ । ਵਿਚ ਸੰਸਾਰੇ ਮਿਲੇ ਵਡਿਆਈਆ । ਨਿਹਕਲੰਕੀ ਜੋਤ ਜਗਾਈਆ । ਸ਼ਬਦ ਡੰਕੀ ਰਿਹਾ ਵਜਾਈਆ । ਰਾਓ ਰੰਕਾਂ ਰਿਹਾ ਉਠਾਈਆ । ਵਾਲੀ ਹਿੰਦ ਸ਼ਬਦ ਜਣਾਈਆ । ਪ੍ਰਗਟ ਹੋਇਆ ਵਡ ਮਰਗਿੰਦ, ਮਾਝੇ ਦੇਸ ਜੋਤ ਸਵਾਈਆ । ਲੱਖ ਚੁਰਾਸੀ ਕਰੇ ਨਿੰਦ, ਬੇਮੁਖਾਂ ਸਾਰ ਨਾ ਪਾਈਆ । ਗੁਰਮੁਖ ਸਾਚੇ ਸਾਚੀ ਬਿੰਦ, ਪ੍ਰਭ ਆਪਣੀ ਆਪ ਉਪਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਦੇਵੇ ਆਤਮ ਸਾਗਰ ਸਿੰਧ, ਸਾਚਾ ਨੀਰ ਰਿਹਾ ਵਹਾਈਆ । ਵਾਲੀ ਹਿੰਦ ਵਡ ਬਲਕਾਰ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਅੰਤਮ ਵੇਲਾ ਹੋ ਤਿਆਰ । ਸਾਚਾ ਸ਼ਬਦ ਨਾਲ ਲਿਆਇਆ, ਸੋਹੰ ਰੱਖੀ ਤਿੱਖੀ ਧਾਰ । ਸਤਿਜੁਗ ਸਾਚੇ ਪੱਲਾ ਫੜਾਇਆ, ਮਗਰੇ ਆਏ ਵਾਰੋ ਵਾਰ । ਕਲਜੁਗ ਪਾਪੀ ਦਏ ਦੁਹਾਇਆ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਨਾ ਕੋਈ ਪਿਤਾ ਨਾ ਕੋਈ ਮਾਇਆ, ਅੰਤਮ ਵੇਲੇ ਨਾ ਹੋਏ ਕੋਈ ਸਹਾਰ । ਹੰਕਾਰ ਵਿਕਾਰੀ ਝੂਠੀ ਛਾਇਆ, ਅੰਤਮ ਹੋਵੇ ਛਾਰ । ਨਿਹਕਲੰਕ ਜਾਮਾ ਪਾਇਆ, ਖਿੱਚੀ ਸ਼ਬਦ ਹੱਥ ਕਟਾਰ । ਦਵਾਰ ਬੰਕ ਇਕ ਸੁਹਾਇਆ, ਜਗਤ ਜਗਦੀਸ਼ੇ ਹਰਿ ਨਿਰੰਕਾਰ । ਜੋਤੀ ਤਨਕ ਇਕ ਲਗਾਇਆ, ਗੁਰਮੁਖਾਂ ਆਤਮ ਦਏ ਹੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਧੁਰ, ਸਾਚਾ ਜੋੜ ਗਿਆ ਜੁੜ, ਆਪਣਾ ਕਾਜ ਆਪ ਰਚਾਇਆ । ਮਾਝੇ ਦੇਸ ਕਾਜ ਰਚਾਇੰਦਾ । ਜੋਤ ਸਰੂਪੀ ਧਰ ਧਰ ਭੇਸ, ਰਾਜਾ ਰਾਣਾ ਆਪ ਜਗਾਇੰਦਾ । ਲਿਖ ਲਿਖ ਸਾਚੇ ਲੇਖ, ਵਾਲੀ ਹਿੰਦ ਦੇ ਮਤ ਆਪ ਸਮਝਾਇੰਦਾ । ਅੰਤਮ ਕਲ ਨੇਤਰ ਲੈਣਾ ਪੇਖ, ਸਾਚਾ ਭਾਣਾ ਹਰਿ ਵਰਤਾਇੰਦਾ । ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਦਸਤਗੀਰ ਨਾ ਕੋਇ ਛੁਡਾਇੰਦਾ । ਕਲਜੁਗ ਤੇਰੀ ਜੂਠੀ ਝੂਠੀ ਲੱਗੀ ਮੇਖ, ਪ੍ਰਭ ਅਬਿਨਾਸ਼ੀ ਆਪਣੀ ਹੱਥੀਂ ਆਪ ਮਿਟਾਇੰਦਾ । ਸਤਿਜੁਗ ਦੂਰ ਦੁਰਾਡਾ ਰਿਹਾ ਵੇਖ,

ਕਵਣ ਸਵੇਲਾ ਵਕਤ ਸੁਹੇਲਾ, ਪ੍ਰਭ ਅਬਿਨਾਸ਼ੀ ਸਾਚਾ ਹੁਕਮ ਸੁਣਾਇੰਦਾ । ਗੁਰਮੁਖਾਂ ਹੋਵੇ ਮਾਤ ਮੇਲਾ, ਬੇਮੁਖਾਂ ਅੰਤ ਖਪਾਇੰਦਾ । ਧਰਮ ਰਾਏ ਦੀ ਕਟੇ ਜੇਲ੍ਹਾ, ਸੋਹੰ ਜੋ ਜਨ ਰਸਨਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਸਾਚਾ ਰਾਣਾ ਸਾਚਾ ਭਾਣਾ, ਆਪਣੇ ਹੱਥ ਰਖਾਇੰਦਾ । ਹਰਿ ਭਾਣਾ ਹਰਿ ਸਰਕਾਰ ਹੈ । ਨਾ ਕੋਈ ਜਾਣੇ ਸੁਘੜ ਸਿਆਣਾ, ਜੀਵ ਜੰਤ ਸਰਬ ਗਵਾਰ ਹੈ । ਮਾਇਆ ਭੁੱਲਾ ਰਾਜਾ ਰਾਣਾ, ਆਤਮ ਵਧਿਆ ਇਕ ਹੰਕਾਰ ਹੈ । ਮਾਇਆਧਾਰੀ ਬੇਮੁਹਾਣਾ, ਭੁੱਲਿਆ ਹਰਿ ਕਰਤਾਰ ਹੈ । ਦਰ ਦਰ ਘਰ ਘਰ ਫਿਰੇ ਗਊ ਗਰੀਬ ਨਿਮਾਣਾ, ਨਾ ਸੁਣੇ ਕੋਈ ਪੁਕਾਰ ਹੈ । ਝੂਠਾ ਚੱਲੇ ਖੇਲ ਜਹਾਨਾਂ, ਮਾਇਆ ਰਾਣੀ ਵਣਜ ਵਪਾਰ ਹੈ । ਭੇਖਾ ਧਾਰੀ ਝੂਠਾ ਬਾਣਾ, ਦਰ ਦਰ ਘਰ ਘਰ ਫਿਰਦੇ ਠਗ ਚੋਰ ਯਾਰ ਹੈ । ਏਕਾ ਹਰਿ ਸੁਘੜ ਸਿਆਣਾ, ਸ਼ਬਦ ਦੱਸੇ ਸਾਚੀ ਧਾਰ ਹੈ । ਧੁਰਦਰਗਾਹੀ ਇਕ ਬਿਬਾਣਾ । ਗੁਰਮੁਖ ਨਾ ਜਾਏ ਮੜ੍ਹੀ ਮਸਾਣਾ, ਆਪ ਬਹਾਏ ਚਰਨ ਦਵਾਰ ਹੈ । ਹਰਿਜਨ ਮੰਨੇ ਸਾਚਾ ਭਾਣਾ, ਦਰਗਹਿ ਸਾਚੀ ਦੇਵੇ ਮਾਣਾ, ਲੱਖ ਚੁਰਾਸੀ ਉਤਰੇ ਪਾਰ ਹੈ । ਆਤਮ ਜੋਤੀ ਮੇਲ ਮਿਲਾਨਾ, ਪਵਣੀ ਸ਼ਬਦੀ ਇਕ ਟਿਕਾਣਾ, ਆਵਣ ਜਾਣ ਗੇੜ ਨਿਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਡੇਰਾ ਲਾਏ ਨੌਂ ਦਰ ਦਰਵਾਜੇ, ਆਪ ਆਪਣਾ ਸਾਜਨ ਸਾਜੇ, ਗੁਰਮੁਖਾਂ ਰੱਖੇ ਲਾਜੇ ਦੇਸ ਮਾਝੇ, ਦਸਵੇਂ ਘਰ ਆਸਣ ਲਾਏ । ਦਸਵਾਂ ਘਰ ਸਚ ਟਿਕਾਣਾ । ਏਕਾ ਜੋਤੀ ਹਰਿ ਭਗਵਾਨਾ । ਦੁਰਮਤ ਮੈਲ ਜਾਏ ਧੋਤੀ, ਹੋਏ ਪ੍ਰਕਾਸ਼ ਕੋਟਨ ਭਾਣਾ । ਕਾਇਆ ਨਾੜੀ ਰਹੇ ਨਾ ਸੋਤੀ, ਵਜੇ ਤੀਰ ਬੇਮੁਹਾਣਾ । ਉਚ ਮਹੱਲ ਅਟੱਲ ਅਸਥੂਲ, ਜੋਤੀ ਨੂਰ ਸਤਿ ਸਰੂਰ, ਗੁਰਮੁਖਾਂ ਮਿਲੇ ਮਾਤ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਦਰਬਾਰਾ ਵਿਚ ਮਾਤ ਉਸਾਰਾ, ਗੁਰਮੁਖਾਂ ਚੁਕਾਏ ਅਗਲਾ ਪਿਛਲਾ ਮੂਲ । ਦਰ ਮੰਦਰ ਹਰਿ ਸੁਹਾਇਆ, ਜੋਤ ਜਗਾਈਆ । ਦਰ ਮੰਦਰ ਹਰਿ ਸੁਹਾਇਆ, ਵਰਨ ਗੋਤ ਇਕ ਰਖਾਈਆ । ਦਰ ਮੰਦਰ ਹਰਿ ਸੁਹਾਇਆ, ਗੁਰਮੁਖਾਂ ਦੇਵੇ ਮਾਤ ਵਡਿਆਈਆ । ਹਰਿ ਮੰਦਰ ਆਪ ਸੁਹਾਇਆ, ਹਰਿਜਨ ਸਾਚਾ ਮੇਲਾ ਪਾਰਬ੍ਰਹਮ ਸਚ ਸਰਨਾਈਆ । ਹਰਿ ਮੰਦਰ ਆਪ ਸੁਹਾਇਆ, ਕਾਇਆ ਫਲ ਲਗਾਏ ਅੰਮ੍ਰਿਤ ਸਾਚਾ ਕੇਲਾ, ਨਿਝਰ ਧਾਰ ਅੰਮ੍ਰਿਤ ਸੀਰ ਰਿਹਾ ਮੁਖ ਚੁਆਈਆ । ਹਰਿ ਮੰਦਰ ਆਪ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਛੱਬੀ ਪੋਹ ਖ਼ੁਸ਼ੀ ਮਨਾਈਆ, ਛੱਬੀ ਪੋਹ ਖੇਲ ਨਿਆਰੀ । ਕਾਇਆ ਤਜੀ ਝੂਠੀ ਦੇਹ, ਤੁਟਾ ਨਾਤਾ ਮਾਤ ਸੰਸਾਰੀ । ਬੇਮੁਖਾਂ ਸਿਰ ਪਾਏ ਖੇਹ, ਅਲਖ ਅਗੋਚਰ ਅਗੰਮ ਅਪਾਰੀ । ਗੁਰਮੁਖਾਂ ਅੰਮ੍ਰਿਤ ਆਤਮ ਬਰਖੇ ਮੇਂਹ, ਕਾਇਆ ਕਰੇ ਠੰਡੀ ਠਾਰੀ । ਬੇਮੁਖਾਂ ਜਗਤ ਨਾਤਾ ਝੂਠਾ ਮੋਹ, ਅੰਤਮ ਪਾਸਾ ਆਇਆ ਹਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਜੋਤ ਕਰੇ ਉਜਿਆਰੀ । ਹਰਿ ਮੰਦਰ ਹਰਿ ਸੁਹਾਏ, ਸਾਚਾ ਸ਼ਬਦ ਜਣਾਈਆ । ਹਰਿ ਮੰਦਰ ਆਪ ਸੁਹਾਏ, ਹਰਿਜਨ ਸਾਚੀ ਬਣਤ ਬਣਾਈਆ । ਹਰਿ ਮੰਦਰ ਆਪ ਸੁਹਾਏ, ਪਤ ਪਤਵੰਤਾ ਸਾਚਾ ਕੰਤਾ ਪੂਰਨ ਭਗਵੰਤਾ, ਰੰਗ ਮਜੀਠੀ ਰਿਹਾ ਚੜ੍ਹਾਈਆ । ਰੂਪਾ ਅਨੂਪਾ ਹਰਿ ਸੰਤਾ, ਲੇਖਾ ਲੇਖ ਭਵਿਖਤ ਆਪਣਾ ਆਪ ਲਿਖਾਈਆ । ਬੇਮੁਖਾਂ ਮਾਇਆ ਪਾਏ ਬੇਅੰਤਾ, ਅੰਧ ਅੰਧੇਰ ਜਗਤ ਰਖਾਈਆ । ਗੁਰਮੁਖਾਂ ਦੇ ਵਡਿਆਈ ਵਿਚ ਜੀਵ ਜੰਤਾ, ਪੂਰਨ ਬੂਝ ਬੁਝਾਈਆ । ਵੇਦ ਪੁਰਾਨਾਂ ਹੱਥ ਨਾ ਆਏ ਪੰਡਤਾ, ਪਾਂਧੇ ਪੜ੍ਹਦੇ ਕਾਂਸੀ ਆਤਮ ਸਰਬ ਰਹੀ ਕੁਰਲਾਈਆ । ਗ੍ਰੰਥੀ ਪੰਥੀ ਆਤਮ ਹੰਗਤਾ, ਹਉਮੇ ਰੋਗ ਰਹੇ ਵਧਾਈਆ । ਗੁਰਮੁਖਾਂ ਮਿਲੇ ਮੇਲ ਸਾਚੀ ਸੰਗਤਾ,

੭੩੫ ੦੪

ਹਰਿ ਰੱਖੇ ਆਪ ਸਰਨਾਈਆ । ਗੁਰਮੁਖ ਸਾਚਾ ਦਰ ਘਰ ਸਾਚੇ ਏਕਾ ਬਣੇ ਮੰਗਤ, ਦੇਵੇ ਵਸਤ ਹਰਿ ਰਘੁਰਾਈਆ । ਮਹਿੰਮਾ ਜਗਤ ਅਗਣਤ, ਨਾ ਸਕੇ ਕੋਈ ਗਿਣਾਈਆ । ਏਕਾ ਜੋਤੀ ਆਦਿਨ ਅੰਤ, ਭੇਖਾਧਾਰੀ ਵਡ ਸੰਸਾਰੀ, ਲੋਕਮਾਤ ਆਪਣੀ ਰਚਨ ਰਚਾਈਆ । ਗੁਰਮੁਖ ਉਠਾਏ ਵਾਰੋ ਵਾਰੀ, ਆਪ ਬਣਾਏ ਸਚ ਦੁਲਾਰੀ, ਮਾਤ ਪਿਤ ਅਖਵਾਈਆ । ਕਲਜੁਗ ਜੀਵ ਦੁਸ਼ਟ ਦੁਰਾਚਾਰੀ, ਆਤਮ ਹੋਈ ਸਰਬ ਹੰਕਾਰੀ, ਨਾ ਹੋਵੇ ਕੋਈ ਸਹਾਈਆ । ਦਰ ਦਰ ਘਰ ਘਰ ਚਲੀ ਵਿਕਾਰੀ, ਕਲਜੁਗ ਅੰਤਮ ਹੋਈ ਖਵਾਰੀ, ਧਰਤ ਮਾਤ ਰਹੀ ਕੁਰਲਾਈਆ । ਲਾੜੀ ਮੌਤ ਅਜੇ ਕਵਾਰੀ, ਲੱਖ ਚੁਰਾਸੀ ਵਿਚੋਂ ਨਾ ਕਿਸੇ ਪ੍ਰਨਾਈਆ । ਧਰਮ ਰਾਏ ਦਰ ਦਏ ਬਹਾਰੀ, ਸਾਚਾ ਕੁੰਡਾ ਆਪੇ ਲਾਹੀਆ । ਆਪੇ ਮੇਟੇ ਚਾਰ ਯਾਰੀ, ਸੰਗ ਮੁਹੰਮਦ ਸੁੱਤਾ ਪੈਰ ਪਸਾਰੀ, ਈਸਾ ਮੂਸਾ ਆਈ ਹਾਰੀ, ਨਿਹਕਲੰਕ ਜਗੀ ਜੋਤ ਕਰੇ ਖੇਲ ਹਰਿ ਨਿਰੰਕਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਮੇਲ ਮਿਲਾਈਆ । ਸੰਗਤ ਆਈ ਚੱਲ ਦਵਾਰ, ਚਰਨ ਨਿਮਸਕਾਰਿਆ । ਪੁਰਖ ਅਬਿਨਾਸ਼ੀ ਪਾਏ ਸਾਰ, ਦੇਵੇ ਨਾਮ ਅਧਾਰਿਆ । ਸੋਹੰ ਸ਼ਬਦ ਅਪਰ ਅਪਾਰ, ਕਲਜੁਗ ਤੇਰੀ ਅੰਤਮ ਵਾਰਿਆ । ਪ੍ਰਭ ਕਰਾਏ ਕਾਇਆ ਤਨ ਸ਼ਿੰਗਾਰ, ਗੁਰਮੁਖ ਮੰਗਣ ਆਏ ਚਲ ਦਵਾਰ, ਗੁਰਮੁਖ ਸਾਚੇ ਤਨ ਪਾਏ ਫੂਲਨਹਾਰ, ਗਲ ਆਪਣੇ ਵਿਚ ਲਟਕਾ ਰਿਹਾ । ਸਚ ਕਰਾਏ ਵਣਜ ਵਪਾਰ, ਨਾਮ ਸਿਹਰਾ ਇਕ ਵਿਕਾ ਰਿਹਾ । ਮਾਨਸ ਦੇਹੀ ਪੈਜ ਸਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਸਦ ਸਮਾ ਰਿਹਾ । ਮੰਗਣ ਆਏ ਮੰਗ, ਵਸਤ ਅਨਮੋਲ ਹੈ । ਪ੍ਰਭ ਅਬਿਨਾਸ਼ੀ ਚਾੜ੍ਹੇ ਰੰਗ, ਗੁਰ ਸੰਗਤ ਤੋਲੇ ਪੂਰਾ ਤੋਲ ਹੈ । ਮਾਨਸ ਦੇਹੀ ਨਾ ਹੋਏ ਭੰਗ, ਪ੍ਰਭ ਪਰਦੇ ਰਿਹਾ ਖੋਲ੍ਹ ਹੈ । ਸਦ ਸਹਾਈ ਅੰਗ ਸੰਗ, ਵਸੇ ਕਾਇਆ ਚੋਲ ਹੈ । ਚਿੱਟੇ ਅਸਵ ਕੱਸਿਆ ਤੰਗ, ਗੁਰਮੁਖਾਂ ਪੂਰੀ ਕਰੇ ਮੰਗ, ਲੱਖ ਚੁਰਾਸੀ ਹਿਰਦੇ ਰਿਹਾ ਫੋਲ ਹੈ । ਸ਼ਬਦ ਵਜਾਏ ਇਕ ਮਰਦੰਗ, ਰਾਜੇ ਰਾਣੇ ਹੋਏ ਨੰਗ, ਮਿਲੇ ਮਾਣ ਨਾ ਉਪਰ ਧਵਲ ਹੈ । ਮਾਇਆ ਡੋਰੀ ਚੜ੍ਹੀ ਪਤੰਗ, ਅੰਤਮ ਵੇਲੇ ਡੂੰਘੀ ਗੰਗ, ਨਾ ਸਕੇ ਕੋਈ ਖਲ੍ਹਾਰ ਹੈ । ਗੁਰਮੁਖਾਂ ਕਟੇ ਭੁੱਖ ਨੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੱਬੀ ਪੋਹ ਦਿਵਸ ਵਿਚਾਰੇ । ਚਰਨ ਪਿਆਰ ਹਰਿ ਗਿਰਧਾਰਿਆ । ਦੂਜਾ ਦਰ ਵੇਖ ਵਿਚਾਰ, ਵਸੇ ਸਾਚਾ ਨਰ ਨਿਰੰਕਾਰਿਆ । ਤੀਜੇ ਨੇਤਰ ਸਦ ਤਿੱਖੀ ਧਾਰ, ਵੱਜੇ ਆਤਮ ਨਾਮ ਕਟਾਰਿਆ । ਚੌਥੇ ਦਰ ਸਾਚਾ ਹਰਿ, ਜਨ ਭਗਤਾਂ ਰਿਹਾ ਪੈਜ ਸਵਾਰ, ਪੰਜਵੇਂ ਨਾ ਜਾਏ ਏਕਾ ਧਾਮ ਸੁਹਾ ਰਿਹਾ । ਛੇਵਾਂ ਛੇ ਘਰ ਆਪੇ ਵਸੇ, ਹਰਿ ਸ਼ਬਦ ਭੰਡਾਰ ਇਕ ਵਖਾ ਰਿਹਾ । ਸਤਵੇਂ ਜੋਤੀ ਨੂਰ ਅਪਾਰ, ਨੂਰੋ ਨੂਰ ਉਪਜਾ ਰਿਹਾ । ਅੱਠਵੇਂ ਅੱਠੇ ਕਾਇਆ ਤੱਤ, ਮਾਨਸ ਦੇਹੀ ਮਾਤ ਉਪਜਾ ਰਿਹਾ । ਬੇਮੁਖਾਂ ਖੋਲ੍ਹੇ ਦਸ ਨਵੇਂ, ਦਸਵਾਂ ਸਾਚੇ ਘੋੜੇ ਆਪ ਚੜ੍ਹਾ ਰਿਹਾ । ਦੋਵੇਂ ਹੱਥੀਂ ਵਾਗ ਲਏ ਫੜ, ਧੁਰਦਰਗਾਹੀ ਸਾਚਾ ਮਾਹੀ ਏਕਾ ਰਾਹ ਵਖਾ ਰਿਹਾ । ਨਾ ਕੋਈ ਅੱਗੇ ਸਕੇ ਅੜ, ਧਰਮ ਰਾਏ ਦਰ ਖੁਲ੍ਹਾ ਰਿਹਾ । ਗੁਰਮੁਖ ਸਾਚਾ ਗੁਰ ਚਰਨ ਲਏ ਫੜ, ਸਾਚੇ ਪੌੜੇ ਆਪ ਚੜ੍ਹਾ ਰਿਹਾ । ਦਰ ਘਰ ਸਾਚੇ ਜਾਏ ਵੜ, ਨਾ ਕੋਈ ਸੀਸ ਨਾ ਕੋਈ ਧੜ, ਸਾਚੀ ਜੋਤ ਡਗਮਗਾ ਰਿਹਾ । ਨਾ ਕੋਈ ਵਰਨ ਨਾ ਕੋਈ ਗੋਤੀ, ਏਕਾ ਆਪਣਾ ਆਪ ਸੁਹਾ ਰਿਹਾ । ਚੰਦ ਸੂਰਜ ਅਵਤਾਰ ਤਾਰੇ, ਆਪਣੇ ਚਰਨਾਂ ਹੇਠ ਲਟਕਾ ਰਿਹਾ । ਉਤੇ ਸੁੱਤਾ ਪੈਰ ਪਸਾਰ, ਸੱਤਵੇਂ ਘਰ ਮਾਲ ਅੱਯਾਰੇ, ਚਾਰੋਂ ਦਿਸ਼ਾ ਨਾ ਕੋਈ ਵਖਾ ਰਿਹਾ । ਬੈਠਾ ਰਿਹਾ ਸਦਾ ਵਿਚਕਾਰੇ, ਜੋਤੀ ਜਾਮਾ ਭੇਵ ਨਿਆਰੇ, ਲੋਕਮਾਤ

ਆਵੇ ਜਾਵੇ ਵਾਰੋ ਵਾਰਿਆ । ਕਲਜੁਗ ਤੇਰੀ ਪਾਵੇ ਸਾਰ, ਨਿਹਕਲੰਕ ਨਰਾਇਣ ਨਰ, ਸਚ ਸਿੰਘਾਸਣ ਸਾਚੀ ਸੇਜਾ, ਆਪਣੀ ਹੱਥੀਂ ਆਪ ਵਿਛਾ ਰਿਹਾ । ਹੱਥ ਉਠਾਏ ਸੋਹੰ ਤਿੱਖਾ ਨੇਜਾ, ਵਡ ਜ਼ਰਵਾਣੇ ਪਕੜ ਹਿਲਾ ਰਿਹਾ । ਗੁਰਮੁਖ ਹੰਢਾਏ ਆਤਮ ਪ੍ਰਭ ਅਬਿਨਾਸ਼ੀ ਤੇਰੀ ਸੇਜਾ, ਕਲ ਸਾਚਾ ਕਰਮ ਕਮਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਚਾੜ੍ਹੇ ਰੰਗਤ, ਪੂਰੀ ਇੱਛਿਆ ਪਾਈ ਭਿੱਛਿਆ, ਆਤਮ ਝੋਲੀ ਆਪ ਭਰਾ ਰਿਹਾ । ਆਤਮ ਝੋਲੀ ਭਰੇ ਭੰਡਾਰ, ਬੇਮੁਖ ਜੀਵ ਮਾਰੇ ਬੋਲੀ, ਗੁਰਮੁਖ ਸਾਚਾ ਰਿਹਾ ਸਹਾਰ । ਪ੍ਰਭ ਅਬਿਨਾਸ਼ੀ ਪੂਰੇ ਤੋਲ ਰਿਹਾ ਤੋਲੀ, ਸ਼ਬਦ ਖੰਡਾ ਹੱਥ ਅਪਾਰ । ਲੋਕਮਾਤ ਦੀ ਸਾਚੀ ਡੋਲੀ, ਸੋਹੰ ਸ਼ਬਦ ਅਪਰ ਅਪਾਰ । ਆਪ ਬਣਾਏ ਦਰ ਘਰ ਸਾਚੇ ਦੀ ਸਾਚੀ ਗੋਲੀ, ਇਕ ਕਰਾਏ ਚਰਨ ਪਿਆਰ । ਮੰਗਣ ਆਏ ਅੱਗੇ ਡਾਹੇ ਝੋਲੀ, ਮਿਲੇ ਵਸਤ ਇਕ ਪਿਆਰ । ਪ੍ਰਭ ਅਬਿਨਾਸ਼ੀ ਆਤਮ ਪਰਦੇ ਰਿਹਾ ਖੋਲੀ, ਆਪੇ ਜਾਣੇ ਗੁਣ ਅਵਗੁਣ ਨਰ ਹਰਿ ਸੱਚੀ ਸਰਕਾਰ । ਗੁਰਮੁਖਾਂ ਕਾਇਆ ਭਾਲੀ ਭੋਲੀ, ਸਾਚਾ ਕਰੇ ਤਨ ਸ਼ਿੰਗਾਰ । ਰੰਗ ਰੰਗੇ ਕਾਇਆ ਚੋਲੀ, ਉਤਰ ਨਾ ਜਾਏ ਦੂਜੀ ਵਾਰ । ਬਜ਼ਰ ਕਪਾਟੀ ਰਿਹਾ ਖੋਲ੍ਹੀ, ਆਪ ਆਪਣੀ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਆਈ ਮੰਗਤ, ਭਿੱਛਿਆ ਪਾਏ ਨਾਮ ਅਪਾਰ । ਨਿਹਚਲ ਧਾਮ ਅਟੱਲ ਅਸਥੂਲ ਹੈ । ਨਿਹਚਲ ਧਾਮ ਅਟੱਲ, ਏਕਾ ਦਿਸੇ ਕੰਤ ਕੰਤੂਹਲ ਹੈ । ਨਿਹਚਲ ਧਾਮ ਅਟਲ, ਸਾਚਾ ਘੋੜਾ ਸ਼ਬਦ ਸਿੰਘਾਸਣ ਰਿਹਾ ਝੂਲ ਹੈ । ਨਿਹਚਲ ਧਾਮ ਅਟੱਲ, ਨਾਮ ਰੰਗਣ ਤਨ ਪਾਏ ਚੂੜਾ, ਨਾਮ ਸ਼ਿੰਗਾਰਾ ਸੱਚਾ ਫੂਲ ਹੈ । ਨਿਹਚਲ ਧਾਮ ਅਟੱਲ, ਏਕਾ ਰੰਗ ਚੜ੍ਹਾਏ ਗੂੜ੍ਹਾ, ਨਾ ਉਤਰੇ ਮਾਤ ਮੂਲ ਹੈ । ਨਿਹਚਲ ਧਾਮ ਅਟੱਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਅੰਤ ਆਦਿ ਹੈ । ਨਿਹਚਲ ਧਾਮ ਅਟੱਲ, ਇਕ ਇਕੱਲਾ ਸਿਰਜਣਹਾਰਿਆ । ਨਿਹਚਲ ਧਾਮ ਅਟੱਲ, ਸ਼ਬਦ ਪਸਾਰਿਆ । ਨਿਹਚਲ ਧਾਮ ਅਟੱਲ, ਮੇਲ ਮਿਲਾ ਰਿਹਾ । ਨਿਹਚਲ ਧਾਮ ਅਟਲ, ਤ੍ਰੈਲੋਕੀ ਬਾਹਰ ਰਖਾ ਰਿਹਾ । ਨਿਹਚਲ ਧਾਮ ਅਟੱਲ, ਸ਼ਬਦ ਪਸਾਰਿਆ । ਸਾਚਾ ਧਾਮ ਅਟੱਲ, ਸਾਚਾ ਨਾਉਂ ਸ਼ਬਦ ਸਲੋਕੀ ਆਦਿ ਅੰਤ ਵਾਰੋ ਵਾਰ ਮਾਤ ਘਲਾ ਰਿਹਾ । ਨਿਹਚਲ ਧਾਮ ਅਟਲ ਜੋਤੀ ਜੋਤ ਸਰੂਪ ਹਰਿ, ਸਾਚੇ ਧਾਮ ਆਪ ਸੁਹਾ ਰਿਹਾ । ਨਿਹਚਲ ਧਾਮ ਅਟੱਲ, ਹਰਿ ਸੁਹੰਜਣਾ । ਨਿਹਚਲ ਧਾਮ ਅਟੱਲ, ਜੋਤ ਨਿਰੰਜਣਾ । ਨਿਹਚਲ ਧਾਮ ਅਟੱਲ, ਦਰਦ ਦੁੱਖ ਭੈ ਭੰਜਨਾ । ਨਿਹਚਲ ਧਾਮ ਅਟੱਲ, ਮੀਤ ਮੁਰਾਰ ਸਾਚੇ ਸੱਜਣਾ । ਨਿਹਚਲ ਧਾਮ ਅਟੱਲ, ਪੁਰਖ ਅਬਿਨਾਸ਼ੀ ਲੋਕਮਾਤ ਸਾਚਾ ਪਰਦਾ ਕੱਜਣਾ । ਨਿਹਚਲ ਧਾਮ ਅਟੱਲ, ਏਕਾ ਜੋਤ ਸੱਚੀ ਪ੍ਰਕਾਸ਼ੀ, ਸ਼ਬਦ ਤਾਲ ਦੂਜਾ ਵਜਣਾ । ਨਿਹਚਲ ਧਾਮ ਅਟੱਲ, ਹਰਿ ਦਿਸੇ ਸ਼ਾਹੋ ਸ਼ਾਬਾਸ਼ੀ, ਹਰਿ ਏਕਾ ਏਕ ਸਚ ਮਹੱਲਨਾ । ਨਿਹਚਲ ਧਾਮ ਅਟੱਲ, ਜੋਤੀ ਜੋਤ ਸਰੂਪ ਹਰਿ, ਸਚ ਦਵਾਰ ਗੁਰਮੁਖ ਵਿਰਲੇ ਮਾਤ ਮੱਲਣਾ । ਨਿਹਚਲ ਧਾਮ ਅਟੱਲ, ਦੂਰਨ ਦੂਰਿਆ । ਨਿਹਚਲ ਧਾਮ ਅਟੱਲ, ਸ਼ਬਦ ਸਰੂਰਿਆ । ਨਿਹਚਲ ਧਾਮ ਅਟੱਲ, ਏਕਾ ਨਾਦ ਅਨਾਹਦ ਤੂਰਿਆ । ਨਿਹਚਲ ਧਾਮ ਅਟੱਲ, ਪ੍ਰਭ ਅਬਿਨਾਸ਼ੀ ਮਾਧਵ ਮਾਧ, ਸਰਬ ਗੁਣ ਭਰਪੂਰਿਆ । ਨਿਹਚਲ ਧਾਮ ਅਟੱਲ, ਗੁਰਮੁਖ ਵਿਰਲਾ ਲਏ ਲਾਧ, ਦਰਸ ਦਿਖਾਏ ਹਾਜਰ ਹਜੂਰਿਆ । ਨਿਹਚਲ ਧਾਮ ਅਟੱਲ, ਜਨ ਭਗਤਾਂ ਦੇਵੇ ਸਾਚੀ ਦਾਦ, ਆਸਾ ਮਨਸਾ ਹਰਿ ਜੀ ਪੂਰਿਆ । ਨਿਹਚਲ ਧਾਮ ਅਟੱਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ

੭੩੬ ੦੪

ਏਕ ਸਤਿ ਸਰੂਰਿਆ । ਨਿਹਚਲ ਧਾਮ ਅਟੱਲ, ਗਹਿਰ ਗੰਭੀਰਿਆ । ਨਿਹਚਲ ਧਾਮ ਅਟੱਲ, ਏਕਾ ਰੱਖੇ ਅੰਮ੍ਰਿਤ ਸਾਚਾ ਨੀਰਿਆ । ਨਿਹਚਲ ਧਾਮ ਅਟੱਲ, ਨਾਮ ਅਧਾਰਾ ਹਰਿ ਭਗਤ ਪਿਆਰਾ, ਦੇਵੇ ਸਾਚਾ ਸੀਰਿਆ । ਨਿਹਚਲ ਧਾਮ ਅਟੱਲ, ਰਾਹ ਦਿਸੇ ਅੱਗੇ ਭੀੜਿਆ । ਨਿਹਚਲ ਧਾਮ ਅਟਲ, ਜੋਤੀ ਜੋਤ ਸਰੂਪ ਹਰਿ, ਆਪੇ ਬੰਨ੍ਹੇ ਆਪਣੀ ਬੀੜਿਆ । ਨਿਹਚਲ ਧਾਮ ਅਟੱਲ, ਜੋਤ ਨਿਸ਼ਾਨ ਹੈ । ਨਿਹਚਲ ਧਾਮ ਅਟੱਲ, ਸ਼ਬਦ ਬਿਬਾਣ ਹੈ । ਨਿਹਚਲ ਧਾਮ ਅਚਲ ਅਟੱਲ, ਕਿਲ੍ਹਾ ਕੋਟ ਨਾ ਕੋਈ ਮਕਾਨ ਹੈ । ਨਿਹਚਲ ਧਾਮ ਅਟਲ, ਤੇਜ ਕੋਟਨ ਕੋਟ ਭਾਨ ਹੈ । ਨਿਹਚਲ ਧਾਮ ਅਟੱਲ, ਅੰਮ੍ਰਿਤ ਸਰੋਵਰ ਇਕ ਇਸ਼ਨਾਨ ਹੈ । ਨਿਹਚਲ ਧਾਮ ਅਟੱਲ, ਜੋਤੀ ਜੋਤ ਸਰੂਪ ਹਰਿ, ਏਕਾ ਏਕ ਵਸੇ ਭਗਵਾਨ ਹੈ । ਨਿਹਚਲ ਧਾਮ ਅਟੱਲ, ਇਕ ਭਗਵਾਨਿਆ । ਨਿਹਚਲ ਧਾਮ ਅਟੱਲ, ਲੋਕਮਾਤ ਨਾ ਕਿਸੇ ਪਛਾਣਿਆ । ਨਿਹਚਲ ਧਾਮ ਅਟੱਲ, ਨਾ ਹੋਏ ਅੰਧੇਰੀ ਰਾਤ, ਜੋਤੀ ਜਗੇ ਬੇਮੁਹਾਨਿਆ । ਨਿਹਚਲ ਧਾਮ ਅਟੱਲ, ਸ਼ਬਦ ਰੱਖੇ ਸਚ ਸੁਗਾਤ, ਗੁਰਮੁਖਾਂ ਝੋਲੀ ਆਪ ਭਰਾਨਿਆ । ਨਿਹਚਲ ਧਾਮ ਅਟੱਲ, ਤ੍ਰੈਲੋਕੀ ਪਰਖੇ ਜਾਤ ਪਾਤ, ਏਕਾ ਰੰਗ ਹਰਿ ਰੰਗਾਨਿਆ । ਨਿਹਚਲ ਧਾਮ ਅਟੱਲ, ਅੱਠੇ ਪਹਿਰ ਦਿਵਸ ਰਾਤ, ਬਾਰਾਂ ਤੀਸ ਵਕਤ ਸੁਹਾਨਿਆ । ਨਿਹਚਲ ਧਾਮ ਅਟੱਲ, ਏਕਾ ਜੋਤੀ ਸ਼ਬਦ ਸੀਸ, ਪਵਣ ਚਵਰ ਹਰਿ ਝੁਲਾਨਿਆ । ਨਿਹਚਲ ਧਾਮ ਅਟੱਲ, ਜੋਤੀ ਜਾਮਾ ਹਰਿ ਜਗਦੀਸ਼, ਨਾ ਦਿਸੇ ਜੀਵ ਜੰਤ ਮਾਤ ਨਾਦਾਨਿਆ । ਨਿਹਚਲ ਧਾਮ ਅਟੱਲ, ਨਾ ਜਾਣੇ ਰਾਗ ਛਤੀਸ, ਸਾਚਾ ਰਾਹ ਨਾ ਕਿਸੇ ਵਖਾਨਿਆ । ਨਿਹਚਲ ਧਾਮ ਅਟੱਲ, ਜੋਤੀ ਜੋਤ ਸਰੂਪ ਹਰਿ, ਸਦ ਵਸੇ ਬੇਪਛਾਣਿਆ । ਨਿਹਚਲ ਧਾਮ ਅਟੱਲ, ਨਿਰਮਲ ਉਜਾਗਰਾ । ਨਿਹਚਲ ਧਾਮ ਅਟੱਲ, ਸ਼ਬਦ ਸ਼ਬਦ ਸ਼ਬਦ ਰੱਖੇ ਸਿੰਧ ਸਾਗਰਾ । ਨਿਹਚਲ ਧਾਮ ਅਟੱਲ, ਵੇਖ ਵਖਾਣੇ ਲੱਖ ਚੁਰਾਸੀ ਕਾਇਆ ਗਾਗਰਾ । ਨਿਹਚਲ ਧਾਮ ਅਟਲ, ਏਕਾ ਏਕ ਆਪ ਵਖਾਏ ਸ਼ਬਦ ਜਣਾਏ, ਤਟ ਬਿਆਸ ਦਿਆਲ ਬਾਗ ਆਗਰਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਭੇਖ ਦਏ ਮਿਟਾਏ, ਖਿੱਚੇ ਜੋਤ ਜੋਤ ਰਤੀ ਰਤਨਾਗਰਾ । ਨਿਹਚਲ ਧਾਮ ਅਟੱਲ, ਸਰਬ ਸਹਾਰਿਆ । ਨਿਹਚਲ ਧਾਮ ਅਟੱਲ, ਜੀਆਂ ਜੰਤਾਂ ਸਾਧਾਂ ਸੰਤਾਂ ਹੋਏ ਆਪ ਸਹਾਰਿਆ । ਨਿਹਚਲ ਧਾਮ ਅਟੱਲ, ਪੁਰਖ ਅਬਿਨਾਸ਼ੀ ਸਾਚਾ ਕੰਤਾ, ਆਪ ਬਣਾਏ ਸਾਚੀ ਬਣਤਾ, ਨੂਰੋ ਨੂਰ ਆਪ ਉਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਦਵਾਰ ਵਖਾਏ, ਸ੍ਰਿਸ਼ਟ ਸਬਾਈ ਕੂੜੋ ਕੂੜ ਸਮਝਾ ਰਿਹਾ । ਨਿਹਚਲ ਧਾਮ ਅਟੱਲ, ਸਚਖੰਡ ਹਰਿ ਪ੍ਰਭ ਵਾਸ ਹੈ । ਨਿਹਚਲ ਧਾਮ ਅਟੱਲ, ਲੋਕਮਾਤ ਪਾਈ ਵੰਡ, ਭਾਗ ਲੱਗਾ ਵਿਚ ਪ੍ਰਭਾਸ ਹੈ । ਰੰਕ ਰਾਜਾਨਾਂ ਦੇਵੇ ਦੰਡ, ਕਲਜੁਗ ਸੁੱਤੇ ਦੇ ਕੇ ਕੰਡ, ਕਾਇਆ ਲੱਗੀ ਅੰਧੇਰੀ ਆਗ ਹੈ । ਫੜੇ ਸ਼ਬਦ ਸੱਚੀ ਪ੍ਰਚੰਡ, ਲੱਖ ਚੁਰਾਸੀ ਭੰਨੇ ਕੱਚੇ ਅੰਡ, ਕਿਸੇ ਦਰ ਨਾ ਦਿਸੇ ਚਰਾਗ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਧੋਏ ਕਲਜੁਗ ਝੂਠਾ ਦਾਗ ਹੈ । ਨਿਹਚਲ ਧਾਮ ਅਟੱਲ, ਵਿਚ ਸੰਸਾਰਿਆ । ਗੁਰਮੁਖਾਂ ਅੰਮ੍ਰਿਤ ਕਾਇਆ ਦੇਵੇ ਸਿੰਚ, ਕਰੇ ਠੰਡੀ ਠਾਰਿਆ । ਨਾਮ ਅਨੂਠਾ ਪੁਰਖ ਅਬਿਨਾਸ਼ੀ ਸਾਚਾ ਤੂਠਾ, ਕਰਾਏ ਵਣਜ ਸੱਚਾ ਵਣਜਾਰਿਆ । ਦਵਾਪਰ ਤਰੇਤਾ ਸਤਿਜੁਗ ਵਿਛੜੇ ਰਿਹਾ ਰੂਠਾ, ਮਿਲਾਏ ਮੇਲ ਹਰਿ ਕੰਤ ਭਤਾਰਿਆ । ਬੇਮੁਖਾਂ ਹੱਥ ਫੜਾਏ ਝੂਠਾ ਜੂਠਾ ਠੂਠਾ, ਮੰਗਣ ਦਰ ਦਰ ਭਿਖਾਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਬੰਕ ਦਵਾਰੇ ਆਪ ਸੁਹਾ

੭੩੭
੦੪

ਰਿਹਾ । ਸਤਵੇਂ ਘਰ ਹਰਿ ਨਿਰੰਕਾਰਾ । ਕਰੇ ਖੇਲ ਜੋਤੀ ਮੇਲ, ਅਪਰ ਅਪਾਰਾ । ਸਚ ਸੁਹਾਏ ਆਪਣਾ ਵੇਲ, ਤਿੰਨਾਂ ਲੋਆਂ ਬੰਨ੍ਹੇ ਧਾਰਾ । ਏਕਾ ਏਕ ਇਕ ਇਕੇਲ, ਨਾ ਕੋਈ ਦੂਜੀ ਨਾਰਾ । ਏਕਾ ਆਪ ਆਪਣਾ ਸੱਜਣ ਸੁਹੇਲ, ਨਾ ਕੋਈ ਜਾਣੇ ਜੀਵ ਗਵਾਰਾ । ਨੂਰੀ ਜੋਤੀ ਸਾਚਾ ਖੇਲ, ਸ਼ਬਦ ਮੋਤੀ ਹਰਿ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਰੂਪ ਰੰਗ ਤੇ ਵਸੇ ਬਾਹਰਾ । ਸੱਤਵੇਂ ਘਰ ਹਰਿ ਨਿਰੰਕਾਰ । ਜੋਤ ਜਗਾਏ ਅਪਰ ਅਪਾਰ । ਸ਼ਬਦੀ ਉਠੇ ਪਵਣੀ ਧਾਰ । ਅਵਣੀ ਗਵਣੀ ਪਾਏ ਸਾਰ । ਪੁਰੀਆਂ ਲੋਆਂ ਪਾਰ ਕਰਾਏ ਭਵਣੀ, ਖੰਡਾਂ ਬ੍ਰਹਿਮੰਡਾਂ ਰਿਹਾ ਸਰਬ ਵਿਚਾਰ । ਜੋਤੀ ਜੋਤ ਸਰੂਪ ਹਰਿ, ਘਰ ਸਾਚੇ ਜੋਤੀ ਕਰ ਅਕਾਰ । ਸਾਚੇ ਘਰ ਜੋਤ ਉਜਿਆਰਾ । ਨਾ ਕੋਈ ਅੰਦਰ ਨਾ ਕੋਈ ਮੰਦਰ, ਨਾ ਕੋਈ ਦਿਸੇ ਧੁੰਦੂਕਾਰਾ । ਨਾ ਕੋਈ ਕਾਇਆ ਨਾ ਕੋਈ ਬੰਧ, ਮਾਇਆ ਜਾਲ ਨਾ ਦਿਸੇ ਫੰਦ, ਏਕ ਰੂਪ ਅਪਾਰਾ । ਨਾ ਕੋਈ ਸ਼ਤੀਰ ਨਾ ਕੋਈ ਕੰਧ, ਸ਼ਬਦ ਅਟੱਲ ਉਚ ਮੁਨਾਰਾ । ਨਾ ਕੋਈ ਸਾਗਰ ਨਾ ਕੋਈ ਗੰਗ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰਾ । ਨਾ ਕੋਈ ਰੂਪ ਨਾ ਕੋਈ ਰੰਗ, ਆਪ ਆਪਣਾ ਰੱਖੇ ਸੰਗ, ਦੂਜੇ ਦਰ ਨਾ ਲਏ ਮੰਗ, ਸਾਚੇ ਘਰ ਹਰਿ ਪਸਾਰਾ । ਜੋਤੀ ਜੋਤ ਸਰੂਪ ਹਰਿ, ਸਤਮ ਦਵਾਰੇ ਜੋਤ ਅਕਾਰੇ, ਸ਼ਬਦ ਘੋੜਾ ਮੰਗੇ ਮੰਗ ਇਕ ਅਪਾਰ, ਪੁਰਖ ਅਬਿਨਾਸ਼ ਕਿਰਪਾ ਧਾਰ । ਚਿੱਟੇ ਅਸਵ ਆਸਣ ਸੋਲਾਂ ਕਲੀਆਂ ਕਰ ਸ਼ਿੰਗਾਰ । ਸੰਤ ਮਨੀ ਸਿੰਘ ਸੇਵਾ ਲਾਈ, ਪੰਚਮ ਜੇਠ ਦਿਵਸ ਵਿਚਾਰ । ਆਪਣੀ ਹੱਥੀਂ ਤੰਗ ਕਸਾਈਂ, ਪਹਿਲਾ ਪੌੜਾ ਇਕ ਉਠਾਈਂ, ਲੋਕਮਾਤ ਦਾ ਰਾਹ ਵਖਾਈਂ, ਆਪ ਆਪਣੀ ਕਿਰਪਾ ਧਾਰ । ਚਿੱਟਾ ਬਾਣਾ ਤਨ ਛੁਹਾਈਂ, ਗੁਰਮੁਖ ਸਾਚੇ ਸੇਵਾ ਲਾਈਂ, ਸਾਚਾ ਕਰੀਂ ਜਗਤ ਵਿਹਾਰ । ਆਪ ਆਪਣੀ ਬਣਤ ਬਣਾਈਂ, ਵੇਖੀਂ ਥਾਉਂ ਥਾਈਂ ਪੁਰੀਆਂ ਲੋਆਂ ਬੰਨ੍ਹੀ ਧਾਰ । ਗੁਰਮੁਖਾਂ ਦੇਵੇ ਠੰਡੀਆਂ ਛਾਈਂ, ਲੋਕਮਾਤ ਮਾਰ ਝਾਤ, ਸਚ ਸੱਚੇ ਦਰਬਾਰ । ਜੋਤੀ ਜੋਤ ਸਰੂਪ ਹਰਿ, ਸੱਤਵੇਂ ਘਰ ਉਠ ਖਲੋਤਾ, ਚਿੱਟਾ ਬਾਣਾ ਤਨ ਛੁਹਾਇਆ, ਹੋਇਆ ਖ਼ਬਰਦਾਰ । ਸੱਤਵੇਂ ਘਰ ਕਰ ਤਿਆਰੀ । ਪ੍ਰਭ ਅਬਿਨਾਸ਼ੀ ਕਰੇ ਲੋਕਮਾਤ ਪਹਿਲੀ ਵਾਰੀ । ਚਿੱਟੇ ਘੋੜੇ ਕਰ ਸਵਾਰੀ । ਮਾਰੇ ਸ਼ਬਦ ਇਕ ਉਡਾਰੀ । ਚਰਨ ਝੱਸੇ ਲਛਮੀ ਪਿਆਰੀ । ਪੁਰਖ ਅਬਿਨਾਸ਼ੀ ਸਾਚਾ ਹੱਸੇ, ਚਰਨ ਦਵਾਰੀ ਕੱਢੇ ਬਾਹਰੀ । ਗੁਰਮੁਖਾਂ ਦਾ ਰਾਹ ਤੱਕੇ, ਕਲਜੁਗ ਤੇਰੀ ਅੰਤਮ ਵਾਰੀ । ਚਾਰੋਂ ਕੁੰਟ ਪੈਣ ਧੱਕੇ, ਕਲਜੁਗ ਤੇਰੀ ਅੰਤਮ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਝਾੜੇ ਬੇਮੁਖਾਂ ਫਲ ਕਾਇਆ ਪੱਕੇ । ਸਾਚਾ ਚਰਨ ਕੱਢੇ ਬਾਹਰ । ਚਿੱਟਾ ਅਸਵ ਰਿਹਾ ਪੁਕਾਰ । ਪ੍ਰਭ ਅਬਿਨਾਸ਼ੀ ਹੋ ਅਸਵਾਰ । ਸ਼ਿਵਲੋਕ ਇੰਦਲੋਕ ਬ੍ਰਹਮਲੋਕ ਗੁਰਮੁਖ ਸਾਚੇ ਰਹੇ ਪੁਕਾਰ । ਇਕ ਸੁਣਾਏ ਸ਼ਬਦ ਸਲੋਕ, ਧੁਰਦਰਗਾਹੀ ਵਸਤ ਅਪਾਰ । ਨਾ ਕੋਈ ਸਕੇ ਇਹਨੂੰ ਰੋਕ, ਸ਼ਬਦ ਖੰਡਾ ਤੀਰ ਕਟਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਏ ਸਚ ਸੱਚੇ ਦਰਬਾਰ । ਸਾਚਾ ਦਰ ਆਪ ਸੁਹਾਇਆ । ਜੋਤ ਸਰੂਪੀ ਭੇਖ ਵਟਾਇਆ । ਛੇਵੇਂ ਖੜ੍ਹਾ ਰਾਹ ਵਖਾਇਆ । ਸਾਚਾ ਸ਼ਬਦ ਨਾਲ ਰਲਾਇਆ । ਤਿੰਨਾਂ ਪੁਰੀਆਂ ਮਾਣ ਦਵਾਇਆ । ਆਪ ਆਪਣਾ ਰੰਗ ਚੜ੍ਹਾਇਆ । ਸਾਚਾ ਸੰਗ ਇਕ ਨਿਭਾਇਆ । ਆਤਮ ਸਾਚੀ ਗੰਗ, ਹਰਿ ਚਰਨ ਛੁਹਾਇਆ । ਗੁਰਮੁਖਾਂ ਚਾੜ੍ਹੇ ਕਾਇਆ ਰੰਗ, ਕਟੇ ਭੁੱਖ ਨੰਗ, ਸਾਚਾ ਜਾਮਾ ਨਿਹਕਲੰਕ ਨਰਾਇਣ ਨਰ, ਆਪ ਆਪਣਾ ਆਪੇ ਉਪਾਇਆ । ਛੇਵੇਂ ਘਰ ਦਰ ਦਰਵਾਜੇ । ਸ਼ਬਦ ਸਰੂਪੀ ਸਾਜਨ ਸਾਜੇ । ਲੱਖ ਚੁਰਾਸੀ ਮਾਰੇ ਅਵਾਜੇ, ਆਪੇ ਬੈਠਾ ਹੋ ਅਸਵਾਰ ਚਿੱਟੇ ਅਸਵ ਘੋੜੇ ਤਾਜੇ ।

ਸਾਚਾ ਕਰੇ ਇਕ ਸ਼ਿੰਗਾਰ, ਜੋਤੀ ਜਾਮਾ ਭੇਖ ਨਿਆਰ, ਚਿੱਟਾ ਬਾਣਾ ਸਾਜਨ ਸਾਜੇ । ਪਵਣ ਵੇਖੇ ਠੰਡੀ ਠਾਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਲੱਖ ਚੁਰਾਸੀ ਸਵਾਸ ਅਧਾਰ, ਨਾ ਕੋਈ ਜਾਣੇ ਰਾਜਨ ਰਾਜੇ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਸਾਜਨ ਸਾਜੇ । ਸੱਤਵਾਂ ਘਰ ਹਰਿ ਸੁਹਾਇਆ । ਸਾਚਾ ਸ਼ਬਦ ਨਾਲ ਰਲਾਇਆ । ਖੰਡ ਬ੍ਰਹਿਮੰਡ ਏਕਾ ਧਾਰ ਏਕਾ ਦਰ ਏਕਾ ਚੋਟ ਰਿਹਾ ਲਗਾਇਆ । ਆਦਿਨ ਅੰਤਾ ਜੁਗਾ ਜੁਗੰਤ ਹੱਸੇ ਕੋਟਨ ਕੋਟ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਖ ਧਰ, ਵਰਨ ਗੋਤ ਨਾ ਕੋਇ ਰਖਾਇਆ । ਛੇਵੇਂ ਘਰ ਖ਼ੁਸ਼ੀ ਮਨਾਈਆ । ਵੱਜੀ ਧੁਨ ਸ਼ਬਦ ਧੁਨਕਾਈਆ । ਆਪੇ ਰਿਹਾ ਹਰਿ ਜੀ ਸੁਣ, ਸਾਚਾ ਤਾਲ ਰਖਾਈਆ । ਨਾ ਕੋਈ ਜਾਣੇ ਗੁਣ ਅਵਗੁਣ, ਏਕਾ ਧਾਰ ਚਲਾਈਆ । ਜਨ ਭਗਤਾਂ ਪੁਕਾਰ ਰਿਹਾ ਸੁਣ, ਤਾਰ ਸਿਤਾਰ ਨਾ ਕੋਈ ਰਖਾਈਆ । ਅੱਠੇ ਪਹਿਰ ਛਾਣ ਪੁਣ, ਪ੍ਰਭ ਸਾਚੇ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗ ਰਹੇ ਸਦਾ ਰਘੁਰਾਈਆ । ਛੇਵੇਂ ਘਰ ਬਣਿਆ ਸੰਗ । ਖੁੱਲ੍ਹਿਆ ਦਰ ਸ਼ਬਦ ਮੰਗ । ਮਿਲੇ ਵਰ ਗੁਰਮੁਖਾਂ ਕਾਇਆ ਨਾ ਹੋਏ ਭੰਗ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਦਾ ਸੁਹੇਲਾ ਅੰਗ ਸੰਗ । ਸ਼ਬਦ ਜੋਤ ਇਕ ਧਾਰ, ਛੇਵੇਂ ਘਰ ਸਚ ਪਿਆਰ । ਉਠੇ ਨਰ ਹਰਿ ਕਰਤਾਰ । ਆਏ ਸਾਚੇ ਸਰ, ਚਰਨ ਛੁਹਾਏ ਅੰਮ੍ਰਿਤ ਸਾਚੀ ਧਾਰ । ਜੋਤੀ ਜੋਤ ਸਰੂਪ ਹਰਿ, ਸਾਚਾ ਰੰਗ ਆਪੇ ਜਾਣੇ ਆਪੇ ਮਾਣੇ ਆਪ ਆਪਣੀ ਕਰ ਵਿਚਾਰ । ਸ਼ਬਦ ਚੜ੍ਹਾਏ ਸਾਚੇ ਡੋਲੇ, ਪੰਜਮ ਦਰ ਹਰਿਜੀ ਬੋਲੇ, ਲੋਕਮਾਤ ਦਾ ਕੁੰਡਾ ਖੋਲ੍ਹੇ, ਲੋਆਂ ਪੁਰੀਆਂ ਬੰਨ੍ਹੇ ਧਾਰ । ਆਪ ਵਸੇ ਪੜਦੇ ਓਹਲੇ, ਗੁਰ ਪੀਰ ਨਾ ਆਏ ਸਾਰ । ਹਰਿ ਆਪੇ ਦਸੇ ਆਪਣੇ ਚੇਲ੍ਹੇ, ਨਾਲ ਰਲਾਏ ਪਵਣ ਅਧਾਰ । ਲੱਖ ਚੁਰਾਸੀ ਆਤਮ ਬੋਲੇ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਕਰੇ ਖੇਲ ਪੂਰੇ ਤੋਲ ਤੋਲੇ, ਪੰਜਵੇਂ ਦਰ ਸਾਜਨ ਸਾਜ । ਕਰੇ ਖੇਲ ਗਰੀਬ ਨਿਵਾਜ । ਤਿੰਨਾਂ ਲੋਕਾਂ ਮਾਰੇ ਅਵਾਜ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਸਾਜਨ ਸਾਜ । ਪੰਚਮ ਘਰ ਹਰਿ ਸੁਹਾਏ । ਸਾਧਾਂ ਸੰਤਾਂ ਦਇਆ ਕਮਾਏ । ਸ਼ਬਦ ਧਾਰ ਇਕ ਰਹਾਏ । ਪਵਣ ਸਵਾਰ ਆਪ ਕਰਾਏ । ਕਾਇਆ ਠੰਡੀ ਠਾਰ ਕਰਾਏ । ਆਪ ਆਪਣਾ ਭੇਵ ਖੁਲ੍ਹਾਏ । ਅੰਮ੍ਰਿਤ ਸਾਚਾ ਸੀਰ ਪਿਆਏ । ਸਾਚਾ ਚਰਨ ਆਪ ਉਠਾਏ । ਦਰ ਦਵਾਰਿਉਂ ਬਾਹਰ ਕਢਾਏ । ਜੋਤੀ ਜੋਤ ਸਰੂਪ ਹਰਿ, ਮਹਾਰਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬਣਤ ਬਣਾਏ । ਚਰਨ ਉਠਾਏ ਬਾਰੋ ਬਾਰ । ਵੇਖੇ ਵੇਖ ਵਖਾਏ ਇਕ ਸੱਚਾ ਦਰਬਾਰ । ਸਚ ਸਿੰਘਾਸਣ ਆਪ ਬਣਾਇਆ, ਸ਼ਬਦ ਕਰਾਇਆ ਸਚ ਸ਼ਿੰਗਾਰ । ਜੋਤੀ ਜਾਮਾ ਹਰਿ ਭਗਵਾਨ, ਕਰੇ ਖੇਲ ਅਪਰ ਅਪਾਰ । ਆਪੇ ਦਾਨਾ ਆਪੇ ਬੀਨਾ, ਨਾ ਕੋਈ ਜਾਣੇ ਜੀਵ ਗਵਾਰ । ਜੋਤੀ ਜੋਤ ਸਰੂਪ ਹਰਿ, ਪੰਜਵੇਂ ਘਰ ਦੇਵੇ ਵਰ, ਸਿੰਘ ਸਿੰਘਾਸਣ ਬੈਠ ਨਰ ਹਰਿ ਸੱਚੀ ਸਰਕਾਰ । ਸਚ ਸਿੰਘਾਸਣ ਡੇਰਾ ਲਾਇਆ । ਚੌਥਾ ਦਰ ਫੇਰ ਤਕਾਇਆ । ਸਾਧਾਂ ਸੰਤਾਂ ਮਿਲੇ ਵਰ, ਪੁਰਖ ਅਬਿਨਾਸ਼ੀ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਬਣਤ ਬਣਾਇਆ । ਪੰਚਮ ਦਰ ਸ੍ਰੀ ਭਗਵਾਨ । ਨੂਰੀ ਜੋਤੀ ਖੇਲ ਮਹਾਨ । ਅੱਠੇ ਪਹਿਰ ਕਦੇ ਨਾ ਸੋਤਾ, ਜੋਧਾ ਸੂਰਾ ਵਡ ਬਲਵਾਨ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਸਾਚਾ ਮਾਣ । ਗੁਰ ਪ੍ਰਸਾਦਿ ਹਰਿ ਵਰਤਾਇੰਦਾ । ਸਾਚੀ ਖੇਲ ਆਦਿ ਜੁਗਾਦਿ, ਆਪ ਬਣਾਏ ਆਪੇ ਢਾਹਿੰਦਾ । ਜਨ ਭਗਤਾਂ ਦੇਵੇ ਸਾਚੀ ਦਾਦ, ਸਾਚੀ ਝੋਲੀ ਆਪ ਭਰਾਇੰਦਾ । ਸ਼ਬਦ ਉਪਜਾਏ ਸਾਚਾ

ਨਾਦ, ਦਿਵਸ ਰੈਣ ਸਦ ਵਜਾਇੰਦਾ । ਸੋਹੰ ਸ਼ਬਦ ਰਖਣਾ ਯਾਦ, ਅੰਤਮ ਵੇਲੇ ਮਾਤ ਛੁਡਾਇੰਦਾ । ਝੂਠੀ ਮਾਇਆ ਜਗਤ ਵਿਵਾਦ, ਏਕਾ ਨਾਤਾ ਚਰਨ ਜੁੜਾਇੰਦਾ । ਪੁਰਖ ਅਬਿਨਾਸ਼ੀ ਸਾਚਾ ਮਾਧਵ ਮਾਧ, ਲੱਖ ਚੁਰਾਸੀ ਫੰਦ ਕਟਾਇੰਦਾ । ਗੁਰਮੁਖ ਆਤਮ ਸਾਚੀ ਲੈਣੀ ਸਾਧ, ਸ਼ਬਦ ਖੰਡਾ ਹੱਥ ਫੜਾਇੰਦਾ । ਦਿਵਸ ਰੈਣ ਰਸਨਾ ਲੈਣਾ ਅਰਾਧ, ਸਾਚਾ ਹੁਕਮ ਹਰਿ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਭਿੱਛਿਆ ਝੋਲੀ ਪਾਇੰਦਾ । ਗੁਰ ਪ੍ਰਸ਼ਾਦਿ ਹਰਿ ਭੰਡਾਰ । ਲੋਕਮਾਤ ਹਰਿ ਵਰਤਾਏ, ਆਪ ਆਪਣੀ ਕਿਰਪਾ ਧਾਰ । ਗੁਰਮੁਖਾਂ ਬੇੜਾ ਪਾਰ ਕਰਾਏ, ਆਏ ਚਲ ਸਚ ਸੱਚੇ ਦਰਬਾਰ । ਪੰਜਾਂ ਝੇੜਾ ਆਪ ਚੁਕਾਏ, ਵੱਜੇ ਨਾਦ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸ਼ਬਦ ਭੰਡਾਰੇ ਭਰ ਭੰਡਾਰ । ਬ੍ਰਹਮੇ ਸੁਣੀ ਹਰਿ ਪੁਕਾਰ । ਅੰਮ੍ਰਿਤ ਆਇਆ ਠੰਡੀ ਧਾਰ । ਖੁਲ੍ਹੇ ਕਵਲ ਹੋਏ ਉਜਿਆਰ । ਚਾਰੇ ਵੇਦ ਲੇਖ ਲਿਖਾਰ । ਚਹੁੰ ਜੁਗਾਂ ਦੀ ਬੰਨ੍ਹੇ ਧਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰੀ, ਬਣਿਆ ਦਰ ਹਰਿ ਭਿਖਾਰ । ਅੰਮ੍ਰਿਤ ਝਿਰਨਾ ਸਾਚਾ ਝਿਰੀ, ਆਪੇ ਡੋਬੇ ਮਾਇਆ ਮਝਾਰ । ਇਕ ਵਖਾਏ ਸਾਚੀ ਗਲੀ, ਦਸਵਾਂ ਘਰ ਹਰਿ ਨਿਰੰਕਾਰ । ਪਿੰਗਲਾ ਈੜਾ ਦੋਏ ਦਵਾਰੇ ਖੁੱਲ੍ਹੀ, ਸੁੰਨ ਸੁਖਮਨ ਨਾੜੀ ਬੱਧੀ ਧਾਰ । ਆਪੇ ਰੱਖੇ ਪਰਦਾ ਉਹਲਾ, ਸਦ ਵਸੇ ਕਾਇਆ ਚੋਲੇ, ਨਾ ਕੋਈ ਜਾਣੇ ਜਗਤ ਗਵਾਰ । ਜੋਤੀ ਜਾਮਾ ਹਰਿ ਭਗਵਾਨਾ, ਏਕਾ ਰੱਖੇ ਸ਼ਬਦ ਬਾਣਾ, ਸਾਚਾ ਕਰੇ ਤਨ ਸ਼ਿੰਗਾਰ । ਨਿਹਕਲੰਕ ਨਰਾਇਣ ਨਰ, ਪੁਰੀਆਂ ਲੋਆਂ ਬੰਨ੍ਹੇ ਧਾਰ । ਬ੍ਰਹਮੇ ਕਾਇਆ ਸੀਤ ਕਰਾਈ । ਆਪ ਆਪਣਾ ਮੀਤ ਬਣਾਈ । ਕਲਜੁਗ ਅੰਤਮ ਦਏ ਮਿਟਾਈ । ਸਾਚੀ ਰੀਤ ਹਰਿ ਰਘੁਰਾਈ । ਹਰਿਜਨ ਸਾਚਾ ਰਾਖੇ ਚੀਤ, ਧੁਰਦਰਗਾਹੀ ਮਿਲੀ ਵਡਿਆਈ । ਸਿੰਘ ਪਾਲ ਸਦਾ ਅਤੀਤ, ਰੱਖੇ ਹਰਿ ਸਰਨਾਈ । ਮਾਨਸ ਦੇਹੀ ਗਈ ਜੀਤ, ਆਤਮ ਦਰ ਵੱਜੀ ਵਧਾਈ । ਏਕਾ ਗਾਇਆ ਸ਼ਬਦ ਸੁਹਾਗੀ ਗੀਤ, ਮਿਲਿਆ ਮੇਲ ਹਰਿ ਰਘੁਰਾਈ । ਪ੍ਰਭ ਅਬਿਨਾਸ਼ੀ ਲੱਗੀ ਚਰਨ ਪ੍ਰੀਤ, ਮਾਨਸ ਦੇਹੀ ਲੇਖੇ ਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਰ ਦੇਵੇ ਕਿਰਪਾ ਕਰ, ਪੂਤ ਸਪੂਤਾ ਭਾਗ ਲਗਾਈ । ਦੇਵੇ ਵਰ ਹਰਿ ਸੱਚੀ ਸਰਕਾਰਾ । ਅੰਮ੍ਰਿਤ ਭੰਡਾਰੇ ਰਿਹਾ ਭਰ, ਨਾ ਜਨਮੇ ਨਾ ਜਾਏ ਮਰ, ਆਦਿ ਪੁਰਖ ਅਪਰੰਪਰ ਸਵਾਮੀ, ਏਕਾ ਖੋਲ੍ਹੇ ਸਚ ਦਵਾਰਾ । ਭਗਤ ਜਨਾਂ ਸਦਾ ਨਿਹਕਾਮੀ, ਬਣੇ ਬਣਾਏ ਜਗਤ ਭਿਖਾਰਾ । ਕਲਜੁਗ ਹੋਈ ਰੈਣ ਅੰਧੇਰੀ ਸ਼ਾਮੀ, ਚਾਰ ਕੁੰਟ ਧੁੰਦੂਕਾਰਾ । ਬੇਮੁਖ ਜੀਵ ਕੁਸ਼ਟੀ ਕਾਮੀ, ਆਤਮ ਭਰੇ ਸਰਬ ਵਿਕਾਰਾ । ਗੁਰਮੁਖਾਂ ਦੇਵੇ ਸੱਚੀ ਬਾਣੀ, ਹਰਿ ਭਗਵਾਨੀ ਜੋਤ ਨਿਸ਼ਾਨੀ, ਅੰਤਮ ਅੰਤ ਨਰ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਆਪ ਰਖਾਏ, ਲੋਕਮਾਤ ਵਿਚ ਦਵਾਏ, ਆਪ ਦਿਸਾਏ ਦਰ ਘਰ ਸੱਚਾ ਦਰਬਾਰਾ । ਦਿਤਾ ਮਾਣ ਹਰਿ ਰਘੁਰਾਈਆ । ਗੁਰਮੁਖ ਕਰੀ ਸਚ ਪਛਾਣ, ਨਾ ਹੋਏ ਕਦੇ ਜੁਦਾਈਆ । ਚੜ੍ਹਿਆ ਸਾਚੇ ਸ਼ਬਦ ਬਿਬਾਣ, ਇਕ ਉਡਾਨ ਹਰਿ ਰਖਾਈਆ । ਨਾਤਾ ਤੁੱਟਾ ਪੀਣ ਖਾਣ, ਅੰਮ੍ਰਿਤ ਜਾਮ ਹਰਿ ਪਿਲਾਈਆ । ਆਪੇ ਦੇਵੇ ਸਾਚਾ ਮਾਣ, ਬ੍ਰਹਮਪੁਰੀ ਲੇਖੇ ਲਾਈਆ । ਅੱਠੇ ਪਹਿਰ ਕਰ ਧਿਆਨ, ਪ੍ਰਭ ਅਬਿਨਾਸ਼ੀ ਸਾਚਾ ਰਾਹ ਤਕਾਈਆ । ਪ੍ਰਗਟ ਹੋਏ ਬਲੀ ਬਲਵਾਨ ਵਿਚ ਜਹਾਨ, ਨਿਹਕਲੰਕ ਸਾਚੀ ਵਸਤ ਨਾਮ ਦਾਤ ਝੋਲੀ ਪਾਈਆ । ਅੰਤਮ ਵੇਲੇ ਪੁੱਛੇ ਵਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਜਣ ਸੁਹੇਲ ਆਪ ਅਖਵਾਈਆ । ਗਿਆ ਲੰਘ ਇਕ ਦਵਾਰ । ਅੱਗੇ ਹਰਿ ਕਰੇ ਪੁਕਾਰ । ਫਲ ਲਗਾਏ ਕਾਇਆ ਡਾਲ ।


੭੪੦
੦੪

ਲੋਕਮਾਤ ਮਾਰ ਝਾਤ, ਫੁੱਲ ਫੁਲਵਾੜੀ ਪਿੱਛੇ ਛੱਡੀ, ਪੂਰਬ ਕਰਨੀ ਆਪ ਵਿਚਾਰ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸਾਚਾ ਵਰ, ਦੋਏ ਜੋੜ ਕਰੇ ਨਿਮਸਕਾਰ । ਮੰਗੇ ਵਰ ਸਿੰਘ ਪਾਲ । ਪ੍ਰਭ ਅਬਿਨਾਸ਼ੀ ਹੋਏ ਦਿਆਲ । ਸਾਚੀ ਜੋਤ ਵਿਚ ਟਿਕਾਏ, ਤੇਰੇ ਸਾਚੇ ਸੁਤ ਲਾਲ । ਆਪ ਆਪਣੀ ਸੇਵਾ ਲਾਏ, ਜੋਤੀ ਜਾਮਾ ਹਰਿ ਅਖਵਾਏ, ਚੜ੍ਹੇ ਰੰਗ ਇਕ ਗੁਲਾਲ । ਚਿੱਟੇ ਅਸਵ ਆਸਣ ਲਾਏ, ਲੋਆਂ ਪੁਰੀਆਂ ਛੱਡ ਕੇ ਆਏ, ਪੰਚਮ ਜੇਠੀ ਮਾਰੇ ਛਾਲ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਕਿਰਪਾ ਕਰ, ਏਕਾ ਦਿਤਾ ਸਚਾ ਵਰ, ਫਲ ਲਗਾਏ ਸਾਚੇ ਡਾਲ । ਲੱਗੇ ਫਲ ਵਿਚ ਸੰਸਾਰਿਆ । ਪ੍ਰਭ ਇਕ ਚਲਾਇਆ ਸ਼ਬਦ ਹਲ, ਸੋਹੰ ਬੀਜੇ ਬੀਜ ਅਪਰ ਅਪਾਰਿਆ । ਵਸੇ ਨਿਹਚਲ ਧਾਮ ਅਟੱਲ, ਨਾ ਪਾਵੇ ਕੋਈ ਸਾਰਿਆ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਜਲ ਥਲ, ਘਟ ਘਟ ਵਾਸੀ ਘਟ ਘਟ ਵਾਸ ਰਖਾ ਰਿਹਾ । ਨਿਹਕਲੰਕ ਨਰਾਇਣ ਨਰ, ਸਾਚਾ ਕਰਮ ਆਪ ਕਮਾ ਰਿਹਾ । ਆਪਣਾ ਕਰਮ ਆਪ ਕਰਾਇਆ । ਧਰਤ ਮਾਤ ਤੇਰਾ ਸਾਚਾ ਧਰਮ, ਅੰਤਮ ਵੇਲੇ ਆਣ ਬਚਾਇਆ । ਸਾਚੀ ਦਿੱਤੀ ਇਕ ਦਾਤ, ਛੋਟੇ ਲਾਲ ਤੇਰੀ ਗੋਦ ਬਹਾਇਆ । ਸਾਚੀ ਬਣੀ ਗੁਰ ਸੰਗਤ ਇਕ ਬਰਾਤ, ਗੁਰਮੁਖ ਲਾੜੇ ਵਿਆਹਵਣ ਆਇਆ । ਸਿੰਘ ਮਨਜੀਤ ਮਾਰੇ ਝਾਤ, ਸਾਧਾਂ ਸੰਤਾਂ ਲਏ ਜਗਾਇਆ । ਜਗਤ ਜਗਦੀਸ਼ਾ ਬੈਠ ਇਕਾਂਤ, ਰਾਜੇ ਰਾਣੇ ਦਏ ਉਠਾਇਆ । ਪੁਰਖ ਅਬਿਨਾਸ਼ੀ ਏਕਾ ਬਖ਼ਸ਼ੇ ਚਰਨ ਨਾਤ, ਸਚ ਨਿਸ਼ਾਨਾ ਨਾਮ ਰਖਾਇਆ । ਮਿਲੇ ਵਡਿਆਈ ਲੋਕਮਾਤ, ਸਾਚਾ ਮੰਦਰ ਹਰਿ ਜੀ ਅੰਦਰ ਸਿੰਘ ਸਿੰਘਾਸਣ ਡੇਰਾ ਲਾਇਆ । ਜੋਤ ਜਗੇ ਅੰਦਰੇ ਅੰਦਰ, ਬੇਮੁਖ ਜੀਵ ਫਿਰੇ ਹਲਕਾਇਆ । ਕਿਸੇ ਨਾ ਦਿਸੇ ਡੂੰਘੀ ਕੰਦਰ, ਜੋਗੀ ਜਟਾ ਜੂਟ ਧਾਰ, ਮਲ ਮਲ ਖ਼ਾਕ ਤਨ ਰੁਲਾਇਆ । ਲੱਖ ਚੁਰਾਸੀ ਭੌਂਦੀ ਬੰਦਰ, ਉਚੇ ਟਿੱਲੇ ਗੋਰਖ ਮਛੰਦਰ, ਨਾਥਾਂ ਜਤੀਆਂ ਭੇਵ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਦਰਬਾਰੇ ਗੁਰਮੁਖ ਵਣਜਾਰੇ, ਨੌਵਾਂ ਦਰਾਂ ਬਾਹਰ ਰਖਾਇਆ । ਨੌਵੇਂ ਦਰ ਕਰੇ ਬੰਦ । ਗੁਰਮੁਖ ਚੜ੍ਹਾਏ ਸਾਚੇ ਚੰਦ । ਇਕ ਉਪਜਾਏ ਪਰਮਾਨੰਦ । ਖ਼ੁਸ਼ੀ ਕਰਾਏ ਬੰਦ ਬੰਦ । ਗੁਰਮੁਖ ਗਾਇਣ ਬੱਤੀ ਦੰਦ । ਮਦਿਰਾ ਮਾਸੀ ਪਾਪੀ ਅੰਧ । ਅੱਠੇ ਪਹਿਰ ਮੁਖ ਲਗਾਇਣ, ਮਾਇਆ ਧਾਰੀ ਝੂਠਾ ਗੰਦ । ਗੁਰਮੁਖ ਸਾਚੇ ਸਚ ਦਵਾਰਾ ਏਕਾ ਪਾਵਨ, ਪ੍ਰਭ ਇਕ ਸੁਣਾਏ ਸੋਹੰ ਸ਼ਬਦ ਸੱਚਾ ਛੰਦ । ਸਾਚਾ ਘਰ ਇਕ ਵਖਾਏ, ਪ੍ਰਭ ਅਬਿਨਾਸ਼ੀ ਦਇਆ ਕਮਾਏ, ਆਪ ਮਿਟਾਏ ਭਰਮਾ ਕੰਧ । ਆਤਮ ਸਾਚੀ ਜੋਤ ਜਗਾਏ, ਸ਼ਬਦ ਧੁਨ ਇਕ ਉਪਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਬਖ਼ਸ਼ਿੰਦ । ਸਦਾ ਬਖ਼ਸ਼ੰਦ ਬਖ਼ਸ਼ਣਹਾਰ ਹੈ । ਬੇਮੁਖ ਕਰਨ ਨਿੰਦ, ਦੁਸ਼ਟ ਦੁਰਾਚਾਰ ਹੈ । ਪ੍ਰਗਟ ਹੋਏ ਵਡ ਦਾਤਾ ਗੁਣੀ ਗਹਿੰਦ, ਦਰ ਦਵਾਰੇ ਵਸੇ ਬਾਹਰ ਹੈ । ਗੁਰਮੁਖ ਉਪਜਾਏ ਸਾਚੀ ਬਿੰਦ, ਦਸਵੇਂ ਘਰ ਪਾਇਣ ਕੰਤ ਭਤਾਰ ਹੈ । ਆਪ ਮਿਟਾਏ ਸਗਲੀ ਚਿੰਦ, ਦੇਵੇ ਦਰਸ ਅਗੰਮ ਅਪਾਰ ਹੈ । ਜੋਤੀ ਜੋਤ ਸਰੂਪ ਹਰਿ, ਜਗਤ ਜਗਦੀਸ਼ੇ ਬਣਾਇਆ ਇਕ ਸੱਚਾ ਦਰਬਾਰ ਹੈ । ਸਚ ਦਰਬਾਰੇ ਹਰਿ ਨਿਰੰਕਾਰ । ਜੋਤ ਅਕਾਰੇ ਵਿਚ ਸੰਸਾਰ । ਬੇਮੁਖ ਵਹਾਏ ਵਹਿੰਦੀ ਧਾਰੇ, ਸ਼ਬਦ ਧੱਕਾ ਰਿਹਾ ਮਾਰ । ਗੁਰਮੁਖ ਉਪਜਾਏ ਸਚ ਦੁਲਾਰੇ, ਹੱਥੀਂ ਸਿਹਰਾ ਬੰਨ੍ਹੇ ਸ਼ਬਦ ਸੀਸ ਦਸਤਾਰ । ਏਕਾ ਸਾਚਾ ਰਾਗ ਸੁਣਾਏ ਕੰਨੇ, ਸੋਹੰ ਸ਼ਬਦ ਅਪਰ ਅਪਾਰ । ਗੁਰਮੁਖ ਸਾਚੇ ਆਤਮ ਮੰਨੇ, ਪ੍ਰਭ ਅਬਿਨਾਸ਼ੀ ਦਰਸ ਦਿਖਾਏ ਅੰਤਮ ਵਾਰ । ਸਚ ਦਰਬਾਰੇ ਭਾਂਡਾ ਭਰਮ ਭਉ ਭੰਨੇ, ਮੇਟ ਮਿਟਾਏ ਕਾਮ ਕਰੋਧ

ਲੋਭ ਮੋਹ ਹੰਕਾਰ । ਲੱਖ ਚੁਰਾਸੀ ਆਪੇ ਡੰਨੇ, ਜੋਤ ਸਰੂਪੀ ਜਾਮਾ ਧਾਰ । ਆਪੇ ਘੜੇ ਆਪੇ ਭੰਨੇ, ਕਲਜੁਗ ਤੇਰੀ ਅੰਤਮ ਵਾਰ । ਗੁਰਮੁਖਾਂ ਹਰਿ ਬੇੜਾ ਬੰਨ੍ਹੇ, ਏਕਾ ਦਿਸੇ ਪਾਰ ਕਿਨਾਰ । ਲੱਖ ਚੁਰਾਸੀ ਪਾਏ ਫਾਸੀ, ਧਰਮ ਰਾਏ ਮੇਟ ਮਿਟਾਏ ਮਦਿਰਾ ਮਾਸੀ, ਮਾਨਸ ਦੇਹੀ ਆਈ ਹਾਰ । ਧਰਮ ਰਾਏ ਘਰ ਚੜ੍ਹਿਆ ਚਾਅ, ਪ੍ਰਭ ਅਬਿਨਾਸ਼ੀ ਇਕ ਵਖਾਇਆ ਲੋਕਮਾਤੀ ਸੱਚਾ ਥਾਂ । ਅੱਠੇ ਪਹਿਰ ਮਾਰਾ ਝਾਤੀ, ਕਲਜੁਗ ਵੇਖ ਅੰਧੇਰੀ ਰਾਤੀ, ਨਾ ਕੋਈ ਪਿਤਾ ਨਾ ਕੋਈ ਮਾਂ । ਪੂਤ ਸਪੂਤਾ ਨਾਤਾ ਤੁਟਾ, ਨਾ ਕੋਈ ਭੈਣ ਨਾ ਭਰਾ । ਏਕਾ ਸ਼ਬਦ ਤੀਰ ਛੁੱਟਾ, ਚਾਰੋਂ ਕੁੰਟਾਂ ਦਏ ਹਿਲਾ । ਹਰਿ ਨਾਮ ਲਗਾਏ ਸਾਚੀ ਚੋਟਾ, ਗੁਰਮੁਖ ਸਾਚੇ ਲਏ ਜਗਾ । ਆਪ ਕੱਢੇ ਆਤਮ ਖੋਟਾ, ਅੰਮ੍ਰਿਤ ਸਾਚਾ ਜਾਮ ਪਿਲਾ , ਦਰ ਘਰ ਸਾਚੇ ਕਦੇ ਨਾ ਆਵੇ ਤੋਟਾ, ਲੱਖ ਚੁਰਾਸੀ ਸਾਚੀ ਝੋਲੀ ਰਿਹਾ ਭਰਾ । ਮੰਗਦੇ ਰਹਿਣ ਕੋਟਨ ਕੋਟਾ, ਦਰ ਦਵਾਰਾ ਇਕ ਨਿਰੰਕਾਰਾ, ਸਚ ਸਿੰਘਾਸਣ ਬੈਠਾ ਡੇਰਾ ਲਾ । ਇਕ ਫੜਾਇਆ ਸ਼ਬਦ ਸੋਟਾ, ਨਾ ਪਤਲਾ ਨਾ ਲੰਮਾ ਮੋਟਾ, ਰਾਜੇ ਰਾਣਿਆਂ ਰਿਹਾ ਜਗਾ । ਸਚ ਸਿੰਘਾਸਣ ਹਰਿ ਬਿਰਾਜਿਆ । ਦਰ ਦਵਾਰੇ ਦੇਸ ਮਾਝਿਆ । ਜੋਤੀ ਜਾਮ ਭੇਖ ਨਿਆਰੇ, ਗੁਰਮੁਖਾਂ ਰੱਖਣ ਆਇਆ ਲਾਜਿਆ । ਆਪੇ ਛੱਡੇ ਉਚ ਮਹੱਲ ਮੁਨਾਰੇ, ਛੋਟੇ ਬਾਲੇ ਤੇਰਾ ਸਾਜਨ ਸਾਜਿਆ । ਗੁਰਸਿਖ ਨਾ ਹੋਇਣ ਕਦੇ ਕੰਗਾਲੇ, ਪ੍ਰਭ ਮਿਲਿਆ ਰਾਜਨ ਰਾਜਿਆ । ਦੇਵੇ ਨਾਮ ਸੱਚਾ ਧਨ ਮਾਲੇ, ਕਾਇਆ ਪਰਦਾ ਕਾਜਿਆ । ਚਿੱਟੇ ਸ਼ਬਦ ਦੁਸ਼ਾਲੇ ਸਾਚੇ ਆਪੇ ਪਾਏ ਵਾਰੋ ਵਾਰ, ਕਲ ਧੁਰਦਰਗਾਹੋਂ ਆਇਆ ਭਾਜਿਆ । ਗੁਰਮੁਖ ਸਾਚੇ ਕਰ ਤਿਆਰ, ਸੋਲਾਂ ਕਰੇ ਤਨ ਸ਼ਿੰਗਾਰ, ਦੇਵੇ ਨਾਮ ਸੱਚਾ ਦਾਜਿਆ । ਮਾਤਲੋਕ ਅੰਤ ਵਿਹਾਰ ਵੇਖ ਵਿਚਾਰ, ਲੱਖ ਚੁਰਾਸੀ ਗਈ ਹਾਰ, ਗੁਰਮੁਖ ਵਿਰਲੇ ਉਤਰੇ ਪਾਰ, ਪ੍ਰਭ ਅਬਿਨਾਸ਼ੀ ਸਾਚੇ ਨੇਤਰ ਸੋਹੰ ਕੱਜਲ ਪਾਜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਦਿਵਸ ਰੈਣ ਸ਼ਬਦ ਸਰੂਪੀ ਮਾਰੇ ਅਵਾਜਿਆ । ਗੁਰਮੁਖਾਂ ਮਿਲੀ ਵਡਿਆਈ ਜਗਤ ਜੁਦਾਈਆ । ਨਾਤਾ ਤੁਟਾ ਭਾਈ ਭੈਣ, ਮਿਲਿਆ ਇਕ ਸੱਚਾ ਰਘੁਰਾਈਆ । ਝੂਠੇ ਦਿਸਣ ਸਾਕ ਸੱਜਣ ਸੈਣ, ਏਕਾ ਹਰਿ ਸੱਚਾ ਰਖਵਾਹੀਆ । ਧੁਰਦਰਗਾਹੀ ਆਪੇ ਆਇਆ ਲੈਣ, ਸੋਹੰ ਰਥ ਏਕਾ ਨਾਲ ਲਿਆਈਆ । ਸਿੰਘ ਮਨਜੀਤਾ ਉਤੇ ਲਏ ਰੱਖ, ਵਾਹ ਵਾਹ ਸੋਹਣੀ ਬਣਤ ਬਣਾਈਆ । ਸੋਲਾਂ ਮੱਘਰ ਕੀਨਾ ਵਖ, ਪੁਰੀ ਇੰਦਰ ਧਾਮ ਸੁਹਾਈਆ । ਸੁਰਪਤ ਰਾਜੇ ਇੰਦ ਟੇਕੇ ਮੱਥ, ਨਿਹਕਲੰਕ ਸਿਰ ਸਾਚਾ ਛਤਰ ਝੁਲਾਈਆ । ਸਗਲ ਵਸੂਰੇ ਗਏ ਲਥ, ਪ੍ਰਭ ਸਰਨ ਮਿਲੀ ਸਰਨਾਈਆ । ਲੱਖ ਚੁਰਾਸੀ ਗਿਆ ਮਥ, ਫੜ ਕੇ ਬਾਹੋਂ ਤੋੜ ਜੰਜਾਲਾ, ਛੋਟੇ ਬਾਲੇ ਗੁਰਮੁਖਾਂ ਵਾਰੋ ਵਾਰ ਬਹਾਈਆ । ਪ੍ਰਭ ਕੀ ਮਹਿੰਮਾ ਅਕਥਨਾ ਅਕਥ, ਬੇਮੁਖ ਭੇਵ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਆਪ ਬਣਾਈਆ । ਛੋਟੇ ਬਾਲੇ ਮਾਰ ਉਡਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਖਿੱਚ ਲੈ ਜਾਏ ਚਰਨ ਦਵਾਰੀ । ਇਕ ਦਵਾਏ ਸ਼ਬਦ ਅਸਵਾਰੀ ਅੰਤਮ ਵੇਲੇ ਪੈਜ ਸਵਾਰੀ । ਸਾਚੇ ਘਰ ਮਿਲੀ ਸਰਦਾਰੀ । ਕਲਜੁਗ ਤੇਰੀ ਅੰਤਮ ਵਾਰੀ । ਸਾਢੇ ਤਿੰਨ ਹੱਥ ਹਰਿ ਸਮਰਥ, ਚਿੱਟੀ ਕੁੱਲੀ ਨੀਂਹ ਉਸਾਰੀ । ਵਿਚ ਧਰੇ ਨਾਮ ਵਥ, ਸਤਿਜੁਗ ਜੋਤ ਜਗੇ ਅਪਾਰੀ । ਸਗਲ ਵਸੂਰੇ ਜਾਇਣ ਲੱਥ । ਜੋ ਜਨ ਆਇਣ ਚਰਨ ਦਵਾਰ ਕਰੇ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਬੰਨੇ ਆਪੇ ਧਾਰੀ । ਸਾਚੀ ਬੰਨ੍ਹੇ ਧਾਰ ਰੀਤ ਚਲਾਈਆ । ਛੋਟੇ ਬਾਲੇ ਕਰ ਤਿਆਰ, ਪ੍ਰਭ ਕਾਇਆ ਚੋਲੀ ਆਪ ਛੁਡਾਈਆ । ਸੱਤਾਂ ਦੀਪਾਂ

੭੪੨
੦੪

ਪਾਏ ਵੰਡ, ਨੌਵਾਂ ਖੰਡਾਂ ਰੱਖੇ ਠੰਡ, ਸਾਧਾਂ ਸੰਤਾਂ ਰਿਹਾ ਜਗਾਈਆ । ਸਿੰਘ ਜਗਦੀਸ਼ੇ ਤੇਰੀ ਵੰਡ, ਪ੍ਰਭ ਅਬਿਨਾਸ਼ੀ ਏਕਾ ਪਕੜੇ ਚੰਡ ਪ੍ਰਚੰਡ, ਰਾਜੇ ਰਾਣਿਆਂ ਰਿਹਾ ਹਿਲਾਈਆ । ਆਪੇ ਕਰੇ ਖੰਡ ਖੰਡ, ਤੇਰੀ ਭਸਮ ਬੇਮੁਖਾਂ ਮਸਤਕ ਟਿੱਕਾ ਲਾਈਆ । ਗੁਰਮੁਖਾਂ ਕਰੀ ਸਾਚੀ ਵੰਡ, ਪ੍ਰਭ ਸਾਚਾ ਹਿੱਸੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਪੰਚਮ ਪੋਹ ਨੀਂਹ ਰਖਾਈਆ । ਅੰਮ੍ਰਿਤ ਸਾਚਾ ਮੀਂਹ ਬਰਸਾਈ । ਜੋਤੀ ਜਾਮਾ ਭੇਵ ਨਾ ਰਾਈ । ਗੁਰਮੁਖ ਸਾਚੇ ਮਾਣਕ ਮੋਤੀ, ਸਾਚੇ ਹਾਰ ਰਿਹਾ ਪੁਰਾਈ । ਆਪੇ ਜਗੇ ਸਾਚੀ ਜੋਤੀ, ਸਚ ਮਹੱਲ ਇਕ ਅਟੱਲ, ਕਰੇ ਜਗਤ ਰੁਸ਼ਨਾਈਆ । ਬੇਮੁਖ ਭੁਲਾਏ ਕਰ ਕਰ ਵਲ ਛਲ, ਗੁਰਮੁਖਾਂ ਬੂਝ ਬੁਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੂਜ ਦੂਜਾ ਏਕ ਭੇਵ ਚੁਕਾਈਆ । ਕਲਜੁਗ ਅੰਤਮ ਕਲ ਕਲ ਕਲਵੰਤੀ ਨਾਰ । ਭੁੱਲੇ ਫਿਰਨ ਜੀਵ ਜੰਤ ਸੰਤ ਸਾਧ, ਮਾਇਆ ਪਾਈ ਅਪਰ ਅਪਾਰ । ਪੁਰਖ ਅਬਿਨਾਸ਼ੀ ਮਹਿੰਮਾ ਅਗਣਤ, ਕੋਈ ਨਾ ਜਾਣੇ ਜੀਵ ਗਵਾਰ । ਏਕਾ ਜੋਤੀ ਜਾਮਾ ਨਿਆਰ । ਆਦਿ ਅੰਤ ਵਿਚ ਸੰਸਾਰ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਸਚ ਅਵਤਾਰ । ਸਚ ਅਵਤਾਰ ਸਚ ਵਿਹਾਰਾ । ਕਰੇ ਮਾਤ ਕਲ ਅੰਤਮ ਵਾਰਾ । ਸਿੰਘ ਜਗਦੀਸ਼ ਜਗਤ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਨੀਂਹ ਰਖਾਈ, ਸਾਚੀ ਭਸਮ ਵਿਚ ਟਿਕਾਈ, ਲਹੂ ਮਿੱਝ ਬਣਾਇਆ ਸਾਚਾ ਗਾਰਾ । ਪੰਚਮ ਹਾੜੀ ਪੰਚ ਪ੍ਰਵਾਨ । ਬਣਿਆ ਗਾਡੀ ਹਰਿ ਭਗਵਾਨ । ਸ਼ਬਦ ਲਡਾਏ ਸਾਚੀ ਲਾਡੀ, ਵੇਖ ਵਖਾਣੇ ਦੋ ਜਹਾਨ । ਬੇਮੁਖ ਦਰ ਤੋਂ ਜਾਏ ਕਾਢੀ, ਗੁਰਮੁਖਾਂ ਕਰੇ ਕਲ ਪਛਾਣ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਨੂਰਾ ਹਰਿ ਭਗਵਾਨ । ਜੋਤੀ ਜਾਮਾ ਧਰੇ ਹਰਿ, ਅੱਠਾਂ ਤੱਤਾਂ ਅੱਠਾਂ ਵਾਰਾਂ ਮਹੱਲ ਉਸਾਰ । ਚਾਰ ਦੀਵਾਰਾ ਏਕਾ ਘਰ ਨਾਂਵੇ ਖੁਲ੍ਹੇ ਰੱਖੇ ਦਰ, ਦਸਵਾਂ ਕਰੇ ਬੰਦ ਕਵਾੜ । ਬੇਮੁਖ ਜੀਵਾਂ ਆਵੇ ਡਰ, ਗੁਰਮੁਖ ਸਾਚੇ ਗਏ ਤਰ, ਤੀਰਥ ਨੁਹਾਏ ਸਾਚੇ ਸਰ, ਅੰਮ੍ਰਿਤ ਭੰਡਾਰੇ ਰਿਹਾ ਭਰ, ਸਚ ਦਵਾਰੇ ਮਿਲੇ ਵਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਚਾਰ ਵਰਨਾਂ ਸਾਚੀ ਟੇਕ, ਰਾਓ ਰੰਕ ਰੰਕ ਰਾਜਾਨ, ਇਕ ਦਿਸਾਏ ਜਗਤ ਵਖਾਏ ਸਾਚਾ ਘਰ । ਰਾਜ ਰਾਜਾਨਾ ਭੇਖ ਅਪਾਰ । ਵਡੇ ਸ਼ਾਹੋ ਸ਼ਾਹ ਸੁਲਤਾਨਾਂ, ਖੋਲ੍ਹੇ ਭੇਵ ਹਰਿ ਨਿਰੰਕਾਰ । ਔਲੀਏ ਪੀਰ ਸ਼ੇਖ਼ ਸ਼ੇਖਾਂ ਸ਼ਾਹ ਦਿਵਾਨਾ, ਆਪੇ ਖੋਲ੍ਹੇ ਬੰਦ ਕਵਾੜ । ਸ਼ਬਦੀ ਮਾਰੇ ਤੀਰ ਨਿਸ਼ਾਨਾ, ਬਜ਼ਰ ਕਪਾਟੀ ਦੇਵੇ ਪਾੜ । ਆਪ ਵਿਖਾਣੇ ਆਪਣੇ ਭਾਣਾ, ਬੇਮੁਖ ਜੀਵ ਝੂਠੀ ਧਾੜ । ਗੁਰਮੁਖ ਕਰੇ ਆਪ ਪਛਾਨਾ, ਜੋਤ ਜਗਾਏ ਬਹੱਤਰ ਨਾੜ । ਸ਼ਬਦ ਬੰਨ੍ਹੇ ਹੱਥੀਂ ਗਾਨਾ, ਲੇਖਾ ਲਿਖੇ ਸਤਾਰਾਂ ਹਾੜ । ਦਰਗਹਿ ਸਾਚੀ ਮਿਲੇ ਮਾਣਾ, ਜਗਤ ਜੋਤ ਨਾ ਦੇਵੇ ਸਾੜ । ਸਾਚਾ ਦੇਵੇ ਇਕ ਬਬਾਣਾ, ਸੋਹੰ ਸ਼ਬਦ ਨਾਮ ਰਖਾਣਾ, ਘਰ ਸਾਚੇ ਵਿਚ ਦੇਵੇ ਵਾੜ । ਆਵਣ ਜਾਵਣ ਭੇਵ ਖੁਲ੍ਹਾਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਦੇਣਾ ਚਾੜ੍ਹ । ਸ਼ਬਦ ਘੋੜਾ ਹਰਿ ਦੁੜਾਇੰਦਾ । ਪਹਿਲਾ ਚੁੱਕੇ ਸੱਜਾ ਪੌੜਾ, ਲੋਕਮਾਤ ਇਕ ਟਿਕਾਇੰਦਾ । ਪਿੱਛੇ ਸਤਿਜੁਗ ਆਏ ਦੌੜਾ, ਨਿਹਕਲੰਕ ਪੱਲੂ ਫੜਾਇੰਦਾ । ਕਲਜੁਗ ਫਲ ਹੋਇਆ ਕੌੜਾ, ਸ਼ਬਦ ਡੰਡੇ ਹਰਿ ਭੰਨਾਇੰਦਾ । ਧੁਰਦਰਗਾਹੀ ਸਾਚਾ ਪੌੜਾ, ਏਕਾ ਏਕ ਲਗਾਇੰਦਾ । ਨਾ ਕੋਈ ਲੰਮਾ ਨਾ ਕੋਈ ਚੌੜਾ, ਨਾ ਬਾਡੀ ਕੋਈ ਬਣਾਇੰਦਾ । ਸਾਚਾ ਫੜ੍ਹਿਆ ਨਾਮ ਹਥੌੜਾ, ਸਾਚੇ ਬੰਨ੍ਹਣ ਆਪੇ ਪਾਇੰਦਾ ।

੭੪੩ ੦੪

ਨਾ ਕੋਈ ਜਾਣੇ ਬ੍ਰਹਿਮਣ ਗੌੜਾ, ਵੇਦ ਪੁਰਾਨਾਂ ਦੋ ਜਹਾਨਾਂ ਭੇਵ ਰਾਈ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦੇ ਮਤ ਆਪ ਸਮਝਾਇੰਦਾ । ਸਚ ਦਰਬਾਰ ਜਗਤ ਨਿਆਰ । ਨੌਂ ਦਰ ਵਿਚ ਸੰਸਾਰ । ਸਾਚੇ ਘਰ ਪੁਰਖ ਅਪਾਰ । ਸ਼ਬਦ ਖੰਡਾ ਤੀਰ ਕਟਾਰ । ਚੌਥਾ ਡੰਡਾ ਕਲਜੁਗ ਧਾਰ । ਅੰਤਮ ਕੰਢਾ ਵਿਚ ਸੰਸਰ । ਵਿਚ ਵਰਭੰਡਾਂ ਹਾਹਾਕਾਰ । ਚੌਥੇ ਘਰ ਸਾਚੀ ਵੰਡ, ਗੁਰਮੁਖ ਸਾਚੇ ਸੰਤ ਦੁਲਾਰ । ਆਤਮ ਪਾਏ ਹਰਿ ਜੀ ਠੰਡ, ਅੰਮ੍ਰਿਤ ਬਰਖੇ ਕਿਰਪਾ ਧਾਰ । ਸ਼ਬਦ ਬੰਨ੍ਹੇ ਪੱਲੇ ਗੰਢ, ਜੋਤੀ ਜਾਮਾ ਭੇਖ ਨਿਆਰ । ਬਾਲ ਜਵਾਨੀ ਗਈ ਹੰਢ, ਅੰਤਮ ਆਈ ਕਲਜੁਗ ਹਾਰ । ਸਿਰ ਉਠਾਈ ਪਾਪਾਂ ਪੰਡ, ਲੋਕਮਾਤ ਲੱਗਾ ਭਾਰ । ਚਾਰੋਂ ਕੁੰਟ ਚੰਡ ਪ੍ਰਚੰਡ, ਪ੍ਰਭ ਅਬਿਨਾਸ਼ੀ ਗਲ ਪਏ ਫੂਲਨ ਸੋਹਣੇ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਜੋਤ ਜਗਾਈ, ਗੁਰਮੁਖ ਸਾਚੇ ਸਿੰਘ ਜਗਦੀਸ਼ੇ, ਤੇਰੇ ਸਾਚੇ ਦਰ ਦਰਬਾਰ । ਸਾਚਾ ਦਰ ਦਰਬਾਰ ਹਰਿ ਸਜਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਫੂਲਨ ਸੇਜਾ ਇਕ ਬਣਾਇੰਦਾ । ਆਪੇ ਤੋੜੇ ਪੱਤ ਡਾਲੀ, ਗੁਰਮੁਖਾਂ ਕਰੇ ਹਰਿ ਰਖਵਾਲੀ, ਕਲਜੁਗ ਕੰਡਾ ਚੁਭ ਨਾ ਜਾਇੰਦਾ । ਚਲੇ ਚਾਲ ਜਗਤ ਨਿਰਾਲੀ, ਦੋਵੇਂ ਹੱਥਾਂ ਦਿਸੇ ਖ਼ਾਲੀ, ਤੀਰ ਕਮਾਨ ਨਾ ਕੋਈ ਉਠਾਇੰਦਾ । ਦੋ ਜਹਾਨਾਂ ਆਪੇ ਵਾਲੀ, ਧਰਤ ਮਾਤ ਤੇਰੀ ਕਰੇ ਰਖਵਾਲੀ, ਗਊ ਗਰੀਬ ਨਿਮਾਣਾ ਗਲੇ ਲਗਾਇੰਦਾ । ਸ਼ਾਹ ਸੁਲਤਾਨਾਂ ਕਰੇ ਖਾਲੀ, ਨਾ ਕੋਈ ਦਿਸੇ ਮਾਲ ਮਾਲੀ, ਆਪਣਾ ਭਾਣਾ ਹਰਿ ਵਰਤਾਇੰਦਾ । ਕਿਸੇ ਫਲ ਨਾ ਦਿਸੇ ਕਲਜੁਗ ਡਾਲੀ, ਕਾਇਆ ਜੂਠੀ ਝੂਠੀ ਮਾਇਆ ਮਮਤਾ ਮੋਹ ਵਧਾਇੰਦਾ । ਗੁਰਮੁਖ ਸਾਚੇ ਤੇਰੀ ਆਤਮ ਜੋਤ ਜਗੇ ਜਵਾਲੀ, ਖਿੱਚ ਪਹਾੜਾਂ ਵਿਚ ਜਗਾਇੰਦਾ । ਏਕਾ ਜੋਤ ਹਰਿ ਅਕਾਲੀ, ਤੀਰਥ ਤੱਟਾਂ ਮਾਣ ਗਵਾਇੰਦਾ । ਗੰਗਾ ਗੋਦਾਵਰੀ ਹੋਈ ਖ਼ਾਲੀ, ਹੀਰਾ ਘਾਟ ਹਰਿ ਸੁਹਾਇੰਦਾ । ਪੁਰਖ ਅਬਿਨਾਸ਼ੀ ਬਣਿਆ ਪਾਲੀ, ਸਤਿਜੁਗ ਤੇਰੀ ਸਾਚੀ ਬਣਤ ਬਣਾਇੰਦਾ । ਕਲਜੁਗ ਦਿਸੇ ਰੈਣ ਕਾਲੀ, ਚਾਰੋਂ ਕੁੰਟ ਮਾਇਆ ਪਰਦਾ ਪਾਇੰਦਾ । ਗੁਰਮੁਖਾਂ ਦਿਸੇ ਏਕਾ ਸ਼ਬਦ ਹੱਕ ਹਲਾਲੀ ਨੂਰ ਜਲਾਲੀ, ਅੱਲਾ ਹੂ ਸ਼ਬਦ ਮਿਆਨੋ ਲਏ ਧੂਹ, ਆਪਣੀ ਖੇਲ ਰਚਾਇੰਦਾ । ਇਕ ਚੜ੍ਹਾਏ ਨਦੀ ਨੂਹ, ਭਰਿਆ ਪੂਰ ਕਲ ਆਪ ਡੁਬਾਇੰਦਾ । ਆਤਮ ਜੋਤੀ ਖਿੱਚੇ ਰੂਹ, ਨਾ ਕੋਈ ਕਿਸੇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚੇ ਮੰਦਰ ਸਚ ਸਿੰਘਾਸਣ, ਏਕਾ ਆਸਣ ਲਾਇੰਦਾ । ਏਕਾ ਆਸਣ ਸਖੀ ਸੁਲਤਾਨਾ । ਵੇਖ ਵਖਾਣੇ ਸਰਬ ਬਿਧਨਾਨਾ । ਲੱਖ ਚੁਰਾਸੀ ਬੰਨ੍ਹਣ ਆਇਆ ਹਰਿ ਜੀ ਗਾਨਾ । ਮੇਟ ਮਿਟਾਏ ਮਦਿਰਾ ਮਾਸੀ, ਏਕਾ ਝੁੱਲੇ ਧਰਮ ਨਿਸ਼ਾਨਾ । ਆਪ ਮਿਟਾਏ ਆਪ ਉਠਾਏ ਪੰਡਤ ਕਾਂਸ਼ੀ, ਸਿੱਧਾ ਮਾਰੇ ਤੀਰ ਨਿਸ਼ਾਨਾ । ਆਪ ਚੜ੍ਹਾਏ ਬੇਮੁਖ ਜੀਵ ਧਰਮ ਰਾਏ ਦੀ ਫਾਸੀ, ਗੁਰਮੁਖਾਂ ਦੇਵੇ ਨਾਮ ਬਿਬਾਣਾ । ਦਰ ਦਵਾਰੇ ਜੀਵ ਹੰਕਾਰੇ ਕਰਨ ਹਾਸੀ, ਅੰਤ ਮਿਟੇ ਨਾਮ ਨਿਸ਼ਾਨਾ । ਗੁਰਮੁਖਾਂ ਆਤਮ ਕਰੇ ਰਹਿਰਾਸੀ, ਲੱਖ ਚੁਰਾਸੀ ਫੰਦ ਕਟਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਡ ਬਲੀ ਬਲਵਾਨਾ । ਵਡ ਬਲੀ ਬਲਵਾਨ ਸ਼ਬਦ ਕਟਾਰ ਹੈ । ਅੱਠੇ ਪਹਿਰ ਨੌਜਵਾਨ, ਰਹੇ ਖ਼ਬਰਦਾਰ ਹੈ । ਵੇਖ ਪਛਾੜੇ ਬੇਈਮਾਨ ਜੀਵ ਸ਼ੈਤਾਨ, ਨਰ ਹਰਿ ਸੱਚੀ ਸਰਕਾਰ ਹੈ । ਸਾਚਾ ਜਾਮਾ ਸ੍ਰੀ ਭਗਵਾਨ, ਜੋਤੀ ਭੇਖਾ ਅਲਖਣਾ ਅਲੇਖਾ, ਗੁਰਮੁਖ ਵਿਰਲੇ ਨੇਤਰ ਪੇਖਾ, ਕਲਜੁਗ ਭੁੱਲੇ ਜੀਵ ਗਵਾਰ ਹੈ । ਮੇਟ ਮਿਟਾਏ ਮਦਿਰਾ ਮਾਸੀ, ਕੁਰਾਨ ਅੰਜੀਲ ਔਲੀਏ ਪੀਰ ਸ਼ੇਖਾਂ, ਆਈ ਹਾਰ ਹੈ । ਅੱਠੇ ਪਹਿਰ

੭੪੪
੦੪

੭੪੫ ੦੪

ਲਿਖੇ ਲੇਖਾ, ਚਿਤਰ ਗੁਪਤ ਲੇਖ ਲਿਖਾਰ ਹੈ । ਲੱਖ ਚੁਰਾਸੀ ਪਈ ਭਰਮ ਭੁਲੇਖਾ, ਏਕਾ ਭੁੱਲਿਆ ਹਰਿ ਕਰਤਾਰ ਹੈ । ਲੋਕਮਾਤ ਝੂਠੀ ਮੇਖਾ, ਜਾਣਾ ਵਾਰੋ ਵਾਰ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਫੜ ਫੜ ਬਾਹੋਂ ਬੇੜਾ ਪਾਰ ਕਰਾ ਰਿਹਾ । ਆਈ ਹਰਿ ਸਰਨਾਈ, ਜਗਤ ਨਿਮਾਨਣੀ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਗੁਣ ਨਿਧਾਨਣੀ । ਸਾਚਾ ਲੇਖਾ ਰਿਹਾ ਲਿਖਾਈ, ਆਪ ਪਛਾਣੇ ਆਪਾ ਆਪਣੀ । ਝੂਠਾ ਨਾਤਾ ਹੋਈ ਕੁੜਮਾਈ, ਪੁੱਤਰ ਧੀਆਂ ਪੁਰਖ ਸੁਜਾਨਣੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰੇ ਸ਼ਬਦ ਤੀਰ ਕਾਨਣੀ । ਪੁੱਤਾਂ ਧੀਆਂ ਨਾਤਾ ਜਗ । ਲੱਗਾ ਦੁੱਖ ਕਾਇਆ ਅੱਗ । ਆਤਮ ਮਿਲੇ ਨਾ ਸਾਚਾ ਸੁਖ, ਮਾਨਸ ਦੇਹੀ ਹੋਈ ਕੱਗ । ਜੋਤੀ ਜੋਤ ਸਰੂਪ ਹਰਿ, ਸਾਚਾ ਲੇਖਾ ਰਹੇ ਲਿਖਾਏ, ਪਵਣ ਮਸਾਣੀ ਮੇਟ ਮਿਟਾਏ, ਪਕੜ ਪਛਾੜੇ ਸ਼ਾਹ ਰਗ । ਪਵਣ ਮਸਾਣੀ ਜਮ ਜਮਦੂਤ । ਸ਼ਬਦ ਡੰਡਾ ਏਕਾ ਵੱਜੇ, ਏਕਾ ਛੱਡੇ ਕਾਇਆ ਕਲਬੂਤ । ਪੁਰਖ ਅਬਿਨਾਸ਼ੀ ਪਰਦਾ ਕੱਜੇ, ਏਕਾ ਤਾਨਾ ਪੇਟਾ ਸੂਤ । ਹੋਏ ਸਹਾਈ ਸੱਜੇ ਖੱਬੇ, ਅੱਗੇ ਪਿੱਛੇ ਸ਼ਬਦ ਰਖਾਏ ਸੱਚਾ ਦੂਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਮੇਟ ਮਿਟਾਏ ਪ੍ਰੇਤ ਭੂਤ । ਭੂਤ ਪ੍ਰੇਤਾਂ ਨਾਤਾ ਤੁੱਟਾ । ਏਕਾ ਸ਼ਬਦ ਤੀਰ ਛੁੱਟਾ । ਨੇਤਰ ਨੀਰ ਫੁਹਾਰ ਗੁਰ ਚਰਨ ਫੁੱਟਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸ਼ਬਦ ਹੁਲਾਰਾ ਨਾਮ ਝੂਟਾ । ਸ਼ਬਦ ਹੁਲਾਰਾ ਨਾਮ ਡੋਲੀ । ਪਾਪਾਂ ਪਰਦੇ ਰਿਹਾ ਖੋਲ੍ਹੀ । ਏਕਾ ਦੱਸੇ ਸਾਚਾ ਜਾਪਾ, ਸੋਹੰ ਜਪਣਾ ਹੌਲੀ ਹੌਲੀ । ਕਲਜੁਗ ਤੇਰਾ ਪਾਪ ਕਾਂਪਾ, ਜੂਠੀ ਝੂਠੀ ਛੱਡੀ ਮਾਤ ਚੋਲੀ । ਆਪ ਪਛਾਣੇ ਆਪਣਾ ਆਪਾ, ਹਰਿ ਚਰਨ ਸੁਹਾਏ ਸਾਚੀ ਗੋਲੀ । ਲੋਕਮਾਤ ਕਰਾਏ ਵਡ ਪ੍ਰਤਾਪਾ, ਜੋਤੀ ਜੋਤ ਸਰੂਪ ਹਰਿ, ਪੂਰੇ ਤੋਲ ਰਿਹਾ ਤੋਲੀ । ਰੂਸਾ ਸ਼ਾਹ ਸਰਬ ਸਰਬੰਗੀ । ਪੁਰਖ ਅਬਿਨਾਸ਼ੀ ਦੱਸਣ ਆਇਆ ਏਕਾ ਰਾਹ, ਕਰੇ ਕਟਾਰ ਸ਼ਬਦ ਨੰਗੀ । ਧੁਰਦਰਗਾਹੀ ਸਚ ਮਲਾਹ, ਚਾਰ ਕੁੰਟ ਆਏ ਤੰਗੀ । ਕੋਈ ਨਾ ਦੀਸੇ ਜਗਤ ਥਾਂ, ਬੇਮੁਖ ਜੀਵਾਂ ਧਰਮ ਰਾਏ ਦਰ ਜਾਏ ਟੰਗੀ । ਘਰ ਘਰ ਉਡਾਏ ਝੂਠੇ ਕਾਂ, ਭੰਨੀ ਜਾਏ ਕੱਚੀ ਵੰਗੀ । ਨਾ ਕੋਈ ਛੁਡਾਏ ਪੁੱਤਰ ਮਾਂ, ਵੱਜੇ ਤਾਲ ਸ਼ਬਦ ਮਰਦੰਗੀ । ਚਾਰ ਕੁੰਟਾਂ ਵੇਖ ਵਖਾਣੇ, ਆਪੇ ਜਾਣੇ ਪੁਰਖ ਅਬਿਨਾਸ਼ੀ ਪਕੜ ਉਠਾਏ ਸ਼ਾਹ ਫਰੰਗੀ । ਨਿਹਕਲੰਕ ਕਲ ਜਾਮਾ ਪਾਇਆ, ਵਾਲੀ ਹਿੰਦ ਹੁਕਮ ਸੁਣਾਇਆ, ਸਾਚਾ ਲੇਖਾ ਮਾਤ ਲਿਖਾਇਆ, ਧਰਤ ਮਾਤ ਅੰਤਮ ਵਾਰ ਏਕਾ ਧਾਰ ਲਹੂ ਮੰਗੀ । ਧਰਤ ਮਾਤ ਰੱਖੀ ਆਸ । ਕਵਣ ਬੁਝਾਵੇ ਮੇਰੀ ਪਿਆਸ । ਬੇਮੁਖ ਜੀਵ ਬੰਨ੍ਹਣ ਝੂਠੇ ਦਾਅਵੇ, ਗੁਰਮੁਖ ਹੋਏ ਮਾਤ ਨਿਰਾਸ । ਰਾਜੇ ਰਾਣੇ ਪ੍ਰਭ ਸ਼ਬਦ ਸਿੰਘਾਸਣ ਬੰਨ੍ਹਣ ਆਇਆ ਪਾਵੇ, ਜੋਤ ਜਗਾਏ ਮਾਤ ਪਤਾਲ ਅਕਾਸ਼ । ਹਰਿਜਨ ਸਾਚਾ ਤੀਰਥ ਨੁਹਾਵੇ, ਲੇਖਾ ਚੁੱਕੇ ਮਾਤ ਗਰਭ ਦਸ ਮਾਸ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਚ ਦਵਾਰੇ ਰੱਖੇ ਵਾਸ । ਰੂਸਾ ਸ਼ਾਹ ਕਰ ਧਿਆਨ, ਵਾਲੀ ਹਿੰਦ ਜੋਤ ਜਗਾਈ । ਭਾਰਤ ਖੰਡ ਮਿਲੀ ਵਧਾਈ । ਇਕ ਚਲਾਏ ਸਾਚੀ ਡੰਡੀ, ਚਾਰੋਂ ਕੁੰਟਾਂ ਰਿਹਾ ਸੁਣਾਈ । ਲੱਖ ਚੁਰਾਸੀ ਨਾਰ ਰੰਡੀ, ਕੰਤ ਸੁਹਾਗੀ ਨਾ ਕੋਈ ਹੰਢਾਈ । ਸ਼ਬਦ ਭੰਡਾਰਾ ਵੰਡਣ ਆਇਆ । ਜੋਤ ਸਰੂਪੀ ਭੇਖ ਵਟਾਇਆ । ਪੁਰਖ ਅਬਿਨਾਸ਼ੀ ਸਾਚਾ ਮਾਹੀ, ਲਾੜੀ ਮੌਤ ਨਾਲ ਲਿਆਇਆ । ਧਰਮ ਰਾਏ ਦਾ ਦਰ ਖੁਲ੍ਹਾਇਆ । ਚੌਥਾ ਗੇੜਾ ਆਪ ਦਵਾਇਆ । ਕਲਜੁਗ ਜੀਵਾਂ ਪਾਪਾਂ ਭਰਿਆ ਬੇੜਾ, ਪੁਰਖ ਅਬਿਨਾਸ਼ੀ ਅੰਤਮ ਆਣ ਰੁੜ੍ਹਾਇਆ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਮਾਝੇ ਦੇਸ ਸਚ ਸਿੰਘਾਸਣ ਡੇਰਾ ਲਾਇਆ । ਵਾਲੀ ਹਿੰਦ ਹੋ ਖ਼ਬਰਦਾਰ । ਪ੍ਰਭ ਅਬਿਨਾਸ਼ੀ ਹੁਕਮ ਸੁਣਾਏ ਲੇਖ ਲਿਖਾਏ ਚਾਰ ਯਾਰ । ਅੰਤਮ ਵੇਲਾ ਨੇੜੇ ਆਇਆ, ਸ਼ਬਦ ਡੰਕ ਇਕ ਵਜਾਇਆ, ਲਹਿੰਦੀ ਦਿਸ਼ਾ ਦਿਸੇ ਹਾਰ । ਜੋਤ ਸਰੂਪੀ ਭੇਖ ਵਟਾਇਆ, ਸਦੀ ਚੌਧਵੀਂ ਵੇਖ ਵਖਾਇਆ, ਨਿਹਕਲੰਕੀ ਨਰ ਅਵਤਾਰ । ਅਮਾਮ ਮਹਿੰਦੀ ਨਾਂ ਰਖਾਇਆ, ਕਾਲਾ ਚੋਲਾ ਗਲੋਂ ਲਾਹਿਆ, ਨੀਲਾ ਬਾਣਾ ਤਨ ਛੁਹਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਆਪਣੀ ਕਾਰ । ਹਰਿ ਸਾਚੀ ਕਾਰ ਕਰਾਈਆ । ਅੱਲਾ ਰਾਣੀ ਬੇਮੁਹਾਣੀ, ਪ੍ਰਭ ਦਰ ਦਏ ਦੁਹਾਈਆ । ਚਲਿਆ ਤੀਰ ਸ਼ਬਦ ਨਿਸ਼ਾਨੀ, ਉਡਿਆ ਚਿੱਲੇ ਸ਼ਬਦ ਬਬਾਣੀ, ਮੱਕੇ ਮਦੀਨੇ ਰਿਹਾ ਜਗਾਈਆ । ਆਪ ਚੁਕਾਏ ਕਲਜੁਗ ਜੀਆਂ ਅੰਤਮ ਕਾਹਨੀ, ਦੂਜਾ ਕੋਈ ਕਹਾਰ ਨਾ ਲਾਈਆ । ਦਰ ਘਰ ਸਾਚੇ ਕਿਸੇ ਨਾ ਮਿਲੇ ਮੰਗਿਆ ਪਾਣੀ, ਉਮਤ ਨਬੀ ਰਸੂਲ ਹੱਕ ਜਲਾਲ, ਜਲਵਾ ਏ ਜਲਾਲੀ ਆਪਣਾ ਆਪ ਗਈ ਭੁਲਾਈਆ । ਨਾ ਹੋਏ ਕੋਈ ਰਖਵਾਲ, ਚਾਰੋਂ ਕੁੰਟ ਹੋਏ ਬੇਹਾਲ, ਪ੍ਰਭ ਅਬਿਨਾਸ਼ੀ ਮਾਰੀ ਛਾਲ, ਸਚ ਸਿੰਘਾਸਣ ਸਾਚੀ ਸੇਜਾ ਵਿਛਾਈਆ । ਆਪੇ ਝਾੜੇ ਉਚੇ ਡਾਲ, ਪਤ ਕਿਸੇ ਰਹਿਣ ਨਾ ਪਾਈਆ । ਰੋਟੀ ਮਿਲੇ ਨਾ ਕਿਸੇ ਥਾਲ, ਭੱਜੇ ਜਾਣ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਚੱਲੇ ਅਵਲੜੀ ਚਾਲ, ਨਾ ਕੋਈ ਸਕੇ ਸੁਰਤ ਸੰਭਾਲ, ਪੀਰ ਫਕੀਰ ਔਲੀਆ ਗੌਂਸ ਨਾ ਬਣੇ ਵਿਚ ਦਲਾਲ, ਸਾਰੇ ਪਏ ਔਝੜ ਰਾਹੀਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਲੱਖ ਚੁਰਾਸੀ ਤੇਰਾ ਸੱਚਾ ਮਲਾਹੀਆ । ਆਈ ਹਾਰ ਜਗਤ ਮੁਲਾਣਿਆਂ । ਪ੍ਰਭ ਅਬਿਨਾਸ਼ੀ ਸ਼ਬਦ ਖੰਡਾ ਰਿਹਾ ਹੁਲਾਰ, ਤੁੱਟੇ ਮਾਣ ਰਾਜੇ ਰਾਣਿਆਂ । ਪ੍ਰਗਟ ਹੋਇਆ ਵਿਚ ਸੰਸਾਰ, ਵਾਲੀ ਦੋ ਜਹਾਨਿਆਂ । ਲੇਖ ਲਿਖਾਏ ਅਪਰ ਅਪਾਰ, ਦੀਨ ਮੁਹੰਮਦੀ ਉਠੇ ਸੁੱਤਾ ਲੈ ਕੇ ਚਾਰ ਯਾਰ । ਏਕਾ ਹਲ ਪ੍ਰਭ ਸਾਚੇ ਜੁੱਤਾ, ਪਹਿਲੀ ਕੂਟੇ ਫੇਰਾ ਰਿਹਾ ਮਾਰ । ਪਕੜ ਉਠਾਏ ਜੂਠਾ ਝੂਠਾ ਮਾਇਆਧਾਰੀ ਕੁੱਤਾ, ਸ਼ਬਦ ਡੰਡਾ ਰਿਹਾ ਮਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਅਵਤਾਰ । ਵਾਲੀ ਹਿੰਦ ਜਗਤ ਵਿਚੋਲੇ । ਸਾਚਾ ਲੇਖ ਕੋਈ ਨਾ ਫੋਲੇ । ਪੁਰਖ ਅਬਿਨਾਸ਼ੀ ਸੱਚਾ ਬੋਲੇ । ਸ਼ਬਦ ਖੰਡਾ ਹੱਥ ਵਿਚ ਫੜਿਆ, ਸ੍ਰਿਸ਼ਟ ਸਬਾਈ ਚਾਰੋਂ ਕੁੰਟ ਬਣਿਆ ਤੋਲਾ ਆਪੇ ਤੋਲੇ । ਵਾਲੀ ਦੋ ਜਹਾਨਾਂ ਸਚ ਸੁਲਤਾਨਾਂ, ਵਿਚ ਜਹਾਨਾਂ ਹਰਿ ਭਗਵਾਨਾ, ਉਮਤ ਨਬੀ ਰਸੂਲ ਦੀ ਹਰਿ ਬੰਨ੍ਹੇ ਗਾਨਾ, ਵੇਖੇ ਖੇਲ ਜਗਤ ਸ਼ੈਤਾਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਐਲੀ ਅੱਲਾ ਸ਼ਾਹ ਪਿਆਰਾ, ਏਕਾ ਦੇਵੇ ਸ਼ਬਦ ਚੌਦਾਂ ਤਬਕਾਂ ਪਾਰ ਉਤਾਰਦਾ । ਆਏ ਦਰ ਸੱਚੀ ਕੁਰਾਨ । ਪ੍ਰਭ ਅਬਿਨਾਸ਼ੀ ਕਿਰਪਾ ਕਰ ਸਾਚੇ ਹਰਿ, ਆਤਮ ਹੋਈ ਵੈਰਾਨ । ਏਕਾ ਦੇ ਦੇ ਸਾਚਾ ਵਰ, ਬੇਮੁਖ ਮਾਰਾਂ ਜੀਵ ਸ਼ੈਤਾਨ । ਚਾਰੋਂ ਕੁੰਟ ਆਏ ਡਰ, ਮੰਦਰ ਮਸਜਿਦ ਹੋਏ ਵੈਰਾਨ । ਕੋਈ ਨਾ ਦਿਸਦਾ ਵਸੇ ਘਰ, ਏਕਾ ਕਰਾਂ ਸੁੰਞ ਮਸਾਣ । ਗੁਰਮੁਖਾਂ ਲੜ ਲਵਾਂ ਫੜ, ਕਰਾਂ ਮਾਤ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੀਂ ਜੀਆ ਦਾਨ । ਲੋਕਮਾਤ ਪਹਿਲਾ ਫੇਰਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰਾ, ਆਪ ਬਣਾਇਆ ਆਪਣਾ ਚੇਰਾ । ਬਰਾਹ ਯਗੇ ਪੁਰਸ਼ ਹਾਵ ਗਰੀਵ ਲਏ ਅਵਤਾਰਾ । ਨਿਰੰਜਣ ਨਰ ਜੋਤ ਧਰ, ਕਰੇ ਖੇਲ ਪੰਚਮ ਵਾਰਾ । ਦਤਾਤ੍ਰੈ ਭੇਵ ਨਿਆਰਾ । ਕਪਲ ਮੁਨੀ ਸੱਚੀ ਧਾਰਾ । ਰਿਖਵ ਦੇਵ ਖੇਲ ਨਿਆਰਾ । ਪ੍ਰਿਥੁ ਪਾਏ ਸਾਗਰ ਸਾਰਾ । ਮਤਸ

ਕਰੇ ਰੰਗ ਅਪਾਰਾ । ਕਛਪ ਰੂਪ ਹਰਿ ਜੀ ਧਾਰਾ । ਮੋਹਣੀ ਰੂਪ ਰੂਪ ਅਪਾਰਾ । ਵੈਦ ਧਨੰਤਰ ਬਾਹਰ ਨਿਕਾਰਾ । ਨਰ ਸਿੰਘ ਹੋਏ ਦੁਸ਼ਟ ਸੰਘਾਰਾ । ਸਾਚੀ ਖੇਲ ਹਰਿ ਕਰਤਾਰਾ । ਆਵੇ ਜਾਵੇ ਵਾਰੋ ਵਾਰਾ । ਹੰਸ ਹੰਸਾ ਖੇਲ ਨਿਆਰਾ । ਨਰਾਇਣ ਧਰੂ ਪਾਰ ਉਤਾਰਾ । ਹਰੀ ਗਜ ਦੀਆ ਸਹਾਰਾ । ਬਾਵਨ ਭੇਵ ਵੇਦ ਵਿਹਾਰਾ । ਅਠਾਰਾਂ ਜਾਮੇ ਸ਼ਬਦ ਦਮਾਮੇ, ਸਤਿਜੁਗ ਕਰੇ ਸਚ ਵਿਹਾਰਾ । ਤਰੇਤੇ ਤੇਰੀ ਆਈ ਵਾਰੀ, ਉਨਵੀਂ ਜੋਤ ਹਰਿ ਜਗਾਈ ਪਰਸ ਰਾਮ ਨਾਉਂ ਰਖਾਈ । ਸ਼ਤਰੂ ਕਰੇ ਮਾਤ ਸੰਘਾਰ, ਇੱਕੀ ਵਾਰ ਜੈ ਕਰਾਈ । ਸਾਚੀ ਜੋਤ ਜਗੇ ਰਘੁਨਾਥ, ਰਾਮ ਅਵਤਾਰੀ ਜੋਤ ਜਗਾਈ । ਦੁਸ਼ਟ ਹੰਕਾਰੀ ਆਪ ਮਿਟਾਈ । ਰਾਮਾ ਰਾਵਣ ਖੇਲ ਰਚਾਈ । ਜੋਤੀ ਭੇਖ ਨਾ ਕੋਈ ਸਕੇ ਵੇਖ, ਜੁਗੋ ਜੁਗ ਰਿਹਾ ਛੁਪਾਈ । ਆਇਆ ਦਵਾਪਰ ਕਰ ਵਿਚਾਰ । ਵੇਦ ਵਿਆਸਾ ਬੱਧੀ ਧਾਰ । ਸ਼ਬਦ ਚਲਾਇਆ, ਅਠਾਰਾਂ ਪੁਰਾਨਾਂ ਬਣੇ ਲਿਖਾਰ । ਅੰਤਮ ਗਿਆ ਮਾਤ ਹਾਰ । ਪੁਰਖ ਅਬਿਨਾਸ਼ੀ ਖੇਲ ਅਪਾਰ । ਕ੍ਰਿਸ਼ਨਾ ਕਾਹਨਾ ਹੋ ਤਿਆਰ । ਵਡ ਦਾਤਾ ਸੂਰਾ ਸਰਬੰਸੀ, ਮੇਟ ਮਿਟਾਏ ਹੰਕਾਰੀ ਕੰਸੀ, ਦੁਸ਼ਟ ਸੰਘਾਰੇ ਵਾਰੋ ਵਾਰ । ਭਗਤ ਬਣਾਏ ਸਾਚੇ ਅੰਸੀ, ਬਿਦਰ ਸੁਦਾਮਾ ਦਰੋਪਦ ਲਾਈ ਪਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਧਾਰ । ਦਵਾਪਰ ਅੰਤ ਅੰਤ ਕਰਾਇਆ । ਕਲਜੁਗ ਝੂਠਾ ਮਾਤ ਧਰਾਇਆ । ਆਪ ਆਪਣਾ ਭੇਖ ਵਟਾਇਆ । ਸਾਚਾ ਲੇਖਾ ਆਪ ਲਿਖਾਇਆ । ਗੌਤਮ ਬੁੱਧ ਇਕ ਉਪਜਾਇਆ । ਸਾਚਾ ਹੁਕਮ ਇਕ ਸੁਣਾਇਆ । ਚਾਰੋਂ ਕੁੰਟਾਂ ਦਏ ਦੁਹਾਇਆ । ਚੀਨ ਜਪਾਨਾ ਆਪ ਜਗਾਇਆ । ਪ੍ਰਭ ਅਬਿਨਾਸ਼ੀ ਏਕਾ ਸ਼ਬਦ ਨਾਰ ਦਿੱਤੀ, ਬੰਧਨ ਆਇਆ ਹੱਥੀਂ ਧਰਮੀ ਗਾਨਾ । ਜੋਤੀ ਜੋਤ ਸਰੂਪ ਹਰਿ, ਆਪ ਝੁਲਾਏ ਆਪਣਾ ਇਕ ਨਿਸ਼ਾਨਾ । ਈਸਾ ਮੂਸਾ ਹੋ ਤਿਆਰ , ਪ੍ਰਭ ਅਬਿਨਾਸ਼ੀ ਦਿਤਾ ਵਰ, ਲੋਕਮਾਤ ਜਾਮਾ ਧਾਰ । ਕਾਲਾ ਸੂਸਾ ਤਨ ਛੁਹਾਇਆ । ਏਕਾ ਰਾਹ ਜਗਤ ਵਖਾਇਆ । ਮਦਿਰਾ ਮਾਸ ਭਰ ਪਿਆਲਾ, ਅੱਗੇ ਹਰਿ ਜੀ ਆਪੇ ਡਾਹਿਆ । ਨਾ ਕੋਈ ਜਾਣੇ ਦੀਨ ਦਿਆਲਾ, ਬੇਮੁਖ ਜੀਵਾਂ ਮਨੋਂ ਭੁਲਾਇਆ । ਸ੍ਰਿਸ਼ਟ ਸਬਾਈ ਆਪ ਰਖਵਾਲਾ, ਰਾਜੇ ਰਾਣਿਆਂ ਅੰਤਮ ਕਲ ਆਇਆ ਕਰਨ ਮੂੰਹ ਕਾਲਾ, ਸਿੰਘ ਜਗਦੀਸ਼ ਤੇਰੇ ਮਸਤਕ ਲਾਹੇ ਛਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੋਹ ਲਿਖ ਲਿਖ ਲੇਖ, ਸਾਚੇ ਰਿਹਾ ਘਲਾਈਆ । ਭਾਰਤ ਖੰਡ ਤੇਰੀ ਵੇਖ ਰੇਖ, ਪ੍ਰਭ ਸਾਚੀ ਬਣਤ ਬਣਾਈਆ । ਧਰਤ ਮਾਤ ਰੱਖਣ ਆਇਆ ਪੈਜ, ਸੱਤਾਂ ਦੀਪਾਂ ਵੰਡ ਕਰਾਈਆ । ਜੋਤ ਸਰੂਪੀ ਧਾਰੇ ਭੇਖ, ਨੌਵਾਂ ਖੰਡਾਂ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਬਣਤ ਬਣਾਈਆ । ਕਲਜੁਗ ਤੇਰੀ ਧਾਰ, ਸੰਗ ਰਲਾਇਆ । ਇਕ ਮੁਹੰਮਦ ਸੰਗ ਚਾਰ ਯਾਰ । ਲੋਕਮਾਤ ਹਰਿ ਜਨਮ ਦਵਾਇਆ, ਲਹਿੰਦੀ ਦਿਸ਼ਾ ਭਾਗ ਲਗਾਇਆ । ਕਰੇ ਖੇਲ ਅਪਰ ਅਪਾਰ । ਸਾਚਾ ਹਿੱਸਾ ਆਣ ਵੰਡਾਇਆ, ਮੰਗੀ ਮੰਗ ਬਣ ਭਿਖਾਰ । ਪ੍ਰਭ ਅਬਿਨਾਸ਼ੀ ਲੜ ਛੁਡਾਇਆ, ਕਾਲਾ ਟਿੱਕਾ ਮਸਤਕ ਲਾਇਆ, ਏਕਾ ਇਕ ਰਾਹ ਵਖਾਇਆ, ਨਾ ਕੋਈ ਜਾਣੇ ਜੀਵ ਗਵਾਰ । ਝੂਠਾ ਸਿੱਕਾ ਮਾਤ ਚਲਾਇਆ, ਅੰਤਮ ਵੇਲਾ ਨੇੜੇ ਆਇਆ, ਸਦੀ ਚੌਧਵੀਂ ਆਈ ਹਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਧਾਰ । ਗੁਰ ਨਾਨਕ ਜੋਤ ਜਗਾਈਆ । ਪ੍ਰਭ ਸਾਚੇ ਦਿੱਤੀ ਨਾਮ ਦਾਤ, ਮਿਲੀ ਮਾਤ ਵਡਿਆਈਆ । ਚਾਰੇ ਕੁੰਟਾਂ ਵੰਡੇ ਸ਼ਬਦ ਉਡਾਰੀ ਇਕ ਲਗਾਈਆ । ਗੁਰਮੁਖ ਚੜ੍ਹਾਏ ਸਾਚੇ ਡੰਡੇ, ਨਾਮ ਸਤਿ ਪੌੜੀ ਲਾਈਆ । ਕਲਜੁਗ ਤੇਰੀ ਅੰਤਮ ਵਾਰ ਨਿਹਕਲੰਕ ਦੇ ਆਏ ਵੰਡੇ, ਆਪੇ ਜਾਣੇ ਹਰਿ ਰਘੁਰਾਈਆ । ਗੁਰਮੁਖਾਂ

ਸੀਨੇ ਰੱਖੇ ਠੰਡੇ, ਅੰਮ੍ਰਿਤ ਜਾਮ ਪਿਆਈਆ । ਸਚ ਭੰਡਾਰਾ ਹਰਿ ਜੀ ਵੰਡੇ, ਆਤਮ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਵਡਿਆਈਆ । ਗੁਰ ਨਾਨਕ ਡੰਕ ਵਜਾਇੰਦਾ । ਰਾਓ ਰੰਕ ਆਖ ਸੁਣਾਇੰਦਾ । ਜੋਤੀ ਜਾਮਾ ਹਰਿ ਜੀ ਪਾਇੰਦਾ । ਆਦਿ ਅੰਤ ਆਪ ਨਿਭਾਇੰਦਾ । ਮਾਇਆ ਪਾਏ ਜਗਤ ਬੇਅੰਤ, ਭਰਮ ਭੁਲੇਖੇ ਜੀਵ ਰੁੜ੍ਹਾਇੰਦਾ । ਆਪ ਉਠਾਏ ਗੁਰਮੁਖ ਸੋਏ ਸੰਤ, ਸਾਚਾ ਮੀਤ ਹਰਿ ਆਪਣੀ ਗੋਦ ਉਠਾਇੰਦਾ । ਮੇਲ ਮਿਲਾਵਾ ਸਾਚੇ ਕੰਤ, ਜਗਤ ਵਿਛੋੜਾ ਆਪ ਛੁਡਾਇੰਦਾ । ਏਕਾ ਦੇਵੇ ਸ਼ਬਦ ਘੋੜਾ, ਚਾਰੇ ਕੁੰਟਾਂ ਹਰਿ ਫਿਰਾਇੰਦਾ । ਧੁਰਦਰਗਾਹੀ ਆਏ ਮਾਤ ਦੌੜਾ, ਸਚ ਸਿੰਘਾਸਣ ਡੇਰਾ ਲਾਇੰਦਾ । ਆਪੇ ਵੇਖੇ ਮਿੱਠਾ ਕੌੜਾ, ਨਾਨਕ ਗੁਰ ਇਹ ਲੇਖ ਲਿਖਾਇੰਦਾ । ਕਲਜੁਗ ਤੇਰਾ ਵਕਤ ਰਹਿ ਗਿਆ ਥੋੜਾ, ਪ੍ਰਭ ਸਾਚਾ ਲੇਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸਚ ਰਹਾਇੰਦਾ । ਗੁਰ ਨਾਨਕ ਸਚੀ ਬੱਧੀ ਧਾਰ । ਗੁਰ ਅੰਗਦ ਕੀਆ ਨਾਲ ਤਿਆਰ । ਸਾਚੀ ਦਿੱਤੀ ਸ਼ਬਦ ਉਡਾਰ । ਅਮਰਦਾਸਾ ਹੋਇਆ ਪਾਰ । ਰਾਮਦਾਸਾ ਜੋਤ ਅਧਾਰ । ਸਚ ਸਰੋਵਰ ਅੰਮ੍ਰਿਤ ਭਰਿਆ, ਇਕ ਸੁਹਾਇਆ ਸਾਚਾ ਤਾਲ । ਪੰਚਮ ਗੁਰ ਲਿਖਿਆ ਧੁਰ, ਸ਼ਬਦ ਮਿਲੀ ਸਾਚੀ ਸੁਰ, ਆਪ ਵਜਾਏ ਆਪਣੇ ਤਾਲ । ਗੁਰਦਾਸ ਪ੍ਰੀਤੀ ਗਈ ਜੁੜ, ਭੇਖ ਲੇਖ ਹਰਿ ਕਮਾਲ । ਕਲਜੁਗ ਜੀਵਾਂ ਲੇਖਾ ਛਾਹੀ ਗਈ ਥੁੜ, ਨਾ ਤੁੱਟੇ ਜਗਤ ਜੰਜਾਲ । ਧਰੇ ਜੋਤ ਵਿਚ ਹਰਿ ਗੋਬਿੰਦ, ਜੋਤੀ ਜਾਮਾ ਇਕ ਬਲਵਾਨ । ਮੀਰੀ ਪੀਰੀ ਜਗਤ ਅਖੀਰੀ ਹੋਏ ਵਹੀਰੀ, ਲਿਖੇ ਲੇਖ ਹੁਕਮ ਮਹਾਨ । ਏਕਾ ਹਰਿ ਦਸਤਗੀਰੀ, ਮੇਟ ਮਿਟਾਏ ਪੀਰ ਫ਼ਕੀਰੀ, ਨਾ ਕੋਈ ਦਿਸੇ ਨੌਜਵਾਨ । ਗੁਰਮੁਖਾਂ ਦੇਵੇ ਆਤਮ ਧਾਰੀ, ਆਪੇ ਕੱਢੇ ਹਉਮੇ ਪੀੜੀ, ਇਕ ਝੁਲਾਏ ਧਰਮ ਨਿਸ਼ਾਨ । ਹਰਿ ਹਰਿ ਰਾਏ ਹਰਿ ਕੰਨ ਸੁਣਾਏ ਧੁਰ ਫ਼ਰਮਾਣ, ਸਾਚੀ ਆਣ, ਕਲਜੁਗ ਜੀਵ ਭੁੱਲ ਨਾ ਜਾਏ । ਅਸ਼ਟਮ ਗੁਰ, ਚਰਨ ਪ੍ਰੀਤੀ ਗਈ ਜੁੜ, ਬਾਲ ਅਵਸਥ ਲੇਖੇ ਲਾਏ । ਗੁਰ ਤੇਗ ਬਹਾਦਰ ਮਿਲਿਆ ਆਦਰ, ਕਰਤਾ ਕਾਦਰ ਸਾਚੀ ਸੇਵਾ ਆਪੇ ਲਾਏ । ਹਿੰਦ ਬਣਾਈ ਚਿੱਟੀ ਚਾਦਰ, ਸੀਸ ਕਟਾਏ ਸੀਸ ਗੰਜ ਆਪ ਲਗਾਏ ਮੁਹਾਣਾ ਵੰਞ, ਸਾਚਾ ਧਰਮ ਪਾਰ ਕਰਾਏ । ਪ੍ਰਭ ਅਬਿਨਾਸ਼ੀ ਡੇਰਾ ਲਾਏ ਦਿਨ ਪੰਜ, ਵਾਲੀ ਹਿੰਦ ਦਰਸ ਦਿਖਾਏ । ਬੇਮੁਖਾਂ ਮਾਇਆ ਧਾਰੀਆਂ ਜਗਤ ਖਵਾਰੀਆਂ । ਆਤਮ ਕਰਾਏ ਰੰਜ, ਮਾਰੇ ਸ਼ਬਦ ਕਟਾਰੀਆ । ਨਾ ਕੋਈ ਸਵੇਰ ਨਾ ਕੋਈ ਸੰਞ, ਜੋਤੀ ਨੂਰ ਇਕ ਅਕਾਰਿਆ । ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਵਾਰੋ ਵਾਰਿਆ । ਤੇਗ ਬਹਾਦਰ ਦਇਆ ਕਮਾਈ । ਆਪ ਆਪਣੀ ਜੋਤ ਮਿਲਾਈ । ਗੁਰ ਗੋਬਿੰਦੇ ਆਪ ਜਗਾਈ । ਸਾਗਰ ਸਿੰਧੇ ਨੀਰ ਵਹਾਈ । ਆਪ ਬਣਾਏ ਆਪਣੀ ਬਿੰਦੇ, ਦੁਸ਼ਟ ਦਮਨ ਤੇਰਾ ਜਾਮਨ ਇਕ ਰਘੁਰਾਈ । ਨੇੜ ਨਾ ਆਏ ਕਾਮਨੀ ਕਾਮਨ, ਮੇਟ ਮਿਟਾਏ ਅੰਧੇਰੀ ਸ਼ਾਮਨ, ਗੁਰਮੁਖ ਸਾਚੇ ਲਏ ਉਪਜਾਈ । ਪੰਜਾਂ ਯਾਰਾਂ ਕਰ ਪਿਆਰਾ, ਆਪੇ ਫੜੇ ਸੱਚਾ ਦਾਮਨ, ਅੰਮ੍ਰਿਤ ਸਾਚਾ ਜਾਮ ਪਿਲਾਈ । ਰੱਖੇ ਪਤ ਗਊ ਬ੍ਰਹਿਮਣ, ਸ਼ਬਦ ਕਟਾਰਾ ਇਕ ਉਠਾਈ । ਜੋਤੀ ਜੋਤ ਸਰੂਪ ਹਰਿ, ਸਾਚਾ ਹੁਕਮ ਰਿਹਾ ਸੁਣਾਈ । ਸਾਚਾ ਹੁਕਮ ਹਰਿ ਨਿਰੰਕਾਰਾ । ਦੇਵੇ ਮਾਤ ਵਾਰੋ ਵਾਰਾ । ਗੁਰੂ ਪੀਰ ਦੇਣ ਪਹਿਰਾ । ਹਰਿ ਜੀ ਸੁੱਤਾ ਪੈਰ ਪਸਾਰਾ । ਆਪੇ ਵੇਖੇ ਆਪ ਦਵਾਰਾ । ਤਿੰਨਾਂ ਲੋਆਂ ਬੱਧੀ ਧਾਰਾ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਆਪ ਚਲਾਏ ਆਪਣੀ ਕਾਰਾ । ਵਿਚ ਸਮੇਰੂ ਚੌਦਾਂ ਲੋਕ ਚੌਦਾਂ ਹੱਟ, ਖੁਲ੍ਹਾ ਰੱਖੇ ਬੰਦ ਕਵਾੜਾ । ਇਕ ਰਖਾਏ ਵਸਤ ਸਾਚੀ ਨਾਮ ਪਟ, ਗੁਰਮੁਖਾਂ ਤਨ ਪਹਿਨਾਏ ਸਤਾਰਾ ਹਾੜਾ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਮਾਰ ਝਾਤ, ਤੇਰਾ ਵੇਖਣ ਆਇਆ ਅੰਤ ਅਖਾੜਾ ਗੁਰ ਗੋਬਿੰਦ ਹਰਿ ਦਇਆ ਕਮਾਈ । ਸਾਚੀ ਦਿੱਤੀ ਮਾਤ ਵਡਿਆਈ । ਕਾਇਆ ਰਾਣੀ ਸਾਚੀ ਮਿੱਟੀ, ਆਤਮ ਜੋਤੀ ਇਕ ਟਿਕਾਈ । ਕਲਜੁਗ ਤੇਰੀ ਅੰਤਮ ਵਾਰ ਬੀਸ ਇਕੀਸਾ ਸਾਚੀ ਮਿਤੀ, ਗੁਰ ਗੋਬਿੰਦੇ ਆਪ ਲਿਖਾਈ । ਗੁਰ ਸੰਗਤ ਗੁਰ ਰਲ ਮਿਲ ਪਾਵਣ ਹਰਿ ਸਰਨਾਈ । ਨਾ ਕੋਈ ਤਾਮ ਨਾ ਕੋਈ ਚਾਮ, ਨਾ ਕੋਈ ਮੁਨੀ ਰਿਖੀ । ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਨਾਮ ਜਪਾਏ ਦਇਆ ਕਮਾਏ, ਰੱਖੇ ਧਾਰ ਸੋਹੰ ਸ਼ਬਦ ਤੇਰੀ ਤਿੱਖੀ । ਸੋਹੰ ਸ਼ਬਦ ਤਿੱਖੀ ਧਾਰਿਆ । ਕਲਜੁਗ ਤੇਰੀ ਅੰਤਮ ਵਾਰਿਆ । ਗੁਰ ਗੋਬਿੰਦਾ ਬਣਿਆ ਸਾਚਾ ਲੇਖ ਲਿਖਾਰਿਆ । ਨਿਹਕਲੰਕ ਕਲ ਕਲਕੀ ਹੋਏ ਅਵਤਾਰਿਆ । ਕਿਸੇ ਸੁਰਤ ਨਾ ਦੇਵੇ ਘੜੀ ਪਲ ਕੀ, ਸ਼ਬਦ ਡੰਡਾ ਇਕ ਉਭਾਰਿਆ । ਸੰਭਾਲੇ ਸੁਰਤ ਹਰਿ ਦਿਆਲੇ ਜਲ ਥਲ ਕੀ, ਲੋਆਂ ਪੁਰੀਆਂ ਆਪ ਸਮਾ ਰਿਹਾ । ਜੋਤੀ ਜਾਮਾ ਖੇਲ ਵਲ ਛਲ ਕੀ, ਰਾਜੇ ਰਾਣਿਆਂ ਆਪ ਭੁਲਾ ਰਿਹਾ । ਗੁਰਮੁਖਾਂ ਭਾਰ ਕਰੇ ਹਲਕੀ, ਛੋਟੇ ਬਾਲੇ ਅੱਗੇ ਲਾ ਰਿਹਾ । ਆਪ ਬਣਾਏ ਲੋਕਮਾਤ ਸਾਚੀ ਪਲਕੀ, ਨੌਂ ਦਵਾਰੇ ਹਰਿ ਖੁਲ੍ਹਾ ਰਿਹਾ । ਗੁਰਮੁਖਾਂ ਦੇਵੇ ਆਤਮ ਸਾਚੀ ਝਲਕੀ, ਦਸਵੇਂ ਘਰ ਸਿੰਘ ਸਿੰਘਾਸਣ ਸਾਚੇ ਡੇਰਾ ਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਨ, ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਰਾਜੇ ਰਾਣੇ ਸਰਬ ਚਲਾ ਰਿਹਾ । ਹਰਿ ਘਟ ਆਪੇ ਜਾਣਦਾ, ਘਟ ਘਟਾਂ ਘਟ ਰੱਖੇ ਵਸੇ ਪਾਸ । ਹਰ ਘਟ ਆਪੇ ਜਾਣਦਾ । ਸ਼ਬਦੀ ਜੋਤ ਸ਼ਬਦ ਸਵਾਸ । ਹਰ ਘਟ ਆਪੇ ਜਾਣਦਾ, ਜਗਤ ਜੋਤੀ ਪੁਰਖ ਅਬਿਨਾਸ਼ । ਸਰਬ ਘਰ ਆਪੇ ਜਾਣਦਾ, ਵਡ ਗੁਣੀ ਗੁਣ ਸਚ ਮੰਡਲ ਦੀ ਸਾਚੀ ਰਾਸ । ਸਭ ਘਟ ਆਪੇ ਜਾਣਦਾ, ਸ੍ਰਿਸ਼ਟ ਸਬਾਈ ਛਾਣ ਪੁਣ, ਗੁਰਮੁਖ ਸਾਚੇ ਸੰਤ, ਏਕਾ ਸੱਚਾ ਫੁੱਲ ਪੁਰਖ ਅਬਿਨਾਸ਼ੀ ਸਚ ਅਕਾਸ਼ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਦੇਵੇ ਨੂਰ ਸਾਚੇ ਪ੍ਰਕਾਸ਼ ਦਾ । ਸ਼ਬਦ ਭੰਡਾਰ ਅਟਲ ਹਰਿ ਨਿਰੰਕਾਰਿਆ । ਦੇਵੇ ਆਪ ਅਭੁੱਲ, ਗੁਰਮੁਖਾਂ ਹਰਿ ਆਪ ਵਰਤਾ ਰਿਹਾ । ਭਾਗ ਲਗਾਏ ਸਾਚੀ ਕੁੱਲ, ਮਾਨਸ ਦੇਹੀ ਅਪਰ ਅਪਾਰਿਆ । ਨਾ ਕੋਈ ਲਾਏ ਹਰਿ ਜੀ ਮੁੱਲ, ਚਰਨ ਪ੍ਰੀਤੀ ਇਕ ਸਿਖਾ ਰਿਹਾ । ਕਾਇਆ ਡਾਲੇ ਲੱਗਾ ਸਾਚਾ ਫੁੱਲ, ਲੋਕਮਾਤ ਹਰਿ ਮਹਿਕਾ ਰਿਹਾ । ਅੰਮ੍ਰਿਤ ਆਤਮ ਨਾ ਜਾਏ ਡੁੱਲ੍ਹ, ਸਚ ਭੰਡਾਰਾ ਆਪ ਭਰਾ ਰਿਹਾ । ਕਲਜੁਗ ਅੰਤਮ ਫਲ ਗਿਆ ਹੁਲ, ਸ਼ਬਦ ਹਲੂਣਾ ਇਕ ਲਗਾ ਰਿਹਾ । ਸਚ ਦਵਾਰਾ ਗਿਆ ਖੁਲ੍ਹ, ਨਿਹਕਲੰਕੀ ਡੰਕ ਵਜਾ ਰਿਹਾ । ਪੂਰੇ ਤੋਲ ਗੁਰਮੁਖ ਸਾਚੇ ਜਾਣਾ ਤੁਲ, ਪ੍ਰਭ ਸਾਚੀ ਬਣਤ ਬਣਾ ਰਿਹਾ । ਲੱਖ ਚੁਰਾਸੀ ਗਈ ਭੁੱਲ ਕਲਜੁਗ ਕਾਲਾ ਰੂਪ ਵਟਾ ਰਿਹਾ । ਮਾਇਆ ਰਾਣੀ ਗਈ ਹੁੱਲ, ਝੂਠਾ ਵੇਸ ਤਨ ਛੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣਾ ਭਾਣਾ ਆਪ ਵਰਤਾ ਰਿਹਾ । ਸਾਚਾ ਭਾਣਾ ਨਾਮ ਕਰਤਾਰਿਆ । ਜੋਤੀ ਬਾਣਾ ਵਿਚ ਸੰਸਾਰਿਆ । ਸ਼ਬਦੀ ਭਾਣਾ ਮਾਤ ਚਲਾ ਰਿਹਾ । ਪਕੜ ਲਿਆਏ ਰਾਜਾ ਰਾਣਾ, ਸਾਚਾ ਲੇਖ ਲਿਖਤ ਭਵਿਖਤ ਆਪ ਲਿਖਾ ਰਿਹਾ । ਜਗਤ ਹੰਕਾਰੀ ਤੋੜੇ ਮਾਣਾ, ਸ਼ਬਦ ਬਾਣ ਇਕ ਚਲਾ ਰਿਹਾ । ਆਪ ਚਲਾਏ ਆਪਣਾ ਭਾਣਾ, ਚਾਰੇ ਵਰਨਾਂ ਏਕਾ ਰਾਹ ਵਖਾ ਰਿਹਾ । ਪ੍ਰਗਟ ਹੋਇਆ ਧਰਨੀ ਧਰਨਾ, ਗੁਰਮੁਖਾਂ ਖੋਲ੍ਹੇ ਹਰਨਾ ਫਰਨਾ, ਆਤਮ ਜੋਤੀ ਇਕ ਜਗਾ ਰਿਹਾ । ਆਪ ਚੁਕਾਏ ਲੱਖ ਚੁਰਾਸੀ ਮਰਨਾ ਡਰਨਾ, ਬੰਦ ਖ਼ਲਾਸੀ ਘਨਕਪੁਰ ਵਾਸੀ ਆਪੇ ਆਪ ਕਰਾ ਰਿਹਾ । ਮੇਟ ਮਿਟਾਏ ਮਦਿਰਾ ਮਾਸੀ,

੭੪੯
੦੪

ਸ਼ਬਦ ਖੰਡਾ ਹੱਥ ਉਠਾ ਰਿਹਾ । ਕਲਜੁਗ ਤੇਰਾ ਅੰਤਮ ਕੰਢਾ, ਰਾਜ ਸੁਲਤਾਨਾਂ ਵਿਚ ਜਹਾਨ ਬੇਈਮਾਨ ਤਖ਼ਤ ਤਾਜ ਸਰਬ ਮਿਟਾ ਰਿਹਾ । ਚਾਰੇ ਕੁੰਟਾਂ ਪੈਣ ਵੰਡਾਂ ਕੋਈ ਨਾ ਦੇਵੇ ਕਿਸੇ ਅਵਾਜ਼, ਅੱਗਾ ਪਿੱਛਾ ਨਾ ਕੋਈ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਹਰਿ ਜੋਤ ਧਰ, ਆਪਣੇ ਭਾਣੇ ਖੇਲ ਰਚਾ ਰਿਹਾ । ਸਚ ਤਖ਼ਤ ਸੁਲਤਾਨ ਹਰਿ ਬਿਰਾਜਿਆ । ਜੋਤੀ ਨੂਰਾ ਇਕ ਮਹਾਨ, ਆਪ ਆਪਣਾ ਸਾਜਨ ਸਾਜਿਆ । ਸ਼ਬਦ ਤੂਰ ਵਡ ਮਹਾਨ, ਅੱਠੇ ਪਹਿਰ ਦਿਵਸ ਰੈਣ ਮਾਰੇ ਅਵਾਜਿਆ । ਸਤਿ ਸੰਤੋਖ ਪੀਣ ਖਾਣ, ਆਪ ਰਖਾਏ ਅੰਤਮ ਲਾਜਿਆ । ਵੇਖ ਵਖਾਏ ਦਇਆ ਕਮਾਏ, ਰੂਸ ਚੀਨਾ ਆਪ ਮਿਟਾਏ ਸ਼ਹਾਨਾ ਸ਼ਾਹ ਤਾਜਿਆ । ਸ਼ਾਹ ਫਰੰਗੀ ਪਿੱਠ ਕਰੇ ਨੰਗੀ, ਚਾਰੋਂ ਕੁੰਟ ਦਿਸੇ ਤੰਗੀ, ਕੋਈ ਨਾ ਰੱਖੇ ਮਾਤ ਲਾਜਿਆ । ਖੇਲੇ ਰੰਗ ਵਡ ਦਾਤਾ ਸੂਰਾ ਸਰਬੰਗ, ਸਚ ਵਸਤ ਕਿਸੇ ਹੱਥ ਨਾ ਆਏ, ਚਾਰੋਂ ਕੁੰਟ ਦਿਸੇ ਤੰਗੀ । ਗੁਰਮੁਖਾਂ ਚਾੜ੍ਹੇ ਸਾਚਾ ਰੰਗ, ਅੰਮ੍ਰਿਤ ਧਾਰ ਵਹਾਏ ਗੰਗ, ਸਦੀ ਚੌਧਵੀਂ ਜਾਏ ਲੰਘੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਇਕ ਵਜਾਏ ਸ਼ਬਦ ਮਰਦੰਗੀ । ਸ਼ਬਦ ਮਰਦੰਗ ਢੋਲ ਨਗਾਰਿਆ । ਗੁਰਮੁਖਾਂ ਆਤਮ ਚਾੜ੍ਹੇ ਰੰਗ, ਬੇਮੁਖਾਂ ਹਾਹਾਕਾਰ ਕਰਾ ਰਿਹਾ । ਧੁਰ ਦਰਗਾਹੋਂ ਮੰਗ ਸਾਚੀ ਮੰਗੀ, ਕਲਜੁਗ ਸਾਚੇ ਵਿਚ ਸਚ ਦਰਬਾਰਿਆ । ਲੱਖ ਚੁਰਾਸੀ ਕਰਨੀ ਨੰਗੀ, ਕੋਈ ਨਾ ਦੇਵੇ ਕਿਸੇ ਸੰਗ, ਆਤਮ ਭਰਿਆ ਇਕ ਹੰਕਾਰਿਆ । ਕਲਜੁਗ ਔਧ ਗਈ ਲੰਘ, ਲੱਖ ਚੁਰਾਸੀ ਪੁਰਖ ਅਬਿਨਾਸ਼ੀ ਧਰਮ ਰਾਏ ਦਰ ਦੇਵੇ ਟੰਗ, ਸ਼ਬਦ ਖੰਡਾ ਇਕ ਉਠਾ ਰਿਹਾ । ਬੇਮੁਖ ਭੰਨੇ ਕਾਚੀ ਵੰਗ, ਧਰਤ ਮਾਤ ਪ੍ਰਭ ਚਾੜ੍ਹੇ ਰੰਗ, ਸੂਹਾ ਵੇਸ ਹਰਿ ਕਰਾ ਰਿਹਾ । ਜਾਮਾ ਧਾਰੇ ਮਾਝੇ ਦੇਸ, ਪਕੜ ਉਠਾਏ ਨਰ ਨਰੇਸ਼, ਸਾਚਾ ਵੇਸ ਆਪ ਵਖਾ ਰਿਹਾ । ਖੁਲ੍ਹੇ ਕਰੇ ਹਰਿ ਜੀ ਕੇਸ, ਗੁਰਮੁਖਾਂ ਮਾਣ ਰਖਾਏ ਦਇਆ ਕਮਾਏ, ਏਕਾ ਜੋਤੀ ਹਰਿ ਦਸਮੇਸ਼ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਕਰੇ ਆਪਣਾ ਵੇਸ । ਹਰਿ ਕਾ ਦੇਸ ਅਗੰਮ, ਜਗਤ ਅਪਾਰਿਆ । ਲੱਖ ਚੁਰਾਸੀ ਭੁੱਲੀ ਭਰਮ, ਨਾ ਪਾਵੇ ਕੋਈ ਸਾਰਿਆ । ਮਾਇਆ ਰਾਣੀ ਝੂਠਾ ਚਰਮ, ਨਾ ਜਾਣੇ ਕੋਈ ਰਾਜਾ ਰਾਣਿਆ । ਗੁਰਮੁਖਾਂ ਉਜਲ ਹੋਏ ਕਰਮ, ਪ੍ਰਭ ਸਾਚਾ ਮਾਤ ਪਛਾਣਿਆ । ਦੂਈ ਦਵੈਤੀ ਮਿਟੇ ਵਰਮ, ਏਕਾ ਰੰਗ ਦਰ ਘਰ ਸਾਚੇ ਮਾਣਿਆ । ਸਾਚਾ ਸ਼ਬਦ ਸਾਚਾ ਧਰਮ, ਦੇਵੇ ਹਰਿ ਨਰ ਭਗਵਾਨਿਆ । ਮੇਟ ਮਿਟਾਏ ਅਠਾਰਾਂ ਬਰਨ, ਏਕਾ ਸਰਨ ਰਾਓ ਰੰਕ ਰਜਾਨਿਆ । ਪੁਰਖ ਅਬਿਨਾਸ਼ੀ ਆਪ ਚਲੇ ਚਲਾਏ ਆਪਣੇ ਭਾਣਿਆਂ । ਮਹਾਰਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਪ੍ਰਭ ਜੋਤ ਧਰ, ਕਰੇ ਖੇਲ ਬੇਮੁਹਾਨਿਆਂ । ਹਰਿ ਕਾ ਸ਼ਬਦ ਅਟੱਲ, ਜਗਤ ਧੁਨਕਾਰ ਹੈ । ਹਰਿ ਕਾ ਸ਼ਬਦ ਅਟੱਲ, ਵਸੇ ਸਚ ਮਹੱਲ ਦੱਸੇ ਪਾਰ ਕਿਨਾਰ ਹੈ । ਹਰਿ ਕਾ ਸ਼ਬਦ ਅਟੱਲ, ਨਾ ਕੋਈ ਦੇਹੀ ਨਾ ਕੋਈ ਖੱਲ, ਏਕਾ ਰੰਗ ਅਪਰ ਅਪਾਰ ਹੈ । ਹਰਿ ਕਾ ਸ਼ਬਦ ਅਟੱਲ, ਨਾ ਕੋਈ ਫੁੱਲ ਨਾ ਕੋਈ ਫਲ, ਚਾਰੋਂ ਕੁੰਟ ਪਸਰ ਪਸਾਰਿਆ । ਹਰਿ ਕਾ ਸ਼ਬਦ ਅਟੱਲ, ਵਸੇ ਜਲ ਥਲ, ਤਿੰਨਾਂ ਲੋਆਂ ਪਾਵੇ ਸਾਰਿਆ । ਹਰਿ ਕਾ ਸ਼ਬਦ ਅਟੱਲ, ਬੇਮੁਖ ਭੁਲਾਏ ਕਰ ਕਰ ਵਲ ਛਲ, ਗੁਰਮੁਖਾਂ ਦੇਵੇ ਸਾਚੀ ਧਾਰਿਆ । ਹਰਿ ਕਾ ਸ਼ਬਦ ਅਟੱਲ, ਗੁਰਮੁਖ ਸਾਚੇ ਸੰਤ ਜਨਾਂ, ਵਸੇ ਕਾਇਆ ਸਚ ਮਹੱਲ ਮੁਨਾਰਿਆ । ਹਰਿ ਕਾ ਸ਼ਬਦ ਅਟੱਲ, ਜਗਤ ਅਮੋਲਿਆ । ਹਰਿ ਕਾ ਸ਼ਬਦ ਅਟੱਲ, ਕਿਸੇ ਨਾ ਤੋਲਿਆ । ਹਰਿ ਕਾ ਸ਼ਬਦ ਅਟੱਲ, ਗੁਰਮੁਖਾਂ ਪਰਦਾ

੭੫੦
੦੪

ਸਾਚਾ ਖੋਲ੍ਹਿਆ । ਹਰਿ ਕਾ ਸ਼ਬਦ ਅਟੱਲ, ਕਾਇਆ ਮੰਦਰ ਸਾਚੇ ਬੋਲਿਆ । ਹਰਿ ਕਾ ਸ਼ਬਦ ਅਟੱਲ, ਰੰਗ ਰੰਗਾਏ ਕਾਇਆ ਚੋਲਿਆ । ਹਰਿ ਕਾ ਸ਼ਬਦ ਅਟੱਲ, ਗੁਰਮੁਖ ਸਾਚੇ ਸੰਤ ਜਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਹਰਿ ਹਰਿ ਬੋਲਿਆ । ਹਰਿ ਕਾ ਸ਼ਬਦ ਅਟੱਲ, ਜਗਤ ਵਣਜਾਰਿਆ । ਹਰਿ ਕਾ ਸ਼ਬਦ ਅਟੱਲ, ਭਗਤ ਭੰਡਾਰਿਆ । ਹਰਿ ਕਾ ਸ਼ਬਦ ਅਟੱਲ, ਦੇਵਣਹਾਰ ਹਰਿ ਨਿਰੰਕਾਰਿਆ । ਹਰਿ ਕਾ ਸ਼ਬਦ ਅਟੱਲ, ਅਨਹਦ ਧੁਨ ਸੱਚੀ ਧੁਨਕਾਰਿਆ । ਹਰਿ ਕਾ ਸ਼ਬਦ ਅਟੱਲ, ਤੋੜੇ ਮੁਨ ਸੁਨ ਆਤਮ ਜੋਤੀ ਮੇਲ ਮਿਲਾ ਰਿਹਾ । ਹਰਿ ਕਾ ਸ਼ਬਦ ਅਟੱਲ, ਨਾ ਕੋਈ ਵਰਨ ਨਾ ਕੋਈ ਗੋਤੀ, ਏਕਾ ਰੰਗ ਸਮਾ ਰਿਹਾ । ਹਰਿ ਕਾ ਸ਼ਬਦ ਅਟੱਲ, ਗੁਰਮੁਖਾਂ ਉਠਾਏ ਕਾਇਆ ਸੋਤੀ, ਇਕ ਹਲੂਣਾ ਲਾ ਰਿਹਾ । ਹਰਿ ਕਾ ਸ਼ਬਦ ਅਟੱਲ, ਲੱਖ ਚੁਰਾਸੀ ਰਹੀ ਰੋਤੀ, ਦਿਸ ਕਿਸੇ ਨਾ ਆ ਰਿਹਾ । ਹਰਿ ਕਾ ਸ਼ਬਦ ਅਟੱਲ, ਗੁਰਮੁਖ ਉਪਜਾਏ ਦਇਆ ਕਮਾਏ ਲੋਕਮਾਤ ਸਾਚੇ ਮੋਤੀ, ਪ੍ਰਭ ਸਾਚਾ ਹਾਰ ਗੁੰਦਾ ਰਿਹਾ । ਹਰਿ ਕਾ ਸ਼ਬਦ ਅਟੱਲ, ਦੁਰਮਤ ਮੈਲ ਜਾਏ ਧੋਤੀ, ਜੋ ਜਨ ਰਸਨਾ ਹਰਿ ਗੁਣ ਗਾ ਰਿਹਾ । ਹਰਿ ਕਾ ਸ਼ਬਦ ਅਟੱਲ, ਨਾ ਕੋਈ ਮੰਗੇ ਦਾਨ ਅਹੂਤੀ, ਅੰਮ੍ਰਿਤ ਸਾਚਾ ਜਾਮ ਪਿਆ ਰਿਹਾ । ਹਰਿ ਕਾ ਸ਼ਬਦ ਅਟੱਲ, ਏਕਾ ਨਾਮ ਜਗਤ ਭਬੂਤੀ, ਗੁਰਮੁਖ ਵਿਰਲਾ ਮਸਤਕ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਚ ਦਵਾਰਾ ਇਕ ਖੁਲ੍ਹਾ ਰਿਹਾ । ਹਰਿ ਕਾ ਸ਼ਬਦ ਅਟੱਲ, ਧਾਮ ਅਸਥੂਲਿਆ । ਹਰਿ ਕਾ ਸ਼ਬਦ ਅਟੱਲ, ਮਿਲਾਏ ਮੇਲ ਕੰਤ ਕੰਤੂਲਿਆ । ਹਰਿ ਕਾ ਸ਼ਬਦ ਅਟੱਲ, ਅੱਠੇ ਪਹਿਰ ਦਿਵਸ ਰੈਣ ਤਿੰਨਾਂ ਲੋਆਂ ਰੱਖੇ ਏਕਾ ਝੂਲਿਆ । ਹਰਿ ਕਾ ਸ਼ਬਦ ਅਟੱਲ, ਚੁਕਾਏ ਲਹਿਣ ਦੇਣ, ਜੋ ਜਨ ਗਾਏ ਰਸਨਾ ਭੂਲਿਆ । ਹਰਿ ਕਾ ਸ਼ਬਦ ਅਟੱਲ, ਆਪ ਬਣੇ ਸਾਕ ਸੱਜਣ ਸੈਣ ਮਾਤ ਪਿਤ ਭਾਈ ਭੈਣ, ਅਗਲਾ ਪਿਛਲਾ ਚੁਕਾਏ ਮੂਲਿਆ । ਹਰਿ ਕਾ ਸ਼ਬਦ ਅਟੱਲ, ਰਸਨਾ ਸਕੇ ਨਾ ਕਿਸੇ ਕਹਿਣ, ਜੋਤੀ ਜੋਤ ਸਰੂਪ ਹਰਿ, ਕਲਜੁਗ ਜੀਵਾਂ ਅੰਤਮ ਭੁਲਿਆ । ਆਪ ਵਹਾਏ ਵਹਿੰਦੇ ਵਹਿਣ, ਲਾੜੀ ਮੌਤ ਖਾਏ ਡੈਣ, ਘਰ ਘਰ ਉਡਦੀ ਦਿਸੇ ਧੂਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਸਚ ਦਵਾਰੇ ਲੋਕਮਾਤ ਫਲਿਆ ਫੂਲਿਆ । ਹਰਿ ਕਾ ਸ਼ਬਦ ਅਟੱਲ, ਜਗਤ ਸਨਿਆਸ ਹੈ । ਹਰਿ ਕਾ ਸ਼ਬਦ ਅਟੱਲ, ਸਰਬ ਘਟ ਵਾਸ ਹੈ । ਹਰਿ ਕਾ ਸ਼ਬਦ ਅਟੱਲ, ਹੋਏ ਸਹਾਈ ਗਰਭ ਦਸ ਮਾਸ ਹੈ । ਹਰਿ ਕਾ ਸ਼ਬਦ ਅਟੱਲ, ਪਵਣ ਚਲਾਏ ਰਸਨ ਸਵਾਸ ਹੈ । ਹਰਿ ਕਾ ਸ਼ਬਦ ਅਟੱਲ, ਇਕ ਵਖਾਏ ਸਚ ਮੰਡਲ ਦੀ ਸਾਚੀ ਰਾਸ ਹੈ । ਹਰਿ ਕਾ ਸ਼ਬਦ ਅਟੱਲ, ਗੁਰਮੁਖ ਸਾਚੇ ਸੰਤ ਜਨਾਂ, ਨਿਜ ਘਰ ਆਤਮ ਰੱਖੇ ਵਾਸ ਹੈ । ਹਰਿ ਕਾ ਸ਼ਬਦ ਅਟੱਲ, ਖੋਲ੍ਹੇ ਬੰਦ ਕਵਾੜ, ਸਦਾ ਹੋਇਆ ਰਹੇ ਦਾਸ ਹੈ । ਹਰਿ ਸ਼ਬਦ ਅਟੱਲ, ਪੰਜਾਂ ਚੋਰਾਂ ਚਬਾਏ ਦਾੜ੍ਹ, ਸਾਚੀ ਜੋਤ ਕਰੇ ਪ੍ਰਕਾਸ਼ ਹੈ । ਹਰਿ ਕਾ ਸ਼ਬਦ ਅਟੱਲ, ਜੋਤ ਜਗਾਏ ਬਹੱਤਰ ਨਾੜ, ਵੇਖ ਵਖਾਣੇ ਪ੍ਰਿਥਮੀ ਅਕਾਸ਼ ਹੈ । ਹਰਿ ਕਾ ਸ਼ਬਦ ਅਟੱਲ, ਆਦਿ ਅੰਤ ਨਾ ਜਾਏ ਵਿਨਾਸ ਹੈ । ਹਰਿ ਕਾ ਸ਼ਬਦ ਅਟੱਲ, ਵਸੇ ਧਾਮ ਇਕ ਇਕੱਲ, ਜਨ ਭਗਤਾਂ ਕਰੇ ਬੰਦ ਖ਼ਲਾਸ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਧਰ, ਆਪ ਆਪਣਾ ਕਰੇ ਸਾਚਾ ਵਾਸ ਹੈ । ਹਰਿ ਕਾ ਸ਼ਬਦ ਅਟੱਲ, ਭਗਤ ਗਿਆਨਿਆ । ਹਰਿ ਕਾ ਸ਼ਬਦ ਅਟੱਲ, ਮਾਣ ਗਵਾਏ ਵੇਦ ਚਾਰ ਅਠਾਰਾਂ ਪੁਰਾਨ ਪੁਰਾਨਿਆਂ । ਹਰਿ ਕਾ ਸ਼ਬਦ ਅਟੱਲ, ਰਸਨਾ ਗਾਏ ਕ੍ਰਿਸ਼ਨ

੭੫੧
੦੪

ਭਗਵਾਨਿਆ । ਹਰਿ ਕਾ ਸ਼ਬਦ ਅਟੱਲ, ਗੀਤਾ ਗਾਏ ਜਗਤ ਸੁਣਾਏ, ਦੇਵੇ ਬ੍ਰਹਮ ਗਿਆਨਿਆ । ਹਰਿ ਕਾ ਸ਼ਬਦ ਅਟੱਲ, ਵੇਦ ਬਿਆਸਾ ਰਿਹਾ ਸੁਣਾਏ, ਸਾਚੀ ਰਸਨਾ ਹਰਿ ਵਖਾਨਿਆ । ਹਰਿ ਕਾ ਸ਼ਬਦ ਅਟੱਲ, ਊਚੋ ਊਚ ਇਕ ਪ੍ਰਬਲ, ਗੌਤਮ ਬੁੱਧਾ ਆਤਮ ਸੁੱਧਾ, ਮਿਲਿਆ ਮਾਣ ਜਗਤ ਜਹਾਨਿਆ । ਹਰਿ ਕਾ ਸ਼ਬਦ ਅਟੱਲ, ਆਪੇ ਵੇਖੇ ਪਾਣੀ ਦੁੱਧਾ, ਅੱਠਾਂ ਤੱਤਾਂ ਵਖ ਰਖਾਨਿਆਂ । ਹਰਿ ਕਾ ਸ਼ਬਦ ਅਟੱਲ, ਗੁਰਮੁਖ ਵਿਰਲੇ ਆਤਮ ਗੁੱਧਾ, ਤਨ ਸਾਚਾ ਸੁੱਧਾ ਮਿਲੇ ਮਾਣ ਜਗਤ ਨਿਸ਼ਾਨਿਆ । ਹਰਿ ਕਾ ਸ਼ਬਦ ਅਟੱਲ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਇਕ ਉਡਾਏ ਸ਼ਬਦ ਬਿਬਾਨਿਆ । ਹਰਿ ਕਾ ਰੂਪ ਅਗੰਮ, ਸ਼ਬਦ ਬਿਬਾਣ ਹੈ । ਹਰਿ ਕਾ ਸ਼ਬਦ ਅਗੰਮ, ਪੁਰੀਆਂ ਲੋਆਂ ਇਕ ਉਡਾਨ ਹੈ । ਹਰਿ ਕਾ ਰੂਪ ਅਗੰਮ, ਚਾਰੇ ਕੁੰਟ ਦਹਿ ਦਿਸ਼ਾ ਏਕਾ ਕਰੇ ਧਿਆਨ ਹੈ । ਹਰਿ ਕਾ ਸ਼ਬਦ ਅਗੰਮ, ਸਾਚੀ ਧੁਨ ਸੱਚੀ ਧੁਨਕਾਨ ਹੈ । ਹਰਿ ਕਾ ਰੂਪ ਅਗੰਮ, ਜੋਤੀ ਜਗੇ ਬੇਮੁਹਾਨ ਹੈ । ਹਰਿ ਕਾ ਸ਼ਬਦ ਅਗੰਮ, ਨਾ ਦਿਸੇ ਕੋਈ ਨਿਸ਼ਾਨ ਹੈ । ਹਰਿ ਕਾ ਰੂਪ ਅਗੰਮ, ਨਾ ਸਕੇ ਕੋਈ ਪਛਾਣ ਹੈ । ਹਰਿ ਕਾ ਸ਼ਬਦ ਅਗੰਮ, ਜਗਤ ਨਿਮਾਣਿਆਂ ਦੇਵੇ ਮਾਣ ਹੈ । ਹਰਿ ਕਾ ਰੂਪ ਅਗੰਮ, ਰਾਜੇ ਰਾਣਿਆਂ ਬੇਮੁਹਾਨਿਆਂ ਅੰਤਮ ਆਈ ਹਾਨ ਹੈ । ਹਰਿ ਕਾ ਸ਼ਬਦ ਅਗੰਮ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਆਪ ਉਠਾਏ ਸ਼ਾਹ ਸੁਲਤਾਨ ਹੈ । ਹਰਿ ਕਾ ਸ਼ਬਦ ਅਗੰਮ, ਸਚ ਦੁਕਾਨ ਹੈ । ਹਰਿ ਕਾ ਰੂਪ ਅਗੰਮ, ਪਵਣ ਮਸਾਣ ਹੈ । ਹਰਿ ਕਾ ਸ਼ਬਦ ਅਗੰਮ, ਨਾ ਵਸੇ ਕਿਸੇ ਮਕਾਨ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਪੱਤ ਨਾ ਕੋਈ ਪੱਤੀ, ਨਾ ਕੋਈ ਦਿਸੇ ਡਾਹਣ ਹੈ । ਹਰਿ ਕਾ ਰੂਪ ਅਗੰਮ, ਦਿਸ ਨਾ ਆਏ ਤੀਰਥ ਤੱਟੀ, ਅਠਸਠ ਰਹੇ ਖ਼ਾਕ ਛਾਣ ਹੈ । ਹਰਿ ਕਾ ਰੂਪ ਅਗੰਮ, ਕਿਸੇ ਹੱਥ ਨਾ ਆਏ ਰੱਤੀ, ਵੇਦ ਪੁਰਾਨਾਂ ਆਏ ਹਾਨ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਜਾਣੇ ਜੋਗੀ ਜਤੀ, ਆਤਮ ਧੀਰਜ ਹੋਈ ਹੈਰਾਨ ਹੈ । ਹਰਿ ਕਾ ਸ਼ਬਦ ਅਗੰਮ, ਗੁਰਮੁਖਾਂ ਦੇ ਸਮਝਾਵੇ ਮਤੀ, ਸਾਚਾ ਧਰਮ ਵਿਚ ਜਹਾਨ ਹੈ । ਹਰਿ ਕਾ ਰੂਪ ਅਗੰਮ, ਨਾ ਕੋਈ ਨਾਰ ਨਾ ਕੋਈ ਪਤੀ, ਨਾ ਕੋਈ ਦੀਵਾ ਨਾ ਕੋਈ ਬੱਤੀ, ਆਤਮ ਸਭ ਦੀ ਹੋਈ ਤੱਤੀ, ਕਲਜੁਗ ਮਾਰੇ ਬਲੀ ਬਲਵਾਨ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਪ੍ਰਗਟ ਹੋਏ ਵਿਸ਼ਨੂੰ ਭਗਵਾਨ ਹੈ । ਹਰਿ ਕਾ ਸ਼ਬਦ ਅਟੱਲ, ਧੀਰ ਧਰਾਇੰਦਾ । ਹਰਿ ਕਾ ਸ਼ਬਦ ਅਟੱਲ, ਅੰਮ੍ਰਿਤ ਆਤਮ ਸਾਚਾ ਸੀਰ ਪਿਲਾਇੰਦਾ । ਹਰਿ ਕਾ ਸ਼ਬਦ ਅਟੱਲ, ਏਕਾ ਤੀਰਥ ਸਾਚਾ ਸੀਰਥ ਆਤਮ ਇਕ ਵਖਾਇੰਦਾ । ਹਰਿ ਕਾ ਸ਼ਬਦ ਅਟੱਲ, ਨਾ ਕੋਈ ਜਾਣੇ ਸ਼ਾਹ ਸੁਲਤਾਨ ਪੀਰ ਫ਼ਕੀਰ, ਵੇਦ ਪੁਰਾਨਾਂ ਹੱਥ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਹਰਿ ਪ੍ਰਗਟਾਇੰਦਾ । ਜੋਤੀ ਜਾਮਾ ਹਰਿ ਬਲਵਾਨਿਆ । ਰਮਈਆ ਰਾਮਾ ਖੇਲ ਮਹਾਨਿਆ । ਘਨਈਆ ਸ਼ਾਮਾ ਕਿਸੇ ਨਾ ਜਾਣਿਆ । ਵੱਜੇ ਏਕਾ ਸ਼ਬਦ ਦਮਾਮਾ, ਆਪ ਉਠਾਏ ਰਾਜੇ ਰਾਣਿਆਂ । ਆਪ ਕਰਾਏ ਆਪਣਾ ਕਾਮਾ, ਨਾ ਸਕੇ ਕੋਈ ਪਛਾਣਿਆ । ਕਲਜੁਗ ਹੋਈ ਅੰਧੇਰੀ ਰੈਣ ਸ਼ਾਮਾ, ਲੱਖ ਚੁਰਾਸੀ ਬੇਮੁਹਾਨਿਆ । ਲਾੜ੍ਹੀ ਮੌਤ ਤੇਰਾ ਇਕੋ ਤਾਮਾ, ਆਪ ਕਰਾਏ ਹਰਿ ਭਗਵਾਨਿਆ । ਕਾਇਆ ਝੂਠੀ ਝੂਠਾ ਚਾਮਾ, ਆਪ ਭੁੰਨਾਏ ਜਿਉਂ ਭਠਿਆਲੇ ਦਾਣਿਆਂ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਵਿਰਲੇ ਮਾਤ ਪਛਾਣਿਆ । ਜੋਤੀ ਜਾਮਾ ਭੇਖ ਅਵੱਲੜਾ । ਲੱਖ ਚੁਰਾਸੀ ਲਿਖੇ ਲੇਖ, ਬੈਠਾ ਰਹੇ ਇਕ

੭੫੨ ੦੪

ਇਕਲੜਾ । ਨਰ ਨਰਾਇਣ ਰਿਹਾ ਵੇਖ, ਧਰਤ ਮਾਤ ਤੇਰਾ ਸਚ ਮਹੱਲੜਾ । ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਗੁਰਮੁਖਾਂ ਫੜਾਏ ਸਾਚਾ ਪੱਲੜਾ । ਆਪ ਮਿਟਾਏ ਹਰਿਜਨ ਲਿਖੀ ਰੇਖ, ਰਾਜੇ ਰਾਣਿਆਂ ਹੱਥ ਨਾ ਆਏ ਦਮੜਾ । ਜੋਤੀ ਜਾਮਾ ਮਾਝਾ ਦੇਸ, ਪੁਰਖ ਅਬਿਨਾਸ਼ੀ ਸਾਚਾ ਵੇਸ, ਚਲੇ ਚਾਲ ਇਕ ਅਵੱਲੜਾ । ਪਕੜ ਉਠਾਏ ਨਰ ਨਰੇਸ਼, ਆਤਮ ਦਰ ਜਾਏ ਇਕ ਇਕੱਲੜਾ । ਪਕੜ ਉਠਾਏ ਸ਼ਿਵ ਸ਼ੰਕਰ ਗਣੇਸ਼, ਅੰਤਮ ਵੇਲੇ ਲਾਹੇ ਖੱਲੜਾ । ਬ੍ਰਹਮਾ ਵਿਸ਼ਨ ਦਰ ਮਹੇਸ਼, ਏਕਾ ਲਾਏ ਸ਼ਬਦ ਹਲੜਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣੀ ਚਾਲ ਚਲੇ ਅਵੱਲੜਾ । ਬ੍ਰਹਮਾ ਵਿਸ਼ਨ ਮਹੇਸ਼ ਹਰਿ ਦਵਾਰਿਆ । ਪ੍ਰਭ ਧਾਰੇ ਜੋਤੀ ਵੇਸ, ਲੋਕਮਾਤੀ ਖੇਲ ਅਪਾਰਿਆ । ਆਪੇ ਜਾਣੇ ਆਪਣਾ ਵੇਸ, ਸਾਚਾ ਭੇਵ ਆਪ ਛੁਪਾ ਰਿਹਾ । ਬੇਮੁਖ ਜੀਵ ਲੱਭਦੇ ਫਿਰਨ ਗੁਰ ਦਸਮੇਸ਼, ਨੀਲੇ ਘੋੜੇ ਜੋੜ ਜੁੜਾ ਰਿਹਾ । ਜਾਮਾ ਧਾਰੇ ਮਾਝੇ ਦੇਸ, ਜੋਤੀ ਜਾਮਾ ਹਰਿ ਧਰਾ ਰਿਹਾ । ਸ਼ਬਦ ਬਹਿਣਾ ਜਾਏ ਦੇਸ ਪ੍ਰਦੇਸ, ਵਾਲੀ ਹਿੰਦ ਹਰਿ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਸਾ ਚੀਨਾ ਆਪ ਸਮਝਾ ਰਿਹਾ । ਵਾਲੀ ਹਿੰਦ ਹਰਿ ਸਮਝਾਇੰਦਾ । ਸਦਾ ਸਦਾ ਬਖ਼ਸ਼ਿੰਦ, ਜੋਤੀ ਜਾਮਾ ਹਰਿ ਜੀ ਪਾਇੰਦਾ । ਬੇਮੁਖ ਜੀਵ ਕਰਨ ਨਿੰਦ, ਨਰ ਹਰਿ ਸਾਚਾ ਦਿਸ ਨਾ ਆਇੰਦਾ । ਰਾਜੇ ਰਾਣਿਆਂ ਲਾਹੇ ਆਤਮ ਚਿੰਦ, ਲੇਖਾ ਲੇਖ ਆਪ ਮੁਕਾਇੰਦਾ । ਉਠ ਉਠ ਸੋਇਆ ਵਾਲੀ ਹਿੰਦ, ਪ੍ਰਭ ਸਾਚਾ ਆਪ ਜਗਾਇੰਦਾ । ਪ੍ਰਗਟ ਹੋਇਆ ਵਡਾ ਸ਼ਾਹ ਮਰਗਿੰਦ, ਦੇ ਮਤੀ ਹਰਿ ਸਮਝਾਇੰਦਾ । ਧਰੀ ਜੋਤ ਪ੍ਰਭ ਸਾਚੇ ਹਿੰਦ, ਸੱਤਾਂ ਦੀਪਾਂ ਵੰਡ ਵੰਡਾਇੰਦਾ । ਸ਼ਬਦ ਧਾਰ ਸਾਗਰ ਸਿੰਧ, ਨੌਵਾਂ ਖੰਡਾਂ ਆਪ ਰੁੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਵੰਡ ਆਪ ਵੰਡਾਇੰਦਾ । ਵਾਲੀ ਹਿੰਦ ਸਚ ਸੁਲਤਾਨ, ਜਗਤ ਹੰਕਾਰਿਆ । ਪ੍ਰਭ ਉਠੇ ਨੌਜਵਾਨ, ਸ਼ਬਦ ਖੰਡਾ ਫੜੇ ਦੋ ਧਾਰਿਆ । ਮੇਟ ਮਿਟਾਏ ਬੇਈਮਾਨ ਜੀਵ ਸ਼ੈਤਾਨ, ਚਾਰੋਂ ਕੁੰਟ ਵਾਰੋ ਵਾਰਿਆ । ਨੌਂ ਖੰਡ ਪ੍ਰਿਥਮੀ ਕਰੇ ਆਪ ਵੈਰਾਨ, ਨਾ ਦੇਵੇ ਕੋਈ ਸਹਾਰਿਆ । ਗੁਰਮੁਖ ਵਿਰਲਾ ਲੇਵੇ ਸੋਹੰ ਸੱਚਾ ਨਾਮ ਦਾਨ, ਖਾਣੀ ਬਾਣੀ ਕਲਜੁਗ ਰਾਣੀ, ਪ੍ਰਭ ਸਾਚਾ ਵਕਤ ਚੁਕਾਨਿਆ । ਸਾਚਾ ਬਖ਼ਸ਼ੇ ਚਰਨ ਧੂੜ ਇਸ਼ਨਾਨ, ਅਠਸਠ ਤੀਰਥ ਅੰਤਮ ਮੇਟ ਮਿਟਾਨਿਆ । ਵੇਦ ਪੁਰਾਨਾਂ ਆਈ ਹਾਨੀ, ਨਾ ਸਕੇ ਕਰ ਪਛਾਣ, ਪੰਡਤ ਕਾਂਸ਼ੀ ਆਪ ਭੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਲੇਖਾ ਲਿਖਤ ਲਿਖਾ ਰਿਹਾ । ਹਰਿ ਸਾਚਾ ਲੇਖ ਲਿਖਤ ਲਿਖਾਇੰਦਾ । ਸੋਇਆ ਰਾਣਾ ਆਪ ਜਗਾਇੰਦਾ । ਮੰਨਣਾ ਪਏ ਹਰਿ ਕਾ ਭਾਣਾ, ਧੁਰ ਫ਼ਰਮਾਨਾ ਆਪ ਪੁਚਾਇੰਦਾ । ਜੋਤੀ ਹਰਿ ਜੀ ਪਹਿਨੇ ਬਾਣਾ, ਸ਼ਾਹ ਸੁਲਤਾਨਾਂ ਮੇਟ ਮਿਟਾਇੰਦਾ । ਕਲਜੁਗ ਆਇਆ ਲਾਹੁਣ ਮੁਕਾਣਾ, ਲੱਖ ਚੁਰਾਸੀ ਸਾਚੇ ਖਾਰੇ ਆਪ ਚੜ੍ਹਾਇੰਦਾ । ਗੁਰਮੁਖਾਂ ਹੱਥੀਂ ਬੰਨ੍ਹੇ ਗਾਨਾ, ਕਲਜੁਗ ਤੇਰੀ ਅੰਤਮ ਵਾਰੇ, ਸੋਹਣਾ ਕਰੇ ਤਨ ਸ਼ਿੰਗਾਰਾ, ਸ਼ਬਦ ਤੇਲ ਇਕ ਚੜ੍ਹਾਇੰਦਾ । ਧਰਤ ਮਾਤ ਪਾਣੀ ਵਾਰੇ, ਡੇਰਾ ਲਾਏ ਜਮਨ ਕਿਨਾਰੇ, ਵਾਲੀ ਹਿੰਦ ਉਠ ਜਵਾਨ, ਪ੍ਰਭ ਅਬਿਨਾਸ਼ੀ ਜਾਮਾ ਪਾਇੰਦਾ । ਧੁਰਦਰਗਾਹੀ ਦੇਵੇ ਸਚ ਸਹਾਰੇ, ਦੋ ਜਹਾਨਾਂ ਆਪੇ ਵਾਲੀ, ਚਾਰੇ ਕੁੰਟਾਂ ਕਰੇ ਖ਼ਾਲੀ, ਉਚ ਮੁਨਾਰੇ ਆਪੇ ਢਾਹਿੰਦਾ । ਮੰਦਰ ਮਸੀਤਾਂ ਗੁਰਦਵਾਰੇ ਚਾਰੋਂ ਕੁੰਟ ਹਾਹਾਕਾਰੇ, ਸ਼ਬਦ ਤੀਰ ਇਕ ਚਲਾਇੰਦਾ । ਰਾਜੇ ਰਾਣੇ ਹੋਣ ਭਿਖਾਰੇ, ਕੋਈ ਨਾ ਦੇਵੇ ਮਾਤ ਸਹਾਰੇ, ਪ੍ਰਭ ਦਰ ਦਰ ਭਿੱਖ ਮੰਗਾਇੰਦਾ । ਜੋਤੀ ਜਾਮਾ ਮਾਤ ਧਾਰੇ, ਲਿਖੇ ਲੇਖ ਅਪਰ ਅਪਾਰੇ, ਵਾਲੀ ਹਿੰਦ ਜਗਤ

੭੫੩
੦੪

ਵਿਚੋਲਾ, ਸੋਹੰ ਗਾਉਣਾ ਸਾਚਾ ਢੋਲਾ, ਰੂਸਾ ਚੀਨਾ ਹੁਕਮ ਸੁਣਾਇੰਦਾ । ਸਾਚਾ ਲਿਖੇ ਹੁਕਮ ਅਪਾਰ । ਸ਼ਬਦ ਤਿੱਖੀ ਰੱਖੇ ਧਾਰ । ਕਲਜੁਗ ਵੇਲਾ ਅੰਤਮ ਆਇਆ, ਕਰੇ ਆਰ ਪਾਰ । ਇਕ ਇਕੱਲਾ ਜਾਮਾ ਪਾਇਆ, ਸੋਲਾਂ ਕਲੀਆਂ ਕਰ ਸ਼ਿੰਗਾਰ । ਚਿੱਟਾ ਅਸਵ ਸੰਗ ਰਲਾਇਆ, ਕਰੇ ਖੇਲ੍ਹ ਹਰਿ ਕਰਤਾਰ । ਪਹਿਲਾ ਪੌੜ ਆਪ ਉਠਾਇਆ, ਧਰਤ ਮਾਤ ਦੱਬੀ ਭਾਰ । ਗੌੜ ਬ੍ਰਹਿਮਣ ਦਿਸ ਨਾ ਆਇਆ, ਜੋਤੀ ਜਾਮਾ ਹਰਿ ਜੀ ਪਾਇਆ, ਮਾਤ ਪਿਤ ਨਾ ਕਿਸੇ ਜਾਇਆ, ਏਕ ਰੰਗ ਹਰਿ ਕਰਤਾਰ । ਆਪੇ ਬਣੇ ਦਾਈ ਦਾਇਆ, ਵੇਖ ਵਖਾਣੇ ਸਰਬ ਥਾਂਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਕਲ ਅੰਤਮ ਵੇਖ ਆਪਣਾ ਆਪ ਲਿਖਾਇਆ । ਸਾਚਾ ਲਿਖੇ ਲੇਖ ਪ੍ਰਭ ਦੇਵੇ ਮਤੀ । ਕਲਜੁਗ ਭਰਮ ਭੁਲੇਖਾ ਦੂਜਾ ਦੇਸ, ਏਕਾ ਵੱਗੇ ਵਾ ਤੱਤੀ । ਕਲਜੁਗ ਸੁੱਤੇ ਨਰ ਨਰੇਸ਼, ਕਿਸੇ ਨਾ ਮਿਲਿਆ ਕਮਲਾਪਤੀ । ਪ੍ਰਗਟ ਹੋਏ ਮਾਝੇ ਦੇਸ, ਚਾਰੇ ਕੁੰਟਾਂ ਏਕਾ ਲਾਏ ਜੋਤ ਬੱਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਗੁਰਮੁਖ ਸਾਚੇ ਸੰਤ ਜਨਾਂ ਦੇ ਸਮਝਾਵੇ ਮਤੀ । ਸਾਚਾ ਨਾਤਾ ਹਰਿ ਬੰਨ੍ਹਾਇੰਦਾ । ਪੁਰਖ ਬਿਧਾਤਾ ਦਇਆ ਕਮਾਇੰਦਾ । ਕਲਜੁਗ ਤੇਰੀ ਅੰਧੇਰੀ ਰਾਤਾ, ਦੀਪਕ ਜੋਤੀ ਇਕ ਜਗਾਇੰਦਾ । ਆਪੇ ਪਿਤਾ ਆਪੇ ਮਾਤਾ, ਸੋਹੰ ਸੀਰ ਹਰਿ ਪਿਆਇੰਦਾ । ਆਪੇ ਭੈਣ ਆਪ ਭਰਾਤਾ, ਸਾਕ ਸੱਜਣ ਆਪ ਅਖਵਾਇੰਦਾ । ਨਾ ਕੋਈ ਜਾਣੇ ਜਾਤਾਂ ਪਾਤਾਂ ਚਾਰ ਵਰਨਾਂ ਏਕਾ ਸਰਨਾ, ਸਚ ਦਵਾਰ ਖੁਲ੍ਹਾਇੰਦਾ । ਆਪ ਚੁਕਾਏ ਮਰਨਾ ਡਰਨਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋ ਜਨ ਆਏ ਸਾਚੀ ਸਰਨਾ, ਮਾਨਸ ਦੇਹੀ ਲੇਖੇ ਲਾਇੰਦਾ । ਧਰਮ ਰਾਏ ਨਾ ਪਾਣੀ ਭਰਨਾ, ਲਾੜੀ ਮੌਤ ਹਰਿ ਦੁਰਕਾਇੰਦਾ । ਦੇਵੇ ਵਰ ਸੋਹੰ ਸ਼ਬਦ ਦਾਨੀ ਦਾਨਾ, ਸਚ ਬਿਬਾਣੇ ਆਪ ਚੜ੍ਹਾਇੰਦਾ । ਗੁਰਮੁਖ ਵਿਰਲੇ ਸਾਚੀ ਤਰਨੀ ਮਾਤ ਤਰਨਾ, ਅੰਤਮ ਜੋਤੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਲੇਖੇ ਲਾਇੰਦਾ । ਸਾਚੇ ਲੇਖੇ ਜਾਣਾ ਲੱਗ । ਕਲਜੁਗ ਅਗਨ ਨਾ ਜਾਣਾ ਦਗ । ਕਲਜੁਗ ਵੇਲਾ ਅੰਤਮ ਆਇਆ, ਪ੍ਰਭ ਪਕੜ ਪਛਾੜੇ ਸ਼ਾਹ ਰਗ । ਗੁਰਮੁਖਾਂ ਸਾਚਾ ਮੇਲ ਮਿਲਾਇਆ, ਹਰਿ ਰਖਾਏ ਲਜ ਧਰਮ ਦੀ ਸਾਚੀ ਪੱਗ । ਆਪ ਆਪਣੀ ਅੰਸ ਬਣਾਇਆ, ਸਾਚਾ ਬੰਸ ਮਾਤ ਸਜਾਇਆ, ਕਿਰਪਾ ਕਰ ਵਡ ਸੂਰੇ ਸਰਬਗ । ਸੋਹੰ ਸਾਚਾ ਨਾਮ ਜਪਾਇਆ, ਸਤਿਜੁਗ ਸਾਚਾ ਰਾਹ ਵਖਾਇਆ, ਚਰਨ ਪ੍ਰੀਤੀ ਜਾਏ ਲੱਗ । ਫੜ ਫੜ ਬਾਹੋਂ ਪਾਰ ਕਰਾਇਆ, ਵੰਞ ਮੁਹਾਣਾ ਨਾ ਕੋਈ ਰਖਾਇਆ, ਤਨ ਬੰਨ੍ਹਾਏ ਸ਼ਬਦ ਤਗ । ਆਪ ਆਪਣਾ ਦਰਸ ਦਿਖਾਇਆ, ਗੁਰਮੁਖ ਆਤਮ ਹਰਸ ਦਏ ਮਿਟਾਇਆ, ਅੰਮ੍ਰਿਤ ਮੇਘ ਸਾਚਾ ਬਰਖੇ, ਆਤਮ ਤ੍ਰਿਖਾ ਦੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਬੇੜਾ ਮਾਤ ਬਣਾਇਆ । ਸਾਚਾ ਬੇੜਾ ਜਗਤ ਨਈਆ । ਗੁਰਮੁਖਾਂ ਬਣਾਏ ਭੈਣਾਂ ਭਈਆ । ਸਚ ਮਲਾਹ ਆਪ ਅਖਵਈਆ । ਆਪ ਚਲਾਏ ਸਾਚਾ ਰਾਹ, ਧਰਮ ਰਾਏ ਨਾ ਮਾਤ ਡੁਬਈਆ । ਇਕ ਵਖਾਏ ਸੱਚਾ ਥਾਂ, ਜੋਤੀ ਨੂਰ ਦੂਣ ਸਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਕਲਜੁਗ ਬੇੜਾ ਪਾਰ ਕਰਈਆ । ਕਲਜੁਗ ਕਾਲਾ ਵੇਸ ਕਲ ਦੁਹਾਈ ਹੈ । ਪ੍ਰਭ ਅਬਿਨਾਸ਼ੀ ਧਾਰੇ ਭੇਸ, ਮਾਝੇ ਦੇਸ ਵੱਜੀ ਵਧਾਈ ਹੈ । ਆਪ ਉਠਾਏ ਵਡ ਨਰੇਸ਼, ਲਿਖ ਲਿਖ ਲੇਖਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਕਾਲੀ ਚੋਲੀ ਤਨ ਛੁਹਾਈਆ । ਕਲਜੁਗ ਤੇਰੀ ਕਾਲੀ ਚੋਲੀ । ਆਪ ਉਠਾਏ ਹਰਿ ਜੀ ਡੋਲੀ । ਲੱਖ

੭੫੪
੦੪

ਚੁਰਾਸੀ ਧਰਮ ਰਾਏ ਦੀ ਬਣਾਏ ਗੋਲੀ । ਆਤਮ ਪਰਦੇ ਦੂਰ ਦੁਰਾਡਾ ਰਿਹਾ ਫੋਲੀ । ਮਾਇਆ ਰਾਣੀ ਝੂਠੇ ਲੜਦੇ, ਪ੍ਰਭ ਪੂਰੇ ਤੋਲ ਰਿਹਾ ਤੋਲੀ । ਗੁਰਮੁਖ ਵਿਰਲੇ ਸਾਚੇ ਪੌੜੇ ਮਾਤ ਚੜ੍ਹਦੇ, ਪ੍ਰਭ ਆਪੇ ਤੋਰੇ ਹੌਲੀ ਹੌਲੀ । ਬੇਮੁਖ ਜੀਵ ਚਾਰੋਂ ਕੁੰਟ ਇਕ ਦੂਜੇ ਨਾਲ ਲੜਦੇ, ਆਤਮ ਜੋਤੀ ਹਰਿ ਜੀ ਖੋਲ੍ਹੀ । ਕਰੇ ਨਿਬੇੜੇ ਸਿਰ ਧੜ ਦੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਈ ਸੱਚੀ ਡੋਲੀ । ਸਾਚੀ ਡੋਲੀ ਹਰਿ ਸ਼ਿੰਗਾਰਦਾ । ਬੇਮੁਖਾਂ ਨੂੰ ਵਾਜਾਂ ਮਾਰਦਾ । ਕਲਜੁਗ ਵੇਲਾ ਅੰਤਮ ਹੰਕਾਰ ਦਾ । ਮੁੱਕਿਆ ਵਕਤ ਸੰਗ ਮੁਹੰਮਦ ਚਾਰ ਯਾਰ ਦਾ । ਈਸਾ ਮੂਸਾ ਪ੍ਰਭ ਚਰਨ ਨਿਮਸਕਾਰ ਦਾ । ਕਲਜੁਗ ਵੇਲਾ ਅੰਤਮ ਆਇਆ, ਏਕਾ ਦਿਸੇ ਪਾਸਾ ਹਾਰ ਦਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਵਾਲੀ ਹਿੰਦ ਸਚ ਸੰਤ ਜਗਾਇਆ, ਦੇਵੇ ਨਾਮ ਪਿਆਲਾ ਕਾਇਆ ਉਧਾਰ ਦਾ । ਫੜ ਕੇ ਬਾਹੋਂ ਰਾਹੇ ਪਾਇਆ, ਵਖਾਏ ਖੇਲ ਪ੍ਰਵਰਦਿਗਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਫੜ ਫੜ ਬਾਹੋਂ ਤਾਰਦਾ । ਕਾਲਾ ਵੇਸ ਤਨ ਕਲੰਦਰਾ । ਸ਼ਬਦ ਡੋਰੀ ਹਰਿ ਜੀ ਰੱਖੇ, ਲੱਖ ਚੁਰਾਸੀ ਫੜੇ ਬੰਦਰਾ । ਆਪੇ ਮੇਟੇ ਮੇਟ ਮਿਟਾਏ, ਔਲੀਏ ਪੀਰ ਸ਼ੇਖ਼, ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜਾਂ ਡੂੰਘੀ ਕੰਦਰਾ । ਈਸਾ ਮੂਸਾ ਲੱਗੀ ਮੇਖੇ, ਲੱਖ ਚੁਰਾਸੀ ਭਰਮ ਭੁਲੇਖੇ, ਪ੍ਰਭ ਜਾਣੇ ਆਤਮ ਅੰਦਰ ਅੰਦਰਾ । ਅੰਤਮ ਅੰਤ ਮਿਟਾਵਣ ਆਇਆ ਲੇਖੇ ਨੌਵਾਂ ਖੰਡਾਂ ਹਰਿ ਜੀ ਵੇਖੇ, ਸੱਤਾਂ ਦੀਪਾਂ ਤੋੜੇ ਜੰਦਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਮੇਟ ਮਿਟਾਏ ਗੁਰਦਵਾਰੇ ਦਿਸ ਨਾ ਆਏ ਮਸੀਤ ਮੰਦਰਾ । ਮਸੀਤ ਮੰਦਰ ਪ੍ਰਭ ਦੇਣੇ ਢਾਹ । ਲੱਖ ਚੁਰਾਸੀ ਫੜੇ ਬੰਦਰ, ਅੰਤਮ ਵੇਲੇ ਪਾਏ ਫਾਹ । ਗੁਰਮੁਖ ਸਾਚੇ ਵਾੜੇ ਅੰਦਰ, ਬਾਹਰੋਂ ਕੁੰਡਾ ਦਏ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਲਾ ਸੂਸਾ ਈਸਾ ਮੂਸਾ ਤੇਰਾ ਭੇਸ ਵਟਾ । ਈਸਾ ਮੂਸਾ ਦਏ ਦੁਹਾਈ ਹੈ । ਪ੍ਰਭ ਪਾਇਆ ਕਾਲਾ ਸੂਸਾ, ਰੈਣ ਅੰਧੇਰੀ ਮਾਤ ਆਈ ਹੈ । ਸੰਗ ਮਿਲਾਏ ਚੀਨਾ ਰੂਸਾ, ਵੱਜੇ ਸ਼ਬਦ ਸੱਚੀ ਸ਼ਹਿਨਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚੀ ਬਣਤ ਬਣਾਈ ਹੈ । ਸਚ ਮੰਦਰ ਹਰਿ ਉਸਾਰਿਆ । ਜੋਤ ਜਗਾਈ ਅੰਦਰੇ ਅੰਦਰ, ਨੌਵੇਂ ਦਰ ਬੰਦ ਕਰਵਾ ਰਿਹਾ । ਹੋਏ ਪ੍ਰਕਾਸ਼ ਡੂੰਘੀ ਕੰਦਰ, ਸਾਚੀ ਜੋਤ ਹਰਿ ਧਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਬਣਤ ਬਣਾ ਰਿਹਾ । ਸਾਚੇ ਮੰਦਰ ਤੇਰੀ ਧਾਰ । ਪੁਰਖ ਅਬਿਨਾਸ਼ੀ ਪਾਏ ਸਾਰ । ਨਾਵੇਂ ਖੇਲ੍ਹੇ ਦਰ ਦਵਾਰ । ਪਹਿਲੇ ਡੇਰਾ ਇਕ ਰਖਾਏ, ਪੰਚਮ ਪੋਹ ਨੀਂਹ ਰਖਾਏ, ਸ਼ਬਦ ਡੋਰੀ ਹਰਿ ਜੀ ਪਾਏ, ਮੇਟ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰ । ਦੂਜੇ ਦਰ ਹਰਿ ਦਇਆ ਕਮਾਈ । ਲੋਕਮਾਤ ਦੇਵੇ ਵਡਿਆਈ । ਗੁਰਮੁਖਾਂ ਮਸਤਕ ਲਾਹੇ ਕਾਲੀ ਝੂਠੀ ਛਾਹੀ । ਗੁਰਮੁਖਾਂ ਲੇਖ ਲਿਖਾਵਣ ਆਇਆ, ਪਾਰ ਕਰਾਏ ਫੜ ਕੇ ਬਾਹੀਂ । ਔਲੀਏ ਪੀਰ ਸ਼ੇਖ਼ ਮਿਟਾਵਣ ਆਇਆ, ਚੌਦਾਂ ਤਬਕਾਂ ਰਿਹਾ ਹਿਲਾਈ । ਜੋਤੀ ਜੋਤ ਸਰੂਪ ਹਰਿ, ਸੱਚੇ ਦਰ ਡੇਰਾ ਲਾਈ । ਸਾਚਾ ਮੰਦਰ ਹਰਿ ਦਵਾਰ । ਪੁਰਖ ਅਬਿਨਾਸ਼ੀ ਜੋਤ ਅਕਾਰ ਤੀਜੇ ਘਰ ਪਾਵੇ ਸਾਰ । ਰਿੱਧਾਂ ਸਿੱਧਾਂ ਕਰ ਖੁਆਰ । ਗੁਰਮੁਖਾਂ ਆਤਮ ਏਕਾ ਵਿੱਧਾ, ਮਾਰੇ ਤੀਰ ਸ਼ਬਦ ਕਟਾਰ । ਸਚ ਦਵਾਰਾ ਰਾਹ ਸਿੱਧਾ, ਆਪ ਵਖਾਏ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜਾਮਾ ਧਾਰ । ਚੌਥਾ ਘਰ ਹਰਿ ਦਵਾਰਾ । ਪ੍ਰਭ ਅਬਿਨਾਸ਼ੀ ਸਾਚੀ ਧਾਰਾ । ਏਕਾ ਪਵਣ ਦੂਜਾ ਸ਼ਬਦ ਤੀਜੀ ਜੋਤੀ ਕਰ ਅਕਾਰਾ । ਚੌਥਾ ਬਣਾਏ ਵਰਨ ਗੋਤੀ, ਤਿੰਨਾਂ ਮੇਲ ਇਕ ਪਿਆਰ ।


੭੫੫
੦੪

ਚੌਥੇ ਦਰ ਮਾਰ ਧਿਆਨ । ਕਲਜੁਗ ਵੇਖੇ ਬ੍ਰਹਮ ਗਿਆਨ । ਖਾਣੀ ਬਾਣੀ ਵੇਖ ਪਛਾਣੇ, ਨਾਲ ਰਲਾਏ ਅੰਜੀਲ ਕੁਰਾਨ । ਵੇਦ ਪੁਰਾਨਾਂ ਨਾ ਮਿਲੇ ਪਾਣੀ, ਗੰਗਾ ਗੋਦਾਵਰੀ ਆਈ ਹਾਨ । ਸ਼ਬਦ ਚਲਾਏ ਸੱਚੀ ਬਾਣੀ, ਅਠਸਠ ਤੀਰਥ ਰਹੇ ਖ਼ਾਕ ਛਾਣ । ਗੁਰਮੁਖਾਂ ਦੇਵੇ ਨਾਮ ਨਿਧਾਨੀ, ਹਰਿ ਭਗਵਾਨ ਆਪ ਚੜ੍ਹਾਏ ਸ਼ਬਦ ਬਿਬਾਣ । ਬੇਮੁਖਾਂ ਮਾਰੇ ਤੀਰ ਕਾਨੀ, ਮਿਟਦੀ ਜਾਏ ਜਗਤ ਨਿਸ਼ਾਨੀ, ਮੇਟ ਮਿਟਾਏ ਸ਼ਾਹ ਈਰਾਨ । ਮਾਇਆ ਰਾਣੀ ਭਰਿਆ ਪਾਣੀ, ਨਾ ਕੋਈ ਦਿਸੇ ਹਾਣੀਆਂ ਹਾਣੀ, ਕਰੇ ਖੇਲ ਗੁਣ ਨਿਧਾਨੀ, ਸੋਹੰ ਸ਼ਬਦ ਸਚ ਮਧਾਣੀ, ਗੁਰਮੁਖ ਵਿਰੋਲੇ ਸਾਚੇ ਲਾਲ । ਸ੍ਰਿਸ਼ਟ ਸਬਾਈ ਦਏ ਦੁਹਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਲ ਰਹਿਣ ਨਾ ਦੇਵੇ ਕਿਸੇ ਡਾਲ । ਚੌਥੇ ਘਰ ਸਤਿ ਸੰਤੋਖਿਆ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਦੇਵੇ ਸਾਚੀ ਮੋਖਿਆ । ਏਕਾ ਮਿਲੇ ਨਾਮ ਧਨਾ, ਕਲਜੁਗ ਕਾਇਆ ਮਿਟੇ ਦੋਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪੇ ਵਸੇ ਸਾਚੇ ਘਰ, ਗੁਰਮੁਖ ਸਾਚੇ ਸੰਤ, ਦਰ ਘਰ ਸਾਚੇ ਦੇਖਿਆ । ਚੌਥੇ ਘਰ ਖੇਲ ਰਚਾ ਕੇ । ਲੱਖ ਚੁਰਾਸੀ ਬਣਤ ਬਣਾ ਕੇ । ਪਵਣ ਸਵਾਸ ਵਿਚ ਟਿਕਾ ਕੇ । ਸ਼ਬਦ ਧਰਵਾਸ ਇਕ ਦਵਾ ਕੇ । ਸਾਚੀ ਜੋਤ ਕਰੇ ਪ੍ਰਕਾਸ਼, ਆਪ ਆਪਣੀ ਵਿਚ ਟਿਕਾ ਕੇ । ਜੋਤੀ ਜੋਤ ਸਰੂਪ ਹਰਿ, ਚੌਥਾ ਦਰ ਸਾਚਾ ਘਰ, ਲੋਕਮਾਤੀ ਮਿਲੇ ਵਰ, ਅੰਤਮ ਵੇਲੇ ਬੰਦ ਕਰ, ਪੰਚਮ ਜਾਏ ਘਨਕਪੁਰ ਵਾਸੀ । ਪੰਚਮ ਘਰ ਹਰਿ ਨਿਰੰਕਾਰਾ । ਆਪੇ ਖੋਲ੍ਹੇ ਬੰਦ ਕੁਆੜਾ । ਸ਼ਬਦ ਜਿੰਦਾ ਲਾਇਆ ਭਾਰਾ । ਨਾ ਕੋਈ ਜਾਣੇ ਸੁਰਪਤ ਰਾਜਾ ਇੰਦਾ, ਕਰੋੜ ਤੇਤੀਸਾ ਰਹੇ ਪੁਕਾਰਾ । ਸ਼ਿਵ ਸ਼ੰਕਰ ਹਰਿ ਬਖ਼ਸ਼ਿੰਦਾ, ਨਾ ਪਾਏ ਪ੍ਰਭ ਦੀ ਸਾਰਾ । ਬ੍ਰਹਮਾ ਉਤਪਤ ਕਰਾਏ ਲੋਕਮਾਤ ਉਜਿਆਰਾ । ਕਵਲ ਨਾਭੀ ਅੰਮ੍ਰਿਤ ਧਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਰਾਹ ਸਾਚਾ ਦੱਸੇ ਕਦੇ ਗੁਪਤ ਕਦੇ ਜ਼ਾਹਰਾ । ਪੰਚਮ ਘਰ ਹਰਿ ਸੁਹਾਇਆ । ਉਨੰਜਾ ਪਵਣ ਸੇਵਾ ਲਾਇਆ । ਸਾਚਾ ਛਤਰ ਸੀਸ ਝੁਲਾਇਆ । ਸਚ ਸਿੰਘਾਸਣ ਡੇਰਾ ਲਾਇਆ । ਗੁਰੂਆਂ ਪੀਰਾਂ ਦਿਸ ਨਾ ਆਇਆ । ਏਕਾ ਆਪਣੇ ਰੰਗ ਸਮਾਇਆ । ਰੂਪ ਰੰਗ ਨਾ ਕੋਈ ਰਖਾਇਆ । ਜੋਤੀ ਭੇਖ ਦੂਣ ਸਵਾਇਆ । ਆਪਣਾ ਆਪ ਪ੍ਰਭ ਰਿਹਾ ਵੇਖ, ਦੀਪਕ ਸਾਚੀ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਿਚ ਸਮਾਇਆ । ਪੰਚਮ ਘਰ ਕਰ ਤਿਆਰੀ । ਛੇਵੇਂ ਬੋਲੇ ਹਰਿ ਨਿਰੰਕਾਰੀ । ਸ਼ਬਦ ਸੁਣਾਏ ਸਾਚੇ ਢੋਲੇ, ਉਪਜੇ ਧੁਨ ਸੱਚੀ ਧੁਨਕਾਰੀ । ਲੱਖ ਚੁਰਾਸੀ ਬਣਾਏ ਗੋਲੇ, ਹੁਕਮ ਸੁਣਾਏ ਵਾਰੋ ਵਾਰੀ । ਅੰਦਰ ਬਾਹਰ ਆਪੇ ਬੋਲੇ, ਪੀਰ ਪੈਗ਼ੰਬਰ ਔਲੀਏ ਸ਼ੇਖ਼ ਮੁਸਾਇਕ ਇਕ ਰਖਾਏ ਦਰ ਦਰਬਾਰੀ । ਪੂਰੇ ਤੋਲ ਹਰਿ ਜੀ ਤੋਲੇ, ਅੱਠੇ ਪਹਿਰ ਕਦੇ ਨਾ ਡੋਲੇ, ਵਸੇ ਕਾਇਆ ਪੜਦੇ ਉਹਲੇ, ਕਰੇ ਖੇਲ ਅਪਰ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚੇ ਅੰਦਰ ਜਗਤ ਮੰਦਰ ਨਿਰਮਲ ਜੋਤ ਕਰੇ ਅਕਾਰੀ । ਸਾਚੇ ਸ਼ਬਦ ਸਚ ਟਿਕਾਣਾ । ਛੇਵੇਂ ਘਰ ਇਕ ਬਿਬਾਣਾ । ਚਾਰੋਂ ਕੁੰਟਾਂ ਹਰਿ ਉਡਾਨਾ । ਦਹਿ ਦਿਸ਼ਾ ਹਰਿ ਭੇਵ ਖੁਲ੍ਹਾਨਾ । ਵੇਖ ਵਖਾਣੇ ਸਰਬ ਕਿਛ ਜਾਣੇ ਜ਼ਿਮੀ ਅਸਮਾਨਾ । ਮਾਤ ਪਤਾਲ ਅਕਾਸ਼ ਘਟ ਘਟਾ, ਦਰਸ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਚਲਾਏ ਇਕ ਤਰਾਨਾ । ਸ਼ਬਦ ਤਰਾਨਾ ਹਰਿ ਦਾਤਾਰ । ਨਾ ਕੋਈ ਸੁਰੰਗਾ ਨਾ ਕੋਈ ਤਾਰ । ਦੂਜਾ ਵਰ ਨਾ ਕੋਈ ਮੰਗਾ, ਨਾ ਕੋਈ ਬਣਾਇਆ ਤੀਜਾ ਯਾਰ । ਚੌਥੇ ਘਰ ਸਾਚਾ ਰੰਗਾ, ਗੁਰਮੁਖਾਂ ਚਾੜ੍ਹੇ ਅਪਰ ਅਪਾਰ । ਪੰਜਵੇਂ ਘਰ ਸਾਚਾ ਸੰਗਾ, ਮਿਲਿਆ



੭੫੬
੦੪

੭੫੭
੦੪

ਮੇਲ ਕੰਤ ਭਤਾਰ । ਛੇਵੇਂ ਘਰ ਸ਼ਬਦ ਮਰਦੰਗਾ, ਆਪ ਵਜਾਏ ਨਰ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਚ ਸਿੰਘਾਸਣ ਕਰ ਅਕਾਰ । ਛੇਵੇਂ ਘਰ ਸ਼ਬਦ ਜਣਾਈਆ । ਗੁਰਮੁਖਾਂ ਮਿਲੇ ਵਰ, ਪ੍ਰਭ ਸਾਚੀ ਦਇਆ ਕਮਾਈਆ । ਆਪ ਚੁਕਾਏ ਜਮ ਕਾ ਡਰ, ਲੱਖ ਚੁਰਾਸੀ ਫੰਦ ਕਟਾਈਆ । ਨਾ ਜਨਮੇ ਨਾ ਜਾਏ ਮਰ, ਏਕਾ ਜੋਤ ਹਰਿ ਰਘੁਰਾਈਆ । ਸਾਚਾ ਖੋਲ੍ਹੇ ਮਾਤ ਦਰ, ਨੌਂ ਦਵਾਰੇ ਬਣਤ ਬਣਾਈਆ । ਗੁਰਮੁਖਾਂ ਵਖਾਏ ਇਕ ਘਰ, ਸਚ ਸਿੰਘਾਸਣ ਆਸਣ ਡੇਰਾ ਲਾਈਆ । ਬੇਮੁਖਾਂ ਜੀਵਾਂ ਆਵੇ ਡਰ, ਨਿਹਕਲੰਕ ਦਏ ਸਜਾਈਆ । ਪਕੜ ਉਠਾਏ ਰਾਓ ਰੰਕ, ਸਾਚਾ ਰਿਹਾ ਡੰਕ ਵਜਾਈਆ । ਇਕ ਸੁਹਾਏ ਦਵਾਰ ਬੰਕ, ਸਿੰਘ ਜਗਦੀਸ਼ੇ ਤੇਰੀ ਬਣਤ ਬਣਾਈਆ । ਸਾਚਾ ਛਤਰ ਝੁਲਾਏ ਸੀਸੇ, ਰਾਜੇ ਰਾਣੇ ਹਰਿ ਸਰਨਾਈਆ । ਭੇਵ ਮਿਟਾਏ ਬੀਸ ਇਕੀਸੇ, ਲੋਕਮਾਤੀ ਸੱਚੀ ਵਡਿਆਈਆ । ਇਕ ਚਲਾਏ ਸ਼ਬਦ ਹਦੀਸੇ, ਸੋਹੰ ਅੰਕ ਹਰਿ ਰਘੁਰਾਈਆ । ਕਲਜੁਗ ਜੀਵ ਮਾਇਆ ਚੱਕੀ ਝੂਠੀ ਪੀਸੇ, ਘਰ ਘਰ ਦੇਣ ਦੁਹਾਈਆ । ਮੇਟ ਮਿਟਾਏ ਮੂਸੇ ਈਸੇ, ਅੰਜੀਲ ਕੁਰਾਨ ਅੰਤ ਖਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚ ਘਰ ਰਿਹਾ ਜੋਤ ਜਗਾਈਆ । ਛੇਵਾਂ ਦਰ ਹਰਿ ਤਜਾਏ । ਸਤਵੇਂ ਘਰ ਆਸਣ ਲਾਏ । ਜੋਤੀ ਨੂਰ ਡਗਮਗਾਏ । ਚਾਰੇ ਕੁੰਟਾਂ ਕਰੇ ਰੁਸ਼ਨਾਏ । ਏਕਾ ਸਤਿ ਸਰੂਪ, ਹਰਿ ਅਨੂਪ ਵਡ ਸ਼ਾਹੋ ਭੂਪ, ਸਚ ਸਿੰਘਾਸਣ ਆਪ ਸੁਹਾਏ । ਨਾ ਕੋਈ ਰੰਗ ਨਾ ਕੋਈ ਰੂਪ, ਹੋਏ ਨਾ ਕਦੇ ਅੰਧ ਕੂਪ, ਜੋਤੀ ਨੂਰ ਡਗਮਗਾਏ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਅਟਲ ਮਹਲ ਅਚਲ ਸਚ ਸਿੰਘਾਸਣ ਡੇਰਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਜੋਤ ਧਰ, ਆਪ ਆਪਣਾ ਭੇਖ ਵਟਾਏ । ਅੱਠਵੇਂ ਘਰ ਅੱਠੇ ਹਰਿ ਤੱਤ ਹੈ । ਗੁਰਮੁਖਾਂ ਰਿਹਾ ਸਮਝਾਏ, ਸੋਹੰ ਸ਼ਬਦ ਦੇਵੇ ਮਤ ਹੈ । ਏਕਾ ਬਖ਼ਸ਼ੇ ਸਚ ਸਰਨਾਏ, ਮਾਨਸ ਦੇਹੀ ਲੇਖੇ ਲਾਏ, ਨਾ ਉਬਲੇ ਕਾਇਆ ਰੱਤ ਹੈ । ਸਾਚੇ ਘਰ ਆਪ ਵਸਾਏ, ਅੰਤਮ ਜੋਤੀ ਮੇਲ ਮਿਲਾਏ, ਸਾਚੇ ਘਰ ਆਪ ਬਹਾਏ, ਨਾ ਕੋਈ ਵੇਖੇ ਉਤੇ ਛੱਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਮਾਤ ਧਰ, ਗੁਰਮੁਖਾਂ ਰੱਖਣ ਆਇਆ ਪਤਿ ਹੈ । ਨਾਵੇਂ ਘਰ ਜੀਵ ਗਵਾਰ । ਆਤਮ ਭਰਿਆ ਇਕ ਹੰਕਾਰ । ਮਾਇਆ ਰਾਣੀ ਵਡ ਵਿਭਚਾਰ । ਲੱਖ ਚੁਰਾਸੀ ਕਰੇ ਖ਼ਬਰਦਾਰ । ਮਨ ਮਤ ਦੁਸ਼ਟ ਦੁਰਾਚਾਰ । ਆਤਮ ਤੋੜੇ ਧੀਰਜ ਜਤ, ਕਲਜੁਗ ਭੁੱਲੇ ਨਰ ਨਾਰ । ਗੁਰਮੁਖ ਵਿਰਲੇ ਦੇਵੇ ਮਤ, ਸਾਚਾ ਸ਼ਬਦ ਅਪਰ ਅਪਾਰ । ਆਪ ਚਲਾਏ ਕਾਇਆ ਰਥ, ਕਲਜੁਗ ਭੁੱਲੇ ਜੀਵ ਗਵਾਰ । ਮਾਨਸ ਦੇਹੀ ਏਕਾ ਤੱਤ, ਲੱਖ ਚੁਰਾਸੀ ਬੱਧੀ ਧਾਰ । ਪੰਜਾਂ ਚੋਰਾਂ ਪਾਏ ਨੱਥ, ਸ਼ਬਦ ਫੜੇ ਹੱਥ ਮੁਹਾਰ । ਅੱਠੇ ਪਹਿਰ ਰਿਹਾ ਮਥ, ਦੋ ਜਹਾਨਾਂ ਦਏ ਹੁਲਾਰ । ਗੁਰਮੁਖ ਸਾਚੇ ਆਪ ਤਰਾਏ, ਦਇਆ ਕਮਾਏ ਰੱਖੇ ਦੇ ਕਰ ਹੱਥ, ਕਲਜੁਗ ਬੇੜਾ ਕਰ ਜਾਏ ਪਾਰ । ਸਗਲ ਵਸੂਰੇ ਜਾਇਣ ਲਥ, ਜੋ ਜਨ ਆਏ ਸਚ ਦਰਬਾਰ । ਪੁਰਖ ਅਬਿਨਾਸ਼ੀ ਦੇਵੇ ਸਾਚੀ ਵਥ, ਸੋਹੰ ਵਸਤ ਅਪਰ ਅਪਾਰ । ਤ੍ਰੈਲੋਕੀ ਨਾਥੀ ਸਗਲਾ ਸਾਥੀ, ਆਤਮ ਤਨ ਕਰਾਏ ਇਕ ਸ਼ਿੰਗਾਰ । ਸਾਚਾ ਲੇਖਾ ਲੇਖ ਲਿਖਾਈ ਮਾਥੀ, ਸ਼ਬਦ ਤੀਰ ਤਿੱਖੀ ਧਾਰ । ਏਕਾ ਅਕੱਥ ਅਕੱਥਨਾ ਅਕਾਥੀ, ਆਪੇ ਜਾਣੇ ਆਪਣੀ ਸਾਰ । ਵੇਖ ਵਖਾਣੇ ਐਰਾਪਤ ਹਾਥੀ, ਪ੍ਰਭ ਅਬਿਨਾਸ਼ੀ ਕਰ ਸ਼ਿੰਗਾਰ । ਲੱਖ ਚੁਰਾਸੀ ਖਿੱਚ ਲਿਆਏ, ਧਰਮ ਰਾਏ ਦੇ ਦਰ ਦਰਬਾਰ । ਮੇਟ ਮਿਟਾਏ ਮਦਿਰਾ ਮਾਸੀ, ਧਰਮ ਰਾਏ ਦੀ ਸੁਣ ਪੁਕਾਰ । ਪ੍ਰਗਟ ਹੋਏ

੭੫੮
੦੪

ਘਨਕਪੁਰ ਵਾਸੀ, ਕਲਜੁਗ ਹੋਏ ਅੰਧ ਅੰਧਿਆਰ । ਗੁਰਮੁਖ ਸਾਚੇ ਲਏ ਜਗਾ, ਪਵਣ ਸਵਾਸੀ ਸ਼ਬਦ ਚਲਾ, ਏਕਾ ਸਾਚਾ ਰਾਹ ਵਖਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰੇ ਰਹਿਰਾਸੀ, ਕਲਜੁਗ ਤੇਰੀ ਅੰਤਮ ਵਾਰ । ਹਰਿ ਹਰਿ ਸੱਚਾ ਦਵਾਰ ਹਰਿ ਨਿਰੰਕਾਰਿਆ । ਹਰਿ ਹਰਿ ਸੱਚਾ ਘਰ ਬਾਹਰ, ਏਕਾ ਆਪ ਸੁਹਾ ਰਿਹਾ । ਹਰਿ ਹਰਿ ਸਦਾ ਸਿਕਦਾਰ, ਸਾਚੇ ਲੇਖ ਆਪ ਲਿਖਾ ਰਿਹਾ । ਹਰਿ ਹਰਿ ਸੱਚਾ ਕੰਤ ਭਤਾਰ, ਸ੍ਰਿਸ਼ਟ ਸਬਾਈ ਨਾਤਾ ਇਕ ਰਖਾ ਰਿਹਾ । ਹਰਿ ਹਰਿ ਸੱਚਾ ਵਣਜ ਵਪਾਰ, ਤਿੰਨਾਂ ਲੋਆਂ ਆਪ ਕਰਾ ਰਿਹਾ । ਹਰਿ ਹਰਿ ਸੱਚਾ ਸ਼ਬਦ ਅਧਾਰ, ਗੁਰਮੁਖਾਂ ਮਤ ਦਵਾ ਰਿਹਾ । ਹਰਿ ਹਰਿ ਸੱਚਾ ਸ਼ਬਦ ਪਸਾਰ, ਜੋਤੀ ਨੂਰ ਇਕ ਕਰਾ ਰਿਹਾ । ਹਰਿ ਹਰਿ ਸਚ ਮਹੱਲ ਉਸਾਰ, ਪੁਰੀਆਂ ਲੋਆਂ ਆਪ ਟਿਕਾ ਰਿਹਾ । ਹਰਿ ਹਰਿ ਆਪ ਉਪਜਾਏ ਜੰਗਲ ਜੂਹ ਉਜਾੜ ਪਹਾੜ, ਜਲ ਥਲ ਸਾਚੀ ਬਣਤ ਬਣਾ ਰਿਹਾ । ਹਰਿ ਹਰਿ ਵਸੇ ਏਕਾ ਸਾਚੇ ਘਰ, ਦਿਸ ਕਿਸੇ ਨਾ ਆ ਰਿਹਾ । ਹਰਿ ਹਰਿ ਹਰਿ ਨਿਰੰਕਾਰਿਆ । ਜੋਤੀ ਜਾਮਾ ਭੇਖ ਨਿਆਰਿਆ । ਸਚ ਮਹੱਲ ਇਕ ਉਸਾਰਿਆ । ਸਦਾ ਅਟੱਲ ਜੁਗੋ ਜੁਗ ਬਣਤ ਬਣਾ ਰਿਹਾ । ਮਾਤ ਜੋਤ ਧਰ, ਆਏ ਵਾਰੋ ਵਾਰਿਆ । ਲੇਖਾ ਆਪਣੇ ਹੱਥ ਰਖਾ ਰਿਹਾ । ਮਾਇਆ ਰਾਣੀ ਸਾਚਾ ਤਾਣਾ, ਪੁਰੀਆਂ ਲੋਆਂ ਆਪ ਬੰਧਾ ਰਿਹਾ । ਮਾਇਆ ਰਾਣੀ ਤਣਿਆ ਜਾਲ । ਚੌਦਾਂ ਲੋਕ ਵਿਚ ਬੰਧਾਏ ਮਾਤ ਪਤਾਲ । ਅਕਾਸ਼ ਗਗਨ ਪਤਾਲ ਲੱਖ ਚੁਰਾਸੀ ਵਿਚ ਲਗਾਏ, ਸੂਰਜ ਚੰਦ ਦੀਪਕ ਜੋਤੀ ਸਾਚੇ ਥਾਲ । ਸਾਚਾ ਮੰਡਪ ਆਪ ਸੁਹਾਏ, ਸਦਾ ਨਵੇਲਾ ਅਵਲੜੀ ਚਾਲ । ਮਾਤਲੋਕ ਹਰਿ ਬਣਤ ਬਣਾਏ, ਧਰਤ ਉਪਜਾਈ, ਪ੍ਰਭ ਅਬਿਨਾਸ਼ੀ ਆਪ ਰਖਾਏ ਆਪਣੇ ਨਾਲ । ਸਚ ਦਾਤ ਹਰਿ ਝੋਲੀ ਪਾਈ, ਸਾਚੀ ਖ਼ਾਕ ਦਸਤ ਕਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਵਿਚੋਲਾ, ਤਿੰਨਾਂ ਲੋਆਂ ਬਣਿਆ ਆਪ ਦਲਾਲ । ਧਰਤ ਭਰਿਆ ਇਕ ਪਿਆਲਾ ਹੈ । ਪ੍ਰਗਟ ਹੋਇਆ ਦੀਨ ਦਿਆਲਾ ਹੈ । ਅਗਨੀ ਖਿੱਚੇ ਜੋਤ ਜਵਾਲਾ ਹੈ । ਗੁਰਮੁਖਾਂ ਕਾਇਆ ਸਿੰਚੇ, ਅੰਮ੍ਰਿਤ ਦੇਵੇ ਸਾਚੀ ਮਧ, ਅਠੇ ਪਹਿਰ ਰਹੇ ਮਤਵਾਲਾ ਹੈ । ਛੱਬੀ ਪੋਹ ਘਰ ਸਾਚੇ ਲਿਆ ਸੱਦ, ਬਣਿਆ ਆਪ ਰਖਵਾਲਾ ਹੈ । ਆਤਮ ਵਜਦਾ ਰਹੇ ਨਦ, ਨਾ ਲੱਗੇ ਹੱਡੀਂ ਪਾਲਾ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਆਤਮ ਜੋਤੀ ਧਰੇ ਨੂਰ ਨਿਰਾਲਾ ਹੈ । ਅੰਮ੍ਰਿਤ ਸਾਚੀ ਧਾਰ ਮਸਤ ਮਸਤਾਨਿਆ । ਪ੍ਰਭ ਦੇਵੇ ਕਰ ਪਿਆਰ, ਕਾਇਆ ਕਰੇ ਠੰਡੀ ਠਾਰ, ਮਿਟਾਏ ਤ੍ਰਿਸ਼ਨਾ ਆਗ, ਕਲਜੁਗ ਭੇਖ ਦੂਰ ਕਰ, ਕਾਇਆ ਸ਼ਬਦ ਬੰਨ੍ਹੇ ਸਾਚਾ ਤਗ, ਨਾ ਕੋਈ ਮਾਤ ਤੁੜਾਨਿਆ । ਚਰਨ ਪ੍ਰੀਤੀ ਜਾਏ ਲੱਗ, ਦਰ ਘਰ ਸਾਚੇ ਸਾਚਾ ਮਾਣ ਰਖਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਮ੍ਰਿਤ ਜਾਮ ਪਿਆਏ । ਅੰਮ੍ਰਿਤ ਧਾਰ ਅਪਾਰ, ਜਗਤ ਵਣਜਾਰਿਆ । ਕਾਇਆ ਕਰੇ ਠੰਡੀ ਠਾਰ, ਕਾਮੀ ਕਰੋਧੀ ਕੁਸ਼ਟੀ ਦੁਸ਼ਟ ਦੁਰਾਚਾਰਿਆ । ਇਕ ਨਿਭਾਏ ਸੱਚੀ ਯਾਰੀ, ਅੱਠੇ ਪਹਿਰ ਦੇਵੇ ਪਹਰਿਆ । ਪੰਜਾਂ ਚੋਰਾਂ ਦਏ ਬਹਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਧਾਰਿਆ । ਅੰਮ੍ਰਿਤ ਸੱਚਾ ਜਾਮ, ਕਾਇਆ ਨੂਰ ਹੈ । ਦੂਜਾ ਕੋਈ ਨਾ ਲੱਗੇ ਦਾਮ, ਪੂਰਨ ਕਰੇ ਕਾਮ, ਗੁਰਮੁਖ ਆਤਮ ਸਦਾ ਭਰਪੂਰਿਆ । ਪੂਰਨ ਇੱਛਿਆ ਪੂਰਨ ਕਾਮ, ਪ੍ਰਭ ਆਪ ਕਰਾਏ ਸਰਬ ਗੁਣਾਂ ਭਰਪੂਰ ਹੈ । ਕੋਈ ਨਾ ਲਾਏ ਦਰ ਘਰ ਸੱਚੇ ਦਾਮ, ਵਡ ਦਾਤਾ ਹਰਿ ਸੂਰਬੀਰਿਆ । ਸੁੱਕਾ ਕਰਾਏ ਹਰਿਆ ਚਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੋਤੀ ਨੂਰਿਆ । ਸਾਚਾ

੭੫੯ ੦੪

ਅੰਮ੍ਰਿਤ ਪੀਣ ਦਰ । ਆਤਮ ਦਰ ਮਿਲੇ ਵਰ । ਸਾਚੇ ਘਰ ਭਰੇ ਭੰਡਾਰ, ਨਾਰੀ ਨਾਰਾ ਜਾਇਣ ਤਰ । ਸ਼ਬਦ ਸ਼ਿੰਗਾਰਾ ਦੇਵੇ ਹਰਿ, ਅੰਮ੍ਰਿਤ ਧਾਰਾ ਠੰਡੀ ਕਰ । ਕਾਇਆ ਛਿੜਕੇ ਪੰਜਾਂ ਚੋਰਾਂ ਰਿੜਕੇ, ਸ਼ਬਦ ਮਧਾਣੀ ਹੱਥ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪੇ ਵੇਖੇ ਮਾਇਆ ਕੱਢੇ ਭਰਮ ਭੁਲੇਖੇ, ਸਚ ਸਿੰਘਾਸਣ ਬੈਠਾ ਚੜ੍ਹ । ਸਚ ਸਿੰਘਾਸਣ ਅੰਮ੍ਰਿਤ ਧਾਰ । ਨਿਝਰ ਰਸ ਅਪਰ ਅਪਾਰ । ਗੁਰਮੁਖਾਂ ਲੈਣਾਂ ਹੱਸ ਹੱਸ, ਆਏ ਹਰਿ ਦਵਾਰ ਪ੍ਰਭ ਸਾਚਾ ਰਾਹ ਰਿਹਾ ਦੱਸ, ਚਾਰ ਵਰਨਾਂ ਇਕ ਪਿਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਕਰਾਏ ਵਣਜ ਵਪਾਰ । ਸਾਚਾ ਰਾਹ ਇਕ ਵਖਾਇਆ । ਚਾਰ ਵਰਨੀ ਸਿੱਖ ਉਪਜਾਇਆ । ਏਕਾ ਧਰਮ ਸਾਚਾ ਧਰਨੀ, ਧਰਤ ਮਾਤ ਹਰਿ ਦਏ ਜਗਾਇਆ । ਪੁਰਖ ਅਬਿਨਾਸ਼ੀ ਸਾਚਾ ਵਰਨਾ ਸਾਚੀ ਵਰਨੀ, ਲੱਖ ਚੁਰਾਸੀ ਦਏ ਮਿਟਾਇਆ । ਉਚਾਂ ਨੀਚਾਂ ਏਕਾ ਸਰਨੀ, ਜਾਤ ਪਾਤ ਹਰਿ ਲੇਖ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਭੇਖ ਨਿਹਕਲੰਕ ਨਰਾਇਣ ਨਰ, ਆਪਣਾ ਆਪੇ ਪਾਇਆ । ਬੂੰਦ ਰਕਤੀ ਹਰਿ ਜਣਾਇੰਦਾ । ਸਾਚੀ ਸ਼ਕਤੀ ਇਕ ਸਮਝਾਇੰਦਾ । ਮੁਕਤੀ ਜੁਗਤੀ ਆਪਣੇ ਹੱਥ ਰਖਾਇੰਦਾ । ਸੋਹੰ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਇੰਦਾ । ਸਤਿਜੁਗ ਸਾਚੀ ਧਾਰ ਭਗਤ ਵਡਿਆਈਆ । ਸਤਿਜੁਗ ਸਾਚੀ ਧਾਰ, ਖੇਲ ਰਘੁਰਾਈਆ । ਸਤਿਜੁਗ ਸਾਚੀ ਧਾਰ, ਸ਼ਬਦ ਬਿਬਾਣ ਇਕ ਰਖਾਈਆ । ਸਤਿਜੁਗ ਸਾਚੀ ਧਾਰ, ਧੁਰਦਰਗਾਹੀ ਸਾਚਾ ਫੁਰਮਾਣਾ, ਲੋਕਮਤ ਰਿਹਾ ਸੁਣਾਈਆ । ਸਤਿਜੁਗ ਸਾਚੀ ਧਾਰਾ, ਆਪ ਉਠਾਏ ਰਾਜਾ ਰਾਣਾ ਸ਼ਾਹ ਸੁਲਤਾਨਾਂ , ਸ਼ਬਦ ਧਾਰ ਇਕ ਰਖਾਈਆ । ਸਤਿਜੁਗ ਸਾਚੇ ਤੇਰੀ ਧਾਰ, ਪ੍ਰਗਟ ਹੋਏ ਗੁਣ ਨਿਧਾਨਾ ਹਰਿ ਭਗਵਾਨਾ, ਜੋਤੀ ਦੀਪਕ ਇਕ ਜਗਾਈਆ । ਸਤਿਜੁਗ ਸਾਚੀ ਧਾਰ, ਵਿਚ ਸੰਸਾਰ, ਪ੍ਰਭ ਅਬਿਨਾਸ਼ੀ ਦੇਵੇ ਮਾਣਾ, ਸੋਹੰ ਸ਼ਬਦ ਨਾਲ ਰਖਾਈਆ । ਸਤਿਜੁਗ ਸਾਚੀ ਧਾਰ, ਵੇਖ ਵਖਾਣੇ ਸੁਘੜ ਸਿਆਣੇ, ਗੁਰਮੁਖ ਸਾਚੇ ਸੰਤ ਰਿਹਾ ਜਗਾਈਆ । ਸਤਿਜੁਗ ਸਾਚੀ ਧਾਰ, ਪਹਿਲੀ ਵਾਰ, ਕਲਜੁਗ ਪਾਪੀ ਕਰ ਖ਼ਬਰਦਾਰ, ਗੁਰਮੁਖਾਂ ਆਤਮ ਝੋਲੀ ਰਿਹਾ ਭਰਾਈਆ । ਸਤਿਜੁਗ ਸਾਚੀ ਧਾਰ, ਲੱਖ ਚੁਰਾਸੀ ਕਰਨੀ ਮਾਤ ਖੁਆਰ, ਧਰਤ ਮਾਤ ਦਾ ਬਣ ਦੁਲਾਰ, ਸਾਚੀ ਗੋਦੀ ਆਪ ਬਿਠਾਈਆ । ਸਤਿਜੁਗ ਸਾਚੀ ਧਾਰ, ਗੁਰਮੁਖਾਂ ਪੂਰਬ ਕਰਮ ਰਿਹਾ ਵਿਚਾਰ, ਆਪੇ ਫੜੇ ਤੇਰੀ ਬਾਹੀਆ । ਸਤਿਜੁਗ ਸਾਚੀ ਧਾਰ, ਵੇਖ ਵਖਾਣੇ ਬਿਰਧ ਬਾਲ ਨੌਂਜਵਾਨ, ਏਕਾ ਧਾਰ ਵਹਾਈਆ । ਸਤਿਜੁਗ ਤੇਰੀ ਸਾਚੀ ਧਾਰ, ਨਾ ਕੋਈ ਜਾਣੇ ਚਾਰ ਯਾਰ, ਸੰਗ ਮੁਹੰਮਦ ਨਾਤਾ ਤੁੱਟਾ, ਨੱਠੇ ਜਾਣ ਵਾਹੋ ਦਾਹੀਆ । ਸਤਿਜੁਗ ਤੇਰੀ ਸਾਚੀ ਧਾਰ, ਕੁਰਾਨ ਅੰਜ਼ੀਲਾਂ ਨਾਤਾ ਤੁੱਟਾ ਵਿਚ ਸੰਸਾਰ, ਕੋਈ ਨਾ ਦੇਵੇ ਅੰਤ ਪਿਆਰ, ਚਾਰੋਂ ਕੁੰਟ ਰਿਹਾ ਕੁਰਲਾਈਆ । ਸਤਿਜੁਗ ਤੇਰੀ ਸਾਚੀ ਧਾਰ, ਸੋਹੰ ਖੰਡਾ ਕਰ ਤਿਆਰ, ਪ੍ਰਭ ਅਬਿਨਾਸ਼ੀ ਸਾਚੀ ਜੋਤ ਜਗਾਈਆ । ਸਾਚੇ ਘਰ ਹੋ ਤਿਆਰ, ਚਿੱਟੇ ਅਸਵ ਸੋਲਾਂ ਕਲੀਆਂ ਪਾ ਪਲਾਣਾ ਹਰਿ ਭਗਵਾਨਾ ਗੁਰਮੁਖਾਂ ਬਣੇ ਪਹਿਰੇਦਾਰ, ਬੰਨ੍ਹਣ ਆਏ ਰਾਜਾ ਰਾਣਾ, ਪ੍ਰਭ ਅਬਿਨਾਸ਼ੀ ਸ਼ਾਹ ਸੁਲਤਾਨਾ, ਏਕਾ ਰੱਖੇ ਤੀਰ ਨਿਸ਼ਾਨਾ, ਰਸਨ ਕਮਾਨ ਇਕ ਉਠਾਈਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਕਰੇ ਖੇਲ ਜਗਤ ਮਹਾਨਾ, ਲਾੜੀ ਮੌਤ ਖ਼ੁਸ਼ੀ ਮਨਾਈਆ । ਪ੍ਰਭ ਅਬਿਨਾਸ਼ੀ ਬੀਨਾ ਦਾਨਾ, ਗੁਰਮੁਖਾਂ ਦੇਵੇ ਨਾਮ ਨਿਸ਼ਾਨਾ, ਅੱਠੇ ਪਹਿਰ ਰਹੇ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਿਛੋੜਾ ਸ਼ਬਦ ਘੋੜਾ, ਏਕਾ ਏਕ ਰਖਾਈਆ ।

ਸ਼ਬਦ ਘੋੜਾ ਹਰਿ ਕਰਤਾਰਿਆ । ਚਿੱਟਾ ਜੋੜਾ ਸਤਿਜੁਗ ਤੇਰੀ ਧਾਰ ਬੰਨ੍ਹਾ ਰਿਹਾ । ਧੁਰਦਰਗਾਹੀ ਸਾਚਾ ਮਾਹੀ ਲੋਕਮਾਤ ਵਾਗਾਂ ਮੋੜ ਮੁੜਾ ਰਿਹਾ । ਕਲਜੁਗ ਤੇਰਾ ਚੌਥਾ ਡੰਡਾ, ਆਪ ਮੁਕਾਏ ਅੰਤਮ ਕੰਡਾ, ਏਕਾ ਧੱਕਾ ਲਾ ਰਿਹਾ । ਨੌਂ ਖੰਡ ਪ੍ਰਿਥਮੀ ਪਾਏ ਵੰਡਾ, ਆਪ ਮਿਟਾਏ ਜਗਤ ਪਖੰਡਾ, ਸ਼ਬਦ ਖੰਡਾ ਹੱਥ ਉਠਾ ਰਿਹਾ । ਆਪ ਚਲਾਏ ਚੰਡ ਪ੍ਰਚੰਡਾ, ਬੇਮੁਖਾਂ ਦੇਵੇ ਹਰਿ ਜੀ ਦੰਡਾ, ਕਰੇ ਖੇਲ ਵਿਚ ਵਰਭੰਡਾ, ਅਠਸਠ ਤੀਰਥ ਹਰਿ ਹਿਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਛੋਟੇ ਬਾਲੇ ਜਗਤ ਕੰਗਾਲੇ, ਪ੍ਰਭ ਅਬਿਨਾਸ਼ੀ ਆਪੇ ਪਾਲੇ, ਸਾਚੇ ਧਾਮ ਸੁਹਾ ਰਿਹਾ । ਛੋਟੇ ਬਾਲੇ ਕਰ ਪਿਆਰ । ਪ੍ਰਭ ਅਬਿਨਾਸ਼ੀ ਵਿਚ ਸੰਸਾਰ , ਘਨਕਪੁਰ ਵਾਸੀ ਕੀਆ ਖੇਲ ਅਪਰ ਅਪਾਰ । ਮੇਟ ਮਿਟਾਏ ਮਦਿਰਾ ਮਾਸੀ, ਚਾਰ ਵਰਨ ਚਲਾਏ ਏਕਾ ਧਾਰ । ਸਾਚੀ ਜੋਤ ਮਾਤ ਪ੍ਰਕਾਸ਼ੀ, ਚੌਦਾਂ ਲੋਕ ਇਕ ਵਿਚਾਰ । ਵਡ ਸਮੇਰੂ ਸ਼ਬਦ ਘੇਰਾ, ਚਾਰੋਂ ਕੁੰਟ ਲਾਏ ਫੇਰਾ, ਕਰੇ ਖ਼ਬਰਦਾਰ । ਨਾ ਕੋਈ ਦੀਸੇ ਸੰਞ ਸਵੇਰਾ, ਮਾਇਆ ਰਾਣੀ ਭਰਮਾਂ ਡੇਰਾ, ਆਪੇ ਰਿਹਾ ਨਿਵਾਰ । ਗੁਰਮੁਖ ਚੁਕਾਏ ਮੇਰਾ ਤੇਰਾ, ਦਰਸ ਦਿਖਾਏ ਪਹਿਲੀ ਵੇਰਾ, ਕਿਰਪਾ ਕਰ ਹਰਿ ਗਿਰਧਾਰ । ਨਰ ਅਵਤਾਰੀ ਚਵੀਆਂ ਫੇਰਾ, ਕਲਜੁਗ ਤੇਰੀ ਅੰਤਮ ਵਾਰ । ਵੇਦ ਵਿਆਸਾ ਲੇਖ ਲਿਖਾਸਾ, ਨਾਨਕ ਗਿਆ ਮਾਤ ਪੁਕਾਰ । ਗੁਰ ਗੋਬਿੰਦਾ ਦਏ ਦਿਲਾਸਾ, ਗੁਰਮੁਖਾਂ ਰਹਿਣਾ ਖ਼ਬਰਦਾਰ । ਕਲਜੁਗ ਵੇਲਾ ਅੰਤਮ ਆਏ, ਪ੍ਰਭ ਅਬਿਨਾਸ਼ੀ ਸੰਤ ਜਗਾਏ, ਸ਼ਬਦ ਪਹਿਨਾਏ ਫੂਲਨ ਹਾਰ । ਸਾਚਾ ਮੇਲ ਕੰਤ ਮਿਲਾਏ, ਆਦਿ ਅੰਤ ਇਹ ਬਣਤ ਬਣਾਏ, ਜੀਵ ਜੰਤ ਨਾ ਜਾਣੇ ਰਾਏ, ਸੋਲਾਂ ਕਰੇ ਤਨ ਸ਼ਿੰਗਾਰ । ਗੁਰਮੁਖ ਵਿਰਲੇ ਸਾਚੇ ਤੀਰਥ ਨਾਵ੍ਹਣ ਨਹਾਏ । ਪਤਤ ਪਾਵਨ ਧਾਰੇ ਭੇਖ ਜਿਉਂ ਬਲ ਬਾਵਨ, ਗੁਰਮੁਖਾਂ ਡੇਰਾ ਆਪ ਸੁਹਾਏ । ਏਕਾ ਜੋਤ ਰਮਈਆ ਰਾਮਨ, ਦੁਸ਼ਟ ਹੰਕਾਰੀ ਆਪ ਖਪਾਏ । ਅੰਮ੍ਰਿਤ ਬਰਖੇ ਸਾਚਾ ਸਾਵਣ, ਗੁਰਮੁਖਾਂ ਆਤਮ ਅਗਨੀ ਤ੍ਰਿਖਾ ਮਿਟਾਏ । ਅੰਤਮ ਵੇਲੇ ਪਕੜੇ ਦਾਮਨ, ਸੰਤ ਮਨੀ ਸਿੰਘ ਸਾਚਾ ਲੇਖ ਲਿਖਾ, ਨਿਹਕਲੰਕੀ ਜੋਤ ਜਗਾਏ । ਰਾਜੇ ਰਾਣਿਆਂ ਦੇਵੇ ਸਿਖਾ, ਅਨੰਦ ਪੁਰੀ ਹਰਿ ਡੇਰਾ ਲਾਏ । ਅੰਤਮ ਮਿਲੇ ਨਾ ਕਿਸੇ ਭਿੱਖਾ, ਬੇਮੁਖ ਹੋਏ ਕਲਜੁਗ ਜੀਵ ਮਾਇਆਧਾਰੀ ਜਗਤ ਗਵਾਰ ਵਾਹੋ ਦਾਹੀ ਰਹੇ ਹਲਕਾਏ । ਪ੍ਰਭ ਅਬਿਨਾਸ਼ੀ ਏਕਾ ਫੜਿਆ ਤੀਰ ਤਿੱਖਾ, ਸੋਹੰ ਸਾਚਾ ਨਾਮ ਰਖਾਏ । ਹੱਥ ਨਾ ਆਏ ਮੁਨੀ ਰਿਖਾ, ਪੀਰ ਦਸਤਗੀਰ ਰਹੇ ਕੁਰਲਾਏ । ਗੁਰਮੁਖਾਂ ਲਾਹੇ ਆਤਮ ਵਿਖਾ, ਬੇਮੁਖਾਂ ਆਤਮ ਨੀਰ ਵਹਾਏ । ਗੁਰਮੁਖਾਂ ਦੇਵੇ ਸਾਚੀ ਭਿੱਖਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਏ । ਸਾਚਾ ਨਾਮ ਧੁਰ ਫ਼ਰਮਾਨਿਆਂ । ਸਾਚਾ ਨਾਮ ਹਰਿ ਭਗਵਾਨਿਆ । ਸਾਚਾ ਨਾਮ ਆਦਿ ਅੰਤ ਵਿਚ ਜਹਾਨਿਆ । ਸਾਚਾ ਨਾਮ ਮਿਟਾਏ ਅੰਧੇਰੀ ਸ਼ਾਮ, ਜੋਤ ਜਗਾਏ ਕੋਟਨ ਭਾਨਿਆ । ਸਾਚਾ ਨਾਮ ਆਤਮ ਪੂਰ ਕਰਾਏ ਕਾਮ, ਸਾਚਾ ਦੇਵੇ ਬ੍ਰਹਮ ਗਿਆਨਿਆ । ਸਾਚਾ ਨਾਮ ਕੋਈ ਨਾ ਮੰਗੇ ਏਥੇ ਦਾਮ, ਮਿਲੇ ਮੇਲ ਪੁਰਖ ਸੁਜਾਨਿਆ । ਸਾਚਾ ਨਾਮ ਕਾਇਆ ਸੁੱਕਾ ਹਰਿਆ ਕਰੇ ਚਾਮ, ਅੰਮ੍ਰਿਤ ਸਾਚਾ ਜਾਮ ਪਿਆਏ, ਕਿਰਪਾ ਕਰ ਵਡ ਮਿਹਰਬਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪ ਆਪਣੀ ਬਣਤ ਬਣਾ ਰਿਹਾ । ਹਰਿ ਕਾ ਨਾਮ ਅਟਲ, ਜਗਤ ਵਿਸਥਾਰਿਆ । ਵਸੇ ਨਿਹਚਲ ਧਾਮ ਅਟੱਲ, ਅਚਲ ਨਾ ਕਿਸੇ ਵਿਚਾਰਿਆ । ਪ੍ਰਭ ਆਪ ਰਹਾਏ ਦਇਆ ਕਮਾਏ, ਵਿਚ ਟਿਕਾਏ ਜਲ ਥਲ, ਸਾਚੇ ਭਾਣੇ ਆਪ ਸਮਾ ਰਿਹਾ । ਨੌਂ ਦਸ ਗਿਆਰਾਂ

੭੬੦
੦੪

ਬੀਸ ਤੀਸ ਚਾਰ, ਲੇਖਾ ਆਪ ਲਿਖਾ ਰਿਹਾ । ਲੱਖ ਚੁਰਾਸੀ ਮਿਟੇ, ਏਕਾ ਛਤਰ ਝੁਲੇ ਸੀਸਾ, ਹਰਿ ਜਗਦੀਸ਼ਾ ਜੋਤ ਜਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਭਾਣਾ ਆਪਣੇ ਹੱਥ ਰਖਾ ਰਿਹਾ । ਉਠ ਉਠ ਜਾਗ, ਹਰਿ ਭਗਤ ਵਣਜਾਰਿਆ । ਉਠ ਉਠ ਜਾਗ, ਪ੍ਰਭ ਖੋਲ੍ਹੇ ਸਚ ਦਵਾਰਿਆ । ਉਠ ਉਠ ਜਾਗ, ਆਤਮ ਛੱਡ ਝੂਠਾ ਹੰਕਾਰਿਆ । ਉਠ ਉਠ ਜਾਗ, ਨਾਤਾ ਤੁਟੇ ਮੋਹ ਮਾਇਆ ਵਿਚ ਸੰਸਾਰਿਆ । ਉਠ ਉਠ ਜਾਗ, ਪ੍ਰਭ ਚਰਨੀ ਜਾਣਾ ਛੋਹ, ਖੁਲ੍ਹੇ ਭੇਵ ਅਪਰ ਅਪਾਰਿਆ । ਉਠ ਉਠ ਜਾਗ, ਅਵਰ ਨਾ ਦੀਸੇ ਕੋ, ਏਕਾ ਜੋਤ ਜਗਾ ਰਿਹਾ । ਉਠ ਉਠ ਜਾਗ, ਆਤਮ ਨੀਰ ਸਾਚਾ ਰੋ, ਜਗਤ ਨੀਰ ਕਿਉਂ ਵਹਾ ਰਿਹਾ । ਉਠ ਉਠ ਜਾਗ, ਧੋ ਆਪਣਾ ਪਿਛਲਾ ਦਾਗ, ਜੁਗ ਤਰੇਤਾ ਫੇਰ ਸੁਹਾ ਰਿਹਾ । ਉਠ ਉਠ ਜਾਗ, ਪ੍ਰਭ ਲਾਏ ਕਾਇਆ ਭਾਗ, ਦੀਪਕ ਜੋਤੀ ਵਿਚ ਟਿਕਾ ਰਿਹਾ । ਉਠ ਉਠ ਜਾਗ, ਪ੍ਰਭ ਹੰਸ ਬਣਾਏ ਕਾਗ, ਸੋਹੰ ਮੋਤੀ ਚੋਗ ਚੁਗਾ ਰਿਹਾ । ਉਠ ਉਠ ਜਾਗ, ਪ੍ਰਭ ਪਕੜੇ ਤੇਰੀ ਵਾਗ, ਸਾਚਾ ਰਾਹ ਇਕ ਵਖਾ ਰਿਹਾ । ਉਠ ਉਠ ਜਾਗ, ਪ੍ਰਭ ਮਿਲਿਆ ਕੰਤ ਸੁਹਾਗ, ਸਾਚੀ ਬਣਤ ਮਾਤ ਬਣਾ ਰਿਹਾ । ਉਠ ਉਠ ਜਾਗ, ਸੁਣ ਸਾਚਾ ਰਾਗ ਤੁਟੇ ਮੁਨ ਖੁੱਲ੍ਹੇ ਸੁੰਨ, ਪ੍ਰਭ ਸਾਚਾ ਸ਼ਬਦ ਸੁਣਾ ਰਿਹਾ । ਉਠ ਉਠ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਿਛੋੜਾ ਆਪਣਾ ਆਪ ਗਵਾ ਰਿਹਾ । ਉਠ ਉਠ ਜਾਗ, ਵਕਤ ਸੁਹੇਲੜਾ । ਉਠ ਉਠ ਜਾਗ, ਪੂਰਨ ਹੋਏ ਭਾਗ ਪ੍ਰਭ ਮਿਲਿਆ ਇਕ ਇਕੇਲੜਾ । ਧੁਰਦਰਗਾਹੀ ਸਾਚਾ ਮਾਹੀ ਨੌਜਵਾਨਾ ਬਲੀ ਬਲਵਾਨਾ ਵਡ ਅਲਬੇਲੜਾ । ਸ਼ਬਦ ਰੱਖੇ ਨਾਮ ਮਸਤਾਨਾ, ਆਤਮ ਬੰਨ੍ਹੇ ਹਰਿ ਜੀ ਗਾਨਾ, ਸਾਚਾ ਬਖ਼ਸ਼ੇ ਚਰਨ ਧਿਆਨਾ, ਆਪੇ ਬਣੇ ਸੱਜਣ ਸੁਹੇਲੜਾ । ਸੋਹੰ ਸ਼ਬਦ ਪੀਣਾ ਖਾਣਾ, ਸਦਾ ਜੀਣਾ ਨਾਉਂ ਰਖਾਨਾ, ਤਨ ਪਾਟੀ ਕਾਇਆ ਚੋਲੀ ਆਪਣੀ ਹੱਥੀਂ ਆਪ ਸਵਾਣਾ, ਪ੍ਰਭ ਆਪ ਕਰਾਇਆ ਆਪਣਾ ਮਹੱਲੜਾ । ਸਾਚਾ ਸ਼ਬਦ ਰਸਨਾ ਗਾਣਾ । ਛੱਤੀ ਰਾਗਾਂ ਮਾਣ ਗਵਾਣਾ । ਬੱਤੀ ਦੰਦੀ ਹਰਿ ਜੀ ਧਿਆਣਾ । ਰਸਨਾ ਹੋਏ ਨਾ ਗੰਦੀ, ਮਦਿਰਾ ਮਾਸ ਮੁਖ ਨਾ ਲਾਉਣਾ । ਆਤਮ ਚੜ੍ਹੇ ਚੰਦ ਨੌਚੰਦੀ, ਮਸਿਆ ਅੰਧੇਰ ਆਪ ਮਿਟਾਉਣਾ । ਖ਼ੁਸ਼ੀ ਕਰਾਏ ਬੰਦ ਬੰਦੀ, ਜਗਤ ਵਿਕਾਰ ਝੂਠੀ ਧੰਦੀ, ਆਪ ਮਿਟਾਏ ਭਰਮੀ ਕੰਧੀ, ਨਾਵੇਂ ਦਰ ਬੰਦ ਕਰਾਨਾ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ੰਦੀ, ਸੋਹੰ ਸ਼ਬਦ ਪਾਏ ਫੰਦੀ, ਲੱਖ ਚੁਰਾਸੀ ਹੋਈ ਅੰਧੀ, ਗੁਰਮੁਖ ਸਾਚੇ ਸਾਚੇ ਧਾਮ, ਦਸਵੇਂ ਘਰ ਦਸੇ ਇਕ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਤ ਸੁਹੇਲਾ ਇਕ ਇਕੇਲਾ, ਮਿਲਿਆ ਮੇਲ ਸ੍ਰੀ ਭਗਵਾਨਾ । ਉਠ ਉਠ ਉਠ ਜਾਗ, ਸ਼ਬਦ ਵਣਜਾਰਿਆ । ਉਠ ਉਠ ਉਠ ਜਾਗ, ਪ੍ਰਭ ਸਾਚਾ ਬਖ਼ਸ਼ੇ ਚਰਨ ਪਿਆਰਿਆ । ਉਠ ਉਠ ਉਠ ਜਾਗ, ਹਰਿ ਦੇਵੇ ਚਰਨ ਧੂੜ, ਜੀਵ ਜੰਤ ਮੂੜ੍ਹ, ਚਤੁਰ ਸੁਘੜ ਸਿਆਣਿਆ । ਉਠ ਉਠ ਉਠ ਜਾਗ, ਲੱਖ ਚੁਰਾਸੀ ਕੂੜੋ ਕੂੜ, ਸਾਚਾ ਨੂਰ ਇਕ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹਰਿ ਦਰ ਦੁਲਾਰੇ, ਆਤਮ ਦੇਵੇ ਬ੍ਰਹਮ ਗਿਆਨਿਆ । ਸਚ ਬ੍ਰਹਮ ਹਰਿ ਧਿਆਨ ਹੈ । ਸਾਚਾ ਕਰਮ ਧਰਮ ਨਿਸ਼ਾਨ ਹੈ । ਮਾਨਸ ਦੇਹੀ ਸਾਚਾ ਜਰਮ, ਲੱਖ ਚੁਰਾਸੀ ਫੰਦ ਕਟਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਮੇਲ, ਦਰ ਦਵਾਰੇ ਦਇਆਵਾਨ ਹੈ । ਨੇਤਰ ਨੀਰ ਸਚ ਵਿਰੋਲਿਆ । ਪ੍ਰਭ ਸਾਚੇ ਪੜਦਾ ਫੋਲਿਆ । ਸਾਚਾ ਸੀਰ ਚਰਨ ਦਵਾਰੇ ਡੋਲ੍ਹਿਆ । ਕਟੇ ਹਉਮੇ ਪੀੜ, ਸ਼ਬਦ ਜੈਕਾਰਾ ਏਕਾ ਬੋਲਿਆ । ਆਪੇ ਬੰਨ੍ਹੇ ਮਾਤ

ਬੀੜ, ਪ੍ਰਭ ਪੂਰਾ ਤੋਲ ਤੋਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਸਾਚੇ ਘਰ, ਗੁਰਮੁਖ ਸਾਚੇ ਆਪ ਖੋਲ੍ਹਿਆ । ਖੋਲ੍ਹੇ ਦਰ ਮਿਟੇ ਅੰਧਿਆਰਾ । ਸਾਚੀ ਜੋਤ ਕਰੇ ਉਜਿਆਰਾ । ਦੇਵੇ ਨਾਮ ਵਸਤ ਅਪਾਰਾ । ਸੋਹੰ ਸ਼ਬਦ ਸੱਚੀ ਸਰਕਾਰਾ । ਪਵਣ ਜੋਤੀ ਇਕ ਹੁਲਾਰਾ । ਤਿੰਨਾਂ ਮੇਲ ਸਚ ਘਰ ਬਾਹਰਾ । ਦਸਵੇਂ ਘਰ ਹਰਿ ਜੀ ਸੁੱਤਾ, ਸਾਚੀ ਸੇਜਾ ਆਪਣੀ ਦੋਏ ਪੈਰ ਪਸਾਰਾ । ਆਪ ਸੁਹਾਏ ਗੁਰਮੁਖ ਤੇਰੀ ਕਾਇਆ ਸਾਚੀ ਰੁੱਤਾ, ਅੰਮ੍ਰਿਤ ਫਲ ਲਗਾਏ ਕਲਜੁਗ ਤੇਰੀ ਅੰਤਮ ਵਾਰਾ । ਲੱਖ ਚੁਰਾਸੀ ਖ਼ਾਲੀ ਦਿਸੇ ਬੁੱਤਾ, ਜੋਤੀ ਜਗੇ ਨਾ ਹਰਿ ਕਰਤਾਰਾ । ਮਦਿਰਾ ਮਾਸੀ ਪਾਪੀ ਕੁੱਤਾ, ਚਾਰੋਂ ਕੁੰਟ ਫਿਰੇ ਹਲਕਾਰਾ ਹਰਿ ਭਗਤ ਦਰ ਦਵਾਰੇ ਜਾਏ ਸੁੱਤਾ, ਪ੍ਰਭ ਅੱਠੇ ਪਹਿਰ ਦੇਵੇ ਪਹਿਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸੱਚਾ ਨਾਮ ਵਰ, ਮੇਟ ਮਿਟਾਏ ਪੰਚਾਂ ਕਾਇਰਾਂ । ਪੰਜਾਂ ਪਾਏ ਹੱਥਕੜੀ ਸ਼ਬਦ ਡੋਰ ਹੈ । ਸਾਚਾ ਦੇਵੇ ਨਾਮ ਧਨ, ਨਾ ਲੱਗੇ ਕੋਈ ਚੋਰ ਹੈ । ਗੁਰਮੁਖਾਂ ਬੇੜਾ ਦੇਵੇ ਬੰਨ੍ਹ, ਧਰਮ ਰਾਏ ਨਾ ਦੇਵੇ ਡੰਨ, ਆਪ ਆਪਣਾ ਨਾਲ ਰਿਹਾ ਤੋਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਧਾੜ ਪਰੇ ਹਟਾਏ, ਆਤਮ ਦਰ ਨਾ ਪਾਏ ਕੋਈ ਸ਼ੋਰ ਹੈ । ਛੱਬੀ ਪੋਹ ਖ਼ੁਸ਼ੀ ਮਨਾਈਆ । ਗੁਰਮੁਖ ਸਾਚੇ ਸੰਤ ਜਨਾਂ, ਦੇਵੇ ਮਾਤ ਵਡਿਆਈਆ । ਏਕਾ ਦੇਵੇ ਨਾਮ ਧਨਾ, ਆਤਮ ਭੁੱਖ ਰਹੇ ਨਾ ਰਾਈਆ । ਕੋਈ ਨਾ ਲੱਗੇ ਮਾਤ ਸੰਨ੍ਹਾ, ਠਗ ਚੋਰ ਨਾ ਕੋਈ ਚੁਰਾਈਆ । ਪ੍ਰਭ ਅਬਿਨਾਸ਼ੀ ਬੇੜਾ ਸਚ ਬੰਨ੍ਹਾ, ਭਾਰ ਆਪਣੇ ਸੀਸ ਉਠਾਈਆ । ਇਕ ਸੁਣਾਇਆ ਰਾਗ ਕੰਨਾ, ਰਾਗ ਛਤੀਸ ਲੇਖ ਮੁਕਾਈਆ । ਗੁਰਮੁਖ ਚੜ੍ਹਾਇਆ ਸਾਚਾ ਚੰਨਾ, ਸਿੰਘ ਜਗਦੀਸ਼ ਸਾਚੀ ਸੇਵਾ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ
੭੬੨ ੦੪ ਮੰਦਰ ਆਪ ਸੁਹਾਈਆ । ਛੱਬੀ ਪੋਹ ਦਿਵਸ ਸੁਹਾ ਕੇ । ਗੁਰਮੁਖ ਸਾਚੇ ਸੰਤ ਜਗਾ ਕੇ । ਸੋਹੰ ਸਾਚਾ ਜਾਪ ਜਪਾ ਕੇ । ਦਰ ਘਰ ਸਾਚੇ ੭੬੨ ੦੪
ਆਏ ਮੰਗਣ, ਸਾਚੇ ਸਰ ਸਰੋਵਰ ਤੀਰਥ ਨਾਹਵਣ ਜਾਇਣ ਨੁਹਾ ਕੇ । ਆਪ ਰਖਾਏ ਆਪਣੇ ਅੰਗਣ, ਦੂਜਾ ਦਰ ਕੋਈ ਨਾ ਮੰਗਣ, ਸਾਚਾ ਮੇਲਾ ਪਾਰ ਗਗਨ । ਪ੍ਰਭ ਸ਼ਬਦ ਪਹਿਨਾਏ ਹੱਥ ਕੰਗਣ, ਦੇਵੇ ਮਾਣ ਵਿਚ ਸੰਸਾਰ, ਦੀਪਕ ਜੋਤੀ ਸਾਚੇ ਜਗਣ । ਅੱਠੇ ਪਹਿਰ ਰਹੇ ਮਗਨ । ਸੋਹੰ ਸ਼ਬਦ ਮੁਖ ਲਗਾਏ ਸਗਨ । ਹਰਿਜਨ ਸਾਚੇ ਚਰਨੀ ਲੱਗਣ । ਮਿਲਿਆ ਏਕਾ ਹਰ ਭਤਾਰਾ, ਬੇਮੁਖ ਜੀਵ ਝੂਠੇ ਵਹਿਣ ਵਗਣ । ਕਲਜੁਗ ਮਾਇਆ ਲੱਗੀ ਅਗਨ । ਕਾਇਆ ਮੰਦਰ ਝੂਠਾ ਦਵਾਰ ਗੁਰਮੁਖਾਂ ਬੰਨ੍ਹੇ ਸਾਚੇ ਤਗਨ । ਲੱਖ ਚੁਰਾਸੀ ਹੋਈ ਨਗਨ । ਸ਼ਬਦ ਲਗਾਏ ਮਗਰ ਧਾੜ, ਗੁਰਮੁਖਾਂ ਲਗਾਏ ਸਾਚੀ ਲਗਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਸਤਾਰਾਂ ਹਾੜ । ਸਾਚਾ ਦਰਬਾਰ ਕਰ ਤਿਆਰ । ਛੱਬੀ ਪੋਹ ਕਰ ਵਿਚਾਰ । ਗੁਰਮੁਖਾਂ ਦੇਵੇ ਨਾਮ ਅਪਾਰ । ਆਤਮ ਸੁਖ ਦਸਮ ਦਵਾਰ । ਉਲਟਾ ਰੁੱਖ ਗਰਭ ਅੰਧਿਆਰ । ਉਜਲ ਕਰੇ ਮਾਤ ਕੁੱਖ, ਲੱਖ ਚੁਰਾਸੀ ਪਾਰ ਕਿਨਾਰ । ਜੋਤੀ ਧੂੰਆਂ ਸਾਚਾ ਧੁਖੇ ਅੰਦਰ ਬਾਹਰ । ਗੁਰਮੁਖਾਂ ਕਰੇ ਸੁਫਲ ਕੁੱਖੇ, ਮਿਲਿਆ ਮੇਲ ਸਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਲੋਕਮਾਤ ਪਾਵਣ ਆਇਆ ਸਾਰ ।

✻ ੨੮ ਪੋਹ ੨੦੧੧ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹ ਪਿੰਡ ਕਾਦਰਾਬਾਦ ਜ਼ਿਲਾ ਗੁਰਦਾਸਪੁਰ ✻

ਚਾਰ ਵਰਨ ਸਰਕਾਰ ਹਰਿ ਨਿਰੰਕਾਰਿਆ । ਚਿੱਟੇ ਅਸਵ ਹੋ ਅਸਵਾਰ, ਦਹਿ ਦਿਸ਼ਾ ਪਾਵੇ ਸਾਰਿਆ । ਸ਼ਬਦ ਡੋਲਾ ਕਰ ਤਿਆਰ, ਲੋਕਮਾਤ ਆਵੇ ਜਾਵੇ ਵਾਰੋ ਵਾਰਿਆ । ਸਾਚਾ ਚੋਲਾ ਤਨ ਸ਼ਿੰਗਾਰ, ਜੋਤੀ ਜਾਮਾ ਹਰਿ ਉਪਾ ਰਿਹਾ । ਗੁਰਮੁਖ ਸੁਣ ਰਿਹਾ ਪੁਕਾਰ, ਸਾਚਾ ਭਾਣਾ ਹਰਿ ਸੁਹਾ ਰਿਹਾ । ਸਾਚੀ ਬੰਨ੍ਹੇ ਮਾਤ ਧਾਰ, ਲਹਿਣਾ ਦੇਣਾ ਆਪ ਚੁਕਾ ਰਿਹਾ । ਕਲਜੁਗ ਚਲੀ ਅਵਲੜੀ ਚਾਲ, ਸ਼ਬਦ ਤੀਰ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਬਣਤ ਬਣਾ ਰਿਹਾ । ਸਾਚੀ ਬਣਤ ਬਣਾਏ ਜਗਤ ਸਮਝਾਇੰਦਾ । ਜੋਤੀ ਜਾਮਾ ਹਰਿ ਜੀ ਪਾਏ, ਦਿਸ ਨਾ ਆਇੰਦਾ । ਪੂਰ ਕਰਾਏ ਆਪਣਾ ਕਾਮ, ਨੌਂ ਖੰਡ ਪ੍ਰਿਥਮੀ, ਲੋਕਮਾਤ ਸਾਚਾ ਹੁਕਮ ਸੁਣਾਇੰਦਾ । ਮਿਟਾਏ ਰੈਣ ਅੰਧੇਰੀ ਰਾਤ, ਜੋਤੀ ਨੂਰ ਇਕ ਰੁਸ਼ਨਾਇੰਦਾ । ਜਨ ਭਗਤਾਂ ਪੁੱਛੇ ਅੰਤਮ ਵਾਤ, ਸ਼ਬਦੀ ਮੇਲਾ ਆਪ ਮਿਲਾਇੰਦਾ । ਆਪੇ ਗੁਰ ਆਪੇ ਚੇਲਾ, ਪਾਰਬ੍ਰਹਮ ਸਚ ਖੇਲ ਖੇਲਾ, ਕਲਜੁਗ ਜੀਵਾਂ ਵਕਤ ਦੁਹੇਲਾ, ਦੇ ਮਤ ਨਾ ਕੋਈ ਸਮਝਾਇੰਦਾ । ਕਲਜੁਗ ਜੀਵ ਜਗਤ ਗਵਾਰ, ਚਾਰੋਂ ਕੁੰਟ ਪੈਣੀ ਮਾਰ, ਸ਼ਬਦ ਡੰਡਾ ਹਰਿ ਹੱਥ ਉਠਾਏ । ਪੂਰਬ ਕਰੇ ਹਰਿ ਵਿਚਾਰ, ਕਲਜੁਗ ਧੱਕਾ ਏਕਾ ਲਾਏ । ਮਾਤਲੋਕ ਵਿਚੋਂ ਹੋਏ ਬਾਹਰ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਬਣਤ ਬਣਾਏ । ਕਲਜੁਗ ਉਠ ਕਰ ਤਿਆਰੀ । ਅੰਤਮ ਆਈ ਤੇਰੀ ਵਾਰੀ । ਲੱਖ ਚੁਰਾਸੀ ਗਈ ਹਾਰੀ । ਮਦਿਰਾ ਮਾਸੀ ਕਰਨ ਖੁਆਰੀ । ਘਰ ਘਰ ਦਰ ਦਰ ਫਿਰੇ ਦੁਹਾਗਣ ਨਾਰੀ ਗੁਰਮੁਖ ਸਾਚਾ ਸਚ ਸੁਹੇਲਾ ਸਾਚਾ ਮੇਲਾ ਨਿਰਗੁਣ ਰੂਪ ਇਕ ਅਪਾਰੀ । ਜੋਤੀ ਜਾਮਾ ਹਰਿ ਭਗਵਾਨਾ, ਸਾਚਾ ਖੇਲ ਨੌਜਵਾਨਾ, ਨਾ ਕੋਈ ਜਾਣੇ ਜੰਤ ਗਵਾਰੀ । ਸ਼ਬਦ ਤੀਰ ਰਸਨ ਕਮਾਨਾ, ਖਿੱਚੇ ਹਰਿ ਬਲੀ ਬਲਵਾਨਾ, ਲੋਆਂ ਪੁਰੀਆਂ ਜਾਏ ਪਾੜੀ । ਸਿਧਾ ਰੱਖੇ ਇਕ ਨਿਸ਼ਾਨਾ, ਬੇਮੁਖਾਂ ਬੰਨ੍ਹੇ ਹੱਥੀਂ ਗਾਨਾ, ਲਾੜੀ ਮੌਤ ਸਾਚੀ ਘੋੜੀ ਜਾਏ ਚਾੜ੍ਹੀ । ਆਪ ਚੁਕਾਏ ਪੀਣਾ ਖਾਣਾ, ਨਾ ਕੋਈ ਦਿਸੇ ਜੀਵ ਸ਼ੈਤਾਨਾ, ਇਕ ਰਖਾਏ ਸ਼ਬਦ ਆਣਾ, ਅੱਗ ਲਗਾਏ ਬਹੱਤਰ ਨਾੜੀ । ਗੁਰਮੁਖਾਂ ਦੇਵੇ ਨਾਮ ਸ਼ਬਦ ਬਿਬਾਣਾ, ਚਾਰੋਂ ਕੁੰਟਾਂ ਇਕ ਉਡਾਨਾ, ਜੋਤੀ ਮੇਲ ਆਪ ਮਿਲਾਨਾ, ਸਾਚੇ ਦਰ ਹਰਿ ਬਹਾਇੰਦਾ । ਆਪੇ ਗੋਪੀ ਆਪੇ ਕਾਹਨਾ, ਆਪੇ ਸ਼ਬਦ ਆਪ ਤਰਾਨਾ, ਆਪੇ ਰੰਗ ਰੰਗੀਲਾ ਮਾਧਵ, ਰੰਗ ਆਪਣੇ ਹਰਿ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਇਕ ਧਰਾਇੰਦਾ । ਜੋਤੀ ਜਾਮਾ ਮਾਤ ਬਲਕਾਰਿਆ । ਮੇਟ ਮਿਟਾਏ ਵਰਨ ਗੋਤੀ, ਏਕਾ ਧਾਰ ਹਰਿ ਬੰਨ੍ਹਾ ਰਿਹਾ । ਗੁਰਮੁਖਾਂ ਉਠਾਏ ਆਤਮ ਸੋਤੀ, ਸ਼ਬਦ ਹਲੂਣਾ ਇਕ ਦਵਾ ਰਿਹਾ । ਆਪ ਬਣਾਏ ਮਾਣਕ ਸਾਚੇ ਮੋਤੀ, ਸਾਚੀ ਜੋਤੀ ਵਿਚ ਟਿਕਾ, ਦੁਰਮਤ ਮੈਲ ਜਾਏ ਧੋਤੀ, ਜਨ ਆਏ ਸਰਨ ਨਿਮਸਕਾਰਿਆ । ਲੱਖ ਚੁਰਾਸੀ ਘਰ ਘਰ ਰੋਤੀ, ਨਾ ਮਿਲੇ ਕੰਤ ਭਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ, ਦੇਵੇ ਨਾਮ ਅਪਰ ਅਪਾਰਿਆ । ਸਾਚਾ ਨਾਮ ਅਪਾਰ, ਵਸਤ ਧੁਰਦਰਗਾਹੀਆ । ਪ੍ਰਭ ਅਬਿਨਾਸ਼ੀ ਲੈ ਕੇ ਆਇਆ ਕਲਜੁਗ ਤੇਰੀ ਅੰਤਮ ਵਾਰ, ਸਾਚੀ ਰੁੱਤ ਸੁਹਾਈਆ । ਸ਼ਬਦੀ ਚੋਲਾ ਤਨ ਸ਼ਿੰਗਾਰ, ਸੋਲਾਂ ਕਲੀਆਂ ਹਰਿ ਦਾਤਾਰ, ਆਪਣੀ ਬਣਤ ਆਪ ਬਣਾਈਆ । ਨਾ ਕੋਈ ਜਾਣੇ ਜੀਵ ਗਵਾਰ, ਸਾਧ ਸੰਤ ਹੋਏ ਖਵਾਰ, ਪ੍ਰਭ ਅਬਿਨਾਸ਼ੀ ਭੇਵ ਨਾ

੭੬੩
੦੪

ਪਾਈਆ । ਏਕਾ ਜੋਤੀ ਆਦਿ ਅੰਤ ਹਰਿ ਭਗਵੰਤ, ਗੁਰਮੁਖਾਂ ਮੇਲ ਮਿਲਾਈਆ । ਆਪ ਬਣਾਏ ਸਾਚੀ ਬਣਤ, ਮਹਿੰਮਾ ਜਗਤ ਸਦਾ ਅਗਣਤ, ਨਾ ਲੇਖਾ ਕੋਈ ਲਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਭੇਖ ਸ਼ਬਦ ਕਟਾਰਿਆ । ਨਾ ਕੋਈ ਰੂਪ ਨਾ ਕੋਈ ਰੇਖ, ਲੋਆਂ ਪੁਰੀਆਂ ਹਰਿ ਪਸਾਰਿਆ । ਕਲਜੁਗ ਜੀਵ ਚਾਰੋਂ ਕੁੰਟ ਰਹੇ ਵੇਖ, ਪ੍ਰਭ ਅਬਿਨਾਸ਼ੀ ਕਿਹੜੀ ਕੂਟੇ ਜਾਮਾ ਧਾਰਿਆ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਮਾਇਆ ਭੁੱਲੇ ਜੀਵ ਹੰਕਾਰਿਆ । ਗੁਰਮੁਖਾਂ ਲਿਖਾਏ ਪ੍ਰਭ ਸਾਚਾ ਲੇਖ, ਦੇਵੇ ਦਰਸ ਅਗੰਮ ਅਗੋਚਰ, ਅਨਾਦ ਅਨਾਦੀ ਜੋਤ ਉਜਾਲਾ, ਹਰਿ ਕਿਰਪਾਲਾ ਆਪੇ ਆਪ ਕਰਾ ਰਿਹਾ । ਚੁਕਾਏ ਭੇਵ ਬ੍ਰਹਮ ਬ੍ਰਹਿਮਾਦੀ, ਸ਼ਬਦ ਨਾਦੀ ਇਕ ਸੁਣਾ ਰਿਹਾ । । ਸ਼ਬਦ ਚਲੇ ਬੋਧ ਅਗਾਧੀ, ਸਾਧ ਸੰਤ ਕੋਇ ਭੇਵ ਨਾ ਪਾ ਰਿਹਾ । ਗੁਰਮੁਖ ਸਾਚੇ ਸੰਤ ਜਨਾਂ, ਦੇਵੇ ਸ਼ਬਦ ਸਾਚੀ ਦਾਦ, ਆਤਮ ਝੋਲੀ ਹਰਿ ਭਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾ ਰਿਹਾ । ਦੇਵੇ ਸ਼ਬਦ ਦਾਤ ਜਗਤ ਵਡਿਆਈਆ । ਮਿਟਾਏ ਅੰਧੇਰੀ ਰਾਤ, ਆਤਮ ਜੋਤੀ ਇਕ ਜਗਾਈਆ । ਸੋਹੰ ਸ਼ਬਦ ਸਚ ਸੁਗਾਤ, ਸਤਿਜੁਗ ਤੇਰੇ ਹਿੱਸੇ ਆਈਆ । ਪ੍ਰਭ ਆਪ ਧਰਾਏ ਲੋਕਮਾਤ, ਗੁਰਮੁਖਾਂ ਵੰਡ ਕਰਾਈਆ । ਚਾਰੇ ਕੁੰਟਾਂ ਮਾਰੇ ਝਾਤ, ਦਹਿ ਦਿਸ਼ਾ ਪੁਰੀਆਂ ਲੋਆਂ ਮਾਤ ਪਤਾਲ ਅਕਾਸ਼ ਗਗਨ ਪਤਾਲਾਂ ਸਾਰ ਨਾ ਪਾਈਆ । ਕੁਰਾਨ ਅੰਜੀਲਾਂ ਵੇਦ ਪੁਰਾਨਾਂ, ਖਾਣੀ ਬਾਣੀ ਸਾਚੀ ਰਾਣੀ ਬੇਮੁਹਾਣੀ, ਪ੍ਰਭ ਸਾਚਾ ਰਸਨਾ ਗਾਈਆ । ਆਪੇ ਤਣਿਆ ਤਾਣਾ ਜਾਲੀ, ਦੀਪਕ ਜੋਤ ਮਸਤਕ ਬਾਲੀ, ਸ਼ਬਦ ਫਲ ਕਾਇਆ ਡਾਲੀ, ਬੇਮੁਖ ਜੀਵਾਂ ਹੱਥ ਨਾ ਆਈਆ । ਕਲਜੁਗ ਚਲੇ ਚਾਲ ਨਿਰਾਲੀ, ਦੋਵਾਂ ਹੱਥਾਂ ਰੱਖੇ ਖ਼ਾਲੀ, ਸ਼ਬਦ ਡੋਰੀ ਇਕ ਰਖਾਈਆ । ਧਰਤ ਮਾਤ ਤੇਰਾ ਸਾਚਾ ਮਾਲੀ, ਅੱਠੇ ਪਹਿਰ ਕਰੇ ਰਖਵਾਲੀ, ਸ਼ਬਦ ਰੱਖੇ ਵਿਚ ਦਲਾਲੀ, ਗੁਰਮੁਖਾਂ ਸੰਗ ਨਿਭਾਈਆ । ਸੱਚਾ ਨਾਮ ਹੱਕ ਹਲਾਲੀ, ਆਤਮ ਨੂਰ ਜੋਤ ਜਲਾਲੀ, ਮਿਟੇ ਰੈਣ ਅੰਧੇਰੀ ਕਾਲੀ, ਸਾਚੀ ਜੋਤੀ ਆਪ ਜਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਦੁਰਮਤ ਮੈਲ ਆਤਮ ਧੋ, ਸਾਚਾ ਬੀਜ ਬੋ, ਸਚ ਸਰੋਵਰ ਅੰਮ੍ਰਿਤ ਤਾਲ ਠੰਡਾ ਨੀਰ ਚੁਆਈਆ । ਅੰਮ੍ਰਿਤ ਸਾਚਾ ਤਾਲ ਠੰਡਾ ਨੀਰਿਆ । ਗੁਰਮੁਖ ਵਿਰਲਾ ਮਾਰੇ ਛਾਲ, ਹੋਏ ਠੰਡਾ ਕਲ ਸਰੀਰਿਆ । ਕਾਇਆ ਬੂਟਾ ਰਿਹਾ ਪਾਲ, ਵੇਲਾ ਅੰਤ ਅਖੀਰਿਆ । ਕੋਈ ਨਾ ਨਿਭੇ ਕਿਸੇ ਨਾਲ, ਭੁੱਲੇ ਫਿਰਦੇ ਪੀਰ ਫ਼ਕੀਰਿਆ । ਨਾ ਕੋਈ ਤੋੜੇ ਜਗਤ ਜੰਜਾਲ, ਸ਼ਾਹ ਸੁਲਤਾਨ ਹਕੀਰਿਆ । ਰਾਜੇ ਰਾਣੇ ਹੋਏ ਕੰਗਾਲ, ਆਤਮ ਤੁੱਟੀ ਧੀਰਿਆ । ਪ੍ਰਭ ਆਪੇ ਰਿਹਾ ਆਪਣੀ ਸੁਰਤ ਸੰਭਾਲ, ਫੜ ਫੜ ਬੰਨ੍ਹੇ ਸ਼ਬਦ ਜ਼ੰਜੀਰਿਆ । ਜਗਤ ਅਵਲੜੀ ਚਲੇ ਚਾਲ, ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਕਟੇ ਮਾਤ ਭੀੜਿਆ । ਗੁਰਮੁਖਾਂ ਕਟੇ ਭੀੜ ਸਦਾ ਸਹਾਈ ਹੈ । ਪ੍ਰਭ ਬੰਨ੍ਹਣ ਆਇਆ ਬੀੜ, ਦੇਵੇ ਮਾਤ ਵਡਿਆਈ ਹੈ । ਹਉਮੇ ਵਿਚੋਂ ਕੱਢੇ ਪੀੜ, ਦੇਵੇ ਸਦਾ ਸੱਚੀ ਧੁਨਕਾਈ ਹੈ । ਨਾ ਕੋਈ ਹਸਤ ਨਾ ਕੋਈ ਕੀੜ ਏਕਾ ਰੰਗ ਹਰਿ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚੀ ਬਣਤ ਰਿਹਾ ਬਣਾਈਆ । ਸਾਚੀ ਬਣਤ ਬਣਾਏ ਦਇਆ ਕਮਾਇੰਦਾ । ਮਹਿੰਮਾ ਅਗਣਤ ਗਣੀ ਨਾ ਜਾਏ, ਆਪ ਆਪਣਾ ਭੇਵ ਛੁਪਾਇੰਦਾ । ਸੰਤ ਮਨੀ ਸਿੰਘ ਲੇਖ ਲਿਖਾਏ, ਅੰਤਮ ਕਲਜੁਗ ਪੂਰ ਕਰਾਇੰਦਾ । ਰਾਓ ਰਾਜਾਨ ਸ਼ਾਹ ਸੁਲਤਾਨ, ਵਿਚ ਜਹਾਨ ਫੜ ਫੜ ਆਪ ਉਠਾਇੰਦਾ ।

੭੬੪
੦੪

ਸੁੱਤਾ ਕੋਈ ਰਹਿ ਨਾ ਜਾਏ, ਸ਼ਬਦ ਬਿਬਾਣ ਇਕ ਉਡਾਣ, ਕਰ ਧਿਆਨ ਚਾਰੋਂ ਕੁੰਟ ਵੇਖ ਵਖਾਇੰਦਾ । ਇਕ ਝੁਲਾਏ ਧਰਮ ਨਿਸ਼ਾਨ, ਮੇਟ ਮਿਟਾਏ ਬੇਈਮਾਨ, ਠੱਗਾਂ ਚੋਰਾਂ ਯਾਰਾਂ ਸ਼ਬਦ ਡੰਡਾ ਸੀਸ ਲਗਾਇੰਦਾ । ਨਾ ਕੋਈ ਪੜ੍ਹੇ ਅੰਜ਼ੀਲ ਕੁਰਾਨ, ਵੇਦ ਪੁਰਾਨਾਂ ਆਈ ਹਾਨ, ਕਲਜੁਗ ਲਾਹੇ ਅੰਤ ਮੁਕਾਣ, ਜੋਤੀ ਜਾਮਾ ਹਰਿ ਰਖਾਇੰਦਾ । ਸੋਹੰ ਸ਼ਬਦ ਸੱਚੀ ਆਣ, ਦੇਵੇ ਦਾਤ ਹਰਿ ਭਗਵਾਨ, ਦਰਗਹਿ ਸਾਚੀ ਸਾਚਾ ਮਾਣ, ਜੋ ਜਨ ਮਾਤ ਰਸਨਾ ਗਾਇੰਦਾ । ਲੱਖ ਚੁਰਾਸੀ ਫੰਦ ਕਟਾਨ, ਅੱਠੇ ਪਹਿਰ ਹਰਿ ਮਿਹਰਬਾਨ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਸਦ ਸਮਾਇੰਦਾ । ਹਰਿ ਭਾਣਾ ਬਲਵਾਨ ਕੋਇ ਨਾ ਜਾਣਦਾ । ਵਡ ਸ਼ਾਹ ਸੁਲਤਾਨ, ਵਾਲੀ ਦੋ ਜਹਾਨ ਦਾ । ਰੰਗ ਆਪਣਾ ਆਪੇ ਮਾਣਦਾ । ਕਰੇ ਖੇਲ ਜਗਤ ਮਹਾਨ, ਕਿਸੇ ਹੱਥ ਨਾ ਆਏ ਰਾਗ ਛਤੀਸ ਰਸਨਾ ਗਾਣ । ਵੇਦ ਪੁਰਾਨ ਪੜ੍ਹ ਪੜ੍ਹ ਥੱਕੇ, ਪੰਡਤ ਕਾਂਸ਼ੀ ਗੀਤਾ ਗਿਆਨ । ਮੁੱਲਾਂ ਕਾਜੀ ਵਡ ਵਡ ਪਾਜੀ, ਸ਼ਬਦ ਨਿਮਾਜ਼ਾਂ ਵੇਖ ਵਖਾਨਣ ਅੰਜੀਲ ਕੁਰਾਨ । ਪ੍ਰਭ ਚਿੱਟੇ ਅਸਵ ਚੜ੍ਹਿਆ ਤਾਜੀ, ਨਾ ਦੇਖੇ ਕੋਈ ਨਿਸ਼ਾਨ । ਘਰ ਘਰ ਡੋਲੇ ਸ਼ਾਹ ਗਾਜ਼ੀ, ਉਠੇ ਜੋਧਾ ਸੂਰਾ ਵਡ ਬਲੀ ਬਲਵਾਨ । ਗੁਰਮੁਖਾਂ ਰੱਖੇ ਹਰਿ ਲਾਜੀ, ਆਪੇ ਮਾਰੇ ਸ਼ਬਦ ਅਵਾਜੀ, ਦੇਵੇ ਨਾਮ ਗੁਣ ਨਿਧਾਨ । ਅੰਤਮ ਵੇਲੇ ਪਰਦੇ ਕਾਜੀ, ਕਾਇਆ ਸਾਜਣ ਜਿਸ ਨੇ ਸਾਜੀ, ਆਤਮ ਜੋਤੀ ਸ਼ਬਦ ਬਿਬਾਣ । ਪਵਣ ਸਵਾਸੀ ਹਰਿ ਭਗਵਾਨਾ । ਏਕਾ ਬਖ਼ਸ਼ੇ ਜੀਆ ਦਾਨਾ । ਨਾ ਕੋਈ ਜਾਣੇ ਜੀਵ ਨਿਧਾਨਾ । ਜੋਤੀ ਜਾਮ ਕ੍ਰਿਸ਼ਨਾ ਕਾਹਨਾ । ਵਿਸ਼ਨੂੰ ਬੰਸੀ ਸਾਚਾ ਅੰਸੀ, ਹਰਿ ਹਰਿ ਸ੍ਰੀ ਭਗਵਾਨਾ । ਨਰ ਹਰਿ ਨਿਰੰਕਾਰਿਆ । ਨਰ ਹਰਿ ਜੋਤ ਅਧਾਰਿਆ । ਨਰ ਹਰਿ ਸ਼ਬਦ ਅਧਾਰਿਆ । ਨਰ ਹਰਿ ਨਾ ਕਿਸੇ ਵਿਚਾਰਿਆ । ਨਰ ਹਰਿ ਆਪ ਆਪਣੀ ਜਾਣੇ ਖੇਲ, ਸਾਚਾ ਰੰਗ ਆਪ ਵਰਤਾ ਰਿਹਾ । ਲੱਖ ਚੁਰਾਸੀ ਚਾੜ੍ਹੇ ਤੇਲ, ਲਾੜੀ ਮੌਤ ਨਾਲ ਪ੍ਰਨਾ ਰਿਹਾ । ਧਰਮ ਰਾਏ ਨਾ ਦੇਵੇ ਫ਼ਾਸੀ, ਅਠਾਈ ਕੁੰਡਾਂ ਨਰਕ ਭਰਾ ਰਿਹਾ । ਮੇਟ ਮਿਟਾਏ ਮਦਿਰਾ ਮਾਸੀ, ਸ਼ਬਦ ਖੰਡਾ ਹੱਥ ਉਠਾ ਰਿਹਾ । ਪ੍ਰਗਟ ਹੋਏ ਘਨਕਪੁਰ ਵਾਸੀ, ਸਾਚੀ ਜੋਤ ਮਾਤ ਪ੍ਰਕਾਸ਼ੀ, ਮਾਤ ਪਤਾਲ ਅਕਾਸ਼, ਏਕਾ ਰੰਗ ਰੰਗਾ ਰਿਹਾ । ਜਨ ਭਗਤ ਹੋਇਆ ਆਤਮ ਦਾਸੀ ਸ਼ਬਦ ਸਵਾਸ ਮਾਨਸ ਦੇਹੀ ਲੇਖੇ ਲਾ ਰਿਹਾ । ਸਚ ਮੰਡਲ ਦੀ ਸਾਚੀ ਰਾਸ, ਸਦਾ ਵਸੇ ਆਸ ਪਾਸ, ਸਦਾ ਸਹਾਈ ਹਰਿ ਰਘੁਰਾਈ ਆਪ ਅਖਵਾ ਰਿਹਾ । ਪਵਣ ਉਨੰਜਾ ਦੇਵੇ ਸਵਾਸ, ਸਾਲ ਬਵੰਜਾ ਸ਼ਾਹੋ ਸ਼ਾਬਾਸ਼, ਅੱਠੇ ਪਹਿਰ ਬਹੇ ਉਦਾਸ, ਕਾਇਆ ਮੰਡਪ ਦੇਹ ਤਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਭੇਖ ਧਰ, ਮਾਤ ਸਾਚੀ ਬਣਤ ਬਣਾਈਆ । ਕਰਨ ਕਰਾਵਣ ਜੋਗ ਹਰਿ ਨਿਰੰਕਾਰਿਆ । ਰਸਨਾ ਰਸ ਝੂਠਾ ਭੋਗ, ਕਲਜੁਗ ਜੀਵ ਗਵਾਰਿਆ । ਏਕਾ ਦਰਸ ਹਰਿ ਅਮੋਘ, ਲੱਖ ਚੁਰਾਸੀ ਕਰੇ ਪਾਰਿਆ । ਹਉਮੇ ਕਾਟੇ ਕਾਇਆ ਰੋਗ, ਅੰਮ੍ਰਿਤ ਦੇਵੇ ਸਾਚੀ ਧਾਰਿਆ । ਗੁਰਮੁਖਾਂ ਲਿਖਿਆ ਧੁਰ ਸੰਜੋਗ, ਮਿਲੇ ਮੇਲ ਕੰਤ ਭਤਾਰਿਆ । ਲੋਕਮਾਤ ਨਾ ਹੋਏ ਵਿਜੋਗ, ਕਲਜੁਗ ਤੇਰੀ ਅੰਤਮ ਵਾਰਿਆ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸਦ ਸਮਾ ਰਿਹਾ । ਹਰਿ ਭਾਣਾ ਅਚਲ, ਨਾ ਕੋਈ ਜਣਾਇੰਦਾ । ਨਿਹਚਲ ਧਾਮ ਅਟੱਲ, ਹਰਿ ਸਾਚਾ ਦਰਸ ਦਿਖਾਇੰਦਾ । ਵੇਖ ਵਖਾਣੇ ਜਲ ਥਲ, ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਉਚੇ ਮੰਦਰ ਗੋਰਖ ਮਛੰਦਰ, ਉਚੇ ਟਿੱਲੇ ਆਪ ਹਿਲਾਇੰਦਾ । ਗੁਰਮੁਖਾਂ ਜੋਤ ਜਗਾਏ ਅੰਦਰੇ ਅੰਦਰ, ਲੱਖ ਚੁਰਾਸੀ ਭੌਂਦੀ ਬੰਦਰ, ਕਾਇਆ ਅੰਧੇਰੀ ਸਾਚਾ ਮੰਦਰ, ਪ੍ਰਭ ਅਬਿਨਾਸ਼ੀ ਦਿਸ

ਨਾ ਆਇੰਦਾ । ਗੁਰਮੁਖਾਂ ਤੋੜੇ ਸਾਚਾ ਜੰਦਰ, ਕਰੇ ਪ੍ਰਕਾਸ਼ ਕਾਇਆ ਕੰਦਰ, ਦੀਪਕ ਜੋਤੀ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਸੁਹੇਲੇ, ਕਲਜੁਗ ਮੇਲੇ, ਆਪੇ ਆਪ ਕਰਾਇੰਦਾ । ਮਿਲਿਆ ਮੇਲ ਹਰਿ ਬਨਵਾਰੀ । ਪਾਰਬ੍ਰਹਮ ਕਲ ਖੇਲੇ ਖੇਲ । ਜੋਤੀ ਜਾਮਾ ਖੇਲ ਨਿਆਰੀ । ਗੁਰਮੁਖਾਂ ਕਟੇ ਧਰਮ ਰਾਏ ਦੀ ਝੂਠੀ ਜੇਲ੍ਹ, ਸ਼ਬਦ ਦੇਵੇ ਸਚ ਉਡਾਰੀ । ਧਰਤ ਮਾਤ ਤੇਰੀ ਸਾਚੀ ਵੇਲ, ਗੁਰਮੁਖ ਸਾਚੇ ਸੰਤ ਦੁਲਾਰੇ, ਫੁੱਲ ਫੁਲਵਾੜੀ ਸਾਚੀ ਵਾੜੀ, ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਲੋਕਮਾਤ ਉਪਾਇੰਦਾ । ਮਾਨਸ ਜਨਮ ਕਰੇ ਰਹਿਰਾਸੀ, ਹਰਿ ਹਰਿ ਜਨ ਸੰਤ ਸੁਹੇਲਾ, ਸਾਚੀ ਬਣਤ ਬਣਾਇੰਦਾ । ਸਦਾ ਵਸੇ ਇਕ ਇਕੇਲਾ, ਦਿਸ ਕਿਸੇ ਨਾ ਆਇੰਦਾ । ਆਪੇ ਗੁਰ ਆਪੇ ਚੇਲਾ, ਅੰਦਰ ਬਾਹਰ ਗੁਪਤ ਜ਼ਾਹਰ, ਆਪਣਾ ਆਪ ਸੁਹਾਇੰਦਾ । ਆਪੇ ਗੁਰ ਆਪੇ ਕਰਤਾਰ । ਲਿਖਿਆ ਧੁਰ ਸੱਚੀ ਸਰਕਾਰ । ਚਰਨ ਪ੍ਰੀਤੀ ਗਈ ਜੁੜ, ਦੋ ਜਹਾਨਾਂ ਸ਼ਬਦ ਏਕਾ ਧਾਰ । ਲੱਖ ਚੁਰਾਸੀ ਰਹੀ ਸੋਤੀ, ਸਰਗੁਣ ਨਿਰਗੁਣ ਰੂਪ ਅਪਾਰ । ਗੁਰਮੁਖ ਵਿਰਲੇ ਮਾਣਕ ਮੋਤੀ, ਲੋਕਮਾਤ ਹਰਿ ਆਪ ਉਠਾਏ, ਸੋਹੰ ਧਾਗੇ ਲਏ ਪਰੋਏ, ਗਲ ਆਪਣੇ ਪ੍ਰਭ ਪਾਏ ਹਾਰ । ਧਰਤ ਮਾਤ ਕਲ ਖ਼ੁਸ਼ੀ ਮਨਾਏ । ਪ੍ਰਭ ਅਬਿਨਾਸ਼ੀ ਜਾਮਾ ਪਾਏ । ਕਲਜੁਗ ਜੀਵਾਂ ਦਏ ਮਿਟਾਏ । ਸਤਿਜੁਗ ਸਚੀ ਬਣਤ ਬਣਾਏ । ਸਾਧ ਸੰਤ ਗੋਦ ਉਠਾਏ । ਦੇਵ ਦੰਤ ਕੋਈ ਦਿਸ ਨਾ ਆਏ । ਆਦਿਨ ਅੰਤਾ ਹਰਿ ਭਗਵੰਤਾ, ਜੋਤੀ ਜਾਮਾ ਮਾਤ ਪਾਏ । ਜੋਤੀ ਜਾਮਾ ਸ਼ਬਦ ਅਧਾਰਿਆ । ਰਾਮ ਰਮਈਆ ਕ੍ਰਿਸ਼ਨਾ ਕਾਹਨਾ, ਰੰਗ ਨਵੇਲ ਰਖਾ ਰਿਹਾ । ਬਾਵਨ ਬਾਣਾ ਹਰਿ ਭਗਵਾਨਾ, ਚਤੁਰ ਸੁਜਾਨਾ ਵਾਲੀ ਦੋ ਜਹਾਨਾਂ ਸਾਚੀ ਬਣਤ ਬਣਾ ਰਿਹਾ । ਸ਼ਬਦ ਉਡਾਏ ਸਚ ਬਿਬਾਣਾ, ਚਾਰੋਂ ਕੁੰਟ ਇਕ ਉਡਾਨਾ, ਲੋਆਂ ਪੁਰੀਆਂ ਚਰਨਾਂ ਹੇਠ ਝਸਾ ਰਿਹਾ । ਬ੍ਰਹਮੇ ਅੰਤਮ ਮਾਣ ਗਵਾਣਾ । ਸ਼ਿਵ ਸ਼ੰਕਰ ਦਰ ਬਣੇ ਨਿਮਾਣਾ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ, ਮੰਗੇ ਦਾਨ ਦੋਏ ਜੋੜ ਕਿਰਪਾ ਕਰ ਭਗਵਾਨਾ । ਕਲਜੁਗ ਵੇਲਾ ਅੰਤਮ ਆਇਆ, ਦਿਨ ਰਹਿ ਗਿਆ ਥੋੜਾ । ਬੇਮੁਖ ਲੱਭਣ ਪ੍ਰਗਟ ਹੋਇਆ ਬ੍ਰਹਿਮਣ ਗੌੜਾ । ਬ੍ਰਹਮ ਰੂਪ ਨਾ ਕੋਇ ਰਖਾਏ, ਏਕਾ ਧਰਮਾ ਏਕਾ ਜਰਮਾ, ਮਾਤ ਕੁੱਖ ਨਾ ਕਿਸੇ ਉਠਾਇਆ । ਲੱਖ ਚੁਰਾਸੀ ਪਈ ਭਰਮਾ, ਜੋਤੀ ਨੂਰਾ ਦਿਸ ਨਾ ਆਇਆ । ਕਲਜੁਗ ਤੇਰਾ ਵੇਖ ਕੁਕਰਮਾ, ਪ੍ਰਭ ਅਬਿਨਾਸ਼ੀ ਖੇਲ ਰਚਾਇਆ । ਮਾਣ ਦਵਾਏ ਚਾਰ ਵਰਨਾ, ਸਤਿਜੁਗ ਸਾਚੀ ਬਣਤ ਬਣਾਇਆ । ਆਪ ਆਪਣੀ ਕਰਨੀ ਕਰਨਾ, ਵਿਚ ਵਿਚੋਲਾ ਨਾ ਕੋਈ ਰਖਾਇਆ । ਪ੍ਰਭ ਅਬਿਨਾਸ਼ੀ ਧਰਨੀ ਧਰਨਾ, ਸਤਿ ਸੰਜੋਗੀ ਖੇਲ ਰਚਾਇਆ । ਗੁਰਮੁਖ ਵਿਰਲਾ ਸਰਨੀ ਪੜਨਾ, ਜੋਤੀ ਜੋਤ ਮੇਲ ਮਿਲਾਇਆ । ਦਇਆ ਕਮਾਏ ਹਰਿ ਰਘੁਰਾਏ, ਗੁਰਮੁਖਾਂ ਖੋਲ੍ਹੇ ਆਤਮ ਹਰਨਾ ਫਰਨਾ, ਤੀਜੇ ਲੋਇਣ ਡਗਮਗਾਏ । ਹਰਿਜਨ ਸਾਚੇ ਗੁਰਮੁਖ ਤਰਨਾ, ਇਕ ਬਹਾਏ ਸਾਚੇ ਥਾਂਏ, ਜੋਤੀ ਜੋਤ ਸਰੂਪ ਹਰਿ ਲੋਕਮਾਤ ਹਰਿ ਜੋਤ ਧਰ, ਆਪ ਆਪਣੀ ਬਣਤ ਬਣਾਇਆ । ਜੋਤੀ ਜਾਮਾ ਧਾਰ, ਪੁਰਖ ਅਪਾਰਿਆ । ਕਲਜੁਗ ਤੇਰੀ ਪਾਵੇ ਸਾਰ, ਗੁਰ ਗੋਬਿੰਦ ਬਣਿਆ ਸਚ ਲਿਖਾਰਿਆ । ਜੋਤੀ ਨੂਰਾ ਸਤਿ ਸਰੋਵਰ ਖੇਲ ਅਪਾਰ, ਆਵੇ ਜਾਵੇ ਵਾਰੋ ਵਾਰਿਆ । ਸਰਬ ਕਲਾ ਆਪੇ ਭਰਪੂਰਾ, ਮੰਗਣ ਜਾਏ ਨਾ ਕਿਸੇ ਦਵਾਰਿਆ । ਸ਼ਬਦ ਰਖਾਏ ਸਾਚੀ ਤੂਰਾ, ਪੁਰੀਆਂ ਲੋਆਂ ਨਾਦ ਵਜਾ ਰਿਹਾ । ਬੇਮੁਖਾਂ ਦਿਸੇ ਦੂਰਨ ਦੂਰਾ, ਗੁਰਮੁਖਾਂ ਆਸਣ ਆਤਮ ਡੇਰਾ ਲਾ ਰਿਹਾ । ਪੁਰਖ ਅਬਿਨਾਸ਼ੀ ਹਾਜਰ ਹਜ਼ੂਰਾ, ਅੱਠੇ ਪਹਿਰ ਦਰਸ ਦਿਖਾ ਰਿਹਾ । ਏਕਾ ਜੋਤੀ ਸਾਚਾ ਨੂਰ, ਪਵਣ ਸਵਾਸੀ

ਨਾਲ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣੀ ਬਣਤ ਬਣਾ ਰਿਹਾ । ਜੋਤੀ ਜਾਮਾ ਹਰਿ ਭਗਵਾਨ । ਨਾ ਕੋਈ ਜਾਣੇ ਜੀਵ ਨਿਧਾਨ । ਗਿਆਨੀ ਧਿਆਨੀ ਪੜ੍ਹ ਪੜ੍ਹ ਥੱਕੇ, ਕਿਸੇ ਹੱਥ ਨਾ ਆਏ ਵੇਦ ਪੁਰਾਨ । ਮੁਲਾਂ ਸ਼ੇਖ਼ ਬੈਠੇ ਮੱਕੇ ਅੱਠੇ ਪਹਿਰ ਖੋਲ੍ਹਣ ਸੰਗ ਮੁਹੰਮਦੀ ਸਚ ਕੁਰਾਨ । ਭੇਦ ਨਾ ਪਾਇਆ ਬੂਰੇ ਕੱਕੇ, ਅੰਤ ਅੰਜੀਲ ਆਈ ਹਾਨ । ਨਾਤਾ ਤੁੱਟਾ ਭੈਣਾਂ ਭਾਈ ਸਕੇ, ਨਾ ਕੋਈ ਕਿਸੇ ਪਛਾਣ । ਕਲਜੁਗ ਫਲ ਅੰਤਮ ਪੱਕੇ, ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਆਣ । ਜੋਤੀ ਜਾਮਾ ਖੇਲ ਨਿਰਾਲਿਆ । ਦੂਜੇ ਰੱਖੇ ਸ਼ਬਦ ਦਮਾਮਾ, ਚਾਰ ਕੁੰਟਾਂ ਏਕਾ ਤਾਲਿਆ । ਤੀਜੇ ਹੱਥ ਨਾ ਆਏ ਕਿਸੇ ਧਰਮਸਾਲਾ, ਆਪਣਾ ਆਪ ਆਪੇ ਵਿਚ ਰਖਾ ਲਿਆ । ਚੌਥੇ ਦਰ ਨਾ ਮਿਲੇ ਜੋਤ ਜਵਾਲਾ, ਭਰਮ ਭੁਲੇਖੇ ਇਕ ਭੁਲਾ ਰਿਹਾ । ਪੰਜਵੇਂ ਘਰ ਨਾ ਨੀਰ ਨਿਰਾਲਾ, ਸਾਚੇ ਸਰ ਨਾ ਕੋਈ ਨਹਾ ਰਿਹਾ । ਛੇਵੇਂ ਘਰ ਨਾ ਸ਼ਬਦ ਨਾ ਤਰਾਨਾ, ਰਾਗ ਰੰਗ ਨਾ ਕੋਈ ਸੁਣਾ ਰਿਹਾ । ਸੱਤਵੇਂ ਘਰ ਕੋਇ ਨਾ ਵੇਖੇ, ਹਰਿ ਪ੍ਰਭ ਆਪਣਾ ਆਪ ਛੁਪਾ ਰਿਹਾ । ਅੱਠਾਂ ਤੱਤਾਂ ਮਾਨਸ ਦੇਹੀ ਕਰ, ਵਿਚ ਜੋਤੀ ਨੂਰ ਲਗਾ ਰਿਹਾ । ਨਾਵੇਂ ਖੋਲ੍ਹੇ ਹਰਿ ਜੀ ਦਰ, ਬੇਮੁਖਾਂ ਵਿਚ ਫਸਾ ਰਿਹਾ । ਦਸਵੇਂ ਰੱਖੇ ਬੰਦ ਕਵਾੜ, ਸਚ ਸਿੰਘਾਸਣ ਆਪ ਟਿਕਾ ਰਿਹਾ । ਅੱਗੇ ਬੈਠੀ ਪੰਜਾਂ ਧਾੜ, ਮਨਮੁਖਾਂ ਮਾਰ ਭਜਾ ਰਿਹਾ । ਗੁਰਮੁਖਾਂ ਸ਼ਬਦ ਡੋਰੀ ਲਏ ਫੜ, ਪ੍ਰਭ ਸਾਚੀ ਬਿਧ ਬਣਾ ਰਿਹਾ । ਅੱਠੇ ਪਹਿਰ ਰਿਹਾ ਲੜ, ਨੌਂ ਨਿਧ ਅਠਾਰਾਂ ਸਿਧ, ਚਰਨਾਂ ਹੇਠ ਝਸਾ ਰਿਹਾ । ਪ੍ਰਭ ਮਿਲਣ ਦੀ ਸਾਚੀ ਬਿਧ, ਸਾਚਾ ਨਾਮ ਇਕ ਲੋਕਮਾਤ ਟਿਕਾ ਰਿਹਾ । ਆਪੇ ਕਾਰਜ ਕਰੇ ਸਿਧ, ਗੁਰਮੁਖ ਸੋਏ ਆਪ ਜਗਾ ਰਿਹਾ । ਆਪੇ ਮਾਰੇ ਤੀਰ, ਬਜ਼ਰ ਕਪਾਟੀ ਜਾਏ ਚੀਰ, ਅੰਮ੍ਰਿਤ ਵਹੇ ਸਾਚਾ ਨੀਰ, ਨਾ ਕੋਈ ਤੀਰਥ ਨਾ ਕੋਈ ਤਾਟੀ, ਪ੍ਰਭ ਸਾਚਾ ਦਇਆ ਕਮਾਇੰਦਾ । ਆਪ ਚੜ੍ਹਾਏ ਔਖੀ ਘਾਟੀ, ਆਤਮ ਜੋਤੀ ਦੇਵੇ ਇਕ ਲਲਾਟੀ, ਹੋਏ ਪ੍ਰਕਾਸ਼ ਕਾਇਆ ਮਾਟੀ, ਕੋਟਨ ਭਾਨਾ ਹਰਿ ਮਿਹਰਬਾਨਾ, ਏਕਾ ਜੋਤ ਜਗਾਇੰਦਾ । ਚਰਨ ਧੂੜ ਸੱਚਾ ਇਸ਼ਨਾਨਾ, ਗੁਰਮੁਖਾਂ ਦੇਵੇ ਆਤਮ ਬ੍ਰਹਮ ਗਿਆਨਾ, ਨਾਮ ਨਿਧਾਨਾ ਹਰਿ ਭਗਵਾਨਾ, ਏਕਾ ਜਾਮ ਪਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣਾ ਭਾਣਾ ਸਾਚਾ ਰਾਣਾ, ਆਪਣੇ ਹੱਥ ਰਖਾਇੰਦਾ । ਹਰਿ ਸ਼ਬਦ ਭੰਡਾਰ ਜਗਤ ਵਰਤਾਇੰਦਾ । ਦੇਂਦਾ ਆਏ ਵਾਰੋ ਵਾਰ, ਤੋਟ ਕਦੇ ਨਾ ਆਇੰਦਾ । ਆਪੇ ਜਾਣੇ ਆਪਣੀ ਸਾਰ, ਲੋਕਮਾਤ ਹਰਿ ਬੰਨ੍ਹਾਇੰਦਾ । ਲੋਆਂ ਪੁਰੀਆਂ ਬੰਨ੍ਹੇ ਧਾਰ, ਚੌਦਾਂ ਹੱਟਾਂ ਆਪ ਖੁਲ੍ਹਾਇੰਦਾ । ਤੀਰਥ ਤੱਟਾਂ ਵਸੇ ਘਟ ਘਟਾ, ਜੋਤੀ ਜਗੇ ਲਟ ਲਟਾ, ਦਿਸ ਕਿਸੇ ਨਾ ਆਇੰਦਾ । ਕਲਜੁਗ ਜੀਵ ਜੂਠੇ ਝੂਠੇ ਕਾਇਆ ਮੱਟਾ, ਕਾਮ ਕਰੋਧ ਹੰਕਾਰ ਵਿਚ ਰਖਾਇੰਦਾ । ਬੇਮੁਖਾਂ ਲਾਏ ਝੂਠੇ ਧੰਦੇ, ਆਪੇ ਵੇਖੇ ਖੇਲ ਬਾਜ਼ੀਗਰ ਨਾਟੀ, ਜੋਤੀ ਜਾਮਾ ਖੇਲ ਰਚਾਇੰਦਾ । ਸੋਹੰ ਸ਼ਬਦ ਲਿਆਇਆ ਸਾਚਾ ਪਟਾ, ਗੁਰਮੁਖਾਂ ਤਨ ਪਹਿਨਾਇੰਦਾ । ਵਿਰਲੇ ਗੁਰਮੁਖ ਲਾਹਾ ਪ੍ਰਭ ਦਰ ਖੱਟਾ, ਬੇਮੁਖਾਂ ਦਰ ਦੁਰਕਾਇੰਦਾ । ਦੂਈ ਦਵੈਤੀ ਹਉਮੇ ਰੋਗ, ਨਿਤ ਨਵਿਤ ਕਾਇਆ ਖੇਤ, ਪੁਰਖ ਅਬਿਨਾਸ਼ੀ ਦਰਸ਼ਨ ਪਾਇੰਦਾ । ਅੱਠੇ ਪਹਿਰ ਚੇਤਨ ਚਿਤ, ਚੇਤਨ ਰੂਪ ਆਪ ਰਖਾਇੰਦਾ । ਨਾ ਕੋਈ ਦੇਵ ਕਰੋੜ ਤੇਤੀਸ, ਬੀਸ ਇਕੀਸਾ ਕੋਈ ਭੇਵ ਨਾ ਪਾਇੰਦਾ । ਗਾ ਗਾ ਥੱਕੇ ਰਾਗ ਛਤੀਸਾ, ਨੌਂ ਦਰ ਕਲ ਉਪਜਾਇੰਦਾ । ਵੇਦ ਵਿਆਸਾ ਸਚ ਲਿਖਾਸਾ, ਪੁਰਾਨ ਅਠਾਰਾਂ ਕਰ ਵਿਚਾਰਾ, ਲੋਕਮਾਤੀ ਮਾਤ ਟਿਕਾਇੰਦਾ । ਕ੍ਰਿਸ਼ਨ ਮੁਰਾਰਾ ਬੰਨ੍ਹੇ ਧਾਰਾ, ਗੀਤਾ ਗਿਆਨ ਅਰਜਨ ਬਾਣ, ਏਕਾ

ਹਰਿ ਲਗਾਇੰਦਾ । ਲੋਕਮਾਤ ਝੁੱਲੇ ਹਰਿ ਨਿਸ਼ਾਨ, ਅਠਾਰਾਂ ਧਿਆਏ ਕ੍ਰਿਸ਼ਨਾ ਬੇਮੁਖ ਭੁੱਲੇ ਜੀਵ ਨਿਧਾਨ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣਾ ਭਾਣਾ, ਨਰ ਹਰਿ ਸ੍ਰੀ ਭਗਵਾਨ । ਹਰਿ ਹੱਥ ਵਡਿਆਈ, ਸਰਬ ਪਸਾਰਿਆ । ਨਾ ਚਲੇ ਜੀਵ ਚਤੁਰਾਈ, ਪ੍ਰਭ ਕਰਨਹਾਰ ਕਰਤਾਰਿਆ । ਨਾ ਕੋਈ ਕਿਸੇ ਦਾਨਾਈ, ਦੇ ਮਤ ਆਪ ਸਮਝਾ ਰਿਹਾ । ਅੰਤਮ ਪੈਣੀ ਗਲ ਵਿਚ ਫਾਹੀ, ਧਰਮ ਰਾਏ ਸਰਬ ਫਸਾ ਰਿਹਾ । ਲਾੜੀ ਮੌਤ ਆਏ ਚਾਈਂ ਚਾਈਂ, ਲੋਕਮਾਤ ਭਜਾ ਰਿਹਾ । ਬੇਮੁਖਾਂ ਵੇਖੇ ਥਾਉਂ ਥਾਈਂ, ਨਾ ਕੋਈ ਕਿਸੇ ਛੁਡਾ ਰਿਹਾ । ਗੁਰਮੁਖਾਂ ਦੇਵੇ ਠੰਡੀਆਂ ਛਾਈਂ, ਸ਼ਬਦ ਤਾਜ ਸਿਰ ਪਹਿਨਾ ਰਿਹਾ । ਬੈਠਾ ਹਰਿ ਸਾਚੇ ਦਰ ਦੂਸਰ ਕੋ ਨਾਹੀ, ਆਦਿ ਅੰਤ ਸਾਧ ਸੰਤ, ਹਰਿ ਭਗਵੰਤ ਸਾਚਾ ਮੇਲ ਮਿਲਾ ਰਿਹਾ । ਮੇਲ ਮਿਲਾਏ ਸਾਚੇ ਕੰਤ, ਕਲਜੁਗ ਜੀਵ ਭੁੱਲੇ ਜੰਤ, ਜੋਤੀ ਜੋਤ ਸਰੂਪ ਹਰਿ, ਆਪਣੇ ਲੇਖੇ ਆਪ ਲਗਾ ਰਿਹਾ । ਹਰਿ ਲੇਖਾ ਵਡ ਬਲਵਾਨਿਆ । ਕਲਜੁਗ ਭੁੱਲੇ ਜੀਵ ਭੁਲੇਖਾ, ਹਰਿ ਨਰ ਨਾ ਕਿਸੇ ਪਛਾਨਿਆ । ਅੰਤਮ ਮੰਗੇ ਸਾਚਾ ਲੇਖਾ, ਹੁਕਮ ਸੁਣਾਏ ਧੁਰ ਫ਼ਰਮਾਣਿਆ । ਸਾਚੀ ਮਸਤਕ ਲਿਖੀ ਰੇਖਾ, ਖੋਲ੍ਹ ਵਖਾਏ ਚਤੁਰ ਸੁਜਾਨਿਆ । ਲੋਕਮਾਤ ਉਖਾੜੇ ਲੱਗੀ ਮੇਖਾ, ਵੱਡੇ ਵੱਡੇ ਰਾਜੇ ਰਾਣਿਆ । ਮੇਟ ਮਿਟਾਏ ਔਲੀਏ ਸ਼ੇਖ਼ਾ, ਗੌਂਸ ਕੁਤਬ ਕਰਮਾ ਆਈ ਹਾਰਿਆ । ਜੋਤੀ ਜਾਮਾ ਹਰਿ ਦਰਵੇਸ਼ਾ, ਗੁਰਮੁਖ ਸਾਚੇ ਵਿਚ ਪ੍ਰਵੇਸ਼ਾ, ਕਲਜੁਗ ਤੇਰੀ ਅੰਤ ਨਿਸ਼ਾਨਿਆ । ਏਕਾ ਜੋਤ ਸ੍ਰੀ ਦਸਮੇਸ਼ਾ, ਆਵੇ ਜਾਵੇ ਬੇਮੁਹਾਨਿਆ । ਜੋਤੀ ਜਾਮਾ ਜੋਤ ਨਿਰਾਲੀਆ । ਏਕਾ ਜਗੀ ਜੋਤ ਅਕਾਲੀਆ । ਨਾ ਕੋਈ ਵਰਨ ਨਾ ਕੋਈ ਗੋਤ, ਚਾਰੋ ਵਰਨ ਦਰ ਸਵਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਜਨ ਭਗਤਾਂ ਕਰੇ ਮਾਤ ਰਖਵਾਲੀਆ । ਭਗਤ ਜਨਾਂ ਹਰਿ ਦਏ ਸਹਾਰਾ । ਕਲਜੁਗ ਤੇਰੀ ਅੰਤਮ ਵਾਰਾ । ਸਤਿਜੁਗ ਸਾਚੇ ਸਚ ਦਵਾਰਾ । ਸ਼ਬਦ ਦੇਵੇ ਅਪਰ ਅਪਾਰਾ । ਜੋਤੀ ਨੂਰਾ ਇਕ ਉਜਿਆਰਾ । ਸ਼ਬਦ ਤੂਰਾ ਅਨਾਹਦ ਧਾਰਾ । ਵਡ ਦਾਤਾ ਜੋਧਾ ਸੂਰਾ, ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਅੰਤ ਆਦਿ ਲੋਆਂ ਪੁਰੀਆਂ ਪਾਵੇ ਸਾਰਾ । ਜੁਗ ਜੁਗ ਭੇਖ ਅਪਾਰ, ਲੇਖ ਵਡਿਆਈਆ । ਜੁਗ ਜੁਗ ਭੇਖ ਅਪਾਰ, ਅਲਖ ਲਿਖਾਈਆ । ਜੁਗੋ ਜੁਗ ਭੇਖ ਅਪਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਜੁਗ ਜੁਗ ਭੇਖ ਅਪਾਰ, ਜੋਤ ਜਗਾਏ ਨਿਤ ਨਵਿਤ, ਲੱਖ ਚੁਰਾਸੀ ਰਿਹਾ ਉਪਾਈਆ । ਜੁਗ ਜੁਗ ਧਾਰੇ ਭੇਖ, ਆਪੇ ਪਿਤਾ ਆਪੇ ਮਾਤਾ, ਜਗਤ ਪਿਤ ਆਪ ਅਖਵਾਈਆ । ਜੁਗ ਜੁਗ ਭੇਖ ਅਪਾਰ, ਆਪਣੀ ਬਣਤ ਆਪੇ ਰਿਹਾ ਬਣਾਈਆ । ਨਾ ਕੋਈ ਬੂੰਦ ਰਕਤੀ ਰਤ, ਹੱਡ ਮਾਸ ਨਾੜੀ ਪਿਤਾ, ਅੰਮ੍ਰਿਤ ਜਲ ਨਾ ਕੋਈ ਸਿਤਾ, ਇਕ ਅਧਾਰ ਰਖਾਈਆ । ਨਾ ਕੋਈ ਦੂਜਾ ਕਿਸੇ ਮਿਤਾ, ਆਦਿ ਅੰਤ ਨਾ ਕਿਸੇ ਜਿੱਤਾ, ਸਾਚਾ ਧਾਮ ਸੁਹਾਈਆ । ਆਪ ਪਾਏ ਨਾ ਆਪਣੀ ਵਿਥਾ, ਭੇਵ ਕੋਈ ਨਾ ਪਾਈਆ । ਜੋਤੀ ਜਾਮਾ ਹਰਿ ਭਗਵਾਨਾ, ਕਲਜੁਗ ਤੇਰਾ ਕਾਲਾ ਵੇਸ, ਚਾਰੋਂ ਕੁੰਟ ਦਏ ਦੁਹਾਈਆ । ਕਲਜੁਗ ਕਾਲਾ ਵੇਸ ਦਰ ਪੁਕਾਰਿਆ । ਦਰ ਦਰ ਜੀਵ ਹੋਏ ਦਰਵੇਸ਼, ਨਾ ਕੋਈ ਸੁਣੇ ਮਾਤ ਪੁਕਾਰਿਆ । ਜੋਤੀ ਜਾਮਾ ਹਰਿ ਜੀ ਭੇਖ, ਲੋਕਮਾਤ ਖੇਲ ਅਪਾਰਿਆ । ਵੇਖ ਵਖਾਏ ਔਲੀਆ ਪੀਰ ਸ਼ੇਖ਼, ਆਪ ਬਣਾਏ ਆਪੇ ਢਾਹ ਰਿਹਾ । ਆਪ ਮਿਟਾਏ ਬਿਧਨਾ ਲਿਖੀ ਰੇਖ, ਸਾਚਾ ਲੇਖਾ ਆਪਣੇ ਹੱਥ ਰਖਾ ਰਿਹਾ । ਲੱਖ ਚੁਰਾਸੀ ਨੇਤਰ ਲੈਣਾ ਪੇਖ, ਆਪਣਾ ਭਾਣਾ ਸਾਚਾ ਰਾਣਾ ਵਿਚ ਮਾਤ ਵਰਤਾ ਰਿਹਾ । ਜੋਤੀ ਜਾਮਾ ਹਰਿ ਭਗਵਾਨਾ, ਏਕਾ ਰੱਖੇ ਸ਼ਬਦ ਬਿਬਾਣਾ, ਸਚ ਉਡਾਨਾ ਆਪ ਲਗਾ ਰਿਹਾ । ਸ਼ਬਦ ਬਿਬਾਣਾ ਨਾਮ


੭੬੮ ੦੪

ਅਪਾਰ । ਗੁਰਮੁਖਾਂ ਦੇਵੇ ਬ੍ਰਹਮ ਗਿਆਨਾ, ਆਤਮ ਵੱਜੇ ਸੱਚਾ ਬਾਣ, ਜੋਤੀ ਨੂਰ ਇਕ ਅਪਾਰ । ਸੋਹੰ ਸ਼ਬਦ ਸੱਚਾ ਦਾਨ, ਜਗਤ ਮੁਕਾਏ ਮਾਣ ਤਾਣ, ਆਤਮ ਕਰੇ ਸਰਬ ਭਰਪੂਰ । ਆਪ ਮਿਟਾਏ ਜਮ ਕੀ ਕਾਨ, ਅੰਤਮ ਵੇਲੇ ਹਰਿ ਪਛਾਣ, ਵਡ ਦਾਤਾ ਵਡ ਵਡ ਸੂਰਾ, ਫ਼ਲ ਲਗਾਏ ਸਾਚੇ ਡਾਹਣ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪ ਆਪਣੀ ਕਰੇ ਪਛਾਣ । ਜਗਤ ਪਛਾਣੇ ਆਪ ਹਰਿ, ਆਪਣਾ ਭੇਦ ਛੁਪਾਇੰਦਾ । ਰਾਜੇ ਰਾਣੇ ਵੇਖ ਦਰ, ਸੋਏ ਮੋਏ ਅੰਤ ਉਠਾਇੰਦਾ । ਇਕ ਲਗਾਏ ਸ਼ਬਦ ਨਾਅਰਾ, ਝੂਠਾ ਨਾਤਾ ਜਗਤ ਤੁੜਾਇੰਦਾ । ਦਸਮ ਦਵਾਰਾ ਖੋਲ੍ਹੇ ਘਰ, ਨਾਵੇਂ ਬੰਦ ਕਰਾਇੰਦਾ । ਸਾਚੇ ਮੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਨਾ ਕੋਈ ਵਖਾਇੰਦਾ । ਚਾਰੇ ਕੁੰਟਾਂ ਸ਼ਬਦ ਸਰੂਪੀ ਰਿਹਾ ਲੜ, ਅਚਰਜ ਖੇਲ ਮਾਤ ਵਰਤਾਇੰਦਾ । ਸ਼ਬਦ ਡੋਰੀ ਰੰਕ ਰਜਾਨਾਂ ਫੜ, ਆਪਣਾ ਭਾਣਾ ਆਪ ਮਨਾਇੰਦਾ । ਸ਼ਬਦ ਚਲੇ ਤੀਰ ਕੜ ਕੜ, ਕਿਲ੍ਹੇ ਗੜ੍ਹ ਆਪ ਹਿਲਾਇੰਦਾ । ਸਚ ਮਹੱਲੇ ਹਰਿ ਜੀ ਚੜ੍ਹ, ਬੇਮੁਖਾਂ ਜੜ੍ਹ ਪੁਟਾਇੰਦਾ । ਮੁਖ ਨਾ ਲਾਏ ਕੋਈ ਨੜ, ਮਦਿਰਾ ਮਾਸੀ ਅੰਤ ਮਿਟਾਇੰਦਾ । ਕਲਜੁਗ ਪਾਪੀ ਗਿਆ ਹੜ, ਸ਼ਬਦ ਡੰਡਾ ਹੱਥ ਉਠਾਇੰਦਾ । ਸਤਿਜੁਗ ਸਾਚੇ ਫੜਿਆ ਲੜ, ਲੋਕਮਾਤ ਹਰਿ ਸਾਚਾ ਜਨਮ ਦਵਾਇੰਦਾ । ਧਰਤ ਮਾਤ ਦੀ ਗੋਦੀ ਵੜ, ਖ਼ੁਸ਼ੀਆਂ ਆਪ ਮਨਾਇੰਦਾ । ਸਾਚੇ ਪੌੜੇ ਗਿਆ ਚੜ੍ਹ, ਨਾ ਅੱਗੇ ਕੋਈ ਅਟਕਾਇੰਦਾ । ਪ੍ਰਭ ਅਬਿਨਾਸ਼ੀ ਫੜਿਆ ਲੜ, ਲੋਕਮਾਤ ਮਾਣ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਜੁਗੰਤ ਆਪਣੇ ਹੱਥ ਰਖਾਇੰਦਾ । ਕਲਜੁਗ ਰੋਵੇ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਮਾਰੇ ਮਾਰ । ਸ਼ਬਦ ਖੰਡਾ ਤਿੱਖੀ ਧਾਰ । ਦੋਵੇਂ ਰੱਖੇ ਅਪਰ ਅਪਾਰ । ਗੁਰਮੁਖਾਂ ਦੇਵੇ ਨਾਮ ਸਿੱਖੀ, ਦੇਵੇ ਸ਼ਬਦ ਅਪਰ ਅਪਾਰ । ਬੇਮੁਖਾਂ ਮਿਲੇ ਨਾ ਮਾਤ ਭਿੱਖੀ, ਭੁੱਲੇ ਫਿਰਨ ਜੀਵ ਗਵਾਰ । ਕਿਸੇ ਹੱਥ ਨਾ ਆਏ ਮੁਨੀ ਰਿਖੀ, ਪੰਡਤ ਪਾਂਧੇ ਗਏ ਹਾਰ । ਏਕਾ ਰੇਖ ਧੁਰਦਰਗਾਹੀ ਸਾਚੇ ਮਾਹੀ ਆਪਣੀ ਆਪ ਲਿਖੀ, ਨਾ ਬਣਿਆ ਕੋਈ ਹੋਰ ਲਿਖਾਰ । ਕਲਜੁਗ ਤੇਰੀ ਵੇਖਣ ਆਇਆ ਅੰਤਮ ਸਾਚੀ ਸਿੱਖੀ, ਪ੍ਰਗਟ ਹੋਏ ਹਰਿ ਭਤਾਰ । ਬੇਮੁਖਾਂ ਆਤਮ ਚੜ੍ਹੀ ਵਿਖੀ, ਅੱਠੇ ਪਹਿਰ ਦਿਵਸ ਰੈਣ ਭਰਿਆ ਰਹੇ ਹੰਕਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਾਰ, ਲੱਖ ਚੁਰਾਸੀ ਪਾਵੇ ਸਾਰ । ਕਲਜੁਗ ਅੰਤਮ ਦਏ ਮਿਟਾਇਆ । ਪ੍ਰਭ ਅਬਿਨਾਸ਼ੀ ਜਾਮਾ ਪਾਇਆ । ਰਾਓ ਰੰਕਾਂ ਰਿਹਾ ਸੁਣਾਇਆ । ਜੋਤੀ ਤਨਕਾ ਇਕ ਲਗਾਇਆ । ਆਤਮ ਮਨਕਾ ਆਪ ਫਿਰਾਇਆ । ਪ੍ਰਗਟ ਹੋਏ ਵਾਸੀ ਪੁਰੀ ਘਨਕਾ, ਮਾਝੇ ਦੇਸ ਭਾਗ ਲਗਾਇਆ । ਕਰ ਕਰ ਵੇਸ ਨਰ ਨਰੇਸ਼, ਸਾਚਾ ਲੇਖਾ ਰਿਹਾ ਲਿਖਾਇਆ । ਇਕੋ ਜੋਤ ਸ੍ਰੀ ਦਸਮੇਸ਼, ਜੰਮੇ ਮਰੇ ਨਾ ਮਰੇ ਜਾਇਆ । ਜੋਤੀ ਜੋਤ ਸਰੂਪ ਹਰਿ, ਕਾਇਆ ਚੋਲੀ ਝੂਠੀ ਡੋਲੀ, ਮਾਤਲੋਕ ਖੇਹ ਕਰਾਇਆ । ਕਾਇਆ ਚੋਲੀ ਤੁੱਟੇ ਨਾਤਾ । ਪ੍ਰਗਟ ਹੋਏ ਪੁਰਖ ਬਿਧਾਤਾ । ਕਲਜੁਗ ਮਿਟੇ ਅੰਧੇਰੀ ਰਾਤਾ । ਗੁਰਮੁਖਾਂ ਦੇਵੇ ਅੰਮ੍ਰਿਤ ਬੂੰਦ ਸਵਾਂਤਾ । ਗੁਰਮੁਖ ਵਿਰਲਾ ਪ੍ਰਭ ਦਰ ਲੇਵੇ, ਪੁਰਖ ਅਬਿਨਾਸ਼ੀ ਇਕ ਪਛਾਤਾ । ਰਸਨਾ ਨਰ ਨਰਾਇਣ ਸੇਵੇ, ਭੇਵ ਚੁਕਾਏ ਜਾਤਾਂ ਪਾਤਾ । ਅਲੱਖ ਨਿਰੰਜਣ ਅਲੱਖ ਅਭੇਵੇ, ਵਡ ਵਡ ਦੇਵੀ ਦੇਵੇ, ਸਾਚਾ ਸ਼ਬਦ ਲੋਕਮਾਤ ਲਿਆਏ ਇਕ ਸੁਗਾਤਾ । ਰਸਨਾ ਕਿਸੇ ਨਾ ਗਾਏ ਜਿਹਵੇ, ਨਾ ਕੋਈ ਪਿਤਾ ਨਾ ਕੋਈ ਮਾਤਾ । ਗੁਰਮੁਖ ਸਾਚੇ ਸੰਤ ਜਨਾਂ, ਕੌਸਤਕ ਮਨੀ ਲਾਵੇ ਥੇਵੇ, ਚਰਨ ਬੰਧਾਏ ਸੱਚਾ ਨਾਤਾ ।

ਅੰਮ੍ਰਿਤ ਫਲ ਖਵਾਏ ਸਾਚੇ ਮੇਵੇ, ਸਗਲ ਵਸੂਰਾ ਆਤਮ ਲਾਥਾ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਅੰਤਮ ਆਵੇ ਡਰ, ਪ੍ਰਗਟ ਹੋਏ ਤ੍ਰੈਲੋਕੀ ਨਾਥਾ । ਤ੍ਰੈਲੋਕੀ ਨਾਥ ਜੋਤ ਅਕਾਰਿਆ । ਸਗਲਾ ਸਾਥ ਆਪ ਨਿਭਾ ਰਿਹਾ । ਕਲਜੁਗ ਤੇਰਾ ਤੁਠਾ ਰਥ, ਵਿਚ ਭਰਿਆ ਇਕ ਹੰਕਾਰਿਆ । ਪ੍ਰਭ ਅਬਿਨਾਸ਼ੀ ਰਿਹਾ ਮਥ, ਦੋਹੀਂ ਹੱਥੀਂ ਰਿਹਾ ਹੁਲਾਰਿਆ । ਸਗਲ ਵਸੂਰੇ ਜਾਇਣ ਲਥ, ਧੱਕਾ ਇਕੋ ਮਾਰਿਆ । ਲੱਖ ਚੁਰਾਸੀ ਪਾਏ ਨੱਥ, ਧਰਮ ਰਾਏ ਦੇ ਖਿੱਚੇ ਦਰ ਦਵਾਰਿਆ । ਅੰਤਮ ਅੰਤ ਕਲਜੁਗ ਤੇਰੀ ਸੀਆਂ ਸਾਢੇ ਤਿੰਨ ਹੱਥ, ਕਲਜੁਗ ਜੀਵ ਸੁੱਤੇ ਪੈਰ ਪਸਾਰਿਆ । ਕੋਈ ਨਾ ਸਕੇ ਕਿਸੇ ਰੱਖ, ਨਾਤਾ ਤੁਟੇ ਮਾਤ ਪਿਤ ਭੈਣਾਂ ਭਾਈ ਪਿਆਰਿਆ । ਗੁਰਮੁਖ ਸਾਚੇ ਸੰਤ ਜਨ ਪ੍ਰਭ ਆਪੇ ਕੀਨੇ ਵਖ, ਸਾਚਾ ਦੇਵੇ ਸ਼ਬਦ ਅਧਾਰਿਆ । ਸਿਰ ਰੱਖੇ ਦੇ ਕਰ ਹੱਥ, ਆਦਿ ਅੰਤ ਹਰਿ ਸਹਾਰਿਆ । ਪ੍ਰਭ ਦੀ ਮਹਿੰਮਾ ਅਕੱਥਨੀ ਅਕੱਥ, ਗੀਤਾ ਗਿਆਨ ਖਾਣੀ ਬਾਣੀ ਜਗਤ ਰਾਣੀ, ਗੁਣ ਹਰਿ ਗੁਣ ਨਾ ਵਿਚਾਰਿਆ । ਜੋਤੀ ਖੇਲ ਜਗਤ ਮਹਾਨੀ, ਆਦਿ ਸ਼ਕਤ ਆਦਿ ਭਵਾਨੀ, ਏਕਾ ਜੋਤ ਸ੍ਰੀ ਭਗਵਾਨ ਨਿਹਕਲੰਕ ਸਚ ਨਿਸ਼ਾਨੀ, ਸ਼ਬਦ ਡੰਕ ਚਾਰ ਕੁੰਟ ਆਪਣਾ ਆਪ ਵਜਾ ਰਿਹਾ । ਆਪ ਉਠਾਏ ਰਾਓ ਰੰਕ, ਸ਼ਬਦ ਸੁਨੇਹੜਾ ਹਰਿ ਘਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਨੌ ਖੰਡ ਪ੍ਰਿਥਮੀ ਕਰੇ ਵੰਡੀ, ਸੱਚਾ ਖੰਡਾ ਹੱਥ ਉਠਾ ਰਿਹਾ । ਮੇਟ ਮਿਟਾਏ ਭੇਖ ਪਖੰਡੀ, ਕਲਜੁਗ ਜੀਵਾਂ ਆਤਮ ਹੋਈ ਰੰਡੀ, ਹਰਿ ਭਗਵਾਨਾ ਦਿਸ ਨਾ ਆਇੰਦਾ । ਕਲਜੁਗ ਚੜ੍ਹਿਆ ਅੰਤਮ ਕੰਢੀ, ਪੂਰੇ ਤੋਲ ਤੁਲਾਇੰਦਾ । ਹਰਿ ਸੋਹੰ ਸ਼ਬਦ ਰੱਖੇ ਡੰਡੀ, ਇਕ ਹੁਲਾਰਾ ਆਪ ਦਵਾਇੰਦਾ । ਸਿਰ ਚੁੱਕੀ ਪਾਪਾਂ ਪੰਡੀ, ਨਾ ਭਾਰ ਕੋਈ ਉਠਾਇੰਦਾ । ਪ੍ਰਭ ਕੱਚੇ ਭੰਨੇ ਅੰਡੀ, ਚਾਰੋਂ ਕੁੰਟ ਹੁਕਮ ਸੁਣਾਇੰਦਾ । ਦੇਣ ਆਇਆ ਹਰਿ ਜੀ ਦੰਡੀ, ਲਾੜੀ ਮੌਤ ਨਾਲ ਪ੍ਰਨਾਇੰਦਾ । ਗੁਰਮੁਖਾਂ ਦੇਵੇ ਆਤਮ ਛਾਂ ਸਾਚੀ ਠੰਡੀ, ਨਾ ਭਾਰ ਕੋਈ ਉਠਾਇੰਦਾ । ਮਾਇਆ ਰਾਣੀ ਜਗਤ ਘੁਮੰਡੀ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਧਰਤ ਮਾਤ ਮਾਰ ਝਾਤ, ਹਰਿ ਸਾਚੀ ਬਣਤ ਬਣਾਇੰਦਾ । ਧਰਤ ਮਾਤ ਦਰ ਕੁਰਲਾਈਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਾਚਾ ਦੇ ਦੇ ਇੱਕੋ ਵਰ, ਕਲਜੁਗ ਜੀਵ ਬੇਮੁਖ ਹੋਏ, ਨਾ ਹੋਏ ਕੋਈ ਸਹਾਈਆ । ਲੋਕਮਾਤ ਜੋਤ ਧਰ, ਗਊ ਗਰੀਬ ਨਿਮਾਣਿਆਂ ਨਾ ਹੋਵੇ ਕੋਈ ਸਹਾਈਆ । ਕਲਜੁਗ ਜੀਵ ਜੂਠੇ ਝੂਠੇ ਤਖ਼ਤ ਤਾਜ ਰਾਜੇ ਰਾਣਿਆਂ ਲੋਕਮਾਤ ਮਿਲੀ ਵਡਿਆਈਆ । ਨਾ ਚਲਣ ਚਲਾਇਣ ਹਰਿ ਕੇ ਭਾਣਿਆਂ, ਆਤਮ ਹੋਈ ਸਰਬ ਦੁਖਦਾਈਆ । ਮਦਿਰਾ ਮਾਸੀ ਰੋਗ ਝੂਠਾ ਮਾਣਿਆ, ਨਾਮ ਵਸਤ ਹੱਥ ਨਾ ਆਈਆ । ਆਤਮ ਹੋਈ ਅੰਧੀ ਕਾਣਿਆ, ਨਾ ਦਿਸੇ ਹਰਿ ਰਘੁਰਾਈਆ । ਪ੍ਰਭ ਅਬਿਨਾਸ਼ੀ ਲੱਖ ਚੁਰਾਸੀ ਪੁਣਿਆ ਛਾਣਿਆ, ਗੁਰਮੁਖ ਵਿਰਲਾ ਲਾਲ, ਇਕ ਇਕੱਲਾ ਸਚ ਮਹੱਲਾ ਕਾਇਆ ਮੰਦਰ ਰਿਹਾ ਟਿਕਾਈਆ । ਆਪੇ ਵੇਖੇ ਜਲ ਥਲਾ, ਘੜੀ ਘੜੀ ਪਲ ਪਲਾ, ਸ਼ਬਦ ਕਰਾਏ ਏਕਾ ਹੱਲਾ, ਚਾਰੋਂ ਕੁੰਟ ਪਏ ਦੁਹਾਈਆ । ਕਲਜੁਗ ਅੰਤਮ ਹਾਰ ਆਈ ਰਾਣੀ ਅੱਲਾ, ਮਿਟਣਾ ਨਾਮ ਸੰਗ ਮੁਹੰਮਦ ਚਾਰ ਯਾਰ, ਨਾ ਹੋਏ ਕੋਏ ਸਹਾਈਆ । ਪੁਰਖ ਅਬਿਨਾਸ਼ੀ ਪਾਏ ਸਾਰ, ਸਦੀ ਚੌਧਵੀਂ ਵਕਤ ਵਿਚਾਰ, ਸ਼ਬਦ ਧਾੜ ਮਗਰ ਲਗਾਈਆ । ਈਸਾ ਮੂਸਾ ਹੋ ਤਿਆਰ, ਪ੍ਰਭ ਅਬਿਨਾਸ਼ੀ ਕਰੇ ਖ਼ਬਰਦਰ, ਕਾਲਾ ਸੂਸਾ ਤਨ ਸ਼ਿੰਗਾਰ ਕਲਜੁਗ ਤੇਰੀ ਅੰਤਮ ਵਾਰ ਕਾਲੀ ਛਾਹੀ ਝੂਠਾ ਟਿੱਕਾ ਮਸਤਕ ਆਪ ਲਗਾਈਆ । ਨਾ ਕੋਈ ਜਾਣੇ ਨਰ ਨਾਰ, ਜੀਵ ਜੰਤ ਹੋਏ ਖ਼ੁਆਰ, ਮਾਇਆ

੭੭੧ ੦੪

ਭਰਮ ਭੁੱਲੇ, ਕਲਜੁਗ ਅੰਤਮ ਰੁਲੇ, ਪ੍ਰਭ ਸਾਚਾ ਭੇਵ ਖੁਲ੍ਹਾਈਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਸਾਚੀ ਬਣਤ ਰਿਹਾ ਬਣਾਈਆ । ਈਸਾ ਮੂਸਾ ਕਰ ਪਿਆਰ । ਪ੍ਰਭ ਅਬਿਨਾਸ਼ੀ ਬੰਨ੍ਹੇ ਧਾਰ । ਚੀਨਾ ਰੂਸਾ ਆਈ ਹਾਰ । ਫੜ ਫੜ ਮਾਰੇ ਡਾਹਢੀ ਮਾਰ ਉਮਤ ਨਬੀ ਰਸੂਲ ਦੀ, ਏਕਾ ਧੱਕਾ ਰਿਹਾ ਮਾਰ । ਹਰਿ ਕਾ ਭਾਣਾ ਨਾ ਕਬੂਲ ਦੀ, ਅੰਤਮ ਆਈ ਹਾਰ । ਵੇਖ ਧਾਰ ਕੰਤ ਕੰਤੂਹਲ ਦੀ, ਨਾ ਪਾਵੇ ਕੋਈ ਸਾਰ । ਮਾਇਆ ਰਾਣੀ ਇਕ ਪੰਘੂੜਾ ਝੂਲਦੀ, ਕਲਜੁਗ ਦੇਵੇ ਆਪ ਹੁਲਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਪਰ ਅਪਾਰ । ਰੂਸਾ ਚੀਨਾ ਸੰਗ ਰਲਾਇਆ । ਆਪ ਆਪਣਾ ਅੰਗ ਰਖਾਇਆ । ਏਕਾ ਦਰ ਮੰਗੀ ਸਾਚੀ ਮੰਗ, ਦੋਹਾਂ ਧਿਰਾਂ ਦਾ ਮੇਲ ਮਿਲਾਇਆ । ਸ਼ਬਦ ਘੋੜੇ ਕਸੇ ਤੰਗ, ਚਿੱਟੇ ਜੋੜੇ ਕਰੇ ਸੰਗ, ਸੋਲਾਂ ਕਲੀਆਂ ਤਨ ਸ਼ਿੰਗਾਰ ਕਰਾਇਆ । ਪ੍ਰਭ ਅਬਿਨਾਸ਼ੀ ਵਡਾ ਬਲੀਆ, ਆਪੇ ਬਣੇ ਵਲੀਆ ਛਲੀਆ, ਦਿਸ ਕਿਸੇ ਨਾ ਆਇਆ । ਸਚ ਸਿੰਘਾਸਣ ਸੋਲਾਂ ਕਲੀਆਂ, ਹਰਿ ਪਲਾਣਾ ਸੋਹਣਾ ਪਾਇਆ । ਆਪੇ ਬਣੇ ਰਾਜਾ ਰਾਣਾ, ਸੁਘੜ ਸਿਆਣਾ ਸ਼ੇਖ਼ ਮੁਲਾਣਾ, ਪੀਰ ਦਸਤਗੀਰਾਂ ਸ਼ਾਹ ਹਕੀਰਾਂ ਦਿਸ ਨਾ ਆਇਆ । ਨੌਵਾਂ ਖੰਡਾਂ ਪਾਏ ਵੰਡ ਮਾਰੇ ਵਿਚ ਲਕੀਰਾ, ਤਿੱਖਾ ਤੀਰ ਸ਼ਬਦ ਰਖਾਇਆ । ਇਕ ਦੂਜੇ ਦੇ ਵਿਛੜਨ ਵੀਰਾ, ਭੈਣਾਂ ਭਾਈ ਹੱਥ ਨਾ ਆਇਆ । ਲਾੜੀ ਮੌਤ ਹੱਥੀਂ ਆਈ ਬੰਨ੍ਹ ਕਲੀਰਾ, ਲੱਖ ਚੁਰਾਸੀ ਲਏ ਪ੍ਰਨਾਇਆ । ਗੁਰਮੁਖ ਵਿਰਲਾ ਸਾਚਾ ਹੀਰਾ, ਪ੍ਰਭ ਅਬਿਨਾਸ਼ੀ ਹੋਏ ਸਹਾਇਆ । ਆਪੇ ਬੰਨ੍ਹੇ ਸ਼ਬਦ ਚੀਰਾ, ਨਾਮ ਤੋੜਾ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਪਣਾ ਜੋੜਾ ਆਪ ਜੁੜਾਇਆ । ਜੁੜੇ ਜੋੜ ਹਰਿ ਭਗਵਾਨਿਆ । ਨਾ ਸਕੇ ਕੋਈ ਮੋੜ, ਧੁਰਦਰਗਾਹੀ ਆਪ ਫ਼ਰਮਾਨਿਆ । ਵਿਚ ਮਾਤ ਲੈ ਕੇ ਆਇਆ ਸ਼ਬਦ ਘੋੜ, ਕਲਜੁਗ ਜੀਵ ਭੇਵ ਨਾ ਪਾਇਆ । ਆਪੇ ਭੰਨੇ ਰੀਠੇ ਕੌੜ, ਸ਼ਬਦ ਹਥੌੜਾ ਹੱਥ ਉਠਾਇਆ । ਚਾਰੇ ਕੁੰਟਾਂ ਏਕਾ ਪੈਂਡਾ ਨਾ ਲੰਮਾ ਨਾ ਚੌੜ, ਬੰਨਣ ਆਇਆ ਰਾਜੇ ਰਾਣਿਆਂ । ਮਾਤ ਪਿਤ ਨਾ ਜਾਣੇ ਕੋਈ ਵਰਨ ਗੋਤ, ਨਾ ਕੋਈ ਹੋਰ ਬ੍ਰਹਿਮਣ ਗੌੜ, ਜੋਤ ਸਰੂਪੀ ਹਰਿ ਭਗਵਾਨਿਆ । ਧੁਰਦਰਗਾਹੋਂ ਆਇਆ ਦੌੜ, ਧਰਮ ਝੁਲਾਏ ਇਕ ਨਿਸ਼ਾਨਿਆ । ਸਚਖੰਡ ਦਵਾਰਾ ਇਕੋ ਪੌੜ, ਦੂਜਾ ਡੰਡਾ ਨਾ ਕੋਈ ਰਖਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਧਰਤ ਮਾਤ ਨਾ ਦਏ ਵਰ, ਖਿੱਚੇ ਜੋਤ ਇਕ ਜਵਾਲਿਆ । ਜੋਤ ਜਵਾਲਾ ਖਿੱਚੇ ਲਾਟ । ਨਾ ਕੋਈ ਤੀਰਥ ਨਾ ਕੋਈ ਤਾਟ । ਕਲਜੁਗ ਤੇਰੀ ਅੰਤਮ ਵਾਟ । ਅੰਜੀਲ ਕੁਰਾਨਾਂ ਆਈ ਘਾਟ । ਵੇਦ ਪੁਰਾਨ ਗਏ ਪਾਟ । ਸ਼ਬਦ ਨਿਸ਼ਾਨ ਨਾ ਵਿਕੇ ਹਾਟ । ਗੁਰਮੁਖ ਵਿਰਲਾ ਬ੍ਰਹਮ ਗਿਆਨੀ, ਸਚ ਪੱਟ ਲਪੇਟੇ ਕਾਇਆ ਮਾਟ । ਏਕਾ ਰੱਖੇ ਚਰਨ ਧਿਆਨੀ, ਆਤਮ ਜੋਤੀ ਜਗੇ ਲਲਾਟ । ਸ਼ਬਦ ਵਜੇ ਤੀਰ ਕਾਨੀ, ਬਜ਼ਰ ਕਪਾਟੀ ਜਾਏ ਪਾਟ । ਦੇਵੇ ਦਾਨ ਹਰਿ ਵਡ ਦਾਨੀ, ਸੋਹੰ ਸ਼ਬਦ ਰਸਨਾ ਰਾਟ । ਕਲਜੁਗ ਤੇਰੀ ਅੰਤ ਨਿਸ਼ਾਨੀ, ਪ੍ਰਭ ਦੁਰਮਤ ਮੈਲ ਰਿਹਾ ਕਾਟ । ਸਤਿਜੁਗ ਸਾਚੀ ਜਗੇ ਜੋਤ ਮਹਾਨੀ, ਨੇੜੇ ਆਈ ਵਾਟ । ਪ੍ਰਗਟ ਹੋਏ ਪੁਰਖ ਸੁਜਾਨੀ, ਜੋਤੀ ਜੋਤ ਸਰੂਪ ਹਰਿ, ਧਰਤ ਮਾਤ ਦੇ ਸਾਚਾ ਵਰ, ਧਰਮ ਰਾਏ ਦਰ ਖੋਲ੍ਹੇ ਹਾਟ । ਧਰਮ ਰਾਏ ਖ਼ੁਸ਼ੀ ਮਨਾਈਆ । ਪ੍ਰਭ ਜੋਤੀ ਜੋਤ ਜਗਾਈਆ । ਅਠਾਈ ਕੁੰਡਾਂ ਰਿਹਾ ਖੁਲ੍ਹਾਈਆ । ਛੈਲ ਛਬੀਲਾ ਸਾਚਾ ਮੁੰਡਾ, ਨਰ ਹਰਿ ਸ੍ਰੀ ਰਘੁਰਾਈਆ । ਰਹਿਣ ਨਾ ਦੇਵੇ ਲੰਗੜਾ ਟੁੰਡਾ, ਵਾਰੋ ਵਾਰ ਦਏ ਘਲਾਈਆ । ਧਰਮ ਰਾਏ ਘਰ ਖੋਲ੍ਹੇ ਕੁੰਡਾ, ਖ਼ਾਲੀ ਜਨਕ ਆਪ ਕਰਾਈਆ । ਕਲਜੁਗ ਅੰਤਮ

ਆਇਆ ਕੰਢਾ, ਪ੍ਰਭ ਡੰਡਾ ਰਿਹਾ ਵਖਾਈਆ । ਚਾਰੋਂ ਕੁੰਟ ਚਲੇ ਚਲਾਏ ਚੰਡ ਪ੍ਰਚੰਡਾ, ਧਰਤ ਮਾਤ ਹੋਏ ਸਹਾਈਆ । ਆਪੇ ਕਰੇ ਖੰਡ ਖੰਡਾ, ਸੂਰਬੀਰ ਰਿਹਾ ਉਠਾਈਆ । ਸ਼ਬਦ ਉਠਾਏ ਸਾਚਾ ਡੰਡਾ, ਚਾਰੋਂ ਕੁੰਟ ਹੋਏ ਵਾਹੋ ਦਾਹੀਆ । ਨਾ ਕੋਈ ਦਿਸੇ ਨਾਰ ਸੁਹਾਗਣ ਲੋਕਮਾਤ ਹੋਈ ਰੰਡਾ, ਕੰਤ ਸੁਹਾਗ ਨਾ ਕੋਈ ਹੰਢਾਈਆ । ਸ਼ਬਦ ਧਰਮ ਦਾ ਫੜਿਆ ਝੰਡਾ, ਸੱਤਾਂ ਦੀਪਾਂ ਰਿਹਾ ਝੁਲਾਈਆ । ਨੌਂ ਖੰਡਾਂ ਪਾਏ ਠੰਡਾਂ, ਗੁਰਮੁਖਾਂ ਰਿਹਾ ਜਗਾਈਆ । ਰਚਨ ਰਚਾਈ ਹਰਿ ਵਰਭੰਡਾ, ਬ੍ਰਹਿਮੰਡਾਂ ਰਿਹਾ ਹੁਲਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਪੁਰੀਆਂ ਲੋਆਂ ਰਿਹਾ ਉਲਟਾਈਆ । ਪੁਰੀ ਬ੍ਰਹਮ ਹਰਿ ਕਰੇ ਵਿਚਾਰ । ਅੰਤਮ ਕਲਜੁਗ ਆਈ ਹਾਰ । ਬ੍ਰਹਮਾ ਹੋਇਆ ਖ਼ਬਰਦਾਰ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਤੇਰਾ ਵਕਤ ਅੰਤ ਚੁਕਾਇਆ, ਨਾ ਕੋਈ ਹੋਏ ਹੋਰ ਸਹਾਰ । ਚਾਰ ਵੇਦਾਂ ਭੇਵ ਖੁਲ੍ਹਾਇਆ । ਵੇਦ ਕਿਤੇਬਾਂ ਬਾਹਰ ਰਖਾਇਆ । ਆਪ ਆਪਣੀ ਜਾਣੇ ਸਾਰ, ਜੋਤੀ ਜੋਤ ਸਰੂਪ ਹਰਿ, ਵਡਾ ਸ਼ਾਹੋ ਭੂਪ, ਸਚ ਘਰ ਸਾਚਾ ਹੁਕਮ ਰਿਹਾ ਸੁਣਾਇਆ । ਸਾਚਾ ਭੂਪ ਹਰਿ ਸੁਲਤਾਨ । ਬ੍ਰਹਮੇ ਦਿਤਾ ਨਾਮ ਗਿਆਨ । ਚਾਰ ਮੁਖ ਅੱਠ ਨੇਤਰ, ਆਪੇ ਵੇਖੇ ਕਾਇਆ ਖੇਤਰ, ਉਲਟੀ ਨਭੀ ਅੰਮ੍ਰਿਤ ਦਬੀ, ਕਵਣ ਸਰ ਹਰਿ ਭਰਾਨ । ਜੋਤੀ ਜਾਮਾ ਹਰਿ ਭਗਵਾਨਾ, ਲੋਕਮਾਤ ਨਾ ਕਿਸੇ ਪਛਾਣਾ, ਲੋਆਂ ਪੁਰੀਆਂ ਇਕ ਉਡਾਨ । ਕਲਜੁਗ ਤੇਰਾ ਅੰਤ ਨਿਬੇੜਾ । ਵਿਸ਼ਨ ਬ੍ਰਹਮਾ ਪੁਰੀ ਚੁੱਕੇ ਝੇੜਾ । ਇਕ ਦਿਸਾਏ ਸਾਚਾ ਖੇੜਾ । ਆਪੇ ਦੇਵੇ ਸਾਚਾ ਗੇੜਾ । ਚੌਥੇ ਜੁਗ ਤੇਰੀ ਅੰਤਮ ਵਾਰੀ, ਸਾਚੀ ਪੁਰੀਆਂ ਹੋਏ ਨਿਬੇੜਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਬੰਨਣ ਆਇਆ ਸਾਚਾ ਬੇੜਾ । ਬ੍ਰਹਮੇ ਧੁਰ ਫ਼ਰਮਾਨ ਸ਼ਬਦ ਜਣਾਈਆ । ਅੰਤਮ ਛੱਡਣਾ ਪਏ ਮਕਾਨ, ਨਿਹਕਲੰਕੀ ਜੋਤ ਜਗਾਈਆ । ਸਾਚੀ ਚਲਦੀ ਰਹੇ ਦੁਕਾਨ, ਅੰਤਮ ਕਲ ਬੰਦ ਕਰਾਈਆ । ਗੁਰਮੁਖਾਂ ਝੁਲਾਏ ਸਚ ਨਿਸ਼ਾਨ, ਲੋਕਮਾਤ ਦਏ ਵਡਿਆਈਆ । ਵਿਚ ਬਿਠਾਏ ਆਪ ਬਿਬਾਣ, ਬ੍ਰਹਮਪੁਰੀ ਆਪ ਉਠਾਈਆ । ਗੁਰ ਤੇਗ ਬਹਾਦਰ ਤੇਰਾ ਨਾਮ ਨਿਧਾਨ, ਤ੍ਰੈਲੋਕੀ ਹਰਿ ਜਪਾਈਆ । ਬ੍ਰਹਮੇ ਤੁਟਾ ਮਾਣ ਤਾਨ, ਸਾਚੇ ਗੁਰ ਲਿਖਿਆ ਧੁਰ, ਸਾਚੇ ਧਾਮ ਸੁਹਾਈਆ । ਚਰਨ ਪ੍ਰੀਤੀ ਰਹੀ ਜੁੜ, ਪ੍ਰਭ ਅੰਮ੍ਰਿਤ ਧਾਰ ਸਾਚਾ ਮੇਘ ਰਿਹਾ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਸਿੰਘ ਪਾਲ ਹੋ ਦਿਆਲ, ਜਗਤ ਦਲਾਲ ਮਿਲੀ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪੁਰੀਆਂ ਲੋਆਂ ਧਾਮ ਸੁਹਾਈਆ । ਸ਼ਿਵ ਸ਼ੰਕਰ ਧੁਰ ਫ਼ਰਮਾਨਿਆਂ । ਮਰਦੰਗ ਵੱਜੇ ਨਾ ਕੰਕਰ ਕੰਕਰ, ਮੰਨਣਾ ਪਏ ਪ੍ਰਭ ਕਾ ਭਾਣਿਆਂ । ਏਕਾ ਰੰਗ ਏਕਾ ਸੰਗ, ਏਕਾ ਏਕ ਸ੍ਰੀ ਭਗਵਾਨਿਆ । ਮੰਗਦੇ ਰਹਿਣ ਦਵਾਰ ਬੰਕ, ਮਿਲਿਆ ਮਾਣ ਨੀਲ ਕੰਠ, ਕੰਠ ਨੀਲ ਗੁਣ ਨਿਧਾਨਿਆ । ਅੰਤਮ ਛੱਡਣਾ ਪਏ ਮਕਾਨ, ਪ੍ਰਭ ਵੇਲਾ ਆਤਮ ਆਪ ਪਛਾਨਿਆ । ਏਕਾ ਮਿਲੇ ਪੁਸ਼ਪ ਬਿਬਾਣ, ਦੇਵੇ ਹਰਿ ਚਤੁਰ ਸੁਜਾਨਿਆ । ਲੋਕਮਾਤ ਮਾਰ ਧਿਆਨ, ਗੁਰਮੁਖ ਉਠੇ ਨੌਜਵਾਨਿਆ । ਪ੍ਰਭ ਅਬਿਨਾਸ਼ੀ ਸਾਚਾ ਤੁਠੇ, ਆਪਣੀ ਗੋਦ ਉਠਾਨਿਆ । ਖ਼ਾਕ ਰਖਾਈ ਏਕਾ ਮੁੱਠੇ, ਜੋਤੀ ਜੋਤ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਜਟਾ ਜੂਟ ਵਿਚਾਰ ਅੰਤਮ ਸਹਿਣਾ ਦਰ ਘਰ ਸਾਚੇ ਬਹਿਣਾ, ਮੰਨਣਾ ਪਏ ਭਾਣਿਆ । ਸ਼ਿਵ ਸ਼ੰਕਰ ਅੱਗੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਕਲਜੁਗ ਅੰਤਮ ਆਈ ਹਾਰ । ਮਿਲੇ ਜੋਤੀ ਹਰਿ ਨਿਰੰਕਾਰ । ਅੱਠੇ ਪਹਿਰ ਰਹੇ ਸੋਤੀ, ਪਵਣ ਉਨੰਜਾ ਛਤਰ ਝੁਲਾਰ । ਮਾਇਆ ਮੈਲ ਜਾਏ ਧੋਤੀ, ਮਿਲੇ ਮੇਲ ਕੰਤ ਭਤਾਰ । ਜੋਤੀ ਜਾਮਾ ਸਾਚੀ ਜੋਤੀ, ਨੂਰ

੭੭੨
੦੪

ਉਜਾਲਾ ਵਿਚ ਸੰਸਾਰ । ਨਾ ਕੋਈ ਵਰਨ ਨਾਂ ਕੋਈ ਗੋਤੀ, ਮੀਤ ਮੁਰਾਰਾ ਨਾ ਕੋਈ ਯਾਰ । ਜੋਤੀ ਜੋਤ ਸਰੂਪ ਹਰਿ, ਦਰ ਘਰ ਸਾਚੇ ਸੁਣੀ ਸੱਚੀ ਪੁਕਾਰ । ਜਗਤ ਜਗਦੀਸ਼ੇ ਛਤਰ ਝੁੱਲੇ ਸੀਸੇ, ਕਲਜੁਗ ਤੇਰੀ ਅੰਤਮ ਵਾਰ । ਸੁਰਪਤ ਰਾਜਾ ਇੰਦ ਪਵਣ ਉਡਾਰੀਆ । ਆਪੇ ਬਣਿਆ ਸਾਚੀ ਬਿੰਦ, ਕਰੋੜ ਤੇਤੀਸਾ ਦਏ ਸਹਾਰਿਆ । ਅੰਮ੍ਰਿਤ ਪੀਆ ਏਕਾ ਜਾਮ ਉਤਰੀ ਚਿੰਦ, ਮੋਹਣੀ ਮੇਲ ਦਰ ਅਪਾਰਿਆ । ਸਾਚੀ ਧਾਰ ਸਾਗਰ ਸਿੰਧ, ਸਦ ਰੱਖੇ ਠੰਡੀ ਠਾਰਿਆ । ਅੰਤਮ ਕਲ ਪ੍ਰਗਟ ਹੋਏ ਹਰਿ ਗੋਬਿੰਦ, ਲੋਆਂ ਪੁਰੀਆਂ ਪਾਏ ਸਾਰਿਆ । ਗੁਰਮੁਖਾਂ ਬਣੇ ਹਰਿ ਬਖ਼ਸ਼ਿੰਦ, ਦੇਵੇ ਮਾਣ ਤਾਣ ਵਿਚ ਜਹਾਨ, ਵਡ ਭੰਡਾਰਿਆ । ਝੁੱਲਦਾ ਰਹੇ ਜਗਤ ਨਿਸ਼ਾਨ, ਨਾਮ ਧਰਮ ਇਕ ਮਕਾਨ, ਨਾ ਆਵੇ ਪਾਸਾ ਹਾਰਿਆ । ਜੋਤੀ ਜੋਤ ਸਰੂਪ ਹਰਿ, ਸੁਰਪਤ ਰਾਜੇ ਇੰਦ, ਮਿਲਿਆ ਸ਼ਾਹੋ ਵਡ ਮਰਗਿੰਦ, ਦੇਵੇ ਹੁਕਮ ਅਪਰ ਅਪਾਰਿਆ । ਸੁਰਪਤ ਰਾਜੇ ਇੰਦ ਵਡ ਰਾਜਾਨ । ਕਲਜੁਗ ਵੇਲਾ ਅੰਤਮ ਆਇਆ, ਪੁਰੀ ਇੰਦਰ ਹੋਣੀ ਪਏ ਵੈਰਾਨ । ਨਿਹਕਲੰਕ ਕਲ ਜਾਮਾ ਪਾਇਆ, ਭੋਗ ਅਪਛਰਾਂ ਰਹੇ ਗਲਤਾਨ । ਸਾਚਾ ਸ਼ਬਦ ਡੰਕ ਵਜਾਇਆ, ਚੜ੍ਹ ਕੇ ਆਏ ਵਿਚ ਮੈਦਾਨ । ਰਸਨਾ ਤੀਰ ਕਮਾਨੀ ਫੜ ਕੇ ਆਇਆ, ਸ਼ਬਦ ਚਲਾਏ ਸਚ ਨਿਸ਼ਾਨ । ਲੱਖ ਚੁਰਾਸੀ ਘਾੜਨ ਘੜ੍ਹ ਕੇ ਆਇਆ, ਅੰਤਮ ਭੰਨੇ ਵਿਚ ਜਹਾਨ । ਏਕਾ ਅੱਖਰ ਸੋਹੰ ਵੱਖਰ, ਸਤਿਜੁਗ ਤੇਰਾ ਪੜ੍ਹ ਕੇ ਆਇਆ, ਨਾਲ ਲਿਆਇਆ ਧੁਰ ਫ਼ਰਮਾਣ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪੇ ਕਰੇ ਅੰਤ ਪਛਾਣ । ਸਾਚਾ ਅੱਖਰ ਏਕਾ ਪੜ੍ਹਿਆ । ਸ਼ਬਦ ਘੋੜੇ ਹਰਿ ਜੀ ਚੜ੍ਹਿਆ । ਸਤਵੇਂ ਦਰ ਆਪੇ ਖੜ੍ਹਿਆ । ਦਰ ਦਹਿਲੀਜੋਂ ਬਾਹਰ ਖੜ੍ਹਿਆ । ਛੇਵੇਂ ਘਰ ਆਏ ਵੜਿਆ । ਸ਼ਬਦ ਖੰਡਾ ਹੱਥ ਵਿਚ ਫੜ੍ਹਿਆ । ਆਪ ਆਪਣੀ ਹੱਥੀਂ ਖੜ੍ਹਿਆ । ਪੰਜਵੇਂ ਡੰਡੇ ਆਪੇ ਚੜ੍ਹਿਆ । ਪਵਣ ਮਸਾਣੀ ਹੱਥੀਂ ਫੜਿਆ । ਜੋਤੀ ਸ਼ਬਦੀ ਪਵਣੀ ਮੇਲ ਏਕਾ ਕਰਿਆ । ਚੌਥੇ ਦਰ ਆਏ ਘਰ ਸਾਚਾ ਹਰਿ ਸੁੱਤਾ ਭਗਤਾਂ ਤੇਲ ਚੜ੍ਹਾਈਆ । ਲੋਕਮਾਤ ਹਰਿ ਦਏ ਵਰ, ਆਪ ਖਲੋਏ ਚੌਥੇ ਘਰ, ਦਰ ਦਵਾਰੇ ਅੱਗੇ ਖੜਿਆ । ਜੋਤੀ ਜਾਮਾ ਭੇਖ ਅਪਾਰ, ਨਾ ਕੋਈ ਨਾਰੀ ਨਾ ਕੋਈ ਨਰ, ਨਾ ਕੋਈ ਦੀਸੇ ਸੀਸ ਧੜਿਆ । ਆਪ ਆਪਣੀ ਰਿਹਾ ਕਰ, ਨਾ ਜਨਮੇ ਨਾ ਜਾਏ ਮਰ, ਨਾ ਘਾੜਨ ਕੋਈ ਕਿਸੇ ਘੜਿਆ । ਲੱਖ ਚੁਰਾਸੀ ਤੇਰਾ ਲਾਹੇ ਅੰਤਮ ਡਰ, ਧਰਮ ਰਾਏ ਦਾ ਵਸੇ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੇ ਅੰਦਰ ਵੜਿਆ । ਹਰਿ ਵਸਤ ਅਪਾਰ, ਸ਼ਬਦ ਭੰਡਾਰਿਆ । ਗੁਰਮੁਖ ਮੰਗੇ ਦਰ ਦਵਾਰ, ਪ੍ਰਭ ਦੇਵੇ ਕਿਰਪਾ ਧਾਰਿਆ । ਆਪ ਦਿਖਾਏ ਸਾਚੇ ਘਰ, ਜੋਤ ਸਰੂਪੀ ਅੰਦਰ ਵੜ, ਖੋਲ੍ਹੇ ਬੰਦ ਕਵਾੜਿਆ । ਮਾਇਆ ਤੋੜੇ ਕਿਲ੍ਹਾ ਗੜ੍ਹ, ਸਾਚੇ ਡੰਡੇ ਜਾਏ ਚੜ੍ਹ, ਦਸਮ ਮਹੱਲ ਅਟੱਲ ਅਟਾਰਿਆ । ਗੁਰਮੁਖਾਂ ਘਾੜਨ ਰਿਹਾ ਘੜ, ਆਪ ਆਪਣੀ ਹੱਥੀਂ ਫੜ ਵਸਾਏ ਸਚ ਚੁਬਾਰਿਆ । ਜੋਤੀ ਜੋਤ ਸਰੂਪ ਹਰਿ, ਦੇਵੇ ਸੱਚਾ ਨਾਮ ਵਰ, ਲੋਕਮਾਤ ਨਾ ਆਏ ਹਾਰਿਆ । ਮੰਗਣਾ ਇਕ ਦਵਾਰ ਪੁਰਖ ਅਪਾਰਿਆ । ਦੇਵੇ ਨਾਮ ਅਧਾਰ, ਜੋਤ ਨਿਰੰਕਾਰਿਆ । ਕਰੇ ਸ਼ਬਦ ਤਨ ਸ਼ਿੰਗਾਰ, ਮਿਲੇ ਮਾਣ ਵਿਚ ਸੰਸਾਰਿਆ । ਮਾਨਸ ਦੇਹੀ ਅਪਰ ਅਪਾਰ, ਲੱਖ ਚੁਰਾਸੀ ਕੂੜ ਕੁੜਿਆਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸ਼ਬਦ ਭੰਡਾਰੇ ਰਿਹਾ ਭਰ, ਦੇਵੇ ਨਾਮ ਇਕ ਇਕ ਇਕ ਅਪਾਰਿਆ । ਨਾਮ ਭੰਡਾਰ ਹਰਿ ਭਰਪੂਰ । ਸ਼ਬਦ ਨਾਦੀ ਸਾਚੀ ਤੂਰ । ਅੱਠੇ ਪਹਿਰ ਸਤਿ ਸਰੂਰ । ਜੋਤੀ ਖਿਚੇ


੭੭੩
੦੪

ਸਾਚਾ ਨੂਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਦਾ ਸਦਾ ਸਦਾ ਹਾਜਰ ਹਜ਼ੂਰ ।

✻ ੨੯ ਪੋਹ ੨੦੧੧ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਕਾਦਰਾਬਾਦ ਜ਼ਿਲਾ ਗੁਰਦਾਸਪੁਰ ✻

ਸ਼ਬਦ ਖੰਡਾ ਧਰਮ ਮਹਾਨਿਆ । ਨਾਮ ਡੰਡਾ ਵਿਚ ਜਹਾਨਿਆ । ਗੁਰਮੁਖਾਂ ਪਾਇਆ ਸਾਚਾ ਵੰਡਾ, ਫੜਾਏ ਹੱਥ ਭਗਵਾਨਿਆ । ਪੰਜਾਂ ਚੋਰਾਂ ਦੇਵੇ ਦੰਡਾ, ਹਰਿ ਤਿਖੀ ਰੱਖੇ ਧਾਰਿਆ । ਬੇਮੁਖਾਂ ਵਡੇ ਕੰਡਾ, ਮੂੰਹ ਦੇ ਭਾਰ ਸੁਟਾ ਰਿਹਾ । ਆਪੇ ਕਰੇ ਖੰਡ ਖੰਡਾ, ਨਾ ਕੋਈ ਕਿਸੇ ਛੁਡਾਨਿਆ । ਨਾਲ ਰਲਾਏ ਕਹਿਰ ਰਾਣੀ ਮਾਤ ਸੁਹਾਣੀ । ਚੰਡ ਪ੍ਰਚੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਖੰਡਾ ਨਾਮ ਕਟਾਰਿਆ । ਪ੍ਰਭ ਅਬਿਨਾਸ਼ੀ ਫੜਿਆ ਹੱਥ, ਧੁਰਦਰਗਾਹੀ ਸੱਚੀ ਸਰਕਾਰਿਆ । ਲੰਮਾ ਰਖਾਏ ਸਾਢੇ ਤਿੰਨ ਹੱਥ, ਮਾਰੇ ਵਾਰੋ ਵਾਰਿਆ । ਕਲਜੁਗ ਤੇਰਾ ਝੂਠਾ ਰਥ, ਧਰਮ ਰਾਏ ਦਏ ਹੁਲਾਰਿਆ । ਯਮਰਾਜ ਪਾਏ ਸਥ, ਪਾਏ ਪੱਲੂ ਚਾਰ ਕੁੰਟ ਪਾਏ ਘਰ ਘਰ ਘਰ ਹਾਹਾਕਾਰਿਆ । ਕਿਸੇ ਸਿਰ ਨਾ ਦੀਸੇ ਤਾਜ, ਝੂਠੇ ਛੁੱਟੇ ਰਾਜਨ ਰਾਜ, ਪ੍ਰਭ ਸਾਚਾ ਪਾਏ ਘੇਰਿਆ । ਹਰਿ ਭਗਤਾਂ ਰੱਖੇ ਲਾਜ, ਬੇਮੁਖਾਂ ਖੋਲ੍ਹੇ ਪਾਜ, ਕਰੇ ਖੇਲ ਜਗਤ ਨਿਆਰਿਆ । ਸਾਚਾ ਸਾਜਨ ਰਿਹਾ ਸਾਜ, ਪ੍ਰਭ ਅਬਿਨਾਸ਼ੀ ਗਰੀਬ ਨਿਵਾਜ, ਕਲਜੁਗ ਤੇਰੀ ਅੰਤਮ ਵਾਰਿਆ । ਆਪ ਸਵਾਰੇ ਆਪਣਾ ਕਾਜ, ਪ੍ਰਗਟ ਜੋਤ ਦੇਸ ਮਾਝ, ਰੰਕ ਡੰਕ ਇਕ ਵੱਜਾ ਰਿਹਾ । ਬੇਮੁਖਾਂ ਅੰਤਮ ਚਾਰੋਂ ਕੁੰਟ ਪੈਣੀ ਭਾਜ, ਨਾ ਕੋਈ ਕਿਸੇ ਛੁਡਾ ਰਿਹਾ । ਗੁਰਮੁਖਾਂ



ਮਾਰੇ ਸ਼ਬਦ ਅਵਾਜ, ਅੰਤਮ ਹੋਈ ਰੈਣ ਅੰਧੇਰੀ ਕਲਜੁਗ ਆਪੇ ਆਪ ਜਗਾ ਰਿਹਾ । ਸ਼ਬਦ ਖੰਡਾ ਪੁਰਖ ਅਪਾਰ । ਸਿੱਧਾ ਡੰਡਾ ਵਿਚ ਸੰਸਾਰ । ਕਲਜੁਗ ਤੇਰਾ ਅੰਤਮ ਕੰਢਾ, ਆਪੇ ਵੇਖੇ ਹਰਿ ਦਾਤਾਰ । ਗੁਰਮੁਖ ਬੇਮੁਖ ਪਾਏ ਵੰਡਾ, ਸਾਚਾ ਤੋਲ ਤੋਲਣਹਾਰ । ਨਾ ਕੋਈ ਦੀਸੇ ਪਖੰਡਾ, ਜਗੀ ਜੋਤ ਇਕ ਕਰਤਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਰੇ ਵਿਚਾਰ । ਆਪ ਆਪਣੀ ਕਰ ਵਿਚਾਰ । ਕੀਆ ਖੇਲ ਅਪਰ ਅਪਾਰ । ਗੁਰਮੁਖ ਸਾਚੇ ਸੰਤ ਮਿਲਾਏ, ਦਇਆ ਕਮਾਏ ਚਰਨ ਬਹਾਏ, ਮਿਲਿਆ ਮੇਲ ਕੰਤ ਭਤਾਰ । ਬੇਮੁਖ ਜੀਵ ਦਰ ਦੁਰਕਾਏ, ਦਰ ਘਰ ਸਾਚੇ ਰਹਿਣ ਨਾ ਪਾਏ, ਚਾਰੋਂ ਕੁੰਟ ਫਿਰਨ ਭਿਖਾਰ । ਸਾਚੀ ਭਿੱਛਿਆ ਕੋਈ ਨਾ ਪਾਏ, ਜੋਤੀ ਜਾਮਾ ਹਰਿ ਭਗਵਾਨਾ, ਸ਼ਬਦ ਬਿਬਾਣਾ ਜਗਤ ਉਡਾਣਾ, ਚਾਰ ਦਵਾਰੇ ਵੇਖ ਵਖਾਏ, ਚਾਰ ਦਵਾਰੇ ਚਾਰੇ ਯਾਰ । ਅੱਠੇ ਪਹਿਰ ਸੇਵਾਦਾਰ । ਪ੍ਰਭ ਇਕ ਚਲਾਏ ਸ਼ਬਦ ਲਹਿਰ । ਆਪ ਬਹਾਏ ਵਹਿੰਦੀ ਧਾਰ । ਧਰਤ ਮਾਤ ਦਰ ਮੰਗੇ ਕਹਿਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਕੋਈ ਨਾ ਦੀਸੇ ਨਗਰ ਖੇੜਾ ਸ਼ਹਿਰ, ਪਰਬਤ ਜੰਗਲ ਜੂਹ ਉਜਾੜ ਪਹਾੜ, ਜੋਤੀ ਅਗਨੀ ਦੇਵੇ ਸਾੜ । ਗੁਰਮੁਖਾਂ ਆਤਮ ਕਰੇ ਮਿਹਰ, ਜੋਤ ਜਗਾਏ ਬਹੱਤਰ ਨਾੜ । ਲੱਖ ਚੁਰਾਸੀ ਆਪ ਭੁਲਾਏ ਕਰ ਕਰ ਹੇਰ ਫੇਰ, ਬੇਮੁਖ ਜੀਵ ਝੂਠੀ ਧਾੜ । ਗੁਰਮੁਖ ਸਾਚੇ ਮਾਤ ਤਰਾਏ, ਹਉਮੇ ਵਿਚੋਂ ਰੋਗ ਗਵਾਏ, ਸ਼ਬਦ ਘੋੜੇ ਰਿਹਾ ਚਾੜ੍ਹ । ਚਰਨ ਦਵਾਰੇ ਘੇਰ ਲਿਆਏ, ਮੇਰ ਤੇਰ ਸਰਬ ਚੁਕਾਏ, ਆਪ ਆਪਣੀ ਦਇਆ ਕਮਾਏ, ਨਾ ਲਾਏ ਦੇਰ ਘਰ ਸਾਚੇ ਰਿਹਾ ਵਾੜ । ਆਪੇ ਗੁਰ ਆਪੇ ਚੇਲੇ ਸਿੰਘ ਸ਼ੇਰ ਸ਼ੇਰ ਦਲੇਰ, ਕਲਜੁਗ ਚੋਲੀ ਰਿਹਾ ਪਾੜ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ

ਦੇਵੇ ਸਾਚਾ ਵਰ, ਲੱਖ ਚੁਰਾਸੀ ਵੱਢੇ ਧੜ, ਰਚਨ ਰਚਾਏ ਸਤਾਰਾਂ ਹਾੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੁਹੇਲੇ ਜਗਤ ਮੇਲੇ, ਧਰਤ ਮਾਤ ਦੁਲਾਰੇ, ਆਪ ਬਣਾਏ ਸਾਚੇ ਲਾੜ । ਸਤਾਰਾਂ ਹਾੜੀ ਫੁਲ ਫੁਲਵਾੜੀ । ਪ੍ਰਭ ਸ਼ਬਦ ਬਗੀਚਾ ਲਾਇਆ, ਆਪੇ ਕਰੇ ਨਾਮ ਵਾੜੀ । ਰੱਖੇ ਲਾਜ ਚਰਨ ਛੁਹਾਈ ਦਾਹੜੀ । ਸਾਚੀ ਬਣਤ ਰਿਹਾ ਬਣਾਇਆ, ਸਦਾ ਫਿਰੇ ਪਿੱਛੇ ਅਗਾੜੀ । ਹੋਏ ਸਹਾਈ ਬਹੱਤਰ ਨਾੜੀ । ਪੰਜਾਂ ਚੋਰਾਂ ਦਰ ਦੁਰਕਾਇਆ, ਗੁਰ ਚਰਨ ਸਰਨ ਨੇੜ ਨਾ ਆਏ ਮੌਤ ਲਾੜੀ । ਸਿੰਘ ਸਿੰਘਾਸਣ ਡੇਰਾ ਲਾਇਆ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਾਰੀ, ਖ਼ੁਸ਼ੀ ਮਨਾਈ ਸਤਾਰਾਂ ਹਾੜੀ । ਧਰਮ ਰਾਏ ਦੀ ਕਟੇ ਫਾਸੀ, ਆਪਣਾ ਬੇੜਾ ਆਪਣੇ ਹੱਥ ਰਖਾਏ, ਆਪਣਾ ਬੇੜਾ ਰੱਖੇ ਹੱਥ । ਪ੍ਰਭ ਅਬਿਨਾਸ਼ੀ ਸਰਬ ਸਮਰਥ । ਆਵਣ ਜਾਵਣ ਜਾਵਣ ਆਵਣ ਪਤਤ ਪਾਵਨ ਹਰਿ ਭਗਵਾਨ, ਜਗਤ ਝੇੜਾ ਦਏ ਚੁਕਾਇਆ । ਕਿਰਪਾ ਕਰੇ ਗੁਣ ਨਿਧਾਨ, ਵਡ ਵਡਾ ਮਿਹਰਵਾਨ, ਕਾਇਆ ਖੇੜਾ ਭਾਗ ਲਗਾਇਆ । ਸ਼ਬਦ ਬਿਠਾਏ ਸਚ ਬਿਬਾਣ, ਲੋਕਮਾਤ ਹਰਿ ਗੇੜਾ ਲਾਇਆ । ਆਪ ਉਠਾਏ ਗੁਰਮੁਖ ਸਾਚੇ ਨੌਜਵਾਨ, ਬੇਮੁਖ ਸੋਇਆ ਨਾ ਕੋਈ ਜਗਾਇਆ । ਅੱਠੇ ਪਹਿਰ ਕਰ ਧਿਆਨ, ਚਾਰ ਕੁੰਟ ਦਹਿ ਦਿਸ਼, ਗੁਰਮੁਖਾਂ ਸਾਚਾ ਮੇਲ ਮਿਲਾਇਆ । ਸਾਚਾ ਛਤਰ ਝੁਲਾਏ ਸੀਸ, ਆਪ ਆਪਣੇ ਹੱਥ ਰਖਾਇਆ । ਲੱਖ ਚੁਰਾਸੀ ਕਿਸੇ ਨਾ ਆਏ ਦਿਸ, ਸਾਧ ਸੰਤ ਕਿਸੇ ਵੇਖ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਰਿਹਾ ਬਣਾਇਆ । ਪ੍ਰਭ ਸਾਚਾ ਬਣਤ ਬਣਾਈ ਜਾਂਦਾ । ਗੁਰਮੁਖਾਂ ਗਣਤ ਗਿਣਾਈ ਜਾਂਦਾ । ਦੇ ਮਤ ਸਮਝਾਈ ਜਾਂਦਾ । ਨੌਂ ਅਠਾਰਾਂ ਭੇਵ ਚੁਕਾਈ ਜਾਂਦਾ । ਮਾਤ ਗਰਭ ਰੋਗ ਮਿਟਾਈ ਜਾਂਦਾ । ਸਾਚਾ ਸ਼ਬਦ ਰਸਨ ਜਪਾਈ ਜਾਂਦਾ । ਮੋਤੀ ਚੋਗ ਹੰਸ ਚੁਗਾਈ ਜਾਂਦਾ । ਆਤਮ ਜੋਤੀ ਆਪ ਜਗਾਈ ਜਾਂਦਾ । ਚਾਰ ਵਰਨਾਂ ਇਕ ਗੋਤ ਬਣਾਈ ਜਾਂਦਾ । ਦੁਰਮਤ ਮੈਲ ਗਈ ਧੋਤੀ, ਗੁਰਮੁਖਾਂ ਬਣਤ ਬਣਾਈ ਜਾਂਦਾ । ਜੋਤੀ ਜੋਤ ਸਰੂਪ ਹਰਿ, ਧਰਮ ਰਾਏ ਤੇਰਾ ਲੇਖਾ ਤਾਮ, ਸਤਾਰਾਂ ਹਾੜੀ ਲੰਗਰ ਲਵਾਈ ਜਾਂਦਾ । ਬਾਰਾਂ ਬਾਰਾਂ ਕਰ ਲੇਖਾ ਪੂਰਾ, ਬਾਰਾਂ ਮਾਸ ਲਿਵ ਮਾਤ ਲਾਈ ਜਾਂਦਾ । ਤੇਰਾਂ ਤੇਰਾਂ ਦਰ ਖੋਲ੍ਹੇ ਭੇਤ, ਗੁਰ ਨਾਨਕ ਜੋ ਰਸਨਾ ਗਾਈ ਜਾਂਦਾ । ਗੁਰਮੁਖਾਂ ਲਿਖਾਏ ਲੇਖ, ਸ਼ਬਦ ਰਸਨਾ ਕਲਮ ਚਲਾਈ ਜਾਂਦਾ । ਲੱਖ ਚੁਰਾਸੀ ਵਿੱਚੋਂ ਵੇਖ, ਚਰਨ ਪ੍ਰੀਤੀ ਜੋੜ ਜੁੜਾਈ ਜਾਂਦਾ । ਮਾਇਆ ਰਾਣੀ ਜਗਤ ਭੇਖ, ਗੁਰਮੁਖਾਂ ਗਲੋਂ ਜੰਜ਼ਾਲਾ ਲਾਹੀ ਜਾਂਦਾ । ਜੋਤੀ ਜੋਤ ਸਰੂਪ ਹਰਿ, ਬਾਰਾਂ ਬਾਰਾਂ ਸਚ ਧਾਰਾ, ਮਾਇਆ ਰਾਣੀ ਤੇਰਾ ਲੰਗਰ ਲਵਾਈ ਜਾਂਦਾ । ਹਰਿ ਪ੍ਰਕਾਸ਼ ਸ਼ਬਦ ਅਨੂਪਿਆ । ਹਰਿ ਪ੍ਰਕਾਸ਼ ਜਗਤ ਅੰਧ ਕੂਪਿਆ । ਹਰਿ ਪ੍ਰਕਾਸ਼ ਸਤਿ ਸਰੂਪਿਆ । ਹਰਿ ਪ੍ਰਕਾਸ਼ ਨਾ ਕੋਈ ਰੇਖ ਨਾ ਕੋਈ ਰੂਪਿਆ । ਹਰਿ ਕਾ ਪ੍ਰਕਾਸ਼ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟ ਮਿਟਾਏ ਗੁਰਮੁਖਾਂ ਆਤਮ ਦੂਖਿਆ । ਹਰਿ ਪ੍ਰਕਾਸ਼ ਮਿਟਾਏ ਜਗਤ ਅਗਿਆਨਿਆ । ਗੁਰਮੁਖ ਵਿਰਲੇ ਮਾਤ ਪਛਾਨਿਆ । ਹਰਿ ਪ੍ਰਕਾਸ਼ ਸ਼ਬਦ ਰਹਿਰਾਸ ਪੁਰੀਆਂ ਲੋਆਂ ਅਕਾਸ਼ ਪਤਾਲਾਂ ਗਗਨਾਂ ਏਕਾ ਤਾਲ ਵਜਾ ਰਿਹਾ । ਗੁਰਮੁਖਾਂ ਦੇਵੇ ਆਤਮ ਲਗਨ, ਸਾਚਾ ਦਰ ਵਖਾ ਰਿਹਾ । ਹਰਿ ਪ੍ਰਕਾਸ਼ ਆਤਮ ਜੋਤੀ ਸਾਚੇ ਦੀਪਕ ਜਗਣ, ਗੁਰਮੁਖ ਨਾ ਹੋਏ ਮਾਤ ਨਗਨ, ਪ੍ਰਭ ਸਾਚਾ ਲੇਖ ਲਿਖਾ ਰਿਹਾ । ਮੁਖ ਲਗਾਏ ਸਾਚਾ ਸ਼ਬਦ ਸਗਨ, ਧੁਰਦਰਗਾਹੀ ਮੇਲ ਮਿਲਾ ਰਿਹਾ । ਹਰਿ ਪ੍ਰਕਾਸ਼ ਜਗਤ ਰੰਗਣ, ਗੁਰਮੁਖ ਸਾਚੇ ਦਰ ਘਰ ਸਾਚਾ

੭੭੬ ੦੪

ਏਕਾ ਮੰਗਣ, ਹਰਿ ਹਉਮੇ ਪੀੜ ਗਵਾ ਰਿਹਾ । ਮਾਨਸ ਦੇਹੀ ਨਾ ਹੋਏ ਭੰਗਣ, ਦੂਈ ਦਵੈਤੀ ਫੱਟ ਗਵਾ ਰਿਹਾ । ਜੋਤੀ ਜੋਤ ਸਰੂਪ ਹਰਿ ਨਿਹਕਲੰਕ ਨਰਾਇਣ ਨਰ, ਸਾਚੀ ਜੋਤੀ ਨੂਰ ਉਪਾ ਰਿਹਾ । ਹਰਿ ਪ੍ਰਕਾਸ਼ ਸ਼ਬਦ ਨਗਾਰਿਆ । ਚਾਰ ਕੁੰਟ ਦਹਿ ਦਿਸ਼ਾ ਪ੍ਰਭ ਅਬਿਨਾਸ਼ੀ ਆਪ ਵਜਾ ਰਿਹਾ । ਹਰਿ ਪ੍ਰਕਾਸ਼ ਘਟ ਘਟ ਭੀਤਰ ਅੰਦਰ ਬਾਹਰ ਡੂੰਘੀ ਕੰਦਰ ਸਾਗਰ ਥਾਰਿਆ । ਅਗਿਆਨ ਅੰਧੇਰਾ ਭਗਤ ਸਵੇਰਾ, ਕਲਜੁਗ ਸੁੰਞ ਮਿਟਾ ਰਿਹਾ । ਹਰਿ ਪ੍ਰਕਾਸ਼ ਗੁਰਮੁਖਾਂ ਹਿਰਦੇ ਰੱਖੇ ਵਾਸ, ਹਰਿ ਹਰਿ ਸਾਚਾ ਦਾਸਨ ਦਾਸ ਆਪੇ ਆਪ ਅਖਵਾ ਰਿਹਾ । ਮੇਟ ਮਿਟਾਏ ਮਦਿਰਾ ਮਾਸ, ਸ਼ਬਦ ਅੰਮ੍ਰਿਤ ਸਾਚਾ ਸੀਰ ਪਿਆ ਰਿਹਾ । ਹਰਿ ਪ੍ਰਕਾਸ਼ ਮਾਤ ਪਤਾਲ ਅਕਾਸ਼, ਕਲਜੁਗ ਰੈਣ ਅੰਧੇਰੀ ਆਪ ਮਿਟਾ ਰਿਹਾ । ਗੁਰਮੁਖ ਨਾਤਾ ਪੁਰਖ ਬਿਧਾਤਾ ਸਾਚਾ ਜੋੜ ਜੁੜਾ ਰਿਹਾ । ਹਰਿ ਪ੍ਰਕਾਸ਼ ਰਸਨ ਕਿਸੇ ਨਾ ਸਕੇ ਕਹਿਣ, ਹਰਿਜਨ ਵੇਖੇ ਤੀਜੇ ਨੈਣ, ਬੇਮੁਖਾਂ ਨੇਤਰ ਬੰਦ ਕਰਾ ਰਿਹਾ । ਗੁਰ ਚਰਨ ਦਵਾਰੇ ਸਾਚਾ ਨਾਤਾ, ਮਾਤ ਪਿਤ ਭਾਈ ਭੈਣ ਪਿਤਾ ਪੂਤ ਏਕਾ ਡੋਰ ਬੰਧਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਹਰਿ ਸਮਾ ਰਿਹਾ । ਹਰਿ ਪ੍ਰਕਾਸ਼ ਸ਼ਬਦ ਘਨਘੋਰਿਆ । ਘਟ ਘਟ ਰੱਖੇ ਵਾਸ, ਪਕੜ ਉਠਾਏ ਠਗ ਚੋਰ ਯਾਰਿਆ । ਹਰਿ ਪ੍ਰਕਾਸ਼ ਗੁਰਮੁਖਾਂ ਸੁਣਾਏ ਏਕਾ ਰਾਗ, ਚੁੱਕੇ ਮੋਰ ਤੋਰਿਆ । ਜੋਤੀ ਜਾਮਾ ਕੰਤ ਸੁਹਾਗ, ਸ਼ਬਦ ਬਹਾਏ ਸਾਚੇ ਡੋਲਿਆ । ਬਣੇ ਕੁਹਾਰ ਚੁੱਕੇ ਵਾਗ, ਰਸਨਾ ਕਦੇ ਨਾ ਬੋਲਿਆ । ਆਤਮ ਧੋਏ ਅੰਮ੍ਰਿਤ ਦਾਗ, ਕਾਇਆ ਸਾਗਰ ਨੀਰ ਵਰੋਲਿਆ । ਦੀਪਕ ਜੋਤੀ ਜਗੇ ਚਿਰਾਗ, ਮਿਟੇ ਅੰਧੇਰ ਪਰਦਾ ਉਹਲਿਆ । ਆਤਮ ਤ੍ਰਿਸ਼ਨਾ ਬੁਝੇ ਆਗ, ਅੰਮ੍ਰਿਤ ਸੀਰ ਸਾਚਾ ਡੋਲ੍ਹਿਆ । ਗੁਰਮੁਖ ਵਿਰਲਾ ਜਾਏ ਜਾਗ, ਪ੍ਰਭ ਪੂਰੇ ਤੋਲ ਤੋਲਿਆ । ਹੰਸ ਬਣਾਏ ਹਰਿ ਜੀ ਕਾਗ, ਚੁਗਾਏ ਚੋਗ ਸ਼ਬਦ ਅਮੋਲਿਆ । ਮਾਇਆ ਰਾਣੀ ਡੱਸਣੀ ਨਾਗ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਵਸੇ ਸਦਾ ਕਾਇਆ ਚੋਲਿਆ । ਹਰਿ ਸ਼ਬਦ ਗੁਰ ਧਾਰ । ਗੁਰ ਸ਼ਬਦ ਜਗਤ ਪਸਾਰ । ਹਰਿ ਸ਼ਬਦ ਬ੍ਰਹਮ ਵਿਚਾਰ । ਗੁਰ ਸ਼ਬਦ ਜਗਤ ਅਧਾਰ । ਹਰਿ ਸ਼ਬਦ ਅੰਧ ਅੰਧਿਅਰ । ਗੁਰ ਸ਼ਬਦ ਅੰਦਰ ਬਾਹਰ । ਹਰਿ ਸ਼ਬਦ ਨੂਰ ਉਜਿਆਰ । ਗੁਰ ਸ਼ਬਦ ਮਾਤ ਪਸਾਰ । ਹਰਿ ਸ਼ਬਦ ਰੰਗ ਅਪਾਰ । ਗੁਰਮੁਖ ਗੁਰ ਸ਼ਬਦ ਸੰਗ ਪਿਆਰ । ਹਰਿ ਸ਼ਬਦ ਗੁਰ ਸ਼ਬਦ ਗੁਰਮੁਖ ਵਿਰਲੇ ਕਰਨ ਵਿਚਾਰ । ਹਰਿ ਸ਼ਬਦ ਗੁਰ ਅਧਾਰਿਆ । ਗੁਰ ਸ਼ਬਦ ਵਿਚ ਸੰਸਾਰਿਆ । ਹਰਿ ਸ਼ਬਦ ਅਗੰਮ ਵੇਖ ਵੇਖ ਨਾ ਕਿਸੇ ਵਿਚਾਰਿਆ । ਗੁਰ ਸ਼ਬਦ ਲੋਕਮਾਤੀ ਗਗਨੀ ਥੰਮ, ਰਸਨਾ ਰਸ ਉਪਾ ਰਿਹਾ । ਹਰਿ ਸ਼ਬਦ ਨਾ ਜਨਮੇ ਨਾ ਜਾਏ ਮਰ, ਸਾਚੀ ਧੁਨ ਧੁਨੀ ਧੁਨਕਾਰਿਆ । ਗੁਰ ਸ਼ਬਦ ਕਾਇਆ ਭੰਨੇ ਘੜੇ, ਕਰੇ ਵੇਸ ਵਾਰੋ ਵਾਰਿਆ । ਹਰਿ ਸ਼ਬਦ ਗੁਰ ਸ਼ਬਦ ਗੁਰਮੁਖ ਵਿਰਲੇ ਮਾਤ ਵਿਚਾਰਿਆ । ਹਰਿ ਸ਼ਬਦ ਗੁਰ ਜਣਾਈਆ । ਗੁਰ ਸ਼ਬਦ ਜਗਤ ਵਡਿਆਈਆ । ਹਰਿ ਸ਼ਬਦ ਨਾ ਕਿਸੇ ਲੇਖ ਲਿਖਾਈਆ । ਗੁਰ ਸ਼ਬਦ ਲੋਕਮਾਤੀ ਹੁਕਮ ਚਲਾਈਆ । ਹਰਿ ਸ਼ਬਦ ਗੁਣਵੰਤ ਗੁਣ ਨਿਧਾਨ ਹਰਿ ਭਗਵਾਨ, ਆਪੇ ਆਪ ਰਿਹਾ ਉਪਾਈਆ । ਗੁਰ ਸ਼ਬਦ ਸਰਗੁਣ ਸਾਚਾ ਸਾਚਾ ਰੂਪ, ਕਥ ਕਥ ਜੀਵ ਜੰਤ ਰਿਹਾ ਸਮਝਾਈਆ । ਹਰਿ ਕਾ ਸ਼ਬਦ ਗੁਰ ਕਾ ਸ਼ਬਦ ਗੁਰਮੁਖ ਵਿਰਲੇ ਬੂਝ ਬੁਝਾਈਆ । ਹਰਿ ਕਾ ਸ਼ਬਦ ਅਡੋਲ ਕਾਇਆ ਚੋਲਿਆ । ਗੁਰ ਕਾ ਸ਼ਬਦ ਅਮੋਲ ਰਸਨਾਂ ਬੋਲਿਆ । ਹਰਿ ਕਾ ਸ਼ਬਦ ਕਾਇਆ ਮੰਦਰ ਸਾਚੇ ਅੰਦਰ, ਗੁਰ

ਪੂਰੇ ਮਾਤ ਫਰੋਲਿਆ । ਗੁਰ ਕਾ ਸ਼ਬਦ ਲੋਕਮਾਤੀ ਕਲਜੁਗ ਜੀਵਾਂ ਹੋ ਹੋ ਨੀਵਾਂ ਤੋਲ ਤੋਲਿਆ । ਹਰਿ ਕਾ ਸ਼ਬਦ ਗੁਰ ਪੂਰੇ ਹਾਜਰ ਹਜ਼ੂਰੇ, ਆਤਮ ਸੁਣਿਆ ਸਚ ਢੋਲਿਆ । ਗੁਰ ਕਾ ਸ਼ਬਦ ਅਪਾਰ ਸਾਚੀ ਤੂਰੇ, ਲੋਕਮਾਤ ਗੁਰਮੁਖਾਂ ਆਤਮ ਪੜਦਾ ਖੋਲ੍ਹਿਆ । ਹਰਿ ਸ਼ਬਦ ਗੁਰ ਸ਼ਬਦ ਗੁਰਮੁਖ ਸਾਚੇ ਸੰਤ ਪਿਆਰੇ, ਹਰਿ ਭਗਤ ਨਾਮ ਵਣਜਾਰੇ, ਆਤਮ ਸਾਚੀ ਕੋਲਿਆ । ਹਰਿ ਸ਼ਬਦ ਜਗਤ ਗੁਰ ਨਿਆਉਂ ਹੈ । ਗੁਰ ਸ਼ਬਦ ਵਸੇ ਥਾਉਂ ਥਾਉਂ ਹੈ । ਹਰਿ ਸ਼ਬਦ ਗੁਰ ਪੂਰੇ ਰੱਖੀ ਠੰਡੀ ਛਾਉਂ ਹੈ । ਗੁਰ ਸ਼ਬਦ ਲੋਕਮਾਤ ਪਿਤਾ ਮਾਉਂ ਹੈ । ਹਰਿ ਸ਼ਬਦ ਨਾ ਕੋਈ ਵੇਖੇ ਨਾ ਕੋਈ ਜਾਣੇ, ਨਾ ਕੋਈ ਦੱਸੇ ਨਾਉਂ ਹੈ । ਗੁਰ ਸ਼ਬਦ ਲੋਕਮਾਤ ਰਾਗ ਛਤੀਸਾ, ਵੰਡੇ ਕਰ ਕਰ ਨਿਆਉਂ ਹੈ । ਹਰਿ ਸ਼ਬਦ ਗੁਰ ਸ਼ਬਦ ਗੁਰਮੁਖ ਸਾਚਾ ਸੰਤ ਪਿਆਰਾ, ਹਰਿਜਨ ਸਾਚਾ ਭਗਤ ਉਜਿਆਰਾ, ਜਾਣੇ ਨੇਹਚਲ ਥਾਉਂ ਹੈ । ਹਰਿ ਸ਼ਬਦ ਗੁਰ ਗੁਰ ਦਾਤ । ਗੁਰ ਗੁਰ ਸ਼ਬਦ ਜਗਤ ਕਰਾਮਾਤ । ਹਰਿ ਸ਼ਬਦ ਕਾਇਆ ਰੈਣ ਅੰਧੇਰੀ ਡੂੰਘੀ ਕੰਦਰ ਖੋਲ੍ਹੇ ਤਾਕ । ਗੁਰ ਸ਼ਬਦ ਗੁਰ ਰਸਨੀ ਗਾਏ, ਜਗਤ ਜਣਾਏ ਭਵਿਖਤ ਵਾਕ । ਹਰਿ ਸ਼ਬਦ ਹਰਿ ਘਰ ਵਸੇਰਾ, ਨਾ ਕੋਈ ਰੱਖੇ ਦੂਜੀ ਆਸ । ਗੁਰ ਸ਼ਬਦ ਲੋਕਮਾਤ ਕਰੇ ਨਿਬੇੜਾ, ਚਲੇ ਸਵਾਸ ਸਵਾਸ । ਹਰਿ ਸ਼ਬਦ ਗੁਰ ਸ਼ਬਦ ਨਿਰਗੁਣ ਸਰਗੁਣ ਦੋਹਾਂ ਬਣਾਏ ਸਾਚੀ ਰਾਸ । ਹਰਿ ਸ਼ਬਦ ਸੁਣੇ ਪੁਕਾਰ । ਹਰਿ ਸ਼ਬਦ ਗੁਰ ਅਧਾਰ । ਘਰ ਘਰ ਵੇਖੇ ਨੇਤਰ ਪੇਖੇ, ਇੱਕੋ ਸੱਚਾ ਇਕ ਵਿਚਾਰ । ਧੁਰਦਰਗਾਹੀ ਲਿਖੀ ਰੇਖੇ, ਆਪੇ ਲਿਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਧਾਰ । ਕਿਰਪਾ ਧਾਰੇ ਹਰਿ ਨਿਰੰਕਾਰਾ । ਦੇਵੇ ਵਰੇ ਸਾਚਾ ਮੀਤ ਮੁਰਾਰਾ । ਗੁਰਮੁਖ ਸਾਚਾ ਕਰਨੀ ਕਰੇ, ਹਉਮੇ ਦੁੱਖੜਾ ਲੱਥੇ ਭਾਰਾ । ਆਪ ਆਪਣੀ ਕਰਨੀ ਕਰੇ, ਆਤਮ ਮਾਰੇ ਇਕ ਹੰਕਾਰਾ । ਸਾਚੀ ਤਰਨੀ ਹਰਿਜਨ ਤਰੇ, ਦੇਵੇ ਸਾਚਾ ਸ਼ਬਦ ਸ਼ਿੰਗਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਤ ਹਰਿ ਝੋਲੀ ਪਾਏ, ਨਾਰੀ ਕੰਤਾ ਸਚ ਭਤਾਰਾ । ਨਾਰੀ ਕੰਤਾ ਸਚ ਭਤਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਦੂਈ ਦਵੈਤੀ ਸ਼ਰਅ ਸ਼ਰਾਇਤੀ ਆਤਮ ਖੋਟੀ ਕੱਢੇ ਬਾਹਰ । ਏਕਾ ਦੇਵੇ ਨਾਮ ਹਦਾਇਤੀ, ਜੋਤੀ ਨੂਰਾ ਅਪਰ ਅਪਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ੇ ਸੱਚਾ ਇਕ ਪਿਆਰ । ਇਕ ਪਿਆਰ ਦੂਜਾ ਜੋੜ । ਜਗਤ ਵਿਛੋੜਾ ਦੇਵੇ ਤੋੜ । ਹਉਮੇ ਕੱਢੇ ਵਿੱਚੋਂ ਰੋੜ । ਸ਼ਬਦ ਚੜ੍ਹਾਏ ਸਾਚੇ ਘੋੜ । ਜੋਤੀ ਜਾਮਾ ਹਰਿ ਭਗਵਾਨਾ, ਦੇਵੇ ਸੱਚਾ ਨਾਮ ਨਿਸ਼ਾਨਾ, ਅੰਤਮ ਵੇਲੇ ਜਾਏ ਬਹੁੜ । ਕਰੇ ਪਿਆਰਾ ਹਰਿ ਕਰਤਾਰਾ, ਦੂਈ ਦਵੈਤੀ ਕਰੇ ਦੂਰ । ਸ਼ਬਦ ਫੇਰੇ ਤਿੱਖਾ ਆਰਾ । ਕਾਇਆ ਮੰਦਰ ਸਾਚੇ ਅੰਦਰ, ਹਉਮੇ ਰੋਗ ਕੱਢੇ ਬਾਹਰਾ । ਕਰ ਉਜਿਆਰਾ ਅੰਦਰੇ ਅੰਦਰ, ਗੁਪਤੀ ਗੁਪਤ ਕਰੇ ਜ਼ਾਹਿਰਾ । ਹੰਕਾਰੀ ਤੋੜੇ ਆਤਮ ਜੰਦਰ, ਸਾਚਾ ਮੇਲ ਕੰਤ ਭਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਕਰਮ ਕਰ ਵਿਚਾਰਾ । ਮਾਨਸ ਦੇਹੀ ਬੰਨ੍ਹੇ ਧਾਰ, ਮਿਲੇ ਵਡਿਆਈ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਇਕ ਵਖਾਏ ਸਚ ਦਵਾਰਾ । ਜਗਤ ਪਖੰਡਾ ਵਣਜ, ਲੱਖ ਚੁਰਾਸੀਆ । ਜਗਤ ਪਖੰਡਾ ਵਣਜ ਮਦਿਰਾ ਮਾਸੀਆ । ਜਗਤ ਪਖੰਡਾ ਵਣਜ ਕਲਜੁਗ ਜੀਵ ਉਦਾਸੀਆ । ਜਗਤ ਪਖੰਡਾ ਵਣਜ, ਅੰਤਮ ਅੰਤ ਅੰਤ ਵਿਨਾਸੀਆ । ਕਲਜੁਗ ਪਖੰਡਾ ਵਣਜ, ਜੀਵ ਜੰਤ ਕਰਾਏ ਦਾਸੀਆ । ਕਲਜੁਗ ਪਖੰਡਾ ਵਣਜ, ਜੋਤੀ ਜੋਤ ਸਰੂਪ ਹਰਿ, ਏਕਾ ਏਕ ਸ਼ਬਦ ਸਵਾਸੀਆ । ਜਗਤ

ਪਖੰਡਾ ਵਣਜ, ਜਗਤ ਭੰਡਾਰ ਹੈ । ਜਗਤ ਪਖੰਡਾ ਵਣਜ, ਸਾਧਾਂ ਸੰਤਾਂ ਵਗੀ ਮਾਰ ਹੈ । ਜਗਤ ਪਖੰਡਾ ਵਣਜ, ਗੁਰੂਆਂ ਪੀਰਾਂ ਮਾਇਆ ਰਾਣੀ ਪਾਇਆ ਵਡ ਜੰਜਾਲ ਹੈ । ਜਗਤ ਪਖੰਡਾ ਵਣਜ, ਦਿਸੇ ਮੰਦਰ ਮਸਜਿਦ ਗੁਰੂਦਵਾਰ ਹੈ । ਜਗਤ ਪਖੰਡਾ ਵਣਜ, ਮੁਲਾਂ ਪੰਡਤ ਪਾਂਧੇ ਖਾਣੀ ਬਾਣੀ ਕਰਨ ਵਿਚਾਰ ਹੈ । ਜਗਤ ਪਖੰਡਾ ਵਣਜ, ਗੁਰ ਪੀਰ ਔਲੀਏ ਸ਼ੇਖ਼ ਮੁਸਾਇਕ ਆਪ ਆਪਣਾ ਗਏ ਹਾਰ ਹੈ । ਜਗਤ ਪਖੰਡਾ ਵਣਜ, ਚਾਰੋਂ ਕੁੰਟ ਚਾਰ ਚੁਫੇਰ ਹੋਏ ਅੰਧ ਅੰਧਿਆਰ ਹੈ । ਜਗਤ ਪਖੰਡਾ ਵਣਜ, ਨਾ ਕੋਈ ਜਾਣੇ ਸੱਚੀ ਸਰਕਾਰ ਹੈ । ਜਗਤ ਪਖੰਡਾ ਵਣਜ, ਕਲਜੁਗ ਤੇਰੀ ਸੱਚੀ ਧਾਰ ਹੈ । ਜਗਤ ਪਖੰਡਾ ਵਣਜ, ਪੁੱਠੀ ਸਿੱਧੀ ਸੀਸ ਬੰਨ੍ਹੀ ਦਸਤਾਰ ਹੈ । ਜਗਤ ਪਖੰਡਾ ਵਣਜ, ਭਾਣਾ ਪੈਣਾ ਸਹਿਣਾ ਕਰੇ ਖੁਆਰ ਹੈ । ਕਲਜੁਗ ਪਖੰਡਾ ਵਣਜ, ਗੁਰਮੁਖਾਂ ਕਰੇ ਹਿੱਤਾ, ਬੇਮੁਖ਼ਾਂ ਅੰਤ ਪੈਣੀ ਸ਼ਬਦ ਮਾਰ ਹੈ । ਕਲਜੁਗ ਪਖੰਡਾ ਵਣਜ, ਨਾ ਕੋਈ ਦਿਸੇ ਸੁਘੜ ਸਿਆਣਾ ਬੇਮੁਹਾਣਾ ਸਰਬ ਸੰਸਾਰ ਹੈ । ਕਲਜੁਗ ਪਖੰਡਾ ਵਣਜ, ਨਾ ਕੋਈ ਦੀਸੇ ਤਹਿਸੀਲ ਥਾਨਾ, ਗਊ ਗਰੀਬਾਂ ਪਾਵੇ ਸਾਰ ਹੈ । ਕਲਜੁਗ ਪਖੰਡਾ ਵਣਜ, ਨਾ ਕੋਈ ਮੰਨੇ ਪ੍ਰਭ ਕਾ ਭਾਣਾ, ਆਤਮ ਭਰਿਆ ਇਕ ਹੰਕਾਰ ਹੈ । ਜਗਤ ਪਖੰਡਾ ਵਣਜ, ਮਾਇਆਧਾਰੀ ਵਡੇ ਵਡੇ ਸ਼ਾਹਕਾਰ ਹੈ । ਜਗਤ ਪਖੰਡਾ ਵਣਜ, ਨਾ ਕੋਈ ਕਰੇ ਕਰਾਏ ਸਚ ਹੁਕਮ ਦੀ ਸਾਚੀ ਕਾਰ ਹੈ । ਜਗਤ ਪਖੰਡਾ ਵਣਜ, ਧਰਤ ਮਾਤ ਤੇਰੀ ਸੁਣੇ ਨਾ ਕੋਈ ਪੁਕਾਰ ਹੈ । ਜਗਤ ਪਖੰਡਾ ਵਣਜ, ਕਲਜੁਗ ਬੀਜ ਸਾਚਾ ਬੀਆ, ਫਲ ਲਗਾਇਆ ਚੌਥੇ ਜੁਗ ਤੇਰੇ ਸੱਚੇ ਡਾਲ ਹੈ । ਕਲਜੁਗ ਪਖੰਡਾ ਆਪ ਰਖਾਈ ਸਾਚੀ ਨੀਹਾਂ, ਕਲਜੁਗ ਬਣਾਇਆ ਆਪ ਸਿਕਦਾਰ ਹੈ । ਕਲਜੁਗ ਪਖੰਡਾ ਸਾਢੇ ਤਿੰਨ ਹੱਥ ਰਖਾਏ ਸੀਆਂ, ਵੰਡ ਕੀਤੀ ਅਪਰ ਅਪਾਰ ਹੈ । ਕਲਜੁਗ ਪਖੰਡਾ ਨਾ ਕੋਈ ਬੀਵੀ ਨਾ ਕੋਈ ਮੀਆਂ, ਨਾ ਕੋਈ ਨਾਰੀ ਕੰਤ ਭਤਾਰ ਹੈ । ਕਲਜੁਗ ਪਖੰਡਾ ਕਲਜੁਗ ਜੀਆਂ, ਮਾਰ ਰਿਹਾ ਡਾਢੀ ਮਾਰ ਹੈ । ਕਲਜੁਗ ਪਖੰਡਾ ਅੰਤ ਚੜ੍ਹਾਏ ਝੂਠਾ ਡੰਡਾ, ਨਾ ਦੀਸੇ ਪਾਰ ਕਿਨਾਰ ਹੈ । ਕਲਜੁਗ ਪਖੰਡਾ ਜੋਤੀ ਜੋਤ ਸਰੂਪ ਹਰਿ, ਆਪੇ ਆਪ ਕਰਾਏ ਆਰ ਪਾਰ ਹੈ । ਕਲਜੁਗ ਪਖੰਡਾ ਮਾਤ ਪ੍ਰਧਾਨਿਆ । ਕਲਜੁਗ ਭੇਖ ਪਖੰਡਾ ਆਤਮ ਹੋਈ ਜੀਵ ਸ਼ੈਤਾਨਿਆ । ਆਤਮ ਭੇਖ ਪਖੰਡਾ, ਸਾਧਾਂ ਸੰਤਾਂ ਬੰਨ੍ਹੇ ਹੱਥੀਂ ਗਾਨਿਆ । ਕਲਜੁਗ ਭੇਖ ਪਖੰਡਾ, ਉਲਟੀ ਕਰੇ ਮਤ ਰਾਜੇ ਰਾਣਿਆ । ਕਲਜੁਗ ਭੇਖ ਪਖੰਡਾ ਆਪ ਗਵਾਏ ਸਾਚਾ ਤਤ, ਭੁਲਾਏ ਜੀਵ ਨਿਧਾਨਿਆ । ਕਲਜੁਗ ਭੇਖ ਪਖੰਡਾ ਕਿਸੇ ਨਾ ਉਬਲੇ ਬਹੱਤਰ ਨਾੜੀ ਸਾਚੀ ਰਤ, ਕਾਇਆ ਮਾਟੀ ਨਾ ਕਿਸੇ ਪਛਾਣਿਆ । ਕਲਜੁਗ ਭੇਖ ਪਖੰਡਾ ਕੋਈ ਨਾ ਰੱਖੇ ਕਿਸੇ ਪਤ, ਜੂਠੇ ਝੂਠੇ ਸ਼ੇਖ਼ ਸ਼ਿਖ਼ਾਨਿਆ । ਕਲਜੁਗ ਭੇਖ ਪਖੰਡਾ ਆਤਮ ਤੁੱਟਾ ਧੀਰਜ ਯਤ, ਵਡ ਵੱਡੇ ਸ਼ਾਹ ਦੁਰਾਨਿਆ । ਕਲਜੁਗ ਭੇਖ ਪਖੰਡਾ ਸਚ ਵਸਤ ਨਾ ਆਏ ਹੱਥ, ਨਾ ਕੋਈ ਦੇਵੇ ਬ੍ਰਹਮ ਗਿਆਨਿਆ । ਕਲਜੁਗ ਭੇਖ ਪਖੰਡਾ ਬੇਮੁਖਾਂ ਪਾਏ ਨੱਥ, ਚਾਰ ਕੁੰਟ ਕਰੇ ਹਲਕਾਨਿਆ । ਕਲਜੁਗ ਭੇਖ ਪਖੰਡਾ ਸ੍ਰਿਸ਼ਟ ਸਬਾਈ ਰਿਹਾ ਮਥ, ਰਿੜਕੇ ਵਾਂਗ ਮਧਾਨਿਆ । ਕਲਜੁਗ ਭੇਖ ਪਖੰਡਾ ਲੱਖ ਚੁਰਾਸੀ ਲਾਹੇ ਸਥ, ਆਤਮ ਰਾਮ ਨਾ ਕਿਸੇ ਪਛਾਣਿਆ । ਕਲਜੁਗ ਭੇਖ ਪਖੰਡਾ ਬੇਮੁਖਾਂ ਮਿਲੀ ਏਕਾ ਵਥ, ਹੋਏ ਵਿਛੋੜਾ ਸ੍ਰੀ ਭਗਵਾਨਿਆ । ਕਲਜੁਗ ਭੇਖ ਪਖੰਡਾ, ਨਾ ਕੋਈ ਚੜ੍ਹਾਏ ਸ਼ਬਦ ਰਥ, ਡੂੰਘੇ ਵਹਿਣ ਜਗਤ ਰੁੜ੍ਹਾਨਿਆ । ਕਲਜੁਗ ਭੇਖ ਪਖੰਡਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਆਪੇ ਮੇਟ ਮਿਟਾਨਿਆ । ਕਲਜੁਗ ਭੇਖ ਪਖੰਡ, ਜਗਤ ਨਿਆਰਿਆ । ਕਲਜੁਗ ਭੇਖ ਪਖੰਡ, ਗੁਰਮੁਖ

੭੭੮ ੦੪

ਵਿਰਲੇ ਮਾਤ ਵਿਚਾਰਿਆ । ਕਲਜੁਗ ਭੇਖ ਪਖੰਡ, ਜੀਵਾਂ ਜੰਤਾਂ ਕਰੇ ਖੁਆਰਿਆ । ਕਲਜੁਗ ਭੇਖ ਪਖੰਡ, ਸਚ ਦਵਾਰੇ ਦਰ ਦਰਵਾਜੇ ਹੰਕਾਰੀ ਕੁੰਡਾ ਮਾਰਿਆ । ਕਲਜੁਗ ਭੇਖ ਪਖੰਡ, ਦਰ ਦਰ ਬੰਦਰ ਨਾਚੇ, ਲੱਖ ਚੁਰਾਸੀ ਆਪੇ ਆਪ ਨਚਾ ਰਿਹਾ । ਕਲਜੁਗ ਭੇਖ ਪਖੰਡਾ, ਧੂੰਆਂ ਧੁਖੇ ਅੰਦਰੇ ਅੰਦਰ, ਜੋਤੀ ਦੀਪ ਨਾ ਕੋਈ ਜਗਾ ਰਿਹਾ । ਕਲਜੁਗ ਭੇਖ ਪਖੰਡਾ, ਨਾ ਕੋਈ ਵਖਾਏ ਸਾਚਾ ਮੰਦਰ, ਜਾਤ ਪਾਤ ਵੰਡ ਵੰਡਾ ਰਿਹਾ । ਕਲਜੁਗ ਭੇਖ ਪਖੰਡਾ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅੰਤਮ ਮੇਟ ਮਿਟਾ ਰਿਹਾ । ਕਲਜੁਗ ਭੇਖ ਪਖੰਡਾ, ਜਗਤ ਕੁੜਮਾਈਆ । ਕਲਜੁਗ ਭੇਖ ਪਖੰਡਾ, ਮਾਇਆ ਰਾਣੀ ਤਨ ਸ਼ਿੰਗਾਰ ਲਗਾਈਆ । ਕਲਜੁਗ ਭੇਖ ਪਖੰਡਾ, ਲੱਖ ਚੁਰਾਸੀ ਇੱਕੋ ਵੇਖੇ ਸੱਚਾ ਹਾਣੀ, ਸਚ ਸੁਹਾਗਣ ਨਾਰ ਆਪ ਅਖਵਾਈਆ । ਕਲਜੁਗ ਭੇਖ ਪਖੰਡਾ, ਮਾਇਆ ਮਮਤਾ ਕੱਜਲ ਸੁੰਦਰ ਬਾਂਕੇ ਨੈਣ ਸੁਹਾਈਆ । ਕਲਜੁਗ ਭੇਖ ਪਖੰਡਾ, ਬੇਮੁਖਾਂ ਵਖਾਏ ਝੂਠਾ ਮੰਦਰ, ਫੜ ਅੰਦਰ ਆਪ ਬਹਾਈਆ । ਕਲਜੁਗ ਭੇਖ ਪਖੰਡਾ, ਇਕ ਵਖਾਏ ਡੂੰਘੀ ਕੰਦਰ, ਝੂਠੀ ਸੇਜਾ ਆਸਣ ਲਾਈਆ । ਕਲਜੁਗ ਭੇਖ ਪਖੰਡਾ, ਨਾ ਹੋਏ ਮੇਲ ਪੁਰਖ ਅਬਿਨਾਸ਼ਣ, ਰਾਹ ਸਾਚਾ ਹੱਥ ਨਾ ਆਈਆ । ਕਲਜੁਗ ਭੇਖ ਪਖੰਡਾ, ਨਾ ਕੋਈ ਗਾਵੇ ਸ਼ਬਦ ਸਵਾਸਣ, ਸਾਚਾ ਨਾਦ ਨਾ ਕੋਈ ਵਜਾਈਆ । ਕਲਜੁਗ ਭੇਖ ਪਖੰਡਾ, ਚਾਰੋਂ ਕੁੰਟ ਮਦਿਰਾ ਮਾਸਨ, ਗੁਰਮਤ ਦਰ ਰਹੀ ਸ਼ਰਮਾਈਆ । ਕਲਜੁਗ ਭੇਖ ਪਖੰਡਾ, ਚਲਿਆ ਮਾਤ ਅਕਾਸ਼ਨ, ਮਨ ਮਤ ਜੀਆਂ ਰਹੀ ਭੁਲਾਈਆ । ਕਲਜੁਗ ਭੇਖ ਪਖੰਡਾ, ਕਲਜੁਗ ਤੇਰੇ ਆਇਆ ਵੰਡਾ, ਦੁਰਮਤ ਨਾਲ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਦੇਵੇ ਮੇਟ ਮਿਟਾਈਆ । ਕਲਜੁਗ ਭੇਖ ਪਖੰਡ, ਜਟਾ ਜੂਟ ਧਾਰਿਆ । ਕਲਜੁਗ ਭੇਖ ਪਖੰਡ, ਮੁਨੀ ਨਾਦ ਪਾਰ ਕਰਾ ਰਿਹਾ । ਕਲਜੁਗ ਭੇਖ ਪਖੰਡ, ਸ਼ਬਦ ਰਾਗੀ ਆਪ ਭੁਲਾ ਪਾ ਰਿਹਾ । ਕਲਜੁਗ ਭੇਖ ਪਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਭੇਖ ਪਖੰਡਾ, ਅੰਤ ਨਿਸ਼ਾਨੀਆਂ । ਕਲਜੁਗ ਭੇਖ ਪਖੰਡਾ, ਵਡ ਵਡ ਵਿਦਵਾਨੀਆਂ । ਕਲਜੁਗ ਭੇਖ ਪਖੰਡਾ, ਨਾ ਕੋਈ ਜਾਣੇ ਜਗਤ ਗਿਆਨੀਆ । ਕਲਜੁਗ ਭੇਖ ਪਖੰਡਾ, ਨਾ ਜਾਣੇ ਵੇਦ ਪੁਰਾਨੀਆ । ਕਲਜੁਗ ਭੇਖ ਪਖੰਡਾ, ਨਾ ਕੋਈ ਵਖਾਣੇ ਸਾਚੀ ਬਾਣੀਆ । ਕਲਜੁਗ ਭੇਖ ਪਖੰਡਾ, ਭੁੱਲੇ ਪੰਡਤ ਪਾਂਧੇ ਬੇਮੁਹਾਨਿਆ । ਕਲਜੁਗ ਭੇਖ ਪਖੰਡਾ, ਨਾ ਜਾਣੇ ਸ਼ੇਖ਼ ਸ਼ੇਖ਼ਾਨਿਆ । ਕਲਜੁਗ ਭੇਖ ਪਖੰਡਾ, ਨਾ ਜਾਣੇ ਮੁਲਾ ਮੁਲਾਨਿਆ । ਕਲਜੁਗ ਭੇਖ ਪਖੰਡਾ, ਝੂਠੇ ਮਣਕੇ ਗਲ ਤਸਬਾਨੀਆ । ਕਲਜੁਗ ਭੇਖ ਪਖੰਡਾ, ਨਾ ਕੋਈ ਵਿਰੋਲੇ ਦੁੱਧ ਮਧਾਣੀਆ । ਕਲਜੁਗ ਭੇਖ ਪਖੰਡਾ, ਲੱਖ ਚੁਰਾਸੀ ਝੂਠੀ ਬਣੀ ਸਵਾਣੀਆ । ਕਲਜੁਗ ਭੇਖ ਪਖੰਡਾ, ਨਾ ਕੋਈ ਜਾਣੇ ਅੰਜੀਲ ਕੁਰਾਨੀਆ । ਕਲਜੁਗ ਭੇਖ ਪਖੰਡਾ, ਮੋਨੀ ਸੋਨੀ ਨੈਣ ਮੁਧਾਨੀਆ । ਕਲਜੁਗ ਭੇਖ ਪਖੰਡਾ, ਕਾਲਾ ਸੂਸਾ ਦਰ ਦਰਵੇਸ਼ ਕੋਈ ਨਾ ਜਾਣੀਆ । ਕਲਜੁਗ ਭੇਖ ਪਖੰਡਾ, ਲਾਲ ਚੋਲਾ ਜਗਤ ਅਮੋਲਾ, ਚਿੱਟਾ ਰੰਗ ਦਾ ਜਾਣੀਆ । ਕਲਜੁਗ ਭੇਖ ਪਖੰਡਾ, ਨਾ ਕੋਈ ਜਾਣੇ ਰਾਜੇ ਰਾਣੀਆ । ਕਲਜੁਗ ਭੇਖ ਪਖੰਡਾ, ਨਾ ਜਾਣੇ ਸ਼ਾਹ ਸੁਲਤਾਨਿਆ । ਕਲਜੁਗ ਭੇਖ ਪਖੰਡਾ, ਨਾ ਜਾਣੇ ਸ਼ਾਹ ਅਰਕਾਨੀਆ । ਕਲਜੁਗ ਭੇਖ ਪਖੰਡਾ, ਪਰਦਾ ਪਾਏ ਆਪ ਦੁਰਾਨੀਆ । ਕਲਜੁਗ ਭੇਖ ਪਖੰਡਾ, ਆਪ ਭੁਲਾਏ ਵਡ ਅਰਬਾਨੀਆ । ਕਲਜੁਗ ਭੇਖ ਪਖੰਡਾ, ਮਾਇਆ ਲੁਟਿਆ ਸ਼ਾਹ ਈਰਾਨੀਆ । ਕਲਜੁਗ ਭੇਖ ਪਖੰਡਾ, ਪਤ ਲੱਥੀ ਸ਼ਾਹ ਲਿਬਨਾਨੀਆ । ਕਲਜੁਗ ਭੇਖ ਪਖੰਡਾ, ਵੇਖ ਵਖਾਣੇ ਰੂਸ ਬੂਸਾਨੀਆ । ਕਲਜੁਗ ਭੇਖ ਪਖੰਡਾ, ਨਾ ਜਾਣੇ ਚੀਨ

੭੮੦ ੦੪

ਚੀਨਾਨੀਆ । ਕਲਜੁਗ ਭੇਖ ਪਖੰਡਾ, ਮਿਟਦਾ ਜਾਏ ਸ਼ਾਹ ਜਾਪਾਨੀਆ । ਕਲਜੁਗ ਭੇਖ ਪਖੰਡਾ, ਆਪ ਮਿਟਾਏ ਆਸਟਰੇਲਾਨੀਆ । ਕਲਜੁਗ ਭੇਖ ਪਖੰਡਾ, ਮੇਟ ਮਿਟਾਏ ਸ਼ਾਹ ਸੁਲਤਾਨੀਆ । ਕਲਜੁਗ ਭੇਖ ਪਖੰਡਾ, ਨਾ ਜਾਣੇ ਅਮਰੀਕਾਨੀਆ । ਕਲਜੁਗ ਭੇਖ ਪਖੰਡਾ, ਫਿਰੇ ਦੁਹਾਈ ਫ਼ਰੀਕ ਅਫ਼ਰੀਕਾਨੀਆ । ਕਲਜੁਗ ਭੇਖ ਪਖੰਡਾ, ਉਡਦਾ ਜਾਏ ਰੰਗ ਸ਼ਾਹ ਇੰਗਲਤਾਸਨੀਆ । ਕਲਜੁਗ ਭੇਖ ਪਖੰਡਾ, ਮੇਟ ਮਿਟਾਏ ਹਰਿ ਸੁਲਾਨੀਆ । ਕਲਜੁਗ ਭੇਖ ਪਖੰਡਾ, ਨਾ ਜਾਣੇ ਸ਼ਾਹ ਫ਼ਰਾਂਸੀਸਾਨੀਆ । ਕਲਜੁਗ ਭੇਖ ਪਖੰਡਾ, ਆਪ ਮਿਟਾਏ ਵਡ ਬਿਲਜਅਮਾਨੀਆ । ਕਲਜੁਗ ਭੇਖ ਪਖੰਡਾ, ਉਡੇ ਖ਼ਾਕ ਵਿਚ ਹਾਲੈਂਡਾਨੀਆ । ਕਲਜੁਗ ਭੇਖ ਪਖੰਡਾ, ਲੱਥੇ ਤਾਜ ਪੋਲ ਪੋਲੈਂਡਾਨੀਆ । ਕਲਜੁਗ ਭੇਖ ਪਖੰਡਾ, ਵਜੇ ਤਾਕ ਵਡ ਜਰਮਾਨੀਆ । ਕਲਜੁਗ ਭੇਖ ਪਖੰਡਾ, ਨਾ ਕੋਈ ਬਚਾਏ ਸ਼ਾਹ ਫਿਨਲਾਨੀਆ । ਕਲਜੁਗ ਭੇਖ ਪਖੰਡਾ, ਆਪ ਮਿਟਾਏ ਨਾਰਵੇਆਨੀਆ । ਕਲਜੁਗ ਭੇਖ ਪਖੰਡਾ, ਰੁੜ੍ਹਦਾ ਜਾਏ ਜਗਤ ਸੁਡਾਨੀਆ । ਕਲਜੁਗ ਭੇਖ ਪਖੰਡਾ, ਮਿਟੇ ਨਾਮ ਮਾਤ ਹੰਗਰਾਨੀਆ । ਕਲਜੁਗ ਭੇਖ ਪਖੰਡਾ, ਨਾ ਕੋਈ ਦੀਸੇ ਜਗਤ ਤਸਮਾਨੀਆ । ਕਲਜੁਗ ਭੇਖ ਪਖੰਡਾ, ਚੱਕੀ ਪੀਸੇ ਚੈਕ ਚਕਵਾਨੀਆ । ਕਲਜੁਗ ਭੇਖ ਪਖੰਡਾ, ਧੱਕਾ ਲੱਗੇ ਸ਼ਾਹ ਇਟਾਲਾਨੀਆ । ਕਲਜੁਗ ਭੇਖ ਪਖੰਡਾ, ਨਾ ਹੋਏ ਵਿਚੋਲਾ ਸਵਿਟਜ਼ਰਲਾਨੀਆ । ਕਲਜੁਗ ਭੇਖ ਪਖੰਡਾ, ਮਿਟੇ ਨਿਸ਼ਾਨ ਤੁਰਕ ਤੁਰਕਾਨੀਆ । ਕਲਜੁਗ ਭੇਖ ਪਖੰਡਾ, ਸਤਿ ਸਾਗਰ ਵਡ ਗਾਗਰ, ਮਾਰੇ ਇਕ ਉਛਾਲ ਸ਼ਬਦ ਭਗਵਾਨੀਆ । ਕਲਜੁਗ ਭੇਖ ਪਖੰਡਾ, ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਅੰਦਰ ਮੰਦਰ, ਜਲ ਧਾਰ ਸੱਚੇ ਤਾਲ ਏਕਾ ਧਾਰ ਰੁੜ੍ਹਾਨਿਆ । ਕਲਜੁਗ ਭੇਖ ਪਖੰਡ, ਆਪੇ ਕਰੇ ਕਰਾਏ ਵੇਖ ਵਖਾਏ, ਭਾਰਤ ਖੰਡਾਨਿਆ । ਕਲਜੁਗ ਭੇਖ ਪਖੰਡਾ, ਪਾਕ ਪਾਕਾਨਿਆ । ਕਲਜੁਗ ਭੇਖ ਪਖੰਡ, ਪ੍ਰਭ ਆਪੇ ਮੇਟੇ ਪ੍ਰਗਟ ਹੋਏ ਦੋ ਜਹਾਨਿਆ । ਕਲਜੁਗ ਭੇਖ ਪਖੰਡ, ਆਪੇ ਘੜੇ ਆਪੇ ਲਏ ਭੰਨ, ਸ਼ਬਦ ਡੰਡਾ ਹੱਥ ਰਖਾਨਿਆ । ਕਲਜੁਗ ਭੇਖ ਪਖੰਡ, ਸਤ ਦੀਪ ਨੌਂ ਖੰਡ ਪਾਏ ਵੰਡ, ਨਾ ਕੋਇ ਛੋਡ ਛੁਡਾਨਿਆ । ਕਲਜੁਗ ਭੇਖ ਪਖੰਡ, ਪ੍ਰਭ ਦੇਵਣ ਆਇਆ ਦੰਡ ਹੱਥ ਚੁੱਕੇ ਚੰਡ ਪ੍ਰਚੰਡ, ਰਸਨਾ ਤੀਰ ਕਮਾਨ ਉਠਾਨਿਆ । ਆਪੇ ਕਰੇ ਖੰਡ ਖੰਡ, ਜੋਤੀ ਜੋਤ ਸਰੂਪ ਹਰਿ, ਨਾ ਕੋਈ ਜਾਣੇ ਖੇਲ ਮਹਾਨਿਆ । ਕਲਜੁਗ ਭੇਖ ਪਖੰਡ, ਹਰਿ ਮਿਟਾਵਣਾ । ਸ਼ਬਦ ਸੁਹਾਗੀ ਗੀਤ, ਹਰਿ ਜਪਾਵਣਾ । ਆਪ ਚਲਾਏ ਆਪਣੀ ਰੀਤ, ਵਕਤ ਸੁਹਾਵਣਾ । ਜੋਤੀ ਜੋਤ ਸਰੂਪ ਹਰਿ, ਧਰਮ ਜੈਕਾਰ ਕਰਾਵਣਾ । ਕਲਜੁਗ ਭੇਖ ਪਖੰਡ, ਗੁਰੂਆਂ ਪੀਰਾਂ ਆਤਮ ਹੋਈ ਹੈਰਾਨੀਆ । ਕਲਜੁਗ ਭੇਖ ਪਖੰਡ, ਕਲਜੁਗ ਜੀਆਂ ਆਤਮ ਰੰਡ, ਪ੍ਰਭ ਕਰੇ ਆਪ ਪਛਾਣਿਆ । ਪੱਲੇ ਕਿਸੇ ਨਾ ਨਾਮ ਗੰਢ, ਸਿਰ ਚੁੱਕੀ ਪੰਡ, ਪਾਪ ਪ੍ਰਾਣੀਆ । ਕਲਜੁਗ ਭੇਖ ਪਖੰਡ, ਪ੍ਰਭ ਦੇਵਣ ਆਇਆ ਦੰਡ, ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪਣੇ ਹੱਥ ਰਖਾਨਿਆ । ਆਤਮ ਪਾਏ ਠੰਡ, ਲੱਖ ਚੁਰਾਸੀ ਗੇੜ ਕਟਾਵਣਾ । ਆਪੇ ਵੇਖ ਵਖਾਣੇ ਵਿਚ ਬ੍ਰਹਿਮੰਡ, ਪੁਰੀਆਂ ਲੋਆਂ ਧਾਰ ਬੰਨ੍ਹਾਵਣਾ । ਆਦਿ ਅੰਤ ਨਾ ਦਏ ਕੰਡ, ਜਨ ਭਗਤਾਂ ਇਹ ਸਮਝਾਵਣਾ । ਸੋਹੰ ਪੱਲੇ ਬੰਨ੍ਹਣੀ ਗੰਢ, ਅੰਤਮ ਜਿਸ ਨੇ ਪਾਰ ਕਰਾਵਣਾ । ਜੋਤੀ ਜੋਤ ਸਰੂਪ ਹਰਿ, ਆਪੇ ਪਕੜੇ ਆਪਣਾ ਦਾਮਨਾ । ਏਕਾ ਜੋਤੀ ਕਰ ਨੂਰ, ਦੇਵੇ ਦਰਸ ਗੁਣ ਨਿਧਾਨਣਾ । ਸਰਬ ਕਲਾ ਭਰਪੂਰ, ਧੁਰਦਰਗਾਹੀ ਸਾਚਾ ਜਾਮਣਾ । ਗੁਰਮੁਖਾਂ ਆਤਮ ਕਰੇ ਸਤਿ ਸਰੂਰ, ਮੇਟ ਮਿਟਾਏ ਕਾਮਨੀ ਕਾਮਨਾ । ਸ੍ਰਿਸ਼ਟ ਸਬਾਈ ਕੂੜੋ ਕੂੜ, ਕਲ ਅੰਤ ਅੰਤਮ ਖ਼ਾਕੀ ਖ਼ਾਕ ਮਿਲਾਵਣਾ । ਗੁਰਮੁਖਾਂ

ਚਰਨ ਧੂੜ ਕਰ, ਆਪਣੀ ਗੋਦ ਉਠਾਵਣਾ । ਗੁਰਮੁਖ ਚਤੁਰ ਮੁਗਧ ਮੂੜ੍ਹ ਕਰ, ਸਤਿਜੁਗ ਸਾਚਾ ਜਾਪ ਜਪਾਵਣਾ । ਏਕਾ ਏਕ ਆਤਮ ਸਾਚੀ ਗੂੜ੍ਹ ਕਰ, ਨਾਮ ਸਾਚਾ ਉਪਰ ਲਾਵਣਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਝੂਠਾ ਭੇਖ ਪਖੰਡਾ, ਆਪੇ ਆਪ ਮਿਟਾਵਣਾ । ਕਲਜੁਗ ਭੇਖ ਪਖੰਡਾ, ਆਪੇ ਆਪ ਮਿਟਾਵਣ । ਕਲਜੁਗ ਭੇਖ ਪਖੰਡਾ, ਦਏ ਦੁਹਾਈਆ । ਲੋਕਮਾਤ ਵਿਚ ਰੰਡਾ, ਜੋਤੀ ਹਰਿ ਜੀ ਆਪ ਪ੍ਰਗਟਾਈਆ । ਨਾ ਦੀਸੇ ਪਾਰ ਕੰਢਾ, ਸੰਸਾਰ ਸਾਗਰ ਵਹਿਣ ਰੁੜ੍ਹਾਈਆ । ਮਗਰ ਫੜਿਆ ਹਰਿ ਜੀ ਡੰਡਾ, ਭੱਜਾ ਜਾਏ ਵਾਹੋ ਦਾਹੀਆ । ਵੇਖੇ ਖੇਲ ਵਿਚ ਵਰਭੰਡਾ, ਨਿਹਕਲੰਕ ਜੋਤ ਜਗਾਈਆ । ਗੁਰਮੁਖਾਂ ਕਰਾਏ ਏਕਾ ਸਾਚੀ ਵੰਡਾ, ਨਾਮ ਵਸਤ ਹਰਿ ਝੋਲੀ ਪਾਈਆ । ਧਰਮ ਰਾਏ ਨਾ ਦਏ ਦੰਡਾ, ਅੰਤਮ ਅੰਤ ਆਪਣੀ ਗੋਦ ਉਠਾਈਆ । ਸਦ ਸੁਹੇਲਾ ਇਕ ਇਕੇਲਾ, ਠੰਡੀ ਛਾਂ ਰਖਾਈਆ । ਜੋਤੀ ਜਾਮਾ ਹਰਿ ਭਗਵਾਨਾ, ਮੇਟ ਮਿਟਾਏ ਜਗਤ ਪਖੰਡਾ, ਕਲ ਆਪਣੇ ਹੱਥ ਰਖਾਈਆ । ਕਲਜੁਗ ਭੇਖ ਪਖੰਡ, ਧਾਹੀਂ ਮਾਰਦਾ । ਵੇਖੇ ਹੱਥ ਵਿਚ ਫੜਿਆ ਡੰਡਾ ਸੱਚੀ ਸਰਕਾਰ ਦਾ । ਕੋਈ ਨਾ ਅੱਗੇ ਮਾਤ ਅੜਿਆ, ਤੋੜੇ ਗੜ੍ਹ ਕਿਲ੍ਹਾ ਹੰਕਾਰ ਦਾ । ਆਪੇ ਭੰਨੇ ਜੋ ਜਨ ਘੜਿਆ, ਆਪ ਮਹੱਲ ਉਸਾਰਦਾ । ਅੰਦਰ ਕੋਈ ਰਹੇ ਨਾ ਵੜਿਆ, ਕਰੇ ਕੰਮ ਹਰਿ ਪਹਿਰੇਦਾਰ ਦਾ । ਸਚ ਅਸਵਾਰਾ ਸਾਚੇ ਘੋੜੇ ਚੜ੍ਹਿਆ, ਕਰੇ ਖੇਲ ਸੱਚੇ ਪ੍ਰਵਰਦਿਗਾਰ ਦਾ । ਲੱਖ ਚੁਰਾਸੀ ਨਾਲ ਸਿੰਘ ਸਿੰਘਾਸਣ ਬੈਠ ਲੜਿਆ, ਸ਼ਬਦ ਖੰਡਾ ਇਕ ਹੁਲਾਰ ਦਾ । ਅੱਡੋ ਅੱਡ ਕਰਾਏ ਸੀਸ ਧੜਿਆ, ਸਾਚਾ ਖੇਲ ਨਰ ਅਵਤਾਰ ਦਾ । ਅੱਗੇ ਜਾਏ ਕਦੇ ਨਾ ਲੜਿਆ, ਭਾਣੇ ਅੰਦਰ ਸਰਬ ਨਿਵਾਰਦਾ । ਪੁਰਖ ਅਬਿਨਾਸ਼ੀ ਕਿਸੇ ਨਾ ਫੜਿਆ, ਰਾਜੇ ਰਾਣਿਆਂ ਆਪ ਵੰਗਾਰਦਾ । ਸਚ ਕਿਲ੍ਹੇ ਕੋਟ ਪ੍ਰਭ ਸਾਚਾ ਚੜ੍ਹਿਆ, ਖਿੱਚੇ ਤੀਰ ਰਸਨ ਕਮਾਨ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਭੇਖ ਪਖੰਡਾ ਮੇਟੇ, ਨਾ ਦਿਸੇ ਝੂਠ ਨਿਸ਼ਾਨ ਦਾ । ਹਰਿ ਮੰਗਲ ਹਰਿਜਨ ਜਾਨਿਆ । ਭਿੰਨੜੀ ਰੈਣ ਸੁਹਾਗਣ, ਹਰਿ ਰੰਗ ਹਰਿ ਹਰਿ ਵਖਾਨਿਆ । ਭਿੰਨੜੀ ਰੈਣ ਧੋਏ ਦਾਗਣ, ਹਰਿ ਰੰਗ ਦੇਵੇ ਗੁਰਮੁਖ ਬਾਲ ਅੰਞਾਨਿਆ । ਭਿੰਨੜੀ ਰੈਣ ਬਣਾਏ ਲਾਗਨ, ਹਰਿ ਰੰਗ ਵੇਖੇ ਹਰਿਜਨ ਸੁਘੜ ਸਿਆਨਿਆ । ਭਿੰਨੜੀ ਰੈਣ ਬਣੇ ਸੁਹਾਗਣ, ਹਰਿ ਰੰਗ ਗੁਰਮੁਖ ਸਾਚੇ ਪ੍ਰਭ ਸਰਨਾਈ ਮਾਨਿਆ । ਭਿੰਨੜੀ ਰੈਣ ਹੋਈ ਵਡ ਵਡਭਾਗਣ, ਹਰਿ ਰੰਗ ਵੇਖੇ ਪੁਰਖ ਨਿਧਾਨਿਆ । ਗੁਰਮੁਖ ਸਾਚੇ ਸੰਤ ਦੁਲਾਰੇ, ਆਪ ਬਹਾਏ ਚਰਨ ਦਵਾਰਿਆ, ਭਿੰਨੜੀ ਰੈਣ ਉਠ ਉਠ ਜਾਗਣ । ਭਿੰਨੜੀ ਰੈਣ ਕੰਤ ਪਿਆਰ । ਗੁਰਮੁਖ ਸਾਚੇ ਸਚ ਦੁਲਾਰ । ਮਿਲਿਆ ਮੇਲ ਪੁਰਖ ਅਪਾਰ । ਰਸਨਾ ਗਾਏ ਰੋਗ ਗਵਾਇਆ । ਆਤਮ ਰਸ ਨਿਝਰ ਅੰਮ੍ਰਿਤ ਬੂੰਦ ਧਾਰ ਕਵਲ ਚੁਆਇਆ । ਪ੍ਰਭ ਅਬਿਨਾਸ਼ੀ ਹੋਇਆ ਵਸ, ਸ਼ਬਦ ਸਰੂਪੀ ਆਇਆ ਨੱਸ, ਸ਼ਬਦ ਬਾਣ ਹਰਿ ਰਿਹਾ ਕਸ, ਗੁਰਮੁਖਾਂ ਹਰਿ ਬੰਨੇ ਲਾਇਆ । ਭਿੰਨੜੀ ਰੈਣ ਰਾਹ ਸਾਚਾ ਦੱਸ, ਕਲਜੁਗ ਮਿਟੇ ਅੰਧੇਰ ਮਸ, ਸੋਹੰ ਚੰਦ ਸਚ ਚੜ੍ਹਾਇਆ । ਜੋਤ ਪ੍ਰਕਾਸ਼ੇ ਘਰ ਘਰ ਵਾਸੇ, ਗੁਰਮੁਖਾਂ ਮਾਨਸ ਜਨਮ ਕਰੇ ਰਹਿਰਾਸੇ, ਖ਼ੁਸ਼ੀ ਬੰਦ ਬੰਦ ਕਰਾਇਆ । ਲੇਖੇ ਲਾਏ ਗਰਭ ਦਸ ਮਾਸੇ, ਆਤਮ ਜੋਤੀ ਕਰ ਪ੍ਰਕਾਸ਼ੇ, ਗਗਨ ਮੰਡਲ ਦੀ ਬਣਤ ਬਣਾਇਆ । ਆਪੇ ਰੱਖੇ ਅੰਦਰ ਵਾਸੇ, ਪਵਣ ਦੇਵੇ ਇਕ ਸਵਾਸੇ, ਸ਼ਬਦੀ ਬੋਲਾ ਬੋਲ ਬੁਲਾਸੇ, ਜੋਤੀ ਨੂਰ ਇਕ ਪ੍ਰਕਾਸ਼ੇ, ਨਾਵੇਂ ਦਰ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਭਿੰਨੜੀ ਰੈਣ ਦੇਵੇ ਵਰ, ਗੁਰਮੁਖ ਸਾਚੇ ਗਏ ਤਰ, ਹਰਿਜਨ ਆਏ ਸਾਚੇ ਘਰ ਦਸਵੇਂ ਮੇਲ ਪੁਰਖ ਅਬਿਨਾਸ਼ੇ, ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਇਕ ਇਕੇਲਾ, ਹਰਿਜਨ ਮੇਲਾ, ਆਪੇ ਵਸੇ ਆਸ ਪਾਸਿਆ । ਆਸ ਪਾਸ ਚਾਰ ਦਵਾਰ । ਹਰਿ ਜੀ ਹੋਵੇ
ਪਹਿਰੇਦਾਰ । ਗੁਰਮੁਖਾਂ ਕਰੇ ਖ਼ਬਰਦਾਰ । ਕਲਜੁਗ ਵੇਲਾ ਅੰਤਮ ਆਏ, ਲੁੱਟਿਆ ਜਾਏ ਚੋਰ ਯਾਰ । ਬੇਮੁਖਾਂ ਵਕਤ ਦੁਹੇਲਾ ਹੋਇਆ, ਪ੍ਰਗਟ
ਹੋਇਆ ਕੂੜ ਕੁੜਿਆਰਾ ਯਾਰ । ਜਨ ਭਗਤਾਂ ਵਕਤ ਸੁਹੇਲਾ ਹੋਇਆ, ਹਰਿ ਮਿਲਿਆ ਪੁਰਖ ਅਪਾਰ । ਆਪੇ ਰੰਗ ਨਵੇਲਾ ਹੋਇਆ, ਜੋਤ
ਸਰੂਪੀ ਗੁਪਤ ਜ਼ਾਹਿਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਭਿੰਨੜੀ ਰੈਣ ਖ਼ੁਸ਼ੀ ਮਨਾਉਂਦੀਆ ।
ਦਰ ਘਰ ਸਾਚੇ ਜੋਤ ਜਗਾਉਂਦੀਆ । ਗੁਰਮੁਖਾਂ ਨਾਲ ਰਲਾਉਂਦੀਆ । ਭੈਣਾਂ ਭਾਈਆਂ ਨਾਤਾ ਜੋੜ ਜੁੜਾਉਂਦੀਆ । ਸਤਿਜੁਗ ਤੇਰੀ ਬਣਤ ਬਣਾਉਂਦੀਆ ।
ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਤੇਰੀ ਗਣਤ ਗਿਣਾਉਂਦੀਆ । ਰਸਨਾ ਗਾਉਣਾ ਸਵਾਸ ਸਵਾਸੀ, ਮਾਇਆ ਮੋਹ ਤਜਾਉਂਦੀਆ । ਜੋਤੀ ਜੋਤ
ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਗੁਰ ਸੰਗਤ ਨਾਉਂ ਰਖਾਉਂਦੀਆ । ਭਿੰਨੜੀ ਰੈਣ ਵੱਜੀ ਵਧਾਈਆ ।
ਗੁਰ ਸੰਗਤ ਮਾਤ ਵਡਿਆਈਆ । ਹਰਿ ਘਰ ਸਾਚੇ ਆਈ ਮੰਗਤ, ਪ੍ਰਭ ਭਿੱਛਿਆ ਨਾਮ ਇਕ ਪਾਈਆ । ਨਾਮ ਅਮੋਲਾ ਚਾੜ੍ਹੇ ਰੰਗਤ, ਸ਼ਬਦ
ਢੋਲਾ ਇਕ ਸੁਣਾਈਆ । ਪੂਰੇ ਤੋਲ ਹਰਿ ਜੀ ਤੋਲਾ, ਗੁਰਮੁਖ ਸਾਚੇ ਸੰਤ ਜਨਾਂ, ਚਿੱਟਾ ਬਾਣਾ ਸ਼ਬਦ ਚੋਲਾ, ਆਪਣੇ ਹੱਥੀਂ ਤਨ ਪਹਿਨਾਈਆ ।
ਬਜ਼ਰ ਕਪਾਟੀ ਪਰਦਾ ਖੋਲ੍ਹਾ, ਆਪ ਹਟਾਏ ਪਰਦਾ ਉਹਲਾ, ਦਰ ਘਰ ਸਾਚਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ
ਨਰ, ਭਿੰਨੜੀ ਰੈਣ ਨੇਤਰ ਵੇਖ ਸਾਚੇ ਨੈਣ, ਗੁਰ ਸੰਗਤ ਮੇਲ ਮਿਲਾਈਆ । ਬੇਮੁਖ ਡੁੱਬੇ ਡੂੰਘੇ ਵਹਿਣ, ਪ੍ਰਭ ਗੂੜ੍ਹੀ ਨੀਂਦ ਸਵਾਈਆ । ਗੁਰਮੁਖ
ਸਾਚੇ ਸਾਚਾ ਲਾਹਾ ਲੈਣ, ਆਏ ਹਰਿ ਸਰਨਾਈਆ । ਦਰਸ ਦਿਖਾਏ ਸਾਚੇ ਨੈਣ, ਆਤਮ ਤ੍ਰਿਸ਼ਨ ਮਿਟਾਈਆ । ਗੁਰ ਸੰਗਤ ਨਾਤਾ ਭਾਈ ਭੈਣ,
ਜਗਤ ਵਿਛੋੜਾ ਇਕ ਕਰਾਈਆ । ਦਰ ਘਰ ਸਾਚੇ ਸਾਚਾ ਬਹਿਣ, ਪੰਜਾਂ ਤੱਤਾਂ ਦੂਰ ਹਟਾਈਆ । ਹਰਿ ਸਵਾਮੀ ਸਾਚਾ ਸਾਕ ਸੱਜਣ ਸੈਣ, ਹੋਏ
ਅੰਤ ਸਹਾਈਆ । ਆਪ ਚੁਕਾਏ ਲਹਿਣ ਦੇਣ, ਲੇਖਾ ਲਿਖੇ ਸ਼ਬਦ ਰਘੁਰਾਈਆ । ਗੁਰਮੁਖ ਸਾਚੇ ਸੰਤ ਜਨਾਂ ਨਾਲ ਰਲਾਈ ਭਿੰਨੜੀ ਰੈਣ, ਭੈਣਾਂ
ਭਾਈਆਂ ਇਕ ਸਲਾਹ ਪਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਤੇਰੇ ਸੱਚੇ ਦਰ ਦਵਾਰ ਸਾਚੀ ਰੁੱਤ ਸੁਹਾਈਆ ।
ਪੂਰਬ ਕਰਮ ਵਿਚਾਰ, ਧਾਰ ਬੰਨ੍ਹਾਇੰਦਾ । ਜਨਮ ਕਰਮ ਹੱਥ ਕਰਤਾਰ, ਜਨਮ ਮਰਨ ਖੇਲ ਰਚਾਇੰਦਾ । ਪੂਰਬ ਕਰਮ ਵਿਚਾਰ, ਭਗਤ ਉਧਾਰ
ਬਣਤ ਬਣਾਇੰਦਾ । ਸ਼ਬਦ ਕਰਾਏ ਵਣਜ ਵਪਾਰ, ਸਾਚਾ ਲੇਖਾ ਜਗਤ ਲਿਖਾਇੰਦਾ । ਆਤਮ ਦੇਵੇ ਨਾਮ ਅਧਾਰ, ਸਾਚਾ ਸ਼ਬਦ ਝੋਲੀ ਪਾਇੰਦਾ ।
ਚਰਨ ਛੁਹਾਇਆ ਸਚ ਘਰ ਬਾਹਰ, ਸਾਚਾ ਕਰਮ ਕਮਾਇੰਦਾ । ਉਨੀਂ ਸੌ ਤਰਿਆਸੀ ਬਿਕ੍ਰਮੀ ਦਿਵਸ ਵਿਚਾਰ । ਜੋਤੀ ਜੋਤ ਸਰੂਪ ਹਰਿ, ਲੇਖੇ
ਲਾਏ ਦਇਆ ਕਮਾਏ, ਸ਼ਬਦ ਸਰੂਪੀ ਇਕ ਪਿਆਰ । ਜਨਮ ਕਰਮ ਪ੍ਰਭ ਹੱਥ ਜਗਤ ਵਡਿਆਈਆ । ਬੇਮੁਖ ਭੁੱਲੇ ਝੂਠੇ ਭਰਮ, ਘਰ ਸਾਚਾ
ਸਾਰ ਨਾ ਪਾਈਆ । ਮਾਨਸ ਦੇਹੀ ਉਤਮ ਜਨਮ, ਲੱਖ ਚੁਰਾਸੀ ਬਣਤ ਬਣਾਈਆ । ਕਰੇ ਕਰਾਏ ਆਪਣਾ ਕਰਮ, ਸਦ ਭਾਣੇ ਹਰਿ ਸਮਾਈਆ ।
ਹਰਿ ਨਾਉਂ ਸਾਚਾ ਮਾਤ ਧਰਮ, ਜਾਤ ਪਾਤ ਕੋਈ ਦੀਸੇ ਨਾਹੀਆ । ਏਕਾ ਰੂਪ ਏਕਾ ਬ੍ਰਹਮ, ਸਾਚੀ ਰੇਖਾ ਕਿਸੇ ਦਿਸ ਨਾ ਆਈਆ । ਘਰ
ਘਰ ਵੰਡਾਂ ਧਾਰੇ ਭੇਖ, ਹਉਮੇ ਮਾਇਆ ਜਗਤ ਢਾਹੀਆ । ਨਾ ਕੋਈ ਜਾਣੇ ਪੰਡਤ ਮੁਲਾਂ ਸ਼ੇਖ਼ ਸ਼ੇਖ਼ਾਨਾ, ਗੁੰਬੀ ਪੰਥੀ ਸਾਰ ਨਾ ਪਾਈਆ । ਪ੍ਰਭ

੭੮੨
੦੪

ਅਬਿਨਾਸ਼ੀ ਸਾਚਾ ਰਾਣਾ, ਧੁਰ ਫ਼ਰਮਾਣਾ ਏਕਾ ਸ਼ਬਦ ਚਲਾਈਆ । ਵੇਖੇ ਵਿਗਸੇ ਗਊ ਗਰੀਬ ਨਿਮਾਣਾ, ਆਪਣੀ ਸਰਨ ਲਗਾਈਆ । ਸਰਨ ਨਾ ਲਾਏ ਰਾਜਾ ਰਾਣਾ, ਹਰਿ ਭਗਤਾਂ ਹੋਏ ਸਹਾਈਆ । ਨਾ ਕੋਈ ਜਾਣੇ ਸੁਘੜ ਸਿਆਣਾ, ਪੜ੍ਹ ਪੜ੍ਹ ਵਿਦਿਆ ਭੁੱਲੀ ਲੋਕਾਈਆ । ਗੁਰਮੁਖ ਵਿਰਲੇ ਹਰਿ ਪਛਾਣਾ, ਜਿਸ ਆਤਮ ਬੂਝ ਬੁਝਾਈਆ । ਦਰ ਘਰ ਸਾਚੇ ਮਿਲੇ ਮਾਣਾ, ਹਰਿ ਸਾਚਾ ਲੇਖ ਲਿਖਾਈਆ । ਕਲਜੁਗ ਝੂਠਾ ਤਣਿਆ ਤਾਣਾ, ਹਉਮੇ ਰੋਗ ਵਡ ਵਡਿਆਈਆ । ਕੋਈ ਨਾ ਦੀਸੇ ਸ਼ਾਹ ਸ਼ਹਾਨਾ, ਬੇਮੁਹਾਣਾ ਦਏ ਦੁਹਾਈਆ । ਹਰਿ ਕਾ ਨਾਮ ਸ਼ਬਦ ਬਬਾਣਾ, ਗੁਰਮੁਖਾਂ ਰਿਹਾ ਉਡਾਈਆ । ਏਕਾ ਬਖ਼ਸ਼ੇ ਚਰਨ ਧਿਆਨਾ, ਪ੍ਰੇਮ ਸਿਤਾਰ ਇਕ ਵਜਾਈਆ । ਆਤਮ ਬਖ਼ਸ਼ੇ ਬ੍ਰਹਮ ਗਿਆਨਾ, ਧੁਨੀ ਨਾਦ ਨਾਦ ਧੁਨ ਆਪਣੀ ਰਿਹਾ ਸੁਣਾਈਆ । ਸ਼ਬਦ ਸਰੂਪੀ ਬੰਨ੍ਹੇ ਗਾਨਾ, ਲੱਖ ਚੁਰਾਸੀ ਵਿੱਚੋਂ ਵਖ ਕਰਾਈਆ । ਪੁਰਖ ਅਬਿਨਾਸ਼ੀ ਬੀਨਾ ਦਾਨਾ, ਆਤਮ ਵਸਤ ਇਕ ਟਿਕਾਈਆ । ਹਰਿਜਨ ਹਰਿ ਹਰਿ ਰਸਨਾ ਚੀਨਾ, ਪ੍ਰਭ ਸਾਚੀ ਜੋਤ ਜਗਾਈਆ । ਅੱਠੇ ਪਹਿਰ ਮਨ ਤਨ ਭੀਨਾ, ਆਤਮ ਵੱਜਦੀ ਰਹੇ ਵਧਾਈਆ । ਹਰਿ ਦਰਸ਼ਨ ਪਾਇਆ ਠਾਂਡਾ ਸੀਨਾ, ਧਰਮ ਰਾਏ ਫਾਹੀ ਕਟਾਈਆ । ਨੇਤਰ ਨੈਣ ਤਿਸਾਏ ਜਿਉਂ ਜਲ ਮੀਨਾ, ਪ੍ਰਭ ਅੰਮ੍ਰਿਤ ਮੇਘ ਬਰਸਾਈਆ । ਨਾ ਕੋਈ ਜਾਣੇ ਮੁਹੰਮਦੀ ਦੀਨਾ, ਬ੍ਰਹਮ ਵਿਦਿਆ ਨਾ ਕਿਸੇ ਸਿਖਾਈਆ । ਜੋਤੀ ਜਾਮਾ ਹਰਿ ਭਗਵਾਨਾ, ਹਰਿਜਨ ਸਾਚੇ ਸੰਤ ਸੁਹੇਲੇ ਆਪੇ ਰਿਹਾ ਮਿਲਾਈਆ । ਸੁਹਾਏ ਦਵਾਰ ਬੰਕ ਚਰਨ ਛੁਹਾਇੰਦਾ । ਗੁਰਮੁਖ ਉਧਰੇ ਪਾਰ, ਪ੍ਰਭ ਪੂਰਬ ਲੇਖਾ ਆਪ ਲਿਖਾਇੰਦਾ । ਮਾਨਸ
ਦੇਹੀ ਜਨਮ ਸਵਾਰ, ਲੱਖ ਚੁਰਾਸੀ ਪਾਰ ਕਰਾਇੰਦਾ । ਊਚਾਂ ਨੀਚਾਂ ਭਰਮ ਨਿਵਾਰ, ਸੂਚੋ ਸੂਚ ਦਰ ਦਵਾਰ ਸੁਹਾਇੰਦਾ । ਪ੍ਰਭ ਅਬਿਨਾਸ਼ੀ ਜਾਮਾ
੭੮੩ ੦੪ ਧਾਰ, ਚਾਰ ਵਰਨਾਂ ਏਕਾ ਸਰਨਾ ਸਾਚਾ ਰਸਨ ਵਖਾਇੰਦਾ । ਆਪੇ ਜਾਣੇ ਹਰਿ ਜੀ ਸਾਰ, ਫੜ ਫੜ ਬਾਹੋਂ ਪਾਰ ਕਰਾਇੰਦਾ । ਨਾ ਕੋਈ ਜਾਣੇ ੭੮੩ ੦੪
ਨਰ ਨਾਰ, ਭਰਮ ਭੁਲੇਖੇ ਜਗਤ ਭੁਲਾਇੰਦਾ । ਗੁਰਮੁਖਾਂ ਕਰੇ ਤਨ ਸ਼ਿੰਗਾਰ, ਸ਼ਬਦ ਚੋਲਾ ਤਨ ਪਹਿਨਾਇੰਦਾ । ਆਤਮ ਬਖ਼ਸ਼ੇ ਚਰਨ ਪਿਆਰ, ਸਾਚਾ ਧਰਮ ਮਾਤ ਧਰਾਇੰਦਾ । ਦੇਵੇ ਵਰ ਸੱਚੀ ਸਰਕਾਰ, ਪ੍ਰਵਰਦਿਗਾਰ ਆਪ ਅਖਵਾਇੰਦਾ । ਨੈਣ ਮੁੰਧਾਨਾ ਜੋਤ ਅਕਾਰ, ਹਰਿ ਭਗਵਾਨਾ ਸ਼ਬਦ ਚਲਾਇੰਦਾ । ਨਾਮ ਬਬਾਣਾ ਵਿਚ ਸੰਸਾਰ, ਭਗਤ ਨਿਧਾਨਾ ਆਪ ਚੜ੍ਹਾਇੰਦਾ । ਸਾਚਾ ਮਾਣ ਦਰ ਦਰਬਾਰ, ਜਗਤ ਵਿਕਾਰ ਰਸਨ ਤਜਾਇੰਦਾ । ਮਿਲੇ ਮੇਲ ਪੁਰਖ ਅਪਾਰ, ਦਰਗਹਿ ਸਾਚੀ ਮਾਣ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸੰਤ ਸੁਹੇਲਾ, ਜਗਤ ਵਿਛੋੜਾ ਸ਼ਬਦ ਘੋੜਾ ਗੁਰਮੁਖ ਸਾਚੇ ਆਪ ਚੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਜੋੜ ਜੋੜਾ, ਸਾਚਾ ਨਾਤਾ ਪੁਰਖ ਬਿਧਾਤਾ ਉਤਮ ਜਾਤਾ ਏਕਾ ਚਰਨ ਰਖਾਇੰਦਾ । ਕਰੇ ਸਚ ਨਿਆਉਂ, ਸੱਚੀ ਸਰਕਾਰਿਆ । ਵੇਖ ਵਖਾਣੇ ਸਾਚੇ ਥਾਉਂ, ਅੰਦਰ ਬਾਹਰ ਗੁਪਤ ਜ਼ਾਹਰਿਆ । ਗੁਰਮੁਖਾਂ ਦੇਵੇ ਠੰਡੀ ਛਾਉਂ, ਦਰ ਮਿਲੇ ਮਾਣ ਜਗਤ ਨਿਮਾਣਿਆ । ਆਪੇ ਪਿਤਾ ਆਪੇ ਮਾਉਂ, ਭਾਈ ਭੈਣਾਂ ਹਰਿ ਸਾਚਾ ਸਾਕ ਸੱਜਣ ਸੈਣਾ ਅਖਵਾ ਰਿਹਾ । ਸੱਚਾ ਨਾਮ ਪੀਣ ਖਾਣ, ਚਰਨ ਧਿਆਨ ਇਕ ਵਖਾਣਿਆ । ਦਰ ਘਰ ਸਾਚੇ ਦੇਵੇ ਮਾਣ, ਨਰ ਹਰਿ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਅਮੋਘ ਧੁਰ ਸੰਜੋਗਾ, ਸਾਚਾ ਦਰ ਆਪ ਪਛਾਣਿਆ । ਜਲ ਨੀਰ ਅੰਮ੍ਰਿਤ ਅੰਮ੍ਰਿਤ ਧਾਰਿਆ । ਕੱਢੇ ਹਉਮੇ ਪੀੜ, ਦੁੱਖ ਨਿਵਾਰਿਆ । ਅੰਮ੍ਰਿਤ ਸਾਚਾ ਸੀਰ, ਗੁਰਮੁਖਾਂ ਆਪ ਚੁਆ ਰਿਹਾ । ਕਿਸੇ ਹੱਥ

ਨਾ ਆਏ ਪੀਰ ਫ਼ਕੀਰ, ਵੇਦ ਪੁਰਾਨ ਗਾ ਗਾ ਥੱਕੇ, ਅੰਮ੍ਰਿਤ ਧਾਰ ਨਾ ਕੋਈ ਚੁਆ ਰਿਹਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਵਡ ਸੰਸਾਰੀ ਸਾਚੀ ਬਣਤ ਬਣਾ ਰਿਹਾ । ਏਕਾ ਦੇਵੇ ਨਾਮ ਅਧਾਰਾ ਜਗਤ ਵਣਜਾਰਾ, ਭਗਤ ਵਣਜ ਸਾਚਾ ਨਾਮ ਕਰਾ ਰਿਹਾ । ਨਾ ਕੋਈ ਕਰੇ ਮਾਤ ਉਧਾਰਾ, ਲਹਿਣਾ ਦੇਣਾ ਸ਼ਬਦ ਗਹਿਣਾ, ਕਾਇਆ ਚੋਲੀ ਸਾਚੇ ਮੰਦਰ ਆਤਮ ਅੰਦਰ ਆਪਣੇ ਆਪ ਪਹਿਨਾ ਰਿਹਾ । ਹੋਏ ਪ੍ਰਕਾਸ਼ ਕੋਟਨ ਭਾਨਾ, ਗੁਰਮੁਖ ਸਾਚੇ ਚਤੁਰ ਸੁਜਾਨਾ, ਚਰਨ ਧੂੜ ਕਰ ਇਸ਼ਨਾਨਾ, ਆਤਮ ਜੋਤੀ ਜੋਤ ਜਗਾ ਰਿਹਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਸਾਚਾ ਦੇਵੇ ਨਾਮ ਨਿਸ਼ਾਨਾ, ਭਰਿਆ ਜਾਮ ਰਮਈਆ ਰਾਮਾ, ਸਾਚੇ ਮਾਰਗ ਆਪੇ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਮੇਘ ਠੰਡੀ ਸੀਤਲ ਧਾਰ, ਗੁਰ ਸੰਗਤ ਤੇਰਾ ਇਕ ਪਿਆਰ, ਲੋਕਮਾਤ ਮਾਰ ਝਾਤ, ਇਕ ਇਕਾਂਤ ਆਪਣਾ ਆਪ ਨਿਭਾ ਰਿਹਾ । ਅੰਮ੍ਰਿਤ ਸਾਚਾ ਸੀਰ, ਮੁਖ ਚਵਾਇੰਦਾ । ਜਨ ਭਗਤਾਂ ਆਤਮ ਦੇਵੇ ਧੀਰ, ਪੀੜ ਕਢਾਇੰਦਾ । ਗੁਰਮੁਖਾਂ ਕਰੇ ਸ਼ਾਂਤ ਸਰੀਰ, ਕਾਇਆ ਅਗਨੀ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਚੀਰ ਸੀਸ ਸਜਾਇੰਦਾ ।

### ❇ ੩੦ ਪੋਹ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ❇

ਸਚਖੰਡ ਸੱਚਾ ਦਰਬਾਰਿਆ । ਵਿਚ ਵਰਭੰਡ ਖੇਲ ਅਪਾਰਿਆ । ਜੋਤੀ ਜਾਮਾ ਹਰਿ ਬ੍ਰਹਿਮੰਡ, ਲੋਆਂ ਪੁਰੀਆਂ ਸਰਬ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਧਾਮ ਆਪ ਬਹਾ ਰਿਹਾ । ਸਾਚੇ ਘਰ ਜੋਤ ਨਿਰੰਕਾਰ ਹੈ । ਏਕਾ ਧਾਰ ਅਪਰ ਅਪਾਰ ਹੈ । ਨਾ ਕੋਈ ਸਕੇ ਵਿਚਾਰ, ਨਾ ਵੇਖੇ ਰੇਖ ਭੇਖ ਨਾ ਕੋਈ ਨਾਰੀ ਨਾਰ ਹੈ । ਏਕਾ ਜੋਤੀ ਬਿਨ ਵਰਨ ਗੋਤੀ, ਪੁਰਖ ਅਕਾਲਾ ਦੀਨ ਦਿਆਲਾ ਆਪੇ ਜਾਣੇ ਆਪਣੀ ਸਾਰ ਹੈ । ਆਪੇ ਜਾਣੇ ਆਪਣੀ ਸਾਰ, ਜੋਤ ਜਗਾਇੰਦਾ । ਵਸੇ ਸਚ ਦਵਾਰ, ਆਪਣਾ ਮਹੱਲ ਸਦਾ ਅਟੱਲ ਏਕਾ ਏਕ ਬਣਾਇੰਦਾ । ਵਸੇ ਰਸੇ ਨਿਹਚਲ ਧਾਮ ਅਟੱਲ, ਕਿਸੇ ਹੱਥ ਨਾ ਆਇੰਦਾ । ਕਿਸੇ ਹੱਥ ਨਾ ਆਵੇ ਜਲ ਥਲ, ਉਚ ਪ੍ਰਬਤ ਨਾ ਕੋਈ ਵਖਾਇੰਦਾ । ਜੋਤੀ ਜਾਮਾ ਵਲ ਛਲ, ਕਲਜੁਗ ਤੇਰੀ ਦਾਤ ਸਾਚੇ ਧਾਮ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਸ੍ਰੀ ਭਗਵਾਨਾ, ਸਾਚੀ ਬਣਤ ਬਣਾਇੰਦਾ । ਸਚਖੰਡ ਸਚ ਅਕਾਲਿਆ । ਜਗੀ ਜੋਤ ਬੇਮਿਸਾਲਿਆ । ਨਾ ਕੋਈ ਵਰਨ ਨਾ ਕੋਈ ਗੋਤ, ਮਾਤ ਪਿਤ ਨਾ ਕਿਸੇ ਪਾ ਲਿਆ । ਨਾ ਕੋਈ ਦੁੱਧ ਨਾ ਕੋਈ ਪੋਤ, ਪੁੱਤਰ ਧੀ ਨਾ ਕਿਸੇ ਅਖਵਾ ਲਿਆ । ਏਕਾ ਏਕ ਨਿਰੰਜਣ ਜੋਤ ਸਾਚੇ ਧਾਮ ਆਪ ਸਮਾ ਲਿਆ । ਜੋਤੀ ਜਾਮਾ ਹਰਿ ਭਗਵਾਨਾ, ਨਿਹਕਲੰਕ ਪਹਿਰੇ ਬਾਣਾ ਕਲਜੁਗ ਅੰਤਮ ਵਾਰ ਲੋਕਮਾਤ ਮਾਰ ਝਾਤ, ਸਾਚੀ ਬਣਤ ਬਣਾ ਰਿਹਾ । ਜੋਤ ਨਿਰੰਜਣ ਨੂਰ ਅਕਾਲੀ, ਕਲਜੁਗ ਰੈਣ ਘਟਾ ਕਾਲੀ, ਪੁਰਖ ਅਬਿਨਾਸ਼ੀ ਵੇਖ ਵਿਚਾਰ ਦੀਪਾਂ ਲੋਆਂ ਪਾਏ ਸਾਰ, ਵਿਚ ਵਰਭੰਡਾਂ ਕਰੇ ਖੇਲ ਨਿਆਰੇ । ਜੋਤੀ ਜਾਮਾ ਸ੍ਰੀ ਭਗਵਾਨਾ, ਪ੍ਰਗਟ ਹੋਏ ਵਿਚ ਸੰਸਾਰੇ । ਸ਼ਬਦ ਜਣਾਏ ਇਕ ਤਰਾਨਾ, ਨਾ ਕੋਈ ਧੁਨ ਨਾ ਕੋਈ ਸੁੰਨ ਪੜਦਾ ਉਹਲਾ ਨਾ ਕੋਈ ਰਖਾਵੇ । ਗੁਰਮੁਖ ਸਾਚੇ ਸੰਤ ਜਨ ਪ੍ਰਭ ਲੋਕਮਾਤ ਚੁਣ ਭੇਵ ਖੁਲ੍ਹਾਏ ਦਇਆ ਕਮਾਏ, ਕਲਜੁਗ

ਤੇਰੀ ਅੰਤਮ ਵਾਰੇ । ਨਿਰਗੁਣ ਖੇਲ ਜਗਤ ਹੰਕਾਰਿਆ । ਨਾ ਕੋਈ ਗੁਰ ਨਾ ਕੋਈ ਚੇਲ, ਭੁੱਲਾ ਸਰਬ ਸੰਸਾਰਿਆ । ਨਾ ਕੋਈ ਬਾਣੀ ਨਾ ਕੋਈ ਸ਼ਬਦ ਸੱਚੀ ਧੁਨਕਾਰਿਆ । ਜੋਤੀ ਜੋਤ ਸਰੂਪ ਹਰਿ ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਹਰਿ ਸਾਚਾ ਮੇਲ ਮਿਲਾ ਰਿਹਾ । ਸ਼ਬਦ ਤਰਾਨਾ ਨਾਮ ਮਰਦੰਗ । ਨਾ ਕੋਈ ਚੜ੍ਹਾਏ ਕੰਚਨ ਕਾਇਆ ਸਾਚਾ ਰੰਗ । ਪੰਜ ਤੱਤ ਲੱਗੀ ਝੂਠੀ ਅੰਚਨ, ਜਲਦੇ ਰਹਿਣ ਵਾਂਗ ਪਤੰਗ । ਗੁਰਮੁਖਾਂ ਕਾਇਆ ਆਇਆ ਸਿੰਚਣ, ਹਰਿ ਦਰ ਮੰਗੀ ਸਾਚੀ ਮੰਗ । ਤਨ ਮਨ ਭਿੰਨਾ ਹਰਿ ਹਰਿ ਭਿੰਚਨ, ਮਾਨਸ ਦੇਹੀ ਨਾ ਹੋਏ ਭੰਗ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣਾ ਚਾੜ੍ਹੇ ਰੰਗ । ਸ਼ਬਦ ਧਾਰ ਨਾ ਕੋਈ ਵਿਚਾਰ, ਨਾ ਕੋਈ ਜਾਣੇ ਬ੍ਰਹਮ ਗਿਆਨਿਆ । ਕਵਣ ਦਵਾਰਾ ਕਵਣ ਘਰ ਬਾਹਰਾ, ਜਿੱਥੇ ਵੱਜੇ ਤਾਰ ਮਹਾਨਿਆ । ਕਵਣ ਵਜਾਏ ਤਾਰ ਅਪਾਰ ਰਬਾਨੀਆ । ਕਵਣ ਚਲਾਏ ਸਾਚੀ ਧਾਰਾ, ਕਵਣ ਰਖਾਏ ਧੁਰਦਰਗਾਹੀ ਸਚ ਨਿਸ਼ਾਨੀਆ । ਕਵਣ ਵਖਾਏ ਰਾਰਾ ਰਾਰਾ ਰਾਰਾ, ਰਾਮ ਰਹੀਮ ਕਰੀਮ ਨਾ ਕਿਸੇ ਪਛਾਣਿਆ । ਬੇਮੁਖਾਂ ਆਤਮ ਭਰਿਆ ਹੰਕਾਰ, ਚਾਰੋਂ ਕੁੰਟ ਹੋਏ ਵੈਰਾਨਿਆ । ਕਲਜੁਗ ਤੇਰਾ ਧੁੰਦੂਕਾਰਾ, ਬੇਮੁਖ ਮਾਰੇ ਵਡ ਸ਼ੈਤਾਨਿਆ । ਗੁਰਮੁਖ ਵਿਰਲੇ ਨਾਮ ਅਧਾਰ, ਪ੍ਰਗਟ ਹੋਏ ਵਾਲੀ ਦੋ ਜਹਾਨਿਆ । ਕਾਇਆ ਕਰੇ ਠੰਡੀ ਠਾਰ, ਅੰਮ੍ਰਿਤ ਸਾਚੀ ਬੂੰਦ ਪਿਆ ਰਿਹਾ । ਮੇਟ ਮਿਟਾਏ ਅੰਧ ਅੰਧਿਆਰ, ਏਕਾ ਦੀਪਕ ਜੋਤ ਜਗਾ ਲਿਆ । ਚਰਨ ਪ੍ਰੀਤੀ ਸਚ ਪਿਆਰ, ਚਾਰ ਵਰਨਾਂ ਰੀਤ ਚਲਾਨਿਆਂ । ਲੋਕਮਾਤ ਇਕ ਸਚ ਦਵਾਰਾ, ਸੰਤ ਮਨੀ ਸਿੰਘ ਬਣ ਲਿਖਾਰਾ, ਕਲਮ ਚਲਾਈ ਬੇਮੁਹਾਨਿਆ । ਰਾਜਾ ਰਾਣਾ ਹੋਏ ਖੁਆਰ, ਨਾ ਕੋਈ ਦਿਸੇ ਸ਼ਾਹ ਸਵਾਰ, ਪਵਣ ਝੁੱਲੇ ਏਕਾ ਧਾਰ, ਪ੍ਰਭ ਮਾਰੇ ਸ਼ਬਦ ਤੀਰ ਕਮਾਨਿਆ । ਕਲਜੁਗ ਪਾਸਾ ਆਇਆ ਹਾਰਾ, ਸ੍ਰਿਸ਼ਟ ਸਬਾਈ ਹੋਏ ਦੋ ਫਾੜਾ, ਗੁਰਮੁਖਾਂ ਵੇਲ ਵਧਾਏ ਸਤਾਰਾਂ ਹਾੜਾ, ਲੱਖ ਚੁਰਾਸੀ ਫੰਦ ਕਟਾਨਿਆ । ਜਗੇ ਜੋਤ ਬਹੱਤਰ ਨਾੜਾ, ਕਾਇਆ ਮੰਦਰ ਸਚ ਅਖਾੜਾ, ਪੰਜਾਂ ਚੋਰਾਂ ਮਾਰ ਭਗਾਨਿਆ । ਧੁਰਦਰਗਾਹੀ ਸਾਚਾ ਵਾੜਾ, ਪੁਰਖ ਅਬਿਨਾਸ਼ੀ ਸਾਚਾ ਲਾੜਾ, ਗੁਰਮੁਖ ਨਾਰੀ ਜਿਸ ਪ੍ਰਨਾਨਿਆ । ਕਲਜੁਗ ਪਾਇਆ ਪੜਦਾ ਭਾਰਾ ਆਪ ਚਬਾਏ ਆਪਣੀ ਦਾੜ੍ਹਾ, ਗੁਰਮੁਖਾਂ ਦੇਵੇ ਸੋਹੰ ਸ਼ਬਦ ਬ੍ਰਹਮ ਗਿਆਨਿਆ । ਸ਼ਬਦ ਉਠਾਏ ਸਾਚੀ ਧਾੜਾ, ਵੇਖ ਵਖਾਣੇ ਜੂਹ ਉਜਾੜਾ, ਉਚੇ ਪਰਬਤ ਹਰਿ ਹਿਲਾਨਿਆ । ਸ਼ਬਦ ਚਲੇ ਕਾੜ ਕਾੜਾ, ਬੇਮੁਖ ਜੀਵਾਂ ਮਾਰੇ ਝਾੜਾਂ, ਸੀਸ ਧੜ ਧੜ ਸੀਸ ਨਾ ਕੋਈ ਦਿਸਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣੇ ਭਾਣੇ, ਜੀਵ ਜੰਤ ਨਾ ਸਕੇ ਕੋਈ ਪਛਾਣਿਆ । ਲੋਕਮਾਤ ਬਣਤ ਬਣਾਇੰਦਾ । ਮਿਟੇ ਅੰਧੇਰੀ ਰਾਤ, ਗੁਰਮੁਖ ਸਾਚੇ ਸੰਤ ਉਪਜਾਇੰਦਾ । ਦੇਵੇ ਸਾਚੀ ਸ਼ਬਦ ਦਾਤ, ਹਰਿ ਸੁਗਾਤ ਇਕ ਲਿਆਇੰਦਾ । ਸਤਿ ਪੁਰਖ ਨਿਰੰਜਣ ਸਾਚਾ ਨਾਤ, ਦੁੱਖ ਭੈ ਭੰਜਨ ਮੇਲ ਮਿਲਾਇੰਦਾ । ਧੂੜੀ ਚਰਨ ਨੇਤਰ ਅੰਜਨ, ਕੱਜਲ ਧਾਰ ਸ਼ਿੰਗਾਰ ਕਰਾਇੰਦਾ । ਬਣੇ ਸੁਹੇਲਾ ਸਾਚਾ ਸੱਜਣ, ਜਗਤ ਵਿਛੋੜਾ ਆਪ ਕਟਾਇੰਦਾ । ਅੰਮ੍ਰਿਤ ਦੇਵੇ ਇਕ ਪਿਆਲਾ ਗੁਰਸਿਖ ਪੀ ਪੀ ਰੱਜਣ, ਆਤਮ ਤ੍ਰਿਸ਼ਨ ਮਿਟਾਇੰਦਾ । ਕਾਇਆ ਭਾਂਡੇ ਅੰਤਮ ਭੱਜਣ, ਨਾ ਕੋਈ ਕਿਸੇ ਛੁਡਾਇੰਦਾ । ਜਨ ਭਗਤਾਂ ਆਇਆ ਪੜਦੇ ਕੱਜਣ, ਸ਼ਬਦ ਜੋਤੀ ਖੇਲ ਖਿਲਾਇੰਦਾ । ਬੇਮੁਖ ਜੀਵ ਕਲਜੁਗ ਤੇਰੀ ਅਗਨੀ ਦਗਨ, ਘਰ ਘਰ ਧੂੰਆਂ ਧਾਰ ਰਖਾਇੰਦਾ । ਗੁਰਮੁਖਾਂ ਤਾਲ ਆਤਮ ਸਾਚੇ ਵੱਜਣ, ਪ੍ਰਭ ਸ਼ਬਦ ਡੰਕ ਵਜਾਇੰਦਾ । ਨਾ ਕੋਈ ਹਾਜੀ ਨਾ ਕੋਈ ਹੱਜਣ, ਮਦੀਨਾ ਮੱਕਾ ਵੇਖ ਵਖਾਇੰਦਾ । ਨਾ ਕੋਈ ਤਾਜੀ ਨਾ ਕੋਈ ਤਾਜਨ,

੭੮੫
੦੪

ਸ਼ਬਦ ਘੋੜ ਨਾ ਕੋਈ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਆਪਣੀ ਬਣਤ ਬਣਾਇੰਦਾ । ਨਿਰਗੁਣ ਖੇਲ ਅਪਾਰ, ਨਾ ਸਰਗੁਣ ਜਾਣਿਆ । ਜੋਤੀ ਇਕ ਅਕਾਲ, ਜਗਤ ਭਗਵਾਨਿਆ । ਆਵੇ ਜਾਵੇ ਦੀਨ ਦਿਆਲ, ਆਪਣੇ ਭਾਣੇ ਆਪ ਸਦ ਰਹਾਨਿਆ । ਸਾਚੀ ਨੂਰੀ ਜੋਤ ਜਲਾਲ, ਸ਼ਬਦ ਦਲਾਲ ਇਕ ਰਖਾਨਿਆ । ਗੁਰਮੁਖਾਂ ਝੋਲੀ ਦੇਵੇ ਡਾਲ, ਦਰ ਮੰਗਣ ਬਣ ਸਵਾਲੀਆ । ਸਾਚੀ ਜੋਤੀ ਦੀਪਕ ਥਾਲ, ਕਾਇਆ ਜਗੇ ਜੋਤ ਬੇਮੁਹਾਨਿਆ । ਚਿੱਟਾ ਅਸਵ ਸ਼ਬਦ ਘੋੜਾ ਮਾਰੇ ਇੱਕੋ ਛਾਲ, ਕਿਰਪਾ ਕਰੇ ਵਾਲੀ ਦੋ ਜਹਾਨਿਆ । ਗੁਰਮੁਖ ਸਾਚੇ ਰੱਖਣ ਆਇਆ ਲਾਲ, ਦੇਵੇ ਸ਼ਬਦ ਸੱਚਾ ਦੁਸ਼ਾਲਿਆ । ਲੱਖ ਚੁਰਾਸੀ ਮਾਤ ਕੰਗਾਲ, ਪੰਜਾਂ ਲੁੱਟਿਆ ਨਾਮ ਧਨ ਮਾਲਿਆ । ਸੋਹੰ ਸ਼ਬਦ ਵਸਤ ਆਤਮ ਘਰ ਰਖਣੀ ਸੰਭਾਲ, ਹਰਿ ਤੋੜੇ ਜਗਤ ਜੰਜਾਲਿਆ । ਫਲ ਲਗਾਏ ਕਾਇਆ ਸੱਚੇ ਡਾਲ, ਗੁਰਮੁਖ ਸਾਚੇ ਸੰਤ ਜਨਾਂ, ਆਪੇ ਕਰੇ ਰਖਵਾਲੀਆ । ਅੰਤ ਕਾਲ ਨਾ ਖਾਏ ਕਾਲ, ਹਰਿ ਗੋਦੀ ਆਪ ਉਠਾ ਲਿਆ । ਦੋ ਜਹਾਨੀ ਚਲੇ ਨਾਲ, ਸਾਚੇ ਧਾਮ ਬਹਾ ਲਿਆ । ਜਗਤ ਅਵਲੜੀ ਚਲੇ ਚਾਲ, ਜੋਤੀ ਜਾਮਾ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨ, ਜਗਤ ਭਗਤ ਵਡ ਦਾਨੀਆ । ਹਰਿ ਸ਼ਬਦ ਕਾਇਆ ਗਾਗਰਾ । ਗੁਰ ਸ਼ਬਦ ਜਗਤ ਉਜਾਗਰਾ । ਹਰਿ ਸ਼ਬਦ ਰਤੀ ਰਤਨਾਗਰਾ । ਗੁਰ ਸ਼ਬਦ ਗੁਰਮੁਖ ਸਾਚੇ ਸੰਤ ਜਨਾਂ, ਆਪੇ ਮੇਲ ਮਿਲਾਏ, ਚਰਨ ਪ੍ਰੀਤੀ ਇਕ ਵਖਾਏ, ਹਰਿ ਸਰਨ ਸੱਚੀ ਜਨ ਲਾਗਰਾ । ਸਰਗੁਣ ਨਿਰਗੁਣ ਏਕਾ ਧਾਰ, ਸ਼ਬਦ ਤਰੰਤਾ ਸਾਚੀ ਧਾਰ, ਲੋਕਮਾਤ ਬੇਮੁਹਾਨਿਆ । ਹਰਿ ਡੋਲੀ ਇਕ ਬਣਾਇੰਦਾ । ਫੁਲਨਹਾਰਾ ਆਪ ਸੁਹਾਇੰਦਾ । ਕਰੇ ਮਾਤ ਸ਼ਿੰਗਾਰਾ, ਤ੍ਰੈ ਲੋਆਂ ਵੇਸ ਕਰਾਇੰਦਾ । ਪੁਰੀਆਂ ਲੋਆਂ ਇਕ ਅਖਾੜਾ, ਆਪੇ ਰਚਨ ਰਚਾਇੰਦਾ । ਸਾਚੀ ਡੋਲੀ ਬਣ ਕਹਾਰਾ, ਆਪਣੇ ਕੰਧ ਉਠਾਇੰਦਾ । ਲੱਖ ਚੁਰਾਸੀ ਕਰੇ ਚੋਰੀ, ਪ੍ਰਭ ਆਪਣਾ ਭੇਵ ਛੁਪਾਇੰਦਾ । ਹੌਲੀ ਹੌਲੀ ਜਾਏ ਤੋਰੀ, ਸਚ ਦਵਾਰਾ ਹਰਿ ਨਿਰੰਕਾਰਾ, ਫੜ ਫੜ ਬਾਹਰ ਕਢਾਇੰਦਾ । ਉਤਰਿਆ ਆਵੇ ਵਾਰੋ ਵਾਰਾ, ਛੇਵੇਂ ਘਰ ਸਚ ਵਿਚੋਲਾ, ਸ਼ਬਦ ਨਾਲ ਰਲਾਇੰਦਾ । ਪੰਚਮ ਹਰਿ ਗਾਵੇ ਢੋਲਾ, ਪਵਣ ਸਵਾਸੀ ਤਾਰ ਵਜਾਇੰਦਾ । ਚੌਥੇ ਘਰ ਲੱਖ ਚੁਰਾਸੀ, ਵਿਚ ਮਾਤ ਮਾਰ ਝਾਤ, ਵੇਖੇ ਕਾਇਆ ਚੋਲਾ, ਅੰਦਰ ਬਾਹਰ ਵੇਖ ਵਖਾਇੰਦਾ । ਚੌਥੇ ਜੁਗ ਤੇਰਾ ਸਾਚਾ ਡੋਲਾ, ਪ੍ਰਭ ਅਬਿਨਾਸ਼ੀ ਚੌਥੇ ਘਰ ਲਿਆਇੰਦਾ । ਕਰੇ ਖੇਲ ਘਨਕਪੁਰ ਵਾਸੀ, ਲਾਲ ਵੇਸ ਹਰਿ ਕਰਾਇੰਦਾ । ਧਰਮ ਰਾਏ ਦੀ ਲਾਹੇ ਉਦਾਸੀ, ਦਿਵਸ ਰੈਣ ਸੀਸ ਨਿਵਾਇੰਦਾ । ਜਨਕ ਰਾਏ ਧਰਮ ਗਲ ਕਟੀ ਫਾਸੀ, ਧਰਮ ਰਾਏ ਬਖ਼ਸ਼ਾਇੰਦਾ । ਕਲਜੁਗ ਵੇਖੇ ਮਦਿਰਾ ਮਾਸੀ, ਯਮ ਰਾਜਾ ਖ਼ੁਸ਼ੀ ਮਨਾਇੰਦਾ । ਲਾੜੀ ਮੌਤ ਕਰੇ ਹਾਸੀ, ਸਾਚੀ ਮਹਿੰਦੀ ਹੱਥੀਂ ਲਾਏ, ਸੋਹਣਾ ਰੰਗ ਚੜ੍ਹਾਇੰਦਾ । ਲੱਖ ਚੁਰਾਸੀ ਦੇਣੀ ਫਾਸੀ, ਸਚ ਦੁਲਾਰੀ ਧੀ ਕਵਾਰੀ, ਲਾੜੀ ਮੌਤ ਆਪੇ ਆਪ ਸਮਝਾਇੰਦਾ । ਚਾਰੇ ਕੁੰਟਾਂ ਵੇਖੇ ਵਾਰੋ ਵਾਰੀ, ਨਾ ਕੋਈ ਛੱਡੀ ਪੁਤ ਮਾਂ ਪਿਆਰੀ, ਸਾਚੀ ਸਿਖਿਆ ਆਪ ਸਮਝਾਇੰਦਾ । ਨਾ ਕੋਈ ਵੇਖੀ ਕੰਤ ਭਤਾਰਾ ਨਾਰੀ, ਨਾ ਕੋਈ ਵੇਖੀ ਭੈਣ ਭਰਾ ਪਿਆਰੀ, ਕਲਜੁਗ ਨਾਤਾ ਆਪ ਤੁੜਾਇੰਦਾ । ਲੋਕਮਾਤ ਨਾ ਕਰੇ ਉਧਾਰੀ, ਚਾਰੋਂ ਕੁੰਟ ਪਏ ਖੁਆਰੀ, ਫੜਾਏ ਏਕਾ ਨਾਲ ਬਹਾਰੀ, ਸਾਚਾ ਹੁਕਮ ਸੁਣਾਇੰਦਾ । ਲਾੜੀ ਮੌਤ ਅਜੇ ਕਵਾਰੀ, ਧਰਮ ਰਾਏ ਅੱਗੇ ਨਿਮਸਕਾਰੀ, ਮੈਂ ਵੇਖਾਂ ਪਹਿਲਾਂ ਚਾਰ ਯਾਰੀ, ਕਵਣ ਵਰ ਕਵਣ ਦਰ ਕਵਣ ਘਰ, ਸਾਚਾ ਕੰਤ ਵੇਖ


੭੮੬
੦੪

ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਸਾਚੀ ਡੋਲੀ, ਆਪ ਤੁਰਾਏ ਹੋਲੀ ਹੋਲੀ, ਚੌਥੇ ਘਰ ਆਸਣ ਲਾਇਆ, ਵਾਹਵਾ ਸੋਹਣੀ ਬਣਤ ਬਣਾਇੰਦਾ । ਸਾਚੇ ਘਰ ਹਰਿ ਕਰੇ ਵਿਚਾਰ । ਧਰਤ ਮਾਤ ਤੇਰੀ ਸੁਣੇ ਪੁਕਾਰ । ਲੋਕਮਾਤ ਤੇਰੀ ਝੂਠੀ ਧਾਰ । ਕਲਜੁਗ ਅੰਤਮ ਆਈ ਹਾਰ । ਬੇਮੁਖ ਜੀਵ ਮੁਗਧ ਗਵਾਰ । ਮਦਿਰ ਮਾਸੀ ਵਡ ਹੰਕਾਰ । ਸ਼ਬਦ ਸਵਾਸੀ ਗੁਰਮੁਖ ਵਿਰਲਾ, ਪੁਰਖ ਅਬਿਨਾਸ਼ੀ ਕਰੇ ਵਿਚਾਰ । ਪ੍ਰਗਟ ਹੋਏ ਘਨਕਪੁਰ ਵਾਸੀ, ਸਾਚੀ ਡੋਲੀ ਕਰੇ ਤਿਆਰ । ਨਾਲ ਰਲਾਏ ਨਾ ਕੋਈ ਸਾਥੀ, ਹੱਥ ਨਾ ਫੜ੍ਹੇ ਤੇਜ ਕਟਾਰ । ਨਾ ਕੋਈ ਵੇਖੇ ਸ਼ਾਹ ਅਸਵਾਰ । ਨਾ ਕੋਈ ਅਸਵ ਘੋੜਾ ਤਾਜੀ ਹਾਥੀ, ਆਪੇ ਚੱਲੇ ਪਵਣ ਅਸਵਾਰ । ਪ੍ਰਗਟ ਹੋਏ ਤ੍ਰੈਲੋਕੀ ਨਾਥੀ, ਕਲਜੁਗ ਤੇਰੀ ਅੰਤਮ ਵਾਰ । ਆਪ ਚਲਾਏ ਸਾਚੀ ਗਾਥੀ, ਸਤਿਜੁਗ ਚਲਾਏ ਸਾਚੀ ਧਾਰ । ਜੋਤੀ ਜਾਮਾ ਸ੍ਰੀ ਭਗਵਾਨਾ ਸਾਚੀ ਡੋਲੀ ਆਪ ਬਿਠਾਵੇ, ਚਾਰੇ ਕੁੰਟਾਂ ਬੰਨ੍ਹੇ ਵਾਰੋ ਵਾਰ । ਇਕ ਦਰਵਾਜਾ ਗਰੀਬ ਨਿਵਾਜਾ ਲਹਿੰਦੀ ਦਿਸ਼ਾ ਵਖਾਇੰਦਾ, ਸਾਚੀ ਡੋਲੀ ਤਣਿਆ ਤਾਣ । ਤਣੀਆਂ ਬੰਨ੍ਹੇ ਸ਼ਬਦ ਡੰਡੇ ਨਾਲ । ਆਪੇ ਪਾਏ ਸਾਚੀ ਵੰਡਾ, ਨਾ ਕੋਈ ਸਕੇ ਸੁਰਤ ਸੰਭਾਲ । ਵੇਖ ਵਖਾਣੇ ਆਤਮ ਦੇਵੇ ਗੰਢਾ, ਸੋਹੰ ਸ਼ਬਦ ਸੱਚਾ ਧੰਨ ਮਾਲ । ਅੰਤਮ ਵੇਲੇ ਪਾਏ ਠੰਡਾਂ, ਕਲਜੁਗ ਤੇਰਾ ਅੰਤਮ ਵੇਖ, ਪ੍ਰਭ ਅਬਿਨਾਸ਼ੀ ਸਚ ਸੁਹੇਲਾ, ਆਪ ਕਰਾਏ ਅੰਤਮ ਵੇਲਾ, ਚਰਨ ਪ੍ਰੀਤੀ ਨਿਭੇ ਨਾਲ । ਜੋਤੀ ਜਾਮਾ ਸ੍ਰੀ ਭਗਵਾਨਾ ਚੋਲੀ ਰੰਗੇ ਲਾੜੀ ਮੌਤ ਸਿਰ ਵਾਹੇ ਕੰਘੀ, ਆਪ ਬਿਠਾਏ ਦਇਆ ਕਮਾਏ, ਆਪਣੇ ਕੰਧੇ ਲਏ ਉਠਾਏ, ਲੋਕਮਾਤ ਦਾ ਰਾਹ ਵਖਾਏ, ਆਪੇ ਚੱਲੇ ਨਾਲ ਨਾਲ । ਹਰਿ ਸਾਚੀ ਡੋਲੀ ਆਪ ਉਠਾਈਆ । ਪਹਿਲੀ ਪੌੜੀ ਦਰਸ ਦਿਖਾਈਆ । ਬ੍ਰਹਮੇ ਪਾਈ ਵੰਡ, ਬ੍ਰਹਮ ਲੋਕ ਵਧਾਈਆ । ਕੀ ਕਰੇ ਖੇਲ੍ਹ ਰਘੁਰਾਈ, ਨਾ ਜਾਣੇ ਕੋਈ ਰਾਈਆ । ਚਾਰੇ ਵੇਦਾਂ ਰਿਹਾ ਲਿਖਾਈਆ । ਹਰਿ ਕੀ ਖੇਲ ਸਮਝ ਨਾ ਆਈਆ । ਨਾ ਹੋਏ ਕੋਈ ਸਹਾਈ, ਕਲਜੁਗ ਵੇਲਾ ਅੰਤਮ ਆਇਆ, ਨਾ ਸਕੇ ਕੋਈ ਛੁਡਾਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਸਚ ਦਵਾਰੇ ਬੈਠਾ ਆਈਆ । ਜੋਤੀ ਜਾਮਾ ਸ੍ਰੀ ਭਗਵਾਨਾ, ਸਾਚੀ ਡੋਲੀ ਆਪਣੇ ਕੰਧ ਉਠਾਈਆ । ਪ੍ਰਭ ਅਬਿਨਾਸ਼ੀ ਹੁਕਮ ਸੁਣਾਇਆ । ਬ੍ਰਹਮੇ ਅੱਗੋਂ ਸੀਸ ਨਿਵਾਇਆ । ਹਰਿ ਪ੍ਰਭ ਸਾਚਾ ਸ਼ਬਦ ਵਾਚਾ, ਸਾਚਾ ਰਾਹ ਵਖਾਇਆ । ਪੁਰੀਆਂ ਲੋਆਂ ਭਾਂਡਾ ਕਾਚਾ, ਆਪੇ ਭੰਨੇ ਘੜੇ ਆਪੇ ਲਏ ਉਪਜਾਇਆ । ਭਾਣਾ ਮੰਨਣ ਸਾਚੋ ਸਾਚਾ, ਪ੍ਰਭ ਸਾਚਾ ਹੋਏ ਸਹਾਇਆ । ਜੋਤੀ ਜਾਮਾ ਸ੍ਰੀ ਭਗਵਾਨਾ । ਹੱਥੀਂ ਬੰਨਣ ਆਇਆ ਗਾਨਾ । ਕਲਜੁਗ ਅੰਤਮ ਦਰ ਘਰ ਸਾਚੇ ਜਾਣਾ ਗੁਣ ਨਿਧਾਨਾ । ਅੰਤਮ ਮੇਲਾ ਜੋਤ ਮਿਲਾਨਾ । ਬ੍ਰਹਮਾ ਸਾਚੀ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਏਕਾ ਬਖ਼ਸ਼ ਚਰਨ ਪਿਆਰ । ਚਾਰੇ ਮੁਖ ਗਏ ਹਾਰ । ਅੱਠੇ ਨੇਤਰ ਵਾਰੋ ਵਾਰ, ਰੋਂਦੇ ਧਾਂਹ ਮਾਰ । ਉਲਟੀ ਨਾਭੀ ਕਵਲ ਅੰਮ੍ਰਿਤ ਡੁੱਲ੍ਹਾ, ਆਤਮ ਹੋਈ ਦੁਖਿਆਰ । ਇਕ ਦਵਾਰਾ ਹਰਿ ਜੀ ਖੋਲ੍ਹਾ, ਕਰੇ ਸਾਚੀ ਕਾਰ । ਲੋਕਮਾਤ ਨਾ ਲਾਏ ਮੁੱਲਾ, ਗੁਰਮੁਖਾਂ ਦੇਵੇ ਸ਼ਬਦ ਅਪਾਰ । ਗੁਰਮੁਖ ਵਿਰਲਾ ਪੂਰੇ ਤੋਲ ਤੁੱਲਾ, ਪ੍ਰਭ ਸਾਚਾ ਤੋਲਣਹਾਰ । ਚਰਨ ਪ੍ਰੀਤੀ ਘੋਲ ਘੁਲਾ, ਦਰ ਘਰ ਪ੍ਰਭ ਵੇਖ, ਲੇਖ ਲਿਖਾਏ ਦਇਆ ਕਮਾਏ, ਕਲਜੁਗ ਤੇਰੀ ਅੰਤਮ ਵਾਰ । ਸ਼ਬਦ ਬਣਾਏ ਸਾਚਾ ਦੂਲ੍ਹਾ, ਗੁਰਮੁਖ ਸਾਚਾ ਕਰ ਅਸਵਾਰ । ਆਪ ਬਣਾਏ ਸਾਚਾ ਘੋੜਾ, ਦਰ ਘਰ ਸਾਚੇ ਦੇਵੇ ਵਾੜ । ਸ਼ਬਦ ਪਹਿਨਾਏ ਸਾਚਾ ਚੋਲਾ, ਤਿਲਕ ਲਗਾਏ ਅਪਰ ਅਪਾਰ । ਆਤਮ ਪਰਦਾ ਸਾਚਾ ਖੋਲ੍ਹਾ, ਆਤਮ ਜੋਤੀ ਦਸਮ ਦਵਾਰ । ਅੰਦਰੇ ਅੰਦਰ ਹਰਿ ਜੀ ਬੋਲਾ,



੭੮੭
੦੪

ਪੁਰੀਆਂ ਲੋਆਂ ਏਕਾ ਧਾਰ । ਚੁੱਕ ਲਿਆਇਆ ਸਾਚਾ ਡੋਲਾ, ਇੰਦਰਪੁਰੀ ਹਰਿ ਕਰੇ ਪਾਰ । ਆਪ ਮਿਟਾਏ ਪੜਦਾ ਉਹਲਾ, ਸ਼ਿਵ ਸ਼ੰਕਰ ਕਰੇ ਨਿਮਸਕਾਰ । ਸ਼ਬਦ ਸੁਣਾਏ ਸਾਚਾ ਢੋਲਾ, ਬ੍ਰਹਮਾ ਵੇਖੇ ਦਰ ਦਰਬਾਰ । ਗੁਰਮੁਖ ਉਤੇ ਜਾਏ ਕੋਲਾ, ਪ੍ਰਭ ਅਬਿਨਾਸ਼ੀ ਪਹਿਰੇਦਾਰ । ਜੋਤੀ ਜਾਮਾ ਸ੍ਰੀ ਭਗਵਾਨਾ, ਸਾਚਾ ਲੇਖ ਆਪ ਲਿਖਾਏ, ਕਲਜੁਗ ਤੇਰੀ ਅੰਤਮ ਵਾਰ । ਸਾਚਾ ਸਿੱਖ ਗਿਆ ਦਵਾਰੇ । ਪ੍ਰਭ ਅਬਿਨਾਸ਼ੀ ਦਿੱਤੀ ਭਿੱਖ, ਸਾਚਾ ਕੀਆ ਵਣਜ ਵਪਾਰੇ । ਸਾਚੀ ਸਿੱਖਿਆ ਲੈਣੀ ਸਿੱਖ, ਰਸਨਾ ਗਾਇਆ ਹਰਿ ਨਿਰੰਕਾਰੇ । ਆਤਮ ਲਾਹੀ ਦੂਈ ਦਵੈਤੀ ਵਿਖ, ਚੜ੍ਹਿਆ ਰੰਗ ਅਪਰ ਅਪਾਰੇ । ਮਸਤਕ ਲਾਈ ਸਾਚੀ ਮੇਖ, ਕੌਸਤਕ ਮਨੀਆ ਨੂਰ ਉਜਿਆਰੇ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚਾ ਸਾਚੇ ਘਰ ਆਪ ਵਸਾਏ ਬ੍ਰਹਮਾ ਤੇਰੇ ਉਚ ਮਹੱਲ ਮੁਨਾਰੇ । ਉਚ ਮਹੱਲ ਮੁਨਾਰਾ ਸਚ ਟਿਕਾਣਿਆ । ਅੰਤਮ ਮੰਨਣਾ ਪਏ ਭਾਣਾ, ਸਾਚਾ ਰਾਣਾ ਹੁਕਮ ਸੁਣਾ ਰਿਹਾ । ਅੰਤਮ ਛੱਡਣਾ ਪਏ ਮਾਣਾ, ਜੋਤੀ ਮੇਲ ਮਿਲਾ ਰਿਹਾ । ਨਾ ਕੁਛ ਪੀਣਾ ਨਾ ਕੁਛ ਖਾਣਾ, ਇਕ ਅਧਾਰ ਰਖਾ ਰਿਹਾ । ਗੁਰਮੁਖ ਸਾਚੇ ਸੰਤ ਸੁਹੇਲੇ ਸਾਚਾ ਮਾਣ ਦਵਾਣਾ, ਸਚ ਦਵਾਰੇ ਆਪ ਬਹਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਬਣਤ ਬਣਾ ਰਿਹਾ । ਸਾਚੇ ਸਿੱਖ ਮਿਲੀ ਵਡਿਆਈਆ । ਸ਼ਬਦ ਸਿੰਘਾਸਣ ਡੇਰਾ ਲਾਈਆ । ਆਤਮ ਜੋਤੀ ਨੂਰ ਸਵਾਈਆ । ਵਰਨ ਗੋਤੀ ਭੇਵ ਚੁਕਾਈਆ । ਏਕਾ ਬ੍ਰਹਮ ਸਰੂਪੀ ਬ੍ਰਹਮਾ ਬੈਠਾ ਲਿਵ ਲਾਈਆ । ਸਦ ਵਜਾਏ ਸ਼ਬਦ ਨਾਦ, ਅੰਮ੍ਰਿਤ ਧਾਰ ਮੁਖ ਚੁਆਈਆ । ਲੇਖਾ ਜਾਣੇ ਆਦਿ ਜੁਗਾਦਿ, ਜੁਗਾ ਜੁਗੰਤਰ ਹੋਏ ਸਹਾਈਆ । ਸਾਚੀ ਬਖ਼ਸ਼ੇ ਅੰਤਮ ਦਾਦ, ਗੁਰਮੁਖ ਸਾਚੇ ਮਾਣ ਦਵਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਿੰਘ ਪਾਲ ਸਾਚੇ ਧਾਮ ਵਸਾਈਆ । ਸਾਚੇ ਧਾਮ ਗੁਰਸਿਖ ਵਸਾਇਆ । ਰਮਈਆ ਰਾਮ, ਸਚ ਸਿੰਘਾਸਣ ਡੇਰਾ ਲਾਇਆ । ਲਾੜੀ ਮੌਤ ਲੱਖ ਚੁਰਾਸੀ ਮੰਗੇ ਤਾਮ, ਅੱਠੇ ਪਹਿਰ ਤ੍ਰਿਸ਼ਨ ਵਖਾਇਆ । ਪੂਰ ਕਰਾਏ ਹਰਿ ਜੀ ਕਾਮ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਝੂਠੀ ਡੋਲੀ ਆਪਣੇ ਕੰਧ ਉਠਾਇਆ । ਪ੍ਰਭ ਸਾਚੇ ਬਣਤ ਬਣਾਈਆ । ਸ਼ਿਵਪੁਰੀ ਰਿਹਾ ਤਜਾਈਆ । ਇੰਦਰਪੁਰੀ ਡੇਰਾ ਲਾਈਆ । ਸਾਚਾ ਸ਼ਬਦ ਸਲੋਕ ਸੁਣਾਈਆ । ਨਾ ਕੋਈ ਸਕੇ ਰੋਕ, ਰਸਨਾ ਤੀਰ ਇਕ ਚਲਾਈਆ । ਲੱਖ ਚੁਰਾਸੀ ਦੇਣੀ ਝੋਕ, ਪੁਰੀਆਂ ਲੋਆਂ ਮਾਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਸੁਰਪਤ ਰਾਜੇ ਇੰਦ, ਦੇ ਮਤ ਰਿਹਾ ਸਮਝਾਈਆ । ਸੁਰਪਤ ਰਾਜੇ ਇੰਦ ਕਰ ਵਿਚਾਰ । ਕਰੇ ਖੇਲ ਹਰਿ ਮਰਗਿੰਦ, ਅੰਤਮ ਕਲਜੁਗ ਆਈ ਹਾਰ । ਕਰੋੜ ਤੇਤੀਸਾ ਤੇਰੀ ਬਿੰਦ, ਅੱਠੇ ਪਹਿਰ ਇਕ ਪਿਆਰ । ਪ੍ਰਗਟ ਹੋਇਆ ਹਰਿ ਹਰਿ ਹਰਿ ਵਡ ਮਰਦਿੰਗ, ਕਰੇ ਖੇਲ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪੇ ਬੰਨ੍ਹੇ ਆਪਣੀ ਧਾਰ । ਸਾਚਾ ਭਾਣਾ ਧੁਰ ਫ਼ਰਮਾਨਿਆ । ਹਰਿ ਦੇਵੇ ਸਾਚਾ ਮਾਣਾ, ਨਾ ਕੋਈ ਜਾਣੇ ਬਾਲ ਅੰਞਾਣਿਆ । ਸੁਰਪਤ ਰਾਜਾ ਇੰਦ ਹੋਏ ਪਛਤਾਣਾ, ਸੁਘੜ ਸਿਆਣਾ ਨਾ ਵਕਤ ਪਛਾਣਿਆ । ਵੇਲੇ ਅੰਤਮ ਨਾ ਕਿਸੇ ਛੁਡਾਣਾ, ਪ੍ਰਭ ਅਬਿਨਾਸ਼ੀ ਚੱਲੇ ਆਪਣੇ ਭਾਣਿਆ । ਅੰਮ੍ਰਿਤ ਆਤਮ ਰਸ ਛੁੱਟੇ ਪੀਣਾ ਖਾਣਾ, ਕਾਮ ਧੇਨ ਨਾ ਸੀਰ ਮੁਖ ਚੁਆਣਿਆ । ਜੋਤੀ ਜਾਮਾ ਹਰਿ ਭਗਵਾਨਾ, ਸਾਚਾ ਹੁਕਮ ਸੁਨੇਹੜਾ ਆਪਣਾ ਆਪ ਸੁਣਾ ਲਿਆ । ਸਾਚਾ ਹੁਕਮ ਹਰਿ ਸੁਣਾਇਆ । ਇੰਦ ਇੰਦਰਾਸਣ ਦੇ ਤਜਾਈਆ । ਪੁਰਖ ਅਬਿਨਾਸ਼ੀ ਲੋਕਮਾਤ ਮਾਰ ਝਾਤ, ਵਾਹੋ ਦਾਹੀ ਭੱਜਾ ਆਇਆ । ਗੁਰ ਸੰਗਤ ਬਣਾਈ

੭੮੮
੦੪

੭੮੯
੦੪

ਇਕ ਬਰਾਤ, ਸਾਚਾ ਲਾੜਾ ਆਪ ਸਜਾਇਆ । ਕਲਜੁਗ ਤੇਰੀ ਵੇਖ ਅੰਧੇਰੀ ਰਾਤ, ਸ਼ਬਦ ਚੰਦਰਮਾ ਸਚ ਚੜ੍ਹਾਇਆ । ਧੁਰਦਰਗਾਹੀ ਸਚ ਸੁਗਾਤ, ਸ਼ਬਦ ਡੋਲਾ ਨਾਲ ਲਿਆਇਆ । ਜਨ ਭਗਤਾਂ ਦੇਵੇ ਸਾਚੀ ਦਾਦ, ਅੰਮ੍ਰਿਤ ਸਾਚਾ ਸੀਰ ਪਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਾਜ ਮਾਤ ਰਚਾਇਆ । ਸਾਚਾ ਕਾਜ ਸ੍ਰੀ ਭਗਵਾਨਾ, ਨਾ ਕੋਈ ਜਾਣੇ ਰਾਜਨ ਰਾਣਿਆ । ਗੁਰਮੁਖਾਂ ਵੇਖੇ ਵੇਖ ਵਖਾਏ, ਹਰਿ ਜੀ ਚੱਲੇ ਆਪਣੇ ਭਾਣਿਆ । ਧੁਰ ਦੀ ਬਾਣ ਮਸਤਕ ਲਿਖੇ ਸਾਚੀ ਰੇਖੇ, ਆਪੇ ਜਾਣੇ ਸੁਘੜ ਸਿਆਣਿਆ । ਲੱਖ ਚੁਰਾਸੀ ਨੇਤਰ ਪੇਖੇ, ਮਿਲੇ ਮਾਣ ਬਾਲ ਨਿਧਾਨਿਆ । ਮੇਟ ਮਿਟਾਏ ਔਲੀਏ ਪੀਰ ਸ਼ੇਖ਼ੇ, ਖਿੱਚੇ ਤੀਰ ਰਸਨ ਕਮਾਨਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਵਿਰਲੇ ਮਾਤ ਪਛਾਣਿਆ । ਰਚਿਆ ਕਾਜ ਹਰਿ ਨਿਰੰਕਾਰੇ । ਆਪ ਆਪਣਾ ਸਾਜੇ ਸਾਜ, ਗੁਰਮੁਖ ਸਾਚੇ ਦਰ ਦਵਾਰੇ । ਗੁਰਮੁਖਾਂ ਸਦਾ ਮਾਰ ਅਵਾਜ, ਸ਼ਬਦ ਭਾਜੀ ਸਾਚੀ ਫੇਰੇ । ਫੂਲਣਹਾਰ ਬਣਾਇਆ ਸਾਚਾ ਦਾਜ, ਆਤਮ ਜੋਤੀ ਨਾਲ ਪ੍ਰਨਾਏ, ਆਪ ਦਿਵਾਏ ਚਾਰੋਂ ਕੁੰਟ ਚਾਰ ਗੇੜੇ ਚਾਰ ਚੁਫੇਰੇ । ਪ੍ਰੇਮ ਮੋਤੀ ਤਨ ਸ਼ਿੰਗਾਰ ਕਰਾਏ, ਸਾਚਾ ਵੇਸ ਨਰ ਨਰੇਸ਼, ਸੋਲਾਂ ਕਲੀਆਂ ਆਪ ਕਰਾਏ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚੇ ਲਾਲ ਦੁਲਾਰੇ, ਸਾਚੀ ਘੋੜੀ ਆਪ ਚੜ੍ਹਾਏ । ਸਾਚੀ ਘੋੜੀ ਚੜ੍ਹਿਆ ਲਾਲ । ਗੁਰਮੁਖਾਂ ਦੱਸੇ ਰਾਹ ਸੁਖਾਲ । ਏਕਾ ਮਾਰੀ ਸ਼ਬਦ ਛਾਲ । ਪ੍ਰਭ ਅਬਿਨਾਸ਼ੀ ਚਲੇ ਨਾਲ । ਫਲ ਲਗਾਏ ਸਾਚੇ ਡਾਲ । ਜਗਤ ਅਵਲੜੀ ਚਲੇ ਚਾਲ । ਸੱਤ ਮਹੀਨੇ ਤਿੰਨ ਦਿਨ ਕੀਤੀ ਮਾਤ ਪ੍ਰਿਤਪਾਲ । ਕਲਜੁਗ ਵੇਖ ਅੰਧੇਰੀ ਰਾਤ ਅੱਗੇ ਲਾਇਆ ਇਕ ਛੋਟਾਂ ਬਾਲਾ ਨੌਜਵਾਨਾ, ਗੁਰਮੁਖਾਂ ਬਣੇ ਸਚ ਦਲਾਲ । ਹੱਥੀਂ ਬੰਨ੍ਹੇ ਹਰਿ ਜੀ ਗਾਨਾ । ਸ਼ਬਦ ਫੜਾਏ ਤੀਰ ਕਮਾਨਾ, ਕਰੋੜ ਤੇਤੀਸਾ ਬੀਸ ਇਕੀਸਾ ਹੋਏ ਸਰਬ ਵੈਰਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਿਠਾਏ ਸ਼ਬਦ ਬਿਬਾਣ । ਸ਼ਬਦ ਬਿਬਾਣੇ ਗਿਆ ਚੜ੍ਹ । ਪ੍ਰਭ ਅਬਿਨਾਸ਼ੀ ਫੜਿਆ ਲੜ । ਦਰ ਘਰ ਸਾਚੇ ਗਿਆ ਵੜ । ਛੋਟਾ ਬਾਲ ਨਿਧਾਨਾ, ਡੰਡਾ ਡੰਡਾ ਰਿਹਾ ਚੜ੍ਹ । ਕਲਜੁਗ ਤੇਰਾ ਅੰਤਮ ਕੰਢਾ, ਆਪ ਕਰਾਈ ਸਾਚੀ ਵੰਡਾ, ਗੁਰਮੁਖਾਂ ਰੱਖੇ ਸੀਨੇ ਠੰਡਾ, ਅੰਮ੍ਰਿਤ ਧਾਰ ਬਹੱਤਰ ਨਾੜ, ਸਾਚੀ ਖਾਰੀ ਗਿਆ ਚੜ੍ਹ । ਮਾਤ ਪਿਤਾ ਲੋਕਮਾਤ ਲੜ, ਸਚ ਦਵਾਰੇ ਗਿਆ ਖੜ੍ਹ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਅੱਗੋਂ ਬਾਂਹ ਲਏ ਫੜ । ਆਤਮ ਲੱਥੀ ਜਗਤ ਉਦਾਸੀ, ਖ਼ੁਸ਼ੀ ਮਨਾਏ ਕਰੇ ਹਾਸੀ, ਏਕਾ ਅੱਖਰ ਲਿਆ ਪੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬੰਨ੍ਹਾਏ ਆਪਣੇ ਲੜ । ਗੁਰਮੁਖ ਸਾਚਾ ਸਚ ਦਵਾਰਿਆ । ਪ੍ਰਭ ਅਬਿਨਾਸ਼ੀ ਦੇਵੇ ਵਰ, ਕਿਰਪਾ ਕਰ ਨਿਰੰਕਾਰਿਆ । ਆਪ ਬਹਾਏ ਸਾਚੇ ਦਰ, ਸਚ ਸਿੰਘਾਸਣ ਇਕ ਵਖਾ ਰਿਹਾ । ਇੰਦ ਇੰਦਰਾਸਣ ਜਾਏ ਤਜ, ਗੁਰਮੁਖ ਸਾਚਾ ਜਾਏ ਸਜ, ਮਸਤਕ ਤਿਲਕ ਆਪਣਾ ਆਪ ਲਗਾ ਰਿਹਾ । ਅੰਮ੍ਰਿਤ ਪੀਣਾ ਹਰਿ ਦਰ ਰੱਜ ਸਦਾ ਜੀਣਾ ਗੁਰਮੁਖ ਪਰਦੇ ਕੱਜ, ਹਰਿ ਸਾਚਾ ਹੁਕਮ ਸੁਣਾ ਰਿਹਾ । ਕਾਇਆ ਭਾਂਡਾ ਲੱਖ ਚੁਰਾਸੀ ਜਾਣਾ ਭੱਜ, ਲਾੜੀ ਮੌਤ ਲਾਉਣ ਨਾ ਦੇਵੇ ਅੱਜ ਪੱਜ, ਪ੍ਰਭ ਸਾਚੀ ਡੋਲੀ ਆਪਣੇ ਹੱਥ ਉਠਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚੇ ਸੰਤ ਦੁਲਾਰੇ, ਬਾਲ ਅੰਞਾਣੇ ਸਾਚੇ ਧਾਮ ਸੁਹਾ ਰਿਹਾ । ਛੋਟੇ ਲਾਲੇ ਖ਼ੁਸ਼ੀ ਮਨਾਈ । ਵੇਖ ਵਖਾਣੇ ਸਾਚੇ ਥਾਈਂ । ਨਾ ਕੁਛ ਖਾਣਾ ਨਾ ਕੁਛ ਪੀਣਾ, ਏਕ ਨਾਮ ਸਾਚੀ ਧਾਰ ਪ੍ਰਭ ਅਬਿਨਾਸ਼ੀ ਠੰਡੀ ਛਾਈਂ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਬਹਾਏ ਕਰੇ ਸਚ ਨਿਆਏ, ਫੜ ਫੜ

੭੯੦
੦੪

ਦੋਵੇਂ ਬਾਹੀਂ । ਕਰੇ ਸਚ ਨਿਆਉਂ, ਜਗਤ ਕਲ ਰੀਤਿਆ । ਗੁਰਮੁਖਾਂ ਮਾਣ ਦਵਾਏ ਸਾਚੇ ਥਾਉਂ, ਏਕਾ ਰਾਹ ਵਖਾਏ ਚਰਨ ਪ੍ਰੀਤਿਆ । ਆਪੇ ਪਿਤਾ ਆਪੇ ਮਾਉਂ, ਆਪੇ ਆਪ ਸਦਾ ਸੁਰਜੀਤਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚ ਦਇਆ ਕਮਾਏ, ਖ਼ੁਸ਼ੀ ਮਨਾਏ ਸਿੰਘ ਮਨਜੀਤਿਆ । ਮਿਲੀ ਵਡਿਆਈ ਸਚ ਦਰਬਾਰਿਆ । ਆਤਮ ਵੱਜੀ ਵਧਾਈ, ਛੱਡਿਆ ਲੋਕਮਾਤ ਸੰਸਾਰਿਆ । ਗੁਰਮੁਖਾਂ ਗਾਉਣਾ ਚਾਈਂ ਚਾਈਂ, ਕਲਜੁਗ ਤੇਰੀ ਧਾਰ ਬੰਧਾ ਰਿਹਾ । ਸਾਢੇ ਤਿੰਨ ਹੱਥ ਨੀਂਹ ਰਖਾਈ, ਸੋਹਣਾ ਸੁੱਚਾ ਸਚ ਮਹੱਲ ਉਸਾਰਿਆ । ਚਾਰ ਕੁੰਟ ਦਹਿ ਦਿਸ਼ ਵੇਖ ਵਖਾਣਿਆ । ਉਚ ਮੰਦਰ ਦਸਵਾਂ ਘਰ ਬੰਦ ਰਖਾ ਰਿਹਾ । ਸੁਖਮਨ ਨਾੜੀ ਟੇਡੀ ਧਾਰ, ਨਿਰਗੁਣ ਸਰਗੁਣ ਦੋਵੇਂ ਬੰਦ ਬਣਾ ਰਿਹਾ । ਕਲਜੁਗ ਤੇਰੀ ਸਚ ਨਿਸ਼ਾਨੀ, ਆਪ ਬਣਾਏ ਅੰਤਮ ਵਾਰ ਸਾਚਾ ਲੇਖ ਲਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਕਾਲੀ ਡੋਲੀ, ਉਤੋਂ ਲਾਹੇ ਲਾਲ ਚੋਲੀ, ਆਪਣੇ ਕੰਧ ਉਠਾ ਰਿਹਾ । ਕਾਲੀ ਚੋਲੀ ਉਤੇ ਤਾਣ । ਕਰੇ ਖੇਲ ਹਰਿ ਜਾਣੀ ਜਾਣ । ਬਾਸ਼ਕ ਤਸ਼ਕਾ ਕਰ ਪਛਾਣ । ਨੀਲ ਕੰਠ ਰੰਗ ਸਾਚਾ ਮਾਣ । ਜੋਤੀ ਜਾਮਾ ਹਰਿ ਭਗਵਾਨਾ, ਨਾਲ ਰਖਾਏ ਸ਼ਬਦ ਬਾਣ । ਆਇਆ ਦਰ ਸਚ ਦਵਾਰੇ । ਸ਼ਿਵਪੁਰੀ ਹਰਿ ਪਾਵੇ ਸਾਰੇ । ਸ਼ਿਵ ਸ਼ੰਕਰ ਪਾਏ ਸਾਰ, ਨਾ ਕੋਈ ਕਰੇ ਵਿਚਾਰ । ਪੁਰਖ ਅਬਿਨਾਸ਼ੀ ਖੇਲ ਅਪਾਰ । ਜੋਤੀ ਮੇਲ ਮਿਲਾਵਾ ਵਾਰੋ ਵਾਰ । ਸਾਚਾ ਹੁਕਮ ਧੁਰ ਫ਼ਰਮਾਨ, ਸ਼ਬਦ ਢੋਲਾ ਇਕ ਸੁਣਾਏ ਖੋਲ੍ਹੇ ਬੰਦ ਕਵਾੜ । ਅੰਤਮ ਜੋਤੀ ਮੇਲ ਮਿਲਾਏ, ਖੇਲ ਰਚਾਏ ਮਾਣ ਰਖਾਏ, ਕਲਜੁਗ ਤੇਰੀ ਅੰਤਮ ਵਾਰ ਸਤਾਰਾਂ ਹਾੜ੍ਹ । ਜੋਤੀ ਜਾਮਾ ਸ੍ਰੀ ਭਗਵਾਨਾ, ਸਾਚੇ ਘੋੜੇ ਸ਼ਬਦ ਚੜ੍ਹਿਆ, ਸ਼ਬਦ ਤੀਰ ਹੱਥ ਵਿਚ ਫੜ੍ਹਿਆ, ਧੁਰਦਰਗਾਹੀ ਸਚਾ ਲਾੜ । ਸ਼ਿਵ ਸ਼ੰਕਰ ਦਰ ਦਵਾਰ ਪੁਕਾਰਦਾ । ਕਿੰਗਰੇ ਕਿੰਗਰੇ ਵੱਜੇ ਮਰਦੰਗ, ਚਾਰੋਂ ਕੁੰਟ ਰੰਗ ਕੁਫਰ ਹੰਕਾਰ ਦਾ । ਲੱਖ ਚੁਰਾਸੀ ਹੋਈ ਨੰਗ, ਕੋਈ ਨਾ ਦਿਸੇ ਸਾਚਾ ਸੰਗ, ਨਾਤਾ ਤੁੱਟੇ ਸਾਂਝੇ ਯਾਰ ਦਾ । ਧਰਤ ਮਾਤ ਮੰਗੇ ਮੰਗ, ਹੱਥੀਂ ਮਹਿੰਦੀ ਕਵਣ ਰੰਗ, ਸਾਚਾ ਖੇਲ ਹਰਿ ਜੀ ਮੇਲ, ਅੰਤਮ ਕਲ ਪਰਵਰਦਿਗਾਰ ਦਾ । ਲਾੜੀ ਮੌਤ ਚਾੜ੍ਹੇ ਤੇਲ, ਯਮਰਾਜ ਵਟਣਾ ਲਾਏ ਕਰੇ ਖੇਲ ਰੰਗ ਨਵੇਲ ਦਾ । ਹੱਥ ਕਲੀਰੇ ਤਨ ਸ਼ਿੰਗਾਰ ਕਰਾਏ, ਲੱਖ ਚੁਰਾਸੀ ਨਾ ਲੰਘਾਏ, ਬੂਹਾ ਖੋਲ੍ਹੇ ਧਰਮ ਰਾਏ ਦੀ ਜੇਲ ਦਾ । ਸ਼ਿਵ ਸ਼ੰਕਰ ਅੰਕਰ ਕੰਕਰ ਬੋਲੇ ਮਰਦੰਗਾ, ਚਾਰੋਂ ਕੁੰਟ ਤੀਰ ਤੁਫੰਗਾ, ਕਲਜੁਗ ਤੇਰਾ ਸਾਚਾ ਜੰਗਾ, ਮਿਟੇ ਨਿਸ਼ਾਨਾ ਬੇਈਮਾਨ ਦਾ । ਸੁਣੀ ਪੁਕਾਰ ਹਰਿ ਦਾਤਾਰ । ਸ਼ਿਵ ਸ਼ੰਕਰ ਦੇਵੇ ਇਕ ਪਿਆਰ । ਨਿਹਕਲੰਕ ਕਲ ਜਾਮਾ ਪਾਇਆ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਸ਼ਬਦ ਖੰਡਾ ਹੱਥ ਉਠਾਇਆ, ਵੇਖ ਵਖਾਣੇ ਵਾਰੋ ਵਾਰ । ਕਲਜੁਗ ਕੰਢਾ ਅੰਤਮ ਆਇਆ, ਛੱਡਣਾ ਪਏ ਦਰ ਦਵਾਰ । ਹਰਿ ਜੀ ਸਾਚੀ ਵੰਡ ਵੰਡਾਇਆ, ਲੋਕਮਾਤ ਕਰ ਵਿਚਾਰ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣੀ ਜਾਣੇ ਧਾਰ । ਸਾਚੀ ਵੰਡ ਹਰਿ ਵੰਡਾਇੰਦਾ । ਕਲਜੁਗ ਜੀਵਾਂ ਦੇਵੇ ਦੰਡ, ਸਾਚੀ ਬਣਤ ਬਣਾਇੰਦਾ । ਗੁਰਮੁਖਾਂ ਸ਼ਬਦ ਦਾਤ ਦੇਵੇ ਵੰਡ, ਸਾਚੀ ਰੀਤ ਮਾਤ ਚਲਾਇੰਦਾ । ਆਪ ਉਠਾਏ ਆਪਣੇ ਕੰਧ, ਗੁਰਮੁਖਾਂ ਪਾਪਾਂ ਭਾਰੀ ਪੰਡ, ਹੌਲਾ ਭਾਰ ਰਖਾਇੰਦਾ । ਆਦਿ ਅੰਤ ਨਾ ਦੇਵੇ ਕੰਡ, ਸਾਧ ਸੰਤ ਆਪ ਤਰਾਇੰਦਾ । ਜੋਤੀ ਜਾਮਾ ਹਰਿ ਭਗਵਾਨਾ, ਕਲਜੁਗ ਤੇਰੀ ਅੰਤਮ ਵਾਰ, ਸਚ ਨਿਸ਼ਾਨਾ ਇਕ ਝੁਲਾਇੰਦਾ । ਸ਼ਿਵ ਸ਼ੰਕਰ ਖ਼ੁਸ਼ੀ ਮਨਾਈ । ਪ੍ਰਭ ਸਾਚੇ ਦਇਆ ਕਮਾਈ । ਮਿਲੇ ਮੇਲ ਹਰਿ ਰਘੁਰਾਈ । ਕਿਲਵਿਖ ਉਤਰ ਸਭ ਜਾਈ । ਜੋਤੀ ਜਾਮਾ ਸ੍ਰੀ ਭਗਵਾਨਾ,

੭੯੧
੦੪

ਲੋਕਮਾਤ ਰਿਹਾ ਬਣਤ ਬਣਾਈ । ਲੋਕਮਾਤ ਹਰਿ ਬਣਤ ਬਣਾਈ । ਮਹਿੰਮਾ ਅਗਣਤ ਗਣੀ ਨਾ ਜਾਈ । ਗੁਰਮੁਖ ਸਾਚੇ ਸੰਤ, ਹਰਿ ਲੋਕਮਾਤ ਰਿਹਾ ਉਪਜਾਈ । ਨਾ ਕੋਈ ਜਾਣੇ ਜੀਵ ਜੰਤ, ਪ੍ਰਭ ਸਾਚੇ ਲੇਖ ਰਿਹਾ ਲਿਖਾਈ । ਆਦਿ ਅਪਰੰਪਰ ਆਦਿਨ ਅੰਤਾ ਜੁਗਾ ਜੁਗੰਤ, ਆਪਣੀ ਰਚਨ ਰਿਹਾ ਰਚਾਈ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚੇ ਸੰਤ ਦੁਲਾਰੇ ਸਾਚੀ ਸੇਵਾ ਲਾਈ । ਸਾਚੀ ਸੇਵਾ ਹਰਿ ਜੀ ਲਾਏ । ਧਰਤ ਮਾਤ ਦੀ ਤ੍ਰਿਖਾ ਮਿਟਾਏ । ਲਹੂ ਮਿੱਝ ਦਾ ਘਾਣ ਵਗਾਏ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣਾ ਭੇਵ ਛੁਪਾਏ । ਆਪ ਆਪਣੀ ਬਣਤ ਬਣਾਈ । ਧਰਤ ਮਾਤ ਮਨ ਵੱਜੀ ਵਧਾਈ, ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਆਤਮ ਤ੍ਰਿਖਾ ਮਾਤ ਬੁਝਾਈ । ਛੋਟਾ ਬਾਲਾ ਕਰ ਤਿਆਰੀ । ਉਡਿਆ ਮਾਰ ਸ਼ਬਦ ਉਡਾਰੀ । ਵੇਂਹਦਾ ਜਾਏ ਥਾਉਂ ਥਾਈਂ, ਆਪੇ ਜਾਏ ਆਪਣੀ ਵਾਰੀ । ਸਾਚੇ ਘਰ ਸੱਚੇ ਦਰਬਾਰੀ । ਮਿਲੇ ਹਰਿ ਸਾਚੇ ਘਰ, ਨਾ ਜਨਮੇ ਨਾ ਜਾਏ ਮਰ, ਸਦਾ ਸੁਹੇਲਾ ਠੰਡੀ ਛਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਵਾਰ ਆਪੇ ਦਏ ਬਹਾਈ । ਸਚ ਦਵਾਰੇ ਗੁਰਮੁਖ ਸੁਧਾਰਿਆ । ਕਰੇ ਖੇਲ ਅਪਾਰ ਵਿਚ ਸੰਸਾਰਿਆ । ਚਾਰ ਵਰਨਾਂ ਮੀਤ ਮੁਰਾਰੇ, ਜਗਤ ਚਲੇ ਅਵਲੜੀ ਧਾਰਿਆ । ਜਗਤ ਨਿਸ਼ਾਨਾ ਸਚ ਦਰਬਾਰੇ, ਸਚਖੰਡੀ ਬਣਤ ਬਣਾ ਰਿਹਾ । ਪੰਚਮ ਪੋਹ ਨੀਂਹ ਉਸਾਰੇ, ਸਿੰਘ ਜਗਦੀਸ਼ੇ ਤੇਰੀਆਂ ਹੱਡੀਆਂ ਗੁਰਸਿਖ ਪੈਰਾਂ ਹੇਠ ਦਬਾ ਰਿਹਾ । ਹੱਡ ਮਾਸ ਤੇਰੀ ਨਾੜੀ ਸਾੜੇ, ਸਾਚੀ ਬਣਤ ਬਣਾ ਰਿਹਾ । ਰਾਜੇ ਰਾਣਿਆਂ ਖਿਚ ਦਵਾਰੇ, ਮਸਤਕ ਟਿੱਕਾ ਸ਼ਾਹੀ ਲਾ ਰਿਹਾ । ਪ੍ਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰੇ, ਸਚ ਸੁਨੇਹੁੜਾ ਤੇਰਾ ਲੇਖ ਆਪੇ ਆਪ ਘਲਾ ਰਿਹਾ । ਲੱਖ ਚੁਰਾਸੀ ਨੇਤਰ ਲੈਣਾ ਪੇਖ, ਸਤਿਜੁਗ ਤੇਰੀ ਸਾਚੀ ਧਾਰ, ਪੁਰਖ ਅਬਿਨਾਸ਼ੀ ਕਰਮ ਵਿਚਾਰ, ਆਪੇ ਆਪ ਜਣਾਵੇ ਨਾ ਕੋਈ ਜਾਣੇ ਜੀਵ ਗਵਾਰ, ਖੁਲ੍ਹੇ ਰੱਖੇ ਨੌਂ ਕਵਾੜ, ਦਸਵਾਂ ਬੰਦ ਕਰਵਾ ਰਿਹਾ । ਦਸਵੇਂ ਘਰ ਹਰਿ ਨਿਰੰਕਾਰ, ਆਪੇ ਜਾਣੇ ਆਪਣੀ ਸਾਰ, ਪਰਦਾ ਉਹਲਾ ਇਕ ਰਖਾ ਰਿਹਾ । ਗੁਰਮੁਖਾਂ ਦੇਵੇ ਸ਼ਬਦ ਹੁਲਾਰ, ਪਵਣ ਉਨੰਜਾ ਛਤਰ ਝੁਲਾ ਰਿਹਾ । ਆਤਮ ਜੋਤੀ ਕਾਇਆ ਮੰਡਲ ਕਰੇ ਹਰਿ ਉਜਿਆਰਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰਾ ਅੰਤਮ ਖੇਲ ਆਪਣੇ ਹੱਥ ਰਖਾ ਰਿਹਾ । ਜਗਤ ਜਗਦੀਸ਼ੇ ਬਣਤ ਬਣਾਈ । ਪੰਚਮ ਪੋਹ ਲਿਖਤ ਲਿਖਾਈ । ਆਪ ਰਖਾਏ ਸਾਚੀ ਨੀਂਹ, ਗੁਰਮੁਖਾਂ ਬਣਤ ਰਿਹਾ ਬਣਾਈ । ਅੱਠ ਵਾਰ ਅੱਠ ਤੱਤ ਕਾਇਆ ਮੰਦਰ ਤੇਰੇ ਅੰਦਰੇ ਅੰਦਰ ਰਿਹਾ ਦਬਾਈ । ਨੌਵੇਂ ਦਰ ਉਤੇ ਧਰ, ਸਤਾਈ ਵਾਰ ਘੇਰ ਲਿਆਈ । ਕਵਲ ਨਾਭ ਹੋਏ ਬੇਤਾਬ, ਅੰਮ੍ਰਿਤ ਝਿਰਨਾ ਏਕਾ ਝਿਰੇ, ਆਤਮ ਕਿਰਨਾ ਕਿਰਨਾ ਕਿਰੇ, ਸਾਚਾ ਮੇਘ ਰਿਹਾ ਬਰਸਾਈ । ਜੋਤੀ ਜਾਮਾ ਸ੍ਰੀ ਭਗਵਾਨਾ । ਸਚ ਮਹੱਲ ਸਦਾ ਅਟੱਲ ਏਕਾ ਏਕ ਰਖਾਈ । ਉਚ ਮਹੱਲ ਘਨਕਪੁਰ ਵਾਸੀਆ । ਲੋਕਮਾਤ ਇਕ ਬਣਾਏ ਹਰਿ ਸ਼ਾਹੋ ਸ਼ਾਬਾਸ਼ੀਆ । ਲੋਕਮਾਤ ਫਲਿਆ ਫੁਲਾ, ਪ੍ਰਭ ਮਿਲਿਆ ਪੁਰਖ ਅਬਿਨਾਸ਼ੀਆ । ਗੁਰਮੁਖ ਵਿਰਲਾ ਪੂਰੇ ਤੋਲ ਤੁਲਾ, ਨਾ ਹੋਏ ਮਾਤ ਉਦਾਸੀਆ । ਭਾਗ ਲਗਾਏ ਸਾਚੇ ਕੁੱਲਾ, ਜੋਤੀ ਜਾਮਾ ਸ੍ਰੀ ਭਗਵਾਨਾ, ਆਦਿ ਅੰਤ ਨਾ ਜਾਏ ਵਿਨਾਸੀਆ । ਸਚ ਦਰਬਾਰਾ ਕਰ ਤਿਆਰ । ਗੁਰਮੁਖਾਂ ਕਰੇ ਮਾਤ ਅਧਾਰ । ਸਾਚੀ ਸਿਖਿਆ ਵਿਚ ਸੰਸਾਰ । ਸ਼ਬਦ ਦੇਵੇ ਨਾਮ ਭਿਖਾ, ਆਤਮ ਤ੍ਰਿਸ਼ਨਾ ਭੁੱਖ ਨਿਵਾਰ । ਸਾਚਾ ਲੇਖਾ ਹਰਿ ਜੀ ਲਿਖਾ, ਆਤਮ ਖੋਲ੍ਹੇ ਬੰਦ ਕੁਆੜ । ਲੋਕਮਾਤ ਲਗਾਏ ਸਾਚੀ ਮੇਖਾ, ਨਾ ਸਕੇ ਕੋਈ ਉਖਾੜ । ਲੱਖ ਚੁਰਾਸੀ ਕਰੇ ਲੇਖਾ, ਪੁਰਖ ਅਬਿਨਾਸ਼ੀ ਸਤਾਰਾਂ

ਹਾੜ । ਜੋਤੀ ਜਾਮਾ ਹਰਿ ਜੀ ਭੇਖਾ, ਗੁਰਮੁਖਾਂ ਜੋਤ ਜਗਾਏ ਨਾੜ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਦੁਲਾਰ ਲੋਕਮਾਤ ਬਣਾਏ ਸਾਚੇ ਲਾੜ । ਪਾਰਬ੍ਰਹਮ ਸਚ ਧਾਰ ਪੁਰਖ ਸੁਜਾਨਿਆ । ਪਾਰਬ੍ਰਹਮ ਸਚ ਧਾਰ, ਕਰੇ ਖੇਲ ਜੁਗੋ ਜੁਗ ਮਹਾਨਿਆ । ਪਾਰਬ੍ਰਹਮ ਕਲ ਧਾਰ, ਪੁਰੀਆਂ ਲੋਆਂ ਬੰਨ੍ਹ ਵਖਾਨਿਆ । ਪਾਰਬ੍ਰਹਮ ਕਲ ਧਾਰ, ਸਾਚਾ ਧਾਮ ਹਰਿ ਭਗਵਾਨਿਆ । ਪਾਰਬ੍ਰਹਮ ਕਲ ਧਾਰ, ਆਪੇ ਜਾਣੇ ਆਪਣੀ ਸਾਰ, ਚਲੇ ਚਾਲ ਨਿਰਾਲੀਆ । ਪਾਰਬ੍ਰਹਮ ਕਲ ਧਾਰ, ਲੱਖ ਚੁਰਾਸੀ ਚੁੱਕੇ ਆਪ ਕਰਾਏ ਆਰ ਪਾਰ, ਦੋਵੇਂ ਹੱਥ ਰੱਖੇ ਨਾਲਿਆ । ਪਾਰਬ੍ਰਹਮ ਕਲ ਧਾਰ, ਸਾਚੀ ਡੋਲੀ ਕਰ ਤਿਆਰ, ਸ਼ਿਵ ਸ਼ੰਕਰ ਤੇਰੇ ਦਰ ਦਵਾਰ ਸਾਚਾ ਕਰੇ ਅੰਤ ਵਿਹਾਰ । ਜੋਤੀ ਜਾਮਾ ਮੇਲ ਕਰ, ਹੋਏ ਮਾਤ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਾਰ । ਕਾਲੀ ਡੋਲੀ ਕਾਲੀ ਕਾਲਿਆ । ਪ੍ਰਭ ਬਣਾਏ ਝੂਠੀ ਗੋਲੀ, ਸਾਚੀ ਬੋਲੀ ਜਗਤ ਵਿਹਾਲਿਆ । ਪਾਏ ਬਸਤਰ ਕਾਲੀ ਚੋਲੀ, ਜਾਮਾ ਅਬਲੀਸ ਲਿਖਾਈਆ । ਬੇਮੁਖਾਂ ਆਤਮ ਪਰਦੇ ਰਿਹਾ ਖੋਲ੍ਹੀ, ਸ਼ਬਦ ਹਦੀਸ ਇਕ ਰਖਾ ਰਿਹਾ । ਪੂਰੇ ਤੋਲ ਰਿਹਾ ਤੋਲੀ, ਨਰ ਨਰੇਸ਼ ਚਾਰ ਕੁੰਟ ਆਪੇ ਆਪ ਜਗਾ ਰਿਹਾ । ਜੋਤੀ ਜਾਮਾ ਹਰਿ ਭਗਵਾਨਾ ਵਿਚ ਜਹਾਨਾਂ, ਸਾਚਾ ਡੰਕ ਮਾਤ ਵੱਜਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਧਰਮ ਰਾਏ ਤੇਰੀ ਸਾਚੀ ਡੋਲੀ, ਧਰਤ ਮਾਤ ਟਿਕਾ ਰਿਹਾ । ਧਰਤ ਮਾਤ ਕਲ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਬਣਤ ਬਣਾਈ, ਲਾੜੀ ਮੌਤ ਨਾਲ ਰਲਾਈ, ਇਕ ਵਖਾਇਆ ਸੱਚਾ ਥਾਂ । ਚਾਰੋਂ ਕੁੰਟ ਰਿਹਾ ਫਿਰਾਈ, ਵੇਖ ਵਖਾਣੇ ਸਭਨੀਂ ਥਾਈਂ, ਰਾਜਾ ਰਾਣਾ ਕੋਈ ਛੱਡੇ ਨਾ । ਘਰ ਘਰ ਝੂਠੇ ਕਾਗ ਉਡਾਈ, ਮਾਂ ਪੁੱਤ ਵਿਛੋੜਾ ਡਾਹਢਾ ਪਾਈ, ਰਾਹ ਇਕ ਦੂਜੇ ਨੂੰ ਦੱਸੇ ਨਾ । ਏਕਾ ਆਪਣਾ ਡੰਕ ਵਜਾਈ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਵਿਚ ਜਹਾਨ ਖ਼ਾਕ ਰੁਲਾਈ, ਕੋਈ ਕਿਸੇ ਛੁਡਾਏ ਨਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਰੰਡ ਕਰਾਈ, ਚੰਡ ਪ੍ਰਚੰਡ ਆਪਣੇ ਹੱਥ ਉਠਾਈ, ਝੂਠੇ ਭਰਮ ਭੁਲਾਈਂ ਨਾ । ਜੋਤੀ ਜਾਮਾ ਹਰਿ ਭਗਵਾਨਾ, ਲੱਖ ਚੁਰਾਸੀ ਬੰਨ੍ਹਣ ਆਇਆ ਗਾਨਾ, ਕੱਚਾ ਤੰਦ ਕੋਈ ਤੁੜਾਏ ਨਾ । ਲਾੜੀ ਮੌਤ ਕਰੇ ਪੁਕਾਰ । ਵਰ ਘਰ ਸਾਚਾ ਹਰਿ ਦਾਤਾਰ, ਪ੍ਰਭ ਅਬਿਨਾਸ਼ੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਮੈਂ ਕਰਾਵਾਂ ਆਪਣੀ ਕਾਰ । ਵੇਖ ਵਖਾਣੇ ਨਾਰੀ ਨਰ, ਕਲਜੁਗ ਜੀਵ ਗਵਾਰ । ਗੁਰਮੁਖਾਂ ਦੇਣ ਜਾਵਾਂ ਵਰ, ਦੋਏ ਜੋੜ ਕਰਾਂ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤੀ ਸਚ ਸੱਚੇ ਸਰਦਾਰ ।

## ✻ ੧ ਮਾਘ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹਿ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ✻

ਹਰਿ ਸਰਨ ਜਗ ਮਾਣ, ਨੌਂ ਨਿਧ ਪਾਈਆ । ਹਰਿ ਸਰਨ ਜਗ ਮਾਣ, ਜੁਗਾਂ ਜੁਗੰਤ ਕਾਰਜ ਸਿਧ, ਆਦਿ ਅੰਤ ਸੰਗ ਨਿਭਾਈਆ । ਹਰਿ ਸਾਚਾ ਮਾਤ ਸਾਚੀ ਬਿਧ, ਆਤਮ ਤ੍ਰਿਖ ਵਿਕਾਰ ਗਵਾਈਆ । ਹਰਿ ਸਰਨ ਜੋਤੀ ਜੋਤ ਸਰੂਪ ਹਰਿ, ਏਕਾ ਏਕ ਰਖਾਈਆ । ਹਰਿ ਸਰਨ ਜਗ ਲਾਲ, ਸ਼ਬਦ ਖ਼ਜ਼ਾਨਿਆ । ਹਰਿ ਸ਼ਬਦ ਨਾ ਭੁਲ, ਜੀਵ ਦੀਵਾਨਿਆ । ਹਰਿ ਸ਼ਬਦ ਕਲ ਫੂਲ, ਨਾਮ ਨਿਧਾਨਿਆ । ਹਰਿ

ਸ਼ਬਦ ਮੇਲ ਕੰਤ ਕੰਤੂਲ, ਮੇਲ ਮਿਲਾਨਿਆ । ਹਰਿ ਸਰਨ ਜੋਤੀ ਜਾਮਾ ਸ੍ਰੀ ਭਗਵਾਨਾ, ਆਪਣੀ ਆਪ ਰਖਾ ਰਿਹਾ । ਹਰਿ ਸਰਨ ਸਰਬ ਸੁਖਦਾਇਆ । ਹਰਿ ਸਰਨ ਮਿਟੇ ਤ੍ਰਿਸ਼ਨਾ ਭੁੱਖ, ਹਉਮੈ ਰੋਗ ਗਵਾਇਆ । ਹਰਿ ਸਰਨ ਆਪ ਨਿਵਾਰੇ ਕਾਇਆ ਦੁੱਖ, ਸ਼ਬਦ ਸਾਚੀ ਚੋਗ ਚੁਗਾਇਆ । ਹਰਿ ਸਰਨ ਆਤਮ ਪਰਮਾਨੰਦੇ, ਸਾਚਾ ਸੁਖ ਸਹਿਜ ਧੁਨਕਾਈਆ । ਹਰਿ ਸਰਨ ਜੋਤੀ ਜੋਤ ਸਰੂਪ ਹਰਿ, ਏਕਾ ਆਪਣੀ ਆਪ ਰਖਾਈਆ । ਹਰਿ ਸਰਨ ਦੋ ਜਹਾਨਿਆ । ਹਰਿ ਸਰਨ ਭੇਵ ਚੁਕਾਏ ਅਵਣ ਗਵਣ, ਲੱਖ ਚੁਰਾਸੀ ਫੰਦ ਕਟਾਨਿਆ । ਹਰਿ ਸਰਨ ਗੁਰਮੁਖ ਵਿਰਲੇ ਆਏ ਮਾਤ ਤਰਨ, ਹਰਿ ਜੋਤੀ ਜੋਤ ਜਗਾਨਿਆ । ਹਰਿ ਸਰਨ ਹਰਿ ਭਾਣਾ ਜਨ ਜਰਨ, ਹਰਿ ਸਾਚਾ ਸ਼ਬਦ ਪਛਾਣਿਆ । ਹਰਿ ਸਰਨ ਨਾ ਕੋਈ ਗੋਤ ਨਾ ਕੋਈ ਵਰਨ, ਏਕ ਸਰਨ ਬ੍ਰਹਮ ਵਖਾਨਿਆ । ਹਰਿ ਸਰਨ ਸਾਚਾ ਧਰਮ, ਰਸਨਾ ਹਰਿ ਗੁਣ ਗਾਨਿਆ । ਹਰਿ ਸਰਨ ਗੁਰਮੁਖ ਵਿਰਲੇ ਲਾਏ ਲੋਕਮਾਤ ਚੁਣ, ਕਲਜੁਗ ਤੇਰੀ ਅੰਤ ਨਿਸ਼ਾਨੀਆ । ਹਰਿ ਸਰਨ ਆਪ ਜਣਾਏ ਗੁਣ ਅਵਗੁਣ, ਬਾਣੀ ਵੇਦ ਨਾ ਕੋਈ ਪੜ੍ਹਾਨਿਆ । ਹਰਿ ਸਰਨ ਕਰੇ ਕਰਾਏ ਛਾਣ ਪੁਣ, ਦੁਰਮਤ ਮੈਲ ਸਰਬ ਗਵਾਨਿਆ । ਹਰਿ ਸਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਇਕ ਰਖਾਨਿਆ । ਹਰਿ ਸਰਨ ਜਗਤ ਭਗਤ, ਤ੍ਰੈਲੋਕੀ ਨਾਥਿਆ । ਹਰਿ ਸਰਨ ਅੰਤ ਕਰਾਏ ਮੁਕਤ , ਏਕਾ ਲਾਏ ਸ਼ਬਦ ਬਾਣਿਆ । ਹਰਿ ਸਰਨ ਧੁਰਦਰਗਾਹੀ ਸਾਚੀ ਜੁਗਤ, ਨਾ ਸਕੇ ਕੋਈ ਵਖਾਨਿਆ । ਹਰਿ ਸਰਨ ਮੇਟ ਮਿਟਾਏ ਕਲਜੁਗ ਝੂਠੀ ਭੁਗਤ, ਨਾ ਲੱਗੇ ਕੋਈ ਦੋਖਿਆ । ਹਰਿ ਸਰਨ ਇਕ ਉਪਜਾਏ ਆਤਮ ਸੁਖਤ, ਦੇਵੇ ਸ਼ਬਦ ਨਾਮ ਸੰਤੋਖਿਆ । ਹਰਿ ਸਰਨ ਦੋ ਜਹਾਨ ਨਿਰਮਲ ਮੁਖਤ , ਜੋਤੀ ਜੋਤ ਸਰੂਪ ਹਰਿ, ਇਕ ਪੜ੍ਹਾਏ ਸਾਚੀ ਪੋਥੀਆ । ਹਰਿ ਸਰਨ ਸ਼ਬਦ ਰਸਨਾਨਿਆ । ਹਰਿ ਚਰਨ ਬ੍ਰਹਮ ਗਿਆਨਿਆ । ਹਰਿ ਸਰਨ ਗੁਰ ਚਰਨ, ਗੁਰਮੁਖ ਵਿਰਲੇ ਮਾਤ ਪਛਾਨਿਆ । ਹਰਿ ਸਰਨ ਖੁਲ੍ਹੇ ਹਰਨ ਫਰਨ, ਦੇਵੇ ਸੱਚੀ ਇਕ ਨਿਸ਼ਾਨੀਆ । ਹਰਿ ਸਰਨ ਜੋਤੀ ਜੋਤ ਸਰੂਪ ਹਰਿ, ਮਸਤਕ ਧੂੜੀ ਸ਼ਬਦ ਉਡਾਨਿਆ । ਹਰਿ ਸਰਨ ਮਸਤਕ ਧੂੜਿਆ । ਹਰਿ ਸਰਨ ਕਰੇ ਚਤੁਰ ਸੁਘੜ ਸਿਆਣ ਮਨਮੁਖ ਮੂੜ੍ਹਿਆ । ਹਰਿ ਸਰਨ ਦਰਗਾਹ ਸਾਚੀ ਦੇਵੇ ਮਾਣ, ਲੋਕਮਾਤ ਦਿਸਾਵੇ ਕੂੜੋ ਕੂੜਿਆ । ਹਰਿ ਸਰਨ ਪਵਣੀ ਸ਼ਬਦੀ ਇਕ ਉਡਾਨ, ਰੰਗ ਚੜ੍ਹਾਏ ਏਕਾ ਗੂੜ੍ਹਿਆ । ਹਰਿ ਸਰਨ ਨਾਮ ਜੋਤੀ ਸ਼ਬਦ ਨਿਸ਼ਾਨ, ਆਪੇ ਜਾਣੇ ਆਪ ਪਛਾਣੇ, ਸ੍ਰਿਸ਼ਟ ਸਬਾਈ ਦਿਸੇ ਕੂੜਿਆ । ਹਰਿ ਸ਼ਬਦ ਨਾਮ ਨਿਸ਼ਾਨੀਆ । ਹਰਿ ਸ਼ਬਦ ਜਗਤ ਬੇਮੁਹਾਨਿਆ । ਹਰਿ ਸ਼ਬਦ ਹਰਿ ਸਰਨ ਮਿਲੇ ਦਾਨ, ਵਡ ਵਡ ਦਾਨਿਆ । ਹਰਿ ਸ਼ਬਦ ਹਰਿ ਸਰਨ ਜਗਤ ਮਾਣ, ਸਚ ਨਿਸ਼ਾਨ ਆਪਣਾ ਆਪ ਝੁਲਾਨਿਆ । ਜੋਤੀ ਜੋਤ ਸਰੂਪ ਹਰਿ, ਭਾਣਾ ਜਿਸ ਪਛਾਣਿਆ । ਹਰਿ ਸਿੰਘਾਸਣ ਅਡੋਲ, ਹਰਿ ਨਿਰੰਕਾਰਿਆ । ਹਰਿ ਸਿੰਘਾਸਣ ਅਡੋਲ, ਨਾ ਕਿਸੇ ਉਸਾਰਿਆ । ਹਰਿ ਸਿੰਘਾਸਣ ਅਡੋਲ, ਸਚ ਮਹੱਲ ਅਪਰ ਅਪਾਰਿਆ । ਹਰਿ ਸਿੰਘਾਸਣ ਅਡੋਲ, ਨਾ ਦਿਸੇ ਕੋਈ ਚਾਰ ਦਵਾਰਿਆ । ਹਰਿ ਸਿੰਘਾਸਣ ਅਡੋਲ, ਪਾਵਾ ਚੂਲ ਨਾ ਕੋਈ ਰਖਾ ਰਿਹਾ । ਹਰਿ ਸਿੰਘਾਸਣ ਅਡੋਲ, ਲੰਮਾ ਚੌੜਾ ਨਾ ਕੋਈ ਵਖਾ ਰਿਹਾ । ਹਰਿ ਸਿੰਘਾਸਣ ਅਡੋਲ, ਜੋਤੀ ਜੋਤ ਸਰੂਪ ਹਰਿ, ਆਪੇ ਆਪ ਬਣਾ ਰਿਹਾ । ਹਰਿ ਸਿੰਘਾਸਣ ਅਡੋਲ, ਨਾ ਕਿਸੇ ਜਣਾਈਆ । ਹਰਿ ਸਿੰਘਾਸਣ ਅਡੋਲ, ਨਾ ਬਾਡੀ ਕੋਈ ਬਣਾਈਆ । ਹਰਿ ਸਿੰਘਾਸਣ ਅਡੋਲ, ਨਾ ਢਾਡੀ ਕੋਈ ਗਾਈਆ । ਹਰਿ ਸਿੰਘਾਸਣ ਅਡੋਲ, ਛੱਤੀ ਰਾਗਾਂ ਭੇਵ ਨਾ ਰਾਈਆ । ਹਰਿ ਸਿੰਘਾਸਣ ਅਡੋਲ,

ਨਾਰਦ ਦਿਸ ਨਾ ਆਈਆ । ਹਰਿ ਸਿੰਘਾਸਣ ਅਡੋਲ, ਬ੍ਰਹਮਾ ਵੇਤਾ ਸਾਰ ਨਾ ਪਾਈਆ । ਹਰਿ ਸਿੰਘਾਸਣ ਅਡੋਲ, ਸ਼ਿਵ ਸ਼ੰਕਰ ਦਿਸ ਨਾ ਆਈਆ । ਹਰਿ ਸਿੰਘਾਸਣ ਅਡੋਲ, ਸੁਰਪਤ ਰਾਜਾ ਇੰਦ ਨਾ ਵੇਖੇ ਨੈਣ ਉਠਾਈਆ । ਹਰਿ ਸਿੰਘਾਸਣ ਅਡੋਲ, ਰਵ ਸਸ ਕੋਟ ਵੇਖ ਨਾ ਪਾਈਆ । ਹਰਿ ਸਿੰਘਾਸਣ ਅਡੋਲ, ਮਾਤ ਪਤਾਲ ਅਕਾਸ਼ ਨਾ ਕੋਈ ਬਣਤ ਬਣਾਈਆ । ਹਰਿ ਸਿੰਘਾਸਣ ਅਡੋਲ, ਸਚ ਮੰਡਲ ਦੀ ਸਾਚੀ ਰਾਸਾ, ਸਾਚੀ ਸੇਜਾ ਆਪ ਵਿਛਾਈਆ । ਹਰਿ ਸਿੰਘਾਸਣ ਅਡੋਲ, ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਪੇ ਜਾਣੇ ਆਪੇ ਆਪ ਰਘੁਰਾਈਆ । ਹਰਿ ਸਿੰਘਾਸਣ ਅਡੋਲ, ਨਾ ਕੋਈ ਸੁਹਾ ਰਿਹਾ । ਹਰਿ ਸਿੰਘਾਸਣ ਅਡੋਲ, ਨਾ ਕੋਈ ਬਸਤਰ ਭੂਸ਼ਣ ਫੂਲਨਹਾਰ ਨਾਲ ਲਟਕਾ ਰਿਹਾ । ਹਰਿ ਸਿੰਘਾਸਣ ਅਡੋਲ, ਅਸਤਰ ਸ਼ਸਤਰ ਲਾ ਨਾ ਹਰਿ ਸੁਹਾ ਰਿਹਾ । ਹਰਿ ਸਿੰਘਾਸਣ ਅਡੋਲ, ਪ੍ਰਭ ਆਪਣਾ ਆਪ ਉਠਾ ਰਿਹਾ । ਹਰਿ ਸਿੰਘਾਸਣ ਅਡੋਲ, ਸਾਚੇ ਥਾਉਂ ਹੈ । ਹਰਿ ਸਿੰਘਾਸਣ ਅਡੋਲ, ਕਰੇ ਸਚ ਨਿਆਉਂ ਹੈ । ਹਰਿ ਸਿੰਘਾਸਣ ਅਡੋਲ, ਪਾਰਜਾਤ ਨਾ ਵੇਖੇ ਠੰਡੀ ਛਾਉਂ ਹੈ । ਹਰਿ ਸਿੰਘਾਸਣ ਅਡੋਲ, ਜੋਤੀ ਜੋਤ ਸਰੂਪ ਹਰਿ, ਏਕਾ ਏਕ ਲਗਾਏ ਆਪਣੇ ਨਾਉਂ ਹੈ । ਹਰਿ ਸਿੰਘਾਸਣ ਅਡੋਲ, ਸਚ ਟਿਕਾਣਿਆ । ਹਰਿ ਸਿੰਘਾਸਣ ਅਡੋਲ, ਏਕਾ ਏਕ ਸਚ ਬਿਬਾਣਿਆ । ਹਰਿ ਸਿੰਘਾਸਣ ਅਡੋਲ, ਗੁਰ ਪੀਰਾਂ ਹੱਥ ਨਾ ਆਣਿਆ । ਹਰਿ ਸਿੰਘਾਸਣ ਅਡੋਲ, ਸੁਘੜ ਸਿਆਣੇ ਜਗਤ ਰਾਣੇ ਨਾ ਵੇਖ ਵਖਾਣਿਆ । ਹਰਿ ਸਿੰਘਾਸਣ ਆਪ ਉਠਾਏ ਆਪਣੇ ਭਾਣੇ, ਨਾ ਦੇਵੇ ਕੋਈ ਸਹਾਰਿਆ । ਹਰਿ ਸਿੰਘਾਸਣ ਆਪ ਆਪਣਾ ਆਪੇ ਜਾਣੇ, ਨਾ ਕੋਈ ਕਿਸੇ ਜਣਾ ਰਿਹਾ । ਹਰਿ ਸਿੰਘਾਸਣ ਹਰਿ ਸਚ ਨਿਸ਼ਾਨੇ, ਹਰਿ ਸਾਚੇ ਧਾਮ ਰਖਾ ਰਿਹਾ । ਹਰਿ ਸਿੰਘਾਸਣ ਜੋਤ ਮਹਾਨੇ, ਪ੍ਰਭ ਆਪਣੀ ਆਪ ਜਗਾ ਰਿਹਾ । ਸਚ ਸਿੰਘਾਸਣ ਧੂਪ ਦੀਪ ਨਾ ਕੋਈ ਵਖਾਣੇ, ਸੰਧਿਆ ਕਾਲ ਨਾ ਕੋਈ ਨਿਸ਼ਾਨੀਆ । ਹਰਿ ਸਿੰਘਾਸਣ ਅਡੋਲ, ਜੋਤੀ ਜੋਤ ਸਰੂਪ ਹਰਿ, ਆਪਣਾ ਆਪ ਰਖਾਨਿਆ । ਹਰਿ ਸਿੰਘਾਸਣ ਅਡੋਲ, ਧਾਮ ਅਨਮੋਲਿਆ । ਹਰਿ ਸਿੰਘਾਸਣ ਅਡੋਲ, ਬਿਰਾਜੇ ਹਰਿ ਕੰਤ ਕੰਤੂਲਿਆ । ਹਰਿ ਸਿੰਘਾਸਣ ਅਡੋਲ, ਹਰਿ ਸਾਚੇ ਸਾਜਨ ਸਾਜ, ਹਰਿ ਝੂਲੇ ਸਾਚਾ ਝੂਲਿਆ । ਹਰਿ ਸਿੰਘਾਸਣ ਅਡੋਲ, ਵਡ ਸ਼ਾਹੋ ਰਾਜਨ ਰਾਜ, ਆਪ ਚੁਕਾਏ ਆਪਣਾ ਮੂਲਿਆ । ਹਰਿ ਸਿੰਘਾਸਣ ਅਡੋਲ, ਆਪ ਆਪਣੀ ਰੱਖੇ ਲਾਜ, ਆਦਿ ਅੰਤ ਕਦੇ ਨਾ ਭੁਲਿਆ । ਹਰਿ ਸਿੰਘਾਸਣ ਅਡੋਲ, ਦੂਸਰ ਨਾ ਕੋਈ ਮਾਰੇ ਅਵਾਜ, ਦਰ ਦਵਾਰੇ ਨਾ ਕੋਈ ਬੋਲਿਆ । ਹਰਿ ਸਿੰਘਾਸਣ ਅਡੋਲ, ਕਿਸੇ ਨਾ ਬੰਨ੍ਹੇ ਹਰਿ ਜੀ ਧਾਗੇ, ਆਪ ਆਪਣਾ ਸਾਚਾ ਤੋਲ ਤੋਲਿਆ । ਹਰਿ ਸਿੰਘਾਸਣ ਸਦਾ ਅਡੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਦਰ ਦਵਾਰਾ ਆਪੇ ਖੋਲ੍ਹਿਆ । ਹਰਿ ਸਿੰਘਾਸਣ ਸਚ ਦਵਾਰਿਆ । ਹਰਿ ਸਿੰਘਾਸਣ ਅਡੋਲ, ਅੰਤ ਨਾ ਪਾਰਾਵਾਰਿਆ । ਹਰਿ ਸਿੰਘਾਸਣ ਹਰਿ ਜੀ ਮਵਲ, ਪੂਰੇ ਤੋਲ ਤੁਲਾ ਰਿਹਾ । ਹਰਿ ਸਿੰਘਾਸਣ ਅਡੋਲ, ਨਾ ਕੋਈ ਜਾਣੇ ਜੀਵ ਧਵਲ, ਲੇਖਾ ਅਗਣਤ ਨਾ ਕੋਈ ਗਿਣਾ ਰਿਹਾ । ਹਰਿ ਸਿੰਘਾਸਣ ਨਾ ਉਪਜੇ ਕਿਸੇ ਕਵਲ, ਨਾ ਨਾਭੀ ਕੋਈ ਟਿਕਾ ਰਿਹਾ । ਹਰਿ ਸਿੰਘਾਸਣ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤੀ ਨਾਲ ਸਮਾ ਰਿਹਾ । ਹਰਿ ਸਿੰਘਾਸਣ ਖੇਲ ਅਪਾਰਿਆ । ਜੋਤੀ ਨੂਰ ਇਕ ਨਿਰੰਕਾਰਿਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਵੇਖ ਵਿਚਾਰੇ ਪਾਵੇ ਸਾਰਿਆ । ਸਾਚਾ ਘਰ ਸਾਚਾ ਝੰਡਾ ਝੁੱਲੇ ਨਾ ਦੂਸਰ ਕਿਸੇ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਲਾਟੀ ਲਾਟ ਲਿਲਾਟਾ ਛਤਰ ਝੁੱਲੇ ਸੀਸੇ, ਆਪ ਆਪਣੀ ਬਣਤ ਬਣਾ ਰਿਹਾ । ਜੋਤੀ ਜਾਮਾ ਹਰਿ

੭੯੪
੦੪

ਜਗਦੀਸ਼ੇ, ਨਾ ਕੋਈ ਭੇਵ ਖੁਲ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਹਰਿ ਸਾਚਾ ਡੇਰਾ ਲਾ ਰਿਹਾ । ਸਚ ਸਿੰਘਾਸਣ ਕਰ ਤਿਆਰ । ਪ੍ਰਭ ਅਬਿਨਾਸ਼ੀ ਕਰੇ ਵਿਚਾਰ । ਕਵਣ ਸਾਜਣਾ ਹਰਿ ਜੀ ਸਾਜੇ, ਕਵਣ ਬੰਨ੍ਹੇ ਮਾਇਆ ਧਾਰ । ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਕਰ ਅਕਾਰ । ਹਰਿ ਸਾਚੇ ਮਤਾ ਪਕਾਇਆ । ਘਰ ਸਤਵੇਂ ਪਾੜੇ ਛਤਾਂ, ਇਕ ਅੰਮ੍ਰਿਤ ਤਾਲ ਸੁਹਾਇਆ । ਨਾ ਕੋਈ ਲਹੂ ਮਿੱਝ ਨਾ ਨਾੜੀ ਰੱਤਾ, ਨਾ ਸਾਗਰ ਸਿੰਧ ਵਹਾਇਆ । ਨਾ ਕੋਸਾ ਨਾ ਪਾਣੀ ਤੱਤਾ, ਨਾ ਠੰਡਾ ਠਾਰ ਵਖਾਇਆ । ਨਾ ਰੋਟੀ ਨਾ ਕੋਈ ਭੱਤਾ, ਨਾ ਤੀਰਥ ਨਾ ਕੋਈ ਤੱਟਾ, ਨਾ ਕਾਇਆ ਨਾ ਕੋਈ ਮੱਟਾ, ਪ੍ਰਭ ਸਾਚੀ ਖੇਲ ਰਚਾਇਆ । ਨਾ ਧੜੀ ਨਾ ਕੋਈ ਵੱਟਾ, ਨਾ ਮਿੱਠਾ ਨਾ ਦੀਸੇ ਖੱਟਾ, ਨਾ ਲਪੇਟੇ ਕਿਸੇ ਪੱਟਾ, ਪ੍ਰਭ ਆਪਣੇ ਆਪ ਰਹਾਇਆ । ਜੋਤੀ ਜੋਤ ਸਰੂਪ ਹਰਿ, ਸੱਤਵੇਂ ਘਰ ਦਰ ਦਵਾਰੇ, ਸਾਚਾ ਭਾਗ ਲਗਾਇਆ । ਸਚ ਦਵਾਰੇ ਖੁਲ੍ਹੇ ਦਰ । ਆਪ ਆਪਣੀ ਕਿਰਪਾ ਕਰ । ਜੋਤ ਸਰੂਪ ਚਰਨ ਉਠਾਏ, ਚਾਰੋਂ ਕੁੰਟਾਂ ਡਗਮਗਾਏ, ਦਰ ਦਹਿਲੀਜੋਂ ਬਾਹਰ ਕਰ । ਸਾਚਾ ਚਰਨ ਹਰਿ ਛੁਹਾਏ । ਛੇਵੇਂ ਦਰ ਕੁੰਡਾ ਲਾਹੇ । ਤਾਲ ਸੁਹਾਵਾ ਇਕ ਸੁਹਾਏ । ਅੰਮ੍ਰਿਤ ਭੰਡਾਰਾ ਨਾਮ ਰਖਾਏ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਆਪਣਾ ਆਪ ਸੁਹਾਏ । ਹਰਿ ਸਾਚੇ ਚਰਨ ਛੁਹਾਇਆ । ਅੰਮ੍ਰਿਤ ਤਾਲ ਇਕ ਭਰਾਇਆ । ਸੱਤਵੇਂ ਦਰ ਦੇ ਥੱਲੇ ਰਖਾਇਆ । ਛੇਵੇਂ ਘਰ ਦਾ ਮੂੰਹ ਖੁਲ੍ਹਾਇਆ । ਏਕਾ ਬੂੰਦ ਧਾਰ ਵਹਾਇਆ । ਖੁਲ੍ਹਿਆ ਬੰਦ ਕਵਾੜ ਛੇਵੇਂ ਘਰ ਧਾੜ ਧਾੜ, ਸਾਚਾ ਸ਼ਬਦ ਬੋਲ ਬੁਲਾਇਆ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਲਾਇਆ । ਸਾਚੀ ਚੱਲੇ ਅੰਮ੍ਰਿਤ ਧਾਰਾ । ਛੇਵੇਂ ਖੁਲ੍ਹੇ ਬੰਦ ਕਿਵਾੜਾ । ਸ਼ਬਦ ਚਲੇ ਧਾੜ ਧਾੜਾ । ਹਰਿ ਜੀ ਆਇਆ ਦਇਆ ਕਮਾਇਆ, ਸਾਚੇ ਘਰ ਪੜਦਾ ਪਾੜਾ । ਜੋਤੀ ਜੋਤ ਸਰੂਪ ਹਰਿ, ਆਪੇ ਬੋਲੇ ਆਪੇ ਤੋਲੇ, ਨਾ ਕੋਈ ਦਿਸੇ ਨਾੜੀ ਨਾੜਾ । ਸਾਚੇ ਘਰ ਸ਼ਬਦ ਜੈਕਾਰਾ । ਰਾਗ ਨਾਦ ਨਾ ਕੋਈ ਵਖਾਣੇ, ਨਾ ਕੋਈ ਰੱਖੇ ਡੰਕ ਡਫਾਰਾ । ਏਕਾ ਨਾਦ ਹਰਿ ਬ੍ਰਹਿਮਾਦ, ਧੁਰਦਰਗਾਹੀ ਸਾਚੀ ਦਾਦ, ਆਪੇ ਬਣੇ ਹਰਿ ਸੁਨਾਰਾ । ਕਰੇ ਖੇਲ ਮਾਧਵ ਮਾਧ, ਸਾਚੀ ਧੁਨ ਪੁਰਖ ਅਬਿਨਾਸ਼ੀ ਸੁਣੀ, ਸਾਚਾ ਅੰਮ੍ਰਿਤ ਦੇਵੇ ਸੀਰ ਨਿਆਰਾ । ਜੋਤੀ ਜਾਮਾ ਸ੍ਰੀ ਭਗਵਾਨਾ, ਸਚ ਸਿੰਘਾਸਣ ਆਪ ਬਿਰਾਜੇ, ਆਪੇ ਬੰਨ੍ਹੇ ਆਪਣੀ ਧਾਰਾ । ਸਾਚਾ ਨੀਰ ਸ਼ਬਦ ਵਿਰੋਲਿਆ । ਅੰਮ੍ਰਿਤ ਮਿਲਿਆ ਸਾਚਾ ਸੀਰ, ਘਰ ਸਾਚੇ ਸ਼ਬਦ ਅਗੰਮਾ ਆਪੇ ਬੋਲਿਆ । ਨਾ ਕੋਈ ਰੱਖੇ ਥੱਲੇ ਥੰਮਾ, ਗਗਨ ਪਤਾਲਾਂ ਮੂਲ ਨਾ ਡੋਲਿਆ । ਨਾ ਕੋਈ ਦੀਸੇ ਨਾੜੀ ਚੰਮਾ, ਨਾ ਕੋਈ ਪੜਦਾ ਓਹਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਪਿਆਲਾ ਦਿਤਾ ਭਰ, ਸਾਚਾ ਸ਼ਬਦ ਆਪੇ ਬੋਲਿਆ । ਸਾਚਾ ਸ਼ਬਦ ਦਏ ਦੁਹਾਈ । ਪ੍ਰਭ ਅਬਿਨਾਸ਼ੀ ਸਰਨ ਰਖਾਈ । ਆਪ ਆਪਣੀ ਗੋਦ ਉਠਾਈਂ । ਜੋਤੀ ਸਾਚਾ ਮੇਲ ਮਿਲਾਈਂ । ਵਰਨ ਗੋਤੀ ਇਕ ਬਣਾਈਂ । ਆਤਮ ਮੇਰੀ ਰਹੇ ਨਾ ਸੋਤੀ, ਅੱਠੇ ਪਹਿਰ ਆਪ ਜਗਾਈਂ । ਸਾਚਾ ਦਈਂ ਮਾਣਕ ਮੋਤੀ, ਜਗਤ ਤ੍ਰਿਸ਼ਨਾ ਆਪਣੇ ਹਾਰ ਬਣਾਈਂ । ਸਾਚਾ ਬਣੀਂ ਖੇਵਟ ਖੇਟਾ, ਪੰਜਵੇਂ ਦਵਾਰੇ ਬਾਹਰ ਕਰਾਈਂ । ਆਪੇ ਬਣ ਮਾਂ ਪਿਓ ਬੇਟਾ, ਆਪਣੀ ਉਂਗਲੀ ਨਾਲ ਰਖਾਈਂ । ਜੋਤੀ ਜੋਤ ਸਰੂਪ ਹਰਿ, ਸ਼ਬਦ ਵਿਰੋਲੇ ਸਾਚਾ ਹਰਿ, ਨਾ ਜਨਮੇ ਨਾ ਜਾਏ ਮਰ, ਆਪੇ ਨੇਤਨ ਨੇਤਾ । ਸ਼ਬਦ ਜੋਤੀ ਮੇਲ ਮਿਲਾਇਆ । ਅੰਮ੍ਰਿਤ ਭਰਿਆ ਸਾਚੇ ਹਰਿ ਤਾਲ, ਪੂਰ ਭੰਡਾਰ ਰਖਾਇਆ । ਆਦਿ ਅੰਤ ਨਾ ਹੋਏ ਕੰਗਾਲ, ਸਾਚਾ ਮਾਣ ਦਵਾਇਆ । ਆਪੇ ਬਣੇ ਹਰਿ ਰਖਵਾਲ,

੭੯੫ ੦੪

੭੯੬
੦੪

ਕਿਸੇ ਦੂਸਰ ਹੱਥ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਘਰ ਪੰਚਮ ਡੇਰਾ ਲਾਇਆ । ਪੰਚਮ ਆਇਆ ਹਰਿ ਨਿਰੰਕਾਰ । ਪਵਣ ਉਠਾਈ ਖ਼ਬਰਦਾਰ । ਸ਼ਬਦ ਸ਼ਬਦੀ ਹਰਿ ਚਰਨ ਕਰੇ ਨਿਮਸਕਾਰ । ਪਵਣ ਪੁਕਾਰੀ ਦਰ ਨਿਮਸਕਾਰੀ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮੇਰੀ ਆਈ ਸਾਚੀ ਵਾਰੀ, ਸੇਵਾ ਬਖ਼ਸ਼ੀ ਸੱਚੀ ਸਰਕਾਰ । ਪ੍ਰਭ ਅਬਿਨਾਸ਼ੀ ਪਾਏ ਸਾਰੀ, ਪਵਣ ਸੁਨੇਹੜਾ ਛਤਰ ਝੁਲਾਰ । ਸਾਚੀ ਖੇਲ ਕਰੇ ਨਿਆਰੀ, ਪਵਣ ਜੋਤੀ ਮੇਲ ਮਿਲਾਰ । ਪ੍ਰਭ ਅਬਿਨਾਸ਼ੀ ਘਟ ਘਟ ਵਾਸੀ, ਆਪ ਬਣਾਏ ਆਪਣੀ ਕਾਰੀ, ਸ਼ਬਦ ਬਣਾਇਆ ਸਾਚਾ ਯਾਰ । ਜੋਤੀ ਜੋਤ ਸਰੂਪ ਹਰਿ, ਆਪੇ ਬੰਨ੍ਹੇ ਤਿੰਨਾਂ ਧਾਰ । ਸ਼ਬਦ ਪਵਣ ਜੋਤ ਇਕ ਅਕਾਰਿਆ । ਇਕ ਬਣਾਈ ਵਰਨ ਗੋਤ, ਸਾਚਾ ਮਤਾ ਪਕਾ ਰਿਹਾ । ਦਿਵਸ ਰੈਣ ਰੈਣ ਦਿਵਸ ਨਾ ਰਹਿਣਾ ਸੋਤ, ਅੱਠੇ ਪਹਿਰ ਹਰਿ ਜਗਾ ਰਿਹਾ । ਹਰਿ ਦਾਨਾ ਬੀਨਾ ਸਾਚੀ ਜੋਤ, ਅਮੀਰ ਵਜ਼ੀਰ ਪਵਣ ਸ਼ਬਦੀ ਨਾਲ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਘਰ ਚਰਨ ਛੁਹਾ ਰਿਹਾ । ਪੰਚਮ ਘਰ ਪਵਣ ਮਸਾਨਿਆ । ਮਿਲਿਆ ਮੇਲ ਜੋਤ ਭਗਵਾਨਿਆ । ਦੇਵੇ ਮਾਣ ਸ਼ਬਦ ਗਿਆਨਿਆ । ਝੁੱਲੇ ਇਕ ਨਿਸ਼ਾਨਾ ਤਖ਼ਤ ਸੁਹਾਨਿਆ । ਨਾ ਕੋਈ ਰੱਖੇ ਦਰ ਦਰਬਾਨ, ਤੀਰ ਕਮਾਨ ਨਾ ਕੋਈ ਰਖਾਨਿਆ । ਅੱਠੇ ਪਹਿਰ ਨੌਜਵਾਨ, ਨਾ ਕੋਈ ਜਾਣੇ ਬਿਰਧ ਬਾਲ ਅੰਞਾਨਿਆ । ਨਾ ਕੁਛ ਪੀਣ ਨਾ ਕੁਛ ਖਾਣ, ਹਰਿ ਰੰਗ ਆਪਣਾ ਆਪੇ ਮਾਨਿਆ । ਨਾ ਕੋਈ ਵੇਖੇ ਬ੍ਰਹਮ ਗਿਆਨ, ਆਤਮ ਬ੍ਰਹਮ ਜੋਤੀ ਧਰਮ ਸਾਚਾ ਕਰਮ ਸਾਚੀ ਕਲ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਤਿੰਨਾਂ ਵਸੇਰਾ ਪੰਚਮ ਦਰ ਸਾਚਾ ਧਾਮ ਸੁਹਾ ਰਿਹਾ । ਪੰਚਮ ਘਰ ਮਿਲੇ ਵਡਿਆਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਆਤਮ ਤੱਤ ਚੇਤਨ ਚਿੱਤਾ, ਆਪਣੀ ਬਣਤ ਰਿਹਾ ਬਣਾਈ । ਜੋਤੀ ਜੋਤ ਸਰੂਪ ਹਰਿ, ਮਹਿੰਮਾ ਅਗਣਤ ਗਣੀ ਨਾ ਜਾਈ । ਆਪ ਆਪਣਾ ਮਤ ਰਖਾਇਆ । ਪੁਰੀਆਂ ਲੋਆਂ ਬੰਨ੍ਹ ਵਖਾਇਆ । ਮਾਤ ਪਤਾਲ ਅਕਾਸ਼, ਗਗਨ ਬ੍ਰਹਿਮੰਡਾਂ ਸਾਚਾ ਖੇਲ ਰਚਾਇਆ । ਘਟ ਘਟ ਹਰਿ ਜੀ ਰੱਖੇ ਵਾਸ, ਦਿਸ ਕਿਸੇ ਨਾ ਆਇਆ । ਬ੍ਰਹਮਲੋਕ ਸ਼ਿਵਲੋਕ ਇੰਦਲੋਕ ਬਨ ਬਨ ਬਨਵਾਰੀ ਆਪ ਅਖਵਾਇਆ । ਇਕ ਸੁਣਾਏ ਸ਼ਬਦ ਸਲੋਕ, ਪਵਣ ਸੁਨੇਹੜਾ ਦਏ ਘਲਾਇਆ । ਆਤਮ ਜੋਤੀ ਰੱਖੇ ਰੋਕ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਚੌਥੇ ਘਰ ਦੇਣ ਵਰ ਲੋਕਮਾਤ ਆਇਆ । ਚੌਥੇ ਘਰ ਬਣਤ ਬਣਾਇੰਦਾ । ਲੱਖ ਚੁਰਾਸੀ ਮਾਤ ਉਪਜਾਇੰਦਾ । ਹੱਡ ਮਾਸ ਨਾੜੀ ਪਿੰਜਰ ਲਹੂ ਮਿਝ ਘਾਣ ਆਪ ਕਰਾਇੰਦਾ । ਆਪੇ ਕਰੇ ਆਪ ਪਛਾਣ, ਆਪੇ ਬਣਤ ਬਣਾਇੰਦਾ । ਸਾਚਾ ਦੇਵੇ ਜੀਆ ਦਾਨ, ਆਤਮ ਜੋਤੀ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਸਾਚੀ ਬਣਤ ਬਣਾਇੰਦਾ । ਲੱਖ ਚੁਰਾਸੀ ਹਰਿ ਉਪਾਇਆ । ਸਾਚੀ ਜੋਤੀ ਵਿਚ ਟਿਕਾਈਆ । ਪਵਣ ਸਵਾਸੀ ਨਾਲ ਰਲਾਈਆ । ਸ਼ਬਦ ਜਣਾਈ ਹਰਿ ਰਘੁਰਾਈਆ । ਅੱਠੇ ਪਹਿਰ ਰਿਹਾ ਸੁਣਾਈਆ । ਆਤਮ ਦਰ ਵਜਦੀ ਰਹੇ ਵਧਾਈਆ । ਕਦੇ ਨਾ ਹੋਵੇ ਸੁੰਞਾ ਘਰ, ਹਰਿ ਹਰਿ ਮੰਦਰ ਡੇਰਾ ਲਾਈਆ । ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਰਚਨਾ ਹਰਿ ਰਚਾਈਆ । ਨਾ ਕੋਈ ਲੇਖੇ ਲੇਖ ਲਿਖਾਏ ਪ੍ਰਭ ਅਬਿਨਾਸ਼ੀ ਤੇਰੇ ਕਰਮ, ਲੱਖ ਚੁਰਾਸੀ ਰਿਹਾ ਲੇਖ ਲਿਖਾਈਆ । ਜੋਤੀ ਜਾਮਾ ਹਰਿ ਭਗਵਾਨਾ, ਸੰਤ ਜਨਾਂ ਹਰਿ ਬੰਨ੍ਹੇ ਗਾਨਾ, ਚੌਥੇ ਦਰ ਮੇਲ ਮਿਲਾਈਆ । ਚੌਥੇ ਘਰ ਹਰਿ ਭਗਵਾਨ । ਸਚ ਧਰਮ ਦਾ ਇਕ ਨਿਸ਼ਾਨ । ਲੋਕਮਾਤੀ ਨਾਮ ਬਬਾਣ । ਆਪੇ

ਬੈਠਾ ਮਾਰੇ ਝਾਤੀ, ਜੀਵ ਜੰਤ ਸਾਧ ਸੰਤ ਕਰੇ ਪਛਾਣ । ਜੁਗਾ ਜੁਗੰਤਰ ਵੇਖੇ ਕਲ ਕਾਤੀ, ਏਕਾ ਮਾਰੇ ਸ਼ਬਦ ਬਾਣ । ਆਪ ਉਠਾਏ ਸੁੱਤਿਆਂ ਰਾਤੀਂ, ਇਕ ਰਖਾਏ ਆਪਣੀ ਆਣ । ਜਨ ਭਗਤਾਂ ਬਖ਼ਸ਼ੇ ਅੰਮ੍ਰਿਤ ਬੂੰਦ ਸਵਾਂਤੀ, ਸਾਚਾ ਨਾਮ ਚਰਨ ਧਿਆਨ । ਗੁਰਮੁਖ ਸਾਚੇ ਤੇਰੀ ਉਤਮ ਜ਼ਾਤੀ, ਹਰਿ ਹਰਿ ਸਾਚਾ ਰਸਨਾ ਗਾਣ । ਨਾ ਕੋਈ ਪਿਤਾ ਨਾ ਕੋਈ ਮਾਤੀ, ਮਿਲੇ ਮੇਲ ਪੁਰਖ ਬਿਧਾਤੀ, ਆਵਣ ਜਾਵਣ ਫੰਦ ਕਟਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਨਾਮ ਦਾਨ । ਸਾਚਾ ਨਾਮ ਹਰਿ ਖਜ਼ਾਨਾ । ਆਪੇ ਦੇਵੇ ਬੀਨਾ ਦਾਨਾ । ਗੁਰਮੁਖ ਸਾਚੇ ਸੰਤ ਜਨਾਂ, ਆਤਮ ਝੋਲੀ ਹਰਿ ਭਰਾਨਾ । ਏਕਾ ਦੇਵੇ ਨਾਮ ਧਨਾਂ, ਅੱਠੇ ਪਹਿਰ ਸ਼ਬਦ ਤਰਾਨਾ । ਸਾਚਾ ਰਾਗ ਸੁਣਾਏ ਕੰਨਾਂ, ਅਨਹਦ ਧੁਨ ਅਨਾਹਦ ਕਾਨਾ । ਗੁਰਮੁਖਾਂ ਬੇੜਾ ਆਪੇ ਬੰਨ੍ਹਾ, ਮੇਲ ਮਿਲਾਏ ਸਾਚੇ ਘਰ ਪਦ ਨਿਰਬਾਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਮਾਤ ਧਰ, ਗੁਰਮੁਖਾਂ ਦੇਵੇ ਬ੍ਰਹਮ ਗਿਆਨਾ । ਲੋਕਮਾਤ ਮਾਤ ਕਲ ਧਾਰਿਆ । ਆਵੇ ਜਾਵੇ ਵਾਰੋ ਵਾਰਿਆ । ਸਤਿਜੁਗ ਤਰੇਤਾ ਉਧਰੇ ਪਾਰ, ਦਵਾਪਰ ਖੇਲ ਬਣਾ ਰਿਹਾ । ਕਲਜੁਗ ਤੇਰੀ ਅੰਤਮ ਵਧੇ ਵੇਲ, ਪ੍ਰਭ ਅਬਿਨਾਸ਼ੀ ਪਾਵੇ ਸਾਰਿਆ । ਲੱਖ ਚੁਰਾਸੀ ਚੜ੍ਹਨਾ ਤੇਲ, ਆਪ ਵਿਆਹੇ ਲਾੜੀ ਮੌਤ ਸਾਚੀ ਨਾਰੀਆ । ਧਰਮ ਰਾਏ ਦੀ ਜਾਣਾ ਜੇਲ੍ਹ, ਨਾ ਹੋਏ ਕੋਈ ਸਹਾਰਿਆ । ਅਚਰਜ ਪਾਰਬ੍ਰਹਮ ਕਲ ਖੇਲ, ਤੇਰੀ ਜਾਏ ਵਾਰੋ ਵਾਰਿਆ । ਨਾ ਕੋਈ ਵੇਖੇ ਗੁਰ ਚੇਲ, ਪੀਰਾਂ ਸ਼ੇਖਾਂ ਆਈ ਹਾਰਿਆ । ਨਰ ਨਰਾਇਣ ਨੇਤਰ ਲੈਣਾ ਪੇਖ, ਕਰੇ ਖੇਲ੍ਹ ਜਗਤ ਨਿਰੰਕਾਰਿਆ । ਆਪ ਮਿਟਾਏ ਕਲਜੁਗ ਤੇਰਾ ਜੂਠਾ ਝੂਠਾ ਭੇਖ, ਹੱਥ ਫੜੇ ਸ਼ਬਦ ਕਟਾਰਿਆ । ਗੁਰਮੁਖਾਂ ਮੇਟ ਮਿਟਾਏ ਬਿਧਨਾ ਲਿਖੀ ਰੇਖ, ਲੇਖਾ ਲਿਖੇ ਨਿਰਗੁਣ ਹਾਰਿਆ । ਸਾਚੇ ਨੇਤਰ ਲੈਣਾ ਪੇਖ, ਦਸਮ ਦਵਾਰੇ ਹਰਿ ਖੋਲ੍ਹੇ ਬੰਦ ਕਵਾੜਿਆ । ਗੁਰਮੁਖਾਂ ਦੇਵੇ ਹਰਿ ਜੀ ਦਾਤ, ਆਤਮ ਭੰਡਾਰੇ ਦੇਵੇ ਭਰ, ਕਾਇਆ ਚੋਲੇ ਪੁਰਖ ਅਬਿਨਾਸ਼ੀ ਆਪੇ ਬੋਲੇ, ਰਚਨ ਰਚਾਏ ਸਤਾਰਾਂ ਹਾੜਿਆ । ਸ਼ਬਦ ਬਿਬਾਣ ਲਿਆਏ ਡੋਲੇ, ਗੁਰਮੁਖ ਬਣਾਏ ਚਰਨ ਗੋਲੇ, ਸੋਹੰ ਕੰਡਾ ਹੱਥ ਉਠਾਏ ਆਪੇ ਪੂਰੇ ਤੋਲ ਤੋਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਘੋੜੇ ਸਾਚੇ ਚਾੜ੍ਹਿਆ । ਸਾਚੇ ਘੋੜੇ ਸ਼ਬਦ ਚੜ੍ਹਾਇੰਦਾ । ਜਗਤ ਵਿਛੋੜਾ ਆਪ ਕਟਾਇੰਦਾ । ਚਰਨ ਪ੍ਰੀਤੀ ਹਰਿ ਜੀ ਜੋੜੇ, ਦਰਸ ਅਮੋੜ ਹਰਿ ਸੰਜੋਗ ਆਪਣਾ ਆਪ ਵਖਾਇੰਦਾ । ਗੁਰਮੁਖ ਸਾਚਾ ਦਰ ਸਾਚਾ ਲੋੜੇ, ਅੰਤਮ ਵੇਲੇ ਹਰਿ ਜੀ ਬਹੁੜੇ, ਆਪਣੀ ਗੋਦ ਉਠਾਇੰਦਾ । ਅੰਤਮ ਵੇਲਾ ਵਕਤ ਦੁਹੇਲਾ ਦਿਨ ਰਹਿ ਗਏ ਥੋੜੇ, ਰਾਜਾ ਰਾਣਾ ਬੇਮੁਹਾਨਾ ਸ਼ਾਹ ਸੁਲਤਾਨਾ ਦਰ ਦਰ ਘਰ ਘਰ ਪਛੋਤਾਇੰਦਾ । ਗੁਰਮੁਖ ਸਾਚਾ ਸੁਘੜ ਸਿਆਣਾ, ਪੁਰਖ ਅਬਿਨਾਸ਼ੀ ਮੰਨੇ ਭਾਣਾ, ਘਨਕਪੁਰ ਵਾਸੀ ਸਾਚਾ ਰਾਹ ਵਖਾਇੰਦਾ । ਨਾ ਕੋਈ ਆਏ ਮਦਿਰਾ ਮਾਸੀ, ਗੁਰਮੁਖਾਂ ਦੇਵੇ ਸ਼ਬਦ ਸਵਾਸੀ, ਠਗ ਚੋਰ ਯਾਰ ਨਿੰਦਕ ਜੂਠੇ ਝੂਠੇ ਮਾਇਆਧਾਰੀ ਹਰਿ ਸਾਚਾ ਦਰ ਦੁਰਕਾਇੰਦਾ । ਗੁਰਮੁਖਾਂ ਦੇਵੇ ਨਾਮ ਖੁਮਾਰੀ, ਚਰਨ ਪ੍ਰੀਤੀ ਸਾਚੀ ਧਾਰੀ, ਕਾਇਆ ਠੰਡੀ ਠਾਰ ਰਖਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਕਾਲੀ ਡੋਲੀ ਹਰਿ ਸ਼ਿੰਗਾਰੀ, ਹਰਿ ਨਿਰੰਕਾਰਾ ਸਚ ਕਹਾਰਾ ਆਪੇ ਆਪ ਅਖਵਾਇੰਦਾ । ਸਾਚੀ ਡੋਲੀ ਹਰਿ ਬਣਾਈ । ਧਰਮ ਰਾਏ ਦੀ ਸਾਚੀ ਗੋਲੀ, ਅੰਦਰ ਨਾ ਕਿਸੇ ਸ਼ਬਦ ਬੋਲੀ, ਪ੍ਰਭ ਸਾਚੇ ਦਇਆ ਕਮਾਈ । ਪੂਰਾ ਤੋਲ ਹਰਿ ਜੀ ਤੋਲੀ, ਕਲਜੁਗ ਅੰਤਮ ਵੇਲਾ, ਨਾ ਪਾਸਾ ਕੋਈ ਬਚਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਸਦਾ ਰੱਖੀ ਠੰਡੀਂ ਛਾਈਂ । ਠੰਡੀ ਛਾਉਂ ਗੁਰ ਚਰਨ ਦਵਾਰਿਆ ।

੭੯੭
੦੪

ਆਪੇ ਪਿਤਾ ਆਪੇ ਮਾਂ, ਅੰਮ੍ਰਿਤ ਦੇਵੇ ਸ਼ਬਦ ਨਿਆਰਿਆ । ਨਾ ਕੋਈ ਰੱਖੇ ਮੱਝ ਗਾਂ, ਅੰਮ੍ਰਿਤ ਆਤਮ ਰਸ ਚੁਆ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਸਾਚੀ ਬਣਤ ਬਣਾ ਰਿਹਾ । ਹਰਿ ਸਾਚੀ ਬਣਤ ਬਣਾਇੰਦਾ । ਅੰਮ੍ਰਿਤ ਬਖ਼ਸ਼ੇ ਸਾਚੀ ਦਾਤ, ਆਤਮ ਤ੍ਰਿਖਾ ਮਾਤ ਮਿਟਾਇੰਦਾ । ਗੁਰ ਚਰਨ ਸੀਰ ਅੰਮ੍ਰਿਤ ਬੂੰਦ ਸਵਾਂਤ, ਹਉਮੇ ਰੋਗ ਗਵਾਇੰਦਾ । ਆਪੇ ਵੇਖੇ ਮਾਰ ਝਾਤ, ਅੰਦਰ ਬੈਠਾ ਡਗਮਗਾਇੰਦਾ । ਨਿਤ ਨਵੇਲਾ ਸਦਾ ਇਕਾਂਤ, ਜੋਤੀ ਕਰੇ ਹਰਿ ਜੀ ਮੇਲਾ, ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਵਕਤ ਸੁਹਾਇੰਦਾ । ਪਹਿਲੀ ਮਾਘੀ ਵਕਤ ਸੁਹੰਦੜਾ । ਗੁਰਮੁਖਾਂ ਧੋਏ ਦਾਗ, ਕਰਮ ਕਰੰਦੜਾ । ਹੱਥ ਆਪਣੇ ਪਕੜੇ ਵਾਗ, ਸ਼ਬਦ ਘੋੜਾ ਇਕ ਰਖੰਦੜਾ । ਹਰਿਜਨ ਸੋਇਆ ਜਾਏ ਜਾਗ, ਵਰ ਪਾਏ ਮਾਣ ਲੋੜੰਦੜਾ । ਸਚ ਦਵਾਰੇ ਹੰਸ ਬਣਾਏ ਕਾਗ, ਹਰਿ ਅੰਮ੍ਰਿਤ ਮੁਖ ਚਵੰਦੜਾ । ਮਾਇਆ ਡਸਣੀ ਨਾ ਡਸੇ ਨਾਗ, ਹਰਿ ਸੀਤਲ ਧਾਰ ਵਹਾਇੰਦਾ । ਆਤਮ ਤ੍ਰਿਸ਼ਨਾ ਬੁਝੇ ਆਗ, ਚਾਰ ਚੰਡਾਲੀ ਦੂਰ ਕਰਾਇੰਦਾ । ਗੁਰਮੁਖਾਂ ਹੋਏ ਵਡ ਵਡਭਾਗ, ਅੰਮ੍ਰਿਤ ਪਿਆਲਾ ਇਕ ਪਿਲਾਇੰਦਾ । ਹਰਿ ਮਿਲਿਆ ਕੰਤ ਸੁਹਾਗ, ਦੀਨ ਦਿਆਲਾ ਮੇਲ ਮਿਲਾਇੰਦਾ । ਆਪ ਬੁਝਾਏ ਤ੍ਰਿਸ਼ਨਾ ਆਗ, ਆਤਮ ਤ੍ਰਿਖਾ ਦੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਗੁਰ ਸੰਗਤ ਮੇਲਾ ਗੁਰ ਚਰਨ ਪ੍ਰੀਤੀ ਸਾਚਾ ਰਾਹ ਵਖਾਇੰਦਾ । ਗੁਰ ਚਰਨ ਪ੍ਰੀਤੀ ਸਚ ਵਿਹਾਰਿਆ । ਮਾਨਸ ਦੇਹੀ ਜਾਏ ਜੀਤੀ, ਮਿਲੇ ਮੇਲ ਭਤਾਰਿਆ । ਸਦਾ ਸੁਹੇਲਾ ਕਾਇਆ ਸੁਘੜ ਸਿਆਣ ਰੱਖੇ ਅਤੀਤੀ, ਨਾ ਆਵੇ ਪਾਸਾ ਹਾਰਿਆ । ਅੰਮ੍ਰਿਤ ਬੂੰਦ ਸਵਾਂਤੀ ਪੀਤੀ, ਹਰਿ ਮਿਲਿਆ ਵਡ ਭੰਡਾਰਿਆ । ਮਾਨਸ ਦੇਹੀ ਸੁਫਲ ਕੀਤੀ, ਗੁਰ ਚਰਨ ਸਰਨ ਨਿਮਸਕਾਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਸਾ ਮਨਸਾ ਪੂਰ ਕਰਾ ਰਿਹਾ । ਮਾਘ ਵੱਜੀ ਵਧਾਈ, ਮਗਨ ਗੁਰ ਚੇਲਿਆ । ਨਾ ਹੋਵੇ ਮਾਤ ਜੁਦਾਈ, ਪ੍ਰਭ ਸਾਚਾ ਮੇਲ ਮੇਲਿਆ । ਫੜ ਫੜ ਬਾਹੋਂ ਰਾਹੇ ਪਾਈ, ਬਣ ਸਾਚਾ ਸੱਜਣ ਸੁਹੇਲਿਆ । ਵੇਲੇ ਅੰਤ ਹੋਏ ਸਹਾਈ, ਦਰ ਘਰ ਸਾਚਾ ਵਰ ਘਰ ਧਾਮ ਵਸੇ ਰੰਗ ਨਵੇਲਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲਿਆ ਮੇਲ ਨਰ ਹਰਿ ਅਲਬੇਲਿਆ । ਧਰਮ ਰਾਜ ਹਰਿ ਦਵਾਰ । ਅੱਗੇ ਦਿਸੇ ਨਰ ਨਿਰੰਕਾਰ । ਦੋਏ ਜੋੜ ਕਰੇ ਨਿਮਸਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਨਰ ਨਰੇਸ਼ਾ ਦੇਵੇ ਵਰ, ਰਸਨਾ ਮੁਖ ਆਪ ਉਚਾਰ । ਧਰਤ ਮਾਤ ਸੁਫਲ ਕਰਾਏ ਤੇਰੀ ਕੁੱਖ, ਗੁਰਮੁਖ ਸਾਚੇ ਸੰਤ ਅਪਾਰ । ਧਰਮ ਰਾਏ ਤੇਰਾ ਚੁੱਕੇ ਦੁੱਖ, ਪ੍ਰਭ ਅਬਿਨਾਸ਼ੀ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਵਸੇ ਸਾਚੇ ਘਰ ਦੇਵੇ ਵਰ ਸੱਚੀ ਸਰਕਾਰ । ਸਚ ਸਰਕਾਰ ਹੁਕਮ ਸੁਣਾਈਆ । ਤੇਰਾ ਖੁਲ੍ਹੇ ਬੰਦ ਕਵਾੜ, ਖ਼ੁਸ਼ੀ ਮਨਾਈਆ । ਮਗਰ ਲੱਗੇ ਏਕਾ ਧਾੜ, ਰਾਜਾ ਰਾਣਾ ਦਏ ਦੁਹਾਈਆ । ਗਲੋਂ ਚੋਗਾ ਦੇਵੇ ਪਾੜ, ਸਿਰ ਤਾਜ ਰਹਿਣ ਨਾ ਪਾਈਆ । ਘਰ ਤੇਰੇ ਵਿਚ ਦੇਵੇ ਵਾੜ, ਨਾ ਸਕੇ ਕੋਈ ਛੁਡਾਈਆ । ਫੜ ਫੜ ਟੰਗੇ ਝਾੜ ਝਾੜ, ਵਖੋ ਵਖ ਰੰਗ ਵਖਾਈਆ । ਸਿਰ ਹਥੌੜਾ ਵੱਜੇ ਕਾੜ ਕਾੜ, ਅਗਨੀ ਤੀਲਾ ਆਪ ਲਗਾਈਆ । ਘੁੱਟ ਘੁੱਟ ਬੰਨ੍ਹੇ ਨਾੜ, ਲਹੂ ਮਿੱਝ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਦੇ ਮਤ ਰਿਹਾ ਸਮਝਾਈਆ । ਧਰਮ ਰਾਏ ਖ਼ੁਸ਼ੀ ਮਨਾਉਂਦਾ ਏ । ਪ੍ਰਭ ਅਬਿਨਾਸੀ ਰਸਨਾ ਗਾਉਂਦਾ ਏ । ਘਨਕਪੁਰ ਵਾਸੀ ਜਾਮ ਪਿਆਉਂਦਾ ਏ । ਫੜ ਫੜ

੭੯੯
੦੪

ਮਾਰੇ ਲੱਖ ਚੁਰਾਸੀ, ਏਕਾ ਰਾਹ ਵਖਉਂਦਾ ਏ । ਧਰਮ ਰਾਏ ਦੀ ਕਰੇ ਦਾਸੀ, ਲਾੜੀ ਮੌਤ ਨਾਲ ਰਲਾਉਂਦਾ ਏ । ਮੇਟ ਮਿਟਾਏ ਮਦਿਰਾ ਮਾਸੀ, ਸਾਚਾ ਸ਼ਬਦ ਲਿਖਾਉਂਦਾ ਏ । ਸ਼ਬਦ ਸੁਨੇਹੁੜਾ ਦੇਵੇ ਕਾਂਸ਼ੀ, ਪਰਾਗ ਅਯੁਧਿਆ ਆਪ ਸਮਝਾਉਂਦਾ ਏ । ਸਾਚੀ ਜੋਤ ਮਾਤ ਪ੍ਰਕਾਸ਼ੀ, ਸਤਾਰਾਂ ਹਾੜੀ ਬਣਤ ਬਣਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਦੇਵੇ ਵਰ, ਧਰਮ ਰਾਏ ਨਿਉਂ ਨਿਉਂ ਸੀਸ ਨਿਵਾਉਂਦਾ ਏ । ਧਰਮ ਰਾਏ ਗੁਣ ਸਾਚਾ ਗਾਏ । ਪ੍ਰਭ ਅਬਿਨਾਸ਼ੀ ਪੁਕਾਰ ਸੁਣ, ਮੇਰਾ ਘਰ ਇਕ ਵਸਾਏ । ਲੱਖ ਚੁਰਾਸੀ ਛਾਣ ਪੁਣ, ਗੁਰਮੁਖ ਸਾਚੇ ਵਖ ਕਰਾਏ । ਸੋਹੰ ਸ਼ਬਦ ਸੁਣਾਏ ਸਾਚੀ ਧੁਨ, ਸਤਿਜੁਗ ਸਾਚੀ ਰੇਖ ਵਖਾਏ । ਗੁਰਮੁਖਾਂ ਪੁਕਾਰ ਲਏ ਕੰਨ ਸੁਣ, ਧਰਤ ਮਾਤ ਦੀ ਗੋਦ ਬਿਠਾਏ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚੇ ਸਾਚੀ ਧਾਰ ਮਾਤ ਚਲਾਏ । ਸਤਿਗੁਰ ਸਾਚਾ ਧਰਮ ਧਰਾਇਆ । ਪਹਿਲੀ ਮਾਘੀ ਦਿਵਸ ਸੁਹਾਇਆ । ਮਾਣ ਤਾਣ ਵਿਚ ਜਹਾਨ, ਸ੍ਰੀ ਭਗਵਾਨ ਆਪਣੀ ਆਣ ਰਖਾਇਆ । ਇਕ ਝੁਲਾਏ ਧਰਮ ਨਿਸ਼ਾਨ, ਸੱਤਾਂ ਦੀਪਾਂ ਨੌਜਵਾਨ, ਨੌਵਾਂ ਖੰਡਾਂ ਵੰਡ ਕਰਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਕਰਮ ਕਮਾਇਆ । ਹਰਿ ਦਵਾਰ ਵਡ ਭੰਡਾਰ ਸ਼ਬਦ ਅਪਾਰਿਆ । ਗੁਰਮੁਖਾਂ ਕਰੇ ਖ਼ਬਰਦਾਰ ਕਰ ਪਿਆਰ, ਦੇਵੇ ਨਰ ਨਿਰੰਕਾਰਿਆ । ਮਾਨਸ ਜਨਮ ਜਾਏ ਸਵਾਰ, ਆਵੇ ਸਰਨ ਸੱਚੀ ਸਰਕਾਰਿਆ । ਉਲਟੀ ਨਾਭੀ ਕਵਲ ਮੌਲਿਆ, ਝਿਰਨਾ ਝਿਰੇ ਅਪਰ ਅਪਾਰ, ਨੂਰੀ ਜੋਤ ਕਰ ਉਜਿਆਰ, ਅਗਿਆਨ ਅੰਧੇਰ ਮਿਟਾ ਰਿਹਾ । ਸ਼ਬਦ ਚਲਾਏ ਏਕਾ ਧਾਰ, ਆਤਮ ਹੰਕਾਰ ਵਿਕਾਰ ਮਿਟਾ ਰਿਹਾ । ਵੇਖੇ ਰੰਗ ਸੱਚਾ ਕਰਤਾਰ, ਗੁਰਮੁਖ ਸਾਚੇ ਬੂਝ ਬੁਝਾ ਰਿਹਾ । ਸ਼ੌਹ ਦਰਿਆਏ ਬੇੜਾ ਪਾਰ, ਪ੍ਰਭ ਆਪਣੇ ਕੰਧ ਉਠਾ ਰਿਹਾ । ਧੁਰਦਰਗਾਹੀ ਸਚ ਵਿਹਾਰ, ਏਕਾ ਸ਼ਬਦ ਰਾਗ ਸੁਣਾ ਰਿਹਾ । ਨਾ ਕੋਈ ਜਾਣੇ ਜੰਤ ਗਵਾਰ, ਗੁਰਮੁਖ ਸੋਇਆ ਆਪ ਉਠਾ ਰਿਹਾ । ਸ਼ਬਦ ਭੰਡਾਰਾ ਭਰੇ ਭੰਡਾਰ, ਕਾਇਆ ਮੰਦਰ ਸਾਚੇ ਅੰਦਰ, ਏਕਾ ਵਸਤ ਟਿਕਾ ਰਿਹਾ । ਨੂਰ ਉਜਾਲਾ ਗੁਰ ਗੋਪਾਲਾ, ਕਾਇਆ ਡੂੰਘੀ ਕੰਦਰ, ਸਾਚਾ ਦੀਪਕ ਆਪ ਸੁਹਾ ਰਿਹਾ । ਆਤਮ ਤੋੜੇ ਵੱਜਾ ਜੰਦਰ, ਸੋਹੰ ਕੁੰਜੀ ਨਾਮ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਦਰ ਆਏ ਮਾਣ ਦਵਾ ਰਿਹਾ । ਸਾਚਾ ਮਿਲੇ ਮਾਣ, ਹਰਿ ਸਰਨ ਨਿਰੰਕਾਰਿਆ । ਅੰਮ੍ਰਿਤ ਦੇਵੇ ਪੀਣ ਖਾਣ, ਮਿਲੀ ਧਾਰਾ ਠੰਡੀ ਠਾਰਿਆ । ਆਪ ਚੁਕਾਏ ਜਮ ਕੀ ਕਾਨ, ਬੰਦ ਖ਼ੁਲਾਸੀ ਆਪ ਕਰਾ ਰਿਹਾ । ਇਕ ਰਖਾਏ ਸ਼ਬਦ ਆਣ, ਸੱਚੀ ਸਿੱਖਿਆ ਆਪ ਸਿਖਾ ਰਿਹਾ । ਮਦਿਰਾ ਮਾਸ ਜਗਤ ਤਿਆਗ, ਹਰਿ ਸਾਚਾ ਮਾਰਗ ਲਾ ਰਿਹਾ । ਅਨਹਦ ਉਪਜੇ ਸਾਚਾ ਰਾਗ, ਧੁਨਧੁਨੀ ਆਪਣੇ ਹੱਥ ਰਖਾ ਰਿਹਾ । ਸਚ ਸਤਾਰਾ ਆਪ ਵਜੰਤਾ, ਰਾਗ ਰਾਗਨੀ ਏਕ ਧਾਰ ਸੁਣਾ ਰਿਹਾ । ਗੁਰਮੁਖ ਸਾਚੇ ਕੰਨ ਸੁਣੰਤਾ, ਆਪ ਬਣਾਏ ਆਪਣੀ ਬਣਤਾ, ਪਵਣ ਅਸਵਾਰੀ ਸ਼ਬਦ ਉਡਾਰੀ, ਅੰਦਰੇ ਅੰਦਰ ਕਰਾ ਰਿਹਾ । ਆਪੇ ਗੋਬਿੰਦ ਆਪੇ ਗੋਵਿੰਤਾ, ਆਪੇ ਭੋਗੀ ਆਪੇ ਭੋਗ ਭੁਗੰਤਾ, ਸ਼ਬਦ ਧੁਨ ਨਾਦ ਧੁਨਕਾਰੀ, ਹਰਿ ਸਾਚਾ ਨਾਦ ਵਜਾ ਰਿਹਾ । ਮਾਣ ਦਵਾਏ ਸਾਚੇ ਸੰਤਾ, ਚਰਨ ਬਹਾਏ ਆਦਿਨ ਅੰਤਾ, ਸੋਹੰ ਸ਼ਬਦ ਜਿਹਵਾ ਰਸਨਾ ਹਰਿ ਚੋਗ ਚੁਗਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖਾਂ ਦੇਵੇ ਨਾਮ ਨਿਸ਼ਾਨਾ, ਵਡ ਵਡਭਾਗੀ ਦਿਵਸ ਮਾਘੀ, ਲੋਕਮਾਤ ਸੁਹਾ ਰਿਹਾ । ਹਰਿ ਸਿੰਘਾਸਣ ਅਡੋਲ, ਵਿਚ ਸੰਸਾਰਿਆ । ਹਰਿ ਸਿੰਘਾਸਣ ਅਡੋਲ, ਨਾ ਕੋਈ ਤੋਲ ਤੁਲਾ ਰਿਹਾ । ਹਰਿ ਸਿੰਘਾਸਣ ਅਡੋਲ, ਨਾ ਕੋਈ ਬਣਤ

ਬਣਾ ਰਿਹਾ । ਹਰਿ ਸਿੰਘਾਸਣ ਅਨਮੋਲ, ਜੁਗੋ ਜੁਗ ਮਾਤ ਧਰਾ ਰਿਹਾ । ਹਰਿ ਸਿੰਘਾਸਣ ਅਡੋਲ, ਸਤਿਜੁਗ ਸਾਚੇ ਧਰਤ ਮਾਤ ਟਿਕਾ ਰਿਹਾ । ਹਰਿ ਸਿੰਘਾਸਣ ਅਤੋਲ, ਅਠਾਰਾਂ ਭੇਖੀ ਵੇਖਾ ਵੇਖੀ ਲਾਲ ਧਾਰ ਖੇਲ ਰਚਾ ਰਿਹਾ । ਹਰਿ ਸਿੰਘਾਸਣ ਅਡੋਲ, ਨਾ ਕੋਈ ਜਾਣੇ ਜਗਤ ਡੋਲਾ, ਨਾ ਕੋਈ ਬਣਤ ਬਣਾ ਰਿਹਾ । ਹਰਿ ਸਿੰਘਾਸਣ ਜਗਤ ਅਤੋਲਾ, ਤਰੇਤੇ ਆਪਣਾ ਆਪ ਉਪਾ ਰਿਹਾ । ਹਰਿ ਸਿੰਘਾਸਣ ਸਦਾ ਅਡੋਲਾ, ਦੋਏ ਦੋਏ ਲੇਖ ਲਿਖਾ ਰਿਹਾ । ਹਰਿ ਸਿੰਘਾਸਣ ਅਤੋਲਾ, ਨਾ ਕੋਈ ਮਾਤ ਵਖਾ ਰਿਹਾ । ਹਰਿ ਸਿੰਘਾਸਣ ਅਤੋਲਾ, ਜੁਗੋ ਜੁਗ ਜੁਗੰਤੀ ਮਾਤ ਬਣਾ ਰਿਹਾ । ਹਰਿ ਸਿੰਘਾਸਣ ਅਤੋਲਾ, ਨਾ ਕੋਈ ਮਾਤ ਵਖਾ ਰਿਹਾ । ਹਰਿ ਸਿੰਘਾਸਣ ਅਤੋਲਾ, ਸ਼ਬਦ ਛਤਰ ਹੱਥ ਫੜਾ ਰਿਹਾ । ਹਰਿ ਸਿੰਘਾਸਣ ਅਤੋਲਾ, ਨਾ ਕੋਈ ਪਹਿਨੇ ਅਸਤਰ ਸ਼ਸਤਰ, ਚੱਕਰ ਸੁਦਰਸ਼ਨ ਉਪਰ ਟਿਕਾ ਰਿਹਾ । ਹਰਿ ਸਿੰਘਾਸਣ ਅਤੋਲਾ, ਦਵਾਪਰ ਵੇਖ ਵਖਾ ਰਿਹਾ । ਹਰਿ ਸਿੰਘਾਸਣ ਅਤੋਲਾ, ਸਾਚੀ ਜੜਤੀ ਆਪ ਜੜਾ ਰਿਹਾ । ਹਰਿ ਸਿੰਘਾਸਣ ਅਤੋਲਾ, ਕਲਜੁਗ ਰੱਖੇ ਪੜਦਾ ਉਹਲਾ, ਗੁਰ ਪੀਰਾਂ ਭੇਵ ਨਾ ਪਾ ਲਿਆ । ਹਰਿ ਸਿੰਘਾਸਣ ਅਤੋਲਾ, ਪਾ ਸਰਗੁਣ ਮਾਤ ਚੋਲਾ, ਕਾਇਆ ਦੇਹੀ ਨਾ ਕਿਸੇ ਬਣਾ ਲਿਆ । ਹਰਿ ਸਿੰਘਾਸਣ ਅਡੋਲਾ, ਧੁਰਦਰਗਾਹੀ ਸਚ ਸਨੇਹੀ, ਆਪ ਆਪਣੇ ਹੱਥ ਰਖਾ ਰਿਹਾ । ਆਪ ਤਜਾਏ ਕਾਇਆ ਦੇਹੀ, ਜੋਤੀ ਜਾਮਾ ਪਾ ਲਿਆ । ਜੋਤ ਨਿਰੰਜਣ ਨਿਰ ਵਿਕਾਰ, ਨਿਰਗੁਣ ਸਰਗੁਣ ਦੋਵੇਂ ਲੇਖ ਲੋਕਮਾਤ ਲਿਖਾ ਰਿਹਾ । ਜੋਤੀ ਜਾਮਾ ਧਰਿਆ ਭੇਖ, ਹਰਿ ਆਪਣੀ ਬਣਤ ਬਣਾ ਰਿਹਾ । ਹਰਿ ਸਿੰਘਾਸਣ ਅਤੋਲ, ਕਲਜੁਗ ਤੇਰੇ ਅੰਤਮ ਵੇਲੇ ਬੇਮੁਖਾਂ ਪੜਦੇ ਦੇਵੇ ਖੋਲ੍ਹ, ਸਾਚੀ ਬਣਤ ਬਣਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਸਾਚੀ ਰਚਨ ਰਚਾ ਰਿਹਾ । ਹਰਿ ਸਿੰਘਾਸਣ ਅਤੋਲ, ਚਾਰ ਕੁੰਟ ਚਾਰ ਚੁਫੇਰ ਧਰਤ ਮਾਤ ਵੇਖ ਵਖਾਈਆ । ਹਰਿ ਸਿੰਘਾਸਣ ਅਤੋਲ, ਪੁਰਖ ਅਬਿਨਾਸ਼ੀ ਸਾਚੇ ਭੇਖ, ਸਾਚੇ ਧਾਮ ਵੰਡ ਕਰਾਈਆ । ਹਰਿ ਸਿੰਘਾਸਣ ਅਤੋਲ, ਗੁਰ ਗੋਬਿੰਦੇ ਲਿਖਿਆ ਲੇਖ, ਨਿਹਕਲੰਕ ਦਏ ਉਪਜਾਈਆ । ਹਰਿ ਸਿੰਘਾਸਣ ਅਤੋਲ, ਹਰਿ ਸਾਚਾ ਸਾਚੀ ਗਣਤ ਗਿਣਾਈਆ । ਹਰਿ ਸਿੰਘਾਸਣ ਅਤੋਲ, ਗੁਰਮੁਖ ਸਾਚੇ ਸੰਤ ਦੁਲਾਰੇ ਧਰਤ ਮਾਤ ਤੇਰੀ ਗੋਦ ਉਠਾਈਆ । ਹਰਿ ਸਿੰਘਾਸਣ ਅਤੋਲ, ਸਿੰਘ ਮਨਜੀਤ ਨਾ ਜਾਏ ਡੋਲ, ਪ੍ਰਭ ਭਾਣੇ ਆਪ ਰਖਾਈਆ । ਹਰਿ ਸਿੰਘਾਸਣ ਅਤੋਲ, ਜਗਤ ਜਗਦੀਸ਼ੇ ਕਿਹਾ ਬੋਲ, ਤੇਰੀ ਵਾਰੀ ਮਾਤ ਅੰਤਮ ਆਈਆ । ਹਰਿ ਸਿੰਘਾਸਣ ਅਤੋਲ, ਪ੍ਰਭ ਪਾਕੀ ਪਾਕ ਨੀਹਾਂ ਹੇਠ ਚਿਣਾਈਆ । ਹਰਿ ਸਿੰਘਾਸਣ ਅਡੋਲ, ਸਾਚਾ ਮੰਦਰ ਆਪ ਸੁਹਾਈਆ । ਹਰਿ ਸਿੰਘਾਸਣ ਅਡੋਲ, ਅੱਠਾਂ ਤੱਤਾਂ ਬਣਤ ਬਣਾਈਆ । ਹਰਿ ਸਿੰਘਾਸਣ ਅਤੋਲ, ਨਾਵੇਂ ਦਰ ਖੋਲ੍ਹ ਵਖਾਈਆ । ਹਰਿ ਸਿੰਘਾਸਣ ਅਤੋਲ, ਦਸਵਾਂ ਆਪਣੇ ਹੱਥ ਰਖਾਈਆ । ਹਰਿ ਸਿੰਘਾਸਣ ਅਤੋਲ, ਨਾਵੇਂ ਉਪਰ ਪੜਦਾ ਪਾਈਆ । ਹਰਿ ਸਿੰਘਾਸਣ ਅਤੋਲ, ਬਾਰਾਂ ਚਾਰ ਲੇਖਾ ਰਿਹਾ ਲਿਖਾਈਆ । ਹਰਿ ਸਿੰਘਾਸਣ ਅਤੋਲ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਬੈਠ ਇਕਾਂਤ ਆਪਣੀ ਬਣਤ ਬਣਾਈਆ । ਹਰਿ ਸਿੰਘਾਸਣ ਅਤੋਲ, ਮਾਤ ਬਣਾਇੰਦਾ । ਹਰਿ ਸਿੰਘਾਸਣ ਅਤੋਲ, ਚਾਰ ਚਾਰ ਚਾਰ ਚਾਰ, ਚਾਰ ਚੁਫੇਰ ਰਖਾਇੰਦਾ । ਨਿਰਗੁਣ ਸਰਗੁਣ ਦੋਵੇਂ ਰੂਪ, ਹੀਆਂ ਸੇਰੂ ਆਪ ਜਣਾਇੰਦਾ । ਸਾਚਾ ਤਾਣਾ ਪ੍ਰੇਮੀ ਬਾਣਾ, ਨੌਂ ਤੰਦੀ ਆਪ ਉਣਾਇੰਦਾ । ਤਿੰਨ ਤਿੰਨ ਰੱਖੇ ਏਕਾ ਧਾਰਾ, ਇਕ ਦੂਜੇ ਉਪਰ ਲੰਘਾਇੰਦਾ । ਤਿੰਨੇ ਦਿਸ਼ਾ ਵਾਰੋ ਵਾਰਾ, ਨਾਵੇਂ ਘਰ ਤਿੰਨ ਤਿੰਨ ਜੋੜ ਜੁੜਾਇੰਦਾ । ਲੇਖਾ ਲਿਖੇ ਹਰਿ ਜੀ ਗਿਣ ਗਿਣ, ਸਾਚੀ ਬਣਤ ਬਣਾਇੰਦਾ । ਜੋਤੀ

੮੦੦
੦੪

ਜੋਤ ਸਰੂਪ ਹਰਿ, ਸਚ ਸਿੰਘਾਸਣ ਕਰ ਤਿਆਰ, ਲੋਕਮਾਤ ਤੇਰੇ ਉਪਰ ਚਰਨ ਛੁਹਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣੇ ਰੰਗ ਸਮਾਇੰਦਾ । ਸਚ ਸਿੰਘਾਸਣ ਦੇਵੇ ਰੱਖ । ਕਲਜੁਗ ਤੇਰੀ ਅੰਤਮ ਸਾਚੀ ਵਸਤ ਕਰੇ ਵਖ । ਚਾਰ ਕੁੰਟ ਦਹਿ ਦਿਸ਼ਾ ਕਿਸੇ ਹੱਥ ਨਾ ਆਏ, ਨਾ ਕੋਈ ਮੁੱਲ ਚੁਕਾਏ ਕਰੋੜ ਲੱਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਧਰਤ ਮਾਤ ਟਿਕਾਇਆ, ਗੁਰਮੁਖਾਂ ਸਾਚਾ ਮਾਣ ਦਵਾਇਆ, ਆਪੇ ਰੱਖੇ ਦੇ ਕਰ ਹੱਥ । ਸਚ ਸਿੰਘਾਸਣ ਦਸਮ ਦਵਾਰਿਆ । ਪ੍ਰਭ ਅਬਿਨਾਸ਼ੀ ਸਾਚਾ ਆਸਣ ਦਿਸ ਕਿਸੇ ਨਾ ਆ ਰਿਹਾ । ਕਰੇ ਖੇਲ ਹਰਿ ਸ਼ਬਦ ਸਵਾਸਨ, ਮਾਤ ਪਤਾਲ ਅਕਾਸ਼ਨ ਬਣਤ ਬਣਾ ਰਿਹਾ । ਜੋਤ ਨਿਰਾਲੀ ਘਨਕਪੁਰ ਵਾਸਣ, ਸ਼ਬਦ ਜਲਾਲੀ ਰੰਗ ਚੜ੍ਹਾ ਰਿਹਾ । ਗੁਰਮੁਖਾਂ ਲਹਿਣਾ ਦੇਣਾ ਦੇਵੇ ਹੱਕ ਹਲਾਲੀ, ਆਤਮ ਦਰ ਨਾ ਰਹੇ ਖਾਲੀ, ਹਰਿ ਸਚ ਭੰਡਾਰ ਭਰਾ ਰਿਹਾ । ਜਗਤ ਅਵਲੜੀ ਚਲੀ ਚਾਲੀ, ਕਲਜੁਗ ਜਗੀ ਜੋਤ ਅਕਾਲੀ, ਗੁਰਮੁਖਾਂ ਬਣਿਆ ਆਪੇ ਪਾਲੀ, ਭਾਣਾ ਆਪਣੇ ਹੱਥ ਰਖਾ ਰਿਹਾ । ਕੋਈ ਨਾ ਮੰਗੇ ਵਿਚ ਦਲਾਲੀ, ਫਲ ਲਗਾਏ ਸਾਚੀ ਡਾਲੀ, ਅੰਮ੍ਰਿਤ ਮੇਵਾ ਰਸਨਾ ਜਿਹਵਾ ਆਪੇ ਆਪ ਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਸਤਿ ਸਿੰਘਾਸਣ ਆਪ ਬਿਰਾਜੇ, ਕਰੇ ਖੇਲ ਦੇਸ ਮਾਝੇ, ਭਗਤ ਜਨਾਂ ਹਰਿ ਸਾਜਨ ਸਾਜੇ, ਸਾਚਾ ਲੇਖਾ ਲੇਖ ਲਿਖਾ ਰਿਹਾ । ਆਪ ਸਵਾਰੇ ਆਪਣੇ ਕਾਜੇ, ਭਗਤ ਸੁਹੇਲਾ ਰੱਖੇ ਲਾਜੇ, ਸ਼ਬਦ ਸਰੂਪੀ ਮਾਰੇ ਅਵਾਜੇ, ਸੋਇਆ ਗੁਰਮੁਖ ਮਾਤ ਉਠਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਸਚ ਭੰਡਾਰਾ ਹਰਿ ਦਾਤਾਰਾ, ਆਪੇ ਆਪ ਵਰਤਾ ਰਿਹਾ । ਸਚ ਸਿੰਘਾਸਣ ਹਰਿ ਰਖਾਇੰਦਾ । ਜਗਤ ਜਗਦੀਸ਼ੇ ਤੇਰੀ ਕਾਇਆ ਮੰਦਰ ਤਖ਼ਤ ਬਣਾਇੰਦਾ । ਨੌਂ ਦਵਾਰੇ ਵੱਜੇ ਜੰਦਰ, ਦਸਵੇਂ ਡੇਰਾ ਲਾਇੰਦਾ । ਬਾਹਰ ਵੇਖਣ ਬੇਮੁਖ ਬੰਦਰ, ਗੁਰਮੁਖਾਂ ਅੰਦਰੇ ਅੰਦਰ ਨੂਰ ਨੁਰਾਨਾ ਆਪ ਵਖਾਇੰਦਾ । ਕਾਇਆ ਕੋਠਾ ਸਾਚੀ ਕੰਦਰ, ਅਠਾਰਾਂ ਬਾਰਾਂ ਪੰਦਰਾਂ ਨੌਂ ਸਾਚੀ ਬਣਤ ਬਣਾਇੰਦਾ । ਸਚ ਸਿੰਘਾਸਣ ਰਿਹਾ ਮਵਲ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ, ਦਰ ਤੇਰੇ ਆਪ ਸੁਹਾਇੰਦਾ । ਕਾਇਆ ਮੰਦਰ ਬਣਤ ਬਣਾਈਆ । ਵਿਚ ਬੈਠਾ ਹਰਿ ਰਘੁਰਾਈਆ । ਆਤਮ ਸੇਜਾ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਸਾਚਾ ਡੇਰਾ ਹਰਿ ਘਰ ਵਸੇਰਾ, ਆਪਣਾ ਆਪ ਰਖਾਈਆ । ਕਾਇਆ ਮੰਦਰ ਸੇਜ ਵਿਛਾਈਆ । ਹਰਿ ਸੁੱਤਾ ਜਗਤ ਰਘੁਰਾਈਆ । ਬੇਮੁਖ ਜੀਵਾਂ ਖ਼ਾਲੀ ਦਿਸੇ ਬੁਤਾ, ਪ੍ਰਭ ਸਾਚਾ ਦਿਸ ਨਾ ਆਈਆ । ਗੁਰਮੁਖਾਂ ਸੁਹਾਏ ਸਾਚੀ ਰੁੱਤਾ, ਛੱਬੀ ਪੋਹ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਡੇਰਾ ਲਾਏ, ਆਤਮ ਸੇਜਾ ਇਕ ਬਣਾਏ, ਨਾ ਚਲੇ ਕਿਸੇ ਕੋਈ ਚਤੁਰਾਈਆ । ਕਾਇਆ ਮੰਦਰ ਖੇਲ ਨਿਆਰੜਾ । ਲੋਕਮਾਤ ਬਣਾਇਆ ਸਾਚਾ ਅੰਦਰ, ਵਿਚ ਵਸਿਆ ਮੀਤ ਮੁਰਾਰੜਾ । ਨੌਂ ਦਰਵਾਜੇ ਸਾਜਨ ਸਾਜੇ, ਨਾ ਕੀਆ ਕਿਸੇ ਪਿਆਰੜਾ । ਸਚ ਦਵਾਰੇ ਹਰਿ ਜੀ ਭਾਜੇ, ਸੁੱਤਾ ਪੈਰ ਪਸਾਰੜਾ । ਹਰਿਜਨ ਰੱਖੇ ਹਰਿ ਜੂ ਲਾਜੇ, ਮਿਲੇ ਮੀਤ ਸਚਾ ਯਾਰੜਾ । ਆਪ ਸਵਾਰੇ ਕਲਜੁਗ ਕਾਜੇ, ਗੁਰਮੁਖਾਂ ਬੰਦ ਕਰਾਏ ਨੌਂ ਦਵਾਰੜਾ । ਕਿਸੇ ਹੱਥ ਨਾ ਆਏ ਰਾਜਨ ਰਾਜੇ, ਵਣਜ ਕਰਾਏ ਏਕਾ ਸ਼ਬਦ ਬਣ ਸੱਚਾ ਵਣਜਾਰੜਾ । ਬੇਮੁਖ ਜੀਵ ਭਾਂਡੇ ਕਾਚੇ, ਨਾ ਮਿਲਿਆ ਕੋਈ ਠਠਿਆਰਿੜਾ । ਗੁਰਮੁਖਾਂ ਹਰਿ ਸਾਜਨ ਸਾਜੇ, ਕਰੇ ਖੇਲ ਅਪਰ ਅਪਾਰੜਾ । ਸ਼ਬਦ ਸਰੂਪੀ ਮਾਰੇ ਅਵਾਜੇ, ਖਿਚ ਲਿਆਏ ਚਰਨ ਦਵਾਰੜਾ । ਕਲਜੁਗ ਅੰਤਮ ਰੱਖੇ ਲਾਜੇ, ਨਾ ਕੋਈ ਕਰੇ ਉਦਾਰੜਾ । ਚਿੱਟੇ ਅਸਵ ਚੜ੍ਹੇ ਸਦੀ ਬੀਸ ਸਾਲ


੮੦੧ ੦੪

ਗਿਆਰੜਾ । ਲੇਖਾ ਲਿਖੇ ਦਸਵੇਂ ਮਾਸੇ, ਹਰਿ ਬੇੜਾ ਪਾਰ ਉਤਾਰੜਾ । ਪ੍ਰਗਟ ਹੋਏ ਘਨਕਪੁਰ ਵਾਸੇ, ਮਿਲੇ ਵਡਿਆਈ ਸਤਾਰਾਂ ਹਾਰੜਾ । ਸਾਚੀ ਜੋਤ ਮਾਤ ਪ੍ਰਕਾਸ਼ੇ, ਨਰ ਨਰਾਇਣ ਸੱਚਾ ਲਾਰੜਾ । ਕਲਜੁਗ ਅੰਧੇਰਾ ਅੰਤ ਵਿਨਾਸੇ, ਮਾਰੇ ਬਾਣ ਰਸਨ ਕਮਾਨ ਤੀਰ ਅਪਾਰੜਾ । ਗੁਰਮੁਖਾਂ ਹਰਿ ਹੋਇਆ ਦਾਸੇ, ਜੋਤੀ ਜੋਤ ਸਰੂਪ ਹਰਿ, ਬਣ ਸਾਚਾ ਮੀਤ ਮੁਰਾਰੜਾ । ਹਰਿ ਸਾਚਾ ਮੀਤ ਮੁਰਾਰਿਆ । ਲੋਕਮਾਤ ਨਾ ਕਰੇ ਕੋਈ ਉਧਾਰਿਆ । ਕਲਜੁਗ ਤੇਰੀ ਅੰਧੇਰੀ ਰਾਤ, ਲੋਕਮਾਤ ਕਰੇ ਉਜਿਆਰਿਆ । ਦੂਰ ਦੁਰਾਡਾ ਮਾਰੇ ਝਾਤ, ਸ਼ਬਦ ਸਚੀ ਉਡਾਰਿਆ । ਗੁਰਮੁਖਾਂ ਦੇਵੇ ਅੰਮ੍ਰਿਤ ਬੂੰਦ ਸਵਾਂਤ, ਖਿਚ ਲਿਆਏ ਚਰਨ ਦਵਾਰਿਆ । ਆਪ ਬੰਧਾਏ ਚਰਨ ਨਾਤ, ਹਉਮੇ ਮਮਤਾ ਰੋਗ ਨਿਵਾਰਿਆ । ਸ਼ਬਦ ਦੇਵੇ ਸਾਚੀ ਦਾਤ, ਅੱਠੇ ਪਹਿਰ ਰਹੇ ਖ਼ੁਮਾਰਿਆ । ਧੁਰਦਰਗਾਹੀ ਸਚ ਸੁਗਾਤ, ਮੰਗਣ ਆਏ ਦਰ ਦਵਾਰਿਆ । ਅੰਤਮ ਵੇਲੇ ਪੁੱਛੇ ਵਾਤ, ਪੁਰਖ ਨਿਰੰਜਣ ਹਰਿ ਭਗਤਾਂ ਪਾਵੇ ਸਾਰਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਖੇਲ ਅਪਰ ਅਪਾਰਿਆ । ਹਰਿ ਖੇਲ ਅਪਾਰ ਵਿਚ ਸੰਸਾਰਿਆ । ਕਲਜੁਗ ਤੇਰਾ ਅੰਤਮ ਵੇਲ, ਨਾ ਕਿਸੇ ਮਾਤ ਵਿਚਾਰਿਆ । ਗੁਰਮੁਖਾਂ ਚਾੜ੍ਹੇ ਸ਼ਬਦ ਸਰੂਪੀ ਆਤਮ ਤੇਲ, ਨਾਮ ਵਟਣਾ ਆਪ ਲਗਾ ਰਿਹਾ । ਹਰਿ ਕੰਤ ਸੁਹੇਲਾ ਸਾਚਾ ਮੇਲ, ਪਿਰ ਨਾਰੀ ਮਾਤ ਜੁੜਾ ਰਿਹਾ । ਆਪੇ ਕਟੇ ਧਰਮ ਰਾਏ ਦੀ ਝੂਠੀ ਜੇਲ੍ਹ, ਜੋਤੀ ਜੋਤ ਸਰੂਪ ਹਰਿ, ਅੰਤਮ ਜੋਤੀ ਮੇਲ ਮਿਲਾ ਰਿਹਾ । ਗੁਰ ਪੂਰਾ ਸੇਵ ਕਮਾਏ, ਹਰਿ ਸਾਚਾ ਲੇਖੇ ਲਾਇੰਦਾ । ਸੰਤ ਮਨੀ ਸਿੰਘ ਜਨਮ ਦਵਾਏ, ਸਾਚਾ ਧੁਰ ਧਿਆਨ ਹਰਿ ਰਖਾਇੰਦਾ । ਜਨਮ ਕਰਮ ਪ੍ਰਭ ਹੱਥ ਰਖਾਏ, ਦਿਸ ਕਿਸੇ ਨਾ ਆਇੰਦਾ । ਆਤਮ ਜੋਤੀ ਵਥ ਟਿਕਾਏ, ਸ਼ਬਦ ਨਾਲ ਆਪ ਜੁੜਾਇੰਦਾ । ਸੋਹੰ ਸਾਚੇ ਰਥ ਚੜ੍ਹਾਏ, ਸਾਚਾ ਤੱਤ ਵਖਾਇੰਦਾ । ਫੜ ਫੜ ਬਾਹੋਂ ਆਪ ਉਡਾਏ, ਲੋਆਂ ਪੁਰੀਆਂ ਪਾਰ ਕਰਾਇੰਦਾ । ਆਪ ਆਪਣਾ ਲੜ ਫੜਾਏ, ਜੋਤੀ ਜਾਮਾ ਹਰਿ ਜੀ ਪਾਇੰਦਾ । ਅੰਦਰ ਵੜ ਕੋਈ ਭੁੱਲ ਨਾ ਜਾਏ, ਪ੍ਰਭ ਆਤਮ ਭੇਵ ਖੁਲ੍ਹਾਇੰਦਾ । ਦਰ ਦਵਾਰੇ ਸਾਚੇ ਖੜ੍ਹ, ਏਕਾ ਰਾਹ ਵਖਾਇੰਦਾ । ਮੁਖ ਨਾ ਪੀਵੇ ਕੋਈ ਨੜ, ਦਰ ਦਵਾਰੇ ਹਰਿ ਦੁਰਕਾਇੰਦਾ । ਸ਼ਬਦ ਸਰੂਪੀ ਲਏ ਫੜ, ਸ਼ਬਦ ਡੰਡਾ ਹੱਥ ਉਠਾਇੰਦਾ । ਕਾਇਆ ਮੰਦਰ ਸਾਚੇ ਵੜ, ਪੰਚ ਵਿਕਾਰਾ ਪੁਰਖ ਅਪਾਰਾ ਡੰਨ ਲਗਾਇੰਦਾ । ਨਾ ਕੋਈ ਜਾਣੇ ਜੀਵ ਜੰਤ ਗਵਾਰਾ, ਮਦਿਰਾ ਮਾਸ ਕਰੇ ਅਹਾਰਾ, ਦਰ ਘਰ ਮਾਣ ਨਾ ਪਾਇੰਦਾ । ਪਹਿਲੀ ਮਾਘੀ ਵਕਤ ਵਿਚਾਰਾ, ਸਤਿਜੁਗ ਤੇਰੀ ਸਾਚੀ ਧਾਰਾ, ਪ੍ਰਗਟ ਹੋਏ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਾਰਾ, ਸ਼ਬਦ ਕਰਾਏ ਤਨ ਸ਼ਿੰਗਾਰਾ, ਸੋਲਾਂ ਕਲੀਆਂ ਬੰਨ੍ਹਣ ਬੰਨ੍ਹੇ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪ ਆਪਣੀ ਵੰਡ ਕਰਾਏ । ਚੱਲੇ ਸ਼ਬਦ ਵਿਚ ਵਰਭੰਡ, ਨਾ ਕੋਈ ਸੌਂਵੇਂ ਦੇ ਕਰ ਕੰਡ, ਰਾਜੇ ਰਾਣਿਆਂ ਦੇਵੇ ਦੰਡ, ਮੇਟ ਮਿਟਾਏ ਜਗਤ ਪਖੰਡ, ਸੀਸ ਮੂੰਡਾ ਮਗਰ ਲਗਾਏ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਨਾਮ ਨਿਸ਼ਾਨਾ ਵੰਞ ਮੁਹਾਨਾ, ਵਾਲੀ ਦੋ ਜਹਾਨਾਂ ਲੋਕਮਾਤ ਇਕ ਚਲਾਏ । ਸਾਚਾ ਇਕ ਨਿਸ਼ਾਨ ਬਣਾਉਣਾ । ਵਾਲੀ ਹਿੰਦ ਵੇਖ ਵਖਾਉਣਾ । ਸੱਤਾਂ ਦੀਪਾਂ ਰੰਗ ਵਟਾਉਣਾ । ਨੌਂ ਦਵਾਰੇ ਨੌਂ ਘਰ, ਨੌਂ ਖੰਡ ਪ੍ਰਿਥਮੀ ਵੰਡ ਕਰਾਉਣਾ । ਫੜ ਫੜ ਮਾਰੇ ਔਲੀਏ ਪੀਰ ਸ਼ੇਖ਼ ਪੰਡਤ ਪਾਂਧੇ ਗ੍ਰੰਥੀ ਪੰਥੀ ਮੁਲਾਂ ਕਾਜੀ, ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਸਾਚਾ ਤੀਰ ਉਠਾਉਣਾ । ਸਾਚਾ ਤੀਰ ਆਪ ਉਠਾਇੰਦਾ । ਰਸਨਾ ਖਿੱਚ ਕਮਾਨ, ਵਿਚ ਮਾਤ ਹਰਿ ਚਲਾਇੰਦਾ । ਵੇਖ ਵਖਾਣੇ ਬੇਈਮਾਨ ਸ਼ੈਤਾਨ, ਚਾਰੇ ਕੁੰਟਾਂ ਫੋਲ ਫੁਲਾਇੰਦਾ । ਨਾ ਕੋਈ

ਜਾਣੇ ਜੀਵ ਜਹਾਨ, ਮਾਇਆ ਰਾਣੀ ਪੜਦਾ ਪਾਇੰਦਾ । ਮਿਲੇ ਨਾ ਕਿਸੇ ਨਾਮ ਦਾਨ, ਬ੍ਰਹਮ ਗਿਆਨ ਨਾ ਕੋਈ ਦਵਾਇੰਦਾ । ਕੂੜ ਕੁੜਿਆਰਾ ਜਗਤ ਪ੍ਰਧਾਨ, ਦਿਨ ਦਿਹਾੜਾ ਖੇਲ ਵਰਤਾਇੰਦਾ । ਕਲਜੁਗ ਜੀਵ ਕੱਢੇ ਹਾੜਾ, ਨਾ ਕੋਈ ਕਿਸੇ ਛੁਡਾਇੰਦਾ । ਜ਼ਿਮੀਂ ਅਸਮਾਨੀ ਪੜਦਾ ਪਾੜਾ । ਕਲਜੁਗ ਤੇਰਾ ਧੁੰਦੂਕਾਰ, ਪ੍ਰਗਟ ਹੋਏ ਨਰ ਨਿਰੰਕਾਰਾ । ਭੇਖ ਅਨੂਪਾ ਸਤਿ ਸਰੂਪਾ, ਜੋਤੀ ਜਾਮਾ ਸ੍ਰੀ ਭਗਵਾਨਾ ਨਿਹਕਲੰਕੀ ਪਹਿਰੇ ਬਾਣਾ, ਮੱਲਿਆ ਦੇਸ ਕਰ ਕਰ ਵੇਸ, ਗੁਰਮੁਖ ਸਾਚੇ ਵਿਚ ਪ੍ਰਵੇਸ਼, ਪਕੜ ਉਠਾਏ ਨਰ ਨਰੇਸ਼, ਵਾਲੀ ਹਿੰਦ ਆਪ ਜਗਾਏ, ਸ਼ਬਦ ਬਾਣ ਇਕ ਲਗਾਏ, ਸੋਇਆ ਕੋਈ ਰਹਿਣ ਨਾ ਪਾਏ, ਗੁਰਮੁਖਾਂ ਆਤਮ ਦਾਗ ਧੋਇਆ । ਸਾਚਾ ਬੀਜ ਇਕ ਬਿਜਾਏ । ਨਰ ਹਰਿ ਸਾਚਾ ਅਵਰ ਨਾ ਜਾਣੇ ਕੋਇਆ, ਲੱਖ ਚੁਰਾਸੀ ਭਰਮ ਭੁਲਾਇਆ, ਧੁਰਦਰਗਾਹੀ ਲਿਆਏ ਸਾਚੀ ਧੂੜਾ, ਗੁਰਮੁਖਾਂ ਝੋਲੀ ਆਪੇ ਪਾਏ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਆਪ ਆਪਣਾ ਰੰਗ ਰੰਗਾਏ । ਸਾਚਾ ਰੰਗ ਰੰਗੇ ਕਰਤਾਰਾ । ਕਲਜੁਗ ਤੇਰੀ ਅੰਤਮ ਵਾਰਾ । ਲੋਕਮਾਤ ਲੱਖ ਚੁਰਾਸੀ ਕਰੇ ਪੁਕਾਰਾ । ਧਰਤ ਮਾਤ ਤੇਰੀ ਬੰਨ੍ਹੇ ਧਾਰਾ । ਮਿਟੇ ਅੰਧੇਰੀ ਰਾਤ, ਜੋਤੀ ਦੀਪ ਕਰੇ ਉਜਿਆਰਾ । ਪ੍ਰਗਟ ਹੋਏ ਇਕ ਇਕਾਂਤ, ਚਾਰੋਂ ਕੁੰਟ ਕਰੇ ਖ਼ਬਰਦਾਰਾ । ਗੁਰਮੁਖਾਂ ਦੇਵੇ ਅੰਮ੍ਰਿਤ ਬੂੰਦ ਸਵਾਂਤ, ਕਾਇਆ ਕਰੇ ਠੰਡੀ ਠਾਰਾ । ਚਰਨ ਪ੍ਰੀਤੀ ਬਨ੍ਹਾਏ ਸਾਚਾ ਨਾਤ, ਲੱਖ ਚੁਰਾਸੀ ਦਿਤਾ ਵਰ, ਨਾ ਕੋਈ ਜਾਣੇ ਜਾਤ ਪਾਤ, ਊਚ ਨੀਚ ਰੰਕ ਰਾਜਾਨ ਸ਼ਾਹ ਸੁਲਤਾਨ, ਏਕਾ ਵਰ ਸੱਚੇ ਦਰਬਾਰਾ । ਬੈਠੇ ਤਖ਼ਤ ਸ੍ਰੀ ਭਗਵਾਨ । ਪ੍ਰਗਟ ਹੋਏ ਵਾਲੀ ਦੋ

੮੦੩ ਜਹਾਨ । ਚਰਨ ਛੁਹਾਏ ਦਿੱਲੀ ਆਣ । ਵਾਲੀ ਹਿੰਦ ਉਠ ਮਰਗਿੰਦ, ਸਰਨੀ ਡਿੱਗੇ ਪੁਰਖ ਅਬਿਨਾਸ਼ੀ ਕਰੇ ਪਛਾਨ । ਆਪੇ ਬੰਨ੍ਹੇ ਸੱਚੇ ਤਗੇ, ੮੦੩

੦੪ ਆਤਮ ਜੋਤੀ ਸਾਚੀ ਜਗੇ, ਤੱਤੀ ਵਾ ਨਾ ਮਾਤ ਲੱਗੇ, ਦਰਸ ਦੇਵੇ ਗੁਣ ਨਿਧਾਨ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣੀ ਕਰੇ ਪਛਾਣ । ੦੪

ਆਪ ਆਪਣੀ ਕਰੇ ਪਛਾਣਾ । ਆਪੇ ਬਣੇ ਸਾਚਾ ਰਾਣਾ । ਸ਼ਬਦ ਚਲਾਏ ਤੀਰ ਕਮਾਨਾ । ਚਾਰੋਂ ਕੁੰਟ ਵਹੀਰ ਅਖ਼ੀਰ ਹੱਥ ਨਾ ਆਏ ਨੀਰ, ਕਲਜੁਗ ਭੁਲੇ ਜੀਵ ਨਾਦਾਨਾ । ਨਾ ਕੋਈ ਸ਼ਾਹ ਦਸਤਗੀਰ ਪੀਰ ਫ਼ਕੀਰ ਹੋਏ ਵੈਰਾਨਾ । ਕੋਇ ਨਾ ਕਿਸੇ ਕਟੇ ਭੀੜ, ਤਖ਼ਤ ਤਾਜ ਸਾਜ ਬਾਜ ਅੰਤਮ ਲੱਥੇ ਚੀਰ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਗੁਰਮੁਖਾਂ ਅੰਤਮ ਕਟੇ ਭੀੜ । ਗੁਰਮੁਖਾਂ ਕਟੇ ਭੀੜ ਬਣਤ ਬਣਾਇੰਦਾ । ਰੰਕ ਰਾਜਾਨਾ ਜਾਏ ਪੀੜ, ਨਾ ਕੋਈ ਕਿਸੇ ਛੁਡਾਇੰਦਾ । ਕਲਜੁਗ ਟੁੱਟੀ ਹੱਡੀ ਰੀੜ, ਨਾ ਪਾਪਾਂ ਭਾਰ ਉਠਾਇੰਦਾ । ਸਤਿਜੁਗ ਤੇਰੀ ਬੰਨ੍ਹੇ ਬੀੜ, ਸਚ ਧਰਮ ਦੀ ਸਾਚੀ ਰਾਸਾ, ਤੇਰੀ ਝੋਲੀ ਪਾਇੰਦਾ । ਕਲਜੁਗ ਵਕਤ ਅੰਤ ਅਖੀਰ, ਪ੍ਰਭ ਸਾਚਾ ਹੁਕਮ ਸੁਣਾਇੰਦਾ । ਸਤਿਜੁਗ ਸਾਚੇ ਦੇਵੇ ਧੀਰ, ਪ੍ਰਭ ਸੋਇਆ ਆਪ ਉਠਾਇੰਦਾ । ਕਲਜੁਗ ਨੇਤਰ ਆਪ ਬਹਾਏ ਨੀਰ, ਸੰਗੀ ਸਾਥੀ ਲੱਖ ਚੁਰਾਸੀ ਕੋਈ ਦਿਸ ਨਾ ਆਇੰਦਾ । ਸਤਿਜੁਗ ਲੱਗੇ ਮਸਤਕ ਤਿਲਕ, ਪ੍ਰਭ ਸ਼ਬਦ ਬਣਾਏ ਸੱਚੀ ਮਾਲਣ, ਲੋਕਮਾਤ ਆਪ ਟਿਕਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਆਪੇ ਜਾਣੇ ਆਪ ਪਛਾਣੇ, ਕਲਜੁਗ ਸਤਿਜੁਗ ਵਾਰੋ ਵਾਰੀ, ਆਪੇ ਆਪ ਸਮਝਾਇੰਦਾ । ਕਲਜੁਗ ਦੇਵੇ ਹਰਿ ਜੀ ਮਤ । ਝੂਠਾ ਨਾਤਾ ਪੰਜ ਤਤ । ਅੰਤਮ ਵੇਲੇ ਉਬਲੀ ਰਤ । ਲੱਖ ਚੁਰਾਸੀ ਤੁਟਾ ਧੀਰਜ ਯਤ । ਕੋਈ ਨਾ ਦੇਵੇ ਸਾਚਾ ਸੀਰਜ, ਨਾ ਕੋਈ ਰੱਖੇ ਅੰਤਮ ਪਤਿ । ਆਪਣਾ ਖਾਣਾ ਬੀਜਿਆ ਬੀਰਜ, ਜੂਠਾ ਝੂਠਾ ਝੂਠੇ ਵਤ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਅੰਤਮ ਵੇਲੇ ਪਾਏ ਨੱਥ । ਸਤਿਜੁਗ ਸਾਚਾ

ਕਰ ਤਿਆਰਾ । ਏਕਾ ਦੇਵੇ ਨਾਮ ਅਧਾਰਾ । ਸੋਹੰ ਸ਼ਬਦ ਅਪਰ ਅਪਾਰਾ । ਲੋਕਮਾਤ ਹਰਿ ਆਪ ਚਲਾਏ, ਆਪ ਆਪਣੀ ਦਇਆ ਕਮਾਏ, ਦੋਵੇਂ ਰੱਖੇ ਤਿੱਖੀਆਂ ਧਾਰਾ । ਜੋਤੀ ਜਾਮਾ ਸ੍ਰੀ ਭਗਵਾਨਾ, ਦੋਹਾਂ ਧਿਰਾਂ ਹਰਿ ਖੇਲ ਰਚਾਨਾ, ਆਪ ਆਪਣੀ ਬਣਤ ਬਣਾਏ । ਕਲਜੁਗ ਕਾਲਾ ਵੇਸ, ਕੂੜ ਕੁੜਿਆਰੜਾ । ਕੋਈ ਨਾ ਦੀਸੇ ਦਰ ਦਰਵੇਸ਼, ਨਾ ਕੋਈ ਮੀਤ ਮੁਰਾਰੜਾ । ਨਰ ਨਾਰੀ ਖੁਲ੍ਹੇ ਦਿਸਣ ਕੇਸ, ਲੁੱਟਿਆ ਕੰਤ ਸੁਹਾਗੜਾ । ਮਾਇਆ ਰਾਣੀ ਘਰ ਘਰ ਵੇਸ, ਗੁਰਮੁਖ ਵਿਰਲਾ ਮਾਤ ਜਾਗੜਾ । ਆਪ ਭੁਲਾਏ ਨਰ ਨਰੇਸ਼, ਝੂਠੀ ਕਾਇਆ ਲੱਗੇ ਦਾਗ਼ੜਾ । ਨਾ ਕੋਈ ਜਾਣੇ ਜੋਤ ਵਰਨ ਗੋਤ ਦਸ ਦਸਮੇਸ਼, ਕਲਜੁਗ ਲੱਗੀ ਤੱਤੀ ਵਾ, ਚਰਨ ਸਰਨ ਨਾ ਕੋਈ ਲਾਗੜਾ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਅੰਤਮ ਖੇਲਾਂ ਆਪ ਕਰਾਏ, ਭਾਰਤ ਖੰਡੀ ਬਣਤ ਬਣਾਏ ਵਾਗੜਾ । ਸਤਿਜੁਗ ਸਾਚੇ ਹੋ ਦਲੇਰ । ਆਪ ਚੁਕਾਏ ਜਗਤ ਮਾਇਆ ਝੂਠੀ ਰਾਣੀ ਮੇਰ ਤੇਰ । ਸੋਹੰ ਸ਼ਬਦ ਚਲਾਏ ਸਾਚੀ ਬਾਣੀ, ਗੁਰਮੁਖਾਂ ਲਿਆਏ ਘੇਰ ਘੇਰ । ਆਤਮ ਜੋਤੀ ਇਕ ਪਛਾਣੀ, ਹਰਿ ਦਿਸੇ ਨੇਰਨ ਨੇਰ । ਜੋਤੀ ਜਾਮਾ ਸ੍ਰੀ ਭਗਵਾਨਾ, ਆਪੇ ਤਾਰੇ ਸੰਤ ਦੁਲਾਰੇ, ਬੇੜਾ ਲਾਏ ਪਾਰ, ਕਰ ਕਰ ਆਪਣੀ ਮਿਹਰ । ਬੇੜਾ ਲਾਏ ਪਾਰ, ਕੰਧ ਉਠਾਇੰਦਾ । ਮਾਨਸ ਜਨਮ ਰਿਹਾ ਸਵਾਰ, ਭਰਮ ਗਵਾਇੰਦਾ । ਲੱਖ ਚੁਰਾਸੀ ਉਤਰੇ ਪਾਰ, ਹਰਿ ਸਾਚਾ ਜੋ ਜਨ ਦਰਸ਼ਨ ਪਾਇੰਦਾ । ਮੇਟ ਮਿਟਾਏ ਮਦਿਰਾ ਮਾਸੀ, ਸ਼ਬਦ ਫਾਸੀ ਗਲ ਲਟਕਾਇੰਦਾ । ਪ੍ਰਗਟ ਹੋਏ ਪੁਰਖ ਅਬਿਨਾਸ਼ੀ, ਹਰਿ ਸੁਹੇਲੇ ਆਪ ਮਿਲਾਇੰਦਾ । ਸਾਚੀ ਜੋਤ ਮਾਤ ਪ੍ਰਕਾਸ਼ੀ, ਨਿਹਕਲੰਕੀ ਡੰਕ ਵਜਾਇੰਦਾ । ਗੁਰਮੁਖ ਵਿਰਲੇ ਸ਼ਬਦ ਸਵਾਸੀ, ਪੂਰਬ ਕਰਮਾਂ ਜਨਮ ਦਵਾਇੰਦਾ । ਆਤਮ ਲਾਹੇ ਹਰਿ ਉਦਾਸੀ,

ਆਤਮ ਧਾਰਾ ਸੀਰ ਪਿਆਇੰਦਾ । ਚਰਨ ਕਵਲ ਕਰ ਚਰਨ ਦਾਸੀ, ਆਤਮ ਦਰਸ ਆਪ ਕਰਾਇੰਦਾ । ਪ੍ਰਗਟ ਹੋਏ ਘਨਕਪੁਰ ਵਾਸੀ, ਸ਼ਾਹ ਸੁਲਤਾਨਾਂ ਪਕੜ ਉਠਾਇੰਦਾ । ਵੇਖ ਵਖਾਣੇ ਲੱਖ ਚੁਰਾਸੀ, ਕਲਜੁਗ ਅੰਤਮ ਗਾਨਾ ਹੱਥ ਬੰਨ੍ਹਾਇੰਦਾ । ਕੋਈ ਨਾ ਜਾਣੇ ਹਰਿ ਨਰ ਸਾਚਾ ਸ਼ਾਹੋ ਸ਼ਾਬਾਸ਼ੀ, ਸ਼ਬਦ ਤੀਰ ਕਮਾਨ ਇਕ ਉਠਾਇੰਦਾ । ਗੁਰਮੁਖ ਵਿਰਲਾ ਬਲ ਬਲ ਜਾਸੀ, ਜਿਸ ਆਪਣਾ ਭੇਵ ਖੁਲ੍ਹਾਇੰਦਾ । ਬੇਮੁਖ ਦਰ ਦਰ ਘਰ ਘਰ ਕਰਨ ਹਾਸੀ, ਝੂਠ ਵਿਕਾਰਾ ਝੂਠ ਭਿਖਾਰਾ ਖ਼ਾਲੀ ਹੱਥ ਵਖਾਇੰਦਾ । ਗੁਰਮੁਖਾਂ ਆਤਮ ਜਗੇ ਜੋਤ, ਘਟ ਘਟ ਰੱਖੇ ਵਾਸ, ਸ਼ਬਦ ਭੰਡਾਰਾ ਆਪ ਭਰਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਸਤਿਜੁਗ ਤੇਰੀ ਬਣਤ ਬਣਾਇੰਦਾ । ਭਿੰਨੜੀ ਰੈਣ ਸੰਤ ਸੁਹੇਲੀ, ਲਾਏ ਰੰਗ ਚਰਨ ਦਵਾਰ । ਗੁਰਮੁਖਾਂ ਦਿਸੇ ਇਕ ਇਕੇਲੀ, ਮੰਗੇ ਭਿੱਖ ਨਾਮ ਦਾਤਾਰ । ਗੁਰ ਦਰ ਆਈ ਬਣ ਕੇ ਚੇਲੀ, ਦੋਏ ਜੋੜ ਕਰੇ ਨਿਮਸਕਾਰ । ਗੁਰ ਸੰਗਤ ਮਿਲਿਆ ਸਾਚਾ ਮੇਲੀ, ਨਰ ਨਰਾਇਣਾ ਕੰਤ ਭਤਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਤਿਜੁਗ ਤੇਰੀ ਬੰਨ੍ਹ ਸਾਚੀ ਧਾਰ । ਭਿੰਨੜੀ ਰੈਣ ਖ਼ੁਸ਼ੀ ਮਨਾਉਂਦੀ । ਗੁਰਮੁਖ ਸਾਚੇ ਸੰਤ ਜਨਾਂ, ਫੜ ਫੜ ਬਾਹੋਂ ਮਾਤ ਉਠਾਉਂਦੀ । ਪੁਰਖ ਅਬਿਨਾਸ਼ੀ ਜਾਮਾ ਪਾਇਆ, ਜੋਤ ਸਰੂਪੀ ਖੇਲ ਰਚਾਇਆ, ਸਚ ਸਿੰਘਾਸਣ ਹਰਿ ਜੀ ਬੈਠਾ, ਦੋਵੇਂ ਨੇਤਰ ਖੋਲ੍ਹ ਵਖਾਉਂਦੀ । ਰੰਗ ਰੰਗੀਲਾ ਮਾਧਵ ਆਇਆ, ਸਾਧਨ ਸੰਤਾ ਆਦਿਨ ਅੰਤਾ ਹਰਿ ਭਗਵੰਤਾ, ਤੀਜੇ ਲੋਇਣ ਭੇਵ ਚੁਕਾਇਆ । ਜੁਗਾ ਜੁਗੰਤਾ ਸਾਚਾ ਕੰਤਾ, ਭਗਤ ਬਣਾਏ ਸਾਚੀ ਬਣਤਾ, ਮਾਣ ਤਾਣ ਵਿਚ ਜਹਾਨ ਗੁਣ ਨਿਧਾਨ ਰਖਦਾ ਆਇਆ । ਭਿੰਨੜੀ ਰੈਣ ਹੱਥ ਬੰਨ੍ਹੇ ਗਾਨਾ, ਗੁਰਮੁਖ ਵੇਖੇ ਚਤੁਰ ਸੁਜਾਨਾ, ਪ੍ਰਭ ਅਬਿਨਾਸ਼ੀ ਆਪ ਪਛਾਣਾ, ਚਰਨ ਪ੍ਰੀਤੀ ਤੰਦ

ਬੰਨ੍ਹਾਇਆ । ਗੁਰਮੁਖ ਸਾਚਾ ਕਰੇ ਧਿਆਨਾ, ਮਿਲੇ ਮੇਲ ਹਰਿ ਭਗਵਾਨਾ, ਭਿੰਨੀ ਰੈਣ ਮਿਲੇ ਦਾਨਾ, ਖ਼ੁਸ਼ੀ ਬੰਦ ਬੰਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਤਿਜੁਗ ਤੇਰੀ ਸਾਚੀ ਬਣਤ ਰਿਹਾ ਬਣਾਇਆ । ਭਿੰਨੜੀ ਰੈਣ ਚੜ੍ਹਿਆ ਚਾਅ । ਕਿਹੜਾ ਵੇਖਾਂ ਮਾਤ ਥਾਂ । ਘਰ ਘਰ ਉਡਦੇ ਦਿਸਣ ਕਾਂ । ਨਾ ਕੋਈ ਵੇਖੇ ਪਿਤਾ ਮਾਂ । ਗੁਰਮੁਖ ਸਾਚਾ ਸੰਤ ਦੁਲਾਰਾ ਪਕੜ ਉਠਾਵਾਂ ਰੈਣ ਅੰਧੇਰੀ ਕਾਲੀ, ਜਿਸ ਨੇ ਗਾਇਆ ਸੋਹੰ ਨਾਂ । ਜਾਵਾਂ ਮੈਂ ਚਲ ਦਵਾਰ, ਗੁਰਮੁਖਾਂ ਕਰਾਂ ਖ਼ਬਰਦਾਰ, ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਕਲ ਜਾਮਾ ਪਾਇਆ, ਸ਼ਬਦ ਸਰੂਪੀ ਡੰਕ ਵਜਾਇਆ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ ਨਾਮ ਦਾਨ । ਅੱਠੇ ਪਹਿਰ ਸੰਞ ਸਵੇਰ ਰੱਖੇ ਠੰਡੀ ਛਾਂ । ਜੋਤੀ ਜਾਮਾ ਸ੍ਰੀ ਭਗਵਾਨਾ, ਸਤਿਜੁਗ ਸਾਚੇ ਤੇਰੀ ਬਣਤ ਬਣਾਏ ਦਿਸੇ ਕਿਸੇ ਨਾ । ਭਿੰਨੜੀ ਰੈਣ ਹੱਥ ਰੰਗੇ ਲਾਲ । ਗੁਰਮੁਖ ਸਾਚੇ ਸੰਤ ਜਨਾਂ ਬਣ ਜਾਏ ਆਪ ਦਲਾਲ । ਚਾਰੋਂ ਕੁੰਟ ਡਗਮਗਾਏ, ਉਠ ਉਠ ਵੇਖੇ ਕਿਥੇ ਸੁੱਤਾ ਪੈਰ ਪਸਾਰੇ ਗੁਰਮੁਖ ਸਾਚਾ ਅਨਮੁਲੜਾ ਲਾਲ । ਦਿਵਸ ਰੈਣ ਅਵਾਜਾਂ ਮਾਰੇ, ਆਤਮ ਧੁਨੀ ਏਕਾ ਧਾਰੇ, ਦੂਰ ਦਰਾਡੀ ਚਾਰ ਚੁਫੇਰੇ ਵੇਖੇ ਅੰਮ੍ਰਿਤ ਫਲ ਕਿਹੜੇ ਡਾਲ । ਗੁਰਮੁਖਾਂ ਲੇਖ ਲਿਖਾਏ ਸਾਚੇ ਲੇਖੇ, ਬੇਮੁਖ ਰਹੇ ਭਰਮ ਭੁਲੇਖੇ, ਸ਼ਬਦ ਸਰੂਪੀ ਨਿਹਕਲੰਕਾ ਵੱਜਾ ਡੰਕਾ ਸੱਚਾ ਤਾਲ । ਕੋਈ ਨਾ ਜਾਣੇ ਆਪਣੀ ਰੇਖੇ, ਭੁੱਲੇ ਔਲੀਏ ਪੀਰ ਸ਼ੇਖ਼ੇ, ਸੋਹੰ ਸ਼ਬਦ ਸਚ ਦਮਾਮਾ, ਆਪ ਵਜਾਏ ਨਿਹਕਾਮਾ, ਜਗ ਅਵਲੜੀ ਚਲੇ ਚਾਲ । ਜੋਤ ਸਰੂਪੀ ਪਹਿਰੇ ਬਾਣਾ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਸਾਚੀ ਜੋਤ ਧਰ ਸੁੱਕਾ ਹਰਿਆ ਕਰੇ ਚਾਮਾ । ਚਰਨ ਪ੍ਰੀਤੀ ਨਿਭੇ ਨਾਲ । ਆਪ ਆਪਣਾ ਵਰਤੇ ਭਾਣਾ, ਨਾ ਕੋਈ ਜਾਣੇ ਰਾਜ ਰਾਜਾਨਾ, ਕਲਜੁਗ ਜੀਵ ਬੇਮੁਹਾਨਾ, ਆਤਮ ਜੋਤੀ ਕਿਸੇ ਨਾ ਦਿਸੇ ਗਗਨ ਮੰਡਲ ਦੀ ਸਾਚੀ ਰਾਸ । ਨਾ ਕੋਈ ਵੇਖੇ ਮਾਣਕ ਮੋਤੀ ਸਾਚੀ ਜੋਤੀ ਮਸਤਕ ਥਾਲ । ਜੋਤੀ ਜਾਮਾ ਸ੍ਰੀ ਭਗਵਾਨਾ, ਭਿੰਨੜੀ ਰੈਣ ਦੇਵੇ ਮਾਣ । ਨਾਲ ਰਲਾਏ ਗੁਰਮੁਖ ਸਾਚਾ ਬਾਲ ਅੰਞਾਣਾ, ਅੱਠੇ ਪਹਿਰ ਦਿਵਸ ਰੈਣ ਕਰੇ ਕਰਾਏ ਆਪ ਪ੍ਰਿਤਪਾਲ । ਭਿੰਨੜੀ ਰੈਣ ਖ਼ੁਸ਼ੀ ਮਨਾਉਂਦੀ । ਚਾਈਂ ਚਾਈਂ ਹਰਿ ਜੀ ਧਿਆਉਂਦੀ । ਗੁਰਮੁਖ ਸਾਚੇ ਸੰਤ ਜਨਾਂ, ਸੁਹਾਗੀ ਗੀਤ ਅੱਗੇ ਹੋ ਹੋ ਰਸਨਾ ਕਹਿ ਕਹਿ ਸੁਣਾਉਂਦੀ । ਜਗਤ ਨਾਤਾ ਤੁਟੇ ਮੋਹ, ਲੱਖ ਚੁਰਾਸੀ ਕਲਜੁਗ ਜੀਵ ਕੋਇ ਨਾ ਕਰ ਬੰਦ ਖ਼ਲਾਸੀ, ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਸੱਚਾ ਰਾਹ ਵਖਾਉਂਦੀ । ਦੁਰਮਤ ਮੈਲ ਪਾਪਾਂ ਧੋ, ਜੋਤੀ ਜੋਤ ਸਰੂਪ ਹਰਿ, ਨੇਤਰ ਨੈਣ ਪੇਖ ਹਰਿ, ਗੁਰਮੁਖਾਂ ਸਾਚਾ ਸੰਗ ਰਲਾਉਂਦੀ । ਭਿੰਨੜੀ ਰੈਣ ਜਗਤ ਵਣਜਾਰੜੀ । ਦਰਸ਼ਨ ਪੇਖੇ ਸਾਚੇ ਨੈਣ, ਮਿਲਿਆ ਮੇਲ ਮੀਤ ਮੁਰਾਰੜੀ । ਨਾਤਾ ਤੁੱਟੇ ਭਾਈ ਭੈਣ, ਚਰਨ ਪ੍ਰੀਤੀ ਸਾਚੀ ਬਹਿਣ ਨੈਣ ਮੁਧਾਰੜੀ । ਨਾ ਕੋਈ ਦਿਸੇ ਸਾਕ ਸੱਜਣ ਸੈਣ, ਜੂਠੇ ਝੂਠੇ ਹੋ ਹੋ ਇਕੱਠੇ ਬਹਿਣ, ਨਾ ਕੋਈ ਦੇਵੇ ਅੰਤ ਸਹਾਰੜੀ । ਨਾ ਕੋਈ ਚੁਕਾਏ ਲਹਿਣ ਦੇਣ, ਅੰਤਮ ਖਾਏ ਲਾੜੀ ਮੌਤ ਡੈਣ, ਪਾਪਾਂ ਪੰਡ ਹੋਈ ਭਾਰੜੀ । ਬੇਮੁਖ ਵਹਿੰਦੇ ਵਹਿਣ ਵਹਣ, ਆਤਮ ਦਏ ਨਾ ਕੋਈ ਗੰਢ, ਝੂਠੀ ਦਿਸੇ ਚਾਰ ਯਾਰੜੀ । ਗੁਰਮੁਖਾਂ ਪ੍ਰਭ ਆਤਮ ਪਾਏ ਠੰਡ, ਸਚ ਨਾਮ ਰਿਹਾ ਵੰਡ, ਬੇਮੁਖ ਸੁੱਤੇ ਦੇ ਕਰ ਕੰਡ, ਕਲਜੁਗ ਔਧ ਅੰਤ ਗਈ ਹੰਢ, ਜੋਤੀ ਜੋਤ ਸਰੂਪ ਹਰਿ, ਚਲੇ ਚਾਲ ਨਿਆਰੜੀ । ਗੁਰਮੁਖ ਜਾਗੇ, ਭਿੰਨੜੀ ਰੈਣ ਜਗਾਈਆ । ਪ੍ਰਭ ਅਬਿਨਾਸ਼ੀ ਚਰਨੀ ਲਾਗੇ, ਆਤਮ ਵੱਜੀ ਵਧਾਈਆ । ਖ਼ੁਸ਼ੀ ਮਨਾਈ ਪਹਿਲੀ ਮਾਘੇ, ਮਿਲੇ ਮਾਤ ਵਡਿਆਈਆ । ਆਪੇ ਧੋਵੇ ਪਿਛਲੇ ਦਾਗ਼ੇ, ਸਾਚਾ ਮਾਰਗ ਇਕ ਵਖਾਈਆ । ਗੁਰਮੁਖ

੮੦੫
੦੪

ਪਰੋਏ ਸੋਹੰ ਧਾਗੇ, ਰਸਨਾ ਸੂਈ ਹਰਿ ਚਲਾਈਆ । ਆਪ ਬਣਾਏ ਹੰਸ ਕਾਗੇ, ਚਰਨ ਧੂੜੀ ਮਸਤਕ ਲਾਗੇ, ਜੋ ਜਨ ਆਏ ਚਰਨ ਛੁਹਾਈਆ । ਇਕ ਉਪਜਾਏ ਸ਼ਬਦ ਰਾਗੇ, ਅਨਹਦ ਧੁਨੀ ਸਾਚੀ ਧੁਨ ਰਿਹਾ ਉਪਜਾਈਆ । ਕਲਜੁਗ ਮਾਇਆ ਭੁੱਲੇ ਜੀਵ ਅਨੁਰਾਗੇ, ਸੁਰਤੀ ਸ਼ਬਦ ਨਾ ਮੇਲ ਮਿਲਾਈਆ । ਆਤਮ ਵਧੀ ਤ੍ਰਿਸ਼ਨਾ ਆਗੇ, ਨਾ ਕੋਈ ਤ੍ਰਿਖਾ ਬੁਝਾਈਆ । ਗੁਰਮੁਖਾਂ ਮਿਲਿਆ ਕੰਤ ਸੁਹਾਗੇ, ਭਿੰਨੜੀ ਰੈਣ ਨਾਲ ਰਲਾਈ ਸਾਚੀ ਭੈਣ, ਦੋਹਾਂ ਬਣਤ ਬਣਾਈਆ । ਆਪ ਚੁਕਾਏ ਲਹਿਣ ਦੇਣ, ਗੁਰ ਸਰਨਾਈ ਜੋ ਜਨ ਲੈਣ, ਜੋਤੀ ਜੋਤ ਸਰੂਪ ਹਰਿ, ਹੋਏ ਅੰਤ ਸਹਾਈਆ । ਹੋਏ ਅੰਤ ਸਹਾਈ ਦੋ ਜਹਾਨਿਆ । ਆਏ ਚਲ ਸਰਨਾਈ, ਗੁਣ ਨਿਧਾਨਿਆ । ਲੋਕਮਾਤ ਪੈਜ ਰਖਾਈ, ਸ਼ਬਦ ਬੰਨ੍ਹੇ ਆਤਮ ਗਾਨਿਆ । ਆਤਮ ਵੱਜਦੀ ਰਹੇ ਵਧਾਈ, ਹਰਿ ਸਾਚਾ ਸ਼ਬਦ ਚਲਾਨਿਆ । ਏਕਾ ਰੰਗ ਏਕਾ ਰਾਗ ਪ੍ਰਭ ਆਪਣਾ ਆਪ ਰਿਹਾ ਉਪਜਾਨਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚਾ ਸੁਘੜ ਸਿਆਣਾ, ਭਿੰਨੜੀ ਰੈਣ ਭੈਣ ਭਰਾ ਬਣਾਨਿਆ । ਭਿੰਨੜੀ ਰੈਣ ਕਰੇ ਵਿਚਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਕਵਲ ਨੈਣ ਨੈਣ ਕਵਲ ਮੂਧਾ ਉਲਟੀ ਨਭੀ, ਆਪੇ ਦਏ ਇਕ ਹੁਲਾਰ । ਪਾਪਾਂ ਭਾਰ ਕਾਇਆ ਦੱਬੀ, ਆਤਮ ਮਿਲੇ ਨਾ ਸਾਚੀ ਧਾਰ । ਇਕ ਇਕੱਲੜੀ ਭੈਣ ਪਿਆਰੜੀ ਰੈਣ ਵਣਜਾਰੀ ਲੱਭੀ, ਕਾਇਆ ਕਰੇ ਠੰਡੀ ਠਾਰ । ਪੰਜਾਂ ਚੋਰਾਂ ਸ਼ਬਦ ਦਾੜ੍ਹ ਹੇਠ ਚੱਬੀ, ਦਰ ਘਰ ਸਾਚੇ ਕੱਢੇ ਬਾਹਰ । ਜੋਤ ਸਰੂਪੀ ਪ੍ਰਗਟ ਹੋ ਦੇਹ ਤਜਾਈ ਪੋਹ ਛੱਬੀ, ਜੋਤੀ ਜਾਮਾ ਕਰ ਅਕਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਤੇਰੀ ਬੰਨ੍ਹੇ ਸਾਚੀ ਧਾਰ । ਸਤਿਜੁਗ ਬੰਨ੍ਹੇ ਧਾਰ, ਬਣਤ ਬਣਾਇੰਦਾ । ਵੇਖ ਵਖਾਣੇ ਜੀਵ ਗਵਾਰ, ਲੱਖ ਚੁਰਾਸੀ ਲੇਖ ਲਿਖਾਇੰਦਾ । ਸ਼ਬਦ ਫੜਾਏ ਹੱਥ ਕਟਾਰ, ਤਿੱਖੀ ਧਾਰ ਰਖਾਇੰਦਾ । ਪੰਚਮ ਪੋਹ ਦਿਵਸ ਵਿਚਾਰ, ਰਾਜੇ ਰਾਣੇ ਆਪ ਜਗਾਇੰਦਾ । ਹੋ ਕੇ ਰਹਿਣਾ ਖ਼ਬਰਦਾਰ, ਨਿਹਕਲੰਕੀ ਡੰਕ ਵਜਾਇੰਦਾ । ਮੇਟ ਮਿਟਾਉਣੇ ਚਾਰ ਯਾਰ, ਸੰਗ ਮੁਹੰਮਦ ਸੰਗ ਛੁਡਾਇੰਦਾ । ਈਸਾ ਮੂਸਾ ਕਰ ਖੁਆਰ, ਵਹਿੰਦੀ ਧਾਰ ਜਗਤ ਵਹਾਇੰਦਾ । ਕਾਲਾ ਮੂਸਾ ਤਨ ਸ਼ਿੰਗਾਰ, ਕਲਜੁਗ ਕਾਲਾ ਵੇਸ ਰਖਾਇੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਕਾਲਖ ਸ਼ਿਆਹੀ ਝੂਠਾ ਟਿੱਕਾ, ਉਪਰ ਆਪਣੀ ਹੱਥੀਂ ਲਾਇੰਦਾ । ਭੇਵ ਚੁਕਾਏ ਬੀਸ ਇਕੀਸ ਸ਼ਬਦ ਚਲਾਏ ਸਾਚਾ ਸਿੱਕਾ, ਵਾਲੀ ਹਿੰਦ ਹਰਿ ਸੁਣਾਇੰਦਾ । ਜੋਤੀ ਜਾਮਾ ਹਰਿ ਭਗਵਾਨਾ, ਲੇਖਾ ਲੇਖ ਨਾ ਕੋਈ ਮਿਟਾਇੰਦਾ । ਲਿਖੇ ਲੇਖ ਹਰਿ ਬਨਵਾਰਿਆ । ਸੱਚਾ ਸ਼ਾਹ ਸੁਲਤਾਨ ਵਿਚ ਜਹਾਨ ਜੋਤ ਨਿਰੰਕਾਰਿਆ । ਆਪੇ ਜੋਧਾ ਵਡ ਬਲਵਾਨ, ਤਿੰਨਾਂ ਲੋਆਂ ਸਚ ਸਰਦਾਰਿਆ । ਅੱਠੇ ਪਹਿਰ ਨੌਜਵਾਨ, ਨਾ ਸਕੇ ਕੋਈ ਮਾਰਿਆ । ਚੜ੍ਹਿਆ ਰਹੇ ਸ਼ਬਦ ਬਿਬਾਣ, ਲਾਉਂਦਾ ਰਹੇ ਸਦ ਉਡਾਰਿਆ । ਲੋਕ ਪ੍ਰਲੋਕ ਨਾ ਆਏ ਹਾਨ, ਨਾ ਮਾਰੇ ਕੋਈ ਨਿਸ਼ਾਨ ਦਿਸ ਕਿਸੇ ਨਾ ਆ ਰਿਹਾ । ਆਪੇ ਜਾਣੇ ਜਾਣੀ ਜਾਣ, ਕਲਜੁਗ ਤੇਰੀ ਕਰ ਪਛਾਣ, ਅੰਤਮ ਬਣਤ ਬਣਾ ਰਿਹਾ । ਜੋਤ ਜਾਮਾ ਸ੍ਰੀ ਭਗਵਾਨ, ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਸ਼ਬਦ ਸੁਨੇਹੁੜਾ ਸਚ ਮਰਦੰਗ ਆਪੇ ਆਪ ਸੁਣਾ ਰਿਹਾ । ਵੱਜੇ ਸ਼ਬਦ ਮਰਦੰਗ, ਕਾਇਆ ਚੋਟ ਨਗਾਰਿਆ । ਕਲਜੁਗ ਤੇਰਾ ਕਾਲਾ ਰੰਗ, ਹਰਿ ਸਾਚਾ ਵੇਖ ਵਖਾ ਰਿਹਾ । ਚਿੱਟੇ ਅਸਵ ਕਸਿਆ ਤੰਗ, ਉਤੇ ਚੜ੍ਹਿਆ ਹਰਿ ਭਗਵਾਨਿਆ । ਸਤਵੇਂ ਆਸਣ ਸਾਚੇ ਦਰ ਪਾਰ ਲੰਘ, ਸ਼ਬਦ ਚੜ੍ਹੇ ਤੀਰ ਕਮਾਨਿਆ । ਛੇਵਾਂ ਅਸਤਰ ਸਾਚਾ ਸ਼ਸਤਰ, ਤਨ ਪਹਿਨ ਚਿੱਟਾ ਬਸਤਰ, ਪੰਚਮ ਵੇਖ ਵਖਾਣੇ ਸੁਘੜ ਸਿਆਨਿਆਂ । ਪਵਣ ਅਸਵਾਰੀ ਹਰਿ ਨਿਰੰਕਾਰੀ, ਸ਼ਬਦ ਉਡਾਰੀ ਏਕਾ

੮੦੬
੦੪

੮੦੭
੦੪

ਮਾਰੀ, ਚੌਥੇ ਦਰ ਆਇਆ ਬਾਹਰੀ, ਵੇਖ ਵਖਾਣੇ ਮਾਰ ਝਾਤ, ਪੁਰੀਆਂ ਲੋਆਂ ਖੰਡਾਂ ਵਰਭੰਡਾਂ ਪਾਵੇ ਸਾਰੀ । ਜੋਤੀ ਜਾਮਾ ਸ੍ਰੀ ਭਗਵਾਨ, ਚੌਥੇ ਘਰ ਆਇਆ ਆਪ, ਆਪ ਆਪਣੇ ਰੰਗ ਸਮਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਭਾਣਾ, ਆਪਣੇ ਹੱਥ ਰਖਾਇਆ । ਚੌਥੇ ਘਰ ਕਰ ਵਿਚਾਰ । ਪਹਿਲੋਂ ਮਾਰਾਂ ਕਿਹੜੀ ਮਾਰ । ਚਾਰੋਂ ਦਿਸ਼ਾ ਹਾਹਾਕਾਰ । ਆਪੇ ਵੰਡੇ ਪਾਏ ਡੰਡੇ, ਸ਼ਬਦ ਕਟਾਰੀ ਰਿਹਾ ਮਾਰ । ਕਲਜੁਗ ਅੰਤਮ ਆਇਆ ਕੰਢੇ, ਰਾਜੇ ਰਾਣਿਆਂ ਲਹਿਣ ਝੰਡੇ, ਨਾ ਕੋਈ ਦੀਸੇ ਛਤਰ ਝੁਲਾਰ । ਪੁਰਖ ਅਬਿਨਾਸ਼ੀ ਆਪੇ ਦੰਡੇ, ਸ਼ਬਦ ਖੰਡਾ ਰਿਹਾ ਹੁਲਾਰ । ਗੁਰਮੁਖਾਂ ਆਤਮ ਪਾਏ ਠੰਡੇ, ਅੰਮ੍ਰਿਤ ਪਿਆਏ ਠੰਡੀ ਧਾਰ । ਚਾਰੋਂ ਕੁੰਟ ਚੰਡ ਪ੍ਰਚੰਡੇ, ਨਾ ਕੋਈ ਦੀਸੇ ਕੰਤ ਸੁਹਾਗਣ, ਜਗਤ ਨਾਰੀ ਹੋਏ ਰੰਡੇ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰਾ ਅੰਤ ਪਛਾਣਾ, ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਸਾਚੀ ਬਣਤ ਬਣਾਇੰਦਾ । ਹੱਥੀਂ ਬੰਨ੍ਹੇ ਗਾਨਾ ਖੇਲ ਅਪਾਰਿਆ । ਨਾ ਕੋਈ ਜਾਣੇ ਜੀਵ ਨਦਾਨਾ, ਭੁੱਲਿਆ ਸਰਬ ਸੰਸਾਰਿਆ । ਪੁਰਖ ਅਬਿਨਾਸ਼ੀ ਜੋਤੀ ਬਾਣਾ, ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾਂ, ਨਾ ਕੋਈ ਜਾਣੇ ਅੰਜੀਲ ਕੁਰਾਨਾਂ, ਖਾਣੀ ਬਾਣੀ ਸਾਰ ਨਾ ਪਾ ਰਿਹਾ । ਅੰਤਮ ਛੱਡਣੇ ਪੈਣੇ ਹਾਣੀਆਂ ਹਾਣੀ, ਘਰ ਘਰ ਕਿਸੇ ਨਾ ਮਿਲੇ ਪਾਣੀ, ਰਾਜੇ ਛੱਡੀ ਜਾਣ ਰਾਣੀ, ਪ੍ਰਭ ਆਪਣੀ ਖੇਲ ਰਚਾ ਰਿਹਾ । ਨਾ ਕੋਈ ਦੀਸੇ ਸੁਘੜ ਸਿਆਣੀ, ਨਾ ਕੋਈ ਗਾਏ ਜਗਤ ਬਾਣੀ, ਕਿਸੇ ਹੱਥ ਨਾ ਆਏ ਅੰਨ ਦਾਣੀ, ਚਾਰੋਂ ਕੁੰਟ ਹਾਹਾਕਾਰਿਆ । ਗੁਰਮੁਖ ਸਾਚਾ ਆਪ ਉਠਾਏ, ਆਪ ਆਪਣੀ ਗੋਦ ਬਿਠਾਏ ਪ੍ਰਭ ਅਬਿਨਾਸ਼ੀ ਦਇਆ ਕਮਾਏ, ਸੋਹੰ ਗਾਏ ਸਾਚੀ ਬਾਣੀ, ਪੁਰਖ ਅਬਿਨਾਸ਼ੀ ਲੱਖ ਚੁਰਾਸੀ ਰਿੜਕਣ ਆਇਆ । ਗੁਰਮੁਖਾਂ ਅੰਮ੍ਰਿਤ ਸਾਚਾ ਛਿੜਕਣ ਆਇਆ । ਸੋਹੰ ਡੰਡਾ ਨਾਲ ਉਠਾਇਆ । ਸਤਿਜੁਗ ਸਾਚੀ ਸਿਰੀ ਬਣਾਇਆ । ਆਪ ਮਧਾਣੀ ਜੋਤੀ ਜਾਮਾ ਹਰਿ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਕਲਜੁਗ ਤੇਰਾ ਅੰਤ ਪਛਾਨਾ, ਨਾ ਕੋਈ ਜਾਣੇ ਰਾਜਾ ਰਾਣਾ, ਜੀਵਾਂ ਜੰਤਾਂ ਸਾਧਾਂ ਸੰਤਾਂ ਬੰਨ੍ਹਣ ਆਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਮਦਿਰਾ ਮਾਸੀ ਦੂਰ ਕਰਾਇਆ । ਪ੍ਰਗਟ ਜੋਤ ਘਨਕਪੁਰਵਾਸੀ, ਕੰਤ ਕੰਤੂਲਾ ਸਾਚਾ ਝੂਲਾ, ਸ਼ਬਦ ਬਿਬਾਣਾ ਇਕ ਰਖਾਇਆ । ਕੋਈ ਨਾ ਲਾਏ ਹਰਿ ਜੀ ਮੁੱਲਾ, ਸਚ ਭੰਡਾਰਾ ਹਰਿ ਜੀ ਏਕਾ ਖੋਲ੍ਹਾ । ਗੁਰਮੁਖਾਂ ਮਿਲੇ ਨਾਮ ਵਡ ਅਨਮੁੱਲਾ । ਹਰਿਜਨ ਸਾਚਾ ਸੰਤ ਪਿਆਰਾ, ਪੂਰੇ ਤੋਲ ਕਲਜੁਗ ਤੁਲਾ । ਪੁਰਖ ਅਬਿਨਾਸ਼ੀ ਵਸੇ ਕੋਲ, ਦਸਮ ਦਵਾਰਾ ਏਕਾ ਖੁਲ੍ਹਾ । ਅੱਠੇ ਪਹਿਰ ਕਰੇ ਚੋਹਲ, ਬਣਿਆ ਰਹੇ ਦਰ ਘਰ ਸਾਚੇ ਸੱਚਾ ਗੋਲਾ । ਅੰਦਰੇ ਅੰਦਰ ਰਿਹਾ ਬੋਲ, ਸ਼ਬਦ ਸੁਣਾਏ ਸਾਚਾ ਢੋਲਾ । ਗੁਰਮੁਖਾਂ ਪੜਦੇ ਆਤਮ ਫੋਲ, ਭਾਗ ਲਗਾਏ ਕਾਇਆ ਚੋਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਦੁਲਾਰੇ ਨਾਮ ਵਣਜਾਰੇ, ਪ੍ਰਭ ਦੇਵੇ ਨਾਮ ਅਨਮੋਲਾ । ਨਾਮ ਵਸਤ ਅਨਮੋਲ, ਹਰਿ ਵਰਤਾਇੰਦਾ । ਸ਼ਬਦ ਕੰਡੇ ਰਿਹਾ ਤੋਲ, ਵਧ ਘੱਟ ਨਾ ਕੋਈ ਰਖਾਇੰਦਾ । ਸਾਚਾ ਸ਼ਬਦ ਵਜਾਏ ਢੋਲ, ਭਰਮ ਭੁਲੇਖਾ ਦੂਰ ਕਰਾਇੰਦਾ । ਗੁਰਮੁਖ ਆਤਮ ਰਿਹਾ ਮਵਲ, ਮੇਰ ਤੇਰ ਹੇਰ ਫੇਰ ਸੰਞ ਸਵੇਰ ਵਖਾਇੰਦਾ । ਬਜ਼ਰ ਕਪਾਟੀ ਪੜਦਾ ਰਿਹਾ ਖੋਲ੍ਹ, ਸ਼ਬਦ ਹਾਟੀ ਤੀਰਥ ਤਾਟੀ, ਅੰਮ੍ਰਿਤ ਸਰੋਵਰ ਕਾਇਆ ਮੰਦਰ ਸਾਚੇ ਅੰਦਰ ਏਕਾ ਤਾਲ ਸੁਹਾਵਾ, ਨੇਤਰ ਲੋਚਨ ਸਾਚੇ ਆਪ ਵਖਾਇੰਦਾ । ਗੁਰਮੁਖਾਂ ਦੇਵੇ ਠੰਡੀ ਛਾਵਾਂ, ਦਰ ਘਰ ਸਾਚੇ ਲਾਵੇ ਨਾਵਾਂ, ਜੋਤੀ ਜਾਮਾ ਸ੍ਰੀ ਭਗਵਾਨਾ, ਧੁਰਦਰਗਾਹੀ ਸਾਚਾ ਮਾਹੀ ਸਾਚੇ ਧਾਮ ਆਪ ਬਹਾਇੰਦਾ । ਸਾਚਾ

ਧਾਮ ਅਸਥੂਲ, ਹਰਿ ਅਵਲੜਾ । ਗੁਰਮੁਖ ਨਾ ਜਾਏ ਭੂਲ, ਸਦਾ ਵਸੇ ਇਕ ਇਕੱਲੜਾ । ਏਕਾ ਹਰਿ ਸਾਚਾ ਕੰਤ ਕੰਤੂਲ, ਏਕਾ ਰੱਖੇ ਸਚ ਮਹੱਲੜਾ । ਸਚ ਸਿੰਘਾਸਣ ਆਪ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਆਸਣ ਲਾਏ ਜਲ ਥਲੜਾ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖਾਂ ਦੇਵੇ ਸਾਚਾ ਮਾਣਾ ਚਰਨ ਧਿਆਨਾ, ਜੋ ਦਰ ਆਏ ਭੁਲੜਾ । ਭੁਲ ਭੁਲੇਖੇ ਆਏ ਦਰ । ਗੁਰ ਸੰਗਤ ਵੇਖ ਮੰਗੇ ਵਰ । ਪ੍ਰਭ ਅਬਿਨਾਸ਼ੀ ਲਿਖੇ ਲੇਖ, ਬਿਧਨਾ ਲੇਖ ਦੂਰ ਕਰ । ਸਾਚੇ ਨੇਤਰ ਨੈਣ ਪੇਖ, ਅੰਮ੍ਰਿਤ ਆਤਮ ਸਚ ਸਰੋਵਰ ਸਾਚਾ ਸਰ । ਜੋ ਜਨ ਰਹੇ ਵੇਖੀ ਵੇਖ, ਦਰ ਘਰ ਸਾਚੇ ਆਉਣਾ ਡਰ । ਗੁਰਮੁਖਾਂ ਲਿਖੇ ਮਸਤਕ ਲੇਖ, ਲੱਖ ਚਰੁਾਸੀ ਫੰਦ ਕਟਾਏ ਨਾ ਜਨਮੇ ਨਾ ਜਾਏ ਮਰ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰਾ ਅੰਤਮ ਅੰਤ ਇਕ ਰਖਾਏ ਸ਼ਬਦ ਨਿਸ਼ਾਨਾ । ਕਲਜੁਗ ਲੱਥੇ ਚੀਰ, ਦਏ ਦੁਹਾਈਆ । ਨਾ ਕੋਈ ਦੇਵੇ ਧੀਰ, ਨਾ ਹੋਏ ਕੋਈ ਸਹਾਈਆ । ਨਾ ਕੋਈ ਸਹਾਈ ਪੀਰ ਫਕੀਰ ਦਸਤਗੀਰ ਸ਼ਾਹ ਹਕੀਰ, ਸਾਚਾ ਸੰਗ ਨਾ ਕੋਈ ਨਿਭਾਈਆ । ਤਨ ਲੱਗੀ ਹਉਮੇ ਪੀੜ, ਲੱਖ ਚੁਰਾਸੀ ਦਏ ਦੁਹਾਈਆ । ਕਲਜੁਗ ਪਾਪ ਰਿਹਾ ਪੀੜ, ਲਹੂ ਮਿੱਝ ਏਕਾ ਧਾਰ ਵਹਾਈਆ । ਕੋਇ ਨਾ ਕਟੇ ਕਿਸੇ ਭੀੜ, ਕਾਲੀ ਰੈਣ ਅੰਧ ਅੰਧਿਆਨੀ, ਰਾਹ ਸਾਚਾ ਦਿਸ ਨਾ ਆਈਆ । ਨਾ ਕੋਈ ਸਹਾਏ ਹਸਤ ਕੀੜ, ਰਾਜ ਰਾਜਾਨਾ ਧੀਰ ਗਵਾਈਆ । ਕੋਈ ਨਾ ਬੰਨ੍ਹੇ ਮਾਤ ਬੀੜ, ਸ਼ਾਹ ਸ਼ਾਹਾਨਾ ਵਿਚ ਮੈਦਾਨਾ ਤਨ ਝੂਠੀ ਖ਼ਾਕ ਉਡਾਈਆ । ਕਲਜੁਗ ਤੇਰਾ ਅੰਤਮ ਵੇਲਾ ਲਾੜੀ ਮੌਤ ਬੰਨ੍ਹੇ ਗਾਨਾ, ਆਪ ਉਠਾਏ ਵਡ ਬਲੀ ਬਲਵਾਨਾ, ਵਿਚ ਪਵਣਾ ਆਪ ਉਡਾਈਆ । ਮਿਟਦਾ ਜਾਏ ਨਾਮ ਨਿਸ਼ਾਨਾ, ਨਾ ਕੋਈ ਦੀਸੇ ਰਾਜ ਰਾਜਾਨਾ, ਚਾਰ ਵਰਨਾਂ ਨਾ ਹੋਏ ਕੋਈ ਸਹਾਈਆ । ਪ੍ਰਗਟ ਹੋਏ ਪੁਰਖ ਅਬਿਨਾਸ਼ੀ ਬੀਨਾ ਦਾਨਾ, ਗੁਰਮੁਖਾਂ ਦੇਵੇ ਸਾਚਾ ਮਾਣਾ, ਅੰਤਮ ਅੰਤ ਹੋਏ ਸਹਾਈਆ । ਹਰਿ ਹਰਿ ਸਾਚਾ ਜਿਸ ਪਛਾਣਾ, ਆਪ ਆਪਣੀ ਗੋਦ ਉਠਾਈਆ । ਬੰਕ ਦਵਾਰਾ ਸਚ ਦਰਬਾਰੇ ਆਪ ਲਗਾਈਆ । ਆਪੇ ਵਸੇ ਅਸਥਿਲ ਮਹੱਲ ਮੁਨਾਰੇ, ਸਚ ਸਿੰਘਾਸਣ ਜੋਤ ਜਗਾਈਆ । ਗੁਰਮੁਖਾਂ ਦੇਵੇ ਹਰਿ ਜੀ ਪਹਿਰੇ, ਸਾਚੀ ਸੇਵਾ ਰਿਹਾ ਕਮਾਈਆ । ਚੱਲ ਕੇ ਆਵੇ ਮਾਤ ਦਵਾਰੇ, ਜੋਤੀ ਜਾਮਾ ਭੇਖ ਵਟਾਈਆ । ਹੱਥ ਨਾ ਆਏ ਕਿਸੇ ਮੰਦਰ ਮਸੀਤ ਗੁਰਦਵਾਰੇ, ਸ਼ਿਵਦਵਾਲੇ ਠਾਕਰ ਰਹੇ ਮਨਾਈਆ । ਗੁਰਮੁਖਾਂ ਮੇਲ ਕਾਇਆ ਮਹੱਲ ਸ਼ਬਦ ਅਟੱਲ ਜੋਤ ਪ੍ਰਬਲ, ਨੂਰ ਨੁਰਾਨਾ ਹਰਿ ਨਿਰੰਕਾਰੇ । ਕਲਜੁਗ ਵੇਲਾ ਅੰਤਮ ਅੰਤ ਕਲ ਕਾਲਖ ਟਿੱਕੇ ਮਸਤਕ ਭਾਰੇ । ਆਪ ਕਰਾਏ ਜਲ ਥਲ, ਸੰਤ ਮਨੀ ਸਿੰਘ ਲੇਖ ਲਿਖਾਰੇ । ਰਾਜੇ ਰਾਣਿਆਂ ਰਿਹਾ ਘੱਲ, ਪੁਰੀਆ ਅਨੰਦ ਧਾਮ ਵਿਚਾਰੇ । ਪ੍ਰਗਟ ਹੋਇਆ ਪ੍ਰਭ ਜਲ ਥਲ, ਨਿਹਕਲੰਕੀ ਜਾਮਾ ਧਾਰੇ । ਰਾਜ ਰਾਜਾਨਾ ਜਾਏ ਦਲ, ਕਲਜੁਗ ਸਤਿਜੁਗ ਦੋਵੇਂ ਪੁੜ ਚੱਕੀ ਆਪ ਬਣਾਏ, ਸੋਹੰ ਹੱਥਾ ਵਿਚ ਗਡਾਏ, ਦੇਵੇ ਗੇੜਾ ਇਕ ਅਪਾਰੇ । ਲੱਖ ਚੁਰਾਸੀ ਹੱਥ ਹੁਲਾਰੇ । ਫੜ ਫੜ ਪਾਏ ਵਾਰੋ ਵਾਰੇ । ਪਹਿਲੀ ਕੂਟ ਲਹਿੰਦੀ ਦਿਸ਼ਾ, ਉਮਤ ਨਬੀ ਰਸੂਲ ਦੀ ਧੁਰਦਰਗਾਹੀ ਮੰਗੇ ਭਾੜੇ । ਏਕਾ ਹੱਜ ਕੁਰਾਨ ਕੁਰਾਨਾ । ਨਾ ਕਾਅਬਾ ਹਰਿ ਕਬੂਲ ਦੀ, ਮਿਟੇ ਨਾਮ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਵਟਾਇੰਦਾ । ਨਾ ਕੋਈ ਜਾਣੇ ਚਤੁਰ ਸੁਜਾਨਾ । ਸੰਤ ਮਨੀ ਸਿੰਘ ਸਾਚਾ ਸਚ ਦੁਲਾਰ ਹੈ । ਆਤਮ ਜੋਤੀ ਸ਼ਬਦ ਧਨਾ ਧਨੀ, ਵਡ ਵਡ ਭੰਡਾਰ ਹੈ । ਆਤਮ ਆਈ ਇਕ ਗੱਲ ਮੰਨੀ, ਵਸਿਆ ਜਗਤ ਨਿਆਰ ਹੈ । ਆਤਮ ਚੜ੍ਹਿਆ ਸਾਚਾ ਚੰਨੀ, ਹੋਇਆ ਸਚ ਉਜਿਆਰ ਹੈ । ਹੱਥ ਵਿਚ ਫੜੀ ਕਾਪੀ ਕੰਨੀ, ਸ੍ਰਿਸ਼ਟ ਸਬਾਈ ਆਪ ਲਿਖਾਰ

ਹੈ । ਪ੍ਰਭ ਅਬਿਨਾਸ਼ੀ ਇਕ ਪੁਕਾਰ ਸਾਚੀ ਮੰਨੀ, ਦੋਏ ਜੋੜ ਖੜ੍ਹਾ ਦਵਾਰ ਹੈ । ਲੱਖ ਚੁਰਾਸੀ ਮਿਲੇ ਅੰਤਮ ਡੰਨੀ, ਕਾਇਆ ਤਜਿਆ ਦੇਹ ਮੁਨਾਰ ਹੈ । ਕਾਚੇ ਭਾਂਡੇ ਕਲਜੁਗ ਜੀਵ ਘਰ ਘਰ ਭੰਨੀ, ਨਾ ਘੜੇ ਕੋਈ ਠਠਿਆਰ ਹੈ । ਆਪ ਕਰੇ ਖੰਨ ਖੰਨੀ, ਬੇਮੁਖ ਹੋਏ ਬੇਮੁਹਾਰ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਖ਼ਸ਼ੇ ਚਰਨ ਪਿਆਰ ਹੈ । ਗੁਰ ਚਰਨ ਪਿਆਰ, ਜਗਤ ਕੁੜਮਾਈਆ । ਗੁਰ ਚਰਨ ਪਿਆਰ ਆਤਮ ਜੋਤੀ ਜਾਏ ਵਿਆਹੀਆ । ਗੁਰ ਚਰਨ ਪਿਆਰ, ਸਚ ਸਵਰਨ ਉਠ ਸੋਤੀ, ਪ੍ਰੇਮ ਪਿਆਰੀ ਸੇਜ ਵਿਛਾਈਆ । ਗੁਰ ਚਰਨ ਦੁਰਮਤ ਮੈਲ ਜਾਏ ਧੋਤੀ, ਨਿਰਮਲ ਜੋਤੀ ਇਕ ਦਿਸਾਈਆ । ਗੁਰ ਚਰਨ ਨਾਤਾ ਛੁਟੇ ਵਰਨ ਗੋਤੀ, ਏਕਾ ਰੰਗ ਰੰਗੀਲਾ ਪੁਰਖ ਅਬਿਨਾਸ਼ੀ ਸਚ ਸੁਹਾਗਣ ਨਾਰ ਤਨ ਸ਼ਿੰਗਾਰ, ਬੈਠੀ ਸਾਚੇ ਘਰ ਆਤਮ ਕੁੰਡਾ ਲਾਹੀਆ । ਗੁਰ ਚਰਨ ਪਿਆਰ ਛੈਲ ਛਬੀਲਾ । ਸਾਚਾ ਮੁੰਡਾ ਨਾ ਲੰਗੜਾ ਨਾ ਦਿਸੇ ਟੁੰਡਾ, ਸ਼ਬਦ ਅਸਵਾਰ ਸਾਚਾ ਲਾੜਾ, ਦਰ ਦਵਾਰੇ ਆਈਆ । ਅੱਗੋਂ ਉਠੇ ਪੁਰਖ ਅਪਾਰਾ, ਜੋਤੀ ਖੇਲ ਸਾਚੀ ਨਾਰਾ, ਏਕਾ ਦਿਸੇ ਦਸਮ ਦਵਾਰਾ, ਨੌਵੇਂ ਬੰਦ ਕਰਾਈਆ । ਗੁਰ ਚਰਨ ਪ੍ਰੀਤੀ ਜਨ ਅਸਵਾਰਾ । ਦਰ ਘਰ ਸਾਚਾ ਏਕਾ ਵੇਖੇ, ਕਿਹੜਾ ਖੁਲ੍ਹੇ ਬੰਦ ਕਵਾੜਾ । ਪੁਰਖ ਅਬਿਨਾਸ਼ੀ ਨੇਤਰ ਪੇਖੇ ਨੇੜ ਨਾ ਆਏ ਪੰਚਮ ਧਾੜਾ । ਜੋਤੀ ਨਾਰੀ ਕੰਤ ਪਿਆਰੀ, ਦਰ ਘਰ ਸਾਚੇ ਆਤਮ ਅੰਦਰ ਜੋੜਾ । ਆਤਮ ਅੰਦਰ ਸਚ ਪਿਆਰ । ਏਕਾ ਨਾਰੀ ਕੰਤ ਭਤਾਰ । ਨਾਮ ਰੰਗੀਲਾ ਸ਼ਬਦ ਸ਼ਿੰਗਾਰ । ਅੰਮ੍ਰਿਤ ਜਾਮ ਸਾਚਾ ਪੀ ਲਾ, ਆਤਮ ਤ੍ਰਿਸ਼ਨਾ ਭੁਖ ਨਿਵਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਸੇਜਾ ਰੈਣ ਵਸੇਰਾ, ਵਿਚ ਸੰਸਾਰਾ ਸੁੱਤਾ ਪੈਰ ਪਸਾਰ । ਸੁੱਤਾ ਪੈਰ ਪਸਾਰ ਕਦੇ ਨਾ ਜਾਗਿਆ । ਬੇਮੁਖ ਜੀਵ ਗਵਾਰ, ਚਰਨ ਸਰਨ ਨਾ ਲਾਗਿਆ । ਨਾ ਖੁਲ੍ਹੇ ਬੰਦ ਕਵਾੜ, ਨਾ ਧੋਏ ਕੋਈ ਦਾਗ਼ਿਆ । ਮਾਇਆ ਅਗਨੀ ਤੱਤੀ ਹਾੜਾ ਸਾੜੇ ਕਾਇਆ ਚੋਲੀ ਕੱਚਾ ਧਾਗਿਆ । ਗੁਰਮੁਖ ਸਾਚਾ ਸੰਤ ਦੁਲਾਰਾ । ਮਿਲਿਆ ਮੇਲ ਕੰਤ ਕੰਤ ਭਤਾਰਾ । ਏਕਾ ਕਰੇ ਚਰਨ ਪਿਆਰਾ । ਦਰ ਘਰ ਸਾਚੇ ਦੇਵੇ ਵਾੜਾ । ਅੰਮ੍ਰਿਤ ਬਖ਼ਸ਼ੇ ਠੰਡੀ ਧਾਰਾ । ਸਾਂਤਕ ਸੀਤਲ ਬਹੱਤਰ ਨਾੜਾ । ਆਤਮ ਜੋਤੀ ਕਰ ਉਜਿਆਰਾ । ਮੇਟ ਮਿਟਾਏ ਪੰਚਮ ਧਾੜਾ । ਦਰਸ ਦਿਖਾਏ ਅਗੰਮ ਅਪਾਰਾ । ਆਪੇ ਫਿਰੇ ਪਿਛੇ ਅਗਾੜਾ । ਗੁਰਮੁਖ ਸਾਚਾ ਸੰਤ ਦੁਲਾਰਾ । ਮਿਲਿਆ ਮੇਲ ਕੰਤ ਭਤਾਰਾ । ਸ਼ਬਦ ਘੋੜੇ ਦੇਵੇ ਚਾੜ੍ਹਾ । ਲੱਖ ਚੁਰਾਸੀ ਹਾਹਾਕਾਰਾ । ਆਪ ਚਬਾਏ ਆਪਣੀ ਦਾੜ੍ਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਸ਼ਬਦ ਚਲਾਏ ਤੀਰ ਕਮਾਨਾ, ਬੇਮੁਖਾਂ ਸੀਨੇ ਵਜੇ ਕਾੜ ਕਾੜਾ । ਸ਼ਬਦ ਤੀਰ ਰਸਨ ਕੜਾਕਾ । ਗੁਰਮੁਖਾਂ ਖੋਲ੍ਹੇ ਆਤਮ ਤਾਕਾ । ਦਇਆ ਕਮਾਏ ਆਪ ਵਖਾਏ, ਲੇਖ ਲਿਖਾਏ ਭਵਿਖਤ ਵਾਕਾ । ਗੁਰਮੁਖ ਸੋਇਆ ਆਪ ਜਗਾਏ, ਚਰਨ ਪ੍ਰੀਤੀ ਰਾਹ ਵਖਾਏ, ਆਤਮ ਖੋਲ੍ਹੇ ਹਰਿ ਜੀ ਤਾਕਾ । ਜਨਮ ਜਨਮ ਦਾ ਗੇੜ ਕਟਾਏ, ਜੋਤੀ ਜੋਤ ਸਰੂਪ ਹਰਿ, ਆਪ ਚੁਕਾਏ ਗੁਰਮੁਖਾਂ ਪਿਛਲਾ ਬਾਕਾ । ਪਿਛਲੀ ਬਾਕੀ ਜਾਏ ਚੁਕ, ਚਰਨ ਹਜ਼ੂਰਿਆ । ਲੋਕਮਾਤ ਪੈਂਡਾ ਜਾਏ ਮੁੱਕ, ਜਨ ਆਏ ਮਨਜ਼ੂਰਿਆ । ਹਰਿਆ ਚਾਮ ਨਾ ਜਾਏ ਸੁੱਕ, ਕਾਇਆ ਤਪੇ ਵਾਂਗ ਤੰਦੂਰਿਆ । ਦਾਣਾ ਪਾਣੀ ਨਾ ਜਾਏ ਮੁੱਕ, ਹਰਿ ਚਰਨ ਤੁੱਟੇ ਗ਼ਰੂਰਿਆ । ਚਾਰੋਂ ਕੁੰਟ ਨਾ ਪਏ ਮੁਖ ਵਿਚ ਥੁੱਕ, ਆਤਮ ਨੂਰੀ ਸਚ ਸਰੂਰਿਆ । ਪ੍ਰਭ ਕਾ ਭਾਣਾ ਨਾ ਜਾਏ ਰੁਕ, ਸ਼ਬਦ ਮਿਲੇ ਸਾਚੀ ਤੂਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧੰਨਾ, ਆਸਾ ਮਨਸਾ ਪੂਰਿਆ, ਆਸਾ

੮੦੯
੦੪

ਮਨਸਾ ਪੂਰ, ਦਇਆ ਕਮਾਇੰਦਾ । ਸ਼ਬਦ ਰਖਾਏ ਸਾਚੀ ਤੂਰ, ਸੋਹੰ ਨਾਦ ਵਜਾਇੰਦਾ । ਗੁਰ ਸੰਗਤ ਤੇਰਾ ਪਹਿਲਾ ਪੂਰ, ਸਤਾਰਾਂ ਹਾੜੀ ਬੇੜਾ ਬੰਨ੍ਹ ਵਖਾਇੰਦਾ । ਰਾਜੇ ਰਾਣਿਆਂ ਰਿਹਾ ਘੂਰ, ਸ਼ਬਦ ਲੇਖਾ ਲੇਖ ਲਿਖਾਇੰਦਾ । ਫੜ ਫੜ ਕੁੱਠੇ ਕਰੇ ਚੂਰੋ ਚੂਰ, ਸ਼ਬਦ ਖੰਡਾ ਇਕੋ ਉਠਾਇੰਦਾ । ਤੋੜੇ ਹੰਕਾਰ ਮਾਣ ਗਵਾਏ ਮੂਰਖ ਮੁਗਧ ਮੂੜ੍ਹ, ਚਰਨ ਦਵਾਰਾ ਸੱਚੀ ਸਰਕਾਰਾ ਏਕਾ ਏਕ ਵਖਾਇੰਦਾ । ਸ਼ਾਹ ਸੁਲਤਾਨਾਂ ਵਿਚ ਜਹਾਨਾ ਏਕ ਬਖ਼ਸ਼ੇ ਚਰਨ ਧੂੜ, ਆਤਮ ਜੋਤੀ ਖਿਚ ਵਖਾਇੰਦਾ । ਸ਼ਬਦ ਸਰੂਪੀ ਪਾਏ ਜੂੜ, ਨਾ ਕੋਈ ਮਾਤ ਤੁੜਾਇੰਦਾ । ਕਲਜੁਗ ਵੇਲਣੇ ਪੀੜੇ ਬੂੜ, ਅੱਡੋ ਅੱਡ ਹੱਡ ਹੱਡ ਕਰਾਇੰਦਾ । ਅੰਤਮ ਵੇਲੇ ਆਈ ਭੀੜ, ਨਾ ਕੋਈ ਕਿਸੇ ਛੁਡਾਇੰਦਾ । ਗੁਰਮੁਖਾਂ ਹਰਿ ਜੀ ਬੰਨ੍ਹੇ ਬੀੜ, ਆਪਣੇ ਕੰਧ ਉਠਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਸਤਿਜੁਗ ਤੇਰਾ ਸਾਚਾ ਲੇਖਾ ਆਪਣੀ ਹੱਥੀਂ ਆਪ ਲਿਖਾਇੰਦਾ । ਸਤਿਜੁਗ ਲੇਖਾ ਚਿੱਟਾ ਦੁੱਧ । ਜਨ ਭਗਤਾਂ ਕਰੇ ਉਜਲ ਬੁਧ । ਚਰਨ ਦਵਾਰਾ ਹਰਿ ਪਿਆਰਾ ਕਾਰਜ ਕਰੇ ਸੁਧ । ਮੰਗਣ ਆਏ ਬਣ ਭਿਖਾਰਾ, ਨਾਮ ਵਡਿਆਈ ਸੰਗ ਰਲਾਈ ਨੌਂ ਨਿਧ । ਸਾਚੇ ਘਰ ਵੱਜੀ ਵਧਾਈ, ਰਲ ਮਿਲ ਸਈਆਂ ਮੰਗਲ ਗਾਈ, ਪ੍ਰਭ ਮਿਲਣ ਦੀ ਸਾਚੀ ਬਿਧ । ਸਾਚਾ ਸ਼ਬਦ ਰਿਹਾ ਸੁਣਾਈ, ਗੁਰਮੁਖ ਸਾਚਾ ਭੁੱਲ ਨਾ ਜਾਈ, ਆਤਮ ਤੀਰ ਰਿਹਾ ਵਿੱਧ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੀ ਜਾਗ ਲਗਾਏ, ਆਪ ਆਪਣੀ ਦਇਆ ਕਮਾਏ, ਮੁਖ ਲਗਾਏ ਚਿੱਟਾ ਸੀਰ ਨਿਰਮਲ ਦੁੱਧ ।

## ❇ ੨ ਮਾਘ ੨੦੧੧ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ❇

ਮਿਲਿਆ ਕੰਤ ਸੁਹਾਗ, ਹਰਿ ਭਗਵਾਨਿਆ । ਹੱਥ ਰੱਖੇ ਆਪਣੇ ਵਾਗ, ਵਾਲੀ ਦੋ ਜਹਾਨਿਆ । ਧੋਏ ਮਾਤ ਕਾਲੇ ਦਾਗ, ਕਿਰਪਾ ਕਰ ਬੇਮੁਹਾਨਿਆ । ਆਤਮ ਜੋਤੀ ਜਾਏ ਜਾਗ, ਵੱਜੇ ਤੀਰ ਸ਼ਬਦ ਨਿਸ਼ਾਨਿਆ । ਆਤਮ ਤ੍ਰਿਸ਼ਨਾ ਬੁਝੇ ਆਗ, ਅੰਮ੍ਰਿਤ ਸਾਂਤਕ ਸਾਚਾ ਆਪ ਵਰਤਾਨਿਆ । ਗੁਰਮੁਖਾਂ ਬਣਾਏ ਹੰਸ ਕਾਗ, ਹਰਿ ਸਾਚਾ ਬੇਮੁਹਾਨਿਆ । ਚਰਨ ਕਵਲ ਜਾਏ ਲਾਗ, ਦੇਵੇ ਨਾਮ ਨਿਸ਼ਾਨਿਆ । ਪੰਚ ਪੰਚਾਇਣੀ ਜਾਏ ਭਾਗ, ਸਤਿ ਸਰੂਪੀ ਸਤਿ ਵਖਾਨਿਆ । ਇਕ ਉਪਜਾਣਾ ਸਾਚਾ ਰਾਗ ਸੋਹੰ ਸ਼ਬਦ ਨਾਦ ਧੁਨਕਾਨ, ਧੁਨ ਧੁਨੰਤਾ ਹਰਿ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਉਠਾਏ ਕਰ ਕਰ ਵਡ ਮਿਹਰਬਾਨੀਆ । ਮਾਤਲੋਕ ਹਰਿ ਦਇਆ ਕਮਾਏ । ਗੁਰਮੁਖ ਸਾਚੇ ਸੰਤ ਉਪਜਾਏ । ਆਪ ਆਪਣੀ ਸੇਵਾ ਲਾਏ । ਸਚ ਵਸਤ ਹਰਿ ਝੋਲੀ ਪਾਏ । ਆਪ ਆਪਣਾ ਸੰਗ ਨਿਭਾਏ । ਲੋਆਂ ਪੁਰੀਆਂ ਆਪ ਫਿਰਾਏ । ਇੰਦਰ ਬ੍ਰਹਮਾ ਸ਼ਿਵ ਲੋਕ, ਅੰਤਮ ਕਲ ਪਾਰ ਕਰਾਏ । ਇਕ ਸੁਣਾਏ ਸ਼ਬਦ ਸਲੋਕ, ਗੀਤ ਸੁਹਾਗੀ ਸੋਹੰ ਸਾਚਾ ਨਾਦ ਵਜਾਏ । ਕਲਜੁਗ ਤੇਰੀ ਅੰਤਮ ਰੀਤ, ਮੇਟ ਮਿਟਾਏ ਗੁਰਦਵਾਰੇ ਮੰਦਰ ਮਸੀਤ, ਏਕਾ ਰੰਗ ਸਰਬ ਸਰਬੰਗ ਸਚ ਭੇਵ ਖੁਲ੍ਹਾਏ । ਚਰਨ ਕਵਲ ਹਰਿ ਦੱਸੇ ਪ੍ਰੀਤ, ਦੂਸਰ ਨਾ ਕੋਈ ਸੀਸ ਝੁਕਾਏ । ਏਕਾ ਹਰਿ ਹਰਿ ਸਾਚਾ ਮੀਤ, ਅੱਗੇ ਪਿੱਛੇ ਹੋਏ ਸਹਾਏ । ਅੱਠੇ ਪਹਿਰ ਪਰਖੇ ਨੀਤ, ਦਿਵਸ ਰੈਣ ਲੇਖ ਲਿਖਾਏ । ਗੁਰਸਿਖ ਵਿਰਲਾ ਰੱਖੇ ਚੀਤ, ਹਰਿ ਘਰ ਸਾਚੇ ਬੂਝ ਬੁਝਾਏ । ਕਾਇਆ ਰੱਖੇ ਠੰਡੀ ਸੀਤ, ਅੰਮ੍ਰਿਤ ਧਾਰਾ ਝਿਰੇ ਅਪਾਰਾ, ਜੋਤੀ ਜੋਤ ਸਰੂਪ ਹਰਿ, ਸਦਾ ਸਹਾਈ ਸਾਚਾ ਮੀਤ । ਹਰਿ ਨਿਰੰਕਾਰਾ ਸਚ ਦਵਾਰਾ, ਸਚ ਘਰ ਬਾਹਰਾ, ਸਰਬ ਸੁਹੇਲਾ ਸਾਚਾ ਮੇਲਾ ਆਪੇ ਵਸੇ ਲੋਆਂ ਪੁਰੀਆਂ ਬਾਹਰਾ । ਹਰਿਜਨ

ਭਗਤ ਸੁਹੇਲੇ ਰਾਹ ਸਾਚਾ ਦੱਸੇ, ਚਰਨ ਕਵਲ ਨੈਣ ਮੁੰਧਾਣ, ਏਕਾ ਦਰਸ ਪੁਰਖ ਅਗੰਮੜਾ ਰੂਪ ਅਪਾਰਾ । ਦੋ ਜਹਾਨਾਂ ਵਾਲੀ ਹਰਿ ਬਨਵਾਲੀ ਦੋਵੀਂ ਹੱਥੀਂ ਰਹੇ ਖ਼ਾਲੀ, ਗੁਰਮੁਖਾਂ ਦੇਵੇ ਨਾਮ ਨਿਸ਼ਾਨੀ ਕਲਜੁਗ ਅੰਤਮ ਖੇਲ ਅਪਾਰਾ । ਸਾਚਾ ਸ਼ਬਦ ਚਲਾਏ ਬਾਣੀ । ਧੁਰਦਰਗਾਹੀ ਏਕਾ ਨਾਦ ਵਜਾਈ, ਚਾਰ ਵਰਨਾਂ ਏਕਾ ਸਰਨਾ, ਆਪ ਰਖਾਏ ਆਦਿ ਸ਼ਕਤ ਆਦਿ ਭਵਾਨੀ । ਜੋਤੀ ਜਾਮਾ ਹਰਿ ਭਗਵਾਨਾ । ਨਿਹਕਲੰਕਾ ਸਾਚਾ ਡੰਕਾ, ਉਚਾ ਦਰ ਸੁਹਾਏ ਬੰਕਾ, ਕਰੇ ਖੇਲ ਆਪ ਮਹਾਨੀ । ਉਚਾ ਦਰ ਸੱਚਾ ਦਰਬਾਰ । ਸੱਚਾ ਘਰ ਹਰਿ ਨਿਰੰਕਾਰ । ਸੱਚਾ ਦਰ ਜਗਤ ਅਧਾਰ । ਸੱਚਾ ਸਰ ਅੰਮ੍ਰਿਤ ਧਾਰ । ਸੱਚਾ ਨਰ ਲੱਖ ਚੁਰਾਸੀ ਆਪ ਉਪਾਏ, ਸਤਿ ਸਰੂਪੀ ਏਕਾ ਨਾਰ । ਜੋਤੀ ਜਾਮਾ ਸ੍ਰੀ ਭਗਵਾਨਾ, ਸਚ ਦਵਾਰੇ ਜੋਤ ਅਕਾਰੇ, ਬੈਠਾ ਦਿਸੇ ਸਦ ਨਿਰਾਹਾਰ । ਨਰ ਨਿਰਾਹਾਰ ਜੋਤ ਅਧਾਰਾ । ਆਪੇ ਜਾਣੇ ਆਪਣੀ ਸਾਰਾ । ਪੁਰਖ ਅਗੰਮਾ, ਨਾ ਕੋਈ ਹਾਡੀ ਨਾ ਕੋਈ ਚੰਮਾ, ਨਾ ਕੋਈ ਲਏ ਸਵਾਸੀ ਦਮਾ, ਅੱਠੇ ਪਹਿਰ ਏਕਾ ਧਾਰਾ । ਨਾ ਕਦੇ ਮਰਾ ਨਾ ਕਦੇ ਜੰਮਾ, ਏਕਾ ਜੋਤ ਅਕਾਲ ਅਕਾਲੀ, ਸਚ ਸਿੰਘਾਸਣ ਸਾਚੇ ਧਾਮਾ, ਆਪੇ ਆਪ ਧਰ ਜੋਤੀ ਜਾਮਾ ਸ੍ਰੀ ਭਗਵਾਨਾ, ਸਚ ਦਵਾਰੇ ਅੱਠੇ ਪਹਿਰ ਰਹੇ ਖੜ੍ਹਾ । ਸਚ ਦਵਾਰੇ ਹਰਿ ਬਲਵਾਨ । ਅੱਠੇ ਪਹਿਰ ਜੋਤ ਨਿਸ਼ਾਨ । ਸਚ ਸਿੰਘਾਸਣ ਹਰਿ ਬਿਰਾਜੇ, ਨਾ ਕਿਸੇ ਦਿਸੇ ਜਗਤ ਨਿਸ਼ਾਨ । ਆਪ ਪਹਿਨਾਏ ਆਪਣਾ ਤਾਜੇ, ਰਾਜਨ ਰਾਜ ਸ਼ਾਹ ਸੁਲਤਾਨ । ਆਪ ਆਪਣਾ ਸਾਜਨ ਸਾਜੇ, ਕਰੇ ਕਰਾਏ ਏਕਾ ਕਾਜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਿਚ ਸਮਾਨ । ਆਪ ਆਪਣੇ ਵਿਚ ਸਮਾਨਾ । ਮਾਤ ਪਿਤ ਨਾ ਕੋਈ ਰਖਾਨਾ । ਨਾ ਕੋਈ ਜਾਣੇ ਭੈਣ ਭਾਈ ਸਾਕ ਸੱਜਣ ਸੈਣ, ਨਾ ਕੋਈ ਨਾਤਾ ਪੁਰਖ ਬਿਧਾਤਾ, ਗੁਰ ਪੀਰ ਨਾ ਕੋਈ ਬਣਾਨਾ । ਉਤਮ ਜ਼ਾਤਾ ਹਰਿ ਰਘੁਰਾਤਾ, ਸਤਿ ਸਿੰਘਾਸਣ ਆਪ ਸੁਹਾਤਾ । ਜੋਤੀ ਜਾਮਾ ਸ੍ਰੀ ਭਗਵਾਨਾ, ਏਕਾ ਰੰਗ ਰੰਗ ਰੰਗੀਲਾ । ਨਾ ਕੋਈ ਜਾਣੇ ਸੂਹਾ ਪੀਲਾ । ਲਾਲ ਚਿੱਟਾ ਨਾ ਕੋਈ ਜਾਣੇ ਅਗਨੀ ਨੀਲਾ । ਜੋਤੀ ਜਾਮਾ ਸ੍ਰੀ ਭਗਵਾਨਾ, ਅੱਠੇ ਪਹਿਰ ਛੈਲ ਛਬੀਲਾ । ਨਰ ਹਰਿ ਜੋਤੀ ਏਕਾ ਧਾਰੀ । ਸਚ ਸਿੰਘਾਸਣ ਪੁਰਖ ਅਪਾਰੀ । ਕੋਈ ਨਾ ਦਿਸੇ ਨਰ ਨਾਰੀ । ਏਕਾ ਝੁੱਲੇ ਛਤਰ ਸੀਸੇ, ਆਪੇ ਕਰੇ ਆਪਣੀ ਕਾਰੀ । ਦਰ ਦਰਬਾਨ ਨਾ ਕੋਈ ਰਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਦਰ ਸੁਹਾਏ, ਸਾਚਾ ਘਰ ਪੁਰਖ ਅਪਾਰੀ । ਕੋਈ ਨਾ ਵੇਖੇ ਜਾਏ ਦਰ, ਆਪ ਆਪਣੇ ਵਿਚ ਸਮਾ ਰਿਹਾ । ਸਚ ਸਿੰਘਾਸਣ ਸਤਵੇਂ ਘਰ, ਦੇਵ ਲੋਕੀ ਬਣਤ ਬਣਾ ਰਿਹਾ । ਨਾ ਕੋਈ ਸ਼ਬਦ ਨਾ ਸਲੋਕੀ, ਨਾ ਕੋਈ ਰਾਗ ਨਾ ਕੋਈ ਤਾਨ, ਨਾ ਕੋਈ ਨਾਦ ਨਾ ਕੋਈ ਧੁਨ, ਨਾ ਕੋਈ ਰਬਾਬ ਵਜਾ ਰਿਹਾ । ਨਾ ਕੋਈ ਮੁਨ ਨਾ ਕੋਈ ਸੁੰਨ, ਨਾ ਕੋਈ ਜਾਣੇ ਹਰਿ ਹਰਿ ਗੁਣ, ਆਪਣੇ ਭਾਣੇ ਆਪ ਸਮਾ ਰਿਹਾ । ਨਾ ਕੋਈ ਸਕੇ ਛਾਣ ਪੁਣ, ਨਾ ਕੋਈ ਸਕੇ ਹਰਿ ਜੀ ਚੁਣ, ਆਪ ਆਪਣੀ ਆਪੇ ਗਣਤ ਗਿਣਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਸਚ ਸਿੰਘਾਸਣ ਸਤਵੇਂ ਆਸਣ, ਪੁਰਖ ਅਬਿਨਾਸ਼ੀ ਆਪਣਾ ਆਪ ਸੁਹਾ ਰਿਹਾ । ਸਤਵੇਂ ਘਰ ਗਰੀਬ ਨਿਵਾਜਾ । ਆਪ ਆਪਣਾ ਸਾਜਣ ਸਾਜਾ । ਵਡਾ ਸ਼ਾਹੋ ਭੂਪ ਰਾਜਨ ਰਾਜਾ । ਨਾ ਕੋਈ ਰੰਗ ਨਾ ਕੋਈ ਰੂਪ, ਏਕਾ ਜੋਤੀ ਸਤਿ ਸਰੂਪ, ਮਹਿੰਮਾ ਅਨੂਪ, ਆਪ ਆਪਣੀ ਰੱਖੇ ਲਾਜਾ, ਹੋਏ ਨਾ ਕਦੇ ਅੰਧ ਕੂਪ, ਜੋਤੀ ਜੋਤ ਸਰੂਪ ਹਰਿ, ਆਪ ਸਵਾਰੇ ਆਪਣੇ ਕਾਜਾ । ਜੋਤੀ ਜਾਮਾ ਸ੍ਰੀ ਭਗਵਾਨਾ, ਸਚ ਸਿੰਘਾਸਣ ਘਟ ਘਟ ਵਾਸਣ ਆਪੇ ਆਪ ਬਿਰਾਜਾ ।


੮੧੧
੦੪

✻ ੩ ਮਾਘ ੨੦੧੧ ਬਿਕ੍ਰਮੀ ਹੈਡ ਰਾਗੀ ਪ੍ਰਿਥੀਪਾਲ ਸਿੰਘ ਦੇ ਗ੍ਰਿਹਿ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ✻

ਆਤਮ ਗ੍ਰਿਹਿ ਤਨ ਮਨ ਸ਼ਿੰਗਾਰ । ਪੁਰਖ ਅਬਿਨਾਸ਼ੀ ਸਾਚਾ ਰਹੇ, ਆਪ ਆਪਣਾ ਮਹੱਲ ਉਸਾਰ । ਸਚ ਸਿੰਘਾਸਣ ਬੈਠਾ ਰਹੇ, ਜੋਤੀ ਨੂਰਾ ਸ਼ਬਦੀ ਧਾਰ । ਅੰਮ੍ਰਿਤ ਧਾਰ ਸਾਚੀ ਵਹੇ, ਕਵਲ ਨਾਭੀ ਖਿੜੀ ਗੁਲਜ਼ਾਰ । ਹਰਿਜਨ ਭਾਣਾ ਏਕਾ ਸਹੇ, ਆਤਮ ਹਰਿ ਦਰਸ ਅਪਾਰ । ਰਸਨ ਰਸਾਇਣ ਗੋਬਿੰਦ ਗੋਬਿੰਦ ਕਹੇ, ਸਾਚੇ ਦਰ ਮਿਲੇ ਪੁਰਖ ਹਰਿ ਕੰਤ ਭਤਾਰ । ਲਹਿਣਾ ਦੇਣਾ ਧੁਰਦਰਗਾਹੀ ਸਚ ਸਿੰਘਾਸਣ ਆਤਮ ਬੈਠਾ ਆਪੇ ਦਏ, ਪੂਰਬ ਕਰਮ ਰਿਹਾ ਵਿਚਾਰ । ਜੋਤੀ ਜੋਤ ਸਰੂਪ ਹਰਿ, ਗ੍ਰਿਹਿ ਮੰਦਰ ਸਚ ਸਿੰਘਾਸਣ ਦਿਵਸ ਰੈਣ ਸੁੱਤਾ ਪੈਰ ਪਸਾਰ । ਗ੍ਰਿਹਿ ਮੰਦਰ ਕਾਇਆ ਤਨ । ਪ੍ਰਭ ਅੰਦਰੇ ਅੰਦਰ, ਸਾਚਾ ਬਖ਼ਸ਼ੇ ਨਾਮ ਧਨ । ਕੁਫ਼ਰ ਹੰਕਾਰੀ ਤੋੜੇ ਜੰਦਰ, ਪੰਜਾਂ ਚੋਰਾਂ ਜਾਏ ਡੰਨ । ਕੋਟਨ ਭਾਨਾ ਤੇਜ ਪ੍ਰਕਾਸ਼ ਅੰਧੇਰੀ ਕਾਇਆ ਕੰਦਰ, ਸਾਚੀ ਜੋਤ ਜਗੇ ਤਨ । ਜੋਤੀ ਜੋਤ ਸਰੂਪ ਹਰਿ, ਗ੍ਰਿਹਿ ਮੰਦਰ ਅੰਦਰ ਆਪਣਾ ਚਾੜ੍ਹੇ ਚੰਨ । ਗ੍ਰਿਹਿ ਮੰਦਰ ਕਾਇਆ ਤਨ ਸੁਹਾਗਾ । ਜੋਤੀ ਜਾਮਾ ਹਰਿ ਭਗਵਾਨਾ, ਸ਼ਬਦ ਉਪਜਾਏ ਦਇਆ ਕਮਾਏ, ਏਕਾ ਨਾਦ ਵਡ ਵਡ ਸੁਭਾਗਾ, ਧੁਰਦਰਗਾਹੀ ਸਾਚੀ ਦਾਦ, ਦਰ ਘਰ ਦੇਵੇ ਮਾਧਵ ਮਾਧ, ਹਰਿ ਸੁਹੇਲਾ ਇਕ ਇਕੇਲਾ, ਦੂਈ ਦਵੈਤੀ ਧੋਵੇ ਦਾਗਾ । ਪਾਰਬ੍ਰਹਮ ਪੀਤੰਬਰ ਸਵਾਮੀ, ਸਦਾ ਸਦਾ ਜਗਤੇਸ਼ਵਰ ਅਲੱਖ ਨਿਰੰਜਣ, ਗੁਰਮੁਖ ਸਾਚੇ ਕੰਤ ਮਿਲਾਏ ਨਾਰ ਸੁਭਾਗਾ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਆਪ ਬੁਝਾਏ ਆਤਮ ਤ੍ਰਿਸ਼ਨਾ ਜਗਤੀ ਜੁਗਤੀ ਆਗਾ । ਗ੍ਰਿਹਿ ਕਾਇਆ ਸ਼ਬਦ ਅਧਾਰੀ । ਪੁਰਖ ਅਬਿਨਾਸ਼ੀ ਕਿਰਪਾ ਧਾਰੀ । ਘਟ ਘਟ ਵਾਸੀ ਜੋਤ ਨਿਰੰਕਾਰੀ । ਪਵਣ ਸ਼ਬਦ ਸ਼ਬਦ ਪਵਣ, ਪਵਣ ਸਵਾਸੀ ਨਾਦ ਧੁਨੀ, ਇਕ ਪੁਕਾਰ ਹਰਿ ਜੀ ਸੁਣੀ, ਲੋਕਮਾਤ ਕਰ ਵਿਚਾਰੀ । ਪੰਚਮ ਰੋਲੇ ਕਾਇਆ ਮੰਦਰ ਛਾਣੇ ਪੁਣੇ, ਵਡ ਦਾਤਾ ਹਰਿ ਵਡ ਵਡ ਗੁਣੀ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚੇ ਸੰਤ ਦੁਲਾਰੇ, ਕਰ ਪਿਆਰ ਇਕ ਪੁਕਾਰ ਦਰ ਘਰ ਸਾਚੇ ਸੁਣੀ । ਗ੍ਰਿਹਿ ਮੰਦਰ ਢੋਲ ਮਰਦੰਗਿਆ । ਸ਼ਬਦ ਸੁਹਾਗੀ ਗੀਤ ਏਕਾ ਏਕ ਰੰਗਿਆ । ਨਾਦੀ ਜੋਤੀ ਸ਼ਬਦ ਤਰਾਨੀ, ਬ੍ਰਹਮ ਗਿਆਨੀ ਹਰਿ ਹਰਿ ਸੰਗਿਆ । ਏਕਾ ਸ਼ਬਦ ਧੁਰਦਰਗਾਹੀ ਸੱਚੀ ਬਾਣੀ, ਦੂਜੇ ਘਰ ਨਾ ਮਿਲੇ ਮੰਗਿਆ । ਆਦਿ ਅੰਤਾ ਇਕ ਨਿਸ਼ਾਨੀ, ਸਾਚਾ ਸ਼ਬਦ ਜਗਤ ਬਿਬਾਣਾ, ਗੁਰਮੁਖ ਉਡੇ ਵਾਂਗ ਪਤੰਗਿਆ । ਜਗਤ ਜਗਦੀਸ਼ਰ ਆਪ ਬਣਾਏ ਸਾਚੀ ਰਾਣੀ, ਸਾਚਾ ਰੰਗ ਨਾਮ ਚੜ੍ਹਾਏ, ਗੁਰਮੁਖਾਂ ਕਾਇਆ ਨਵ ਨਵ ਰੰਗਿਆ । ਸਰਬ ਘਟਾਂ ਘਟ ਜਾਣੀ ਜਾਣ, ਆਤਮ ਮੰਦਰ ਸਾਚੇ ਅੰਦਰ ਸਚ ਵਸੇਰਾ ਅੰਧ ਅੰਧੇਰਾ, ਇਕ ਵਜਾਏ ਸ਼ਬਦ ਤਾਲ ਵਡ ਮਰਦੰਗਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕੀ ਬਲੀ ਬਲਵਾਨਾ, ਦਰ ਦਵਾਰਾ ਨਰ ਨਿਰੰਕਾਰਾ ਪੁਰਖ ਸੁਜਾਨਾ ਵਾਲੀ ਦੋ ਜਹਾਨਾ, ਏਕਾ ਏਕ ਮਾਤ ਮੰਗਿਆ । ਗ੍ਰਿਹਿ ਅੰਦਰ ਮੰਗ ਅਪਾਰਿਆ । ਪ੍ਰਭ ਅਬਿਨਾਸ਼ੀ ਤੋੜੇ ਜੰਦਰ, ਵੱਜਾ ਦਰ ਦਵਾਰਿਆ । ਜੋਤੀ ਨੂਰ ਕਰੇ ਉਜਿਆਰਾ ਸਾਚੇ ਅੰਦਰ, ਸ਼ਬਦੀ ਮਿਲੇ ਸਾਚੀ ਧਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਗ੍ਰਿਹਿ ਘਰ ਸਾਚੇ ਬਹੇ, ਕਰੇ ਖੇਲ ਅਪਰ ਅਪਾਰਿਆ । ਗ੍ਰਿਹਿ ਮੰਦਰ ਤਾਲ ਵਜੰਤਿਆ । ਸ਼ਬਦ ਅਧਾਰ ਇਕ ਕਰਤਾਰ, ਆਪੇ ਆਪ ਖੁਜੰਤਿਆ । ਆਪੇ ਸੁਣੇ ਹਰਿ ਪੁਕਾਰ, ਆਪੇ ਆਪ ਬੁਲੰਤਿਆ । ਆਪੇ ਖੁਲ੍ਹ ਮੁਨ ਮੁਨਾਰ, ਆਪੇ ਚੋਗ ਚੁਗੰਤਿਆ । ਆਪੇ ਕਰੇ ਘਰ ਉਜਿਆਰ, ਆਪੇ ਸੁੰਨ

ਰਖੰਤਿਆ । ਆਪੇ ਬਖ਼ਸ਼ੇ ਅੰਮ੍ਰਿਤ ਧਾਰ, ਆਪੇ ਕਵਲ ਬੰਦ ਕਰੰਤਿਆ । ਆਪੇ ਦਏ ਸ਼ਬਦ ਧੁਨਕਾਰ, ਆਪੇ ਡੂੰਘੇ ਭਵਰ ਸੁਟੰਤਿਆ । ਆਪੇ ਆਤਮ ਜੋਤੀ ਕਰ ਉਜਿਆਰ, ਅਗਿਆਨ ਅੰਧੇਰ ਮਿਟੰਤਿਆ । ਨਾਮ ਸ਼ਬਦ ਕਰਾਏ ਤਨ ਸ਼ਿੰਗਾਰ, ਗੁਰਮੁਖ ਸਾਚਾ ਸੋਭਾਵੰਤੀ ਨਾਰ, ਘਰ ਸਾਚੇ ਧਾਮ ਵਸੰਤਿਆ । ਮਿਲੇ ਮੇਲ ਕੰਤ ਭਤਾਰ, ਆਤਮ ਸੇਜਾ ਸਚ ਸੁਹਾਗਣ, ਸਾਚੇ ਧਾਮ ਰਹੰਤਿਆ । ਚਰਨ ਸਰਨ ਜਨ ਸਾਚੇ ਲਾਗਣ, ਆਪੇ ਧੋਏ ਮਾਇਆ ਦਾਗਣ, ਮਿਲੇ ਮੇਲ ਪੂਰਨ ਭਗਵੰਤਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਆਤਮ ਅੰਦਰ ਸਾਚੇ ਗ੍ਰਿਹਿ ਗੁਰਮੁਖ ਵਿਰਲਾ ਖੋਜ ਖੁਜੰਤਿਆ । ਆਤਮ ਗ੍ਰਿਹਿ ਸ਼ਬਦ ਟਿਕਾਣਾ । ਜੋਤੀ ਨੂਰ ਬਿਬਾਣਾ । ਨਾਦੀ ਪਵਣ ਸਾਚੀ ਤੂਰ, ਅਵਣੀ ਗਵਣੀ ਬੂਝ ਬੁਝਾਨਾ । ਨੂਰ ਉਜਾਲਾ ਏਕਾ ਨੂਰ, ਦਿਸ ਨਾ ਆਏ ਪਵਣ ਮਸਾਣਾ । ਸਤਿ ਸਰੂਪੀ ਹਾਜ਼ਰ ਹਜ਼ੂਰ, ਆਤਮ ਦਰ ਸਚ ਟਿਕਾਣਾ । ਸਰਬ ਕਲਾ ਆਪੇ ਭਰਪੂਰ, ਹਰਿ ਹਰਿ ਵਾਲੀ ਦੋ ਜਹਾਨਾਂ । ਪੰਚਮ ਕਰੇ ਚੂਰੋ ਚੂਰ, ਸ਼ਬਦ ਮਾਰੇ ਤੀਰ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਇਣ ਨਰ, ਆਤਮ ਅੰਦਰ ਸਾਚੇ ਗ੍ਰਿਹਿ ਆਪੇ ਵਸੇ ਗੁਣ ਨਿਧਾਨਾ । ਆਤਮ ਗ੍ਰਿਹਿ ਗੁਣ ਨਿਧਾਨ । ਚਰਨ ਧੂੜ ਏਕਾ ਬਖ਼ਸ਼ੇ ਸਚ ਇਸ਼ਨਾਨ । ਬੇਮੁਖ ਮੁਗਧ ਮੂੜ, ਆਪ ਬਣਾਏ ਚਤੁਰ ਸੁਜਾਨ । ਪੰਚਾਂ ਨਾਤਾ ਕੂੜੋ ਕੂੜ, ਏਕਾ ਸ਼ਬਦ ਬ੍ਰਹਮ ਗਿਆਨ । ਜੋਤੀ ਜਾਮਾ ਸ੍ਰੀ ਭਗਵਾਨਾ, ਸਾਚੇ ਮੰਦਰ ਆਤਮ ਗ੍ਰਿਹਿ ਗੁਰਮੁਖਾਂ ਕਰੇ ਆਪ ਪਛਾਣ । ਆਤਮ ਗ੍ਰਿਹਿ ਸ਼ਬਦ ਬਿਬਾਣਾ । ਗੁਰਮੁਖ ਸਾਚਾ ਵਿਰਲਾ ਬਹੇ, ਜਿਸ ਜਨ ਦੇਵੇ ਸ੍ਰੀ ਭਗਵਾਨਾ । ਪਾਰ ਕਿਨਾਰੇ ਏਕਾ ਰਹੇ, ਨੌਂਵੇਂ ਦਰ ਬੰਦ ਕਰਾਨਾ । ਦਸਵੇਂ ਘਰ ਅੰਮ੍ਰਿਤ ਮੇਂਹ, ਠੰਡੀ ਧਾਰ ਆਪ ਬਰਸਾਨਾ । ਪੁਰਖ ਅਬਿਨਾਸ਼ੀ ਲੱਗਾ ਨੇਂਹ, ਨਾ ਕੋਈ ਤੋੜੇ ਤੋੜ ਤੁੜਾਨਾ । ਲੱਖ ਚੁਰਾਸੀ ਦਿਸੇ ਖੇਹ, ਇਕ ਅਟੱਲ ਮਹੱਲ ਜਗਤ ਜਗਦੀਸ਼ਾ ਹਰਿ ਹਰਿ ਸ੍ਰੀ ਭਗਵਾਨਾ । ਵਸੇ ਨਿਹਚਲ ਧਾਮ ਅਖੱਲ, ਸ਼ਬਦ ਸੁਨੇਹੜਾ ਰਿਹਾ ਘੱਲ, ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਨਾਮ ਨਿਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਜਾਣੀ ਜਾਣਾ ।



੮੧੩
੦੪

## ✻ ੩ ਮਾਘ ੨੦੧੧ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹਿ ਪਿੰਡ ਪੰਡੋਰੀ ਜ਼ਿਲਾ ਅੰਮ੍ਰਿਤਸਰ ✻

ਹਰਿ ਸ਼ਬਦ ਅਟੱਲ ਗੁਰਮੁਖ ਵਿਰਲੇ ਜਾਣਿਆ । ਹਰਿ ਸ਼ਬਦ ਅਮੋਘ, ਕਿਸੇ ਹੱਥ ਨਾ ਆਏ ਰਾਜੇ ਰਾਣਿਆ । ਹਰਿ ਸ਼ਬਦ ਅਮੋਘ, ਗੁਰਮੁਖ ਸਾਚੇ ਦਰ ਘਰ ਸਾਚੇ ਏਕਾ ਏਕ ਵਖਾਣਿਆ । ਹਰਿ ਦਰਸ ਅਮੋਘ, ਜੋਤੀ ਦੇਵੇ ਨਾਮ, ਜੋਤੀ ਜੋਤ ਸਰੂਪ ਹਰਿ, ਆਪੇ ਆਪਣੇ ਚਲੇ ਭਾਣਿਆ । ਹਰਿ ਦਰਸ ਅਮੋਘ, ਗੁਰ ਦਰ ਦਵਾਰਿਆ । ਹਉਮੇ ਕਟੇ ਮਾਇਆ ਰੋਗ, ਦੇਵੇ ਨਾਮ ਅਟੱਲ ਅਪਾਰਿਆ । ਮਿਲਾਏ ਮੇਲ ਧੁਰ ਸੰਜੋਗ, ਸਾਚਾ ਦੀਪਕ ਜੋਤ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਗੁਰਮੁਖ ਸਾਚੇ ਬਣਤ ਬਣਾ ਰਿਹਾ । ਹਰਿ ਦਰਸ ਅਮੋਘ, ਜਗਤ ਵਣਜਾਰੜਾ । ਹਰਿ ਦਰਸ ਅਮੋਘ, ਹਰਿ ਵਸੇ ਧਾਮ ਨਿਆਰੜਾ । ਹਰਿ ਦਰਸ ਅਮੋਘ, ਗੁਰਮੁਖਾਂ ਪੂਰ ਕਰਾਏ ਕਾਮ, ਮਿਲੇ ਮੀਤ ਮੁਰਾਰੜਾ । ਹਰਿ ਦਰਸ ਅਮੋਘ, ਕੋਈ ਨਾ ਮੰਗੇ ਦਾਮ, ਚਰਨ ਪ੍ਰੀਤੀ ਸਾਚੀ ਨੀਤੀ ਏਕਾ ਰਾਹ ਅਪਾਰੜਾ । ਹਰਿ ਦਰਸ ਅਮੋਘ,

ਮਾਨਸ ਦੇਹੀ ਜਾਏ ਜੀਤੀ, ਮਿਲਿਆ ਕੰਤ ਸੁਹਾਗੜਾ । ਹਰਿ ਦਰਸ ਅਮੋਘ, ਜੋਤੀ ਜੋਤ ਸਰੂਪ ਹਰਿ, ਏਕਾ ਰੰਗਣ ਨਾਮ ਰੰਗਾਏ ਲਾਲ ਗੁਲਾਲੜਾ । ਕਾਇਆ ਰੰਗਣ ਰੰਗ ਗੁਲਾਲ । ਗੁਰਮੁਖ ਦਰ ਏਕਾ ਮੰਗਣ, ਆਤਮ ਜੋਤੀ ਸਾਚਾ ਲਾਲ । ਆਪੇ ਕਟੇ ਭੁੱਖ ਨੰਗਣ, ਸਾਚੀ ਦੇਵੇ ਵਸਤ ਸੰਭਾਲ । ਆਪ ਸੁਹਾਏ ਆਪਣੇ ਅੰਗਣ, ਦੋ ਜਹਾਨੀ ਕਰੇ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਚੱਲੇ ਚਾਲ । ਹਰਿ ਦਰਸ ਅਮੋਘ, ਜਗਤ ਦੀਵਾਨਿਆ । ਆਤਮ ਰਸ ਸੱਚਾ ਜੋਗ, ਸੁਖ ਸਹਿਜੇ ਸਹਿਜ ਸਮਾਨਿਆ । ਮਿਲੇ ਮੇਲ ਲਿਖਿਆ ਧੁਰ ਸੰਜੋਗ, ਨਰ ਹਰਿ ਸ੍ਰੀ ਭਗਵਾਨਿਆ । ਆਤਮ ਕਟੇ ਹਉਮੇ ਰੋਗ, ਸ਼ਬਦ ਮਾਰੇ ਤੀਰ ਨਿਸ਼ਾਨਿਆ । ਨੇੜ ਨਾ ਆਏ ਪੰਚਮ ਤੱਤਾਂ ਕਾਮ ਕਰੋਧ, ਪ੍ਰਭ ਆਤਮ ਦੇਵੇ ਸੋਧ, ਸਾਚਾ ਸ਼ਬਦ ਬ੍ਰਹਮ ਗਿਆਨਿਆ । ਹਰਿ ਹਰਿ ਸ਼ਬਦ ਵਡ ਜੋਧਨ ਜੋਧ, ਵਡ ਸੂਰਾ ਸੂਰਬੀਰ ਬਲਵਾਨਿਆ । ਧੁਰ ਫ਼ਰਮਾਣਾ ਸ੍ਰੀ ਭਗਵਾਨਾ ਏਕਾ ਸ਼ਬਦ ਅਗਾਧ ਬੋਧ, ਲੋਕਮਾਤ ਸੱਚਾ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਆਪੇ ਜਾਣਿਆ । ਆਪੇ ਜਾਣੇ ਆਪਣਾ ਆਪ ਹਰਿ ਨਿਰੰਕਾਰਿਆ । ਏਕਾ ਸ਼ਬਦ ਜਪਾਏ ਸਾਚਾ ਜਾਪ, ਲੋਕਮਾਤੀ ਮਾਰ ਝਾਤੀ ਕਲਜੁਗ ਅੰਤਮ ਵਾਰਿਆ । ਗੁਰਮੁਖਾਂ ਮਾਰੇ ਤੀਨੋ ਤਾਪ, ਸ਼ਬਦ ਕਟਾਰ ਹੱਥ ਉਠਾ ਰਿਹਾ । ਚਾਰ ਕੁੰਟ ਚਾਰ ਵਰਨ ਰਿਹਾ ਕਾਂਪ, ਨਾ ਦੇਵੇ ਕੋਈ ਸਹਾਰਿਆ । ਕਲਜੁਗ ਕਾਲਾ ਵਧਿਆ ਪਾਪ, ਘਰ ਘਰ ਦਰ ਦਰ ਹਾਹਾਕਾਰਿਆ । ਨਾ ਕੋਈ ਮਾਈ ਨਾ ਕੋਈ ਬਾਪ, ਭੈਣ ਭਾਈਆਂ ਨਾਤਾ ਤੁੱਟਾ ਭਾਈ ਭਾਈ ਹੰਕਾਰਿਆ । ਨਾ ਕੋਈ ਦਿਸੇ ਸਾਕ ਸੱਜਣ ਸੈਣ, ਚਾਰ ਕੁੰਟ ਚਾਰ ਚੁਫੇਰੇ ਏਕਾ ਧੂੰਆਂ ਧੁੰਦੂਕਾਰਿਆ । ਹਰਿ ਨਰ ਸਾਚਾ ਰਸਨ ਕਹਿ ਨਾ ਸਕੇ ਕਹਿਣ, ਕਾਇਆ ਤਨ ਮਨ ਹੰਕਾਰਿਆ । ਗੁਰਮੁਖ ਵਿਰਲੇ ਲਾਹਾ ਸਾਚਾ ਲੈਣ, ਸੋਹਣ ਹਰਿ ਸਾਚੇ ਬੰਕ ਦਵਾਰਿਆ । ਦਰਸ਼ਨ ਪਾਇਣ ਤੀਜੇ ਨੈਣ, ਹਰਿ ਖੋਲ੍ਹੇ ਬੰਦ ਕਿਵਾੜਿਆ । ਬੇਮੁਖ ਡੋਬੇ ਵਹਿੰਦੇ ਵਹਿਣ, ਕਲਜੁਗ ਮਾਇਆ ਤੱਤੀ ਹਾੜਿਆ । ਕਲਜੁਗ ਅੰਧੇਰੀ ਰੈਣ, ਜੋਤੀ ਜੋਤ ਸਰੂਪ ਹਰਿ, ਸਾਚਾ ਸ਼ਬਦ ਏਕਾ ਚੰਦ ਲੋਕਮਾਤ ਕਲ ਚਾੜ੍ਹਿਆ । ਸਾਚਾ ਚੰਦ ਭਏ ਪ੍ਰਕਾਸ਼ । ਗੁਰਮੁਖਾਂ ਖ਼ੁਸ਼ੀ ਕਰਾਏ ਬੰਦ ਬੰਦ, ਮੇਲ ਮਿਲਾਏ ਪੁਰਖ ਅਬਿਨਾਸ਼ । ਹਰਿ ਹਰਿ ਸਾਜਨ ਰਸਨਾ ਗਾਏ ਬੱਤੀ ਦੰਦ, ਕਰੇ ਕਰਾਏ ਬੰਦ ਖ਼ੁਲਾਸ । ਕਲਜੁਗ ਜੀਵ ਆਤਮ ਅੰਧ, ਅੱਠੇ ਪਹਿਰ ਰਹਿਣ ਉਦਾਸ । ਸ਼ਬਦ ਸੁਹਾਗੀ ਗੀਤ ਸੋਹੰ ਸੱਚਾ ਛੰਦ, ਰਸਨਾ ਗਾਇਣ ਸਵਾਸ ਸਵਾਸ । ਆਪ ਉਪਜਾਏ ਪਰਮਾਨੰਦ, ਹਉਮੇ ਰੋਗ ਜਾਏ ਵਿਨਾਸ । ਮਾਇਆ ਪੜਦਾ ਢਾਹੇ ਕੰਧ, ਕਾਇਆ ਮੰਡਲ ਇਕ ਵਖਾਸੇ ਸਾਚੀ ਰਾਸ । ਮਦਿਰਾ ਮਾਸ ਜਨ ਤਜਾਏ ਗੰਦ, ਸਦਾ ਸੁਹੇਲਾ ਦਰਸ ਦਿਖਾਏ, ਸਦ ਵਸੇ ਆਸ ਪਾਸ । ਜੋਤੀ ਜੋਤ ਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸ਼ਾਹੋ ਸ਼ਬਾਸ਼ । ਵਡ ਦਾਤਾ ਸ਼ਾਹ ਸੁਲਤਾਨ ਪੁਰਖ ਸੁਜਾਨਿਆ । ਵਡ ਦਾਤਾ ਬੇਪ੍ਰਵਾਹ ਹਰਿ ਭਗਵਾਨ, ਚਲੇ ਚਲਾਏ ਆਪਣੇ ਭਾਣਿਆ । ਧੁਰਦਰਗਾਹੀ ਸਚ ਮਲਾਹ, ਗੁਣ ਨਿਧਾਨ ਨਾ ਕੋਈ ਜਾਣੇ ਜੀਵ ਨਾਦਾਨਿਆ । ਸਦਾ ਸੁਹੇਲਾ ਪਕੜੇ ਬਾਂਹ, ਹਰਿ ਮਿਹਰਵਾਨ ਗੁਰਮੁਖ ਵਿਰਲੇ ਮਾਤ ਪਛਾਣਿਆ । ਆਦਿ ਅੰਤੀ ਠੰਡੀ ਛਾਂ, ਚਤੁਰ ਸੁਜਾਨ ਗੁਰਮੁਖ ਸਾਚੇ ਰੰਗ ਸਾਚਾ ਮਾਣਿਆ । ਦਰਗਹਿ ਸਾਚੀ ਸਾਚਾ ਥਾਂ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ, ਆਪ ਬਹਾਏ ਸਚ ਅਸਥਾਨਿਆ । ਸਾਚਾ ਧਾਮ ਹਰਿ ਅਸਥੂਲ । ਕੰਤ ਵਸੇਰਾ ਏਕ ਗੁਰਮੁਖ ਨਾ ਜਾਣਾ ਭੂਲ । ਜੀਵ ਜੰਤ ਸਾਧ ਸੰਤ ਏਕਾ ਏਕ ਰਖਾਏ ਟੇਕ, ਸ਼ਬਦ ਤੀਰ ਸ਼ਬਦ ਤ੍ਰਿਸੂਲ ।

੮੧੫
੦੪

ਆਪੇ ਮਾਰੇ ਚਾਰੇ ਵਾਰੇ ਪੰਚਮ ਕਰੇ ਬੁਧ ਬਿਬੇਕ, ਨਰ ਹਰਿ ਸਾਚਾ ਕੰਤ ਕੰਤੂਲ । ਜੋਤੀ ਜੋਤ ਸਰੂਪ ਹਰਿ, ਅਲੱਖ ਅਲੱਖਣਾ ਸਤਿ ਸੁਹੇਲਾ ਏਕਾ ਏਕ । ਜਗਤ ਨਿਧਾਨ ਗੁਣਵੰਤ, ਮਿਲੇ ਮੇਲ ਕੰਤ ਭਤਾਰ । ਚਤੁਰ ਸੁਜਾਨਾ ਹਰਿ ਭਗਵੰਤ, ਪੂਰਬ ਕਰਮ ਰਿਹਾ ਵਿਚਾਰ । ਵਡ ਧਨ ਮਾਲਾ ਹਰਿ ਪਤਿਵੰਤ, ਆਤਮ ਭਰੇ ਸਰਬ ਭੰਡਾਰ । ਸਖਾ ਸਖਾਈ ਸਤਿ ਸਤਿਵੰਤ, ਆਪ ਆਪਣੀ ਕਿਰਪਾ ਧਾਰ । ਸਾਚਾ ਮੇਲਾ ਏਕਾ ਕੰਤ, ਗੁਰਮੁਖ ਸੁਹਾਗਣ ਸਾਚੀ ਨਾਰ । ਜਗਤ ਵਡਿਆਈ ਜੀਵ ਜੰਤ, ਆਤਮ ਦੁੱਖ ਨਿਵਾਰ । ਕਿਸੇ ਹੱਥ ਨਾ ਆਏ ਭੇਖਾਧਾਰੀ ਸੰਤ, ਦਹਿ ਦਿਸ਼ ਫਿਰਨ ਹੋਇਣ ਖਵਾਰ । ਹਰਿ ਆਪ ਬਣਾਏ ਸਾਚੀ ਬਣਤ, ਗੁਰਮੁਖ ਨਿਮਾਣੇ ਪੈਜ ਸਵਾਰ । ਸਗਲ ਮਿਟਾਏ ਆਤਮ ਚਿੰਤ, ਸਾਚਾ ਦੇਵੇ ਨਾਮ ਅਧਾਰ । ਜਗਤ ਸੁਹੇਲਾ ਮਹਿੰਮਾ ਅਗਣਤ, ਰਸਨਾ ਕੋਈ ਨਾ ਸਕੇ ਉਚਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਦਵਾਰਾ ਇਕ ਸੁਹਾਏ, ਚਰਨ ਛੁਹਾਏ ਬੰਕ ਦਵਾਰ । ਗੁਰਮੁਖ ਆਤਮ ਹਰਿ ਦਰ ਪੁਕਾਰੇ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਮਿਲੇ ਮੇਲ ਕੰਤ ਭਤਾਰੇ । ਏਕਾ ਨਾਮ ਸਾਚਾ ਦਰ, ਅੰਮ੍ਰਿਤ ਭੰਡਾਰਾ ਸਾਚਾ ਸਰ, ਆਤਮ ਖੁਲ੍ਹੇ ਬੰਦ ਕਿਵਾੜੇ । ਲੱਖ ਚੁਰਾਸੀ ਚੁਕੇ ਡਰ, ਪੰਚਮ ਨੇੜ ਨਾ ਆਏ ਧਾੜੇ । ਦਰ ਘਰ ਸਾਚੇ ਜਾਇਣ ਵੜ, ਪੁਰਖ ਅਬਿਨਾਸ਼ੀ ਫੜਿਆ ਲੜ, ਸ਼ਬਦ ਘੋੜੇ ਸਾਚੇ ਚਾੜ੍ਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਾਚੇ ਮੰਦਰ ਸ਼ਬਦ ਸਰੂਪੀ ਗਿਆ ਵੜ । ਸ਼ਬਦ ਸਰੂਪੀ ਸਚ ਤਰਾਨਾ । ਰਾਗ ਨਾਦ ਨਾ ਕਿਸੇ ਵਖਾਨਾ । ਰਸਨਾ ਸਾਧ ਨਾ ਕਿਸੇ ਪਛਾਨਾ । ਧੁਰਦਰਗਾਹੀ ਸਾਚੀ ਦਾਤ, ਸਚ ਵਸਤ ਸਚ ਘਰ ਟਿਕਾਣਾ । ਗੁਰਮੁਖ ਵਿਰਲਾ ਲਏ ਲਾਧ, ਲੋਕਮਾਤ ਮਿਲੇ ਮੇਲ ਭਗਵਾਨਾ । ਸ਼ਬਦ ਤੂਰਤ ਸਾਚਾ ਨਾਦ, ਅਕਾਲ ਮੂਰਤ ਏਕਾ ਰੰਗ ਵਖਾਨਾ । ਸਤਿ ਸਰੂਪੀ ਸਾਚੀ ਸੂਰਤ, ਆਤਮ ਜੋਤੀ ਨੂਰ ਨੁਰਾਨਾ । ਬੇਮੁਖਾਂ ਸਦ ਵਸੇ ਦੂਰਤ, ਗੁਰਮੁਖਾਂ ਹਰਿ ਵਿਚ ਸਮਾਣਾ । ਲੱਖ ਚੁਰਾਸੀ ਰਹੀ ਝੂਰਤ, ਦਿਸ ਨਾ ਆਏ ਗੁਣ ਨਿਧਾਨਾ । ਗੁਰਮੁਖਾਂ ਆਸਾ ਮਨਸਾ ਪੂਰਤ, ਦਰਸ ਦਿਖਾਏ ਦਇਆ ਕਮਾਏ ਪ੍ਰਭ ਅਬਿਨਾਸ਼ੀ ਵਡ ਮਿਹਰਬਾਨਾ । ਨੂਰ ਨੁਰਾਨੀ ਸਾਚੀ ਸੂਰਤ, ਵਲੀਆ ਛਲੀਆ ਖੇਲ ਮਹਾਨਾ । ਸ੍ਰਿਸ਼ਟ ਸਬਾਈ ਕੂੜੋ ਕੂੜਤ, ਇਕ ਅਟੱਲ ਸਚ ਮਹੱਲ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਦੁਲਾਰੇ, ਚਰਨ ਪ੍ਰੀਤੀ ਇਕ ਬੰਧਾਨਾ । ਨਿਭੇ ਚਰਨ ਪ੍ਰੀਤ ਭਗਤ ਭਗਵਾਨਿਆ । ਸਾਚੀ ਪਰਖੇ ਨੀਤ ਵਿਚ ਜਹਾਨਿਆ । ਮਾਨਸ ਦੇਹੀ ਸਦਾ ਅਤੀਤ, ਏਕਾ ਸ਼ਬਦ ਸੁਹਾਗੀ ਗੀਤ, ਹਰਿ ਸਾਚਾ ਰਸਨ ਵਖਾਨਿਆ । ਲੱਖ ਚੁਰਾਸੀ ਜਾਣਾ ਜੀਤ, ਕਾਇਆ ਮੰਦਰ ਢਹੇ ਮਸੀਤ, ਅੰਤਮ ਛਡਣਾ ਵਿਚ ਜਹਾਨਿਆ । ਏਕਾ ਹਰਿ ਹਰਿ ਰਾਖੋ ਚੀਤ, ਅੱਠੇ ਪਹਿਰ ਨਾਮ ਵਸਤ ਸਚ ਦਸਤ, ਰੱਖੇ ਰੰਗ ਮਸਤਾਨਿਆ । ਕਾਇਆ ਚੋਲਾ ਝੂਠਾ ਬਸਤ, ਅੰਤਮ ਛੱਡਣਾ ਵਿਚ ਜਹਾਨਿਆ । ਕੋਈ ਨਾ ਚੱਲੇ ਸੰਗ ਅਸਤ, ਕਲਜੁਗ ਭੁੱਲੇ ਜੀਵ ਨਾਦਾਨਿਆ । ਗੁਰਮੁਖ ਸਾਚਾ ਸਦਾ ਮਸਤ, ਅੱਠੇ ਪਹਿਰ ਦਿਵਸ ਰੈਣ ਗੁਰ ਚਰਨ ਧਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਊ ਗਰੀਬ ਨਿਮਾਣੇ ਦਰ ਘਰ ਸਾਚੇ ਦੇਵੇ ਆਪੇ ਮਾਣਿਆ ।

੮੧੬
੦੪

✻ ੩ ਮਾਘ ੨੦੧੧ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✻

ਹਰਿ ਜੋਤ ਅਬਿਨਾਸ਼, ਜਗਤ ਉਪਜਾਇੰਦਾ । ਹਰਿ ਜੋਤ ਅਬਿਨਾਸ਼, ਭਗਤ ਭੁਗਤ ਬਣਾਇੰਦਾ । ਹਰਿ ਜੋਤ ਅਬਿਨਾਸ਼, ਆਤਮ ਸ਼ਕਤ ਲੱਖ ਚੁਰਾਸੀ ਆਪ ਟਿਕਾਇੰਦਾ । ਹਰਿ ਜੋਤ ਅਬਿਨਾਸ਼, ਬੂੰਦ ਰਕਤ ਕਾਇਆ ਮਾਇਆ ਆਪ ਬਣਾਇੰਦਾ । ਹਰਿ ਜੋਤ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਆਪਣੀ ਆਪ ਜਗਾਇੰਦਾ । ਹਰਿ ਜੋਤ ਅਬਿਨਾਸ਼, ਸਤਿ ਸਰੂਰਿਆ । ਹਰਿ ਜੋਤ ਅਬਿਨਾਸ਼, ਸਰਬ ਕਲਾ ਭਰਪੂਰਿਆ । ਹਰਿ ਜੋਤ ਅਬਿਨਾਸ਼, ਨੂਰ ਨੁਰਾਨੀ ਸਾਚਾ ਨੂਰ ਕਲਜੁਗ ਦੀਸੇ ਦੂਰਿਆ । ਹਰਿ ਸ਼ਬਦ ਅਬਿਨਾਸ਼, ਵੇਖ ਵਖਾਣੇ ਜੰਤ ਜੀਵ ਸ਼ੈਤਾਨੀ, ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਆਤਮ ਰੰਗ ਚੜ੍ਹਾਏ ਗੂੜ੍ਹਿਆ । ਹਰਿ ਜੋਤ ਅਬਿਨਾਸ਼, ਜਗਤ ਪ੍ਰਕਾਸ਼ ਹੈ । ਹਰਿ ਜੋਤ ਅਬਿਨਾਸ਼, ਘਟ ਘਟ ਰੱਖੇ ਵਾਸ ਹੈ । ਹਰਿ ਜੋਤ ਅਬਿਨਾਸ਼, ਕਾਇਆ ਆਤਮ ਸਾਚਾ ਤੀਰਥ, ਜੋਤ ਜਵਾਲਾ ਇਕ ਲਲਾਟ ਹੈ । ਹਰਿ ਜੋਤ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਇਕ ਨਿਭਾਏ ਸੱਚਾ ਸਾਥ ਹੈ । ਹਰਿ ਜੋਤ ਅਬਿਨਾਸ਼, ਸੰਗ ਸਾਥੀਆ । ਹਰਿ ਜੋਤ ਅਬਿਨਾਸ਼, ਵੇਖ ਵਖਾਣੇ ਤ੍ਰੈਲੋਕੀ ਨਾਥੀਆ । ਹਰਿ ਜੋਤ ਅਬਿਨਾਸ਼, ਕਾਇਆ ਮੰਦਰ ਡਗਮਗਾਏ ਝੂਠੀ ਦੇਹੀ ਮਾਟੀ ਖ਼ਾਕੀਆ । ਹਰਿ ਜੋਤ ਅਬਿਨਾਸ਼, ਆਪ ਆਪਣੀ ਮਾਤ ਜਗਾਏ, ਜਨ ਭਗਤਾਂ ਲਿਖੇ ਲੇਖ ਮਸਤਕ ਸਾਚੇ ਮਾਥਿਆ । ਹਰਿ ਜੋਤ ਅਬਿਨਾਸ਼, ਨਰ ਨਿਰੰਕਾਰਿਆ । ਹਰਿ ਜੋਤ ਅਬਿਨਾਸ਼, ਸਗਲ ਪਸਾਰਿਆ । ਹਰਿ ਜੋਤ ਅਬਿਨਾਸ਼, ਖੇਲ ਅਪਾਰਿਆ । ਹਰਿ ਜੋਤ ਅਬਿਨਾਸ਼, ਸਾਚੇ ਧਾਮ ਸਚ ਸਿੰਘਾਸਣ ਆਪੇ ਆਪ ਡਗਮਗਾ ਰਿਹਾ । ਹਰਿ ਜੋਤ ਅਬਿਨਾਸ਼, ਸਚ ਮੰਡਲ ਦੀ ਸਾਚੀ ਰਾਸ, ਏਕਾ ਨੂਰਾ ਚਾਰ ਕੁੰਟ ਦਹਿ ਦਿਸ਼ਾ ਵਖਾ ਰਿਹਾ ਹੈ । ਹਰਿ ਜੋਤ ਅਬਿਨਾਸ਼, ਸਰਬ ਘਟਾ ਘਟ ਵਾਸਿਆ । ਹਰਿ ਜੋਤ ਅਬਿਨਾਸ਼, ਜਨ ਭਗਤਾਂ ਆਤਮ ਪੜਦੇ ਰਿਹਾ ਖੋਲ੍ਹ, ਭਾਗ ਲਗਾਏ ਕਾਇਆ ਚੋਲੀ, ਦੀਪਕ ਜੋਤੀ ਡਗਮਗਾ ਰਿਹਾ । ਹਰਿ ਜੋਤ ਅਬਿਨਾਸ਼, ਲੱਖ ਚੁਰਾਸੀ ਦਾਸਨ ਦਾਸ, ਵਸਤ ਅਨਮੋਲ ਪੂਰਾ ਤੋਲ ਤੋਲ, ਆਪ ਆਪਣੇ ਵਿਚ ਟਿਕਾ ਰਿਹਾ । ਹਰਿ ਜੋਤ ਅਬਿਨਾਸ਼, ਜਨ ਭਗਤਾਂ ਆਤਮ ਪੜਦੇ ਰਿਹਾ ਖੋਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਸਮਾ ਰਿਹਾ । ਹਰਿ ਜੋਤ ਅਬਿਨਾਸ਼, ਰੰਗ ਰੰਗ ਰੰਗਾਨਿਆ । ਹਰਿ ਜੋਤ ਅਬਿਨਾਸ਼, ਹਰਿ ਧਾਮ ਹਰਿ ਰਾਮ ਆਪੇ ਆਪ ਸਮਾਨਿਆ । ਹਰਿ ਜੋਤ ਅਬਿਨਾਸ਼, ਆਪ ਕਰਾਏ ਆਪਣਾ ਕਾਮ, ਦਿਸ ਨਾ ਆਏ ਰਾਜੇ ਰਾਣਿਆਂ । ਹਰਿ ਜੋਤ ਅਬਿਨਾਸ਼, ਲੱਖ ਚੁਰਾਸੀ ਕਾਇਆ ਚਾਮ, ਡਗਮਗਾਏ ਏਕਾ ਰੰਗ ਸਮਾਨਿਆ । ਹਰਿ ਜੋਤ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਰੰਗ ਆਪੇ ਜਾਣਿਆ । ਹਰਿ ਜੋਤ ਅਬਿਨਾਸ਼, ਧਾਮ ਅਸਥੂਲਿਆ । ਹਰਿ ਜੋਤ ਅਬਿਨਾਸ਼, ਸਚ ਸਿੰਘਾਸਣ ਡੇਰਾ ਲਾਏ, ਨਾ ਪਾਵਾ ਨਾ ਚੂਲਿਆ । ਹਰਿ ਜੋਤ ਅਬਿਨਾਸ਼, ਸੰਞ ਸਵੇਰ ਨਾ ਕੋਈ ਰਖਾਏ, ਅੰਧ ਅੰਧੇਰ ਦਿਸ ਨਾ ਆਏ, ਏਕਾ ਰੰਗ ਰੰਗ ਨਵੇਲਿਆ । ਹਰਿ ਜੋਤ ਅਬਿਨਾਸ਼, ਆਪ ਆਪਣਾ ਆਪ ਉਪਾਏ, ਨਾ ਕੋਈ ਗੁਰ ਨਾ ਕੋਈ ਚੇਲਿਆ । ਹਰਿ ਜੋਤ ਅਬਿਨਾਸ਼, ਅਚਰਜ ਖੇਲ ਖੇਲਿਆ । ਜਗਤ ਸੁਹੇਲ ਅੱਠੇ ਪਹਿਰ ਡਗਮਗਾਏ, ਨਾ ਕੋਈ ਬਾਤੀ ਨਾ ਕੋਈ ਤੇਲਿਆ । ਹਰਿ ਜੋਤ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਪਾਰਬ੍ਰਹਮ ਆਪ ਆਪਣਾ ਖੇਲਿਆ । ਹਰਿ ਜੋਤ ਅਬਿਨਾਸ਼, ਸਚ ਦਵਾਰਿਆ । ਹਰਿ ਜੋਤ ਅਬਿਨਾਸ਼, ਪਰਮ ਪੁਰਖ ਏਕਾ ਕਲ

ਏਕਾ ਧਾਰਿਆ । ਹਰਿ ਜੋਤ ਅਬਿਨਾਸ਼ੀ, ਲੱਖ ਚੁਰਾਸੀ ਵਲ ਛਲ ਜੁਗਾ ਜੁਗੰਤਰ ਖੇਲ ਬਣਾ ਰਿਹਾ । ਹਰਿ ਜੋਤ ਅਬਿਨਾਸ਼, ਵੇਖ ਵਖਾਣੇ ਜਲ ਥਲ, ਸ਼ਬਦ ਮੰਤਰ ਇਕ ਚਲਾ ਰਿਹਾ । ਹਰਿ ਜੋਤ ਅਬਿਨਾਸ਼, ਸਤਵੇਂ ਘਰ ਸਤਿ ਇਕ ਅਹਿਮਦ ਸਚ ਮੁਹੰਮਦ ਸਾਚਾ ਆਸਣ ਲਾ ਰਿਹਾ । ਸਾਚੇ ਘਰ ਹਰਿ ਬਲਵਾਨਾ । ਜੋਤ ਸਰੂਪੀ ਪਵਣ ਮਸਾਣਾ । ਗੁਣਵੰਤਾ ਹਰਿ ਗੁਣ ਨਿਧਾਨਾ । ਜੀਵ ਜੰਤ ਨਾ ਕਰੇ ਪਛਾਨਾ, ਸਾਧ ਸੰਤ ਕਿਸੇ ਹੱਥ ਨਾ ਆਏ, ਦਰ ਘਰ ਸਾਚਾ ਬੂਝ ਬੁਝਾਨਾ । ਸਰਬ ਕਲਾ ਸਮਰਥ ਆਪ ਅਖਵਾਏ, ਲੋਆਂ ਪੁਰੀਆਂ ਬਾਹਰ ਟਿਕਾਨਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪ ਆਪਣਾ ਸਚ ਨਿਸ਼ਾਨਾ । ਹਰਿ ਜੋਤ ਅਬਿਨਾਸ਼, ਜੋਧ ਬਲ ਸੂਰਿਆ । ਹਰਿ ਜੋਤ ਅਬਿਨਾਸ਼, ਕਾਮ ਕਰੋਧ ਲੋਭ ਮੋਹ ਹੰਕਾਰ ਵਿਕਾਰਾ ਵਾਰਿਆ । ਹਰਿ ਜੋਤ ਅਬਿਨਾਸ਼, ਤੁੱਟੇ ਨਾਤਾ ਜਗਤ ਮੋਹ, ਆਤਮ ਰਾਮ ਸਦ ਭਰਪੂਰਿਆ । ਹਰਿ ਜੋਤ ਅਬਿਨਾਸ਼, ਕੋਈ ਨਾ ਸਕੇ ਮਾਤ ਛੋਹ, ਲੱਖ ਚੁਰਾਸੀ ਕੂੜ ਕੁੜਿਆਰਿਆ । ਹਰਿ ਜੋਤ ਅਬਿਨਾਸ਼, ਸਾਧ ਸੰਤ ਕਲ ਕਲਕਾਤੀ ਰਹੇ ਰੋ, ਕਿਸੇ ਹੱਥ ਨਾ ਆਏ ਸਾਚਾ ਨੂਰਿਆ । ਹਰਿ ਜੋਤ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਇਕ ਰਖਾਏ ਦਇਆ ਕਮਾਏ, ਸੰਗ ਸੁਹੇਲਾ ਸ਼ਬਦ ਸੁਹੇਲਾ ਸਾਚੀ ਤੂਰਿਆ । ਹਰਿ ਜੋਤ ਜੋਤ ਅਬਿਨਾਸ਼ੀ । ਕਰੇ ਖੇਲ ਹਰਿ ਸਰਬ ਘਟਾ ਘਟ ਵਾਸੀ । ਛੇਵੇਂ ਦਰ ਵੇਖੇ ਹਰਿ ਖੋਲ੍ਹੇ ਬੰਦ ਕਵਾੜ, ਨੂਰ ਨੁਰਾਨੀ ਜੋਤ ਪ੍ਰਕਾਸ਼ੀ । ਸਚ ਦਵਾਰੇ ਜਾਣਾ ਵੜ, ਪ੍ਰਭ ਅਬਿਨਾਸ਼ੀ ਅੱਗੇ ਖੜ, ਆਪ ਫੜਾਏ ਆਪਣਾ ਲੜ, ਸ਼ਬਦ ਬਣਾਏ ਸਾਚੀ ਦਾਸੀ । ਜੋਤੀ ਜਾਮਾ ਸ੍ਰੀ ਭਗਵਾਨਾ, ਸਚ ਮੰਡਲ ਦੀ ਸਾਚੀ ਰਾਸੀ । ਛੇਵੇਂ ਘਰ ਹਰਿ ਵਿਚਾਰੇ । ਜੋਤੀ ਖੇਲ ਅਪਰ ਅਪਾਰੇ । ਸ਼ਬਦ ਤਰਾਨਾ ਇਕ ਅਲਾਏ, ਦੇਵੇ ਨਾਦ ਨਾਦ ਧੁਨਕਾਰੇ । ਸਾਚਾ ਸ਼ਬਦ ਇਕ ਚਲਾਏ, ਜੁਗਾ ਜੁਗੰਤਰ ਬਣਤ ਬਣਾਏ, ਆਪ ਆਪਣੀ ਜਾਣੇ ਕਾਰੇ । ਜੋਤੀ ਜਾਮਾ ਸ੍ਰੀ ਭਗਵਾਨਾ, ਛੇਵੇਂ ਦਰ ਹਰਿ ਨਿਰੰਕਾਰੇ । ਵੇਖ ਵਿਚਾਰੇ ਸਾਚਾ ਸ਼ਬਦ ਸਚ ਤਰਾਨਾ । ਕਿਸੇ ਨਾ ਦਿਸੇ ਮਾਤ ਨਿਸ਼ਾਨਾ, ਆਪ ਆਪਣੀ ਬੰਨ੍ਹੇ ਧਾਰੇ । ਸਾਚੇ ਘਰ ਸ਼ਬਦ ਨਿਸ਼ਾਨਾ ਏਕਾ ਰਾਗ ਏਕਾ ਸਾਜ, ਦੂਜਾ ਨਾ ਕੋਈ ਤਾਲ ਰਖਾਨਾ । ਅਨਹਦ ਧੁਨੀ ਸਾਚੀ ਅਵਾਜ਼, ਧੁਨ ਧਨਵੰਤਾ ਆਪ ਅਖਵਾਨਾ । ਮਾਤਲੋਕ ਪ੍ਰਭ ਦੇਵੇ ਸਾਚੀ ਦਾਤ, ਸਾਚਾ ਸ਼ਬਦ ਜਗਤ ਮਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਦਰ ਸਚ ਸੁਹਾਣਾ । ਉਪਜੇ ਸ਼ਬਦ ਵੈਰਾਗ, ਆਗ ਤਨ ਨਾਸੀਆ । ਗੁਰਮੁਖ ਸੋਇਆ ਜਾਏ ਜਾਗ, ਵਡ ਵਡਭਾਗ ਕਿਰਪਾ ਕਰੇ ਸ਼ਾਹੋ ਸ਼ਾਬਾਸ਼ੀਆ । ਕਾਇਆ ਅੰਦਰ ਆਤਮ ਅੰਧ ਧੋ ਝੂਠੇ ਦਾਗ, ਮਾਨਸ ਜਨਮ ਕਰੇ ਰਹਿਰਾਸੀਆ । ਹਰਿ ਸੰਤ ਸੁਹੇਲਾ ਆਪ ਬਣਾਏ ਹੰਸ ਕਾਗ, ਕਿਰਪਾ ਕਰ ਸਾਚਾ ਹਰਿ ਦੇਵੇ ਵਰ ਘਟ ਘਟ ਵਾਸੀਆ । ਜੋਤੀ ਜੋਤ ਸਰੂਪ ਹਰਿ, ਸਚ ਸ਼ਬਦ ਹਰਿ ਮਾਤ ਧਰ, ਸੁਣ ਸੁਣਾਵੇ ਆਵੇ ਜਾਵੇ ਪੁਰਖ ਅਬਿਨਾਸ਼ੀਆ । ਸਾਚਾ ਸ਼ਬਦ ਜਗਤ ਜਣਾਈਆ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਰਿਹਾ ਉਠਾਈਆ । ਏਕਾ ਦੇਵੇ ਸੱਚਾ ਨਾਮ ਧਨਾ, ਸਾਚੀ ਵਸਤ ਇਕ ਅਮੋਲ ਅਤੋਲ ਧੁਰਦਰਗਾਹੀ ਸਾਚਾ ਮਾਹੀ ਵਿਚ ਮਾਤ ਟਿਕਾਈਆ । ਸਾਚਾ ਸੁਣਾਏ ਰਾਗ ਕੰਨਾਂ, ਗੁਰਮੁਖਾਂ ਕੱਢੇ ਆਤਮ ਜੰਨਾ, ਦਰਸ ਅਮੋਘਾ ਧੁਰ ਸੰਜੋਗਾ ਏਕਾ ਆਪਣਾ ਆਪ ਵਖਾਈਆ । ਭਾਂਡਾ ਭਰਮ ਹਰਿ ਜੀ ਭੰਨਾ, ਸ਼ਬਦ ਤੀਰ ਲਾਇਆ ਤਨਾ, ਆਤਮ ਖਿਚੇ ਸਾਚਾ ਸੀਰ, ਬਜ਼ਰ ਕਪਾਟੀ ਚੀਰ ਵਖਾਈਆ । ਜੋਤੀ ਜਾਮਾ ਸ੍ਰੀ ਭਗਵਾਨਾ, ਸ਼ਬਦੀ ਵੇਖੇ ਇਕ ਤਰਾਨਾ, ਜੁਗਾ ਜੁਗੰਤਰ ਆਪ ਬਣਾਏ ਸਾਚੀ ਬਣਤਰ, ਭਗਤ

ਸੁਹੇਲਾ ਸਾਚਾ ਮੇਲਾ ਸ਼ਬਦ ਸੁਰਤੀ ਮੇਲ ਮਿਲਾਈਆ । ਸ਼ਬਦ ਸੁਰਤੀ ਮੇਲ ਮਿਲਾਵਾ, ਖੇਲ ਅਪਰ ਅਪਾਰਿਆ । ਬੇਮੁਖ ਬੰਨ੍ਹਣ ਝੂਠੇ ਦਾਅਵੇ, ਨਰ ਹਰਿ ਦਿਸ ਨਾ ਆਏ ਜੀਵ ਜੰਤ ਗਵਾਰਿਆ । ਗੁਰਮੁਖਾਂ ਦੇਵੇ ਠੰਡੀਆਂ ਛਾਂਵਾਂ, ਆਪ ਉਠਾਵੇ ਫੜ ਫੜ ਬਾਹੋਂ, ਸਾਚੀ ਜੋਤੀ ਮੇਲ ਮਿਲਾ ਰਿਹਾ । ਦਰ ਘਰ ਸਾਚੇ ਸਾਚੇ ਥਾਵਾਂ, ਗੁਰਮੁਖ ਸਾਚੇ ਸੰਤ ਜਨਾਂ, ਜੋਤੀ ਜਾਮਾ ਸ੍ਰੀ ਭਗਵਾਨਾ, ਏਕਾ ਰੰਗਣ ਨਾਮ ਚੜ੍ਹਾ ਰਿਹਾ । ਸਾਚੀ ਰੰਗਣ ਹਰਿ ਦਵਾਰ । ਗੁਰਮੁਖ ਗੁਰਸਿਖ ਮੂਲ ਨਾ ਸੰਗਣ, ਮਿਲੇ ਮੇਲ ਕੰਤ ਭਤਾਰ । ਕਾਇਆ ਡੋਲੀ ਸ਼ਬਦ ਚੋਲੀ, ਹੌਲੀ ਹੌਲੀ ਕਰਦੀ ਵਿੱਚੋਂ ਬੋਲੀ, ਸਚ ਕਰਾਏ ਤਨ ਸ਼ਿੰਗਾਰ । ਆਤਮ ਪਰਦੇ ਰਿਹਾ ਫੋਲੀ, ਗੁਰਮੁਖ ਸਾਚੇ ਚਰਨ ਪ੍ਰੀਤੀ ਘੋਲ ਘੋਲੀ, ਆਪੇ ਵੇਖੇ ਅੰਦਰ ਬਾਹਰ ਗੁਪਤ ਜ਼ਾਹਰ । ਪੂਰੇ ਤੋਲ ਰਿਹਾ ਤੋਲੀ, ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਕਰਮ ਵਿਚਾਰ, ਜੋਤੀ ਜਾਮਾ ਸ੍ਰੀ ਭਗਵਾਨਾ, ਧੁਰਦਰਗਾਹੀ ਸਾਚਾ ਰਾਣਾ, ਆਪ ਜਾਣੇ ਆਪਣੀ ਕਾਰ । ਸਾਚੀ ਜਾਣੇ ਕਾਰ ਸ਼ਬਦ ਮਰਦੰਗਿਆ । ਕਲਜੁਗ ਤੇਰਾ ਅੰਤਾ ਵਿਹਾਰ, ਗੁਰਮੁਖਾਂ ਮੇਲ ਮਿਲਾਏ ਸਾਚਾ ਸੰਗਿਆ । ਮਾਨਸ ਦੇਹੀ ਅਪਰ ਅਪਾਰ, ਮਿਲਿਆ ਨਰ ਹਰਿ ਹਰਿ ਨਰ ਸੂਰਾ ਸਰਬੰਗਿਆ । ਲੱਖ ਚੁਰਾਸੀ ਗਈ ਹਾਰ, ਸਚ ਵਸਤ ਕਿਸੇ ਹੱਥ ਨਾ ਆਏ, ਸਾਚਾ ਨਾਮ ਦਰ ਦਰ ਮੰਗਿਆ । ਭੇਖਾਧਾਰੀ ਭੇਖ ਭਿਖਾਰ, ਭਗਵੇਂ ਵੇਸ ਪੈਰੀਂ ਨੰਗਿਆ । ਚਾਰੋਂ ਕੁੰਟ ਫਿਰੇ ਦੇਸ ਪ੍ਰਦੇਸ, ਮਾਇਆਧਾਰੀ ਆਤਮ ਅੰਧਿਆ । ਸ਼ਬਦ ਲਿਖਾਇਆ ਗੁਰ ਦਸਮੇਸ਼, ਕਲਜੁਗ ਤੇਰਾ ਝੂਠਾ ਵੇਸ, ਝੂਠਾ ਦਿਸੇ ਧੰਦਿਆ । ਪ੍ਰਗਟ ਹੋਏ ਨਰ ਨਰੇਸ਼, ਜੋਤੀ ਜਾਮਾ ਮਾਝੇ ਦੇਸ, ਪੂਰਨ ਨਰ ਹਰਿ ਭਗਵਾਨਿਆ । ਬੇਮੁਖ ਪਛਾੜੇ ਪਕੜ ਕੇਸ, ਰਾਜੇ ਰਾਣੇ ਦਰ ਦਰਵੇਸ਼, ਸਾਚਾ ਲੇਖਾ ਲੇਖ ਲਿਖਾ ਰਿਹਾ । ਜੋਤੀ ਜਾਮਾ ਸ਼ਬਦੀ ਭੇਖਾ, ਨਾਮ ਤਰਾਨਾ ਇਕ ਰਖਾ ਰਿਹਾ । ਸੋਹੰ ਸ਼ਬਦ ਸੱਚਾ ਧਨ ਮਾਲਾ, ਨਾ ਹੋਏ ਕਦੇ ਕੰਗਾਲਾ, ਆਦਿ ਜੁਗਾਦੀ ਸਦ ਬ੍ਰਿਹਮਾਦੀ, ਸਾਚੇ ਧਾਮ ਸੁਹਾ ਰਿਹਾ । ਕਲਜੁਗ ਤੇਰੀ ਅੰਤਮ ਵਾਰੀ, ਸੱਚਾ ਵੱਜੇ ਏਕਾ ਨਾਦੀ, ਚਾਰ ਵਰਨਾਂ ਏਕਾ ਸਰਨਾ, ਹਰਿ ਸਾਚਾ ਖੋਜ ਖੁਜਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕੀ ਪਹਿਰੇ ਬਾਣਾ, ਸ਼ਬਦ ਰੱਖੇ ਇਕ ਤਰਾਨਾ, ਲੱਖ ਚੁਰਾਸੀ ਬੰਨ੍ਹੇ ਗਾਨਾ, ਗੁਰਮੁਖਾਂ ਦੇਵੇ ਨਾਮ ਨਿਧਾਨਾ, ਸਮਰਥ ਪੁਰਖ ਪੂਰਨ ਭਗਵੰਤਿਆ । ਪੂਰਨ ਭਗਵੰਤ ਸਚ ਵਧਾਈਆ । ਜੁਗਾ ਜੁਗੰਤ ਆਵਣ ਜਾਵਣ ਖੇਲ ਰਚਾਈਆ । ਆਪੇ ਬੰਨ੍ਹੇ ਆਪਣੀ ਧਾਰ, ਭੇਵ ਕਿਸੇ ਨਾ ਪਾਈਆ । ਮਾਇਆ ਰਾਣੀ ਜਗਤ ਭੁਲਾਇਆ, ਭੁੱਲੇ ਜੀਵ ਗਵਾਰ, ਘਰ ਘਰ ਪਈ ਦੁਹਾਈਆ । ਨਾ ਕੋਈ ਦਿਸੇ ਮੀਤ ਮੁਰਾਰ, ਚੋਰੀ ਯਾਰੀ ਠੱਗੀ ਘਰ ਘਰ ਵਾਸ ਰਖਾਈਆ । ਨਾ ਕੋਈ ਦਿਸੇ ਕੰਤ ਭਤਾਰ, ਨਾ ਕੋਈ ਜਾਣੇ ਸਾਚੀ ਨਾਰ, ਮਾਤ ਪਿਤ ਭੈਣਾਂ ਭਾਈ ਤੁੱਟਾ ਨਾਤਾ ਜਗਤ ਮੋਹ, ਆਤਮ ਹੰਕਾਰ ਚਲਾਈਆ । ਪੁਰਖ ਅਬਿਨਾਸ਼ੀ ਪ੍ਰਗਟ ਹੋ ਗੁਰਮੁਖਾਂ ਆਤਮ ਮੈਲ ਧੋ, ਅੰਮ੍ਰਿਤ ਸਾਚਾ ਜਾਮ ਪਿਆਈਆ । ਪੂਰ ਕਰਾਏ ਆਪਣੇ ਕਾਮ, ਇਕ ਜਪਾਏ ਸਾਚਾ ਨਾਮ, ਵਰਨਾਂ ਬਰਨਾਂ ਭੇਵ ਚੁਕਾਈਆ । ਕੋਈ ਨਾ ਲਾਏ ਹਰਿ ਜੀ ਦਾਮ, ਸੁੱਕਾ ਕਰੇ ਹਰਿਆ ਚਾਮ, ਸਚ ਖ਼ਜ਼ੀਨਾ ਪ੍ਰਬੀਨਾ, ਧੁਰਦਰਗਾਹੀ ਵਸਤ ਅਮੋਲ, ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਰਿਹਾ ਟਿਕਾਈਆ । ਗੁਰਮੁਖਾਂ ਦੇਵੇ ਕਰ ਪਿਆਰ, ਸਦ ਰੱਖੇ ਤਿੱਖੀ ਧਾਰ, ਪੰਜ ਚੋਰਾਂ ਮਾਰੇ ਮਾਰ, ਕਾਮ ਕਾਮਨੀ ਨੇੜ ਨਾ ਆਈਆ । ਸਾਚਾ ਮੇਲ ਕੰਤ ਭਤਾਰ, ਆਤਮ ਜੋਤੀ ਕਰ ਉਜਿਆਰ, ਸ਼ਬਦ ਮੋਨੀ ਸਾਚੀ ਧਾਰ, ਸਾਚਾ ਰੰਗ ਏਕਾ ਰਿਹਾ ਰੰਗਾਈਆ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚੇ


੮੧੮
੦੪

ਸੰਤ ਜਨਾਂ, ਲੋਕਮਾਤ ਮਾਰ ਝਾਤ, ਆਪੇ ਬੈਠ ਇਕ ਇਕਾਂਤ, ਸਾਚੀ ਬਣਤ ਰਿਹਾ ਬਣਾਈਆ । ਬਣਤ ਬਣਾਏ ਹਰਿ ਬਨਵਾਰੀ । ਕਲਜੁਗ ਤੇਰੀ ਅੰਤਮ ਵਾਰੀ । ਚਾਰੋਂ ਕੁੰਟ ਹੋਏ ਖੁਆਰੀ । ਲੱਖ ਚੁਰਾਸੀ ਉਤਰੀ ਪਾਰੀ । ਗੁਰਮੁਖ ਵਿਰਲਾ ਸਚ ਸੁਹੇਲਾ, ਹਰਿ ਚਰਨ ਸਰਨ ਕਰੇ ਇਕ ਪਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਏਕਾ ਬਖ਼ਸ਼ੇ ਸ਼ਬਦ ਉਡਾਰੀ । ਸ਼ਬਦ ਉਡਾਰ ਅਪਾਰਿਆ । ਆਤਮ ਖੁਲ੍ਹੇ ਦਰ ਬੰਦ ਕਵਾੜਿਆ । ਪੰਜਾਂ ਹੱਟੇ ਧਾੜ, ਦਰ ਦਵਾਰਿਆ । ਸ਼ਬਦ ਚੱਲੇ ਕਾੜ ਕਾੜ, ਸਾਚੀ ਧੁਨੀ ਨਾਦ ਧੁਨਕਾਰਿਆ । ਜੋਤ ਸਰੂਪੀ ਆਤਮ ਦਰ ਜਾਏ ਖੜ੍ਹ, ਗੁਰਮੁਖ ਸਾਚੇ ਸੁਣੇ ਪੁਕਾਰਿਆ । ਨਾ ਕੋਈ ਸੀਸ ਨਾ ਕੋਈ ਧੜ, ਨੂਰ ਨੁਰਾਨਾ ਜੋਤ ਅਕਾਰਿਆ । ਗੁਰਮੁਖ ਆਤਮ ਸਾਚੇ ਅੰਦਰ ਆਪੇ ਜਾਏ ਵੜ, ਦਿਸ ਕਿਸੇ ਨਾ ਆ ਰਿਹਾ । ਸਚ ਸਿੰਘਾਸਣ ਆਤਮ ਸੇਜਾ ਗੁਰਮੁਖ ਜਾਏ ਚੜ੍ਹ, ਸਾਚਾ ਕੰਤ ਰੰਗੀਲਾ ਮਾਧਵ ਸਾਚੇ ਆਸਣ ਡੇਰਾ ਲਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਜਨ ਭਗਤਾਂ ਦੇਵੇ ਨਾਮ ਨਿਧਾਨਾ, ਪੂਰਨ ਆਸਾ ਧੁਰ ਭਰਵਾਸਾ, ਏਕਾ ਸ਼ਬਦ ਮਾਤ ਪਤਾਲ ਅਕਾਸ਼ਾ, ਕਾਇਆ ਕੰਦਰ ਆਪ ਉਪਜਾ ਰਿਹਾ । ਕਾਇਆ ਕੰਦਰ ਅੰਧੇਰੀ ਰਾਤ । ਮਾਨਸ ਦੇਹੀ ਸਾਚਾ ਮੰਦਰ, ਬੈਠਾ ਰਹੇ ਇਕ ਇਕਾਂਤ । ਲੱਖ ਚੁਰਾਸੀ ਭੌਂਦੀ ਬੰਦਰ, ਨਾ ਕੋਈ ਦੇਵੇ ਅੰਮ੍ਰਿਤ ਬੂੰਦ ਸਵਾਂਤ । ਨਾ ਕੋਈ ਤੋੜੇ ਆਤਮ ਵੱਜਾ ਜੰਦਰ, ਦਰ ਦਰ ਘਰ ਘਰ ਕਲਜੁਗ ਜੀਵ ਭਵਾਂਤ । ਗੁਰਮੁਖਾਂ ਦੇ ਵਸੇ ਅੰਦਰੇ ਅੰਦਰ, ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਪੁੱਛੇ ਵਾਤ, ਹਰਿ ਸ਼ਬਦ ਅਤੋਲ ਵਿਚ ਸੰਸਾਰਿਆ । ਕੋਈ ਨਾ ਸਕੇ ਰਸਨਾ ਬੋਲ, ਆਪੇ ਜਾਣੇ ਗੁਣ ਵਿਚਾਰਿਆ । ਆਤਮ ਪੜਦੇ ਰਿਹਾ ਖੋਲ੍ਹ, ਜਿਸ ਜਨ ਆਪੇ ਕਿਰਪਾ ਕਰੇ ਅਪਾਰਿਆ । ਸ਼ਬਦ ਵਜਾਏ ਏਕਾ ਨਾਦ ਏਕਾ ਧਾਰ ਅਨਾਦ ਅਨਾਦੀ ਸੱਚਾ ਢੋਲ, ਸਾਚਾ ਰਾਗ ਛਤੀਸਾ ਏਕਾ ਏਕ ਸੁਣਾ ਰਿਹਾ । ਹਰਿਜਨ ਗਾਏ ਸੰਗ ਬਤੀਸਾ, ਇਕ ਝੁਲਾਏ ਛਤਰ ਸੀਸਾ, ਸਾਚੀ ਦਰਗਹਿ ਸਾਚਾ ਮਾਣ ਦਵਾ ਰਿਹਾ । ਖੇਲ ਖਿਲਾਏ ਬੀਸ ਇਕੀਸਾ, ਮੇਟ ਮਿਟਾਏ ਮੂਸਾ ਈਸਾ, ਕੁਰਾਨ ਅੰਜੀਲਾ ਕਰ ਕਰ ਹੀਲਾ, ਅਗਨੀ ਜੋਤੀ ਲਾਏ ਤੀਲਾ, ਭੇਖ ਨਾ ਕੋਈ ਵੇਖੇ ਚਿੱਟਾ ਪੀਲਾ, ਕਾਲਾ ਲਾਲ ਹਰਿ ਆਪਣੀ ਖੇਲ ਰਚਾ ਰਿਹਾ । ਵੇਦ ਪੁਰਾਨਾਂ ਵੇਖ ਵਖਾਣੀ, ਕਲਜੁਗ ਅੰਤਮ ਆਈ ਹਾਨੀ, ਸ਼ਬਦੀ ਉਡੇ ਇਕ ਬਬਾਣੀ । ਚਾਰ ਕੁੰਟਾਂ ਦਹਿ ਦਿਸ਼ਾ ਖੰਡਾਂ ਵਰਭੰਡਾਂ ਲੋਆਂ ਪੁਰੀਆਂ ਵਿਚ ਨਵਖੰਡਾਂ, ਸੱਤਾਂ ਦੀਪਾਂ ਵੰਡ ਵੰਡਾਣੀ । ਕਲਜੁਗ ਤੇਰਾ ਅੰਤਮ ਕੰਢਾ, ਸ਼ਬਦ ਸਰੂਪੀ ਏਕਾ ਡੰਡਾ, ਲੱਖ ਚੁਰਾਸੀ ਪਾਏ ਵੰਡਾਂ, ਕੋਈ ਨਾ ਜਾਣੇ ਜੀਵ ਨਿਧਾਨੀ । ਗੁਰਮੁਖਾਂ ਆਤਮ ਕਰੇ ਠੰਡਾ, ਬੇਮੁਖ ਦੁਹਾਗਣ ਨਾਰ ਆਤਮ ਹੋਈ ਰੰਡਾ, ਨਾ ਹੋਵੇ ਕੋਈ ਸਿਆਨੀ । ਜੋਤੀ ਜੋਤ ਸਰੂਪ ਹਰਿ, ਸਚ ਸ਼ਬਦ ਅਤੁਲ ਅਡੁਲ, ਇਕ ਅਮੁਲ ਨਾਮ ਨਿਸ਼ਾਨੀ । ਨਾਮ ਨਿਸ਼ਾਨੀ ਵਿਚ ਸੰਸਾਰ । ਜੁਗਾ ਜੁਗੰਤਰ ਸਾਚੀ ਧਾਰ । ਏਕਾ ਅੰਕਰ ਏਕਾ ਕਾਰ । ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਸ਼ਿਵ ਸ਼ੰਕਰ ਖੜੇ ਰਹਿਣ ਦਵਾਰ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸਾਚਾ ਛਤਰ ਸੀਸ ਝੁਲੀਸਾ, ਅੱਠੇ ਪਹਿਰ ਮੰਗੇ ਬਣ ਭਿਖਾਰਾ । ਏਕਾ ਸ਼ਬਦ ਏਕਾ ਧੁਨੀ ਵਿਚ ਬ੍ਰਹਿਮਾਦ, ਗੁਰੂਆਂ ਪੀਰਾਂ ਸਾਧਾਂ ਸੰਤਾਂ ਆਦਿਨ ਅੰਤਾ ਦਏ ਅਧਾਰਾ । ਜੋਤੀ ਜਾਮਾ ਸ੍ਰੀ ਭਗਵਾਨਾ, ਏਕਾ ਸ਼ਬਦ ਜਗਤ ਨਿਸ਼ਾਨੀ, ਆਪ ਉਪਜਾਏ ਵਿਚ ਸੰਸਾਰਾ । ਹਰਿ ਸ਼ਬਦ ਆਪ ਉਪਜਾਇੰਦਾ । ਮਾਤ ਧਰੇ ਸੱਚੀ ਬਾਣੀ, ਜਗਤ ਜਾਪ ਆਪ ਜਪਾਇੰਦਾ । ਗੁਰ ਗੁਰ ਗੁਰੂਆਂ ਏਕਾ ਆਣ, ਸ਼ਬਦ ਦਾਨ ਹਰਿ ਝੋਲੀ ਪਾਇੰਦਾ । ਅੱਠੇ ਪਹਿਰ ਸ਼ਬਦ ਬਿਬਾਣ, ਇਕ ਉਡਾਨ ਲਗਾਇੰਦਾ ।

੮੧੯
੦੪

ਦਿਵਸ ਰੈਣੀ ਚਰਨ ਧਿਆਨ, ਨੇਤਰ ਨੈਣੀ ਦਰਸ ਦਿਖਾਇੰਦਾ । ਆਦਿ ਪੁਰਖ ਆਦਿ ਭਵਾਨੀ, ਸਾਚਾ ਸ਼ਬਦ ਰਖਾਏ ਸਾਚੀ ਬਾਣੀ, ਆਪ ਆਪਣਾ ਆਪ ਟਿਕਾਇੰਦਾ । ਚਾਰ ਵਰਨਾਂ ਏਕਾ ਖਾਣੀ, ਪ੍ਰਭ ਅਬਿਨਾਸ਼ੀ ਸਾਚਾ ਜਾਣੀ, ਜੋਤੀ ਜਾਮਾ ਸ੍ਰੀ ਭਗਵਾਨਾ, ਸਤਿਜੁਗ ਸਾਚਾ ਕੰਤ ਸੁਹਾਗਾ, ਏਕਾ ਰਾਗ ਸੋਹੰ ਜਾਪ ਆਪੇ ਆਪ ਜਪਾਇੰਦਾ । ਸ਼ਬਦ ਅਟੱਲ ਅਡੋਲ, ਨਿਰਗੁਣ ਹਾਰਦਾ । ਅੰਦਰੇ ਅੰਦਰ ਰਿਹਾ ਬੋਲ, ਸੱਚਾ ਖੇਲ ਸਿਰਜਣ ਹਾਰਦਾ । ਬਜ਼ਰ ਕਪਾਟੀ ਪਾਈ ਸਾਚੀ ਹਾਟੀ ਰਿਹਾ ਬੋਲ, ਗੁਰਮੁਖਾਂ ਵਾਜ ਮਾਰਦਾ । ਕਿਸੇ ਹੱਥ ਨਾ ਆਏ ਤੀਰਥ ਤਾਟੀ, ਏਕਾ ਵਸੇ ਕਾਇਆ ਘਾਟੀ, ਸਦਾ ਅਡੋਲ ਅਡੋਲਦਾ । ਗੁਰਮੁਖਾਂ ਦਿਸੇ ਨੇੜੇ ਵਾਟੀ, ਸਾਚੇ ਘਰ ਵਸੇ ਹਰਿ ਆਤਮ ਤਾਕੀ ਖੋਲ੍ਹਦਾ । ਭਰਮ ਭੁਲੇਖਾ ਚੁੱਕੇ ਡਰ, ਅੰਮ੍ਰਿਤ ਪਿਆਏ ਸਾਚੇ ਸਰ, ਸਚ ਸਰੋਵਰ ਏਕਾ ਤਾਲ ਮਾਰੇ ਛਾਲ ਚੜ੍ਹੇ ਰੰਗ ਚਲੂਲ ਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਏਕਾ ਸ਼ਬਦ ਜਗਤ ਅਮੋਲਾ । ਜੁਗਾ ਜੁਗੰਤਰ ਹਰਿ ਜੀ ਬੋਲਾ, ਗੁਰ ਗੁਰ ਗੁਰੂਆਂ ਕਾਇਆ ਚੋਲੇ ਸਾਚੇ ਵਸੇ, ਨਾ ਕੋਈ ਰੱਖੇ ਪੜਦਾ ਓਹਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਸੋਹੰ ਸ਼ਬਦ ਸਾਚਾ ਢੋਲਾ । ਸੋਹੰ ਸ਼ਬਦ ਵੰਡੇ ਦਾਤ । ਕਲਜੁਗ ਮਿਟੇ ਅੰਧੇਰੀ ਰਾਤ । ਪੁਰਖ ਅਬਿਨਾਸ਼ੀ ਦੂਰ ਦੁਰਾਡਾ ਆਤਮ ਵੇਖੇ, ਨੌਂ ਖੰਡ ਪ੍ਰਿਥਮੀ ਮਾਰੇ ਝਾਤ । ਗੁਰਮੁਖ ਸਾਚਾ ਨੇਤਰ ਪੇਖੇ, ਆਤਮ ਜੋਤੀ ਪਵਣ ਅਧਾਰੀ ਹਰਿ ਗੁਣ ਰੂਪਾ ਇਕ ਇਕਾਂਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਪੁੱਛੇ ਵਾਤ । ਗੁਰਮੁਖਾਂ ਪੁੱਛੇ ਵਾਤ, ਸ਼ਬਦ ਮਿਲਾਇੰਦਾ । ਏਕਾ ਬਖ਼ਸ਼ੇ ਚਰਨ ਨਾਤ, ਸਾਚਾ ਜੋੜ ਜੁੜਾਇੰਦਾ । ਆਤਮ ਮਿਟੇ ਅੰਧੇਰੀ ਰਾਤ, ਦੀਪਕ ਜੋਤੀ ਇਕ ਜਗਾਇੰਦਾ । ਆਪੇ ਪਿਤਾ ਆਪੇ ਮਾਤ, ਸਾਕ ਸੱਜਣ ਸੈਣ ਮਾਤ ਪਿਤ ਭਾਈ ਭੈਣ ਅਖਵਾਇੰਦਾ । ਏਕਾ ਦੇਵੇ ਸ਼ਬਦ ਸੁਗਾਤ, ਧੁਰਦਰਗਾਹੀ ਜਗਤ ਮਲਾਹੀ, ਗੁਰਮੁਖ ਸਾਚੇ ਆਪ ਸਮਝਾਇੰਦਾ । ਆਪ ਕਟਾਏ ਜਮ ਕੀ ਫਾਹੀ, ਲੱਖ ਚੁਰਾਸੀ ਪਾਰ ਕਰਾਇੰਦਾ । ਕਲਜੁਗ ਧੋਵੇ ਲੱਗੀ ਛਾਹੀ, ਉਜਲ ਮਤ ਬੁੱਧ ਬਬੇਕੀ ਏਕਾ ਟੇਕੀ ਸਰਨ ਚਰਨ ਗੁਰ ਰਖਾਇੰਦਾ । ਬਹੱਤਰ ਨਾੜੀ ਰੱਤੀ ਰੱਤ, ਦੇਵੇ ਮਤ ਧੀਰਜ ਯਤ ਕਮਲਾਪਤ, ਸਤਿ ਸਤਿਵਾਦਾ ਬ੍ਰਹਮ ਅਨਾਦਾ ਏਕਾ ਏਕ ਵਜਾਇੰਦਾ । ਸ਼ਬਦ ਚੜ੍ਹਾਏ ਸਾਚੇ ਰਥ, ਸਗਲ ਵਸੂਰੇ ਜਾਇਣ ਲਥ, ਪੰਚ ਪੰਚਾਇਤੀ ਜਾਏ ਮਥ, ਪ੍ਰੇਮ ਜੋਤੀ ਪਾਏ ਨੱਥ, ਸ਼ਬਦ ਅਸਵਾਰ ਕਰਾਇੰਦਾ । ਧੁਰਦਰਗਾਹੀ ਸਾਚੀ ਵਥ ਹਰਿ ਸਮਰਥ, ਸੋਹੰ ਅੱਖਰ ਆਤਮ ਝੋਲੀ ਟਿਕਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਜਿਉਂ ਰਾਮਾ ਘਰ ਦਸਰਥ, ਕ੍ਰਿਸ਼ਨ ਕਾਹਨਾ ਭੇਖਾ ਧਾਰੀ ਗੁਣ ਵਿਚਾਰੀ, ਮੁਕੰਦ ਮਨੋਹਰ ਲਖ਼ਮੀ ਨਰਾਇਣ ਭੇਖੀ ਭੇਖ ਵਟਾਇੰਦਾ । ਗੁਰਮੁਖਾਂ ਚੁਕਾਏ ਲਹਿਣਾ ਦੇਣਾ, ਸਾਚਾ ਭਾਣਾ ਸਿਰ ਤੇ ਸਹਿਣਾ, ਸ਼ਬਦ ਪਹਿਨਾਏ ਸਿਰ ਤੇ ਗਹਿਣਾ, ਸਚ ਸ਼ਿੰਗਾਰ ਕਰਾਇੰਦਾ । ਨਾਮ ਪਾਏ ਕੱਜਲ ਨੈਣਾਂ, ਲੇਖੇ ਲਾਏ ਚਾਮ ਗੁਰ ਚਰਨ ਬਹਿਣਾ, ਮਿਟੇ ਅੰਧੇਰੀ ਸ਼ਾਮ ਦਰਸ ਪੇਖੇ ਸਾਚੇ ਨੈਣਾਂ, ਸਾਚਾ ਮਾਰਗ ਇਕ ਵਖਾਇੰਦਾ । ਚਾਰ ਵਰਨ ਕਰਾਏ ਭਾਈ ਭੈਣਾਂ, ਬੇਮੁਖਾਂ ਖਾਏ ਲਾੜੀ ਮੌਤ ਡੈਣਾ, ਦਰ ਦਰ ਘਰ ਘਰ ਹਰਿ ਹਰਿ ਹਾਹਾਕਾਰ ਕਰਾਇੰਦਾ । ਗੁਰਮੁਖ ਪੂਰੇ ਰਸਨਾ ਕਹਿਣਾ, ਬੇਮੁਖ ਜੀਵ ਝੂਠੇ ਵਹਿਣ ਵਹਿਣਾ, ਕਲਜੁਗ ਵੇਲਾ ਅੰਤਮ ਅੰਤ ਆਪਣਾ ਕਰਮ ਕਮਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕੀ ਪਹਿਰੇ ਬਾਣਾ, ਮਾਝੇ ਦੇਸ ਕਰ ਕਰ ਵੇਸ, ਆਪਣਾ ਭੇਖ ਵਟਾਇੰਦਾ । ਸ਼ਬਦ ਤੁਰੰਗ ਹਰਿ ਹਰਿ ਰੰਗਾ । ਚਾਰ ਕੁੰਟੀ ਏਕਾ ਜੰਗਾ । ਆਪ ਉਠਾਏ ਰਾਜਾ ਰਾਣਾ ਭਾਣਾ ਮੰਗਾ । ਬੇਮੁਹਾਣਾ ਹਰਿ ਭਗਵਾਨਾ,

੮੨੦
੦੪

੮੨੧
੦੪

ਇਕ ਕਰਾਏ ਸਾਚਾ ਸੰਗਾ । ਚਿੱਟੇ ਅਸਵ ਤੰਗ ਕਸਾਣਾ । ਸ਼ਾਹੋ ਅਸਵਾਰ ਆਪ ਅਖਵਾਣਾ । ਸ਼ਬਦ ਘੋੜਾ ਚਾਰ ਕੁੰਟ ਦੌੜਾ, ਦਿਸ ਕਿਸੇ ਨਾ ਆਣਾ । ਨੌਂ ਖੰਡ ਪ੍ਰਿਥਮੀ ਵੇਖੇ ਮਿੱਠਾ ਕੌੜਾ, ਪਹਿਲਾ ਮਾਰੇ ਮਾਤ ਪੌੜਾ, ਲਹਿੰਦੀ ਦਿਸ਼ਾ ਆਖ ਵਖਾਣਾ । ਜੋਤੀ ਜਾਮਾ ਸ੍ਰੀ ਭਗਵਾਨਾ, ਸ਼ਬਦ ਰੱਖੇ ਇਕ ਉਡਾਨਾ । ਨੂਰੀ ਜੋਤੀ ਖੇਲ ਮਹਾਨਾ । ਨਾ ਕੋਈ ਜਾਣੇ ਜੀਵ ਨਾਦਾਨਾ । ਪਵਣ ਸ਼ਬਦੀ ਇਕ ਉਡਾਨਾ । ਜੋਤੀ ਵਰਨੀ ਤੀਰ ਨਿਸ਼ਾਨਾ । ਧਰਨੀ ਧਰਨਾ ਏਕਾ ਸੱਚੀ ਖੇਲ ਕਰਨੀ, ਕਲਜੁਗ ਅੰਤਮ ਮਿਟੇ ਨਿਸ਼ਾਨਾ । ਗੁਰਮੁਖ ਵਿਰਲਾ ਆਏ ਸਰਨੀ, ਆਪ ਚੁਕਾਏ ਮਰਨੀ ਡਰਨੀ, ਆਤਮ ਦੇਵੇ ਬ੍ਰਹਮ ਗਿਆਨਾ । ਲੋਚਣ ਨੇਤਰ ਖੁਲ੍ਹੇ ਹਰਨੀ ਫਰਨੀ, ਸਾਚਾ ਦਰਸ ਅਮੋਗਾ ਅਰੋਗਾ, ਧੁਰ ਸੰਜੋਗਾ ਸ੍ਰੀ ਭਗਵਾਨਾ । ਸ਼ਬਦ ਚੁਗਾਏ ਸਾਚੀ ਚੋਗਾ । ਗੁਰਮੁਖ ਸਾਚਾ ਮਾਣਕ ਮੋਤੀ, ਹੰਸ ਕਾਗਾ ਧੋਇਆ ਦਾਗਾ, ਹਰਿ ਹਰਿ ਪੁਰਖ ਸੁਜਾਨਾ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖਾਂ ਪਕੜੇ ਆਪੇ ਵਾਗਾ, ਅੱਠੇ ਪਹਿਰ ਨੌਜਵਾਨਾ । ਨਰ ਹਰਿ ਹਰਿ ਨਰ ਦਇਆ ਕਮਾਇੰਦਾ । ਪ੍ਰਭ ਅਬਿਨਾਸ਼ੀ ਦੀਨ ਦਿਆਲਾ, ਸਾਚੀ ਬਣਤ ਬਣਾਇੰਦਾ । ਸਾਚਾ ਸ਼ਬਦ ਮਾਤ ਦੁਸ਼ਾਲਾ, ਗੁਰਮੁਖਾਂ ਤਨ ਪਹਿਨਾਇੰਦਾ । ਆਪ ਲਪੇਟੇ ਸਾਚੇ ਲਾਲਾ, ਦਿਸ ਕਿਸੇ ਨਾ ਆਇੰਦਾ । ਫਲ ਲਗਾਏ ਸਾਚੇ ਡਾਲਾ, ਅੰਮ੍ਰਿਤ ਰਸ ਭਰਾਇੰਦਾ । ਜੋਤੀ ਦੀਪਕ ਜੋਤ ਉਜਾਲਾ, ਆਤਮ ਵਿਸ ਮਿਟਾਇੰਦਾ । ਕਾਇਆ ਮੰਦਰ ਸਚ ਧਰਮਸਾਲਾ, ਸਤਿ ਪੁਰਖ ਨਿਰੰਜਣ ਆਸਣ ਲਾਇੰਦਾ । ਜਗਤ ਅਵਲੜੀ ਚਲੇ ਚਾਲਾ, ਭੇਖ ਭਗਵੰਤਾ ਆਪ ਅਖਵਾਇੰਦਾ । ਕਲਜੁਗ ਅੰਤਮ ਮੁਖੜਾ ਕਾਲਾ, ਸਾਧ ਸੰਤ ਨਾ ਕੋਈ ਦਾਗ ਧਵਾਇੰਦਾ । ਮਾਇਆ ਲਗਾ ਜਗਤ ਜੰਜਾਲਾ, ਝੂਠਾ ਬੰਧਨ ਈਧਨ ਅੰਧਨ ਨਾ ਕੋਈ ਬੁਝਾਇੰਦਾ । ਲੱਖ ਚੁਰਾਸੀ ਹੋਏ ਕੰਗਾਲਾ, ਸਚ ਵਸਤ ਨਾ ਕੋਈ ਝੋਲੀ ਪਾਇੰਦਾ । ਗਿਆਨੀ ਧਿਆਨੀ ਹੋਏ ਬੇਹਾਲਾ, ਗੁਰ ਗੁਰਬਾਣੀ ਕੋਇ ਭੇਵ ਨਾ ਪਾਇੰਦਾ । ਵੇਦ ਪੁਰਾਨੀ ਅੰਜੀਲ ਕੁਰਾਨੀ ਆਈ ਹਾਨੀ, ਏਕਾ ਅੱਲਾ ਨੂਰ ਅਲਾਹੀ ਜੋਤ ਅਕਾਲਾ ਨੇਤਰ ਨਰਾਇਣ ਕੋਈ ਦਿਸ ਨਾ ਆਇੰਦਾ । ਗ੍ਰੰਥੀ ਪੰਥੀ ਆਤਮ ਛੱਡਿਆ ਇਕ ਮਹੱਲਾ, ਜਗਤ ਨਾਤਾ ਰਸਨ ਵਿਵਾਦ ਚਾਰੋਂ ਕੁੰਟ ਵਜਾਇੰਦਾ । ਮੁੱਲਾ ਸ਼ੇਖ਼ ਮੁਲਾਨਾ ਪੀਰ, ਸ਼ਬਦ ਦਾਦ ਨਾ ਕੋਈ ਝੋਲੀ ਪਾਇੰਦਾ । ਰਾਜਾ ਰਾਣਾ ਬੇਮੁਹਾਣਾ ਸ਼ਾਹ ਸੁਲਤਾਨਾ ਦਸਤਗੀਰ ਅੰਤ ਅਖ਼ੀਰ, ਕਲਜੁਗ ਨਾ ਕੋਈ ਛੁਡਾਇੰਦਾ । ਸਤਿ ਸਤਿਵਾਦੀ ਮਿਟਿਆ ਨਿਸ਼ਾਨਾ, ਚਾਰੋਂ ਕੁੰਟ ਹੋਈ ਵੈਰਾਨਾ, ਕਲਜੁਗ ਕਾਲਾ ਆਪਣਾ ਭੇਖ ਵਟਾਇੰਦਾ । ਲੱਖ ਚੁਰਾਸੀ ਬੱਧਾ ਗਾਨਾ, ਅੰਤਮ ਕਰੇ ਇਕ ਇਸ਼ਨਾਨਾ, ਧਰਤ ਧਵਲਾ ਜੋਤੀ ਮਵਲਾ ਸਰਬ ਖੇਲ ਰਚਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਨੈਣ ਕਵਲਾ ਲੋਕਮਾਤੀ ਜਾਮਾ ਪਾਇੰਦਾ । ਲੋਕਮਾਤੀ ਲਏ ਅਵਤਾਰ । ਧਰਤ ਮਾਤ ਤੇਰੀ ਸੁਣ ਪੁਕਾਰ । ਗੁਰਮੁਖ ਸਾਚੇ ਸੰਤ ਦੁਲਾਰੇ, ਆਪ ਬਹਾਏ ਸਚ ਦਰਬਾਰ । ਆਤਮ ਦੇਵੇ ਨਾਮ ਭੰਡਾਰੇ, ਏਕਾ ਰੱਖੇ ਤਿੱਖੀ ਧਾਰ । ਕਲਜੁਗ ਭੁੱਲੇ ਜੀਵ ਗਵਾਰੇ, ਹਉਮੇ ਰੋਗ ਰਸਨ ਵਿਕਾਰ । ਗੁਰ ਗੁਰ ਗੁਰ ਗੋਬਿੰਦਾ, ਆਪ ਉਤਾਰੇ ਸਗਲੀ ਚਿੰਦਾ, ਏਕਾ ਬਖ਼ਸ਼ੇ ਚਰਨ ਪਿਆਰ । ਦੁਸ਼ਟ ਦੁਰਾਚਾਰ ਹਾਹਾਕਾਰ ਕਰਨ ਨਿੰਦਾ, ਆਤਮ ਵੜਿਆ ਕਾਇਆ ਲੜਿਆ ਇਕ ਹੰਕਾਰ । ਹਰਿਜਨ ਸੁਹੇਲਾ ਸਾਚੀ ਬਿੰਦਾ, ਦਰ ਘਰ ਸਾਚੇ ਸੋਭਾਵੰਤੀ ਨਾਰ । ਆਪ ਮਿਟਾਏ ਸਗਲੀ ਚਿੰਦਾ, ਦੇਵੇ ਦਰਸ ਅਗੰਮ ਅਪਾਰ । ਪ੍ਰਗਟ ਹੋਏ ਵਾਲੀ ਦੋ ਜਹਾਨਾ ਵਡ ਮਰਗਿੰਦਾ, ਪਵਣੀ ਜੋਤੀ ਸ਼ਬਦ ਅਧਾਰ । ਸ਼ਬਦ ਧਾਰ ਵਡ ਸਾਗਰ ਸਿੰਧਾ, ਨਾ ਸਕੇ ਕੋਈ ਖੁਲ੍ਹਾਰ । ਪਕੜ ਉਠਾਏ ਸੁਰਪਤ ਰਾਜਾ ਇੰਦਾ, ਕਰੋੜ ਤੇਤੀਸਾ ਆਈ ਹਾਰ ।

ਸ਼ਿਵ ਸ਼ੰਕਰ ਹਰਿ ਬਖ਼ਸ਼ਿੰਦਾ, ਅੰਤਮ ਜੋਤੀ ਮੇਲ ਮਿਲਾਰ । ਬ੍ਰਹਮਾ ਵੇਦ ਵਖਾਣੇ ਰਸਨਾ ਹਰਿ ਹਰਿ ਗੁਣ ਗੋਬਿੰਦਾ, ਅੰਤਮ ਵੇਲੇ ਪਾਏ ਸਾਰ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕੀ ਪਹਿਰੇ ਬਾਣਾ, ਗੁਰਮੁਖ ਬੰਨ੍ਹਾਏ ਦਰ ਦਵਾਰੇ ਏਕਾ ਧਾਰ । ਬ੍ਰਹਮਾ ਬ੍ਰਹਮ ਰੂਪ ਸਮਾਇਆ । ਆਪ ਆਪਣੀ ਜੋਤ ਸਮਾਇਆ । ਸਚ ਦਵਾਰਾ ਸਚ ਸਿੰਘਾਸਣ, ਪੰਚਮ ਘਰ ਵੇਖ ਹਰਿ ਸਤਿ ਸਰੂਪੀ ਰਿਹਾ ਸਮਾਇਆ । ਪਵਣ ਅਧਾਰੀ ਲੱਖ ਚੁਰਾਸੀ ਪਾਵੇ ਸਾਰੀ । ਸਵਾਸ ਸਵਾਸਾ ਪ੍ਰਿਥਮੀ ਮਾਤ ਪਤਾਲ ਅਕਾਸ਼ਾ, ਏਕਾ ਦੇਵੇ ਆਪ ਸਹਾਰੀ । ਗੁਰਮੁਖਾਂ ਦੇਵੇ ਚਰਨ ਭਰਵਾਸਾ, ਤਿੰਨਾਂ ਲੋਕਾਂ ਵਸੇ ਬਾਹਰੀ । ਲੱਖ ਚੁਰਾਸੀ ਵੇਖਣ ਆਇਆ ਤਮਾਸ਼ਾ, ਘਰ ਘਰ ਫਿਰੇ ਦੁਹਾਗਣ ਨਾਰੀ । ਰਾਜੇ ਰਾਣਿਆਂ ਹੱਥ ਫੜਾਏ ਜੂਠਾ ਝੂਠਾ ਕਾਸਾ, ਆਪ ਫਿਰਾਏ ਦਰ ਦਰ ਭਿਖਾਰੀ । ਏਕਾ ਜੋਤ ਪੁਰਖ ਅਬਿਨਾਸ਼ੀ, ਆਵਣ ਜਾਵਣ ਪਤਤ ਪਾਵਨ ਜਗਤ ਭੁਲੇਖਾ ਖੇਲ ਨਿਆਰੀ । ਗੁਰਮੁਖਾਂ ਅੰਮ੍ਰਿਤ ਮੇਘ ਬਰਸੇ ਸਾਵਣ, ਕਾਇਆ ਕਰੇ ਠੰਡੀ ਠਾਰੀ । ਆਪ ਪਕੜਾਏ ਆਪਣਾ ਦਾਮਨ, ਧੁਰਦਰਗਾਹੀ ਪੈਜ ਸਵਾਰੀ । ਏਥੇ ਓਥੇ ਹੋਏ ਜਾਮਨ, ਨਰ ਨਰਾਇਣ ਹਰਿ ਨਿਰੰਕਾਰੀ । ਨੇੜ ਨਾ ਆਏ ਕਾਮਨੀ ਕਾਮਨ, ਸਾਚੀ ਦੇਵੇ ਸ਼ਬਦ ਕਟਾਰੀ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣ, ਜੋਧਾ ਸੂਰਾ ਵਡ ਬਲਕਾਰੀ । ਖੇਲ ਰਚਾਇਆ ਕ੍ਰਿਸ਼ਨਾ ਸ਼ਾਮਨ, ਦਵਾਪਰ ਤੇਰੀ ਖੇਲ ਨਿਆਰੀ । ਕਲਜੁਗ ਜਗੀ ਜੋਤ ਨਿਹਕਲੰਕ ਨਰਾਇਣ ਨਰ ਅਵਤਾਰੀ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਮਿਲਾਏ ਦਇਆ ਕਮਾਏ ਖਿਚ ਲਿਆਏ ਚਰਨ ਦਵਾਰੀ । ਚਰਨ ਦਵਾਰਾ ਇਕ ਵਿਚਾਰ । ਸਚ ਘਰ ਬਾਹਰਾ ਵਿਚ ਸੰਸਾਰ । ਏਕਾ ਨਰ ਨਰ ਨਿਰੰਕਾਰਾ, ਨਾ ਕੋਈ ਦੂਜੀ ਦਿਸੇ ਧਾਰ । ਤੀਜੇ ਘਰ ਨਾ ਹੋਏ ਖਵਾਰਾ, ਗੁਰਮੁਖ ਸਾਚਾ ਕਰੇ ਪੁਕਾਰ । ਚੌਥੇ ਮਿਲੇ ਆਪ ਹਰਿ, ਆਤਮ ਖੋਲ੍ਹੇ ਬੰਦ ਕਵਾੜ । ਪੰਜਵੇਂ ਤੀਰਥ ਨੁਹਾਏ ਸਰ, ਨੇੜ ਨਾ ਆਏ ਪੰਚਮ ਧਾੜ । ਛੇਵੇਂ ਘਰ ਜਾਏ ਵੜ, ਸ਼ਬਦ ਧਾਰ ਹਰਿ ਪੁਕਾਰ ਆਪੇ ਸੁਣੀ, ਵੇਖੇ ਖੇਲ ਅਪਰ ਅਪਾਰ । ਸਤਵੇਂ ਸਤਿ ਸਰੂਪ ਸਦਾ ਅਨੰਦਾ ਪਰਮਾਨੰਦਾ, ਜੋਤ ਵਿਜੋਗੀ ਸਚ ਸੰਜੋਗੀ ਏਕਾ ਰੰਗ ਅਪਰ ਅਪਾਰ । ਅੱਠ ਤੱਤ ਦੇਵੇ ਮਤ, ਲੋਕਮਾਤ ਦੀ ਸਾਚੀ ਰੱਤ, ਪੁਰਖ ਅਬਿਨਾਸ਼ੀ ਕਿਰਪਾ ਧਾਰ । ਨਾਂਵੇ ਦਰ ਆਵੇ ਡਰ, ਕਿਸੇ ਨਾ ਮਿਲੇ ਸਾਚਾ ਹਰਿ, ਲੱਖ ਚੁਰਾਸੀ ਗਈ ਹਾਰ । ਦਸਵੇਂ ਘਰ ਮਿਲੇ ਵਰ, ਗੁਰਮੁਖਾਂ ਦੇਵੇ ਕਿਰਪਾ ਕਰ, ਆਪ ਬਹਾਏ ਸਚ ਦਵਾਰ । ਨਾ ਜਨਮੇ ਨਾ ਜਾਏ ਮਰ, ਇਕ ਨੁਹਾ ਅੰਮ੍ਰਿਤ ਤੀਰਥ ਸਾਚੇ ਸਰ, ਕਲ ਕਲੇਸ਼ ਦਰ ਦਰਵੇਸ਼ ਸਦਾ ਹਮੇਸ਼, ਆਪੇ ਆਪ ਮਿਟਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਧਾਮ ਆਪਣੇ ਆਪ ਬਹਾ ਰਿਹਾ ।

### * ੫ ਮਾਘ ੨੦੧੧ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹ ਪਿੰਡ ਬਰਨਾਲਾ ਜ਼ਿਲਾ ਅੰਮ੍ਰਿਤਸਰ *

ਹਰਿਜਨ ਸ਼ਬਦ ਅਧਾਰ, ਦਰ ਪ੍ਰਵਾਨਿਆ । ਹਰਿਜਨ ਸ਼ਬਦ ਅਧਾਰ, ਭਗਤ ਭਗਵਾਨਿਆ । ਹਰਿਜਨ ਸ਼ਬਦ ਅਧਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਆਪ ਪਛਾਨਿਆ । ਹਰਿਜਨ ਸ਼ਬਦ ਅਧਾਰ, ਜਗਤ ਪਿਤ ਜਗਤੇਸ਼ਵਰ ਏਕਾ ਰੰਗ ਰੰਗਾਨਿਆ । ਹਰਿ ਸ਼ਬਦ ਹਰਿ ਭਗਤ ਅਧਾਰ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਦ ਇਕ ਤਰਾਨਿਆ । ਹਰਿਜਨ ਸ਼ਬਦ ਭਗਤ ਉਧਾਰਿਆ । ਆਦਿ ਅੰਤੀ ਜੁਗਾ ਜੁਗੰਤੀ, ਲੋਕਮਾਤੀ


੮੨੨
੦੪

ਸਾਚੀ ਧਾਰਿਆ । ਆਪ ਬਣਾਏ ਸਾਚੀ ਬਣਤ, ਗੁਰਮੁਖ ਸਾਚੇ ਸਾਚੇ ਸੰਤਾਂ ਦੇਵੇ ਨਾਮ ਹਰਿ ਗਿਰਧਾਰਿਆ । ਮਿਲੇ ਵਡਿਆਈ ਵਿਚ ਜੀਵ ਜੰਤਾਂ ਧੁਨ ਧੁਨਾ ਸਾਚਾ ਰਾਗ ਏਕਾ ਬਾਣੀ ਆਪ ਉਪਜਾ ਰਿਹਾ । ਹਰਿਜਨ ਸਾਚਾ ਸੁਘੜ ਸਿਆਣਾ, ਆਤਮ ਵਸਿਆ ਪਦ ਨਿਰਬਾਣੀ, ਜਮ ਕੀ ਕਾਨੀ ਆਪ ਚੁਕਾ ਰਿਹਾ । ਅੰਮ੍ਰਿਤ ਆਤਮ ਸਚ ਸੁਹਾਵਾ ਤਾਲ ਏਕਾ ਦੇਵੇ ਧੀਰਜ ਪਾਣੀ, ਸਤਿ ਸੰਤੋਖਾ ਅੰਤਮ ਮੋਖਾ ਅੰਮ੍ਰਿਤ ਧਾਰ ਠੰਡੀ ਠਾਰ, ਕਾਇਆ ਗਾਗਰ ਡੂੰਘੇ ਸਾਗਰ ਆਪੇ ਆਪ ਉਪਜਾ ਰਿਹਾ । ਹਰਿਜਨ ਮੀਤਾ ਰਸਨਾ ਚੀਤਾ, ਮਾਨਸ ਦੇਹੀ ਜਾਮਾ ਜੀਤਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਪਤਤ ਪੁਨੀਤਾ, ਦਰ ਘਰ ਆਏ ਬੰਕ ਦਵਾਰ, ਹਰਿ ਕਰਤਾਰ, ਆਪੇ ਆਪ ਸੁਹਾ ਲਿਆ । ਨਰ ਹਰਿ ਸਾਚਾ ਰਾਖੋ ਚੀਤਾ, ਆਪੇ ਪਰਖੇ ਆਤਮ ਨੀਤਾ, ਸਾਚਾ ਰਾਗ ਇਕ ਸੁਣਾਏ, ਮਾਣ ਰਖਾਏ ਅਠਾਰਾਂ ਧਿਆਏ ਗੀਤਾ, ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰਾ ਅੰਤਮ ਵੇਲਾ ਸ਼ਬਦ ਸੁਹੇਲਾ ਆਪ ਬਣਾ ਰਿਹਾ । ਹਰਿ ਸ਼ਬਦ ਅਪਾਰ ਜਗਤ ਅਡੋਲਿਆ । ਗੁਰਮੁਖ ਵਿਰਲਾ ਕਰੇ ਪਿਆਰ, ਰਸਨਾ ਹਰਿ ਹਰਿ ਬੋਲਿਆ । ਏਕਾ ਬਖ਼ਸ਼ੇ ਚਰਨ ਪਿਆਰ, ਪੂਰੇ ਤੋਲ ਹਰਿ ਸਾਚੇ ਤੋਲਿਆ । ਅੰਮ੍ਰਿਤ ਆਤਮ ਠੰਡੀ ਧਾਰ, ਸਤਿ ਸਰੂਪੀ ਆਪੇ ਚੋ ਰਿਹਾ । ਸ਼ਬਦ ਪਵਣ ਇਕ ਉਡਾਰ, ਅਵਣੀ ਗਵਣੀ ਪਸਰ ਪਸਾਰ, ਤ੍ਰੈਭਵਣ ਬੂਝ ਬੁਝਾ ਰਿਹਾ । ਸ਼ਬਦ ਲਗਾਏ ਸਾਚਾ ਡੰਕ । ਆਪ ਉਠਾਏ ਰਾਓ ਰੰਕ । ਗੁਰਮੁਖ ਸਾਚੇ ਭਗਤ ਉਧਾਰੇ, ਜਿਉਂ ਰਾਜਾ ਜਨਕ । ਪ੍ਰਭ ਅਬਿਨਾਸ਼ੀ ਵੇਖ ਵਿਚਾਰੇ, ਗੁਰਮੁਖ ਸਾਚੇ ਪਾਵੇ ਸਾਰੇ, ਕਲਜੁਗ ਤੇਰੀ ਅੰਤਮ ਵਾਰੇ, ਇਕ ਲਗਾਏ ਆਤਮ ਜੋਤੀ ਸਾਚੀ ਤਨਕ । ਸਾਚੀ ਜੋਤ ਕਰ ਅਕਾਰੇ । ਵਰਨ ਗੋਤ ਵਸੇ ਬਾਹਰੇ । ਇਕ ਮਹੱਲ ਅਟੱਲ ਅਚਲ ਅਬਲ, ਜੋਤੀ ਜਾਮਾ ਸ੍ਰੀ ਭਗਵਾਨਾ, ਪ੍ਰਗਟ ਹੋਏ ਵਾਲੀ ਦੋ ਜਹਾਨਾਂ, ਗੁਰਮੁਖ ਸਾਚੇ ਵੇਖ ਵਖਾਣੇ, ਦਇਆ ਕਮਾਏ ਵਾਸੀ ਪੁਰੀ ਘਨਕ, ਦੇਵੇ ਦਰਸ ਦਰ ਦਵਾਰ ਹਰਿ ਅਮੋਘਿਆ । ਗੁਰਮੁਖ ਵਿਰਲਾ ਪਾਏ ਸਾਰ, ਜਿਸ ਜਨ ਬਖ਼ਸ਼ੇ ਚਰਨ ਪਿਆਰ, ਲਿਖਿਆ ਲੇਖ ਧੁਰ ਸੰਜੋਗਿਆ । ਕਲਜੁਗ ਤੇਰੀ ਅੰਤਮ ਵਾਰ, ਲੱਖ ਚੁਰਾਸੀ ਗਈ ਹਾਰ, ਚਾਰੋਂ ਕੁੰਟ ਹਾਹਾਕਾਰ, ਨਾ ਕੋਈ ਕਰੇ ਬੰਦ ਖੁਲਾਸੀਆ । ਕਲਜੁਗ ਮਾਇਆ ਜਗਤ ਵਿਕਾਰ, ਆਤਮ ਅੰਧੀ ਬੇਮੁਹਾਰ, ਝੂਠਾ ਬਾਣਾ ਤਨ ਸ਼ਿੰਗਾਰ, ਨਰ ਹਰਿ ਨਾ ਕੋਈ ਪਛਾਨਿਆ । ਪੁਰਖ ਅਬਿਨਾਸ਼ੀ ਜਾਮਾ ਧਾਰ, ਇਕ ਉਠਾਏ ਸ਼ਬਦ ਕਟਾਰ, ਵੇਖ ਵਖਾਣੇ ਵਾਰੋ ਵਾਰ, ਸ਼ਾਹ ਸ਼ਹਾਨਾ ਰਾਜ ਰਾਜਾਨਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਗੁਰਮੁਖ ਸਾਚੇ ਸਚ ਦਵਾਰੇ । ਆਤਮ ਅੰਦਰ ਸਾਚੇ ਮੰਦਰ ਸਾਚਾ ਡੇਰਾ ਲਾਨਿਆ । ਸਾਚਾ ਮੰਦਰ ਗੁਰਮੁਖ ਭਾਗ । ਆਤਮ ਜੋਤੀ ਨੂਰ ਨੁਰਾਨੀ ਇਕ ਚਰਾਗ਼ । ਨਾ ਕੋਈ ਵਰਨ ਨਾ ਕੋਈ ਗੋਤੀ, ਦੂਈ ਦਵੈਤੀ ਧੋਵੇ ਦਾਗ । ਆਪ ਉਠਾਏ ਆਤਮ ਸੋਤੀ, ਜਗਤ ਬੁਝਾਏ ਤ੍ਰਿਸ਼ਨਾ ਆਗ । ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਗੁਰਮੁਖ ਸਾਚੇ ਸੰਤ ਦੁਲਾਰੇ, ਇਕ ਸੁਣਾਏ ਸਾਚਾ ਰਾਗ । ਰੰਗ ਰੰਗੀਲਾ ਸ਼ਬਦ ਤਰਾਨਾ । ਆਪ ਚਲਾਏ ਦਇਆ ਕਮਾਏ, ਜੋਤੀ ਜੋਤ ਸ੍ਰੀ ਭਗਵਾਨਾ । ਅੰਦਰੇ ਅੰਦਰ ਦਰਸ ਦਿਖਾਏ, ਡਗਮਗਾਏ ਜੋਤ ਮਹਾਨਾ । ਬੇਮੁਖ ਜੀਵਾਂ ਦਿਸ ਨਾ ਆਏ ਅਠਸਠ ਤੀਰਥ ਦਰ ਭੌਂਦੇ, ਹੱਥ ਨਾ ਆਏ ਕੋਈ ਨਿਸ਼ਾਨਾ । ਗੁਰਮੁਖ ਸਾਚੇ ਦਰ ਘਰ ਸਾਚੇ ਪੁਰਖ ਅਬਿਨਾਸ਼ੀ ਕੰਤ ਸੁਹਾਗਾ ਆਤਮ ਸੇਜਾ ਸਾਚੀ ਪਾਉਂਦੇ, ਸਾਚਾ ਨਾਮ ਇਕ ਵਖਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਗੁਣ ਨਿਧਾਨਾ । ਸਾਚਾ ਨਾਮ ਨਿਧਾਨ, ਜਗਤ ਵਣਜਾਰਿਆ ।

੮੨੩
੦੪

ਹਰਿ ਚਰਨ ਕਵਲ ਧਿਆਨ, ਏਕਾ ਦੇਵੇ ਸ਼ਬਦ ਬਿਬਾਨਿਆ । ਧੁਰਦਰਗਾਹੀ ਸਚ ਉਡਾਨ, ਪਵਣੀ ਸ਼ਬਦੀ ਜੋਤੀ ਮੇਲ ਮਿਲਾ ਰਿਹਾ । ਪੁਰਖ ਅਬਿਨਾਸ਼ੀ ਚਤੁਰ ਸੁਜਾਨ, ਗੁਰਮੁਖ ਸਾਚੇ ਪਾਰ ਉਤਾਰੇ, ਮੂਰਖ ਮੁਗਧ ਅੰਞਾਣਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਹਰਿਜਨ ਸਾਚੇ ਵਿਚ ਮਾਤ ਪਛਾਨਿਆ । ਨਿਰਗੁਣ ਰੂਪ ਅਪਾਰ, ਕਿਸੇ ਨਾ ਜਾਣਿਆ । ਨਿਰਗੁਣ ਰੂਪ ਅਪਾਰ, ਖੇਲ ਮਹਾਨਿਆ । ਨਿਰਗੁਣ ਰੂਪ ਅਪਾਰ, ਕਿਸੇ ਹੱਥ ਨਾ ਆਵੇ ਰਾਜੇ ਰਾਣਿਆ । ਨਿਰਗੁਣ ਰੂਪ ਅਪਾਰ, ਖਾਣੀ ਬਾਣੀ ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨਿਆ । ਨਿਰਗੁਣ ਰੂਪ ਅਪਾਰ, ਨਾ ਕੋਈ ਮੰਨੇ ਜੀਵ ਨਾਦਾਨੇ, ਵਸੇ ਸਾਚੇ ਘਰ ਸਚ ਟਿਕਾਣਿਆ । ਨਿਰਗੁਣ ਰੂਪ ਅਪਾਰ, ਕਿਸੇ ਦਿਸ ਨਾ ਆਏ ਦਰ, ਸਚ ਮਹੱਲ ਨਾ ਕਿਸੇ ਵਖਾਨਿਆ । ਨਿਰਗੁਣ ਰੂਪ ਅਪਾਰ, ਆਪੇ ਕਰੇ ਵਲ ਛਲ, ਅਛਲ ਅਛੱਲ ਇਕ ਅਖਵਾ ਰਿਹਾ । ਨਿਰਗੁਣ ਰੂਪ ਅਪਾਰ, ਆਪੇ ਵਸੇ ਜਲ ਥਲ, ਥਲ ਜਲ ਆਪ ਸਮਾ ਰਿਹਾ । ਨਿਰਗੁਣ ਰੂਪ ਅਪਾਰ, ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਧਾਰ । ਨਿਰਗੁਣ ਰੂਪ ਅਪਾਰ, ਜਗਤ ਅਮੋਲਿਆ । ਨਿਰਗੁਣ ਰੂਪ ਅਪਾਰ, ਕਿਸੇ ਨਾ ਤੋਲਿਆ । ਨਿਰਗੁਣ ਰੂਪ ਅਪਾਰ, ਸਾਚੇ ਦਰ ਦਵਾਰ ਦਰ ਦਵਾਰਾ ਕਿਸੇ ਨਾ ਖੋਲ੍ਹਿਆ । ਨਿਰਗੁਣ ਰੂਪ ਅਪਾਰ, ਆਣਾ ਜਾਣਾ ਆਪਣੇ ਘਰ ਸਾਚੇ ਸਰ, ਸ਼ਬਦ ਭੰਡਾਰਾ ਆਪੇ ਏਕਾ ਖੋਲ੍ਹਿਆ । ਨਿਰਗੁਣ ਰੂਪ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਆਪੇ ਮੌਲਿਆ । ਨਿਰਗੁਣ ਰੂਪ ਅਪਾਰ ਅੰਧਾਨਿਆ । ਨਿਰਗੁਣ ਰੂਪ ਅਪਾਰ, ਨਾ ਕਿਸੇ ਵਖਾਨਿਆ । ਨਿਰਗੁਣ ਰੂਪ ਅਪਾਰ,

੮੨੪ ੦੪ ਏਕਾ ਏਕ ਏਕ ਭਗਵਾਨਿਆ । ਨਿਰਗੁਣ ਰੂਪ ਅਪਾਰ, ਆਪੇ ਵਸੇ ਆਪੇ ਜਾਣੇ ਸਚ ਟਿਕਾਣਿਆ । ਨਿਰਗੁਣ ਰੂਪ ਅਪਾਰ, ਲੱਖ ਚੁਰਾਸੀ ਬਣਤ ਬਣਾਏ, ਸਾਚੀ ਵਸਤ ਇਕ ਟਿਕਾਏ, ਪਵਣੀ ਸ਼ਬਦੀ ਜੋਤੀ ਨੂਰ ਮਹਾਨਿਆ । ਨਿਰਗੁਣ ਰੂਪ ਅਪਾਰ, ਵਰਨ ਗੋਤੀ ਨਾ ਕੋਈ ਜਣਾਏ, ਮਾਤ ਪਿਤ ਨਾ ਗੋਦ ਉਠਾਨਿਆ । ਨਿਰਗੁਣ ਰੂਪ ਅਪਾਰ, ਜੋਤੀ ਜੋਤ ਸਰੂਪ ਹਰਿ, ਏਕਾ ਆਪਣਾ ਰੰਗ ਆਪੇ ਆਪ ਪਛਾਨਿਆ । ਨਿਰਗੁਣ ਰੂਪ ਅਪਾਰ, ਅਵਲੜੀ ਧਾਰਿਆ । ਨਿਰਗੁਣ ਰੂਪ ਅਪਾਰ, ਇਕ ਅਗੰਮੜੀ ਸਾਚੀ ਜੋਤ ਅਕਾਰਿਆ । ਨਿਰਗੁਣ ਰੂਪ ਅਪਾਰ, ਦਿਸੇ ਨਾ ਕਿਸੇ ਕਾਇਆ ਖਲੜੀ, ਸਾਚੇ ਮੰਦਰ ਆਪ ਸੁਹਾ ਰਿਹਾ । ਨਿਰਗੁਣ ਰੂਪ ਅਪਾਰ, ਸਦ ਅਤੋਲ ਕਦੇ ਨਾ ਤੁਲੜੀ, ਸ੍ਰਿਸ਼ਟ ਸਬਾਈ ਆਪ ਤੁਲਾ ਰਿਹਾ । ਨਿਰਗੁਣ ਰੂਪ ਅਡੋਲ, ਲੱਖ ਚੁਰਾਸੀ ਆਪ ਡੁਲਾ ਰਿਹਾ । ਨਿਰਗੁਣ ਰੂਪ ਅਪਾਰ, ਹਰਿ ਹਰਿ ਵਡਾ ਸ਼ਾਹੋ ਭੂਪ, ਜੋਤੀ ਨੂਰਾ ਸਤਿ ਸਰੂਪ, ਸਚ ਸਿੰਘਾਸਣ ਏਕਾ ਏਕ ਡਗਮਗਾ ਰਿਹਾ । ਸਚ ਸਿੰਘਾਸਣ ਹਰਿ ਟਿਕਾਣਾ । ਨਾ ਕੋਈ ਜਾਣੇ ਜੀਵ ਜੰਤ ਨਾਦਾਨਾ । ਪਵਣ ਸ਼ਬਦ ਨਾ ਕਿਸੇ ਪਛਾਨਾ । ਜੋਤੀ ਜਾਮਾ ਸ੍ਰੀ ਭਗਵਾਨਾ, ਨਾ ਕੋਈ ਵੇਖੇ ਚੜ੍ਹ ਬਿਬਾਣਾ । ਸਚ ਟਿਕਾਣਾ ਹਰਿ ਭਗਵਾਨ । ਜੋਤੀ ਜਾਮਾ ਨਾਮ ਨਿਸ਼ਾਨ । ਲੱਖ ਚੁਰਾਸੀ ਖੇਲ ਰਚਾਨਾ, ਆਪ ਆਪਣਾ ਜਾਣੇ ਕਾਮ । ਜੋਤੀ ਜਾਮਾ ਭੇਖ ਵਟਾਣਾ, ਆਪ ਰਖਾਏ ਆਪਣਾ ਨਾਮ । ਸ੍ਰਿਸ਼ਟ ਸਬਾਈ ਲੇਖ ਲਿਖਾਨਾ, ਪੁਰੀਆਂ ਲੋਆਂ ਸੁਹਾਏ ਧਾਮ । ਸਤਿ ਸਤਿਵਾਦੀ ਮੇਖ ਲਗਵਾਣਾ । ਅੰਮ੍ਰਿਤ ਪਿਆਏ ਸਾਚਾ ਜਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੁਲ੍ਹੇ ਰੱਖੇ ਸਦਾ ਦਰ, ਪੂਰ ਕਰਾਏ ਗੁਰਮੁਖਾਂ ਕਾਮ । ਨਿਰਗੁਣ ਨਾਮ ਨਿਧਾਨ, ਸ਼ਬਦ ਖ਼ਜ਼ਾਨਿਆ । ਗੁਰਮੁਖਾਂ ਦੇਵੇ ਕਰ ਧਿਆਨ, ਪੁਰਖ ਅਬਿਨਾਸ਼ੀ ਚਤੁਰ ਸੁਜਾਨਿਆ । ਸਾਚਾ ਸ਼ਬਦ ਭਗਤ ਬਿਬਾਣ, ਚਾਰ ਕੁੰਟ ਦਹਿ ਦਿਸ਼ ਉਡਾਨਿਆ । ਆਤਮ ਝੁੱਲੇ ਧਰਮ

ਨਿਸ਼ਾਨ, ਜਗਤ ਵਿਕਾਰਾ ਦੂਰ ਕਰਾਨਿਆ । ਏਕਾ ਬਖ਼ਸ਼ੇ ਚਰਨ ਧਿਆਨ, ਨਰ ਨਰਾਇਣ ਸ੍ਰੀ ਭਗਵਾਨਿਆ । ਅੱਠੇ ਪਹਿਰ ਪੀਣ ਖਾਣ, ਨਾਮ ਨਿਧਾਨ ਹਰਿ ਸਾਚਾ ਰਸਨ ਵਖਾਨਿਆ । ਪੰਚਮ ਤੱਤੀ ਸਾਚਾ ਯੁੱਧ, ਨਿਰਮਲ ਬਿਬੇਕੀ ਆਤਮ ਬੁੱਧ, ਪ੍ਰਭ ਸਾਚਾ ਧੀਰ ਧਿਰਾਨਿਆ । ਚਿੱਟੇ ਅਸਵ ਸ਼ਬਦ ਘੋੜੇ ਮਾਰ ਛਾਲ ਬਹਿਣਾ ਕੁੱਦ, ਪੁਰਖ ਅਬਿਨਾਸ਼ੀ ਸਾਚਾ ਦਰ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਦੁਲਾਰੇ, ਸਾਚਾ ਦੇਵੇ ਨਾਮ ਵਰੇ ਵਡ ਖ਼ਜ਼ਾਨਿਆ । ਨਿਰਗੁਣ ਸ਼ਬਦ ਅਪਾਰ, ਭਗਤ ਅਧਾਰਿਆ । ਦੇਵਣਹਾਰ ਦਾਤਾਰ ਸਰਬ ਸੰਸਾਰਿਆ । ਕੋਟਨ ਕੋਟ ਖੜ੍ਹੇ ਦਵਾਰ, ਪ੍ਰਭ ਅਬਿਨਾਸ਼ੀ ਘਟ ਘਟ ਵਾਸੀ, ਏਕਾ ਏਕ ਜਗਤ ਟੇਕਾ ਵਡ ਭੰਡਾਰਿਆ । ਜੋਤੀ ਜੋਤ ਸਰੂਪ ਹਰਿ, ਏਕਾ ਸ਼ਬਦ ਸਤਿ ਸੰਤੋਖੀ, ਆਤਮ ਵਸਤ ਗੁਰਮੁਖਾਂ ਆਪ ਵਰਤਾ ਰਿਹਾ । ਸ਼ਬਦ ਭੰਡਾਰ ਹਰਿ ਦਵਾਰ । ਗੁਰਮੁਖਾਂ ਮੰਗੇ ਕਰ ਪਿਆਰ । ਉਤਰੇ ਭੁੱਖ ਕਲਜੁਗ ਮਾਇਆ ਤ੍ਰਿਸ਼ਨਾ ਹੋਏ ਖਵਾਰ । ਹਉਮੇ ਵਿੱਚੋਂ ਜਾਏ ਦੁੱਖ, ਏਕਾ ਰਸ ਰਸਨ ਰਸਾਇਣ ਸਾਚਾ ਸ਼ਬਦ ਹਰਿ ਕਰਤਾਰ । ਮਾਤ ਗਰਭ ਨਾ ਉਲਟਾ ਰੁੱਖ, ਆਤਮ ਭਰੇ ਹਰਿ ਭੰਡਾਰ । ਲੋਕਮਾਤੀ ਉਜਲ ਮੁਖ, ਹਰਿ ਸੰਤ ਸੁਹੇਲਾ ਸਾਚਾ ਮੇਲਾ, ਏਕਾ ਦਿਸੇ ਦਰ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸ਼ਬਦ ਅਧਾਰ । ਨਿਰਗੁਣ ਸ਼ਬਦ ਅਪਾਰ, ਸਰਬ ਪਸਾਰਿਆ । ਗੁਰਮੁਖ ਵਿਰਲਾ ਪਾਏ ਸਾਰ, ਮੰਗੇ ਹਰਿ ਅਪਾਰਿਆ । ਕਲਜੁਗ ਅੰਤਮ ਲੰਘੇ ਪਾਰ, ਏਕਾ ਏਕ ਆਤਮ ਰਸ ਹਿਰਦੇ ਵਸ, ਸਾਚੇ ਸਚ ਧਿਆ ਰਿਹਾ । ਸ਼ਬਦ ਤੀਰ ਪ੍ਰਭ ਮਾਰੇ ਕਸ, ਪੰਜ ਦੂਤ ਦਰ ਜਾਇਣ ਨੱਸ, ਸਾਚਾ ਘਰ ਖੁਲ੍ਹਾ ਰਿਹਾ । ਅੰਮ੍ਰਿਤ ਆਤਮ ਹਰਿ ਰਸ, ਸਚ ਰਾਹ ਪ੍ਰਭ ਜਾਏ ਦੱਸ, ਸ਼ਬਦ ਧਾਰ ਕਰ ਪਿਆਰ, ਏਕਾ ਏਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਨਾਮ ਸ਼ਬਦ ਅਪਾਰੇ, ਲੋਕਮਾਤੀ ਸਚ ਵਣਜਾਰੇ, ਆਤਮ ਝੋਲੀ ਆਪ ਭਰਾ ਰਿਹਾ । ਆਤਮ ਜੋਤੀ ਭਰੇ ਭੰਡਾਰ । ਆਤਮ ਪਰਦਾ ਰਿਹਾ ਖੋਲ੍ਹ, ਸ਼ਬਦ ਕਟਾਰਾ ਏਕਾ ਮਾਰ । ਹੌਲੀ ਹੌਲੀ ਰਿਹਾ ਬੋਲ, ਅਨਹਦ ਧੁਨ ਸੱਚੀ ਧੁਨਕਾਰ । ਭਾਗ ਲਗਾਏ ਕਾਇਆ ਚੋਲੀ, ਮਾਨਸ ਦੇਹੀ ਭਗਤ ਸੇਜਾ ਜੋਤੀ ਨੂਰ ਕਰ ਅਕਾਰ । ਲੱਗੇ ਭਾਗ ਕਾਇਆ ਡੋਲੀ, ਪੁਰਖ ਅਬਿਨਾਸ਼ੀ ਜੋਤ ਮੌਲੀ, ਸਾਚਾ ਸ਼ਬਦ ਧੁਰਦਰਗਾਹੀ ਸਾਚੀ ਬਾਣੀ, ਏਕਾ ਦੇਵੇ ਸਚ ਹੁਲਾਰ । ਜੋਤੀ ਜਾਮਾ ਸ੍ਰੀ ਭਗਵਾਨਾ, ਏਕਾ ਰੰਗ ਸਾਚਾ ਸੰਗ, ਦਰ ਦਵਾਰੇ ਸਾਚੀ ਮੰਗ, ਮੰਗਣ ਆਇਆ ਜਨ ਪਿਆਰ । ਸਾਚੀ ਮੰਗ ਹਰਿ ਦਰਬਾਰ । ਆਤਮ ਦੇਵੇ ਏਕਾ ਰੰਗ, ਉਤਰ ਨਾ ਜਾਏ ਦੂਜੀ ਵਾਰ । ਆਪ ਨਿਭਾਏ ਆਪਣਾ ਸੰਗ, ਮਾਨਸ ਦੇਹੀ ਪੈਜ ਸਵਾਰ । ਅੰਮ੍ਰਿਤ ਨੀਰ ਵਹਾਏ ਗੰਗ, ਕਾਇਆ ਸਾਗਰ ਡੂੰਘੀ ਧਾਰ । ਆਪੇ ਕਟੇ ਜਗਤ ਭੁਲੇਖਾ ਭੁੱਖ ਨੰਗ, ਸਾਚਾ ਸ਼ਬਦ ਇਕ ਅਧਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਸੁਹੇਲੇ ਤਨ ਕਰਾਏ ਸ਼ਬਦ ਸ਼ਿੰਗਾਰ । ਗੁਰਮੁਖ ਸਾਚਾ ਮੰਗਣ ਆਇਆ, ਸਚ ਦਰਬਾਰਿਆ । ਰੰਗਣ ਨਾਮ ਇਕ ਚੜ੍ਹਾਇਆ, ਆਤਮ ਖੋਲ੍ਹੇ ਬੰਦ ਕਵਾੜਿਆ । ਦਰ ਘਰ ਸਾਚੇ ਆਪ ਬਹਾਇਆ, ਤੱਤੀ ਵਾ ਨਾ ਲੱਗੇ ਹਾੜਿਆ । ਆਤਮ ਜਿੰਦਾ ਆਪੇ ਲਾਹਿਆ, ਗੁਰਮੁਖ ਸਾਚਾ ਆਪ ਬਣਾਇਆ, ਧੁਰਦਰਗਾਹੀ ਲਾੜਿਆ । ਆਪ ਆਪਣੇ ਕੰਧ ਉਠਾਇਆ, ਜਗਤ ਧੰਦਾ ਮੋਹ ਚੁਕਾਇਆ, ਆਤਮ ਅੰਧਾ ਗੁਰ ਗਿਆਨ ਅੰਧੇਰ ਮਿਟਾਇਆ । ਇਕ ਸੁਣਾਇਆ ਸ਼ਬਦ ਛੰਦਾ, ਖ਼ੁਸ਼ੀ ਕਰਾਏ ਬੰਦ ਬੰਦਾ, ਜੋਤੀ ਜੋਤ ਸਰੂਪ ਹਰਿ, ਆਪਣੀ ਜੋਤ ਜਗਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣੇ

ਰੰਗ ਸਮਾਨਾ, ਇਕ ਸੁਣਾਏ ਸ਼ਬਦ ਤਰਾਨਾ, ਰਾਗ ਛਤੀਸਾ ਬੀਸ ਇਕੀਸਾ, ਸਾਚੇ ਘਰ ਸੁਣਾ ਰਿਹਾ । ਆਤਮ ਦਰ ਵਜੀ ਵਧਾਈ, ਪੁਰਖ ਅਬਿਨਾਸ਼ੀ ਵਸਿਆ ਘਰ ਆਤਮ ਜੋਤ ਜਗਾਈਆ । ਅੰਮ੍ਰਿਤ ਆਤਮ ਲੈਣਾ ਸਾਚੇ ਸਰ, ਦੁਰਮਤ ਮੈਲ ਗਵਾਈਆ । ਆਪ ਚੁਕਾਏ ਜਮ ਕਾ ਡਰ, ਭਵ ਸਾਗਰ ਪਾਰ ਕਰਾਈਆ । ਏਕਾ ਪਾਣਾ ਸਾਚਾ ਵਰ, ਲੱਖ ਚੁਰਾਸੀ ਫੰਦ ਕਟਾਈਆ । ਨਾ ਜਨਮੇ ਨਾ ਜਾਏ ਮਰ, ਹਰਿ ਚਰਨ ਸਰਨ ਰਖਾਈਆ । ਆਪੇ ਵਸੇ ਆਪਣੇ ਘਰ, ਦੂਸਰ ਕੋਇ ਦਿਸ ਨਾ ਆਈਆ । ਗੁਰਮੁਖਾਂ ਖੋਲ੍ਹੇ ਬੰਦ ਕਵਾੜ, ਸ਼ਬਦ ਤੀਰ ਇਕ ਚਲਾਈਆ । ਆਪ ਮਿਟਾਏ ਪੰਜਾਂ ਧਾੜ, ਆਤਮ ਨੀਰ ਠੰਡਾ ਸੀਰ ਆਤਮ ਦਰ ਵਹਾਈਆ । ਗੁਰਮੁਖ ਸਾਚਾ ਸਾਚੇ ਪੌੜੇ ਜਾਏ ਚਾੜ੍ਹ, ਦਰ ਦਵਾਰਾ ਨਜ਼ਰੀ ਆਈਆ । ਪ੍ਰਭ ਅਬਿਨਾਸ਼ੀ ਅੱਗੇ ਖੜ੍ਹ, ਦੋਵੇਂ ਭੁਜਾ ਰਿਹਾ ਉਠਾਈਆ । ਆਪ ਫੜਾਏ ਆਪਣਾ ਲੜ, ਗੁਰਮੁਖ ਵਖਾਏ ਦਸਵਾਂ ਘਰ, ਸਾਚੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ, ਸ਼ਬਦ ਦਾਤ ਵਡ ਕਰਾਮਾਤ ਆਤਮ ਝੋਲੀ ਆਪ ਭਰਾਈਆ । ਆਤਮ ਝੋਲੀ ਤਨ ਭਰਾਇੰਦਾ । ਸ਼ਬਦ ਚੋਲੀ ਗੁਰਮੁਖ ਸਾਚੇ ਸਾਚੇ ਤਨ ਪਹਿਨਾਇੰਦਾ । ਬਜ਼ਰ ਕਪਾਟੀ ਰਿਹਾ ਖੋਲ੍ਹੀ, ਹੌਲੀ ਹੌਲੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਭੰਡਾਰ ਹਰਿ ਵਰਤਾਰਾ ਜਨ ਭਗਤਾ ਭਿੱਛਿਆ ਪਾਇੰਦਾ । ਸਾਚੀ ਭਿੱਛਿਆ ਹਰਿ ਦਵਾਰ । ਪੂਰਨ ਇੱਛਿਆ ਆਪ ਕਰਾਏ, ਗੁਰਮੁਖ ਮੰਗੇ ਕਰ ਪਿਆਰ । ਆਤਮ ਦਿਸ਼ਾ ਇਕ ਵਖਾਏ, ਜੋਤ ਜਗਾਏ ਅਪਰ ਅਪਾਰ । ਸਾਚੀ ਸਿੱਖਿਆ ਦੇ ਮਤ ਸਮਝਾਏ, ਸ਼ਬਦ ਗੁਰ ਗੁਰ ਸ਼ਬਦ ਨਿਰਗੁਣ ਰੂਪ ਅਪਾਰ । ਧੁਰਦਰਗਾਹੀ ਲਿਖਿਆ ਲੇਖਾ ਕਵਣ ਮਿਟਾਏ, ਸਰਗੁਣ ਦੇਵੇ ਸਾਚੀ ਧਾਰ । ਜੋਤੀ ਜੋਤ ਸਰੂਪ ਹਰਿ, ਧੁਰਦਰਗਾਹੀ ਆਦਿ ਅੰਤਾ ਜੁਗਾ ਜੁਗੰਤਾ ਆਪ ਆਪਣੀ ਜਾਣੇ ਧਾਰ । ਆਪੇ ਜਾਣੇ ਧਾਰ ਆਪ ਸਮਾਲਿਆ । ਪੂਰਬ ਕਰਮ ਰਿਹਾ ਵਿਚਾਰ, ਗੁਰਮੁਖਾਂ ਕਰੇ ਪ੍ਰਿਤਪਾਲਿਆ । ਮਾਨਸ ਜਨਮ ਰਿਹਾ ਸਵਾਰ, ਫਲ ਲਗਾਏ ਕਾਇਆ ਡਾਲਿਆ । ਜੋਤੀ ਜੋਤ ਸਰੂਪ ਹਰਿ, ਦੀਪਕ ਜੋਤੀ ਏਕਾ ਏਕ ਬਾਲਿਆ । ਹਰਿ ਸ਼ਬਦ ਅਪਾਰ, ਬ੍ਰਹਿਮੰਡ ਸਹਾਰਿਆ । ਹਰਿ ਸ਼ਬਦ ਅਪਾਰ, ਵਰਭੰਡ ਜੈਕਾਰਿਆ । ਹਰਿ ਸ਼ਬਦ ਅਪਾਰ, ਆਪ ਚਲਾਏ ਨਵ ਖੰਡ, ਏਕਾ ਏਕ ਸੱਚੀ ਧਾਰਿਆ । ਹਰਿ ਸ਼ਬਦ ਅਪਾਰ, ਪੁਰੀਆਂ ਲੋਆਂ ਰਿਹਾ ਵੰਡ, ਆਪੇ ਆਪ ਬਣਤ ਬਣਾ ਰਿਹਾ । ਹਰਿ ਸ਼ਬਦ ਅਪਾਰ, ਇਕ ਰਖਾਏ ਚੰਡ ਪ੍ਰਚੰਡ, ਸਾਚਾ ਖੇਲ ਰਚਾ ਰਿਹਾ । ਹਰਿ ਸ਼ਬਦ ਅਪਾਰ, ਲੱਖ ਚੁਰਾਸੀ ਦੇਵੇ ਦੰਡ, ਹਰਿ ਆਪਣੇ ਹੱਥ ਰਖਾ ਰਿਹਾ । ਹਰਿ ਸ਼ਬਦ ਅਪਾਰ, ਗੁਰਮੁਖਾਂ ਰਿਹਾ ਵੰਡ, ਗੁਣਵੰਤਾ ਗੁਣ ਵਿਚਾਰਿਆ । ਹਰਿ ਸ਼ਬਦ ਅਪਾਰ, ਬੇਮੁਖਾਂ ਵੱਢੇ ਕੰਡ, ਤਿੱਖੀ ਰੱਖੇ ਧਾਰਿਆ । ਹਰਿ ਸ਼ਬਦ ਅਪਾਰ, ਗੁਰਮੁਖਾਂ ਪਾਏ ਠੰਡ, ਅੰਮ੍ਰਿਤ ਦੇਵੇ ਠੰਡਾ ਠਾਰਿਆ । ਹਰਿ ਸ਼ਬਦ ਅਪਾਰ, ਬੇਮੁਖਾਂ ਆਤਮ ਹੋਈ ਰੰਡ, ਭੁੱਲੇ ਜੀਵ ਗਵਾਰਿਆ । ਹਰਿ ਸ਼ਬਦ ਅਪਾਰ, ਗੁਰਮੁਖਾਂ ਪਾਏ ਠੰਡ, ਗੁਰਮੁਖ ਵਿਰਲਾ ਆਤਮ ਬੰਨ੍ਹੇ ਸਾਚੀ ਗੰਢ, ਧੁਰਦਰਗਾਹੀ ਵਸਤ ਅਪਾਰਿਆ । ਹਰਿ ਸ਼ਬਦ ਹਰਿ ਆਪੇ ਦੇ ਵੰਡ, ਲੱਖ ਚੁਰਾਸੀ ਸੁਣਾ ਰਿਹਾ । ਹਰਿ ਸ਼ਬਦ ਅਪਾਰ, ਵਡ ਖ਼ਜ਼ਾਨਿਆ । ਹਰਿ ਸ਼ਬਦ ਅਪਾਰ, ਮਿਲਾਏ ਮੇਲ ਹਰਿ ਬੀਨੇ ਦਾਨਿਆ । ਹਰਿ ਸ਼ਬਦ ਅਪਾਰ, ਏਕਾ ਘਰ ਰਹਾਏ ਉਪਜਾਏ ਲੱਖ ਚੁਰਾਸੀ ਕੰਨ ਸੁਣਾਨਿਆ । ਹਰਿ ਸ਼ਬਦ ਅਪਾਰ, ਤਿੱਖੀ ਰੱਖੇ ਹਰਿ ਜੀ ਧਾਰ, ਕਾਇਆ ਮੰਦਰ ਸਾਚੇ ਅੰਦਰ, ਆਪ ਵਖਾਏ ਸਚ ਟਿਕਾਨਿਆ । ਗੁਰਮੁਖ ਵਿਰਲਾ ਪਾਏ ਸਾਰ, ਮੰਗੇ ਵਰ ਹਰਿ ਦਵਾਰ,

੮੨੬
੦੪

੮੨੭
੦੪

ਦੇਵੇ ਨਾਮ ਗੁਣ ਨਿਧਾਨਿਆ । ਸੋਲਾਂ ਕਰੇ ਤਨ ਸ਼ਿੰਗਾਰ, ਪ੍ਰਭ ਅਬਿਨਾਸ਼ੀ ਮੀਤ ਮੁਰਾਰ, ਆਤਮ ਸੇਜਾ ਆਪ ਵਿਛਾਨਿਆ । ਮਿਲੇ ਮੇਲ ਕੰਤ ਭਤਾਰ, ਸਾਚਾ ਸੰਤ ਹਰਿ ਉਜਿਆਰ, ਅੰਧ ਅੰਧੇਰਾ ਆਤਮ ਅੰਧ ਮਿਟਾਨਿਆ । ਅੱਠੇ ਪਹਿਰ ਖ਼ਬਰਦਾਰ, ਏਕਾ ਮਿਲਿਆ ਸਚ ਸੁਹੇਲਾ ਪੁਰਖ ਅਬਿਨਾਸ਼ੀ ਸਾਚਾ ਯਾਰ, ਵਸੇ ਇਕ ਇਕੇਲਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖਾਂ ਆਤਮ ਬੰਨ੍ਹੇ ਗਾਨਾ, ਬੇਮੁਖਾਂ ਦਿਸੇ ਵਕਤ ਦੁਹੇਲਿਆ । ਸ਼ਬਦ ਗਾਨਾ ਹਰਿ ਬੰਨ੍ਹਾਇੰਦਾ । ਆਤਮ ਕਰੇ ਇਕ ਧਿਆਨਾ, ਡੋਰੀ ਆਪਣੇ ਹੱਥ ਰਖਾਇੰਦਾ । ਸਾਚਾ ਸ਼ਬਦ ਮਨ ਤਰਾਨਾ, ਨਾਦ ਅਨਾਹਦ ਇਕ ਵਜਾਇੰਦਾ । ਨਾਲ ਰਲਾਏ ਜੋਤੀ ਕੋਟਨ ਭਾਨਾ, ਇਕ ਅਕਾਰ ਕਰਾਇੰਦਾ । ਪਵਣ ਰਖਾਏ ਸਚ ਬਿਬਾਣਾ, ਸ਼ਬਦ ਅਸਵਾਰ ਕਰਾਇੰਦਾ । ਆਪ ਉਡਾਏ ਇਕ ਉਡਾਨਾ, ਅੰਦਰ ਬਾਹਰ ਗੁਪਤ ਜ਼ਾਹਰ, ਆਪਣੇ ਭਾਣੇ ਆਪ ਰਹਾਇੰਦਾ । ਗੁਰਮੁਖਾਂ ਦੇਵੇ ਨਾਮ ਨਿਸ਼ਾਨਾ, ਵਾਲੀ ਦੋ ਜਹਾਨਾਂ, ਧੁਰਦਰਗਾਹੀ ਸਾਚਾ ਮਾਹੀ, ਸ਼ਬਦੀ ਮੇਲਾ ਆਪਣਾ ਆਪ ਮਿਲਾਇੰਦਾ । ਆਪੇ ਗੁਰ ਆਪ ਚੇਲਾ, ਅਚਰਜ ਖੇਲ ਮਾਤ ਖੇਲਾ, ਦਰ ਦਵਾਰ ਨਰ ਨਿਰੰਕਾਰ, ਏਕਾ ਏਕ ਖੁਲ੍ਹਾਇੰਦਾ । ਸਚ ਦਵਾਰ ਆਪ ਖੁਲ੍ਹਾਇੰਦਾ । ਏਕਾ ਰੱਖੇ ਨਾਮ ਭੰਡਾਰਾ, ਜਗਤ ਵਣਜਾਰਾ ਆਪ ਕਰਾਇੰਦਾ । ਦੇਂਦਾ ਆਇਆ ਵਾਰੋ ਵਾਰਾ, ਲੋਕਮਾਤ ਬਣਤ ਬਣਾਇੰਦਾ । ਆਦਿ ਅੰਤ ਨਾ ਕਰੇ ਵਿਚਾਰਾ , ਨਾ ਕੋਈ ਜਾਣੇ ਜੀਵ ਗਵਾਰਾ, ਕਿਹੜੀ ਧਾਰ ਸੱਚਾ ਰਾਮ ਆਪਣੀ ਆਪ ਬਣਾਇੰਦਾ । ਬੇਮੁਖਾਂ ਲਾਹੇ ਤਨ ਅਫਾਰਾ, ਹਉਮੇ ਕੱਢੇ ਰੋਗ ਵਿਕਾਰਾ । ਸ਼ਬਦ ਕਟਾਰਾ ਇਕ ਚਲਾਇੰਦਾ । ਗੁਰਮੁਖਾਂ ਦੇਵੇ ਚਰਨ ਪਿਆਰਾ, ਸਾਚਾ ਮੇਲਾ ਨਰ ਨਿਰੰਕਾਰਾ, ਏਕਾ ਰੰਗ ਸਾਚਾ ਸੰਗ, ਦਰਸ ਅਮੋਘ ਅੰਤਮ ਮੇਲ ਮਿਲਾਇੰਦਾ । ਆਪੇ ਕਟੇ ਭੁੱਖ ਨੰਗ, ਗੁਰਮੁਖ ਸਾਚੇ ਸੰਤ ਦੁਲਾਰੇ, ਜੋਤੀ ਜੋਤ ਸਰੂਪ ਹਰਿ, ਸ਼ਬਦ ਘੋੜੇ ਆਪ ਚੜ੍ਹਾਇੰਦਾ । ਹਰਿ ਸ਼ਬਦ ਅਪਾਰ, ਖੰਡਾ ਦੋ ਧਾਰਿਆ । ਪਕੜੇ ਹੱਥ ਕਰਤਾਰ, ਜੁਗੋ ਜੁਗ ਵਾਰੋ ਵਾਰਿਆ । ਲੱਖ ਚੁਰਾਸੀ ਪਾਏ ਸਾਰ, ਕਰੇ ਖੇਲ ਅਪਾਰਿਆ । ਪੁਰੀਆਂ ਲੋਆਂ ਬੰਨ੍ਹੇ ਧਾਰ, ਉਚ ਮਹੱਲ ਅਟੱਲ ਮੰਦਰ ਅੰਦਰ ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜ ਆਪੇ ਵੇਖ ਵਖਾ ਰਿਹਾ । ਜੀਵ ਜੰਤ ਸਾਧ ਸੰਤ ਹਰਿ ਭਗਵੰਤ, ਆਪੇ ਵੇਖੇ ਬਹੱਤਰ ਨਾੜਾਂ, ਸਾਚੀ ਜੋਤੀ ਆਪ ਜਗਾ ਰਿਹਾ । ਬੇਮੁਖ ਜੀਵ ਜੂਠੀ ਝੂਠੀ ਧਾੜਾ, ਕਿਸੇ ਨਾ ਦਿਸੇ ਪਿੱਛਾ ਅਗਾੜਿਆ । ਕਲਜੁਗ ਤੱਤੀ ਵਾ ਅਗਨ ਹਾੜਾ, ਮਾਇਆ ਰਾਣੀ ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ੍ਹਾ, ਕੋਈ ਨਾ ਕਿਸੇ ਛੁਡਾ ਰਿਹਾ । ਸਤਿ ਸਰੂਪੀ ਹੋਏ ਉਜਾੜਾ, ਧਰਤ ਮਾਤ ਤੇਰਾ ਇਕ ਅਖਾੜਾ, ਕਾਮ ਕਰੋਧੀ ਆਤਮ ਹੰਕਾਰੀ ਜਗਤ ਵਿਕਾਰੀ ਇਕ ਬਣਾ ਰਿਹਾ । ਸ਼ਬਦ ਉਠਾਏ ਸਾਚੀ ਧਾੜਾ, ਧੁਰਦਰਗਾਹੀ ਸਾਚਾ ਲਾੜਾ, ਕਲਜੁਗ ਵੇਲਾ ਅੰਤਮ ਅੰਤ ਸਾਚੀ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਖੰਡਾ ਕਲਜੁਗ ਤੇਰਾ ਅੰਤਮ ਕੰਢਾ, ਲੱਖ ਚੁਰਾਸੀ ਏਕਾ ਡੰਡਾ, ਆਪ ਚੜ੍ਹਾ ਰਿਹਾ । ਕਲਜੁਗ ਤੇਰੀ ਅੰਤਮ ਵਾਰ । ਪ੍ਰਭ ਅਬਿਨਾਸ਼ੀ ਪਾਏ ਸਾਰ । ਸਾਚਾ ਖੰਡਾ ਹੱਥ ਉਠਾਏ, ਦੋਵੇਂ ਰੱਖੇ ਤਿੱਖੀ ਧਾਰ । ਬੇਮੁਖਾਂ ਵੱਢੀ ਜਾਏ ਕੰਡਾਂ, ਗੁਰਮੁਖ ਦੇਵੇ ਨਾਮ ਅਧਾਰ । ਨੌਂ ਖੰਡ ਪ੍ਰਿਥਮੀ ਪਾਏ ਵੰਡਾਂ, ਸੱਤਾਂ ਦੀਪਾਂ ਕਰ ਵਿਚਾਰ । ਸ਼ਬਦ ਚਲਾਏ ਚੰਡ ਪ੍ਰਚੰਡਾਂ, ਰਾਜੇ ਰਾਣੇ ਕਰੇ ਖੁਆਰ । ਘਰ ਘਰ ਦਿਸਣ ਨਾਰਾਂ ਰੰਡਾਂ, ਨਾ ਕੋਈ ਕਰੇ ਤਨ ਸ਼ਿੰਗਾਰ । ਬੇਮੁਖ ਜੀਆਂ ਆਤਮ ਹੋਈ ਰੰਡਾ, ਆਤਮ ਭਰਿਆ ਇਕ ਹੰਕਾਰ । ਆਪੇ ਕਰੇ ਖੰਡ ਖੰਡਾ, ਮਾਰੇ ਸ਼ਬਦ ਤਿੱਖੀ ਕਟਾਰ । ਕਲਜੁਗ ਅੰਤਮ ਦੇਵੇ ਦੰਡਾ, ਆਪ ਆਪਣਾ

ਗਿਆ ਹਾਰ । ਗੁਰਮੁਖਾਂ ਰੱਖੇ ਸੀਨਾ ਠੰਡਾ, ਆਤਮ ਜੋਤੀ ਸ਼ਬਦ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜਾਣੇ ਧਾਰ । ਹਰਿ ਸ਼ਬਦ ਬਲੀ ਬਲਵਾਨਾ । ਪੁਰਖ ਅਬਿਨਾਸ਼ੀ ਹੱਥ ਉਠਾਏ, ਲੱਖ ਚੁਰਾਸੀ ਬੰਨ੍ਹੇ ਗਾਨਾ । ਰਾਓ ਰੰਕ ਡੰਕ ਵਜਾਏ, ਖਿੱਚ ਲਿਆਏ ਵਿਚ ਬਿਬਾਣਾ । ਰਸਨਾ ਤੀਰ ਖਿੱਚ ਕਮਾਨ, ਵਾਲੀ ਦੋ ਜਹਾਨ ਸ਼ਬਦ ਤਨਕ ਇਕ ਲਗਾਏ, ਨਾ ਕੋਈ ਜਾਣੇ ਰਾਜਾ ਰਾਣਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਆਪੇ ਵਰਤੇ ਆਪਣਾ ਭਾਣਾ । ਆਪੇ ਭਾਣਾ ਹਰਿ ਵਰਤਾਇੰਦਾ । ਰਾਜਾ ਰਾਣਾ ਤਖ਼ਤੋਂ ਲਾਹਿੰਦਾ । ਗਊ ਗਰੀਬ ਨਿਮਾਣਾ ਗੋਦ ਉਠਾਇੰਦਾ । ਸ਼ਬਦ ਚੱਲੇ ਬੇਮੁਹਾਣਾ, ਰਸਨਾ ਤੀਰ ਖਿੱਚ ਕਮਾਨਾ, ਵਾਲੀ ਦੋ ਜਹਾਨਾਂ ਆਪ ਚਲਾਇੰਦਾ । ਨਾ ਕੋਈ ਸਕੇ ਮਾਤ ਪਛਾਣ, ਲੱਖ ਚੁਰਾਸੀ ਆਈ ਹਾਨ, ਆਤਮ ਗਿਆ ਬ੍ਰਹਮ ਗਿਆਨ, ਨਾ ਕੋਈ ਟਿਕਾਇੰਦਾ । ਗੁਰਮੁਖਾਂ ਦੇਵੇ ਧਰਮ ਨਿਸ਼ਾਨ, ਏਕਾ ਝੁੱਲੇ ਵਿਚ ਜਹਾਨ, ਨੌਂ ਖੰਡ ਪ੍ਰਿਥਮੀ ਏਕਾ ਆਣ, ਸ਼ਬਦ ਧਾਰੀ ਇਕ ਬੰਨ੍ਹਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰੀ ਕਲ ਪਛਾਣ, ਸ਼ਬਦ ਉਠਾਏ ਤੀਰ ਕਮਾਨ, ਵਾਰੋ ਵਾਰੀ ਆਪ ਚਲਾਇੰਦਾ । ਫੜੇ ਤੀਰ ਕਮਾਨ ਸ਼ਬਦ ਕਟਾਰਿਆ । ਉਠੇ ਨੌਜਵਾਨ, ਨਰ ਹਰਿ ਬਲੀ ਬਲਕਾਰਿਆ । ਵੇਖ ਵਖਾਣੇ ਬੇਈਮਾਨ, ਆਪੇ ਮਾਰ ਮੁਕਾਨਿਆ । ਲੱਖ ਚੁਰਾਸੀ ਏਕਾ ਪਾਏ ਆਣ । ਸਾਚਾ ਸ਼ਬਦ ਦਿਸਾਏ ਸਾਚੀ ਬਾਣੀਆ । ਆਪ ਗਵਾਏ ਮਾਣ ਤਾਣ, ਵੇਖ ਵਖਾਏ ਮੁਗਲ ਪਠਾਨਿਆ । ਏਕਾ ਜਾਣੇ ਜਾਣੀ ਜਾਣ, ਚਾਰ ਕੁੰਟ ਦਹਿ ਦਿਸ਼ ਸ਼ਬਦ ਉਡਾਰੀ ਇਕ ਲਗਾਨਿਆ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰੀ ਅੰਤਮ ਵਾਰ, ਲੱਖ ਚੁਰਾਸੀ ਗਈ ਹਾਰ, ਪ੍ਰਭ ਸਾਚਾ ਖੇਲ ਖਿਲਾਨਿਆ । ਸਾਚਾ ਖੇਲ ਖਿਲਾਏ ਤੀਰ ਚਲਾਇੰਦਾ । ਧਰਮ ਰਾਏ ਦਰ ਦਵਾਰ ਸਾਚੀ ਜੇਲ੍ਹ ਖੁਲ੍ਹਾਏ, ਲਾੜੀ ਮੌਤ ਮਗਰ ਲਗਾਏ, ਇਕ ਬਹਾਰੀ ਹੱਥ ਫੜਾਏ, ਚਾਰੋਂ ਕੁੰਟ ਫੇਰ ਫਿਰਾਇੰਦਾ । ਆਪੇ ਕਰੇ ਸਾਚੀ ਕਾਰੀ, ਵੇਖੀ ਜਾਏ ਵਾਰੋ ਵਾਰੀ, ਨਾ ਕੋਈ ਛੱਡੇ ਨਰ ਨਾਰੀ, ਬਿਰਧ ਬਾਲ ਜਵਾਨਾ, ਗੁਣ ਨਿਧਾਨਾ ਏਕਾ ਰਾਹ ਚਲਾਇੰਦਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਆਪੇ ਕਰੇ ਅੰਤ ਪਛਾਣਾ, ਸਾਚੇ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਚਾਰ ਕੁੰਟਾਂ ਏਕਾ ਧੱਕਾ ਲਾਇੰਦਾ । ਚਾਰ ਕੁੰਟ ਹੋਏ ਖੁਆਰੀ । ਕਿਸੇ ਨਾ ਦੀਸੇ ਦਰ ਦਰਬਾਰੀ । ਰਾਜੇ ਰਾਣਿਆਂ ਆਈ ਭਾਰੀ । ਉਠ ਉਠ ਵੇਖਣ ਸ਼ਾਹ ਅਸਵਾਰੀ । ਕੰਤ ਭਤਾਰਾ ਤੁੱਟਾ ਨਾਤਾ, ਕਿਸੇ ਨਾ ਦਿਸੇ ਭੈਣ ਭਰਾਤਾ, ਕਿਸੇ ਨਾ ਦਿਸੇ ਪਿਤਾ ਮਾਤਾ, ਵਾਹੋ ਦਾਹੀ ਚਾਰ ਯਾਰੀ । ਉਮਤ ਨਬੀ ਰਸੂਲ ਦੀ, ਨੂਰ ਅਲਾਹੀ ਇਕ ਇਕੱਲਾ ਇਕ ਮਹੱਲਾ ਅੰਤਮ ਆਈ ਭਾਰੀ । ਸ਼ਬਦ ਸਰੂਪੀ ਹਰਿ ਜੀ ਫੜਿਆ ਤਿੱਖਾ ਭੱਲਾ, ਸੋਹੰ ਨਾਮ ਅਪਰ ਅਪਾਰੀ । ਆਪੇ ਸੁੱਟੇ ਡੂੰਘੀ ਡਲਾ, ਮੇਟ ਮਿਟਾਏ ਦਰ ਦਵਾਰੀ । ਰਸਨਾ ਤੀਰ ਚੜ੍ਹਾਇਆ ਚਿੱਲਾ, ਆਪੇ ਖਿੱਚੇ ਬਨ ਬਨਵਾਰੀ । ਆਪ ਹਿਲਾਏ ਉਚਾ ਟਿੱਲਾ, ਪ੍ਰਬਤ ਜੰਗਲ ਜੂਹ ਉਜਾੜੀ । ਕੋਈ ਨਾ ਦਿਸੇ ਕਾਇਆ ਕਿਲ੍ਹਾ, ਆਪੇ ਢਾਹੇ ਢਾਹ ਉਸਾਰੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਕਰੇ ਖੇਲ ਜਗਤ ਨਿਆਰੀ । ਖੇਲ ਜਗਤ ਨਿਆਰੀ ਹਰਿ ਭਗਵਾਨਿਆ । ਰਸਨਾ ਚੱਲੇ ਤੀਰ ਸ਼ਬਦ ਨਿਸ਼ਾਨਿਆ । ਪੀਰ ਦਸਤਗੀਰ ਹੋਏ ਹਕੀਰ, ਔਲੀਏ ਪੀਰ ਸ਼ੇਖ਼ ਮੇਟ ਮਿਟਾਨਿਆ । ਆਪ ਮਿਟਾਏ ਬਿਧਨਾ ਲਿਖੀ ਰੇਖ, ਨਰ ਨਰਾਇਣ ਆਤਮ ਅੰਤਰ ਸਭ ਨੂੰ ਰਿਹਾ ਵੇਖ, ਅੰਤ ਮਿਟਾਏ ਜਗਤ ਨਿਸ਼ਾਨਿਆਂ । ਕਲਜੁਗ ਵੇਖੇ ਕਾਲਾ ਭੇਖ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਮੁੱਲਾਂ ਮੁਲਾਣਾ ਸ਼ਾਹ ਸੁਲਤਾਨਾਂ

੮੨੮
੦੪

ਆਪੇ ਆਪ ਭੁਲਾਨਿਆਂ । ਮੌਲੀ ਮਹਿੰਦੀ ਬੰਨ੍ਹੇ ਗਾਨਾ । ਉਮਤ ਨਬੀ ਰਸੂਲ ਦੀ ਇਕ ਦੂਜੇ ਦੇ ਨਾਲ ਖਹਿੰਦੀ, ਕਰੇ ਖੇਲ ਹਰਿ ਭਗਵਾਨਿਆ । ਚਾਰੋਂ ਕੁੰਟ ਦਿਸਾ ਪ੍ਰਗਟ ਹੋਏ ਅਮਾਮ ਮਹਿੰਦੀ, ਆਪ ਆਪਣੀ ਵੰਡ ਕਰਾਏ । ਬੇਮੁਖਾਂ ਅੰਤਮ ਕੰਡ ਵੱਢ ਚੰਡ ਪ੍ਰਚੰਡ ਏਕਾ ਧਾਰ ਧਰਤ ਮਾਤ ਤੇਰੇ ਉਤੇ ਆਪ ਵਹਾਏ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣਾ ਖੇਲ ਰਚਾਨਾ, ਭੇਵ ਕੋਈ ਨਾ ਪਾਏ । ਹਰਿ ਸਾਚਾ ਖੇਲ ਰਚਾਇੰਦਾ । ਕਲਜੁਗ ਆਈ ਅੰਤਮ ਵਾਰੀ, ਲੱਖ ਚਰਾਸੀ ਧਰਮ ਰਾਏ ਦੀ ਦੇਵੇ ਫਾਸੀ, ਏਕਾ ਤੇਲ ਚੜ੍ਹਾਇੰਦਾ । ਮੇਟ ਮਿਟਾਏ ਮਦਿਰਾ ਮਾਸੀ, ਨਾ ਕੋਈ ਦੀਸੇ ਪੰਡਤ ਕਾਂਸ਼ੀ, ਵੇਦ ਪੁਰਾਨਾਂ ਗੁਰ ਗਿਆਨਾ ਅੰਜੀਲ ਕੁਰਾਨਾਂ ਸ਼ਾਹ ਸੁਲਤਾਨਾਂ ਅੱਠੇ ਪਹਿਰ ਨੌਜਵਾਨਾ ਆਪਣੀ ਧਾਰ ਬੰਨ੍ਹਾਇੰਦਾ । ਗੁਰ ਗੋਬਿੰਦ ਲੇਖ ਲਿਖਾਨਾ । ਵਡ ਮਰਗਿੰਦਾ ਜੋਤ ਜਗਾਨਾ । ਸਾਗਰ ਸਿੰਧਾ ਤੀਰ ਚਲਾਨਾ । ਗੁਰਮੁਖ ਉਪਜਾਏ ਸਾਚੀ ਬਿੰਦਾ, ਆਪ ਆਪਣੀ ਗੋਦ ਉਠਾਨਾ । ਪ੍ਰਗਟ ਹੋਏ ਹਰਿ ਜੀ ਹਿੰਦਾ, ਲਿਖਿਆ ਲੇਖ ਪੂਰ ਕਰਾਨਾ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰਾ ਭੇਖ ਮਿਟਾਨਾ, ਲੱਖ ਚੁਰਾਸੀ ਆਪ ਖਪਾਇਆ । ਕਲਜੁਗ ਮਿਟੇ ਭੇਖ ਭਗਤ ਉਧਾਰਿਆ । ਨਾ ਕੋਈ ਦਿਸੇ ਔਲੀਆ ਪੀਰ ਸ਼ੇਖ਼, ਅੰਤਮ ਅੰਤ ਹਰਿ ਭਗਵੰਤ ਆਪਣੀ ਖੇਲ ਰਚਾ ਰਿਹਾ । ਚਾਰ ਯਾਰੀ ਮਿਟੀ ਰੇਖ, ਸੰਗ ਮੁਹੰਮਦ ਨਾਤਾ ਤੁੱਟਾ, ਨਾ ਕੋਈ ਮੇਲ ਮਿਲਾ ਰਿਹਾ । ਦਰ ਦਰ ਘਰ ਘਰ ਪਾਵੇ ਫੁੱਟਾ, ਰਸਨਾ ਤੀਰ ਏਕਾ ਛੁਟਾ, ਨਾ ਕੋਈ ਜੋੜ ਜੁੜਾ ਰਿਹਾ । ਨੇਤਰ ਨੀਰ ਨਾ ਦਿਸੇ ਘੁਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਬਣਤ ਬਣਾ ਰਿਹਾ । ਸਾਚੀ ਬਣਤ ਬਣਾਏ ਖੇਲ ਰਚਾਇੰਦਾ । ਮਹਿੰਮਾ ਅਗਣਤ ਗਣੀ ਨਾ ਜਾਏ, ਭੇਵ ਕੋਇ ਨਾ ਪਾਇੰਦਾ । ਗੁਰਮੁਖ



ਸਾਚੇ ਸੰਤ ਉਠਾਏ ਦਇਆ ਕਮਾਏ, ਸ਼ਬਦ ਤਰਾਨਾ ਇਕ ਸੁਣਾਇੰਦਾ । ਬੇਮੁਖਾਂ ਮਾਇਆ ਪਾਏ ਬੇਅੰਤ, ਨਾ ਕੋਈ ਪਾਰ ਲੰਘਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰਾ ਅੰਤ ਨਿਸ਼ਾਨਾ, ਪਹਿਲੀ ਕੂਟੇ ਸ਼ਬਦ ਝੂਟੇ, ਤੀਰ ਨਿਸ਼ਾਨਾ ਇਕ ਕਰਾਇੰਦਾ । ਪਹਿਲੀ ਕੂਟ ਛੁਟੇ ਤੀਰ, ਮੇਟ ਮਿਟਾਏ ਔਲੀਏ ਪੀਰ ਸ਼ਾਹ ਹਕੀਰ ਦਸਤਗੀਰ ਕਿਸੇ ਹੱਥ ਨਾ ਆਏ ਲੱਬੇ ਚੀਰ, ਆਤਮਾ ਰਹੀ ਪੀੜ ਨਾ ਪੀੜ ਕੋਇ ਹਟਾਏ, ਸ਼ਬਦ ਵੇਲਣੇ ਰਿਹਾ ਪੀੜ, ਹੱਡੀ ਰੀੜ ਹਸਤ ਕੀੜ ਏਕਾ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਆਪ ਆਪਣੀ ਕਿਰਪਾ ਕਰ, ਆਪਣਾ ਕਰਮ ਕਮਾਇੰਦਾ । ਸੋਹੰ ਬੰਕ ਦਵਾਰ ਗੁਰਮੁਖ ਦਵਾਰਿਆ । ਕਿਰਪਾ ਕਰ ਕਰਤਾਰ ਜੋਤ ਅਕਾਰਿਆ । ਮਾਨਸ ਦੇਹੀ ਜਨਮ ਸੁਧਾਰ ਵਿਚ ਸੰਸਾਰਾ, ਲੱਖ ਚੁਰਾਸੀ ਪਾਰ ਉਤਾਰਿਆ । ਆਪ ਕਟਾਏ ਜਮ ਕੀ ਫਾਸੀ, ਸ਼ਬਦ ਚਲਾਏ ਸਵਾਸੋ ਸਵਾਸੀ, ਆਤਮ ਰਾਸੀ ਸਚ ਮੰਡਲ ਕਾਇਆ ਆਪ ਬਣਾ ਰਿਹਾ । ਆਤਮ ਦਰ ਦਵਾਰੇ ਹਰਿ ਨਿਰੰਕਾਰੇ, ਖੇਲ ਅਪਾਰੇ ਜੋਤ ਅਕਾਰੇ, ਦਰਸ ਅਮੋਘਾ ਧੁਰ ਸੰਜੋਗਾ, ਆਪ ਵਖਾ ਰਿਹਾ । ਕਲਜੁਗ ਮਾਇਆ ਕਟੇ ਰੋਗਾ, ਆਦਿ ਅੰਤ ਨਾ ਹੋਏ ਵਿਜੋਗਾ, ਧੁਰ ਸੰਜੋਗਾ ਆਪ ਵਖਾਨਿਆ । ਸਚ ਸਹਾਰਾ ਇਕ ਨਿਰੰਕਾਰਾ, ਆਪਣਾ ਆਪ ਰਖਾ ਰਿਹਾ । ਸੱਚਾ ਘਰ ਸੱਚਾ ਸਰ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵਿਚ ਸਮਾ ਰਿਹਾ । ਸਾਚਾ ਦਰ ਸੱਚਾ ਦਰਬਾਰ । ਮਾਨਸ ਦੇਹੀ ਆਤਮ ਦਰ, ਪੁਰਖ ਅਬਿਨਾਸ਼ੀ ਚਰਨ ਪਿਆਰ । ਨਾ ਜਨਮੇ ਨਾ ਜਾਏ ਮਰ, ਆਤਮ ਜੋਤੀ ਮੇਲ ਮਿਲਾਰ । ਭਰਮ ਭੁਲੇਖਾ ਦੂਰ ਨਿਵਾਰ । ਆਪੇ ਦੱਸੇ ਸਾਚੀ ਧਾਰ । ਆਤਮ ਜੋਤੀ ਨੂਰ ਕਰ, ਸ਼ਬਦ ਦੇਵੇ ਸਾਚੀ ਧੁਨ ਧੁਨਕਾਰ ।

੮੨੯ ੦੪

ਸਰਬ ਕਲਾ ਭਰਪੂਰ ਹਰਿ ਆਪੇ ਭਰੇ ਦਰ ਭੰਡਾਰ । ਜੋਤੀ ਜੋਤ ਸਰੂਪ ਹਰਿ, ਦੇਵਣਹਾਰਾ ਸਰਬ ਸੰਸਾਰ । ਗੁਰ ਭੰਡਾਰ ਗੁਰ ਦਵਾਰਾ, ਗੁਰਮੁਖਾਂ ਵਿਚ ਸੰਸਾਰਿਆ । ਮੰਗੀ ਵਸਤ ਇਕ ਅਪਾਰਾ, ਕਾਇਆ ਬਸਤ ਸ਼ਬਦ ਸ਼ਿੰਗਾਰਾ, ਪ੍ਰਭ ਸਾਚਾ ਤਨ ਪਹਿਨਾ ਰਿਹਾ । ਸੋਹੰ ਸਾਚਾ ਸੀਸ ਦਸਤਾਰਾ, ਨਾਮ ਨਿਰੰਜਣ ਤੇਜ ਕਟਾਰਾ, ਚਰਨ ਪਿਆਰਾ ਝੋਲੀ ਪਾ ਰਿਹਾ । ਭਾਗ ਲਗਾਏ ਕਾਇਆ ਮਹੱਲ ਮੁਨਾਰਾ, ਇਕ ਅਟੱਲ ਵਿਚ ਸੰਸਾਰਾ, ਸ਼ਬਦ ਅਪਾਰਾ ਇਕ ਚਲਾ ਰਿਹਾ । ਗੁਰਮੁਖਾਂ ਆਏ ਚਲ ਦਵਾਰਾ, ਜੋਤੀ ਭੇਖ ਅਪਰ ਅਪਾਰਾ, ਅੰਦਰ ਗੁਪਤ ਬਾਹਰ ਜ਼ਾਹਿਰਾ, ਆਪੇ ਲੇਖ ਲਿਖਾ ਰਿਹਾ । ਸਚ ਵਸਤ ਹਰਿ ਸਚ ਭੰਡਾਰਾ, ਪੁਰਖ ਅਬਿਨਾਸ਼ੀ ਕਿਰਪਾ ਧਾਰਾ, ਆਪਣਾ ਭੋਗ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਦਰ ਘਰ ਸਾਚੇ ਦੇਵੇ ਵਰ, ਗੁਰ ਸੰਗਤ ਆਤਮ ਰਸ ਰਸਕ ਨਿਝਰ ਆਪ ਚੁਆ ਰਿਹਾ । ਨਿਝਰ ਰਸ ਅੰਮ੍ਰਿਤ ਧਾਰ । ਗੁਰਮੁਖਾਂ ਦੇਵੇ ਕਰ ਪਿਆਰ । ਸਚ ਭੰਡਾਰਾ ਹਰਿ ਵਰਤਾਰ । ਖੁਲ੍ਹਾ ਰਹੇ ਦਰ ਦਵਾਰਾ, ਆਦਿ ਅੰਤ ਏਕੰਕਾਰ । ਹਰਿਜਨ ਮੰਗੇ ਬਣ ਭਿਖਾਰਾ, ਦੇਵਣਹਾਰ ਸਰਬ ਸੰਸਾਰ । ਵੇਖੇ ਖੇਲ ਵਾਰੋ ਵਾਰਾ, ਜੁਗ ਜੁਗੰਤੀ ਬੰਨ੍ਹੇ ਧਾਰ । ਗੁਰਮੁਖਾਂ ਆਤਮ ਰੁੱਤ ਬਸੰਤੀ, ਕਵਲ ਨਾਭੀ ਖਿੜੇ ਗੁਲਜ਼ਾਰ । ਜੋਤ ਪ੍ਰਕਾਸ਼ੇ ਕੋਟਨ ਭਾਨਾ, ਪ੍ਰਗਟ ਹੋਏ ਕਾਇਆ ਮੰਦਰ ਸਚ ਮੁਨਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਪੂਰਨ ਕਰੇ ਭੰਡਾਰ । ਹਰਿ ਸ਼ਬਦ ਅਪਾਰ, ਕਲ ਘਨਘੋਰਿਆ । ਹਰਿ ਸ਼ਬਦ ਅਪਾਰ, ਜਗਤ ਢੰਡੋਰਿਆ । ਹਰਿ ਸ਼ਬਦ ਅਪਾਰ, ਕਲਜੁਗ ਦਿਸਾਏ ਅੰਤਮ ਅੰਤ ਵੇਲਾ, ਵਕਤ ਰਹਿ ਗਿਆ ਥੋੜਿਆ । ਹਰਿ ਸ਼ਬਦ ਅਪਾਰ, ਰਹਿਣ ਨਾ ਦੇਵੇ ਕੋਈ ਮਾਤ ਜੋੜੀ ਜੋੜਿਆ । ਹਰਿ ਸ਼ਬਦ ਅਪਾਰ, ਚਿੱਟੇ ਅਸਵ ਹੋ ਅਸਵਾਰ ਘੋੜਿਆ । ਹਰਿ ਸ਼ਬਦ ਅਪਾਰ, ਆਪੇ ਵੇਖੇ ਪਰਖੇ ਭੰਨੇ ਕਲਜੁਗ ਜੀਵ ਰੀਠੇ ਕੌੜਿਆ । ਹਰਿ ਸ਼ਬਦ ਅਪਾਰ, ਜੁਗਾ ਜੁਗੰਤਰ ਸਾਚੀ ਧਾਰ, ਪ੍ਰਭ ਆਪ ਰਖਾਏ ਹੱਥ ਹਥੌੜਿਆ । ਹਰਿ ਸ਼ਬਦ ਅਪਾਰ, ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਅੰਤਮ ਵੇਲਾ ਸਚ ਸੁਹੇਲਾ, ਆਪੇ ਆਪ ਬਹੁੜਿਆ । ਹਰਿ ਸ਼ਬਦ ਅਪਾਰ, ਜਗਤ ਸੰਜੋਗਿਆ । ਹਰਿ ਸ਼ਬਦ ਅਪਾਰ, ਗੁਰਮੁਖਾਂ ਸਾਚਾ ਮੇਲ ਆਤਮ ਰਸ ਏਕਾ ਏਕ ਭੋਗਿਆ । ਹਰਿ ਸ਼ਬਦ ਅਪਾਰ, ਪੁਰਖ ਅਬਿਨਾਸ਼ੀ ਹੋਏ ਵਸ, ਏਕਾ ਜੋਗ ਸਾਚਾ ਜੋਗਿਆ । ਹਰਿ ਸ਼ਬਦ ਅਪਾਰ, ਚਾਰ ਵਰਨਾਂ ਸਾਚਾ ਰਾਹ ਏਕਾ ਰਿਹਾ ਦੱਸ, ਹਉਮੇ ਕਟੇ ਰੋਗ ਕਾਇਆ ਰੋਗਿਆ । ਹਰਿ ਸ਼ਬਦ ਅਪਾਰ, ਕਲਜੁਗ ਮਿਟਾਏ ਅੰਧ ਅੰਧਿਆਰ ਮਸ, ਸਾਚਾ ਸਚ ਕਰੇ ਅਕਾਰਿਆ । ਹਰਿ ਸ਼ਬਦ ਅਪਾਰ, ਕੂੜ ਕੁੜਿਆਰਾ ਜਾਏ ਨੱਸ, ਮਾਰੇ ਤੀਰ ਇਕ ਅਪਾਰਿਆ । ਹਰਿ ਸ਼ਬਦ ਅਪਾਰ, ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਸੱਚਾ ਵਰ, ਕਿਰਪਾ ਕਰ ਜਗਤ ਕਰਤਾਰਿਆ । ਹਰਿ ਸ਼ਬਦ ਅਪਾਰ, ਭਗਤ ਜਗਤ ਅਡੋਲਿਆ । ਹਰਿ ਸ਼ਬਦ ਅਪਾਰ, ਕਿਸੇ ਨਾ ਤੋਲਿਆ । ਹਰਿ ਸ਼ਬਦ ਅਪਾਰ, ਆਤਮ ਅੰਦਰ ਸਾਚੇ ਮੰਦਰ, ਘਟ ਘਟ ਸ਼ਬਦ ਬੋਲਿਆ । ਹਰਿ ਸ਼ਬਦ ਅਪਾਰ, ਖੋਲ੍ਹੀ ਤਾੜੀ ਆਤਮ ਵਾੜੀ, ਇਕ ਸੁਣਾਏ ਸੱਚਾ ਢੋਲਿਆ । ਹਰਿ ਸ਼ਬਦ ਅਪਾਰ, ਦਰ ਘਰ ਸਾਚੇ ਜਾਏ ਵਾੜੀ, ਨਾ ਕੋਈ ਰੱਖੇ ਪੜਦਾ ਉਹਲਿਆ । ਹਰਿ ਸ਼ਬਦ ਅਪਾਰ, ਗੁਰਮੁਖਾਂ ਦੇਵੇ ਇਕ ਅਧਾਰ, ਨੇੜ ਨਾ ਆਏ ਮੌਤ ਲਾੜੀ, ਦਰ ਦਵਾਰਾ ਸੱਚਾ ਖੋਲ੍ਹਿਆ । ਹਰਿ ਸ਼ਬਦ ਅਪਾਰ, ਸਚ ਘੋੜ ਪ੍ਰਭ ਦੇਵੇ ਚਾੜ੍ਹ, ਗੁਰਮੁਖ ਸਾਚਾ ਚਰਨ ਪ੍ਰੀਤੀ ਘੋਲ ਘੋਲਿਆ । ਹਰਿ ਸ਼ਬਦ ਅਪਾਰ, ਜੋਤ ਜਗਾਏ ਬਹੱਤਰ ਨਾੜ, ਆਪ ਕਰਾਏ ਦਰ ਘਰ ਸਾਚੇ ਗੋਲਿਆ । ਹਰਿ ਸ਼ਬਦ ਅਪਾਰ, ਗੁਰਮੁਖ

ਸਾਚੇ ਆਤਮ ਦਰ ਆਪ ਦਿਸਾਏ, ਭਾਗ ਲਗਾਏ ਕਾਇਆ ਚੋਲਿਆ । ਕਾਇਆ ਚੋਲੇ ਲੱਗਾ ਭਾਗ । ਪੁਰਖ ਅਬਿਨਾਸ਼ੀ ਆਪੇ ਬੋਲੇ, ਆਤਮ
ਤ੍ਰਿਸ਼ਨਾ ਬੁਝੇ ਆਗ । ਇਕ ਸੁਣਾਇਆ ਸਾਚਾ ਢੋਲੇ । ਮਾਣ ਗਵਾਏ ਛੱਤੀ ਰਾਗ । ਆਪੇ ਵਸੇ ਪੜਦੇ ਉਹਲੇ, ਦੀਪਕ ਜੋਤੀ ਜਗੇ ਚਿਰਾਗ ।
ਗੁਰਮੁਖਾਂ ਹਰਿ ਜੀ ਪੜਦੇ ਖੋਲ੍ਹੇ, ਪੂਰੇ ਤੋਲ ਅੰਤਮ ਤੋਲੇ, ਅੰਦਰੇ ਅੰਦਰ ਪਕੜੇ ਵਾਗ । ਆਤਮ ਸਾਚਾ ਨੀਰ ਵਿਰੋਲੇ, ਪੁਰਖ ਅਬਿਨਾਸ਼ੀ ਕਦੇ
ਨਾ ਡੋਲੇ, ਹਰਿਜਨ ਪ੍ਰੀਤੀ ਜਾਏ ਲਾਗ । ਬਜ਼ਰ ਕਪਾਟੀ ਪੜਦੇ ਖੋਲ੍ਹੇ, ਸਾਚੀ ਹਾਟੀ ਇਕ ਵਣਜਾਰਾ, ਨਰ ਨਰਾਇਣ ਹਰਿ ਕਰਤਾਰਾ, ਦੇਵੇ
ਵਸਤ ਇਕ ਅਪਾਰਾ, ਸਾਚਾ ਵਣਜ ਕਰੇ ਵਣਜਾਰੜਾ, ਆਦਿ ਅੰਤ ਜੁਗਾਂ ਜੁਗੰਤ ਪੂਰਨ ਭਗਵੰਤ ਕਦੇ ਨਾ ਡੋਲੇ । ਜੋਤੀ ਜਾਮਾ ਸ੍ਰੀ ਭਗਵਾਨਾ,
ਆਪ ਆਪਣਾ ਪਹਿਰੇ ਬਾਣਾ, ਖੇਲ ਰਚਾਏ ਕਲਾ ਸੋਲੇ । ਹਰਿ ਸ਼ਬਦ ਅਪਾਰ, ਸ਼ਬਦ ਤੂਰਿਆ । ਹਰਿ ਸ਼ਬਦ ਅਪਾਰ, ਗੁਰਮੁਖ ਸਾਚੇ ਸੰਤ
ਜਨਾਂ ਆਸਾ ਮਨਸਾ ਪੂਰਿਆ । ਹਰਿ ਸ਼ਬਦ ਅਪਾਰ, ਕਿਸੇ ਹੱਥ ਨਾ ਆਏ, ਗੁਰਮੁਖ ਵਿਰਲਾ ਆਤਮ ਨੈਣ ਸਾਚੇ ਵੇਖੇ ਹਰਿ ਹਜ਼ੂਰਿਆ । ਜੋਤੀ
ਜਾਮਾ ਸ੍ਰੀ ਭਗਵਾਨਾ, ਏਕਾ ਰੰਗ ਸੱਚਾ ਸੰਗ, ਗੁਰਮੁਖਾਂ ਹਾਜ਼ਰ ਹਜ਼ੂਰਿਆ । ਹਰਿ ਸ਼ਬਦ ਤੀਰ ਕਟਾਰਿਆ । ਆਪ ਆਪਣੇ ਹੱਥ ਉਠਾਏ,
ਕਲਜੁਗ ਤੇਰੀ ਅੰਤਮ ਵਾਰਿਆ । ਸ੍ਰਿਸ਼ਟ ਸਬਾਈ ਮਥ ਵਖਾਏ, ਬੇਮੁਖਾਂ ਹਰਿ ਨੱਥ ਪਵਾਏ ਕਰੇ ਖੇਲ ਨਿਆਰਿਆ । ਕਲਜੁਗ ਝੂਠੇ ਹੋ ਤਿਆਰ ।
ਅੰਤਮ ਆਈ ਕਲਜੁਗ ਹਾਰ । ਮਾਇਆ ਝੂਠੇ ਜੀਵ ਗਵਾਰ । ਮੂਧੇ ਹੋਏ ਠੂਠੇ, ਰਾਜੇ ਰਾਣੇ ਹੋਏ ਭਿਖਾਰ । ਜੋਤੀ ਜਾਮਾ ਸ੍ਰੀ ਭਗਵਾਨਾ, ਕਰੇ
ਖੇਲ ਅਪਰ ਅਪਾਰ । ਕਲਜੁਗ ਸੋਇਆ ਮਾਤ ਜਾਗ । ਵੇਲਾ ਤੇਰਾ ਅੰਤਮ ਆਇਆ, ਪੁਰਖ ਅਬਿਨਾਸ਼ੀ ਹੱਥ ਪਕੜੇ ਵਾਗ । ਸੰਗੀ ਸਾਥੀ
੮੩੧ ਕੋਈ ਦਿਸ ਨਾ ਆਇਆ, ਚਾਰੋਂ ਕੁੰਟ ਦਹਿ ਦਿਸ਼ਾ ਆਤਮ ਤ੍ਰਿਸ਼ਨਾ ਲੱਗੀ ਆਗ । ਵੇਲੇ ਅੰਤ ਨਾ ਕੋਈ ਛੁਡਾਇਆ, ਸਾਧ ਸੰਤ ਗਏ ਮੁਖ ਛੁਪਾਇਆ, ੮੩੧
੦੪ ਮਾਇਆ ਰਾਣੀ ਲਾਏ ਦਾਗ । ਧਰਮ ਰਾਏ ਗਲ ਫੰਦੀ ਪਾਇਆ, ਆਤਮ ਪਰਮਾਨੰਦ ਗਵਾਇਆ, ਜੂਠਾ ਝੂਠਾ ਚੰਦ ਚੜ੍ਹਾਇਆ, ਲੱਖ ਚੁਰਾਸੀ ੦੪
ਹੰਸ ਬਣਾਇਆ ਕਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਆਪ ਆਪਣਾ ਖੇਲ ਰਚਾਇਆ ।
ਕਲਜੁਗ ਤੇਰੀ ਅੰਤਮ ਵਾਰ । ਪੁਰਖ ਅਬਿਨਾਸ਼ੀ ਪਾਏ ਸਾਰ । ਲਾੜੀ ਮੌਤ ਕਰ ਤਿਆਰ । ਸੋਲਾਂ ਕਰੇ ਤਨ ਸ਼ਿੰਗਾਰ । ਧਰਮ ਰਾਏ ਦੀ
ਇਕ ਦੁਲਾਰ । ਘਰ ਘਰ ਸਾਚੇ ਸਾਚਾ ਵਰ ਮੰਗਣ ਆਈ, ਪ੍ਰਭ ਅਬਿਨਾਸ਼ੀ ਕਿਰਪਾ ਕਰ, ਲੱਖ ਚੁਰਾਸੀ ਏਕਾ ਮੰਗਾਂ ਕੰਤ ਭਤਾਰ । ਹੱਥੀਂ
ਮਹਿੰਦੀ ਲਹੂ ਲਗਾਣਾ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਵਾਰੋ ਵਾਰ । ਆਪ ਕਰਾਵਾਂ ਘਰ ਘਰ ਜੰਗਾ, ਸ਼ਬਦ ਵਜਾਵਾਂ ਤੇਰਾ ਮਰਦੰਗਾ, ਚਾਰ
ਕੁੰਟ ਕਰਾਵਾਂ ਖ਼ਬਰਦਾਰ । ਰਾਜੇ ਰਾਣੇ ਦਰ ਦਰ ਮੰਗਾਂ, ਲੋਕਮਾਤ ਮੂਲ ਨਾ ਸੰਗਾਂ, ਦੇਈ ਜਾਵਾਂ ਇਕ ਪਿਆਰ । ਲੱਖ ਚੁਰਾਸੀ ਅੰਤਮ ਭੰਗਾ,
ਪ੍ਰਗਟੇ ਜੋਤ ਸੂਰਾ ਸਰਬੰਗਾ, ਏਕਾ ਸ਼ਬਦ ਹਰਿ ਹੱਥ ਉਠਾਏ, ਤਿੱਖੀ ਤੀਰ ਕਟਾਰ, ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ,
ਆਪੇ ਜਾਣੇ ਆਪਣੀ ਕਾਰ । ਲਾੜੀ ਮੌਤ ਆਈ ਦਵਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਦੋਹਾਂ ਜੀਆਂ ਦਾ ਇਕ ਪਿਆਰੇ । ਸਾਚੀ ਸਿੱਖਿਆ
ਦਰ ਤੇ ਦੇਵੇ, ਧਰਮ ਰਾਏ ਦੀ ਧੀ ਪਿਆਰੇ । ਧੁਰ ਦਾ ਲਿਖਿਆ ਝੋਲੀ ਪਾਏ, ਮਾਰੀਂ ਜੀਵ ਜੰਤ ਗਵਾਰੇ । ਸਾਚੀ ਬੋਲੀ ਇਕ ਵਿਆਹੀਂ, ਕਲਜੁਗ
ਨੇੜੇ ਅੰਤਮ ਵਾਰੇ । ਲੱਖ ਚੁਰਾਸੀ ਧਰਮ ਰਾਏ ਦੀ ਗੋਲੀ ਆਪ ਬਣਾਈ, ਅਠਾਈ ਕੁੰਡਾਂ ਆਪੇ ਭਰੇ ਬੂਹੇ ਮਾਰੇ । ਪੂਰੇ ਤੋਲ ਰਿਹਾ ਤੋਲੀ, ਕਲਜੁਗ

ਤੇਰੀ ਅੰਤਮ ਹੋਲੀ ਆਪੇ ਆਪ ਖਿਲਾਰੇ । ਜੋਤੀ ਜਾਮਾ ਸ੍ਰੀ ਭਗਵਾਨਾ, ਗੁਰਮੁਖ ਸਾਚੇ ਸੰਤ ਉਠਾਏ, ਆਪ ਆਪਣੀ ਸਰਨ ਲਗਾਏ, ਧੁਰਦਰਗਾਹੀ ਸਚ ਦੁਲਾਰੇ । ਲਾੜੀ ਮੌਤ ਖ਼ੁਸ਼ੀ ਮਨਾਉਂਦੀ । ਪ੍ਰਭ ਅਬਿਨਾਸ਼ੀ ਅੱਠੇ ਪਹਿਰ ਧਿਆਉਂਦੀ । ਦਿਵਸ ਰੈਣ ਤੂੰਹੀ ਤੂੰ ਗਾਂਦੀ । ਰਸਨਾ ਕਿਸੇ ਨਾ ਸਕੇ ਕਹਿਣ, ਨਾ ਕੋਈ ਵੇਖੇ ਕਿਹੜੀ ਕੂਟੇ ਪਹਿਲੋਂ ਆਉਂਦੀ । ਪ੍ਰਭ ਆਪ ਵਖਾਏ ਗੁਰਮੁਖਾਂ ਤੀਜੇ ਨੈਣ, ਕੂੜ ਕੁੜਿਆਰੇ ਪਹਿਲੀ ਕੂਟੇ ਸਾਚੇ ਝੂਟੇ ਆਪ ਝੂਲਾਉਂਦੀ । ਮੇਟ ਮਿਟਾਏ ਠਗ ਚੋਰ ਯਾਰੇ, ਨਾਤਾ ਤੁੱਟਾ ਸੰਗ ਮੁਹੰਮਦ ਕੀਆ ਭੇਖ ਚਾਰ ਯਾਰੇ, ਉਮਤ ਨਬੀ ਰਸੂਲ ਦੀ, ਹੌਲੀ ਹੌਲੀ ਰਸਨ ਧਿਆਉਂਦੀ । ਹਰਿ ਕਾ ਭਾਣਾ ਨਾ ਕਬੂਲਦੀ, ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕੀ ਪਹਿਰੇ ਬਾਣਾ, ਏਕਾ ਖੇਲ ਕਰੇ ਕਰਾਏ, ਸ਼ਬਦ ਸੱਚੇ ਤਰਸੂਲ ਦੀ । ਲਾੜੀ ਮੌਤ ਤਨ ਸ਼ਿੰਗਾਰਿਆ । ਬੇਮੁਖਾਂ ਨੂੰ ਵਾਜਾਂ ਮਾਰੇ । ਧਰਮ ਰਾਏ ਦੀ ਧੀ ਕਵਾਰੀ, ਲੈਣ ਆਈ ਲੋਕਮਾਤ ਸਾਚੇ ਲਾੜੇ । ਪੜਦਾ ਆਪਣਾ ਕੱਜਣ ਆਈ, ਪੀ ਪੀ ਲਹੂ ਰੱਜਣ ਆਈ, ਆਪੇ ਵੇਖੇ ਚੰਗੇ ਮਾੜੇ । ਗੁਰਮੁਖ ਵੇਖੇ ਸੱਜਣ ਭਾਈ, ਥਾਉਂ ਥਾਈਂ ਲਏ ਜਗਾਈ, ਬੇਮੁਖਾਂ ਦਿਨ ਆਏ ਮਾੜੇ । ਜੋਤੀ ਜਾਮਾ ਸ੍ਰੀ ਭਗਵਾਨਾ, ਸ਼ਬਦੀ ਖਿਚੇ ਤੀਰ ਕਮਾਨਾ, ਰਸਨ ਕਮਾਨ ਇਕ ਉਠਾਈ, ਲੱਖ ਚੁਰਾਸੀ ਵੇਖਾਂ ਸੱਚੇ ਥਾਂ । ਲਾੜੀ ਮੌਤ ਚੜ੍ਹਿਆ ਚਾਅ । ਪਹਿਲਾਂ ਵੇਖਾਂ ਰਾਜਾ ਰਾਣਾ ਸੱਚਾ ਸ਼ਹਿਨਸ਼ਾਹ । ਕਲਜੁਗ ਮਾਇਆ ਬੇਮੁਹਾਨੀ, ਨਾ ਕੋਈ ਅੰਦਰ ਬਾਹਰ ਦਿਸੇ ਥਾਂ । ਗਊ ਗਰੀਬਾਂ ਗਲੇ ਲਗਾਨਾ, ਗੁਰਮੁਖ ਸਾਚੇ ਸੰਤ ਉਠਾਨਾ, ਆਪ ਆਪਣੀ ਉਂਗਲੀ ਲਾ । ਜੋਤੀ ਜਾਮਾ ਸ੍ਰੀ ਭਗਵਾਨਾ, ਸਾਚਾ ਹੁਕਮ ਇਕ ਸੁਣਾਨਾ, ਧੁਰਦਰਗਾਹੀ ਸਚ ਮਲਾਹ । ਹਰਿ ਸਾਚਾ ਕਾਜ ਰਚਾਇੰਦਾ । ਸ਼ਬਦ ਸਰੂਪੀ ਸਾਚਾ ਨੂਰ, ਚਾਰ ਕੁੰਟ ਉਡਾਇੰਦਾ । ਰਾਜੇ ਰਾਣਿਆਂ ਲੱਥੇ ਤਾਜ, ਸਚ ਸਿੰਘਾਸਣ ਸਾਚੀ ਸੇਜਾ, ਨਾ ਕੋਈ ਆਸਣ ਲਾਇੰਦਾ । ਦਰ ਦਰਬਾਨ ਨਾ ਮਾਰੇ ਕੋਈ ਅਵਾਜ਼, ਚੋਬਦਾਰ ਨਾ ਕੋਇ ਸੁਣਾਇੰਦਾ । ਝੂਠੇ ਦਿਸਣ ਸਾਜ ਬਾਜ, ਅੰਤਮ ਲਾਜ ਨਾ ਕੋਈ ਰਖਾਇੰਦਾ । ਚਾਰੋਂ ਕੁੰਟ ਪੈਣੀ ਭਾਜ, ਕਲ ਆਜ ਨਾ ਕੋਈ ਜਣਾਇੰਦਾ । ਕੋਈ ਨਾ ਦੇਵੇ ਕਿਸੇ ਦਾਦ, ਅੰਤਮ ਵੇਲਾ ਨਾ ਕੋਈ ਛੁਡਾਇੰਦਾ । ਖੇਲ ਕਰਾਏ ਆਦਿ ਜੁਗਾਦਿ, ਜੁਗਾ ਜੁਗੰਤਰ ਬਣਤ ਬਣਾਇੰਦਾ । ਪ੍ਰਭ ਅਬਿਨਾਸ਼ੀ ਮਾਧਵ ਮਾਧ, ਕਲਜੁਗ ਤੇਰਾ ਅੰਤਮ ਵੇਲਾ ਆਪੇ ਆਪ ਸੁਹਾਇੰਦਾ । ਇਕ ਬਜਾਏ ਸ਼ਬਦ ਨਾਦ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬਾਹੋਂ ਪਕੜ ਉਠਾਇੰਦਾ । ਕਲਜੁਗ ਮਾਇਆ ਝੂਠਾ ਕਾਜ, ਅੰਤਮ ਅੰਤ ਨਾ ਕੋਈ ਦਿਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਮੇਲ ਮਿਲਾਇੰਦਾ । ਨਾ ਕੋਈ ਰਾਜ ਰਾਜ ਰਾਜਾਨਾ । ਨਾ ਕੋਈ ਦੀਸੇ ਸ਼ਾਹ ਸੁਲਤਾਨਾ । ਏਕਾ ਸ਼ਬਦ ਹਰਿ ਜਗਦੀਸ਼ੇ, ਚਾਰ ਕੁੰਟੀ ਤੀਰ ਕਮਾਨਾ । ਲੱਖ ਚੁਰਾਸੀ ਪੀਸਣ ਪੀਸੇ, ਪਹਿਲੀ ਕੂਟ ਇਕ ਨਿਸ਼ਾਨਾ । ਛਤਰ ਝੂਲੇ ਨਾ ਕਿਸੇ ਸੀਸੇ, ਤਖ਼ਤ ਤਾਜ ਨਾ ਕੋਈ ਵਖਾਨਾ । ਮਿਟੇ ਭੇਵ ਬੀਸ ਇੱਕੀਸੇ, ਲਿਖਿਆ ਲੇਖ ਨਾ ਕੋਈ ਮਿਟਾਨਾ । ਮੇਟ ਮਿਟਾਏ ਮੂਸੇ ਈਸੇ, ਬੂਰੇ ਕੱਕੇ ਮਿਟੇ ਨਿਸ਼ਾਨਾ । ਚਾਰੋਂ ਕੁੰਟਾਂ ਪੈਣ ਧੱਕੇ, ਵੇਖੇ ਖੇਲ ਮਦੀਨੇ ਮੱਕੇ, ਸੰਗ ਰਲਾਏ ਰੂਸਾ ਚੀਨਾ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣਾ ਖੇਲ ਰਚਾਇਆ, ਜੁਗਤੀ ਜੁਗਤ ਕਰਦਾ ਆਇਆ, ਵਖ ਕਰਾਏ ਮੁਹੰਮਦੀ ਦੀਨਾ । ਕਲਜੁਗ ਤੇਰੀ ਅੰਤਮ ਬਾਣ । ਲੱਖ ਚੁਰਾਸੀ ਆਈ ਹਾਨ । ਝੂਠਾ ਤਣਿਆ ਮਾਇਆ ਤਾਣ । ਕੋਈ ਨਾ ਸਕੇ ਮਾਤ ਪਛਾਣ । ਇਕ ਹੰਕਾਰ ਆਤਮ ਵਸੇ, ਕਾਇਆ ਕੋਟ ਭਰੀ ਦੁਕਾਨ । ਸੱਚਾ ਦਰ ਨਾ ਕੋਈ ਦਿਸੇ, ਮਾਇਆਧਾਰੀ ਬੇਈਮਾਨ ।

ਗਊ ਗਰੀਬ ਨਿਮਾਣੇ ਪੈਰਾਂ ਹੇਠ ਝਸੇ, ਨਾ ਕੋਈ ਦੀਸੇ ਰਾਜ ਰਾਜਾਨ । ਲਾੜੀ ਮੌਤ ਖਿੜ ਖਿੜ ਹੱਸੇ, ਪ੍ਰਗਟ ਹੋਏ ਨਿਹਕਲੰਕ ਬਲੀ ਬਲਵਾਨ । ਇਕ ਦਵਾਰਾ ਸਾਚਾ ਦਿਸੇ, ਮਾਤਲੋਕ ਦੀ ਕਰ ਪਛਾਣ । ਲੱਖ ਚੁਰਾਸੀ ਜਾਏ ਨੱਸੇ, ਫੜ ਫੜ ਮਾਰੇ ਬੇਈਮਾਨ । ਤੀਰ ਨਿਸ਼ਾਨਾ ਸ਼ਬਦ ਕਸੇ, ਪ੍ਰਗਟ ਹੋਏ ਵਾਲੀ ਦੋ ਜਹਾਨ । ਧਰਮ ਰਾਏ ਦੀ ਫਾਹੀ ਫਸੇ, ਨਾ ਕੋਈ ਸਕੇ ਅੰਤ ਛੁਡਾਨ । ਗੁਰਮੁਖਾਂ ਹਰਿ ਹਿਰਦੇ ਵਸੇ, ਸ਼ਬਦ ਦੇਵੇ ਸਚ ਬਿਬਾਣ । ਜਮ ਜੰਦਾਰ ਜਾਇਣ ਨੱਸੇ, ਦਰ ਦਵਾਰ ਖਲੋਤਾ ਇਕ ਸ੍ਰੀ ਭਗਵਾਨ । ਜੋਤੀ ਜਾਮਾ ਸ੍ਰੀ ਭਗਵਾਨਾ, ਲੱਖ ਚੁਰਾਸੀ ਬੰਨ੍ਹੇ ਗਾਨਾ, ਕਲਜੁਗ ਤੇਰੀ ਅੰਤਮ ਵਾਰ, ਲਾਹੁਣ ਆਇਆ ਮੁਕਾਣ । ਕਲਜੁਗ ਅੰਤਮ ਵੇਖ ਵਖਾਣੇ, ਸ਼ਾਹ ਸੁਲਤਾਨ ਰਾਜੇ ਰਾਣੇ, ਮਾਇਆਧਾਰੀ ਬੇਮੁਹਾਨੇ, ਏਕਾ ਭੁਲਿਆ ਹਰਿ ਗਿਰਧਾਰੀ ਨਰ ਨਿਰੰਕਾਰੀ । ਕਲਜੁਗ ਜੀਵ ਮਾਤ ਅੰਵਾਣੇ, ਜੂਠੀ ਝੂਠੀ ਜਗਤ ਸਿਕਦਾਰੀ, ਅੰਤਮ ਵੇਲੇ ਬਣਨ ਭਿਖਾਰੀ । ਪ੍ਰਭ ਅਬਿਨਾਸ਼ੀ ਖੇਲ ਮਹਾਨੇ, ਆਪੇ ਜਾਣੇ ਆਪਣੀ ਕਾਰੀ । ਵੇਖ ਵਖਾਣੇ ਵਾਰੋ ਵਾਰੀ । ਭੁੱਲੇ ਰੁੱਲੇ ਸੁਘੜ ਸਿਆਣੇ, ਗਿਆਨੀ ਧਿਆਨੀ ਵਡ ਵਿਦਵਾਨੀ । ਪੰਡਤ ਪਾਂਧੇ ਸ਼ੇਖ਼ ਮੁਲਾਣੇ ਅੰਧੇ ਕਾਣੇ, ਨਾ ਕੋਈ ਦਿਸੇ ਬ੍ਰਹਮ ਗਿਆਨੀ । ਨਾ ਕੋਈ ਦੇਵੇ ਚਰਨ ਧਿਆਨੇ, ਪ੍ਰਭ ਅਬਿਨਾਸ਼ੀ ਨਾ ਪਛਾਣੇ, ਨਾ ਕੋਈ ਦਿਸੇ ਸਚ ਨਿਸ਼ਾਨੀ । ਕਲਜੁਗ ਅੰਤਮ ਆਈ ਹਾਨੀ । ਸ਼ਬਦ ਵਜੇ ਤੀਰ ਕਾਨੀ । ਕਿਸੇ ਹੱਥ ਨਾ ਆਏ ਰਾਜੇ ਰਾਣੀ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣੀ ਖੇਲ ਰਚਾਨਾ, ਕਲਜੁਗ ਮਿਟੇ ਅੰਧੇਰੀ ਰੈਣ ਸੁਘੜ ਸਿਆਣੀ । ਕਲਜੁਗ ਮਿਟੇ ਅੰਧੇਰੀ ਰੈਣ, ਜਗਤ
੮੩੩ ਅੰਧੇਰਿਆ । ਨਾ ਕੋਈ ਭਾਈ ਨਾ ਕੋਈ ਭੈਣ, ਨਾਤਾ ਤੁੱਟਾ ਤੇਰਾ ਮੇਰਿਆ । ਨਾ ਕੋਈ ਸੱਜਣ ਸੈਣ, ਮਾਇਆ ਜਾਲ ਸਭ ਨੂੰ ਘੇਰਿਆ । ਅੱਠੇ ੮੩੩
੦੪ ਪਹਿਰ ਖਾਏ ਡੈਣ, ਭਰਮਾਂ ਢਾਹਿਆ ਢੇਰਿਆ । ਲੱਖ ਚੁਰਾਸੀ ਵਹਿੰਦੀ ਜਾਏ ਡੂੰਘੇ ਵਹਿਣ, ਕਲਜੁਗ ਅੰਤਮ ਆਇਆ ਵੇਲਿਆ । ਪੁਰਖ ਅਬਿਨਾਸ਼ੀ ੦੪
ਨਾ ਕੋਈ ਵੇਖੇ ਤੀਜੇ ਨੈਣ, ਸਚ ਘਰ ਵਸੇਰਾ ਰਖਾ ਰਿਹਾ । ਰਸਨਾ ਕਿਸੇ ਨਾ ਸਕੇ ਕਹਿਣ, ਨਾਦ ਧੁਨ ਸ਼ਬਦ ਰਾਗ ਜਗਤ ਤਿਆਗ ਏਕਾ ਏਕ ਸੁਣਾ ਰਿਹਾ । ਆਪ ਚੁਕਾਏ ਲਹਿਣ ਦੇਣ, ਗੁਰਮੁਖ ਸਾਚੇ ਗੁਰ ਸੰਗਤ ਮੇਲ ਮਿਲਾ ਰਿਹਾ । ਚਾਰ ਵਰਨਾਂ ਏਕਾ ਨਾਤਾ ਪੁਰਖ ਬਿਧਾਤਾ ਇਕ ਬੰਧਾ ਰਿਹਾ । ਧੁਰਦਰਗਾਹੀ ਦੇਵੇ ਸਚ ਸੁਗਾਤਾ, ਆਪੇ ਪਿਤਾ ਆਪੇ ਮਾਤਾ, ਸਾਚੀ ਦਾਤ ਝੋਲੀ ਪਾ ਰਿਹਾ । ਆਪ ਮਿਟਾਏ ਅੰਧੇਰੀ ਰਾਤਾ, ਚਰਨ ਬੰਧਾਏ ਸਾਚਾ ਨਾਤਾ, ਕਲਜੁਗ ਕਲੰਕੀ ਨਾਰ ਵਡ ਕਮਜ਼ਾਤਾ, ਸ਼ਬਦ ਗਿਆਨ ਦੇ ਸਮਝਾ ਰਿਹਾ । ਨਾ ਕੋਈ ਵੇਖੇ ਜ਼ਾਤਾਂ ਪਾਤਾਂ, ਊਚਾਂ ਨੀਚਾਂ ਰਾਓ ਰੰਕਾਂ ਸ਼ਾਹ ਸੁਲਤਾਨਾਂ ਵਾਲੀ ਦੋ ਜਹਾਨਾਂ ਆਪੇ ਆਪ ਅਖਵਾ ਰਿਹਾ । ਵਾਲੀ ਦੋ ਜਹਾਨ, ਸੱਚਾ ਸਿਕਦਾਰਿਆ । ਸ਼ਬਦ ਰਖਾਏ ਇਕ ਬਿਬਾਣ, ਧਰਮ ਉਡਾਨ ਇਕ ਲਗਾ ਰਿਹਾ । ਪੁਰੀਆਂ ਲੋਆਂ ਕਰ ਪਛਾਣ, ਲੋਕਮਾਤ ਧਿਆਨ ਰਖਾ ਰਿਹਾ । ਪਹਿਲੀ ਮਾਰੇ ਸਾਚੀ ਝਾਤ, ਬ੍ਰਹਮਾ ਬ੍ਰਹਮਲੋਕ ਆਪ ਉਠਾ ਰਿਹਾ । ਗੁਰਮੁਖ ਸਾਚੇ ਦੇਵੇ ਸਾਚੀ ਦਾਤ, ਸਾਚੇ ਧਾਮ ਸੁਹਾ ਰਿਹਾ । ਆਪੇ ਵਸੇ ਇਕ ਇਕਾਂਤ, ਸਾਚੀ ਬਣਤ ਬਣਾ ਰਿਹਾ । ਸ਼ਿਵ ਸ਼ੰਕਰ ਅੰਕਰ ਦਵਾਰ ਬੰਕਰ, ਜੋਤੀ ਜਾਮਾ ਸੁਹਾ ਰਿਹਾ । ਆਪੇ ਵਸੇ ਇਕ ਇਕਾਂਤ, ਜੋਤੀ ਜੋਤ ਸਰੂਪ ਹਰਿ, ਅੰਤਮ ਜੋਤੀ ਮੇਲ ਕਰ, ਆਪ ਆਪਣੇ ਵਿਚ ਸਮਾ ਰਿਹਾ । ਸਾਚੀ ਖੇਲ ਹਰਿ ਨਿਰੰਕਾਰਾ । ਸਾਚੀ ਪੁਰੀਆਂ ਬੰਨ੍ਹੇ ਧਾਰਾ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਰਾਹ ਵਿਚ ਕਰੇ ਨਿਮਸਕਾਰਾ । ਸਿਰ ਤੋਂ ਅੰਤਮ ਅੰਤਕਾਲ ਕਲ ਲੱਥਾ ਭਾਰਾ । ਜੋਤੀ ਜਾਮਾ ਸ੍ਰੀ ਭਗਵਾਨਾ, ਅੰਤਮ ਅੰਤ ਪਛਾਣੇ ਵੇਖ

ਵਖਾਣੇ ਸਚ ਦਵਾਰਾ । ਸਚ ਦਵਾਰ ਆਪ ਵਿਚਾਰਿਆ । ਪ੍ਰਭ ਅਬਿਨਾਸ਼ੀ ਸਰਬ ਵੇਖੇ, ਭੇਵ ਕੋਈ ਨਾ ਪਾਏ ਸਾਰਿਆ । ਲੋਕਮਾਤ ਲੱਖ ਚੁਰਾਸੀ ਕਰਮ ਕੁਕਰਮੀ ਨਾ ਮੇਖ ਮਾਰੇ ਸ਼ਬਦ ਉਡਾਰਿਆ । ਕਲਜੁਗ ਤੇਰੀ ਬੰਨ੍ਹਣ ਆਇਆ ਰੇਖ, ਜੋਤੀ ਜਾਮਾ ਭੇਖ ਵਟਾ ਰਿਹਾ । ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਸਾਚੀ ਖੇਲ ਰਚਾ ਰਿਹਾ । ਗੁਰਮੁਖ ਸਾਚੇ ਨੇਤਰ ਨੈਣ ਲੋਚਨ ਲੈਣਾ ਪੇਖ, ਸਾਚਾ ਰੰਗ ਹਰਿ ਕਰਤਾਰਿਆ । ਲੱਖ ਚੁਰਾਸੀ ਵੇਖਾਂ ਵੇਖ, ਪੁਰੀ ਘਨਕ ਹਰਿ ਜਾਮਾ ਧਾਰਿਆ । ਆਪ ਭੁਲਾਏ ਭਰਮ ਭੁਲੇਖ, ਮਾਇਆ ਪੜਦਾ ਪਾ ਰਿਹਾ । ਮੇਟ ਮਿਟਾਏ ਬਿਧਨਾ ਲਿਖੀ ਰੇਖ, ਸ਼ਬਦ ਤੀਰ ਇਕ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਸਾਚਾ ਡੰਕਾ, ਏਕਾ ਸ਼ਬਦ ਵਜਾ ਰਿਹਾ । ਸਾਚਾ ਸ਼ਬਦ ਡੰਕ ਵਜਾਏ । ਆਤਮ ਸ਼ੰਕ ਦੂਰ ਕਰਾਏ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣਾ ਨਾਮ ਰਖਾਏ । ਏਕਾ ਰੰਗ ਇਕ ਓਅੰਕਾਰਾ । ਨਾ ਕੋਈ ਦਿਸੇ ਦੂਜੀ ਧਾਰਾ । ਸਤਿਜੁਗ ਤੇਰਾ ਭੇਖ ਨਿਆਰਾ । ਸੋਹੰ ਸ਼ਬਦ ਅਪਰ ਅਪਾਰਾ । ਆਪ ਚਲਾਏ ਨਰ ਨਿਰੰਕਾਰਾ । ਜੁਗਾ ਜੁਗੰਤਰ ਬਣਾਏ ਬਣਤਰ, ਸਾਚੀ ਦੇਵੇ ਵਸਤ ਅਪਾਰਾ । ਆਪ ਉਠਾਏ ਸਾਚੇ ਸੰਤ, ਮੇਲ ਮਿਲਾਏ ਕੰਤ ਨਾਰ ਸੁਹਾਗਣ ਨਾਰਾ । ਮਾਇਆ ਭੁੱਲੇ ਜੀਵ ਜੰਤ, ਕਲਜੁਗ ਤੇਰਾ ਅੰਤਮ ਅੰਤ, ਨਾ ਕੋਈ ਦੇਵੇ ਸਚ ਦਵਾਰਾ । ਜਗਤ ਵਿਛੋੜਾ ਸਾਚੇ ਕੰਤ, ਦਿਸ ਨਾ ਆਏ ਪਾਰ ਕਿਨਾਰਾ । ਏਕਾ ਜੋਤੀ ਆਦਿਨ ਅੰਤ, ਭੇਖ ਅਭੇਖ ਰੂਪ ਨਿਆਰਾ । ਨਰ ਹਰਿ ਹਰਿ ਨਰ ਪੂਰਨ ਭਗਵੰਤ, ਕਲਜੁਗ ਖੇਲ ਅਪਰ ਅਪਾਰਾ । ਮਹਿੰਮਾ ਜਗਤ ਅਗਣਤ, ਨਾ ਕੋਈ ਲਿਖੇ ਲੇਖ ਲਿਖਾਰਾ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣੇ ਰੰਗ ਸਮਾਨਾ, ਕਰੇ ਕਰਾਏ ਆਪਣੀ ਕਾਰਾ । ਕਰੇ ਕਰਾਏ ਕਾਰ ਕਰਮ ਕਮਾਇੰਦਾ । ਸਤਿਜੁਗ ਬੰਨ੍ਹੇ ਸਾਚੀ ਧਾਰ, ਪ੍ਰਭ ਆਪਣੇ ਹੱਥ ਰਖਾਇੰਦਾ । ਮੰਗਣ ਆਉਣਾ ਚਲ ਦਵਾਰ, ਆਤਮ ਝੋਲੀ ਹਰਿ ਭਰਾਇੰਦਾ । ਲੋਕਮਾਤ ਹੋਣਾ ਖ਼ਬਰਦਾਰ, ਅੰਤਮ ਵੇਲੇ ਨਾ ਕੋਈ ਛੁਡਾਇੰਦਾ । ਧਰਮ ਰਾਏ ਘਰ ਪੈਣੀ ਮਾਰ, ਦਰ ਦਰਬਾਨ ਨਾ ਕੋਈ ਮੁਖ ਉਠਾਇੰਦਾ । ਇਕ ਸਹਾਈ ਸ੍ਰੀ ਭਗਵਾਨ, ਏਥੇ ਓਥੇ ਦੋ ਜਹਾਨ ਸਚ ਪ੍ਰੀਤ ਕਮਾਇੰਦਾ । ਅੰਤਮ ਝੁੱਲੇ ਇਕ ਨਿਸ਼ਾਨ, ਚਾਰ ਵਰਨਾਂ ਇਕ ਗਿਆਨ, ਪ੍ਰਗਟ ਹੋਏ ਨਿਹਕਲੰਕ ਬਲੀ ਬਲਵਾਨ, ਸ਼ਬਦ ਖੰਡਾ ਧਰਮ ਝੰਡਾ, ਆਪਣਾ ਆਪ ਝੁਲਾਇੰਦਾ । ਆਪ ਆਪਣੀ ਪਾਏ ਵੰਡਾ, ਸਤਾਂ ਦੀਪਾਂ ਕਰੇ ਖੰਡਾ, ਨੌਂ ਖੰਡ ਪ੍ਰਿਥਮੀ ਭਾਣੇ ਵਿਚ ਰਖਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨਾ, ਲਿਖਿਆ ਲੇਖ ਗੁਣ ਨਿਧਾਨਾ, ਨਾ ਕੋਈ ਮੇਟੇ ਮੇਟ ਮਿਟਾਨਾ, ਰਾਜ ਰਾਜਾਨਾ ਸ੍ਰੀ ਭਗਵਾਨਾ ਆਪੇ ਆਪ ਸਮਝਾਇੰਦਾ । ਹਰਿ ਸਰਨ ਸਰਨਾਈ ਭਰਮ ਭਉ ਭਾਗਿਆ । ਮਿਲੇ ਨਾਮ ਜਗਤ ਵਡਿਆਈ, ਗੁਰਮੁਖ ਸੋਇਆ ਜਾਗਿਆ । ਆਤਮ ਘਰ ਵਜੇ ਵਧਾਈ, ਪੂਰਨ ਹੋਏ ਵਡ ਵਡਭਾਗਿਆ । ਦਿਵਸ ਰੈਣ ਖ਼ੁਸ਼ੀ ਮਨਾਈ, ਹੰਸ ਬਣੇ ਬਣਾਏ ਕਾਗਿਆ । ਸਾਚੀ ਸਿੱਖਿਆ ਗੁਰ ਮਤ ਪਾਈ, ਆਤਮ ਧੋਇਆ ਦਾਗਿਆ । ਸਰ ਸਰੋਵਰ ਤੀਰਥ ਨੁਹਾਈ, ਜੋਤੀ ਜੋਤ ਸਰੂਪ ਹਰਿ, ਸਾਚਾ ਮਿਲਿਆ ਮੇਲ ਕੰਤ ਸੁਹਾਗਿਆ । ਗੁਰਮੁਖ ਗੁਰਮੁਖ ਗੁਣ ਗੁਣ ਗੁਣ ਵਿਚਾਰੀ । ਸ਼ਬਦ ਪੁਕਾਰੀ ਰਿਹਾ ਸੁਣ, ਪਵਣ ਜੋਤੀ ਹਰਿ ਨਿਰੰਕਾਰੀ । ਲੱਖ ਚੁਰਾਸੀ ਛਾਣ ਪੁਣ, ਮੇਲ ਮਿਲਾਏ ਵਡ ਸੰਸਾਰੀ । ਕਵਣ ਜਾਣੇ ਜਨ ਤੇਰੇ ਗੁਣ, ਕਿਰਪਾ ਕਰੇ ਹਰਿ ਗਿਰਧਾਰੀ । ਆਤਮ ਧੁਨੀ ਸ਼ਬਦੀ ਧੁਨ, ਰਾਗਨ ਰਾਗ ਰਾਮ ਮੁਰਾਰੀ । ਸੰਤ ਸੁਹੇਲਾ ਸਾਚਾ ਚੁਣ, ਆਤਮ ਦੇਵੇ ਸ਼ਬਦ ਉਡਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ

ਸੁਹਾਏ ਬੰਕ ਦਵਾਰੀ । ਬੰਕ ਦਵਾਰਾ ਮਾਝ ਮਝਾਰ । ਸ਼ਬਦ ਤਾਜ ਵਡ ਸੰਸਾਰ । ਦੋ ਜਹਾਨਾਂ ਰੱਖੇ ਲਾਜ, ਜੋਤੀ ਜੋਤ ਕਰ ਅਕਾਰ । ਆਪ ਸਵਾਰੇ ਆਪਣਾ ਕਾਜ, ਭੇਖੀ ਭੇਖਾ ਰੂਪ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਹਾਇਆ ਬੰਕ ਦਵਾਰ । ਬੰਕ ਦਵਾਰ ਹਰਿ ਭਗਵਾਨਿਆ । ਹਰਿਜਨ ਸਾਚੀ ਪਾਏ ਸਾਰ, ਦੇਵੇ ਨਾਮ ਨਿਸ਼ਾਨਿਆ । ਆਪੇ ਤੋੜੇ ਜਗਤ ਜੰਜਾਲਾ, ਕਲਜੁਗ ਫੰਦਨ ਫੰਦ ਕਟਾਨਿਆ । ਫਲ ਲਗਾਏ ਸਾਚਾ ਡਾਲਾ, ਅੰਮ੍ਰਿਤ ਰਸ ਇਕ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਧਾਰੇ ਕਿਰਪਾ ਧਾਰੇ ਗੁਣਵੰਤੀ ਗੁਣ ਨਿਧਾਨਿਆ । ਗੁਣ ਨਿਧਾਨਾ ਹਰਿ ਮਿਹਰਵਾਨਾ । ਗੁਰਮੁਖ ਸਾਚਾ ਚਤੁਰ ਸੁਜਾਨਾ । ਚਰਨ ਪ੍ਰੀਤੀ ਇਕ ਧਿਆਨਾ । ਸ਼ਬਦ ਸਰੂਪੀ ਮਿਲੇ ਮਾਣਾ । ਆਪ ਆਪਣੀ ਕਰੇ ਪਛਾਣਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਬਖ਼ਸ਼ੇ ਸੋਹੰ ਸ਼ਬਦ ਆਤਮ ਬ੍ਰਹਮ ਗਿਆਨਾ । ਆਤਮ ਬ੍ਰਹਮ ਗਿਆਨ ਜਗਤ ਸੁਖਦਾਇਆ । ਮਿਲਿਆ ਮੇਲ ਹਰਿ ਭਗਵਾਨ, ਪੁਰਖ ਅਬਿਨਾਸ਼ੀ ਘਰ ਮੇਂ ਪਾਇਆ । ਸਾਚੀ ਬਿਧਾ ਆਪ ਬੰਧਾਨ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਦੁਲਾਰੇ, ਖ਼ੁਸ਼ੀ ਬੰਦ ਬੰਦ ਕਰਾਇਆ । ਹਰਿ ਪੂਜਿਆ ਇਕ ਭਗਵਾਨਿਆ । ਆਤਮ ਸ਼ਬਦ ਕਾਰਜ ਦੂਜਾ, ਤੀਜਾ ਨੇਤਰ ਵੇਖ ਨੈਣ ਮੁੰਧਾਨਿਆ । ਚੌਥੇ ਭੇਵ ਖੋਲ੍ਹੇ ਗੂਝਾ, ਰਾਗ ਇਕ ਸੁਣਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਤ ਦੇਵੇ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਹਰਿ ਸ਼ਬਦ ਤੇਜ ਕਟਾਰ । ਹਰਿ ਸ਼ਬਦ ਲੋਕਮਾਤ ਵਿਚਾਰ । ਹਰਿ ਸ਼ਬਦ ਸਾਚੀ ਕਲ ਸਾਚੀ ਧਾਰ । ਹਰਿ ਸ਼ਬਦ ਜੋਤੀ ਜੋਤ ਸਰੂਪ ਹਰਿ, ਕਰੇ ਕਰਾਏ ਆਪਣੀ ਕਾਰ । ਹਰਿ ਸ਼ਬਦ ਜੁਗਤ ਗੁਰਦੇਵ । ਹਰਿ ਸ਼ਬਦ ਦਇਆ ਕਮਾਏ, ਪ੍ਰਭ ਅਬਿਨਾਸ਼ੀ ਲੇਖੇ ਲਾਏ ਰਸਨਾ ਗਾਏ ਜੇਵ । ਮਾਨਸ ਦੇਹੀ ਜਨਮ ਦਵਾਏ, ਪੁਰਖ ਅਬਿਨਾਸ਼ੀ ਵਡ ਦੇਵੀ ਦੇਵ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਰਾਏ ਏਕਾ ਏਕ ਜਗਤ ਨੇਹਕੇਵ । ਇਕ ਇਕੱਲਾ ਹਰਿ ਨਿਰੰਕਾਰਾ । ਸ਼ਬਦ ਮਹੱਲਾ ਸਚ ਦਵਾਰਾ । ਸਾਚਾ ਭਲਾ ਵਿਚ ਸੰਸਾਰਾ । ਜਲਾਂ ਥਲਾਂ ਪਾਵੇ ਸਾਰਾ । ਡੂੰਘੀ ਡਲਾ ਬੰਨ੍ਹੇ ਧਾਰਾ । ਆਪ ਵਸੇ ਨਿਹਚਲ ਧਾਮ ਅਟੱਲਾ, ਕਿਸੇ ਨਾ ਦਿਸੇ ਕੋਈ ਕਿਨਾਰਾ । ਜਗਤ ਭੁਲਾਏ ਕਰ ਕਰ ਵਲ ਛਲਾ, ਜੋਤੀ ਜਾਮਾ ਖੇਲ ਅਪਾਰਾ । ਅੰਤਮ ਕਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਏਕਾ ਆਪਣਾ ਰੰਗ ਮਹੱਲਾ, ਪੂਰਬ ਕਰਮ ਹਰਿ ਪਛਾਨਾ, ਲਿਖਿਆ ਲੇਖ ਪੂਰਨ ਕਰਾਨਾ । ਜੋਤੀ ਜਾਮਾ ਧਾਰ ਭੇਖ, ਸ਼ਬਦ ਉਡਾਰ ਇਕ ਲਗਾਏ, ਮਸਤਕ ਲਿਖੇ ਸਾਚੀ ਰੇਖ, ਲੱਖ ਚੁਰਾਸੀ ਪਾਵੇ ਸਾਰਾ । ਵਿਚ ਸੰਸਾਰ ਭੇਖ ਵਟਾਏ, ਜੋਤੀ ਜੋਤ ਸਰੂਪ ਹਰਿ, ਭਰਮ ਭੁਲੇਖੇ ਜਗਤ ਭੁਲਾਏ । ਭੁੱਲੇ ਜੰਤ ਜੀਵ ਗਵਾਰ । ਸਾਧ ਸੰਤ ਨਾ ਪਾਇਣ ਸਾਰ । ਮਾਇਆ ਪਾਏ ਹਰਿ ਬੇਅੰਤ, ਹੋਵਣ ਸਰਬ ਖਵਾਰ । ਨਾਤਾ ਤੁਟੇ ਸਾਚੇ ਕੰਤ, ਦਰ ਦਰ ਘਰ ਘਰ ਫਿਰਨ ਭਿਖਾਰ । ਹਰਿਜਨ ਬਣਾਏ ਪ੍ਰਭ ਸਾਚੀ ਬਣਤ, ਏਕਾ ਮੰਗੇ ਦਰਸ ਨਿਰੰਕਾਰ । ਮਹਿੰਮਾ ਜਗਤ ਅਗਣਤ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਾਏ ਸਾਰ । ਪੂਰਨ ਪਤਵੰਤ, ਮੇਟ ਮਿਟਾਏ ਮਦਿਰਾ ਮਾਸੀ, ਸ਼ਬਦ ਫੜ ਹੱਥ ਕਟਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਜਨ ਭਗਤਾਂ ਮੇਲ, ਸਤਾਰਾਂ ਹਾੜੀ ਦਿਵਸ ਵਿਚਾਰ । ਸ਼ਬਦ ਸੁਨੇਹੜਾ ਰਿਹਾ ਘਲ । ਨਾ ਕੋਈ ਕਰਨਾ ਵਲ ਛਲ । ਏਕਾ ਧਾਮ

ਏਕਾ ਰਾਮ, ਵਸੇ ਨਿਹਚਲ ਧਾਮ ਅਟੱਲ । ਪੂਰ ਕਰਾਏ ਆਪਣਾ ਕਾਮ, ਸਚ ਦਵਾਰਾ ਲੈਣਾ ਮਲ । ਕਾਇਆ ਮਾਟੀ ਝੂਠਾ ਚਾਮ, ਝੂਠੀ ਦੇਹੀ ਝੂਠੀ ਖੱਲ । ਏਕਾ ਪੀਣਾ ਸੋਹੰ ਸੱਚਾ ਜਾਮ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਘੜੀ ਘੜੀ ਪਲ ਪਲ ।

### ❇ ੧੦ ਮਾਘ ੨੦੧੧ ਬਿਕ੍ਰਮੀ ਸੂਰਤ ਸਿੰਘ ਦੇ ਗ੍ਰਿਹ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ❇

ਜੋਤੀ ਰਾਣਾ ਹਰਿ ਭਗਵਾਨਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਕਲਜੁਗ ਅੰਤਮ ਵਕਤ ਪਛਾਣਾ, ਸਾਧ ਸੰਤ ਬੇਮੁਹਾਨਾ, ਗੁਰ ਪੀਰ ਕੋਈ ਦਿਸ ਨਾ ਆਇੰਦਾ । ਰਸਨ ਵਿਕਾਰੀ ਅੰਧਾ ਕਾਣਾ, ਜਗਤ ਖੁਆਰੀ ਤੁੱਟਾ ਮਾਣਾ, ਨਾ ਕੋਈ ਧੀਰ ਧਰਾਇੰਦਾ । ਮਦਿਰਾ ਮਾਸ ਮੁਖ ਰਖਾਣਾ, ਕਾਇਆ ਦੁੱਖ ਰੋਗ ਵਧਾਣਾ, ਨਾ ਕੋਈ ਅੰਤ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵਰਤੇ ਭਾਣਾ, ਸਾਚਾ ਸ਼ਬਦ ਜਣਾਇੰਦਾ । ਸਤਿਗੁਰ ਸੂਰਤ ਜਾਣਾ ਜਾਗ । ਸਤਾਰਾਂ ਹਾੜੀ ਲੱਗਣੀ ਆਗ । ਕਿਸੇ ਨਾ ਧੋਣਾ ਕਾਇਆ ਦਾਗ । ਮਦਿਰਾ ਮਾਸੀ ਘਰ ਘਰ ਰੋਣਾ, ਆਤਮ ਜੋਤੀ ਬੁਝੇ ਚਰਾਗ । ਪੈਰ ਪਸਾਰ ਨਾ ਮਾਤ ਸੌਣਾ, ਹੰਸ ਨਾ ਬਣਨਾ ਅੰਤ ਕਾਗ । ਪਿਛਲਾ ਲੇਖਾ ਪੂਰ ਕਰਾਨਾ, ਜੋਤੀ ਜੋਤ ਸਰੂਪ ਹਰਿ, ਸਾਚਾ ਖੇਲ ਕੰਤ ਸੁਹਾਗ । ਮਦਿਰਾ ਮਾਸ ਰਸਨ ਤਜਾਉਣਾ । ਦਰ ਘਰ ਸਾਚੇ ਫੇਰ ਆਉਣਾ । ਜੋਤੀ ਜਾਮਾ ਹਰਿ ਭਗਵਾਨਾ, ਸਾਚੇ ਹਰਿ ਸੀਸ ਝੁਕਾਣਾ । ਕਾਇਆ ਮਾਟੀ ਝੂਠਾ ਚਾਮਾ, ਮਾਨਸ ਦੇਹੀ ਕੰਮ ਨਾ ਆਉਣਾ । ਸਤਾਰਾਂ ਹਾੜੀ ਵੱਜੇ ਸ਼ਬਦ ਦਮਾਮਾ, ਮਦਿਰਾ ਮਾਸੀ ਰਹਿਣ ਨਾ ਪਾਉਣਾ । ਜਗਤ ਵਿਕਾਰਾ ਦੇਣਾ ਤਜ । ਗੁਰ ਸੰਗਤ ਵਿਚ ਬਹਿਣਾ ਸਜ । ਪੁਰਖ ਅਬਿਨਾਸ਼ੀ ਜਗਤ ਪੜਦੇ ਲਏ ਕੱਜ । ਘਨਕਪੁਰ ਵਾਸੀ ਏਕਾ ਸੱਚਾ ਜਾਮ ਪਿਆਏ, ਗੁਰਮੁਖ ਪੀਵੇ ਆਤਮ ਰੱਜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰੱਖੇ ਆਪੇ ਲਜ । ਮਦਿਰਾ ਰਸਨ ਜਗਤ ਵਿਕਾਰੀ । ਗੁਰਮੁਖ ਸਾਚਾ ਨਾ ਕਰੇ ਚਰਨ ਕੋਈ ਨਿਮਸਕਾਰੀ । ਕਾਇਆ ਮਾਟੀ ਭਾਂਡਾ ਕਾਚਾ, ਏਕਾ ਜੋਤ ਏਕਾ ਸ਼ਬਦ ਸਾਚੀ ਵਸਤ ਨਰ ਨਿਰੰਕਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜੀ ਫੁੱਲ ਫੁਲਵਾੜੀ ਵਿਚ ਮਾਤ ਲਗਾਏ, ਕਰੇ ਖੇਲ ਅਪਰ ਅਪਾਰੀ ।

### ❇ ੧੧ ਮਾਘ ੨੦੧੧ ਬਿਕ੍ਰਮੀ ਕਾਂਸ਼ੀ ਰਾਮ ਦੇ ਗ੍ਰਿਹ ਪਿੰਡ ਸਨਈਆ ਜ਼ਿਲਾ ਗੁਰਦਾਸਪੁਰ ❇

ਆਤਮ ਭੋਗ ਸ਼ਬਦ ਭਗਵਾਨਿਆ । ਦਰਸ ਅਮੋਘ ਜੀਵ ਨਿਧਾਨਿਆ । ਮਿਲੇ ਮੇਲ ਧੁਰ ਸੰਜੋਗ, ਪੁਰਖ ਸੁਜਾਨਿਆ । ਜਗਤ ਮਾਇਆ ਕਟੇ ਹਉਮੇ ਰੋਗ, ਆਤਮ ਦੇਵੇ ਬ੍ਰਹਮ ਗਿਆਨਿਆ । ਸ਼ਬਦ ਚੁਗਾਏ ਸਾਚੀ ਚੋਗ, ਮਿਟਾਏ ਤ੍ਰਿਸ਼ਨਾ ਜਗਤ ਮਹਾਨਿਆ । ਕਲਜੁਗ ਚਿੰਤਾ ਕੱਢੇ ਰੋਗ, ਆਤਮ ਤੀਰਥ ਸਚ ਇਸ਼ਨਾਨਿਆ । ਸੋਹੰ ਸ਼ਬਦ ਸੱਚਾ ਜੋਗ, ਸਤਿਜੁਗ ਸਾਚੀ ਮਾਤ ਨਿਸ਼ਾਨੀਆ । ਜੋਤੀ ਜੋਤ ਸਰੂਪ ਹਰਿ, ਜਨ


੮੩੬ ੦੪

੮੩੭
੦੪

ਭਗਤਾਂ ਦੇਵੇ ਨਾਮ ਵਰ, ਦੇਵਣਹਾਰ ਵਡ ਵਡ ਦਾਨੀਆ । ਆਤਮ ਭੋਗ ਸ਼ਬਦ ਸ਼ਿੰਗਾਰਾ । ਸਾਚਾ ਜੋਗ ਜੀਵ ਗਵਾਰਾ । ਨਾ ਹੋਏ ਵਿਜੋਗ ਪੁਰਖ ਅਪਾਰਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਖੋਲ੍ਹੇ ਬੰਦ ਕਵਾੜਾ । ਆਤਮ ਭੋਗ ਨਾਮ ਨਿਧਾਨਿਆ । ਦੇਵੇ ਹਰਿ ਕਿਰਪਾ ਕਰ, ਵਡ ਬਲੀ ਬਲਵਾਨਿਆ । ਆਤਮ ਜੋਤੀ ਨੂਰ ਸ਼ਬਦ ਸਾਚੀ ਤੂਰ, ਵੱਜੇ ਧੁਨ ਸੱਚੀ ਧੁਨਕਾਨਿਆ । ਅੰਧ ਅੰਧੇਰਾ ਦੂਰ ਕਰ, ਜੋਤ ਉਜਿਆਰਾ ਸਤਿ ਪੁਰਖ ਸਤਿ ਸਰੂਰ ਕਰ, ਦੇਵੇ ਸ਼ਬਦ ਆਤਮ ਗਿਆਨ ਵਡ ਬ੍ਰਹਮ ਗਿਆਨਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਏਕਾ ਸ਼ਬਦ ਸੱਚੀ ਖਾਣੀ ਬਾਣੀਆ । ਆਤਮ ਭੋਗ ਹਰਿ ਨਿਰੰਕਾਰ । ਵੇਖ ਵਖਾਣੇ ਵਿਚ ਸੰਸਾਰ । ਰਾਜੇ ਰਾਣੇ ਦਰ ਭਿਖਾਰ । ਬੇਮੁਹਾਣੇ ਚਾਰ ਯਾਰ । ਸੁਘੜ ਸਿਆਣੇ ਪੰਜ ਪਿਆਰ । ਚਰਨ ਧਿਆਨੇ ਹਰਿ ਭਗਵਾਨੇ, ਗੁਰਮੁਖ ਸਾਚੇ ਸਾਚੀ ਨਾਰ । ਚਤਰਭੁਜ ਭੇਵ ਮਹਾਨੇ, ਭੇਵ ਖੁਲ੍ਹਾਏ ਆਤਮ ਘਰ, ਮਾਰੇ ਤੀਰ ਇਕ ਨਿਸ਼ਾਨੇ, ਨਾ ਕੋਈ ਜਾਣੇ ਜੀਵ ਨਿਧਾਨ । ਬਜ਼ਰ ਕਪਾਟੀ ਖੋਲ੍ਹ ਵਖਾਏ, ਸਾਚੀ ਹਾਟੀ ਨਾਮ ਵਿਕਾਏ ਕਾਇਆ ਮੰਦਰ ਅੰਦਰ ਸ਼ਬਦ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਣੇ ਮਾਤ ਵਰਤਾਰ । ਆਤਮ ਭੋਗ ਧੁਰਦਰਗਾਹੀ । ਆਪੇ ਮੇਟੇ ਕਲਜੁਗ ਛਾਹੀ । ਫੜ ਫੜ ਪਾਏ ਰਾਹੀ । ਧੁਰਦਰਗਾਹੀ ਸਾਚਾ ਮਾਹੀ । ਇਕ ਇਕਾਗਰ ਕਾਇਆ ਗਾਗਰ, ਸਤਿ ਪੁਰਖ ਨਿਰੰਜਣ ਆਪ ਅਧਾਰ, ਜੋਤ ਨਿਰੰਜਣ ਇਕ ਜਗਾਈ । ਆਤਮ ਸਰ ਸਰੋਵਰ ਸਾਚਾ ਕੱਜਲ ਨੈਣ ਨੇਤਰ ਲੋਚਣ ਅੰਜਨ, ਕਰੇ ਖੇਲ ਹਰਿ ਰਘੁਰਾਈ । ਕਾਇਆ ਭਾਂਡੇ ਝੂਠੇ ਭੱਜਣ, ਗੁਰਮੁਖਾਂ ਤਾਲ ਆਤਮ ਸਾਚੇ ਵੱਜਣ, ਮਿਲੇ ਮੇਲ ਆਤਮ ਘਰ ਸਾਚੇ ਦਰ, ਹੋਏ ਵਿਛੋੜਾ ਨਾਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਜਗਤ ਜੰਜਾਲਾ ਕਟੇ ਜਮ ਕੀ ਫਾਹੀ । ਆਤਮ ਭੋਗ ਕਾਇਆ ਬਸਤਰ ਨਿਝਰ ਰਸ, ਸਾਚੀ ਚੋਗ ਮਾਨਸ ਦੇਹੀ ਜਾਏ ਜੀਤ । ਪੁਰਖ ਅਬਿਨਾਸ਼ੀ ਹੋਏ ਵਸ, ਕਿਸੇ ਨਾ ਮਿਲੇ ਮੰਦਰ ਮਸੀਤ । ਸ਼ਬਦ ਸੁਨੇਹੁੜਾ ਰਾਹ ਸਾਚਾ ਜਾਏ ਦੱਸ, ਇਕ ਸੁਣਾਏ ਸੁਹਾਗੀ ਗੀਤ । ਆਤਮ ਤੀਰ ਸ਼ਬਦ ਮਾਰੇ ਕਸ, ਚਰਨ ਕਵਲ ਕਰਾਏ ਸਚ ਪ੍ਰੀਤ । ਪੰਚ ਪੰਚਾਇਣ ਜਾਏ ਨੱਸ, ਸੁਣੇ ਸੁਣਾਏ ਸੋਹੰ ਸ਼ਬਦ ਸੁਹਾਗੀ ਗੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਕਾਇਆ ਕਰੇ ਪਤਤ ਪੁਨੀਤ । ਆਤਮ ਭੋਗ ਨਿਰਗੁਣ ਹਾਰਿਆ । ਆਤਮ ਭੋਗ ਸਰਗੁਣ ਵਿਰਲੇ ਮਾਤ ਵਿਚਾਰਿਆ । ਆਤਮ ਭੋਗ ਨਿਰਗੁਣ ਰੂਪ ਜੋਤ ਸਰੂਪ, ਜੋਤੀ ਜਾਮਾ ਭੇਖ ਨਿਆਰਿਆ । ਆਤਮ ਭੋਗ ਹਰਿ ਵਡਾ ਸ਼ਾਹੋ ਸ਼ਾਹ ਭੂਪ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਡ ਸਿਕਦਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਫੜ ਫੜ ਬਾਹੋਂ ਤਾਰੇ ਕਲਜੁਗ ਵਾਰੋ ਵਾਰਿਆ । ਆਤਮ ਭੋਗ ਭਗਤ ਭਗਵਾਨਿਆ । ਨਾ ਕੋਈ ਜਾਣੇ ਜੀਵ ਜੰਤ, ਸਾਧ ਸੰਤ ਦਰ ਸਾਚਾ ਮਾਨਿਆ । ਕਲਜੁਗ ਮਾਇਆ ਪਾਏ ਬੇਅੰਤ, ਝੁੱਲੇ ਝੁਲਾਏ ਇਕ ਨਿਸ਼ਾਨਿਆ । ਲੱਖ ਚੁਰਾਸੀ ਜੀਵ ਜੰਤ, ਆਤਮ ਹੰਕਾਰੀ ਵਿਸ਼ੇ ਵਿਕਾਰੀ ਭੁੱਲੇ ਗੁਣ ਗੁਣ ਨਿਧਾਨਿਆ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਮਿਲੇ ਸ਼ਬਦ ਬਿਬਾਣਾ ਇਕ ਉਡਾਨਿਆ । ਏਕਾ ਸ਼ਬਦ ਸਾਚਾ ਮੰਤ, ਆਦਿ ਅੰਤ ਦੇਵੇ ਮਾਤ ਪੁਰਖ ਅਬਿਨਾਸ਼ੀ ਘਟ ਘਟ ਜਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਲੱਖ ਚੁਰਾਸੀ ਝੂਠਾ ਗੇੜਾ, ਜਮ ਜੇੜਾ ਆਪ ਕਟਾਨਿਆ ।

ਆਤਮ ਭੋਗ ਭਗਤ ਉਧਾਰਿਆ । ਕਿਰਪਾ ਕਰ ਹਰਿ ਨਿਰੰਕਾਰਿਆ । ਦਰ ਦਵਾਰੇ ਆਤਮ ਖੜੇ, ਦੇਵੇ ਦਰਸ ਅਗੰਮ ਅਪਾਰਿਆ । ਪੰਜਾਂ ਤੱਤਾਂ ਨਾਲ ਲੜੇ, ਸ਼ਬਦ ਫੜ ਖੰਡਾ ਦੋ ਧਾਰਿਆ । ਆਪ ਉਖਾੜੇ ਝੂਠੀ ਜੜ੍ਹੇ, ਕਲਜੁਗ ਵੇਲਾ ਅੰਤ ਨਾ ਹੋਏ ਕਿਸੇ ਸਹਾਰਿਆ । ਆਪੇ ਘੜੇ ਆਪੇ ਭੰਨੇ, ਜੁਗਾ ਜੁਗੰਤਰ ਸਾਚੀ ਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਆਤਮ ਭਰੇ ਵਡ ਭੰਡਾਰਿਆ । ਆਤਮ ਭੋਗ ਪੂਰਨ ਭਗਵੰਤ । ਸਾਚਾ ਮੇਲ ਗੁਰਮੁਖ ਸਾਚੇ ਸੰਤ । ਸਾਚਾ ਦਰ ਘਰ ਰੰਗ ਨਵੇਲ, ਏਕਾ ਵਸੇ ਇਕ ਇਕੰਤ । ਲੱਖ ਚੁਰਾਸੀ ਧਰਮ ਰਾਏ ਦੀ ਜਾਏ ਜੇਲ, ਕਲਜੁਗ ਮਾਇਆ ਪਾਏ ਬੇਅੰਤ । ਨਾ ਕੋਈ ਗੁਰ ਨਾ ਕੋਈ ਚੇਲ, ਬੇਮੁਖ ਜੀਵ ਦੇਵ ਦੰਤ । ਅਚਰਜ ਪਾਰਬ੍ਰਹਮ ਕਲ ਖੇਲ, ਗੁਰਮੁਖ ਸਾਚੇ ਸੰਤ ਆਪ ਉਠਾਏ ਦਇਆ ਕਮਾਏ ਹਰਿ ਕੰਤ, ਮਿਲਾਏ ਅੰਤਮ ਵੇਲ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਆਪੇ ਬਣੇ ਸੱਜਣ ਸੁਹੇਲ । ਆਤਮ ਭੋਗ ਸ਼ਬਦ ਧੁਨਕਾਰਿਆ । ਗੁਰਮੁਖ ਸਾਚਾ ਸੰਤ ਦੁਲਾਰਾ, ਸਾਚਾ ਰਾਗ ਜਗਤ ਤਿਆਗ ਇਕ ਸੁਣਾ ਰਿਹਾ । ਪੁਰਖ ਅਬਿਨਾਸ਼ੀ ਹੱਥ ਪਕੜੇ ਵਾਗ, ਵਡਭਾਗ ਆਤਮ ਸੋਈ ਗਈ ਜਾਗ, ਸ਼ਬਦ ਹੁਲਾਰਾ ਇਕ ਲਗਾ ਰਿਹਾ । ਹੰਸ ਬਣਾਏ ਕਾਗ, ਆਤਮ ਤ੍ਰਿਸ਼ਨਾ ਬੁਝੇ ਆਗ, ਮਿਲਿਆ ਮੇਲ ਕੰਤ ਸੁਹਾਗ, ਏਕਾ ਉਪਜੇ ਮਨ ਵੈਰਾਗ, ਸ਼ਬਦ ਨਾਦ ਸੱਚਾ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਗਿਆਰਾਂ ਮਾਘ ਵਕਤ ਸੁਹਾ ਗਿਆ । ਆਤਮ ਭੋਗ ਹਰਿ ਹਜ਼ੂਰਿਆ । ਆਸਾ ਮਨਸਾ ਪੂਰ, ਸਰਬ ਕਲਾ ਭਰਪੂਰਿਆ । ਪੰਜਾਂ ਚੋਰਾਂ ਕਰੇ ਚੂਰੋ ਚੂਰ, ਦਰ ਦਵਾਰੇ ਆਤਮ ਰੱਖੇ ਦੂਰਿਆ । ਏਕਾ ਬਖ਼ਸ਼ੇ ਨਾਮ ਸਤਿ ਸਰੂਰ, ਜੋਤੀ ਨੂਰ ਨੂਰੋ ਨੂਰਿਆ । ਜਗਤ ਮਾਇਆ ਝੂਠੀ ਛਾਹੀ ਕੂੜੋ ਕੂੜ, ਆਤਮ ਤ੍ਰਿਸ਼ਨਾ ਜਗਤ ਵਸੂਰਿਆ । ਸ਼ਬਦ ਵੇਲਣੇ ਪ੍ਰਭ ਰਿਹਾ ਪੀੜ ਸਾਚੇ ਬੂੜ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਨਾ ਕੋਈ ਜਾਣੇ ਸਾਚੀ ਤੂਰਿਆ । ਆਤਮ ਭੋਗ ਸ਼ਬਦ ਨਾਦ ਪ੍ਰਭ ਆਪ ਜਣਾਏ, ਦਇਆ ਕਮਾਏ ਬੋਧ ਅਗਾਧ । ਆਤਮ ਭੇਵ ਗੁਝ ਖੁਲ੍ਹਾਏ, ਮੇਟ ਮਿਟਾਏ ਜਗਤ ਵਿਰੋਧ । ਏਕਾ ਦੂਜਾ ਭਉ ਚੁਕਾਏ, ਸਾਚੀ ਸੇਵਾ ਆਪ ਲਗਾਏ, ਸਾਚੀ ਦੇਵੇ ਸ਼ਬਦ ਦਾਦ । ਕਾਇਆ ਡਾਲ ਫਲ ਲਗਾਏ, ਜਲ ਥਲ ਹੋਏ ਸਹਾਏ, ਵਲ ਛਲ ਜਗਤ ਭੁਲਾਏ, ਗੁਰਮੁਖ ਵਿਰਲਾ ਰਸਨਾ ਰਿਹਾ ਅਰਾਧ । ਅੱਜ ਕਲ ਖੇਲ ਵਰਤਾਏ, ਨਿਹਚਲ ਧਾਮ ਅਟੱਲ ਸਮਾਏ, ਗੁਰਮੁਖ ਸਾਚਾ ਬਲ ਬਲ ਜਾਏ, ਮਿਲੇ ਮੇਲ ਮਾਧਵ ਮਾਧ । ਘੜੀ ਘੜੀ ਪਲ ਪਲ, ਛਿਨ ਭੰਗਰ ਅੰਦਰ ਜੋਤ ਜਗਾਏ, ਗੁਰਮੁਖ ਸਾਚੇ ਲਏ ਲਾਧ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਹਰਿ ਭਗਤ ਸੁਹੇਲਾ ਏਕਾ ਮੇਲਾ, ਧੁਰਦਰਗਾਹੀ ਇਕ ਇਕੱਲਾ । ਜਨ ਭਗਤਾਂ ਧਾਮ ਨਿਆਰੜਾ । ਏਕਾ ਜੋਤੀ ਏਕਾ ਗੋਤੀ, ਏਕਾ ਨਾਮ ਏਕਾ ਕਾਮ, ਏਕਾ ਹਰਿ ਪਸਾਰੜਾ । ਦੁਰਮਤ ਮੈਲ ਜਾਏ ਧੋਤੀ, ਕਾਇਆ ਉਠੇ ਸੋਤੀ, ਮਿਲੇ ਜੋਤ ਸਾਚੀ ਜੋਤੀ, ਆਪ ਬਣਾਏ ਮਾਣਕ ਮੋਤੀ, ਮਿਲੇ ਮੀਤ ਮੁਰਾਰੜਾ । ਭੁੱਲੇ ਫਿਰਨ ਕੋਟਨ ਕੋਟੀ, ਚੜ੍ਹਦੇ ਫਿਰਨ ਉਪਰ ਚੋਟੀ, ਕਿਸੇ ਹੱਥ ਨਾ ਆਏ ਸ਼ਬਦ ਸੋਟੀ, ਨਾ ਕੋਈ ਵਸੇ ਪਾਰ ਕਿਨਾਰੜਾ । ਲੱਖ ਕਟਾਇਣ ਬੋਟੀ ਬੋਟੀ, ਕਿਸੇ ਨਾ ਮਿਲੇ ਆਤਮ ਜੋਤੀ, ਨਾ ਕੋਈ ਮਿਲਾਏ ਸੰਗ ਸੁਹੇਲਾ, ਇਕ ਇਕੇਲਾ ਜੋਤੀ ਜੋਤ ਸਰੂਪ ਹਰਿ, ਸਾਚਾ ਯਾਰ ਪਿਆਰੜਾ । ਕਲ ਹੋਇਆ ਵਕਤ ਦੁਹੇਲਾ । ਬੇਮੁਖਾਂ ਲਾਇਆ ਮੇਲਾ । ਗੁਰਮੁਖਾਂ ਸਾਚੇ ਸੰਤ ਜਨਾਂ, ਚਰਨ ਪ੍ਰੀਤੀ

੮੩੮
੦੪

ਗਈ ਜੁੜ । ਚਾਰ ਕੁੰਟ ਚਾਰ ਦਵਾਰ ਧਰਮ ਰਾਏ ਨਾ ਮਾਰੇ ਮਾਰ । ਮਿਲਿਆ ਮੇਲ ਕੰਤ ਭਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਰ ਪਿਆਰ । ਜੋਤ ਸਰੂਪੀ ਹਰਿ ਭਗਵਾਨ । ਨਾ ਕੋਈ ਦੀਸੇ ਹੋਰ ਨਿਸ਼ਾਨ । ਨਾ ਕੋਈ ਕਿਲ੍ਹਾ ਕੋਟ ਮਕਾਨ । ਨਾ ਕੋਈ ਦੀਸੇ ਕੋਲ ਬਿਬਾਣ । ਨਾ ਕੋਈ ਸ਼ਬਦ ਨਾ ਹਦੀਸੇ, ਨਾ ਹਰਿ ਰੱਖੇ ਕੋਈ ਆਣ । ਆਪ ਆਪਣਾ ਪੀਸਣ ਪੀਸੇ, ਅੱਠੇ ਪਹਿਰ ਆਪ ਚੁਕਾਏ ਪੀਣ ਖਾਣ । ਏਕਾ ਸ਼ਬਦ ਛਤਰ ਸੀਸੇ, ਨਾ ਕੋਈ ਦੀਸੇ ਦਰ ਦਰਬਾਨ । ਨਾ ਕੋਈ ਕਰੇ ਮਾਤ ਰੀਸੇ, ਕਿਸੇ ਹੱਥ ਨਾ ਆਏ ਰਾਜ ਰਾਜਾਨ । ਜੂਠੀ ਝੂਠੀ ਚੱਕੀ ਕਲਜੁਗ ਜੀਵ ਪੀਸੇ, ਆਤਮ ਭੁੱਲੇ ਮਾਇਆ ਰੁਲੇ ਪਾਣੀ ਪਿਆ ਕਾਇਆ ਚੁੱਲ੍ਹੇ, ਨਾ ਕੋਈ ਦੀਸੇ ਬ੍ਰਹਮ ਗਿਆਨ । ਜੋਤੀ ਜਾਮਾ ਸ੍ਰੀ ਭਗਵਾਨ, ਸਾਚੇ ਧਾਮ ਇਕ ਟਿਕਾਨ । ਆਪ ਆਪਣੇ ਰੰਗ ਸਮਾਣਾ, ਨਾ ਕੋਈ ਦੀਸੇ ਹੋਰ ਨਿਸ਼ਾਨ । ਸਾਚਾ ਘਰ ਸੁਹਾਇਆ ਹੈ । ਜੋਤੀ ਨੂਰ ਇਕ ਰਖਾਇਆ ਹੈ । ਸਰਬ ਕਲਾ ਸਾਚਾ ਭਰਪੂਰ, ਸਚ ਸਿੰਘਾਸਣ ਡੇਰਾ ਲਾਇਆ ਹੈ । ਨਾ ਕੋਈ ਪਾਵਾ ਨਾ ਕੋਈ ਚੂਲ, ਤਾਣਾ ਪੇਟਾ ਅੱਗਾ ਪਿੱਛਾ ਨਾ ਕੋਈ ਰਖਾਇਆ ਹੈ । ਆਪੇ ਖੇਵਟ ਆਪੇ ਖੇਟਾ, ਧੁਰ ਦਰਬਾਰ ਪਾਰ ਕਿਨਾਰਾ, ਕਿਸੇ ਦਿਸ ਨਾ ਆਇਆ ਹੈ । ਜੋਤ ਸਰੂਪੀ ਪੁਰਖ ਅਪਾਰਾ, ਆਪੇ ਜਾਣੇ ਆਪਣੀ ਧਾਰਾ, ਸਚ ਸਿੰਘਾਸਣ ਹਰਿ ਬਿਰਾਜੇ, ਲੋਆਂ ਪੁਰੀਆਂ ਸਾਜਨ ਸਾਜੇ, ਲੋਕਮਾਤ ਆਵੇ ਜਾਵੇ ਵਾਰੋ ਵਾਰ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਸਦ ਰੱਖੇ ਬੰਦ ਕਿਵਾੜ ਹੈ । ਸਾਚੇ ਘਰ ਹਰਿ ਬਲਵਾਨ । ਜੋਤੀ ਨੂਰ ਸ੍ਰੀ ਭਗਵਾਨ । ਦੂਰਨ ਦੂਰ ਨਾ ਕੋਈ ਜਾਣੇ ਚਤੁਰ ਸੁਜਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਨਾ ਕੋਈ ਜਾਣੇ ਗੁਣ ਨਿਧਾਨ । ਸੱਤਵੇਂ ਘਰ ਸਤਿ ਸਤਿਵਾਦਾ । ਜੋਤ ਸਰੂਪੀ ਵਡ ਬ੍ਰਹਿਮਾਦਾ । ਲੱਖ ਚੁਰਾਸੀ ਹਿੱਸੇ ਪਾਏ, ਭੇਵ ਨਾ ਜਾਣੇ ਵਡ ਸਾਧਨ ਸਾਧਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਨਾ ਕੋਈ ਜਾਣੇ ਸੁੰਨ ਸਮਾਧਿਆ । ਸੁਨ ਸਮਾਧ ਸ਼ਬਦ ਸਵਾਸ । ਕੋਇ ਨਾ ਜਾਣੇ ਪੁਰਖ ਅਬਿਨਾਸ਼ । ਲੋਆਂ ਪੁਰੀਆਂ ਬੰਨ੍ਹੇ ਧਾਰ, ਮਾਤ ਪਤਾਲ ਅਕਾਸ਼ । ਜੋਤ ਸਰੂਪੀ ਖੇਲ ਅਪਾਰ, ਆਦਿ ਅੰਤ ਨਾ ਜਾਏ ਵਿਨਾਸ । ਸਤਵੇਂ ਘਰ ਸਤਿ ਕਰਤਾਰ, ਸਤਿ ਪੁਰਖ ਨਿਰੰਜਣ ਏਕਾ ਕਾਰ, ਸਚ ਮੰਡਲ ਦੀ ਸਾਚੀ ਰਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਨੂਰ ਧਰ, ਆਦਿ ਅੰਤ ਨਾ ਹੋਏ ਉਦਾਸ । ਸੱਤਵੇਂ ਘਰ ਜੋਤ ਜਗਾਇੰਦਾ । ਸਚ ਸਿੰਘਾਸਣ ਹਰਿ ਜੀ ਬੈਠ, ਆਪਣਾ ਖੇਲ ਰਚਾਇੰਦਾ । ਜੋਤੀ ਨੂਰ ਕਰ ਉਜਿਆਰ, ਸਾਚਾ ਚਰਨ ਹਰਿ ਧਰਨੀ ਧਰਨ, ਆਪਣਾ ਆਪ ਉਠਾਇੰਦਾ । ਆਪ ਆਪਣੀ ਕਰਨੀ ਕਰਨ, ਛੇਵੇਂ ਘਰ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਧਾਰ ਸੱਚੀ ਧੁਨਕਾਰ, ਅਨਹਦ ਨਾਦ ਏਕਾ ਸੰਗ ਰਲਾਇੰਦਾ । ਛੇਵਾਂ ਘਰ ਬੋਧ ਅਗਾਧਾ । ਸ਼ਬਦ ਵੱਜੇ ਸਾਚਾ ਨਾਦਾ । ਸੰਗ ਰਲਾਏ ਮਾਧਵ ਮਾਧਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਾਜਨ ਸਾਜਾ । ਆਪ ਆਪਣਾ ਕਰ ਉਜਿਆਰ । ਸ਼ਬਦ ਰੱਖੇ ਵਸਤ ਅਪਾਰ । ਦੋਹਾਂ ਬਣਿਆ ਇਕ ਪਿਆਰ । ਏਕਾ ਜੋਤੀ ਨਾ ਕੋਈ ਵਰਨ ਨਾ ਕੋਈ ਗੋਤੀ, ਲੋਆਂ ਪੁਰੀਆਂ ਪਸਰ ਪਸਾਰ । ਹਰਿ ਸ਼ਬਦ ਉਠਾਈ ਧੁਨੀ ਨਾਦ, ਆਪ ਵਜਾਏ ਵਿਚ ਸੰਸਾਰ । ਛੇਵਾਂ ਘਰ ਆਪ ਸੁਹਾਇਆ, ਸਾਚਾ ਸ਼ਬਦ ਕਰ ਤਿਆਰ । ਜੋਤੀ ਜੋਤ ਅਪਰ ਅਪਾਰ । ਪੰਚਮ ਖੋਲ੍ਹੇ ਬੰਦ ਕਵਾੜ । ਆਪੇ ਬੈਠਾ ਦਿਸੇ ਅਗਾੜ, ਪੰਚ ਪੰਚਾਇਤੀ ਨਰ ਨਰਾਇਣੀ ਸਾਚਾ ਖੇਲ ਰਚਾਇਆ, ਜੋਤੀ ਜੋਤ ਸਰੂਪ ਹਰਿ, ਆਪੇ ਆਏ ਆਪਣੇ ਘਰ, ਪਵਣ

੮੩੯
੦੪

ਸਵਾਸੀ ਆਪਣੇ ਸੰਗ ਰਖਾਇਆ । , ਨਿਜ ਘਰ ਕਰ ਵਿਚਾਰ । ਪਵਣ ਸਵਾਸੀ ਇਕ ਹੁਲਾਰ । ਛਤਰ ਝੁਲਾਏ ਹਰਿ ਨਿਰੰਕਾਰ । ਆਪ ਆਪਣੀ ਦਇਆ ਕਮਾਏ, ਸ਼ਬਦ ਰਖਾਏ ਸਾਚੀ ਧਾਰ । ਜੋਤੀ ਮੇਲਾ ਅੰਤ ਕਰਾਏ, ਆਦਿਨ ਅੰਤਾ ਪੂਰਨ ਭਗਵੰਤਾ, ਮੇਲ ਮਿਲਾਏ ਆਪ ਆਪਣੀ ਕਿਰਪਾ ਧਾਰ । ਸ਼ਬਦ ਜੋਤ ਹਰਿ ਮੇਲ ਮਿਲਾਇਆ । ਪਵਣ ਸਵਾਸ ਨਾਲ ਰਲਾਇਆ । ਪੰਚਮ ਨਰ ਹਰਿ ਸੁਹਾਏ, ਲੱਖ ਚੁਰਾਸੀ ਬਣਤ ਬਣਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵਿਚ ਮਾਤ ਉਪਜਾਏ । ਪੰਚਮ ਘਰ ਬਣਤ ਬਣਾਇੰਦਾ । ਲੱਖ ਚੁਰਾਸੀ ਜੀਵ ਜੰਤ, ਪੁਰੀਆਂ ਲੋਆਂ ਆਪ ਟਿਕਾਇੰਦਾ । ਆਪੇ ਵਸੇ ਇਕ ਇਕੰਤ, ਸਾਰ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਖੋਲ੍ਹੇ ਚੌਥਾ ਦਰ, ਗੁਰਮੁਖ ਸਾਚੇ ਸੰਤ ਜਨਾਂ ਪ੍ਰਗਟ ਹੋਏ ਦਰਸ ਦਿਖਾਇੰਦਾ । ਗੁਰਮੁਖ ਸ਼ਬਦ ਅਧਾਰ ਸ਼ਬਦ ਕਮਾਈਆ । ਗੁਰਮੁਖ ਸਾਚਾ ਕਰੇ ਵਣਜ ਵਪਾਰ, ਮਾਨਸ ਜਨਮ ਲੇਖੇ ਲਾਈਆ । ਲੱਖ ਚੁਰਾਸੀ ਉਤਰੇ ਪਾਰ, ਭਾਂਡਾ ਭਰਮ ਤਨ ਭੰਨਾਈਆ । ਜੂਠੇ ਝੂਠੇ ਕਲਜੁਗ ਮੀਤ ਮੁਰਾਰ, ਸਾਚਾ ਸੰਗ ਨਾ ਕੋਈ ਨਿਭਾਈਆ । ਸਾਚੀ ਰੀਤ ਗੁਰ ਚਰਨ ਪਿਆਰ, ਮੰਦਰ ਮਸੀਤ ਕਿਸੇ ਹੱਥ ਨਾ ਆਈਆ । ਸ਼ਬਦ ਰੱਖੇ ਤਿੱਖੀ ਧਾਰ, ਬਜ਼ਰ ਕਪਾਟੀ ਖੋਲ੍ਹ ਵਖਾਈਆ । ਅੰਮ੍ਰਿਤ ਕਾਇਆ ਠੰਡੀ ਠਾਰ, ਸਾਚਾ ਝਿਰਨਾ ਰਿਹਾ ਝਿਰਾਈਆ । ਆਤਮ ਜੋਤੀ ਕਰ ਉਜਿਆਰ, ਅਗਿਆਨ ਅੰਧੇਰ ਸਰਬ ਮਿਟਾਈਆ । ਖਾਲੀ ਭਰੇ ਹਰਿ ਭੰਡਾਰ, ਸ਼ਬਦ ਭੰਡਾਰ ਇਕ ਵਰਤਾਈਆ । ਆਦਿਨ ਅੰਤਾ ਨਾ ਜਾਏ ਹਾਰ, ਏਕਾ ਜੋਤੀ ਨੂਰ ਸਵਾਈਆ । ਜਨ ਭਗਤਾਂ ਦੇਵੇ ਸ਼ਬਦ ਦਾਤ, ਬੇਮੁਖ ਭੁੱਲੇ ਵਾਹੋ ਦਾਹੀਆ । ਜੋਤੀ ਜਾਣੇ ਖੇਲ੍ਹ ਅਪਾਰ । ਹਰਿ ਨਿਰੰਜਣ ਏਕਾ ਧਾਰ, ਸਾਚਾ ਮਜਨ ਗੁਰ ਚਰਨ ਪਿਆਰ, ਸਾਚੀ ਬਣਤ ਬਣਾਈਆ । ਨਾ ਕੋਈ ਜਾਣੇ ਨਰ ਨਾਰ । ਜੀਵ ਜੰਤ ਹੋਏ ਗਵਾਰ, ਸਾਧ ਸੰਤ ਦਰ ਦਰ ਭਿਖਾਰ, ਸਾਚੀ ਵਸਤ ਕਿਸੇ ਹੱਥ ਨਾ ਆਈਆ । ਸਾਚਾ ਡੰਕ ਸ਼ਬਦ ਅਪਾਰ, ਰਾਓ ਰੰਕ ਏਕਾ ਧਾਰ, ਊਚ ਨੀਚ ਜਾਤ ਪਾਤ ਨਾ ਕਰੇ ਵਿਚਾਰ, ਏਕਾ ਰੰਗ ਸਾਚਾ ਸੰਗ ਆਪਣਾ ਆਪ ਨਿਭਾਈਆ । ਪੂਰਬ ਕਰਮ ਹਰਿ ਵਿਚਾਰ, ਲਹਿਣਾ ਦੇਣਾ ਵਿਚ ਸੰਸਾਰ, ਸ਼ਬਦ ਗਹਿਣਾ ਤਨ ਸ਼ਿੰਗਾਰ, ਭਾਣਾ ਸਹਿਣਾ ਹੁਕਮ ਅਪਾਰ, ਇਕ ਮਰਦੰਗ ਵਜਾਈਆ । ਵੇਖੇ ਖੇਲ ਸੰਗ ਮੁਹੰਮਦ ਚਾਰ ਯਾਰ, ਈਸਾ ਮੂਸਾ ਕਰ ਤਿਆਰ, ਕਾਲਾ ਸੂਸਾ ਤਨ ਸ਼ਿੰਗਾਰ, ਚੀਨਾ ਰੂਸਾ ਹੋ ਹੁਸ਼ਿਆਰ, ਜੋਤੀ ਜੋਤ ਸਰੂਪ ਹਰਿ, ਆਪੇ ਆਪਣੀ ਜਾਣੇ ਕਾਰ । ਜਾਣੇ ਜਗਤ ਵਿਹਾਰ ਸ਼ਬਦ ਜਣਾਈਆ । ਜਨ ਭਗਤਾਂ ਰਿਹਾ ਪੈਜ ਸਵਾਰ, ਆਤਮ ਵੱਜੀ ਵਧਾਈਆ । ਕਲਜੁਗ ਮਾਇਆ ਲਾਹੇ ਬੁਖ਼ਾਰ, ਸ਼ਬਦ ਹਾਰ ਤਨ ਪਹਿਨਾਈਆ । ਮੇਲ ਮਿਲਾਏ ਅੰਤਮ ਵਾਰ, ਜਗਤ ਵਿਛੋੜਾ ਦੂਰ ਕਰਾਈਆ । ਸਾਚਾ ਕੰਤ ਹਰਿ ਭਤਾਰ, ਆਤਮ ਸੇਜਾ ਡੇਰਾ ਲਾਈਆ । ਮਿਲਿਆ ਮੇਲ ਮੀਤ ਮੁਰਾਰ, ਨਾਰ ਸੁਹਾਗਣ ਗੁਰਮੁਖ ਸਾਚੀ ਆਪ ਬਣਾਈਆ । ਸ਼ਬਦ ਡੋਲਾ ਕਰ ਤਿਆਰ, ਉਪਰ ਰਿਹਾ ਚੜ੍ਹਾਈਆ । ਸੋਲਾਂ ਕਰੇ ਤਨ ਸ਼ਿੰਗਾਰ, ਚਿੱਟੇ ਅਸਵ ਆਸਣ ਲਾਈਆ । ਅੱਠੇ ਪਹਿਰ ਪਹਿਰੇਦਾਰ, ਚਾਰੋਂ ਕੁੰਟ ਕਰੇ ਜਣਾਈਆ । ਆਪੇ ਚੁੱਕੇ ਬਣ ਕਹਾਰ, ਸਾਚੇ ਦਰ ਦਵਾਰੇ ਅੰਤ ਬਹਾਈਆ । ਫੜ ਬਾਹੋਂ ਕੱਢੇ ਬਾਹਰ, ਨਾਮ ਰੰਗਣ ਮਹਿੰਦੀ ਜਿਨ੍ਹਾਂ ਲਾਈਆ । ਦਰ ਘਰ ਸਾਚੇ ਸੰਤ ਪਿਆਰ, ਗੁਰਮੁਖ ਆਤਮ ਫੂਲ ਸੱਚਾ ਮਹਿਕਾਈਆ । ਮਿਲੇ ਮੇਲ ਨਰ ਹਰਿ ਕਰਤਾਰ, ਜਗਤ ਵਿਛੋੜਾ ਅੰਤ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੇੜਾ ਰਿਹਾ ਬੰਨ੍ਹਾਈਆ । ਗ੍ਰਹਿ ਮੰਦਰ

੮੪੦ ੦੪

ਤਨ ਸੁਹਾਇਆ । ਜੋਤ ਜਗੇ ਅੰਦਰੇ ਅੰਦਰ, ਤਨ ਮਨ ਭਿੰਨਾ ਆਪ ਕਰਾਇਆ । ਹੋਏ ਪ੍ਰਕਾਸ਼ ਅੰਧੇਰੀ ਕੰਦਰ, ਸਾਂਤਕ ਸੀਤ ਆਪ ਵਖਾਇਆ । ਆਤਮ ਤੋੜੇ ਹੰਕਾਰੀ ਜੰਦਰ, ਭਰਮਾਂ ਡੇਰਾ ਆਪੇ ਢਾਹਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਚੇ ਸੰਤ ਜਨਾਂ ਸਾਚਾ ਮੇਲ ਕਰਾਇਆ । ਗ੍ਰਿਹਿ ਮੰਦਰ ਤਨ ਸੁਹਾਨਿਆ । ਪ੍ਰਭ ਅਬਿਨਾਸ਼ੀ ਵਸੇ ਅੰਦਰ, ਗੁਰਮੁਖ ਵਿਰਲੇ ਮਾਤ ਪਛਾਨਿਆ । ਚਾਰੋਂ ਕੁੰਟ ਦਰ ਦਰ ਘਰ ਘਰ ਭੌਂਦੇ ਬੰਦਰ, ਨਾ ਕੋਈ ਜਾਣੇ ਖੇਲ ਨਰ ਹਰਿ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਏਕਾ ਦੀਪਕ ਜਗਤ ਬਲੋਏ, ਸਦਾ ਸਦਾ ਡਗਮਗਾਨਿਆ । ਆਤਮ ਗ੍ਰਿਹਿ ਸ਼ਬਦ ਨਾਦ ਧੁਨ ਵਜੰਤਾ । ਆਤਮ ਗ੍ਰਿਹਿ ਗੁਰਮੁਖ ਸਾਚਾ ਸਾਚੇ ਧਾਮ ਰਹੇ, ਪ੍ਰਭ ਅਬਿਨਾਸ਼ੀ ਖੋਜ ਖੁਜੰਤਾ । ਚਰਨ ਪਿਆਰ ਅੰਮ੍ਰਿਤ ਧਾਰ ਏਕਾ ਵਹੇ, ਸਾਚਾ ਜਾਮ ਆਪ ਪਲੰਤਾ । ਹਰਿ ਪ੍ਰਭ ਭਾਣਾ ਸਾਚਾ ਸਹੇ, ਧੁਨੀ ਨਾਦ ਨਾਦ ਧੁਨ ਸ਼ਬਦ ਰਾਗ ਇਕ ਸੁਣੰਤਾ । ਏਕਾ ਲਿਵ ਹਰਿ ਹਰਿ ਰਸਨਾ ਕਹੇ, ਮਿਲੇ ਮੇਲ ਹਰਿ ਭਗਵੰਤਾ । ਧਾਮ ਅਵਲੜਾ ਗੁਰਸਿਖ ਬਹੇ, ਸਾਚਾ ਨਾਤਾ ਸਾਚਾ ਕੰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਮੇਲ ਕਰ, ਮਾਣ ਕਰਾਏ ਜਗਤ ਵਡਿਆਏ ਗੁਰਮੁਖ ਸਾਚੇ ਸੰਤਾ । ਮਿਲੇ ਮੇਲ ਭਗਤ ਭਗਵਾਨਿਆ । ਸ਼ਬਦ ਦਾਨ ਵਿਚ ਜਹਾਨ ਵਡ ਮਹਾਨਿਆ । ਚਰਨ ਧੂੜ ਇਸ਼ਨਾਨ, ਪਵਣ ਮਸਾਣ ਇਕ ਉਡਾਨ ਸ਼ਬਦ ਬਿਬਾਣ ਆਪ ਚੜ੍ਹਾਨਿਆ । ਆਪ ਚੁਕਾਏ ਜਮ ਕੀ ਕਾਨ, ਲੱਖ ਚੁਰਾਸੀ ਫੰਦ ਕਟਾਨ, ਆਤਮ ਦੇਵੇ ਬ੍ਰਹਮ ਗਿਆਨ, ਸ਼ਬਦ ਸਰੂਪੀ ਨਾਮ ਨਿਧਾਨ, ਸੱਚਾ ਝੁੱਲੇ ਇਕ ਨਿਸ਼ਾਨ, ਨਾ ਕੋਈ ਜਾਣੇ ਰਾਓ ਰੰਕ ਰੰਕ ਰਾਜਾਨ, ਦਵਾਰ ਬੰਕ ਇਕ ਸੁਹਾਏ, ਗੁਰਮੁਖ ਆਤਮ ਦਰ ਦਰਬਾਨਿਆ । ਸ਼ਬਦ ਸਾਚੀ ਤਨਕ ਲਗਾਏ, ਆਤਮ ਜੋਤੀ ਦੀਪ ਜਗਾਏ, ਕਰੇ ਪ੍ਰਕਾਸ਼ ਘਟ ਘਟ ਵਾਸ ਕੋਟਨ ਭਾਨਿਆ । ਹਰਿ ਮਿਲਣ ਦੀ ਸਾਚੀ ਆਸ, ਕਾਇਆ ਮੰਡਲ ਡੇਰਾ ਪ੍ਰਭਾਸ, ਚਾਰੋਂ ਕੁੰਟ ਅੰਧ ਅੰਧਿਆਨਿਆ । ਰਸਨਾ ਗਾਏ ਸਵਾਸ ਸਵਾਸ, ਹਰਿ ਹਿਰਦੇ ਹੋਏ ਵਾਸ, ਸ਼ਬਦ ਦੇਵੇ ਆਤਮ ਧਰਵਾਸ, ਸਤਿ ਸਰੂਪੀ ਦਰਸ ਦਿਖਾਨਿਆ । ਵੇਖ ਵਖਾਏ ਮਾਤ ਪਤਾਲ ਅਕਾਸ਼, ਭਗਤ ਜਨਾਂ ਹਰਿ ਹੋਇਆ ਦਾਸ, ਕਾਇਆ ਮੰਦਰ ਪਾਵੇ ਰਾਸ, ਆਪੇ ਗੋਪੀ ਆਪੇ ਕਾਹਨਿਆ । ਏਕਾ ਏਕ ਪੁਰਖ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਆਪ ਆਪਣੀ ਕਿਰਪਾ ਕਰ, ਵਾਲੀ ਦੋ ਜਹਾਨਿਆ । ਗੁਰ ਸੰਗਤ ਵਡ ਵਡਿਆਈਆ । ਏਕਾ ਸਾਚੀ ਨਾਮ ਰੰਗਤ, ਆਤਮ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਸਾਚੇ ਘਰ, ਰਹਿਣਾ ਮੰਗਤ, ਦੂਜੇ ਦਰ ਨਾ ਕੋਈ ਜਾਈਆ । ਚਾਰ ਵਰਨਾਂ ਭੈਣ ਭਾਈ ਸਾਚੀ ਸੰਗਤ, ਭਰਮ ਭੁਲੇਖਾ ਦੂਰ ਕਰਾਈਆ । ਹਰਿਜਨ ਸਾਚੇ ਹਰਿ ਨੇਤਰ ਪੇਖਾ, ਦੂਈ ਦਵੈਤੀ ਮੈਲ ਤਨ ਮੰਦਰ ਅੰਦਰ ਗਵਾਈਆ । ਕਿਸੇ ਹੱਥ ਨਾ ਆਏ ਔਲੀਆ ਪੀਰ ਸ਼ੇਖ਼ਾ, ਗਿਆਨੀ ਧਿਆਨੀ । ਵਡ ਵਿਦਵਾਨੀ ਵੇਦ ਪੁਰਾਨੀ ਕਿਸੇ ਹੱਥ ਨਾ ਆਈਆ । ਧੁਰਦਰਗਾਹੀ ਸ਼ਬਦ ਨਿਸ਼ਾਨ ਆਤਮ ਵੱਜੇ ਤਿੱਖੀ ਕਾਨੀ, ਬਜ਼ਰ ਕਪਾਟੀ ਪਾਰ ਕਰਾਈਆ । ਆਤਮ ਸਰੋਵਰ ਅੰਮ੍ਰਿਤ ਪੀਣਾ ਸੱਚਾ ਪਾਣੀ, ਜਲ ਧਾਰ ਠੰਡੀ ਠਾਰ ਕਾਇਆ ਗਾਗਰ ਸਾਚੇ ਸਾਗਰ ਏਕਾ ਏਕ ਵਖਾਈਆ । ਨਿਰਮਲ ਕਰਮ ਹੋਏ ਉਜਾਗਰ, ਗੁਰਮੁਖ ਸਾਚੇ ਨਾਮ ਸੁਦਾਗਰ, ਏਕਾ ਵਣਜ ਵਪਾਰਾ ਜਗਤ ਹਰਿ ਰਖਾਈਆ । ਆਤਮ ਜੋਤੀ ਨੂਰ ਇਕਾਗਰ, ਰੰਗ ਰੰਗੀਲਾ ਇਕ ਰਤਨਾਗਰ, ਦੂਸਰ ਰੰਗ ਨਾ ਕੋਈ ਵਟਾਈਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸੋਹੇ ਸਾਚਾ ਘਰ, ਰਸਨਾ ਰਸ ਰਸਾਇਣ ਹਰਿ ਹਰਿ ਗੁਣ ਗਾਈਆ । ਗੁਰ ਸੰਗਤ ਸੰਗਤ ਗੁਰ ਵਡ ਵਡਭਾਗ । ਏਕਾ ਲੇਖ

੮੪੧
੦੪

ਮਸਤਕ ਧੁਰ, ਲੋਕਮਾਤ ਗਏ ਜਾਗ । ਪ੍ਰਭ ਦਰਸ਼ਨ ਕੋ ਲੋਚਨ ਸੁਰ, ਪੁਰੀ ਇੰਦ ਨਾ ਬੁਝੇ ਤ੍ਰਿਸ਼ਨਾ ਆਗ । ਗੁਰ ਸੰਗਤ ਗੁਰ ਚਰਨ ਪ੍ਰੀਤੀ ਜਾਏ ਜੁੜ, ਕਲਜੁਗ ਧੋਏ ਝੂਠੇ ਦਾਗ । ਆਪ ਚੜ੍ਹਾਏ ਸ਼ਬਦ ਘੋੜ, ਪ੍ਰਭ ਅਬਿਨਾਸ਼ੀ ਹੱਥ ਆਪਣੇ ਰੱਖੇ ਵਾਗ । ਆਪੇ ਵੇਖੇ ਮਿਠੇ ਕੌੜ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਇਕ ਉਪਜਾਏ ਸਾਚਾ ਰਾਗ । ਸ਼ਬਦ ਰਾਗ ਉਪਜੇ ਤਾਰ, ਮਿਲੇ ਮੇਲ ਮਾਧਵ ਮਾਧ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰ ਮਾਧਵ ਮਾਧ । ਸੁੰਨ ਸਮਾਧੀ ਲੱਗੇ ਅਵਾਜ । ਏਕਾ ਦੇਵੇ ਸਾਚੀ ਦਾਦ । ਗੁਰ ਸੰਗਤ ਵਸੇ ਸਚ ਘਰ, ਸ਼ਬਦ ਗਾਏ ਰਿਦੇ ਵਸਾਏ ਬੋਧ ਅਗਾਧ । ਸ਼ਬਦ ਚੋਲਾ ਤਨ ਸ਼ਿੰਗਾਰੇ । ਜਗੇ ਜੋਤ ਕਾਇਆ ਮਹੱਲ ਮੁਨਾਰੇ । ਲੱਖ ਚੁਰਾਸੀ ਰਹੀ ਰੋਤ, ਕਿਸੇ ਹੱਥ ਨਾ ਆਏ ਮੀਤ ਮੁਰਾਰੇ । ਗੁਰਮੁਖਾਂ ਮੈਲ ਰਿਹਾ ਧੋਤ, ਆਪੇ ਵਸੇ ਇਕ ਕਿਨਾਰੇ । ਸ਼ਬਦ ਕਵਾੜੀ ਖੋਲ੍ਹੇ ਸੋਤ, ਸ਼ਬਦ ਜਣਾਏ ਸਾਚੀ ਧਾਰੇ । ਜੋਤੀ ਜੋਤ ਸਰੂਪ ਹਰਿ, ਕਾਇਆ ਮੰਦਰ ਸਾਚੇ ਘਰ, ਆਪ ਆਪਣਾ ਕਾਜ ਸਵਾਰੇ । ਸ਼ਬਦ ਚੋਲਾ ਤਨ ਰੰਗਾਇਆ । ਕਾਇਆ ਮਾਟੀ ਝੂਠਾ ਡੋਲਾ, ਰੰਗਣ ਨਾਮ ਇਕ ਚੜ੍ਹਾਇਆ । ਗੁਰਮੁਖ ਸਾਚਾ ਭਾਲਾ ਭੋਲਾ, ਸ਼ਬਦ ਵਿਚੋਲਾ ਇਕ ਰਖਾਇਆ, ਆਤਮ ਪੜਦਾ ਹਰਿ ਜੀ ਖੋਲ੍ਹਾ, ਅੰਦਰੇ ਅੰਦਰ ਜੋਤ ਜਗਾਇਆ । ਬੇਮੁਖਾਂ ਦਿਸੇ ਪੜਦਾ ਉਹਲਾ, ਸਤਿ ਸਰੂਪੀ ਦਿਸ ਨਾ ਆਇਆ । ਜਗਤ ਕਾਰਨ ਬਣਿਆ ਗੋਲਾ, ਹਰਿ ਵਡ ਸ਼ਾਹੋ ਭੂਪੀ ਮਨ ਮਤ ਭੁਲਾਇਆ । ਸ੍ਰਿਸ਼ਟ ਸਬਾਈ ਅੰਧ ਕੂਪੀ, ਕਾਇਆ ਮੰਦਰ ਸਾਚੇ ਅੰਦਰ ਦੀਪਕ ਜੋਤ ਨਾ ਕਿਸੇ ਜਗਾਇਆ । ਘਰ ਘਰ ਭੌਂਦੇ ਫਿਰਦੇ ਬੰਦਰ, ਮਾਇਆ ਰਾਣੀ ਬਣੀ ਕਲੰਦਰ, ਚਾਰੋਂ ਕੁੰਟ ਰਹੀ ਨਚਾਈਆ । ਭੇਖਾਧਾਰੀ ਵਡ ਸੰਸਾਰੀ ਜੀਵ ਗਵਾਰੀ, ਪ੍ਰਭ ਅਬਿਨਾਸ਼ੀ ਨਾ ਪਾਈ ਸਾਰੀ, ਮਾਨਸ ਦੇਹੀ ਜਨਮ ਗਵਾਇਆ । ਗੁਰਮੁਖ ਵਿਰਲਾ ਲੋਕਮਾਤ ਪ੍ਰਭ ਚਰਨ ਦਵਾਰਿਆ । ਦੋਏ ਜੋੜ ਆਤਮ ਕਰੇ ਸੱਚੀ ਨਿਮਸਕਾਰ, ਅਮਰਾਪਦ ਦਰ ਘਰ ਸਾਚੇ ਏਕਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਧੁਨੀ ਨਾਦ ਆਪਣਾ ਆਪ ਵਜਾਇਆ । ਕਾਇਆ ਚੋਲਾ ਸ਼ਬਦ ਅਪਾਰ, ਜਗੇ ਜੋਤ ਆਤਮ ਮਵਲਾ, ਨੂਰ ਨਿਰੰਜਣ ਇਕ ਅਕਾਰ, ਇਕ ਸੁਣਾਏ ਸ਼ਬਦ ਸੋਹਲਾ, ਖਾਣੀ ਬਾਣੀ ਵਸੇ ਬਾਹਰ । ਨਾਮ ਨਿਰੰਜਣ ਸਾਚਾ ਢੋਲਾ, ਪੁਰੀਆਂ ਲੋਆਂ ਬੰਨ੍ਹੇ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜਾਣੇ ਧਾਰ, ਕਾਇਆ ਮੰਦਰ ਸਾਜਣ ਸਾਚੀ ਰੀਤ । ਜਗੇ ਜੋਤ ਡੂੰਘੀ ਕੰਦਰ, ਏਕਾ ਏਕ ਗੁਰਦਵਾਰਾ ਮੰਦਰ ਮਸੀਤ । ਗੁਰ ਸ਼ਬਦ ਤੋੜੇ ਆਤਮ ਹੰਕਾਰੀ ਜੰਦਰ, ਆਪੇ ਪਰਖੇ ਗੁਰਮੁਖ ਨੀਤ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਵਿਰਲਾ ਰਸ ਰਸਨਾ ਗਾਏ, ਹਿਰਦੇ ਰਿਹਾ ਚੀਤ । ਹਰਿ ਹਰਿ ਗੁਣ ਗਾਵਣਾ । ਘਰ ਘਰ ਸਾਚਾ ਸੁਖ ਪਾਵਣਾ । ਦਰ ਦਰ ਦਰ ਆਤਮ ਦਰ ਖੁਲ੍ਹਾਵਣਾ । ਵਰ ਵਰ ਵਰ ਘਰ ਏਕਾ ਸਾਚਾ ਪਾਵਣਾ । ਨਰ ਨਰ ਨਰ ਏਕਾ ਪੁਰਖ ਧਿਆਵਣਾ । ਕਰ ਕਰ ਕਰ ਸਾਚਾ ਨਾਉਂ ਕਰਮ ਕਮਾਵਣਾ । ਡਰ ਡਰ ਡਰ ਲੱਖ ਚੁਰਾਸੀ ਡਰ ਚੁਕਾਵਣਾ । ਤਰ ਤਰ ਤਰ ਸੰਤ ਸੁਹੇਲਾ ਮੀਤ ਅਖਵਾਵਣਾ । ਹਰਿ ਕਾ ਭਾਣਾ ਜਰ ਜਰ ਜਰ, ਕਲਜੁਗ ਵੇਲਾ ਅੰਤ ਪਛਤਾਵਣਾ । ਚਾਰ ਵਰਨ ਖੁਲ੍ਹਾਏ ਏਕਾ ਦਰ, ਆਤਮ ਸਚ ਸਰ ਸਰੋਵਰ ਇਕ ਇਸ਼ਨਾਨ ਕਰਾਵਣਾ । ਨਾ ਜਨਮੇ ਨਾ ਜਾਏ ਮਰ, ਜੋਤੀ ਜਾਮਾ ਮਾਤ ਧਰ, ਹਰਿ ਆਪਣੀ ਬਣਤ ਬਣਾਵਣਾ । ਨਾ ਕੋਈ ਜਾਣੇ ਨਾਰੀ ਨਰ, ਵੇਖ ਵਖਾਣੇ ਘਰ ਘਰ ਹਾਹਾਕਾਰ ਵਡ ਵਿਭਚਾਰ ਜੂਠਾ ਝੂਠਾ ਰੰਗ ਰੰਗਾਵਣਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ,

ਆਤਮ ਸ਼ਬਦ ਤਿੱਖੀ ਧਾਰ ਦੂਈ ਦਵੈਤੀ ਮੈਲ ਗਵਾਵਣਾ । ਸੋਲਾਂ ਕਲੀਆਂ ਕਰ ਸ਼ਿੰਗਾਰ, ਚਿੱਟੇ ਅਸਵ ਹੋ ਅਸਵਾਰ, ਪੁਰੀਆਂ ਲੋਆਂ ਆਪ ਪਾਰ ਕਰਾਵਣਾ । ਜੋਤੀ ਨੂਰ ਕਰ ਅਕਾਰ, ਸ਼ਬਦ ਨਾਦ ਇਕ ਉਡਾਰ, ਸਾਚੀ ਪਵਣ ਦਰ ਪੁਕਾਰ, ਏਕਾ ਸੰਗ ਨਿਭਾਵਣਾ । ਲੋਕਮਾਤ ਜਾਮਾ ਧਾਰ, ਨਿਹਕਲੰਕੀ ਖੇਲ ਅਪਾਰ, ਸ਼ਬਦ ਡੰਕਾ ਹਰਿ ਸੁਣਾਵਣਾ । ਰਾਓ ਰੰਕ ਰੰਕ ਰਾਜਾਨ, ਸ਼ਾਹ ਸੁਲਤਾਨ ਉਠਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਖੋਲ੍ਹੇ ਬੰਦ ਕਵਾੜ, ਇਕ ਵਖਾਏ ਸਾਚਾ ਘਰ, ਸੁੰਨ ਸਮਾਧ ਤੁੜਾਵਣਾ । ਸੁੰਨ ਸਮਾਧ ਆਪ ਤੁੜਾਇੰਦਾ । ਸ਼ਬਦ ਚਲਾਏ ਬੋਧ ਅਗਾਧ ਭੇਵ ਚੁਕਾਇੰਦਾ । ਏਕਾ ਸ਼ਬਦ ਤੂਰ ਕਰ, ਸਾਚੀ ਧੁਨ ਉਪਜਾਇੰਦਾ । ਸਚ ਸਿੰਘਾਸਣ ਰਸਨਾ ਕਿਸੇ ਨਾ ਆਵੇ ਸਾਧ, ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਦਿਸ ਕਿਸੇ ਨਾ ਆਇੰਦਾ । ਆਤਮ ਮੇਲ ਮਾਧਵ ਮਾਧ, ਸਤਿ ਪੁਰਖ ਸਵਾਮੀ ਸਦਾ ਸੁਹੇਲਾ ਇਕ ਇਕੇਲਾ ਆਤਮ ਸੇਜਾ ਸਚ ਸਿੰਘਾਸਣ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਖੋਲ੍ਹੇ ਬੰਦ ਕਵਾੜ, ਪਰੇ ਹਟਾਏ ਪੰਚਾਂ ਧਾੜ, ਸਤਿ ਸਰੂਪੀ ਹਰਿ ਹਰਿ ਵਡਾ ਸ਼ਾਹੋ ਭੂਪੀ, ਪ੍ਰਗਟ ਹੋਏ ਦਰਸ ਦਿਖਾਇੰਦਾ । ਆਤਮ ਜੋਤੀ ਕਰ ਉਜਿਆਰ, ਗੁਰ ਦੇਵੇ ਸ਼ਬਦ ਕਰ ਪਿਆਰ, ਅੱਠੇ ਪਹਿਰ ਸਾਚੀ ਧੁਨ, ਸਾਚੇ ਘਰ ਸਚ ਦਵਾਰ । ਧੁਰਦਰਗਾਹੀ ਲੋਕਮਾਤ ਆਏ ਪੁਕਾਰ ਸੁਣ, ਜੁਗਾ ਜੁਗੰਤਰ ਵਾਰੋ ਵਾਰ । ਕਲਜੁਗ ਵੇਖ ਵਖਾਣੇ ਗੁਣ ਅਵਗੁਣ, ਬੇਮੁਖ ਪਕੜ ਪਛਾੜੇ, ਨਿਹਕਲੰਕੀ ਜਾਮਾ ਧਾਰ । ਜੋਤੀ ਜੋਤ ਸਰੂਪ ਹਰਿ, ਇਕ ਉਠਾਏ ਹੱਥ ਸ਼ਬਦ ਕਟਾਰ । ਸ਼ਬਦ ਕਟਾਰਾ ਹੱਥ ਉਠਾਇੰਦਾ । ਚਵੀਆਂ ਅਵਤਾਰਾ ਖੇਲ ਰਚਾਇੰਦਾ । ਨਿਹਕਲੰਕੀ ਜੋਤ ਅਕਾਰਾ, ਦਿਸ ਕਿਸੇ ਨਾ ਆਇੰਦਾ । ਗੁਰ ਗੋਬਿੰਦ ਬਣਿਆ ਇਕ ਲਿਖਾਰਾ, ਪੁਰੀ ਘਨਕ ਜੋਤ ਜਗਾਇੰਦਾ । ਸ਼ਬਦ ਰੱਖੇ ਤਿਖੀ ਧਾਰਾ, ਗੁਰਮੁਖ ਬੇਮੁਖ ਦੋਵੇਂ ਪਾਰ ਕਰਾਇੰਦਾ । ਸ੍ਰਿਸ਼ਟ ਸਬਾਈ ਆਰਾ ਪਾਰਾ, ਆਪੇ ਕਰੇ ਸਚ ਵਿਹਾਰਾ, ਤਖ਼ਤ ਤਾਜ ਰਾਜ ਬਾਜ ਸਾਜ ਕਿਸੇ ਦਿਸ ਨਾ ਆਇੰਦਾ । ਸ਼ਬਦੀ ਖੇਲ ਅਪਰ ਅਪਾਰਾ, ਗੁਰਮੁਖ ਸਾਚੇ ਸੰਤ ਜਨਾਂ, ਇਕ ਦਵਾਰ ਰਖਾਇੰਦਾ । ਜੋਤੀ ਨੂਰਾ ਕਰ ਉਜਿਆਰ, ਗੁਰ ਸੰਗਤ ਮੇਲ ਮਿਲਾਇੰਦਾ । ਕਲਜੁਗ ਕਰਮ ਹਰਿ ਵਿਚਾਰਾ, ਅੰਤਮ ਅੰਤ ਸਾਚੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਿੰਮਾ ਅਗਣਤ ਗੁਰਮੁਖ ਵਿਰਲਾ ਸੰਤ ਭੇਵ ਅਭੇਦਾ ਪਾਇੰਦਾ । ਗੁਰਮੁਖ ਵਿਰਲੇ ਸੰਤ, ਹਰਿ ਜਣਾਈਆ । ਕਲਜੁਗ ਜੀਵਾਂ ਮਾਇਆ ਪਾਏ ਬੇਅੰਤ, ਹਰਿਜਨ ਮੇਲਾ ਸਾਚੇ ਕੰਤ, ਵੱਜੇ ਸ਼ਬਦ ਸੱਚੀ ਸ਼ਨਵਾਈਆ । ਲੱਖ ਚੁਰਾਸੀ ਭੁੱਲੀ ਜੀਵ ਜੰਤ, ਮਦਿਰਾ ਮਾਸੀ ਦੇਣ ਦੁਹਾਈਆ । ਕਵਣ ਬਣਾਏ ਸਾਚੀ ਬਣਤ, ਧਰਮ ਰਾਏ ਅੰਤਮ ਅੰਤ ਫਾਸੀ ਗਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਅਚਰਜ ਖੇਲ ਰਚਾਈਆ । ਸੰਤ ਸੁਹਾਗਣ ਨਾਰ ਪਤ ਪਤਵੰਤੀ ਮਿਲਿਆ ਪੁਰਖ ਭਤਾਰ, ਘਰ ਸਾਚੇ ਸੋਭਾਵੰਤੀਆ । ਕਲਜੁਗ ਜੀਵ ਮੁਗਧ ਗਵਾਰ, ਝੂਠਾ ਖੋਜ ਖੁਜੰਤਿਆ । ਨਾ ਕੋਈ ਪਾਵੇ ਪ੍ਰਭ ਕੀ ਸਾਰ, ਝਗੜਤ ਬੋਲਤ ਵਕਤ ਗਵੰਤਿਆ । ਆਪ ਅਪਣਾ ਜਨਮ ਸੁਧਾਰ, ਵਡ ਹੋਏ ਕੁਲ ਕੁਲਵੰਤਿਆ । ਆਤਮ ਜੋਤੀ ਸਚ ਮਹੱਲ ਮੁਨਾਰ, ਘਰ ਆਪਣਾ ਢੂੰਡ ਢੂੰਡੰਤਿਆ । ਮਿਲੇ ਮੇਲ ਹਰਿ ਨਿਰੰਕਾਰ, ਆਸਾ ਮਨਸਾ ਪੂਰ ਕਰੰਤਿਆ । ਹਉਮੇ ਦੁੱਖੜਾ ਦਏ ਨਿਵਾਰ, ਏਕਾ ਰੰਗ ਰੰਗਤਿਆ । ਸਾਚਾ ਸ਼ਬਦ ਕਰ ਤਿਆਰ, ਜੋਤੀ ਜੋਤ ਸਰੂਪ ਹਰਿ, ਦੇਵੇ ਸੱਚਾ ਦਾਨ ਹੋ ਮਿਹਰਬਾਨ, ਏਕਾ ਧਾਮ ਹਰਿ ਸੁਹੰਤਿਆ । ਹਰਿ ਸ਼ਬਦ ਅਪਾਰ, ਜਗਤ ਢੋਡੋਰਿਆ । ਹਰਿ ਸ਼ਬਦ ਅਪਾਰ, ਏਕਾ ਏਕ ਸੱਚਾ ਘੋੜਿਆ ।

੮੪੩
੦੪

੮੪੪
੦੪

ਹਰਿ ਸ਼ਬਦ ਅਪਾਰ, ਗੁਰਮੁਖ ਵਿਰਲੇ ਸੰਤ ਜਨ, ਲੋਕਮਾਤ ਜੁਗਾ ਜੁਗੰਤ ਏਕਾ ਬਹੁੜਿਆ । ਹਰਿ ਸ਼ਬਦ ਅਪਾਰ, ਜਨ ਭਗਤਾਂ ਬਣਾਏ ਸਾਚੀ ਬਣਤ, ਧੁਰਦਰਗਾਹੀ ਸਾਚਾ ਮੇਲਾ ਇਕ ਇਕੇਲਾ ਨਰ ਨਿਰੰਕਾਰੇ ਜੋੜ ਜੋੜਿਆ । ਹਰਿ ਸ਼ਬਦ ਅਪਾਰ, ਸਾਚਾ ਸੱਜਣ, ਸੁਹੇਲਾ, ਨਾ ਹੋਏ ਵਕਤ ਦੁਹੇਲਾ, ਏਕਾ ਰੰਗਣ ਰੰਗੇ ਅਪਰ ਅਪਾਰਿਆ । ਹਰਿ ਸ਼ਬਦ ਅਪਾਰ, ਖੰਡਾ ਦੋ ਧਾਰ ਵਿਚ ਸੰਸਾਰ, ਕਲਜੁਗ ਤੇਰੀ ਅੰਤਮ ਵਾਰ, ਫੜੇ ਹੱਥ ਆਪ ਕਰਤਾਰਿਆ । ਲੱਖ ਚੁਰਾਸੀ ਪਾਵੇ ਸਾਰ, ਜੋਤੀ ਜਾਮਾ ਕਰ ਅਕਾਰ, ਸ਼ਬਦ ਰੱਖੇ ਤਿੱਖੀ ਧਾਰ, ਸਾਚੀ ਸਿੱਖੀ ਕਰਮ ਵਿਚਾਰ, ਭਗਤਾਂ ਦੇਵੇ ਦਾਤ ਭਿੱਖੀ, ਸੋਹੰ ਸ਼ਬਦ ਅਪਰ ਅਪਾਰਿਆ । ਧੁਰਦਰਗਾਹੀ ਲੇਖ ਲਿਖੀ, ਨਾ ਕੋਈ ਮੇਟੇ ਮੇਟਣਹਾਰਿਆ । ਜੋਤੀ ਜੋਤ ਸਰੂਪ ਹਰਿ, ਏਕਾ ਸ਼ਬਦ ਮਾਤ ਧਰ, ਚਾਰ ਵਰਨਾਂ ਏਕਾ ਸਰਨਾ, ਰਾਓ ਰੰਕ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕ ਬੰਨ੍ਹਾਏ ਸਾਚੀ ਧਾਰਿਆ । ਹਰਿ ਸ਼ਬਦ ਅਡੋਲ, ਕਦੇ ਨਾ ਡੋਲਿਆ । ਪੁਰਖ ਅਬਿਨਾਸ਼ੀ ਏਕਾ ਸੱਚਾ ਬੋਲ, ਨਾ ਕੋਈ ਸਕੇ ਤੋਲ, ਪੂਰਾ ਤੋਲ ਕਿਸੇ ਨਾ ਤੋਲਿਆ । ਆਤਮ ਦਰ ਵਜਾਏ ਢੋਲ, ਬਜ਼ਰ ਕਪਾਟੀ ਪਾਟੀ ਸੁੰਨ ਸਮਾਧੀ ਅੰਦਰੇ ਅੰਦਰ ਬੋਲਿਆ । ਗੁਰਮੁਖਾਂ ਮਿਲੇ ਮਾਧਵ ਮਾਧੀ, ਗੁਰਮੁਖਾਂ ਜੋਤ ਅੰਦਰ ਲਾਧੀ, ਦੂਜਾ ਦਰ ਨਾ ਕੋਈ ਫੋਲਿਆ । ਏਕਾ ਨਾਉਂ ਰਸਨ ਅਰਾਧੀ, ਪੰਚ ਪੰਚਾਇਣ ਜਿਸ ਨੇ ਸਾਧੀ, ਸਾਚਾ ਦਰ ਦਵਾਰਾ ਆਤਮ ਘਰ ਏਕਾ ਖੋਲ੍ਹਿਆ । ਸ਼ਬਦ ਵੱਜੇ ਏਕਾ ਨਾਦੀ, ਜੋਤੀ ਜੋਤ ਸਰੂਪ ਹਰਿ, ਆਪੇ ਵਸੇ, ਗੁਰਮੁਖਾਂ ਰਾਹ ਸਾਚਾ ਦੱਸੇ, ਕਾਇਆ ਮੰਦਰ ਸਾਚੇ ਅੰਦਰ ਝੂਲੇ ਝੂਲਿਆ । ਕਾਇਆ ਮੰਦਰ ਹਰਿ ਨਿਰੰਕਾਰ ਹੈ । ਅੰਦਰੇ ਅੰਦਰ ਗੇੜਾ ਆਪੇ ਮਾਰੇ, ਸਰਬ ਜੀਆਂ ਪ੍ਰਭ ਪਾਵੇ ਸਾਰੇ, ਆਪੇ ਆਪ ਸੱਚੀ ਸਰਕਾਰ ਹੈ । ਲੱਖ ਚੁਰਾਸੀ ਭੌਂਦੇ ਬੰਦਰ, ਜੰਗਲ ਜੂਹ ਵਿਚ ਪਹਾੜਾਂ ਉਚੇ ਟਿੱਲੇ ਸੁੰਨ ਸਮਾਧੀ ਨਾ ਪਾਵੇ ਕੋਈ ਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਸਦਾ ਰੱਖੇ ਬੰਦ ਕਵਾੜ ਹੈ । ਹਰਿ ਸ਼ਬਦ ਅਪਾਰ, ਜਗਤ ਢੰਡੋਰਾ । ਕਲਜੁਗ ਤੇਰੀ ਅੰਤਮ ਵਾਰ, ਆਪ ਸੁਣੇ ਸੁਣਾਏ ਅੰਧ ਘੋਰਾ । ਪਰਖਣ ਆਇਆ ਸਾਚੇ ਲਾਲ, ਸ਼ਬਦ ਬਣਾਇਆ ਇਕ ਦਲਾਲ, ਜੋਤੀ ਜਾਮਾ ਲੱਖ ਚੁਰਾਸੀ ਖਾਏ ਕਾਲ । ਗੁਰਮੁਖ ਸਾਚੇ ਸੰਤ ਜਨਾਂ, ਕਰੇ ਕਰਾਏ ਆਪ ਰਖਵਾਲ । ਮੇਟ ਮਿਟਾਏ ਮਦਿਰਾ ਮਾਸੀ, ਫਲ ਨਾ ਦਿਸੇ ਕਿਸੇ ਡਾਲ । ਗੁਰਮੁਖਾਂ ਦਿਸੇ ਲੱਖ ਚੁਰਾਸੀ ਧਰਮ ਰਾਏ ਦੀ ਆਏ ਫਾਸੀ, ਨਾ ਕੋਈ ਸਕੇ ਸੁਰਤ ਸੰਭਾਲ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਗਤ ਅਵਲੜੀ ਚਲੇ ਚਾਲ । ਹਰਿ ਸ਼ਬਦ ਅਪਾਰ, ਜਗਤ ਚਲਾਈਆ । ਹਰਿ ਸ਼ਬਦ ਅਪਾਰ, ਗੁਰੂਆਂ ਪੀਰਾਂ ਸਾਧਾਂ ਸੰਤਾਂ, ਆਤਮ ਵੱਜੀ ਇਕ ਵਧਾਈਆ । ਹਰਿ ਸ਼ਬਦ ਅਪਾਰ, ਏਕਾ ਏਕ ਸੱਚਾ ਤੀਰਾ, ਬਜ਼ਰ ਕਪਾਟੀ ਚੀਰ ਵਖਾਈਆ । ਹਰਿ ਸ਼ਬਦ ਅਪਾਰ, ਅੰਮ੍ਰਿਤ ਆਤਮ ਕੱਢੇ ਬਾਹਰ, ਠੰਡੀ ਧਾਰ ਇਕ ਵਹਾਈਆ । ਗੁਰਮੁਖਾਂ ਆਤਮ ਕੱਢੇ ਹਉਮੇ ਪੀੜਾ, ਏਕਾ ਧਾਰ ਬੰਧਾਈਆ । ਹਰਿ ਸ਼ਬਦ ਅਪਾਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਕ ਏਕਾ ਡੰਕ, ਰਾਓ ਰੰਕ ਰਖਾਈਆ । ਹਰਿ ਸ਼ਬਦ ਅਪਾਰ, ਖੇਲ ਨਿਰਾਲੀਆ । ਹਰਿ ਸ਼ਬਦ ਅਪਾਰ, ਜਨ ਭਗਤਾਂ ਕਰਾਏ ਮੇਲ ਵਾਲੀ ਦੋ ਜਹਾਨਿਆਂ । ਹਰਿ ਸ਼ਬਦ ਅਪਾਰ, ਗੁਰਮੁਖ ਸਾਚੇ ਸੰਤ ਜਨ ਆਤਮ ਪਾਏ ਸਾਰ, ਸੁਰਤ ਸੰਭਾਲੀਆ । ਹਰਿ ਸ਼ਬਦ ਅਪਾਰ, ਧਰਮ ਰਾਏ ਦੀ ਕਟੇ ਜੇਲ੍ਹ, ਦੇਵੇ ਨਾਮ ਇਕ ਬਿਬਾਨਿਆ । ਹਰਿ ਸ਼ਬਦ ਅਪਾਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਮਾਰ ਝਾਤ,

ਦੇਵੇ ਇਕ ਸੁਗਾਤ ਸੱਚੀ ਨਿਸ਼ਾਨੀਆ । ਹਰਿ ਸ਼ਬਦ ਅਪਾਰ, ਸਦਾ ਅਡੋਲਿਆ । ਹਰਿ ਸ਼ਬਦ ਅਪਾਰ, ਗੁਰਮੁਖ ਵਿਰਲੇ ਮਾਤ ਬੋਲਿਆ । ਹਰਿ ਸ਼ਬਦ ਅਪਾਰ, ਗੁਰ ਪ੍ਰਸਾਦਿ ਸਾਧ ਸੰਤ, ਪੂਰਾ ਕਿਸੇ ਨਾ ਤੋਲਿਆ । ਹਰਿ ਸ਼ਬਦ ਅਪਾਰ, ਲੱਖ ਚੁਰਾਸੀ ਭੁੱਲੇ ਜੀਵ ਜੰਤ, ਆਤਮ ਪੜਦਾ ਕਿਸੇ ਨਾ ਖੋਲ੍ਹਿਆ । ਹਰਿ ਸ਼ਬਦ ਅਪਾਰਾ ਮੇਲ ਮਿਲਾਵਾ ਸਾਚੇ ਕੰਤ, ਹਰਿ ਸ਼ਬਦ ਅਪਾਰ, ਗੁਰਮੁਖ ਵਿਰਲਾ ਜਾਣੇ ਸੰਤ, ਆਤਮ ਕੁੰਡਾ ਜਿਸ ਨੇ ਖੋਲ੍ਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅੰਦਰ ਆਪੇ ਬੋਲਿਆ । ਹਰਿ ਸ਼ਬਦ ਅਪਾਰ, ਜਗਤ ਧੁਨਕਾਈਆ । ਹਰਿ ਸ਼ਬਦ ਅਪਾਰ, ਗੁਰਮੁਖ ਵਿਰਲੇ ਬੂਝ ਬੁਝਾਈਆ । ਹਰਿ ਸ਼ਬਦ ਅਪਾਰ, ਏਕਾ ਦੂਜਾ ਭਉ ਚੁਕਾਈਆ । ਹਰਿ ਸ਼ਬਦ ਅਪਾਰ, ਘਰ ਸਾਚੇ ਵੱਜੇ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਸੁਹਾਈਆ । ਹਰਿ ਸ਼ਬਦ ਅਪਾਰ, ਸਦਾ ਜੈਕਾਰਿਆ । ਹਰਿ ਸ਼ਬਦ ਅਪਾਰ, ਏਕਾ ਘਰ ਸਾਚੇ ਦਰ ਸਦਾ ਸਦਾ ਪਸਾਰਿਆ । ਹਰਿ ਸ਼ਬਦ ਅਪਾਰ, ਮਿਲਾਏ ਵਿਰਲੇ ਮੇਲ ਕੰਤ ਭਤਾਰਿਆ । ਹਰਿ ਸ਼ਬਦ ਅਪਾਰ, ਕਾਇਆ ਸੀਤਲ ਠੰਡੀ ਧਾਰ, ਕਰੇ ਠੰਡਾ ਠਾਰਿਆ । ਹਰਿ ਸ਼ਬਦ ਅਪਾਰ, ਸਾਚੇ ਮੰਦਰ ਜਾਏ ਵੜ੍ਹ, ਏਕਾ ਜੋਤੀ ਅਗੰਮ ਅਪਾਰਿਆ । ਪੁਰਖ ਅਬਿਨਾਸ਼ੀ ਅੱਗੇ ਖੜ੍ਹ, ਆਪ ਫੜਾਏ ਆਪਣੇ ਲੜ, ਇਕ ਬਹਾਏ ਸਚ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਚੁਕਾਏ ਜਮ ਕਾ ਡਰ, ਆਦਿ ਅੰਤ ਏਕਾ ਏਕ ਆਵੇ ਜਾਵੇ ਵਾਰੋ ਵਾਰਿਆ । ਵਾਰੋ ਵਾਰ ਆਏ ਸੰਸਾਰ । ਸ੍ਰਿਸ਼ਟ ਸਬਾਈ ਬੰਨ੍ਹੇ ਧਾਰ । ਗੁਰਮੁਖਾਂ ਦੇਵੇ ਨਾਮ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਏਕਾ ਸਰਨਾ ਧਰਨੀ ਧਰਨਾ ਕਲਜੁਗ ਤੇਰੀ ਅੰਤਮ ਵਾਰ । ਹਰਿ ਸ਼ਬਦ ਅਪਾਰ, ਵਡ ਵਡਿਆਇਆ । ਹਰਿ ਸ਼ਬਦ ਅਪਾਰ, ਖੇਲ ਕਰਤਾਰਿਆ । ਹਰਿ ਸ਼ਬਦ ਅਪਾਰ, ਜਨ ਭਗਤਾਂ ਕਰਾਏ ਮੇਲ ਵਿਚ ਸੰਸਾਰਿਆ । ਹਰਿ ਸ਼ਬਦ ਅਪਾਰ, ਲੋਕਮਾਤ ਰਖਾਵੇ ਉਪਜਾਵੇ ਵਾਰੋ ਵਾਰਿਆ । ਹਰਿ ਸ਼ਬਦ ਅਪਾਰ, ਏਕਾ ਡੰਕ ਰਾਓ ਰੰਕ ਅਠਾਰਾਂ ਵਰਨਾਂ ਏਕਾ ਸਰਨਾ ਆਪੇ ਆਪ ਰਖਾ ਰਿਹਾ । ਹਰਿ ਸ਼ਬਦ ਅਪਾਰ, ਗੁਰਮੁਖਾਂ ਲਾਏ ਆਤਮ ਤਨਕਾ, ਖਿੱਚ ਲਿਆਏ ਚਰਨ ਦਵਾਰ । ਹਰਿ ਸ਼ਬਦ ਅਪਾਰ, ਸੰਤ ਸੁਹੇਲੇ ਤਾਰੇ ਜਿਉਂ ਭਗਤ ਜਨਕਾ, ਆਤਮ ਪੜਦੇ ਦੇਵੇ ਪਾੜ । ਹਰਿ ਸ਼ਬਦ ਅਪਾਰ, ਪਤਤ ਪਾਪੀ ਜਾਏ ਤਾਰ ਜਿਉਂ ਤਾਰੀ ਗਨਕਾ, ਰਸਨਾ ਗਾਏ ਹਰਿ ਨਿਰੰਕਾਰ । ਹਰਿ ਸ਼ਬਦ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਜਪਾਏ ਆਦਿ ਅੰਤ ਵਾਰੋ ਵਾਰ । ਹਰਿ ਸ਼ਬਦ ਅਪਾਰ, ਹਰਿ ਖ਼ੀਨਿਆ । ਹਰਿ ਸ਼ਬਦ ਅਪਾਰ, ਵਡ ਵਡ ਦਾਨਾ ਬੀਨਿਆ । ਹਰਿ ਸ਼ਬਦ ਅਪਾਰ, ਗੁਰਮੁਖ ਵਿਰਲੇ ਰਸਨਾ ਚੀਨਿਆ । ਹਰਿ ਸ਼ਬਦ ਅਪਾਰ, ਤਨ ਮਨ ਕਾਇਆ ਠੰਡਾ ਕਰੇ ਸੀਨਿਆ । ਹਰਿ ਸ਼ਬਦ ਅਪਾਰ, ਅੰਮ੍ਰਿਤ ਸਿੰਚ ਕਾਇਆ ਕਰਾਏ ਠੰਡੀ ਠਾਰ, ਹਰਿ ਸ਼ਬਦ ਅਪਾਰ, ਖੋਲ੍ਹੇ ਬੰਦ ਕਵਾੜ, ਤੱਤੀ ਵਾ ਨਾ ਲੱਗੇ ਹਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਦੁਲਾਰੇ, ਆਪੇ ਪਰਖੇ ਚੰਗੇ ਮਾੜੇ, ਸਚ ਸੱਚ ਸਚ ਨਗੀਨਿਆ । ਹਰਿ ਸ਼ਬਦ ਅਪਾਰ, ਵਥ ਰਘੁਰਾਈਆ । ਹਰਿ ਸ਼ਬਦ ਅਪਾਰ, ਸਰਬ ਕਲਾ ਸਮਰਥ, ਮਾਤਲੋਕ ਸਦਾ ਏਕਾ ਵਸਤ ਟਿਕਾਈਆ । ਹਰਿ ਸ਼ਬਦ ਅਪਾਰ, ਗੁਰਮੁਖਾਂ ਦੇਵੇ ਵਥ, ਸਿਰ ਰੱਖੇ ਦੇ ਕਰ ਹੱਥ, ਆਤਮ ਭੇਵ ਗੁਝ ਖੁਲ੍ਹਾਈਆ । ਹਰਿ ਸ਼ਬਦ ਅਪਾਰ, ਲੱਖ ਚੁਰਾਸੀ ਪਾਈ ਨੱਥ, ਚਾਰੋਂ ਕੁੰਟ ਫਿਰਨ ਵਾਹੋ

੮੪੫
੦੪

ਦਾਹੀਆ । ਹਰਿ ਸ਼ਬਦ ਅਪਾਰ, ਪੰਜਾਂ ਚੋਰਾਂ ਜਾਏ ਮਥ, ਇਕ ਚੜ੍ਹਾਏ ਸ਼ਬਦ ਰਥ, ਲੋਆਂ ਪੁਰੀਆਂ ਪਾਰ ਕਰਾਈਆ । ਹਰਿ ਸ਼ਬਦ ਅਪਾਰ, ਜਨ ਭਗਤਾਂ ਦੇਵੇ ਨਾਮ ਵਥ, ਸ਼ਬਦ ਗਹਿਣਾ ਲੋਕਮਾਤ ਲੈਣਾ, ਹਰਿਜਨ ਸੇਵ ਕਮਾਈਆ । ਪੁਰਖ ਅਬਿਨਾਸ਼ੀ ਸਾਚਾ ਸੈਣਾ, ਦਰਸ ਦਿਖਾਏ ਤੀਜੇ ਨੈਣਾ, ਸੰਤ ਸੁਹੇਲੇ ਮਿਲ ਮਿਲ ਬਹਿਣਾ, ਅਚਰਜ ਰੀਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਦੁਰਮਤ ਮੈਲ ਤਨ ਰਿਹਾ ਧੋਤ, ਹਰਿਜਨ ਰਹੇ ਸਰਨਾਈਆ । ਹਰਿ ਸੰਤ ਅਪਾਰ, ਸਤਿ ਸਰੂਪਿਆ । ਹਰਿ ਸੰਤ ਅਪਾਰ, ਕਰੇ ਪ੍ਰਕਾਸ਼ ਵਿਚ ਅੰਧ ਕੂਪਿਆ । ਹਰਿ ਸੰਤ ਅਪਾਰ, ਜਗਤ ਬੰਧਾਏ ਧਾਰ, ਫੜ ਉਠਾਏ ਵਡ ਵਡ ਸ਼ਾਹੋ ਭੂਪਿਆ । ਹਰਿ ਸੰਤ ਅਪਾਰ, ਮਿਲਿਆ ਮੇਲ ਕੰਤ ਭਤਾਰ, ਵਸੇ ਸਚ ਮਹੱਲ ਉਚ ਮੁਨਾਰ, ਰੰਗ ਮਾਣੇ ਹਰਿ ਭਗਵਾਨ, ਨਾ ਕੋਈ ਜਾਣੇ ਰੇਖ ਰੂਪਿਆ । ਹਰਿ ਸੰਤ ਅਪਾਰ, ਜੀਵ ਜੰਤ ਵਖਾਣੇ ਸਚ ਇਕ ਟਿਕਾਣਿਆ । ਹਰਿ ਸੰਤ ਅਪਾਰ, ਕੁਲਵੰਤ ਸੋਭਾਵੰਤ ਸੁਹਾਗੀ ਨਾਰ, ਜੋਤੀ ਜੋਤ ਸਰੂਪ ਹਰਿ, ਇਕ ਬਿਠਾਏ ਦਇਆ ਕਮਾਏ, ਸਾਚੇ ਸ਼ਬਦ ਬਿਬਾਨਿਆ । ਸ਼ਬਦ ਬਿਬਾਣਾ ਹਰਿ ਕਰਤਾਰ । ਜਨ ਸੰਤਾਂ ਦੇਵੇ ਕਰ ਪਿਆਰ । ਲੋਕਮਾਤ ਉਠਾਏ ਵਾਰੋ ਵਾਰ । ਸੁਖ ਸਹਿਜ ਸਮਾਏ, ਘਰ ਇਕ ਵਖਾਏ ਦਰ ਦਵਾਰ । ਨਾਮ ਵਸਤ ਹਰਿ ਝੋਲੀ ਪਾਏ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਸ਼ਬਦ ਅਧਾਰ । ਹਰਿ ਸੰਤ ਹਰਿ ਦੁਲਾਰਾ । ਆਦਿ ਅੰਤ ਨਾਮ ਵਣਜਾਰਾ । ਬੈਠ ਇਕੰਤ ਵੇਖ ਵਖਾਣੇ ਘਰ ਸਚ ਟਿਕਾਣੇ, ਨਾ ਕੋਈ ਦੀਸੇ ਚਾਰ ਦੀਵਾਰਾ । ਆਤਮ ਰੰਗ ਸਾਚਾ ਮਾਣੇ, ਨਾ ਕੋਈ ਜਾਣੇ ਜਗਤ ਕਾਣੇ, ਮਿਲਿਆ ਮੇਲ ਪੁਰਖ ਅਪਾਰਾ । ਜੀਵ ਜੰਤ ਵੰਞ ਮੁਹਾਣੇ, ਏਕਾ ਦੇਵੇ ਨਾਮ ਨਿਧਾਨੇ, ਗੁਣਵੰਤ ਗੁਣੀ ਗੁਣਕਾਰਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਦਿ ਅੰਤ ਜੁਗਾ ਜੁਗੰਤ, ਏਕਾ ਮਿਲੇ ਮੀਤ ਮੁਰਾਰਾ, ਮੀਤ ਮੁਰਾਰਾ ਹਰਿ ਨਿਰੰਕਾਰਾ । ਅੱਠੇ ਪਹਿਰ ਕਰੇ ਪਿਆਰਾ । ਵੇਲਾ ਵਕਤ ਨਾ ਰਿਹਾ ਵਿਚਾਰਾ । ਸ਼ਬਦ ਦੱਸੇ ਤਿਖੀ ਧਾਰਾ । ਇਕ ਫੜਾਏ ਹੱਥ ਕਟਾਰਾ । ਮਾਰੀ ਜਾਏ ਵਾਰੋ ਵਾਰਾ । ਹਉਮੇ ਰੋਗ ਰਿਹਾ ਨਿਵਾਰਾ । ਆਤਮ ਜੋਤੀ ਕਰ ਉਜਿਆਰਾ । ਮੇਟ ਮਿਟਾਏ ਅੰਧ ਅੰਧਿਆਰਾ । ਜਗੇ ਜੋਤ ਅਗੰਮ ਅਪਾਰਾ । ਮਿਲੇ ਮੇਲ ਪੁਰਖ ਭਤਾਰਾ । ਸੋਹੰ ਤ੍ਰਿੱਖੀ ਧਾਰਾ । ਕਲਜੁਗ ਤੇਰੀ ਅੰਤਮ ਵਾਰਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਸ਼ਬਦ ਭੰਡਾਰ ਰਿਹਾ ਭਰ, ਮਾਤਲੋਕ ਨਾ ਆਏ ਹਾਰਾ । ਹਰਿ ਮੂਰਤ ਅਕਾਲ, ਨੂਰ ਨੁਰੰਤਿਆ । ਹਰਿ ਮੂਰਤ ਅਕਾਲ, ਜੋਤ ਭਗਵੰਤਿਆ । ਹਰਿ ਮੂਰਤ ਅਕਾਲ ਸਚ ਧਾਮ ਰਹੰਤਿਆ । ਹਰਿ ਮੂਰਤ ਅਕਾਲ, ਤ੍ਰੈਲੋਆਂ ਇਕ ਅਕਾਰ ਰਖੰਤਿਆ । ਹਰਿ ਮੂਰਤ ਅਕਾਲ, ਨਾ ਕੋਈ ਜਾਣੇ ਜੀਵ ਜੰਤ ਗਵਾਰ, ਭਰਮ ਭੁਲਾਏ ਸਾਧਨ ਸੰਤਿਆ । ਹਰਿ ਮੂਰਤ ਅਕਾਲ, ਗੁਰੂਆਂ ਪੀਰਾਂ ਮਾਰੇ ਕਲਜੁਗ ਤੇਰੀ ਅੰਤਮ ਵਾਰ, ਦੂਸਰ ਦਰ ਨਾ ਕੋਈ ਵਖੰਤਿਆ । ਹਰਿ ਮੂਰਤ ਅਕਾਲ, ਇਕ ਹਰਿ ਸੱਚੀ ਸਰਕਾਰ, ਚਾਰ ਵਰਨ ਏਕਾ ਸਰਨ ਰਖੰਤਿਆ । ਹਰਿ ਮੂਰਤ ਅਕਾਲ, ਅੱਠੇ ਪਹਿਰ ਖ਼ਬਰਦਾਰ, ਹਰਿ ਮੂਰਤ ਅਕਾਲ, ਨਾ ਕੋਈ ਪਾਵੇ ਸਾਰ, ਹਰਿ ਨਰਾਇਣ ਸਹਿਜ ਸੁਖਵੰਤਿਆ । ਹਰਿ ਮੂਰਤ ਅਕਾਲ, ਆਪ ਨੁਹਾਏ ਏਕਾ ਸਾਚੇ ਤਾਲ, ਸਤਿ ਸਰੋਵਰ ਇਕ ਇਸ਼ਨਾਨ ਕਰੰਤਿਆ । ਹਰਿ ਮੂਰਤ ਅਕਾਲ, ਜਨ ਭਗਤਾਂ ਕਰੇ ਪ੍ਰਿਤਪਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜਨ ਭਗਤ ਟੇਕ ਆਦਿਨ ਅੰਤਿਆ । ਹਰਿ ਮੂਰਤ ਅਕਾਲ, ਇਕ ਓਅੰਕਾਰ ਹੈ । ਹਰਿ ਮੂਰਤ ਅਕਾਲ, ਸ਼ਬਦ ਸਾਚੀ ਧਾਰ ਹੈ ।


੮੪੬ ੦੪

ਹਰਿ ਮੂਰਤ ਅਕਾਲ, ਪਵਣ ਸਵਾਸੀ ਘਟ ਘਟ ਵਾਸੀ, ਜੀਆਂ ਜੰਤਾਂ ਪਾਏ ਸਾਰ ਹੈ । ਹਰਿ ਮੂਰਤ ਅਕਾਲ, ਮਾਨਸ ਜਨਮ ਕਰੇ ਰਹਿਰਾਸੀ, ਆਪ ਕਟਾਏ ਜਮ ਕੀ ਫਾਸੀ, ਗੁਰਮੁਖਾਂ ਰਿਹਾ ਸੁਰਤ ਸੰਭਾਲ ਹੈ । ਹਰਿ ਮੂਰਤ ਅਕਾਲ, ਗੁਰਮੁਖ ਬਣਾਏ ਸ਼ਬਦ ਸਵਾਸੀ, ਆਤਮ ਜੋਤ ਕਰੇ ਪ੍ਰਕਾਸ਼ੀ, ਆਤਮ ਦੀਪਕ ਕਰ ਉਜਿਆਰ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਸੇ ਸਦ ਬਾਹਰ ਹੈ । ਹਰਿ ਮੂਰਤ ਅਕਾਲ ਵਿਚ ਦਰਬਾਰਿਆ । ਜਗੇ ਜੋਤ ਇਕ ਗੁਲਾਲ, ਅੰਤ ਨਾ ਪਾਰਾਵਾਰਿਆ । ਸ਼ਬਦ ਰੱਖੇ ਇਕ ਦਲਾਲ, ਕਲਜੁਗ ਤੇਰੀ ਅੰਤਮ ਵਾਰਿਆ । ਚਾਰ ਵਰਨਾਂ ਏਕਾ ਸਰਨਾਂ, ਰਾਓ ਰੰਕ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ, ਏਕਾ ਰਾਹ ਵਖਾ ਰਿਹਾ । ਨਾ ਕੋਈ ਜਾਣੇ ਜੀਵ ਜਹਾਨਾ, ਗੁਰਮੁਖਾਂ ਬੰਨ੍ਹੇ ਆਤਮ ਗਾਨਾ, ਸ਼ਬਦ ਡੋਰੀ ਨਾਲ ਬੰਧਾ ਰਿਹਾ । ਏਕਾ ਝੁੱਲੇ ਜਗਤ ਨਿਸ਼ਾਨਾ, ਸਾਚਾ ਲੇਖ ਹਰਿ ਲਿਖਾਏ, ਸੱਤਾਂ ਦੀਪਾਂ ਵੰਡ ਕਰਾਨਾਂ, ਨੌਵਾਂ ਖੰਡਾਂ ਬਣਤ ਬਣਾ ਰਿਹਾ । ਜੋਤੀ ਜੋਤ ਕੋਟਨ ਭਾਨਾ, ਨਾ ਕੋਈ ਜਾਣੇ ਬ੍ਰਹਮ ਗਿਆਨਾ, ਹੱਥ ਨਾ ਆਏ ਵੇਦ ਪੁਰਾਨਾ, ਖਾਣੀ ਬਾਣੀ ਨਰ ਪਛਾਣਾ, ਕਲਜੁਗ ਅੰਤਮ ਅੰਤ ਆਪਣਾ ਭਾਣਾ ਹਰਿ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਧਾਰ ਵਿਚ ਸੰਸਾਰ ਆਪ ਆਪਣੀ ਆਪ ਬਣਾ ਰਿਹਾ ।

❋ ੨੧ ਮਾਘ ੨੦੧੧ ਬਿਕ੍ਰਮੀ ਸੰਤ ਲਾਭ ਸਿੰਘ ਨਾਲ ਬਚਨ ਹੋਏ ਪਿੰਡ ਸੈਦਪੁਰ ਜ਼ਿਲਾ ਅੰਮ੍ਰਿਤਸਰ ❋

ਗੁਰ ਪ੍ਰਸਾਦਿ ਕਿਰਪਾ ਧਾਰੀ । ਸੰਤ ਸੁਹੇਲੇ ਲਾਧ, ਦੇਵੇ ਵਸਤ ਇਕ ਅਪਾਰੀ । ਕਿਰਪਾ ਕਰ ਮਾਧਵ ਮਾਧ, ਦੇਵੇ ਦਰਸ ਅਗੰਮ ਅਪਾਰੀ । ਜੋਤੀ ਜੋਤ ਸਰੂਪ ਹਰਿ, ਵਡ ਦਾਤਾ ਸ਼ਬਦ ਭੰਡਾਰੀ । ਇਕ ਵਜਾਏ ਆਤਮ ਨਾਦ, ਅਨਾਦ ਅਨਾਦਾ ਧੁਨ ਧੁਨਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਏਕਾ ਸ਼ਬਦ ਤਨ ਅਧਾਰੀ । ਗੁਰ ਪ੍ਰਸਾਦਿ ਗੁਰ ਚਰਨ ਪਿਆਰਾ । ਪ੍ਰਭ ਅਬਿਨਾਸ਼ੀ ਸਾਚੀ ਧਾਰਾ । ਲੋਕਮਾਤ ਕਲ ਵਣਜ ਕਰਾਏ, ਏਕਾ ਨਾਮ ਅਪਰ ਅਪਾਰਾ । ਸਵੇਰ ਸੰਞ ਨਾ ਕੋਈ ਰਖਾਏ, ਮੇਟ ਮਿਟਾਏ ਅੰਧ ਅੰਧਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨਿਸ਼ਾਨਾ ਹਰਿ ਭਗਵਾਨਾ ਸ਼ਬਦ ਮੁਹਾਣਾ ਵੰਞ ਲਿਆਇਆ । ਸ਼ਬਦ ਵੰਞ ਨਾਮ ਮੁਹਾਣਾ । ਪ੍ਰਭ ਅਬਿਨਾਸ਼ੀ ਲੋਕਮਾਤ ਮਾਰ ਝਾਤ ਆਪ ਲਗਾਣਾ । ਆਪੇ ਰਹੇ ਇਕ ਇਕਾਂਤ, ਜਲ ਥਲ ਵਲ ਛਲ ਕਰ ਕਰ ਬਲ ਬਲ ਆਪ ਆਪਣਾ ਖੇਲ ਰਚਾਣਾ । ਜੋਤੀ ਜੋਤ ਸਰੂਪ ਹਰਿ, ਗੁਰ ਪ੍ਰਸਾਦੀ ਆਦਿ ਜੁਗਾਦੀ ਅਨਾਦ ਅਨਾਦੀ ਸ਼ਬਦ ਬ੍ਰਿਹਮਾਦੀ ਗੁਰਮੁਖ ਆਤਮ ਭਰਪੂਰਿਆ, ਸਤਿ ਸਰੋਵਰ ਏਕਾ ਨੂਰ ਹਾਜ਼ਰ ਹਜ਼ੂਰ ਆਪ ਆਪਣਾ ਦਰਸ ਦਿਖਾਣਾ । ਮਨ ਤ੍ਰਿਪਤ ਕਾਇਆ ਤ੍ਰਿਪਤਾਸ । ਆਪੇ ਕਟੇ ਜਗਤ ਬਿਪਤ, ਦੁੱਖ ਨਾ ਲੱਗੇ ਕਾਇਆ ਨਾੜੀ ਹੱਡ ਮਾਸ । ਪੁਰਖ ਅਬਿਨਾਸ਼ੀ ਸਾਚੀ ਸਿਫਤ, ਸਦਾ ਸੁਹੇਲਾ ਵਸੇ ਆਸ ਪਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਨਸ ਜਨਮ ਕਰਾਏ ਰਾਸ । ਸੋਹੰ ਬੰਕ ਦਵਾਰ, ਦਰ ਦਵਾਰਿਆ । ਕਿਰਪਾ ਕਰ ਹਰਿ ਨਿਰੰਕਾਰ, ਚੜ੍ਹ ਕੇ ਆਏ ਸਾਚੇ ਤਾਜਿਆ । ਆਪੇ ਸ਼ਬਦੀ ਬੋਲੇ ਖੋਲ੍ਹੇ ਬੰਦ ਕਵਾੜ, ਸਾਚਾ ਸਾਜਨ ਜਿਸ ਜਨ ਸਾਜਿਆ । ਵਾ ਲੱਗੇ ਅੱਗੇ ਤੱਤੀ ਹਾੜ, ਨਾ ਵੱਜੇ ਸਾਚਾ ਵਾਜਿਆ । ਦਰ

੮੪੭
੦੪

ਘਰ ਸਾਚੇ ਲੈਣਾ ਵਾੜ, ਜਗੇ ਜੋਤ ਬਹੱਤਰ ਨਾੜ, ਭਰਮ ਭੁਲੇਖਾ ਜਾਏ ਭਾਗਿਆ । ਮਾਇਆ ਜੋਤੀ ਦੇਣੀ ਸਾੜ, ਸ਼ਬਦ ਮਾਰੇ ਕਾੜ ਕਾੜ, ਪਰ੍ਹੇ ਹੋਏ ਝੂਠੀ ਧਾੜ, ਰੱਖੇ ਲਾਜ ਲਾਜਨ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਆਏ ਏਕਾ ਏਕ ਭਾਗਿਆ । ਸਾਚਾ ਦਰ ਦਵਾਰ ਬੰਦ ਦਵਾਰਿਆ । ਦਸਵੇਂ ਨੂਰ ਅਪਾਰ ਗਰੀਬ ਨਿਵਾਜਿਆ । ਜੋਤੀ ਭੇਖ ਅਪਾਰ, ਸ਼ਬਦੀ ਨਾਦਿਆ । ਏਕਾ ਏਕ ਅਪਾਰ, ਹਰਿ ਨਿਰੰਕਾਰ, ਗੁਰਮੁਖ ਵਿਰਲੇ ਮਾਤ ਲਾਧਿਆ । ਸੋਲਾਂ ਕਰੇ ਸ਼ਿੰਗਾਰ, ਗੁਰਮੁਖ ਸਾਚਾ ਸਾਚੀ ਨਾਰ, ਮਿਲੇ ਮੇਲ ਕੰਤ ਭਤਾਰ, ਦੇਵੇ ਨਾਮ ਸੱਚਾ ਦਾਜਿਆ । ਸਾਚਾ ਕਰੇ ਵਣਜ ਵਪਾਰ, ਮਾਨਸ ਦੇਹੀ ਅਪਰ ਅਪਾਰ, ਵੇਲੇ ਅੰਤ ਨਾ ਜਾਏ ਹਾਰਿਆ । ਦਰ ਘਰ ਸਾਚੇ ਮੇਲੇ ਇਕ ਅਕੇਲੇ, ਆਪ ਸਵਾਰੇ ਲੋਕਮਾਤ ਜਨ ਭਗਤਾਂ ਜੋਤੀ ਕਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰੇ ਉਚ ਮਹੱਲ ਜਗਤ ਮੁਨਾਰੇ ਆਇਆ ਭਾਜਿਆ । ਉਚ ਮਹੱਲ ਇਕ ਅਟੱਲਾ । ਪੁਰਖ ਅਬਿਨਾਸ਼ੀ ਵੇਖ ਵਿਚਾਰੇ, ਜੰਗਲ ਜੂਹ ਉਜਾੜ ਪਹਾੜ ਜਲ ਥਲਾ । ਗੁਰਮੁਖ ਸਾਚੇ ਸੰਤ ਦੁਲਾਰੇ, ਆਪ ਵਸਾਏ ਘਰ ਅਪਾਰੇ, ਜੋਤੀ ਜੋਤ ਸਰੂਪ ਹਰਿ, ਸਦਾ ਵਸੇਰਾ ਇਕ ਘਰ ਨਿਹਚਲਾ ਧਾਮ ਅਚੱਲਾ । ਆਏ ਦਰ ਦਵਾਰ ਸੰਤ ਸੁਜਾਨਿਆ । ਖੋਲ੍ਹ ਬੰਦ ਕਵਾੜ, ਵਿਸ਼ਨੂੰ ਭਗਵਾਨਿਆ । ਨੇੜ ਨਾ ਆਏ ਪੰਚਾਂ ਧਾੜ, ਸ਼ਬਦ ਫਿਰੇ ਪਿੱਛੇ ਅਗਾੜ, ਸਾਚਾ ਸਮਾਂ ਸੁਹਾਨਿਆ । ਜੋਤੀ ਨੂਰ ਇਕ ਅਕਾਲਾ ਹਰਿ ਕਿਰਪਾਲਾ ਦੀਨ ਦਿਆਲਾ ਜਗੇ ਜੋਤ ਬਹੱਤਰ ਨਾੜ, ਕਲਜੁਗ ਲਾਹੇ ਦਾਗ ਕਾਲਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਦੱਸਣ ਆਇਆ ਇਕ ਰਾਹ ਸੁਖਾਲਿਆ । ਸੱਚਾ ਰਾਹ ਏਕਾ ਦੱਸੇ, ਗੁਰਮੁਖਾਂ ਦੇ ਹਿਰਦੇ ਵਸੇ । ਬੇਮੁਖਾਂ ਤੋਂ ਡਰ ਡਰ ਨੱਸੇ । ਸ਼ਬਦ ਤੀਰ ਏਕਾ ਕਸੇ । ਕਲਜੁਗ ਅੰਧੇਰੀ ਰੈਣ ਜਿਉਂ ਚੰਦ ਮੱਸੇ । ਗੁਰਮੁਖ ਸਾਚਾ ਸੰਤ ਸੁਹੇਲਾ ਆਏ ਚਲ ਬੰਕ ਦਵਾਰੀ ਖਿੜ ਖਿੜ ਹੱਸੇ । ਸਾਚੇ ਬੰਕ ਦਵਾਰ ਆਪ ਸੁਹਾਨਿਆ । ਨਾਵੇਂ ਦਰ ਨਾ ਦਿਸੇ ਹਰਿ, ਪੂਰਬ ਕਰਮ ਆਪ ਪਛਾਨਿਆ । ਆਪ ਚੁਕਾਏ ਅਗਲਾ ਪਿਛਲਾ ਡਰ, ਏਕਾ ਜੋਤ ਸ੍ਰੀ ਭਗਵਾਨਿਆ । ਨਾ ਜਨਮੇ ਨਾ ਜਾਏ ਮਰ, ਆਦਿ ਪੁਰਖ ਦੀ ਸਚ ਨਿਸ਼ਾਨੀਆ । ਸਾਚੀ ਕਰਨੀ ਰਿਹਾ ਕਰ, ਲੋਕਮਾਤ ਮਾਰ ਝਾਤ ਹਰਿ ਵਡ ਬਲੀ ਬਲਵਾਨਿਆ । ਜਨ ਭਗਤਾਂ ਦੇਵੇ ਸ਼ਬਦ ਸੁਗਾਤ, ਆਤਮ ਮਿਟੇ ਅੰਧੇਰੀ ਰਾਤ, ਵੱਜੇ ਤੀਰ ਏਕਾ ਕਾਨੀਆ । ਆਤਮ ਵੇਖ ਮਾਰ ਝਾਤ, ਬੈਠਾ ਦਿਸੇ ਇਕ ਇਕਾਂਤ, ਸਤਿ ਸਰੂਪ ਸਤਿ ਸਤਿਵਾਦੀ ਬੋਧ ਅਗਾਧੀ, ਅੰਤਮ ਹਰਿ ਗੁਣ ਨਿਧਾਨਿਆ । ਆਤਮ ਘਰ ਗੁਣ ਨਿਧਾਨ । ਵਸੇ ਹਰਿ ਸਰਬ ਘਟ ਜਾਣ । ਗੁਰਮੁਖਾਂ ਖੋਲ੍ਹੇ ਬੰਦ ਦਰ ਨੌਂ ਨਿਧ ਨਿਧ ਨਿਧਾਨ । ਇਕ ਵਖਾਏ ਸਚ ਘਰ, ਜਗੇ ਜੋਤ ਹਰਿ ਬਲਵਾਨ । ਆਪ ਆਪਣੀ ਕਿਰਪਾ ਕਰ, ਚਲ ਕੇ ਆਇਆ ਸਾਚੇ ਘਰ, ਝੁੱਲਦਾ ਦਿਸੇ ਇਕ ਨਿਸ਼ਾਨ, ਏਕਾ ਝੂਲੇ ਮਾਤ ਨਿਸ਼ਾਨ । ਸੋਹੰ ਲੇਖ ਲੇਖ ਲਿਖਾਨ । ਏਕਾ ਦੂਜਾ ਭੇਵ ਮਿਟਾਨ । ਗੁਰਮੁਖ ਸਾਚਾ ਨਾ ਕਦੇ ਸੋਇਆ, ਪੁਰਖ ਅਬਿਨਾਸ਼ੀ ਆਪ ਜਗਾਨ । ਅੰਮ੍ਰਿਤ ਮੇਘ ਸਾਚਾ ਚੋਇਆ ਮਿਲੇ ਹਰਿ ਜਗਤ ਨਿਧਾਨ । ਧੁਰਦਰਗਾਹੀ ਸਾਚਾ ਢੋਆ, ਏਕਾ ਸ਼ਬਦ ਵਡ ਬਿਬਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਸਚ ਘਰ, ਨੌਂ ਨਿਧ ਅਠਾਰਾਂ ਸਿੱਧ, ਚਾਰੋਂ ਕੁੰਟਾਂ ਹੋਈ ਹੈਰਾਨ । ਸਤਿਗੁਰ ਪੂਰਾ ਜਾਗੇ ਜਗਤ ਜਗਾਇੰਦਾ । ਗੁਰਮੁਖ ਵਿਰਲਾ ਚਰਨੀ ਲਾਗੇ, ਸਚ ਵਸਤ ਹਰਿ ਝੋਲੀ ਪਾਇੰਦਾ । ਲੋਕਮਾਤ ਹੋਏ ਵਡ ਵਡਭਾਗੇ, ਮਾਨਸ ਜਨਮ ਸੁਫ਼ਲ ਕਰਾਇੰਦਾ । ਇਕ


੮੪੮
੦੪

ਸੁਣਾਏ ਸਾਚਾ ਰਾਗੇ, ਸ਼ਬਦ ਧੁਨ ਇਕ ਉਪਜਾਇੰਦਾ । ਆਪ ਬਣਾਏ ਹੰਸ ਕਾਗੇ, ਸੋਹੰ ਸਾਚੀ ਚੋਗ ਚੁਗਾਇੰਦਾ । ਅਗਲੇ ਪਿੱਛਲੇ ਧੋਵੇ ਦਾਗੇ, ਮਿਲਿਆ ਮੇਲ ਕੰਤ ਸੁਹਾਗੇ, ਲੱਖ ਚੁਰਾਸੀ ਫੰਦ ਕਟਾਇੰਦਾ । ਬੇਮੁਖ ਦਰ ਤੋਂ ਜਾਇਣ ਭਾਗੇ, ਆਤਮ ਬੁਝੇ ਨਾ ਤ੍ਰਿਸ਼ਨਾ ਆਗੇ, ਮਾਇਆ ਮਮਤਾ ਜਾਲ ਵਿਛਾਇੰਦਾ । ਗੁਰਮੁਖਾਂ ਪਕੜੇ ਆਪੇ ਵਾਗੇ, ਖੇਲ ਰਚਾਏ ਇੱਕੀ ਮਾਘੇ ਸੰਤ ਸੁਹੇਲਾ ਦਰ ਘਰ ਸਾਚੇ ਆਪੇ ਆਵੇ ਆਪ ਕਰਾਏ ਆਪਣਾ ਕਾਜੇ, ਡੋਰ ਆਪਣੇ ਹੱਥ ਰਖਾਇੰਦਾ । ਆਪੇ ਗੁਰ ਆਪੇ ਚੇਲਾ, ਬੇਮੁਖਾਂ ਹੋਏ ਵਕਤ ਦੁਹੇਲਾ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਸਾਚੀ ਬਣਤ ਬਣਾਇੰਦਾ । ਧਰਮ ਰਾਏ ਦੀ ਕਟੇ ਜੇਲਾ, ਗੁਰਮੁਖਾਂ ਰੱਖੇ ਏਕਾ ਸੰਗ ਸਾਚੇ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂਆਂ ਪੀਰਾਂ ਸ਼ਬਦ ਧਾਰ ਬੰਨ੍ਹਾਇੰਦਾ । ਸ਼ਬਦ ਧਾਰ ਹਰਿ ਨਿਰੰਕਾਰ । ਲੋਕਮਾਤ ਦੇਵੇ ਵਾਰੋ ਵਾਰ । ਗੁਰਮੁਖ ਸਾਚੇ ਆਤਮ ਵੇਖ ਮਾਰ ਝਾਤ, ਅੰਮ੍ਰਿਤ ਦੇਵੇ ਬੂੰਦ ਸਵਾਂਤ, ਕਾਇਆ ਰੱਖੇ ਠੰਡੀ ਠਾਰ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪ ਬੰਨ੍ਹਾਏ ਚਰਨ ਨਾਤ, ਆਪੇ ਪਿਤਾ ਆਪੇ ਮਾਤਾ ਸਤਿਗੁਰ ਪੂਰਾ ਨੀਰ ਵਿਰੋਲੇ ਸਾਚੀ ਜੋਤੀ ਨੂਰ ਟਿਕਾਇੰਦਾ । ਮਿਲੇ ਵਡਿਆਈ ਲੋਕਮਾਤ, ਗੁਰਮੁਖ ਬਣਾਏ ਸਚ ਬਰਾਤ, ਏਕਾ ਜੋਤੀ ਹਰਿ ਟਿਕਾਇੰਦਾ । ਸਚ ਮਹੱਲ ਇਕ ਅਟੱਲ ਇਕਾਂਤ, ਨਾ ਕੋਈ ਦਿਵਸ ਨਾ ਕੋਈ ਰਾਤ, ਅੱਠੇ ਪਹਿਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਸਤਿਗੁਰ ਪੂਰੇ ਹਾਜ਼ਰ ਹਜ਼ੂਰੇ, ਸ਼ਬਦ ਤੂਰੇ ਏਕਾ ਨਾਦ ਵਜਾਇੰਦਾ । ਏਕਾ ਨਾਦ ਧੁਨ ਅਨਹਦ ਤੂਰੇ । ਤੁਟੇ ਮੁਨ ਸੁਨ ਹਾਜ਼ਰ ਹਜ਼ੂਰੇ । ਕਵਣ ਜਾਣੇ ਪ੍ਰਭ ਤੇਰੇ ਗੁਣ, ਬੇਮੁਖਾਂ ਦਿਸਣ ਦੂਰੇ । ਲੱਖ ਚੁਰਾਸੀ ਵਿਚੋਂ ਚੁਣ, ਆਪੇ ਕਰੇ ਛਾਣ ਪੁਣ, ਆਪੇ ਲਾਹੇ ਜਗਤ ਵਸੂਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਉਪਜਾਏ ਸਾਚੇ ਸੂਰੇ । ਹਰਿ ਸ਼ਬਦ ਅਪਾਰ ਚਾਰੋਂ ਕੁੰਟ ਢੰਡੋਰਿਆ । ਗੁਰਮੁਖ ਵਿਰਲਾ ਪਾਏ ਸਾਰ, ਪੁਰਖ ਅਬਿਨਾਸ਼ੀ ਚਾਰੋਂ ਕੁੰਟ ਫਿਰੇ ਦੌੜਿਆ । ਏਕਾ ਕਰੇ ਚਾਰ ਵਰਨ ਚਾਰ ਕੁੰਟ ਬੰਨ੍ਹੇ ਧਾਰ, ਵੇਖ ਵਖਾਣੇ ਸਰਬ ਸੰਸਾਰਿਆ, ਆਪੇ ਵੇਖੇ ਮਿੱਠੇ ਕੌੜਿਆ । ਸ਼ਬਦ ਰੱਖੇ ਤਿੱਖੀ ਧਾਰ, ਬਜ਼ਰ ਕਪਾਟੀ ਜਾਏ ਪਾੜ, ਨੇੜ ਨਾ ਆਏ ਮੌਤ ਲਾੜ, ਗੁਰਮੁਖ ਚੜ੍ਹਿਆ ਸਾਚੇ ਘੋੜਿਆ । ਪੰਜਾਂ ਚੋਰਾਂ ਦੇਵੇ ਝਾੜ, ਜੋਤ ਜਗੇ ਬਹੱਤਰ ਨਾੜ, ਦਰ ਘਰ ਸਾਚੇ ਦੇਵੇ ਵਾੜ, ਧੁਰਦਰਗਾਹੀ ਬੇਪਰਵਾਹੀ ਲੋਕਮਾਤ ਆਵੇ ਦੌੜਿਆ । ਲੋਕਮਾਤ ਬਣਾਏ ਇਕ ਅਖਾੜ, ਨੌਂ ਖੰਡ ਪ੍ਰਿਥਮੀ ਦੇਵੇ ਸਾੜ, ਲੇਖ ਲਿਖਾਏ ਸਤਾਰਾਂ ਹਾੜ, ਨਾ ਕੋਈ ਜਾਣੇ ਬ੍ਰਾਹਮਣ ਗੌੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਆਪ ਚੜ੍ਹਾਏ ਸਾਚੇ ਪੌੜਿਆ । ਏਕਾ ਪੌੜਾ ਮਾਤ ਲਗਾਉਣਾ । ਗੁਰਮੁਖ ਸਾਚਾ ਪਾਰ ਲੰਘਾਉਣਾ । ਸ਼ਬਦ ਧਾਰ ਇਕ ਚਲਾਉਣਾ । ਅਠਾਰਾਂ ਬਰਨ ਇਕ ਕਰਾਉਣਾ । ਸੁਘੜ ਸਿਆਣਾ ਚਤੁਰ ਸੁਜਾਨਾ, ਹਰਿ ਭਗਵਾਨ ਆਪ ਅਖਵਾਉਣਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਏਕਾ ਬਖ਼ਸ਼ੇ ਚਰਨ ਧਿਆਨਾ, ਬੇਮੁਖਾਂ ਮਿਟੇ ਨਾਮ ਨਿਸ਼ਾਨਾ, ਰਸਨਾ ਤੀਰ ਇਕ ਚਲਾਉਣਾ । ਜਗਤ ਛੁਡਾਏ ਪੀਣਾ ਖਾਣਾ, ਦਰ ਬਹਾਏ ਬੀਨਾ ਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਏਕਾ ਰੰਗਣ ਰੰਗ ਰੰਗਾ ਰਿਹਾ । ਚਾੜ੍ਹੇ ਰੰਗਣ ਰੰਗ ਨਾਮ ਭਗਤ ਲਲਾਰੀਆ । ਏਕਾ ਦਰ ਲੈਣਾ ਮੰਗ, ਨਾ ਹੋਏ ਮਾਤ ਖੁਆਰੀਆ । ਪੁਰਖ ਅਬਿਨਾਸ਼ੀ ਸਦਾ ਸੁਹੇਲਾ ਅੰਗ ਸੰਗ, ਅੱਠੇ ਪਹਿਰ ਪਹਿਰੇਦਾਰਿਆ ।

੮੫੦
੦੪

ਆਪੇ ਕਟੇ ਭੁੱਖ ਨੰਗ, ਸ਼ਬਦ ਘੋੜੇ ਕਸੇ ਤੰਗ, ਬੇਮੁਖ ਭੰਨੇ ਕੱਚੀ ਵੰਗ, ਹੋਏ ਆਪ ਅਸਵਾਰਿਆ । ਧਰਤ ਮਾਤ ਲਹੂ ਰੰਗੇ ਰੰਗ, ਲੱਖ ਚੁਰਾਸੀ ਹੋਏ ਭੰਗ, ਏਕਾ ਮਾਰੇ ਸ਼ਬਦ ਡੰਗ, ਤਿੱਖੀ ਧਾਰ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਏਕਾ ਬੰਨ੍ਹੇ ਧਾਰ ਵਿਚ ਸੰਸਾਰਿਆ । ਸਾਚੀ ਬੰਨ੍ਹੇ ਧਾਰ ਜਗਤ ਸੁਣਾਇੰਦਾ । ਪੂਰਬ ਕਰਮ ਰਿਹਾ ਵਿਚਾਰ, ਗੁਰਮੁਖ ਸਾਚੇ ਸੰਤ ਸੁਹੇਲੇ ਆਪ ਉਠਾਇੰਦਾ । ਭੁਲੇ ਫਿਰਨ ਜੀਵ ਗਵਾਰ, ਸਾਚਾ ਰਾਹ ਨਾ ਕੋਈ ਵਖਾਇੰਦਾ । ਏਕਾ ਦੇਵੇ ਸ਼ਬਦ ਅਧਾਰ, ਆਤਮ ਜੋਤੀ ਕਰ ਅਕਾਰ । ਧੁਨੀ ਨਾਦ ਮਾਰੇ ਅਵਾਜ਼, ਗੁਰਮੁਖ ਸੋਏ ਆਪ ਉਠਾਇੰਦਾ । ਗੁਰਮੁਖ ਸਾਚੇ ਲਏ ਲਾਧ, ਪ੍ਰਗਟ ਹੋਏ ਮਾਧਵ ਮਾਧ, ਜੋਤੀ ਜਾਮਾ ਹਰਿ ਬਲਵਾਨਾ, ਵਾਲੀ ਦੋ ਜਹਾਨਾਂ ਲੋਕਮਾਤ ਪਾਇੰਦਾ । ਸ਼ਬਦ ਪਕੜੇ ਤੀਰ ਕਮਾਨਾ, ਮੇਟ ਮਿਟਾਏ ਰਾਜ ਰਾਜਾਨਾ, ਨਾ ਕੋਈ ਚਤੁਰ ਸੁਜਾਨਾ, ਨਾ ਕੋਈ ਜਾਣੇ ਬ੍ਰਹਮ ਗਿਆਨਾ, ਭੇਦ ਨਾ ਪਾਇਣ ਵੇਦ ਪੁਰਾਨਾ, ਅੰਜੀਲ ਕੁਰਾਨ ਦਿਸ ਨਾ ਆਇੰਦਾ । ਆਪੇ ਜਾਣੇ ਆਪਣਾ ਭਾਣਾ, ਹਰਿ ਵਡਾ ਸ਼ਾਹ ਸੁਲਤਾਨਾ, ਕਲਜੁਗ ਅੰਤਮ ਅੰਤ ਗੁਰਮੁਖ ਸਾਚੇ ਸੰਤ, ਫੜ ਫੜ ਬਾਹੋਂ ਆਪ ਉਠਾਇੰਦਾ । ਕਲਜੁਗ ਜੀਵਾਂ ਮਾਇਆ ਪਾਏ ਬੇਅੰਤ, ਨਾ ਕੋਈ ਜਾਣੇ ਸਾਧ ਸੰਤ, ਸਾਚਾ ਕੰਤ ਦਿਸ ਨਾ ਆਇੰਦਾ । ਲੱਖ ਚੁਰਾਸੀ ਭੁੱਲੀ ਮਾਇਆ ਰੁਲੀ, ਜੀਵ ਜੰਤ ਭਰਮ ਭੁਲੇਖੇ ਹਰਿ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਸਾਚੀ ਬਣਤ ਬਣਾਇੰਦਾ । ਆਤਮ ਭਾਗ ਮੇਲ ਮਿਲਾਵਾ ਸਾਚੇ ਕੰਤਿਆ । ਮਾਇਆ ਡੱਸਣੀ ਨਾ ਡੱਸੇ ਨਾਗ, ਗੁਰਮੁਖ ਨਾ ਬਣੇ ਹੰਸ ਕਾਗ, ਮਾਨਸ ਦੇਹੀ ਨਾ ਲੱਗੇ ਦਾਗਿਆ । ਪੁਰਖ ਅਬਿਨਾਸ਼ੀ ਗਿਆ ਜਾਗ, ਗੁਰਸਿਖਾਂ ਬੁਝਾਏ ਤ੍ਰਿਸ਼ਨਾ ਆਗ, ਦਰ ਦਵਾਰੇ ਆਤਮ ਘਰ ਸਾਚੇ ਸਰ ਆਵੇ ਭਾਗਿਆ । ਮੇਲ ਮਿਲਾਵਾ ਕੰਤ ਸੁਹਾਗ, ਸ਼ਬਦ ਮਿਲੇ ਕਾਇਆ ਤਾਗ, ਇਕ ਵਜਾਏ ਸਾਚਾ ਨਾਦ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਸੋਹੰ ਸ਼ਬਦ ਵਡ ਅਨਰਾਗਿਆ । ਸਤਿਗੁਰ ਪੂਰਾ ਜਾਣੀਏ, ਹੋਏ ਚਤੁਰ ਸੁਜਾਨਾ । ਸਤਿਗੁਰ ਪੂਰਾ ਜਾਣੀਏ, ਏਕਾ ਦੇਵੇ ਬ੍ਰਹਮ ਗਿਆਨਾ । ਸਤਿਗੁਰ ਪੂਰਾ ਜਾਣੀਏ, ਏਕਾ ਦੇਵੇ ਨਾਮ ਨਿਧਾਨਾ । ਸਤਿਗੁਰ ਪੂਰਾ ਜਾਣੀਏ, ਇਕ ਰਖਾਏ ਸਚ ਨਿਸ਼ਾਨਾ । ਸਤਿਗੁਰ ਪੂਰਾ ਜਾਣੀਏ, ਫੰਦਨ ਫੰਦ ਕਟਾਨਾ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਸਮਾਨਾ । ਸਤਿਗੁਰ ਪੂਰਾ ਜਾਣੀਏ, ਸਤਿ ਸੰਤੋਖਿਆ । ਸਤਿਗੁਰ ਪੂਰਾ ਜਾਣੀਏ, ਏਕਾ ਦੇਵੇ ਅੰਤਮ ਮੋਖਿਆ । ਸਤਿਗੁਰ ਪੂਰਾ ਜਾਣੀਏ, ਲੋਕਮਾਤ ਨਾ ਦੇਵੇ ਧੋਖਿਆ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਗਰਭਵਾਸ ਨਾ ਹੋਏ ਉਲਟਾ ਰੋਖਿਆ । ਸਤਿਗੁਰ ਪੂਰਾ ਜਾਣੀਏ, ਦੀਨ ਦਿਆਲਾ । ਸਤਿਗੁਰ ਪੂਰਾ ਜਾਣੀਏ, ਅੱਠੇ ਪਹਿਰ ਹੋਏ ਰਖਵਾਲਾ । ਸਤਿਗੁਰ ਪੂਰਾ ਜਾਣੀਏ, ਕਲਜੁਗ ਜਾਮਾ ਹਰਿ ਨੇ ਪਾਇਆ, ਲਾਹੇ ਹੱਡੀਂ ਪਾਲਾ । ਸਤਿਗੁਰ ਪੂਰਾ ਜਾਣੀਏ, ਲੱਖ ਚੁਰਾਸੀ ਵਿੱਚੋਂ ਬਾਹਰ ਕੱਢੇ ਨਾ ਪੱਲਾ ਤੇਰਾ ਛੱਡੇ, ਨਾ ਕੱਢੇ ਕੋਈ ਦਵਾਲਾ । ਜੋਤੀ ਜੋਤ ਸਰੂਪ ਹਰਿ, ਸਾਚਾ ਸਾਕ ਸੈਣ ਸੱਜਣਾ । ਹਰਿ ਜੋਤੀ ਨੂਰ ਅਵੱਲੜਾ । ਸਦ ਵਸੇ ਇਕ ਇਕੱਲੜਾ । ਗੁਰਮੁਖ ਸਾਚੇ ਸੰਤ ਜਨਾਂ, ਆਤਮ ਦਰ ਦਵਾਰੇ ਸਦਾ ਖੱਲੜਾ । ਜੋਤੀ ਜੋਤ ਸਰੂਪ ਹਰਿ, ਇਕ ਦਵਾਰਾ ਸਾਚਾ ਮਲੜਾ । ਏਕਾ ਜੋਤੀ ਸਦਾ ਜਗਾਈਆ । ਆਦਿ ਅੰਤ ਖੇਲ ਰਘੁਰਾਈਆ । ਇਕ ਜੋਤੀ ਸਦਾ ਟਿਕਾਈਆ । ਸੰਤ ਲਾਭ ਸਿੰਘ ਜਿਸ ਤੇਰੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ,

੮੫੧
੦੪

ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪ ਕਰਾਈਆ । ਏਕਾ ਜੋਤੀ ਸਰਬ ਉਜਾਲਾ ਹੈ । ਜਿਸ ਦੇਵੇ ਗੁਰ ਗੋਪਾਲਾ ਹੈ । ਅੱਠੇ ਪਹਿਰ ਸਦਾ ਰਖਵਾਲਾ ਹੈ । ਜੋਤੀ ਜੋਤ ਸਰੂਪ ਹਰਿ, ਸਚ ਘਰ ਦੀ ਸੈਰ, ਨਾ ਵੜੇ ਕੋਈ ਐਰ ਗੈਰ ਨਾ ਰੱਖੇ ਕੋਈ ਦਲਾਲਾ ਹੈ । ਨਾ ਕੋਈ ਦਲਾਲ ਨਾ ਕੋਈ ਵਿਚੋਲਾ, ਇਕ ਪਹਿਨਾਏ ਪ੍ਰਭ ਅਬਿਨਾਸ਼ੀ ਗੁਰਮੁਖ ਤੇਰੇ ਤਨ ਚੋਲਾ, ਫਲ ਲਗਾਏ ਕਾਇਆ ਡਾਲਾ ਹੈ । ਜੋਤੀ ਜੋਤ ਸਰੂਪ ਹਰਿ, ਚਰਨ ਪ੍ਰੀਤੀ ਇਕ ਨਿਭਾਏ ਆਪਣੇ ਨਾਲਾ ਹੈ । ਆਤਮ ਦਰ ਇਕ ਦਵਾਰਾ ਹੈ । ਜਿਥੇ ਵਸੇ ਇਕ ਨਿਰੰਕਾਰਾ ਹੈ । ਕਦੇ ਗੁਪਤ ਕਦੇ ਜ਼ਾਹਰਾ ਹੈ । ਸਾਧ ਸੰਤ ਪੂਰਨ ਭਗਵੰਤ ਆਪ ਬੰਨ੍ਹਾਏ ਸਾਚੀ ਧਾਰਾ ਹੈ । ਜੋਤੀ ਜੋਤ ਸਰੂਪ ਹਰਿ ਆਪਣੇ ਰੰਗ ਵਸੇ ਕਰਤਾਰਾ ਹੈ । ਜੋਤੀ ਨੂਰ ਸਚ ਟਿਕਾਣਿਆ । ਕਿਸੇ ਹੱਥ ਨਾ ਆਏ ਰਾਜੇ ਰਾਣਿਆ । ਕਲਜੁਗ ਭੁੱਲੇ ਜੀਵ ਨਿਧਾਨਿਆ । ਮਾਇਆ ਰੁਲੇ ਪਾਣੀ ਪਿਆ ਕਾਇਆ ਚੁੱਲ੍ਹੇ, ਬੁਝੀ ਜੋਤ ਭਗਵਾਨਿਆ । ਪੂਰੇ ਤੋਲ ਗੁਰਮੁਖ ਵਿਰਲੇ ਤੁਲੇ, ਦਰ ਘਰ ਸਾਚੇ ਮਿਲੇ ਮਾਣਿਆ । ਜੋਤੀ ਜੋਤ ਸਰੂਪ ਹਰਿ ਸਦ ਮਿਲੇ ਸਤਿ ਟਿਕਾਣਿਆ । ਸਤਿ ਪੁਰਖ ਸਤਿ ਟਿਕਾਣਾ ਹੈ । ਏਕਾ ਜੋਤ ਡਗਮਗਾਣਾ ਹੈ । ਨਾ ਕੋਈ ਰਾਗ ਨਾ ਕੋਈ ਧੁਨ ਗਾਨਾ ਹੈ । ਏਕਾ ਛਤਰ ਝੁਲਾਏ ਸੀਸਾ, ਆਪਣੇ ਘਰ ਕਰੇ ਵਸੇਰਾ ਹੈ । ਗੁਰਮੁਖਾਂ ਦਿਸੇ ਨੇਰਨ ਨੇਰਾ, ਬੇਮੁਖਾਂ ਦੂਰਨ ਦੂਰਾ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤਾਰੇ ਕਰ ਕਰ ਆਪਣੀ ਮਿਹਰਾ ਹੈ । ਆਤਮ ਜੋਤੀ ਜਿਸ ਜਗਾਈਆ । ਕਾਇਆ ਸੋਤੀ ਮਾਤ ਉਠਾਈਆ । ਦੁਰਮਤ ਮੈਲ ਜਗਤ ਗਵਾਈਆ । ਅੱਠ ਸੱਠ ਤੀਰਥ ਰਹੀ ਫੈਲ, ਕਿਸੇ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਆਪਣੀ ਰਚਨ ਰਚਾਈਆ । ਸੰਤ ਜਨਾਂ ਹਰਿ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਘਰ ਬਹਾਇਆ । ਏਕਾ ਦੇਵੇ ਨਾਮ ਧਨਾ, ਆਤਮ ਝੋਲੀ ਦਏ ਭਰਾਇਆ । ਸ਼ਬਦ ਸੁਣਾਏ ਸਚ ਕੰਨਾ, ਸੋਹੰ ਰਾਗ ਇਕ ਅਲਾਇਆ । ਆਪ ਮਿਟਾਏ ਜੀਵ ਜੰਨਾ, ਭਾਂਡਾ ਭਰਮ ਦਏ ਭੰਨਾਇਆ । ਜੋਤ ਜਗਾਏ ਸਚ ਤਨਾ, ਆਤਮ ਅੰਧੇਰ ਦਏ ਮਿਟਾਇਆ । ਧਰਮ ਰਾਏ ਨਾ ਦਏ ਡੰਨਾ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਰੰਗਣ ਨਾਮ ਚੜ੍ਹਾਇਆ । ਰੰਗਣ ਨਾਮ ਹਰਿ ਚੜ੍ਹਾਇੰਦਾ । ਕਾਇਆ ਮਾਟੀ ਝੂਠਾ ਚਾਮ, ਨਾ ਕੋਈ ਦਾਮ ਲਗਾਇੰਦਾ । ਪੂਰ ਕਰਾਏ ਆਤਮ ਕਾਮ, ਇਕ ਪਿਆਏ ਅੰਮ੍ਰਿਤ ਜਾਮ, ਆਤਮ ਤ੍ਰਿਸ਼ਨਾ ਭੁੱਖ ਗਵਾਇੰਦਾ । ਮੇਟ ਮਿਟਾਏ ਕਲਜੁਗ ਰੈਣ ਅੰਧੇਰੀ ਸ਼ਾਮ, ਨੇੜ ਨਾ ਆਏ ਕਾਮਨੀ ਕਾਮ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਇਕ ਅਟੱਲ ਸਾਚੇ ਧਾਮ ਬਹਾਇੰਦਾ । ਸਾਚਾ ਦਿਸੇ ਹਰਿ ਨਿਰੰਕਾਰਾ । ਪੁਰਖ ਅਬਿਨਾਸ਼ੀ ਖੇਲ ਅਪਾਰਾ । ਬੇਮੁਖਾਂ ਆਤਮ ਰਹੇ ਉਦਾਸੀ, ਆਤਮ ਵਿਕਾਰ ਜਗਤ ਹੰਕਾਰਾ । ਧਰਮ ਰਾਏ ਗਲ ਪਾਏ ਫਾਸੀ, ਵੇਲੇ ਅੰਤ ਨਾ ਹੋਏ ਛੁਟਕਾਰਾ । ਮੇਟ ਮਿਟਾਏ ਮਦਿਰਾ ਮਾਸੀ, ਪਰਗਟ ਹੋਏ ਘਨਕਪੁਰ ਵਾਸੀ, ਜੋਤੀ ਜੋਤ ਸਰੂਪ ਹਰਿ, ਏਕਾ ਰੰਗਣ ਰੰਗੇ ਨਾਮ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰ ਖੇਲ ਹਰਿ ਬਨਵਾਰਿਆ । ਸ਼ਬਦ ਚੜ੍ਹਾਏ ਸਾਚਾ ਤੇਲ, ਨਾਲ ਵਿਆਹੇ ਜੋਤੀ ਲਾੜਿਆ । ਮਿਲਿਆ ਮੇਲ ਸਾਚੇ ਸੱਜਣ ਸੁਹੇਲ, ਸਦ ਫਿਰੇ ਪਿੱਛੇ ਅਗਾੜਿਆ । ਸਾਚਾ ਧਾਮ ਇਕ ਨਵੇਲ, ਜੋਤੀ ਜੋਤ ਸਰੂਪ ਹਰਿ, ਮਿਲਿਆ ਮੇਲ ਭਤਾਰ, ਆਤਮ ਕੀਆ ਸ਼ਿੰਗਾਰ, ਤੁੱਟਾ ਮਾਣ ਤਾਣਿਆ । ਸਾਚੀ ਸੇਜਾ ਸੁੱਤੇ ਪੈਰ ਪਸਾਰ, ਆਤਮ ਉਤੇ ਖਿੜੀ ਗੁਲਜ਼ਾਰ ਫਲ

ਫੁੱਲ ਲੱਗੇ ਕਾਇਆ ਡਾਲਿਆ । ਨਾ ਕੋਈ ਜਾਣੇ ਜੀਵ ਗਵਾਰ, ਗੁਰਮੁਖ ਵਿਰਲਾ ਪਾਵੇ ਸਾਰ, ਸ਼ਬਦ ਆਵੇ ਤਿਖੀ ਧਾਰ, ਦਰ ਦਵਾਰ ਦੀਪਕ ਜੋਤੀ ਜਗੇ ਮਹਾਨਿਆ । ਸੁਰਤੀ ਖਿੱਚੀ ਜਾਏ ਦਸਮ ਦਵਾਰ, ਆਪੇ ਖੋਲ੍ਹੇ ਬੰਦ ਕਵਾੜ, ਪੰਜਾਂ ਚਬਾਏ ਆਪਣੀ ਦਾੜ੍ਹ, ਜੋਤੀ ਜੋਤ ਸਰੂਪ ਹਰਿ, ਆਪਣੇ ਘਰ ਦੇਵੇ ਵਰ, ਕਰੇ ਖੇਲ ਵਡ ਮਹਾਨਿਆ । ਆਤਮ ਦਰ ਹਰਿ ਖੁਲ੍ਹਾਇੰਦਾ । ਸਾਚੇ ਸਰ ਇਸ਼ਨਾਨ ਕਰਾਇੰਦਾ । ਨਾ ਕੋਈ ਜਾਣੇ ਨਾਰੀ ਨਾਰ, ਏਕਾ ਪੁਰਖ ਹਰਿ ਭਤਾਰ, ਲੱਖ ਚੁਰਾਸੀ ਆਪ ਪ੍ਰਨਾਇੰਦਾ । ਗੁਰਮੁਖ ਜਾਣੇ ਸ਼ਬਦ ਸਵਾਸੀ, ਵੇਖ ਵਖਾਣੇ ਪ੍ਰਿਥਮੀ ਅਕਾਸ਼ੀ, ਲੋਆਂ ਪੁਰੀਆਂ ਧਾਰ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਆਪਣੇ ਰੰਗ ਸਮਾਇੰਦਾ । ਕਲਜੁਗ ਤੇਰੀ ਅੰਤਮ ਵਾਰਿਆ । ਲੱਖ ਚੁਰਾਸੀ ਗਈ ਹਾਰਿਆ । ਚਾਰੋਂ ਕੁੰਟ ਰੈਣ ਅੰਧਿਆਰਿਆ । ਨਾ ਕੋਈ ਭਾਈ ਭੈਣ ਸਾਕ ਸੱਜਣ ਸੈਣ, ਮਾਇਆ ਰਾਣੀ ਖਾਏ ਡੈਣ, ਘਰ ਘਰ ਪਾਉਂਦੀ ਜਾਏ ਵੈਣ, ਦੇਂਦੀ ਜਾਏ ਬਹਾਰੀਆ । ਨਾ ਕੋਈ ਚੁਕਾਏ ਲਹਿਣ ਦੇਣ, ਬੇਮੁਖ ਝੂਠੇ ਵਹਣ ਵਹਿਣ, ਨਾ ਮਿਲਿਆ ਸ਼ਬਦ ਭੰਡਾਰਿਆ । ਗੁਰਮੁਖ ਸਾਚੇ ਸੰਤ ਜਨ ਪ੍ਰਭ ਕਾ ਭਾਣਾ ਸਿਰ ਤੇ ਸਹਿਣ, ਗੁਰ ਸੰਗਤ ਸਾਰੇ ਮਿਲ ਮਿਲ ਬਹਿਣ, ਰੰਗ ਚੜ੍ਹਾਏ ਹਰਿ ਕਰਤਾਰਿਆ । ਰਸਨਾ ਕਿਸੇ ਨਾ ਸਕੇ ਕਹਿਣ, ਦਰਸ ਦਿਖਾਏ ਤੀਜੇ ਨੈਣ, ਜੋਤ ਜਗਾਏ ਡਗਮਗਾਏ ਨਰ ਨਿਰੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਅਪਰ ਅਪਾਰਿਆ । ਕਲਜੁਗ ਤੇਰਾ ਕਰਮ ਵਿਚਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਧਰਤ ਮਾਤ ਕਰੇ ਪੁਕਾਰੇ । ਸਾਧਾਂ ਸੰਤਾਂ ਤੁੱਟਾ ਨਾਤਾ, ਭਰਮ ਭੁਲੇਖੇ ਜਾਤ ਪਾਤ ਊਚਾਂ ਨੀਚਾਂ ਗਊ ਗਰੀਬਾਂ ਕੋਈ ਨਾ ਪਾਵੇ ਸਾਰੇ । ਨਾ ਕੋਈ ਪਿਤਾ ਨਾ ਕੋਈ ਮਾਤ, ਖ਼ਾਲੀ ਦਿਸਣ ਸਰਬ ਭੰਡਾਰੇ । ਏਕਾ ਮਿਲੇ ਪੁਰਖ ਬਿਧਾਤ, ਸਾਚੀ ਦੇਵੇ ਸ਼ਬਦ ਸੁਗਾਤ, ਆਪ ਆਪਣੀ ਕਿਰਪਾ ਧਾਰੇ । ਕਲਜੁਗ ਨਾਰ ਕੁਲੱਖਣੀ ਵਡ ਕਮਜ਼ਾਤ, ਨਾ ਮਿਲਿਆ ਕੰਤ ਸੁਹਾਗ, ਚਾਰੋਂ ਕੁੰਟ ਅੰਧ ਅੰਧਿਆਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਸਮਾਰੇ । ਆਪਣਾ ਰੰਗ ਆਪੇ ਜਾਣੇ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਕਿਸੇ ਹੱਥ ਨਾ ਆਏ ਸੁਘੜ ਸਿਆਣੇ । ਸਾਚੀ ਜੋਤ ਮਾਤ ਪ੍ਰਕਾਸ਼ੀ, ਗੁਣਵੰਤ ਹਰਿ ਗੁਣ ਨਿਧਾਨੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਪ ਆਪਣੇ ਰੰਗ ਸਮਾਣੇ । ਵੇਖੇ ਰੰਗ ਰੰਗ ਰੰਗਾਨਿਆ । ਸ਼ਬਦ ਘੋੜੇ ਕਸਿਆ ਤੰਗ, ਲੋਆਂ ਪੁਰੀਆਂ ਰਿਹਾ ਲੰਘ, ਸਾਚੀ ਰੱਖੇ ਇਕ ਉਡਾਨਿਆ । ਨਾ ਕੋਈ ਢੋਲ ਨਾ ਮਰਦੰਗ, ਨਾ ਕੋਈ ਦੂਜਾ ਵਸੇ ਸੰਗ, ਸੁਰ ਤਾਲ ਨਾ ਕੋਈ ਰਖਾਨਿਆ । ਵਡ ਦਾਤਾ ਹਰਿ ਸੂਰਾ ਸਰਬੰਗ, ਗੁਰਮੁਖਾਂ ਕਟੇ ਭੁੱਖ ਨੰਗ, ਆਤਮ ਤ੍ਰਿਸ਼ਨਾ ਦੂਰ ਕਰਾਨਿਆ । ਲੱਖ ਚੁਰਾਸੀ ਹੋਣੀ ਭੰਗ, ਸ਼ਬਦ ਚਲਾਏ ਤੀਰ ਤੁਫ਼ੰਗ, ਏਕਾ ਧਾਰ ਵਹਾਏ ਗੰਗ, ਲਹੂ ਮਿੱਝ ਮਾਤ ਮਹਾਨਿਆ । ਗੁਰਮੁਖਾਂ ਮੰਗੀ ਸਾਚੀ ਮੰਗ, ਪ੍ਰਭ ਅਬਿਨਾਸ਼ੀ ਹੋਇਆ ਸੰਗ, ਆਤਮ ਦਰ ਦਵਾਰ ਸਚ ਘਰ ਬਾਹਰ ਆਪੇ ਜਾਏ ਲੰਘ, ਆਪੇ ਖੋਲ੍ਹੇ ਬੰਦ ਕਿਵਾੜਿਆ । ਪੰਜਾਂ ਤੱਤਾਂ ਦੇਵੇ ਮਤਾਂ, ਏਕਾ ਬੰਧਾਏ ਚਰਨ ਨਤ, ਸਾਚਾ ਦੇਵੇ ਸ਼ਬਦ ਸਹਾਰਿਆ । ਸ਼ਬਦ ਸਹਾਰਾ ਕਲਜੁਗ ਤੇਰਾ ਪ੍ਰਭ ਅਬਿਨਾਸ਼ੀ ਦਇਆ ਕਮਾਏ, ਆਪ ਆਪਣਾ ਦਰਸ ਦਿਖਾਏ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਏਕਾ ਸਰਨਾ ਰਖਾ ਰਿਹਾ । ਚਾਰ ਵਰਨਾ ਏਕਾ ਸਰਨਾ, ਕਲਜੁਗ ਅੰਤਮ ਵਾਰਿਆ । ਗੁਰਮੁਖਾਂ ਮਿਲਿਆ ਹਰਿ ਧਰਨੀ ਧਰਨਾ ਤਰਨੀ ਤਰਨਾ

੮੫੨
੦੪

, ਆਪ ਖੁਲ੍ਹਾਏ ਹਰਨਾ ਫਰਨਾ, ਜਗਤ ਚੁਕਾਏ ਮਰਨਾ ਡਰਨਾ, ਦੇਵੇ ਦਰਸ ਅਗੰਮ ਅਪਾਰਿਆ । ਪ੍ਰਭ ਕਾ ਭਾਣਾ ਸਿਰ ਤੇ ਜਰਨਾ, ਸਾਚਾ ਫ਼ਰਮਾਣ ਧੁਰ ਦਰਬਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਰਾਜੇ ਰਾਣੇ ਬਾਹੋਂ ਫੜ, ਸ਼ਬਦ ਜਕੜ ਆਪ ਉਠਾ ਰਿਹਾ । ਵੱਜੇ ਸ਼ਬਦ ਜੰਜੀਰ ਜਗਤ ਅਮੋਲਿਆ । ਕੋਈ ਨਾ ਕਟੇ ਭੀੜ, ਨਾ ਕਿਸੇ ਜੰਦਰਾ ਖੋਲ੍ਹਿਆ । ਨਾ ਕੋਈ ਜਾਣੇ ਹਸਤ ਕੀੜ, ਹਰਿ ਅੰਦਰੇ ਅੰਦਰ ਬੋਲਿਆ । ਗੁਰਮੁਖਾਂ ਕੱਢੇ ਹਉਮੇ ਪੀੜ, ਦੇਵੇ ਸ਼ਬਦ ਨਾਮ ਅਨਮੋਲਿਆ । ਲੱਖ ਚੁਰਾਸੀ ਸ਼ਬਦ ਵੇਲਣੇ ਦੇਵੇ ਪੀੜ, ਕਲਜੁਗ ਅੰਤਮ ਪੜਦਾ ਫੋਲਿਆ । ਏਕਾ ਬੰਨ੍ਹੇ ਸਾਚੀ ਬੀੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਅਨਮੋਲਿਆ । ਸੋਹੰ ਸ਼ਬਦ ਚਲਾਏ ਸਾਚਾ ਤੀਰ । ਸੱਤਾਂ ਦੀਪਾਂ ਵੰਡ ਵੰਡਾਏ, ਲੋਆਂ ਪੁਰੀਆਂ ਹੁਕਮ ਸੁਣਾਏ, ਸੁਰਪਤ ਰਾਜਾ ਇੰਦ ਪਕੜ ਉਠਾਏ, ਵਡ ਦਾਤਾ ਗੁਣੀ ਗਹੀਰ । ਜੋਤੀ ਜੋਤ ਸਰੂਪ ਹਰਿ, ਏਕਾ ਧਾਰ ਵਿਚ ਸੰਸਾਰ ਚਲਾਏ ਕਲਜੁਗ ਤੇਰਾ ਅਖ਼ੀਰ । ਨਾ ਕੋਈ ਜਾਣੇ ਗਹਿਰ ਗਵਰ । ਗੁਰਮੁਖ ਵਿਰਲੇ ਮਾਨਸ ਜਨਮ ਜਾਏ ਸਵਰ । ਲੱਖ ਚੁਰਾਸੀ ਇਕ ਬਿਠਾਈ ਧਰਤ ਮਾਤ ਤੇਰੀ ਗੋਦ ਕਬਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਸੱਚਾ ਰਾਹ ਦਿਸਾਨੇ, ਜਗਤ ਜੰਜਾਲਾ ਫਾਹ ਕਟਾਨੇ, ਜਗਤ ਮਲਾਹ ਆਪ ਅਖਵਾਨੇ, ਦੇਵੇ ਨਾਮ ਸੱਚਾ ਧਨ ਮਾਲ, ਕੋਈ ਨਾ ਜਾਣੇ ਅਵਰ । ਸੱਜਣ ਸੁਹੇਲਾ ਮੀਤ ਹਰਿ ਰਘੁਰਾਈਆ । ਅੱਠੇ ਪਹਿਰ ਵਸੇ ਚੀਤ, ਸਾਚੇ ਮੰਦਰ ਰਿਹਾ ਸੁਹਾਈਆ । ਭਗਤ ਸੁਹੇਲਾ ਪਰਖੇ ਨੀਤ, ਪੜਦਾ ਉਹਲਾ ਨਾ ਕੋਈ ਰਖਾਈਆ । ਜੋਤ ਨਿਰਾਲਮ ਇਕ ਅਤੀਤ, ਘਰ ਸਾਚੇ ਡਗਮਗਾਈਆ । ਹਰਿ ਸੰਤਾਂ ਦੱਸੇ ਸਾਚੀ ਚਰਨ ਪ੍ਰੀਤ, ਹਰਿ ਮੰਦਰ ਅੰਦਰ ਡੂੰਘੀ ਕੰਦਰ ਇਕ ਰਖਾਈਆ । ਜੋਤ ਨਿਰੰਜਣ ਦਰਦ ਦੁੱਖ ਭੰਜਨ, ਸਾਚਾ ਸੱਜਣ ਹੱਥ ਕਿਸੇ ਨਾ ਆਈਆ । ਹਰਿ ਸੰਤ ਪਿਆਰਾ ਪੁਰਖ ਅਪਾਰਾ ਹਰਿ ਗਿਰਧਾਰਾ, ਜੋਤੀ ਖੇਲ ਅਪਰ ਅਪਾਰਾ ਆਪ ਕਰਾਏ ਸਾਚੇ ਮੇਲ, ਸ਼ਬਦ ਕਰਾਏ ਇਕ ਵਣਜਾਰਾ । ਜੋਤੀ ਜੋਤ ਸਰੂਪ ਹਰਿ, ਅਨਾਦ ਅਨਾਦਾ ਬੋਧ ਅਗਾਧਾ, ਗੁਰਮੁਖ ਵਿਰਲੇ ਰਸਨ ਅਰਾਧਾ, ਏਕਾ ਦੱਸੇ ਸਾਚੀ ਧਾਰਾ ਪੁਰਖ ਅਪਾਰਿਆ । ਕਿਸੇ ਹੱਥ ਨਾ ਆਏ ਜੰਗਲ ਜੂਹ ਉਜਾੜ ਪਹਾੜ, ਜੋਤੀ ਜੋਤ ਸਰੂਪ ਹਰਿ, ਆਤਮ ਨੁਹਾਏ ਸਾਚੇ ਸਰ, ਦੁਰਮਤ ਮੈਲ ਰਿਹਾ ਉਤਾਰਿਆ । ਦੁਰਮਤ ਮੈਲ ਦੇਵੇ ਕਟ । ਦੂਈ ਦਵੈਤੀ ਮੇਟੇ ਫੱਟ । ਆਪੇ ਖੇਵਟ ਆਪੇ ਖੇਟੇ, ਨਾ ਕੋਈ ਖੇਲ ਬਾਜ਼ੀਗਰ ਨਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਸੰਤਾਂ ਮੈਲ ਦੇਵੇ ਕਟ । ਮਿਲਿਆ ਮੇਲ ਕੰਤ ਸੁਹਾਗਾ । ਛੁੱਟਾ ਤਾਣ ਛੱਤੀ ਰਾਗਾ । ਆਤਮ ਸੋਈ ਆਪ ਜਗਾਏ ਵਡ ਵਡਭਾਗਾ । ਨਾਮ ਜਪਾਏ ਏਕਾ ਏਕ ਏਕ ਅਨੁਰਾਗਾ । ਜੋਤੀ ਜੋਤ ਸਰੂਪ ਹਰਿ, ਧੋਵੇ ਕਾਇਆ ਦਾਗਾ । ਹਰਿ ਨਾਉਂ ਜਗਤ ਅਨਰਾਗਿਆ । ਵਸੇ ਸਾਚੇ ਥਾਉਂ, ਅਗੰਮ ਅਥਾਹ ਬੇਪ੍ਰਵਾਹ ਨਾ ਸੋਇਆ ਨਾ ਜਾਗਿਆ । ਜਨ ਭਗਤਾਂ ਕਰੇ ਠੰਡੀ ਛਾਉਂ, ਆਪੇ ਪਿਤਾ ਆਪੇ ਮਾਉਂ, ਕਾਇਆ ਧੋਏ ਲੱਗੇ ਦਾਗਿਆ । ਸਚ ਸਰੋਵਰ ਹੰਸ ਬਣਾਏ ਕਾਉਂ, ਚਰਨ ਪ੍ਰੀਤੀ ਜੋ ਜਨ ਸਾਚੀ ਲਾਗਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜੁਗਾ ਜੁਗੰਤ ਆਵੇ ਜਾਵੇ ਭਾਗਿਆ । ਆਦਿ ਅੰਤੀ ਏਕਾ ਕਾਰ । ਜੁਗਾ ਜੁਗੰਤੀ ਪਾਏ ਸਾਰ । ਭਗਤ ਭਗਵੰਤੀ ਖੇਲ ਅਪਾਰ । ਸਾਧਨ ਸੰਤੀ ਸ਼ਬਦ ਧਾਰ । ਲੋਕਮਾਤ ਬਣਾਏ ਬਣਤੀ, ਆਏ ਚੱਲ ਦਵਾਰ । ਮੇਲ ਮਿਲਾਵਾ ਸਾਚੇ ਕੰਤੀ, ਗੁਰਮੁਖ ਨਾਰੀ ਸਚ ਭਤਾਰ । ਪੁਰਖ

ਅਬਿਨਾਸ਼ੀ ਸੋਲਾਂ ਸ਼ਿੰਗਾਰ ਆਪ ਸ਼ਿੰਗਾਰੀ, ਕਾਇਆ ਨਾਮ ਸ਼ਬਦ ਕੰਗਣ ਤਨ ਪਹਿਨਾਇਆ । ਏਕਾ ਰੰਗਣ ਨਾਮ ਚੜ੍ਹਾਇਆ, ਦੂਜਾ ਦਰ ਨਾ ਮੰਗਣ ਜਾਏ, ਦੇਵਣਹਾਰ ਸਰਬ ਸੰਸਾਰਿਆ । ਅੰਗਣ ਸੰਗਣ ਆਪ ਰਹਾਏ, ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰਿਆ । ਕਾਇਆ ਕਿਲ੍ਹਾ ਕੋਟ ਗੜ ਅਪਾਰਿਆ । ਦੁੱਖਾਂ ਧਾੜ ਰਹੀ ਚੜ੍ਹ, ਢਹਿੰਦਾ ਜਾਏ ਵਾਰੋ ਵਾਰਿਆ । ਕੋਈ ਨਾ ਸਕੇ ਅੱਗੇ ਅੜ, ਨਾ ਕੋਈ ਸਕੇ ਨਾੜੀ ਫੜ, ਵੇਲਾ ਚੁੱਕਿਆ ਹੱਥ ਨਾ ਆ ਰਿਹਾ । ਨਾ ਕੋਈ ਰਖਾਏ ਕਾਇਆ ਧੜ, ਹੋਏ ਸਹਾਈ ਨਾ ਕੋਈ ਬਚਾ ਰਿਹਾ । ਨਾ ਕੋਈ ਜਾਏ ਅੰਦਰ ਵੜ੍ਹ, ਰੋਗਾਂ ਸੋਗਾਂ ਲਏ ਫੜ, ਚਿੰਤਾ ਰੋਗ ਮਿਟਾ ਰਿਹਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਅੱਠੇ ਪਹਿਰ ਰਿਹਾ ਲੜ, ਭੇਵ ਆਪ ਛੁਪਾ ਰਿਹਾ । ਗੁਰਮੁਖ ਸਾਚਾ ਗੁਰ ਪੂਰੇ ਦਾ ਪਕੜੇ ਲੜ, ਜਗਤ ਜੰਜਾਲਾ ਹਰਿ ਦਿਆਲਾ ਆਪੇ ਤੋੜ ਤੁੜਾ ਰਿਹਾ । ਮਾਨਸ ਦੇਹੀ ਨਾ ਜਾਏ ਹੜ੍ਹ, ਬੁਝੇ ਅੱਗ ਬਹੱਤਰ ਨਾੜ, ਅੰਮ੍ਰਿਤ ਜਾਮ ਇਕ ਪਿਆ ਰਿਹਾ । ਦਰ ਦਵਾਰੇ ਆਤਮ ਖੜ੍ਹ, ਰੋਗਾਂ ਸੋਗਾਂ ਦੇਵੇ ਝਾੜ, ਕਾਇਆ ਮੰਦਰ ਸਾਫ ਕਰਾਏ ਸੁਹਣਾ ਵਸੇਰਾ ਸੁੱਚਾ ਘਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਦੇਵੇ ਨਾਮ ਵਰ, ਰਸਨ ਗੁਣ ਗਵਾ ਰਿਹਾ । ਕਾਇਆ ਮਿਟੇ ਰੋਗ ਸੋਗ, ਚਿੰਤ ਵਿਜੋਗ ਦੂਰ ਕਰਾਵਣਾ । ਪ੍ਰਭ ਦਰਸ ਦਿਖਾਏ ਅਮੋਘ, ਮਿਲਾਏ ਮੇਲ ਲਿਖਿਆ ਧੁਰ ਸੰਜੋਗ, ਏਕਾ ਦੂਜਾ ਭਉ ਚੁਕਾਵਣਾ । ਆਪ ਚੁਗਾਏ ਸ਼ਬਦ ਚੋਗ, ਮਾਣਕ ਮੋਤੀ ਗੁਰਮੁਖ ਸਾਚਾ ਆਤਮ ਜੋਤੀ ਆਪ ਜਗਾਵਣਾ । ਆਪ ਬਣਾਏ ਮਾਣਕ ਮੋਤੀ, ਦੁਰਮਤ ਮੈਲ ਜਾਏ ਧੋਤੀ, ਸਤਿ ਸਰੋਵਰ ਆਤਮ ਇਸ਼ਨਾਨ ਇਕ ਕਰਾਵਣਾ । ਸਾਚਾ ਦੇਵੇ ਬ੍ਰਹਮ ਗਿਆਨ, ਪੁਰਖ ਅਬਿਨਾਸ਼ੀ ਚਰਨ ਧਿਆਨ, ਨੇਤਰ ਨੈਣ ਲੋਚਨ ਤੀਜੇ ਮਨ ਤਨ ਭੀਜੇ, ਕਾਇਆ ਸਿੰਚੇ ਠੰਡੀ ਠਾਰ ਕਰਾਵਣਾ । ਏਕਾ ਸ਼ਬਦ ਨਾਮ ਬੀਜੇ, ਗੁਰਮੁਖਾਂ ਆਤਮ ਇਕ ਪਤੀਜੇ, ਪੁਰਖ ਅਬਿਨਾਸ਼ੀ ਆਪ ਕਰਾਏ ਮਾਤ ਰੀਝੇ, ਸ਼ਬਦ ਹਾਰ ਤਨ ਸ਼ਿੰਗਾਰ ਏਕਾ ਤਨ ਪਹਿਨਾਵਣਾ । ਮਾਨਸ ਦੇਹੀ ਨਾ ਆਏ ਹਾਰ, ਲੱਖ ਚੁਰਾਸੀ ਕਰੇ ਪਾਰ, ਸ਼ਬਦ ਘੋੜੇ ਕਰ ਅਸਵਾਰ, ਸਾਚੇ ਧਾਮ ਆਪ ਬਹਾਵਣਾ । ਦਰਸ ਦਿਖਾਏ ਹਰਿ ਨਿਰੰਕਾਰ, ਹਰਸ ਮਿਟਾਏ ਕਰ ਪਿਆਰ, ਅੰਮ੍ਰਿਤ ਮੇਘ ਬਰਸ ਵਖਾਏ ਕਾਇਆ ਠੰਡੀ ਠਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸੱਚਾ ਨਾਮ ਵਰ, ਕਾਇਆ ਮੰਦਰ ਅੰਦਰ ਰੋਗ ਸੋਗ ਦਏ ਨਿਵਾਰ । ਦੇਵੇ ਸ਼ਬਦ ਅਧਾਰ, ਨਾਮ ਭਰਪੂਰਿਆ । ਬਖ਼ਸ਼ੇ ਚਰਨ ਪਿਆਰ, ਆਸਾ ਮਨਸਾ ਪੂਰਿਆ । ਮਾਨਸ ਦੇਹੀ ਨਾ ਆਏ ਦੂਜੀ ਵਾਰ, ਏਕਾ ਜਾਮਾ ਜੋਤੀ ਨੂਰਿਆ । ਲੱਖ ਚੁਰਾਸੀ ਗਈ ਹਾਰ, ਕਲਜੁਗ ਭਰਿਆ ਅੰਤਮ ਪੂਰਿਆ । ਗੁਰਮੁਖ ਵਿਰਲਾ ਪਾਵੇ ਸਾਰ, ਪ੍ਰਭ ਅਬਿਨਾਸ਼ੀ ਸਾਚੀ ਧਾਰ, ਜੋਤੀ ਜਾਮਾ ਖੇਲ੍ਹ ਅਪਾਰ, ਸਰਬ ਕਲਾ ਭਰਪੂਰਿਆ । ਰੱਖੇ ਸ਼ਬਦ ਇਕ ਅਪਾਰ, ਮਾਰੀ ਜਾਏ ਵਾਰੋ ਵਾਰ, ਗੁਰਮੁਖ ਸੁਹੇਲੇ ਆਪ ਉਠਾਏ, ਖਿੱਚ ਲਿਆਏ ਚਰਨ ਦਵਾਰਿਆ । ਬੇਮੁਖਾਂ ਦਿਸੇ ਦੂਰਨ ਦੂਰਿਆ । ਜੋਤੀ ਨੂਰਾ ਕਰ ਅਕਾਰ, ਖੋਲ੍ਹੇ ਆਤਮ ਬੰਦ ਕਵਾੜ, ਅੱਗੇ ਦਿਸੇ ਸਾਚਾ ਲਾੜ, ਆਤਮ ਸੇਜਾ ਸੁੱਤਾ ਵਡ ਦਾਤਾ ਵਡ ਵਡ ਸੂਰਿਆ । ਆਪੇ ਧੀਆ ਆਪੇ ਪੁੱਤਾ, ਆਪੇ ਆਪਣੇ ਨਾਮ ਵਿਗੁੱਤਾ, ਪੁਰਖ ਅਬਿਨਾਸ਼ੀ ਸਚ ਅਚੁੱਤਾ, ਆਪ ਸੁਹਾਏ ਕਾਇਆ ਰੁੱਤਾ, ਫਲ ਫੁੱਲ ਲਗਾਏ ਸੱਚੇ ਡਾਲਿਆ । ਏਕਾ ਹੱਲ ਸੱਚਾ ਜੁਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਨਾਮ ਬੀਜ ਅੰਮ੍ਰਿਤ ਧਰਾ ਲਿਆ । ਅੰਮ੍ਰਿਤ ਆਤਮ ਬੀਜ ਹਰਿ ਕਢਾਈਆ । ਤਨ ਮਨ ਅੰਮ੍ਰਿਤ

੮੫੪ ੦੪

ਸੀਜ, ਏਕਾ ਧਾਰ ਅੰਮ੍ਰਿਤ ਫੁਹਾਰ ਕਾਇਆ ਮੰਦਰ ਸਾਚੇ ਅੰਦਰ ਆਪੇ ਆਪ ਰਖਾਈਆ । ਨਾ ਹਰਿ ਜਾਣੇ ਡੂੰਘੀ ਕੰਦਰ, ਆਪੇ ਤੋੜੇ ਵੱਜਾ ਜੰਦਰ, ਸਚ ਦਵਾਰਾ ਆਪ ਖੁਲ੍ਹਾਈਆ । ਜਗੇ ਜੋਤ ਅੰਦਰੇ ਅੰਦਰ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਸਵਛ ਸਰੂਪੀ ਦਰਸ ਦਿਖਾਈਆ । ਸਵਛ ਸਰੂਪ ਅਨਾਦ ਅਨਾਦ । ਆਵੇ ਜਾਵੇ ਆਦਿ ਜੁਗਾਦਿ । ਵੇਖ ਵਖਾਣੇ ਸਰਬ ਬ੍ਰਹਿਮਾਦ । ਪੁਰੀਆਂ ਲੋਆਂ ਰਿਹਾ ਸਾਧ । ਬ੍ਰਹਮਾ ਅੱਠੇ ਪਹਿਰ ਗਾਏ ਚਾਰੇ ਮੁਖ ਰਿਹਾ ਉਠਾਏ, ਸੁਣੇ ਸੁਣਾਏ ਇਕ ਅਵਾਜ । ਸ਼ਿਵ ਸ਼ੰਕਰ ਕਰੇ ਵਿਚਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਜਟਾ ਜੂਟੀ ਖੇਲ ਅਪਾਰ । ਏਕਾ ਪਾਏ ਹਰਿ ਜੀ ਸਾਰ । ਦੇਵੇ ਦਰਸ ਅਗੰਮ ਅਪਾਰ । ਪੁਰੀਆਂ ਲੋਆਂ ਬੰਨ੍ਹੇ ਧਾਰ । ਜੋਤੀ ਜਾਮਾ ਸ੍ਰੀ ਭਗਵਾਨਾ ਆਦਿ ਅੰਤਾ ਏਕਾ ਬੰਨ੍ਹੇ ਧਾਰ । ਕਰੋੜ ਤੇਤੀਸਾ ਗਾਏ ਬਤੀਸਾ, ਸੁਰਪਤ ਰਾਜਾ ਇੰਦ ਮੇਟ ਮਿਟਾਏ, ਖੇਲ ਰਚਾਏ ਬੀਸ ਇਕੀਸਾ । ਜੋਤੀ ਜਾਮਾ ਸ੍ਰੀ ਭਗਵਾਨਾ, ਆਪ ਆਪਣੇ ਰੰਗ ਸਮਾਨਾ । ਆਪੇ ਜਾਣੇ ਆਪਣੀ ਕਾਰ । ਏਕਾ ਏਕ ਇਕ ਅਕਾਲਾ । ਸਾਚੇ ਘਰ ਖੇਲ ਨਿਰਾਲਾ । ਅੰਤਮ ਖਾਏ ਸਭ ਨੂੰ ਕਾਲਾ । ਸੰਤ ਜਨਾਂ ਹਰਿ ਹਿਰਦੇ ਵਸੇ, ਸ਼ਬਦ ਤੀਰ ਏਕਾ ਕਸੇ, ਦੱਸੇ ਰਾਹ ਸੁਖਾਲਾ । ਪੰਜੇ ਚੋਰ ਜਾਇਣ ਨੱਸੇ, ਨਿਝਰ ਧਾਰ ਏਕਾ ਵਸੇ, ਕਿਰਪਾ ਕਰੇ ਹਰਿ ਗੋਪਾਲਾ । ਆਤਮ ਪ੍ਰਕਾਸ਼ ਕੋਟਨ ਭਾਨ ਰਵ ਰਵ ਸੱਸੇ, ਮਿਟੇ ਅੰਧੇਰੀ ਰੈਣ ਮੱਸੇ, ਨੇੜ ਨਾ ਆਏ ਕੋਈ ਸ਼ੈਤਾਨਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਪਿਠ ਦੇ ਕਦੇ ਨਾ ਨੱਸੇ । ਗੁਰ ਸੰਗਤ ਆਈ ਦਰ ਨਾਮ ਭਿਖਾਰੀ ਹੈ । ਦੇਣਾ ਦਰਸ ਅਗੰਮ, ਜੋਤ ਨਿਰੰਕਾਰੀ ਹੈ । ਅੰਮ੍ਰਿਤ ਝਿਰਨਾ ਝਿਰੇ ਛੰਮ ਛੰਮ, ਏਕਾ ਦਿਸੇ ਸੀਤਲ ਧਾਰੀ ਹੈ । ਮਾਨਸ ਦੇਹੀ ਕਿਸੇ ਨਾ ਆਉਣੀ ਕੰਮ, ਅੰਤਮ ਜਾਣੀ ਸਾੜੀ ਹੈ । ਆਤਮ ਜੋਤੀ ਰਮਈਆ ਰਮ, ਪੂਰਨ ਬ੍ਰਹਮ ਵਿਚਾਰੀ ਹੈ । ਕੋਈ ਨਾ ਮੰਗੇ ਦਰ ਘਰ ਸਾਚੇ ਦਮ, ਨਾ ਕਰੇ ਕੋਈ ਉਧਾਰੀ ਹੈ । ਆਪ ਮਿਟਾਏ ਜਗਤ ਕੰਮ, ਦਰਸ਼ਨ ਦੇਣਾ ਕਿਰਪਾ ਕਰ, ਅਪਰ ਅਪਾਰੀ ਹੈ । ਜੋਤੀ ਜੋਤ ਸਰੂਪ ਹਰਿ, ਸਾਚਾ ਬੈਠਣ ਸਾਚੇ ਘਰ, ਏਕਾ ਏਕ ਗੁਜ਼ਾਰੀ ਹੈ । ਏਕਾ ਦਰਸ ਭਗਤ ਭਗਵਾਨ । ਆਤਮ ਜੋਤੀ ਸ਼ਕਤ ਮਹਾਨ । ਬੂੰਦ ਰਕਤੀ ਚੁੱਕੇ ਕਾਨ । ਸਾਚੀ ਜੁਗਤੀ ਵਿਚ ਜਹਾਨ । ਅੰਤਮ ਮਿਲੇ ਸਾਚੀ ਮੁਕਤੀ, ਰਹਿਣਾ ਨਾਮ ਨਿਸ਼ਾਨ । ਦਸਵੇਂ ਘਰ ਜਾਏ ਚੜ੍ਹ, ਅੱਗੇ ਹਰਿ ਜੀ ਸੁਰਤੀ ਲਏ ਫੜ, ਨਾ ਖਿੱਚੇ ਕੋਈ ਕਮਾਨ । ਏਕਾ ਜੋਤ ਸਾਚੀ ਜਗੀ, ਮਿਲੇ ਮੇਲ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਸਚ ਮਹੱਲ ਅਟੱਲ ਬੈਠਾ ਹੱਥ ਨਾ ਆਏ ਵਡ ਬਲੀ ਬਲਵਾਨ । ਵਡ ਬਲੀ ਬਲਵਾਨਾ, ਨਰ ਨਿਰੰਕਾਰਿਆ । ਆਪਣੇ ਭੇਵ ਸਮਾਣਾ, ਖੇਲ ਅਪਾਰਿਆ । ਜੋਤੀ ਜੋਤ ਮਹਾਨਾ, ਨਾ ਕਿਸੇ ਵਿਚਾਰਿਆ । ਗੁਰਮੁਖ ਵਿਰਲਾ ਬੰਨ੍ਹੇ ਹੱਥੀਂ ਸੱਚਾ ਗਾਨਾ, ਇਕ ਧਿਆਨ ਲਗਾ ਰਿਹਾ । ਕਲਜੁਗ ਤੁੱਟੇ ਮਾਣ ਤਾਣਾ, ਅੱਠੇ ਪਹਿਰ ਸੰਞ ਸਵੇਰ ਏਕਾ ਏਕ ਸਮਾ ਰਿਹਾ । ਸੰਗਤ ਨਹੀਂ ਐਰ ਗੈਰ, ਗੁਰਮੁਖ ਸਾਚੇ ਸੰਤ ਸ਼ਾਇਰ ਆਤਮ ਬ੍ਰਹਮ ਗਿਆਨਾ, ਦਰਸ ਦਿਖਾਏ ਦਇਆ ਕਮਾਏ ਦਰ ਘਰ ਆਏ ਸ੍ਰੀ ਭਗਵਾਨਾ, ਸਾਚੀ ਭਿਛਿਆ ਪਾ ਰਿਹਾ । ਆਤਮ ਇਛਿਆ ਹੋ ਸਹਾਏ, ਫੰਦਨ ਫੰਦ ਲੱਖ ਚੁਰਾਸੀ ਗੇੜ ਮਾਤ ਕਟਾਓ, ਜੋਤੀ ਜੋਤ ਸਰੂਪ ਹਰਿ, ਸਾਚੇ ਮਾਰਗ ਪਾ ਰਿਹਾ । ਕਾਇਆ ਮੰਦਰ ਖੁਲ੍ਹਾ ਵਿਹੜਾ, ਸ਼ਬਦ ਬਗੀਚਾ ਇਕ ਲਗਾਓ । ਗੁਰ ਸੰਗਤ ਨਾਮ ਵਣਜਾਰੀ ਹੈ । ਕਾਇਆ ਮੰਦਰ ਇਕ ਕਿਆਰੀ ਹੈ । ਗੁਰ

ਪੂਰਾ ਬੀਜ ਬੀਜੇ ਵਾਰੋ ਵਾਰੀ ਹੈ । ਅੰਮ੍ਰਿਤ ਧਾਰ ਏਕਾ ਬਖ਼ਸ਼ੇ ਸਾਚਾ ਬਣ ਜਾਏ ਸਜ, ਲੱਗੇ ਫਲ ਇਕ ਅਪਾਰੀ ਹੈ । ਨੇਤਰ ਖੋਲ੍ਹੇ ਤੇਜਨ ਤੇਜ, ਗੁਰ ਸੰਗਤ ਕਰਾਓ ਸਾਚੀ ਰੀਝ, ਨਾ ਹੋਏ ਬੰਦ ਕਵਾੜੀ ਹੈ । ਸਤਿਗੁਰ ਪੂਰੇ ਹਾਜ਼ਰ ਹਜ਼ੂਰੇ ਸਰਬ ਕਲਾ ਭਰਪੂਰੇ, ਘਰ ਸਾਚੇ ਦੇਣਾ ਵਾੜੀ ਹੈ । ਦਸ ਦਸ ਇਕ ਗਿਆਰਾਂ । ਘਰ ਲੱਗੀਆਂ ਰਹਿਣ ਸਚ ਬਹਾਰਾਂ । ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਣੇ ਸਾਚੇ ਮੇਲੇ, ਕੰਤ ਸੁਹਾਗੀ ਮਿਲਣ ਨਾਰਾਂ । ਸ਼ਬਦ ਗੁਰ ਸੁਰਤੀ ਮੇਲ ਮਿਲਾਨਾ । ਅੰਤਮ ਵੇਲੇ ਧਰਮ ਰਾਏ ਦੀ ਤੁਟੀ ਜੇਲੇ, ਖਿੱਚ ਲਿਆਉਣਾ ਚਰਨ ਦਵਾਰਾ । ਪੱਲੇ ਨਾਹੀਂ ਕੁਛ ਪੈਸੇ ਧੇਲੇ, ਆਤਮ ਜੋਤੀ ਇਕ ਇਕੇਲੇ, ਵਸੇ ਸਚ ਮਹੱਲ ਮੁਨਾਰੇ, ਜੋਤੀ ਜੋਤ ਸਰੂਪ ਹਰਿ, ਇਕ ਗਿਆਰਾਂ ਕਰ ਵਿਚਾਰ, ਆਪਣਾ ਖੇਲ ਆਪੇ ਖੇਲੇ । ਗੁਰਮਤ ਗੁਰ ਕੀ ਧਾਰ, ਜਗਤ ਵਡਿਆਈਆ । ਆਤਮ ਦੇਵੇ ਧੀਰਜ ਜਤ, ਕਾਮ ਕਾਮਨੀ ਵਸ ਕਰਾਈਆ । ਬਹੱਤਰ ਨਾੜੀ ਨਾ ਉਬਲੇ ਰੱਤ, ਆਤਮ ਵਿਕਾਰ ਗਵਾਈਆ । ਦੇਵੇ ਸ਼ਬਦ ਨਾਮ ਗੁਰਮਤ, ਗੁਰਮੁਖ ਤੁੱਟੇ ਮਾਤ ਨਾ ਜਤ ਧੀਰ ਧਰਾਈਆ । ਆਪ ਚੜ੍ਹਾਏ ਸਾਚੇ ਰਥ, ਸਤਿਗੁਰ ਪੂਰਾ ਜਗਤ ਸਮਰਥ, ਨਾ ਦਾਮਨ ਕੋਈ ਛੁਡਾਈਆ । ਸ਼ਬਦ ਚਲਾਏ ਜਗਤ ਅਕਥ, ਲੱਖ ਚੁਰਾਸੀ ਜਾਏ ਮਥ, ਰਾਜੇ ਰਾਣਿਆਂ ਪਾਏ ਨੱਥ, ਡੋਰੀ ਆਪਣੇ ਹੱਥ ਰਖਾਈਆ । ਗੁਰਮੁਖਾਂ ਦੇਵੇ ਨਾਮ ਵਥ, ਸਗਲ ਵਸੂਰੇ ਜਾਇਣ ਲੱਥ, ਏਕਾ ਚਰਨ ਧਿਆਨ ਰਖਾਈਆ । ਕਲਜੁਗ ਸੀਆਂ ਸਾਢੇ ਤਿੰਨ ਹੱਥ, ਜੋਤੀ ਜੋਤ ਸਰੂਪ ਹਰਿ, ਰੰਕ ਰਾਜਾਨਾ ਵੰਡ ਕਰਾਈਆ । ਵੰਡੇ ਵੰਡ ਆਪ ਬਲਕਾਰ । ਸ਼ਬਦ ਖੰਡੇ ਤਿੱਖੀ ਧਾਰ । ਕਲਜੁਗ ਅੰਤਮ ਆਇਆ ਕੰਢੇ, ਨਾ ਕੋਈ ਜਾਣੇ ਜੀਵ ਗਵਾਰ । ਕਰੇ ਖੇਲ ਹਰਿ ਵਰਭੰਡੇ, ਜੋਤ ਸਰੂਪੀ ਜਾਮਾ ਧਾਰ । ਚਾਰ ਕੁੰਟ ਚਮਕਾਏ ਚੰਡ ਪ੍ਰਚੰਡੇ ਬੇਮੁਖਾਂ ਨੰਗੀ ਹੋਈ ਕੰਡੇ, ਅੰਤਮ ਵੇਲਾ ਆਈ ਹਾਰ । ਮੇਟ ਮਿਟਾਏ ਭੇਖ ਪਖੰਡੇ, ਹੱਥ ਉਠਾਏ ਸੋਹੰ ਖੰਡੇ, ਚਾਰੋਂ ਕੁੰਟ ਰਿਹਾ ਹੁਲਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਅਪਰ ਅਪਾਰ । ਪੁਰਖ ਅਬਿਨਾਸ਼ੀ ਵੰਡ ਵੰਡਾਉਣੀ । ਆਪਣੀ ਬਣਤ ਆਪ ਬਣਾਉਣੀ । ਲੱਖ ਚੁਰਾਸੀ ਅੰਤ ਵਿਨਾਸ਼ੀ, ਨਾ ਕੋਈ ਸਮਝਾਏ ਹਾੜੀ ਸਾਉਣੀ । ਏਕਾ ਜੋਤ ਮਾਤ ਪ੍ਰਕਾਸ਼ੀ, ਨਾ ਕੋਈ ਜਾਣੇ ਅਵਣ ਗਵਣੀ । ਦਰ ਦਰ ਘਰ ਘਰ ਕਰਨ ਹਾਸੀ, ਅੰਮ੍ਰਿਤ ਮੇਘ ਨਾ ਬਰਸੇ ਸਵਣ ਸਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਆਪ ਆਪਣੀ ਰਚਨ ਰਚਾਉਣੀ । ਕਲਜੁਗ ਅੰਤਮ ਹਰਿ ਵਿਚਾਰੇ । ਪੁਰਖ ਅਬਿਨਾਸ਼ੀ ਜਾਮਾ ਧਾਰੇ । ਪੁਰੀ ਘਨਕ ਖੇਲ ਅਪਾਰੇ । ਸ਼ਬਦ ਵਜਾਏ ਏਕਾ ਡੰਕ, ਆਪ ਉਠਾਏ ਰਾਓ ਰੰਕ, ਜਨ ਭਗਤਾਂ ਸੋਹਣਾ ਬੰਕ ਦਵਾਰੇ । ਸ਼ਬਦ ਦਮਾਮਾ ਲਾਏ ਤਨਕ, ਜਨ ਭਗਤਾਂ ਜੋਤੀ ਦੇਵੇ ਕਨਕ, ਅੱਠੇ ਪਹਿਰ ਨਾਮ ਹੁਲਾਰੇ । ਆਪ ਫਿਰਾਏ ਮਨ ਕਾ ਮਣਕ, ਸੋਹੰ ਸ਼ਬਦ ਅਪਰ ਅਪਾਰੇ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਅੰਤਮ ਵਕਤ ਪਛਾਨਾ, ਆਪੇ ਬੀਨਾ ਆਪੇ ਦਾਨਾ, ਆਪੇ ਪ੍ਰਭ ਚਤੁਰ ਸੁਜਾਨਾ, ਕਰੇ ਖੇਲ ਹਰਿ ਨਿਰੰਕਾਰੇ । ਹਰਿ ਕਾ ਖੇਲ ਅਗੰਮ, ਜਗਤ ਵਡ ਸੰਸਾਰਿਆ । ਇਕ ਝੁਲਾਏ ਸ਼ਬਦ ਨਿਸ਼ਾਨ, ਮੇਟ ਮਿਟਾਏ ਬੇਈਮਾਨ, ਚਾਰ ਕੁੰਟ ਕਰਾਏ ਹਾਹਾਕਾਰਿਆ । ਨਾ ਕੋਈ ਦੀਸੇ ਸ਼ਾਹ ਸੁਲਤਾਨ, ਪ੍ਰਗਟ ਹੋਏ ਵਾਲੀ ਦੋ ਜਹਾਨ, ਫੜੇ ਸ਼ਬਦ ਖੰਡਾ ਦੋ ਧਾਰਿਆ । ਏਕਾ ਜੋਧਾ ਬਲੀ ਬਲਵਾਨ, ਨਾ ਕੋਈ ਰੱਖੇ ਤੀਰ ਕਮਾਨ, ਸ਼ਬਦ ਤੀਰ ਇਕ ਚਲਾ ਰਿਹਾ । ਲਾੜੀ ਮੌਤ ਆਏ ਖਾਣ, ਪੁਰਖ ਅਬਿਨਾਸ਼ੀ ਕਰੇ ਧਿਆਨ, ਧਰਮ ਰਾਏ ਦੀ ਖੁਲ੍ਹੇ ਦੁਕਾਨ,

੮੫੬
੦੪

ਚਾਰੋਂ ਕੁੰਟ ਪਏ ਵਹੀਰ ਨਾ ਕੋਈ ਮੜ੍ਹੀ ਨਾ ਮਸਾਣ, ਬੇਮੁਖਾਂ ਲਾਹੁਣ ਆਇਆ ਮਕਾਣ, ਸ਼ਬਦ ਨਿਸ਼ਾਨ ਹਰਿ ਝੁਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ, ਆਪ ਆਪਣੇ ਰੰਗ ਸਮਾ ਰਿਹਾ । ਇਕ ਦਾਤਾ ਜਗਤ ਭਿਖਾਰੀਆ । ਪੁਰਖ ਬਿਧਾਤਾ ਵਡ ਸੰਸਾਰੀਆ । ਜਨ ਭਗਤਾਂ ਦੇਵੇ ਸਚ ਸੁਗਾਤਾ, ਆਤਮ ਨਾਮ ਸ਼ਬਦ ਧਨ ਅਪਰ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਬਣਿਆ ਰਹੇ ਮਾਤ ਵਰਤਾਰਿਆ । ਗੁਰਮੁਖਾਂ ਮੰਗੀ ਇਕ ਮੰਗ । ਤਨ ਮਨ ਕਾਇਆ ਰੰਗੇ ਰੰਗ । ਝੂਠੀ ਮਾਇਆ ਨਾ ਡੱਸੇ ਡੰਗ । ਪੁਰਖ ਅਬਿਨਾਸ਼ੀ ਤੇਰੀ ਸੱਚੀ ਛਾਇਆ, ਅੱਠੇ ਪਹਿਰ ਏਕਾ ਸੰਗ । ਜਨ ਭਗਤਾਂ ਹਰਿ ਜੀ ਗੋਦ ਉਠਾਇਆ, ਬੇਮੁਖ ਭੰਨੇ ਕਾਚੀ ਵੰਗ । ਸ਼ਬਦ ਬੋਧ ਅਗਾਧ ਝੋਲੀ ਪਾਇਆ । ਹਉਮੇ ਵਿੱਚੋਂ ਰੋਗ ਗਵਾਇਆ । ਚਿੰਤਾ ਸੋਗ ਜਗਤ ਮਿਟਾਇਆ । ਆਤਮ ਪੜਦਾ ਉਹਲਾ ਲਾਹਿਆ । ਆਪ ਆਪਣਾ ਭੇਵ ਖੁਲ੍ਹਾਇਆ । ਦਰ ਘਰ ਸਾਚੇ ਮੇਲ ਮਿਲਾਇਆ । ਜਗਤ ਵਿਛੋੜਾ ਇਕ ਕਟਾਇਆ । ਚਰਨ ਪ੍ਰੀਤੀ ਜੋੜ ਜੋੜਾ ਲਿਖਿਆ ਧੁਰ ਸੰਜੋਗਾ, ਆਤਮ ਰਸ ਭੋਗ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਦਰਸ ਅਮੋਘਾ ਇਕ ਵਖਾਇਆ । ਗੁਰਮੁਖ ਮੰਗੇ ਦਰਸ ਅਮੋਘ, ਕਟੇ ਕਾਇਆ ਹਉਮੇ ਰੋਗ, ਝੂਠੀ ਮਾਇਆ ਚਿੰਤਾ ਸੋਗ, ਕਲਜੁਗ ਜੀਵਾਂ ਭੇਦ ਨਾ ਪਾਇਆ । ਪਰਮਾਨੰਦ ਇਕ ਗਵਾਇਆ । ਨਾਮ ਰੰਗਣ ਨਾ ਕਾਇਆ ਚੋਲੀ, ਭਰਮ ਭੁਲੇਖੇ ਜਨਮ ਗਵਾਇਆ । ਅੰਤਮ ਵੇਲੇ ਪਿਠ ਹੋਈ ਨੰਗੀ, ਤੁੱਟਾ ਨਾਤਾ ਵਡ ਦਾਤਾ ਸੂਰਾ ਸਰਬੰਗੀ, ਏਥੇ ਓਥੇ ਨਾ ਕੋਈ ਸਹਾਇਆ । ਗੁਰਮੁਖਾਂ ਦਾਤ ਏਕਾ ਮੰਗੀ, ਵਜੇ ਸ਼ਬਦ ਨਾਮ ਮਰਦੰਗੀ, ਮਾਨਸ ਜਨਮ ਨਾ ਹੋਏ ਭੰਗੀ, ਅੰਤਮ ਵੇਲੇ ਕਟੇ ਤੰਗੀ, ਏਕਾ ਵਸਤ ਹਰਿ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਦਿਨ ਅੰਤਾ ਸਾਚਾ ਸੰਗੀ, ਆਪ ਆਪਣਾ ਸੰਗ ਬਣਾਇਆ । ਹਰਿ ਵਡਾ ਵਡ ਭੰਡਾਰ ਹੈ । ਦੇਵੇ ਨਾਮ ਇਕ ਅਧਾਰ ਹੈ । ਅੰਮ੍ਰਿਤ ਪਿਆਏ ਸਾਚਾ ਜਾਮ, ਅੱਠੇ ਪਹਿਰ ਹੁਲਾਰ ਹੈ । ਆਪ ਕਰਾਏ ਪੂਰਨ ਕਾਮ, ਇਕ ਕਰਾਏ ਵਣਜ ਵਪਾਰ ਹੈ । ਜੋਤੀ ਜੋਤ ਰਮਈਆ ਰਾਮ, ਪੱਲੇ ਕੋਈ ਨਾ ਰੱਖੇ ਦਾਮ, ਜਗਤ ਜੰਜਾਲਾ ਵਸੇ ਬਾਹਰ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਨਾਮ ਵਰ, ਸ਼ਬਦ ਭੰਡਾਰੇ ਰਿਹਾ ਭਰ, ਤੋੜੇ ਜਗਤ ਹੰਕਾਰ ਹੈ । ਆਤਮ ਭੰਡਾਰ ਜੀਆ ਦਾਨ । ਦੇਵੇ ਗੁਰ ਕਰ ਧਿਆਨ । ਮਿਲੇ ਮੇਲ ਸ਼ਬਦ ਸੁਰਤ ਸਾਚੀ ਸੁਰ, ਆਤਮ ਦੇਵੇ ਬ੍ਰਹਮ ਗਿਆਨ । ਚਰਨ ਪ੍ਰੀਤੀ ਜਾਏ ਜੁੜ, ਆਤਮ ਮਿਟੇ ਅੰਧ ਅੰਧਿਆਨ । ਛੁਟੇ ਰਸਨਾ ਰਸ ਫੀਕਾ ਕੌੜ, ਨੇੜ ਨਾ ਆਏ ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਆਪ ਆਪਣੀ ਕਿਰਪਾ ਕਰ, ਲੋਕਮਾਤ ਖੋਲ੍ਹੇ ਇਕ ਸੱਚੀ ਦੁਕਾਨ । ਸਚ ਦੁਕਾਨ ਹਰਿ ਖੁਲ੍ਹਾਈਆ । ਕਿਲ੍ਹਾ ਮਕਾਨ ਨਾ ਕੋਈ ਰਖਾਈਆ । ਏਕਾ ਵਸਤ ਨਾਮ ਨਿਧਾਨ ਵਿਚ ਟਿਕਾਈਆ । ਗੁਰਮੁਖਾਂ ਦੇਵੇ ਕਰ ਧਿਆਨ, ਅੰਦਰੇ ਅੰਦਰ ਸਰਬ ਰਖਾਈਆ । ਭਰਮੇ ਭੁੱਲੇ ਜੀਵ ਨਿਧਾਨ, ਸਚ ਵਸਤ ਕਿਸੇ ਹੱਥ ਨਾ ਆਈਆ । ਗੁਰਮੁਖਾਂ ਦੇਵੇ ਹਰਿ ਮਿਹਰਵਾਨ, ਆਤਮ ਜੋਤੀ ਰਿਹਾ ਜਗਾਈਆ । ਧੁਰਦਰਗਾਹੀ ਸਚ ਫ਼ਰਮਾਨ, ਜਪੇ ਜਪਾਏ ਵਿਚ ਜਹਾਨ, ਗੁਰ ਗੁਰੂਆਂ ਬਣਤ ਬਣਾਈਆ । ਇਕ ਅਡੋਲ ਅਤੋਲ ਅਮੋਲ ਹੋ ਹੋ ਨੀਵਾਂ, ਸਦ ਭਾਣੇ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਸੋਹੰ ਸੱਚਾ ਨਾਮ ਧਨਾ, ਕਲਜੁਗ ਤੇਰੀ ਅੰਤਮ ਅੰਤ ਦੇਵਣ ਆਇਆ ਲੋਕਮਾਤ ਸ਼ਬਦ ਵਧਾਈਆ ।


੮੫੭
੦੪

✻ ੧ ਫਗਣ ੨੦੧੧ ਬਿਕ੍ਰਮੀ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਸੁਲਤਾਨ ਸੁਲਤਾਨ ਸੁਲਤਾਨ ਪਰਮ ਪੁਰਖ ਜੋਤ, ਭਗਵਾਨ ਹਰਿ ਨਿਰੰਕਾਰਿਆ । ਸੁਲਤਾਨ ਸੁਲਤਾਨ ਸੁਲਤਾਨ ਬਿਨ ਵਰਨ ਗੋਤ, ਪੁਰਖ ਅਗੰਮ ਅਗੰਮ ਅਪਾਰਿਆ । ਸੁਲਤਾਨ ਸੁਲਤਾਨ ਸੁਲਤਾਨ ਨਿਰਮਲ ਜੋਤ, ਸਚ ਧਰਮ ਇਕ ਸੰਸਾਰਿਆ । ਸੁਲਤਾਨ ਸੁਲਤਾਨ ਸੁਲਤਾਨ ਦੁਰਮਤ ਮੈਲ ਰਿਹਾ ਧੋਤ, ਸ਼ਬਦ ਰੰਗਣ ਇਕ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਕ ਇਕ ਵਜਾ ਰਿਹਾ । ਸੁਲਤਾਨ ਸੁਲਤਾਨ ਸੁਲਤਾਨ ਵਡ ਬਲਵਾਨਿਆ । ਕਰੇ ਖੇਲ ਭਗਤ ਸੁਹੇਲ, ਵਾਲੀ ਦੋ ਜਹਾਨਿਆ । ਵਸੇ ਰੰਗ ਨਵੇਲ, ਆਪੇ ਜਾਣੇ ਖਾਣੀ ਬਾਣੀਆ । ਨਾ ਕੋਈ ਗੁਰ ਨਾ ਕੋਈ ਚੇਲ, ਨਾ ਕੋਈ ਜਾਣੇ ਵੇਦ ਪੁਰਾਨੀਆ । ਅਚਰਜ ਪਾਰਬ੍ਰਹਮ ਪ੍ਰਭ ਖੇਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲਾਏ ਵਡ ਸੁਘੜ ਸਿਆਨਿਆਂ । ਸੁਲਤਾਨ ਸੁਲਤਾਨ ਸੁਲਤਾਨ ਹਰਿ ਭਗਵੰਤਿਆ । ਸੁਲਤਾਨ ਸੁਲਤਾਨ ਸੁਲਤਾਨ ਹਰਿ ਸਾਜਣ ਸਾਚਾ ਮੀਤ ਮੁਰਾਰ, ਆਦਿ ਅੰਤ ਸਾਚਾ ਕੰਤਿਆ । ਸਾਚਾ ਦੇਵੇ ਸ਼ਬਦ ਭੰਡਾਰ ਹਰਿ ਵਰਤਾਰ, ਮਾਣ ਰਖਾਏ ਜੁਗਾ ਜੁਗੰਤਿਆ । ਜੋਤ ਜਗਾਈ ਸ੍ਰਿਸ਼ਟ ਸਬਾਈ ਬੰਨ੍ਹੇ ਧਾਰ, ਨਰ ਹਰਿ ਸ੍ਰੀ ਭਗਵੰਤਿਆ । ਲੱਖ ਚੁਰਾਸੀ ਕਰਮ ਵਿਚਾਰ, ਭਗਤਨ ਹੋਏ ਦਾਸ ਸ਼ਬਦ ਸਵਾਸ, ਮਾਨਸ ਜਨਮ ਨਾ ਆਏ ਹਾਰ, ਆਪ ਕਟਾਏ ਜਮ ਕੀ ਫਾਸ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਪਹਿਨਾਏ ਤਨ ਸ਼ਬਦ ਹਾਰ । ਸੁਲਤਾਨ ਸੁਲਤਾਨ ਸੁਲਤਾਨ ਸਖੀ ਸੁਲਤਾਨਿਆ । ਮਿਹਰਵਾਨ ਮਿਹਰਵਾਨ ਮਿਹਰਵਾਨ ਪਤ ਆਤਮ ਰੱਖੀ, ਮਿਹਰਵਾਨ ਦੇਵੇ ਮਾਣ ਵਿਚ ਜਹਾਨਿਆ । ਕਲਜੁਗ ਅਗਨੀ ਚਾਰ ਕੁੰਟ ਭਖੀ, ਸਾਧ ਸੰਤ ਹੋਏ ਵੈਰਾਨਿਆ । ਨੇਤਰ ਨੈਣ ਵੇਖਣ ਅੱਖੀਂ, ਸਾਚਾ ਹਰਿ ਨਾ ਕਿਸੇ ਪਛਾਨਿਆ । ਸੜਦੇ ਜਾਣ ਮਾਇਆ ਝੂਠੇ ਕੱਖੀਂ, ਭੁੱਲੇ ਪੁਰਖ ਸੁਜਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਗੁਰਮੁਖ ਵਿਰਲੇ ਮਾਤ ਪਛਾਨਿਆ । ਨਾ ਕੋਈ ਜਾਣੇ ਸੰਤ ਫ਼ਕੀਰ । ਸ਼ਬਦ ਚੱਲੇ ਸਾਚਾ ਤੀਰ । ਵੇਖ ਵਖਾਣੇ ਜਲ ਥਲੇ ਡੂੰਘੀ ਡਲੇ, ਨਾ ਕੋਈ ਦੇਵੇ ਕਿਸੇ ਧੀਰ । ਚਾਰੋਂ ਕੁੰਟ ਪੈਣ ਹੱਲੇ, ਬੇਮੁਖ ਰੁਲਣ ਕੱਲਮ ਕੱਲੇ, ਕਿਸੇ ਹੱਥ ਨਾ ਆਏ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਤੇਰਾ ਅੰਤ, ਅੰਤ ਅੰਤ ਅਖ਼ੀਰ । ਛੱਬੀ ਪੋਹ ਹਰਿ ਬਣਤ ਬਣਾਈ । ਸਾਚੇ ਮੰਦਰ ਅੰਦਰੇ ਅੰਦਰ, ਸਾਚੀ ਗਣਤ ਆਪ ਗਿਣਾਈ । ਲੱਖ ਚੁਰਾਸੀ ਕਾਇਆ ਡੂੰਘੀ ਕੰਦਰ, ਪ੍ਰਭ ਪੂਰਨ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੱਬੀ ਪੋਹ ਜਗਤ ਜੰਜਾਲਾ ਤੁੱਟਾ ਮੋਹ, ਝੂਠੀ ਕਾਇਆ ਮਾਤ ਤਜਾਈ । ਛੱਬੀ ਪੋਹ ਦਿਵਸ ਉਜਿਆਰ । ਕਰੇ ਕਰਾਏ ਹਰਿ ਨਿਰੰਕਾਰ । ਸਾਚੀ ਜੋਤ ਮਾਤ ਧਰੇ, ਸ਼ਬਦ ਰੱਖੇ ਤਿੱਖੀ ਧਾਰ । ਨਾ ਜਨਮੇ ਨਾ ਕਦੇ ਮਰੇ, ਆਵੇ ਜਾਵੇ ਵਾਰੋ ਵਾਰ । ਏਕਾ ਵਸੇ ਸਚ ਘਰੇ, ਉਚ ਮਹੱਲ ਇਕ ਮੁਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਇਆ ਅਪਰ ਅਪਾਰ । ਛੱਬੀ ਪੋਹ ਲੇਖ ਲਿਖਾਇਆ । ਗੁਰ ਪੀਰ ਕੋਈ ਰਹਿਣ ਨਾ ਪਾਇਆ । ਆਤਮ ਤੋੜੇ ਜਗਤ ਧੀਰ, ਸ਼ਬਦ ਡੰਡਾ ਮਗਰ ਲਗਾਇਆ । ਨੰਗੀਂ ਪੈਰੀਂ ਫਿਰਨ ਫ਼ਕੀਰ, ਪੁਰਖ ਅਬਿਨਾਸ਼ੀ ਹੱਥ ਨਾ ਆਇਆ । ਸ਼ਬਦ ਨਿਰਾਲਾ ਚਲੇ ਤੀਰ, ਵਕਤ ਅਖ਼ੀਰ ਨੇੜੇ ਆਇਆ । ਜਨ ਭਗਤਾਂ ਕਟੇ ਆਪੇ ਭੀੜ, ਨਿਹਕਲੰਕੀ ਜਾਮਾ ਪਾਇਆ । ਨਾ ਕੋਈ ਹਸਤ ਨਾ ਕੋਈ ਕੀਟ, ਏਕਾ ਰੰਗਣ



੮੫੮ ੦੪

੮੫੯
੦੪

ਰੰਗ ਰੰਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸੰਗ ਨਿਭਾਇਆ । ਜਗਤ ਗੁਰੂਆਂ ਮਾਰੇ ਮਾਰ । ਹੱਥ ਫੜ ਸ਼ਬਦ ਕਟਾਰ । ਆਤਮ ਕੱਢੇ ਬਲ ਹੰਕਾਰ । ਜੋਤੀ ਨੂਰ ਨਾ ਕਿਸੇ ਘਰ ਛੱਡੇ, ਖਿਚ ਲਿਆਏ ਚਰਨ ਦਵਾਰ । ਖ਼ਾਲੀ ਦਿਸਣ ਕਾਇਆ ਹੱਡੇ, ਅੱਡੋ ਅੱਡੇ, ਝੂਠੀ ਰਹੇ ਫੂੰ ਫੁੰਕਾਰ । ਜਨ ਭਗਤਾਂ ਲਡਾਏ ਸਾਚੇ ਲੱਡੇ, ਪੁਰਖ ਅਬਿਨਾਸ਼ੀ ਮੀਤ ਮੁਰਾਰ । ਭਰਮ ਭੁਲੇਖਾ ਸਾਰਾ ਕੱਢੇ, ਸਤਾਰਾਂ ਹਾੜੀ ਕਰ ਵਿਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ੇਖ਼ ਪੀਰ ਨਾ ਕੋਈ ਛੱਡੇ, ਚਾਰੋਂ ਕੁੰਟ ਕਰੇ ਖਵਾਰ । ਚਾਰੋਂ ਕੁੰਟ ਹੋਏ ਖੁਆਰੀ । ਗੁਰੂਆਂ ਪੀਰਾਂ ਆਏ ਹਾਰੀ । ਕਲਜੁਗ ਤੇਰੀ ਅੰਤਮ ਵਾਰੀ । ਫੇਰੇ ਹਰਿ ਸ਼ਬਦ ਬਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਕਾਰੀ । ਏਕਾ ਹਰਿ ਇਕ ਇਕੇਲਾ । ਦੂਜਾ ਨਾ ਕੋਈ ਵਸੇ ਮਹੱਲਾ । ਗੁਰੂਆਂ ਪੀਰਾਂ ਪਏ ਤਰਥੱਲਾ । ਗਗਨ ਪਤਾਲੀ ਥੰਮ ਹਿਲਾ । ਫਲ ਨਾ ਦਿਸੇ ਕਿਸੇ ਡਾਲੀ, ਵੇਖ ਵਖਾਣੇ ਵਲ ਛਲਾ । ਕਲਜੁਗ ਰੈਣ ਅੰਧੇਰੀ ਕਾਲੀ, ਜੋਤ ਨਿਰੰਕਾਰੀ ਅਚਲ ਅਚੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸੋਹੰ ਸ਼ਬਦ ਇਕ ਧਾਰ, ਚਾਰੋਂ ਕੁੰਟ ਏਕਾ ਵਾਰ ਕਰਾਏ ਸਾਚਾ ਹੱਲਾ । ਗੁਰ ਪੀਰ ਔਲੀਏ ਜਾਣ ਭੱਜ । ਮਾਇਆ ਮੰਦਰ ਝੂਠੇ ਤਜ । ਕੋਇ ਨਾ ਪਰਦੇ ਲਏ ਕਜ । ਗੁਰਮੁਖ ਸਾਚਾ ਰਸਨਾ ਸੇਵੇ, ਕਾਇਆ ਕਾਅਬਾ ਆਪ ਕਰਾਏ ਸਾਚਾ ਹੱਜ । ਸਾਚੀ ਵਸਤ ਪ੍ਰਭ ਦਰ ਲੇਵੇ, ਸਾਚਾ ਤਾਲ ਜਾਏ ਵੱਜ । ਗੁਣ ਗੋਬਿੰਦਾ ਰਸਨਾ ਸੇਵੇ ਅੰਤਮ ਵੇਲੇ ਰੱਖੇ ਲਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲਖ ਅਭੇਵੇ ਜੋ ਘੜਿਆ ਸੋ ਜਾਏ ਭੱਜ । ਏਕਾ ਸੋਹੇ ਹਰਿ ਦਵਾਰ । ਗੁਰ ਪੀਰ ਸਭ ਹੋਣੇ ਛਾਰ । ਨਾ ਕੋਈ ਦੀਸੇ ਮੀਤ ਮੁਰਾਰ । ਪੁਰਖ ਅਬਿਨਾਸ਼ੀ ਸਾਚੀ ਰੀਤੇ, ਲੱਖ ਚੁਰਾਸੀ ਇਕ ਭਤਾਰ । ਨਾ ਕੋਈ ਗੁਰਦਵਾਰਾ ਮੰਦਰ ਮਸੀਤੇ, ਉਚ ਮਹੱਲ ਨਾ ਕੋਈ ਅਟਾਰ । ਕਲਜੁਗ ਔਧ ਗਈ ਬੀਤੇ, ਨਾ ਕੋਈ ਹੋਏ ਅੰਤ ਸਹਾਰ । ਗੁਰਮੁਖ ਗੁਰ ਸਾਜਣ ਸਦਾ ਜਗ ਜੀਤੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰ । ਕਲਜੁਗ ਮਾਇਆ ਆਈ ਹਾਰ, ਕੋਈ ਨਾ ਮਿਲਿਆ ਸੱਚਾ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਕਰਾਏ ਸੱਚਾ ਵਣਜ ਵਪਾਰ । ਏਕਾ ਵਣਜ ਜਗਤ ਵਪਾਰਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਰਸਨਾ ਗਾਓ ਅਮਰਾ ਪਦ ਪਾਓ, ਆਤਮ ਭਰਿਆ ਰਹੇ ਭੰਡਾਰਾ । ਨਿਜਾਨੰਦ ਸੁਖ ਸਹਿਜ ਸਮਾਓ, ਵਰ ਦਰ ਘਰ ਸਾਚਾ ਪਾਓ, ਫੇਰ ਨਾ ਆਏ ਹਾਰਾ । ਗਹਿਰ ਗੰਭੀਰ ਸਦ ਰਸਨਾ ਗਾਓ, ਆਤਮ ਸ਼ਾਂਤ ਸਰੀਰ ਕਰਾਓ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਜਗਤ ਸਹਾਰਾ । ਮਾਨਸ ਜਨਮ ਅਪਾਰ, ਉਤਮ ਜ਼ਾਤਿਆ । ਮਾਨਸ ਜਨਮ ਅਪਾਰ, ਮਿਲੇ ਮੇਲ ਹਰਿ ਪੁਰਖ ਬਿਧਾਤਿਆ । ਮਾਨਸ ਜਨਮ ਅਪਾਰ, ਸਾਚਾ ਸੱਜਣ ਸੁਹੇਲ, ਮੇਟ ਮਿਟਾਏ ਅੰਧੇਰੀ ਰਾਤਿਆ । ਮਾਨਸ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਦੇਵੇ ਬੂੰਦ ਸਵਾਂਤਿਆ । ਮਾਨਸ ਜਨਮ ਅਪਾਰ, ਅੰਮ੍ਰਿਤ ਧਾਰਿਆ । ਮਾਨਸ ਜਨਮ ਅਪਾਰ, ਗੁਰਮੁਖਾਂ ਦੇਵੇ ਕਰ ਪਿਆਰਿਆ । ਮਾਨਸ ਜਨਮ ਅਪਾਰ, ਕਾਇਆ ਅੰਦਰ ਸਾਚੀ ਜੋਤ ਧਰੇ ਨਿਰੰਕਾਰਿਆ । ਮਾਨਸ ਜਨਮ ਅਪਾਰ, ਤੋੜੇ ਵੱਜਾ ਜੰਦਰ, ਦੇਵੇ ਦਰਸ ਅਗੰਮ ਅਪਾਰਿਆ । ਮਾਨਸ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪਿਆਰਿਆ । ਮਾਨਸ ਜਨਮ ਅਪਾਰ, ਜਗਤ ਅਮੋਲਿਆ । ਮਾਨਸ ਜਨਮ ਅਪਾਰ, ਗੁਰਮੁਖ ਸਾਚਾ ਪ੍ਰਭ ਸਾਚੇ ਪੂਰਾ ਤੋਲ

ਤੋਲਿਆ । ਮਾਨਸ ਜਨਮ ਅਪਾਰ, ਪਰਦੇ ਰਿਹਾ ਖੋਲ੍ਹ, ਏਕਾ ਸ਼ਬਦ ਸੁਣਾਏ ਸੱਚਾ ਢੋਲਿਆ । ਮਾਨਸ ਜਨਮ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਦ ਵਸੇ ਕੋਲ, ਅੰਦਰੇ ਅੰਦਰ ਬੋਲਿਆ । ਮਾਨਸ ਜਨਮ ਅਪਾਰ, ਭਗਤ ਵਡਿਆਈਆ । ਮਾਨਸ ਜਨਮ ਅਪਾਰ, ਮਿਲਿਆ ਮੇਲ ਸਹਿਜ ਸੁਖਦਾਈਆ । ਮਾਨਸ ਜਨਮ ਅਪਾਰ, ਹਰਿ ਸਾਚਾ ਸੱਜਣ ਸੁਹੇਲ, ਚਰਨ ਪ੍ਰੀਤੀ ਤੋੜ ਨਿਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸਰਨ ਗੁਰ ਦੋਏ ਜੋੜ, ਸਦਾ ਸੁਹੇਲਾ ਹੋਏ ਮਾਤ ਸਹਾਈਆ । ਹਰਿਜਨ ਜਨਮ ਅਪਾਰ, ਵਣਜ ਕਰੰਦੜਾ । ਹਰਿਜਨ ਜਨਮ ਅਪਾਰ, ਮਿਲੇ ਮੇਲ ਭਗਤ ਭਗਵਾਨ ਸਦਾ ਬਖ਼ਸ਼ੰਦੜਾ । ਹਰਿਜਨ ਜਨਮ ਅਪਾਰ, ਏਕਾ ਦੇਵੇ ਨਾਮ ਸਹਾਰ, ਸਚ ਦਵਾਰੇ ਨਰ ਨਿਰੰਕਾਰੇ ਆਪਣਾ ਆਪ ਖੁਲ੍ਹੰਦੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਦਏ ਦਿਲਾਸਾ ਸ਼ਬਦ ਅਰਦਾਸਾ, ਸਚ ਘਰ ਆਤਮ ਰੱਖੇ ਵਾਸਾ, ਤ੍ਰਿਸ਼ਨਾ ਭੁੱਖ ਮਿਟੰਦੜਾ । ਕਲਜੁਗ ਕਾਲਾ ਵੇਸ ਨੌਂ ਦਵਾਰ ਹੈ । ਪੁਰਖ ਅਬਿਨਾਸ਼ੀ ਆਪੇ ਵੇਖੇ ਕਰ ਕਰ ਵੇਸ, ਸ਼ਬਦ ਨਰ ਨਾਰ ਹੈ । ਸ਼ਬਦ ਸੁਨੇਹੜਾ ਜਾਏ ਦੇਸ ਪ੍ਰਦੇਸ, ਕਰੇ ਕਰਾਏ ਆਪ ਖ਼ਬਰਦਾਰ ਹੈ । ਪਕੜ ਉਠਾਏ ਨਰ ਨਰਾਇਣਾ ਨਰ ਨਰੇਸ਼, ਮਾਰੇ ਇਕ ਹੁਲਾਰ ਹੈ । ਸਾਲ ਗਿਆਰਵਾਂ ਬਾਲ ਅਵਸਥਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਭੁੱਲੇ ਸ੍ਰੀ ਦਸਮੇਸ਼ ਹੈ । ਕਲਜੁਗ ਕਾਲਾ ਵੇਸ ਨੌਂ ਦਵਾਰਿਆ । ਪੁਰਖ ਅਬਿਨਾਸ਼ੀ ਦਰ ਦਰਵੇਸ, ਮੰਗਣ ਗਿਆ ਵਡ ਵਡ ਦਰ ਦਵਾਰਿਆ । ਖੁਲ੍ਹੇ ਰੱਖੇ ਕੇਸ, ਕਲਜੁਗ ਅੰਧ ਅੰਧਿਆਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਕਰੇ ਖੇਲ ਅਪਰ ਅਪਾਰਿਆ । ਨੌਂ ਦਰਵਾਜੇ ਦਰ ਦਰਬਾਰ । ਕਲਜੁਗ ਤੇਰਾ ਰਚਿਆ ਕਾਜੇ, ਮਾਝੇ ਦੇਸ ਖੇਲ ਨਿਆਰ । ਲੱਖ ਚੁਰਾਸੀ ਤੇਰਾ ਆਪ ਬਣਾਏ ਸੱਚਾ ਦਾਜੇ, ਆਪ ਚੁਕਾਏ ਸਿਰ ਪਾਪਾਂ ਭਾਰ । ਜਨ ਭਗਤਾਂ ਸਾਜਨ ਆਪੇ ਸਾਜੇ, ਦੇਵੇ ਸ਼ਬਦ ਨਾਮ ਖ਼ੁਮਾਰ । ਅੰਤਮ ਵੇਲੇ ਰੱਖੇ ਲਾਜੇ, ਰਾਜੇ ਰਾਣੇ ਦਰ ਦੁਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨੌਂ ਦਵਾਰੇ ਆਪੇ ਖੋਲ੍ਹੇ, ਸ਼ਬਦ ਸਰੂਪੀ ਘਰ ਸਾਚੇ ਬੋਲੇ, ਰਚਨ ਰਚਾਏ ਸਤਾਰਾਂ ਹਾੜ । ਨੌਂ ਦਰਵਾਜ਼ੇ ਸਾਚੀ ਨਈਆ । ਬੇਮੁਖਾਂ ਅੰਤਮ ਆਪ ਚੜ੍ਹਈਆ । ਗੁਰਮੁਖਾਂ ਚੁਕਾਏ ਝੂਠਾ ਝੇੜਾ, ਦਸਮ ਦਵਾਰ ਇਕ ਵਖਈਆ । ਅੰਤਮ ਕਰੇ ਹੱਕ ਨਿਬੇੜਾ, ਸੱਜਣ ਸੁਹੇਲਾ ਹਰਿ ਸਾਚਾ ਸਈਆ । ਆਪ ਵਸਾਏ ਕਾਇਆ ਨਗਰ ਖੇੜਾ, ਅੰਧ ਅੰਧਿਆਨ ਤਨ ਮਿਟਈਆ । ਸ਼ਬਦ ਸਰੂਪੀ ਦੇਵੇ ਗੇੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਖੇਲ ਰਚਈਆ । ਨੌਂ ਦਰਵਾਜੇ ਜਗਤ ਅੰਧ । ਦਿਸ ਨਾ ਆਏ ਗਰੀਬ ਨਿਵਾਜਾ, ਝੂਠਾ ਦਿਸੇ ਮਾਇਆ ਧੰਦ, ਲੱਖ ਚੁਰਾਸੀ ਸਾਜਣ ਸਾਜਾ, ਆਤਮ ਜੋਤੀ ਸਾਚਾ ਨੂਰਾ, ਇਕ ਵਖਾਏ ਕਾਇਆ ਸਾਚਾ ਚੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨੌਂ ਦਵਾਰੇ ਜਗਤ ਅਕਾਰੇ ਇਕ ਰਖਾਈ ਮਾਇਆ ਕੰਧ । ਨੌਂ ਦਵਾਰੇ ਕਲਜੁਗ ਨਿਸ਼ਾਨੀ । ਸ਼ਬਦ ਮਾਰੇ ਤੀਰ ਕਾਨੀ । ਕਲਜੁਗ ਵੇਲਾ ਅੰਤ ਪ੍ਰਭ ਪਕੜ ਉਠਾਏ ਸਾਧ ਸੰਤ, ਭਰਮ ਭੁਲੇਖੇ ਵਡ ਵਿਦਵਾਨੀ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਦੇਵੇ ਦਰਸ ਹਰਿ ਜੋਤ ਭਗਵਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਦਵਾਰ ਬਣਾਈ ਬਣਤ, ਕਲਜੁਗ ਤੇਰੀ ਅੰਤ ਨਿਸ਼ਾਨੀ ।

੮੬੦
੦੪

### ✻ ੧੧ ਫਗਣ ੨੦੧੧ ਬਿਕ੍ਰਮੀ ਸਵਾਮੀ ਸੰਤ ਦਰਸ਼ਨਾ ਅਨੰਦ ਦੇ ਨਵਿਤ ਬਟਾਲਾ ਜ਼ਿਲਾ ਗੁਰਦਾਸਪੁਰ ✻

ਦਰ ਘਰ ਸਾਚੇ ਮੇਲ ਭਗਤ ਭਗਵਾਨਿਆ । ਸ਼ਬਦ ਚੜ੍ਹਾਏ ਸਾਚਾ ਤੇਲ, ਗੁਰਮੁਖ ਸਾਚੇ ਸੁਘੜ ਸਿਆਨਿਆਂ । ਅਚਰਜ ਕਰੇ ਲੋਕਮਾਤ ਖੇਲ, ਨਾ ਜਾਣੇ ਜੀਵ ਨਿਧਾਨਿਆ । ਧਰਮ ਰਾਏ ਦੀ ਕਟੇ ਜੇਲ, ਰਸਨਾ ਗਾਏ ਹਰਿ ਭਗਵਾਨਿਆ । ਸਦਾ ਵਸੇ ਰੰਗ ਨਵੇਲ, ਚੱਲੇ ਚਲਾਏ ਆਪਣੇ ਭਾਣਿਆ । ਹਰਿ ਸਾਚਾ ਸੱਜਣ ਸੁਹੇਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਡ ਬਲੀ ਬਲਵਾਨਿਆ । ਵਡ ਬਲੀ ਬਲਵਾਨ ਨਰ ਨਿਰੰਕਾਰਿਆ । ਸ਼ਬਦ ਰਖਾਏ ਤਿਖੀ ਧਾਰ ਵਿਚ ਸੰਸਾਰਿਆ । ਕਲਜੁਗ ਮੇਟੇ ਅੰਧੇਰੀ ਰਾਤ, ਚਾਰੋਂ ਕੁੰਟ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਡੰਕਾ ਸੋਹੰ ਸ਼ਬਦ ਵਜਾ ਰਿਹਾ । ਸੋਹੰ ਸ਼ਬਦ ਅਪਾਰ, ਵਿਚ ਸੰਸਾਰਿਆ । ਖੋਲ੍ਹੇ ਹਰਿ ਦਵਾਰ, ਹਰਿ ਨਿਰੰਕਾਰਿਆ । ਚਾਰ ਵਰਨਾਂ ਇਕ ਪਿਆਰ, ਕਰੇ ਖੇਲ ਅਪਰ ਅਪਾਰਿਆ । ਸਾਚਾ ਦੇਵੇ ਸ਼ਬਦ ਅਧਾਰ, ਸੋਹੰ ਵਰਤੇ ਵਿਚ ਸੰਸਾਰਿਆ । ਆਤਮ ਖੰਡਾ ਰਿਹਾ ਮਾਰ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖੇਲ ਨਿਆਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਸਤਿਜੁਗ ਸਾਚੀ ਧਾਰ ਬੰਨ੍ਹਾ ਰਿਹਾ । ਜਨ ਭਗਤਾਂ ਪੁੱਛੇ ਵਾਤੀ, ਦੇਵੇ ਨਾਮ ਸਚ ਸੁਗਾਤੀ, ਅੰਮ੍ਰਿਤ ਪਿਆਏ ਬੂੰਦ ਸਵਾਂਤੀ, ਕਾਇਆ ਕਰੇ ਠੰਡੀ ਠਾਰ ਹੈ । ਆਤਮ ਅੰਦਰ ਮਾਰੇ ਝਾਤੀ, ਮਿਟੇ ਰੈਣ ਅੰਧੇਰੀ ਰਾਤੀ, ਚਿੱਟੇ ਘੋੜੇ ਹਰਿ ਅਸਵਾਰ ਹੈ । ਕਲਜੁਗ ਤੇਰੀ ਬਣਾਏ ਅੰਤ ਮਿੱਟੀ ਖ਼ਾਕੀ, ਗੁਰਮੁਖਾਂ ਚੁਕਾਏ ਲਹਿਣਾ ਦੇਣਾ ਬਾਕੀ, ਲੱਖ ਚੁਰਾਸੀ ਕਰੇ ਪਾਰ ਹੈ । ਨਾ ਕੋਈ ਦੀਸੇ ਰਾਜ ਰਾਜਾਨ ਸ਼ਾਹ ਸੁਲਤਾਨ ਆਕੀ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦਰ ਦਵਾਰਾ ਇਕ ਅਕਾਲ ਹੈ । ਭਰਿਆ ਰਹੇ ਭੰਡਾਰਾ, ਸਦਾ ਰਹੇ ਦਿਆਲ ਹੈ । ਦੇਂਦਾ ਆਏ ਵਾਰੋ ਵਾਰਾ, ਜੁਗਾ ਜੁਗੰਤਰ ਅਵਲੜੀ ਚਾਲ ਹੈ । ਸਤਿਜੁਗ ਤ੍ਰੇਤਾ ਪਾਰ ਉਤਾਰਾ, ਦਵਾਪਰ ਖੇਲ ਨਿਆਰ ਹੈ । ਕਲਜੁਗ ਤੇਰੀ ਅੰਤਮ ਵਾਰਾ, ਪ੍ਰਭ ਅਬਿਨਾਸ਼ੀ ਖੇਲੇ ਖੇਲ, ਨਾ ਕੋਈ ਜਾਣੇ ਜੀਵ ਗਵਾਰ ਹੈ । ਜਨ ਭਗਤਾਂ ਕਰਾਏ ਆਤਮ ਮੇਲ, ਸ਼ਬਦ ਸਰੂਪੀ ਚਾੜ੍ਹੇ ਤੇਲ, ਸਾਚਾ ਦੀਪਕ ਆਪ ਜਗਾਏ ਬਣ ਸਾਚਾ ਸੱਜਣ ਸੁਹੇਲ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਨਾਮ ਵਰ, ਘਰ ਸਚ ਮਿਲਾਏ ਮੇਲ ਹੈ । ਘਰ ਸਾਚਾ ਹਰਿ ਨਿਰੰਕਾਰਿਆ । ਪਿੰਡ ਕਾਚਾ ਜੀਵ ਗਵਾਰਿਆ । ਗੁਰਮੁਖ ਵਿਰਲੇ ਹਿਰਦੇ ਵਾਚਾ, ਦਰਸ ਦਿਖਾਏ ਹਰਿ ਅਮੋਘਾ, ਮਿਲਿਆ ਮੇਲ ਧੁਰ ਸੰਜੋਗਾ, ਕਟੇ ਰੋਗ ਵਿੱਚੋਂ ਹਉਮੇ ਰੋਗਾ, ਆਪ ਚੁਗਾਏ ਸ਼ਬਦ ਚੋਗ, ਸੋਹੰ ਸ਼ਬਦ ਆਤਮ ਚੋਗਾ, ਮਿਲੇ ਮੇਲ ਕੰਤ ਭਤਾਰਿਆ । ਸਾਚਾ ਭੋਗ ਗੁਰਮੁਖ ਵਿਰਲੇ ਭੋਗਾ, ਲੱਖ ਚੁਰਾਸੀ ਭੁੱਲੀ ਰੁਲੀ, ਨਾ ਦੇਵੇ ਕੋਈ ਸਹਾਰਿਆ । ਹਰਿ ਭਾਗ ਲਗਾਏ ਗੁਰਮੁਖ ਕਾਇਆ ਕੁੱਲੀ, ਅੰਤਮ ਕਲਜੁਗ ਲੋਕਮਾਤੀ ਫਲੀ ਫੁੱਲੀ, ਅੱਠੇ ਪਹਿਰ ਖਿੜੀ ਰਹੇ ਗੁਲਜ਼ਾਰ ਹੈ । ਬੰਦ ਕਵਾੜੀ ਅੰਤਮ ਖੁਲ੍ਹੀ, ਅੰਮ੍ਰਿਤ ਧਾਰ ਏਕਾ ਡੁੱਲ੍ਹੀ, ਕਾਇਆ ਕਰੇ ਠੰਡੀ ਠਾਰ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਕਿਰਪਾ ਕਰੇ ਅਪਰ ਅਪਾਰ ਹੈ । ਚਰਨ ਪਿਆਰ ਹਰਿ ਭਗਵੰਤਿਆ । ਦਿਵਸ ਰੈਣ ਪਾਵੇ ਸਾਰ, ਮਿਲਿਆ ਮੇਲ ਸਾਚੇ ਕੰਤਿਆ । ਸਾਜਣ ਸਾਚਾ ਮੀਤ ਮੁਰਾਰ, ਆਪੇ ਗੁਪਤ ਆਪੇ ਜ਼ਾਹਿਰ ਆਪ ਆਪਣੇ ਰੰਗ ਰਗੰਤਿਆ । ਏਕਾ ਜੋਤ ਹਰਿ ਨਿਰੰਕਾਰ,

ਦੂਜੀ ਰੱਖੇ ਸ਼ਬਦ ਧਾਰ ਪਵਣ ਸਵਾਸੀ ਨਾਲ ਅਪਾਰ, ਸਾਚਾ ਮੇਲ ਸਾਧਨ ਸੰਤਿਆ । ਸ਼ਬਦ ਘੋੜੇ ਹੋ ਅਸਵਾਰ, ਹੱਥ ਫੜੇ ਨਾਮ ਕਟਾਰ, ਕਲਜੁਗ ਤੇਰੀ ਅੰਤਮ ਵਾਰਿਆ । ਮੇਟ ਮਿਟਾਏ ਠਗ ਚੋਰ ਯਾਰ, ਰੱਖੇ ਲਾਜ ਸਾਧ ਸੰਤਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਕਾਲਾ ਵੇਸ ਕਰ, ਦਰ ਦਰਵੇਸ਼ ਹਰਿ ਬੇਮੁਖਾਂ ਮਾਇਆ ਪਾਏ ਬੇਅੰਤਿਆ । ਕਲਜੁਗ ਮਾਇਆ ਹਰਿ ਜੀ ਪਾਈ । ਵੇਲਾ ਅੰਤ ਨਾ ਜਾਣੇ ਹਰਿ ਜੀ ਰਾਈ । ਚਾਰੋਂ ਕੁੰਟ ਭੁੱਲੀ ਰੁਲੀ ਲੱਖ ਚੁਰਾਸੀ ਸਰਬ ਲੋਕਾਈ । ਅੰਮ੍ਰਿਤ ਆਤਮ ਸਭ ਦੀ ਡੁੱਲ੍ਹੀ, ਆਦਿ ਪੁਰਖ ਆਦਿ ਸ਼ਕਤ ਜੋਤ ਨਿਰੰਜਣ ਭੁਲੀ, ਦਰਸ ਨਾ ਪਾਇਣ ਤੀਜੇ ਨੈਣ । ਗੁਰਮੁਖ ਵਿਰਲੇ ਚਰਨ ਪ੍ਰੀਤੀ ਘੋਲ ਘੁੱਲੀ, ਮਿਲਿਆ ਮੇਲ ਹਰਿ ਸਾਚੇ ਸਾਕ ਸੱਜਣ ਸੈਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੰਤ ਜਨਾਂ, ਤਨ ਸ਼ਿੰਗਾਰ ਕਰਾਨੇ ਸ਼ਬਦ ਬਿਬਾਣੇ ਤਨ ਸਾਚੀ ਲੇਖੀ । ਸਾਚਾ ਸ਼ਬਦ ਤਨ ਸ਼ਿੰਗਾਰਿਆ । ਕਿਰਪਾ ਕਰੇ ਹਰਿ ਗਿਰਧਾਰਿਆ । ਆਤਮ ਜੋਤੀ ਜੋਤ ਧਰੇ, ਮਿਟੇ ਅੰਧ ਅੰਧਿਆਰਿਆ । ਦਿਵਸ ਰੈਣ ਸੰਤ ਸੁਹੇਲਾ ਅੱਠੇ ਪਹਿਰ ਪੁਕਾਰ ਸੁਣੇ, ਦੇਵੇ ਸ਼ਬਦ ਨਾਦ ਧੁਨ ਧੁਨਕਾਰਿਆ । ਕਵਣ ਜਾਣੇ ਤੇਰੇ ਗੁਣੇ, ਲੱਖ ਚੁਰਾਸੀ ਛਾਣੇ ਪੁਣੇ, ਗੁਰਮੁਖ ਵਿਰਲੇ ਵਿੱਚੋਂ ਲੱਭੇ ਵੇਖੇ ਵੇਖਣਹਾਰ ਰਤਨੀ ਰਤਨ ਜਵਾਹਰਿਆ । ਬੇਮੁਖ ਪਾਏ ਭਰਮ ਭੁਲੇਖੇ, ਅੱਠੇ ਪਹਿਰ ਹਰਿ ਵੇਖੇ ਲੇਖੇ, ਜੋਤੀ ਖੇਲ ਅਪਾਰਿਆ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖੇ, ਗੁਰਮੁਖ ਵਿਰਲਾ ਲੋਕਮਾਤ ਕਲਜੁਗ ਤੇਰੀ ਅੰਤਮ ਵਾਰੇ ਨੈਣ ਵੇਖੇ, ਜਗੇ ਜੋਤ ਇਕ ਬਨਵਾਰਿਆ । ਜੋਤੀ ਜਾਮਾ ਧਾਰੇ ਭੇਖੇ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਦੇਵੇ ਸ਼ਬਦ ਇਕ ਅਧਾਰਿਆ । ਏਕਾ ਸ਼ਬਦ ਇਕ ਸਹਾਰਾ । ਜਨ ਭਗਤਾਂ ਦੇਵੇ ਕਰ ਪਿਆਰਾ । ਸੋਹੰ ਵੱਜੇ ਤਨ ਨਗਾਰਾ । ਚਾਰੋਂ ਕੁੰਟ ਹਾਹਾਕਾਰਾ । ਰਾਜਾ ਰਾਣਾ ਹੋਏ ਖੁਆਰਾ । ਮੰਨਣਾ ਪਏ ਸਿਰ ਤੇ ਭਾਣਾ, ਆਪੇ ਜਾਣੇ ਚਤੁਰ ਸੁਜਾਨਾ । ਲੱਖ ਚੁਰਾਸੀ ਅੰਤ ਮਿਟਾਏ ਪੀਣਾ ਖਾਣਾ ਏਕਾ ਤੀਰ ਚਲਾਨਾ । ਰਸਨਾ ਖਿੱਚੇ ਹਰਿ ਕਮਾਨਾ । ਪਹਿਲਾ ਮਾਰੇ ਵਿਚ ਮਦੀਨੇ ਮੱਕੇ, ਕਰੇ ਖੇਲ ਸ੍ਰੀ ਭਗਵਾਨਾ । ਲੱਖ ਚੁਰਾਸੀ ਧਰਮ ਰਾਏ ਦੇ ਦਰ ਦਵਾਰੇ ਹੱਕੇ, ਕਲਜੁਗ ਕਾਇਆ ਫਲ ਅੰਤਮ ਪੱਕੇ, ਸ਼ਬਦ ਹਲੂਣਾ ਇਕ ਲਗਾਣਾ । ਲਾੜੀ ਮੌਤ ਦੂਰ ਦੁਰਾਡੀ ਹਰਿ ਦਵਾਰੇ ਲੋਕਮਾਤ ਖਿੜ ਖਿੜ ਹੱਸੇ, ਪ੍ਰਭ ਅਬਿਨਾਸ਼ੀ ਹੁਕਮ ਸੁਣਾਨਾ । ਜੋਤੀ ਜਾਮਾ ਸ੍ਰੀ ਭਗਵਾਨਾ, ਆਪੇ ਗੋਪੀ ਆਪੇ ਕਾਹਨਾ, ਨਾ ਕੋਈ ਜਾਣੇ ਜੀਵ ਨਿਧਾਨਾ । ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਏਕਾ ਚਾੜ੍ਹੇ ਸ਼ਬਦ ਰਾਣਾ । ਸ਼ਬਦ ਘੋੜੇ ਹਰਿ ਅਸਵਾਰਾ, ਧੁਰ ਦਰਗਾਹੋਂ ਆਇਆ ਦੌੜਾ । ਕਲਜੁਗ ਤੇਰੀ ਅੰਤਮ ਵਾਰਾ, ਚੌਥਾ ਚੁੱਕੇ ਅੰਤਮ ਪੌੜਾ । ਭੰਨੇ ਜੀਵ ਕਲਜੁਗ ਰੇਠਾ ਕੌੜਾ । ਨਾ ਕਰੇ ਕੋਈ ਉਧਾਰਾ, ਗੁਰਮੁਖਾਂ ਪ੍ਰਭ ਸਾਚਾ ਬਹੁੜਾ । ਸ਼ਬਦ ਲਗਾਏ ਏਕਾ ਪੌੜਾ । ਆਪ ਕਰਾਏ ਪਾਰ ਕਿਨਾਰਾ, ਸਚ ਦਵਾਰਾ ਨਾ ਕੋਈ ਜਾਣੇ ਲੰਮਾ ਚੌੜਾ । ਜੋਤੀ ਜੋਤ ਸਰੂਪ ਹਰਿ, ਭਗਤ ਜਨਾਂ ਹਰਿ ਕਿਰਪਾ ਕਰ, ਆਪ ਮਿਲਾਏ ਦਇਆ ਕਮਾਏ, ਏਕਾ ਦੂਆ ਏਕਾ ਜੋੜਾ । ਏਕਾ ਏਕ ਇਕੱਲਾ, ਹਰਿ ਨਿਰੰਕਾਰਿਆ । ਸਾਚਾ ਹਰਿ ਮਹੱਲਾ, ਜਗੇ ਜੋਤ ਅਪਰ ਅਪਾਰਿਆ । ਨਾ ਕੋਈ ਜਲ ਨਾ ਕੋਈ ਥਲਾ, ਸਾਚੀ ਖੇਲ ਅਪਰ ਅਪਾਰਿਆ । ਨਾ ਕੋਈ ਘੜੀ ਨਾ ਪਲਾ, ਅੱਠੇ ਪਹਿਰ ਨਾ ਕੋਈ ਦਿਵਸ ਨਾ ਕੋਈ ਰੈਣ, ਏਕਾ ਰੰਗ ਸਮਾ ਰਿਹਾ । ਸ੍ਰਿਸ਼ਟ ਸਬਾਈ ਕਲ ਵੇਖੇ ਸਾਚੇ ਨੈਣ,


੮੬੨
੦੪

ਭਰਮ ਭੁਲੇਖੇ ਆਪ ਭੁਲਾ ਰਿਹਾ । ਆਪ ਵਹਾਏ ਡੂੰਘੇ ਵਹਿਣ, ਰਸਨ ਕਿਸੇ ਨਾ ਸਕੇ ਕਹਿਣ, ਮਾਇਆ ਜਾਲ ਹਰਿ ਅਕਾਲ ਹੋ ਦਿਆਲ, ਕਲਜੁਗ ਜੀਵਾਂ ਅੰਤਮ ਅੰਤ ਪਾ ਰਿਹਾ । ਫਲ ਨਾ ਦਿਸੇ ਕਿਸੇ ਡਾਲ, ਮਸਤਕ ਜੋਤੀ ਨਾ ਜਗੇ ਦੀਪਕ ਥਾਲ, ਅੰਧ ਅੰਧੇਰ ਕਰਾ ਰਿਹਾ । ਜਨ ਭਗਤਾਂ ਕਰੇ ਪ੍ਰਿਤਪਾਲ, ਸ਼ਬਦ ਦੇਵੇ ਨਾਮ ਦੁਸ਼ਾਲ, ਦੂਈ ਦਵੇਤੀ ਮਾਇਆ ਮੋਹ ਜਗਤ ਜੰਜਾਲਾ, ਆਪੇ ਆਪ ਹਰਿ ਕਟਾ ਰਿਹਾ । ਕਾਇਆ ਮੰਦਰ ਸਾਚਾ ਅੰਦਰ ਇਕ ਵਖਾਣੇ ਧਰਮਸਾਲ, ਡੂੰਘੀ ਕੰਦਰ ਤੋੜੇ ਜੰਦਰ ਜੋਤੀ ਨੂਰ ਕਰ ਕਮਾਲ, ਰੰਗੇ ਰੰਗ ਇਕ ਅਪਾਰਿਆ । ਲਾਲ ਅਨਮੁਲੜੇ ਹਰਿ ਸੰਤ ਪਿਆਰੇ ਪੁਰਖ ਅਬਿਨਾਸ਼ੀ ਲਏ ਭਾਲ, ਅੰਤਮ ਅੰਤ ਸੁਰਤ ਸੰਭਾਲ, ਦੇਵੇ ਸ਼ਬਦ ਨਾਮ ਵਸਤ ਅਪਾਰਿਆ । ਲੋਕਮਾਤ ਨਾ ਹੋਏ ਕੰਗਾਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਸਮਾ ਰਿਹਾ । ਆਪਣਾ ਰੰਗ ਆਪੇ ਜਾਣੇ । ਚੱਲੇ ਚਲਾਏ ਆਪਣੇ ਭਾਣੇ । ਸ਼ਬਦ ਘੋੜੇ ਕਸ ਤੰਗ, ਬੇਮੁਖ ਭੰਨਾਏ ਕਾਚੀ ਵੰਗ, ਨਾ ਜਾਣੇ ਕੋਈ ਸੁਘੜ ਸਿਆਣਿਆ । ਧਰਤ ਮਾਤ ਪ੍ਰਭ ਦਰ ਮੰਗੀ ਮੰਗ, ਕਰ ਪੁਕਾਰੀ ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਲਾਲ ਮਹਿੰਦੀ ਚਾੜ੍ਹੇ ਰੰਗ, ਕਰੇ ਖੇਲ ਵਿਚ ਸੰਸਾਰਿਆ । ਕਲਜੁਗ ਔਧ ਗਈ ਲੰਘ, ਲੱਖ ਚੁਰਾਸੀ ਹੋਣੀ ਭੰਗ, ਚੱਲੇ ਸ਼ਬਦ ਤੀਰ ਹਰਿ ਨਿਰੰਕਾਰਿਆ । ਗੁਰਮੁਖਾਂ ਬਣਿਆ ਸਾਚਾ ਸੰਗ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਦ ਆਪਣੇ ਰੰਗ ਸਮਾ ਰਿਹਾ । ਹਰਿ ਕਾ ਸ਼ਬਦ ਅਮੋਲ ਭਗਤ ਵਣਜਾਰਿਆ । ਗੁਰਮੁਖ ਵਿਰਲੇ ਉਤਰੇ ਪੂਰੇ ਤੋਲ, ਹਰਿ ਸਾਚਾ ਤੋਲ ਤੁਲਾ ਰਿਹਾ । ਅੰਦਰੇ ਅੰਦਰ ਰਿਹਾ ਬੋਲ, ਇਕ ਮਰਦੰਗ ਵਜਾ ਰਿਹਾ । ਆਤਮ ਪਰਦੇ ਰਿਹਾ ਖੋਲ੍ਹ, ਅਗਿਆਨ ਅੰਧੇਰ ਗਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਮੇਲ ਮਿਲਾ ਰਿਹਾ । ਕਾਇਆ ਮੰਦਰ ਕੋਟ ਗੜ੍ਹ ਅਪਾਰਿਆ । ਵੱਜੇ ਸ਼ਬਦ ਚੋਟ, ਖੁਲ੍ਹੇ ਬੰਦ ਕਵਾੜਿਆ । ਗੁਰ ਪੂਰਾ ਕੱਢੇ ਵਿੱਚੋਂ ਖੋਟ, ਅੰਮ੍ਰਿਤ ਦੇਵੇ ਸਾਚੀ ਧਾਰਿਆ । ਕਲਜੁਗ ਜੀਵ ਆਲ੍ਹਣਿਉਂ ਡਿੱਗੇ ਬੋਟ, ਨਾ ਕੋਈ ਫੇਰ ਉਠਾ ਰਿਹਾ । ਮਾਇਆਧਾਰੀ ਜਗਤ ਖੁਆਰੀ ਜਗਤ ਤ੍ਰਿਸ਼ਨਾ ਨਾ ਭਰੀ ਕਾਇਆ ਪੋਟ, ਧੀਰਜ ਧੀਰ ਨਾ ਕੋਇ ਰਖਾ ਰਿਹਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕ ਰੱਖੇ ਭੰਡਾਰ ਅਤੋਟ, ਗੁਰਮੁਖਾਂ ਆਪ ਵਰਤਾ ਰਿਹਾ । ਮੰਗਦੇ ਰਹਿਣ ਦਰ ਦਰਬਾਰ ਕੋਟਨ ਕੋਟ, ਆਤਮ ਝੋਲੀ ਸਰਬ ਭਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਇਕ ਇਕੱਲਾ ਸਚ ਮਹੱਲਾ ਉਚ ਅਟੱਲਾ ਆਪਣਾ ਆਪ ਸੁਹਾ ਰਿਹਾ । ਉਚ ਮਹੱਲਾ ਹਰਿ ਨਿਰੰਕਾਰਿਆ । ਵਸੇ ਇਕ ਇਕੱਲਾ, ਨਾ ਕੋਈ ਜਾਣੇ ਜੀਵ ਗਵਾਰਿਆ । ਹਰਿ ਜੀ ਫੜਾਏ ਆਪਣਾ ਪੱਲਾ, ਲੋਕਮਾਤ ਆਵੇ ਜਾਵੇ ਵਾਰੋ ਵਾਰਿਆ । ਪਾਰ ਉਤਾਰੇ ਜੰਗਲ ਜੂਹ ਉਜਾੜ ਪਹਾੜ ਜਲ ਥਲਾ, ਲੋਆਂ ਪੁਰੀਆਂ ਆਪ ਲਿਖਾ ਰਿਹਾ । ਇਕ ਸ਼ਬਦ ਫੜਾਏ ਜੁਗਾ ਜੁਗੰਤ ਸੋਹਣਾ ਸੱਚਾ ਭੱਲਾ, ਪੰਜਾਂ ਚੋਰਾਂ ਮਾਰ ਮਿਟਾ ਰਿਹਾ । ਫਲ ਲਗਾਏ ਕਾਇਆ ਡਾਲਾ, ਦਰ ਘਰ ਸਾਚੇ ਆਪ ਖਵਾ ਰਿਹਾ । ਗੁਰਮੁਖ ਸਾਚਾ ਲੋਕਮਾਤ ਨਾ ਹੋਏ ਕੰਗਾਲਾ, ਨਾਮ ਧਨ ਪ੍ਰਭ ਸਾਚਾ ਆਪ ਦਵਾ ਰਿਹਾ । ਆਪੇ ਤੋੜੇ ਜਗਤ ਜੰਜਾਲਾ, ਅੱਠੇ ਪਹਿਰ ਹੋਏ ਰਖਵਾਲਾ, ਸ਼ਬਦ ਸਾਚਾ ਕੰਨ ਸੁਣਾ ਰਿਹਾ । ਅੰਮ੍ਰਿਤ ਸੁਹਾਏ ਸਾਚਾ ਤਾਲਾ, ਗੁਰਮੁਖ ਸਾਚਾ ਮਾਰੇ ਛਾਲਾ, ਦੁਰਮਤ ਮੈਲ ਹਰਿ ਗਵਾ ਰਿਹਾ । ਬੇਮੁਖਾਂ ਦਰ ਘਰ ਸਾਚੇ ਲੱਗੇ ਹੱਡਾਂ ਪਾਲਾ । ਜਗਤ ਨਿਬੇੜਾ ਕਾਇਆ ਨਗਰ ਖੇੜਾ, ਨਾ ਕੋਈ ਵਸਾ ਰਿਹਾ । ਪੰਚ ਪੰਚਾਇਣ ਅੱਠੇ ਪਹਿਰ ਜੂਠਾ ਝੂਠਾ ਝੇੜਾ, ਮਾਇਆ ਰਾਣੀ ਲਾਏ ਉਖੇੜਾ, ਮਾਇਆ ਮਮਤਾ ਮੋਹ ਵਧਾ ਰਿਹਾ ।



੮੬੩
੦੪

ਗੁਰਮੁਖਾਂ ਬੰਨ੍ਹੇ ਬੇੜਾ, ਲੱਖ ਚੁਰਾਸੀ ਭੇੜ ਭੇੜਾ, ਆਤਮ ਦਰ ਸਚ ਦਵਾਰਾ ਆਪ ਵਖਾਏ ਖੁਲ੍ਹਾ ਵਿਹੜਾ, ਹਰਿ ਆਪਣਾ ਰੰਗ ਵਖਾ ਰਿਹਾ । ਅੰਤਮ ਕਰੇ ਹੱਕੋ ਹੱਕ ਨਿਬੇੜਾ, ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਗੁਰਮੁਖ ਸਾਚੇ ਸਾਧ ਸੰਤ, ਸ਼ਬਦ ਧਾਰ ਕਰ ਪਿਆਰ ਵਿਚ ਸੰਸਾਰ, ਜੋਤੀ ਨੂਰ ਕਰ ਉਜਾਲਾ ਹਰਿ ਕਿਰਪਾਲਾ, ਸਾਚਾ ਦੀਪ ਜਗਾ ਰਿਹਾ । ਸਾਚਾ ਦੀਪ ਇਕ ਜਗਾਇੰਦਾ । ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਮਾਰਗ ਪਾਇੰਦਾ । ਪੰਜਾਂ ਚੋਰਾਂ ਲਾਏ ਡੰਨਾਂ, ਸਾਚੇ ਧਾਮ ਬਹਾਇੰਦਾ । ਭਾਂਡਾ ਭਰਮ ਹਰਿ ਭੰਨਾ । ਆਪ ਚੜ੍ਹਾਏ ਸ਼ਬਦ ਸਚ ਚੰਨਾ, ਅਗਿਆਨ ਅੰਧੇਰ ਮਿਟਾਇੰਦਾ । ਨਾ ਕੋਈ ਲਗਾਏ ਘਰ ਸਾਚੇ ਸੰਨ੍ਹਾ, ਹਰਿ ਭੰਡਾਰਾ ਇਕ ਭਰਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਗੁਰਮੁਖਾਂ ਪ੍ਰਭ ਕਰ ਪਿਆਰ । ਦਰ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਝੂਠਾ ਭੇਖ ਮਿਟਾਇੰਦਾ । ਕਲਜੁਗ ਝੂਠਾ ਮੇਟ ਮਿਟਾਏ । ਔਲੀਆ ਪੀਰ ਸ਼ੇਖ਼ ਗੁਰ ਕੋਈ ਰਹਿਣ ਨਾ ਪਾਏ । ਗੁਰਮੁਖਾਂ ਸਾਚਾ ਲੇਖ ਲਿਖਾਏ । ਧੁਰਦਰਗਾਹੀ ਸਾਚਾ ਮਾਹੀ ਬੇਪ੍ਰਵਾਹੀ ਆਪ ਲਿਖਾਏ ਸਾਚਾ ਲੇਖ, ਬਾਹੋਂ ਪਕੜ ਆਪ ਉਠਾਏ । ਆਪ ਸੁਣਾਏ ਧੁਰ ਸੰਦੇਸ਼, ਰਾਜ ਰਾਜਾਨਾ ਦਿਸ ਨਾ ਆਏ । ਜੋਤੀ ਜੋਤ ਸਰੂਪ ਹਰਿ, ਸ਼ਬਦ ਬਿਬਾਣ ਇਕ ਉਡਾਏ । ਪ੍ਰਭ ਇਕ ਉਡਾਏ ਸ਼ਬਦ ਬਿਬਾਣ, ਚਾਰ ਕੁੰਟ ਦਹਿ ਦਿਸ਼ ਏਕਾ ਏਕ ਉਡਾਣਿਆ । ਲੱਖ ਚੁਰਾਸੀ ਆਈ ਹਾਨ, ਸੋਹੰ ਵੱਜੇ ਸਾਚਾ ਬਾਨ, ਤਖ਼ਤੋਂ ਲਾਹੇ ਰਾਜੇ ਰਾਣਿਆ । ਅੰਤਮ ਕਰੇ ਹਰਿ ਪਛਾਣ, ਬੇਮੁਖ ਜੀਵਾਂ ਛੁੱਟੇ ਪੀਣ ਖਾਣ, ਗੁਰਮੁਖ ਵਿਰਲੇ ਮਾਤ ਪਛਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੇ ਭਾਣਿਆ । ਹਰਿਜਨ ਜਨਮ ਅਮੋਲ, ਪ੍ਰਭ ਰਸਨਾ ਗਾਇਆ । ਹਰਿਜਨ ਜਨਮ ਅਮੋਲ ਅੰਤਮ ਤੁਲਿਆ ਪੂਰੇ ਤੋਲ, ਸ਼ਬਦ ਕੰਡਾ ਹੱਥ ਰਖਾਇਆ ਲੱਖ ਚੁਰਾਸੀ ਸੁੱਤੀ ਪਈ ਅਨਭੋਲ, ਸ਼ਬਦ ਬਾਨ ਨਾ ਕਿਸੇ ਲਗਾਇਆ । ਧਰਤ ਮਾਤ ਰਹੀ ਡੋਲ, ਕਲਜੁਗ ਜੀਵਾਂ ਘੋਲ ਮਚਾਇਆ । ਭਾਗ ਲਗਾ ਨਾ ਕਾਇਆ ਚੋਲ, ਰੰਗਣ ਨਾਮ ਨਾ ਰੰਗ ਚੜ੍ਹਾਇਆ । ਘਰ ਸਾਚੇ ਨਾ ਵੱਜਿਆ ਢੋਲ, ਸਚ ਮਰਦੰਗ ਨਾ ਕਿਸੇ ਵਜਾਇਆ । ਆਤਮ ਦਰ ਸਚ ਖ਼ਜ਼ਾਨਾ ਲੈਣਾ ਫੋਲ, ਭੁੱਖ ਨੰਗ ਦਏ ਮਿਟਾਇਆ । ਦਰ ਘਰ ਕੋਇ ਨਾ ਲੱਗੇ ਮੋਲ, ਲਾਲ ਅਨਮੁੱਲੜਾ ਕਾਇਆ ਮੰਦਰ ਅੰਦਰ ਹਰਿ ਟਿਕਾਇਆ । ਆਤਮ ਜੰਦਰ ਆਪੇ ਰਿਹਾ ਖੋਲ੍ਹ, ਗੁਰਮੁਖ ਸਾਚੇ ਹਰਿ ਹਿਰਦੇ ਵਾਚੇ ਰਸਨ ਰਸਾਇਣੀ, ਆਤਮ ਘਰ ਸਾਚੇ ਨੈਣੀ, ਦਰ ਦਵਾਰੇ ਪੁਰਖ ਅਪਾਰੇ ਜੋਤ ਨਿਰੰਕਾਰੇ ਦਰਸ਼ਨ ਸਾਚਾ ਪਾਇਆ । ਸਾਚੀ ਧੁਨ ਵੱਜੇ ਧੁਨਕਾਰੇ, ਮਿਲੇ ਮੇਲ ਕੰਤ ਭਤਾਰੇ, ਬਣੇ ਬਣਤ ਵਿਚ ਸੰਸਾਰੇ, ਸਾਚਾ ਸੰਗ ਹਰਿ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਮੰਗੀ ਸਾਚੀ ਮੰਗ, ਸ਼ਬਦ ਦਾਤ ਵਡ ਕਰਾਮਾਤ ਪੁਰਖ ਬਿਧਾਤਾ ਆਤਮ ਝੋਲੀ ਦਏ ਭਰਾਇਆ । ਮੰਗੀ ਦਾਤ ਨਾਮ ਵਸਤ ਅਪਾਰਿਆ । ਕਾਇਆ ਮਿਟਾਏ ਅੰਧੇਰੀ ਰਾਤ, ਆਤਮ ਜੋਤੀ ਕਰ ਉਜਿਆਰਿਆ । ਅੰਮ੍ਰਿਤ ਬੂੰਦ ਪਿਆਏ ਸਵਾਂਤ, ਬੈਠਾ ਦਿਸੇ ਇਕ ਇਕਾਂਤ ਸ਼ਬਦ ਸੁਹਾਏ ਸੀਸ ਤਾਜ, ਪਵਣ ਹੁਲਾਰਾ ਇਕ ਰਖਾ ਰਿਹਾ । ਆਪੇ ਅੰਦਰ ਆਪੇ ਬਾਹਰ ਗੁਪਤ ਜਾਹਿਰਾ ਜੋਤ ਅਕਾਰਾ । ਜੋਤੀ ਜੋਤ ਸਰੂਪ ਹਰਿ, ਸਾਚੀ ਧਾਰਾ ਆਪਣੀ ਆਪ ਵਹਾ ਰਿਹਾ । ਸਾਚੀ ਧਾਰ ਹਰਿ ਚਲਾਇੰਦਾ । ਆਤਮ ਖੋਲ੍ਹੇ ਬੰਦ ਕਵਾੜ, ਅੱਗ ਨਾ ਲੱਗੇ ਤੱਤੀ ਹਾੜ, ਪੰਜਾਂ ਚੋਰਾਂ ਆਪ ਚਬਾਏ ਆਪਣੀ ਦਾੜ੍ਹ, ਸਾਚਾ ਧਾਮ ਵਖਾਇੰਦਾ । ਆਪੇ ਫਿਰੇ ਪਿੱਛੇ ਅਗਾੜ, ਦਰ ਘਰ ਸਾਚੇ ਲਏ ਵਾੜ, ਜੋਤ ਜਗਾਏ ਬਹੱਤਰ ਨਾੜ, ਭਰਮ ਭੁੱਲੇਖਾ ਦੂਰ ਕਰਾਇੰਦਾ । ਆਪੇ

ਪਰਖੇ ਚੰਗੇ ਮਾੜ, ਧੁਰਦਰਗਾਹੀ ਗੁਰਮੁਖ ਸਾਚੇ ਸੰਤ ਜਨਾਂ ਸਾਚੇ ਲਾੜੇ, ਸਾਚੀ ਨਾਰੀ ਕੰਤ ਪਿਆਰੀ ਹਰਿ ਨਿਰੰਕਾਰਾ ਆਪੇ ਆਪ ਪਰਨਾਇੰਦਾ । ਅੰਦਰੇ ਅੰਦਰ ਸਚ ਵਿਹਾਰਾ, ਸਾਚੀ ਸੇਜਾ ਕੰਤ ਭਤਾਰਾ, ਆਲਸ ਨਿੰਦਰਾ ਜਗਤ ਜੰਜਾਲਾ, ਆਪੇ ਆਪ ਮਿਟਾਇੰਦਾ । ਫਲ ਲਗਾਏ ਕਾਇਆ ਡਾਲਾ, ਦੱਸੇ ਸਚਾ ਰਾਹ ਸੁਖਾਲਾ, ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਲੱਖ ਚੁਰਾਸੀ ਦੇਵੇ ਫਾਸੀ, ਨਾ ਕੋਈ ਕਿਸੇ ਛੁਡਾ ਰਿਹਾ । ਏਕਾ ਦਰ ਸੱਚਾ ਦਰਬਾਰਾ । ਜੋਤ ਨੂਰ ਹਰਿ ਅਕਾਰਾ । ਸਰਬ ਕਲਾ ਆਪੇ ਭਰਪੂਰ, ਮੰਗਣ ਜਾਏ ਨਾ ਕਿਸੇ ਦਵਾਰਾ । ਸ਼ਬਦ ਰੱਖੇ ਸਾਚੀ ਤੂਰ, ਜਨ ਭਗਤਾਂ ਸਦਾ ਸੁਣਾਰਾ । ਵਡ ਦਾਤਾ ਜੋਧਾ ਸੂਰ ਜੋਤੀ ਨੂਰ, ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਨਿਰਾਲਾ । ਹਰਿ ਕਾ ਖੇਲ ਅਪਾਰ ਅੰਤਮ ਅੰਤਿਆ । ਕਲਜੁਗ ਜੂਠਾ ਝੂਠਾ ਵਣਜ ਵਪਾਰ, ਭੁੱਲੇ ਗੁਣੇ ਹਰਿ ਗੁਣਵੰਤਿਆ । ਨਾ ਕੋਈ ਪੁਰਖ ਨਾ ਕੋਈ ਨਾਰ, ਸ਼ਬਦ ਕੀਆ ਤਨ ਸ਼ਿੰਗਾਰ, ਝੂਠੀ ਕਾਇਆ ਅੰਤ ਭਜੰਤਿਆ । ਹਰਿ ਚਰਨ ਪ੍ਰੀਤੀ ਸਚ ਪਿਆਰ । ਆਪੇ ਪਰਖੇ ਸਾਚਾ ਲੇਖਾ ਸਾਚੀ ਨੀਤੀ, ਪੁਰਖ ਅਗੰਮੜਾ ਨਰ ਨਿਰੰਕਾਰ । ਗੁਰਮੁਖ ਵਿਰਲੇ ਮਾਨਸ ਦੇਹੀ ਲੋਕਮਾਤ ਅੰਤਮ ਕਲਜੁਗ ਜੀਤੀ, ਵੇਲੇ ਅੰਤ ਨਾ ਆਈ ਹਾਰ । ਹਰਿ ਕਾਇਆ ਕਰੇ ਸੀਤਲ ਸੀਤੀ, ਜੋਤੀ ਜੋਤ ਸਰੂਪ ਹਰਿ, ਏਕਾ ਬਖ਼ਸ਼ ਸ਼ਬਦ ਅਧਾਰ । ਸਾਚੀ ਸ਼ਬਦ ਧਾਰ ਧੁਨੀ ਧੁਨਕਾਨਿਆ । ਗੁਰਮੁਖਾਂ ਦੇਵੇ ਕਰ ਪਿਆਰ, ਆਤਮ ਸੁੰਨ ਖੁਲ੍ਹਾਨਿਆ । ਅੱਠੇ ਪਹਿਰ ਵਾਜਾਂ ਰਿਹਾ ਮਾਰ, ਹਰਿ ਸੋਏ ਆਪ ਜਗਾਨਿਆ । ਬੇਮੁਖ ਸੁੱਤੇ ਕਲਜੁਗ ਮਾਇਆ ਪਸਰ ਪਸਾਰ, ਭੁਲਿਆ ਨਰ ਹਰਿ ਸ੍ਰੀ ਭਗਵਾਨਿਆ । ਮਾਇਆਧਾਰੀ ਜਗਤ ਵਿਕਾਰੀ, ਅੰਤਮ ਵੇਲੇ ਆਈ ਹਾਰੀ, ਚਾਰੋਂ ਕੁੰਟ ਹੋਏ ਖੁਆਰੀ, ਸ਼ਬਦ ਡੰਡਾ ਨਰ ਨਿਰੰਕਾਰੀ, ਆਪ ਆਪਣਾ ਰਿਹਾ ਹੁਲਾਰੀ, ਨਾ ਹੋਵੇ ਕੋਈ ਸਹਾਰਿਆ । ਸਾਚਾ ਖੋਲ੍ਹੇ ਦਰ ਦਰਬਾਰੀ । ਕਲਜੁਗ ਤੇਰੀ ਅੰਤਮ ਵਾਰੀ । ਰਾਓ ਰੰਕ ਰੰਕ ਰਾਜਾਨਾ ਸ਼ਾਹ ਸੁਲਤਾਨਾ ਵਡ ਮਿਹਰਵਾਨਾ ਖਿਚ ਲਿਆਏ ਚਰਨ ਦਵਾਰੀ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਸੋਹੰ ਸ਼ਬਦ ਸਚ ਨਿਸ਼ਾਨਾ । ਇਕ ਕਰਾਏ ਵਣਜ ਵਪਾਰੀ । ਕਰੇ ਖੇਲ ਗੁਣ ਨਿਧਾਨੀ ਵਡ ਬਲਵਾਨਾ, ਹਰਿ ਸੱਚਾ ਸ਼ਾਹ ਸ਼ਾਹ ਸਿਕਦਾਰੀ । ਰਾਮ ਰਮਈਆ ਕ੍ਰਿਸ਼ਨਾ ਕਾਹਨਾ, ਜੋਤੀ ਖੇਲ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਚਾਰ ਵਰਨਾਂ ਦੱਸੇ ਇਕ ਟਿਕਾਣਾ । ਚਾਰ ਵਰਨਾਂ ਇਕ ਦਵਾਰਿਆ । ਮੇਟ ਮਿਟਾਏ ਅਠਾਰਾਂ ਬਰਨ, ਮੇਲ ਮਿਲਾਏ ਗਰੀਬ ਨਿਵਾਜਿਆ । ਚਾਰੋਂ ਕੁੰਟ ਏਕਾ ਸਰਨ, ਕਰੇ ਖੇਲ ਹਰਿ ਸਾਜਨ ਸਾਜਿਆ । ਜਨ ਭਗਤ ਖੁਲ੍ਹਾਏ ਹਰਨ ਫਰਨ, ਸ਼ਬਦ ਸਰੂਪੀ ਮਾਰੇ ਅਵਾਜਿਆ । ਆਪ ਚੁਕਾਏ ਮਰਨ ਡਰਨ, ਵੇਲੇ ਅੰਤਮ ਰੱਖੇ ਲਾਜਿਆ । ਪ੍ਰਭ ਆਇਆ ਕਰਨੀ ਕਰਨ, ਚਾਰ ਕੁੰਟ ਪਾਏ ਭਾਜਿਆ । ਬੇਮੁਖ ਜੀਵ ਭਰਨੀ ਭਰਨ, ਰਾਜ ਰਾਜਾਨਾਂ ਸੀਸ ਨਾ ਦਿਸੇ ਤਾਜਿਆ । ਗੁਰਮੁਖ ਸਾਚੇ ਪ੍ਰਭ ਕਾ ਭਾਣਾ ਸਿਰ ਤੇ ਜਰਨ, ਪੁਰਖ ਅਬਿਨਾਸ਼ੀ ਪ੍ਰਗਟ ਹੋਏ ਜੋਤ ਜਗਾਏ ਦੇਸ ਮਾਝਿਆ । ਗੌੜ ਬ੍ਰਾਹਮਣ ਧੁਰਦਰਗਾਹੀ ਜਾਮਨ, ਨੇੜ ਨਾ ਆਏ ਕਾਮਨੀ ਕਾਮਨ, ਮੇਟ ਮਿਟਾਏ ਅੰਧੇਰੀ ਸ਼ਾਮਨ, ਆਪ ਰਚਾਏ ਆਪਣਾ ਕਾਜਿਆ । ਸੰਬਲ ਦੇਸ ਖੇਲ ਮਹਾਨਾ, ਕਰੇ ਖੇਲ ਸ੍ਰੀ ਭਗਵਾਨਾ, ਸ਼ਬਦ ਕਸੇ ਤੀਰ ਕਮਾਨਾ ਵਾਲੀ ਦੋ ਜਹਾਨਿਆ । ਏਕਾ ਝੁੱਲੇ ਜਗਤ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਸੋਹੰ ਸ਼ਬਦ ਮਾਤ ਧਰਾਏ, ਸਤਿਜੁਗ ਤੇਰੀ ਝੋਲੀ ਪਾਏ, ਦੇਵੇ ਮਾਣ ਵਿਚ ਜਹਾਨ ਚਤੁਰ ਸੁਜਾਨ ਹਰਿ ਵਡ ਬਲੀ ਬਲਵਾਨਿਆ । ਵਡ ਬਲੀ ਬਲਵਾਨ ਨੂਰ ਨੁਰੰਤਰਾ । ਸ਼ਬਦ ਰੱਖੇ



੮੬੫
੦੪

ਤੀਰ ਕਮਾਨ, ਚਾਰ ਕੁੰਟ ਘਰ ਘਰ ਲਗਾਏ ਬਸੰਤਰਾ । ਗੁਰਮੁਖਾਂ ਚੜ੍ਹਾਏ ਸ਼ਬਦ ਬਿਬਾਣ, ਤਿੰਨਾਂ ਲੋਕਾਂ ਇਕ ਉਡਾਨ, ਪਾਰ ਕਰਾਏ ਗਗਨ ਗਗਨੰਤਰਾ । ਸਾਚਾ ਨਾਮ ਪੀਣ ਖਾਣ, ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਆਪੇ ਜਾਣੇ ਆਦਿ ਅੰਤ ਅੰਤਮ ਅੰਤਰਾ । ਅੰਤਰ ਅੰਤਰ ਆਪੇ ਜਾਣੇ, ਘਰ ਘਰ ਲੱਗੀ ਬਸੰਤਰ । ਵਡ ਵਡ ਭੁੱਲੇ ਸੁਘੜ ਸਿਆਣੇ, ਸਾਚਾ ਜਾਪ ਨਾ ਕੋਏ ਜਪੰਤਰ । ਪੁਰਖ ਅਬਿਨਾਸ਼ੀ ਨਾ ਕੋਇ ਪਛਾਣੇ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਵੇਖੇ ਦਰ ਦਰ ਰਾਜੇ ਰਾਣੇ । ਰਾਜੇ ਰਾਣੇ ਦਰ ਦਰ ਖੁਆਰ । ਪ੍ਰਭ ਅਬਿਨਾਸ਼ੀ ਪਾਏ ਸਾਰ । ਲੇਖ ਲਿਖਾਏ ਅਪਰ ਅਪਾਰ । ਸ਼ਬਦ ਰੱਖੇ ਤਿਖੀ ਧਾਰ । ਕਲਜੁਗ ਤੇਰਾ ਅੰਤਮ ਵੇਲਾ, ਚਾਰੋਂ ਕੁੰਟ ਆਈ ਹਾਰ । ਧੁਰਦਰਗਾਹੀ ਸਾਚਾ ਮੇਲਾ, ਆਪੇ ਗੁਰ ਆਪੇ ਚੇਲਾ, ਆਪੇ ਕੰਤ ਆਪੇ ਨਾਰੀ ਸਚ ਭਤਾਰ । ਅਚਰਜ ਖੇਲ ਹਰਿ ਜੀ ਖੇਲਾ, ਧਰਮ ਰਾਏ ਦੀ ਕਟੀ ਜੇਲ੍ਹਾ, ਜੋ ਜਨ ਆਏ ਚਰਨ ਦਵਾਰ । ਆਤਮ ਸਾਚੀ ਜੋਤ ਜਗਾਏ ਬਿਨ ਬਾਤੀ ਬਿਨ ਤੇਲਾ, ਗੁਰਮੁਖ ਸਾਚਾ ਬਣੇ ਭਿਖਾਰ । ਆਪ ਸੁਹਾਏ ਅੰਤਮ ਵੇਲਾ, ਪ੍ਰਗਟ ਜੋਤ ਦਰਸ ਦਿਖਾਏ ਰੂਪ ਅਗੰਮੜਾ ਅਗੰਮ ਅਪਾਰ । ਲੇਖੇ ਲਾਏ ਕਾਇਆ ਚੰਮੜਾ, ਕੋਈ ਨਾ ਲਾਏ ਹਰਿ ਜੀ ਦਮੜਾ, ਏਕਾ ਮੰਗੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਬਖ਼ਸ਼ੇ ਸ਼ਬਦ ਅਧਾਰ । ਸਾਚਾ ਸ਼ਬਦ ਜੀਵ ਅਧਾਰਿਆ । ਪ੍ਰਭ ਅਬਿਨਾਸ਼ੀ ਸਾਚਾ ਦੇਵੇ, ਕਲਜੁਗ ਤੇਰੀ ਅੰਤਮ ਵਾਰਿਆ । ਹਰਿਜਨ ਸਾਚਾ ਪ੍ਰਭ ਦਰ ਲੇਵੇ, ਲੱਖ ਚੁਰਾਸੀ ਗੇੜ ਕਟਾ; ਰਿਹਾ । ਆਤਮ ਘਰ ਸਾਚੇ ਲੇਵੇ, ਮਾਇਆ ਪੜਦਾ ਪਰੇ ਹਟਾ ਰਿਹਾ । ਦਰਸ ਦਿਖਾਏ ਦੇਵੀ ਦੇਵੇ, ਜੋਤੀ ਜੋਤ ਜਗਾ ਰਿਹਾ । ਕੌਸਤਕ ਮਨੀਆ ਸਾਚੇ ਦਰ ਆਪ ਲਗਾਏ ਏਕਾ ਥੇਵੇ । ਅਗਿਆਨ ਅੰਧੇਰਾ ਦੂਰ ਕਰਾ ਰਿਹਾ । ਪੁਰਖ ਅਬਿਨਾਸ਼ੀ ਅਲਖ ਅਭੇਵੇ, ਲਹਿਣਾ ਦੇਣਾ ਲੋਕਮਾਤ ਮਾਰ ਝਾਤ, ਜਨ ਭਗਤਾਂ ਆਪ ਚੁਕਾ ਰਿਹਾ । ਲਹਿਣਾ ਦੇਣਾ ਜਾਏ ਚੁੱਕ, ਆਏ ਹਰਿ ਸਰਨਾਈਆ । ਕਲਜੁਗ ਵੇਲਾ ਆਇਆ ਢੁਕ, ਨਾ ਹੋਏ ਕੋਈ ਸਹਾਈਆ । ਸ਼ਬਦ ਤੀਰ ਨਾ ਜਾਏ ਰੁਕ, ਚਲਾਏ ਬੇਪਰਵਾਹੀਆ । ਬੇਮੁਖਾਂ ਮੁਖ ਪਾਏ ਥੁੱਕ, ਮਾਨਸ ਦੇਹੀ ਭਰਮ ਭੁਲੇਖੇ ਆਪਣਾ ਆਪ ਗਵਾਈਆ । ਗੁਰਮੁਖਾਂ ਭਾਰ ਰਿਹਾ ਚੁੱਕ, ਛੋਟੇ ਬਾਲੇ ਅੱਗੇ ਲਾਈਆ । ਨਾ ਹਰਿਆ ਨਾ ਜਾਏ ਸੁੱਕ, ਏਕਾ ਰੰਗ ਰੰਗਾਈਆ । ਏਕਾ ਸ਼ਬਦ ਸਾਚੀ ਤੁਕ, ਸੋਹੰ ਅੱਖਰ ਜਗਤ ਵੱਖਰ ਪ੍ਰਭ ਅਬਿਨਾਸ਼ੀ ਆਪਣੀ ਆਪ ਪੜ੍ਹਾਈਆ । ਲੇਖ ਲਿਖਾਇਆ ਰੋੜੀ ਸਖਰ, ਪ੍ਰਭ ਜੋਤੀ ਨੂਰਾ ਸਤਿ ਸਰੂਰਾ, ਹਾਜ਼ਰ ਹਜ਼ੂਰਾ ਅਮਾਮ ਮਹਿੰਦੀ । ਉਮਤ ਨਬੀ ਰਸੂਲ ਦੀ, ਏਕਾ ਗਾਹ ਗਹਿੰਦੀ । ਸਾਚੇ ਦਰ ਇਕੱਲੀ ਹੋ ਹੋ ਬਹਿੰਦੀ । ਇਕ ਦੂਜੇ ਦੇ ਨਾਲ ਖਹਿੰਦੀ । ਪ੍ਰਭ ਕਾ ਭਾਣਾ ਨਾ ਸਿਰ ਤੇ ਕਬੂਲਦੀ, ਪ੍ਰਭ ਸਾਚਾ ਬਣਤ ਬਣਾਏ ਵੇਖੇ ਖੇਲ ਦਿਸ਼ਾ ਲਹਿੰਦੀ । ਸ਼ਬਦ ਮਾਰ ਘਰ ਘਰ ਪੈਂਦੀ । ਲਾੜੀ ਮੌਤ ਹੱਥੀਂ ਮਾਰੇ, ਲਾਏ ਦੋਹੀਂ ਹੱਥੀਂ ਮਹਿੰਦੀ । ਬੇਮੁਖਾਂ ਦੇ ਅੱਗੇ ਹੋ ਹੋ ਬਹਿੰਦੀ । ਲੱਖ ਚੁਰਾਸੀ ਵਰਨਾ ਇਕ ਭਤਾਰ, ਧਰਮ ਰਾਏ ਸਚ ਸਪੁਤਰੀ ਰਸਨਾ ਬੋਲ ਬੋਲ ਕਹਿੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਕਰੇ ਖੇਲ ਦਿਸ਼ਾ ਲਹਿੰਦੀ । ਸਚ ਮਹੱਲਾ ਹਰਿ ਹਰਿ ਨਿਰੰਕਾਰਿਆ । ਇਕ ਇਕੱਲਾ ਸ੍ਰਿਸ਼ਟ ਸਬਾਈ ਆਪ ਉਪਾ ਰਿਹਾ । ਦੂਜੇ ਰੱਖੇ ਸ਼ਬਦ ਭੱਲਾ, ਤੀਜੇ ਪਵਣ ਘੋੜੇ ਅਸਵਾਰਿਆ । ਚੌਥੇ ਘਰ ਘਰ ਪਾਏ ਤਰਥਲਾ, ਸਾਧਾਂ ਸੰਤਾਂ ਵੇਖ ਵਖਾਣੇ ਵਾਰੋ ਵਾਰਿਆ । ਪੰਚਮ ਘਰ ਸਤਿ ਸਤਿਵਾਦੀ

੮੬੬
੦੪

੮੬੭ ੦੪

ਸ਼ਬਦ ਸਰੂਪੀ ਮੱਲਾ, ਸਾਚਾ ਖੇਲ ਅਪਾਰਿਆ । ਛੇਵੇਂ ਦਰ ਸਾਚਾ ਹਰਿ ਕੁੰਡਾ ਖੋਲ੍ਹੇ, ਬੋਲੇ ਤੋਲੇ ਹਰਿ ਨਿਰੰਕਾਰਿਆ । ਸਤਵੇਂ ਮਹੱਲ ਉਚ ਅਟੱਲ ਬੈਠਾ ਚੜ੍ਹ ਲੋਆਂ ਪੁਰੀਆਂ ਹੱਥ ਫੜ, ਨਾ ਕੋਈ ਕਿਲ੍ਹਾ ਨਾ ਕੋਈ ਗੜ੍ਹ, ਨਾ ਕੋਈ ਦੀਸੇ ਚਾਰ ਦਵਾਰਿਆ । ਅੱਠਾਂ ਤੱਤਾਂ ਲੱਖ ਚੁਰਾਸੀ ਰਿਹਾ ਘੜ, ਭੇਖਾਧਾਰੀ ਭੇਖ ਵਟਾ ਰਿਹਾ । ਨੌਂ ਦਵਾਰੇ ਲਾਏ ਲੜ, ਬੇਮੁਖ ਅੰਤ ਪ੍ਰਨਾ ਰਿਹਾ । ਗੁਰਮੁਖ ਵਸੇ ਸਾਚੇ ਘਰ, ਦਸਵਾਂ ਦਰ ਆਪ ਖੁਲ੍ਹਾ ਰਿਹਾ । ਨਾ ਜਨਮੇ ਨਾ ਜਾਏ ਮਰ, ਜੋਤੀ ਨੂਰਾ ਡਗਮਗਾ ਰਿਹਾ । ਅੰਤਮ ਅੰਤ ਸਾਚੇ ਸੰਤ ਬਾਹੋਂ ਲਏ ਫੜ, ਲੱਖ ਚੁਰਾਸੀ ਫੰਦ ਕਟਾ ਰਿਹਾ । ਨਾ ਕੋਈ ਸੀਸ ਨਾ ਧੜ, ਨਾ ਕੋਈ ਸਕੇ ਹਰਿ ਜੀ ਫੜ, ਗੁਰਮੁਖ ਸਾਚੇ ਸੰਤ ਜਨਾਂ ਦਾਸਨ ਦਾਸ ਆਪ ਅਖਵਾ ਰਿਹਾ । ਆਪੇ ਭੰਨੇ ਆਪੇ ਲਏ ਘੜ, ਆਪੇ ਅੰਦਰ ਜਾਏ ਵੜ, ਆਪਣੇ ਆਪ ਬਾਹਰ ਵਖਾ ਰਿਹਾ । ਨਾ ਮਰੇ ਨਾ ਜਾਏ ਸੜ, ਅਗਨੀ ਜੋਤੀ ਇਕ ਰਖਾ ਰਿਹਾ । ਰੱਖੇ ਵਸੇਰਾ ਬਹੱਤਰ ਨਾੜ, ਪੰਜਾਂ ਚੋਰਾਂ ਕੱਢੇ ਫੜ, ਸ਼ਬਦ ਘੋੜਾ ਆਪ ਦੁੜਾ ਰਿਹਾ । ਗੁਰਮੁਖ ਸਾਚਾ ਸਾਚੇ ਪੌੜੇ ਜਾਏ ਚੜ੍ਹ, ਕਲਜੁਗ ਮਾਇਆ ਨਾ ਜਾਏ ਹੜ੍ਹ, ਪ੍ਰਭ ਆਪਣਾ ਲੜ ਫੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਸਚ ਸਿੰਘਾਸਣ ਲਾ ਰਿਹਾ । ਸਚ ਸਿੰਘਾਸਣ ਹਰਿ ਅਸਥੂਲਿਆ । ਕਲਜੁਗ ਮਾਇਆ ਭਰਮ ਭੁਲਾਇਆ, ਭਾਗਾਂ ਮੰਦਾ ਕਲਜੁਗ ਅੰਤਮ ਭੂਲਿਆ । ਜਗਤ ਵਿਕਾਰੀ ਝੂਠਾ ਧੰਦਾ, ਨਾ ਕੋਈ ਮੇਲ ਮਿਲਾਵੇ ਕੰਤ ਕੰਤੂਲਿਆ । ਨਾ ਕੋਈ ਸ਼ਬਦ ਸੁਣਾਏ ਏਕਾ ਛੰਦਾ, ਨਾ ਚਾੜ੍ਹੇ ਕਾਇਆ ਰੰਗ ਚਲੂਲਿਆ । ਬੇਮੁਖਾਂ ਕਾਇਆ ਦੁਖੀ ਬੰਦ ਬੰਦਾ, ਪ੍ਰਭ ਅਬਿਨਾਸ਼ੀ ਏਕਾ ਭੂਲਿਆ । ਗੁਰਮੁਖ ਚੜ੍ਹਾਏ ਸਾਚੇ ਚੰਦਾ, ਕਲਜੁਗ ਅੰਤਮ ਲਾਏ ਫੁਲਵਾੜੀ ਵੇਖ ਵਖਾਏ ਸਤਾਰਾਂ ਹਾੜੀ, ਗੁਰਮੁਖ ਸਾਚਾ ਕਵਲ ਫੁੱਲ ਸੰਤ ਪਿਆਰਾ ਵਿਚ ਮਾਤ ਦੇ ਫੂਲਿਆ । ਸ਼ਬਦ ਡੰਡੇ ਰਿਹਾ ਤਾੜੀ, ਸ਼ਬਦ ਘੋੜੇ ਕਰ ਅਸਵਾਰੀ, ਜੰਗਲ ਜੂਹ ਵਿਚ ਪਹਾੜੀ, ਬੇਮੁਖਾਂ ਟੋਹੇ ਨਾੜੀ ਨਾੜੀ, ਪ੍ਰਭ ਸਾਚਾ ਡੰਨ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਮਾਰਗ ਲਾ ਰਿਹਾ । ਸਾਚਾ ਮਾਰਗ ਹਰਿ ਨਿਰੰਕਾਰਾ ਹੈ । ਗੁਰਮੁਖ ਵਿਰਲਾ ਜਾਣੇ, ਜਿਸ ਦੇਵੇ ਕਰ ਪਿਆਰਾ ਹੈ । ਦਰ ਘਰ ਸਾਚੇ ਰੰਗ ਏਕਾ ਮਾਣੇ, ਮਿਲੇ ਮੇਲ ਪੁਰਖ ਭਤਾਰਾ ਹੈ । ਮਿਲਿਆ ਮੇਲ ਕੰਤ ਭਤਾਰ, ਆਤਮ ਸੋਈ ਜਾਗਿਆ । ਸਾਚਾ ਸ਼ਬਦ ਇਕ ਭੰਡਾਰ, ਸੁਣਾਏ ਸਾਚਾ ਰਾਗਿਆ । ਜਨ ਭਗਤ ਦੇਵੇ ਵਾਰੋ ਵਾਰ, ਆਤਮ ਧੋਏ ਅਗਲੇ ਪਿਛਲੇ ਦਾਗਿਆ । ਪੁਰਖ ਪੁਰਖੋਤਮ ਸਾਚੀ ਧਾਰ ਵਿਚ ਸੰਸਾਰ, ਸਾਚਾ ਰਾਹ ਇਕ ਵਖਾਏ ਚਾਰ ਵਰਨਾਂ ਇਕ ਸਰਨਾ ਏਕਾ ਲਾਗਿਆ । ਆਪ ਆਪਣੀ ਦਇਆ ਕਮਾਏ, ਸੰਤ ਸੁਹੇਲੇ ਲਏ ਮਿਲਾਏ, ਹੋਏ ਵਡ ਵਡਭਾਗਿਆ । ਸਾਚੀ ਰੰਗਣ ਨਾਮ ਚੜ੍ਹਾਏ, ਸ਼ਬਦ ਕੰਗਣ ਤਨ ਪਹਿਨਾਏ, ਹਰਿ ਮਿਲਿਆ ਕੰਤ ਸੁਹਾਗੀਆ । ਪਰਮਾਨੰਦ ਏਕਾ ਸੁਖ ਆਪ ਉਪਜਾਏ, ਜੋਤੀ ਚਮਕੇ ਸਾਚਾ ਚੰਦਨ, ਅਗਿਆਨ ਅੰਧੇਰ ਸਰਬ ਮਿਟਾਏ, ਖੋਲ੍ਹੇ ਆਤਮ ਤਾਕੀਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪਕੜ ਉਠਾਏ ਸ਼ਾਹ ਇਰਾਕੀਆ । ਆਪ ਉਠਾਏ ਸ਼ਾਹ ਸੁਲਤਾਨਾਂ, ਮਾਰੇ ਸ਼ਬਦ ਤੀਰ ਨਿਸ਼ਾਨਾ, ਚਾਰੋਂ ਕੁੰਟ ਹੋਏ ਵਹੀਰ, ਕਲਜੁਗ ਜੀਵਾਂ ਲਥੇ ਚੀਰ, ਹੱਥ ਨਾ ਆਉਣਾ ਕਿਸੇ ਨੀਰ, ਵੇਲੇ ਅੰਤ ਨਾ ਕੋਇ ਸਹਾਇਆ । ਜੂਠੀ ਝੂਠੀ ਮਿਟੇ ਲਕੀਰ, ਬੇਮੁਖਾਂ ਕੱਢੇ ਹਉਮੇ ਪੀੜ, ਦੂਈ ਦਵੈਤੀ ਆਤਮ ਵੱਢੇ, ਸ਼ਬਦ ਵੇਲਣੇ ਰਿਹਾ ਪੀੜ । ਪੰਜਾਂ ਚੋਰਾਂ ਫੜ ਨਾ ਛੱਡੇ, ਆਪੇ ਵੇਖੇ ਸ਼ਾਹ ਹਕੀਰ । ਕਰੇ ਖੇਲ ਅੱਡੋ ਅੱਡੇ,

ਸੋਹੰ ਮਾਰੇ ਇਕ ਜੰਜੀਰ । ਜਨ ਭਗਤਾਂ ਲਡਾਏ ਸਾਚੇ ਲੱਡੇ, ਚਾੜ੍ਹੇ ਡੰਡੇ ਅੰਤ ਅਖ਼ੀਰ । ਭਰਮ ਭੁਲੇਖੇ ਸਾਰੇ ਕੱਢੇ, ਬਜ਼ਰ ਕਪਾਟੀ ਜਾਏ ਚੀਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਆਤਮ ਸਚ ਦਵਾਰੇ ਇਕ ਪਿਆਏ ਆਤਮ ਸੀਰ । ਆਤਮ ਸੀਰ ਹਰਿ ਬਨਵਾਰਿਆ । ਕਿਸੇ ਹੱਥ ਨਾ ਆਏ ਨੀਰ ਪੀਰ ਫ਼ਕੀਰ, ਦਰ ਦਰ ਫਿਰਨ ਭਿਖਾਰਿਆ । ਮਾਇਆ ਰਾਣੀ ਲਾਹੇ ਚੀਰ, ਭੁਲਿਆ ਨਰ ਨਿਰੰਕਾਰਿਆ । ਕਲਜੁਗ ਤੇਰਾ ਵਕਤ ਅਖ਼ੀਰ, ਪ੍ਰਭ ਕਰੇ ਖੇਲ ਬੇਮੁਹਾਨਿਆ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰੇ, ਛੱਡਣੇ ਪੈਣੇ ਹਾਣੀ ਹਾਣੀਆਂ । ਹਰਿ ਕਾ ਖੇਲ ਅਗੰਮ ਰੂਪ ਅਪਾਰ ਹੈ । ਆਪੇ ਜਾਣੇ ਆਪਣੀ ਧਾਰ, ਲੱਖ ਚੁਰਾਸੀ ਪਈ ਭਰਮ ਹੈ । ਵਰਤੇ ਵਰਤਾਵੇ ਵਿਚ ਸੰਸਾਰ, ਜੀਵਾਂ ਜੰਤਾਂ ਵੇਖ ਵਖਾਣੇ ਆਪੇ ਜਾਣਾ ਪੂਰਬ ਕਰਮ ਹੈ । ਗੁਰਮੁਖ ਸਾਚਾ ਸ਼ਬਦ ਸੁਣਾਏ ਕਾਨੇ, ਆਤਮ ਜਗੇ ਜੋਤ ਮਹਾਨੇ, ਲੇਖੇ ਲਾਏ ਕਾਇਆ ਚੀਰ ਹੈ । ਮਿਲੇ ਮੇਲ ਸ੍ਰੀ ਭਗਵਾਨੇ, ਚਰਨ ਧੂੜ ਸੱਚਾ ਇਸ਼ਨਾਨੇ, ਮੂਰਖ ਮੂੜ੍ਹ ਚਤੁਰ ਸੁਜਾਨ ਬਣਾਨੇ, ਦੇਵੇ ਨਾਮ ਗੁਣ ਨਿਧਾਨ ਹੈ । ਆਪ ਚੜ੍ਹਾਏ ਇਕ ਬਿਬਾਣੇ, ਪੁਰੀਆਂ ਲੋਆਂ ਪਾਰ ਕਰਾਨੇ, ਸਚ ਮਹੱਲੇ ਆਪ ਵਸਾਨੇ, ਜੋਤੀ ਮੇਲ ਨਰ ਨਿਰੰਕਾਰ ਹੈ । ਨਾ ਕੋਈ ਪਵਣ ਨਾ ਮਸਾਣੇ, ਅਵਣ ਗਵਣ ਕੋਈ ਨਾ ਜਾਣੇ ਪਤਤ ਪਾਵਣ, ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਸ੍ਰੀ ਭਗਵਾਨੇ । ਏਕਾ ਜੋਤ ਸ੍ਰੀ ਭਗਵਾਨਿਆ । ਜਨ ਭਗਤਾਂ ਦੇਵੇ ਸ਼ਬਦ ਆਤਮ ਬ੍ਰਹਮ ਗਿਆਨਿਆ । ਸਿੱਧਾ ਜਾਏ ਇਕ ਨਿਸ਼ਾਨ, ਰਸਨਾ ਮਾਰੇ ਤੀਰ ਕਮਾਨਿਆ । ਆਪ ਚੁਕਾਏ ਜਮ ਕੀ ਕਾਨ, ਹਰਿ ਬਲਵਾਨ ਵਾਲੀ ਦੋ ਜਹਾਨਿਆ । ਮੇਟ ਮਿਟਾਏ ਜੀਵ ਸ਼ੈਤਾਨ, ਤੋੜੇ ਕਿਲ੍ਹਾ ਹੰਕਾਰ ਵਡ ਅਭਿਮਾਨਿਆ । ਜਨ ਭਗਤਾਂ ਦੇਵੇ ਸ਼ਬਦ ਆਤਮ ਬ੍ਰਹਮ ਗਿਆਨਿਆ । ਵੇਖ ਵਖਾਣੇ ਸਰਬ ਸੰਸਾਰ ਬੇਈਮਾਨ, ਲੱਖ ਚੁਰਾਸੀ ਪੁਣ ਛਾਣ, ਗੁਰਮੁਖਾਂ ਦੇਵੇ ਚਰਨ ਧਿਆਨ, ਆਤਮ ਸਤਿ ਸਰੂਰ ਏਕਾ ਨੂਰ, ਭਰਮ ਭੁਲੇਖਾ ਦੂਰ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਦਰ ਸਾਚੀ ਨਈਆ, ਚਾਰ ਵਰਨ ਕਰਾਏ ਭੈਣਾਂ ਭਈਆ, ਏਕਾ ਥਾਨ ਬਹਾਨਿਆ । ਚਾਰ ਵਰਨ ਭੈਣਾਂ ਭਈਆ । ਪੁਰਖ ਅਬਿਨਾਸ਼ੀ ਸਾਚਾ ਸਾਕ ਸੱਜਣ ਸੈਣ ਸਈਆ । ਘਟ ਘਟ ਵਾਸੀ ਮਾਤ ਪਿਤ ਕਰੇ ਹਿਤ ਨਿਤ ਨਵਿਤ, ਆਪ ਆਪਣਾ ਰੰਗ ਰੰਗਾਈਆ । ਪੁਰਖ ਅਬਿਨਾਸ਼ੀ ਰਾਖੋ ਚਿਤ, ਸਦਾ ਸੁਹੇਲਾ ਏਕਾ ਮਿਤ, ਆਦਿ ਅੰਤ ਜੁਗਾ ਜੁਗੰਤ ਨਾ ਵਿਛੜ ਗਈਆ । ਨਾ ਕੋਈ ਵੇਖੇ ਵਾਰ ਥਿਤ, ਮਾਨਸ ਦੇਹੀ ਜਾਣਾ ਜਿੱਤ, ਅੰਮ੍ਰਿਤ ਕਾਇਆ ਲੈਣੀ ਸਿਤ, ਸਾਚੀ ਧਾਰ ਹਰਿ ਨਿਰੰਕਾਰ, ਕਾਇਆ ਗਾਗਰ ਵਿਚ ਰਖਈਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਇਕ ਵਖਾਏ ਸਚ ਘਰ, ਜੋਤ ਨਿਰੰਜਣ ਡਗਮਗਈਆ । ਜੋਤ ਨਿਰੰਜਣ ਡਗਮਗਾਏ । ਦੂਸਰ ਕੋਇ ਦਿਸ ਨਾ ਆਏ । ਸਚ ਸਿੰਘਾਸਣ ਹਰਿ ਜੀ ਸੋਏ, ਨਾ ਜਨਮੇ ਨਾ ਕਦੇ ਮੋਏ । ਏਕਾ ਜੋਤ ਸਦ ਬਲੋਏ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਬੇਮੁਖ ਜੀਵ ਨਾ ਜਾਣੇ ਕੋਇ । ਬੇਮੁਖ ਜੀਵ ਅੰਞਾਣ ਜਗਤ ਦੀਵਾਨਿਆ । ਪੁਰਖ ਅਬਿਨਾਸ਼ੀ ਕਰ ਪਛਾਣ, ਜੋਤ ਸਰੂਪੀ ਪਹਿਰੇ ਬਾਨਿਆ । ਜਿਸ ਨੇ ਦੀਆ ਪੀਣ ਖਾਣ, ਕਲਜੁਗ ਭੁਲਿਆ ਗੁਣ ਨਿਧਾਨਿਆ । ਪ੍ਰਗਟ ਹੋਏ ਪੰਜ ਸ਼ੈਤਾਨ, ਕਾਇਆ ਮਮਤਾ ਲੋਭ ਲੁਭਾਨਿਆ । ਕਾਇਆ ਖੇਤੀ ਹੋਈ ਵੈਰਾਨ, ਸਾਚਾ ਹਲ ਨਾ ਕੋਇ ਜਵਾਨਿਆ । ਸਾਚਾ ਬੀਜ ਨਾ ਪਾਇਆ ਸ਼ਬਦ ਗੁਣ ਨਿਧਾਨ, ਅੰਮ੍ਰਿਤ ਫਲ ਕਵਣ ਖਲਾਨਿਆ । ਅੰਮ੍ਰਿਤ ਆਤਮ ਕਾਇਆ ਸਿੰਚ ਨਾ ਕਿਸੇ ਨੁਹਾਇਆ, ਆਤਮ ਸਾਚੇ ਤਾਲ ਨਾ

੮੬੮
੦੪

ਮਿਲਿਆ ਮੇਲ ਭਗਵਾਨਿਆ । ਗੁਰਮੁਖ ਸਾਚੇ ਸੰਤ ਦੁਲਾਰੇ, ਪੁਰਖ ਅਬਿਨਾਸ਼ੀ ਖੜ੍ਹਾ ਆਪਣੇ ਦਰ, ਆਤਮ ਦਰ ਦਹਿਲੀਜ ਅੰਦਰ ਬਾਹਰ ਏਕਾ ਧਾਮ ਵਸਾਨਿਆ । ਆਤਮ ਦਰ ਸਚ ਦਵਾਰਾ । ਏਕਾ ਦਿਸੇ ਹਰਿ ਨਿਰੰਕਾਰਾ । ਗੁਰਮੁਖ ਨੁਹਾਏ ਸਾਚੇ ਸਰ, ਅੰਮ੍ਰਿਤ ਦੇਵੇ ਇਕ ਭੰਡਾਰਾ । ਸਾਚਾ ਝਿਰਨਾ ਰਿਹਾ ਝਿਰ, ਆਵੇ ਜਾਵੇ ਵਾਰੋ ਵਾਰਾ । ਕਿਰਨਾ ਕਿਰਨਾ ਰਿਹਾ ਵਰ੍ਹ, ਬੂੰਦਾ ਬੂੰਦੀ ਅਪਰ ਅਪਾਰਾ । ਇਕ ਖੁਲ੍ਹਾਇਆ ਸਾਚਾ ਸਰ, ਜੋਤੀ ਜੋਤ ਸਰੂਪ ਹਰਿ, ਜੋ ਜਨ ਮੰਗੇ ਕਾਇਆ ਰੰਗੇ, ਸ਼ਬਦ ਵੱਜੇ ਇਕ ਮਰਦੰਗੇ, ਮੰਗੇ ਨਾਮ ਹਰਿ ਭਿਖਾਰਾ । ਮੰਗੇ ਹਰਿ ਨਾਮ ਭਗਤ ਭਗਵਾਨਿਆ । ਸੁੱਕਾ ਹਰਿਆ ਕਰੇ ਚਾਮ, ਸਾਚਾ ਕਰੇ ਵਣਜ ਵਪਾਰਿਆ । ਮੇਲ ਮਿਲਾਵਾ ਸਾਚੇ ਰਾਮ, ਆਤਮ ਜੋਤੀ ਕਰ ਉਜਿਆਰਿਆ । ਏਕਾ ਵੇਖੇ ਨੇਤਰ ਪੇਖੇ, ਪੁਰਖ ਅਬਿਨਾਸ਼ੀ ਸਚ ਵਸੇਖੇ, ਮਿਟੇ ਰੈਣ ਅੰਧ ਅੰਧਿਆਰਿਆ । ਆਪ ਮਿਟਾਏ ਬਿਧਨਾ ਲਿਖੀ ਰੇਖੇ, ਜੋਤ ਸਰੂਪੀ ਧਾਰੇ ਭੇਖੇ, ਕਲਜੁਗ ਤੇਰੀ ਅੰਤਮ ਵਾਰਿਆ । ਨਰ ਨਰਾਇਣ ਹਰਿ ਨਿਰੰਕਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਖੋਲ੍ਹੇ ਬੰਦ ਕਵਾੜਿਆ । ਆਤਮ ਖੁਲ੍ਹੇ ਕਵਾੜ, ਜੋਤ ਪ੍ਰਕਾਸ਼ਿਆ । ਪਰ੍ਹੇ ਹਟਾਏ ਦੂਤਾਂ ਧਾੜ, ਪੁਰਖ ਅਬਿਨਾਸ਼ੀ ਸ਼ਬਦ ਵੱਜੇ ਕਾੜ ਕਾੜ, ਤੱਤਾਂ ਕਰੇ ਦਾਸਨ ਦਾਸਿਆ । ਗੁਰਮੁਖ ਬਣਾਏ ਸਾਚੇ ਲਾੜ, ਸ਼ਬਦ ਚਲਾਏ ਸਵਾਸ ਸਵਾਸਿਆ । ਦੂਈ ਦਵੈਤੀ ਪੜਦਾ ਦੇਵੇ ਪਾੜ, ਮਾਨਸ ਜਨਮ ਕਰੇ ਰਹਿਰਾਸਿਆ । ਕਲਜੁਗ ਮਾਇਆ ਦੇਵੇ ਸਾੜ, ਅੰਤਮ ਅੰਤ ਕਰੇ ਵਿਨਾਸਿਆ । ਦਰ ਘਰ ਸਾਚੇ ਆਪੇ ਪਰਖੇ ਚੰਗੇ ਮਾੜ, ਬੇਮੁਖ ਘਰ ਘਰ ਕਰਨ ਹਾਸੀਆ । ਸ਼ਬਦ ਘੋੜੇ ਲਏ ਚਾੜ੍ਹ, ਦਰ ਘਰ ਸਾਚੇ ਦੇਵੇ ਵਾੜ, ਜਨ ਭਗਤਾਂ ਕਰੇ ਬੰਦ ਖ਼ੁਲਾਸੀਆ । ਹਰਿਜਨ ਤੱਤੀ ਵਾ ਨਾ ਲੱਗੇ ਹਾੜ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਪਿਆਰੇ ਸਦਾ ਸਦਾ ਬਲ ਬਲ ਜਾਸੀਆ । ਬਲ ਬਲ ਬਲੀ ਬਲਵਾਨਿਆ । ਆਪ ਕਰਾਏ ਵਲ ਛਲ, ਜੋਤ ਧਰੇ ਸ੍ਰੀ ਭਗਵਾਨਿਆ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਜਲ ਥਲ ਉਚੇ ਮੰਦਰ ਕਿਲ੍ਹੇ ਕੋਟ ਪਾਖਾਨਿਆਂ ਗੁਰਮੁਖਾਂ ਆਤਮ ਤੋੜੇ ਜੰਦਰ, ਸ਼ਬਦ ਮਾਰੇ ਇਕ ਵਦਾਨਿਆ । ਲੱਖ ਚੁਰਾਸੀ ਭੌਂਦੀ ਬੰਦਰ, ਕਿਸੇ ਹੱਥ ਨਾ ਆਏ ਹਰਿ ਭਗਵਾਨਿਆ । ਜਗੇ ਜੋਤ ਅੰਦਰੇ ਅੰਦਰ, ਨਾਮ ਖ਼ੁਮਾਰੀ ਅੱਠੇ ਪਹਿਰ ਦਿਵਸ ਰੈਣ ਕਰੇ ਮਸਤਾਨਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਨਾਮ ਵਰ, ਏਕਾ ਸ਼ਬਦ ਬ੍ਰਹਮ ਗਿਆਨਿਆ । ਬ੍ਰਹਮ ਗਿਆਨ ਬ੍ਰਹਮ ਧਿਆਨਿਆ । ਸ਼ਬਦ ਨਿਸ਼ਾਨੀ ਵਿਚ ਜਹਾਨਿਆ । ਆਵਣ ਜਾਵਣ ਭੇਵ ਚੁਕਾਨੀ, ਦੂਈ ਦਵੈਤੀ ਭੇਵ ਮਿਟਾਨਿਆ । ਸੀਨੇ ਵੱਜੇ ਏਕਾ ਕਾਨੀ, ਆਰ ਪਾਰ ਪਾਰ ਆਰ ਏਕਾ ਵਾਰ ਕਰਾਨਿਆ । ਮਾਇਆ ਰਾਣੀ ਕਲਜੁਗ ਅੰਤਮ ਕਰੇ ਸੋਲਾਂ ਤਨ ਸ਼ਿੰਗਾਰ, ਆਪ ਭੁਲਾਏ ਰਾਜੇ ਰਾਣਿਆ । ਬੇਮੁਖ ਜੀਵ ਹੋਏ ਦੁਹਾਗਣ ਨਾਰ, ਨਾ ਮਿਲੇ ਕੰਤ ਨਾ ਬਣੀ ਸਚ ਸਵਾਣੀਆ । ਗੁਰਮੁਖ ਸਾਚੇ ਵਿਰਲੇ ਪੁਰਖ ਅਬਿਨਾਸ਼ੀ ਚਰਨ ਲਾਗਣ, ਏਕਾ ਗਾਵਣ ਸਾਚੀ ਬਾਣੀਆ । ਆਪ ਉਪਜਾਏ ਸ਼ਬਦ ਰਾਗਨ, ਇਕ ਵਜਾਏ ਸਾਚਾ ਨਾਦਨ, ਢੋਲ ਮਰਦੰਗ ਨਾ ਕੋਈ ਰਖਾ ਰਿਹਾ । ਮਾਇਆ ਡੱਸੇ ਨਾ ਡਸਣੀ ਨਾਗਨ, ਆਤਮ ਤ੍ਰਿਸਨ ਆਪ ਬੁਝਾ ਰਿਹਾ । ਸਚ ਸਰੋਵਰ ਆਤਮ ਸਦਾ ਇਸ਼ਨਾਨ ਕਰਾਏ ਆਪ ਬਣਾਏ ਹੰਸ ਕਾਗਣ, ਪ੍ਰਭ ਸਾਚਾ ਸਾਚਾ ਕਰਮ ਕਮਾ ਰਿਹਾ । ਗੁਰਮੁਖਾਂ ਹੋਏ ਵਡ ਵਡਭਾਗਣ, ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸਾਚਾ ਮੇਲਾ ਕਲ ਹੋਇਆ ਵਕਤ ਸੁਹੇਲਾ ਆਪੇ ਆਪ ਕਰਾ ਰਿਹਾ । ਗੁਰ ਸੰਗਤ ਮਨ ਵਧਾਈਆ । ਹਰਿ ਜਸ ਹਰਿ ਹਰਿ ਰਸਨਾ ਗਾਈਆ । ਪੁਰਖ

੮੬੯
੦੪

ਅਬਿਨਾਸ਼ੀ ਹਿਰਦੇ ਵਸੇ, ਸੰਤ ਸੁਹੇਲੇ ਰਾਹ ਸਾਚਾ ਦੱਸ, ਸਾਚਾ ਮਾਰਗ ਰਿਹਾ ਵਖਾਈਆ । ਹਰਿ ਦਵਾਰੇ ਬਹਿਣਾ ਨੱਸ, ਅਸਥਿਰ ਚੁਬਾਰੇ ਸਾਧਾਂ ਦੱਸ, ਸੰਤ ਸੁਹੇਲੇ ਰਾਹ ਸਾਚਾ ਦੱਸ, ਕਰਨਾ ਵਾਸ ਮਿਟਾਉਣੀ ਹਰਸ, ਨੇਤਰ ਨੈਣ ਤ੍ਰਿਖਾ ਰਿਹਾ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਸਤਿ ਸੰਤੋਖ ਅੰਤਮ ਮੋਖ, ਗੁਰ ਸੰਗਤ ਆਪ ਦਵਾਈਆ । ਗੁਰ ਸੰਗਤ ਆਈ ਚਲ ਦਵਾਰ । ਧਰਮ ਰਾਏ ਨਾ ਕਰੇ ਖੁਆਰ । ਸ਼ਬਦ ਖੰਡਾ ਮਾਰੇ ਮਾਰ । ਆਪੇ ਪਾਏ ਸਾਚੀ ਵੰਡਾ, ਨਾ ਕੋਈ ਵੇਖੇ ਪੁਰਖ ਨਾਰ । ਗੁਰਮੁਖ ਸਾਚਾ ਸਦਾ ਸੁਹਾਗੀ ਨਾ ਆਤਮ ਹੋਏ ਰੰਡਾ, ਮਿਲਿਅ ਮੇਲ ਕੰਤ ਭਤਾਰ । ਆਤਮ ਤੋੜੇ ਜਗਤ ਘੁਮੰਡਾ, ਮੰਗੇ ਨਾਮ ਸਚ ਵਸਤ ਬਣ ਭਿਖਾਰ । ਪੰਜਾਂ ਚੋਰਾਂ ਦੇਵੇ ਦੰਡਾ, ਰਸਨਾ ਗਾਏ ਗੁਣ ਨਿਰੰਕਾਰ । ਆਪ ਵਖਾਏ ਕਾਇਆ ਮੰਦਰ ਉਚਾ ਡੰਡਾ, ਬੈਠਾ ਦਿਸੇ ਆਪ ਅਪਾਰ । ਗੁਰਮੁਖਾਂ ਕਰਾਈ ਸਾਚੀ ਵੰਡਾ, ਮਾਨਸ ਜਨਮ ਨਾ ਆਏ ਹਾਰ । ਵੇਖੇ ਖੇਲ ਵਿਚ ਵਰਭੰਡਾ, ਚਾਰੋਂ ਕੁੰਟ ਪੈਨੀ ਡੰਡਾ, ਬੇਮੁਖ ਜੀਵਾਂ ਆਈ ਹਾਰ । ਗੁਰਮੁਖ ਸਾਚੇ ਸੰਤ ਜਨਾਂ ਏਕਾ ਮਿਲਿਆ ਨਾਮ ਧਨਾ, ਆਦਿ ਅੰਤ ਨਾ ਆਈ ਹਾਰ । ਧੰਨ ਕਮਾਈ ਸੰਤ ਜਨ, ਜਗ ਸਾਚਾ ਰਾਹ ਵਖਾਇਆ ਏ । ਧੰਨ ਕਮਾਈ ਸੰਤ ਜਨ, ਕਲਜੁਗ ਸੋਇਆ ਜੀਵ ਆਪ ਉਠਾਇਆ ਏ । ਧੰਨ ਕਮਾਈ ਸੰਤ ਜਨ, ਗੁਰ ਸੰਗਤ ਆਤਮ ਬੀਜ ਲੋਕਮਾਤ ਆਪਣੀ ਹੱਥੀਂ ਪਾਇਆ ਏ । ਮਿਲਿਆ ਮੇਲ ਹਰਿ ਸਮਰਥ ਕਥਨਾ ਪ੍ਰਭ ਦੀ ਜਾਏ ਨਾ ਕਥੀ, ਲੱਖ ਚੁਰਾਸੀ ਜਾਏ ਮਥੀ, ਅਚਰਜ ਖੇਲ ਰਚਾਇਆ ਏ । ਗੁਰਮੁਖਾਂ ਆਤਮ ਵਿਸ ਵਿਸਾਇਣ ਲਬੀ, ਆਪ ਚੜ੍ਹਾਏ ਸ਼ਬਦ ਰਥੀਂ, ਬੇੜਾ ਪਾਰ ਕਰਾਇਆ ਏ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਬੇਮੁਖਾਂ ਦਰ ਆਏ ਡਰ, ਝੂਠੇ ਧੰਦੇ ਲਾਇਆ ਏ । ਝੂਠਾ ਝੇੜਾ ਅੰਤ ਖੁਆਰੀ । ਨਾ ਕੋਈ ਬੰਨ੍ਹੇ ਬੇੜਾ, ਨਾ ਦੀਸੇ ਪਾਰ ਕਿਨਾਰੀ । ਧਰਤ ਮਾਤ ਤੇਰਾ ਖੁਲ੍ਹਾ ਹੋਏ ਵਿਹੜਾ, ਨੌਂ ਖੰਡ ਪ੍ਰਿਥਮੀ ਚੰਡ ਪ੍ਰਚੰਡੇ ਚਲਾਏ ਵਾਰੋ ਵਾਰੀ । ਸ਼ਬਦ ਲਗਾਏ ਇਕ ਉਖੇੜਾ, ਢਹਿੰਦੀ ਜਾਏ ਮਹੱਲ ਅਟੱਲ ਉਚ ਅਟਾਰੀ । ਗੁਰਮੁਖ ਵਿਰਲਾ ਅੱਗੇ ਹੋ ਹੋ ਬਹਿੰਦਾ, ਜਿਸ ਜਪਿਆ ਨਾਮ ਰਾਮ ਮੁਰਾਰੀ । ਸੰਤ ਸਾਚਾ ਕਲਜੁਗ ਜੀਵਾਂ ਉਠ ਉਠ ਕਹਿੰਦਾ, ਕਲਜੁਗ ਅੰਤਮ ਵੇਲਾ ਜੂਏ ਬਾਜ਼ੀ ਮੂਲ ਨਾ ਹਾਰੀਂ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸਦਾ ਤੇਰੇ ਅੰਦਰ ਆਤਮ ਰਹਿੰਦਾ, ਦੇਵੇ ਦਰਸ ਅਗੰਮ ਅਪਾਰੀ । ਦਰਸ ਅਗੰਮ ਅਪਾਰ, ਰੂਪ ਅਪਾਰੜਾ । ਗੁਰਮੁਖਾਂ ਦੇਵੇ ਕਰ ਪਿਆਰ, ਹਰਿ ਸਾਜਨ ਮੀਤ ਮੁਰਾਰੜਾ । ਸ਼ਬਦ ਬਖ਼ਸ਼ੇ ਸਾਚੀ ਧਾਰ, ਕਲਜੁਗ ਦੱਸੇ ਪਾਰ ਕਿਨਾਰੜਾ । ਮਾਨਸ ਦੇਹੀ ਪੈਜ ਸਵਾਰ, ਰੰਗੇ ਰੰਗ ਇਕ ਅਪਾਰੜਾ । ਇਕ ਵਖਾਏ ਹਰਿ ਦਵਾਰ, ਚਾਰ ਵਰਨ ਸੱਚੀ ਸਰਕਾਰੜਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਸੁਹਾਏ ਬੰਕ ਦਵਾਰੜਾ । ਬੰਕ ਦਵਾਰਾ ਇਕ ਸੁਹਾਉਣਾ । ਚਰਨ ਬਿਆਸੋਂ ਪਾਰ ਟਿਕਾਉਣਾ । ਸ਼ਬਦ ਸਵਾਸੀ ਇਕ ਚਲਾਉਣਾ । ਪੁਰਖ ਅਬਿਨਾਸ਼ੀ ਖੇਲ ਰਚਾਉਣਾ । ਘਟ ਘਟ ਵਾਸੀ ਮੇਟ ਮਿਟਾਏ ਮਦਿਰਾ ਮਾਸੀ, ਮਸਤੂਆਣਾ ਧਾਮ ਸੁਹਾਉਣਾ । ਸ਼ਬਦ ਦਾਤ ਹਰਿ ਝੋਲੀ ਪਾਉਣਾ । ਆਤਮ ਤੋੜੇ ਸਰਬ ਹੰਕਾਰ, ਗੁਰ ਸੰਗਤ ਸਾਚੀ ਨਾਲ ਰਲਾਉਣਾ । ਰਾਣੇ ਸੰਗਰੂਰ ਲਾਹੇ ਉਦਾਸੀ, ਪ੍ਰਗਟ ਹੋਏ ਦਰਸ ਦਿਖਾਉਣਾ । ਆਏ ਦਵਾਰ ਬਣ ਭਿਖਾਰ, ਸ਼ਬਦ ਦਾਤ ਹਰਿ ਝੋਲੀ ਪਾਉਣਾ । ਸਾਚਾ ਕਰੇ ਆਪ ਵਿਹਾਰ, ਮਸਤੂਆਣਾ ਧਾਮ ਤਜਾਉਣਾ । ਕਰੇ ਖੇਲ ਸੱਚੀ ਸਰਕਾਰ, ਜਮਨ ਕਿਨਾਰੇ ਡੇਰਾ ਲਾਉਣਾ । ਸਾਧਾਂ ਸੰਤਾਂ ਸੁਣੇ ਪੁਕਾਰ, ਆਤਮ ਧਿਆਨੀ ਬ੍ਰਹਮ ਗਿਆਨੀ । ਸ਼ਬਦ ਨਿਸ਼ਾਨੀ

੮੭੧ ੦੪

ਮਾਰੇ ਤੀਰ ਅਪਰ ਅਪਾਰ, ਜਗੇ ਜੋਤ ਏਕਾ ਸ਼ਕਤ ਆਦਿ ਭਵਾਨੀ । ਵਾਲੀ ਹਿੰਦ ਕਰੇ ਖ਼ਬਰਦਾਰ, ਪ੍ਰਗਟ ਹੋਏ ਵਾਲੀ ਦੋ ਜਹਾਨੀ । ਦਿੱਲੀ ਤਖ਼ਤ ਸ਼ਾਹ ਸੁਲਤਾਨੀ । ਨੇਤਰ ਨੈਣ ਵੇਖ ਵਿਚਾਰ, ਏਕਾ ਸ਼ਬਦ ਚਲਾਏ ਸੋਹੰ ਸੱਚੀ ਬਾਣੀ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਸੱਚੀ ਰਾਣੀ, ਪ੍ਰਭ ਅਬਿਨਾਸ਼ੀ ਬੰਨ੍ਹੇ ਆਪੇ ਧਾਰ । ਜੋਤੀ ਜੋਤ ਸਰੂਪ ਹਰਿ, ਅੱਗੇ ਕਰੇ ਬੰਦ ਕਵਾੜ, ਭੇਵ ਖੁਲ੍ਹਾਏ ਸਤਾਰਾਂ ਹਾੜ, ਪੜਦਾ ਉਹਲਾ ਨਾ ਕੋਈ ਰਖਾਈਆ । ਨਾ ਕੋਈ ਪੜਦਾ ਨਾ ਕੋਈ ਉਹਲਾ । ਸ਼ਬਦ ਸਰੂਪੀ ਇਕ ਸੁਣਾਏ ਸਾਚਾ ਢੋਲਾ । ਸ੍ਰਿਸ਼ਟ ਸਬਾਈ ਆਇਆ ਤੋਲਾ । ਸਚ ਦਵਾਰਾ ਹਰਿ ਨਿਰੰਕਾਰਾ ਮਾਤਲੋਕ ਕਲ ਅੰਤਮ ਖੋਲ੍ਹਾ । ਇਕ ਸੁਣਾਏ ਹੱਕ ਜੈਕਾਰਾ, ਕਰੇ ਖੇਲ ਕਲੀਆਂ ਸੋਲਾਂ । ਦੂਜੇ ਦਰ ਨਾ ਬਣੇ ਕੋਈ ਭਿਖਾਰਾ, ਦੇਵੇ ਵਸਤ ਹਰਿ ਨਾਮ ਅਮੋਲਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਚਵੀਆਂ ਅਵਤਾਰਾ । ਬੀਸ ਚਾਰ ਚਾਰ ਬੀਸ, ਵੇਖ ਵਖਾਏ ਰਾਗ ਛਤੀਸ । ਮੁੱਲਾ ਕਾਜੀ ਸ਼ੇਖ਼ ਮੁਸਾਇਕ, ਪ੍ਰਭ ਅਬਿਨਾਸ਼ੀ ਸਾਚਾ ਨਾਇਕ, ਪੜ੍ਹੇ ਪੜ੍ਹਾਏ ਇਕ ਹਦੀਸ । ਪੰਡਤ ਪਾਂਧੇ ਵਡ ਗਿਆਨੀ, ਆਤਮ ਵੇਖੇ ਸ਼ਬਦ ਨਿਸ਼ਾਨੀ, ਤੋੜੇ ਮਾਣ ਜਗਤ ਅਭਿਮਾਨੀ, ਝੂਠੀ ਚੱਕੀ ਰਹੇ ਪੀਸ । ਹਰਿ ਹਰਿ ਜੋਤੀ ਇਕ ਨਿਸ਼ਾਨੀ, ਗੁਰਮੁਖ ਵਿਰਲੇ ਮਾਤ ਪਛਾਣੀ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਸ਼ਕਤ ਭਵਾਨੀ । ਹਰਿ ਸੰਗਤ ਦਰ ਘਰ ਪ੍ਰਵਾਨਿਆ । ਪੁਰਖ ਅਬਿਨਾਸ਼ੀ ਏਕਾ ਦਰ ਹੋਣਾ ਮੰਗਤ, ਦੇਵੇ ਨਾਮ ਗੁਣ ਨਿਧਾਨਿਆ । ਕਾਇਆ ਚੋਲੀ ਚਾੜ੍ਹੇ ਰੰਗਤ, ਗੁਣਵੰਤ ਹਰਿ ਗੁਣ ਨਿਧਾਨਿਆ । ਮਾਨਸ ਦੇਹੀ ਨਾ ਹੋਏ ਭੰਗਤ, ਕਾਇਆ ਕੋਟ ਕੱਢੇ ਖੋਟ, ਏਕਾ ਚੋਟ ਲੱਗੇ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਮਿਲਿਆ ਮੇਲ ਨਰ ਹਰਿ ਹਰਿ ਨਰ ਸ੍ਰੀ ਭਗਵਾਨਿਆ । ਭਿੰਨੀ ਰੈਨੜੀਏ ਕਲ ਮਿਲੇ ਵਧਾਈ । ਭਿੰਨੀ ਰੈਨੜੀਏ ਹਰਿਜਨ ਸਾਚੇ ਸੰਤ ਸੁਹੇਲੇ, ਦਰ ਘਰ ਸਾਚੇ ਹੋਏ ਮੇਲੇ, ਰਸਨਾ ਗੁਣ ਰਹੇ ਗਾਈ । ਭਿੰਨੀ ਰੈਨੜੀਏ ਮਿਲਿਆ ਮੇਲ ਸਾਚੇ ਮਾਹੀ, ਧੁਰਦਰਗਾਹੀ ਆਪਣਾ ਰੰਗ ਸਾਚਾ ਸੰਗ ਰਖਾਈ । ਭਿੰਨੀ ਰੈਨੜੀਏ, ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਮਾਤ ਧਰ, ਕਰੇ ਖੇਲ ਰਘੁਰਾਈ । ਭਿੰਨੀ ਰੈਨੜੀਏ ਸ਼ਬਦ ਢੰਡੋਰੜਾ । ਭਿੰਨੀ ਰੈਨੜੀਏ ਕਲਜੁਗ ਮਾਇਆ ਝੂਠੀ ਛਾਇਆ, ਕਲਜੁਗ ਜੀਵਾਂ ਮਾਤ ਭੁਲਾਇਆ, ਅੰਤਮ ਵੇਲਾ ਰਹਿ ਗਿਆ ਦਿਨ ਥੋਰੜਾ । ਗੁਰਮੁਖ ਸਾਚਾ ਭਿਨਣੀ ਰੈਣ ਸੁਹੰਜਣੀ ਸਾਚੇ ਮਾਰਗ ਲਾਇਆ, ਆਪ ਬੰਨ੍ਹਾਇਆ ਬੇਰੜਾ । ਭਿੰਨੀ ਰੈਨੜੀਏ ਰਘੁ ਰਘੁਵੰਸਾ ਸਾਚਾ ਬੰਸਾ ਪੁਰਖ ਪੁਰਖੋਤਮ ਏਕਾ ਗਾਇਆ, ਕਰੇ ਅੰਤ ਨਿਬੇੜਾ । ਭਿੰਨੀ ਰੈਨੜੀਏ ਰੰਗ ਚਲੂਲਾ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਲੱਖ ਚੁਰਾਸੀ ਦੂਲ੍ਹੋ ਦੂਲ੍ਹਾ । ਭਿੰਨੀ ਰੈਨੜੀਏ ਹਰਿਜਨ ਸਾਚੇ ਮੇਲ ਮਿਲਾਇਆ, ਮਿਲਿਆ ਮੇਲ ਕੰਤ ਕੰਤੂਲਾ । ਭਰਮ ਭੁਲੇਖਾ ਦੂਰ ਕਰਾਇਆ, ਭਿੰਨੀ ਰੈਨੜੀਏ ਜਨ ਭਗਤਾਂ ਦੇਵੇ ਸ਼ਬਦ ਝੂਲਾ । ਇਕ ਹੁਲਾਰਾ ਨਾਮ ਰਖਾਇਆ, ਭਿੰਨੀ ਰੈਨੜੀਏ ਗੁਰਮੁਖ ਸਾਚਾ ਸੰਤ ਦੁਲਾਰਾ, ਮੇਟ ਮਿਟਾਏ ਅੰਧ ਅੰਧਿਆਰਾ, ਦਰ ਘਰ ਸਾਚੇ ਫਲਿਆ ਫੂਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਕਰੇ ਅੰਤ ਪਿਆਰਾ । ਭਿੰਨੀ ਰੈਨੜੀਏ ਹਰਿ ਸਾਚਾ ਨੈਣਾ । ਭਿੰਨੀ ਰੈਨੜੀਏ ਦਰ ਘਰ ਸਾਚੇ ਏਕਾ ਨਾਉਂ ਸੋਹੰ ਸ਼ਬਦ ਸੁਹਾਗੀ ਗਹਿਣਾ । ਭਿੰਨੀ ਰੈਨੜੀਏ ਪ੍ਰਭ ਅਬਿਨਾਸ਼ੀ ਅਗੰਮ ਅਥਾਹੋ ਬੇਪ੍ਰਵਾਹੋ, ਚਰਨ ਪ੍ਰੀਤੀ ਸਾਚਾ ਨੇਹੁ ਦਰ ਘਰ ਸਾਚੇ ਲਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਅੰਤਮ ਪਕੜੇ

ਬਾਹੋਂ । ਭਿੰਨੀ ਰੈਨੜੀਏ ਵਣਜ ਅਪਾਰਿਆ । ਭਿੰਨੀ ਰੈਣ ਹਰਿ ਮਿਲਿਆ ਸਾਕ ਸੱਜਣ ਸੈਣ ਅੰਤਮ ਵਾਰਿਆ । ਭਿੰਨੀ ਰੈਣ ਬੇਮੁਖਾਂ ਮਾਇਆ ਪਾਏ ਬੇਅੰਤ, ਆਤਮ ਕਰੇ ਬੰਦ ਕਵਾੜਿਆ । ਗੁਰਮੁਖ ਉਠਾਏ ਸਾਚੇ ਸੰਤ, ਬਜ਼ਰ ਕਪਾਟੀ ਪੜਦਾ ਪਾੜਿਆ । ਲੋਕਮਾਤ ਬਣਾਏ ਸਾਚੀ ਬਣਤ, ਮਾਇਆ ਮਮਤਾ ਜੋਤੀ ਅਗਨ ਦੇਵੇ ਸਾੜਿਆ । ਭਿੰਨੜੀ ਰੈਣ ਮਹਿਮਾ ਜਗਤ ਅਗਣਤ, ਗੁਰਮੁਖ ਆਤਮ ਦਰ ਦਵਾਰ ਆਪ ਸੁਹਾਏ ਧੁਰਦਰਗਾਹੀ ਸਾਚਾ ਲਾੜਿਆ । ਭਿੰਨੜੀ ਰੈਣ ਸੰਤ ਦੁਲਾਰੇ ਵੇਖ ਵਿਚਾਰੇ ਥਾਉਂ ਥਾਈਂ, ਜੰਗਲ ਜੂਹ ਉਜਾੜ ਪਹਾੜਿਆ । ਜਨ ਭਗਤਾਂ ਦੇਵੇ ਦਰ ਸਰਨਾਈ, ਸ਼ਬਦ ਘੋੜੇ ਹਰਿ ਜੀ ਚਾੜ੍ਹਿਆ । ਭਿੰਨੜੀ ਰੈਣ ਖ਼ੁਸ਼ੀ ਮਨਾਈ, ਪ੍ਰਭ ਅਬਿਨਾਸ਼ੀ ਦਇਆ ਕਮਾਈ, ਗੁਰ ਸੰਗਤ ਸਾਚੀ ਸੰਗ ਰਲਾਈ, ਦਰ ਘਰ ਸਾਚੇ ਵੜਿਆ । ਭਿੰਨੜੀ ਰੈਣ ਗੁਰ ਗੁਰ ਸੰਗਤ ਸਾਚਾ ਸੰਗ ਰਲਾਈ । ਭਿੰਨੜੀ ਰੈਣ ਗੁਰ ਸੰਗਤ ਪਿਆਰਾ । ਭਿੰਨੜੀ ਰੈਣ ਪ੍ਰਭ ਦਰ ਹੋਈ ਨਾਮ ਮੰਗਤ, ਚੜ੍ਹੇ ਰੰਗ ਅਪਰ ਅਪਾਰਾ । ਭਿੰਨੜੀ ਰੈਣ ਜਨ ਭਗਤਾਂ ਮਿਟਾਏ ਭੁੱਖ ਨੰਗਤ, ਬੇਮੁਖ ਸੋਏ ਪੈਰ ਪਸਾਰਾ । ਭਿੰਨੜੀ ਰੈਣ ਗੁਰਮੁਖ ਵੇਖੇ ਸਾਚੇ ਨੈਣ, ਨਾਤਾ ਬਣਿਆ ਭਾਈ ਭੈਣ, ਕਲਜੁਗ ਤੇਰੀ ਅੰਤਮ ਵਾਰਾ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਖੇਲੇ ਖੇਲ ਵਿਚ ਸੰਸਾਰਾ । ਭਿੰਨੜੀ ਰੈਣ ਸੋਈ ਜਾਗੀ । ਮਿਲਿਆ ਮੇਲ ਦਰਸ ਵੇਖੇ ਸਾਚੇ ਨੈਣ, ਸ਼ਬਦ ਸੁਣੇ ਸਾਚਾ ਰਾਗੀ । ਪੁਰਖ ਅਬਿਨਾਸ਼ੀ ਸਾਕ ਸੱਜਣ ਸੈਣ, ਚਰਨ ਕਵਲ ਕਵਲ ਚਰਨ ਪ੍ਰਭ ਸਾਚੇ ਲਾਗੀ । ਭਿੰਨੜੀ ਰੈਣ ਆਪ ਚੁਕਾਏ ਲਹਿਣ ਦੇਣ, ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਮੇਲ ਮਿਲਾਇਆ, ਇਕ ਦੂਜੇ ਦਾ ਲੜ ਫੜਾਇਆ, ਮਿਲੇ ਵਡਿਆਈ ਵਡ ਵਡਭਾਗੀ । ਭਿੰਨੜੀ ਰੈਣ ਗੁਰਮੁਖ ਸਾਚੇ ਸੰਤ ਦੁਲਾਰੇ । ਭਿੰਨੀ ਰੈਨੜੀਏ ਆਦਿ ਅੰਤ ਜੁਗਾ ਜੁਗੰਤ, ਗੁਰਮੁਖ ਵਿਰਲਾ ਜਾਣੇ ਸੰਤ, ਵੇਖੇ ਰੰਗ ਅਪਾਰੇ । ਭਿੰਨੀ ਰੈਨੜੀਏ ਬੇਮੁਖਾਂ ਮਾਇਆ ਪਾਏ ਬੇਅੰਤ, ਨਿੰਦਰਾ ਆਲਸ ਦਏ ਹੁਲਾਰਾ ਏ । ਭਿੰਨੀ ਰੈਨੜੀਏ ਗੁਰਮੁਖਾ ਮੇਲ ਮਿਲਾਵਾ ਸਾਚੇ ਕੰਤ, ਏਕਾ ਸੇਜਾ ਸੁੱਤੇ ਨਾਰੀ ਪੁਰਖ ਭਤਾਰਾ ਏ । ਭਿੰਨੀ ਰੈਨੜੀਏ ਕਲਜੁਗ ਜੀਵ ਭੁਲਾਏ ਜੰਤ, ਝੂਠੀ ਮਾਇਆ ਅੰਤ ਵਿਗੁਤੇ, ਭਰਿਆ ਇਕ ਹੰਕਾਰਾ ਹੈ । ਭਿੰਨੀ ਰੈਨੜੀਏ ਆਪ ਸੁਹਾਈ ਗੁਰਮੁਖ ਸਾਚੇ ਸੰਤ ਜਨਾਂ ਦੀ ਸਾਚੀ ਰੁੱਤੇ, ਹੋਈ ਬਸੰਤ ਖਿੜੀ ਗੁਲਜ਼ਾਰਾ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਭੰਡਾਰਾ ਹੈ । ਧੰਨ ਕਮਾਈ ਸੰਤ ਜਨ, ਰਸਨਾ ਹਰਿ ਹਰਿ ਗਾਇਆ । ਧੰਨ ਕਮਾਈ ਸੰਤ ਜਨ, ਏਕਾ ਵਾਰੇ ਪੁਰਖ ਅਬਿਨਾਸ਼ੀ ਪਾਇਆ । ਧੰਨ ਕਮਾਈ ਭਗਤ ਜਨ, ਆਤਮ ਦਰ ਬੰਦ ਖੁਲ੍ਹਾਇਆ । ਧੰਨ ਕਮਾਈ ਭਗਤ ਜਨ, ਸਾਚੇ ਘਰ ਏਕਾ ਏਕ ਡੇਰਾ ਲਾਇਆ । ਧੰਨ ਕਮਾਈ ਸੰਤ ਜਨ, ਆਤਮ ਤੀਰਥ ਨੁਹਾਏ ਸਾਚੇ ਸਰ, ਦੂਈ ਦਵੈਤੀ ਦੁਰਮਤ ਮੈਲ ਗਵਾਇਆ । ਧੰਨ ਕਮਾਈ ਭਗਤ ਜਨ, ਜੋਤੀ ਜੋਤ ਸਰੂਪ ਹਰਿ, ਦੋਹਾਂ ਧਿਰਾਂ ਏਕਾ ਘਰ ਸਾਚਾ ਮੇਲ ਮਿਲਾਇਆ । ਧੰਨ ਕਮਾਈ ਸੰਤ ਜਨ, ਹਰਿ ਚਰਨ ਧਿਆਨ । ਧੰਨ ਕਮਾਈ ਭਗਤ ਜਨ, ਆਤਮ ਜੋਤੀ ਜੋਤ ਮਿਲਾਨ । ਧੰਨ ਕਮਾਈ ਸੰਤ ਜਨ, ਵਰਨ ਗੋਤੀ ਭੇਵ ਚੁਕਾਨ । ਧੰਨ ਕਮਾਈ ਭਗਤ ਜਨ, ਸਾਚਾ ਸ਼ਬਦ ਮਾਣਕ ਮੋਤੀ ਚੋਗ ਖਾਣ । ਧੰਨ ਕਮਾਈ ਸੰਤ ਜਨ, ਮਿਲਿਆ ਮੇਲ ਧੁਰ ਸੰਜੋਗੀ, ਲੱਖ ਚੁਰਾਸੀ ਫੰਦ ਕਟਾਨਾ । ਧੰਨ ਕਮਾਈ ਭਗਤ ਜਨਾਂ, ਕਰੇ ਦਰਸ ਹਰਿ ਅਮੋਘੀ, ਮਾਇਆ ਮਮਤਾ ਮੋਹ ਚੁਕਾਨਾ । ਧੰਨ ਕਮਾਈ ਸੰਤ ਜਨ, ਆਤਮ ਰਸ ਰਿਹਾ ਭੋਗੀ, ਆਤਮ ਸੇਜਾ ਸਾਚਾ ਕੰਤ ਇਕ ਵਸਾਨਾ । ਧੰਨ ਕਮਾਈ ਭਗਤ ਜਨ,

ਜੋਤੀ ਜੋਤ ਸਰੂਪ ਹਰਿ, ਦੋਹਾਂ ਧਿਰਾਂ ਏਕਾ ਘਰ, ਸ਼ਬਦ ਸਰੂਪੀ ਮੇਲ ਮਿਲਾਨਾ । ਧੰਨ ਕਮਾਈ ਸੰਤ ਜਨ, ਸ਼ਬਦ ਅਧਾਰਿਆ । ਧੰਨ ਕਮਾਈ ਭਗਤ ਜਨ, ਰਸਨਾ ਗਾਏ ਹਰਿ ਗੁਣ ਗੁਣਵੰਤਾ ਗੁਣ ਨਿਧਾਨਿਆ । ਧੰਨ ਕਮਾਈ ਸੰਤ ਜਨ, ਮਾਇਆ ਰਾਣੀ ਛਾਣ ਪੁਣ, ਏਕਾ ਨਾਤਾ ਪੁਰਖ ਬਿਧਾਤਾ, ਰੱਖੇ ਚਰਨ ਧਿਆਨਿਆ । ਧੰਨ ਕਮਾਈ ਭਗਤ ਜਨ, ਏਕਾ ਵੇਖੇ ਪਿਤਾ ਮਾਤਾ, ਪੁਰਖ ਅਬਿਨਾਸ਼ੀ ਚਤੁਰ ਸੁਜਾਨਿਆ । ਧੰਨ ਕਮਾਈ ਸੰਤ ਜਨ, ਦੁਰਮਤ ਮੈਲ ਤਨ ਤੋਂ ਨਾਸੀ, ਆਤਮ ਜੋਤ ਸੱਚੀ ਪ੍ਰਕਾਸ਼ੀ, ਵੇਖੇ ਖੇਲ ਮਹਾਨਿਆ । ਧੰਨ ਕਮਾਈ ਭਗਤ ਜਨ, ਮਾਨਸ ਜਨਮ ਕਰੇ ਰਹਿਰਾਸੀ, ਅੰਤਮ ਵੇਲੇ ਬੰਦ ਖ਼ਲਾਸੀ, ਨੇੜ ਨਾ ਆਏ ਪੰਜ ਸ਼ੈਤਾਨਿਆ । ਧੰਨ ਕਮਾਈ ਸੰਤ ਜਨ, ਜਗਤ ਵਡਿਆਈ ਭਗਤ ਦੋਹਾਂ ਮਿਲਿਆ ਨਾਮ ਧੰਨ, ਰਸਨਾ ਗਾਇਆ ਸਵਾਸ ਸਵਾਸੀ । ਧੰਨ ਕਮਾਈ ਸੰਤ ਜਨ, ਸਦਾ ਅਡੋਲਿਆ । ਧੰਨ ਕਮਾਈ ਭਗਤ ਜਨ, ਹਰਿ ਅੰਦਰੇ ਅੰਦਰ ਬੋਲਿਆ । ਧੰਨ ਕਮਾਈ ਸੰਤ ਜਨ, ਪੂਰਾ ਤੋਲ ਤੋਲਿਆ । ਧੰਨ ਕਮਾਈ ਸੰਤ ਜਨਾਂ, ਆਤਮ ਸੇਜਾ ਬੈਠਾ ਇਕਾਂਤ, ਆਤਮ ਪੜਦਾ ਖੋਲ੍ਹਿਆ । ਧੰਨ ਕਮਾਈ ਭਗਤ ਜਨ, ਅੰਮ੍ਰਿਤ ਪੀਵੇ ਬੂੰਦ ਸਵਾਂਤ, ਅੰਤਮ ਮੇਟ ਮਿਟਾਏ ਅੰਧੇਰੀ ਰਾਤ, ਸਾਚੀ ਰੰਗਣ ਨਾਮ ਚੜ੍ਹਾਏ, ਆਦਿ ਅੰਤ ਕਦੇ ਨਾ ਡੋਲਿਆ । ਜੋਤੀ ਜੋਤ ਸਰੂਪ ਹਰਿ, ਦੋਹਾਂ ਸਾਚੀ ਬਣਤ ਬਣਾਏ, ਤਨ ਪਹਿਨਾਏ ਸ਼ਬਦ ਸੱਚਾ ਚੋਲਿਆ । ਸ਼ਬਦ ਚੋਲਾ ਤਨ ਸ਼ਿੰਗਾਰ ਹੈ । ਪ੍ਰਭ ਅਬਿਨਾਸ਼ੀ ਖੇਲ ਅਪਾਰ ਹੈ । ਘਨਕਪੁਰ ਵਾਸੀ ਜੋਤ ਪ੍ਰਕਾਸ਼ੀ, ਮੇਟ ਮਿਟਾਏ ਮਦਿਰਾ ਮਾਸੀ, ਫੜੇ ਸ਼ਬਦ ਖੰਡਾ ਦੋ ਧਾਰ ਹੈ । ਬੇਮੁਖ ਦਰ ਤੇ ਕਰਨ ਹਾਸੀ, ਗੁਰਮੁਖ ਗਾਇਣ ਸਵਾਸ ਸਵਾਸੀ, ਪਵਣ ਜੋਤੀ ਸ਼ਬਦ ਹੁਲਾਰ ਹੈ । ਨਾ ਕੋਈ ਵਰਨ ਨਾ ਕੋਈ ਗੋਤੀ, ਗੁਰਮੁਖ ਚੁਣੇ ਮਾਣਕ ਮੋਤੀ, ਇਕ ਬਣਾਏ ਸੱਚਾ ਹਾਰ ਹੈ । ਦੁਰਮਤ ਮੈਲ ਕਾਇਆ ਧੋਤੀ, ਲੱਖ ਚੁਰਾਸੀ ਰਹੀ ਰੋਤੀ, ਹਰਿਜਨ ਉਠਾਏ ਆਤਮ ਸੋਤੀ, ਪ੍ਰਭ ਦੇਵੇ ਇਕ ਹੁਲਾਰ ਹੈ । ਕਿਸੇ ਹੱਥ ਨਾ ਆਵੇ ਕੋਟਨ ਕੋਟੀ, ਉਚੇ ਪ੍ਰਬਤ ਚੜ੍ਹਕੇ ਚੋਟੀ, ਲੱਖ ਕਟਾਇਣ ਬੋਟੀ ਬੋਟੀ, ਅਗਨ ਭਬੂਤੀ ਖ਼ਾਕ ਰਮਾਇਣ ਤੇੜ ਨਾ ਦਿਸੇ ਕਿਸੇ ਲੰਗੋਟੀ, ਨਾ ਮਿਲਿਆ ਨਰ ਨਿਰੰਕਾਰਾ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਦ ਵਸੇ ਦਰ ਦਵਾਰਾ ਹੈ । ਹਰਿ ਸੰਤ ਸੁਹੇਲਾ ਮੀਤ ਨਰ ਨਿਰੰਜਣਾ । ਜੁਗਾ ਜੁਗ ਚਲਾਏ ਰੀਤ, ਕਿਸੇ ਹੱਥ ਨਾ ਆਏ ਮੰਦਰ ਮਸੀਤ, ਚਰਨ ਧੂੜ ਰਖਾਏ ਸਾਚਾ ਮਜਨਾ । ਗੁਰਮੁਖ ਵਿਰਲਾ ਗਾਏ ਏਕਾ ਸੁਹਾਗੀ ਗੀਤ, ਮੇਲ ਮਿਲਾਵਾ ਹਰਿ ਸਾਚੇ ਸਾਕ ਸੈਣ ਸਜਣਾ । ਦਿਵਸ ਰੈਣ ਰਾਖੇ ਚੀਤ, ਦਰਸ ਦਿਖਾਏ ਤੀਜੇ ਨੈਣਾਂ । ਕਾਇਆ ਕਰੇ ਪਤਤ ਪੁਨੀਤ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਪ੍ਰਭ ਕਾ ਭਾਣਾ ਸਿਰ ਤੇ ਸਹਿਣਾ । ਗੁਰਮੁਖ ਸਾਚੇ ਸੰਤ ਸ਼ਬਦ ਦੁਲਾਰਿਆ । ਜਗਤ ਬਣਾਈ ਬਣ ਗਈ ਬਣਤ, ਮਿਲਿਆ ਮੇਲ ਜੋਤ ਨਿਰੰਕਾਰਿਆ । ਅਚਰਜ ਰੀਤ ਆਦਿ ਅੰਤ ਪੂਰਨ ਭਗਵੰਤ, ਸਾਚੇ ਸੰਤ ਆਪ ਉਪਜਾ ਰਿਹਾ । ਬੇਮੁਖਾਂ ਮਾਇਆ ਪਾਏ ਬੇਅੰਤ, ਪਕੜ ਪਛਾੜੇ ਜੂਠੇ ਝੂਠੇ ਮਾਇਆ ਲੂਠੇ ਦੇਵ ਦੰਤ, ਸ਼ਬਦ ਖੰਡਾ ਇਕ ਉਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਮੇਲ ਮਿਲਾਏ ਸਾਚੇ ਕੰਤ, ਏਕਾ ਮਾਰਗ ਲਾ ਰਿਹਾ । ਏਕਾ ਰਾਹ ਹਰਿ ਵਖਾਏ । ਧਰਮ ਰਾਏ ਨਾ ਦਏ ਫਾਹ, ਲੱਖ ਚੁਰਾਸੀ ਫੰਦ ਕਟਾਏ । ਦਰਗਹਿ ਸਾਚੀ ਦੇਵੇ ਥਾਂ, ਏਥੇ ਓਥੇ ਹੋਏ ਸਹਾਏ । ਆਪੇ ਪਿਤਾ ਆਪੇ ਮਾਂ, ਸਦਾ ਰਖਾਏ ਠੰਡੀ ਛਾਂਏ । ਕਲਜੁਗ ਅੰਤਮ ਅੰਤ ਘਰ ਘਰ ਉਡਾਏ ਕਾਂ । ਜੋਤੀ ਜੋਤ ਸਰੂਪ ਹਰਿ, ਬੇਮੁਖ ਰੁਲਾਏ ਦਰ ਦਰ ਕਿਸੇ ਨਾ ਦਿਸੇ ਕੋਈ

੮੭੩ ੦੪

ਥਾਂ । ਸਰਬ ਕਲਾ ਸਮਰਥ, ਨਰ ਨਿਰੰਕਾਰਿਆ । ਜੁਗ ਜੁਗ ਸ਼ਬਦ ਚਲਾਏ ਰਥ, ਲੋਕਮਾਤ ਖੇਲ ਅਪਾਰਿਆ । ਜਨ ਭਗਤਾਂ ਦੇਵੇ ਨਾਮ ਵਥ, ਅਗਿਆਨ ਅੰਧੇਰ ਸਰਬ ਮਿਟਾ ਰਿਹਾ । ਪੰਜਾਂ ਚੋਰਾਂ ਪਾਏ ਨੱਥ, ਡੋਰ ਆਪਣੇ ਹੱਥ ਰਖਾ ਰਿਹਾ । ਲੱਖ ਚੁਰਾਸੀ ਹੋਣੀ ਸਥ, ਕਲਜੁਗ ਵੇਲਾ ਅੰਤਮ ਆ ਰਿਹਾ । ਸੀਆਂ ਰਖਾਏ ਸਾਢੇ ਤਿੰਨ ਹੱਥ, ਆਤਮ ਦਰ ਜਾਇਣ ਲਥ, ਦੀਪਕ ਜੋਤੀ ਹਰਿ ਜਗਾ ਰਿਹਾ । ਜੋਤੀ ਜਾਮਾ ਸ੍ਰੀ ਭਗਵਾਨਾ, ਜਿਉਂ ਰਾਮਾ ਘਰ ਦਸਰਥ, ਆਪਣਾ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਆਂ ਪੁਰੀਆਂ ਬਣਤ ਬਣਾ ਰਿਹਾ । ਲੋਆਂ ਪੁਰੀਆਂ ਬਣਤ ਬਣਾਏ । ਆਦਿ ਅੰਤ ਜੁਗਾ ਜੁਗੰਤ ਹਰਿ ਸਾਚਾ ਸਾਚੀ ਧਾਰ ਬੰਨ੍ਹਾਏ । ਕਿਸੇ ਦਿਸ ਨਾ ਆਏ ਦੇਵ ਦੰਤ, ਕਰੋੜ ਤੇਤੀਸ ਸੁਰਪਤ ਰਾਜਾ ਇੰਦ ਰਸਨ ਰਸਾਇਣੀ ਰਹੇ ਗਾਏ, ਭੇਵ ਕੋਈ ਨਾ ਪਾ ਰਿਹਾ । ਜੋਤੀ ਜਾਮਾ ਦੀਨ ਦਿਆਲਾ ਸ਼ਬਦ ਲਿਆਏ ਸਾਚੀ ਮਾਲਾ, ਫਲ ਲਗਾਏ ਕਾਇਆ ਡਾਲਾ, ਗੁਰਮੁਖ ਸਾਚੇ ਆਪ ਜਗਾ ਰਿਹਾ । ਅੰਤਮ ਕਲ ਨਾ ਖਾਏ ਕਾਲਾ, ਆਪ ਨੁਹਾਏ ਅੰਮ੍ਰਿਤ ਸਰ ਸਾਚੇ ਤਾਲਾ, ਦੂਈ ਦਵੈਤੀ ਮੈਲ ਗਵਾ ਰਿਹਾ । ਹਰਿਜਨ ਸਾਚਾ ਮਾਰੇ ਛਾਲਾਂ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕ ਅਨਮੁੱਲੜਾ ਲੱਭੇ ਲਾਲਾ, ਜਗਤ ਜਵਾਹਰੀ ਮੁੱਲ ਕੋਇ ਨਾ ਪਾ ਰਿਹਾ । ਗੁਰਮੁਖ ਕਾਇਆ ਸਚ ਭੰਡਾਰੀ ਆਪੇ ਵੇਖੇ ਪਰਖੇ ਹਰਿ ਜੀ ਤੋਲਾ, ਤੋਲਣਹਾਰੀ ਸ਼ਬਦ ਕੰਡਾ ਸਾਚਾ ਡੰਡਾ, ਸੇਰ ਧੜੀ ਨਾ ਕੋਈ ਰਖਾ ਰਿਹਾ । ਗੁਰਮੁਖ ਵਿਰਲੇ ਪਾਈ ਵੰਡਾ, ਵੇਖੇ ਖੇਲ ਜੋਤੀ ਮੇਲ ਸ਼ਬਦ ਧਾਰ ਹਰਿ ਚਲਾ ਰਿਹਾ । ਬੇਮੁਖ ਜੀਵਾਂ ਦਿਸ ਨਾ ਆਈ ਆਤਮ ਭਰਿਆ ਇਕ ਘਮੰਡਾ, ਲੱਖ ਚੁਰਾਸੀ ਹੋਈ ਰੰਡਾ, ਸਾਚਾ ਕੰਤ ਸੁਹਾਗ ਨਾ ਕੋਈ ਹੰਢਾ ਰਿਹਾ । ਚਾਰੋਂ ਕੁੰਟ ਪਾਵਣ ਵੰਡਾਂ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤ ਨਿਰੰਜਣ ਦੀਨ ਦਿਆਲਾ ਹਰਿ ਕਿਰਪਾਲਾ ਜੋਤ ਜਵਾਲਾ, ਕਰੇ ਖੇਲ ਹਰਿ ਰਘੁਰਾਈਆ । ਹਰਿ ਕਾ ਖੇਲ ਅਗੰਮ ਕਿਸੇ ਨਾ ਜਾਣਿਆ । ਕੋਈ ਭੇਵ ਨਾ ਜਾਣੇ ਹੱਡ ਮਾਸ ਨਾੜੀ ਚੰਮ, ਪੁਰਖ ਅਬਿਨਾਸ਼ੀ ਕਿਸੇ ਨਾ ਜਾਣਿਆ । ਲੇਖਾ ਲਿਖੇ ਗਿਣੇ ਨਾ ਕੋਈ ਆਪ ਆਪਣੇ ਦਮ, ਮਾਨਸ ਜਨਮ ਬੇਮੁਹਾਣਿਆ । ਗੁਰਮੁਖ ਵਿਰਲਾ ਚਰਨ ਬੈਰਾਗੀ ਜਗਤ ਤਿਆਗੀ ਰੋਏ ਆਤਮ ਰੈਣ ਛੰਮ ਛੰਮ, ਅੰਮ੍ਰਿਤ ਧਾਰ ਇਕ ਵਹਾ ਰਿਹਾ । ਪ੍ਰਭ ਅਬਿਨਾਸ਼ੀ ਵਡ ਵਡਭਾਗੀ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਬਹਾਏ ਸਾਚੇ ਘਰ, ਸ਼ਬਦ ਸੁਣਾਏ ਸਾਚਾ ਰਾਗੀ । ਸੱਚਾ ਰਾਗ ਸ਼ਬਦ ਸੁਣਾਇੰਦਾ । ਗੁਰਮੁਖ ਸੋਇਆ ਜਾਏ ਜਾਗ, ਪ੍ਰਭ ਆਤਮ ਤ੍ਰਿਸ਼ਨਾ ਭੁੱਖ ਮਿਟਾਇੰਦਾ । ਜੂਠਾ ਝੂਠਾ ਧੋਏ ਦਾਗ, ਕਾਹਨਾ ਕ੍ਰਿਸ਼ਨਾ ਦਇਆ ਕਮਾਇੰਦਾ । ਸ਼ਬਦ ਬੰਨ੍ਹਾਏ ਤਨ ਸਾਚਾ ਤਾਗ, ਅੰਤਮ ਕਲ ਨਾ ਕੋਈ ਤੁੜਾਇੰਦਾ । ਆਪ ਆਪਣੇ ਹੱਥ ਰੱਖੇ ਵਾਗ, ਚਾਰੋਂ ਕੁੰਟ ਫਿਰਾਇੰਦਾ । ਮਾਇਆ ਡੱਸਣੀ ਨਾ ਡੱਸੇ ਨਾਗ, ਸ਼ਬਦ ਤੀਰ ਇਕ ਰਖਾਇੰਦਾ । ਹਰਿਜਨ ਸੰਤ ਬਣਾਏ ਹੰਸ ਸੱਚੇ ਕਾਗ, ਰਸਨਾ ਚੋਗ ਸ਼ਬਦ ਮਾਣਕ ਮੋਤੀ ਆਪ ਚੁਗਾਇੰਦਾ । ਮੇਲ ਮਿਲਾਵਾ ਕੰਤ ਸੁਹਾਗ, ਸਾਚੀ ਸੇਜਾ ਆਪ ਬਹਾਇੰਦਾ । ਗੁਰਮੁਖ ਵਿਰਲੇ ਵਡ ਵਡਭਾਗ, ਜੋਤੀ ਜੋਤ ਸਰੂਪ ਹਰਿ, ਦਰਸ ਅਮੋਘਾ ਧੁਰ ਸੰਜੋਗਾ ਆਪਣਾ ਆਪ ਮਿਲਾਇੰਦਾ । ਮੇਲ ਮਿਲਾਏ ਹਰਿ ਬਨਵਾਰੀ । ਕਲਜੁਗ ਤੇਰੀ ਅੰਤਮ ਵਾਰੀ । ਜਗੀ ਜੋਤ ਇਕ ਨਿਰੰਕਾਰੀ । ਵਰਨ ਗੋਤ ਮੇਟ ਮਿਟਾਏ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰੀ । ਜਨ ਭਗਤਾਂ ਦੁਰਮਤ ਮੈਲ ਰਿਹਾ ਧੋਤ, ਸੋਹੰ ਦੇਵੇ ਆਤਮ ਨਾਮ ਖੁਮਾਰੀ । ਲੱਖ ਚੁਰਾਸੀ ਰਹੀ ਰੋਤ, ਦਰ ਦਰ


੮੭੪ ੦੪

੮੭੫
੦੪

ਘਰ ਘਰ ਜੂਠੇ ਝੂਠੇ ਫਿਰਨ ਵਪਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਆਪ ਵਖਾਏ ਦਇਆ ਕਮਾਏ ਸੱਚਾ ਦਰ ਦਰਬਾਰੀ । ਏਕਾ ਦਰ ਦਰਬਾਰ ਪੁਰਖ ਨਿਰੰਜਣਾ । ਸਾਚਾ ਕਰੇ ਵਣਜ ਵਪਾਰ, ਚਰਨ ਧੂੜ ਇਕ ਰਖਾਏ ਮਜਨਾ । ਮਾਨਸ ਜਨਮ ਨਾ ਆਏ ਹਾਰ, ਮੇਲ ਮਿਲਾਵਾ ਸਾਚੇ ਸੱਜਣਾ । ਤੋੜੇ ਜਗਤ ਜੰਜਾਲ ਆਤਮ ਦੇਵੇ ਸ਼ਬਦ ਕਰ ਪਿਆਰ, ਜੋ ਘੜਿਆ ਸੋ ਅੰਤਮ ਭੱਜਣਾ । ਸੋਲਾਂ ਕਰਾਏ ਤਨ ਸ਼ਿੰਗਾਰ, ਗੁਰਮੁਖ ਸਾਚਾ ਸਾਚੀ ਨਾਰ, ਮਿਲੇ ਮੇਲ ਹਰਿ ਕੰਤ ਭਤਾਰ, ਵੇਲੇ ਅੰਤਮ ਪੜਦਾ ਕੱਜਣਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਅੰਮ੍ਰਿਤ ਸਾਚਾ ਜਾਮ ਪਿਆਏ, ਸਚ ਘਰ ਪੀ ਪੀ ਕਲਜੁਗ ਰੱਜਣਾ । ਅੰਮ੍ਰਿਤ ਸਾਚਾ ਜਾਮ ਹਰਿ ਪਿਲਾਇੰਦਾ । ਨਾ ਕੋਈ ਲਏ ਦਾਮ, ਚਰਨ ਪ੍ਰੀਤੀ ਇਕ ਸਿਖਾਇੰਦਾ । ਕਾਇਆ ਸੁੱਕਾ ਹਰਿਆ ਕਰੇ ਚਾਮ, ਪੂਰਨ ਇਛਿਆ ਆਪ ਕਰਾਇੰਦਾ । ਮੇਟ ਮਿਟਾਏ ਅੰਧੇਰੀ ਸ਼ਾਮ, ਦੀਪਕ ਜੋਤੀ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਆਪੇ ਕਲ ਮਿਲਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨ । ਨਾ ਕੋਈ ਜਾਣੇ ਜੀਵ ਨਿਧਾਨ । ਗੁਰਮੁਖ ਵਿਰਲਾ ਸੰਤ ਕਲਜੁਗ ਚਤੁਰ ਸੁਜਾਨ । ਬੇਮੁਖਾਂ ਮਾਇਆ ਪਾਏ ਬੇਅੰਤ ਆਤਮ ਹੰਕਾਰਾ ਜਗਤ ਵਿਕਾਰਾ, ਕਾਇਆ ਮੰਦਰ ਅੰਧ ਅੰਧਿਆਰਾ, ਕਰੇ ਖੇਲ ਆਦਿ ਅੰਤ ਜੁਗਾ ਜੁਗੰਤ, ਧੁਰਦਰਗਾਹੀ ਸਾਚਾ ਮਾਹੀ, ਕਲਜੁਗ ਜੂਠਾ ਝੂਠਾ ਅੰਤਮ ਅੰਤ ਹੋਏ ਭਸਮੰਤ, ਨਾ ਕੋਈ ਦੀਸੇ ਅੰਤ ਨਿਸ਼ਾਨ । ਬੇਮੁਖਾਂ ਹੱਥ ਫੜਾਏ ਠੂਠਾ, ਦਰ ਦਰ ਘਰ ਘਰ ਮੰਗਣ ਭੁਲੇ ਰੁਲੇ ਜੀਵ ਸ਼ੈਤਾਨ । ਗੁਰਮੁਖ ਵਿਰਲਾ ਲੋਕਮਾਤ ਮਾਰ ਝਾਤ ਆਪ ਮਨਾਏ ਕਲਜੁਗ ਰੁਠਾ, ਧਰੇ ਧਿਆਨ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚਾ ਦੇਵੇ ਨਾਮ ਵਰ, ਏਕਾ ਏਕ ਜਨ ਭਗਤ ਟੇਕ, ਕਲਜੁਗ ਮਾਇਆ ਨਾ ਲਾਏ ਸੇਕ, ਸੋਹੰ ਸ਼ਬਦ ਸੱਚਾ ਦਾਨ । ਦੇਵੇ ਦਾਨ ਹਰਿ ਵਡ ਦਾਨਿਆ । ਆਤਮ ਤੁੱਟੇ ਝੂਠਾ ਮਾਣ, ਮਿਲੇ ਮੇਲ ਜੋਤ ਭਗਵਾਨਿਆ । ਆਪੇ ਦੇਵੇ ਪੀਣ ਖਾਣ, ਚਰਨ ਧੂੜ ਸੱਚਾ ਇਸ਼ਨਾਨਿਆ । ਇਕ ਰਖਾਏ ਆਪਣੀ ਆਣ, ਸਾਚਾ ਸ਼ਬਦ ਚਲਾਏ ਸੱਚੀ ਬਾਣੀਆ । ਮੇਟ ਮਿਟਾਏ ਅੰਜੀਲ ਕੁਰਾਨ, ਕਲਜੁਗ ਅੰਤਮ ਹਾਨਿਆ । ਵੇਖ ਵਖਾਣੇ ਵੇਦ ਪੁਰਾਨ, ਖਾਣੀ ਬਾਣੀ ਹਰਿ ਪਛਾਣਿਆ । ਰਸਨਾ ਛੁਟੇ ਤੀਰ ਕਮਾਨ, ਫਲ ਦਿਸੇ ਨਾ ਕਿਸੇ ਡਾਹਨਿਆ । ਪਕੜ ਉਠਾਏ ਰਾਜ ਰਾਜਾਨ ਲਿਖੇ ਲੇਖਾ ਵਾਲੀ ਦੋ ਜਹਾਨਿਆ । ਏਕਾ ਸ਼ਾਹ ਵਡਾ ਸ਼ਹਾਨ ਹਰਿ ਭਗਵਾਨ ਦੂਸਰ ਕਿਸੇ ਦਿਸੇ ਨਾ ਕੋਈ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਤੋੜੇ ਮਾਣ ਜਗਤ ਅਭਿਮਾਨਿਆ । ਪ੍ਰਭ ਅਬਿਨਾਸ਼ੀ ਵਾਗਾਂ ਮੋੜੇ, ਕਰੇ ਖੇਲ ਗੁਣ ਨਿਧਾਨਿਆ । ਗੁਰਮੁਖ ਸਾਚੇ ਚਰਨ ਪ੍ਰੀਤੀ ਸਾਚੀ ਜੋੜੇ, ਆਤਮ ਦੇਵੇ ਏਕਾ ਬ੍ਰਹਮ ਹਰਿ ਏਕਾ ਬ੍ਰਹਮ ਗਿਆਨਿਆ । ਆਪੇ ਵੇਖੇ ਮਿੱਠੇ ਕੌੜੇ, ਕਲਜੁਗ ਤੇਰੀ ਅੰਤ ਨਿਸ਼ਾਨੀਆਂ । ਦਰ ਘਰ ਸਾਚੇ ਇਕ ਲਗਾਏ ਸਾਚੇ ਪੌੜੇ, ਸੰਤ ਸੁਹੇਲੇ ਆਪ ਚੜ੍ਹਾਨਿਆ । ਗੁਰਮੁਖਾਂ ਹਰਿ ਸਾਚਾ ਬਹੁੜੇ, ਲੱਖ ਚੁਰਾਸੀ ਹੋਣੀ ਅੰਤ ਵੈਰਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਬ੍ਰਾਹਮਣ ਗੌੜੇ, ਵੇਦ ਵਿਆਸ ਲੇਖ ਲਿਖਾਨਿਆ । ਵੇਦ ਵਿਆਸਾ ਬਣ ਲਿਖਾਰੀ । ਪੁਰਾਨ ਅਠਾਰਾਂ ਰਿਹਾ ਚਿਤਾਰੀ, ਚਾਰ ਲੱਖ ਸਤਾਰਾਂ ਹਜ਼ਾਰੀ, ਸਲੋਕ ਲਿਖਾਏ ਵਾਰੋ ਵਾਰੀ । ਨਾਰਦ ਮੁਨ ਗਿਆਨ ਰਖਾਏ, ਬ੍ਰਹਮਾ ਸੁਤ ਦਇਆ ਕਮਾਏ, ਇਕ ਨਿਭਾਏ ਸੱਚੀ ਯਾਰੀ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ,

ਕਰੇ ਖੇਲ ਕਲਜੁਗ ਤੇਰੀ ਅੰਤਮ ਵਾਰੀ । ਲਿਖਿਆ ਲੇਖ ਵੇਦ ਵਿਆਸਾ । ਕਲਜੁਗ ਅੰਤਮ ਵੇਖ ਤਮਾਸ਼ਾ । ਦਰ ਦਰ ਘਰ ਘਰ ਜੀਵਾਂ ਜੰਤਾਂ ਆਤਮ ਹੋਈ ਸਰਬ ਉਦਾਸਾ । ਜੂਠੇ ਝੂਠੇ ਮਾਇਆ ਧਾਰੀ, ਏਕਾ ਫੜਿਆ ਹੱਥ ਵਿਚ ਕਾਸਾ । ਗਊ ਗਰੀਬ ਨਾ ਕੋਈ ਪਾਵੇ ਸਾਰੀ, ਰਾਜੇ ਰਾਣੇ ਕਰਨ ਹਾਸਾ । ਪ੍ਰਗਟ ਹੋਏ ਵਡ ਬਲਕਾਰੀ, ਲੱਖ ਚੁਰਾਸੀ ਆਪੇ ਤੋਲੇ ਤੋਲਣਹਾਰਾ, ਵੇਖ ਵਖਾਣੇ ਤੋਲਾ ਮਾਸਾ । ਕਲਜੁਗ ਜੀਵਾਂ ਮਾਨਸ ਜਨਮ ਜੂਏ ਬਾਜੀ ਹਾਰੀ, ਮੁਖ ਲਗਾਇਆ ਮਦਿਰਾ ਮਾਸਾ । ਨਾ ਮਿਲਿਆ ਮੇਲ ਹਰਿ ਨਿਰੰਕਾਰੀ, ਮਾਨਸ ਜਨਮ ਹੋਇਆ ਰਾਸਾ । ਚਾਰੋਂ ਕੁੰਟ ਹੋਏ ਖਵਾਰੀ, ਦਰ ਦਰ ਘਰ ਘਰ ਫਿਰਨ ਭਿਖਾਰੀ, ਕਲਜੁਗ ਅੰਤਮ ਹੋਣਾ ਨਾਸਾ । ਗੁਰਮੁਖ ਸਾਚੇ ਸੰਤ ਜਨ ਸੋਹਣ ਚਰਨ ਦਵਾਰੀ, ਲਾੜੀ ਮੌਤ ਚਾਰੋਂ ਕੁੰਟ ਦੋਵੇ ਹੱਥੀਂ ਫੇਰੀ ਜਾਏ ਬਹਾਰੀ, ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਜਗਤ ਤਮਾਸ਼ਾ । ਲਾੜੀ ਮੌਤ ਹੋ ਤਿਆਰ । ਮੰਗੇ ਵਰ ਪ੍ਰਭ ਚਰਨ ਦਵਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਕਲਜੁਗ ਅੰਤਮ ਆਈ ਹਾਰ । ਗੁਰਮੁਖ ਵਿਰਲਾ ਸੰਤ ਆਤਮ ਰਹੇ ਸਦਾ ਉਦਾਸੀ, ਏਕਾ ਮੰਗੇ ਦਰਸ ਕਰਤਾਰ । ਰਸਨਾ ਗਾਏ ਸਵਸ ਸਵਾਸੀ, ਏਕਾ ਸ਼ਬਦ ਏਕਾ ਧਾਰ । ਕਿਸੇ ਹੱਥ ਨਾ ਆਏ ਪੰਡਤ ਪੜ੍ਹ ਪੜ੍ਹ ਥੱਕੇ ਕਾਸ਼ੀ, ਨਿਰਗੁਣ ਰੂਪ ਨਰ ਨਰਾਇਣ ਨਿਰਾਹਾਰ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਹੋਇਆ ਰਹੇ ਦਾਸੀ, ਫਿਰਦਾ ਰਹੇ ਦਰ ਦਵਾਰ । ਹਰਿ ਭਗਤਾਂ ਹੋਏ ਦਾਸ ਹਰਿ ਹਰਿ ਦਾਨਿਆ । ਵੇਖ ਵਖਾਏ ਪ੍ਰਿਥਮੀ ਅਕਾਸ਼, ਵਾਲੀ ਦੋ ਜਹਾਨਿਆ । ਆਦਿ ਅੰਤ ਨਾ ਜਾਏ ਵਿਨਾਸ, ਜੋਤੀ ਖੇਲ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਸਦਾ ਵਸੇ ਆਸ ਪਾਸ, ਜਨ ਭਗਤਾਂ ਮੇਲ ਸ੍ਰੀ ਭਗਵਾਨਿਆ । ਕਲਜੁਗ ਭੇਖ ਅਪਾਰ ਹਰਿ ਸੁਲਤਾਨਿਆ । ਜੋਤੀ ਜਾਮਾ ਜਗਤ ਅਪਾਰ, ਕਰੇ ਖੇਲ ਮਾਤ ਮਹਾਨਿਆ । ਲੱਖ ਚੁਰਾਸੀ ਗੁਣ ਅਵਗੁਣ ਰਿਹਾ ਵਿਚਾਰ, ਦਿਵਸ ਰੈਣ ਵੇਖ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਜਨ ਭਗਤ ਪਛਾਣੇ ਸੁਘੜ ਸਿਆਣੇ ਆਤਮ ਕਰ ਕਰ ਧਿਆਨਿਆ । ਆਤਮ ਕਰੇ ਧਿਆਨ, ਸਰਬ ਵਿਚਾਰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਮਾਰੇ ਤੀਰ ਬ੍ਰਹਮ ਗਿਆਨ ਦਾ । ਏਕਾ ਬਖ਼ਸ਼ੇ ਚਰਨ ਧਿਆਨ, ਅੰਮ੍ਰਿਤ ਦੇਵੇ ਸੱਚਾ ਸੀਰ, ਮਿਲੇ ਮੇਲ ਹਰਿ ਨਿਗਹਬਾਨ ਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਲੱਖ ਚੁਰਾਸੀ ਰੱਖੇ ਟੇਕ, ਜਨ ਭਗਤਾਂ ਕਰਾਂ ਬੁੱਧ ਬਿਬੇਕ, ਗੁਰਮੁਖ ਵਿਰਲਾ ਵੇਖੇ ਖੇਲ ਗੁਣ ਨਿਧਾਨ ਦਾ । ਗੁਰਮੁਖ ਵੇਖੇ ਖੇਲ, ਹਰਿ ਖਿਲਾ ਰਿਹਾ । ਸਾਚੇ ਨੇਤਰ ਲਏ ਪੇਖ, ਕਲਜੁਗ ਤੇਰੀ ਅੰਤਮ ਵਾਰਿਆ । ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ਼, ਮੁਸਾਇਕ ਗੌਂਸ ਕੁਤਬ ਬਾਜ਼ੀ ਹਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਅਪਰ ਅਪਾਰਿਆ । ਅਪਰ ਅਪਾਰ ਖੇਲ ਰਚਾਇੰਦਾ । ਲੋਕਮਾਤ ਸਚ ਵਿਹਾਰ, ਭੇਵ ਕਿਸੇ ਹੱਥ ਨਾ ਆਇੰਦਾ । ਨਾ ਕੋਈ ਦੀਸੇ ਸ਼ਾਹ ਦਾਰਾ, ਏਕਾ ਤੀਰ ਸ਼ਬਦ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਕਾਰਾ, ਪੀਰ ਫ਼ਕੀਰ ਕੋਇ ਭੇਵ ਨਾ ਪਾਇੰਦਾ । ਆਪਣੀ ਕਾਰ ਆਪ ਕਰਾਇੰਦਾ । ਸਤਿਜੁਗ ਸਾਚੀ ਬੰਨ੍ਹੇ ਧਾਰ, ਸ਼ਬਦ ਘੋੜੇ ਹੋ ਅਸਵਾਰ, ਲੋਕਮਾਤ ਫੇਰਾ ਪਾਇੰਦਾ । ਲੋਆਂ ਪੁਰੀਆਂ ਪੈਰਾਂ ਹੇਠ ਲਿਤਾੜ, ਚੌਦਾਂ ਲੋਕਾਂ ਸ਼ਬਦ ਸਰੂਪੀ ਰਿਹਾ ਪਾੜ, ਆਪਣਾ ਰੰਗ ਰੰਗਾਇੰਦਾ । ਲੱਖ ਚੁਰਾਸੀ ਰਿਹਾ ਸਾੜ, ਮਗਰ ਲਗਾਏ ਅਗੰਮੀ ਧਾੜ, ਲੁਕਿਆ ਰਹਿਣ ਨਾ ਦੇਵੇ ਕੋਈ ਝਾੜ, ਸਾਚਾ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ

੮੭੬
੦੪

੮੭੭
੦੪

ਆਪਣੀ ਬਣਤ ਬਣਾਇੰਦਾ । ਅੱਸੂ ਤਿੰਨ ਦਿਵਸ ਜਾਏ ਚੜ੍ਹ । ਸ਼ਾਹ ਸੁਲਤਾਨਾਂ ਪ੍ਰਭ ਲਏ ਫੜ । ਸ਼ਬਦ ਸਰੂਪੀ ਅੰਦਰ ਵੜ । ਆਪੇ ਤੋੜੇ ਜੂਠਾ ਝੂਠਾ ਕਿਲ੍ਹਾ ਗੜ੍ਹ । ਚਰਨ ਪ੍ਰੀਤੀ ਏਕਾ ਜੋੜੇ, ਨਾ ਕੋਈ ਸੀਸ ਨਾ ਕੋਈ ਧੜ । ਕਲਜੁਗ ਦਿਨ ਰਹਿ ਗਏ ਥੋੜੇ, ਏਕਾ ਅੱਖਰ ਲੈਣਾ ਪੜ੍ਹ । ਜਨ ਭਗਤਾਂ ਪ੍ਰਭ ਸਾਚਾ ਬਹੁੜੇ, ਆਤਮ ਦਰ ਦਵਾਰੇ ਅੱਗੇ ਖੜ੍ਹ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵਾਲੀ ਹਿੰਦ ਆਪ ਫੜਾਏ ਆਪਣਾ ਲੜ । ਆਪਣਾ ਲੜ ਆਪ ਫੜਾਉਣਾ । ਏਕਾ ਅੱਖਰ ਸ਼ਬਦ ਪੜ੍ਹਾਉਣਾ । ਦਸਵੇਂ ਘਰ ਵਖਾਏ ਵਖਰ, ਅਗਿਆਨ ਅੰਧੇਰ ਮਿਟਾਉਣਾ । ਜੋਤੀ ਜੋਤ ਸਰੂਪ ਹਰਿ, ਬਜ਼ਰ ਕਪਾਟੀ ਅੱਗੇ ਪੱਥਰ, ਸ਼ਬਦ ਤੀਰ ਨਾਲ ਹਟਾਉਣਾ । ਸ਼ਬਦ ਤੀਰ ਲਾਏ ਧਾਰ । ਬਜ਼ਰ ਕਪਾਟੀ ਜਾਏ ਪਾੜ । ਸਾਚੀ ਹਾਟੀ ਆਪੇ ਖੋਲ੍ਹੇ ਇਕ ਵਖਾਏ ਸਚ ਦਵਾਰ । ਅਠ ਸਠ ਤੀਰਥ ਆਤਮ ਦਰ ਏਕਾ ਤਾਟ., ਆਪ ਨੁਹਾਏ ਨਰ ਨਿਰੰਕਾਰ । ਮਾਤਲੋਕ ਚੜ੍ਹਾਏ ਔਖੀ ਘਾਟੀ, ਸੁਰਤ ਸ਼ਬਦ ਮੇਲ ਮਿਲਾਏ ਵਿਚ ਬਹਾਏ ਦਸਮ ਦਵਾਰ । ਝੂਠੀ ਚੋਲੀ ਜਾਏ ਪਾਟੀ, ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਅਪਰ ਅਪਾਰ । ਗੁਰਮੁਖ ਵਿਰਲਾ ਸੰਤ ਪ੍ਰੇਮ ਪ੍ਰਾਨੀਆ । ਕਲਜੁਗ ਮਾਇਆ ਪਾਈ ਬੇਅੰਤ, ਭੁਲੇ ਜੀਵ ਨਿਧਾਨੀਆ । ਹਰਿਜਨ ਸਾਚਾ ਸਾਚਾ ਸੰਤ, ਏਕਾ ਜਾਣੇ ਬ੍ਰਹਮ ਨਿਸ਼ਾਨੀਆ । ਮਿਲੇ ਮੇਲ ਸਾਚਾ ਕੰਤ, ਤੁਟੇ ਮਾਣ ਆਤਮ ਅਭਿਮਾਨੀਆ । ਮਾਇਆ ਰੁਲੇ ਵਡ ਵਡ ਦੰਤ, ਕਾਇਆ ਕੋਠੀ ਦਿਸੇ ਖਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਜੋਤ ਜਗਾਏ ਮਸਤਕ ਗਗਨ ਸਾਚੀ ਥਾਲੀਆ । ਗੁਰਮੁਖ ਵਿਰਲਾ ਸੰਤ ਨਾਮ ਵਣਜਾਰੜਾ, ਕਰੇ ਸਚ ਵਿਚਾਰ ਹੈ । ਲੱਖ ਚੁਰਾਸੀ ਅੰਤਮ ਕਲ ਦਰ ਦਰ ਘਰ ਘਰ ਕਰਦੀ ਫਿਰੇ ਉਧਾਰ, ਨਾ ਕੋਈ ਵੇਖੇ ਪਰਖੇ ਮੀਤ ਮੁਰਾਰ ਹੈ । ਆਤਮ ਰਣ ਹੋਈ ਉਜਾੜ, ਝੂਠੇ ਘਰ ਹੋਇਆ ਵਾਸਾ, ਨਾ ਕੋਈ ਦੀਵਾ ਨਾ ਉਜਿਆਰ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਸ਼ਬਦ ਹੁਲਾਰ ਹੈ । ਗੁਰਮੁਖ ਸਾਚਾ ਸੰਤ ਰੰਗ ਚਲੂਲਿਆ । ਕਲਜੁਗ ਜੀਵ ਜੰਤ ਮਾਇਆ ਰਾਣੀ ਝੂਠੇ ਧੰਦੇ ਪ੍ਰਭ ਅਬਿਨਾਸ਼ੀ ਭੂਲਿਆ । ਮਦਿਰਾ ਮਾਸੀ ਪਾਪੀ ਗੰਦੇ, ਨਾ ਮਿਲੇ ਮੇਲ ਕੰਤ ਕੰਤੂਲ੍ਹਿਆ । ਗੁਰਮੁਖਾਂ ਉਪਜਾਏ ਪਰਮਾਨੰਦੇ, ਹਰਿ ਦਾਤਾ ਦੂਲ੍ਹੋ ਦੂਲ੍ਹਿਆ । ਇਕ ਸੁਣਾਏ ਸ਼ਬਦ ਛੰਦੇ, ਧੁਰਦਰਗਾਹੀ ਸਾਚਾ ਝੂਲਿਆ । ਜਨ ਭਗਤ ਉਠਾਏ ਆਪਣੇ ਕੰਧੇ, ਗੁਰਮੁਖ ਵਿਰਲਾ ਵਿਚ ਮਾਤ ਦੇ ਫਲਿਆ ਫੂਲਿਆ । ਬੇਮੁਖ ਜੀਵ ਆਤਮ ਅੰਧੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਆਪ ਬਣਾਏ ਸੂਲੀ ਸੂਲਿਆ । ਗੁਰਮੁਖ ਸਾਚਾ ਸੰਤ ਬ੍ਰਹਮ ਗਿਆਨੀਆ । ਪ੍ਰਭ ਅਬਿਨਾਸ਼ੀ ਏਕਾ ਦੇਵੇ ਧੁਰਦਰਗਾਹੀ ਸਾਚਾ ਸ਼ਬਦ ਮਾਤ ਨਿਸ਼ਾਨੀਆਂ । ਆਤਮ ਅੰਦਰ ਸਾਚੇ ਮੰਦਰ ਹਰਿ ਹਰਿ ਸੇਵੇ, ਉਜਾੜ ਪਹਾੜ ਨਾ ਕੋਈ ਵਖਾਨੀਆ । ਦਰਸ ਦਿਖਾਏ ਅਲਖ ਅਭੇਵੇ, ਨਾ ਕੋਈ ਜਾਣੇ ਖਾਣੀ ਬਾਣੀਆ । ਜੋਤ ਨਿਰੰਜਣ ਵਡ ਦੇਵੀ ਦੇਵੇ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਸਾਚੀ ਸੇਵ ਲਗਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੇਲ ਮਿਲਾਏ ਆਦਿ ਸ਼ਕਤ ਆਦਿ ਭਵਾਨੀਆ । ਆਦਿ ਸ਼ਕਤ ਆਦਿ ਭਵਾਨੀ । ਜੁਗਾ ਜੁਗੰਤ ਆਪ ਬਣਾਏ, ਸ਼ਬਦ ਰਖਾਏ ਸਚ ਨਿਸ਼ਾਨੀ । ਸਾਧ ਸੰਤ ਲਏ ਉਠਾਏ, ਦੇਵੇ ਦਾਨ ਹਰਿ ਵਡ ਵਿਦਵਾਨੀ । ਜੋਤੀ ਜੋਤ ਸਰੂਪ ਹਰਿ, ਜਗਤ ਦੂਜਾ ਰਹੇ ਨਾਹੀਂ, ਸ਼ਬਦ ਸਰੂਪੀ ਬ੍ਰਹਮ ਗਿਆਨੀ । ਸ਼ਬਦ ਸਰੂਪੀ ਇਕ ਗਿਆਨਾ ਹੈ । ਹਰਿ ਵਡਾ ਸ਼ਾਹ ਭੂਪੀ, ਰੱਖੇ ਸਚ ਟਿਕਾਣਾ ਹੈ । ਏਕਾ ਏਕ ਸਤਿ

ਸਰੂਪੀ, ਆਦਿ ਅੰਤ ਇਕ ਨਿਸ਼ਾਨਾ ਹੈ । ਨਾ ਕੋਈ ਰੇਖ ਨਾ ਕੋਈ ਰੂਪੀ, ਏਕਾ ਜੋਤ ਡਗਮਗਾਨਾ ਹੈ । ਸ੍ਰਿਸ਼ਟ ਸਬਾਈ ਹੋਈ ਅੰਧ ਕੂਪੀ, ਕਲਜੁਗ ਭੇਖ ਬੇਮੁਹਾਨਾ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਮੇਲ ਮਿਲਾਏ, ਕਿਰਪਾ ਕਰ ਸ੍ਰੀ ਭਗਵਾਨਾ ਹੈ । ਹਰਿ ਭਗਤ ਸੁਹੇਲਾ ਮੀਤ ਕੰਤ ਭਤਾਰੜਾ । ਗੁਰਮੁਖ ਵਿਰਲਾ ਮਾਨਸ ਦੇਹੀ ਜਾਏ ਜੀਤ, ਰਸਨਾ ਗਾਏ ਪੁਰਖ ਅਪਾਰੜਾ । ਕਾਇਆ ਹੋਏ ਠੰਡੀ ਸੀਤ, ਦੁੱਖ ਨਾ ਲੱਗੇ ਨੇੜ ਨਾ ਆਏ ਪੰਚਮ ਧਾਰੜਾ । ਕਾਇਆ ਮੰਦਰ ਸਚ ਮਸੀਤ, ਮਿਲੇ ਮੇਲ ਮੀਤ ਮੁਰਾਰੜਾ । ਅੱਠੇ ਪਹਿਰ ਪਰਖੇ ਨੀਤ, ਆਤਮ ਸੇਜਾ ਸੁੱਤਾ ਪੈਰ ਪਸਾਰੜਾ । ਕਲਜੁਗ ਔਧ ਰਹੀ ਬੀਤ, ਹਰਿ ਵੇਖੇ ਖੇਲ ਅੰਤਮ ਅੰਤ ਵਾਰੜਾ । ਆਪ ਚਲਾਏ ਸਾਚੀ ਰੀਤ, ਚਾਰ ਵਰਨ ਬਹਾਏ ਇਕ ਦਵਾਰੜਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਅਪਰ ਅਪਾਰੜਾ । ਅਪਰ ਅਪਾਰਾ ਖੇਲ ਵਰਨ ਅਵਰਨਿਆ । ਸਾਚਾ ਮੇਲ ਚਾਰ ਵਰਨਾਂ ਆਪ ਕਰਾਏ ਧਰਨੀ ਧਰਨਿਆ । ਸਤਾਰਾਂ ਹਾੜੀ ਚੜ੍ਹਨਾ ਤੇਲ, ਜਨ ਭਗਤਾਂ ਖੁਲ੍ਹਾਏ ਹਰਨਾ ਫਰਨਿਆ । ਧਰਮ ਰਾਏ ਦੀ ਕਟੇ ਜੇਲ੍ਹ, ਆਪ ਚੁਕਾਏ ਮਰਨਾ ਡਰਨਿਆ । ਦਰਸ ਦਿਖਾਏ ਹਰਿ ਅਖਵਾਏ ਸਾਚਾ ਸੱਜਣ ਸੁਹੇਲ, ਗੁਰਮੁਖ ਸਾਚੇ ਮਾਣ ਦਵਾਏ ਤਰਨੀ ਤਰਨਿਆ । ਆਪ ਕਰਾਏ ਆਪਣਾ ਮੇਲ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵਡ ਦਾਤਾ ਕਰਨੀ ਕਰਨਿਆ । ਵਡ ਦਾਤਾ ਗਹਿਰ ਗੰਭੀਰ ਕਰਨੀ ਕਾਰਿਆ । ਗੁਰਮੁਖਾਂ ਰੱਖੇ ਸ਼ਾਂਤ ਸਰੀਰ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰਿਆ । ਹਉਮੇ ਕੱਢ ਵਿੱਚੋਂ ਪੀੜ, ਸਾਚਾ ਦੱਸੇ ਇਕ ਪਿਆਰਿਆ । ਕਲਜੁਗ ਅੰਤਮ ਆਈ ਭੀੜ, ਨਾ ਹੋਏ ਕੋਈ ਸਹਾਰਿਆ । ਅੰਤਮ ਕਲਜੁਗ ਤੁੱਟੀ ਹੱਡੀ ਰੀੜ, ਜੂਠਾ ਝੂਠਾ ਡਿੱਗਾ ਮੂੰਹ ਦੇ ਭਾਰਿਆ । ਨਾ ਕੋਈ ਜਾਣੇ ਹਸਤ ਕੀੜ, ਮਾਇਆਧਾਰੀ ਬੈਠਾ ਰੂਠਾ, ਭੁੱਲੇ ਰੰਗ ਸ੍ਰੀ ਗਿਰਧਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਪੈਰਾਂ ਹੇਠ ਲਤਾੜਿਆ । ਕਲਜੁਗ ਡਿੱਗਾ ਮੂੰਹ ਦੇ ਭਾਰ । ਪ੍ਰਭ ਅਬਿਨਾਸ਼ੀ ਮਾਰੇ ਮਾਰ । ਸਤਿਜੁਗ ਸਾਚੇ ਹੋ ਤਿਆਰ । ਆਪਣਾ ਚੁੱਕ ਲੈ ਆਪੇ ਭਾਰ । ਸ਼ਬਦ ਕਰ ਤਨ ਸ਼ਿੰਗਾਰ । ਲੋਕਮਾਤ ਆਇਆ ਹਿੱਸੇ, ਗੁਰਮੁਖਾਂ ਕਰਨਾ ਖ਼ਬਰਦਾਰ । ਬੇਮੁਖਾਂ ਹਰਿ ਜੀ ਮੂਲ ਨਾ ਦਿਸੇ, ਚਾਰੋਂ ਕੁੰਟ ਹੋਇਆ ਅੰਧਿਆਰ । ਜੂਠੀ ਝੂਠੀ ਚੱਕੀ ਪੀਸੇ, ਆਤਮ ਹੋਈ ਦੋ ਦੋ ਫਾੜ । ਏਕਾ ਛੱਤਰ ਝੂਲੇ ਜੋਤ ਨਿਰੰਜਣ ਹਰਿ ਜਗਦੀਸ਼ੇ, ਲੇਖ ਲਿਖਾਏ ਸਤਾਰਾਂ ਹਾੜ । ਨਾ ਕੋਈ ਕਰੇ ਹਰਿ ਜੀ ਰੀਸੇ, ਮਗਰ ਲਗਾਏ ਮੌਤ ਲਾੜ । ਮੇਟ ਮਿਟਾਏ ਮੂਸੇ ਈਸੇ, ਧਰਤ ਮਾਤ ਬਣਾਏ ਇਕ ਅਖਾੜ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਦੇਵੇ ਝਾੜ । ਕਲਜੁਗ ਕਾਲਾ ਦਏ ਦੁਹਾਈ । ਪ੍ਰਭ ਅਬਿਨਾਸ਼ੀ ਪਾਈ ਫਾਹੀ । ਬੇਮੁਖ ਜੀਵ ਨਾ ਕੋਈ ਸਹਾਈ । ਚਾਰੋਂ ਕੁੰਟ ਵਾਹੋ ਦਾਹੀ । ਆਪ ਆਪਣੇ ਪੈ ਰਾਹੀਂ । ਕੋਈ ਨਾ ਪਕੜੇ ਅੰਤਮ ਬਾਹੀਂ । ਸ਼ਬਦ ਸਰੂਪੀ ਹਰਿ ਸਾਚਾ ਪਕੜੇ, ਪਕੜ ਉਠਾਏ ਥਾਉਂ ਥਾਈਂ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਹਰਿ ਜੋਤ ਧਰ, ਬੇਮੁਖ ਜੀਵਾਂ ਦੀਸੇ ਨਾਹੀਂ । ਕਲਜੁਗ ਪਾਪੀ ਰਿਹਾ ਰੋ । ਪੁਰਖ ਅਬਿਨਾਸ਼ੀ ਮੁਖੜਾ ਧੋ । ਬੇਮੁਖ ਜੀਵਾਂ ਰਿਹਾ ਕੋਹ । ਗੁਰਮੁਖ ਸਾਚੇ ਸੰਤ ਜਨਾਂ, ਆਤਮ ਘਰ ਨਾ ਜਾਏ ਛੋਹ । ਹਰਿ ਦਰ ਸਾਚਾ ਲਾਏ ਡੰਨਾ, ਦਰ ਦਵਾਰੇ ਅੱਗੇ ਹੋ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ ਲੋਕਮਾਤ ਹਰਿ ਜੋਤ ਧਰ, ਸਾਚਾ ਹਲ ਰਿਹਾ ਜੋ । ਸਾਚਾ ਹਲ ਆਪ

੮੭੮
੦੪

ਬਣਾਉਣਾ । ਕਲਜੁਗ ਸਤਿਜੁਗ ਦੋਵੇਂ ਬੈਲ, ਸ਼ਬਦ ਪੰਜਾਲੀ ਗਲ ਰਖਾਉਣਾ । ਜੋਤੀ ਜੋਤ ਸਰੂਪ ਹਰਿ ਕਲਜੁਗ ਤੇਰੀ ਅੰਤਮ ਵਰ, ਸਾਚਾ ਹਾਲੀ ਜਗਤ ਪਾਲੀ ਆਪ ਅਖਵਾਉਣਾ । ਸਾਚਾ ਹਾਲੀ ਹਲ ਚਲਾਏ । ਸਤਿਜੁਗ ਕਲਜੁਗ ਬੈਲ ਜੁੜਾਏ । ਨਾਮ ਰਖਾਏ ਤਿੱਖਾ ਫਾਲਾ, ਸੋਹੰ ਹਰਿ ਜੀ ਨਾਮ ਰਖਾਏ । ਪਹਿਲੀ ਰਹਿਲ ਲਏ ਮਲ, ਦਿਸ਼ਾ ਲਹਿੰਦੀ ਹੋਏ ਤਰਥਲ, ਨੀਲਾ ਬਾਣਾ ਤਨ ਛੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਖੇਲ ਰਚਾਏ । ਸਾਚਾ ਧਾਮ ਧੁਰ ਦਰਬਾਰਿਆ । ਪੂਰ ਕਰਾਏ ਆਪਣਾ ਕਾਮ, ਨਰ ਹਰਿ ਸੱਚੀ ਸਰਕਾਰਿਆ । ਕਲਜੁਗ ਮਿਟੇ ਅੰਧੇਰੀ ਸ਼ਾਮ, ਸਾਚਾ ਦੀਪਕ ਕਰ ਉਜਿਆਰਿਆ । ਝੂਠੀ ਮਾਇਆ ਕਾਇਆ ਚਾਮ, ਭੁੱਲੇ ਜੀਵ ਅੰਤ ਗਵਾਰਿਆ । ਵਸ ਹੋਏ ਕਾਮਨੀ ਕਾਮ, ਆਤਮ ਭਰਿਆ ਲਬ ਲੋਭ ਹੰਕਾਰਿਆ । ਕੋਈ ਨਾ ਪਕੜੇ ਦਾਮਨੀ ਦਾਮ, ਨਾ ਦਿਸੇ ਪਾਰ ਕਿਨਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸੋਹੰ ਸ਼ਬਦ ਸਚ ਭੰਡਾਰਾ ਬਣ ਵਰਤਾਰਾ ਜਨ ਭਗਤ ਦਵਾਰਾ ਆਪੇ ਆਪ ਵਰਤਾ ਰਿਹਾ । ਸੋਹੰ ਸ਼ਬਦ ਅਪਾਰ, ਵਸਤ ਅਮੋਲਿਆ । ਦੇਵਣਹਾਰ ਦਾਤਾਰ ਕਲਜੁਗ ਤੇਰੀ ਅੰਤਮ ਵਾਰ, ਸਚ ਦਵਾਰਾ ਏਕਾ ਖੋਲ੍ਹਿਆ । ਨਾ ਕੋਈ ਵੇਖੇ ਪੁਰਖ ਨਾਰ, ਏਕਾ ਰੰਗ ਬਿਰਧ ਬਾਲ ਨੌਜਵਾਨ, ਰੰਗਣ ਚਾੜ੍ਹੇ ਅਪਰ ਅਪਾਰਿਆ । ਆਤਮ ਜੋਤੀ ਧਰ ਮਹਾਨ, ਵਰਨ ਗੋਤੀ ਮੇਟ ਮਿਟਾਨ, ਸ਼ਬਦ ਰਖਾਏ ਇਕ ਨਿਸ਼ਾਨ, ਹਰਿ ਆਪੇ ਆਪ ਝੁਲਾ ਰਿਹਾ । ਆਪ ਉਠਾਏ ਆਤਮ ਸੋਤੀ, ਗੁਰਮੁਖ ਬਣਾਏ ਸਾਚੇ ਮੋਤੀ, ਕਰ ਸ਼ਿੰਗਾਰਾ ਸੋਹਣਾ ਹਾਰਾ ਹਰਿ ਦਾਤਾਰਾ ਏਕਾ ਗਲ ਪਵਾ ਰਿਹਾ । ਸ਼ਬਦ ਬੰਨ੍ਹੇ ਸੀਸ ਦਸਤਾਰਾ । ਕਲਗੀ ਤੋੜਾ ਨਾਮ ਅਪਾਰਾ । ਪੁਰਖ ਅਬਿਨਾਸ਼ੀ ਜੋੜ ਜੋੜਾ, ਨਾ ਹੋਏ ਵਿਛੋੜਾ ਦੂਜੀ ਵਾਰਾ । ਇਕ ਰਖਾਇਆ ਸ਼ਬਦ ਘੋੜਾ, ਗੁਰਮੁਖ ਚੜ੍ਹਾਏ ਵਾਰੋ ਵਾਰਾ । ਚੌਥੇ ਘਰ ਇੱਕੋ ਪੌੜਾ, ਖਿੱਚ ਬਹਾਏ ਦਸਮ ਦਵਾਰਾ । ਸੁਖਮਨ ਨਾੜੀ ਨਾ ਦੱਸੇ ਰਾਹ ਸੌੜਾ, ਆਪੇ ਦੱਸੇ ਪਾਰ ਕਿਨਾਰਾ । ਧੁਰਦਰਗਾਹੀ ਆਇਆ ਦੌੜਾ, ਗੁਰਮੁਖਾਂ ਕਰੇ ਮਾਤ ਪਿਆਰਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਅੰਤਮ ਵਾਰਾ । ਕਰੇ ਖੇਲ ਅਪਾਰ ਸ਼ਬਦ ਗਿਆਨਿਆ । ਚਾਰ ਵਰਨਾਂ ਇਕ ਪਿਆਰ, ਏਕਾ ਧਾਰ ਗੁਣ ਨਿਧਾਨਿਆ । ਊਚ ਨੀਚ ਹਰਿ ਭੇਖ ਨਿਵਾਰ, ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਨਿਆ । ਇਕ ਸੁਹਾਏ ਬੰਕ ਦਵਾਰ, ਰੰਗਤ ਸਾਚੀ ਨਾਮ ਰੰਗਾਨਿਆ । ਜੋਤੀ ਨੂਰਾ ਕਰ ਅਕਾਰ, ਮੇਟ ਮਿਟਾਏ ਅੰਧ ਅੰਧਿਆਰ, ਸ਼ਬਦ ਧੁਨ ਕੰਨ ਸੁਣਾਨਿਆ । ਵੇਲਾ ਚੁਕੇ ਚਾਰ ਯਾਰ, ਚਾਰੋਂ ਕੁੰਟ ਪੈਣੀ ਮਾਰ, ਪੰਚਾਂ ਬਣੇ ਹਰਿ ਸਰਦਾਰ, ਹੱਥੀਂ ਬੰਨੇ ਸਾਚੇ ਗਾਨਿਆ । ਸ਼ਬਦ ਫੜੇ ਹੱਥ ਕਟਾਰ, ਤਿਖੀ ਰੱਖੇ ਸਾਚੀ ਧਾਰ । ਗੁਰਮੁਖਾਂ ਬੇੜਾ ਕਰੇ ਪਾਰ, ਬੇਮੁਖ ਹੋਣ ਮਾਤ ਖੁਆਰ, ਵੱਜੇ ਸਾਚੀ ਕਾਨੀਆ । ਹਰਿਜਨ ਮੇਲਾ ਸਾਚੇ ਮੀਤ ਮੁਰਾਰ, ਵਸੇ ਇਕ ਇਕੇਲਾ ਹਰਿ ਸਾਚੇ ਧਾਮ ਨਿਆਰ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਜੋਤੀ ਦੇਵੇ ਸਚ ਨਿਸ਼ਾਨੀਆ । ਆਤਮ ਜੋਤੀ ਸਚ ਨਿਸ਼ਾਨੀਆ । ਦੁਰਮਤ ਮੈਲ ਜਾਏ ਧੋਤੀ, ਸਾਚਾ ਵੱਜੇ ਸ਼ਬਦ ਤੀਰ ਕਾਨੀਆ । ਆਪੇ ਕੱਢੇ ਵਾਸਨਾ ਖੋਟੀ, ਪਕੜ ਬਹਾਏ ਪੰਚ ਦਰਬਾਨਿਆ । ਅੰਤ ਚੜ੍ਹਾਏ ਸਾਚੇ ਚੋਟੀ, ਵਡ ਸ਼ਾਹੋ ਸ਼ਾਹ ਸ਼ਹਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਆਪ ਚੁਕਾਏ ਜਮ ਕੀ ਕਾਨਿਆ । ਆਪ ਚੁਕਾਏ ਜਮ ਕੀ ਕਾਨ । ਦਇਆ ਕਮਾਏ ਹਰਿ ਭਗਵਾਨ । ਸ਼ਬਦ ਰਖਾਏ ਇਕ ਬਬਾਣ । ਗੁਰਮੁਖ ਚੜ੍ਹਾਏ ਘਰ

ਸਾਚੇ ਆਏ, ਝੁਲਦਾ ਜਾਏ ਧਰਮ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਸਚ ਘਰ ਬਹਾਏ, ਸਵਛ ਸਰੂਪੀ ਦਰਸ ਦਿਖਾਏ, ਇਕ ਵਖਾਏ ਅਚੱਲ ਮਕਾਨ । ਦਰ ਘਰ ਸਾਚੇ ਹਰਿ ਬਹਾਇਆ । ਜੀਓ ਜੀਵ ਕਾਚਨ ਕਾਚੇ, ਅੰਤਮ ਸੰਗ ਨਾ ਕਿਸੇ ਨਿਭਾਇਆ । ਏਕਾ ਨਾਰ ਹਰਿ ਸਾਚੋ ਸਾਚੇ, ਅੰਤਮ ਬੇੜਾ ਬੰਨ੍ਹ ਵਖਾਇਆ । ਮਨ ਮੰਦਰ ਅੰਦਰ ਜੂਠਾ ਝੂਠਾ ਨਾਚੇ, ਗੁਰਮੁਖ ਵਿਰਲੇ ਬੰਨ੍ਹ ਵਖਾਇਆ । ਜੋਤ ਪ੍ਰਕਾਸ਼ੇ ਸਾਚੋ ਸਾਚੇ, ਰਸਨਾ ਗੋਬਿੰਦ ਹਰਿ ਜਸ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਬੁਝਾਏ ਕਲਜੁਗ ਮਾਇਆ ਝੂਠੀ ਆਂਚੇ, ਅੰਮ੍ਰਿਤ ਮੇਘ ਦਏ ਬਰਸਾਇਆ । ਅੰਮ੍ਰਿਤ ਮੇਘ ਹਰਿ ਬਰਸਾਇੰਦਾ । ਕਾਇਆ ਕਰੇ ਠੰਡੀ ਠਾਰ ਗੁਣ ਵਿਚਾਰ, ਭਰਮ ਭੁਲੇਖਾ ਦੂਰ ਕਰਾਇੰਦਾ । ਸਾਚਾ ਅੰਜਨ ਪੁਰਖ ਅਪਾਰ ਰਿਹਾ ਡਾਰ, ਅਗਿਆਨ ਅੰਧੇਰ ਮਿਟਾਇੰਦਾ । ਦੀਪਕ ਜੋਤੀ ਕਰ ਉਜਿਆਰ, ਆਪੇ ਖੋਲ੍ਹੇ ਬੰਦ ਕਵਾੜ, ਸਚ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਣਾਏ ਸਾਚਾ ਕਾਨ, ਚਰਨ ਧੂੜ ਇਕ ਇਸ਼ਨਾਨ ਸਾਚਾ ਮਜਨ ਹਰਿ ਹਰਿ ਸੱਜਣ ਏਕਾ ਏਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਸਾਚਾ ਸੰਗ ਆਪੇ ਆਪ ਨਿਭਾਇੰਦਾ । ਸੰਤਨ ਸੰਗ ਸਤਿ ਪੁਰਖ ਬਣ ਆਈ । ਏਕਾ ਮੰਗਣ ਸਾਚੀ ਮੰਗ, ਨਾ ਕੋਈ ਜਾਣੇ ਜੀਵ ਲੋਕਾਈ । ਅੰਮ੍ਰਿਤ ਧਾਰ ਆਤਮ ਸਾਚੀ ਗੰਗ, ਦੂਸਰ ਤੀਰਥ ਕੋ ਨਾਹੀ । ਦੋ ਜਹਾਨ ਕਟੇ ਭੁੱਖ ਨੰਗ, ਸੰਤ ਸੁਹੇਲਾ ਸਾਚਾ ਮਾਹੀ, ਸਿੰਘ ਮਹਿਤਾਬ ਚੜ੍ਹਾਇਆ ਕਾਇਆ ਰੰਗ, ਜਗੀ ਜੋਤ ਪਿੰਡ ਭੰਗਾਲੀ, ਕਲਜੁਗ ਅੰਤਮ ਮੇਟੇ ਸ਼ਾਹੀ । ਸਿੰਘ ਮਹਿਤਾਬ ਆਤਮ ਗਿਆਨੀ ਚਤਰਭੁਜ । ਹਰਿ ਕਰ ਧਿਆਨ, ਸਚ ਦਵਾਰ ਗਿਆ ਸੁਝ । ਏਕਾ ਰੱਖ ਹਰਿ ਚਰਨ ਧਿਆਨ, ਕਲਜੁਗ ਵੇਲਾ ਅੰਤਮ ਲਿਆ ਬੁੱਝ । ਪ੍ਰਗਟ ਹੋਏ ਵਾਲੀ ਦੋ ਜਹਾਨ, ਗਊ ਗਰੀਬ ਨਿਮਾਣੇ ਆਪ ਉਠਾਏ ਉਤੇ ਆਪਣੀ ਭੁਜ । ਕਰੇ ਖੇਲ ਜਗਤ ਮਹਾਨ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਏਕਾ ਸ਼ਬਦ ਚਲਾਏ ਬਾਣ । ਸਿੰਘ ਮਹਿਤਾਬ ਹਰਿ ਬੁਲਾਈ । ਮਿਲਿਆ ਮੇਲ ਸੱਚੇ ਜਨਾਬ, ਆਤਮ ਜੋਤ ਹੋਈ ਰੁਸ਼ਨਾਈ । ਚਰਨ ਰਖਾਇਆ ਨਾਮ ਰਕਾਬ, ਸਾਚੇ ਘੋੜੇ ਰਿਹਾ ਚੜ੍ਹਾਈ । ਮਿਲਿਆ ਮੇਲ ਦੋ ਦੋਆਬ, ਕਵਲ ਫੂਟਾ ਸਾਚੀ ਨਾਭ, ਦੂਈ ਦਵੈਤੀ ਭੇਵ ਚੁਕਾਈ । ਸੰਤ ਮਨੀ ਸਿੰਘ ਲਾਈ ਜਾਗ, ਦੇਸ ਮਾਲਵੇ ਵੱਜੀ ਵਧਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸ਼ਬਦ ਸੁਨੇਹੜੇ ਘਰ ਸਾਚੇ ਲੈ ਆਈ । ਸਿੰਘ ਮਹਿਤਾਬ ਹਰਿ ਦਇਆ ਕਮਾਈ । ਸ਼ਬਦ ਧਾਰ ਇਕ ਰਖਾਈ । ਅੱਠੇ ਪਹਿਰ ਰਿਹਾ ਸੁਣਾਈ । ਜੋਤੀ ਜੋਤ ਸਰੂਪ ਹਰਿ, ਸੰਤ ਮਨੀ ਸਿੰਘ ਸਾਚਾ ਲੇਖ ਆਪੇ ਵੇਖ, ਇਕ ਦੂਜੇ ਦੇ ਸੰਗ ਮਿਲਾਈ । ਸੰਤ ਮਨੀ ਸਿੰਘ ਸੰਗ ਰਲਾਇਆ । ਏਕਾ ਸ਼ਬਦ ਕੰਨ ਸੁਣਾਇਆ । ਧਰਮ ਰਾਏ ਨਾ ਲਾਏ ਡੰਨ, ਸਾਚਾ ਬੇੜਾ ਬੰਨ੍ਹ ਵਖਾਇਆ । ਜੋਤ ਜਗਾਈ ਸਾਚੇ ਤਨ, ਸਾਚੇ ਅੰਦਰ ਆਪ ਸੁਹਾਇਆ । ਭਰਮ ਭੁਲੇਖਾ ਦੇਵੇ ਭੰਨ, ਪਰਗਟ ਹੋਵੇ ਹਰਿ ਰਘੁਰਾਇਆ । ਪਕੜ ਉਠਾਏ ਆਤਮ ਅੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਵ ਖੁਲ੍ਹਾਇਆ । ਸੰਤ ਮਨੀ ਸਿੰਘ ਸੁਣਿਆ ਰਾਗ । ਆਤਮ ਸੋਈ ਗਈ ਜਾਗ । ਮਿਲਿਆ ਮੇਲ ਕੰਤ ਸੁਹਾਗ । ਕਲਜੁਗ ਧੋਏ ਕਾਲਾ ਦਾਗ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਇਕ ਚਲਾਏ ਸੱਚਾ ਰਾਗ । ਸੰਤ ਮਨੀ ਸਿੰਘ ਸ਼ਬਦ ਜਣਾਈ । ਪੁਰੀ ਘਨਕ ਹੋਏ ਰੁਸ਼ਨਾਈ । ਮਾਝੇ ਦੇਸ ਉਨੀਂ ਸੌ ਪੰਜਾਹ ਬਿਕ੍ਰਮੀ ਵਜੀ ਵਧਾਈ । ਪ੍ਰਭ ਅਬਿਨਾਸ਼ੀ ਦੇਹ ਉਪਜਾਈ । ਕਾਇਆ ਮੰਦਰ ਸਾਚੇ ਅੰਦਰ ਆਪ ਆਪਣੀ ਵਸਤ ਟਿਕਾਈ ।

੮੮੧ ੦੪

ਕਾਇਆ ਮੰਦਰ ਬਨਿਆ ਘਰ । ਇਕ ਖੁਲ੍ਹਾਏ ਸਾਚਾ ਦਰ । ਸ਼ਬਦ ਸਰੂਪੀ ਅੰਦਰ ਵੜਿਆ, ਜੋਤ ਸਰੂਪੀ ਭੇਖ ਕਰ । ਰਾਜੇ ਰਾਣੇ ਕਿਸੇ ਨਾ ਫੜਿਆ, ਚਾਰੋਂ ਕੁੰਟ ਗਏ ਹਰ । ਜੋਤੀ ਜੋਤ ਸਰੂਪ ਹਰਿ, ਸੰਤ ਮਨੀ ਸਿੰਘ ਦਿਤਾ ਵਰ, ਹੋਕਾ ਦੇਣਾ ਘਰ ਘਰ, ਪੰਚਮ ਜੇਠ ਵਕਤ ਸੁਹਾਇਆ । ਸ਼ੇਰ ਸਿੰਘ ਕਲ ਜਾਮਾ ਪਾਇਆ । ਪੁਰੀ ਘਨਕ ਜੋਤ ਜਗਾਇਆ । ਅੰਮ੍ਰਿਤ ਸਾਚਾ ਨਾਲ ਲਿਆਇਆ । ਆਪ ਆਪਣੇ ਹੱਥ ਰੱਖੇ ਵਾਗ, ਸਾਚੇ ਘੋੜੇ ਤੰਗ ਕਸਾਇਆ । ਕ੍ਰਿਸ਼ਨ ਰਮਈਆ ਗਿਆ ਜਾਗ, ਵੇਲਾ ਵਕਤ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸ਼ੇਰ ਸਿੰਘ ਨਾਂ ਰਖਾਇਆ । ਮਾਤ ਪੂਤ ਪਿਤਾ ਪੁੱਤ ਸਾਚੇ ਘਰ ਵੱਜੀ ਵਧਾਈ । ਏਕਾ ਜੰਮਿਆ ਉਚਾ ਸੁੱਚਾ ਸੁਤ, ਕਲਜੁਗ ਕਰਨ ਆਇਆ ਕੁੜਮਾਈ । ਆਪ ਸੁਹਾਏ ਸਾਚੀ ਰੁੱਤ, ਗੁਰਮੁਖ ਸਾਚੇ ਸੁਘੜ ਸਿਆਣੇ ਫੜ ਫੜ ਉਠਾਏ ਥਾਉਂ ਥਾਈਂ । ਬੇਮੁਖਾਂ ਵੱਢੇ ਨੱਕ ਗੁੱਤ, ਕਿਸੇ ਨਾ ਦਿਸੇ ਕੋਈ ਸਹਾਈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਿੰਘ ਸ਼ੇਰ ਨਾਉਂ ਰਖਾਈ । ਦੋ ਸਾਲ ਅਵਸਥਾ ਵੇਖ ਵਿਚਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਸਰ ਅੰਮ੍ਰਿਤ ਆਏ ਗੁਰ ਅਰਜਨ ਤੇਰੇ ਸਚ ਦਵਾਰੇ । ਚਰਨ ਛੁਹਾਉਣਾ ਸਾਚੇ ਸਰ, ਆਪਣਾ ਭੇਵ ਆਪ ਛੁਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਰੰਗ ਅਪਰ ਅਪਾਰੇ । ਆਤਮ ਤ੍ਰਿਸ਼ਨਾ ਪਿਆਸ ਹਰਿ ਰਘੁਰਾਈਆ । ਪ੍ਰਭ ਮਿਲਣ ਦੀ ਸਾਚੀ ਆਸ, ਸਾਚੇ ਨੈਣ ਰਹੇ ਰੰਗ ਲਾਈਆ । ਮਾਇਆ ਮਮਤਾ ਹੋਈ ਨਾਸ, ਰਸਨ ਸਵਾਸ ਏਕਾ ਗਾਈਆ । ਆਤਮ ਰਸ ਏਕਾ ਮਿਲਿਆ ਸੱਚਾ ਰਸ, ਨਿਝਰ ਧਾਰ ਹਰਿ ਵਹਾਈਆ । ਜੋਤੀ ਜੋਤ ਸਰੂਪ ਹਰਿ, ਪੂਰਨ ਕਰੇ ਸਾਚੀ ਆਸ, ਹਉਮੇ ਦੁੱਖੜਾ ਹੋਏ ਨਾਸ, ਦਰ ਘਰ ਸਾਚੇ ਚਰਨ ਛੁਹਾਈਆ । ਸਾਚਾ ਦਰ ਦਰ ਪ੍ਰਵਾਨ । ਮਿਲੇ ਵਡਿਆਈ ਜਗਤ ਵਰ, ਮਿਲਿਆ ਮੇਲ ਸ੍ਰੀ ਭਗਵਾਨ । ਭਰਮ ਭੁਲੇਖਾ ਚੁੱਕੇ ਡਰ, ਭਾਗ ਲਗਾਏ ਕਾਇਆ ਮੰਦਰ ਸਚ ਮਕਾਨ । ਸਾਚੀ ਜੋਤ ਦੇਵੇ ਧਰ, ਪੁਰਖ ਅਬਿਨਾਸ਼ੀ ਕਿਰਪਾ ਕਰ, ਆਤਮ ਦੇਵੇ ਬ੍ਰਹਮ ਗਿਆਨ । ਨਾ ਜਨਮੇ ਨਾ ਜਾਏ ਮਰ, ਸਾਚੀ ਤਰਨੀ ਜਾਏ ਤਰ, ਸ੍ਰਿਸ਼ਟ ਪਿਆਰਾ ਲੋਕਮਾਤ ਝੁਲਾਏ ਸਚ ਨਿਸ਼ਾਨ । ਦਵਾਰ ਬੰਕਾ ਆਪ ਸੁਹਾਇਆ । ਸ਼ਬਦ ਸਰੂਪੀ ਲਾਏ ਤਨਕਾ, ਮਨ ਕਾ ਮਣਕਾ ਆਪ ਫਿਰਾਇਆ । ਦੇਵੇ ਵਡਿਆਈ ਵਾਸੀ ਪੁਰੀ ਘਨਕਾ, ਸ਼ਬਦ ਡੰਕਾ ਰਿਹਾ ਵਜਾਇਆ । ਧਾਰੇ ਜੋਤ ਵਾਰ ਅਨਕਾ, ਗੁਰਮੁਖ ਸਾਚੇ ਰਿਹਾ ਤਰਾਇਆ । ਜੋਤੀ ਜੋਤ ਸਰੂਪ ਹਰਿ, ਸਚ ਦਵਾਰੇ ਮੇਲ ਮਿਲਾਇਆ । ਹਰਿ ਸੰਤ ਪਿਆਰਾ ਦੋਹਾਂ ਧਿਰਾਂ ਆਤਮ ਘਰ ਵੱਜਦੀ ਰਹੇ ਵਧਾਈ । ਏਕਾ ਨਾਦ ਏਕਾ ਧੁਨ, ਸਾਚਾ ਰਾਗ ਰਿਹਾ ਸੁਣਾਈ । ਗੁਰਮੁਖ ਵਿਰਲਾ ਲਏ ਲਾਧ, ਵਿਚ ਬ੍ਰਹਿਮਾਦ ਬਨ ਦਰ ਖੋਜਣ ਬਾਹਰ ਨਾ ਜਾਈ । ਮਿਲਿਆ ਮੇਲ ਹਰਿ ਮਾਧਵ ਮਾਧ, ਦਰ ਘਰ ਸਾਚੇ ਦਰਸ਼ਨ ਪਾਈ । ਭੇਵ ਖੁਲ੍ਹਾਏ ਬੋਧ ਅਗਾਧ, ਜੋਤੀ ਜੋਤ ਸਰੂਪ ਹਰਿ, ਲਹਿਣਾ ਦੇਣਾ ਰਿਹਾ ਚੁਕਾਈ । ਸਾਵਲ ਸੁੰਦਰ ਨੈਣ ਮੁੰਧਾਨਿਆ । ਸੋਹਣੇ ਕੁੰਡਲ ਦਰਸ ਦਿਖਾਏ ਕਵਲ ਨੈਣਾਂ ਬੇਮੁਹਾਨਿਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਭੇਖ ਧਰ, ਦਰ ਘਰ ਸਾਚੇ ਮਾਣ ਦਵਾਏ, ਜਨ ਭਗਤਾਂ ਬਾਲ ਅੰਞਾਨਿਆ । ਬਾਲ ਅੰਞਾਣਾ ਭਗਤ ਦੁਲਾਰਾ, ਦਰ ਸਾਚੇ ਆਣ ਪੁਕਾਰਿਆ । ਦਰਸ਼ਨ ਦੇਵੇ ਗਿਰਵਰ ਗਿਰਧਾਰਾ, ਸ਼ਾਮ ਮੁਰਾਰਾ ਕ੍ਰਿਸ਼ਨ ਮੁਰਾਰਿਆ । ਆਤਮ ਖੋਲ੍ਹੇ ਬੰਦ ਕਵਾੜਾ, ਦਰਸ ਦਿਖਾਏ ਸਾਚੇ ਦਰ ਧੁਰਦਰਗਾਹੀ ਸਾਚਾ ਲਾੜਾ, ਸਾਚਾ ਵਣਜ ਕਰਾਏ ਇਕ ਵਪਾਰਿਆ । ਜੋਤੀ ਜੋਤ ਸਰੂਪ ਹਰਿ, ਸਾਚੀ ਕਿਰਪਾ ਕਰ ਦੇਵੇ

੮੮੨
੦੪

ਵਰ, ਸਦ ਰਹੇ ਪਿੱਛੇ ਅਗਾੜਿਆ । ਸਾਵਲ ਸੁੰਦਰ ਕ੍ਰਿਸ਼ਨ ਮੁਰਾਰ । ਕਿਸੇ ਹੱਥ ਨਾ ਆਏ ਡੂੰਘੀ ਕੰਦਰ, ਉਚੇ ਟਿੱਲੇ ਜੀਵ ਗਵਾਰ । ਗੁਰਮੁਖ ਸਾਚਾ ਦਰ ਸਾਚੇ ਆਤਮ ਪਾਏ, ਖੋਲ੍ਹੇ ਬੰਦ ਕਵਾੜ । ਸ਼ਬਦ ਸਰੂਪੀ ਆਪੇ ਬੋਲੇ, ਦਰਸ ਦਿਖਾਏ ਅਗੰਮ ਅਪਾਰ । ਜੋਤ ਨਿਰੰਜਣ ਕਰ ਅਕਾਰ ਸਦਾ ਸੁਹੇਲਾ ਡਗਮਗਾਏ, ਸਾਚਾ ਜਾਮ ਪਿਆਏ ਅੰਮ੍ਰਿਤ ਧਾਰ । ਮੇਟ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰ । ਸਾਚਾ ਸ਼ਬਦ ਤਨ ਕਰਾਏ ਇਕ ਸ਼ਿੰਗਾਰ । ਜੋਤੀ ਜੋਤ ਸਰੂਪ ਹਰਿ, ਦਰ ਘਰ ਸਾਚੇ ਦੇਵੇ ਵਰ, ਆਤਮ ਅੰਦਰ ਤੋੜੇ ਜੰਦਰ, ਕਰੇ ਖੇਲ ਅਪਾਰ । ਆਤਮ ਗ੍ਰਿਹਿ ਸਚ ਟਿਕਾਣਾ, ਪੁਰਖ ਅਬਿਨਾਸ਼ੀ ਆਪੇ ਆਪ ਬਣਾਇਆ । ਇੱਟ ਗਾਰਾ ਨਾ ਕੋਈ ਲਗਾਇਆ । ਬੇਮੁਖ ਜੀਵਾਂ ਦਿਸ ਨਾ ਆਇਆ । ਝੂਠੀ ਕਾਇਆ ਡੂੰਘੀ ਕੰਦਰ, ਮਾਇਆ ਪੜਦਾ ਵਾਹਵਾ ਪਾਇਆ । ਗੁਰਮੁਖਾਂ ਮੇਲ ਮਿਲਾਏ ਅੰਦਰੇ ਅੰਦਰ, ਬੇਮੁਖਾਂ ਦਿਸ ਨਾ ਆਇਆ । ਚਾਰ ਕੁੰਟ ਦਰ ਦਰ ਭੌਂਦੇ ਬੰਦਰ । ਨਰ ਨਰੇਸ਼ ਕਿਸੇ ਹੱਥ ਨਾ ਆਇਆ । ਭੇਖਾਧਾਰੀ ਵਡ ਮਰਗੇਸ਼, ਆਪੇ ਰੱਖੇ ਖੁਲ੍ਹੜੇ ਕੇਸ, ਵੇਸ ਅਵਲੜਾ ਧਾਰੇ ਭੇਖ, ਸਾਚੇ ਦਰ ਭਾਗ ਲਗਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਨਾਮ ਵਰ, ਆਤਮ ਤ੍ਰਿਸ਼ਨਾ ਬ੍ਰਹਮਾ ਵਿਸ਼ਨਾ ਦਰ ਦਰਵੇਸ਼ਾ ਏਕਾ ਰੰਗਣ ਰਿਹਾ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਸ਼ਬਦ ਡੋਰੀ ਨਾਲ ਬੰਧਾਇਆ । ਸ਼ਬਦ ਡੋਰੀ ਦੇਣਾ ਬੰਨ । ਭਰਮ ਭੁਲੇਖਾ ਨਿਕਲੇ ਜੰਨ । ਅੰਦਰੇ ਅੰਦਰ ਕਰੇ ਲੇਖਾ, ਸਾਚੇ ਮੰਦਰ ਬੈਠਾ ਤਨ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਭਗਤ ਵਰ, ਸਾਚਾ ਰਾਗ ਸੁਣਾਏ ਕੰਨ । ਸੁਣਾਏ ਸੱਚਾ ਰਾਗ ਨਾਦ ਅਨਾਦਿਆ । ਆਤਮ ਦੇਵੇ ਇਕ ਸਵਾਦ, ਹਰਿ ਹਰਿ ਸਾਚਾ ਰਸਨ ਅਰਾਧਿਆ । ਧੁਰਦਰਗਾਹੀ ਸਾਚੀ ਦਾਦ, ਦੇਵੇ ਸ਼ਬਦ ਵਡ ਬ੍ਰਹਿਮਾਦਿਆ । ਮਿਲੇ ਮੇਲ ਮਾਧਵ ਮਾਧ, ਭੇਵ ਖੁਲ੍ਹਾਏ ਬੋਧ ਅਗਾਧ, ਵਸਤ ਅਮੋਲਕ ਨਾਮ ਹੀਰਾ ਗੁਰਮੁਖ ਵਿਰਲੇ ਮਾਤ ਲਾਧਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੱਲ ਕੇ ਆਏ ਸਾਚੇ ਦਰ, ਗੁਰਮੁਖ ਸਾਚੇ ਰਸਨ ਅਰਾਧਿਆ । ਆਇਆ ਦਰ ਦਵਾਰ ਹਰਿ ਨਿਰੰਕਾਰਿਆ । ਪੰਜਾਂ ਚੋਰਾਂ ਕਰੇ ਖੁਆਰ, ਹਰਿ ਸ਼ਬਦ ਮਾਰੇ ਡਾਹਢੀ ਮਾਰਿਆ । ਸਾਚੀ ਦੇਵੇ ਵਸਤ ਨਾਮ ਅਪਾਰ, ਸਾਚੀ ਬਾਣੀ ਤੀਜੇ ਨੈਣੀ, ਅੱਠੇ ਪਹਿਰ ਰਹੇ ਖੁਮਾਰਿਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਫੜ ਫੜ ਬਾਹੋਂ ਜਾਏ ਤਾਰ, ਮੰਗਿਆ ਦਰਸ ਅਪਾਰ ਸ਼ਬਦ ਦਲਾਲਿਆ । ਦੇਵਣਹਾਰ ਦਾਤਾਰ, ਗੁਰ ਗੋਪਾਲਿਆ । ਕਲਜੁਗ ਬੇੜਾ ਕਰ ਜਾਏ ਪਾਰ, ਸ਼ਬਦ ਪਹਿਨਾਏ ਤਨ ਦੁਸ਼ਾਲਿਆ । ਮਾਨਸ ਦੇਹੀ ਨਾ ਆਏ ਹਾਰ, ਲੱਖ ਚੁਰਾਸੀ ਗੇੜ ਨਿਵਾਰ, ਆਪ ਬਹਾਏ ਸਾਚੇ ਘਰ ਧੁਰਦਰਗਾਹੀ ਸੱਚੀ ਧਰਮਸਾਲਿਆ । ਜੋਤੀ ਜੋਤ ਸਰੂਪ ਹਰਿ, ਆਤਮ ਜੋਤੀ ਕਰ ਅਕਾਰ, ਤਨ ਮੰਦਰ ਅੰਦਰ ਜੂਠਾ ਝੂਠਾ ਲਾਹੇ ਕਲ ਬੁਖਾਰ, ਇਕ ਬੰਧਾਏ ਚਰਨ ਨਾਤਿਆ । ਚਰਨੀ ਨਾਤਾ ਦੇਵੇ ਬੰਨ੍ਹ, ਕਿਰਪਾ ਅਪਰ ਅਪਾਰਿਆ । ਹਰਿਆ ਹੋਏ ਕਲਜੁਗ ਸੁੱਕਾ ਤਨ, ਅੰਮ੍ਰਿਤ ਸਿੰਚੇ ਕਰ ਪਿਆਰਿਆ । ਧਰਮ ਰਾਏ ਨਾ ਦੇਵੇ ਡੰਨ, ਪ੍ਰਭ ਦਰਸ ਦਿਖਾਏ ਦਰ ਘਰ ਆਏ ਅੰਤਮ ਅੰਤ ਦਵਾਰਿਆ । ਸਚ ਬਬਾਣਾ ਸ਼ਬਦ ਲਿਖਾਏ ਗੁਰਮੁਖ ਸਾਚੇ ਲਏ ਚੜ੍ਹਾਏ, ਆਪਣੇ ਕੰਧ ਆਪ ਉਠਾਏ, ਕਿਸੇ ਦਿਸ ਨਾ ਆਏ ਚਾਰ ਕਿਨਾਰਿਆ । ਸਾਚੇ ਦਰ ਜਾ ਬਹਾਏ, ਧਰਮ ਰਾਏ ਰਿਹਾ ਸ਼ਰਮਾਏ, ਲਾੜੀ ਮੌਤ ਸੀਸ ਨਿਵਾਏ, ਦੋਏ ਜੋੜ ਕਰੇ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਚਰਨ ਬਹਾਏ, ਸਵੱਛ ਸਰੂਪੀ ਦਰਸ ਦਿਖਾਏ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਗੁਰਮੁਖ

ਸਾਚੇ ਸੰਤ ਜਨਾਂ ਸਾਚਾ ਧਾਮ ਆਪ ਸੁਹਾਨਿਆ । ਸਾਚੇ ਧਾਮ ਸਾਚਾ ਡੇਰਾ । ਆਪ ਚੁਕਾਏ ਮੇਰਾ ਤੇਰਾ । ਚਾਰੋਂ ਕੁੰਟ ਸ਼ਬਦ ਘੇਰਾ । ਜਮਕਾ ਦੂਤ ਨਾ ਆਵੇ ਨੇੜਾ । ਸਚ ਸਪੂਤ ਪ੍ਰਭ ਅਬਿਨਾਸ਼ੀ ਆਪ ਚੜ੍ਹਾਏ ਸਾਚੇ ਬੇੜਾ । ਏਕਾ ਤਾਣਾ ਪੇਟਾ ਸੂਤ, ਏਕਾ ਦੇਵੇ ਹਰਿ ਜੀ ਗੇੜਾ । ਆਵਣ ਜਾਵਣ ਦੇਵੇ ਕਟ । ਦੂਈ ਦਵੈਤੀ ਮੇਟੇ ਫੱਟ । ਸ਼ਬਦ ਲਪੇਟੇ ਸਾਚੇ ਪਟ । ਦੁਰਮਤ ਮੈਲ ਰਿਹਾ ਕਟ । ਸਾਚਾ ਵਣਜ ਵਪਾਰ ਕਰਾਏ ਪੁਰਖ ਅਬਿਨਾਸ਼ੀ ਆਪ ਖੁਲ੍ਹਾਏ, ਆਤਮ ਦਰ ਸਾਚਾ ਹੱਟ । ਸੱਚਾ ਸਦਾ ਨਾਮ ਰਖਾਏ, ਗੁਰਮੁਖ ਵਿਰਲਾ ਲੈ ਲੈ ਘਰ ਸਾਚਾ ਜਾਏ, ਬੇਮੁਖ ਜਾਨਣ ਖੇਲ ਬਾਜ਼ੀਗਰ ਨਟ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚੇ ਸਰ ਸਰੋਵਰ ਇਸ਼ਨਾਨ ਕਰਾਏ, ਆਤਮ ਸਰ ਸਰੋਵਰ ਨਾ ਕੋਈ ਦੀਸੇ ਤੱਟ । ਨਾ ਕੋਈ ਤੀਰਥ, ਨਾ ਕੋਈ ਤੱਟ ਕਿਨਾਰਾ । ਅੰਮ੍ਰਿਤ ਤਾਲ ਭਰਿਆ ਘਟ ਘਟ, ਗੁਰਮੁਖ ਵਿਰਲਾ ਪਾਵੇ ਸਾਰਾ । ਕਲਜੁਗ ਜੀਵ ਦਿਵਸ ਰੈਣ ਰਹੇ ਰਟ, ਕਾਇਆ ਮੱਟ ਲੱਗੀ ਰਹੇ ਦੂਈ ਦਵੈਤੀ ਅਗਨੀ ਭਾਰਾ । ਗੁਰਮੁਖ ਵਿਰਲਾ ਰਸਨਾ ਰਸ ਰਿਹਾ ਆਤਮ ਘਰ ਚੱਟ, ਆਪ ਲਾਹੇ ਤਨ ਬੁਖਾਰਾ । ਸਾਚਾ ਲਾਹਾ ਲਏ ਖੱਟ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸਚ ਕਰਾਏ ਵਣਜ ਵਪਾਰਾ । ਧੰਨ ਧੰਨ ਧੰਨ ਗੁਰਦੇਵ ਧੰਨ । ਧੰਨ ਧੰਨ ਹਰਿਜਨ ਆਤਮ ਗਿਆ ਮੰਨ, ਭਾਂਡਾ ਭਰਮ ਲਿਆ ਭੰਨ, ਏਕਾ ਲੱਗਾ ਸਾਚੀ ਸੇਵ । ਹਉਮੇ ਕੱਢਿਆ ਝੂਠਾ ਜੰਨ, ਕਲਜੁਗ ਚੜ੍ਹਿਆ ਸਾਚਾ ਚੰਨ, ਜਗੀ ਜੋਤ ਕਾਇਆ ਤਨ, ਧਰਮ ਰਾਏ ਨਾ ਦੇਵੇ ਡੰਨ । ਸਚ ਵਸਤ ਪ੍ਰਭ ਝੋਲੀ ਪਾਏ, ਠਗ ਚੋਰ ਯਾਰ ਨਾ ਕੋਈ ਲਾਏ ਸੰਨ੍ਹ । ਜੋਤੀ ਜੋਤ ਸਰੂਪ ਹਰਿ, ਸਚ ਦਵਾਰੇ ਕਿਰਪਾ ਕਰ, ਸੋਹੰ ਸ਼ਬਦ ਸਾਚਾ ਰਾਗ ਸੁਣਾਏ ਕੰਨ । ਗੁਰ ਸੰਗਤ ਮਾਣ ਵਡਿਆਈਆ । ਪ੍ਰਭ ਦਰ ਆਈ ਮੰਗਤ, ਆਤਮ ਭਿਛਿਆ ਪ੍ਰਭ ਸਾਚੇ ਪਾਈਆ । ਏਕਾ ਚਾੜ੍ਹੇ ਸ਼ਬਦ ਖ਼ੁਮਾਰੀ ਨਾਮ ਰੰਗਤ, ਫੂਲਨ ਬਰਖਾ ਆਪੇ ਲਾਈਆ । ਜਗਤ ਕਟੇ ਭੁੱਖ ਨੰਗਤ, ਸੁਖ ਸਹਿਜੇ ਸਹਿਜ ਸਮਾਈਆ । ਜੋਤੀ ਜੋਤ ਸਰੂਪ ਹਰਿ, ਭਗਤ ਵਣਜਾਰੇ ਸ਼ਬਦ ਪਿਆਰੇ ਪੂਰਨ ਇਛਿਆ ਆਪ ਕਰਾਈਆ । ਫੂਲਨ ਬਰਖਾ ਗੁਰ ਪੂਰਾ ਲਾਏ । ਗੁਰਮੁਖ ਸਾਚੇ ਸੰਤ ਸੁਹੇਲੇ ਗੁਰ ਸੰਗਤ ਸਾਚਾ ਮੇਲ ਮਿਲਾਏ । ਧੁਰਦਰਗਾਹੀ ਸਾਚੇ ਮੇਲੇ, ਭਰਮ ਭੁਲੇਖਾ ਦੂਰ ਕਰਾਏ । ਅਚਰਜ ਖੇਲ ਪਾਰਬ੍ਰਹਮ ਕਲ ਖੇਲੇ, ਜੋਤ ਸਰੂਪੀ ਭੇਖ ਵਟਾਏ । ਆਪੇ ਗੁਰ ਆਪੇ ਚੇਲੇ, ਏਕਾ ਦੂਜਾ ਭਉ ਚੁਕਾਏ । ਹਰਿਜਨ ਸਾਚੇ ਸੱਜਣ ਸੁਹੇਲੇ, ਪੁਰਖ ਅਬਿਨਾਸ਼ੀ ਧੁਰਦਰਗਾਹੀ ਦਰ ਦਵਾਰੇ ਲਏ ਬਹਾਏ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਕਿਰਪਾ ਕਰ, ਫੂਲਨ ਬਰਖਾ ਸਾਚੀ ਲਾਏ । ਬਿਰਧ ਬਾਲ ਜਵਾਨ ਦਰ ਆਏ ਪੁਕਾਰਿਆ । ਗੁਰਮੁਖ ਸਾਚੇ ਚਤੁਰ ਸੁਜਾਨ, ਗੁਰ ਚਰਨ ਪ੍ਰੀਤੀ ਇਕ ਧਿਆਨ, ਮੰਗਣ ਵਸਤ ਅਪਾਰਿਆ । ਆਤਮ ਉਪਜੇ ਬ੍ਰਹਮ ਗਿਆਨ, ਦੇਵੇ ਦਾਨ ਗੁਣ ਨਿਧਾਨ, ਘਰ ਸਾਚੇ ਸ਼ਬਦ ਭੰਡਾਰਿਆ । ਆਪ ਮਿਟਾਏ ਜਮ ਕੀ ਕਾਨ, ਸ਼ਬਦ ਚੜ੍ਹਾਏ ਸਚ ਬਿਬਾਣ, ਅੰਤਮ ਬੇੜਾ ਪਾਰ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਦਰ ਘਰ ਸਾਚੇ ਦਇਆ ਕਮਾਏ, ਏਕਾ ਰੰਗਣ ਨਾਮ ਰੰਗਾਏ, ਆਪਣੀ ਦਇਆ ਕਮਾ ਰਿਹਾ । ਗਗਨ ਲੋਆਂ ਅਕਾਸ਼ ਪਤਾਲ ਅਕਾਸ਼ਿਆ । ਸਾਚੀ ਜੋਤ ਰਿਹਾ ਜਗਾ, ਆਦਿ ਅੰਤ ਨਾ ਕਦੇ ਵਿਨਾਸਿਆ । ਜਨ ਭਗਤ ਰਖਾਏ ਸਾਚੀ ਲਗਨ, ਸ਼ਬਦ ਚਲਾਏ ਸਵਾਸ ਸਵਾਸਿਆ । ਦੀਪਕ ਜੋਤੀ ਦਰ ਘਰ ਸਾਚੇ ਉਚ ਮਹੱਲ ਅੰਦਰ ਜਗਣ, ਅੰਧੇਰ ਅਗਿਆਨ ਵਿਨਾਸਿਆ । ਗੁਰ ਪੂਰਾ ਮੁਖ ਲਗਾਏ ਸੋਹੰ ਸ਼ਬਦ ਕਲਜੁਗ ਵੇਲੇ ਅੰਤਮ

ਸਗਨ, ਮਾਤ ਗਰਭ ਕਟਾਏ ਉਲਟਾ ਬਿਰਖ ਨਾ ਆਏ ਦਸ ਦਸ ਮਾਸਿਆ । ਝੂਠੇ ਵਹਿਣ ਚਾਰੋਂ ਕੁੰਟ ਵਹਿਣ ਭੇਖਾਧਾਰੀ ਫਿਰਨ ਨਗਨ, ਕਲਜੁਗ ਮਾਇਆ ਸਾੜੇ ਅਗਨ, ਆਤਮ ਹੋਈ ਨਾ ਰਾਸ ਨਾ ਹੋਏ ਬੰਦ ਖ਼ਲਾਸਿਆ । ਜੂਠੇ ਝੂਠੇ ਪਾਪੀ ਦਗਣ, ਗੁਰਮੁਖ ਵਿਰਲੇ ਸੰਤ ਜਨ ਦਰ ਘਰ ਸਾਚੇ ਸਚ ਮਹੱਲ ਕਾਇਆ ਰੰਗਣ ਨਾਮ ਨਾਲ ਰੰਗੇ ਨਾ ਕੋਈ ਲਲਾਰੀਆ । ਜੋਤੀ ਜੋਤ ਸਰੂਪ ਹਰਿ, ਇਕ ਵਸੰਦੜਾ ਸਚ ਘਰ, ਸਾਚੀ ਜੋਤ ਕਰ ਅਕਾਰਿਆ । ਸਚ ਮਹੱਲ ਹਰਿ ਪਤਿਵੰਤ । ਉਚ ਅਟੱਲ ਵਡ ਪ੍ਰਬਲ ਆਪਣਾ ਆਪ ਰਚਾਏ, ਗੁਣ ਗੁਣਾਂ ਹਰਿ ਗੁਣਵੰਤ । ਸ਼ਬਦ ਦਵਾਰਾ ਆਪ ਰਖਾਏ । ਪਵਣ ਜੋਤੀ ਵਿਚ ਟਿਕਾਏ । ਦੀਪਕ ਜੋਤੀ ਸਾਚਾ ਡਗਮਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਘਰ ਸਮਾਏ । ਸਾਚੇ ਘਰ ਕਰੇ ਬਿਸਰਾਮ । ਜੋਤੀ ਨੂਰਾ ਸਤਿ ਸਰੂਰਾ ਸਰਬ ਕਲਾ ਭਰਪੂਰਾ, ਆਪ ਸਵਾਰੇ ਆਪਣੇ ਕਾਮ । ਗੁਰੂਆਂ ਪੀਰਾਂ ਏਕਾ ਦੇਵੇ ਲੋਕਮਾਤ ਸ਼ਬਦ ਤੂਰਾ, ਭਾਗ ਲਗਾਏ ਕਾਇਆ ਚਾਮ । ਕਾਇਆ ਰੰਗਣ ਰੰਗ ਚੜ੍ਹਾਏ ਇਕ ਮਜੀਠੀ ਗੂਹੜਾ, ਮੇਟ ਮਿਟਾਏ ਅੰਧੇਰੀ ਸ਼ਾਮ । ਗੁਰਮੁਖ ਵਿਰਲਾ ਮਸਤਕ ਲਾਏ ਧੂੜਾ, ਚਰਨ ਕਵਲ ਕਵਲ ਚਰਨ ਮਿਲੇ ਸੱਚਾ ਨਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰ ਕਰਾਏ ਆਪਣਾ ਕਾਮ । ਕਲਜੁਗ ਜੀਵ ਉਠ ਉਠ ਜਾਗ, ਕਿਉਂ ਭਰਮ ਭੁਲੇਖੇ ਰੁਲਿਆ । ਕਲਜੁਗ ਜੀਵ ਉਠ ਉਠ ਜਾਗ, ਪ੍ਰਭ ਦੇਵੇ ਸ਼ਬਦ ਦਾਤ ਨਾਮ ਇਕ ਅਨਮੁਲਿਆ । ਉਠ ਉਠ ਜੀਵ ਜਾਗ, ਪ੍ਰਭ ਦਰ ਦਵਾਰਾ ਏਕਾ ਖੁਲ੍ਹਿਆ । ਉਠ ਉਠ ਜੀਵ ਜਾਗ, ਜੂਠ ਝੂਠ ਪਿਆ ਪਾਣੀ ਕਾਇਆ ਝੂਠੇ ਚੁਲ੍ਹਿਆ । ਉਠ ਉਠ ਜੀਵ ਕਲਜੁਗ ਜਾਗ, ਭਾਗ ਲੱਗੇ ਤੇਰੀ ਕੁਲਿਆ । ਕਲਜੁਗ ਜੀਵ ਉਠ ਉਠ ਜਾਗ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਪਾਵਣ ਆਇਆ ਸਾਚਾ ਮੁੱਲਿਆ । ਕਲਜੁਗ ਜੀਵ ਉਠ ਉਠ ਜਾਗ, ਚਾਰੋਂ ਕੁੰਟ ਰੈਣ ਅੰਧੇਰਿਆ । ਕਲਜੁਗ ਜੀਵ ਉਠ ਉਠ ਜਾਗ, ਪੁਰਖ ਅਬਿਨਾਸ਼ੀ ਪਾਇਆ ਫੇਰਿਆ । ਕਲਜੁਗ ਜੀਵ ਉਠ ਉਠ ਜਾਗ, ਦਰ ਘਰ ਸਾਚੇ ਆਪੇ ਢਾਹੇ ਭਰਮਾਂ ਢੇਰਿਆ । ਕਲਜੁਗ ਜੀਵ ਉਠ ਉਠ ਜਾਗ, ਪੁਰਖ ਅਬਿਨਾਸ਼ੀ ਦਇਆ ਕਮਾਏ ਆਪ ਬੁਝਾਏ ਕਲਜੁਗ ਮਾਇਆ ਤ੍ਰਿਸ਼ਨਾ ਅੱਗ ਚੁੱਕੇ ਮੇਰ ਤੇਰਿਆ । ਕਲਜੁਗ ਜੀਵ ਉਠ ਉਠ ਜਾਗ, ਮਿਲੇ ਮੇਲ ਕੰਤ ਸੁਹਾਗ, ਹਰਿ ਸਾਚਾ ਸ਼ਾਹ ਸਵਾਰਿਆ । ਕਲਜੁਗ ਜੀਵ ਉਠ ਉਠ ਜਾਗ, ਪ੍ਰਭ ਆਪ ਬਣਾਏ ਹੰਸ ਕਾਗ, ਜੂਠੇ ਝੂਠੇ ਧੋਏ ਦਾਗ, ਇਕ ਸੁਣਾਏ ਸ਼ਬਦ ਰਾਗ, ਸਾਚੀ ਧਾਰ ਆਪ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰ, ਧਰੇ ਭੇਖ ਨਰ ਨਿਰੰਕਾਰਿਆ । ਕਲਜੁਗ ਜੀਵ ਉਠ ਉਠ ਜਾਗ, ਵਕਤ ਦੁਹੇਲਾ । ਕਲਜੁਗ ਜੀਵ ਉਠ ਉਠ ਜਾਗ, ਅੰਤਮ ਜਾਣਾ ਪਏ ਅਕੇਲਾ । ਕਲਜੁਗ ਜੀਵ ਉਠ ਉਠ ਜਾਗ, ਗੁਰਮੁਖ ਸਾਚੇ ਸੰਤ ਜਨਾਂ, ਇਕ ਮਾਤ ਲਗਾਇਆ ਸਾਚਾ ਮੇਲਾ । ਕਲਜੁਗ ਜੀਵ ਉਠ ਉਠ ਜਾਗ, ਪ੍ਰਭ ਅਬਿਨਾਸ਼ੀ ਸਾਚੀ ਵਸਤ ਝੋਲੀ ਪਾਏ, ਖਾਲੀ ਹੱਥ ਸਦਾ ਰਖਾਏ, ਨਾ ਕੋਈ ਰੱਖੇ ਪੈਸਾ ਧੇਲਾ । ਕਲਜੁਗ ਜੀਵ ਉਠ ਉਠ ਜਾਗ, ਕਾਇਆ ਧੋਣਾ ਝੂਠਾ ਦਾਗ, ਪ੍ਰਭ ਅਬਿਨਾਸ਼ੀ ਚਰਨੀ ਲਾਗ, ਆਪ ਚੜ੍ਹਾਏ ਕਲਜੁਗ ਅੰਤਮ ਵੇਲੇ ਸ਼ਬਦ ਸਰੂਪੀ ਸਾਚਾ ਤੇਲਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਜੋਤ ਹਰਿ ਧਰ, ਜਨ ਭਗਤਾਂ ਦੇਵੇ ਨਾਮ ਵਰ, ਆਪੇ ਹੋਏ ਸੱਜਣ ਸੁਹੇਲਾ । ਕਲਜੁਗ ਜੀਵ ਉਠ ਉਠ ਜਾਗ, ਮਨ ਬੈਰਾਗਿਆ । ਕਲਜੁਗ ਜੀਵ ਉਠ ਉਠ ਜਾਗ, ਜਗਤ ਤਿਆਗਿਆ । ਕਲਜੁਗ ਜੀਵ ਉਠ ਉਠ ਜਾਗ, ਝੂਠੀ ਮਾਇਆ ਜਗਤ ਛਾਇਆ ਮਨ ਮੰਦਰ ਅੰਦਰ ਲਾਗਿਆ ।

੮੮੪
੦੪

ਕਲਜੁਗ ਜੀਵ ਉਠ ਉਠ ਜਾਗ, ਪ੍ਰਭ ਭਾਗ ਲਗਾਏ ਕਾਇਆ ਡੂੰਘੀ ਕੰਦਰ, ਸਾਚਾ ਸ਼ਬਦ ਸੁਣਾਏ ਇਕ ਵੈਰਾਗਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਜਨ ਭਗਤ ਮੇਲ ਦਰ ਹੋਏ ਵਡ ਵਡਭਾਗਿਆ । ਉਠ ਜੀਵ ਜਾਗ, ਹਰਿ ਜਗਾਇੰਦਾ । ਧੋਣਾ ਆਪਣਾ ਝੂਠਾ ਦਾਗ, ਸਾਚੀ ਬਣਤ ਬਣਾਇੰਦਾ । ਆਪ ਬੁਝਾਏ ਤ੍ਰਿਸ਼ਨਾ ਆਗ, ਅੰਮ੍ਰਿਤ ਮੇਘ ਬਰਸਾਇੰਦਾ । ਆਪਣੇ ਹੱਥ ਪਕੜੇ ਵਾਗ, ਲੱਖ ਚੁਰਾਸੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਜੂਠੇ ਝੂਠੇ ਦਰ ਦਵਾਰੇ ਸਚ ਘਰ ਬਾਹਰੇ ਆਪ ਦੁਰਕਾਇੰਦਾ । ਉਠ ਜੀਵ ਜਾਗ, ਹਰਿ ਭੰਡਾਰਿਆ ਦਰ ਘਰ ਸਾਚੇ ਲੱਗਾ ਭਾਗ, ਸਾਚਾ ਸ਼ਬਦ ਆਪ ਵਰਤਾ ਰਿਹਾ । ਤਨ ਪਹਿਨਾਏ ਸਾਚਾ ਤਾਗ, ਨਾ ਕੋਈ ਤੋੜੇ ਤੋੜ ਤੁੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਇਕ ਵਜਾਏ ਸਦਾ ਧੁਨ ਸੱਚਾ ਨਾਦ, ਬੋਧ ਅਗਾਧੀ ਭੇਵ ਖੁਲ੍ਹਾ ਰਿਹਾ । ਬੋਧ ਅਗਾਧਾ ਭੇਵ ਖੁਲ੍ਹਾਉਣਾ । ਪੁਰਖ ਅਬਿਨਾਸ਼ੀ ਜਿਸ ਜਨ ਅਰਾਧਾ, ਪ੍ਰਗਟ ਹੋਏ ਦਰਸ ਦਿਖਾਉਣਾ । ਲਾਲ ਅਮੋਲਕ ਗੁਰਮੁਖ ਵਿਰਲੇ ਅੰਤਮ ਲਾਧਾ, ਸਚ ਘਸਵਟੀ ਏਕਾ ਲਾਉਣਾ । ਪੰਚ ਪੰਚਾਇਣ ਹਰਿ ਜੀ ਸ਼ਬਦ ਡੋਰ ਏਕਾ ਬਾਂਧਾ, ਭਰਮ ਭੁਲੇਖੇ ਨਾ ਕਿਸੇ ਡੁਲਾਉਣਾ । ਆਪੇ ਢਾਹੇ ਝੂਠੀ ਕੰਧਾ, ਏਕਾ ਦੂਜਾ ਭੇਵ ਚੁਕਾਉਣਾ । ਗੁਰਮੁਖ ਸਾਚਾ ਜੁਗਾ ਜੁਗੰਤ ਨਾ ਥੱਕਾ ਮਾਂਦਾ, ਕਲਜੁਗ ਜੀਵਾਂ ਆਪ ਜਗਾਉਣਾ । ਲੋਕਮਾਤ ਚੜ੍ਹਾਏ ਕਲ ਅੰਤਮ ਸਾਚਾ ਚਾਂਦਾ, ਸਚ ਪ੍ਰਕਾਸ਼ ਆਪ ਕਰਾਉਣਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸੁਰਪਤ ਰਾਜਾ ਇੰਦ, ਪੁਰੀ ਇੰਦਰ ਵਿੱਚੋਂ ਬਾਹਰ ਕਰਾਉਣਾ । ਸੁਰਪਤ ਰਾਜਾ ਇੰਦ, ਕਲ ਪੁਕਾਰਿਆ । ਪ੍ਰਗਟ ਹੋਇਆ ਵਡ ਮਰਗਿੰਦ, ਕਰੇ ਖ਼ਬਰਦਾਰਿਆ । ਪ੍ਰਗਟ ਹੋਇਆ ਵਿਚ ਹਿੰਦ, ਸ਼ਬਦ ਖੰਡਾ ਰਿਹਾ ਹੁਲਾਰਿਆ । ਏਕਾ ਧਾਰ ਵਹਾਏ ਸਾਗਰ ਸਿੰਧ, ਬੇਮੁਖ ਜੀਵਾਂ ਆਪ ਰੁੜ੍ਹਾ ਰਿਹਾ । ਦਰ ਦਰ ਘਰ ਘਰ ਬੈਠੇ ਕਰਨ ਨਿੰਦ, ਨਿਹਕਲੰਕ ਕਿਹੜੀ ਕੂਟੇ ਕਰੇ ਜੋਤ ਅਕਾਰਿਆ । ਗੁਰਮੁਖ ਵਿਰਲਾ ਪ੍ਰਭ ਸਾਚੇ ਦੀ ਸਾਚੀ ਬਿੰਦ, ਆਤਮ ਸ਼ਬਦ ਇਕ ਜੈਕਾਰਾ, ਤੁੱਟੇ ਮਾਣ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਪੁਰੀ ਇੰਦ ਪਾਵੇ ਸਾਰਿਆ । ਪੁਰੀ ਇੰਦ ਕਰ ਵਿਚਾਰ । ਪ੍ਰਭ ਅਬਿਨਾਸ਼ੀ ਬੰਨ੍ਹੇ ਧਾਰ । ਕਲਜੁਗ ਤੇਰੀ ਅੰਤਮ ਵਾਰ । ਕਰੋੜ ਤੇਤੀਸਾ ਜਨਮ ਦਵਾਏ, ਸਤਿਜੁਗ ਸਾਚੇ ਦੂਜੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਪੁਰੀਆਂ ਲੋਆਂ ਪਾਵੇ ਸਾਰ । ਸੁਰਪਤ ਰਾਜਾ ਇੰਦ ਸਚ ਦਰਬਾਰਿਆ । ਵਡ ਦਾਤਾ ਗੁਣੀ ਗਹਿੰਦ, ਅੰਤਮ ਲਾਹੇ ਤਖ਼ਤ ਤਾਜ ਸਾਜ ਬਾਜ ਕਾਜ ਏਕਾ ਦਿਸੇ ਪਾਸਾ ਹਾਰਿਆ । ਵੀਹ ਸੌ ਬਿਕ੍ਰਮੀ ਪੈਣੀ ਭਾਜ, ਕਰੇ ਖੇਲ ਹਰਿ ਨਿਰੰਕਾਰਿਆ । ਸ਼ਬਦ ਬਣਾਇਆ ਇਕ ਜਹਾਜ਼, ਸਚ ਮਲਾਹ ਆਪ ਅਖਵਾ ਰਿਹਾ । ਕਿਸੇ ਸਿਰ ਨਾ ਦੀਸੇ ਤਾਜ, ਰਾਓ ਰੰਕ ਰਾਜਾਨ ਸ਼ਾਹ ਸੁਲਤਾਨ ਵਾਲੀ ਦੋ ਜਹਾਨਾਂ ਸਾਚਾ ਲੇਖ ਲਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸਦ ਸਮਾ ਰਿਹਾ । ਤਨ ਮਨ ਅੰਦਰ ਧੂੰਆਂ ਧਾਰ । ਤ੍ਰੈਗੁਣ ਮਾਇਆ ਵੇਖ ਵਿਚਾਰ । ਸਤਿ ਸੰਤੋਖੀ ਬੰਨ੍ਹੇ ਧਾਰ । ਰਾਜਸ ਤਾਮਸ ਖੇਲ ਅਪਾਰ । ਸਤਿ ਸੁਲਖਣੀ ਕੁੱਖ ਅਪਾਰ । ਪੁਰਖ ਅਬਿਨਾਸ਼ੀ ਲਾਜ ਮਾਤ ਰਖਣੀ, ਇਕ ਬੇਨੰਤੀ ਚਰਨ ਦਵਾਰ । ਜਗਤ ਜੰਜਾਲਾ ਨਾ ਕਾਇਆ ਭਖਣੀ, ਜੂਠਾ ਝੂਠਾ ਜਾਏ ਵਿਕਾਰ । ਸਾਚੇ ਦਰ ਨਾ ਰਹੇ ਸੱਖਣੀ, ਦੋਏ ਜੋੜ ਕਰੇ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਤਮ ਭਰੇ ਸਰਬ ਭੰਡਾਰ ।

੮੮੫
੦੪

✻ ੧੩ ਫਗਣ ੨੦੧੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਪਿੰਡ ਫ਼ੈਜਪੁਰ ਜ਼ਿਲਾ ਗੁਰਦਾਸਪੁਰ ✻

ਸੁਰਤ ਸ਼ਬਦ ਜਨ ਮੇਲ, ਭਗਤ ਚੁਕਾਨਿਆ । ਸੁਰਤ ਸ਼ਬਦ ਜਨ ਮੇਲ, ਗੁਰਮੁਖ ਸਾਚੇ ਕਰਮ ਸਾਚਾ ਕਮਾਨਿਆ । ਸੁਰਤ ਸ਼ਬਦ ਜਨ ਮੇਲ, ਚਿੰਤਾ ਸੋਗ ਹਰਖ ਲੋਕਮਾਤ ਆਤਮ ਘਾਟ ਮਿਟਾਨਿਆ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਜਾਤ ਪਾਤ ਪੁਰਖ ਬਿਧਾਤ ਹਉਮੇ ਰੋਗ ਗਵਾਨਿਆ । ਸੁਰਤ ਸ਼ਬਦ ਜਨ ਮੇਲ, ਮੇਟ ਮਿਟਾਏ ਜਾਤ ਪਾਤ ਸਾਚਾ ਮਾਰਗ ਇਕ ਵਖਾਇਆ । ਸੁਰਤ ਸ਼ਬਦ ਜਨ ਮੇਲ, ਨਾਤਾ ਤੁੱਟੇ ਮਾਤ ਪਿਤ, ਪੁਰਖ ਅਬਿਨਾਸ਼ੀ ਏਕਾ ਨਾਤ ਬੰਧਾਇਆ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਇਕ ਇਕਾਂਤ ਆਪਣਾ ਆਪ ਕਰਾਇਆ । ਸੁਰਤ ਸ਼ਬਦ ਜਨ ਮੇਲ, ਰੰਗ ਅਪਾਰਿਆ । ਸੁਰਤ ਸ਼ਬਦ ਜਨ ਮੇਲ, ਅੰਮ੍ਰਿਤ ਆਤਮ ਸਾਚੇ ਸਰ ਡੂੰਘੀ ਗੰਗ ਲਾਏ ਸਾਚੀ ਤਾਰੀਆ । ਸੁਰਤ ਸ਼ਬਦ ਜਨ ਮੇਲ, ਤ੍ਰਿਕੁਟੀ ਜਾਏ ਲੰਘ, ਗੁਰ ਪੂਰਾ ਦੇਵੇ ਸੰਗ, ਮਾਇਆ ਮਮਤਾ ਕਟੇ ਭੁੱਖ ਨੰਗ, ਰਾਹ ਦੱਸੇ ਇਕ ਅਪਾਰਿਆ । ਮਾਨਸ ਜਨਮ ਨਾ ਹੋਏ ਭੰਗ, ਹੋਏ ਸਹਾਈ ਅੰਗ ਸੰਗ, ਭਰਮ ਭੁਲੇਖਾ ਦੂਰ ਕਰਾ ਰਿਹਾ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਸ਼ਬਦ ਘੋੜੇ ਕਸੇ ਤੰਗ, ਆਪੇ ਆਪ ਉਪਰ ਬਿਠਾ ਰਿਹਾ । ਸੁਰਤ ਸ਼ਬਦ ਜਨ ਮੇਲ, ਭਰਮ ਭਉ ਕਟਿਆ । ਸੁਰਤ ਸ਼ਬਦ ਜਨ ਮੇਲ, ਦੂਈ ਦਵੈਤੀ ਮੇਟੇ ਫੱਟਿਆ । ਸੁਰਤ ਸ਼ਬਦ ਜਨ ਮੇਲ, ਤਨ ਪਹਿਨਾਏ ਸੋਹਣਾ ਪਟਿਆ । ਸੁਰਤ ਸ਼ਬਦ ਜਨ ਮੇਲ, ਜੋਤੀ ਜਗੇ ਕਾਇਆ ਹਟਿਆ । ਸੁਰਤ ਸ਼ਬਦ ਜਨ ਮੇਲ, ਸਾਚੇ ਤੀਰਥ ਇਕ ਇਸ਼ਨਾਨ ਕਰਾਏ, ਨਾ ਕੋਈ ਦੀਸੇ ਤੀਰਥ ਤੱਟਿਆ । ਸੁਰਤ ਸ਼ਬਦ ਜਨ ਮੇਲ, ਏਕਾ ਖੋਲ੍ਹੇ ਸਾਚਾ ਹੱਟਿਆ ।
ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਆਪਣਾ ਆਪ ਕਰਾਏ, ਗੁਰਮੁਖ ਵਿਰਲੇ ਆਤਮ ਰਸ ਰਸਨ ਰਸਾਇਣੀ ਚੱਟਿਆ । ਸੁਰਤ ਸ਼ਬਦ ਜਨ ਮੇਲ, ਜਗਤ ਵਿਛੋੜਿਆ । ਸੁਰਤ ਸ਼ਬਦ ਜਨ ਮੇਲ, ਚਰਨ ਪ੍ਰੀਤੀ ਨਾਤਾ ਏਕਾ ਜੋੜਿਆ । ਸੁਰਤ ਸ਼ਬਦ ਜਨ ਮੇਲ, ਬੈਠਾ ਦਿਸੇ ਇਕ ਇਕਾਂਤ, ਦਰ ਦਵਾਰੇ ਸਾਚੇ ਘਰ ਆਪੇ ਆਏ ਬਹੁੜਿਆ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ, ਬਾਹੋਂ ਫੜ ਆਪ ਲਗਾਣਾ ਆਪਣੇ ਲੜ, ਆਪ ਚੜ੍ਹਾਨਾ ਏਕਾ ਸਾਚੇ ਪੌੜਿਆ । ਸੁਰਤ ਸ਼ਬਦ ਜਨ ਮੇਲ, ਦੇਹ ਤਜਾਈਆ । ਸੁਰਤ ਸ਼ਬਦ ਜਨ ਮੇਲ, ਕਾਇਆ ਮਾਟੀ ਝੂਠੀ ਖੇਹ, ਦਿਸ ਨਾ ਆਈਆ । ਸੁਰਤ ਸ਼ਬਦ ਜਨ ਮੇਲ, ਇਕ ਲਗਾਏ ਘਰ ਸਾਚੇ ਨੇਂਹ, ਸਾਚੇ ਧਾਮ ਰਹਾਈਆ । ਸੁਰਤ ਸ਼ਬਦ ਜਨ ਮੇਲ, ਪੁਰਖ ਅਬਿਨਾਸ਼ੀ ਏਕਾ ਬਰਸੇ ਅੰਮ੍ਰਿਤ ਮੇਂਹ, ਠੰਡੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਦਰ ਦਵਾਰੇ ਸਦਾ ਬਹਾਈਆ । ਸੁਰਤ ਸ਼ਬਦ ਜਨ ਮੇਲ, ਆਤਮ ਰਤਿਆ । ਸੁਰਤ ਸ਼ਬਦ ਜਨ ਮੇਲ, ਮਾਇਆ ਅਗਨ ਨਾ ਲੱਗੇ ਤੱਤੀਆ । ਸੁਰਤ ਸ਼ਬਦ ਜਨ ਮੇਲ, ਏਕਾ ਰੰਗ ਸਾਚਾ ਮਾਣੇ, ਆਤਮ ਮਿਲੇ ਧੀਰਜ ਸਤੀਆ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਜੋਤ ਦੇਵੇ ਵਰ, ਨਾ ਕੋਈ ਤੋਲੇ ਤੋਲ ਤੁਲਾਏ ਤੋਲ ਮਾਸਾ ਰਤੀਆ । ਸੁਰਤ ਸ਼ਬਦ ਜਨ ਮੇਲ, ਦਰਸ ਅਮੋਲ ਹੈ । ਸੁਰਤ ਸ਼ਬਦ ਜਨ ਮੇਲ, ਪੁਰਖ ਅਬਿਨਾਸ਼ੀ ਸਦਾ ਵਸੇ ਕੋਲ ਹੈ । ਸੁਰਤ ਸ਼ਬਦ ਜਨ ਮੇਲ, ਸਾਚਾ ਸ਼ਬਦ ਵਜਾਏ ਅੰਦਰੇ ਅੰਦਰ ਢੋਲ ਹੈ । ਸੁਰਤ ਸ਼ਬਦ ਜਨ ਮੇਲ, ਬਜ਼ਰ ਕਪਾਟੀ ਰਿਹਾ ਖੋਲ੍ਹ ਹੈ ।

ਸੁਰਤ ਸ਼ਬਦ ਜਨ ਮੇਲ, ਆਪ ਵਖਾਏ ਨੇੜੇ ਵਾਟੀ ਰੋਲ ਘਚੋਲ ਹੈ । ਸੁਰਤ ਸ਼ਬਦ ਜਨ ਮੇਲ, ਹਰਿਜਨ ਨਾ ਆਏ ਆਨ ਬਾਟੀ, ਜੋਤੀ ਜੋਤ ਸਰੂਪ ਹਰਿ, ਦਿਵਸ ਰੈਣ ਅੱਠੇ ਪਹਿਰ ਕਰਦਾ ਰਹੇ ਚੋਹਲ ਹੈ । ਸੁਰਤ ਸ਼ਬਦ ਜਨ ਮੇਲ, ਵਡ ਚਤੁਰਾਈਆ । ਸੁਰਤ ਸ਼ਬਦ ਜਨ ਮੇਲ, ਸਾਚੀ ਨਈਆ ਆਪ ਚੜ੍ਹਾਈਆ । ਸੁਰਤ ਸ਼ਬਦ ਜਨ ਮੇਲ, ਏਕਾ ਸਈਆ ਆਤਮ ਦਰਸ ਦਿਖਾਈਆ । ਸੁਰਤ ਸ਼ਬਦ ਜਨ ਮੇਲ, ਭੈਣਾਂ ਭਈਆ ਦੂਸਰ ਕੋਇ ਦਿਸ ਨਾ ਆਈਆ । ਸੁਰਤ ਸ਼ਬਦ ਜਨ ਮੇਲ, ਧਰਮ ਰਾਏ ਨਾ ਕੱਢੇ ਵਹੀਆ, ਨਾ ਲੇਖਾ ਕੋਈ ਰਖਾਈਆ । ਸੁਰਤ ਸ਼ਬਦ ਜਨ ਮੇਲ, ਸਵਛ ਸਰੂਪੀ ਅੰਤਰਜਾਮੀ ਨਿਹਕਾਮੀ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸ਼ਬਦ ਸੱਚਾ ਸੋਹਲਾ ਇਕ ਸੁਣਾਈਆ । ਸੁਰਤ ਸ਼ਬਦ ਜਨ ਮੇਲ, ਸਚ ਮਹੱਲਿਆ । ਸੁਰਤ ਸ਼ਬਦ ਜਨ ਮੇਲ, ਪ੍ਰਭ ਏਕਾ ਦੀਸੇ ਇਕ ਇਕੱਲਿਆ । ਸੁਰਤ ਸ਼ਬਦ ਜਨ ਮੇਲ, ਪ੍ਰਭ ਪੂਰਾ ਆਪ ਕਰਾਏ ਜੰਗਲ ਜੂਹ ਉਜਾੜ ਪਹਾੜ ਵਡ ਵਡ ਥਲਿਆ । ਸੁਰਤ ਸ਼ਬਦ ਜਨ ਮੇਲ, ਨਾ ਦਿਸੇ ਕਾਇਆ ਅੰਧੇਰੀ ਡੂੰਘੀ ਡੱਲਿਆ । ਸੁਰਤ ਸ਼ਬਦ ਜਨ ਮੇਲ, ਗੁਰਮੁਖ ਸਾਚੇ ਆਪ ਕਰਾਏ, ਬੇਮੁਖ ਭੁਲਾਏ ਕਰ ਕਰ ਵਲ ਛੱਲਿਆ । ਸੁਰਤ ਸ਼ਬਦ ਜਨ ਮੇਲ, ਆਤਮ ਜੋਤੀ ਨੂਰ ਕਰਾਏ, ਜਗੇ ਜੋਤ ਘੜੀ ਘੜੀ ਪਲ ਪੱਲਿਆ । ਸੁਰਤ ਸ਼ਬਦ ਜਨ ਮੇਲ, ਆਤਮ ਸਾਚਾ ਸਰ ਸਰੋਵਰ ਵਖਾਏ, ਸਚ ਦਵਾਰਾ ਗੁਰਮੁਖ ਵਿਰਲੇ ਲੋਕਮਾਤ ਵਿਚ ਮੱਲਿਆ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੋਲ੍ਹੇ ਆਤਮ ਦਰ, ਦਹਿਲੀਜ ਰਹੇ ਖਲ੍ਹਿਆ । ਸੁਰਤ ਸ਼ਬਦ ਜਨ ਮੇਲ, ਦਰ ਪ੍ਰਵਾਨਿਆ । ਸੁਰਤ ਸ਼ਬਦ ਜਨ ਮੇਲ, ਮੇਲ ਮਿਲਾਏ ਭਗਤ ਭਗਵਾਨਿਆ । ਸੁਰਤ ਸ਼ਬਦ ਜਨ ਮੇਲ, ਏਕਾ ਦਿਸੇ ਸਤਿ ਨਿਸ਼ਾਨਿਆ । ਸੁਰਤ ਸ਼ਬਦ ਜਨ ਮੇਲ, ਮਿਲੇ ਨਾਮ ਅੰਤ ਅਨੰਤਾ, ਗੁਣ ਗੁਣਵੰਤਾ ਗਰਮੁਖ ਸਾਚੇ ਪੁਰਖ ਸੁਜਾਨਿਆ । ਸੁਰਤ ਸ਼ਬਦ ਜਨ ਮੇਲ, ਗੁਰਮੁਖ ਵਿਰਲੇ ਚੜ੍ਹਿਆ ਤੇਲ ਸਾਚੇ ਸੰਤਾ, ਆਤਮ ਜੋਤੀ ਜਗੇ ਹੋਏ ਪ੍ਰਕਾਸ਼ ਕੋਟਨ ਭਾਨਿਆ । ਸੁਰਤ ਸ਼ਬਦ ਜਨ ਮੇਲ, ਅਗਿਆਨ ਅੰਧੇਰਾ ਜਾਏ ਵਿਨਾਸ, ਪੁਰਖ ਅਬਿਨਾਸ਼ੀ ਹੋਏ ਦਾਸ, ਸ਼ਬਦ ਚਲਾਏ ਸਵਾਸ ਸਵਾਸ, ਇਕ ਵਖਾਏ ਮਾਤ ਪਤਾਲ ਅਕਾਸ਼, ਤ੍ਰੈ ਲੋਆਂ ਧਾਰ ਬੰਨ੍ਹਾਨਿਆ । ਸੁਰਤ ਸ਼ਬਦ ਜਨ ਮੇਲ, ਸਚ ਮੰਡਲ ਦੀ ਸਾਚੀ ਰਾਸ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਤਮ ਤਨ ਸਾਚੇ ਰੰਗਾਨਿਆ । ਸੁਰਤ ਸ਼ਬਦ ਜਨ ਮੇਲ, ਹਰਿ ਹਜ਼ੂਰਿਆ । ਸੁਰਤ ਸ਼ਬਦ ਜਨ ਮੇਲ, ਹਰਿ ਸਾਚਾ ਆਸਾ ਮਨਸਾ ਪੂਰਿਆ । ਸੁਰਤ ਸ਼ਬਦ ਜਨ ਮੇਲ, ਸਾਚੀ ਧੁਨ ਅਨਾਹਦ ਨਾਦ ਆਪ ਉਪਜਾਵੇ ਸਾਚੀ ਤੂਰਿਆ । ਸੁਰਤ ਸ਼ਬਦ ਜਨ ਮੇਲ, ਏਕਾ ਦੇਵੇ ਸਾਚਾ ਵਰ, ਆਤਮ ਜੋਤੀ ਜਗੇ ਜਿਉਂ ਕੋਹਤੂਰਿਆ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਸਦ ਵਸੇ ਨੇਰਨ ਨੇਰ ਨਾ ਜਾਣੋ ਦੂਰਿਆ । ਸੁਰਤ ਸ਼ਬਦ ਜਨ ਮੇਲ, ਰੂਪ ਅਗੰਮ ਹੈ । ਸੁਰਤ ਸ਼ਬਦ ਜਨ ਮੇਲ, ਪ੍ਰਭ ਆਪ ਮਿਟਾਏ ਝੂਠਾ ਭਰਮ ਹੈ । ਸੁਰਤ ਸ਼ਬਦ ਜਨ ਮੇਲ, ਮਾਨਸ ਦੇਹੀ ਲੇਖੇ ਲਾਏ, ਲੋਕਮਾਤ ਮਿਲਿਆ ਜਰਮ ਹੈ । ਸੁਰਤ ਸ਼ਬਦ ਜਨ ਮੇਲ, ਗੁਰਮੁਖਾਂ ਗੁਰ ਪੂਰਾ ਦਇਆ ਕਮਾਏ, ਬਣਤ ਬਣਾਏ ਸਚ ਕਰਮ ਹੈ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਜਗਾਏ ਕਾਇਆ ਮਾਟੀ ਝੂਠੇ ਚਰਮ ਹੈ । ਹਰਿ ਸੁਹਾਏ ਥਾਨ, ਜੋਤ ਜਗਾਇੰਦਾ । ਹਰਿ ਸੁਹਾਏ ਥਾਨ, ਗੁਰਮੁਖ ਸਾਚੇ ਚਤੁਰ ਸੁਜਾਨ, ਆਤਮ ਵੇਖੇ ਕਰ ਧਿਆਨ,

ਗੁਣ ਨਿਧਾਨ ਸਾਚੀ ਬਣਤ ਬਣਾਇੰਦਾ । ਸੁਰਤ ਸ਼ਬਦ ਜਨ ਮੇਲ, ਵਡ ਪ੍ਰਧਾਨ । ਸੁਰਤ ਸ਼ਬਦ ਜਨ ਮੇਲ, ਸ਼ਬਦ ਝੁਲਾਏ ਇਕ ਨਿਸ਼ਾਨ, ਗੁਰਮੁਖ ਸਾਚੇ ਸੰਤ ਜਨਾਂ ਆਤਮ ਧੁਨ ਏਕਾ ਝੋਲੀ ਪਾਇੰਦਾ । ਸੁਰਤ ਸ਼ਬਦ ਜਨ ਮੇਲ, ਜਗੀ ਜੋਤ ਇਕ ਭਗਵਾਨ, ਲੱਖ ਚੁਰਾਸੀ ਜੂਠੀ ਝੂਠੀ ਝੂਠੇ ਤਾਣੇ ਰਹੀ ਤਾਣ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਚਲੂਲ, ਗੁਰਮੁਖ ਕਾਇਆ ਆਪਣਾ ਆਪ ਚੜ੍ਹਾਇੰਦਾ । ਹਰਿ ਸੁਹਾਏ ਥਾਨ, ਪੁਰਖ ਅਬਿਨਾਸ਼ੀਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਕਿਸੇ ਹੱਥ ਨਾ ਆਏ ਪੰਡਤ ਕਾਸ਼ੀਆ । ਖਾਣੀ ਬਾਣੀ ਕਰਨ ਵਿਖਿਆਨ, ਪ੍ਰਭ ਹੋਏ ਨਾ ਦਾਸਨ ਦਾਸੀਆ । ਆਤਮ ਧਿਆਨੀ ਕਰਨ ਧਿਆਨ, ਮਾਨਸ ਜਨਮ ਹੋਏ ਰਹਿਰਾਸੀਆ । ਹਰਿ ਸੁਹਾਏ ਥਾਨ, ਜਗਤ ਵਡਿਆਈਆ । ਗੁਰਮੁਖ ਸਾਚਾ ਚਤੁਰ ਸੁਜਾਨ, ਆਪਣੀ ਬਣਤ ਰਿਹਾ ਬਣਾਈਆ । ਦਰ ਘਰ ਸਾਚੇ ਮਿਲਿਆ ਮਾਣ, ਦਰਗਹਿ ਸਾਚੀ ਪੁਰਖ ਅਬਿਨਾਸ਼ੀ ਸਾਚਾ ਸੰਗ ਨਿਭਾਈਆ । ਏਕਾ ਨਾਉਂ ਸੱਚਾ ਪੀਣਾ ਖਾਣ, ਲੋਕਮਾਤ ਦੇਵੇ ਵਾਲੀ ਦੋ ਜਹਾਨ, ਤ੍ਰਿਸ਼ਨਾ ਭੁੱਖ ਰਿਹਾ ਗਵਾਈਆ । ਆਪ ਚੁਕਾਏ ਜਮ ਕੀ ਕਾਨ, ਗੁਰਮੁਖ ਸਾਚੇ ਸੰਤ ਜਨਾਂ, ਬੇਮੁਖਾਂ ਦਰ ਦੁਰਕਾਈਆ । ਲੱਖ ਚੁਰਾਸੀ ਹੋਈ ਹੈਰਾਨ, ਮਾਇਆ ਰਾਣੀ ਤਣਿਆ ਤਾਣ, ਬੇਮੁਖ ਜੀਵ ਅੰਤ ਫਸ ਜਾਣ, ਗੁਰਮੁਖ ਸਾਚੇ ਸੰਤ ਜਨਾਂ ਆਪਣਾ ਪੱਲੂ ਰਿਹਾ ਫੜਾਈਆ । ਫਲ ਨਾ ਦਿਸੇ ਕਿਸੇ ਡਾਹਣ, ਮਾਇਆ ਮਮਤਾ ਕਲਜੁਗ ਜੀਵਾਂ ਆਈ ਖਾਣ, ਭੁੱਲਿਆ ਨਾਮ ਇਕ ਭਗਵਾਨ, ਪ੍ਰਭ ਦੇਵੇ ਅੰਤ ਸਜ਼ਾਈਆ । ਸ਼ਬਦ ਮਾਰੇ ਇਕ ਬਾਣ, ਸੋਹੰ ਰੱਖੇ ਸਾਚੀ ਆਣ, ਚਾਰ ਵਰਨਾਂ ਇਕ ਗਿਆਨ, ਊਚ ਨੀਚ ਜਾਤ ਪਾਤ ਰਾਓ ਰੰਕ ਰਾਜਾਨ ਏਕਾ ਧਾਮ ਸੁਹਾਈਆ । ਸੰਤੋਸ਼ ਸੰਤੋਸ਼ ਸੰਤੋਸ਼ ਸੁਹਾਏ ਦਵਾਰ ਬੰਕ, ਪ੍ਰਭ ਇਕ ਰਖਾਏ ਲੋਕਮਾਤ ਅੰਕ, ਸ਼ਬਦ ਡੰਕ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਮਾਤ ਵਡ ਵਡੀ ਵਡਿਆਈਆ । ਹਰਿ ਸੱਚਾ ਇਕ ਦਰਬਾਰਿਆ । ਜੀਓ ਪਿੰਡ ਇਹ ਦਿਸੇ ਕਾਚਾ, ਪ੍ਰਭ ਅਬਿਨਾਸ਼ੀ ਕਲ ਉਸਾਰਿਆ । ਮਨ ਮਨੂਆ ਵਿਚ ਨਾਚੇ ਨਾਚਾ, ਮਤ ਬੁੱਧ ਬਲ ਖੇਲ ਅਪਾਰਿਆ । ਜੋਤ ਨਿਰੰਤਰ ਆਤਮ ਰਚਾ, ਸੱਚਾ ਖੇਲ ਕਰਤਾਰਿਆ । ਪੰਚ ਪੰਚਾਇਣੀ ਅਗਨੀ ਮੱਚਾ, ਵਿਚ ਵਸਾਏ ਕਾਮ ਕਰੋਧ ਲੋਭ ਮੋਹ ਹੰਕਾਰਿਆ । ਸ਼ਬਦ ਸਰੂਪੀ ਇਕ ਬਣਾਇਆ ਹਰਿ ਜੀ ਸੱਚਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼, ਅੰਦਰੇ ਅੰਦਰ ਕਾਇਆ ਮਹੱਲ ਉਸਾਰਿਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸਾਚੀ ਆਈ ਦਰ, ਸ਼ਬਦ ਸਰੂਪੀ ਦੇਵੇ ਵਰ, ਚਿੰਤਾ ਰੋਗ ਜਗਤ ਸੋਗ, ਆਤਮ ਰਸ ਸਾਚਾ ਭੋਗ ਦਰਸ ਅਮੋਘ ਨਾਮ ਜੋਗ ਧੁਰ ਸੰਜੋਗ, ਕਟੇ ਹਉਮੇ ਰੋਗ, ਸਾਚੀ ਬਣਤ ਬਣਾ ਰਿਹਾ । ਆਏ ਦਰ ਆਤਮ ਧਿਆਨ । ਪੁਰਖ ਅਬਿਨਾਸ਼ੀ ਕਰੇ ਪਛਾਣ । ਜੀਆਂ ਜੰਤਾਂ ਦੁੱਖ ਮਹਾਨ । ਕਾਇਆ ਮੰਦਰ ਅੰਧ ਅਗਿਆਨ । ਗੁਰਮੁਖ ਵਿਰਲਾ ਚਤੁਰ ਸੁਜਾਨ । ਚਰਨ ਕਵਲ ਕਵਲ ਚਰਨ ਹਰਿ ਇਕ ਧਿਆਨ । ਉਪਰ ਧਵਲ ਰਿਹਾ ਮਵਲ, ਦਰਸ ਦਿਖਾਏ ਕ੍ਰਿਸ਼ਨਾ ਸਵਲ, ਕਿਰਪਾ ਕਰੇ ਆਪ ਭਗਵਾਨ । ਗੁਰਮੁਖ ਵਿਰਲੇ, ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਸ਼ਬਦ ਨਿਸ਼ਾਨ । ਆਤਮ ਦੁਖੀਆ ਦੁੱਖ ਦੁਖਿਆਰ । ਪ੍ਰਭ ਅਬਿਨਾਸ਼ੀ ਆਪ ਕਰਾਏ ਸੁਫਲ ਕੁੱਖੀਆ, ਨਰ ਨਾਰੀ ਆਤਮ ਅਗਨ, ਜਗਤ ਵਿਛੋੜਾ ਲੱਗੇ ਭਾਰ । ਉਜਲ ਕਰਾਏ ਲੋਕਮਾਤ ਮੁਖੀਆ, ਦਰ ਘਰ ਸਾਚੇ ਆਏ ਜਿਸ ਜਨ ਦਰਸ਼ਨ ਕੀਆ ਹਰਿ ਨਿਰੰਕਾਰ । ਅੱਠੇ ਪਹਿਰ ਦਿਵਸ ਰੈਣ ਕਾਇਆ ਜੀਆ ਹੋਏ ਸੁਖੀਆ,

ਸੋਹੰ ਸ਼ਬਦ ਰਸਨਾ ਗਾਏ ਕਰੇ ਜੈ ਜੈ ਜੈਕਾਰ । ਆਪ ਮਿਟਾਏ ਤ੍ਰਿਸ਼ਨਾ ਭੁੱਖੀਆ, ਮਾਤ ਗਰਭ ਨਾ ਹੋਏ ਉਲਟਾ ਰੁੱਖੀਆ, ਲੱਖ ਚੁਰਾਸੀ ਗੇੜ ਨਿਵਾਰ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਆਏ ਸਾਚੇ ਦਰ, ਆਤਮ ਭੰਡਾਰੇ ਰਿਹਾ ਭਰ, ਕੋਈ ਨਾ ਦੀਸੇ ਨੰਗਾ ਭੁੱਖੀਆ । ਆਤਮ ਭਰੇ ਭੰਡਾਰ, ਮਨਸਾ ਪੂਰਿਆ । ਗੁਰ ਸੰਗਤ ਕਰੇ ਵਿਚਾਰ ਹਾਜ਼ਰ ਹਜ਼ੂਰਿਆ । ਫੜ ਬਾਹੋਂ ਜਾਏ ਤਾਰ, ਆਪ ਚੜ੍ਹਾਏ ਸਾਚੇ ਪੂਰਿਆ । ਨਾ ਜਾਣੇ ਬਿਰਧ ਬਾਲ ਜਵਾਨ ਨਾਰੀ ਨਾਰ, ਏਕਾ ਰੰਗ ਰੰਗਾਏ, ਊਚ ਨੀਚ ਜ਼ਾਤਾਂ ਪਾਤਾਂ ਭੇਵ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਨਾਮ ਵਰ, ਕਾਇਆ ਦੁਖੜੇ ਦੂਰ ਕਰ, ਸਾਚਾ ਰਾਗ ਜਗਤ ਤਿਆਗ ਲੱਗਾ ਭਾਗ, ਮਿਲੇ ਮੇਲ ਕੰਤ ਸੁਹਾਗ, ਸਾਚਾ ਲੇਖ ਲਿਖਾ ਰਿਹਾ । ਗੁਰ ਸੰਗਤ ਆਈ ਦਰ ਦਵਾਰ । ਮੰਗੇ ਮੰਗ ਬਣ ਭਿਖਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਆਤਮ ਦੁੱਖੜੇ ਦਏ ਨਿਵਾਰ । ਆਪ ਚੁਕਾਏ ਜੂਠਾ ਝੂਠਾ ਡਰ, ਅੰਦਰ ਬਾਹਰ ਗੁਪਤ ਜ਼ਾਹਿਰ, ਹੋਏ ਨਾ ਕਿਸੇ ਸਹਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਬੰਨ੍ਹਾਏ ਏਕਾ ਧਾਰ । ਗੁਰ ਸੰਗਤ ਖ਼ੁਸ਼ੀ ਮਨਾਉਂਦੀ ਜਾਣਾ । ਪੁਰਖ ਅਬਿਨਾਸ਼ੀ ਰਸਨਾ ਨਾਲ ਧਿਆਉਂਦੀ ਜਾਣਾ । ਆਵਣ ਜਾਵਣ ਜੰਮਣ ਮਰਨ ਚੁੱਕੇ ਡਰ, ਸਾਚੀ ਤਰਨੀ ਜਾਣਾ ਤਰ, ਗੁਰ ਪੂਰੇ ਚਰਨ ਨੇਂਹ ਲਾਉਂਦੀ ਜਾਣਾ । ਕਰਿਆ ਕਰਮ ਧਰਨੀ ਧਰ, ਜਨ ਭਗਤਾਂ ਦੇਵੇ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜੈਕਾਰਾ ਰਸਨਾ ਨਾਲ ਲਗਾਉਂਦੀ ਜਾਣਾ । ਗੁਰਮੁਖ ਵਿਰਲਾ ਪਾਏ ਸਾਰ, ਜਿਸ ਜਨ ਹਰਿ ਹੱਥ ਸਮਰਥ ਰਖਾਇਆ । ਗੁਰ ਪੂਰਾ ਭਰਮ ਭੁਲੇਖਾ ਦਏ ਨਿਵਾਰ, ਬਜ਼ਰ ਕਪਾਟੀ ਦੇਵੇ ਪਾੜ, ਸਾਚੇ ਪੌੜੇ ਦੇਵੇ ਚਾੜ੍ਹ, ਪਰੇ ਹਟਾਏ ਪੰਜਾਂ ਧਾੜ, ਆਤਮ ਗਿਆਨ ਚਰਨ ਧਿਆਨ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਵਰ, ਸਾਚੀ ਦਇਆ ਕਮਾਇਆ । ਗੁਰਮਤ ਗੁਰ ਕੀ ਧਾਰ ਚਤੁਰ ਸੁਜਾਨ । ਬੇਮੁਖ ਜੀਵ ਘਰ ਆਤਮ ਅੰਧ ਅੰਧਿਆਰ । ਝੂਠਾ ਕਰਨ ਵਣਜ ਵਪਾਰ, ਹਰਿ ਸਾਚੀ ਸਾਰ ਨਾ ਪਾਣ । ਝੂਠਾ ਧੰਦਾ ਝੂਠੀ ਕਾਰ । ਸਾਚਾ ਸ਼ਬਦ ਇਕ ਅਧਾਰ, ਲੱਖ ਚੁਰਾਸੀ ਫੰਦ ਕਟਾਇੰਦਾ । ਨਾ ਕੋਈ ਘਰ ਨਾ ਕੋਈ ਦਵਾਰ, ਜੋਤੀ ਜੋਤ ਸਰੂਪ ਹਰਿ, ਸਾਚੇ ਧਾਮ ਇਕ ਸੁਹਾਇੰਦਾ । ਗੁਰਮਤ ਗੁਰ ਤੇ ਜਾਣ, ਪਰਮ ਪਦ ਪਾਇਆ । ਆਤਮ ਮਿਲਿਆ ਸ਼ਬਦ ਨਿਸ਼ਾਨ, ਨਿਹਕਲੰਕੀ ਸੱਚਾ ਨਾਦ ਵਜਾਇਆ । ਕਲਜੁਗ ਭੁੱਲੇ ਜੀਵ ਨਿਧਾਨ, ਗ੍ਰਿਹਿ ਮੰਦਰ ਡੇਰਾ ਕਿਸੇ ਨਾ ਲਾਇਆ । ਪ੍ਰਭ ਅਬਿਨਾਸ਼ੀ ਲੱਖ ਚੁਰਾਸੀ ਪੁਣ ਛਾਣ, ਗੁਰਮੁਖ ਸਾਚਾ ਸੰਤ ਸੁਹੇਲਾ, ਆਪ ਕਰਾਏ ਆਪਣਾ ਮੇਲਾ, ਆਤਮ ਜੋਤੀ ਦੀਪ ਜਗਾਏ ਇਕ ਮਹਾਨ । ਸਾਚਾ ਗੁਰ ਸਾਚਾ ਚੇਲਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸ਼ਬਦ ਬੰਨ੍ਹੇ ਤਨ ਸਾਚਾ ਗਾਨਾ । ਆਤਮ ਤਨ ਬੰਨ੍ਹੇ ਗਾਨਾ । ਪੁਰਖ ਅਬਿਨਾਸ਼ੀ ਕਰ ਧਿਆਨਾ । ਗੁਰਮੁਖ ਵਿਰਲਾ ਚਤੁਰ ਸੁਜਾਨਾ । ਧੁਰਦਰਗਾਹੀ ਜਗਤ ਮਲਾਹੀ ਹਰਿ ਰਘੁਰਾਈ, ਬੇਪ੍ਰਵਾਹੀ ਏਕਾ ਰੰਗਣ ਨਾਮ ਰੰਗਾਨਾ । ਹਰਿ ਜੀ ਸਾਚੇ ਸੰਤ ਦੁਲਾਰੇ, ਪਤਾਲ ਅਕਾਸ਼ ਸ਼ਬਦ ਚਲਾਏ ਤੀਰ ਕਮਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਚੱਲੇ ਚਲਾਏ ਆਪਣਾ ਭਾਣਾ । ਕਲਜੁਗ ਜੀਵ ਮਾਇਆ ਰੁੱਲੇ, ਝੂਠੇ ਤੋਲ ਸਾਰੇ ਤੁਲੇ, ਲੱਗੀ ਅੱਗ ਕਾਇਆ ਕੁੱਲੇ, ਪੁਰਖ ਅਬਿਨਾਸ਼ੀ ਏਕਾ ਭੁੱਲੇ, ਅੰਮ੍ਰਿਤ ਆਤਮ ਅੰਤਮ ਡੁੱਲੇ, ਨਰ ਹਰਿ ਹਰਿ ਨਰ ਨਾ ਕੋਈ ਪਛਾਣੇ । ਗੁਰਮੁਖ ਸਾਚੇ ਸੰਤ ਜਨਾਂ ਭੰਡਾਰੇ ਸਚ ਸਦਾ ਖੁਲ੍ਹੇ, ਕੋਈ ਨਾ ਲਾਏ ਹਰਿ ਜੀ


੮੮੯ ੦੪

ਮੁੱਲੇ, ਸਾਚਾ ਦੇਵੇ ਨਾਮ ਦਾਨੇ । ਮਾਇਆਧਾਰੀ ਮਾਇਆ ਰੁਲੇ, ਜੋਤੀ ਜੋਤ ਸਰੂਪ ਹਰਿ, ਕਿਸੇ ਦਿਸ ਨਾ ਆਏ ਰਾਜੇ ਰਾਣੇ । ਰਾਜੇ ਰਾਣੇ ਬੰਕ ਦਵਾਰ ਹੈ । ਵੇਲੇ ਅੰਤਮ ਹੋਏ ਖੁਆਰ ਹੈ । ਸ਼ਬਦ ਸਰੂਪੀ ਪ੍ਰਭ ਮਾਰੇ ਮਾਰ, ਨਿਹਕਲੰਕੀ ਜਾਮਾ ਧਾਰੇ । ਰਾਓ ਰੰਕੀ ਆਪ ਬਹਾਏ ਸੱਚੇ ਘਰ ਇਕ ਚੁਬਾਰੇ । ਸ਼ਬਦ ਸਰੂਪੀ ਲਾਏ ਤਨਕ, ਖਿੱਚੀ ਆਏ ਚਰਨ ਦਵਾਰੇ । ਧਾਰ ਜੋਤ ਭੇਖ ਭੇਖ ਵਾਰ ਅਨਕ, ਬੇਮੁਖ ਨਾ ਜਾਣੇ ਜੀਵ ਗਵਾਰੇ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰੇ । ਨੌਂ ਖੰਡ ਪ੍ਰਿਥਮੀ ਪਾਏ ਸਾਰ, ਸਾਚੀ ਬਣਤ ਬਣਾਇੰਦਾ । ਆਪੇ ਜਾਣੇ ਆਪਣੀ ਕਾਰ, ਦੂਸਰ ਸੰਗ ਨਾ ਕੋਈ ਰਹਾਇੰਦਾ । ਨੂਰੀ ਜੋਤ ਕਰ ਅਕਾਰ, ਪੁਰੀਆਂ ਲੋਆਂ ਆਪ ਸਮਾਇੰਦਾ । ਦੂਜੀ ਫੜ ਸ਼ਬਦ ਕਟਾਰ, ਚਿੱਟੇ ਅਸਵ ਹੋ ਅਸਵਾਰ, ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਹਰਿ ਜੋਤ ਧਾਰ ਆਪਣੇ ਹੱਥ ਰਖਾਇੰਦਾ । ਵੇਖ ਵਖਾਣੇ ਬੇਮੁਖ ਜੀਵ ਗਵਾਰ, ਰਾਓ ਉਮਰਾਓ ਆਈ ਹਾਰ, ਵਡ ਸ਼ਾਹੋ ਬੇਪ੍ਰਵਾਹੋ ਸੁੱਟੀ ਜਾਏ ਮੂੰਹ ਦੇ ਭਾਰ, ਕਰੇ ਖੇਲ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭੁੰਨੇ ਜੀਵ ਜਿਉਂ ਭਠਿਆਲੇ ਦਾਣਿਆਂ । ਨੌਂ ਖੰਡ ਪ੍ਰਿਥਮੀ ਪਾਏ ਵੰਡ, ਅਚਰਜ ਖੇਲ ਰਚਾਈਆ । ਸੱਤਾਂ ਦੀਪਾਂ ਕਰੇ ਰੰਡ, ਹਰਿ ਕੀ ਜੋਤ ਦਿਸ ਨਾ ਆਈਆ । ਬੇਮੁਖ ਜੀਵ ਆਤਮ ਭਰਿਆ ਇਕ ਘਮੰਡ, ਹਉਂ ਹਉਂ ਕਰੇ ਜਨਮ ਗਵਾਈਆ । ਗੁਰਮੁਖਾਂ ਆਤਮ ਰੱਖੇ ਠੰਡ, ਅੰਮ੍ਰਿਤ ਸਾਚਾ ਜਾਮ ਪਿਆਈਆ । ਪੱਲੇ ਬੰਨ੍ਹੇ ਨਾਮ ਪੰਡ, ਸੋਹੰ ਵਸਤ ਇਕ ਅਨਮੋਲ, ਧੁਰਦਰਗਾਹੀ ਆਪੇ ਆਪ ਲੈ ਆਈਆ । ਹਰਿਜਨ ਆਤਮ ਨਾ ਹੋਏ ਰੰਡ, ਕੰਤ ਸੁਹਾਗੀ ਆਤਮ ਦਰ ਸਚ ਸਿੰਘਾਸਣ ਅੱਠੇ ਪਹਿਰ ਸਵਾਈਆ । ਬੇਮੁਖ ਜੀਵਾਂ ਦੇਵੇ ਦੰਡ, ਚਾਰੋਂ ਕੁੰਟ ਚੰਡ ਪ੍ਰਚੰਡ, ਬੇਮੁਖ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣਾ ਭੇਵ ਆਪੇ ਰਿਹਾ ਖੁਲ੍ਹਾਈਆ । ਪ੍ਰਭ ਕਾ ਭੇਵ ਕਿਸੇ ਨਾ ਪਾਈਆ । ਨਾ ਕੋਈ ਜਾਣੇ ਦੇਵੀ ਦੇਵ ਕਰੋੜ ਤੇਤੀਸਾ ਕਿਸੇ ਦਿਸ ਨਾ ਆਈਆ । ਸ਼ਿਵ ਸ਼ੰਕਰ ਲੱਗੇ ਸੱਚੀ ਸੇਵ, ਜਟਾ ਜੂਟ ਧਾਰ, ਕਾਲਾ ਨਾਗ ਗਲ ਲਟਕਾਈਆ । ਬ੍ਰਹਮਾ ਸੁਣੇ ਸੱਚਾ ਰਾਗ ਸ਼ਬਦ ਬੋਧ ਅਗਾਧ, ਚਾਰੇ ਵੇਦਾਂ ਰਿਹਾ ਗਾਈਆ । ਪੁਰਖ ਅਬਿਨਾਸ਼ੀ ਸਾਚੀ ਦਾਦ, ਕਰੇ ਖੇਲ ਵਿਚ ਬ੍ਰਹਿਮਾਦ, ਸ਼ਬਦ ਵੱਜੇ ਏਕਾ ਨਾਦ, ਵਿਸ਼ਨੂੰ ਕਰ ਅਕਾਰ, ਜੁਗੋ ਜੁਗ ਬੰਨ੍ਹੇ ਧਾਰ, ਆਵੇ ਜਾਵੇ ਨਾ ਮਰੇ ਰਘੁਰਾਈਆ । ਸਾਚੇ ਧਾਮ ਬਹਿਣ ਨਿਆਰ, ਪੁਰਖ ਅਬਿਨਾਸ਼ੀ ਖੇਲ ਨਿਆਰ, ਜੋਤ ਸਰੂਪੀ ਇਕ ਅਕਾਰ, ਅੱਠੇ ਪਹਿਰ ਦਿਵਸ ਰੈਣ ਡਗਮਗਾਈਆ । ਨਾ ਕੋਈ ਜਾਣੇ ਹਰਿ ਦਵਾਰ । ਪੁਰਖ ਅਗੰਮੜਾ ਅਗੰਮ ਅਪਾਰ । ਪੱਲੇ ਨਾ ਰੱਖੇ ਕੋਈ ਦਮੜਾ, ਲੱਖ ਚੁਰਾਸੀ ਦਏ ਉਸਾਰ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਕਾਇਆ ਮਾਟੀ ਬਣਾਏ ਚੰਮੜਾ, ਪਵਣ ਸਵਾਸੀ ਸ਼ਬਦ ਉਡਾਰੀ ਜੋਤੀ ਦਏ ਅਧਾਰ । ਕਲਜੁਗ ਜੀਵ ਕੀ ਕਰੇ ਗਵਾਰੀ, ਚਾਰੋਂ ਕੁੰਟ ਪੈਂਦੀ ਮਾਰੀ, ਪੰਜਾਂ ਫੜੀ ਹੱਥ ਸਰਦਾਰੀ । ਮਤ ਬੁੱਧ ਗਈ ਮਾਰੀ । ਮਨ ਪੰਖੇਰੂ ਵਸੇ ਬਾਹਰੀ । ਦਹਿ ਦਿਸ਼ਾ ਦੀ ਇਕ ਉਡਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਆਦਿ ਅੰਤ ਜੁਗਾ ਜੁਗੰਤ ਸਾਧ ਸੰਤ ਗੁਰ ਪੀਰ ਔਲੀਏ ਕੋਈ ਨਾ ਪਾਵੇ ਸਾਰੀ । ਸਾਚਾ ਘਰ ਹਰਿ ਪ੍ਰਵਾਨਿਆ । ਨਾ ਕੋਈ ਦਰ ਦਵਾਰ, ਉਤੇ ਛੱਤ ਨਾ ਕੋਈ ਰਖਾਨਿਆ । ਏਕਾ ਦਿਸੇ ਹਰਿ ਨਿਰੰਕਾਰ, ਰੂਪ ਰੰਗ ਨਾ ਰੇਖ, ਭੇਖ ਨਾ ਜਾਣੇ ਹਰਿ ਕੀ ਧਾਰ, ਜੁਗਾ ਜੁਗੰਤ ਲੋਕਮਾਤ ਭੁੱਲੇ ਵਡ ਵਡ ਵਿਦਵਾਨਿਆ । ਏਕਾ ਇਕ ਇਕ ਅਕਾਰ, ਦੂਜੀ ਰੱਖੇ ਸ਼ਬਦ ਧਾਰ,

੮੯੦
੦੪

੮੯੧
੦੪

ਤੀਜੇ ਪਵਣ ਸਵਾਸ ਨਾਲ ਪਿਆਰ, ਲੱਖ ਚੁਰਾਸੀ ਵਿਚ ਰਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਦਰ, ਲੋਕਮਾਤ ਹਰਿ ਕਿਰਪਾ ਕਰ, ਆਵੇ ਜਾਵੇ ਜਾਵੇ ਆਵੇ ਏਕਾ ਰਚਨ ਰਚਾਨਿਆ । ਆਵੇ ਜਾਵੇ ਲੋਕਮਾਤ । ਜੁਗਾ ਜੁਗੰਤਰ ਮਾਰ ਝਾਤ । ਜਨ ਭਗਤਾਂ ਅੰਤਮ ਪੁੱਛੇ ਵਾਤ । ਮੇਟ ਮਿਟਾਏ ਕਲਜੁਗ ਜੀਵਾਂ ਅੰਧੇਰੀ ਰਾਤ । ਗੁਰਮੁਖ ਸਾਚੇ ਸੰਤ ਜਨਾਂ ਆਪ ਆਪਣਾ ਦਰਸ ਦਿਖਾਏ, ਆਤਮ ਤ੍ਰਿਸ਼ਨਾ ਹਰਸ ਮਿਟਾਏ, ਅੰਮ੍ਰਿਤ ਬੂੰਦ ਪਿਆਏ ਸਵਾਂਤ । ਅੰਮ੍ਰਿਤ ਮੇਘ ਬਰਸ ਵਖਾਏ, ਜੂਠੇ ਝੂਠੇ ਪਰਖ ਵਖਾਏ, ਹਰਿਜਨ ਸਾਚੇ ਸੰਤ ਸੁਹੇਲੇ, ਆਪ ਕਰਾਏ ਘਰ ਸਾਚੇ ਮੇਲੇ ਚਰਨ ਪ੍ਰੀਤ ਬੰਧਾਏ ਸਾਚਾ ਨਾਤ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਗੁਰ ਆਪੇ ਚੇਲੇ, ਕਿਸੇ ਹੱਥ ਨਾ ਆਏ ਮੰਦਰ ਗੁਰਦਵਾਰੇ ਮਸੀਤ ਆਪਣਾ ਆਪ ਨਾ ਕੋਈ ਫੋਲੇ । ਗੁਰਮਤ ਗੁਰ ਤੇ ਜਾਣ, ਕਰਮ ਕਮਾਇਆ । ਦੁਰਮਤ ਹੋਈ ਹੈਰਾਨ, ਗੁਰ ਪੂਰੇ ਸ਼ਬਦ ਡੰਡਾ ਹੱਥ ਫੜਾਇਆ । ਮਨਮਤ ਮੁਗਧ ਅੰਞਾਣ, ਬੇਮੁਖ ਜੀਵਾਂ ਅੰਦਰ ਡੇਰਾ ਲਾਇਆ । ਗੁਰਮਤ ਬੜੀ ਬਲਵਾਨ, ਪੰਜਾਂ ਚੋਰਾਂ ਦਏ ਦੁਰਕਾਇਆ । ਦੁਰਮਤ ਹੋਈ ਵਡ ਸ਼ੈਤਾਨ, ਇਕ ਹੰਕਾਰਾ ਨਾਲ ਰਲਾਇਆ । ਮਨ ਮਤ ਮਿਲਿਆ ਏਕਾ ਦਾਨ, ਕਲਜੁਗ ਪੱਲੂ ਹਰਿ ਫੜਾਇਆ । ਗੁਰਮਤ ਗੁਰ ਪੂਰੇ ਦਿੱਤੀ ਖਾਣ, ਅੰਤਮ ਅਤੁੱਟ ਭੰਡਾਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਖੋਲ੍ਹੇ ਬੰਦ ਦਰ, ਸ਼ਬਦ ਹਥੌੜਾ ਇਕ ਰਖਾਇਆ । ਖੰਡ ਮੰਡਲ ਬ੍ਰਹਿਮੰਡ ਸ਼ਬਦ ਖੁਜੰਤਿਆ । ਲੋਆਂ ਪੁਰੀਆਂ ਅਕਾਸ਼ ਪਤਾਲ ਮਾਤ ਸਦ ਰਹੰਤਿਆ । ਆਦਿ ਅੰਤ ਜੁਗਾ ਜੁਗੰਤ ਧਰਤ ਮਾਤ ਮੰਗਦੀ ਆਈ ਦਾਤ, ਦੇਵਣਹਾਰ ਪੂਰਨ ਭਗਵੰਤਿਆ । ਸਾਧ ਸੰਤ ਮੇਲ ਕੰਤ ਅੰਤਮ ਅੰਤ ਜੁਗਾ ਜੁਗੰਤਿਆ । ਅੰਤਮ ਧਾਰੇ ਭੇਸ, ਜੋਤ ਸਰੂਪੀ ਕਰੇ ਵੇਸ, ਵੇਖੇ ਖੇਲ ਗਗਨ, ਅੱਠੇ ਪਹਿਰ ਮਗਨ, ਨਾ ਹੋਏ ਨਗਨ, ਗੁਰਮੁਖਾਂ ਮੁਖ ਲਗਾਏ ਸੋਹੰ ਸ਼ਬਦ ਸਾਚਾ ਸਗਨ, ਜੀਵ ਜੰਤਿਆ । ਸਾਚਾ ਦਰ ਦਰਬਾਰ ਲਗਾਉਣਾ । ਊਚ ਨੀਚ ਰਾਓ ਰੰਕ ਰਾਜ ਰਜਾਨਾ ਏਕਾ ਧਾਮ ਬਹਾਉਣਾ । ਪ੍ਰਗਟ ਹੋਏ ਵਡ ਸ਼ਾਹ ਸ਼ਾਹਾਨਾ, ਵਾਲੀ ਦੋ ਜਹਾਨਾਂ, ਸ਼ਬਦ ਤੀਰ ਇਕ ਕਮਾਨ ਰਸਨਾ ਹਰਿ ਉਠਾਉਣਾ । ਕਲਜੁਗ ਜੀਵ ਵਡ ਬਲੀ ਬਲਵਾਨ, ਸ਼ਬਦ ਰਖਾਏ ਇਕ ਬਿਬਾਣ, ਚਾਰੋਂ ਕੁੰਟ ਉਡਾਏ, ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਉਣਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪ ਆਪਣਾ ਖੇਲ ਰਚਾਉਣਾ । ਸਾਚੀ ਬਣਤ ਹਰਿ ਬਣਾਏ । ਅੰਜੀਲ ਕੁਰਾਨ ਰਹਿਣ ਨਾ ਪਾਏ । ਰਾਗ ਛਤੀਸਾ ਰਸਨ ਨਾ ਗਾਏ । ਵੇਖੇ ਖੇਲ ਹਰਿ ਉਨੀਸਾ, ਸਭ ਦਾ ਖਾਲੀ ਹੋਏ ਖੀਸਾ, ਸੋਹੰ ਚਲੇ ਜਗਤ ਹਦੀਸਾ, ਕਵਣ ਕਰੇ ਪ੍ਰਭ ਤੇਰੀ ਰੀਸਾ, ਜੁਗਾ ਜੁਗੰਤਰ ਭੇਖ ਵਟਾਏ । ਜੋਤੀ ਜੋਤ ਸਰੂਪ ਹਰਿ, ਸੱਚਾ ਜਾਪ ਇਕ ਜਪਾਏ । ਤੀਰ ਤੁਫੰਗ ਨਾ ਕੋਈ ਨਗਾਰਾ । ਸ਼ਬਦ ਡੰਕ ਵਿਚ ਸੰਸਾਰਾ । ਧਰਤ ਮਾਤ ਰੰਗੇ ਰੰਗ ਗੁਲਾਲਾ ਇਕ ਅਪਾਰਾ । ਗੁਰਮੁਖ ਮੰਗੇ ਸਾਚੀ ਮੰਗ, ਆਤਮ ਦਿਸੇ ਨਰ ਨਿਰੰਕਾਰਾ । ਲੱਖ ਚੁਰਾਸੀ ਭੰਨੇ ਜਿਉਂ ਕਾਚੀ ਵੰਗ, ਘਰ ਘਰ ਦਿਸੇ ਇਕ ਅੰਗਿਆਰਾ । ਸ਼ਬਦ ਵਜੇ ਇਕ ਮਰਦੰਗ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਸੋਹੰ ਜੈ ਜੈ ਜੈਕਾਰਾ । ਗਊ ਗਰੀਬ ਨਿਮਾਣਿਆਂ ਕਟੇ ਭੁੱਖ ਨੰਗ, ਰਾਜੇ ਰਾਣਿਆਂ ਕਰੇ ਖਵਾਰਾ । ਆਪ ਨਿਭਾਏ ਆਪਣਾ ਸੰਗ, ਗੁਰਮੁਖ ਸਾਚੇ ਸੰਤ ਜਨਾਂ, ਕਲਜੁਗ ਤੇਰੀ ਅੰਤਮ ਵਾਰਾ । ਏਕਾ ਦੇਵੇ ਨਾਮ ਧੰਨਾ, ਸੱਚਾ ਰਾਗ ਸੁਣਾਏ ਕੰਨਾਂ, ਆਤਮ ਖੋਲ੍ਹੇ ਬੰਦ ਕਵਾੜਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਏਕ ਕਰੇ ਸਰਬ ਪਸਾਰਾ ।

ਏਕਾ ਏਕ ਪਸਾਰ ਜੋਤ ਅਕਾਲੀਆ । ਸ਼ਬਦ ਰੱਖੇ ਤਿੱਖੀ ਧਾਰ, ਗੁਰਮੁਖ ਵਿਰਲਾ ਮੰਗੇ ਦਰ ਸਵਾਲੀਆ । ਨਾ ਕੋਈ ਵੇਖੇ ਨਾਰੀ ਨਾਰ, ਏਕਾ ਰੰਗਣ ਚਾੜ੍ਹੇ ਨਾਮ ਗੁਲਾਲੀਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਕਰੇ ਅੰਤ ਰਖਵਾਲੀਆ ।

✻ ੧੩ ਫਗਣ ੨੦੧੧ ਬਿਕ੍ਰਮੀ ਸੰਤ ਰਣਧੀਰ ਸਿੰਘ ਲੁਧਿਆਣਾ ਨੂੰ ਸ਼ਬਦ ਭੇਜਿਆ ਗਿਆ ✻

ਸਿੰਘ ਰਣਧੀਰ ਮਨ ਰੱਖ ਧੀਰ । ਪ੍ਰਭ ਅਬਿਨਾਸ਼ੀ ਘਰ ਸਾਚੇ ਆਏ, ਦੂਰ ਦੁਰਾਡਾ ਪੈਂਡਾ ਚੀਰ । ਪੰਜ ਚੋਰ ਨਾ ਝੂਠਾ ਨਾਚੇ, ਆਪੇ ਵੇਖੇ ਆਤਮ ਅੰਦਰ, ਏਕਾ ਚੋਟੀ ਸ਼ਿਖ਼ਰ ਅਖ਼ੀਰ । ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸਾਚਾ ਘਰ, ਨਾ ਭੁੱਖ ਪਿਆਸ ਨਾ ਮੰਗੇ ਰੋਟੀ, ਏਕਾ ਅੰਮ੍ਰਿਤ ਮਿਲੇ ਸੱਚਾ ਸੀਰ । ਭੁੱਖ ਪਿਆਸ ਨਾ ਤ੍ਰਿਸ਼ਨਾ ਅੱਗ । ਸਚ ਸਰੋਵਰ ਹਰਿਜਨ ਨਹਾਨਾ ਬਣੇ ਹੰਸ ਕਗ । ਸਾਚੀ ਧਾਰ ਇਕ ਵਹਾਏ, ਦੂਸਰ ਕੋਈ ਦਿਸ ਨਾ ਆਏ, ਸੁਣੇ ਸੁਣਾਏ ਸਾਚਾ ਰਾਗ । ਦੀਪਕ ਜੋਤੀ ਡਗਮਗਾਏ । ਸ਼ਾਹ ਰਗ ਕੋਈ ਦਿਸ ਨਾ ਆਏ, ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸਚ ਘਰ, ਨੂਰ ਨੁਰੰਤਰ ਜੋਤ ਬਸੰਤਰ ਗਗਨ ਗਗਨੰਤਰ ਕਾਇਆ ਮੰਦਰ ਸਚ ਦਵਾਰੇ ਡਗਮਗਾਏ । ਆਉਣਾ ਦਰ ਕਰੋ ਪ੍ਰਵਾਨ । ਚਾਰੋਂ ਕੁੰਟਾਂ ਮਾਰ ਧਿਆਨ । ਨਿਜ ਨੇਤਰ ਵੇਖ ਕਾਇਆ ਖੇਤਰ, ਆਤਮ ਜੋਤੀ ਕਰ ਧਿਆਨ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖੇ ਨਾਮ ਸਚ ਦੁਕਾਨ । ਸਚ ਨਾਮ ਕਵਣ ਟਿਕਾਣਾ । ਕਵਣ ਰਾਮ ਜਿਸ ਨਾਮ ਉਪਜਾਣਾ । ਕਵਣ ਰਾਮ ਜਿਸ ਜੋਤ ਜਗਾਣਾ । ਕਵਣ ਜੋਤ ਜਿਸ ਭਰਮ ਗਵਾਣਾ । ਜੋਤੀ ਜੋਤ ਸਰੂਪ ਹਰਿ, ਅੰਤਮ ਕਲ ਜੋਤ ਧਰ, ਆਪੇ ਵੇਖੇ ਵੇਖ ਵਖਾਣੇ ਜਨ ਸੰਤ ਜਿਸ ਚੜ੍ਹ ਬੈਠਾ ਕਿਹੜੇ ਸ਼ਬਦ ਬਿਬਾਣਾ । ਕਵਣ ਬਿਬਾਣੇ ਗਿਆ ਚੜ੍ਹ । ਕਵਣ ਰਬਵਾਹੀ ਲਿਆ ਫੜ । ਦੋ ਜਹਾਨਾਂ ਹੱਥ ਰੱਖੇ ਵਾਗਾਂ, ਦਰ ਦਵਾਰੇ ਅੱਗੇ ਖੜ੍ਹ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਵੇਖੇ ਆਤਮ ਮਹੱਲ ਉਚ ਅਟਾਰੀ ਸਾਚੇ ਪੌੜੇ ਅੰਦਰੇ ਅੰਦਰ ਵੜ । ਸੁਰਤ ਸ਼ਬਦ ਪ੍ਰਭ ਦੇਵੇ ਬੰਨ੍ਹ । ਕਲਜੁਗ ਮਾਇਆ ਝੂਠੀ ਛਾਇਆ, ਪੋਹ ਨਾ ਸਕੇ ਗੁਰਮੁਖ ਤਨ । ਸਾਚਾ ਨਾਮ ਇਕ ਸਿਖਾਇਆ, ਸੋਹੰ ਅੱਖਰ ਜਗਤ ਵਖਰ ਸ਼ਬਦ ਪੜ੍ਹਾਇਆ, ਭਾਂਡਾ ਭਰਮ ਹਰਿ ਦੇਵੇ ਭੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜਾਂ ਚੋਰਾਂ ਦੇਵੇ ਡੰਨ । ਜਨਮ ਕਰਮ ਪ੍ਰਭ ਹੱਥ, ਭਰਮ ਨਾ ਭੁਲਣਾ । ਜਨਮ ਕਰਮ ਪ੍ਰਭ ਹੱਥ, ਝੂਠੀ ਮਾਇਆ ਵਿਚ ਨਾ ਰੁਲਣਾ । ਜਨਮ ਕਰਮ ਪ੍ਰਭ ਹੱਥ, ਪੂਰੇ ਤੋਲ ਕਲਜੁਗ ਤੁਲਣਾ । ਜਨਮ ਕਰਮ ਪ੍ਰਭ ਹੱਥ, ਸ਼ਬਦ ਚੜ੍ਹਾਏ ਸਾਚੇ ਰਥ, ਸਚ ਦਵਾਰਾ ਗੁਰਮੁਖ ਸਾਚੇ ਤੇਰੀ ਆਤਮ ਦਰ ਖੁਲ੍ਹਣਾ । ਜਨਮ ਕਰਮ ਪ੍ਰਭ ਹੱਥ, ਸ਼ਬਦ ਦੇਵੇ ਸਾਚੀ ਵਥ, ਮਾਇਆ ਮਮਤਾ ਕਰੇ ਸਥ, ਜੋਤੀ ਜੋਤ ਸਰੂਪ ਹਰਿ ਸ਼ਬਦ ਪੰਘੂੜੇ ਆਪ ਝੁਲਾਏ, ਧੁਰਦਰਗਾਹੀ ਸਾਚਾ ਝੂਲਨਾ । ਜਨਮ ਕਰਮ ਪ੍ਰਭ ਹੱਥ, ਬਣਤ ਬਣਾਇੰਦਾ । ਜਨਮ ਕਰਮ ਪ੍ਰਭ ਹੱਥ, ਗੁਰਮੁਖ ਸਾਚੇ ਸੰਤ ਜਨਾਂ ਗੁਰ ਸੰਗਤ ਮੇਲ ਮਿਲਾਇੰਦਾ । ਜਨਮ ਕਰਮ ਪ੍ਰਭ ਹੱਥ, ਏਕਾ ਦਰ ਰਹਿਣਾ ਮੰਗਤ, ਗੁਰਮੁਖ ਸਾਚਾ ਦਰ ਦਰ ਭਿਖਾਰੀ ਨਾ ਅਖਵਾਇੰਦਾ । ਹੋਏ ਸਹਾਈ ਜਿਉਂ ਨਾਨਕ ਅੰਗਦ, ਮਾਨਸ ਦੇਹੀ ਨਾ ਹੋਏ ਭੰਗਤ, ਪ੍ਰਭ ਸਾਚੀ ਜੋਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸ਼ਬਦ ਸਾਚਾ ਪੱਲੂ ਏਕਾ


੮੯੨
੦੪

ਲੜ ਫੜਾਇੰਦਾ । ਜਨਮ ਕਰਮ ਪ੍ਰਭ ਹੱਥ, ਵਡ ਗੁਣਵੰਤਿਆ । ਜਨਮ ਕਰਮ ਪ੍ਰਭ ਹੱਥ, ਜੀਆਂ ਜੰਤ ਵੇਖ ਵਖਾਏ ਪੂਰਨ ਭਗਵੰਤਿਆ । ਸੁਰਤ ਸ਼ਬਦ ਆਤਮ ਸਾਚੀ ਮੇਖ ਲਗਾਏ, ਕਾਇਆ ਚਾੜ੍ਹੇ ਰੰਗ ਬਸੰਤਿਆ । ਜਨਮ ਕਰਮ ਪ੍ਰਭ ਹੱਥ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਮੇਲ ਮਿਲਾਏ ਹਰਿਜਨ ਹਰਿ ਹਰਿ ਸਾਚੇ ਕੰਤਿਆ । ਜਨਮ ਕਰਮ ਪ੍ਰਭ ਹੱਥ, ਸ਼ਬਦ ਸਵਾਸਿਆ । ਜਨਮ ਕਰਮ ਪ੍ਰਭ ਹੱਥ, ਕਲਜੁਗ ਅੰਤਮ ਏਕਾ ਦੱਸੇ ਸੋਹੰ ਸ਼ਬਦ ਲੋਕਮਾਤ ਸੱਚਾ ਅਭਿਆਸਿਆ । ਜਨਮ ਕਰਮ ਪ੍ਰਭ ਹੱਥ, ਗੁਰਮੁਖ ਤੇਰੀ ਕਾਇਆ ਮਚੇ ਜੂਠ ਝੂਠ ਨਾ ਤਨ ਨੱਚੇ, ਕਾਇਆ ਮੰਦਰ ਸਾਂਚੇ ਢਾਲੇ ਜਿਉਂ ਸੋਨਾ ਪਾਸਿਆ । ਜਨਮ ਕਰਮ ਪ੍ਰਭ ਹੱਥ, ਜੋਤ ਜਗਾਏ ਅੰਦਰੇ ਅੰਦਰ ਹੋਏ ਉਜਿਆਰਾ ਸਾਚਾ ਮੰਦਰ, ਦੀਪਕ ਜੋਤੀ ਕਰੇ ਪ੍ਰਕਾਸ਼ਿਆ । ਜਨਮ ਕਰਮ ਪ੍ਰਭ ਹੱਥ, ਆਪੇ ਤੋੜੇ ਆਤਮ ਵੱਜਾ ਜੰਦਰ, ਵੇਖ ਵਖਾਏ ਡੂੰਘੀ ਕੰਦਰ, ਪੰਜਾਂ ਚੋਰਾਂ ਪਰੇ ਹਟਾਏ, ਵੇਖੇ ਆਪ ਤਮਾਸ਼ਿਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਸਚ ਵਰ, ਸਚ ਸ਼ਬਦ ਲੈ ਜਾਣਾ ਘਰ, ਨਾ ਵਕਤ ਗਵਾਣਾ ਕਲਜੁਗ ਵੇਲਾ ਅੰਤ ਵਿਚ ਹਾਸਿਆ । ਜਨਮ ਕਰਮ ਪ੍ਰਭ ਹੱਥ, ਦਇਆ ਕਮਾਇੰਦਾ । ਜਨਮ ਕਰਮ ਪ੍ਰਭ ਹੱਥ, ਸਾਚੀ ਨਈਆ ਆਪ ਚੜ੍ਹਾਇੰਦਾ । ਜਨਮ ਕਰਮ ਪ੍ਰਭ ਹੱਥ, ਭੈਣਾਂ ਭਈਆ ਗੁਰ ਸੰਗਤ ਇਕ ਬਣਾਇੰਦਾ । ਜਨਮ ਕਰਮ ਪ੍ਰਭ ਹੱਥ, ਆਪੇ ਪਿਤਾ ਆਪੇ ਮਾਤਾ, ਆਪਣੀ ਗੋਦ ਉਠਾਇੰਦਾ । ਜਨਮ ਕਰਮ ਪ੍ਰਭ ਹੱਥ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਲਹਿਣਾ ਦੇਣਾ ਘਰ ਸਾਚੇ ਬਹਿਣਾ, ਦਰਸ ਕਰਨਾ ਤੀਜੇ ਨੈਣਾਂ, ਸਾਚੀ ਰੀਤੀ ਲੋਕਮਾਤ ਚਲਾਇੰਦਾ । ਨਿਮਸਕਾਰ ਨਿਮਸਕਾਾਰ ਨਿਮਸਕਾਰ ਗੁਰਦੇਵ । ਬਿਰਥਾ ਨਾ ਜਾਏ ਲੋਕਮਾਤ ਗੁਰ ਪੂਰੇ ਕੀਨੀ ਸੇਵ । ਆਤਮ ਤੀਰਥ ਆਪ ਨੁਹਾਏ, ਦਇਆ ਕਰੇ ਵਡ ਦੇਵੀ ਦੇਵ । ਰਸਨਾ ਗੁਣ ਹਰਿ ਸਾਚਾ ਗਾਏ, ਹੋਏ ਸੁਲੱਖਣੀ ਸਾਚੀ ਜਿਹਵ । ਅੰਮ੍ਰਿਤ ਫਲ ਇਕ ਖਵਾਏ, ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੰਤ ਜਨਾਂ, ਸੋਹੰ ਸ਼ਬਦ ਸਾਚਾ ਮੇਵ । ਗੁਰ ਸੰਗਤ ਵਿਦਾ ਕਰਾਏ । ਨੌਂ ਨਿਧਾਂ ਘਰ ਉਪਜਾਏ । ਸ਼ਬਦ ਤੀਰ ਆਤਮ ਵਿੱਧਾ, ਅੰਮ੍ਰਿਤ ਧਾਰ ਇਕ ਵਹਾਏ । ਪ੍ਰਭ ਮਿਲਣ ਦੀ ਸਾਚੀ ਬਿਧਾ, ਗੁਰਮੁਖ ਵਿਰਲਾ ਸੰਤ ਜਣਾਏ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲੇ ਕਰ ਕਲ ਮੇਲੇ, ਏਕਾ ਦੂਜਾ ਭਉ ਚੁਕਾਏ । ਗੁਰ ਸੰਗਤ ਹਰਿ ਵਿਦਾ ਕਰਾਈ । ਨਾਮ ਰੰਗਤ ਤਨ ਚੜ੍ਹਾਈ । ਭੁੱਖ ਨੰਗਤ ਦੂਰ ਕਰਾਈ । ਸਾਚੇ ਘਰ ਰਹਿਣਾ ਮੰਗਤ, ਆਦਿ ਅੰਤ ਪ੍ਰਭ ਹੋਏ ਸਹਾਈ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਸਾਚਾ ਵਰ, ਖ਼ੁਸ਼ੀ ਖ਼ੁਸ਼ੀ ਜਾਣਾ ਆਪਣੇ ਘਰ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਬਦ ਉਡਾਰੀ ਇਕ ਲਗਾਈ ।



